ਕਬਿੱਤ
ਭਾਈ ਗੁਰਦਾਸ ਜੀ

ਸੰਪ੍ਰਦਾਈ ਸਟੀਕ



ਦਾਸਨਿ ਦਾਸ
ਹਰੀ ਸਿੰਘ 'ਰੰਧਾਵੇ ਵਾਲੇ'
ਸੰਪ੍ਰਦਾ ਦਮਦਮੀ ਟਕਸਾਲ

ੴ ਸਤਿਗੁਰਪ੍ਰਸਾਦਿ ॥

ਕਬਿੱਤ ਭਾਈ ਗੁਰਦਾਸ ਜੀ
ਸੰਪ੍ਰਦਾਈ ਸਟੀਕ

ਟੀਕਾਕਾਰ :

ਦਾਸਨਿ ਦਾਸ ਹਰੀ ਸਿੰਘ 'ਰੰਧਾਵੇ ਵਾਲੇ'

ਸੰਪ੍ਰਦਾ ਦਮਦਮੀ ਟਕਸਾਲ

ਸਾਤਵਿਕ
ਬੁੱਕਸ

KABIT BHĀĪ GURDĀS JĪ : SAMPARDĀĪ STEEK

[An annotation of Bhai Gurdas' Kabits]

by

HARI SINGH 'RANDHAWE WALE'

GURMAT VIDYALA, JATHA RANDHAWA

CHANDIGARH ROAD, NEAR GURDWARA JYOTI SAROOP,

DISTT. FATEHGARH SAHIB, PUNJAB (INDIA)

MOBILE : 98158-35035, 98551-03132, 99149-36036

© ਟੀਕਾਕਾਰ

ISBN 978-81-971714-7-5

ਪਹਿਲੀ ਵਾਰ ਜੂਨ ੨੦੨੪

ਭੇਟਾ : ੬੦੦-੦੦ ਰੁਪਏ

ਡਿਸਟ੍ਰੀਬਿਊਟਰਜ਼ :

ਸਿੰਘ ਬ੍ਰਦਰਜ਼

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

ਫੋਨ : 0183-2545787, ਮੋਬਾਇਲ : 99150-48005

•

S.C.O. 223-224, ਸਿਟੀ ਸੈਂਟਰ, ਅੰਮ੍ਰਿਤਸਰ - 143 001

ਫੋਨ : 0183-2543965, 2550739

E-mail : singhbro1@yahoo.co.in *Website :* www.singhbrothers.com

ਪ੍ਰਕਾਸ਼ਕ :

ਸਾਤਵਿਕ ਬੁੱਕਸ

225, ਸਿਟੀ ਸੈਂਟਰ, ਅੰਮ੍ਰਿਤਸਰ - 143 001

ਪ੍ਰਿੰਟਰ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਅਰੰਭਤਾ ਦਾ ਮੰਗਲਾਚਰਣ

ਆਦਿ ਪੁਰਖ ਅਪਰੰਪਰ, ਸਦਾ ਸੱਚਿਦਾਨੰਦ।
ਅਮਰ ਅਟੱਲ ਅਨੂਪ ਪ੍ਰਭ, ਬੰਦ ਦੋਊ ਕਰ ਬੰਦ॥੧॥
ਗੁਰੂ ਨਾਨਕ ਪੁਰਖੋਤਮੰ, ਨਮੋ ਨਮੋ ਕਰ ਜੋਰ।
ਰੂਪ ਧਰੇ ਦਸ ਸਤਿਗੁਰੂ, ਤਾਰਨ ਕੋ ਕਲਿ ਘੋਰ॥੨॥
ਦਸ ਗੁਰੂਅਨ ਕੀ ਜੋਤਿ ਸੁਠ, ਗੁਰੂ ਗ੍ਰੰਥ ਮਹਾਰਾਜ।
ਬੰਦੋਂ ਸੀਸ ਨਿਵਾਇਕੈ, ਜੋ ਭਵਸਿੰਧ ਜਹਾਜ॥੩॥
ਬਾਣੀ ਭਾਈ ਗੁਰਦਾਸ ਕੀ, ਕਬਿੱਤ ਸਵੱਯੇ ਜਾਨ।
ਟੀਕਾ ਲਿਖੂੰ ਵੀਚਾਰ ਕੇ, ਬਖ਼ਸ਼ੋ ਸੁਮਤਿ ਕੁ ਦਾਨ॥੪॥
ਬਖ਼ਸ਼ਿਸ਼ ਕਰਿਹੁ ਸਤਿਗੁਰੂ, ਦੇਹੁ ਬੁਧਿ ਬਲ ਦਾਨ।
ਜੋ ਟੀਕੇ ਕਾ ਕਾਜ ਸ਼ੁਭ, ਸਫਲ ਕਰੋ ਸੁਖ ਖਾਨ॥੫॥

(ਟੀਕਾਕਾਰ ਵੱਲੋਂ)

ਮੂਲ ਮੰਤ੍ਰ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥
ਜਪੁ ॥
ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਗੁਰਮੰਤ੍ਰ

ਵਾਹਿਗੁਰੂ ਵਾਹਿਗੁਰੂ
ਵਾਹਿਗੁਰੂ ਵਾਹਿਗੁਰੂ
ਵਾਹਿਗੁਰੂ

ਤਤਕਰਾ

ਮੁਖਬੰਧ ੭

ਭਾਈ ਗੁਰਦਾਸ ਜੀ ਦਾ ਜੀਵਨ ੮

ਕਬਿੱਤ ਭਾਈ ਗੁਰਦਾਸ ਜੀ ਸਟੀਕ ੨੩

ਮੁਖਬੰਧ

ਭਾਈ ਗੁਰਦਾਸ ਸਾਹਿਬ ਜੀ ਦੀ ਰਚਨਾ ਵਾਰਾਂ ਅਤੇ ਕਬਿੱਤ ਸਵੱਈਆਂ ਦੇ ਰੂਪ ਵਿੱਚ ਸਿੱਖ ਜਗਤ ਦੇ ਕੋਲ ਪ੍ਰਚਾਰ ਕਰਨ ਲਈ ਇੱਕ ਵਡਮੁੱਲੀ ਸਮੱਗਰੀ ਹੈ, ਜਿਸ ਦੀ ਮਹਾਨਤਾ ਅੱਖਰਾਂ ਵਿੱਚ ਲਿਖੀ ਨਹੀਂ ਜਾ ਸਕਦੀ। ਭਾਈ ਗੁਰਦਾਸ ਦੀਆਂ ਵਾਰਾਂ ਦਾ ਸਟੀਕ ਤਿਆਰ ਹੋਣ ਤੋਂ ਬਾਅਦ ਬਹੁਤ ਸਾਰੇ ਗਿਆਨੀ ਸਿੰਘਾਂ ਨੇ ਉਤਸ਼ਾਹ ਜ਼ਾਹਰ ਕਰਦਿਆਂ ਇਹ ਪ੍ਰੇਰਨਾ ਦਿੱਤੀ ਕਿ ਕਬਿੱਤ ਸਵੱਈਆਂ ਦਾ ਸਟੀਕ ਵੀ ਜਲਦੀ ਤਿਆਰ ਕੀਤਾ ਜਾਵੇ। ਇਉਂ ਗੁਰਸਿੱਖਾਂ ਦੀ ਪ੍ਰੇਰਨਾ ਸਰੋਤ ਨੂੰ ਮੁੱਖ ਰੱਖ ਕੇ, ਜਿਵੇਂ ਪਹਿਲਾਂ ੧. *ਗੁਰਵਾਕ ਚਾਨਣ*, ੨. *ਗੁਰ ਪ੍ਰਕਰਣ ਚਾਨਣ*, ੩. *ਗੁਰਬਾਣੀ ਅਰਥ ਭੰਡਾਰ*, ੪. *ਭਾਈ ਗੁਰਦਾਸ ਜੀ ਦੀਆਂ ਵਾਰਾਂ*, ੫. *ਪੰਚ ਗ੍ਰੰਥਾਵਲੀ*, ੬. *ਵੇਦਾਂਤ ਸਾਰ-ਸੰਗ੍ਰਹਿ* (ਪੰਜਵੀਂ ਰੁਤ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ*) ਇਹ ਗ੍ਰੰਥ ਤਿਆਰ ਹੋ ਕੇ ਗਿਆਨੀ ਸਿੰਘਾਂ ਦੇ ਹੱਥਾਂ 'ਚ ਗਏ। ਇਉਂ ਵਿਚਾਰ ਕਰ ਕੇ ਕਬਿੱਤ ਸਵੱਈਆਂ ਦਾ ਸਟੀਕ ਲਿਖਣਾ ਸ਼ੁਰੂ ਕੀਤਾ। ਉਪਰੋਕਤ ਲਿਖੇ ਹੋਏ ਸਟੀਕਾਂ ਦੇ ਢੰਗ ਤਰੀਕਿਆਂ ਨਾਲ ਭਾਈ ਗੁਰਦਾਸ ਜੀ ਦੇ ਕਬਿੱਤ ਸਵੱਈਆਂ ਦੀ ਪੋਥੀ ਤਿਆਰ ਹੋਈ ਹੈ, ਇਸ ਵਿੱਚ ਉਪਲਬਧ ਟੀਕਿਆਂ ਨਾਲੋਂ ਸੁਖੈਨ ਤਰੀਕਾ ਵਰਤਿਆ ਗਿਆ ਹੈ ਕਿ ਪਦ-ਅਰਥਾਂ ਨੂੰ ਪੰਕਤੀ ਦੇ ਅਰਥਾਂ ਵਿੱਚ ਹੀ ਗੁੰਥਨ ਕਰ ਦਿੱਤਾ ਹੈ ਅਤੇ ਪਦ-ਅਰਥ ਪੰਕਤੀ ਤੋਂ ਵੱਖਰਾ ਵੀ ਨਹੀਂ ਹੈ ਅਤੇ ਵੱਖਰਾ ਦਰਸਾਉਣ ਲਈ ਪੰਕਤੀ ਦੇ ਅਰਥਾਂ ਦੀ ਲੜੀ ਨੂੰ ਟੁੱਟਣ ਵੀ ਨਹੀਂ ਦਿੱਤਾ। ਪਦ-ਅਰਥ ਵੱਖਰਾ ਸਮਝ ਵੀ ਆ ਰਿਹਾ ਹੈ, ਅਰਥਾਂ ਦੀ ਲੜੀ ਵੀ ਇਕਸਾਰਤਾ ਰੂਪ ਵਿੱਚ ਬਣੀ ਹੋਈ ਹੈ। ਇਸ ਢੰਗ-ਤਰੀਕੇ ਨੂੰ ਵਿਦਵਾਨਾਂ ਨੇ ਪਸੰਦ ਕੀਤਾ ਹੈ, ਜੋ ਟੀਕਾਕਾਰਾਂ ਨੇ ਕਬਿੱਤ ਸਵੱਈਏ ਇਕ ਥਾਂ ਇਕੱਠੇ ਦੇ ਕੇ ਅਤੇ ਅਰਥ ਵੀ ਇਕੱਠੇ ਹੀ ਕੀਤੇ ਹੋਏ ਹਨ, ਜਿਸ ਵਿੱਚ ਪੜ੍ਹਨ ਵਾਲੇ ਨੂੰ ਪੰਕਤੀ ਦਾ ਅਰਥ ਲੱਭਣ ਵਿਚ ਮੁਸ਼ਕਲ ਆਉਂਦੀ ਸੀ। ਇਸ ਸਟੀਕ ਵਿੱਚ ਸੰਪ੍ਰਦਾਈ ਅਰਥਾਂ ਨੂੰ ਮੁੱਖ ਰੱਖਿਆ ਗਿਆ ਹੈ। ਅਖ਼ੀਰ ਵਿਚ ਅਕਾਲ ਪੁਰਖ ਵਾਹਿਗੁਰੂ ਦੇ ਸਰਗੁਣ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ, ਜੋ ਦਸ ਸਰੂਪਾਂ ਵਿੱਚ ਵਰਤੇ ਅਤੇ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੋਮ ਰੋਮ ਕਰਕੇ ਧੰਨਵਾਦ ਹੈ, ਜਿਨ੍ਹਾਂ ਦੀ ਕਿਰਪਾ ਸਦਕਾ ਇਹ ਸਟੀਕ ਤਿਆਰ ਹੋਇਆ ਹੈ। ਅਮਰ ਸ਼ਹੀਦ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤਹਿ ਸਿੰਘ ਜੀ ਤੇ ਪਰਮ ਪੂਜਨੀਕ ਮਾਤਾ ਗੁਜਰ ਕੌਰ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਜੋਤੀ ਸਰੂਪ ਸਾਹਿਬ ਦੇ ਨਜ਼ਦੀਕ ਗੁਰਮਤਿ ਵਿਦਿਆਲਾ, ਜੱਥਾ ਰੰਧਾਵਾ ਦੇ ਅਸਥਾਨ 'ਤੇ ਇਹ ਸਟੀਕ ਲਿਖਿਆ ਗਿਆ ਹੈ। ਇਉਂ ਅਮਰ ਸ਼ਹੀਦਾਂ ਦਾ ਕੋਟਾਨਿ ਕੋਟ ਵਾਰ ਧੰਨਵਾਦ ਹੈ। ਜਿਹੜੇ ਸੰਪ੍ਰਦਾਈ ਮਹਾਂਪੁਰਖਾਂ ਤੋਂ ਵਿੱਦਿਆ ਪ੍ਰਾਪਤ ਹੋਈ, ਉਨ੍ਹਾਂ ਵਿੱਦਿਆ ਦਾਤੇ ਮਹਾਂਪੁਰਖਾਂ ਦਾ ਧੰਨਵਾਦ ਕੀਤਾ ਜਾਂਦਾ ਹੈ ਅਤੇ ਭਾਈ ਸੁਖਵਿੰਦਰ ਸਿੰਘ ਅਤੇ ਭਾਈ ਗੁਰਸ਼ਰਨ ਸਿੰਘ, ਜਿਨ੍ਹਾਂ ਨੇ ਸਹਾਇਕ ਲਿਖਾਰੀ ਦੇ ਤੌਰ 'ਤੇ ਇਹ ਸਟੀਕ ਦੀ ਸੇਵਾ ਨਿਭਾਈ ਅਤੇ ਦਾਸ ਦਾ ਸਾਥ ਦੇਣਾ ਕੀਤਾ।

ਅੰਤ ਵਿੱਚ ਗਿਆਨੀ ਸਿੰਘਾਂ ਨੂੰ ਸਨਿਮਰ ਬੇਨਤੀ ਹੈ ਕਿ ਜਿਥੇ ਸ਼ਬਦਾਂ ਵਿੱਚ ਜਾਂ ਅਰਥਾਂ ਵਿੱਚ ਤਰੁੱਟੀ ਦੇਖਣ, ਤਾਂ ਦਾਸਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ ਤਾਂ ਕਿ ਅਗਲੀ ਐਡੀਸ਼ਨ ਵਿੱਚ ਸੋਧ ਕੀਤੀ ਜਾਵੇ। ਅਨਜਾਣਪੁਣੇ ਵਿੱਚ ਅਨੇਕਾਂ ਭੁੱਲਾਂ ਹੋਈਆਂ ਹੋਣਗੀਆਂ, ਉਨ੍ਹਾਂ ਦੀ ਦਾਸ ਖਿਮਾ ਮੰਗਦਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਦਾਸਨਿ ਦਾਸ :

ਹਰੀ ਸਿੰਘ

ਗੁਰਮਤਿ ਵਿੱਦਿਆਲਾ, ਜੱਥਾ ਰੰਧਾਵਾ

ਭਾਈ ਗੁਰਦਾਸ ਜੀ ਦਾ ਜੀਵਨ

ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ॥
ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ ਸੇ ਸਾਚੀ ਦਰਗਹ ਹਰਿ ਜਨ ਬਣੇ॥੩॥

(ਭੈਰਉ ਮ: ੪, ਅੰਗ ੧੧੩੫)

ਇਹ ਪੰਕਤੀਆਂ ਚੌਥੇ ਸਰੂਪ ਵਿਚ ਬਿਰਾਜ ਕੇ ਗੁਰੂ ਜੋਤੀ ਨੇ ਕਥਨ ਕੀਤੀਆਂ ਹਨ, ਇਹ ਪੰਕਤੀਆਂ ਉਨ੍ਹਾਂ ਸਤਿਪੁਰਸ਼ਾਂ ਦੀ ਵੰਸ ਨੂੰ ਧੰਨਤਾ ਯੋਗ ਕਥਨ ਕਰ ਰਹੀਆਂ ਹਨ ਕਿ ਉਨ੍ਹਾਂ ਦੀ ਵੰਸ ਧੰਨ ਹੈ, ਉਨ੍ਹਾਂ ਦਾ ਪਿਤਾ ਵੀ ਧੰਨ ਹੈ, ਉਨ੍ਹਾਂ ਨੂੰ ਜਨਮ ਦੇਣ ਵਾਲੀ ਮਾਤਾ ਵੀ ਧੰਨ ਹੈ ਅਤੇ ਉਹ ਆਪ ਵੀ ਧੰਨਤਾ ਦੇ ਯੋਗ ਹਨ, ਜਿਨ੍ਹਾਂ ਨੇ ਸਾਸ ਗਿਰਾਸ ਵਾਹਿਗੁਰੂ ਦਾ ਸਿਮਰਨ ਕੀਤਾ ਹੈ। ਇਹ ਪੰਕਤੀਆਂ ਸਮੁੱਚੇ ਸੰਸਾਰ ਦੇ ਸਤਿਪੁਰਸ਼ਾਂ ਲਈ ਢੁੱਕਦੀਆਂ ਹਨ, ਜਿਨ੍ਹਾਂ ਵਿੱਚੋਂ ਇਕ ਸਤਿਪੁਰਖ ਭਾਈ ਗੁਰਦਾਸ ਜੀ ਹਨ। ਇਨ੍ਹਾਂ ਦੀ ਵੰਸ ਦਾ ਵੇਰਵਾ ਭਾਈ ਸੰਤੋਖ ਸਿੰਘ ਜੀ ਨੇ ਇਉਂ ਦਿੱਤਾ ਹੈ, ਜੈਸਾ ਕਿ :

ਇਕ ਬਾਸੁਰ ਕੇ ਗ੍ਰਾਮ ਹੈ, ਤਹਿਂ ਬਸਹਿ ਨਿਕੇਤੰ।
ਤੇਜੋ ਛੱਤ੍ਰੀ ਭਾਗ ਬਡ, ਨਿਸ ਦਿਨ ਪ੍ਰਭੁ ਚੇਤੰ॥੨॥
ਭਲੇ ਕਰਮ ਮਹਿਂ ਪ੍ਰੀਤਿ ਉਰ, ਭੱਲਜਨ ਕੁਲ ਮਾਂਹੀ।
ਧੀਰਜ ਧਰਮ ਬਿਸ਼ਾਲ ਜਿਹ, ਅਵਗੁਨ ਚਿਤ ਨਾਂਹੀ।
ਤਿਨਕੇ ਸੁਤ ਉਤਪਤਿ ਭਏ, ਸ਼੍ਰੀ ਅਮਰ ਬਡੇਰੇ।
ਅਪਰ ਭਏ ਪੁਨ ਤੀਨ ਸੁਤ, ਹਰਖਤਿ ਭਾ ਹੇਰੇ॥੩॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੧੪)

ਭੱਲਿਆਂ ਦੀ ਵੰਸ ਦੇ ਬਜ਼ੁਰਗ ਬਾਬਾ ਤੇਜ ਭਾਨ ਜੀ ਹੋਏ ਹਨ, ਜੋ ਪੰਡਿਤ ਨਰਾਇਣ ਸਿੰਘ ਜੀ ਦੀ ਲੇਖਣੀ ਅਨੁਸਾਰ ਇਹ ਤਿੰਨ ਭਰਾ ਸਨ, ਉਨ੍ਹਾਂ ਤਿੰਨਾਂ ਦੇ ਵਿੱਚੋਂ ਵੱਡੇ ਦਾ ਨਾਮ ਤੇਜ ਭਾਨ ਜੀ, ਦੂਸਰੇ ਦਾ ਚੰਦ੍ ਭਾਨ ਜੀ ਤੇ ਤੀਸਰੇ ਭਰਾ ਦਾ ਨਾਮ ਲਿਖਤ ਵਿਚ ਨਹੀਂ ਆਇਆ। ਇਹ ਭੱਲਿਆਂ ਦੇ ਬਜ਼ੁਰਗ ਬਾਸਰਕੇ ਗਿੱਲਾਂ ਨਗਰ ਵਿਚ ਵੱਸਦੇ ਸਨ। ਬਾਸਰਕੇ ਗਿੱਲਾਂ ਜ਼ਿਲ੍ਹਾ ਅੰਮ੍ਰਿਤਸਰ, ਤਹਿਸੀਲ ਤਰਨ ਤਾਰਨ, ਥਾਣਾ ਘਰਿੰਡਾ ਦਾ ਇਕ ਪਿੰਡ, ਜੋ ਰੇਲਵੇ ਸਟੇਸ਼ਨ ਛੇਹਰਟਾ ਤੋਂ ਤਿੰਨ ਮੀਲ ਦੱਖਣ-ਪੱਛਮ ਹੈ ਅਤੇ ਸ਼ਹਿਰ ਅੰਮ੍ਰਿਤਸਰ ਤੋਂ ਤਿੰਨ ਕੋਹ ਪੱਛਮ ਹੈ। ਇਹ ਗੁਰੂ ਅਮਰਦਾਸ ਜੀ ਦਾ ਜਨਮ ਅਸਥਾਨ ਹੈ। ਇਸ ਗ੍ਰਾਮ ਤੋਂ ਇਕ ਫ਼ਰਲਾਂਗ 'ਤੇ ਗੁਰੂ ਅਮਰਦਾਸ ਜੀ ਦਾ ਗੁਰਦੁਆਰਾ 'ਸੰਨ੍ਹ ਸਾਹਿਬ' ਹੈ।

ਜਦੋਂ ਗੁਰੂ ਅਮਰਦਾਸ ਜੀ, ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਖਡੂਰ ਸਾਹਿਬ ਹਾਜ਼ਰ ਹੋਏ ਤਾਂ ਬਾਰ੍ਹਾਂ ਸਾਲ ਸੇਵਾ ਕਰ ਕੇ ਗੁਰੂ ਜੀ ਦੀਆਂ ਬਖ਼ਸ਼ਿਸ਼ਾਂ ਲਈਆਂ ਤੇ ਗੁਰਤਾ-ਗੱਦੀ ਦੇ ਮਾਲਕ ਬਣੇ। ਅਜੇ ਸੇਵਾ ਦੇ ਵਿਚ ਸਨ, ਜਦੋਂ ਗੋਂਦੇ ਖੱਤਰੀ ਨੇ ਨਗਰ ਵਸਾਉਣ ਵਾਸਤੇ ਗੁਰੂ ਅੰਗਦ ਦੇਵ ਜੀ ਨੂੰ ਬੇਨਤੀ ਕੀਤੀ, ਪਰ ਗੁਰੂ ਅੰਗਦ ਦੇਵ ਜੀ ਦੇ ਪੁੱਤਰਾਂ (ਦਾਤੂ, ਦਾਸੂ) ਨੇ ਇਹ ਨਗਰ ਵਸਾਉਣ ਦੇ ਲਈ ਜਾਣ ਤੋਂ ਇਨਕਾਰ ਕਰ ਦਿੱਤਾ ਸੀ ਤਾਂ ਫਿਰ ਗੁਰੂ ਅਮਰਦਾਸ ਜੀ ਨੂੰ ਬਖ਼ਸ਼ਿਸ਼ ਦੇ ਕੇ ਭੇਜਿਆ ਤੇ ਗੋਂਦੇ ਖੱਤਰੀ ਦੇ ਨਾਮ 'ਤੇ ਗੋਇੰਦਵਾਲ ਨਗਰ ਵਸਾਇਆ। ਗੁਰੂ ਜੀ ਨੇ ਆਪਣੇ ਪਰਿਵਾਰ ਦੀ ਰਿਹਾਇਸ਼ ਵੀ ਇਥੇ ਕਰਵਾ ਲਈ। ਉਸ ਵੇਲੇ ਇਨ੍ਹਾਂ ਦੇ ਤਿੰਨ ਛੋਟੇ ਭਰਾ ਖੇਮ ਚੰਦ ਜੀ, ਕਲਿਆਣ ਚੰਦ ਜੀ (ਜਿਨ੍ਹਾਂ ਨੂੰ ਦਾਤਾਰ ਚੰਦ ਵੀ ਕਹਿੰਦੇ ਸੀ) ਤੇ ਈਸ਼ਰ ਦਾਸ ਜੀ ਸਨ। ਈਸ਼ਰ ਦਾਸ ਜੀ ਦੇ ਘਰ ੧੬੦੪ **ਵਾ:** ੧੬੦੫ ਬਿਕ੍ਰਮੀ

ਸੰਮਤ ਨੂੰ ਭਾਈ ਗੁਰਦਾਸ ਜੀ ਦਾ ਗੋਇੰਦਵਾਲ ਸਾਹਿਬ ਵਿਖੇ ਜਨਮ ਹੋਇਆ, ਜੋ ਗਰਭ ਕਾਲ ਤੋਂ ਹੀ ਮਾਂ ਦੇ ਚੰਗੇ ਸੰਸਕਾਰ ਲੈ ਕੇ ਜਨਮੇ ਸਨ। ਜਨਮ ਤੋਂ ਬਾਲ ਅਵਸਥਾ ਵਿਚ ਆਪਣੇ ਤਾਇਆ ਜੀ ਸ੍ਰੀ ਗੁਰੂ ਅਮਰਦਾਸ ਜੀ ਤੋਂ ਅਸੀਸਾਂ ਪ੍ਰਾਪਤ ਹੁੰਦੀਆਂ ਰਹੀਆਂ ਕਿਉਂਕਿ ਇਨ੍ਹਾਂ ਦੇ ਜਨਮ ਤੋਂ ਚਾਰ-ਪੰਜ ਸਾਲ ਬਾਅਦ ਹੀ ਗੁਰੂ ਅਮਰਦਾਸ ਜੀ ਸਨਿੱਚਰਵਾਰ, ਚੇਤ ਸੁਦੀ ੧, ੩੦ ਚੇਤ, ੧੬੦੯ ਬਿਕ੍ਰਮੀ ਸੰਮਤ ਨੂੰ ਗੁਰਤਾ-ਗੱਦੀ ਦੇ ਮਾਲਕ ਬਣੇ। ਭਾਈ ਗੁਰਦਾਸ ਜੀ ਬਚਪਨ ਵਿਚ ਨਾ ਹੀ ਬੱਚਿਆਂ ਨਾਲ ਖੇਡਦੇ ਸਨ ਤੇ ਨਾ ਹੀ ਇਨ੍ਹਾਂ ਦਾ ਬੱਚਿਆਂ ਵਾਲਾ ਸੁਭਾਅ ਸੀ। ਇਹ ਬਹੁਤਾ ਸਮਾਂ ਸ੍ਰੀ ਗੁਰੂ ਅਮਰਦਾਸ ਜੀ ਦੀ ਹਜ਼ੂਰੀ ਵਿਚ ਹੀ ਬਤੀਤ ਕਰਦੇ ਸਨ। ਇਉਂ ਪਰਿਵਾਰ ਦੇ ਵਿਚ ਹੀ ਗੁਰਤਾ-ਗੱਦੀ ਦੇ ਮਾਲਕ ਗੁਰੂ ਅਮਰਦਾਸ ਜੀ ਦੀ ਸੰਗਤ ਪ੍ਰਾਪਤ ਹੋ ਗਈ। ਅੰਤਰਜਾਮੀ ਸਤਿਗੁਰੂ ਜੀ ਅਪਣੇ ਪੁੱਤਰ ਮੋਹਨ ਤੇ ਮੋਹਰੀ ਜੀ ਨਾਲੋਂ ਆਪਣੇ ਭਤੀਜੇ ਗੁਰਦਾਸ ਜੀ ਨਾਲ ਬਹੁਤ ਸਨੇਹ ਕਰਦੇ ਸਨ ਔਰ ਇਨ੍ਹਾਂ ਦਾ ਨਾਮ ਭੀ ਈਸ਼ਰ ਦਾਸ ਜੀ ਨੇ ਆਪਣੇ ਵੱਡੇ ਭਰਾਤਾ ਗੁਰੂ ਅਮਰਦਾਸ ਜੀ ਕੋਲੋਂ ਰਖਵਾਇਆ ਸੀ। ਗੁਰੂ ਅਮਰਦਾਸ ਜੀ ਨੇ, ਜੋ ਗੁਰੂ ਦੇ ਦਾਸਾ-ਭਾਵ ਦੇ ਵਿੱਚੋਂ ਖੱਟੀ ਖੱਟੀ ਸੀ ਅਤੇ ਗੁਰੂ ਦੀ ਸੇਵਾ ਤੋਂ ਮਹਾਨ ਬਖ਼ਸ਼ਿਸ਼ਾਂ, ਰਿਧੀਆਂ ਸਿਧੀਆਂ ਪ੍ਰਾਪਤ ਕੀਤੀਆਂ ਸਨ ਤਾਂ ਉਨ੍ਹਾਂ ਨੇ ਆਪਣੇ ਭਤੀਜੇ ਦਾ ਨਾਮ ਰੱਖਣ ਦੇ ਬਹਾਨੇ ਵਰਦਾਨ ਦਿੱਤਾ ਅਤੇ ਨਾਮ ਰੱਖਿਆ ਸੀ (ਗੁਰ + ਦਾਸ) ਗੁਰਦਾਸ ਅਤੇ ਆਪਣੇ ਛੋਟੇ ਭਰਾਤਾ ਈਸ਼ਰ ਦਾਸ ਨੂੰ ਕਿਹਾ ਕਿ ਮੇਰਾ ਭਤੀਜਾ ਤਨੋਂ ਮਨੋਂ ਗੁਰੂ ਨਾਨਕ ਦੀ ਗੱਦੀ ਦਾ ਦਾਸ ਰਹੇਗਾ ਅਰ ਵੱਡਾ ਹੋ ਕੇ ਗੁਰਸਿੱਖੀ ਦਾ ਬਹੁਤ ਪ੍ਰਚਾਰ ਕਰੇਗਾ, ਜਿਹੜਾ ਵੱਡਾ ਭਾਰੀ ਵਿਦਵਾਨ ਬਣ ਕੇ ਵੀ ਗੁਰੂ ਦਾਸ ਹੀ ਕਹਾਏਗਾ। ਇਹ ਬਚਨ ਸਤਿਗੁਰੂ ਜੀ ਦੇ ਸਫਲੇ ਹੋਏ, ਗੋਇੰਦਵਾਲ ਵਿਚ ਗੁਰਮਤਿ ਵਿੱਦਿਆ, ਗੁਰਮੁਖੀ ਅੱਖਰ ਗੁਰੂ ਅਮਰਦਾਸ ਜੀ ਤੋਂ ਸਿੱਖੇ, ਬਾਬਾ ਬੁੱਢਾ ਸਾਹਿਬ ਵਰਗੇ ਪੁਰਾਤਨ ਸਿੱਖਾਂ ਦੀ ਸਹਾਇਤਾ ਨਾਲ ਮੁੱਢਲੀ ਵਿੱਦਿਆ ਦੇ ਨਾਲ ਨਾਲ ਗੋਇੰਦਵਾਲ ਵਿਚ ਹੀ ਦੂਸਰੇ ਮੱਤਾਂ ਦੇ ਵਿਦਵਾਨਾਂ ਤੋਂ ਹਿੰਦੀ, ਉਰਦੂ, ਸੰਸਕ੍ਰਿਤ, ਰੂਪ ਦੀਪ ਪਿੰਗੁਲ ਅਤੇ ਵਿਆਕਰਣ ਆਦਿ ਦੇ ਚੰਗੇ ਜਾਣੂ ਹੋ ਗਏ ਅਤੇ ਗੁਰੂ ਦੀ ਕਿਰਪਾ ਦਾ ਸਦਕਾ ਬਚਪਨ ਤੋਂ ਜਵਾਨ ਹੁੰਦੇ ਤਕ ਗੁਰਸਿੱਖਾਂ ਵਿਚ ਹੋਣਹਾਰ ਵਿਦਵਾਨ ਜਾਣੇ ਜਾਣ ਲੱਗੇ। ਫਿਰ ਸਮੇਂ ਨੇ ਕਰਵਟ ਲਈ, ਗੁਰਤਾ-ਗੱਦੀ ਚੌਥੇ ਥਾਂ ਗੁਰੂ ਰਾਮਦਾਸ ਜੀ ਕੋਲ ਆ ਗਈ, ਜਿਥੇ ਗੁਰਤਾ-ਗੱਦੀ ਤਬਦੀਲ ਹੋ ਕੇ ਚੌਥੇ ਜਾਮੇ ਵਿਚ ਆ ਗਈ, ਉਥੇ ਭਾਈ ਗੁਰਦਾਸ ਜੀ ਦਾ ਪਹਿਲਾ ਰਿਸ਼ਤਾ ਜੋ ਗੁਰੂ ਦੇ ਨਾਲ ਤਾਏ-ਭਤੀਜੇ ਵਾਲਾ ਸੀ, ਜੋ ਪਿਉ-ਪੁੱਤਰ ਵਰਗਾ ਹੀ ਰਿਸ਼ਤਾ ਹੋਇਆ ਕਰਦਾ ਹੈ, ਕਿਉਂਕਿ ਪਿਤਾ ਦਾ ਭਰਾ ਪੂਜਣਯੋਗ ਪਿਤਾ ਦੇ ਸਮਾਨ ਹੀ ਹੁੰਦਾ ਹੈ ਤੇ ਹੁਣ ਰਿਸ਼ਤੇਦਾਰੀ ਗੁਰੂ ਦੀ ਚੌਥੀ ਪੀੜ੍ਹੀ ਨਾਲ ਸਾਲੇ-ਭਣਵੱਈਏ ਦੀ ਰਿਸ਼ਤੇਦਾਰੀ ਬਣ ਗਈ, ਕਿਉਂਕਿ ਬੀਬੀ ਭਾਨੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਸੀ, ਕਿਉਂਕਿ ਗੁਰੂ ਅਮਰਦਾਸ ਜੀ ਦੀ ਸੰਤਾਨ ਦੋ ਪੁੱਤਰ, ਦੋ ਪੁੱਤਰੀਆਂ ਸਨ। ਬਾਬਾ ਮੋਹਨ ਜੀ ਵੱਡੇ ਸਪੁੱਤਰ ਤੇ ਛੋਟੇ ਸਪੁੱਤਰ ਬਾਬਾ ਮੋਹਰੀ ਜੀ ਸਨ। ਦੋ ਪੁੱਤਰੀਆਂ ਬੀਬੀ ਦਾਨੀ ਤੇ ਬੀਬੀ ਭਾਨੀ ਸਨ। ਬੀਬੀ ਭਾਨੀ ਦੇ ਭਾਵੇਂ ਸਕੇ ਭਰਾ ਮੋਹਨ ਤੇ ਮੋਹਰੀ ਹੀ ਸਨ, ਪਰ ਇਨ੍ਹਾਂ ਦਾ ਭੈਣ-ਭਰਾ ਦਾ ਗੂੜ੍ਹਾ ਪ੍ਰੇਮ ਚਾਚੇ ਈਸ਼ਰ ਦਾਸ ਦੇ ਪੁੱਤਰ ਭਾਈ ਗੁਰਦਾਸ ਜੀ ਨਾਲ ਸੀ। ਹੁਣ ਰਿਸ਼ਤੇਦਾਰੀ ਭਾਵੇਂ ਸਾਲੇ-ਭਣਵੱਈਏ ਦੀ ਬਰਾਬਰਤਾ ਵਾਲੀ ਹੋ ਜਾਂਦੀ ਹੈ, ਪਰ ਦੁਨਿਆਵੀ ਰਿਸ਼ਤੇਦਾਰੀ ਲਾਂਭੇ ਰੱਖ ਕੇ ਜਿਵੇਂ ਪਿਤਾ ਸਮਾਨ ਤਾਏ ਨੂੰ ਤਾਇਆ ਨਹੀਂ ਬਲਕਿ ਗੁਰੂ ਨਾਨਕ ਸਾਹਿਬ ਸਮਝ ਕੇ ਪੂਜਦੇ ਰਹੇ, ਇਸੇ ਤਰ੍ਹਾਂ ਹੁਣ ਭਣਵੱਈਆ ਸਮਝ ਕੇ ਨਹੀਂ, ਗੁਰੂ ਨਾਨਕ ਸਮਝ ਕੇ ਹੀ ਪੂਜਦੇ ਰਹੇ ਤੇ ਗੁਰੂ ਰਾਮਦਾਸ ਜੀ ਨੇ ਭਾਈ ਗੁਰਦਾਸ ਜੀ ਦੀ ਵਿਦਵਤਾ ਦੀ ਕਦਰ ਕਰਦਿਆਂ ਹੋਇਆਂ ਤੇ ਪੂਰਨ ਗੁਰਸਿੱਖਾਂ ਵਾਲੇ ਗੁਣ ਦੇਖ-ਪਰਖ ਕੇ ਕਿ ਭਾਈ ਗੁਰਦਾਸ ਜੀ ਉਸ ਅਵਸਥਾ ਵਿਚ ਚਲੇ ਗਏ ਹਨ, ਜਿਥੇ ਗੁਰੂ ਤੇ ਸਿੱਖ ਵਿਚ ਕੋਈ ਅੰਤਰ ਨਹੀਂ ਰਹਿੰਦਾ, ਜੈਸਾ ਕਿ :

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥ *(ਆਸਾ ਮਃ ੪, ਅੰਗ ੪੪੪)*

ਇਉਂ ਕਰਨੀ ਵਿਚ ਪੂਰੇ ਜਾਣ ਕੇ ਭਾਈ ਗੁਰਦਾਸ ਜੀ ਨੂੰ ਮੁਖੀ ਸਿੱਖਾਂ ਵਿਚ ਸ਼ਾਮਲ ਕੀਤਾ ਅਤੇ ਦੇਸਾਂ-ਪ੍ਰਦੇਸਾਂ ਵਿਚ ਪ੍ਰਚਾਰ ਕਰਨ ਦੀ ਜ਼ਿੰਮੇਵਾਰੀ ਸੌਂਪੀ। ਆਪ ਜੀ ਦੀ ਪ੍ਰਚਾਰਕ ਫੇਰੀ ਵਿਚ ਬੇਅੰਤ ਨਗਰ ਸ਼ਹਿਰ ਆਏ। ਜਦੋਂ ਆਪ ਜੀ ਆਗਰੇ ਵਿਚ ਗੁਰਮਤਿ ਪ੍ਰਚਾਰ ਕਰ ਰਹੇ ਸਨ ਤਾਂ ਉਸ ਸਮੇਂ ਗੁਰੂ ਰਾਮਦਾਸ ਜੀ ਜੋਤੀ-ਜੋਤਿ ਸਮਾ ਗਏ ਅਤੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਗੁਰਤਾ-ਗੱਦੀ ਦਾ ਮਾਲਕ ਆਪਣੇ ਤਿੰਨਾਂ ਪੁੱਤਰਾਂ ਵਿੱਚੋਂ ਯੋਗ ਸਮਝ ਕੇ ਛੋਟੇ ਪੁੱਤਰ ਦੀ ਚੋਣ ਕੀਤੀ। ਵੱਡੇ ਪੁੱਤਰ ਬਾਬਾ ਪ੍ਰਿਥੀ ਚੰਦ ਜੀ, ਦੂਜੇ ਬਾਬਾ ਮਹਾਂਦੇਵ ਜੀ ਇਨ੍ਹਾਂ ਦੋਹਾਂ ਨੂੰ ਛੱਡ ਕੇ ਗੁਰਤਾ-ਗੱਦੀ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਸੁਭਾਇਮਾਨ ਕਰ ਦਿੱਤਾ। ਇਹ ਕਨਸੋਅ ਗੁਰਸਿੱਖਾਂ ਦੇ ਰਾਹੀਂ ਭਾਈ ਗੁਰਦਾਸ ਜੀ ਨੇ ਸੁਣੀ। ਗੁਰੂ ਦੇ ਵਿਛੋੜੇ ਵਿਚ ਮਨ ਬਿਹਬਲ ਹੋਇਆ। ਜਿਥੇ ਗੁਰੂ ਦੇ ਸਰੀਰ ਤੋਂ ਸਦਾ ਲਈ ਵਿੱਛੜਨ ਦਾ ਦੁੱਖ ਹੋਇਆ, ਇਸ ਦੇ ਨਾਲ ਹੀ ਪਿਆਰੀ ਭੈਣ ਦੇ ਵਿਧਵਾ ਹੋਣ ਦਾ ਦੁੱਖ ਵੀ ਸੀਨੇ ਵਿਚ ਚੁੱਭਿਆ। ਇਉਂ ਦੋਹਰੇ ਦੁੱਖ ਦੀਆਂ ਪੀੜਾਂ ਨੂੰ ਭਾਣਾ ਮੰਨਣ ਦੇ ਬਲ ਨਾਲ ਸਹਿਣ ਕਰਦਿਆਂ ਹੋਇਆਂ ਆਪ ਜੀ ਜਲਦੀ ਨਾਲ ਅੰਮ੍ਰਿਤਸਰ ਦੀ ਧਰਤੀ 'ਤੇ ਜਾਣ ਲਈ ਤਿਆਰ ਹੋਏ। ਪਤਾ ਲੱਗਦਿਆਂ ਹੀ ਬਹੁਤ ਗੁਰਸਿੱਖ ਮਾਈ-ਭਾਈ ਵੀ ਨਾਲ ਜਾਣ ਲਈ ਤਿਆਰ ਹੋਏ। ਵੱਡੀ ਗਿਣਤੀ ਵਿਚ ਸ਼ਰਧਾਲੂਆਂ ਦਾ ਕਾਫ਼ਲਾ ਮੰਜ਼ਲਾਂ ਤੈਅ ਕਰਦਾ ਹੋਇਆ, ਕਿਉਂਕਿ ਮੰਜ਼ਲ ਬਾਰਾਂ ਕੋਹਾਂ ਦੀ ਮੰਨੀ ਜਾਂਦੀ ਹੈ, ਮੰਜ਼ਲ ਦਰ ਮੰਜ਼ਲ ਵਾਟ ਨਿਬੇੜਦਿਆਂ ਗੋਇੰਦਵਾਲ ਸਾਹਿਬ ਦੇ ਨਾਲ ਲੱਗਦੇ ਦਰਿਆ ਬਿਆਸ ਦੇ ਪਰਲੇ ਕਿਨਾਰੇ 'ਤੇ ਆ ਪਹੁੰਚੇ। ਸ਼ਾਮ ਦਾ ਵਕਤ ਹੋਇਆ ਸੀ ਤੇ ਬੇੜੀਆਂ ਦੇ ਮਲਾਹ ਆਪਣੇ ਘਰਾਂ ਨੂੰ ਜਾ ਚੁੱਕੇ ਸਨ। ਸਰਦੀ ਦਾ ਮੌਸਮ ਸੀ, ਜਿਸ ਕਰਕੇ ਦਰਿਆ ਦੇ ਕਿਨਾਰੇ ਰਾਤ ਕੱਟਣੀ ਬਹੁਤ ਮੁਸ਼ਕਲ ਸੀ। ਰਸਤੇ ਦੀ ਥਕਾਵਟ ਤੇ ਢਿੱਡੋਂ ਭੁੱਖੇ ਤੇ ਉਪਰੋਂ ਜ਼ੋਰਾਂ ਦੀ ਸਰਦੀ ਸੀ। ਬੱਚੇ ਤੇ ਬਿਰਧ ਸਰੀਰਾਂ ਦਾ ਸਰਦੀ ਕਰਕੇ ਬੁਰਾ ਹਾਲ ਹੋ ਰਿਹਾ ਸੀ ਤਾਂ ਸਾਰੀ ਸੰਗਤ ਦੀ ਜ਼ੁਬਾਨ 'ਤੇ ਇੱਕੋ ਹੀ ਸਵਾਲ ਸੀ ਕਿ ਭਾਈ ਸਾਹਿਬ ਜੀ ਹੁਣ ਕੀ ਹੋਵੇਗਾ ? ਇਹ ਸਰਦੀ ਦੇ ਕਾਰਨ ਬੱਚਿਆਂ ਤੇ ਬਿਰਧਾਂ ਦਾ ਕੀ ਹਾਲ ਹੋਵੇਗਾ ? ਭੁੱਖ ਤਾਂ ਚਲੋ ਕੱਟੀ ਜਾ ਸਕਦੀ ਹੈ, ਪਰ ਸਰਦੀ ਕੱਟਣੀ ਬਹੁਤ ਔਖੀ ਹੈ। ਭਾਈ ਸਾਹਿਬ ਜੀ ਦੇ ਅੰਦਰ ਖ਼ਿਆਲ ਪੈਦਾ ਹੋ ਰਹੇ ਸਨ, ਜਿਵੇਂ ਦਰਿਆ ਕਿਨਾਰਿਆਂ ਤਕ ਉੱਛਲਿਆ ਹੋਇਆ ਆਪਣੀਆਂ ਲਹਿਰਾਂ ਵਿਚ ਠਾਠਾਂ ਮਾਰ ਰਿਹਾ ਸੀ, ਇਸੇ ਤਰ੍ਹਾਂ ਭਾਈ ਗੁਰਦਾਸ ਜੀ ਦੇ ਅੰਦਰ ਸਿਦਕ ਦਾ ਦਰਿਆ ਪ੍ਰੇਮ ਦੀਆਂ ਲਹਿਰਾਂ ਨਾਲ ਠਾਠਾਂ ਮਾਰ ਰਿਹਾ ਸੀ। ਭਾਈ ਸਾਹਿਬ ਨੇ ਗੁਰੂ ਨਾਨਕ ਸਾਹਿਬ 'ਤੇ ਨਿਸਚਾ ਰੱਖਦੇ ਹੋਏ ਸਾਰੀ ਸੰਗਤ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸੰਗਤ ਜੀ, ਇਹ ਦਰਿਆ ਤਾਂ ਬਹੁਤ ਛੋਟਾ ਜਿਹਾ ਹੈ, ਗੁਰੂ ਨਾਨਕ ਸਾਹਿਬ ਦਾ ਬਖ਼ਸ਼ਿਆ ਵਾਹਿਗੁਰੂ ਨਾਮ ਸੰਸਾਰ-ਸਮੁੰਦਰ ਤੋਂ ਪਾਰ ਕਰ ਦਿੰਦਾ ਹੈ, ਫਿਰ ਇਹ ਨਿੱਕਾ ਜਿਹਾ ਦਰਿਆ ਪਾਰ ਕਰਨਾ ਕੀ ਔਖਾ ਹੈ। ਭਾਈ ਸਾਹਿਬ ਨੇ ਸੰਗਤ ਨੂੰ ਜਨਮਸਾਖੀ ਦੀ ਗੱਲ ਚੇਤੇ ਕਰਾਈ ਕਿ ਸਮੁੰਦਰ ਦੀਆਂ ਲਹਿਰਾਂ ਦੇਖ ਕੇ ਮਰਦਾਨਾ ਡਰ ਗਿਆ ਸੀ ਤਾਂ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤਰ ਦੇ ਆਸਰੇ ਭਾਈ ਬਾਲੇ, ਭਾਈ ਮਰਦਾਨੇ ਸਮੇਤ ਸਮੁੰਦਰ ਪਾਰ ਕੀਤਾ ਸੀ ਤੇ ਆਪਣਿਆਂ ਸਿੱਖਾਂ ਨੂੰ ਸਮੁੰਦਰ ਵਿਚ ਡੁੱਬਣ ਨਹੀਂ ਸੀ ਦਿੱਤਾ ਅਤੇ ਮੂਲ ਮੰਤਰ ਦੀ ਸ਼ਕਤੀ ਦੱਸੀ ਸੀ। ਸੋ ਆਉ, ਅੱਜ ਵੀ ਉਹੀ ਮੌਕਾ ਹੈ, ਗੁਰੂ ਨਾਨਕ ਸਾਹਿਬ ਮੂਲ ਮੰਤਰ ਦੁਆਰਾ ਸਾਡੀ ਰੱਖਿਆ ਕਰਨਗੇ। ਮੈਂ ਅੱਗੇ ਤੁਰਾਂਗਾ, ਤੁਸੀਂ ਮੇਰੇ ਮਗਰ ਮੂਲ ਮੰਤਰ ਦਾ ਜਾਪ ਕਰਦੇ ਆਉਣਾ। ਸੋ ਭਾਈ ਸਾਹਿਬ ਮੂਲ ਮੰਤਰ ਦਾ ਜਾਪ ਕਰਦੇ ਹੋਏ ਅੱਗੇ ਤੁਰੇ ਤੇ ਪਿੱਛੇ ਸਾਰੀ ਸੰਗਤ ਨਾਲ ਨਾਲ ਜਾਪ ਕਰਦੀ ਹੋਈ ਪੂਰਨ ਭਰੋਸਾ ਰੱਖ ਕੇ ਤੁਰ ਪਈ। ਐਸੀ ਕਲਾ ਵਰਤੀ ਕਿ ਜਿਵੇਂ ਆਰਾਮ ਨਾਲ ਧਰਤੀ ਦੇ ਉੱਤੇ ਤੁਰੇ ਜਾਈਦਾ ਹੈ ਤੇ ਵੱਡਿਆਂ ਦੇ ਗਿੱਟੇ ਤਕ ਤੇ ਛੋਟੇ ਬੱਚਿਆਂ ਦੇ ਗੋਡਿਆਂ ਤਕ ਪਾਣੀ ਆਇਆ ਤੇ ਦਰਿਆ ਪਾਰ ਕਰ ਕੇ

ਗੋਇੰਦਵਾਲ ਸਾਹਿਬ ਪਹੁੰਚ ਗਏ ਤੇ ਗੋਇੰਦਵਾਲ ਸਾਹਿਬ ਪਹਿਲਾਂ ਹੀ ਸੰਗਤ ਨੇ ਦੇਖ ਕੇ ਲੰਗਰ ਤਿਆਰ ਕਰ ਲਿਆ ਸੀ ਤੇ ਸੰਗਤ ਨੇ ਲੰਗਰ ਛਕ ਕੇ ਆਰਾਮ ਕੀਤਾ ਅਤੇ ਗੁਰੂ ਦੀ ਮਹਿਮਾ ਦੀ ਵਿਚਾਰ ਹੁੰਦੀ ਰਹੀ ਕਿ ਸ਼ਬਦ ਦੀਆਂ ਕਿੰਨੀਆਂ ਬਰਕਤਾਂ ਹਨ, ਜਿਹੜਾ ਦਰਿਆ ਬੇੜੀ ਰਾਹੀਂ ਲੰਘਣਾ ਵੀ ਮੁਸ਼ਕਲ ਸੀ, ਉਸ ਪਾਣੀ ਦਾ ਗੋਡੇ-ਗਿੱਟੇ ਹੋ ਜਾਣਾ, ਇਹ ਪ੍ਰਤੱਖ ਗੁਰੂ ਦੀ ਕਲਾ ਨਹੀਂ ਤਾਂ ਹੋਰ ਕੀ ਹੈ? ਭਾਵੇਂ ਭਾਈ ਗੁਰਦਾਸ ਜੀ ਨੂੰ ਆਗਰੇ ਹੀ ਗੁਰੂ ਰਾਮਦਾਸ ਜੀ ਦੇ ਜੋਤੀ-ਜੋਤਿ ਸਮਾਉਣ ਦੇ ਨਾਲ ਹੀ ਗੁਰਤਾ-ਗੱਦੀ 'ਤੇ ਪੰਜਵੇਂ ਥਾਂ ਗੁਰੂ ਅਰਜਨ ਦੇਵ ਜੀ ਦੇ ਗੁਰੂ ਹੋਣ ਦਾ ਪਤਾ ਲੱਗ ਚੁੱਕਾ ਸੀ, ਪਰ ਮਨ ਦੇ ਵਿਚ ਕੁਝ ਸੂਖਮ ਵਿਚਾਰਾਂ ਫੁਰੀਆਂ ਕਿ ਵੱਡੇ ਗੁਰੂਆਂ ਵਰਗੀਆਂ ਬਰਕਤਾਂ ਹੋਣਗੀਆਂ। ਇਸ ਦੇ ਨਾਲ ਹੀ ਥੋੜ੍ਹਾ ਜਿਹਾ ਸੂਖਮ ਹੰਕਾਰ ਫੁਰਿਆ ਕਿ ਨਾ ਤਾਂ ਇਸ ਤਰ੍ਹਾਂ ਕੋਈ ਸਿੱਖ ਦਰਿਆ ਪਾਰ ਕਰ ਸਕਦਾ ਹੈ ਤੇ ਨਾ ਹੀ ਕਰਾ ਸਕਦਾ ਹੈ, ਇਹ ਸਭ ਕੁਝ ਮੇਰੇ ਹਿੱਸੇ ਵਿੱਚ ਆਇਆ ਹੈ, ਸਵੇਰੇ ਉੱਠੇ ਤੇ ਆਪਣੇ ਭਾਈਚਾਰੇ, ਪਰਿਵਾਰ ਨੂੰ ਮਿਲੇ, ਗੁਰੂ ਰਾਮਦਾਸ ਜੀ ਤੇ ਗੁਰੂ ਅਮਰਦਾਸ ਜੀ ਦੇ ਅੰਗੀਠਿਆਂ 'ਤੇ ਨਮਸਕਾਰ ਕੀਤੀ ਤੇ ਬਉਲੀ ਸਾਹਿਬ ਤੀਰਥ 'ਤੇ ਇਸ਼ਨਾਨ ਕੀਤਾ ਤੇ ਜਦੋਂ ਗੋਇੰਦਵਾਲ ਸਾਹਿਬ ਤੋਂ ਅੰਮ੍ਰਿਤਸਰ ਸਾਹਿਬ ਨੂੰ ਸਵੇਰ ਦਾ ਭੋਜਨ ਛਕ-ਛਕਾ ਕੇ ਤੁਰਨ ਲੱਗੇ ਤਾਂ ਸਾਹਮਣੇ ਬੱਚੇ ਖੇਡ ਰਹੇ ਸਨ ਤਾਂ ਉਨ੍ਹਾਂ ਬੱਚਿਆਂ ਵਿੱਚੋਂ ਇਹ ਆਵਾਜ਼ ਆਈ ਕਿ ਦੇਖੋ ਬਈ ਕੌਣ ਜਿੱਤੇਗਾ, ਕੌਣ ਜਿੱਤੇਗਾ ਤਾਂ ਫਿਰ ਬੱਚਿਆਂ ਦੇ ਵਿੱਚੋਂ ਬੱਚਿਆਂ ਦੀ ਆਵਾਜ਼ ਆਈ ਕਿ ਉਹ ਜਿੱਤੇਗਾ, ਜਿਸ ਉੱਤੇ ਗੁਰੂ ਅਮਰਦਾਸ ਜੀ ਦੀ ਕਿਰਪਾ ਹੋਵੇਗੀ। ਇਹ ਸੁਣਦਿਆਂ ਹੀ ਭਾਈ ਗੁਰਦਾਸ ਜੀ ਦੀਆਂ ਅੱਖਾਂ ਵਿੱਚੋਂ ਪਾਣੀ ਆ ਗਿਆ ਤੇ ਉਨ੍ਹਾਂ ਦੇ ਮੁੱਖੋਂ ਆਪ-ਮੁਹਾਰੇ ਨਿਕਲਿਆ ਕਿ ਧੰਨ ਗੁਰੂ ਨਾਨਕ ਸਾਹਿਬ ਜੀ, ਧੰਨ ਗੁਰੂ ਅੰਗਦ ਦੇਵ ਜੀ, ਧੰਨ ਗੁਰੂ ਅਮਰਦਾਸ ਜੀ, ਧੰਨ ਗੁਰੂ ਰਾਮਦਾਸ ਜੀ ਤੇ ਧੰਨ ਇਹ ਨਗਰੀ ਹੈ, ਜੈਸਾ ਕਿ:

ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ॥

(ਬਿਲਾਵਲੁ ਬਾਣੀ ਰਵਿਦਾਸ ਭਗਤ ਕੀ, ਅੰਗ ੮੫੮)

ਧੰਨ ਇਸ ਨਗਰੀ ਦੇ ਬੱਚੇ, ਜਿਨ੍ਹਾਂ ਨੂੰ ਖੇਡ ਵਿੱਚ ਵੀ ਗੁਰੂ ਅਮਰਦਾਸ ਜੀ ਦੀ ਕਿਰਪਾ ਨਜ਼ਰ ਆ ਰਹੀ ਹੈ। ਮੇਰੇ ਨਾਲੋਂ ਇਹ ਬੱਚੇ ਸਿਦਕ ਵਿੱਚ ਪੱਕੇ ਨਿਕਲੇ, ਜਿਨ੍ਹਾਂ ਦੇ ਵਿੱਚ ਰਾਈ ਮਾਤਰ ਵੀ ਅਹੰ-ਭਾਵ ਨਹੀਂ ਹੈ ਅਤੇ ਮੇਰਾ ਮਨ ਹਉਮੈ ਨੇ ਗ੍ਰਸ ਲਿਆ ਕਿ ਮੈਂ ਦਰਿਆ ਪਾਰ ਕਰਾਉਣ ਵਾਲਾ ਹਾਂ, ਜਦੋਂ ਕਿ ਇਹ ਸਾਰੀ ਕਿਰਪਾ ਗੁਰੂ ਦੀ ਸੀ, ਸਾਡੀ ਕੇਵਲ ਅਰਦਾਸ ਸੀ, ਜੋ ਦਾਤੇ ਨੇ ਨੇੜੇ ਹੋ ਕੇ ਸੁਣੀ। 'ਹੇ ਦਾਤਾ! ਬਖ਼ਸ਼ ਲਈਂ, ਬਖ਼ਸ਼ ਲਈਂ!' ਇਹ ਕਹਿ ਕੇ ਬੱਚਿਆਂ ਦੇ ਪੈਰੀਂ ਪੈ ਗਏ ਅਤੇ ਦੇਖਣ ਵਾਲੀ ਸੰਗਤ ਵੀ ਹੈਰਾਨ ਹੋ ਗਈ ਤੇ ਬੱਚੇ ਭੀ ਹੈਰਾਨ ਹੋ ਕੇ ਕਹਿਣ ਲੱਗੇ ਕਿ ਤੁਸੀਂ ਇਹ ਕੀ ਕਰਦੇ ਹੋ, ਤੁਸੀਂ ਵੱਡੇ ਹੋ। ਤਾਂ ਭਾਈ ਸਾਹਿਬ ਨੇ ਕਿਹਾ ਕਿ ਵੱਡਾ ਕੋਈ ਵਿੱਦਿਆ ਜਾਂ ਉਮਰ ਕਰਕੇ ਨਹੀਂ ਹੁੰਦਾ, ਵੱਡੀ ਨਿਮਰਤਾ ਹੁੰਦੀ ਹੈ। ਇਸ ਲਈ ਮੈਂ ਤੁਹਾਡੀ ਨਿਮਰਤਾ ਨੂੰ ਨਮਸਕਾਰ ਕੀਤੀ ਹੈ। ਇਥੋਂ ਫਿਰ ਸੰਗਤਾਂ ਸਮੇਤ ਭਾਈ ਗੁਰਦਾਸ ਜੀ ਅੰਮ੍ਰਿਤਸਰ ਸਾਹਿਬ ਨੂੰ ਚੱਲ ਪਏ। ਹੁਣ ਅੱਜ ਦੇ ਪੈਮਾਨੇ ਅਨੁਸਾਰ ਗੋਇੰਦਵਾਲ ਸਾਹਿਬ ਤੋਂ ਅੰਮ੍ਰਿਤਸਰ ਸਾਹਿਬ ੫੦ ਕਿਲੋਮੀਟਰ 'ਤੇ ਹੈ, ਜਿਸ ਦੇ ੩੧ ਮੀਲ ਬਣ ਜਾਂਦੇ ਹਨ। ਸੰਗਤ ਵਿਚ ਬਿਰਧ ਤੇ ਬੱਚੇ ਵੀ ਹਨ ਅਤੇ ਆਗਰੇ ਤੋਂ ਤੁਰ ਕੇ ਹੀ ਸੰਗਤਾਂ ਪੈਦਲ ਚੱਲ ਕੇ ਆ ਰਹੀਆਂ ਹਨ। ਬਹੁਤ ਸਿਦਕ ਦੀ ਬਾਤ ਹੈ, ਅੰਮ੍ਰਿਤਸਰ ਸਾਹਿਬ ਪਹੁੰਚ ਕੇ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਗੁਰੂ ਸਾਹਿਬ ਜੀ ਦੇ ਜਾ ਕੇ ਦਰਸ਼ਨ ਕੀਤੇ। ਹੁਣ ਗੁਰਤਾ-ਗੱਦੀ 'ਤੇ ਬਿਰਾਜਮਾਨ ਗੁਰੂ ਅਰਜਨ ਦੇਵ ਜੀ, ਭਾਈ ਸਾਹਿਬ ਜੀ ਦੇ ਭਾਣਜੇ ਲੱਗਦੇ ਸਨ। ਜਿਵੇਂ ਗੁਰਤਾ-ਗੱਦੀ ਦੀ ਪੀੜ੍ਹੀ ਤਬਦੀਲ ਹੋਈ, ਇਉਂ ਭਾਈ ਸਾਹਿਬ ਜੀ ਦੀ ਰਿਸ਼ਤੇਦਾਰੀ ਤਬਦੀਲ ਹੋਈ। ਇਉਂ ਭਾਈ ਸਾਹਿਬ ਜੀ ਦੀ ਰਿਸ਼ਤੇਦਾਰੀ ਮਾਮੇ-ਭਾਣਜੇ ਦੇ ਰੂਪ ਵਿੱਚ ਤਬਦੀਲ ਹੋ ਗਈ, ਭਾਵੇਂ

ਮਾਮੇ-ਭਾਣਜੇ ਦੀ ਰਿਸ਼ਤੇਦਾਰੀ ਪਿਉ ਤੇ ਪੁੱਤ ਵਰਗੀ ਹੁੰਦੀ ਹੈ ਤੇ ਭਾਣਜੇ ਲਈ ਮਾਮਾ ਪਿਤਾ ਦੇ ਸਮਾਨ ਹੀ ਹੋਇਆ ਕਰਦਾ ਹੈ।

ਪਰ ਭਾਈ ਗੁਰਦਾਸ ਜੀ ਦੀ ਭਾਵਨਾ ਦੇ ਵਿਚ ਕੋਈ ਤਬਦੀਲੀ ਨਹੀਂ ਹੈ, ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਸਾਹਿਬ ਦਾ ਰੂਪ ਜਾਣ ਕੇ ਨਮਸਕਾਰ ਕੀਤੀ ਤੇ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਦਾ ਉੱਠ ਕੇ ਸਤਿਕਾਰ ਕੀਤਾ ਅਤੇ ਕਿਹਾ ਕਿ ਭਾਈ ਗੁਰਦਾਸ ਜੀ! ਤੁਸੀਂ ਧੰਨ ਹੋ ਅਤੇ ਮੇਰੀ ਮਾਤਾ ਦੇ ਭਰਾਤਾ ਹੋਣ ਦੇ ਨਾਤੇ ਮੇਰੇ ਸਤਿਕਾਰ ਯੋਗ ਹੋ ਤੇ ਹੁਣ ਭਾਈ ਗੁਰਦਾਸ ਜੀ ਦੇ ਅੰਦਰ ਜੋ ਤਨਿਕ ਮਾਤਰ ਇਹ ਵਿਚਾਰ ਸੀ, ਏਡੀ ਵੱਡੀ ਗੁਰਤਾ-ਗੱਦੀ ਦੇ ਮਾਲਕ ਜੋ ਬਣੇ ਹਨ ਕਿ ਇਨ੍ਹਾਂ ਵਿਚ ਬਰਕਤਾਂ ਭੀ ਵੱਡੇ ਗੁਰੂਆਂ ਵਰਗੀਆਂ ਹਨ, ਜੇ ਹਨ ਤਾਂ ਦਰਿਆ ਪਾਰ ਕਰਨ ਵਾਲੀ ਵਾਰਤਾ ਗੁਰੂ ਜੀ ਅੰਤਰਯਾਮਤਾ ਨਾਲ ਆਪਣੇ ਮੁੱਖੋਂ ਕਹਿਣ। ਤਾਂ ਅੰਤਰਜਾਮੀ ਸਤਿਗੁਰੂ ਜੀ ਨੇ ਪਹਿਲਾ ਬਚਨ ਹੀ ਇਹੀ ਕੀਤਾ ਕਿ ਭਾਈ ਸਾਹਿਬ, ਤੁਸੀਂ ਇਸ ਕਰਕੇ ਵੀ ਧੰਨ ਹੋ ਕਿ ਗੁਰੂ ਦੀਆਂ ਸੰਗਤਾਂ ਨੂੰ ਸਰਦੀ ਤੋਂ ਬਚਾ ਕੇ ਸ਼ਬਦ ਦੇ ਸਿਦਕ ਨਾਲ ਦਰਿਆ ਪਾਰ ਕਰ ਕੇ ਬੜਾ ਪਰਉਪਕਾਰ ਕੀਤਾ ਅਤੇ ਫਿਰ ਬੱਚਿਆਂ ਦੀ ਗੱਲ ਸੁਣ ਕੇ ਬੱਚਿਆਂ ਦੇ ਪੈਰੀਂ ਪੈ ਕੇ ਤਾਂ ਨਿਮਰਤਾ ਦੀ ਹੱਦ ਹੀ ਕਰ ਦਿੱਤੀ ਹੈ। ਬਸ ਫਿਰ ਕੀ ਸੀ? ਭਾਈ ਸਾਹਿਬ ਜੀ ਦੁਬਾਰਾ ਫਿਰ ਗੁਰੂ ਦੇ ਚਰਨੀਂ ਢਹਿ ਪਏ। ਭਾਈ ਸਾਹਿਬ ਦੀ ਇਸ ਭਾਵਨਾ ਨੂੰ ਜੇ ਬਾਣੀ ਦੁਆਰਾ ਸਮਝਣਾ ਹੋਵੇ ਤਾਂ ਇਸ ਪ੍ਰਕਾਰ ਹੈ। ਜੈਸਾ ਕਿ:

ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ॥
ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ॥
ਭਗਤਿ ਵਛਲੁ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ॥
ਤੁਝ ਬਿਨੁ ਨਾਹੀ ਕੋਇ ਬਿਨਉ ਮੋਹਿ ਸਾਰਿਆ॥
ਕਰੁ ਗਹਿ ਲੇਹੁ ਦਇਆਲ ਸਾਗਰ ਸੰਸਾਰਿਆ॥੧੬॥ *(ਜੈਤਸਰੀ ਕੀ ਵਾਰ ਮ: ੫, ਅੰਗ ੭੦੯)*

ਇਉਂ ਪ੍ਰੇਮ ਦੀ ਵਾਰਤਾ ਕੁਝ ਸਮਾਂ ਹੋਣ ਬਾਅਦ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਸੰਗਤਾਂ ਨੂੰ ਲੰਗਰ ਪਾਣੀ ਛਕਾਓ ਤੇ ਨਾਲੇ ਆਪ ਛਕੋ ਤੇ ਲੰਗਰ ਬਿਲਕੁਲ ਸਾਦਾ ਸੀ, ਮਿੱਸੀਆਂ ਰੋਟੀਆਂ ਤੇ ਗੰਢੇ ਵਰਤਾਏ ਜਾ ਰਹੇ ਸੀ ਤਾਂ ਭਾਈ ਸਾਹਿਬ ਜੀ ਸੰਗਤਾਂ ਲਈ ਲੰਗਰ ਤੋਂ ਬਾਅਦ ਆਰਾਮ ਦਾ ਪ੍ਰਬੰਧ ਕਰ ਕੇ ਗੁਰੂ ਸਾਹਿਬ ਜੀ ਕੋਲ ਆਏ ਤੇ ਆ ਕੇ ਪ੍ਰਸ਼ਨ ਕੀਤਾ ਕਿ ਮਹਾਰਾਜ ਇਹ ਕੀ ਭਾਣਾ ਵਰਤ ਗਿਆ ਹੈ, ਲੰਗਰ ਇਤਨਾ ਮਸਤਾਨਾ ਕਿਉਂ ਹੋ ਗਿਆ ਹੈ? ਵੱਡੇ ਗੁਰੂ ਸਾਹਿਬ ਵੇਲੇ ਤਾਂ ਖੀਰ ਵਿਚ ਵੀ ਘਿਓ ਪਾਇਆ ਜਾਂਦਾ ਸੀ। ਜੈਸਾ ਕਿ:

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥ *(ਰਾਮਕਲੀ ਕੀ ਵਾਰ, ਅੰਗ ੯੬੭)*

ਹੁਣ ਲੰਗਰ ਮਿੱਸੀਆਂ ਰੋਟੀਆਂ 'ਤੇ ਆ ਗਿਆ, ਇਸ ਦਾ ਕੀ ਕਾਰਣ ਹੈ ਤਾਂ ਗੁਰੂ ਸਾਹਿਬ ਨੇ ਆਪਣੀ ਰਸਨਾ ਤੋਂ ਪ੍ਰਿਥੀ ਚੰਦ ਲਈ ਕੋਈ ਵੀ ਮੰਦਾ ਸ਼ਬਦ ਨਾ ਕਹਿੰਦਿਆਂ ਹੋਇਆਂ, ਭਾਈ ਸਾਹਿਬ ਜੀ ਨੂੰ ਤਰੀਕੇ ਨਾਲ ਟਾਲ ਦਿੱਤਾ ਅਤੇ ਕਿਹਾ, "ਤੁਸੀਂ ਆਪਣੀ ਭੈਣ ਤੇ ਸਾਡੀ ਮਾਤਾ ਜੀ ਨੂੰ ਮਿਲ ਲਵੋ, ਉਥੇ ਤੁਹਾਨੂੰ ਲੰਗਰ ਦੇ ਮਸਤਾਨੇ ਹੋਣ ਦਾ ਕਾਰਨ ਭੀ ਪਤਾ ਲੱਗ ਜਾਵੇਗਾ।" ਭਾਈ ਸਾਹਿਬ ਜੀ ਬੀਬੀ ਭਾਨੀ ਜੀ ਕੋਲ ਪਹੁੰਚੇ, ਜੋ ਲੰਗਰ ਦੀ ਜ਼ੁੰਮੇਵਾਰੀ ਨਿਭਾਅ ਰਹੇ ਸਨ। ਭੈਣ ਜੀ ਦੇ ਚਰਨਾਂ 'ਤੇ ਜਾ ਮੱਥਾ ਟੇਕਿਆ ਤੇ ਬੀਬੀ ਭਾਨੀ ਜੀ ਨੇ ਅਸੀਸ ਦੇਂਦਿਆਂ ਸੁੱਖ-ਸਾਂਦ ਪੁੱਛੀ ਤੇ ਕੁਝ ਚਿਰ ਗੁਰੂ ਰਾਮਦਾਸ ਜੀ ਦੇ ਵਿਛੋੜੇ ਦਾ ਦੁੱਖ ਸਾਂਝਾ ਕੀਤਾ ਤੇ ਫਿਰ ਆਪਣੀ ਮਨ ਦੀ ਭਾਵਨਾ ਪ੍ਰਗਟ ਕੀਤੀ ਕਿ ਲੰਗਰ ਦਾ ਮਸਤਾਨਾ ਪਹਿਰਾ ਕਿਉਂ ਤੇ ਕਿਵੇਂ ਹੋ ਗਿਆ ਹੈ, ਜਦੋਂ ਕਿ ਵੱਡੇ ਗੁਰੂ ਸਾਹਿਬਾਨ ਵੇਲੇ ਤਾਂ ਰਸ ਭਰਪੂਰ ਖੀਰ ਆਦਿਕ ਦਾ ਲੰਗਰ

ਬਣਦਾ ਸੀ। ਹੁਣ ਦਾਲ ਸਬਜ਼ੀ ਤੋਂ ਬਿਨਾਂ ਮਿੱਸੀਆਂ ਰੋਟੀਆਂ 'ਤੇ ਲੰਗਰ ਪਹੁੰਚ ਗਿਆ ਹੈ। ਬੀਬੀ ਭਾਨੀ ਜੀ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਭਰਾ ਜੀ, ਸ਼ੁਕਰ ਕਰੋ, ਅੱਜ ਤੁਹਾਨੂੰ ਰੋਟੀਆਂ ਤਾਂ ਮਿਲੀਆਂ ਭਾਵੇਂ ਮਿੱਸੀਆਂ ਹੀ ਸੀ, ਏਥੇ ਤਾਂ ਕਈ ਵਾਰ ਸਾਰਾ ਦਿਨ ਲੰਗਰ ਮਸਤਾਨਾ ਭੀ ਹੋ ਜਾਂਦਾ ਹੈ। ਇਹ ਸਾਰੀ ਕਰਤੂਤ ਤੁਹਾਡੇ ਵੱਡੇ ਭਾਣਜੇ ਪ੍ਰਿਥੀ ਚੰਦ ਦੀ ਹੈ, ਜੋ ਚਲਾਕੀ ਨਾਲ ਆਪਣੇ ਮਸੰਦਾਂ ਰਾਹੀਂ ਸੰਗਤਾਂ ਦੀ ਕਾਰ-ਭੇਟ ਆਪਣੇ ਕਾਬੂ ਕਰ ਲੈਂਦਾ ਹੈ। ਗੁਰਤਾ-ਗੱਦੀ 'ਤੇ ਬਿਰਾਜਣ ਵੇਲੇ ਤੁਹਾਡੇ ਭਾਣਜੇ ਦਾ ਅਤਿਅੰਤ ਨਿਮਰਤਾ ਵਾਲਾ ਸੁਭਾਅ ਹੋਣ ਕਰਕੇ, ਜੋ ਕਦੇ ਕਿਸੇ ਨੂੰ ਕੁਝ ਨਹੀਂ ਆਖਦੇ, ਇਨ੍ਹਾਂ ਦੀ ਨਿਮਰਤਾ ਦਾ ਉਹ ਨਾਜਾਇਜ਼ ਲਾਭ ਉਠਾ ਰਿਹਾ ਹੈ। ਭੇਟਾ ਕੋਲ ਰੱਖ ਕੇ ਪ੍ਰਸ਼ਾਦਾ ਛਕਣ ਲਈ ਸੰਗਤਾਂ ਨੂੰ ਸਾਡੇ ਕੋਲ ਭੇਜ ਦਿੰਦਾ ਹੈ। ਸੰਗਤਾਂ ਦੇ ਦੋ-ਚਾਰ ਸਰੀਰਾਂ ਨੂੰ ਭੀ ਲੰਗਰ ਨਹੀਂ ਛਕਾਉਂਦਾ। ਇਸ ਲਈ ਆਮਦਨ ਰੁਕ ਗਈ ਤੇ ਲੰਗਰ ਦਾ ਖ਼ਰਚਾ ਵੱਧ ਗਿਆ। ਕੁਝ ਸਿਦਕੀ ਸਿੱਖ ਜੋ ਜਾਣੂ ਹਨ ਕਿ ਗੁਰਤਾ-ਗੱਦੀ 'ਤੇ ਬਿਰਾਜਮਾਨ ਗੁਰੂ ਅਰਜਨ ਦੇਵ ਜੀ ਹਨ, ਉਨ੍ਹਾਂ ਦੀ ਭੇਟਾ ਨਾਲ ਥੋੜ੍ਹਾ-ਬਹੁਤ ਲੰਗਰ ਚੱਲਦਾ ਹੈ, ਬਾਕੀ ਭੋਲੀਆਂ-ਭਾਲੀਆਂ ਸੰਗਤਾਂ ਨੂੰ ਪ੍ਰਿਥੀ ਚੰਦ ਲੁੱਟੀ ਜਾਂਦਾ ਹੈ। ਇਹ ਸੁਣ ਕੇ ਭਾਈ ਸਾਹਿਬ ਜੀ ਸੋਚੀਂ ਪੈ ਗਏ ਤੇ ਉਪਰਾਲਾ ਕਰਨ ਲਈ ਵਿਉਂਤਾਂ ਬਣਾਉਣ ਲੱਗੇ ਕਿ ਸਿੱਖ ਹੋਣ ਦੇ ਨਾਤੇ ਸਾਨੂੰ ਕੁਝ ਕਰਨਾ ਚਾਹੀਦਾ ਹੈ। ਇਸ ਕਰਕੇ ਸਵੇਰੇ ਉੱਠਦਿਆਂ ਹੀ ਪੂਜਾ-ਪਾਠ, ਨਿੱਤਨੇਮ ਤੋਂ ਵਿਹਲੇ ਹੋ ਕੇ ਕੁਝ ਜ਼ੁੰਮੇਵਾਰ ਗੁਰਸਿੱਖਾਂ ਨੂੰ ਨਾਲ ਲੈ ਕੇ ਲਾਹੌਰ ਤੋਂ ਅੰਮ੍ਰਿਤਸਰ ਸਾਹਿਬ ਆਉਣ ਵਾਲੇ ਰਸਤੇ 'ਤੇ, ਜਿਥੇ ਹੁਣ ਪਿੱਪਲੀ ਸਾਹਿਬ ਗੁਰਦੁਆਰਾ ਸੋਭ ਰਿਹਾ ਹੈ, ਉਥੇ ਚਾਦਰ ਵਿਛਾ ਕੇ ਬੈਠ ਗਏ। ਉਧਰੋਂ ਕਾਬਲ, ਕੰਧਾਰ, ਪਿਸ਼ਾਵਰ ਆਦਿਕ ਥਾਵਾਂ ਦੀਆਂ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਨੂੰ ਆ ਰਹੀਆਂ ਸਨ। ਸਾਰੀਆਂ ਸੰਗਤਾਂ ਨੂੰ ਬਿਠਾ ਕੇ ਜਲ ਆਦਿਕ ਛਕਾ ਕੇ ਸਾਰੀ ਵਾਰਤਾ ਕਹਿ ਕੇ ਸੁਣਾਈ ਕਿ ਗੁਰੂ ਰਾਮਦਾਸ ਜੀ ਦੇ ਤਿੰਨ ਸਪੁੱਤਰ ਹਨ। ਗੁਰਤਾ-ਗੱਦੀ ਦੇ ਮਾਲਕ ਕੇਵਲ ਗੁਰੂ ਅਰਜਨ ਦੇਵ ਜੀ ਹਨ ਅਤੇ ਕਾਰ-ਭੇਟ, ਤੁਹਾਡੇ ਧਰਮ-ਕਿਰਤ ਦਾ ਦਸਵੰਧ ਉਨ੍ਹਾਂ ਨੂੰ ਹੀ ਅਰਪਣ ਹੋਣੀ ਚਾਹੀਦੀ ਹੈ ਤਾਂ ਹੀ ਤੁਹਾਡੀ ਭੇਟਾ ਸਫਲ ਹੋਵੇਗੀ। ਤਾਂ ਸੰਗਤਾਂ ਨੇ ਹੱਥ ਜੋੜ ਕੇ ਸੀਸ ਝੁਕਾਇਆ ਤੇ ਸਾਰੀ ਭੇਟਾ ਭਾਈ ਸਾਹਿਬ ਅੱਗੇ ਰੱਖ ਦਿੱਤੀ ਤੇ ਬੇਨਤੀ ਕੀਤੀ ਕਿ ਸਾਨੂੰ ਗੁਰੂ ਜੀ ਦੇ ਚਰਨੀਂ ਪਾਉ ਤੇ ਆਪ ਆਗੂ ਬਣ ਕੇ ਸੰਗਤਾਂ ਨੂੰ ਉਥੇ ਲੈ ਚੱਲੋ। ਫਿਰ ਭਾਈ ਸਾਹਿਬ ਜੀ ਦੀ ਪ੍ਰੇਰਨਾ ਨਾਲ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਭੇਟਾ ਦੇ ਅੰਬਾਰ ਲੱਗਣ ਲੱਗੇ। ਪ੍ਰਿਥੀ ਚੰਦ ਦੇ ਮਸੰਦਾਂ ਨੇ ਬਹੁਤ ਸੰਗਤਾਂ ਨੂੰ ਪ੍ਰੇਰਿਆ ਕਿ ਵੱਡੇ ਪੁੱਤਰ ਪ੍ਰਿਥੀ ਚੰਦ ਗੁਰਤਾ-ਗੱਦੀ ਦੇ ਮਾਲਕ ਹਨ, ਉਨ੍ਹਾਂ ਦੇ ਦਰਸ਼ਨ ਕਰੋ ਤਾਂ ਸੰਗਤਾਂ ਨੇ ਉਨ੍ਹਾਂ ਮਸੰਦਾਂ ਨੂੰ ਕਿਹਾ ਕਿ ਭੇਟਾ ਤਾਂ ਭਾਈ ਗੁਰਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਪਹੁੰਚਾ ਦਿੱਤੀ ਹੈ ਤੇ ਖ਼ਾਲੀ ਹੱਥ ਗੁਰੂ ਦੇ ਵੱਡੇ ਸਪੁੱਤਰ ਦੇ ਵੀ ਦਰਸ਼ਨ ਕਰ ਲੈਂਦੇ ਹਾਂ। ਤਾਂ ਅੱਗੋਂ ਕ੍ਰੋਧ ਵੱਸ ਹੋ ਕੇ ਮਸੰਦਾਂ ਨੇ ਮਾੜੇ ਬਚਨ ਕਹੇ ਕਿ ਜਦੋਂ ਤੁਹਾਡੇ ਕੋਲ ਭੇਟਾ ਹੀ ਨਹੀਂ ਹੈ ਤਾਂ ਉਥੇ ਜਾ ਕੇ ਜਣਦਿਆਂ ਨੂੰ ਰੋਣ ਜਾਣਾ ਹੈ! ਫਿਰ ਜਦੋਂ ਮਸੰਦਾਂ ਰਾਹੀਂ ਪ੍ਰਿਥੀ ਚੰਦ ਨੂੰ ਪਤਾ ਲੱਗਿਆ ਤਾਂ ਮਸਤਾਨੀ ਬਿਰਤੀ ਵਾਲੇ ਆਪਣੇ ਛੋਟੇ ਭਰਾ ਮਹਾਂਦੇਵ ਨੂੰ ਨਾਲ ਲੈ ਕੇ ਭਾਈ ਗੁਰਦਾਸ ਜੀ ਕੋਲ ਪਹੁੰਚੇ ਅਤੇ ਜਾ ਕੇ ਕਿਹਾ ਕਿ ਮਾਮਾ ਜੀ, ਕੀ ਤੁਸੀਂ ਇਕੱਲੇ ਅਰਜਨ ਦੇਵ ਜੀ ਦੇ ਹੀ ਮਾਮਾ ਹੋ? ਸਾਡੇ ਕੁਝ ਨਹੀਂ ਲੱਗਦੇ? ਅਸੀਂ ਵੀ ਤੁਹਾਡੇ ਭਾਣਜੇ ਹਾਂ, ਫਿਰ ਇਤਨਾ ਪੱਖਪਾਤ ਕਿਉਂ? ਤੁਸੀਂ ਸਿਆਣੇ ਹੋ ਕਿ ਵਡਿਆਈ ਵੱਡੇ ਨੂੰ ਮਿਲਦੀ ਹੈ ਜਾਂ ਛੋਟੇ ਨੂੰ? ਤਾਂ ਭਾਈ ਸਾਹਿਬ ਨੇ ਇਕ ਉਦਾਹਰਣ ਦੇ ਕੇ ਸਮਝਾਇਆ ਕਿ ਹੱਥ ਦੀਆਂ ਵੱਡੀਆਂ ਉਂਗਲਾਂ ਨੂੰ ਛੱਡ ਕੇ ਮੁੰਦਰੀ ਦੀ ਵਡਿਆਈ ਸਭ ਤੋਂ ਛੋਟੀ ਚੀਚੀ ਉਂਗਲ ਨੂੰ ਮਿਲਦੀ ਹੈ। ਇਸੇ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਵੱਡੀਆਂ ਉਂਗਲਾਂ ਦੀ ਨਿਆਈਂ ਤੁਹਾਨੂੰ ਛੱਡ ਕੇ ਗੁਰੂ ਅਰਜਨ ਦੇਵ ਜੀ ਨੂੰ ਵਡਿਆਈ ਦੇ ਦਿੱਤੀ ਹੈ। ਫਿਰ ਭਾਈ ਸਾਹਿਬ ਨੇ ੩੫ਵੀਂ ਤੇ ੩੬ਵੀਂ ਵਾਰ ਵਿਚ ਬਹੁਤ ਸਾਰੀਆਂ ਪਉੜੀਆਂ ਇਨ੍ਹਾਂ ਦੇ ਪਰਥਾਏ ਉਚਾਰਨ ਕੀਤੀਆਂ ਕਿ ਪੂਜਾ ਦਾ ਧਾਨ ਇਕ ਕਿਸਮ ਦੀ ਜ਼ਹਿਰ ਹੈ। ਜੈਸਾ ਕਿ:

ਜਿਉ ਮਿਰਜਾਦਾ ਹਿੰਦੂਆਂ ਗਊ ਮਾਸੁ ਅਖਾਜੁ।
ਮੁਸਲਮਾਣਾ ਸੂਅਰਹੁ ਸਉਗੰਦ ਵਿਆਜੁ।
ਸਹੁਰਾ ਘਰਿ ਜਾਵਾਈਐ ਪਾਣੀ ਮਦ ਰਾਜੁ।
ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ।
ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ।
ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ॥੧੨॥ *(ਵਾਰ ੩੫, ਪਉੜੀ ੧੨)*

ਇਹ ਕਰੜੇ ਜਵਾਬ ਸੁਣ ਕੇ ਪ੍ਰਿਥੀ ਚੰਦ ਆਪਣੇ ਘਰ ਨੂੰ ਤੁਰ ਪਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੁੱਛਿਆ ਕਿ ਭਾਈ ਬੜੀ ਦੇਰ ਤੋਂ ਕਦੇ ਇਤਨਾ ਭੇਟਾ-ਪਦਾਰਥ ਇਕੱਠਾ ਨਹੀਂ ਸੀ ਹੋਇਆ ਤੇ ਹੁਣ ਸੇਵਾਦਾਰਾਂ ਤੋਂ ਸਾਂਭਿਆ ਨਹੀਂ ਜਾਂਦਾ। ਇਸ ਦਾ ਕੀ ਕਾਰਨ ਹੈ? ਤਾਂ ਸੰਗਤਾਂ ਨੇ ਬੜੇ ਚਾਅ-ਉਤਸ਼ਾਹ ਨਾਲ ਗੁਰੂ ਜੀ ਨੂੰ ਦੱਸਿਆ ਕਿ ਇਹ ਭਾਈ ਗੁਰਦਾਸ ਜੀ ਦਾ ਉੱਦਮ ਹੈ, ਜਿਨ੍ਹਾਂ ਨੇ ਸੰਗਤ ਨੂੰ ਪ੍ਰੇਰ ਕੇ ਸਹੀ ਰਸਤਾ ਦਿਖਾਇਆ ਹੈ। ਤਾਂ ਗੁਰੂ ਸਾਹਿਬ ਜੀ ਨੇ ਸੁਨੇਹਾ ਦੇ ਕੇ ਭਾਈ ਸਾਹਿਬ ਜੀ ਨੂੰ ਆਪਣੇ ਕੋਲ ਸੱਦਿਆ ਤੇ ਕਹਿਣ ਲੱਗੇ ਕਿ ਤੁਸੀਂ ਇਹ ਉੱਦਮ ਕਿਸ ਵਾਸਤੇ ਮਨ ਵਿਚ ਚਿਤਵਿਆ ਹੈ, ਜਦੋਂ ਕਿ ਸਾਰਿਆਂ ਜੀਵਾਂ ਦੇ ਆਹਾਰ ਦਾ ਫ਼ਿਕਰ ਉਸ ਪਰਮਾਤਮਾ ਨੂੰ ਹੈ, ਜਿਹੜਾ ਪੱਥਰਾਂ ਦੇ ਵਿਚ ਕੀੜਿਆਂ ਨੂੰ ਵੀ ਰੋਜ਼ੀ ਦੇ ਰਿਹਾ ਹੈ, ਕੀ ਸਾਨੂੰ ਨਹੀਂ ਦੇਵੇਗਾ? ਜੈਸਾ ਕਿ:

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥੧॥

(ਸੋ ਦਰੁ, ਗੂਜਰੀ ਮ: ੫, ਅੰਗ ੧੦)

ਇਉਂ ਭਾਈ ਗੁਰਦਾਸ ਜੀ ਨੇ ਇਸ ਤਰੀਕੇ ਨਾਲ ਕਾਵਿ-ਰਚਨਾ ਵਿਚ ਵਾਰਾਂ, ਕਬਿੱਤ ਸਵੱਈਏ ਰਚ ਕੇ ਇਤਨਾ ਪ੍ਰਚਾਰ ਕੀਤਾ, ਜਿਸ ਦਾ ਪ੍ਰਭਾਵ ਬਹੁਤ ਵੱਡੇ ਪੱਧਰ 'ਤੇ ਪਿਆ। ਪ੍ਰਚਾਰ ਤਾਂ ਭਾਵੇਂ ਹੋਰ ਸਿੱਖ ਸਿੱਖਣੀਆਂ ਵੀ ਕਰਦੇ ਸੀ, ਜਿਨ੍ਹਾਂ ਨੂੰ ਗੁਰੂ ਅਮਰਦਾਸ ਜੀ ਨੇ ੨੨ ਮੰਜੀਆਂ ਤੇ ੭੨ ਪੀੜ੍ਹੇ ਬਖ਼ਸ਼ੇ, ਪਰ ਭਾਈ ਗੁਰਦਾਸ ਜੀ ਦੇ ਪ੍ਰਚਾਰ ਦਾ ਕੋਈ ਵੀ ਮੁਕਾਬਲਾ ਨਹੀਂ ਸੀ ਬਣਦਾ, ਕਿਉਂਕਿ ਇਨ੍ਹਾਂ ਦੀ ਕਰਨੀ ਅਤਿ ਉੱਤਮ ਸੀ। ਇਨ੍ਹਾਂ ਦੀ ਕਥਨੀ ਤੇ ਕਰਨੀ ਦਾ ਰੂਪ ਇਕ ਸੀ, ਜਿਸ ਕਰਕੇ ਪ੍ਰਚਾਰ ਦਾ ਅਸਰ ਜਾਦੂ ਵਰਗਾ ਹੁੰਦਾ ਸੀ। ਫਿਰ ਭਾਈ ਗੁਰਦਾਸ ਜੀ ਨੂੰ ਗੁਰੂ ਸਾਹਿਬ ਜੀ ਤੋਂ ਇਹ ਭੀ ਮਾਨ ਪ੍ਰਾਪਤ ਹੋਇਆ ਕਿ ਤੁਹਾਡੀ ਉਚਾਰਨ ਕੀਤੀ ਬਾਣੀ 'ਗੁਰਬਾਣੀ ਦੀ ਕੁੰਜੀ' ਕਹਿਲਾਵੇਗੀ, ਕਿਉਂਕਿ ਤੁਹਾਡੀ ਬਾਣੀ ਵਿਚ ਵੱਡੇ-ਵੱਡੇ ਸਿਧਾਂਤਾਂ ਦੇ ਜਿੰਦਰੇ ਖੋਲ੍ਹਣ ਦੀ ਜੁਗਤਿ ਹੈ ਅਤੇ ਵੱਡੀਆਂ ਗੱਲਾਂ ਨੂੰ ਥੋੜ੍ਹੇ ਅੱਖਰਾਂ ਵਿਚ ਕਥਨ ਕਰ ਦਿੰਦੇ ਹੋ, ਜੈਸਾ ਕਿ:

ਗੁਰਬਾਣੀ ਕੀ ਕੁੰਜੀ ਬਾਣੀ ਜੋ ਭਾਈ ਗੁਰਦਾਸ ਵਖਾਣੀ।

(੨) ਗੁਰਸਿੱਖਾਂ ਦਾ ਅਸਲੀ ਰਹਿਤਨਾਮਾ ਕਿ ਗੁਰਸਿੱਖ ਕਿਹੋ ਜਿਹਾ ਹੁੰਦਾ ਹੈ, ਉਹ ਰਹਿਣੀ ਬਹਿਣੀ ਦਾ ਸਰੂਪ ਤੁਹਾਡੀ ਬਾਣੀ ਵਿਚ ਮੌਜੂਦ ਹੈ, ਇਸ ਲਈ ਇਹ ਸਿੱਖਾਂ ਦਾ ਰਹਿਤਨਾਮਾ ਭੀ ਹੈ।

(੩) ਉਸ ਸਿੱਖ ਨੂੰ ਸਿੱਖੀ ਪ੍ਰਾਪਤ ਹੋਵੇਗੀ, ਜੋ ਤੁਹਾਡੀ ਰਚਨਾ ਚੰਗੀ ਤਰ੍ਹਾਂ ਪੜ੍ਹ ਲਵੇਗਾ। ਜੈਸਾ ਕਿ:

ਜੋ ਬਾਣੀ ਗੁਰਦਾਸ ਕੀ ਗੁਰ ਮਹਿਮਾ ਭਾਰੀ।
ਸਿੱਖੀ ਪ੍ਰਾਪਤਿ ਪਠੇ ਤੇ ਇਮ ਲੇਹੁ ਬਿਚਾਰੀ॥੧੪॥ *(ਸ੍ਰੀ ਗੁ.ਪ੍ਰ.ਸੂ. ਗ੍ਰੰਥ, ਰਾਸਿ ੩, ਅੰਸੂ ੩੩)*

ਫਿਰ ਭਾਈ ਗੁਰਦਾਸ ਜੀ ਨੂੰ ਇਹ ਭੀ ਮਾਨ ਪ੍ਰਾਪਤ ਹੋਇਆ ਕਿ ਜਦੋਂ ਗੁਰੂ ਹਰਿਗੋਬਿੰਦ ਸਾਹਿਬ

ਜੀ ਨੂੰ ਪੜ੍ਹਾਉਣ ਵਾਸਤੇ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਸਾਹਿਬ ਜੀ ਦੇ ਕੋਲ ਭੇਜਿਆ ਤਾਂ ਬਾਬਾ ਬੁੱਢਾ ਸਾਹਿਬ ਜੀ ਨੇ ਗੁਰਮੁਖੀ ਵਿੱਦਿਆ ਪੜ੍ਹਾਉਣ ਦੀ ਸ਼ੁਰੂਆਤ ਕੀਤੀ। ਗੁਰੂ ਚਰਨਾਂ ਵਿਚ ਅਰਦਾਸ ਕਰ ਕੇ ਵਿੱਦਿਆ ਪੜ੍ਹਾਉਣੀ ਸ਼ੁਰੂ ਕੀਤੀ। ਪੱਟੀ ਦੇ ਉੱਤੇ ਪੂਰਨੇ ਬਾਬਾ ਬੁੱਢਾ ਸਾਹਿਬ ਜੀ ਨੇ ਪਾ ਕੇ ਦਿੱਤੇ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਕ ਦਿਨ ਵਿਚ ਹੀ ੩੫ ਅੱਖਰ ਪੜ੍ਹ ਲਏ ਸਨ। ਬਾਕੀ ਵਿੱਦਿਆ ਭਾਈ ਗੁਰਦਾਸ ਜੀ ਨੇ ਪੜ੍ਹਾਈ। ਭਾਵੇਂ ਗੁਰੂ ਸਾਹਿਬ ਜੀ ਤਾਂ ਆਦੋਂ ਪੜ੍ਹੇ ਹੋਏ ਹਨ, ਪਰ ਭਾਈ ਸਾਹਿਬ ਨੂੰ ਮਾਨ ਦਿਵਾਉਣਾ ਕੀਤਾ, ਇਉਂ ਭਾਈ ਗੁਰਦਾਸ ਜੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਪੜ੍ਹਾਉਣ ਦਾ ਮਾਨ ਭੀ ਪ੍ਰਾਪਤ ਹੋਇਆ ਅਤੇ ਸਭ ਤੋਂ ਵੱਡਾ ਮਾਨ ਭਾਈ ਗੁਰਦਾਸ ਜੀ ਨੂੰ ਉਸ ਵੇਲੇ ਪ੍ਰਾਪਤ ਹੋਇਆ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ ਕਰਵਾਈ। ਸੰਮਤ ੧੬੬੦ ਬਿਕ੍ਰਮੀ ਵਿਚ ਰਾਮਸਰ ਵਾਲੀ ਜਗ੍ਹਾ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਵਾਈ ਸ਼ੁਰੂ ਹੋਈ। ਲੱਖਾਂ ਸਿੱਖਾਂ ਵਿੱਚੋਂ ਇਕ ਲਿਖਾਰੀ ਦੀ ਚੋਣ ਕਰਨੀ ਸੀ ਤਾਂ ਉਹ ਭਾਈ ਗੁਰਦਾਸ ਜੀ ਹੋਏ। 'ੴ' ਤੋਂ 'ਅਠਾਰਹ ਦਸ ਬੀਸ' ਤਕ ਅੱਖਰ ਅੱਖਰ ਭਾਈ ਗੁਰਦਾਸ ਜੀ ਨੇ ਲਿਖਿਆ ਤੇ ਗੁਰੂ ਅਰਜਨ ਦੇਵ ਜੀ ਨੇ ਲਿਖਵਾਇਆ। ਸੋ ਇਸ ਮਹਾਨ ਕਾਰਜ ਦੇ ਮਹਾਨ ਲਿਖਾਰੀ ਭਾਈ ਗੁਰਦਾਸ ਜੀ ਹੋਏ। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦ ਹੋਣ ਲਈ ਲਾਹੌਰ ਨੂੰ ਤੁਰਨ ਲੱਗੇ, ਉਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ ਬਹੁਤ ਛੋਟੀ ਸੀ ਅਤੇ ਉਨ੍ਹਾਂ ਨੂੰ ਗੁਰਤਾ-ਗੱਦੀ ਦੀ ਵੱਡੀ ਜ਼ੁੰਮੇਵਾਰੀ ਸੌਂਪਣ ਤੋਂ ਪਹਿਲਾਂ ਬਾਬਾ ਬੁੱਢਾ ਸਾਹਿਬ ਤੇ ਭਾਈ ਗੁਰਦਾਸ ਜੀ ਨੂੰ ਜ਼ੁੰਮੇਵਾਰੀ ਸੌਂਪੀ ਕਿ ਤੁਸੀਂ ਸਾਹਿਬਜ਼ਾਦੇ ਦਾ ਖ਼ਿਆਲ ਰੱਖਣਾ ਅਤੇ ਗੁਰੂ ਘਰ ਦੀ ਚੱਲ ਰਹੀ ਰਹੁ-ਰੀਤ ਵਿਚ ਕੋਈ ਫ਼ਰਕ ਨਹੀਂ ਪੈਣ ਦੇਣਾ। ਜਿਵੇਂ ਪਾਤਸ਼ਾਹ ਕੋਲ ਰਾਜ-ਕਾਜ ਦਾ ਕੰਮ ਚਲਾਉਣ ਲਈ ਵਜ਼ੀਰ ਹੁੰਦੇ ਹਨ, ਇਸੇ ਤਰ੍ਹਾਂ ਗੁਰੂ ਘਰ, ਜੋ ਪਾਤਸ਼ਾਹਾਂ ਦਾ ਪਾਤਸ਼ਾਹ ਹੈ, ਇਹ ਦੋਵੇਂ ਗੁਰਸਿੱਖ ਬਾਬਾ ਬੁੱਢਾ ਸਾਹਿਬ ਤੇ ਭਾਈ ਗੁਰਦਾਸ ਜੀ ਵਜ਼ੀਰਾਂ ਦੀ ਨਿਆਈਂ ਗੁਰੂ ਘਰ ਦੀ ਸੇਵਾ ਨਿਭਾਉਂਦੇ ਰਹੇ। ਭਾਈ ਗੁਰਦਾਸ ਜੀ ਨੂੰ ਇਹ ਮਾਨ ਭੀ ਪ੍ਰਾਪਤ ਹੋਇਆ। ਫਿਰ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਜ਼ਾਲਮਾਂ ਨੇ ਸ਼ਹੀਦ ਕਰ ਦਿੱਤੇ ਤਾਂ ਗੁਰਤਾ-ਗੱਦੀ ਦੀ ਪੀੜ੍ਹੀ ਉੱਤੇ ਛੇਵੇਂ ਥਾਂ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰੂ ਰੂਪ ਵਿਚ ਇਸਥਿਤ ਹੋਏ। ਜਿਵੇਂ ਹੀ ਗੁਰਤਾ-ਗੱਦੀ ਦੀ ਪੀੜ੍ਹੀ ਬਦਲਦੀ ਰਹੀ, ਇਉਂ ਭਾਈ ਗੁਰਦਾਸ ਜੀ ਦੀ ਰਿਸ਼ਤੇਦਾਰੀ ਵੀ ਤਬਦੀਲ ਹੁੰਦੀ ਗਈ। ਭਾਣਜੇ ਦਾ ਪੁੱਤਰ ਪੋਤਰੇ ਦੀ ਨਿਆਈਂ ਹੁੰਦਾ ਹੈ। ਜਿਥੋਂ ਭਾਈ ਗੁਰਦਾਸ ਜੀ ਦੀ ਜ਼ਿੰਦਗੀ ਸ਼ੁਰੂ ਹੁੰਦੀ ਹੈ, ਪਿਤਾ ਦੀ ਨਿਆਈਂ ਤਾਇਆ ਗੁਰੂ, ਗੁਰੂ ਅਮਰਦਾਸ ਜੀ, ਭਰਾਵਾਂ ਦੀ ਨਿਆਈਂ ਬਰਾਬਰ ਦੀ ਰਿਸ਼ਤੇਦਾਰੀ ਭਣਵੱਈਆ ਗੁਰੂ, ਗੁਰੂ ਰਾਮਦਾਸ ਜੀ, ਪੁੱਤਰਾਂ ਦੀ ਨਿਆਈਂ ਭਾਣਜਾ ਗੁਰੂ, ਗੁਰੂ ਅਰਜਨ ਦੇਵ ਜੀ ਤੇ ਹੁਣ ਪੋਤਰਾ ਰੂਪ ਗੁਰੂ ਹਰਿਗੋਬਿੰਦ ਸਾਹਿਬ ਜੀ; ਇਨ੍ਹਾਂ ਚਾਰੇ ਰਿਸ਼ਤੇਦਾਰੀਆਂ ਵਿਚ ਗੁਰਤਾ-ਗੱਦੀ 'ਤੇ ਬਿਰਾਜਣ ਵਾਲੇ ਗੁਰੂ ਦੇ ਉੱਤੇ ਭਾਈ ਸਾਹਿਬ ਜੀ ਦਾ ਸਿਦਕ ਗੁਰੂ ਨਾਨਕ ਰੂਪ ਵਿਚ ਅਡੋਲ ਨਿਸਚਾ ਰਿਹਾ ਅਤੇ ਆਪਣੇ ਨਿਸਚੇ ਨੂੰ ਇਉਂ ਪ੍ਰਗਟ ਕੀਤਾ। ਜੈਸਾ ਕਿ :

ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
ਦਲਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।
ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਲਾਂ ਤਕਿ ਦਰਸੁ ਨਿਹਾਰੀ।
ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।
ਕਲਿਜੁਗਿ ਪੀੜੀ ਸੋਢੀਆਂ ਨਿਹਚਲ ਨੀਵ ਉਸਾਰਿ ਖਲਾਰੀ।
ਜੁਗਿ ਜੁਗਿ ਸਤਿਗੁਰੁ ਧਰੇ ਅਵਤਾਰੀ॥੪੮॥ *(ਵਾਰ ੧, ਪਉੜੀ ੪੮)*

ਸੋ ਇਉਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਤਕ, ਭਾਈ ਸਾਹਿਬ ਜੀ ਦੀ ਭਾਵਨਾ ਇਕ-ਰਸ ਚਲੀ ਆ ਰਹੀ ਹੈ। ਗੁਰੂ ਘਰ ਦੀ ਮਹਿਮਾ ਭਰਪੂਰ ਕਬਿੱਤ ਸਵੱਈਏ ਤੇ ਵਾਰਾਂ ਦੇ ਰੂਪ ਵਿਚ ਆਪ ਜੀ ਮਹਾਨ ਰਚਨਾ ਕਰਦੇ ਸਨ ਅਰ ਉਸ ਰਚਨਾ ਦੀ ਗੁਰਸਿੱਖਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਵਿਆਖਿਆ ਕਰ ਕੇ ਨਿਹਾਲ ਕਰਿਆ ਕਰਦੇ ਸਨ। ਇਕ ਦਿਨ ਆਪ ਜੀ ਨੇ ਸਿੱਖ ਦੇ ਸਿਦਕ 'ਤੇ ਪਉੜੀ ਉਚਾਰਨ ਕਰ ਕੇ ਵਿਆਖਿਆ ਸੁਣਾਈ। ਜੈਸਾ ਕਿ:

ਜੇ ਮਾਂ ਹੋਵੈ ਜਾਰਨੀ ਕਿਉ ਪੁਤੁ ਪਤਾਰੇ।
ਗਾਈ ਮਾਣਕੁ ਨਿਗਲਿਆ ਪੇਟੁ ਪਾੜਿ ਨ ਮਾਰੇ।
ਜੇ ਪਿਰੁ ਬਹੁ ਘਰੁ ਹੰਢਣਾ ਸਤੁ ਰਖੈ ਨਾਰੇ।
ਅਮਰੁ ਚਲਾਵੈ ਚੰਮ ਦੇ ਚਾਕਰ ਵੇਚਾਰੇ।
ਜੇ ਮਦੁ ਪੀਤਾ ਬਾਮਣੀ ਲੋਇ ਲੁਝਣਿ ਸਾਰੇ।
ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ॥੨੦॥ *(ਵਾਰ ੩੫, ਪਉੜੀ ੨੦)*

ਉਪਰੋਕਤ ਪਉੜੀ ਦੀ ਵਿਚਾਰ ਸੁਣ ਕੇ ਬਾਬਾ ਬੁੱਢਾ ਸਾਹਿਬ ਜੀ ਨੇ ਭਾਈ ਗੁਰਦਾਸ ਸਾਹਿਬ ਜੀ ਨੂੰ ਕਿਹਾ ਕਿ ਭਾਈ ਸਾਹਿਬ ਜੀ, ਆਪ ਇਤਨੇ ਵੱਡੇ ਵਿਦਵਾਨ ਹੋ, ਇਸ ਤੁਕ ਦਾ ਸਿਧਾਂਤ ਗੁਰਮਤਿ ਤੋਂ ਉਲਟ ਹੈ, ਕਿਉਂਕਿ ਜੇ ਗੁਰੂ ਸਾਂਗ ਵਰਤਦਾ ਹੈ ਤਾਂ ਸਿੱਖ ਦਾ ਸਿਦਕ ਸਾਬਤ ਨਹੀਂ ਰਹਿ ਸਕਦਾ, ਕਿਉਂਕਿ ਜਦੋਂ ਹਨੇਰੀ ਚੱਲਦੀ ਹੈ ਤਾਂ ਕੋਈ ਬ੍ਰਿਛ ਐਸਾ ਨਹੀਂ ਜਿਸ ਦੇ ਪੱਤੇ ਨਹੀਂ ਹਿੱਲਦੇ, ਬਲਕਿ ਕਈ ਕਮਜ਼ੋਰ ਜੜ੍ਹਾਂ ਵਾਲੇ ਬ੍ਰਿਛ ਤਾਂ ਜੜ੍ਹੋਂ ਹੀ ਪੁੱਟੇ ਜਾਂਦੇ ਹਨ। ਬਾਕੀ ਬ੍ਰਿਛਾਂ ਦੀਆਂ ਭਾਵੇਂ ਜੜ੍ਹਾਂ ਨਹੀਂ ਪੁੱਟੀਆਂ ਜਾਂਦੀਆਂ, ਪਰ ਪੱਤੇ ਸਾਰਿਆਂ ਦੇ ਹਿੱਲ ਜਾਂਦੇ ਹਨ। ਬਾਬਾ ਬੁੱਢਾ ਸਾਹਿਬ ਜੀ ਨੇ ਆਪਣੇ ਨਾਲ ਬੀਤੀ ਵਾਰਤਾ ਨੂੰ ਧਿਆਨ ਵਿਚ ਰੱਖ ਕੇ ਕਿਹਾ ਸੀ, ਕਿਉਂਕਿ ਗੁਰੂ ਨਾਨਕ ਸਾਹਿਬ ਦੇ ਸਾਂਗ ਅੱਗੇ ਬ੍ਰਿਛ ਦੇ ਪੱਤੇ ਹਿੱਲਣ ਵਾਂਗ ਬਾਬਾ ਬੁੱਢਾ ਸਾਹਿਬ ਦਾ ਵੀ ਮਨ ਹਿੱਲ ਗਿਆ ਸੀ ਤਾਂ ਭਾਈ ਗੁਰਦਾਸ ਜੀ ਨੇ ਉੱਤਰ ਦਿੱਤਾ ਕਿ ਬਾਬਾ ਬੁੱਢਾ ਸਾਹਿਬ ਜੀ, ਤੁਹਾਡੀ ਇਹ ਗੱਲ ਤਾਂ ਠੀਕ ਹੈ ਕਿ ਹਨੇਰੀ ਆਈ ਤੋਂ ਸਾਰੇ ਬ੍ਰਿਛਾਂ ਦੇ ਪੱਤੇ ਹਿੱਲ ਜਾਂਦੇ ਹਨ, ਪਰ ਪਹਾੜ ਤਾਂ ਕਦੇ ਨਹੀਂ ਹਿੱਲਿਆ। ਇਹ ਵਾਰਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੀ ਸੁਣ ਲਈ ਕਿ ਭਾਈ ਗੁਰਦਾਸ ਜੀ ਇਤਨੇ ਸਿਆਣੇ ਹੋ ਕੇ ਕਿਤਨੀ ਵੱਡੀ ਗ਼ਲਤੀ ਕਰ ਬੈਠੇ ਹਨ। ਫਿਰ ਗ਼ਲਤੀ ਸੁਧਾਰਨ ਲਈ ਬਾਬਾ ਬੁੱਢਾ ਸਾਹਿਬ ਨੇ ਗੁਰਮਤਿ ਦੀ ਗੱਲ ਕਹੀ, ਪਰ ਭਾਈ ਗੁਰਦਾਸ ਜੀ ਦੇ ਅੰਦਰ ਸੂਖਮ ਹੰਕਾਰ ਨੇ ਪੈਰ ਪਸਾਰੇ ਹੋਏ ਹਨ, ਜਿਸ ਕਰਕੇ ਬਾਬਾ ਬੁੱਢਾ ਸਾਹਿਬ ਜੀ ਦੀ ਗੱਲ ਨਹੀਂ ਮੰਨੀ, ਜਿਵੇਂ ਸੁਨਿਆਰਾ ਸੋਨੇ ਦੀ ਥੋੜ੍ਹੀ ਜਿਹੀ ਖੋਟ ਨੂੰ ਭੀ ਸਹਿਨ ਨਹੀਂ ਕਰਦਾ, ਉਸ ਨੂੰ ਕੁਠਾਲੀ ਵਿਚ ਪਾ ਕੇ ਸੁਹਾਗੇ ਨਾਲ ਢਾਲ ਕੇ ਮੈਲ ਕੱਢਦਾ ਹੈ। ਇਉਂ ਭਾਈ ਗੁਰਦਾਸ ਜੀ ਦੀ ਮੈਲ ਕੱਟਣ ਲਈ ਕੌਤਕ ਆਰੰਭਿਆ, ਉਹ ਇਤਿਹਾਸ ਵਿਚ ਬਹੁਤ ਵਿਸਥਾਰ ਨਾਲ ਹੈ। ਇਥੇ ਕੇਵਲ ਟੂਕ ਮਾਤਰ ਦਿੰਦੇ ਹਾਂ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਕ ਦਿਨ ਦੀਵਾਨ ਵਿਚ ਕਿਹਾ ਕਿ ਆਉਣ ਵਾਲੇ ਸਮੇਂ ਨੂੰ ਧਿਆਨ ਵਿਚ ਰੱਖ ਕੇ ਸੁੰਦਰ ਘੋੜੇ ਕਾਬਲ ਦੀ ਮੰਡੀ ਵਿੱਚੋਂ ਖ਼ਰੀਦੇ ਜਾਣ। ਘੋੜੇ ਖ਼ਰੀਦਣ ਲਈ ਧਨ ਦੀਆਂ ਥੈਲੀਆਂ ਭਾਈ ਗੁਰਦਾਸ ਜੀ ਦੇ ਸਪੁਰਦ ਕੀਤੀਆਂ, ਨਾਲ ਇਕ-ਦੋ ਸਿੱਖ ਭੇਜ ਦਿੱਤੇ ਤੇ ਨਾਲ ਹਦਾਇਤ ਕੀਤੀ ਕਿ ਘੋੜੇ ਖ਼ਰੀਦ ਕੇ ਪਹਿਲਾਂ ਅੰਮ੍ਰਿਤਸਰ ਭੇਜੇ ਜਾਣ। ਜਦੋਂ ਅਸੀਂ ਘੋੜੇ ਪਸੰਦ ਕਰ ਲਈਏ, ਫਿਰ ਪੈਸੇ ਉਤਾਰਨੇ, ਜੇ ਨਾ ਪਸੰਦ ਹੋਏ ਤਾਂ ਘੋੜੇ ਵਾਪਸ ਕਰ ਦੇਵਾਂਗੇ। ਸੋ ਐਸਾ ਹੀ ਹੋਇਆ। ਵਧੀਆ ਨਸਲ ਦੇ ਘੋੜੇ ਵਾਪਾਰੀਆਂ ਤੋਂ ਖ਼ਰੀਦੇ, ਗੁਰੂ ਸਾਹਿਬ ਦੇ ਪ੍ਰਤਾਪ ਦੇ ਜਾਣੂ ਵਾਪਾਰੀਆਂ ਨੇ ਭਾਈ ਗੁਰਦਾਸ ਜੀ 'ਤੇ ਵਿਸ਼ਵਾਸ ਕੀਤਾ ਤੇ ਬਿਨਾਂ ਪੈਸੇ ਲਏ ਗੁਰੂ ਸਾਹਿਬ ਦੀ ਪਸੰਦੀ ਲਈ ਘੋੜੇ ਅੰਮ੍ਰਿਤਸਰ ਭੇਜ ਦਿੱਤੇ।

ਵਪਾਰੀਆਂ ਨੇ ਭਾਈ ਗੁਰਦਾਸ ਜੀ ਨੂੰ ਕਿਹਾ, "ਸਾਨੂੰ ਆਪਣਿਆਂ ਘੋੜਿਆਂ 'ਤੇ ਵਿਸ਼ਵਾਸ ਹੈ। ਗੁਰੂ ਸਾਹਿਬ ਦੇ ਦੇਖਦਿਆਂ ਹੀ ਪਸੰਦ ਆ ਜਾਣਗੇ। ਤੁਸੀਂ ਆਪਣੇ ਪੈਸੇ ਤਿਆਰ ਰੱਖਣੇ। ਜਿੰਨੀ ਰਕਮ ਬਣਦੀ ਸੀ, ਭਾਈ ਸਾਹਿਬ ਨੇ ਉਹ ਗਿਣ ਕੇ ਤਿਆਰ ਰੱਖੀ ਤੇ ਘੋੜੇ ਗੁਰੂ ਸਾਹਿਬ ਨੇ ਪਸੰਦ ਕਰ ਲਏ ਅਤੇ ਭਾਈ ਸਾਹਿਬ ਦਾ ਸਿਦਕ ਪਰਖਣ ਤੇ ਹੰਕਾਰ ਕੱਢਣ ਲਈ ਸਾਂਗ ਵਰਤਾ ਦਿੱਤਾ। ਜਦੋਂ ਤੰਬੂ ਵਿਚ ਪੈਸਿਆਂ ਅਤੇ ਮੋਹਰਾਂ ਦੀ ਥਾਂ ਠੀਕਰੀਆਂ ਬਣੀਆਂ ਦੇਖੀਆਂ, ਭਾਈ ਸਾਹਿਬ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਕਿ ਵਾਪਾਰੀ ਲੋਕ ਕੀ ਕਹਿਣਗੇ ਕਿ ਸਿੱਖ ਹੋ ਕੇ ਏਡੀਆਂ-ਏਡੀਆਂ ਠੱਗੀਆਂ ਮਾਰ ਰਹੇ ਹਨ। ਪਰਦੇਸ ਦਾ ਮਾਮਲਾ ਹੈ ਤੇ ਫੜ ਕੇ ਕਾਨੂੰਨ ਅਨੁਸਾਰ ਜੇਲ੍ਹ ਵਿਚ ਸੁੱਟਣਗੇ। ਇਸ ਤੋਂ ਬਚਣ ਲਈ ਇਕ ਹੀ ਉਪਾਅ ਸੁੱਝਿਆ ਕਿ ਤੰਬੂ ਪਾੜ ਕੇ ਭਾਈ ਸਾਹਿਬ ਜੀ ਪਿੱਛੋਂ ਦੀ ਨਿਕਲ ਗਏ ਤੇ ਨਾ ਅੰਮ੍ਰਿਤਸਰ ਆਉਣ ਜੋਗੇ ਰਹੇ ਤੇ ਨਾ ਹੀ ਕਾਬਲ ਵਿਚ ਰਹਿਣ ਜੋਗੇ ਰਹੇ। ਮੰਜ਼ਿਲ-ਦਰ-ਮੰਜ਼ਿਲ ਤੈਅ ਕਰਦੇ ਹੋਏ ਕਾਂਸ਼ੀ ਵਿਚ ਜਾ ਵੜੇ ਤਾਂ ਕਾਂਸ਼ੀ ਵਿਚ ਗੁਰੂ ਨਾਨਕ ਸਾਹਿਬ ਦਾ ਸਿੱਖੀ ਦਾ ਬੀਜਿਆ ਬੀਜ ਪੁੰਗਰਿਆ ਹੋਇਆ ਸੀ। ਉਸ ਨੂੰ ਉਪਦੇਸ਼ ਦਾ ਪਾਣੀ ਦੇਣ ਲੱਗੇ ਤੇ ਹੌਲੀ ਹੌਲੀ ਕਥਾ ਦਾ ਪ੍ਰਭਾਵ ਇਥੋਂ ਤਕ ਵੱਧ ਗਿਆ ਕਿ ਰਾਜ ਦਰਬਾਰ ਵਿਚ ਰਾਜੇ ਨੇ ਕਥਾ ਕਰਨ ਲਈ ਨਿਯੁਕਤ ਕਰ ਦਿੱਤਾ। ਰਾਜਾ ਖ਼ੁਦ ਇਨ੍ਹਾਂ ਦਾ ਸ਼ਰਧਾਲੂ ਬਣ ਗਿਆ, ਜਿਸ ਨੂੰ ਦੇਖ ਕੇ ਕਾਂਸ਼ੀ ਦੇ ਵਿਦਵਾਨ ਈਰਖਾ ਕਰਨ ਲੱਗੇ ਅਤੇ ਬੜੇ ਬੜੇ ਦਿੱਗਜ ਬਿਜਯ ਕਰਨ ਵਾਲੇ ਭਾਈ ਗੁਰਦਾਸ ਜੀ ਨਾਲ ਚਰਚਾ ਕਰਨ ਆਏ ਕਿ ਰਾਜੇ 'ਤੇ ਸਾਡਾ ਪ੍ਰਭਾਵ ਬਣੇ, ਪਰ ਉਹ ਚਰਚਾ ਵਿਚ ਭਾਈ ਸਾਹਿਬ ਤੋਂ ਹਾਰ ਗਏ, ਜਿਸ ਕਰਕੇ ਭਾਈ ਸਾਹਿਬ ਦੀ ਸਾਰੀ ਕਾਂਸ਼ੀ ਵਿਚ ਸੋਭਾ ਦੂਣ-ਸਵਾਈ ਹੋ ਗਈ ਤੇ ਰਾਜੇ ਨੇ ਭਾਈ ਸਾਹਿਬ ਨੂੰ ਰਾਜ-ਗੁਰੂ ਦੀ ਪਦਵੀ ਦੇਣ ਦੀ ਗੱਲ ਕਹੀ, ਪਰ ਭਾਈ ਸਾਹਿਬ ਨੇ ਕਿਹਾ ਕਿ ਮੈਂ ਸਿੱਖ ਹਾਂ, ਗੁਰੂ ਨਹੀਂ ਕਹਾ ਸਕਦਾ। ਫਿਰ ਵੀ ਰਾਜੇ ਨੇ ਭਾਈ ਸਾਹਿਬ ਦਾ ਰਾਜ-ਗੁਰੂ ਵਾਲਾ ਸਤਿਕਾਰ ਰੱਖਿਆ। ਉਧਰ ਦੂਸਰੇ ਪਾਸੇ ਕਾਬਲ ਦੀ ਵਾਰਤਾ ਇਉਂ ਹੋਈ ਕਿ ਜਦੋਂ ਭਾਈ ਸਾਹਿਬ ਜੀ ਤੰਬੂ ਦੇ ਵਿੱਚੋਂ ਬਾਹਰ ਨਿਕਲੇ ਹੀ ਸਨ ਤਾਂ ਭਾਈ ਸਾਹਿਬ ਦੇ ਨਾਲ ਜੋ ਸਿੱਖ ਆਏ ਸਨ, ਉਨ੍ਹਾਂ ਨੂੰ ਵਾਪਾਰੀ ਕਹਿਣ ਲੱਗੇ ਕਿ ਕੀ ਗੱਲ ਭਾਈ ਗੁਰਦਾਸ ਜੀ ਪੈਸੇ ਲੈ ਕੇ ਕਿਉਂ ਨਹੀਂ ਆ ਰਹੇ। ਪਹਿਲਾਂ ਤਾਂ ਇਹ ਕਹਿ ਕੇ ਟਿਕਾਉਂਦੇ ਰਹੇ ਕਿ ਆ ਜਾਣਗੇ, ਪੈਸੇ ਗਿਣਦੇ ਹੋਣਗੇ। ਜਦੋਂ ਬਹੁਤ ਦੇਰ ਹੋ ਗਈ ਤਾਂ ਭਾਈ ਪਿਰਾਣਾ ਜੀ ਅੰਦਰ ਗਏ ਤਾਂ ਹੈਰਾਨ ਹੋ ਗਏ ਕਿ ਮੋਹਰਾਂ ਖਿੰਡੀਆਂ ਹੋਈਆਂ ਹਨ, ਤੰਬੂ ਪਾਟਾ ਹੋਇਆ ਹੈ, ਭਾਈ ਸਾਹਿਬ ਜੀ ਨਜ਼ਰ ਨਹੀਂ ਆਉਂਦੇ। ਨਾਲ ਦੇ ਸਾਥੀਆਂ ਦੀ ਸਹਾਇਤਾ ਨਾਲ ਭਾਈ ਪਿਰਾਣਾ ਜੀ ਨੇ ਮੋਹਰਾਂ ਸਾਂਭੀਆਂ ਤੇ ਘੋੜਿਆਂ ਦੀ ਰਕਮ ਉਤਾਰੀ ਤੇ ਭਾਈ ਗੁਰਦਾਸ ਜੀ ਦਾ ਇੰਤਜ਼ਾਰ ਕਰਦੇ ਰਹੇ। ਜਦੋਂ ਦੋ ਤਿੰਨ ਦਿਨ ਭਾਈ ਸਾਹਿਬ ਜੀ ਨਾ ਆਏ ਤਾਂ ਉਨ੍ਹਾਂ ਨੇ ਉਥੋਂ ਚੱਲਣਾ ਕੀਤਾ ਤੇ ਅੰਮ੍ਰਿਤਸਰ ਸਾਹਿਬ ਗੁਰੂ ਦੇ ਚਰਨਾਂ ਵਿਚ ਪਹੁੰਚ ਕੇ ਸਾਰੀ ਵਾਰਤਾ ਸੁਣਾਉਣੀ ਕੀਤੀ। ਇਹ ਗੁਪਤ ਭੇਦ ਗੁਰੂ ਜੀ ਨੇ ਪ੍ਰਗਟ ਨਹੀਂ ਕੀਤਾ। ਭਾਈ ਸਾਹਿਬ ਜੀ ਗੁਰੂ ਦੇ ਵਿਛੋੜੇ ਵਿਚ ਦਿਨ-ਰਾਤ ਤੜਫਣ ਲੱਗੇ। ਉਸ ਵਿਛੋੜੇ ਦੇ ਬੋਲ ਉਨ੍ਹਾਂ ਦੀ ਰਚਨਾ ਵਿੱਚੋਂ ਮਿਲ ਜਾਂਦੇ ਹਨ। ਰਾਤ ਨੂੰ ਬੁੱਕਲ ਵਿਚ ਮੂੰਹ ਦੇ ਦੇ ਕੇ ਰੋਇਆ ਕਰਨ ਕਿ ਗੁਰੂ ਜੀ ਮੈਨੂੰ ਬਖ਼ਸ਼ ਦਿਉ। ਜੈਸਾ ਕਿ :

ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥
ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥੨੨੩॥ *(ਸਲੋਕ ਕਬੀਰ ਜੀ, ਅੰਗ ੧੩੭੬)*

ਸੋ ਇਹ ਪੁਕਾਰ ਗੁਰੂ-ਦਰ ਅੱਪੜਦੀ ਰਹੀ, ਪਰ ਜਾਣ-ਬੁੱਝ ਕੇ ਗੁਰੂ ਜੀ ਨੇ ਕੋਈ ਸੁਨੇਹਾ ਨਹੀਂ ਭੇਜਿਆ, ਪਰ ਇਕ ਦਿਨ ਸੁਪਨੇ ਵਿਚ ਦਰਸ਼ਨ ਦਿੱਤੇ। ਉਸ ਸਾਰੀ ਵਾਰਤਾ ਦਾ ਭਾਈ ਸਾਹਿਬ ਨੇ ਆਪਣੀ ਰਚਨਾ ਵਿਚ ਵਰਣਨ ਕੀਤਾ ਹੈ। ਜੈਸਾ ਕਿ :

ਸੁਪਨ ਚਰਿਤ੍ਰ ਚਿਤ੍ਰ ਬਾਨਕ ਬਨੇ ਬਚਿਤ੍ਰ, ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈ।
ਪਰਮ ਦਇਆਲ ਲਾਲ ਲੋਚਨ ਬਿਸਾਲ, ਮੁਖ ਬਚਨ ਰਸਾਲ ਮਧੁ ਮਧੁਰ ਪੀਆਏ ਹੈ।
ਸੋਭਿਤ ਸਿਹਜਾਸਨ ਬਿਲਾਸਨ ਦੈ ਅੰਕਮਾਲ, ਪ੍ਰੇਮ ਰਸ ਬਿਸਮ ਹੁਇ ਸਹਜ ਸਮਾਏ ਹੈ।
ਚਾਤ੍ਰਿਕ ਸਬਦ ਸੁਨਿ ਅਖੀਆ ਉਘਰਿ ਗਈ, ਭਈ ਜਲ-ਮੀਨ ਗਤਿ ਬਿਰਹ ਜਗਾਏ ਹੈ॥੨੦੫॥

(ਭਾਈ ਗੁਰਦਾਸ ਜੀ, ਕਬਿੱਤ ੨੦੫)

ਸੁਪਨੇ ਤੋਂ ਉੱਠ ਕੇ ਭਾਈ ਸਾਹਿਬ ਜੀ ਨੇ ਇਹ ਭਾਵ ਪ੍ਰਗਟ ਕੀਤੇ। ਫਿਰ ਪ੍ਰੇਮ ਦੇ ਵੱਸ ਹੋਏ ਸਤਿਗੁਰੂ ਜੀ ਨੇ ਮੇਵੜਾ ਭੇਜਿਆ। ਉਸ ਦੇ ਹੱਥ ਹੁਕਮਨਾਮਾ ਕਾਂਸ਼ੀ ਦੇ ਰਾਜੇ ਪ੍ਰਤੀ ਦਿੱਤਾ ਕਿ ਤੇਰੀ ਨਗਰੀ ਵਿਚ ਗੁਰਦਾਸ ਨਾਮ ਦਾ ਸਾਡਾ ਚੋਰ ਆਇਆ ਹੈ, ਉਸ ਦੀਆਂ ਮੁਸ਼ਕਾਂ ਬੰਨ੍ਹ ਕੇ ਸਿੱਖ ਦੇ ਹਵਾਲੇ ਕਰੋ। ਇਹ ਮੇਵੜਾ ਕਾਂਸ਼ੀ ਦੇ ਰਾਜੇ ਨੂੰ ਮਿਲਿਆ ਤੇ ਹੁਕਮਨਾਮਾ ਦਿੱਤਾ। ਰਾਜਾ, ਜੋ ਗੁਰੂ ਘਰ ਦਾ ਸ਼ਰਧਾਲੂ ਬਣ ਚੁੱਕਾ ਸੀ, ਭਾਈ ਗੁਰਦਾਸ ਜੀ 'ਤੇ ਉਸ ਨੂੰ ਕੋਈ ਸ਼ੱਕ ਹੀ ਨਹੀਂ ਹੋਇਆ। ਸਾਰੇ ਸ਼ਹਿਰ ਵਿਚ ਡੌਂਡੀ ਪਿਟਵਾਈ ਕਿ ਜਾਂ ਤਾਂ ਚੋਰ ਆਪਣੇ ਆਪ ਹਾਜ਼ਰ ਹੋ ਜਾਵੇ, ਨਹੀਂ ਤਾਂ ਪਕੜੇ ਜਾਣ ਤੋਂ ਬਾਅਦ ਕਰੜੀ ਸਜ਼ਾ ਮਿਲੇਗੀ। ਇਹ ਡੌਂਡੀ ਵਾਲੇ ਦੀ ਆਵਾਜ਼ ਭਾਈ ਗੁਰਦਾਸ ਜੀ ਦੇ ਕੰਨੀਂ ਪਈ, ਹਿਰਦਾ ਖ਼ੁਸ਼ੀ ਵਿਚ ਭਰ ਗਿਆ ਤੇ ਕਾਂਸ਼ੀ ਦੇ ਰਾਜੇ ਕੋਲ ਜਾ ਪੇਸ਼ ਹੋਇਆ। ਰਾਜੇ ਨੇ ਗੁਰੂ ਜੀ ਦਾ ਹੁਕਮਨਾਮਾ ਦਿਖਾਇਆ ਅਤੇ ਚੋਰ ਬਾਬਤ ਗੱਲ ਸਾਂਝੀ ਕੀਤੀ। ਹੁਣ ਭਾਈ ਸਾਹਿਬ ਦੇ ਹਿਰਦੇ ਵਿੱਚੋਂ ਹੰਗਤਾ ਦੀ ਮੈਲ ਨਿਕਲ ਚੁੱਕੀ ਸੀ। ਇਹ ਪਸਚਾਤਾਪ ਦੇ ਪਾਣੀ, ਬੇਨਤੀਆਂ ਦੇ ਸਾਬਣ ਨਾਲ ਸ਼ੁੱਧ ਅੰਤਸ਼ਕਰਨ ਦੇ ਬੋਲ ਰਸਨਾ ਦੁਆਰਾ ਬਾਹਰ ਆਏ। ਕਹਿੰਦੇ ਹੇ ਰਾਜਨ! ਉਹ ਗੁਰੂ ਘਰ ਦਾ ਚੋਰ ਮੈਂ ਹੀ ਹਾਂ, ਰਾਜਾ ਹੈਰਾਨ ਹੋ ਕੇ ਕਹਿੰਦਾ ਕਿ ਤੁਸੀਂ ਤਾਂ ਗੁਰੂ ਘਰ ਦੀ ਮਹਿਮਾ ਘਰ-ਘਰ ਪਹੁੰਚਾ ਦਿੱਤੀ ਹੈ। ਚੋਰ ਕੋਈ ਹੋਰ ਹੈ, ਜਿਸ ਨੂੰ ਤੁਸੀਂ ਲੁਕਾ ਰਹੇ ਹੋ ਤਾਂ ਭਾਈ ਸਾਹਿਬ ਨੇ ਸਾਰੀ ਵਾਰਤਾ ਕਹਿ ਸੁਣਾਈ ਔਰ ਨਾਲ ਹੀ ਕਿਹਾ ਕਿ ਹੁਣ ਦੇਰੀ ਕਰਨੀ ਨਾ ਤੁਹਾਡੇ ਵਾਸਤੇ ਤੇ ਨਾ ਮੇਰੇ ਵਾਸਤੇ ਠੀਕ ਹੈ। ਜਲਦੀ ਤੁਰਨ ਦੀ ਤਿਆਰੀ ਕੀਤੀ। ਰਾਜੇ ਸਮੇਤ ਕਾਂਸ਼ੀ ਦੇ ੭੦੦ ਸ਼ਰਧਾਲੂ ਸਿੱਖੀ ਧਾਰਨ ਲਈ ਗੁਰੂ ਚਰਨਾਂ ਵਿਚ ਜਾਣ ਲਈ ਤਿਆਰ ਹੋ ਗਏ। ਭਾਈ ਸਾਹਿਬ ਜੀ ਨੇ ਕਹਿ ਕੇ ਆਪਣੇ ਹੱਥ ਪਿੱਛੇ ਨੂੰ ਬੰਨ੍ਹਵਾ ਲਏ। ਹੁਣ ਲੰਮਾ ਪੈਂਡਾ ੯੧੭ ਮੀਲ ਤੇ ਹੁਣ ਦੇ ਹਿਸਾਬ ਨਾਲ ੧੩੧੫ ਕਿਲੋਮੀਟਰ ਬਣ ਜਾਂਦੇ ਹਨ, ਇਤਨੇ ਲੰਮੇ ਸਫ਼ਰ ਵਿਚ ਹੁਕਮਨਾਮੇ ਵਾਲੇ ਸਿੱਖ ਤੇ ਕਾਂਸ਼ੀ ਦੇ ਰਾਜੇ ਤੇ ਸੰਗਤ ਸਮੇਤ ਫ਼ੈਸਲਾ ਕੀਤਾ ਕਿ ਭਾਈ ਸਾਹਿਬ ਦੀਆਂ ਮੁਸ਼ਕਾਂ ਖੋਲ੍ਹ ਦਿੱਤੀਆਂ ਜਾਣ ਤਾਂ ਕਿ ਤੁਰਨ ਵਿਚ ਮੁਸ਼ਕਲ ਨਾ ਆਵੇ। ਭਾਵੇਂ ਭਾਈ ਸਾਹਿਬ ਇਸ ਗੱਲ ਨਾਲ ਸਹਿਮਤ ਨਹੀਂ ਸਨ ਕਿ ਮੁਸ਼ਕਾਂ ਖੋਲ੍ਹ ਦਿੱਤੀਆਂ ਜਾਣ, ਪਰ ਸੰਗਤ ਨੂੰ ਗੁਰੂ ਦਾ ਸਰੂਪ ਜਾਣ ਕੇ ਫ਼ੈਸਲਾ ਸਿਰ-ਮੱਥੇ ਮੰਨਿਆ, ਸਫ਼ਰ ਤੈਅ ਕਰਦਿਆਂ ਅੰਮ੍ਰਿਤਸਰ ਦੀ ਹੱਦ 'ਤੇ ਪਹੁੰਚ ਕੇ ਮੁਸ਼ਕਾਂ ਬੰਨ੍ਹਾਂ ਲਈਆਂ। ਮੇਵੜੇ ਨੇ ਗੁਰੂ ਸਾਹਿਬ ਨੂੰ ਸੁਨੇਹਾ ਘੱਲ ਦਿੱਤਾ ਤੇ ਉਸ ਸਮੇਂ ਗੁਰੂ ਸਾਹਿਬ ਜੀ ਅਕਾਲ ਤਖ਼ਤ 'ਤੇ ਬਿਰਾਜੇ ਹੋਏ ਸਨ ਤਾਂ ਭਾਈ ਸਾਹਿਬ ਗੁਰੂ ਦੇ ਅੱਗੇ ਪੇਸ਼ ਹੋਏ। ਸਾਰੀ ਸੰਗਤ ਬੜੀ ਹੈਰਾਨੀ ਨਾਲ ਦੇਖ ਰਹੀ ਸੀ। ਗੁਰੂ ਸਾਹਿਬ ਨੇ ਹੁਕਮ ਦਿੱਤਾ ਕਿ ਮੁਸ਼ਕਾਂ ਖੋਲ੍ਹ ਦਿੱਤੀਆਂ ਜਾਣ ਤੇ ਗੁਰੂ ਜੀ ਨੇ ਇੱਕੋ ਬਚਨ ਤਿੰਨ ਵਾਰ ਉਚਾਰਨ ਕੀਤਾ ਕਿ ਭਾਈ ਸਾਹਿਬ ਜੀ **"ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ ?"** ਇਹ ਪੰਕਤੀਆਂ ਭਾਈ ਸਾਹਿਬ ਤੁਸੀਂ ਹੀ ਉਚਾਰਨ ਕੀਤੀਆਂ ਹਨ ਤੇ ਭਾਈ ਸਾਹਿਬ ਦੇ ਹੱਥ ਜੋੜੇ ਹੋਏ ਸਨ ਤੇ ਸਿਰ ਨੀਵਾਂ ਕੀਤਾ ਹੋਇਆ ਸੀ, ਕੁਝ ਵੀ ਨਾ ਬੋਲੇ ਤੇ ਸਤਿਗੁਰੂ ਜੀ ਨੇ ਫਿਰ ਕਿਹਾ **"ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ ?"** ਤਾਂ ਭਾਈ ਸਾਹਿਬ ਜੀ ਫਿਰ ਚੁੱਪ ਰਹੇ ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਜਦੋਂ ਗੁਰੂ ਨੇ ਸਾਂਗ ਵਰਤਾਇਆ ਤਾਂ ਸਿੱਖ ਕਾਬਲ ਤੋਂ ਕਾਂਸ਼ੀ ਕਿਉਂ ਜਾ ਵੜਿਆ ? ਸਿਦਕ ਕਿਉਂ ਨਾ ਰੱਖਿਆ ? ਕੀ ਇਹ ਸਿਦਕ ਦਾ ਪਾਠ ਹੋਰਾਂ ਨੂੰ ਪੜ੍ਹਾਉਣ ਵਾਸਤੇ ਹੀ

ਸੀ ? ਅੱਜ ਛੇਵੇਂ ਪਾਤਸ਼ਾਹ ਦੇ ਦਰਬਾਰ ਵਿਚ ਅਜੀਬ ਕਿਸਮ ਦਾ ਵਾਤਾਵਰਣ ਸੀ, ਕਿਸੇ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ। ਗੁਰੂ ਸਾਹਿਬ ਨੇ ਕਿਹਾ—ਭਾਈ ਸਾਹਿਬ ਉੱਤਰ ਦਿਉ, ਮੈਂ ਤੀਸਰੀ ਵਾਰ ਪੁੱਛਦਾ ਹਾਂ ਕਿ **"ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ ?"** ਸਭਾ ਵਿਚ ਬੈਠੇ ਬਾਬਾ ਬੁੱਢਾ ਸਾਹਿਬ ਜੀ, ਭਾਈ ਪਿਰਾਣਾ, ਭਾਈ ਬਿਧੀ ਚੰਦ ਜੀ ਬੇਨਤੀ ਕਰਨ ਲੱਗੇ ਕਿ ਮਹਾਰਾਜ ਬਖ਼ਸ਼ ਦਿਉ ਅਸੀਂ ਸਿੱਖ ਭੁੱਲਣਹਾਰ ਹਾਂ। ਬਾਬਾ ਬੁੱਢਾ ਸਾਹਿਬ ਸੋਚ ਰਹੇ ਸਨ ਕਿ ਜੇ ਭਾਈ ਸਾਹਿਬ ਮੇਰੀ ਉਦੋਂ ਗੱਲ ਮੰਨ ਲੈਂਦੇ ਤਾਂ ਗੁਰੂ ਜੀ ਦੇ ਸਾਂਗ ਦਾ ਇਤਨਾ ਕਸ਼ਟ ਭਾਈ ਸਾਹਿਬ ਨਾ ਸਹਾਰਦੇ। ਹੁਣ ਭਾਈ ਸਾਹਿਬ ਦੀਆਂ ਅੱਖਾਂ ਵਿੱਚੋਂ ਤ੍ਰਿਪ-ਤ੍ਰਿਪ ਹੰਝੂ ਵਗ ਰਹੇ ਸਨ, ਨੇਤਰ ਉੱਪਰ ਚੁੱਕੇ, ਨੇਤਰਾਂ ਰੂਪ ਅੰਜੁਲੀ ਦੇ ਵਿੱਚੋਂ ਹੰਝੂਆਂ ਦੇ ਫੁੱਲ ਭੇਟ ਕਰ ਕੇ ਖਿਮਾ ਦੀ ਜਾਚਨਾ ਕੀਤੀ ਕਿ ਹੇ ਮਹਾਰਾਜ! ਬਖ਼ਸ਼ ਲਉ, ਬਖ਼ਸ਼ ਲਉ, ਬਖ਼ਸ਼ ਲਉ। ਇਹ ਮੇਰੀ ਭੁੱਲ ਸੀ। ਤੇ ਉੱਥੇ ਖੜਿਆਂ ਹੀ ਆਪਣੀ ਰਚਨਾ ਵਿਚ ਇਕ ਹੋਰ ਪਉੜੀ ਉਚਾਰਨ ਕੀਤੀ, ਜਿਸ ਨਾਲ ਭੁੱਲ ਦੀ ਦਰੁਸਤੀ ਹੋਈ ਅਤੇ ਕਿਹਾ, ਸਤਿਗੁਰੂ ਜੀ :

ਜੇ ਮਾਉ ਪੁਤੈ ਵਿਸੁ ਦੇ ਤਿਸਤੇ ਕਉਣ ਪਿਆਰਾ।
ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ।
ਬੇੜੀ ਡੋਬੈ ਪਾਤਣੀ ਕਿਉ ਪਾਰਿ ਉਤਾਰਾ।
ਆਗੂ ਲੈ ਉਝੜਿ ਪਵੈ ਕਿਸੁ ਕਰੈ ਪੁਕਾਰਾ।
ਜੇਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ।
ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ॥੨੨॥ *(ਵਾਰ ੩੫, ਪਉੜੀ ੨੨)*

ਗੁਰੂ ਸਾਹਿਬ ਜੀ ਨੇ ਇਹ ਸੁਣ ਕੇ ਬਹੁਤ ਪ੍ਰਸੰਨ ਹੋ ਕੇ ਕਿਹਾ ਕਿ ਇਕ ਗਿਆ ਸੀ ਕਾਂਸ਼ੀ ਤੋਂ ਸੱਤ ਸੌ ਲੈ ਕੇ ਆਇਆ ਹੈ। ਭਾਈ ਸਾਹਿਬ ਨੇ ਕਿਹਾ ਕਿ ਮੈਂ ਆਪਣੀ ਪਹਿਲੀ ਪਉੜੀ ਰਚਨਾ ਵਿੱਚੋਂ ਕੱਢ ਦਿੰਦਾ ਹਾਂ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਐਸਾ ਨਹੀਂ ਕਰਨਾ, ਇਹ ਦੋਵੇਂ ਪਉੜੀਆਂ ਤੋਂ ਆਉਣ ਵਾਲੇ ਸਮੇਂ ਵਿਚ ਸਿੱਖ ਸਿੱਖਿਆ ਪ੍ਰਾਪਤ ਕਰਨਗੇ ਅਤੇ ਨਿਮਰਤਾ ਵਿਚ ਜੀਊਣ ਦੀ ਜਾਚ ਸਿੱਖਦੇ ਰਹਿਣਗੇ। ਭਾਈ ਸਾਹਿਬ ਜੀ ਦੀ ਵਿਦਵਤਾ ਦੇ ਨਾਲ ਨਾਲ ਉਨ੍ਹਾਂ ਦੀ ਨਿਮਰਤਾ ਅਤਿ ਦਰਜੇ ਦੇ ਸਿੱਖੀ ਸਰੂਪ ਨੂੰ ਮੂਰਤੀਵਾਨ ਕਰਦੀ ਹੈ ਅਤੇ ਗੁਰੂ-ਕਾਲ ਦੇ ਵਿੱਚ ਜੋ ਵੱਡੀਆਂ ਜ਼ੁੰਮੇਵਾਰੀਆਂ ਨਿਭਾਈਆਂ ਤੇ ਚਾਰ ਗੁਰੂਆਂ ਦੀ ਸੰਗਤ ਭਾਈ ਸਾਹਿਬ ਨੂੰ ਪ੍ਰਾਪਤ ਹੋਈ। ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਚਾਰਕ ਬਣ ਕੇ ਦੇਸਾਂ-ਪ੍ਰਦੇਸਾਂ ਵਿਚ ਗੁਰਮਤਿ ਪ੍ਰਚਾਰ ਲਹਿਰ ਨੂੰ ਪ੍ਰਚੰਡ ਕੀਤਾ ਅਤੇ ਸੰਗਤ ਨੂੰ ਦਰਿਆ ਪਾਰ ਕਰਨ ਵਾਲੀਆਂ ਘਟਨਾਵਾਂ ਆਪ ਜੀ ਦੀ ਨਾਮ ਕਮਾਈ ਦੀ ਮਹਾਨਤਾ ਨੂੰ ਦਰਸਾਉਂਦੀਆਂ ਹਨ। ਬੱਚਿਆਂ ਦੇ ਪੈਰੀਂ ਪੈਣਾ, ਅਕਾਲ ਤਖ਼ਤ 'ਤੇ ਮੁਸ਼ਕਾਂ ਬੰਨ੍ਹਾਂ ਕੇ ਪੇਸ਼ ਹੋਣਾ, ਇਹ ਉਨ੍ਹਾਂ ਦੀ ਨਿਮਰਤਾ ਦੀ ਮਹਾਨਤਾ ਨੂੰ ਪ੍ਰਗਟਾਉਂਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਜੋ ਸੇਵਾ ਨਿਭਾਈ, ਇਹ ਉਨ੍ਹਾਂ ਦੇ ਲਿਖਾਰੀ ਹੋਣ ਦੀ ਮਹਾਨਤਾ ਨੂੰ ਪ੍ਰਗਟਾਉਂਦੀ ਹੈ ਅਤੇ ਬਹੁਤ ਸਾਰੇ ਸਿੱਖਾਂ ਨੂੰ ਗੁਰਮਤਿ ਦੀ ਵਿੱਦਿਆ ਪੜ੍ਹਾਉਣ ਕਰਕੇ ਉਨ੍ਹਾਂ ਦੀ ਇਕ ਚੰਗਾ ਅਧਿਆਪਕ ਹੋਣ ਦੀ ਮਹਾਨਤਾ ਨੂੰ ਪ੍ਰਗਟਾਉਂਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਵੇਲੇ ਦੋ ਹੀ ਸਿੱਖ ਚੂਨਾ ਅਤੇ ਇੱਟਾਂ ਲਿਆਉਣ ਲਈ ਚੁਣੇ ਸਨ, ਕਿਸੇ ਰਾਜ-ਮਿਸਤਰੀ ਨੂੰ ਹੱਥ ਨਹੀਂ ਸੀ ਲਾਉਣ ਦਿੱਤਾ ਤੇ ਨਾ ਹੀ ਕਿਸੇ ਹੋਰ ਵਿਅਕਤੀ ਨੂੰ ਲਾਉਣ ਦਿੱਤਾ ਸੀ। ਜੈਸਾ ਕਿ :

ਕਿਸੇ ਰਾਜ ਨਹਿ ਹਾਥ ਲਗਾਯੋ, ਬੁੱਢੇ ਔਰ ਗੁਰਦਾਸ ਬਨਾਯੋ।

ਸੋ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਤਿਹਾਸ ਦੋ ਸਿੱਖਾਂ ਨੂੰ ਮਹਾਨ ਸਿੱਖ ਹੋਣ ਦੀ ਸਾਖ ਭਰਦਾ

ਹੈ। ਗੁਰੂ ਘਰ ਦੇ ਲੰਗਰ ਮਸਤਾਨੇ ਹੋਣ 'ਤੇ ਸੰਗਤਾਂ ਨੂੰ ਪ੍ਰੇਰ ਕੇ ਗੁਰੂ ਰਾਮਦਾਸ ਜੀ ਦੇ ਲੰਗਰ ਦੀ ਚੜ੍ਹਦੀ ਕਲਾ ਕਰਾਉਣ ਵਿਚ ਭਾਈ ਗੁਰਦਾਸ ਜੀ ਦੀ ਮਹਾਨ ਸੇਵਕ ਹੋਣ ਦੀ ਮਹਾਨਤਾ ਪ੍ਰਗਟਾਉਂਦਾ ਹੈ। ਆਪ ਜੀ ਦੀਆਂ ੪੦ ਵਾਰਾਂ ਦੀ ਰਚਨਾ ਅਤੇ ੬੭੫ ਕਬਿੱਤ ਸਵੱਈਆਂ ਦੀ ਰਚਨਾ ਆਪ ਜੀ ਦੀ ਮਹਾਨਤਾ ਦੁਆਪਰ ਦੇ ਮਹਾਨ ਲੇਖਕ, ਯੁੱਗ-ਪੁਰਸ਼ ਵੇਦ-ਵਿਆਸ ਜੀ ਤੋਂ ਬਾਅਦ ਕਲਜੁਗ ਦੇ ਸਮੇਂ ਵਿਚ ਗੁਰੂ ਸਾਹਿਬਾਨ ਨੇ ਆਪ ਜੀ ਨੂੰ ਗੁਰੂ-ਘਰ ਦਾ ਵੇਦ-ਵਿਆਸ ਦਾ ਰੁਤਬਾ ਬਖ਼ਸ਼ਿਆ। ਸੋ ਆਪ ਜੀ ਦੀ ਰਚਨਾ ਨੂੰ ਚਾਰ ਮਾਨ ਪ੍ਰਾਪਤ ਹਨ :

(੧) ਗੁਰਬਾਣੀ ਦੀ ਕੁੰਜੀ, (੨) ਗੁਰਸਿੱਖੀ ਦਾ ਰਹਿਤਨਾਮਾ, (੩) ਪੜ੍ਹਨ ਤੋਂ ਸਿੱਖੀ ਦੀ ਪ੍ਰਾਪਤੀ ਹੋਣ ਦਾ ਵਰ, (੪) ਵੇਦ ਵਿਆਸ ਦੀ ਰਚਨਾ ਦੇ ਬਰਾਬਰ ਆਪ ਜੀ ਦੀ ਰਚਨਾ ਨੂੰ ਪ੍ਰਮਾਣਿਤ ਕੀਤਾ।

ਸੋ ਇਉਂ ਭਾਈ ਸਾਹਿਬ ਜੀ ਨੇ ਇਤਨੇ ਵੱਡੇ ਵੱਡੇ ਕਾਰਜ ਕਰ ਕੇ, ਸਰੀਰ ਤਿਆਗਣ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਤੋਂ ਭੁੱਲਾਂ ਦੀ ਮਾਫ਼ੀ ਮੰਗੀ ਅਤੇ ਜਾਣ ਦੀ ਆਗਿਆ ਮੰਗੀ ਤਾਂ ਗੁਰੂ ਸਾਹਿਬ ਜੀ ਨੇ ਖ਼ੁਸ਼ ਹੋ ਕੇ ਕਿਹਾ ਕਿ ਆਪ ਜੀ ਨੇ ਸਾਰੀ ਜ਼ਿੰਦਗੀ ਬਾਲ-ਜਤੀ ਰਹਿ ਕੇ ਆਪਣੇ ਤਨ ਮਨ ਨੂੰ ਇਤਨਾ ਪਵਿੱਤਰ ਰੱਖਿਆ ਕਿ ਵਿਕਾਰਾਂ ਨੇ ਤੁਹਾਡੇ ਤਨ ਮਨ ਨੂੰ ਛੂਹਿਆ ਤਕ ਨਹੀਂ ਤੇ ਸੰਕਲਪਾਂ ਵਿਚ ਵੀ ਵਿਕਾਰ ਨਹੀਂ ਫੁਰਿਆ। ਗ੍ਰਿਹਸਥੀ ਜੀਵਨ ਨਾ ਹੋਣ ਕਰਕੇ ਤੁਹਾਡੇ ਅੰਤ ਵੇਲੇ ਦੀ ਕਿਰਿਆ ਮੈਂ ਆਪ ਕਰਾਂਗਾ ਭਾਵ ਤੁਹਾਡੀ ਚਿਖਾ ਨੂੰ ਅੱਗ ਮੈਂ ਦਿਆਂਗਾ ਤਾਂ ਕਿ ਦੇਖਣ ਵਾਲਿਆਂ ਨੂੰ ਸਮਝ ਆ ਜਾਏ ਕਿ ਸਿੱਖ ਹੀ ਗੁਰੂ ਨਾਲ ਪਿਆਰ ਨਹੀਂ ਕਰਦਾ, ਬਲਕਿ ਗੁਰੂ ਸਿੱਖ ਨਾਲ ਉਸ ਤੋਂ ਵੱਧ ਪਿਆਰ ਕਰਦਾ ਹੈ। ਗੁਰੂ ਸਾਹਿਬ ਨੇ ਪੁੱਛਿਆ—ਭਾਈ ਸਾਹਿਬ ਜੀ, ਸਸਕਾਰ ਸੰਬੰਧੀ ਹੋਰ ਕੋਈ ਆਪ ਜੀ ਦੀ ਵਿਚਾਰ ਹੋਵੇ ਤਾਂ ਸੰਕੋਚ ਨਹੀਂ ਕਰਨਾ ਤਾਂ ਭਾਈ ਸਾਹਿਬ ਨੇ ਕਿਹਾ ਕਿ ਮੈਂ ਚਾਹੁੰਦਾ ਹਾਂ ਕਿ ਮੇਰੇ ਸਸਕਾਰ ਤੋਂ ਬਾਅਦ ਸਾਰੀ ਰਾਖ ਦਰਿਆ ਬਿਆਸਾ ਵਿਚ ਪ੍ਰਵਾਹ ਕਰ ਦਿੱਤੀ ਜਾਵੇ। ਸਸਕਾਰ ਵਾਲੀ ਜ਼ਮੀਨ ਨੂੰ ਬਾਕੀ ਦੀ ਜ਼ਮੀਨ ਵਿਚ ਮਿਲਾ ਕੇ ਕੋਈ ਨਿਸ਼ਾਨੀ ਨਾ ਛੱਡੀ ਜਾਵੇ ਕਿ ਸਸਕਾਰ ਕਿਥੇ ਹੋਇਆ ਸੀ। ਮੇਰੇ ਪਿਆਰ ਵਾਲੇ ਪਿਆਰ ਵਿਚ ਆ ਕੇ ਜੇ ਮੇਰੀ ਮੜ੍ਹੀ ਦੀ ਪੂਜਾ ਕਰਨ ਲੱਗ ਪਏ ਤਾਂ ਮੇਰੀ ਜ਼ਿੰਦਗੀ ਦੀ ਪ੍ਰਚਾਰ ਰਾਹੀਂ ਕੀਤੀ ਹੋਈ ਸੇਵਾ ਨਿਸਫਲ ਹੋ ਜਾਏਗੀ ਕਿਉਂਕਿ ਮੈਂ ਮੜ੍ਹੀਆਂ ਮਸਾਣਾਂ ਦੀ ਪੂਜਾ ਤੋਂ ਵਰਜਦਾ ਰਿਹਾ ਹਾਂ। ਇਸ ਲਈ ਮੇਰੀ ਇਹ ਬੇਨਤੀ ਸਵੀਕਾਰ ਕਰ ਲੈਣੀ। ਇਹ ਕਹਿ ਕੇ ਜਪੁਜੀ ਸਾਹਿਬ ਦਾ ਪਾਠ ਕਰ ਕੇ ਗੁਰੂ ਚਰਨਾਂ ਵਿਚ ਮੱਥਾ ਟੇਕ ਕੇ, ਗੁਰੂ ਸਾਹਿਬ ਦੇ ਸਰੂਪ ਦੇ ਧਿਆਨ ਵਿਚ ਨਿਮਗਨ ਹੋ ਕੇ 'ਵਾਹਿਗੁਰੂ' ਕਹਿੰਦਿਆਂ ਹੀ ਸਰੀਰ ਤਿਆਗ ਕੇ ਸਚਖੰਡ ਜਾ ਬਿਰਾਜੇ। ਇਨ੍ਹਾਂ ਦੇ ਸਚਖੰਡ ਬਿਰਾਜਣ ਵਿਚ ਵਿਦਵਾਨਾਂ ਵਿਚ ਕੁਝ ਦੋ ਸਾਲ ਦਾ ਅੰਤਰਾ ਦੇਖਿਆ ਗਿਆ ਹੈ। *ਮਹਾਨ ਕੋਸ਼* ਅਨੁਸਾਰ ਭਾਦਰੋਂ ਸੁਦੀ ੮, ੧੬੯੪ ਬਿਕ੍ਰਮੀ ਤੇ ਪੰਡਿਤ ਨਰਾਇਣ ਸਿੰਘ ਮੁਜੰਗਾਂ ਵਾਲਿਆਂ ਦੀ ਲੇਖਣੀ ਅਨੁਸਾਰ ੧੭ ਅੱਸੂ, ੧੬੯੬ ਬਿਕ੍ਰਮੀ ਨੂੰ ਗੋਇੰਦਵਾਲ ਸਾਹਿਬ ਸਰੀਰ ਤਿਆਗਿਆ। ਸਤਿਗੁਰੂ ਜੀ ਨੇ ਦਰਿਆ ਬਿਆਸਾ ਵਿਚ ਅੰਗੀਠਾ ਜਲ-ਪ੍ਰਵਾਹ ਕਰਾ ਕੇ ਤੇ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਭਾਈ ਸਾਹਿਬ ਜੀ ਦੇ ਨਮਿੱਤ ਸਹਿਜ ਪਾਠ ਕਰਵਾਇਆ ਅਤੇ ਭੋਗ 'ਤੇ ਬਹੁਤ ਵੱਡਾ ਭੰਡਾਰਾ ਕੀਤਾ।

ਸੋ ਇਥੇ ਭਾਈ ਸਾਹਿਬ ਦੀ ਸੰਖੇਪ ਜੀਵਨੀ ਸੰਪੂਰਨ ਕੀਤੀ ਜਾਂਦੀ ਹੈ।

ਉਥਾਨਕਾ

ਭਾਈ ਗੁਰਦਾਸ ਜੀ ਦੇ ਕਬਿੱਤ ਸਵੱਈਆਂ ਦੀ ਉਥਾਨਕਾ ਲਿਖਣ ਤੋਂ ਪਹਿਲਾਂ 'ਉਥਾਨਕਾ' ਪਦ ਦਾ ਅਰਥ ਸਮਝਣਾ ਜ਼ਰੂਰੀ ਹੈ। ਸੰਸਕ੍ਰਿਤ ਵਿੱਚ ਉਥਾਨਿੱਕਾ ਪਦ ਹੈ, ਜਿਸ ਦਾ ਭਾਵ ਕਿਸੇ ਵੀ ਪ੍ਰਸੰਗ ਨੂੰ ਉਥਾਨ = ਉਠਾਣ ਤੋਂ ਪਹਿਲਾਂ ਕੀਤੀ ਗਈ ਵਿਆਖਿਆ। ਇਸ ਨੂੰ ਭੂਮਿਕਾ ਵੀ ਕਹਿੰਦੇ ਹਨ। ਇਹ ਉਥਾਨਕਾ ਦੇ ਅੱਖਰੀ ਅਰਥ ਹਨ। ਸੋ ਭਾਈ ਗੁਰਦਾਸ ਸਾਹਿਬ ਜੀ ਨੇ ਇਹ ਮਹਾਨ ਰਚਨਾ ਆਪਣੇ ਅਨੁਭਵ ਦੇ ਖ਼ਜ਼ਾਨੇ ਵਿੱਚੋਂ ਸ਼ਬਦਾਂ ਰਾਹੀਂ ਮੂਰਤੀਮਾਨ ਕੀਤੀ ਹੈ। ਭਾਈ ਸਾਹਿਬ ਜੀ ਦੀ ਰਚਨਾ ਭਾਵੇਂ ੪੦ ਵਾਰਾਂ ਦੇ ਰੂਪ ਵਿੱਚ ਹੈ, ਭਾਵੇਂ ਕਬਿੱਤ ਸਵੱਈਆਂ ਦੇ ਰੂਪ ਵਿੱਚ ਹੈ, ਪਰ ਹੈ ਬੜੀ ਮਹਾਨ। ਭਾਈ ਸਾਹਿਬ ਜੀ ਨੇ ਕਬਿੱਤ ਸਵੱਈਆਂ ਵਿੱਚ ਜੋ ਗੁਰਸਿੱਖੀ ਦਾ ਨਮੂਨਾ ਪੇਸ਼ ਕੀਤਾ ਹੈ, ਉਹ ਕਿਸੇ ਹੋਰ ਗ੍ਰੰਥ ਵਿੱਚ ਨਹੀਂ ਮਿਲ ਸਕਦਾ। ਆਪ ਜੀ ਨੇ ਆਪਣੀ ਰਚਨਾ ਵਿੱਚ ਦੋ ਤਿੰਨ ਦ੍ਰਿਸ਼ਟਾਂਤ ਦੇ ਕਰਕੇ ਫਿਰ ਅਖ਼ੀਰਲੀ ਪੰਕਤੀ ਵਿਚ ਗੁਰਮਤਿ ਦਾ ਨਿਚੋੜ ਕੱਢਿਆ ਹੈ। ਜਿਵੇਂ ਦੁਆਪਰ ਦੇ ਸਮੇਂ ਵਿੱਚ ਮਹਾਂਰਿਸ਼ੀ ਵੇਦ ਵਿਆਸ ਜੀ ਇਕ ਆਪਣੇ ਸਮੇਂ ਦੇ ਕਾਵਿ ਰਚਨਾ ਕਰਨ ਵਾਲਿਆਂ ਵਿੱਚ ਯੁੱਗਪੁਰਸ਼ ਹੋਏ ਹਨ, ਜੋ ਉਨ੍ਹਾਂ ਦੀ ਰਚਨਾ ਅਠਾਰ੍ਹਾਂ ਪੁਰਾਣ ਆਦਿ ਗ੍ਰੰਥਾਂ ਵਿੱਚ ਸੁਭਾਇਮਾਨ ਹੈ, ਪਰ ਕਲਜੁਗ ਦੇ ਯੁੱਗਪੁਰਸ਼ ਤੇ ਗੁਰੂ ਕਿਰਪਾ ਦੇ ਪਾਤਰ ਤੇ ਗੁਰੂ ਘਰ ਦੇ ਵੇਦ ਵਿਆਸ ਭਾਈ ਗੁਰਦਾਸ ਜੀ ਹਨ। ਆਪ ਜੀ ਦੀ ਇਹ ਰਚਨਾ ਕਬਿੱਤ ਸਵੱਈਏ ਬਹੁਤੀ ਉਦੋਂ ਹੋਂਦ ਵਿੱਚ ਆਈ ਹੈ, ਜਦੋਂ ਕਾਬਲ ਕੰਧਾਰ ਵਿੱਚ ਘੋੜੇ ਖ਼ਰੀਦਣ ਲਈ ਭਾਈ ਸਾਹਿਬ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭੇਜਿਆ ਸੀ। ਅਸਲ ਵਿੱਚ ਘੋੜੇ ਖ਼ਰੀਦਣ ਦੇ ਬਹਾਨੇ ਭਾਈ ਸਾਹਿਬ ਜੀ ਦੀ ਰਚਨਾ ਵਿੱਚ ਉਸ ਸ਼ਬਦ ਦੀ ਦਰੁਸਤੀ ਕਰਨਾ ਸੀ, ਜਿਸ ਵਿੱਚ ਭਾਈ ਸਾਹਿਬ ਜੀ ਨੇ ਕਿਹਾ ਸੀ ਕਿ :

ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ॥ *(ਵਾਰ ੩੫, ਪਉੜੀ ੨੦)*

ਇਸ ਰਚਨਾ ਵਿੱਚ ਭਾਵੇਂ ਭਾਈ ਸਾਹਿਬ ਦੀ ਸੂਖਮ ਹੰਗਤਾ ਹੀ ਹੈ, ਜਿਵੇਂ ਸੁਨਿਆਰਾ ਸੋਨੇ ਵਿੱਚ ਥੋੜ੍ਹੀ ਜਿਹੀ ਵੀ ਖੋਟ ਬਰਦਾਸ਼ਤ ਨਹੀਂ ਕਰਦਾ, ਇਸੇ ਤਰ੍ਹਾਂ ਗੁਰੂ ਸਾਹਿਬ ਜੀ ਸਿੱਖ ਵਿੱਚ ਰੰਚਕ ਮਾਤਰ ਵੀ ਹਉਮੈ ਨੂੰ ਸਵੀਕਾਰ ਨਹੀਂ ਕਰਦੇ। ਗੁਰੂ ਸਾਹਿਬ ਨੇ ਦੱਸਣਾ ਸੀ ਕਿ ਗੁਰੂ ਦੇ ਸਾਂਗ ਵਿਚ ਵਰਤਣ ਦੀ ਸਮਰੱਥਾ ਦੇ ਬਰਾਬਰ ਸਿੱਖ ਦੀ ਸਿਦਕ ਵਿੱਚ ਸਾਬਤ ਰਹਿਣ ਦੀ ਸਮਰੱਥਾ ਨਹੀਂ ਹੈ ਕਿਉਂਕਿ ਗੁਰੂ ਸਰਬੱਗਯ ਹੈ, ਸਿੱਖ ਅਲਪੱਗਯ ਹੈ, ਇਸ ਕਰਕੇ ਸਰਬੱਗਤਾ ਅਤੇ ਅਲਪੱਗਤਾ ਦੀ ਬਰਾਬਰਤਾ ਨਹੀਂ ਹੋ ਸਕਦੀ। ਇਸ ਲਈ ਗੁਰੂ ਸਾਹਿਬ ਜੀ ਨੇ ਮੋਹਰਾਂ ਤੋਂ ਠੀਕਰੀਆਂ ਬਣਾਉਣ ਦਾ ਸਾਂਗ ਰਚ ਦਿੱਤਾ ਤੇ ਭਾਈ ਸਾਹਿਬ ਜੀ ਨਾ ਤਾਂ ਤੰਬੂ ਵਿੱਚੋਂ ਮੋਹਰਾਂ ਲਿਆ ਸਕੇ ਅਤੇ ਨਾ ਹੀ ਅੰਮ੍ਰਿਤਸਰ ਸਾਹਿਬ ਆਉਣ ਦੀ ਹਿੰਮਤ ਰਹੀ। ਤੰਬੂ ਪਾੜ ਕੇ ਮੰਜ਼ਲਾਂ ਮਾਰਦੇ ਹੋਏ ਕਾਸ਼ੀ ਜਾ ਪਹੁੰਚੇ। ਹੁਣ ਦੇਖੋ ਗੁਰੂ ਜੀ ਦਾ ਢੰਗ ਤਰੀਕਾ, ਭਾਈ ਗੁਰਦਾਸ ਜੀ ਦੀ ਹਉਮੈ ਕੱਢਣ ਦੇ ਬਹਾਨੇ ਉਨ੍ਹਾਂ ਨੂੰ ਖੁੱਲ੍ਹਾ ਸਮਾਂ ਕਬਿੱਤ ਸਵੱਈਏ ਰਚਨ ਦਾ ਬਖ਼ਸ਼ ਦਿੱਤਾ। ਭਾਈ ਸਾਹਿਬ ਜੀ ਦੀ ਕਥਨੀ ਔਰ ਰਚਨਾ ਵਿੱਚ ਜਾਦੂ ਵਰਗਾ ਅਸਰ ਸੀ, ਜਿਸ 'ਤੇ ਕਾਸ਼ੀ ਦੀ ਪਰਜਾ ਤਾਂ ਇਕ ਪਾਸੇ ਰਹੀ, ਕਾਸ਼ੀ ਦਾ ਬਾਦਸ਼ਾਹ ਵੀ ਭਾਈ ਸਾਹਿਬ ਜੀ ਦੀ ਰਚਨਾ ਨੇ ਕੀਲ ਲਿਆ। ਬਾਦਸ਼ਾਹ ਦੀ ਸ਼ਰਧਾ ਇਸ ਹੱਦ ਤਕ ਪਹੁੰਚ ਗਈ ਕਿ ਭਾਈ ਸਾਹਿਬ ਨੂੰ ਰਾਜ-ਗੁਰੂ ਦੀ ਪਦਵੀ ਦੇਣ ਲੱਗਾ। ਜਿਸ 'ਤੇ ਭਾਈ ਸਾਹਿਬ ਨੇ ਇਨਕਾਰ ਕਰ ਦਿੱਤਾ ਕਿ ਗੁਰੂ ਕਾ ਸਿੱਖ ਆਪ ਗੁਰੂ ਨਹੀਂ ਬਣਦਾ, ਬਲਕਿ ਹੋਰਨਾਂ ਨੂੰ ਗੁਰੂ ਦੇ ਲੜ ਲਾਉਂਦਾ ਹੈ। ਤਾਂ ਕਾਸ਼ੀ ਦੇ ਬਾਦਸ਼ਾਹ ਨੇ ਭਾਈ ਸਾਹਿਬ ਦੀ ਗੱਲ ਮੰਨ ਲਈ, ਪਰ ਸਤਿਕਾਰ ਰਾਜ-ਗੁਰੂ

ਦੀ ਪਦਵੀ ਵਾਲਾ ਹੀ ਦਿੰਦਾ ਰਿਹਾ। ਭਾਈ ਸਾਹਿਬ ਨੇ ਕਬਿੱਤ ਸਵੱਈਆਂ ਦੀ ਬਹੁਤ ਰਚਨਾ ਉਥੇ ਹੀ ਕੀਤੀ ਹੈ। ਕੁਝ ਫੁਟਕਲ ਕਬਿੱਤ ਸਵੱਈਏ ਹੋਰ ਥਾਂ ਵੀ ਰਚੇ ਹੋਣਗੇ। ਇਹ ਤਾਂ ਭਾਈ ਸਾਹਿਬ ਜੀ ਦੇ ਕਬਿੱਤ ਸਵੱਈਆਂ ਦੀ ਹੋਂਦ ਵਿੱਚ ਆਉਣ ਦੀ ਉਥਾਨਕਾ ਸੀ।

ਇਸ ਰਚਨਾ ਵਿੱਚ ਗੁਰੂ ਦੀ ਸ਼ਰਧਾ, ਪਾਖੰਡ ਦਾ ਖੰਡਨ, ਕਿਰਤਮ ਪੂਜਾ ਦਾ ਖੰਡਨ, ਵਹਿਮਾਂ ਔਰ ਭਰਮਾਂ ਤੋਂ ਬਚਣ ਦਾ ਉਪਦੇਸ਼, ਨਾਮ ਸਿਮਰਨ, ਨਿਸ਼ਕਾਮ ਸੇਵਾ, ਵੈਰਾਗ, ਤਿਆਗ ਆਦਿ ਦਾ ਉਪਦੇਸ਼ ਹੈ। ਕਿਰਤਮ ਪੂਜਾ ਦਾ ਖੰਡਨ ਕਰ ਕੇ ਨਿਰੋਲ ਅਕਾਲ ਪੁਰਖ ਦੀ ਪੂਜਾ ਦਾ ਮੰਡਨ ਹੈ। ਭਾਈ ਸਾਹਿਬ ਜੀ ਗੂੜ੍ਹੇ ਵਿਦਵਾਨ ਹੋਣ ਕਰਕੇ ਉਨ੍ਹਾਂ ਦੀ ਰਚਨਾ ਵੀ ਗੂੜ੍ਹ ਭਾਵ ਰੱਖਣ ਵਾਲੀ ਹੈ।

੧ਓ ਸਤਿਗੁਰ ਪ੍ਰਸਾਦਿ ॥

ਭਾਈ ਗੁਰਦਾਸ ਜੀ ਕਬਿੱਤ ਸਵੱਯੇ ਆਰੰਭ ਕਰਨ ਤੋਂ ਪਹਿਲਾਂ ਪੂਰੇ ਸਤਿਗੁਰੂ ਅਤੇ ਅਕਾਲ ਪੁਰਖ ਵਾਹਿਗੁਰੂ ਦੀ ਉਸਤਤੀ ਦਾ ਮੰਗਲ ਕਰਦੇ ਹਨ ਕਿ :

ਹੇ ੧ = ਅਦ੍ਵੈਤ ਸਰੂਪ, ਓ = ਸਰਬ ਦੇ ਪ੍ਰਕਾਸ਼ਕ, ਸਤਿ = ਸੱਚ ਸਰੂਪ, ਗੁਰ = ਚੇਤਨ ਸਰੂਪ ਪ੍ਰਸਾਦਿ = ਕ੍ਰਿਪਾਲੂ ਸਰੂਪ ਪਰਮੇਸ਼ਰ **ਵਾ:** ਸਤਿਗੁਰੂ ਨਾਨਕ ਦੇਵ ਜੀ ਤੁਸੀਂ ਮੇਰੇ ਇਸ ਆਰੰਭੇ ਕਾਰਜ ਨੂੰ ਆਪਣੀ ਕ੍ਰਿਪਾ ਕਰ ਕੇ ਆਪ ਹੀ ਨੇਪਰੇ ਚਾੜ੍ਹ ਦੇਣਾ।

ਅਥ ਬਾਣੀ ਭਾਈ ਗੁਰਦਾਸ ਭੱਲੇ ਕੀ ਲਿਖਜਤੇ

ਕਬਿੱਤ ਸਵੱਯੇ

ਅਥ = ਹੁਣ ਭਾਈ ਗੁਰਦਾਸ ਭੱਲੇ ਵੰਸ ਕੀ = ਦੀ ਕਬਿੱਤ ਸਵੱਯੇ ਨਾਮ ਵਾਲੀ ਬਾਣੀ ਦੀ = ਰਚਨਾ ਲਿਖਜਤੇ = ਲਿਖੀ ਜਾਂਦੀ ਹੈ।

(ਅਕਾਲ ਪੁਰਖ ਦਾ ਸਰਗੁਣ ਸਰੂਪ ਸਤਿਗੁਰੂ ਜੀ)

ਸੋਰਠਾ ॥[੧]

ਆਦਿ ਪੁਰਖ ਆਦੇਸ; ਓ ਨਮ ਸ੍ਰੀ ਸਤਿ ਗੁਰ ਚਰਨ ॥
ਘਟ ਘਟ ਕਾ ਪਰਵੇਸ; ਏਕ ਅਨੇਕ ਬਿਬੇਕ ਸਸਿ ॥੧॥

ਜੋ ਆਦਿ = ਮੁੱਢ ਸਰੂਪ ਪੁਰਖ = ਪੂਰਨ ਪਰਮੇਸ਼ਰ ਹੈ ਉਸ ਦੇ ਤਾਈਂ ਮੇਰੀ ਆਦੇਸ = ਨਮਸਕਾਰ ਹੈ, ਜੋ ਓ = ਓਅੰਕਾਰ ਭਾਵ ਸਤਿ ਚਿੱਤ ਆਨੰਦ ਸਰੂਪ ਸ੍ਰੀ = ਸੋਭਾ ਦਾ ਮਾਲਕ ਸਤਿ = ਨਾਸ਼ ਤੋਂ ਰਹਿਤ, ਗੁਰ = ਚੇਤਨ ਸਰੂਪ ਪਰਮੇਸ਼ਰ ਹੈ, ਉਸ ਦੇ ਚਰਨਾਂ ਉੱਪਰ ਮੇਰੀ ਨਮ = ਨਮਸਕਾਰ ਹੈ **ਵਾ:** ਓ = ਮੰਗਲ ਸਰੂਪ ਪਰਮਾਤਮਾ ਦਾ ਰੂਪ ਪੂਰੇ ਗੁਰਾਂ ਦੇ ਚਰਨਾਂ ਉੱਪਰ ਮੇਰੀ ਨਮਸਕਾਰ ਹੈ।

ਜਿਵੇਂ ਏਕ = ਇੱਕ ਸਸਿ = ਚੰਦਰਮਾ ਦਾ ਪ੍ਰਤਿਬਿੰਬ ਪਾਣੀ ਦੇ ਭਰੇ ਅਨੇਕ = ਬੇਅੰਤ ਘਟ = ਘੜਿਆਂ ਤੇ ਘਟ = ਮਟਕਿਆਂ ਦੇ ਵਿੱਚ ਪਰਵੇਸ = ਸਮਾਉਣਾ ਕਰਦਾ ਹੈ ਭਾਵ ਪੈਂਦਾ ਹੈ, ਇਸੇ ਪ੍ਰਕਾਰ ਬਿਬੇਕ = ਜਾਨਣਾ ਕਰੋ ਕਿ ਇਕ ਅਕਾਲ ਪੁਰਖ ਵਾਹਿਗੁਰੂ ਹੀ ਸਾਰਿਆਂ ਘਟ ਘਟ = ਸਰੀਰਾਂ ਸਰੀਰਾਂ **ਵਾ:** ਘਟਾਂ ਘਟਾਂ ਵਿੱਚ ਪਰਵੇਸ = ਸਮਾ ਰਿਹਾ ਹੈ ਐਸੇ ਪਰਮੇਸ਼ਰ ਨੂੰ ਮੈਂ ਨਮਸਕਾਰ ਕਰਦਾ ਹਾਂ ॥੧॥

ਦੋਹਰਾ ॥ ਓਨਮ ਸ੍ਰੀ ਸਤਿਗੁਰ ਚਰਨੁ; ਆਦਿ ਪੁਰਖ ਆਦੇਸ ॥

ਫੇਰ ਸ੍ਰੀ = ਸ਼੍ਰੋਮਣੀ ਤੇ ਸਤਿਗੁਰ = ਸੱਚੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਉੱਪਰ ਓਨਮ = ਨਮਸਕਾਰ ਕਰਦਾ ਹਾਂ ਅਤੇ ਉਸ ਆਦਿ = ਮੁੱਢ, ਪੁਰਖ = ਪੂਰਨ ਪਰਮੇਸ਼ਰ ਦੇ ਤਾਈਂ ਆਦੇਸ =ਪ੍ਰਣਾਮ ਕਰਦਾ ਹਾਂ।

---

੧. ਸੋਰਠਾ—ਇਹ ਇਕ ਮਾਤ੍ਰਿਕ ਛੰਦ ਹੈ, ਇਸ ਦੇ ਲੱਛਣ—ਦੋ ਚਰਣ, ਪ੍ਰਤਿਚਰਣ, ਦੋ ਪਾਦ ਪਹਿਲੇ ਪਾਦ ਵਿੱਚ ਗਿਆਰਾਂ ਮਾਤਰਾਂ ਅਤੇ ਵਿਸ਼ਰਾਮ ਲਗ-ਅੱਖਰ ਤੇ ਦੂਜੇ ਵਿੱਚ ਤੇਰ੍ਹਾਂ ਮਾਤਰਾਂ ਅਤੇ ਵਿਸ਼ਰਾਮ ਗੁਰੂ (ਵੱਡੇ) ਅੱਖਰ ਉੱਤੇ ਹੁੰਦਾ ਹੈ। ਇਹ ਛੰਦ ਦੋਹੇ ਦਾ ਉਲਟ ਰੂਪ ਹੈ।

ਏਕ ਅਨੇਕ ਬਿਬੇਕ ਸਸਿ; ਘਟ ਘਟ ਕਾ ਪਰਵੇਸ ॥੨॥

ਜਿਵੇਂ ਏਕ = ਇਕ ਸਸਿ = ਚੰਦਰਮਾ ਦਾ ਪ੍ਰਤਿਬਿੰਬ ਅਨੇਕ = ਬੇਅੰਤ ਪਾਣੀ ਨਾਲ ਪੂਰਤ ਬਰਤਨਾਂ ਵਿੱਚ ਪੈਂਦਾ ਹੈ, ਇਸੇ ਤਰ੍ਹਾਂ ਅਕਾਲ ਪੁਰਖ ਪਰਮੇਸ਼ਰ, ਜੜ੍ਹ ਘਟ = ਸਰੀਰਾਂ ਤੇ ਚੇਤਨ ਘਟ = ਸਰੀਰਾਂ ਵਿੱਚ ਆਪਣੀ ਚੇਤਨ ਸੱਤਾ ਕਾ = ਦਾ ਪਰਵੇਸ = ਪ੍ਰਕਾਸ਼ ਕਰ ਰਿਹਾ ਹੈ ॥੨॥

ਛੰਤੁ ॥ ਘਟ ਘਟ ਕਾ ਪਰਵੇਸ; ਸੇਸ ਪਹਿ ਕਹਤ ਨ ਆਵੈ ॥

ਜਿਸ ਪ੍ਰਕਾਰ ਪਰਮੇਸ਼ਰ ਨੇ ਘਟ ਘਟ = ਸਰੀਰਾਂ ਸਰੀਰਾਂ **ਵਾ:** ਘਟਾਂ ਘਟਾਂ ਵਿੱਚ ਆਪਣੀ ਚੇਤਨ ਸੱਤਾ ਦਾ ਪਰਵੇਸ ਪਾਉਣਾ ਕੀਤਾ ਹੈ, ਤਦ ਹੀ ਜੀਵਾਂ ਨੇ ਹਰਕਤ ਵਿੱਚ ਆਉਣਾ ਕੀਤਾ। ਇਸੇ ਕਰਕੇ ਸੇਸ = ਸ਼ੇਸ਼ਨਾਗ ਪਹਿ = ਪਾਸੋਂ ਵੀ ਉਸ ਪਰਮੇਸ਼ਰ ਦਾ ਜੱਸ ਜਾਂ ਬਿਅੰਤਤਾ ਬਾਬਤ ਕਹਤ = ਕਹਿਣਾ ਨ = ਨਹੀਂ ਆਵੈ = ਆਉਂਦਾ ਭਾਵ ਸ਼ੇਸ਼ਨਾਗ ਦੇ ਦੋ ਹਜ਼ਾਰ ਜ਼ੁਬਾਨਾਂ ਹੋਣ ਕਰਕੇ ਵੀ ਉਸ ਦਾ ਸਮੱਗਰ ਰੂਪ ਵਿੱਚ ਜੱਸ ਨਹੀਂ ਕਹਿ ਸਕਦਾ। ਜੈਸਾ ਕਿ :

ਏਕ ਜੀਹ ਗੁਣ ਕਵਨ ਬਖਾਨੈ ॥ ਸਹਸ ਫਨੀ ਸੇਖ ਅੰਤੁ ਨ ਜਾਨੈ ॥
ਨਵਤਨ ਨਾਮ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ ॥੧੬॥

(ਮਾਰੂ ਸੋਲਹੇ ਮ: ੫, ਅੰਗ ੧੦੮੩)

ਵਾ:

ਸੇਸ ਨਾਗ ਸਿਰ ਸਹਸ ਬਨਾਈ ॥ ਦੈ ਸਹੰਸ ਰਸਨਾਹ ਸੁਹਾਈ ॥
ਰਟਤ ਅਬ ਲਗੇ ਨਾਮ ਅਪਾਰਾ ॥ ਤੁਮਰੋ ਤਊ ਨ ਪਾਵਤ ਪਾਰਾ ॥੬॥

(ਸ੍ਰੀ ਦਸਮ ਗ੍ਰੰਥ, ਬਚਿੱਤਰ ਨਾਟਕ)

ਨੇਤਿ ਨੇਤਿ ਕਹਿ ਨੇਤਿ; ਬੇਦੁ ਬੰਦੀ ਜਨ ਗਾਵੈ ॥

ਹੇ ਪ੍ਰਭੂ ! ਨੇਤਿ ਨੇਤਿ = ਨ ਇਤੀ ਨ ਇਤੀ ਨੇਤਿ = ਨ ਇਤੀ ਭਾਵ ਸਦੀਵ ਰਹਿਣ ਵਾਲਾ ਤੇਰੇ ਤੋਂ ਬਿਨਾਂ ਹੋਰ ਕੋਈ ਵੀ ਨਹੀਂ, ਇਸ ਪ੍ਰਕਾਰ ਕਹਿ = ਕਥਨ ਕਰ ਕਰ ਕੇ ਬੇਦ = ਚਾਰੇ ਵੇਦ **ਵਾ:** ਚਾਰੇ ਵੇਦਾਂ ਦਾ ਗਿਆਤਾ ਬ੍ਰਹਮਾ ਅਤੇ ਬੰਦੀ = ਭੱਟ ਜਨ ਤੇਰਾ ਜੱਸ ਗਾਵੈ = ਗਾ ਰਹੇ ਹਨ **ਵਾ:** ਵੇਦ, ਭੱਟ ਜਨ ਵਾਰ ਵਾਰ ਤੇਰਾ ਜੱਸ ਗਾ ਰਹੇ ਹਨ। ਜੈਸਾ ਕਿ :

ਨੇਤਿ ਨੇਤਿ ਕਥੰਤਿ ਬੇਦਾ ॥ *(ਅੰਗ ੧੩੫੯)*

ਆਦਿ ਮਧਿ ਅਰੁ ਅੰਤ; ਹੁਤੇ ਹੁਤ ਹੈ ਪੁਨ ਹੋਨਮ ॥

ਉਹ ਪਰਮੇਸ਼ਰ ਆਦਿ = ਮੁੱਢ ਭਾਵ ਪਹਿਲਾਂ ਵੀ ਸੱਚ ਸਰੂਪ ਹੁਤੇ = ਹੁੰਦਾ ਸੀ, ਮਧਿ = ਵਿਚਕਾਰ ਭਾਵ ਹੁਣ ਵੀ ਸੱਚ ਸਰੂਪ ਹੈ ਅਰੁ = ਅਤੇ ਅਖ਼ੀਰਲੇ ਸਮੇਂ ਵਿੱਚ ਵੀ ਸੱਚ ਸਰੂਪ ਹੋਨਮ = ਹੋਵੇਗਾ।

ਆਦਿ ਪੁਰਖੁ ਆਦੇਸ; ਚਰਨ ਸ੍ਰੀ ਸਤਿਗੁਰ ਓਨਮ ॥੩॥੧॥

ਮੈਂ ਆਦਿ = ਮੁੱਢ ਸਰੂਪ ਪੁਰਖੁ = ਪੂਰਨ ਅਕਾਲ ਪੁਰਖ ਨੂੰ ਆਦੇਸ = ਨਮਸਕਾਰ ਕਰਦਾ ਹਾਂ ਅਤੇ ਸ੍ਰੀ = ਸ਼੍ਰੋਮਣੀ ਸਤਿਗੁਰ = ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ ਉੱਪਰ ਵੀ ਓਨਮ = ਨਮਸਕਾਰ ਕਰਦਾ ਹਾਂ ॥੩॥੧॥

ਨੋਟ : ਜੋ ਇਹ ॥੩॥ ਅੰਕ ਦੇ ਨਾਲ ॥੧॥ ਅੰਕ ਦਿੱਤਾ ਹੈ, ਇਸ ਨੂੰ ਵਾਧੂ ਨਹੀਂ ਜਾਣਨਾ, ਸਮਝਣ ਦੀ ਲੋੜ ਹੈ। ਇਕ ਸੋਰਠਾ, ਇਕ ਦੋਹਰਾ ਤੇ ਇਕ ਛੰਤ, ਤਿੰਨਾਂ ਨੂੰ ॥੧॥ ਅੰਕ ਨਾਲ ਸੰਬੋਧਨ ਕੀਤਾ ਹੈ, ਭਾਵ ਤਿੰਨਾਂ ਦਾ ਸੂਚਕ '੧' ਅੰਕ ਹੈ, ਇਸੇ ਤਰ੍ਹਾਂ ਅੱਗੇ ਵੀ ਇਹ ਗਿਣਤੀ ॥੨੪॥੮॥ ਤਕ ਜਾਵੇਗੀ।

(ਸਤਿਗੁਰ ਦੇਹ ਧਾਰ ਕੇ ਵੀ ਬਿਦੇਹੀ ਹਨ)

ਸੋਰਠਾ ॥

ਅਬਿਗਤਿ ਅਲਖ ਅਭੇਵ; ਅਗਮ ਅਪਾਰ ਅਨੰਤ ਗੁਰ ॥

ਜੋ ਅਬਿਗਤਿ = ਜਾਣਿਆ ਨਾ ਜਾ ਸਕੇ **ਵਾ:** ਜਿਸ ਦਾ ਗਿਆਨ ਅਬਿਨਾਸ਼ੀ ਰੂਪ ਹੈ, ਜੋ ਸ਼ਕਤੀ ਬਿਰਤੀ ਕਰਕੇ ਅਲਖ = ਲਖਣ ਤੋਂ ਰਹਿਤ ਹੈ, ਜੋ ਅਭੇਵ = ਭੇਦ ਤੋਂ ਰਹਿਤ ਹੈ, ਮਨ ਦੀ ਅਗਮ = ਗੰਮਤਾ ਤੋਂ ਰਹਿਤ ਹੈ ਜੋ ਅਪਾਰ = ਪਾਰਾਵਾਰ ਤੋਂ ਰਹਿਤ ਹੈ **ਵਾ:** ਬੇਅੰਤ ਸਰੂਪ ਹੈ, ਜੋ ਦੇਸ਼, ਕਾਲ, ਵਸਤੂ ਕਰਕੇ ਅਨੰਤ = ਅੰਤ ਤੋਂ ਰਹਿਤ ਹੈ ਭਾਵ ਜਿਸ ਦਾ ਸਾਰੇ ਸੰਸਾਰ ਵਿੱਚ ਤੇ ਸਾਰੇ ਸਮਿਆਂ ਵਿੱਚ ਅਤੇ ਸਾਰੇ ਪਦਾਰਥਾਂ ਵਿੱਚ ਇਕ-ਰਸ ਪਰੀਪੂਰਨ ਪ੍ਰਕਾਸ਼ ਹੈ। ਐਸਾ ਉਹ ਗੁਰ = ਚੇਤਨ ਸਰੂਪ ਪਰਮੇਸ਼ਰ ਹੈ **ਵਾ:** ਐਸੇ ਗੁਰ = ਸਤਿਗੁਰੂ ਨਾਨਕ ਦੇਵ ਜੀ ਹਨ।

ਸਤਿਗੁਰ ਨਾਨਕ ਦੇਵ; ਪਾਰਬ੍ਰਹਮ ਪੂਰਨ ਬ੍ਰਹਮ ॥੪॥

ਸਤਿਗੁਰੂ ਨਾਨਕ ਦੇਵ ਜੀ ਪਾਰਬ੍ਰਹਮ (ਪਾਰ + ਬ੍ਰਹਮ) ਪਾਪਾਂ ਪੁੰਨਾਂ ਤੋਂ ਪਾਰ = ਪਰੇ ਬ੍ਰਹਮ = ਵਿਆਪਕ ਸਰੂਪ ਤੇ ਪੂਰਨ = ਪਰੀਪੂਰਨ ਬ੍ਰਹਮ ਦਾ ਸਰੂਪ ਹਨ ॥੪॥

ਅਥਵਾ ਸਤਿਗੁਰੂ ਨਾਨਕ ਦੇਵ ਜੀ ਸਰਗੁਣ ਸਰੂਪ ਵਿੱਚ ਵੀ ਪਾਰਬ੍ਰਹਮ ਦਾ ਸਰੂਪ ਕਹੇ ਜਾਂਦੇ ਹਨ **ਵਾ:** ਸਤਿਗੁਰੂ ਨਾਨਕ ਦੇਵ ਜੀ ਸਰਗੁਣ ਸਰੂਪ ਧਾਰ ਕੇ ਆਏ ਹੋਏ ਵੀ ਬ੍ਰਹਮ ਪਦ ਦੀ ਵਿਆਖਿਆ ਕਥਨ ਕੀਤੇ ਜਾਣ ਵਾਲੇ ਆਕਾਸ਼ਵਤ ਹਨ, ਮਾਇਆ ਤੇ ਮਾਇਆ ਸਬਲ ਈਸ਼ਵਰ ਆਦਿਕਾਂ ਤੋਂ ਵੀ (ਪਾਰ + ਬ੍ਰਹਮ) ਪਾਰ = ਪਰਮ ਭਾਵ ਸ੍ਰੇਸ਼ਟ ਤੇ ਵਿਆਪਕ ਰੂਪ ਹਨ ਅਤੇ ਸਾਰਿਆਂ ਵਿੱਚ ਸੱਤਾ ਸਫੁਰਤੀ ਦੇ ਪਰੀਪੂਰਨ ਹੋਣ ਕਾਰਨ ਹੀ ਉਹ ਪੂਰਨ ਬ੍ਰਹਮ ਹਨ ॥੪॥

ਦੋਹਰਾ ॥

ਅਗਮ ਅਪਾਰ ਅਨੰਤ ਗੁਰ; ਅਬਿਗਤਿ ਅਲਖ ਅਭੇਵ ॥

ਜੋ ਅਗਮ = ਮਨ ਦੀ ਗੰਮਤਾ ਤੋਂ ਪਰੇ, ਅਪਾਰ = ਪਾਰਾਵਾਰ ਤੋਂ ਰਹਿਤ, ਅਨੰਤ = ਬੇਅੰਤ ਸਰੂਪ ਪਰਮੇਸ਼ਰ ਹੈ, ਉਸ ਦਾ ਸਰੂਪ ਗੁਰ = ਸਤਿਗੁਰੂ ਨਾਨਕ ਦੇਵ ਜੀ ਹਨ, ਜੋ ਪਰਮੇਸ਼ਰ ਅਬਿਗਤਿ = ਨਾਸ਼ ਤੋਂ ਰਹਿਤ, ਅਲਖ = ਲਖਣ ਤੋਂ ਰਹਿਤ ਹੈ, ਜਿਸ ਦਾ ਕੋਈ ਵੀ ਅਭੇਵ = ਭੇਦ ਨਹੀਂ ਪਾ ਸਕਦਾ।

ਪਾਰਬ੍ਰਹਮ ਪੂਰਨ ਬ੍ਰਹਮ; ਸਤਿਗੁਰ ਨਾਨਕ ਦੇਵ ॥੫॥

ਉਹੋ ਹੀ ਪਾਪਾਂ ਪੁੰਨਾਂ ਤੋਂ (ਪਾਰ + ਬ੍ਰਹਮ) ਪਾਰ = ਪਰੇ ਬ੍ਰਹਮ = ਵਿਆਪਕ ਸਰੂਪ ਪੂਰਨ ਬ੍ਰਹਮ ਸਤਿਗੁਰੂ ਨਾਨਕ ਦੇਵ ਜੀ ਹਨ ॥੫॥

ਛੰਤੁ ॥ ਸਤਿਗੁਰ ਨਾਨਕ ਦੇਵ; ਦੇਵ ਦੇਵੀ ਸਭਿ ਧਿਆਵਹਿ ॥

ਸਤਿਗੁਰੂ ਨਾਨਕ ਦੇਵ ਜੀ ਨੂੰ ਸਭਿ = ਸਾਰੇ ਬ੍ਰਹਮਾ, ਵਿਸ਼ਨੂੰ, ਆਦਿ ਦੇਵ = ਦੇਵਤੇ ਤੇ ਸਾਰੀਆਂ ਦੇਵੀਆਂ ਵੀ ਧਿਆਵਹਿ = ਧਿਆਉਂਦੇ ਹਨ। ਜੈਸਾ ਕਿ :

ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥
ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ *(ਅੰਗ ੬)*

ਨਾਦ ਬਾਦ ਬਿਸਮਾਦ; ਰਾਗ ਰਾਗਨਿ ਗੁਨ ਗਾਵਹਿ ॥

ਨਾਦ ਅਤੇ ਬਾਦ = ਵਾਜੇ ਆਦਿ ਸਾਜ ਵੀ ਬਿਸਮਾਦ = ਅਸਚਰਜ ਹੋ ਕੇ ਗੁਰੂ ਨਾਨਕ ਦੇਵ ਜੀ ਦੇ ਜੱਸ ਨੂੰ ਗਾਉਂਦੇ ਹਨ, ਛੇ ਰਾਗ ਵੀ ਆਪੋ ਆਪਣੀਆਂ ਰਾਗਨਿ = ਰਾਗਣੀਆਂ ਸਮੇਤ ਗੁਰੂ **ਵਾ:** ਪਰਮੇਸ਼ਰ ਦੇ ਜੱਸ ਰੂਪ ਗੁਨ = ਗੁਣਾਂ ਨੂੰ ਗਾਵਹਿ = ਗਾਉਂਦੇ ਹਨ।

ਸੁੰਨ ਸਮਾਧਿ ਅਗਾਧਿ; ਸਾਧ ਸੰਗਤਿ ਸਪਰੰਪਰ ॥

ਜਿਸ ਗੁਰੂ **ਵਾ:** ਪਰਮੇਸ਼ਰ ਦਾ ਅਗਾਧਿ = ਥਾਹ ਨਹੀਂ ਪਾਇਆ ਜਾ ਸਕਦਾ, ਉਸ ਦੇ ਜੱਸ ਨੂੰ ਸੁੰਨ = ਅਫੁਰ ਭਾਵ ਨਿਰਵਿਕਲਪ ਸਮਾਧਿ = ਸਮਾਧੀ ਵਿਚ ਇਸਥਿਤ ਰਹਿਣ ਵਾਲੇ ਵੀ ਗਾਉਂਦੇ ਹਨ ਅਤੇ ਸਾਧ = ਸ੍ਰੇਸ਼ਟ ਜਨ ਵੀ ਸੰਗਤ ਨਾਲ ਮਿਲ ਕੇ **ਵਾ:** ਸਾਧਸੰਗਤ ਵੀ ਇਕੱਤਰ ਹੋ ਕੇ ਸਪਰੰਪਰ = ਪਰੰਪਰਾ ਦੇ ਨਾਲ **ਵਾ:** ਇਕ-ਰਸ ਪੂਰੇ ਗੁਰੂ **ਵਾ:** ਪ੍ਰਭੂ ਦੇ ਜੱਸ ਨੂੰ ਗਾਉਣਾ ਕਰਦੀ ਹੈ।

ਅਬਿਗਤਿ ਅਲਖ ਅਭੇਵ; ਅਗਮ ਅਗਮਿ ਤਿ ਅਪਰੰਪਰ ॥੬॥੨॥

(ਦੂਸਰਾ ਪਾਠ 'ਅਗਮਿਤਿ')

ਪੂਰੇ ਸਤਿਗੁਰੂ ਜੀ ਅਬਿਗਤਿ = ਨਾਸ਼ ਤੋਂ ਰਹਿਤ, ਅਲਖ = ਲਖਣ ਤੋਂ ਰਹਿਤ, ਅਭੇਵ = ਭੇਦ ਤੋਂ ਰਹਿਤ, ਅਗਮ = ਮਨ ਦੀ ਗੰਮਤਾ ਤੋਂ ਰਹਿਤ, ਅਗਮਿ = ਇੰਦਰਿਆਂ ਦੀ ਗੰਮਤਾ ਤਿ = ਤੋਂ ਰਹਿਤ ਅਪਰੰਪਰ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹਨ ॥੬॥੨॥

ਸੋਰਠਾ ॥

ਜਗਮਗ ਜੋਤਿ ਸਰੂਪ; ਪਰਮ ਜੋਤਿ ਮਿਲਿ ਜੋਤਿ ਮਹਿ ॥

ਸਤਿਗੁਰੂ ਨਾਨਕ ਦੇਵ ਜੀ ਦੀ ਸਰੂਪ = ਸੂਰਤ ਦੀ ਜੋਤਿ = ਜੋਤੀ ਜਗਮਗ = ਪ੍ਰਕਾਸ਼ ਹੋ ਰਹੀ ਹੈ **ਵਾ:** ਜਗਮਗ = ਦਗ ਦਗ ਕਰ ਰਹੀ ਹੈ, ਅੰਦਰਲੀ ਜੋਤ ਚੇਤਨ ਸੱਤਾ ਜੀਵ ਭਾਵਨੀ ਦਿੱਸਦੀ ਹੋਈ ਪਰਮ = ਵੱਡੀ ਜੋਤਿ = ਜੋਤੀ ਭਾਵ ਪਰਮੇਸ਼ਰ ਮਹਿ = ਵਿੱਚ ਮਿਲਿ = ਮਿਲੀ, ਅਭੇਦ ਹੈ।

ਅਦਭੁਤ ਅਤਿਹਿ ਅਨੂਪ; ਪਰਮ ਤਤ ਤਤਹਿ ਮਿਲਿਓ ॥੭॥

ਪੰਜ ਤਤ = ਤੱਤਾਂ ਭਾਵ ਪੰਜ ਭੌਤਿਕ ਰਚਨਾ ਅੰਦਰ ਖੇਲਦੇ ਹੋਏ ਵੀ ਸਤਿਗੁਰੂ ਜੀ ਸਾਰਿਆਂ ਤੱਤਾਂ ਦੇ ਪਰਮ = ਸਾਰ ਰੂਪ ਤਤਹਿ = ਤੱਤਾਂ ਤੋਂ ਪਰੇ ਪਰਮਾਤਮਾ ਵਿੱਚ ਮਿਲਿਓ = ਮਿਲੇ ਹੋਏ ਅਤਿਹਿ = ਅਤਿਅੰਤ ਅਦਭੁਤ = ਅਸਚਰਜ ਸਰੂਪ ਅਤੇ ਅਨੂਪ = ਉਪਮਾ ਤੋਂ ਰਹਿਤ ਹਨ ॥੭॥

ਦੋਹਰਾ ॥ ਪਰਮ ਜੋਤਿ ਮਿਲਿ ਜੋਤਿ ਮਹਿ; ਜਗਮਗ ਜੋਤਿ ਸਰੂਪ ॥

ਸੂਰਜ, ਚੰਦਰਮਾ, ਬਿਜਲੀ ਆਦਿ ਸਾਰਿਆਂ ਤੋਂ ਪਰਮ = ਵੱਡੀ ਜੋਤ ਭਾਵ ਸਾਰਿਆਂ ਨੂੰ ਪ੍ਰਕਾਸ਼ਣ ਵਾਲੀ ਜੋਤਿ = ਜੋਤੀ ਸਤਿਗੁਰੂ ਨਾਨਕ ਦੇਵ ਜੀ ਦੇ ਮਹਿ = ਵਿੱਚ ਮਿਲਿ = ਮਿਲੀ, ਅਭੇਦ ਹੋਈ ਰਹਿੰਦੀ ਹੈ ਅਤੇ ਸਤਿਗੁਰਾਂ ਦੀ ਸਰੂਪ = ਸੂਰਤ ਦੀ ਉਪਮਾ ਜਗਮਗ = ਦਗ ਦਗ ਕਰ ਰਹੀ ਹੈ।

ਪਰਮ ਤਤ ਤਤਹਿ ਮਿਲਿਓ; ਅਦਭੁਤ ਅਤਿਹਿ ਅਨੂਪ ॥੮॥

ਸਤਿਗੁਰੂ ਨਾਨਕ ਦੇਵ ਜੀ ਪਰਮ ਤਤਹਿ = ਤੱਤ ਪਰਮੇਸ਼ਰ ਦੇ ਸਰੂਪ ਵਿੱਚ ਹੀ ਮਿਲਿਓ = ਮਿਲੇ ਹੋਏ ਹਨ, ਅਤਿਹਿ = ਅਤਿਸ਼ੈ ਕਰਕੇ ਅਦਭੁਤ = ਅਸਚਰਜ ਅਤੇ ਅਨੂਪ = ਉਪਮਾ ਤੋਂ ਰਹਿਤ ਸਰੂਪ ਹਨ ॥੮॥

ਭਾਈ ਗੁਰਦਾਸ ਜੀ ਅੱਗੇ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਵਿੱਚ ਜੋਤਿ ਜਗਾਈ ਸੀ, ਉਸ ਬਾਬਤ ਕਥਨ ਕਰਦੇ ਹਨ :

ਛੰਤੁ ॥

ਅਦਭੁਤ ਅਤਿਹਿ ਅਨੂਪ; ਰੂਪ ਪਾਰਸ ਕੈ ਪਾਰਸ ॥

ਗੁਰੂ ਨਾਨਕ ਦੇਵ ਜੀ ਅਤਿਹਿ = ਅਤਿਸ਼ੈ ਕਰਕੇ ਅਦਭੁਤ = ਅਸਚਰਜ ਸਰੂਪ ਅਤੇ ਅਨੂਪ = ਉਪਮਾ ਤੋਂ ਰਹਿਤ ਹਨ **ਵਾ:** ਅਤਿਹਿ = ਅਤਿਅੰਤ ਅਨੂਪ ਹਨ ਅਤੇ ਪਾਰਸ ਰੂਪ = ਸਰੂਪ ਐਸੇ ਹਨ ਜੋ ਹੋਰਨਾਂ ਕੈ = ਦੇ ਤਾਈਂ ਵੀ ਪਾਰਸ ਬਣਾਉਣ ਵਾਲੇ ਹਨ।

ਗੁਰ ਅੰਗਦ ਮਿਲਿ ਅੰਗ ਸੰਗ; ਮਿਲਿ ਸੰਗ ਉਧਾਰਸ ॥

ਗੁਰੂ ਨਾਨਕ ਦੇਵ ਜੀ ਨੇ ਆਪਣੇ ਅੰਗਾਂ ਦੇ ਸੰਗ = ਨਾਲ ਮਿਲਿ = ਮਿਲਾ ਕੇ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਜੀ ਬਣਾ ਦਿੱਤਾ, ਫੇਰ ਗੁਰੂ ਅੰਗਦ ਦੇਵ ਜੀ ਦੇ ਸੰਗ = ਨਾਲ ਜੋ ਵੀ ਆ ਕੇ ਮਿਲਿ = ਮਿਲਿਆ ਭਾਵ ਜਿਸ ਨੇ ਵੀ ਗੁਰੂ ਅੰਗਦ ਦੇਵ ਜੀ ਦੀ ਸੰਗਤ ਕੀਤੀ, ਉਸ ਦਾ ਸੰਸਾਰ-ਸਮੁੰਦਰ ਤੋਂ ਉਧਾਰਸ = ਉੱਧਾਰ ਹੋ ਗਿਆ ਭਾਵ ਉਸ ਦਾ ਨਿਸਤਾਰਾ ਹੋ ਗਿਆ।

ਅਕਲ ਕਲਾ ਭਰਪੂਰ; ਸੂੜ੍ ਗਤਿ ਓਤ ਪੋਤ ਮਹਿ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਵਿੱਚ ਆਪਣੀ ਅਕਲ = ਕਲਪਣਾ ਤੋਂ ਰਹਿਤ ਕਲਾ = ਸ਼ਕਤੀ, ਦਿਵਯ ਸ਼ਕਤੀ ਅਜਿਹੀ ਭਰਪੂਰ = ਲਬਾਲਬ ਭਰਨਾ ਕੀਤੀ ਕਿ ਸੂੜ੍ = ਸੂਤ ਦੇ ਓਤ ਪੋਤ = ਤਾਣੇ ਪੇਟੇ ਵਤ ਸਰਬ ਰੂਪਤਾ ਕਰਕੇ ਹੀ ਉਨ੍ਹਾਂ ਦੇ ਅੰਦਰ ਬਾਹਰ ਸਰਬ ਸ਼ਕਤੀਆਂ ਗਤਿ = ਪ੍ਰਾਪਤ ਹੋ ਗਈਆਂ।

ਜਗਮਗ ਜੋਤਿ ਸਰੂਪ ਜੋਤਿ; ਮਿਲਿ ਜੋਤਿ ਜੋਤਿ ਮਹਿ ॥੯॥੩॥

ਆਪਣੀ ਜੋਤ ਮਹਿ = ਵਿੱਚ ਐਸੀ ਜੋਤਿ = ਜੋਤੀ ਮਿਲਿ = ਮਿਲਾਉਣਾ ਕੀਤੀ ਕਿ ਜੋ ਵੀ ਹੋਰ ਕੋਈ ਉਸ ਜੋਤੀ ਸਰੂਪ ਗੁਰੂ ਅੰਗਦ ਦੇਵ ਜੀ ਨੂੰ ਆ ਕੇ ਮਿਲਿਆ, ਉਸ ਦੇ ਅੰਦਰ ਵੀ ਆਤਮਿਕ ਗਿਆਨ, ਬ੍ਰਹਮ ਗਿਆਨ ਦੀ ਜੋਤ ਜਗਮਗਾ ਉੱਠੀ ਭਾਵ ਗਿਆਨ ਦਾ ਪ੍ਰਕਾਸ਼ ਹੋ ਗਿਆ ॥੯॥੩॥

ਅੱਗੇ ਸਤਿਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਬਾਰੇ ਕਥਨ ਕਰਦੇ ਹਨ :

ਅੰਮ੍ਰਿਤ ਦ੍ਰਿਸਟਿ ਨਿਵਾਸ; ਅੰਮ੍ਰਿਤ ਬਚਨ ਅਨਹਦ ਸਬਦ ॥

ਜਿਨ੍ਹਾਂ ਦੀ ਦ੍ਰਿਸਟਿ = ਨਿਗ੍ਹਾ ਵਿੱਚ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਨਿਵਾਸ = ਵਾਸਾ ਹੈ। ਜੈਸਾ ਕਿ :

ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ ॥ *(ਸਵਈਏ ਮਹਲੇ ਦੂਜੇ ਕੇ, ਅੰਗ ੧੩੯੨)*

ਅਤੇ ਜਿਨ੍ਹਾਂ ਦੇ ਅੰਮ੍ਰਿਤ ਬਚਨ = ਵਾਕ ਮਾਨੋ ਸਾਖਸ਼ਾਤ ਅਨਹਦ = ਹੱਦ ਤੋਂ ਰਹਿਤ ਸ਼ਬਦਾਂ ਦੀ ਨਿਆਈਂ ਹਨ।

ਸਤਿਗੁਰ ਅਮਰ ਪ੍ਰਗਾਸ; ਮਿਲਿ ਅੰਮ੍ਰਿਤ ਅੰਮ੍ਰਿਤ ਭਏ ॥੧੦॥

ਜੋ ਅੰਮ੍ਰਿਤ ਸਰੂਪ ਦੂਸਰੇ ਗੁਰੂ ਅੰਗਦ ਦੇਵ ਜੀ ਦੇ ਨਾਲ ਮਿਲਿ = ਮਿਲਾਪ ਕਰ ਕੇ ਸਤਿਗੁਰ = ਸਤਿਗੁਰੂ ਅਮਰਦਾਸ ਸਾਹਿਬ ਜੀ ਸਰੂਪ ਕਰਕੇ ਪ੍ਰਸਿੱਧ ਹੋਏ ਅਤੇ ਪ੍ਰਗਾਸ = ਪ੍ਰਕਾਸ਼ ਸਰੂਪ ਪਰਮੇਸ਼ਰ ਦਾ ਰੂਪ ਹੀ ਭਏ = ਹੋ ਗਏ ॥੧੦॥

ਦੋਹਰਾ ॥ ਅੰਮ੍ਰਿਤ ਬਚਨ ਅਨਹਦ ਸਬਦ; ਅੰਮ੍ਰਿਤ ਦ੍ਰਿਸਟਿ ਨਿਵਾਸ ॥

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਬਚਨ = ਵਾਕਾਂ (ਬੋਲ) ਵਿੱਚ ਵੀ ਅੰਮ੍ਰਿਤ ਹੈ ਭਾਵ ਅੰਮ੍ਰਿਤ ਵਾਂਗ ਮਿੱਠੇ ਤੇ ਕਲਿਆਣਕਾਰੀ ਬਚਨ ਹਨ ਅਤੇ ਅਨਹਦ = ਹੱਦ ਤੋਂ ਰਹਿਤ ਆਪ ਸ਼ਬਦ ਦਾ ਅਭਿਆਸ ਕਰਦੇ ਹਨ ਅਤੇ ਹੋਰਨਾਂ ਤੋਂ ਕਰਾਉਂਦੇ ਹਨ **ਵਾ:** ਗੁਰੂ ਅਮਰਦਾਸ ਸਾਹਿਬ ਜੀ ਸਬਦ = ਉਪਦੇਸ਼ ਅਨਹਦ = ਇਕ-ਰਸ ਕਰਦੇ ਹਨ ਅਤੇ ਉਨ੍ਹਾਂ ਦੀ ਦ੍ਰਿਸਟਿ = ਦ੍ਰਿਸ਼ਟੀ ਵਿੱਚ ਵੀ ਅੰਮ੍ਰਿਤ ਦਾ ਨਿਵਾਸ = ਵਾਸਾ ਹੈ ਭਾਵ ਗੁਰੂ ਸਾਹਿਬ ਜੀ ਅੰਮ੍ਰਿਤ ਮਈ ਦ੍ਰਿਸ਼ਟੀ ਨਾਲ ਸਦਾ ਹੀ ਨਾਮ ਬਾਣੀ ਦੀ ਵਰਖਾ ਕਰਦੇ ਹਨ **ਵਾ:** ਆਪਣੀ ਅੰਮ੍ਰਿਤ ਦ੍ਰਿਸ਼ਟੀ ਨਾਲ ਅਨੇਕਾਂ ਜੀਵਾਂ ਦੇ ਰੋਗ ਕੱਟਦੇ ਹਨ।

ਮਿਲਿ ਅੰਮ੍ਰਿਤ ਅੰਮ੍ਰਿਤ ਭਏ; ਸਤਿਗੁਰ ਅਮਰ ਪ੍ਰਗਾਸ ॥੧੧॥

ਅੰਮ੍ਰਿਤ ਸਰੂਪ ਗੁਰੂ ਅੰਗਦ ਦੇਵ ਸਾਹਿਬ ਜੀ ਨਾਲ ਮਿਲਿ = ਮਿਲਾਪ ਕਰ ਕੇ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਪਦਵੀ ਪ੍ਰਾਪਤ ਕਰ ਕੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਪ੍ਰਗਾਸ = ਪ੍ਰਕਾਸ਼ ਸਰੂਪ ਪ੍ਰਭੂ ਦਾ ਸਰੂਪ ਭਏ = ਹੋਏ ॥੧੧॥

ਅੱਗੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਚਰਨਾਂ ਕਮਲਾਂ ਦੀ ਮਹਿਮਾ ਕਥਨ ਕਰਦੇ ਹਨ :

ਛੰਤ ॥ ਸਤਿਗੁਰ ਅਮਰ ਪ੍ਰਗਾਸ; ਤਾਸ ਚਰਨਾਮ੍ਰਿਤ ਪਾਵੈ ॥

ਜੋ ਪ੍ਰਗਾਸ = ਪ੍ਰਕਾਸ਼ ਸਰੂਪ ਸਤਿਗੁਰੂ ਅਮਰਦਾਸ ਜੀ ਹਨ, ਤਾਸ = ਉਨ੍ਹਾਂ ਦੇ ਚਰਨਾਮ੍ਰਿਤ = ਚਰਨਾਂ ਦਾ ਅੰਮ੍ਰਿਤ ਭਾਵ ਚਰਣ ਪਾਹੁਲ ਜੋ ਅਧਿਕਾਰੀ ਹੋ ਕੇ ਪਾਵੈ = ਪ੍ਰਾਪਤ ਕਰਦਾ ਹੈ।

ਕਾਮ ਨਾਮ ਨਿਹਕਾਮ; ਪਰਮਪਦ ਸਹਜ ਸਮਾਵੈ ॥

ਉਸ ਦੇ ਅੰਦਰ ਜੋ ਕਾਮ = ਕਾਮਨਾ (ਇੱਛਾ) ਹੁੰਦੀ ਹੈ, ਉਹ ਨਿਹਕਾਮ = ਕਾਮਨਾ ਤੋਂ ਰਹਿਤ ਹੋ ਕੇ

ਗੁਰਾਂ ਦੁਆਰਾ ਨਾਮ ਦੀ ਪ੍ਰਾਪਤੀ ਕਰ ਕੇ ਸਹਜ = ਸੁਤੇ-ਸਿਧ ਹੀ ਪਰਮਪਦ = ਵੱਡੀ ਪਦਵੀ ਭਾਵ ਕੈਵਲ ਮੋਖ ਵਿੱਚ ਸਮਾਵੈ = ਸਮਾ, ਲੀਨ ਹੋ ਜਾਂਦਾ ਹੈ।

ਗੁਰਮੁਖਿ ਸੰਧਿ ਸੁਗੰਧਿ; ਸਾਧ ਸੰਗਤਿ ਨਿਜ ਆਸਨ ॥

ਫੇਰ ਗੁਰਮੁਖਿ = ਮੁਖੀ ਗੁਰਾਂ ਨਾਲ ਸੰਧਿ = ਮਿਲ ਕੇ ਉਨ੍ਹਾਂ ਗੁਰਮੁਖ ਜਨਾਂ ਦੀ ਭਗਤੀ, ਕੀਰਤੀ ਰੂਪੀ ਸੁਗੰਧਿ = ਸੁਗੰਧੀ ਸਾਰੇ ਸੰਸਾਰ ਵਿੱਚ ਫੈਲ ਜਾਂਦੀ ਹੈ ਅਤੇ ਸਾਧ = ਸ੍ਰੇਸ਼ਟ ਜਨਾਂ ਦੀ ਸੰਗਤ ਵਿੱਚ ਉਨ੍ਹਾਂ ਦਾ ਮਨ ਭਾ ਜਾਣ ਕਰਕੇ ਉਹ ਨਿਜ = ਆਪਣੇ ਸਰੂਪ ਰੂਪੀ ਆਸਨ ਨੂੰ ਪ੍ਰਾਪਤ ਕਰ ਲੈਂਦੇ ਹਨ।

ਅੰਮ੍ਰਿਤ ਦ੍ਰਿਸਟਿ ਨਿਵਾਸ; ਅੰਮ੍ਰਿਤ ਮੁਖ ਬਚਨ ਪ੍ਰਗਾਸਨ ॥੧੨॥੪॥

ਉਨ੍ਹਾਂ ਦੀ ਦ੍ਰਿਸਟਿ = ਨਿਗ੍ਹਾ ਵਿੱਚ ਅੰਮ੍ਰਿਤ ਨਿਵਾਸ = ਵੱਸਣ ਲੱਗ ਪੈਂਦਾ ਹੈ, ਅਤੇ ਮੁਖ = ਮੂੰਹ ਭਾਵ ਰਸਨਾ ਤੋਂ ਬਚਨ = ਵਾਕ ਵੀ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲੇ ਪ੍ਰਗਾਸਨ = ਪ੍ਰਕਾਸ਼ਨ, ਪ੍ਰਗਟ ਹੋਣ ਲੱਗ ਜਾਂਦੇ ਹਨ ॥੧੨॥੪॥

ਅੱਗੇ ਗੁਰੂ ਅਮਰਦਾਸ ਜੀ ਦੀ ਸੰਗਤ ਜੋ ਗੁਰੂ ਰਾਮਦਾਸ ਜੀ ਨੇ ਕੀਤੀ, ਉਸ ਬਾਬਤ ਕਥਨ ਕਰਦੇ ਹਨ :

ਸੋਰਠਾ ॥

ਬ੍ਰਹਮਾਸਨ ਬਿਸ੍ਰਾਮ; ਗੁਰ ਭਏ ਗੁਰਮੁਖਿ ਸੰਧਿ ਮਿਲਿ ॥

ਗੁਰੂ ਅਮਰਦਾਸ ਜੀ ਦੀ ਸੰਗਤ ਕਰਕੇ (ਗੁਰੂ) ਰਾਮਦਾਸ ਜੀ ਨੇ (ਬ੍ਰਹਮ + ਆਸਨ) ਬ੍ਰਹਮ = ਵਿਆਪਕ ਸਰੂਪ ਵਿਚ ਆਸਨ = ਇਸਥਿਤੀ ਪਾਈ ਅਤੇ ਬਿਸ੍ਰਾਮ = ਵਿਸ਼ੇਸ਼ ਕਰਕੇ ਟਿਕਾਅ ਪਾਇਆ, ਇਸੇ ਕਰਕੇ ਫਿਰ ਗੁਰਮੁਖਿ = ਮੁਖੀ ਗੁਰੂ (ਗੁਰੂ ਅਮਰਦਾਸ ਜੀ) ਨਾਲ ਸੰਧਿ = ਮਿਲਾਪ ਹੋਇਆ, ਉਸੇ ਮਿਲਿ = ਮਿਲਾਪ ਸਦਕਾ ਗੁਰਮੁਖ ਰਾਮਦਾਸ ਤੋਂ ਗੁਰ = ਸਤਿਗੁਰੂ ਰਾਮਦਾਸ ਜੀ ਭਏ = ਹੋ ਗਏ।

ਗੁਰਮੁਖਿ ਰਮਤਾ ਰਾਮ; ਰਾਮ ਨਾਮ ਗੁਰਮੁਖਿ ਭਏ ॥੧੩॥

ਜਦ ਉਹ (ਗੁਰੂ ਰਾਮਦਾਸ ਜੀ) ਰਾਮ = ਰਮੇ ਹੋਏ ਪਰਮੇਸ਼ਰ ਦਾ ਸਰੂਪ ਗੁਰਮੁਖਿ (ਗੁਰ + ਮੁਖਿ) ਗੁਰ = ਗੁਰੂ ਅਮਰਦਾਸ ਜੀ ਦੇ ਮੁਖਿ = ਸਨਮੁਖ ਭਏ = ਹੋਏ ਭਾਵ ਜਦ ਗੁਰੂ ਅਮਰਦਾਸ ਸਾਹਿਬ ਜੀ ਦਾ ਦੀਦਾਰ (ਗੁਰੂ) ਰਾਮਦਾਸ ਜੀ ਨੂੰ ਪ੍ਰਾਪਤ ਹੋਇਆ, ਤਦ ਮੁਖੀ ਗੁਰਾਂ ਦੁਆਰਾ ਰਮਤਾ = ਰਮਣੇ ਯੋਗ ਰਾਮ = ਪਰਮੇਸ਼ਰ ਦਾ ਨਾਮ ਉਚਾਰਨ ਕਰ ਕੇ ਗੁਰੂ ਰਾਮਦਾਸ ਜੀ ਗੁਰਮੁਖ ਸੁਭਾਅ ਵਾਲੇ ਹੋਏ ॥੧੩॥

ਅੱਗੇ ਜੋ ਗੁਰੂ ਰਾਮਦਾਸ ਜੀ ਮਾਲਕ ਹੋ ਕੇ ਵੀ ਦਾਸ ਕਹਾਏ, ਉਸ ਬਾਬਤ ਕਥਨ ਕਰਦੇ ਹਨ :

ਦੋਹਰਾ ॥

ਗੁਰ ਭਏ ਗੁਰਮੁਖਿ ਸੰਧਿ ਮਿਲਿ; ਬ੍ਰਹਮਾਸਨ ਬਿਸ੍ਰਾਮ ॥

ਗੁਰਮੁਖਿ = ਮੁਖੀ ਗੁਰਾਂ ਦੇ ਸੰਧਿ = ਮਿਲਾਪ ਵਿੱਚ ਮਿਲਿ = ਮਿਲਣੇ ਕਰਕੇ (ਗੁਰੂ) ਰਾਮਦਾਸ ਜੀ ਬ੍ਰਹਮਾਸਨ (ਬ੍ਰਹਮ + ਆਸਨ) ਬ੍ਰਹਮ = ਵਿਆਪਕ ਸਰੂਪ ਦੀ ਪ੍ਰਾਪਤੀ ਵਾਲੇ ਤੁਰੀਆ ਪਦ ਰੂਪੀ ਆਸਨ ਵਿੱਚ ਬਿਸ੍ਰਾਮ = ਟਿਕਾਅ ਕਰਕੇ, ਇਸਥਿਤ ਹੋ ਕੇ ਗੁਰ = ਸਤਿਗੁਰੂ ਰਾਮਦਾਸ ਸਰੂਪ ਭਏ = ਹੋਏ।

ਰਾਮ ਨਾਮ ਗੁਰਮੁਖਿ ਭਏ; ਗੁਰਮੁਖਿ ਰਮਤਾ ਰਾਮ ॥੧੪॥

ਸ੍ਰੀ ਗੁਰੂ ਰਾਮਦਾਸ ਜੀ ਨੇ ਰਮਤਾ = ਸਾਰਿਆਂ ਵਿੱਚ ਰਮੇ ਹੋਏ ਸਰਬ-ਵਿਆਪੀ ਰਾਮ = ਪਰਮੇਸ਼ਰ ਦਾ ਸਰੂਪ ਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਗੁਰਮੁਖ ਅਖਵਾਉਣਾ ਕੀਤਾ ਅਤੇ ਰਾਮ = ਪਰਮੇਸ਼ਰ ਦਾ ਨਾਮ ਜਪ ਕੇ ਜਿਥੇ ਆਪ ਗੁਰਮੁਖ ਭਏ = ਹੋਏ, ਉਥੇ ਹੋਰਨਾਂ ਨੂੰ ਵੀ ਪਰਮੇਸ਼ਰ ਦੇ ਨਾਮ ਦਾ ਉਪਦੇਸ਼ ਦੇ ਕੇ ਗੁਰਮੁਖ ਬਣਾਉਣਾ ਕੀਤਾ ॥੧੪॥

ਅੱਗੇ ਜੋ ਚੌਥੇ ਪਾਤਸ਼ਾਹ ਗੁਰੂ ਸਰੂਪ ਵਿੱਚ ਪ੍ਰਗਟੇ, ਉਸ ਬਾਬਤ ਕਥਨ ਕਰਦੇ ਹਨ :

ਛੰਤ ॥ ਗੁਰਮੁਖਿ ਰਮਤਾ ਰਾਮ; ਨਾਮ ਗੁਰਮੁਖਿ ਪ੍ਰਗਟਾਇਓ ॥

ਗੁਰਮੁਖਿ = ਮੁਖੀ ਗੁਰਾਂ ਤੇ ਰਮਤਾ = ਸਾਰਿਆਂ ਵਿੱਚ ਰਮੇ ਹੋਏ ਪਰਮੇਸ਼ਰ ਨੂੰ ਸਾਖਸ਼ਾਤ ਜਾਣ ਕੇ ਗੁਰੂ ਰਾਮਦਾਸ ਜੀ ਨੇ ਆਪਣਾ ਨਾਮ ਗੁਰਮੁਖ ਪ੍ਰਗਟਾਇਓ = ਪ੍ਰਸਿੱਧ ਕੀਤਾ ਭਾਵ ਆਪਣੇ ਆਪ ਨੂੰ ਰਾਮਦਾਸ ਅਖਵਾਉਣਾ ਕੀਤਾ **ਅਥਵਾ** ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਚਲਾਈ ਹੋਈ ਨਿਰਮਲ ਰੀਤੀ ਨੂੰ ਅੱਗੇ ਚਲਾਉਣ ਵਾਸਤੇ (ਰਾਮ + ਦਾਸ) ਰਾਮ = ਪਰਮੇਸ਼ਰ ਦਾ ਦਾਸ = ਸੇਵਕ ਅਖਵਾਉਣਾ ਕੀਤਾ।

ਸਬਦ ਸੁਰਤਿ ਗੁਰ ਗਿਆਨ ਧਿਆਨ; ਗੁਰ ਗੁਰੂ ਕਹਾਇਓ ॥

ਸ੍ਰੀ ਗੁਰੂ ਅਮਰਦਾਸ ਜੀ ਦੇ ਕੋਲੋਂ ਸ਼ਬਦ ਸੁਰਤ ਦਾ ਗਿਆਨ ਪ੍ਰਾਪਤ ਕਰ ਕੇ ਗੁਰ = ਵੱਡੇ ਗੁਰੂ ਭਾਵ ਸਾਰਿਆਂ ਗੁਰੂਆਂ ਦੇ ਗੁਰੂ ਕਹਾਇਓ = ਕਹਾਉਣ ਵਾਲੇ ਸ਼ਿਰੋਮਣੀ ਪਰਮੇਸ਼ਰ ਨੂੰ ਧਿਆਨ ਦੁਆਰਾ ਭਾਵ ਅੰਤਰਮੁਖ ਹੋ ਕੇ ਜਪਿਆ।

ਦੀਪ ਜੋਤ ਮਿਲਿ ਦੀਪ; ਜੋਤਿ ਜਗਮਗ ਅੰਤਰਿ ਉਰ ॥

ਇਸ ਪ੍ਰਕਾਰ ਧਿਆਨ ਦੁਆਰਾ ਸਾਧਦਿਆਂ ਜਦੋਂ ਆਤਮਿਕ ਦੀਪ = ਪ੍ਰਕਾਸ਼ ਪ੍ਰਭੂ ਦੀ ਜੋਤ = ਜੋਤੀ ਵਿੱਚ ਮਿਲਿ = ਰਲ ਗਏ ਭਾਵ ਸ਼ਬਦ ਵਿੱਚ ਸੁਰਤ ਦਾ ਧਿਆਨ ਲਗਾਉਂਦਿਆਂ ਹੋਇਆਂ ਜਦ ਜੀਵ ਈਸ਼ ਦੀ ਏਕਤਾ ਦਾ ਭੇਦ ਖੁੱਲ੍ਹ ਗਿਆ, ਤਦ ਉਰ = ਹਿਰਦੇ ਦੇ ਅੰਤਰਿ = ਵਿੱਚ ਪ੍ਰਭੂ-ਪ੍ਰਾਪਤੀ ਵਾਲੀ ਜੋਤਿ = ਜੋਤੀ ਦਾ ਜਗਮਗ = ਪ੍ਰਕਾਸ਼ ਹੋ ਗਿਆ।

ਗੁਰਮੁਖਿ ਰਮਤਾ ਰਾਮ; ਸੰਧਿ ਗੁਰਮੁਖਿ ਮਿਲਿ ਭਏ ਗੁਰ ॥੧੫॥੫॥

ਇਸ ਅਨੁਭਵ ਵਿੱਚ ਜਿਵੇਂ ਹੀ ਗੁਰਮੁਖਿ = ਮੁਖੀ ਗੁਰਾਂ ਦੇ ਸੰਧਿ = ਮਿਲਾਪ ਵਿੱਚ ਮਿਲਿ = ਮਿਲਣੇ ਕਰਕੇ ਰਮਤਾ = ਰਮੇ ਹੋਏ ਰਾਮ = ਪਰਮੇਸ਼ਰ ਦੇ ਨਾਮ ਨੂੰ ਜਪਣਾ ਕੀਤਾ ਤਾਂ ਰਾਮਦਾਸ ਜੀ ਗੁਰਮੁਖਿ ਤੋਂ ਗੁਰੂ ਰਾਮਦਾਸ ਸਾਹਿਬ ਜੀ ਭਏ = ਹੋਏ ॥੧੫॥੫॥

ਸੋਰਠਾ ॥

ਆਦਿ ਅੰਤ ਬਿਸਮਾਦ; ਫਲ ਦ੍ਰੁਮ ਗੁਰ ਸਿਖ ਸੰਧਿ ਗਤਿ ॥

ਆਦਿ = ਮੁੱਢ, ਪਹਿਲਾਂ ਭਾਵ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਚਰਨਾਂ ਵਿੱਚ ਆਉਣ ਤੋਂ ਪਹਿਲਾਂ ਵੀ **ਵਾ:** ਅਵਤਾਰ ਧਾਰਣ ਤੋਂ ਪਹਿਲਾਂ ਵੀ (ਗੁਰੂ) ਰਾਮਦਾਸ ਸਾਹਿਬ ਜੀ ਬਿਸਮਾਦ = ਅਸਚਰਜ ਸਰੂਪ

ਸਨ ਅਤੇ ਅੰਤ = ਅਖ਼ੀਰ ਨੂੰ ਵੀ ਅਸਚਰਜ ਸਰੂਪ ਹੋਣਗੇ ਭਾਵ ਸ੍ਰੀ ਗੁਰੂ ਸਾਹਿਬ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੋਣ ਤੋਂ ਉਪਰੰਤ **ਵਾ:** ਮਨੁੱਖੀ ਜਾਮੇ ਵਿੱਚ ਸੰਸਾਰੀ ਲੋਕਾਂ ਨੂੰ ਤਾਰਨ ਵਾਸਤੇ ਰਚੇ ਖੇਡ ਨੂੰ ਸਮਾਪਤ ਕਰ ਕੇ ਦੂਸਰੇ ਸਰੂਪ ਵਿੱਚ ਜੋਤ ਜਗਾਉਣ ਦੇ ਸਮੇਂ ਵੀ ਅਸਚਰਜ ਸਰੂਪ ਸਨ। ਇਹ ਗੁਰੂ ਰਾਮਦਾਸ ਸਾਹਿਬ ਜੀ ਨੇ ਫਲ ਅਤੇ ਦ੍ਰੁਮ = ਬਿਰਛ ਵਾਲੀ ਗਤਿ = ਚਾਲ (ਗੀਤੀ) ਅਨੁਸਾਰ ਗੁਰੂ ਤੇ ਸਿੱਖ ਦੀ ਸੰਧਿ = ਮਿਲਾਪ ਦੀ ਮਰਯਾਦਾ ਵੀ ਅਸਚਰਜ ਰੂਪ ਹੀ ਵਰਤਾਈ ਹੈ।

ਆਦਿ ਪਰਮ ਪਰਮਾਦਿ; ਅੰਤ ਅਨੰਤ ਨ ਜਾਨੀਐ ॥੧੬॥

ਸਭ ਦਾ ਆਦਿ = ਮੁੱਢ ਸਰੂਪ, ਸਭ ਤੋਂ ਪਰਮ = ਵੱਡਾ ਤੇ ਪਰਮਾਦਿ = ਸਭ ਤੋਂ ਪਹਿਲਾਂ ਭਾਵ ਜਿਸ ਤੋਂ ਪਰੇ ਆਦਿ ਰੂਪ ਕੋਈ ਨਹੀਂ, ਜੋ ਆਦਿ ਅੰਤ ਤੋਂ ਪਰੇ ਹੈ, ਜਿਸ ਦਾ ਅੰਤ = ਅਖ਼ੀਰ ਨ = ਨਹੀਂ ਜਾਨੀਐ = ਜਾਣਿਆ ਜਾ ਸਕਦਾ ਕਿਉਂਕਿ ਉਹ ਅਨੰਤ = ਬੇਅੰਤ ਸਰੂਪ ਹੈ ॥੧੬॥

ਦੋਹਰਾ ॥

ਫਲ ਦ੍ਰੁਮ ਗੁਰ ਸਿਖ ਸੰਧਿ ਗਤਿ; ਆਦਿ ਅੰਤਿ ਬਿਸਮਾਦ ॥

ਜਿਨ੍ਹਾਂ ਨੇ ਫਲ ਅਤੇ ਦ੍ਰੁਮ = ਬਿਰਛ ਦੇ ਚੱਕਰ ਆਕਾਰ ਚਾਲੇ ਵਾਂਗ ਗੁਰ = ਸਤਿਗੁਰੂ ਅਤੇ ਸਿੱਖ ਦੇ ਸੰਧਿ = ਮਿਲਾਪ ਦੀ ਗਤਿ = ਗੀਤੀ ਨੂੰ ਆਦਿ = ਪਹਿਲਾਂ ਤੇ ਅੰਤਿ = ਅਖ਼ੀਰ ਵਿੱਚ ਬਿਸਮਾਦ = ਅਸਚਰਜ ਰੂਪ ਵਰਤਾਇਆ ਹੈ।

ਅੰਤ ਅਨੰਤ ਨ ਜਾਨੀਐ; ਆਦਿ ਪਰਮ ਪਰਮਾਦਿ ॥੧੭॥

ਅਨੰਤ = ਬੇਅੰਤ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਅੰਤ = ਅਖ਼ੀਰ ਜਾਨੀਐ = ਜਾਣਿਆ ਨ = ਨਹੀਂ ਜਾ ਸਕਦਾ ਕਿਉਂਕਿ ਉਹ ਸਭ ਦਾ ਆਦਿ = ਮੁੱਢ, ਸਭ ਤੋਂ ਪਰਮ = ਸ੍ਰੇਸ਼ਟ ਅਤੇ ਪਰਮਾਦਿ = ਅਸਚਰਜ ਸਰੂਪ ਹਨ **ਵਾ:** ਉਹ ਆਦਿ ਪਰਮ = ਪਰੇ ਤੋਂ ਪਰੇ ਹਨ, ਭਾਵ ਜੋ ਪੰਜ ਸਥੂਲ ਤੱਤਾਂ ਦਾ ਰਚਿਤ ਸੰਸਾਰ ਹੈ ਜਾਂ ਪੰਜਾਂ ਤੱਤਾਂ ਦੀ ਰਚਨਾ ਰਹਿਤ ਸੂਖਮ ਸੰਸਾਰ ਹੈ ਜਾਂ ਸੰਸਾਰ ਦੇ ਕਾਰਨ ਰੂਪ ਹਨ, ਉਨ੍ਹਾਂ ਸਭਨਾਂ ਦਾ ਆਦਿ = ਮੁੱਢ ਰੂਪ ਹਨ ॥੧੭॥

ਅੱਗੇ ਗੁਰੂ ਅਰਜਨ ਦੇਵ ਜੀ ਕਿਸ ਪ੍ਰਕਾਰ ਗੁਰੂ ਰੂਪ ਵਿੱਚ ਪ੍ਰਗਟੇ, ਉਸ ਬਾਬਤ ਕਥਨ ਕਰਦੇ ਹਨ :

ਛੰਤ ॥

ਆਦਿ ਪਰਮ ਪਰਮਾਦਿ; ਨਾਦ ਮਿਲਿ ਨਾਦ ਸਬਦ ਧੁਨਿ ॥

ਜਿਸ ਤਰ੍ਹਾਂ ਨਾਦ = ਸ਼ਬਦ ਨਾਲ ਨਾਦ = ਸ਼ਬਦ ਮਿਲ ਕੇ ਸ਼ਬਦ ਦੀ ਧੁਨਿ = ਧੁਨੀ ਰੂਪ ਭਾਵ ਆਵਾਜ਼ ਰੂਪ ਹੁੰਦਾ ਹੈ। ਇਸੇ ਤਰ੍ਹਾਂ ਜੋ ਸੂਖਮ, ਸਥੂਲ ਸ੍ਰਿਸ਼ਟੀ ਵਿੱਚ ਪਰਮ = ਉਤਕ੍ਰਿਸ਼ਟ ਰੂਪ ਭਾਵ ਸਭ ਤੋਂ ਸ੍ਰੇਸ਼ਟ, ਸਭ ਦਾ ਆਦਿ = ਮੁੱਢ ਸਰੂਪ ਜੀਵਾਤਮਾ ਹੈ, ਉਹ ਪਰਮਾਦਿ (ਪਰਮ + ਆਦਿ) ਪਰਮ = ਸ੍ਰੇਸ਼ਟ ਤੇ ਆਦਿ = ਮੁੱਢ ਸਰੂਪ ਬ੍ਰਹਮ ਵਿੱਚ ਸਮਾ ਕੇ ਉਹੋ ਹੀ ਸਰੂਪ ਹੋ ਜਾਂਦਾ ਹੈ।

ਸਲਿਲਹਿ ਸਲਿਲ ਸਮਾਇ; ਨਾਦ ਸਰਿਤਾ ਸਾਗਰ ਸੁਨਿ ॥

ਜਿਸ ਪ੍ਰਕਾਰ ਸਰਿਤਾ = ਨਦੀ ਦਾ ਸਲਿਲ = ਪਾਣੀ ਨਾਦ = ਗਰਜਦਾ, ਸ਼ੋਰ ਕਰਦਾ ਹੋਇਆ ਸਾਗਰ = ਸਮੁੰਦਰ ਦੇ ਸਲਿਲਹਿ = ਪਾਣੀ ਵਿੱਚ ਸਮਾਇ = ਸਮਾ, ਮਿਲ ਕੇ ਸੁਨਿ = ਸ਼ਾਂਤ ਹੋ ਜਾਂਦਾ ਹੈ **ਅਥਵਾ** ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ ਤੇ ਨਦੀ ਅਤੇ ਸਮੁੰਦਰ ਦਾ ਨਾਮ ਵੱਖਰਾ ਸੁਨਿ = ਸੁਣੀਦਾ ਹੈ, ਪਰੰਤੂ ਅਸਲ ਵਿੱਚ ਇੱਕੋ ਹੀ ਰੂਪ ਹਨ ਕਿਉਂਕਿ ਨਦੀ ਦਾ ਪਾਣੀ ਸਮੁੰਦਰ ਵਿੱਚ ਮਿਲ ਕੇ ਇੱਕੋ ਪਾਣੀ ਦਾ ਰੂਪ ਹੀ ਹੋ ਜਾਂਦਾ ਹੈ।

ਨਰਪਤਿ ਸੁਤ ਨ੍ਰਿਪ ਹੋਤ; ਜੋਤਿ ਗੁਰਮੁਖਿ ਗੁਨ ਗਰਜਨ ॥

ਜਿਸ ਪ੍ਰਕਾਰ ਨਰਪਤਿ = ਰਾਜੇ ਦਾ ਸੁਤ = ਪੁੱਤਰ ਨ੍ਰਿਪ = ਰਾਜਾ ਹੀ ਹੋਤ = ਹੁੰਦਾ ਹੈ, ਜੇਕਰ ਚੰਗੇ ਗੁਣਾਂ ਦੇ ਸਹਿਤ ਹੋਵੇ, ਲਾਇਕ ਹੋਵੇ, ਇਸੇ ਪ੍ਰਕਾਰ ਰਾਜੇ ਦੀ ਨਿਆਈਂ ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਚੰਗੇ ਗੁਣਾਂ ਨਾਲ ਭਰਪੂਰ ਲਾਇਕ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਹੋਏ ਜਿਨ੍ਹਾਂ ਨੇ ਗੁਰਮੁਖਿ = ਮੁਖੀ ਗੁਰੂ ਦੁਆਰਾ ਗੁਨ = ਗੁਣਾਨਵਾਦ ਨੂੰ ਗਰਜਨ = ਉਚਾਰਨ ਕਰ ਕੇ ਬ੍ਰਹਮ ਦੀ ਪ੍ਰਾਪਤੀ ਵਾਲਾ ਜੋਤਿ = ਗਿਆਨ ਪ੍ਰਾਪਤ ਕੀਤਾ।

ਰਾਮ ਨਾਮ ਪਰਸਾਦਿ ਭਏ; ਗੁਰ ਤੇ ਗੁਰੁ ਅਰਜਨ ॥੧੮॥੬॥

ਜਿਨ੍ਹਾਂ ਗੁਰਾਂ ਦਾ ਨਾਮ ਗੁਰੂ ਰਾਮ = ਰਾਮਦਾਸ ਹੈ, ਐਸੇ ਗੁਰ = ਸਤਿਗੁਰਾਂ ਦੀ ਪਰਸਾਦਿ = ਕਿਰਪਾ ਕਰਨੇ ਤੇ = ਤੋਂ ਹੀ ਸ੍ਰੀ ਅਰਜਨ ਜੀ ਗੁਰੂ ਅਰਜਨ ਦੇਵ ਜੀ ਭਏ = ਹੋਏ, ਬਣ ਗਏ ॥੧੮॥੬॥

ਸੋਰਠਾ ॥

ਪੂਰਨ ਬ੍ਰਹਮ ਬਿਬੇਕ; ਆਪਾ ਆਪ ਪ੍ਰਗਾਸ ਹੁਇ ॥

ਆਪਾ = ਜੀਵਤ ਭਾਵ ਦਾ ਬਿਬੇਕ = ਨਿਰਣੇ ਕੀਤਿਆਂ ਇਹ ਆਪ = ਆਪਣਾ ਆਪ ਸਰੂਪ (ਆਤਮਾ) ਹੀ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਸਰੂਪ ਪਰਮਾਤਮਾ ਦਾ ਰੂਪ ਹੀ ਹੁਇ = ਹੋ ਪ੍ਰਗਾਸ = ਪ੍ਰਕਾਸ਼ਦਾ ਹੈ। ਜੈਸਾ ਕਿ :

ਆਤਮੁ ਚੀਨਿ ਪਰਾਤਮੁ ਚੀਨਹੁ...॥ *(ਅੰਗ ੧੦੩੦)*

ਨਾਮ ਦੋਇ ਪ੍ਰਭ ਏਕ; ਗੁਰ ਗੋਬਿੰਦ ਬਖਾਨੀਐ ॥੧੯॥

ਇਹ ਸੰਸਾਰ ਤੇ ਪਰਮੇਸ਼ਰ **ਵਾ:** ਜੀਵ ਤੇ ਈਸ਼ **ਵਾ:** ਆਤਮਾ ਤੇ ਪਰਮਾਤਮਾ ਕਰਕੇ ਹੀ ਦੋਇ = ਦੋ ਨਾਮ ਕਥਨ ਕੀਤੇ ਜਾਂਦੇ ਹਨ, ਪਰੰਤੂ ਪ੍ਰਭ = ਪਰਮੇਸ਼ਰ ਏਕ = ਇੱਕ ਹੀ ਹੈ, ਜੈਸਾ ਕਿ ਗੁਰ = ਗੁਰੂ ਅਤੇ ਗੋਬਿੰਦ ਇਕ ਸਰੂਪ ਹੁੰਦਿਆਂ ਹੋਇਆਂ ਵੀ ਦੋ ਨਾਮਾਂ ਕਰਕੇ ਵੱਖੋ-ਵੱਖਰੇ ਬਖਾਨੀਐ = ਕਥਨ ਕੀਤੇ ਜਾਂਦੇ ਹਨ ॥੧੯॥

ਦੋਹਰਾ ॥ ਆਪ ਆਪਾ ਪ੍ਰਗਾਸ ਹੁਇ; ਪੂਰਨ ਬ੍ਰਹਮ ਬਿਬੇਕ ॥

ਆਪਾ = ਜੀਵਤ ਭਾਵ ਦਾ ਬਿਬੇਕ = ਨਿਰਣਾ ਕੀਤਿਆਂ ਇਹ ਆਪ = ਆਪਣਾ ਆਪ ਸਰੂਪ

ਹੀ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਸਰੂਪ ਪਰਮਾਤਮਾ ਦਾ ਰੂਪ ਹੀ ਹੁਇ = ਹੋ ਪ੍ਰਗਾਸ = ਪ੍ਰਕਾਸ਼ਦਾ ਹੈ।

ਗੁਰ ਗੋਬਿੰਦ ਬਖਾਨੀਐ; ਨਾਮ ਦੋਇ ਪ੍ਰਭ ਏਕ ॥੨੦॥

ਆਤਮਾ ਤੇ ਪਰਮਾਤਮਾ **ਵਾ:** ਜੀਵ ਤੇ ਈਸ਼ ਦੋਇ = ਦੋ ਨਾਮ ਕਥਨ ਕੀਤੇ ਜਾਂਦੇ ਹਨ, ਪਰ ਪ੍ਰਭ = ਪ੍ਰਭੂ ਏਕ = ਇਕ ਹੀ ਹੈ, ਜੈਸਾ ਕਿ ਗੁਰ = ਗੁਰੂ ਤੇ ਗੋਬਿੰਦ = ਪਰਮੇਸ਼ਰ ਇਕ ਸਰੂਪ ਹਨ, ਪਰ ਦੋ ਨਾਮਾਂ (ਨਿਰਗੁਣ ਤੇ ਸਰਗੁਣ) ਕਰਕੇ ਬਖਾਨੀਐ = ਕਥਨ ਕੀਤੇ ਜਾਂਦੇ ਹਨ ॥੨੦॥

ਨੋਟ : ਇਥੇ ਭਾਈ ਸਾਹਿਬ ਜੀ ਨੇ ਸੋਰਠਾ ਅਤੇ ਦੋਹਰਾ ਲਿਖ ਕੇ ਇਹ ਜਣਾਇਆ ਹੈ ਕਿ ਸੋਰਠੇ ਦਾ ਉਲਟਾ ਰੂਪ ਦੋਹਰਾ ਤੇ ਦੋਹਰੇ ਦਾ ਉਲਟਾ ਰੂਪ ਸੋਰਠਾ ਹੁੰਦਾ ਹੈ।

ਹੁਣ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਗਟ ਹੋਣ ਦਾ ਕਥਨ ਕਰਦੇ ਹਨ :

ਛੰਤ ॥ ਨਾਮ ਦੋਇ ਪ੍ਰਭ ਏਕ; ਟੇਕ ਗੁਰਮੁਖਿ ਠਹਰਾਈ ॥

ਏਕ = ਇਕ ਪ੍ਰਭ = ਪਰਮੇਸ਼ਰ ਦੇ ਹੀ ਦੋਇ = ਦੋ ਨਾਮ ਹਨ, ਭਾਵ ਆਪ ਹੀ ਜੀਵ ਰੂਪ ਹੈ ਅਤੇ ਆਪ ਹੀ ਪਾਲਣਾ ਕਰਨ ਵਾਲਾ ਈਸ਼ਵਰ ਰੂਪ ਹੈ। ਗੁਰਮੁਖ ਜਨਾਂ ਨੇ ਇਹੋ ਹੀ ਟੇਕ = ਓਟ ਆਪਣੇ ਮਨ ਵਿੱਚ ਠਹਰਾਈ = ਠਹਿਰਾਉਣਾ, ਪਰਪੱਕ ਕੀਤੀ ਹੈ।

ਆਦਿ ਭਏ ਗੁਰ ਨਾਮ; ਦੁਤੀਆ ਗੋਬਿੰਦ ਬਡਾਈ ॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਦਿ = ਮੁੱਢ ਵਿੱਚ ਪਹਿਲਾਂ ਗੁਰ = ਗੁਰੂ ਹੋ ਕੇ ਦੁਤੀਆ = ਦੂਸਰੇ ਥਾਂ ਉੱਪਰ ਗੋਬਿੰਦ ਨਾਮ ਦੀ ਬਡਾਈ = ਮਹਿਮਾ ਪ੍ਰਗਟ ਕਰ ਕੇ ਗੁਰਸਿੱਖਾਂ ਨੂੰ ਇਹ ਸਿੱਖਿਆ ਨਿਸ਼ਚੇ ਕਰਵਾਈ ਹੈ।

ਅਥਵਾ ਜੋ ਆਦਿ = ਮੁੱਢ ਤੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਤਕ ਨਾਮ ਭਏ = ਹੋਏ ਹਨ, ਉਨ੍ਹਾਂ ਵਿੱਚੋਂ ਹੀ ਦੁਤੀਆ = ਦੋ ਨਾਮ ਵਾਲੇ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਹੋਏ ਅਰਥਾਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਹੀ ਮੀਰੀ ਪੀਰੀ ਦੀ ਸੰਸਾਰ ਵਿਚ ਵਡਿਆਈ ਮਿਲੀ ਹੈ।

ਹਰਿ ਗੁਰ ਹਰਿ ਗੋਬਿੰਦ; ਰਚਨ ਰਚਿ ਥਾਪਿ ਉਥਾਪਨ ॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਹਰਿ = ਪਰਮੇਸ਼ਰ ਦਾ ਸਾਖਸ਼ਾਤ ਸਰੂਪ ਹਨ, ਪਰਮੇਸ਼ਰ ਆਪ ਹੀ ਬ੍ਰਹਮਾ ਰੂਪ ਹੋ ਕੇ ਜਗਤ ਦੀ ਰਚਨਾ = ਪੈਦਾਇਸ਼ ਨੂੰ ਰਚਿ = ਰਚਦਾ ਹੈ ਭਾਵ ਸ੍ਰਿਸ਼ਟੀ ਨੂੰ ਬਣਾਉਂਦਾ ਹੈ ਅਤੇ ਆਪ ਹੀ ਵਿਸ਼ਨੂੰ ਰੂਪ ਹੋ ਕੇ ਥਾਪਿ = ਥਾਪਨਾ ਪਾਲਣਾ ਕਰਦਾ ਹੈ ਅਤੇ ਆਪ ਹੀ ਸ਼ਿਵਜੀ ਰੂਪ ਹੋ ਕੇ ਉਥਾਪਨ = ਮਿਟਾਉਣਾ, ਨਾਸ਼ ਕਰਦਾ ਹੈ **ਵਾ:** ਆਪ ਹੀ ਗੁਰੂ ਸਰੂਪ ਹੋ ਕੇ ਸਿੱਖਾਂ ਦੇ ਹਿਰਦੇ ਵਿੱਚ ਸਤ ਸੰਤੋਖ ਆਦਿ ਸ਼ੁਭ ਗੁਣਾਂ ਦੀ ਰਚਨਾ ਥਾਪਿ = ਅਸਥਾਪਨ ਕਰਦਾ ਹੈ ਅਤੇ ਆਪ ਹੀ ਉਨ੍ਹਾਂ ਸ਼ੁਭ ਗੁਣਾਂ ਨੂੰ ਉਪਦੇਸ਼ ਦੇ ਕੇ ਪਾਲਣਾ ਕਰਦਾ ਹੈ ਅਤੇ ਆਪ ਹੀ ਬੁਰੇ ਕਰਮਾਂ ਨੂੰ ਸਿਖਾਂ ਦੇ ਹਿਰਦਿਆਂ ਵਿੱਚੋਂ ਉਥਾਪਨ = ਪੁੱਟਣਾ, ਕੱਢਣਾ ਕਰਦਾ ਹੈ।

ਪੂਰਨ ਬ੍ਰਹਮ ਬਿਬੇਕ; ਪ੍ਰਗਟ ਹੁਇ ਆਪਾ ਆਪਨ ॥੨੧॥੭॥

ਗੁਰੂ ਸਾਹਿਬ ਜੀ ਨੇ ਇਹ ਪ੍ਰਤੱਖ ਹੀ ਦਿਖਾ ਦਿੱਤਾ ਕਿ ਜਦ ਆਪਾ = ਆਪਣਾ ਆਪਨ = ਆਪ ਸਰੂਪ ਹਿਰਦੇ ਵਿੱਚ ਪ੍ਰਗਟ = ਪ੍ਰਤੱਖ ਹੁਇ = ਹੋ ਆਵੇ ਤਾਂ ਉਸੇ ਵਕਤ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਦੀ ਪ੍ਰਾਪਤੀ ਵਾਲਾ ਬਿਬੇਕ = ਗਿਆਨ ਪ੍ਰਾਪਤ ਹੋ ਜਾਂਦਾ ਹੈ ॥੨੧॥੭॥

ਸੋਰਠਾ ॥

ਬਿਸਮਾਦਹਿ ਬਿਸਮਾਦ; ਅਸਚਰਜਹਿ ਅਸਚਰਜ ਗਤਿ ॥

ਬਿਸਮਾਦਹਿ = ਅਸਚਰਜ ਤੋਂ ਅਸਚਰਜ ਸਰੂਪ ਜੋ ਵਾਹਿਗੁਰੂ **ਵਾ:** ਗੁਰੂ ਹੈ, ਉਸ ਦੀ ਸਭ ਤੋਂ ਸ੍ਰੇਸ਼ਟ ਅਸਚਰਜਹਿ = ਵਿਸਮਾਦ ਤੋਂ ਅਸਚਰਜ = ਵਿਸਮਾਦ ਗਤਿ = ਗੀਤੀ ਹੈ।

ਆਦਿ ਪੁਰਖ ਪਰਮਾਦਿ; ਅਦਭੁਤ ਪਰਮਦਭੁਤ ਭਏ ॥੨੨॥

ਜੋ ਪਰਮਾਦਿ (ਪਰਮ + ਆਦਿ) ਪਰਮ = ਵੱਡਾ ਈਸ਼ਵਰ ਅਤੇ ਮਾਇਆ ਆਦਿ ਸਾਰਿਆਂ ਦਾ ਆਦਿ = ਮੁੱਢ ਰੂਪ ਤੇ ਆਦਿ = ਪਹਿਲਾਂ ਤੋਂ ਹੀ ਇਸਥਿਤ ਰੂਪ ਹੈ ਅਤੇ ਪਰਮਦਭੁਤ = ਮਹਾਨ ਤੋਂ ਮਹਾਨ ਅਨੋਖੇ ਭਾਵ ਤੋਂ ਵੀ ਅਦਭੁਤ = ਵਿਲੱਖਣ ਸਰੂਪ ਪੁਰਖ = ਪੁਰਸ਼ ਭਾਵ ਸਰਗੁਣ ਸਰੂਪ ਵਿੱਚ ਗੁਰੂ ਸਰੂਪ ਭਏ = ਹੋਏ ਹਨ ॥੨॥

ਦੋਹਰਾ ॥

ਅਸਚਰਜਹਿ ਅਸਚਰਜ ਗਤਿ; ਬਿਸਮਾਦਹਿ ਬਿਸਮਾਦ ॥

ਗੁਰੂ **ਵਾ:** ਪਰਮੇਸ਼ਰ ਦੀ ਗਤਿ = ਗੀਤੀ, ਮਰਯਾਦਾ ਅਸਚਰਜਹਿ ਅਸਚਰਜ = ਹੈਰਾਨ ਤੋਂ ਹੈਰਾਨ ਕਰਨ ਵਾਲੀ ਭਾਵ ਅਤਿਅੰਤ ਹੀ ਨਿਰਾਲੀ ਤੇ ਅਨੋਖੀ ਹੈ ਜੋ ਬਿਸਮਾਦਹਿ = ਅਸਚਰਜ ਨੂੰ ਵੀ ਬਿਸਮਾਦ = ਅਸਚਰਜ ਕਰਨ ਵਾਲੀ ਹੈ। ਅਤੇ :

ਅਦਭੁਤ ਪਰਮਦਭੁਤ ਭਏ; ਆਦਿ ਪੁਰਖ ਪਰਮਾਦਿ ॥੨੩॥

ਅਦਭੁਤ = ਵਿਲੱਖਣਤਾ ਐਸੀ ਹੈ ਕਿ ਪਰਮਦਭੁਤ = ਉਸ ਤੋਂ ਵੱਧ ਕੇ ਕੋਈ ਅਨੋਖਾ ਹੋ ਹੀ ਨਹੀਂ ਸਕਦਾ, ਇਸ ਪ੍ਰਕਾਰ ਦੇ ਪਰਮਾਦਿ = ਆਦਿ ਰਹਿਤ (ਪਰਮ + ਆਦਿ) ਆਦਿ = ਮੁੱਢ ਸਰੂਪ ਪ੍ਰਭੂ ਦਾ ਰੂਪ ਪੁਰਖ = ਪੁਰਸ਼ ਭਾਵ ਸਰਗੁਣ ਸਰੂਪ ਵਿੱਚ ਗੁਰੂ ਨਾਨਕ ਦੇਵ ਜੀ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਭਏ = ਹੋਏ ਹਨ।

ਛੰਤ ॥

ਆਦਿ ਪੁਰਖ ਪਰਮਾਦਿ; ਸ੍ਵਾਦ ਰਸ ਗੰਧ ਅਗੋਚਰ ॥

ਜੋ ਪਰਮਾਦਿ (ਪਰਮ + ਆਦਿ) ਪਰਮ = ਸਭ ਤੋਂ ਸ੍ਰੇਸ਼ਟ ਤੇ ਸਭਨਾਂ ਦਾ ਆਦਿ = ਮੁੱਢ ਸਰੂਪ ਪੁਰਖ = ਪੂਰਨ ਪਰਮੇਸ਼ਰ ਹੈ, ਜਿਸ ਦੀ ਪ੍ਰਾਪਤੀ ਦਾ ਸੁਆਦ, ਰਸ, ਗੰਧ = ਸੁਗੰਧੀ ਅਗੋਚਰ = ਪਰੇ ਤੋਂ ਪਰੇ

ਹੈ ਭਾਵ ਸਾਰਿਆਂ ਪਦਾਰਥਾਂ ਨਾਲੋਂ ਸੁਆਦ, ਸਾਰਿਆਂ ਰਸਾਂ ਤੋਂ ਰਸਦਾਇਕ ਤੇ ਸਾਰੀਆਂ ਸੁਗੰਧੀਆਂ ਤੋਂ ਸ੍ਰੇਸ਼ਟ ਸੁਗੰਧੀ ਵਾਲਾ ਪਰਮੇਸ਼ਰ ਹੈ **ਵਾ:** ਜਿਸ ਦਾ ਆਤਮਿਕ ਸ੍ਵਾਦ = ਅਨੰਦ, ਨਾਮ ਦਾ ਰਸ, ਭਗਤੀ ਦੀ ਸੁਗੰਧੀ ਅਗੋਚਰ = ਪਰੇ ਤੋਂ ਪਰੇ ਹੈ।

ਦ੍ਰਿਸਟਿ ਦਰਸ ਅਸਪਰਸ; ਸੁਰਤਿ ਮਤਿ ਸਬਦ ਮਨੋਚਰ ॥

ਅਜਿਹਾ ਹੀ ਦਰਸ = ਦਰਸ਼ਨਾਂ ਦਾ ਆਸਰਾ, ਦ੍ਰਿਸਟਿ = ਦ੍ਰਿਸ਼ਟੀ, ਨੇਤਰ ਆਦਿ ਇੰਦਰੇ ਅਤੇ ਅਸਪਰਸ = ਸਪਰਸ਼ਤਾ ਤੋਂ ਰਹਿਤ ਹੈ, ਸ਼ਬਦ ਦਾ ਆਸਰਾ ਸੁਰਤਿ = ਸੁਰਤੀ, ਮਤਿ = ਬੁੱਧੀ ਮਨੋਚਰ = ਮਨ ਦੀ ਬਿਰਤੀ ਤੋਂ ਉੱਚੇ ਹੋ ਕੇ ਵਰਤਣ ਵਾਲੇ ਗੁਰੂ ਸਾਹਿਬ ਜੀ ਹਨ।

ਲੋਗ ਬੇਦ ਗਤਿ ਗਿਆਨ; ਲਖੇ ਨਹੀ ਅਲਖ ਅਭੇਵਾ ॥

ਲੋਗ = ਲੋਕਾਂ ਦੀ ਗਤਿ = ਮਰਯਾਦਾ, ਰੀਤੀ, ਬੇਦਾਂ ਦਾ ਗਿਆਨ ਇਹ ਵੀ ਗੁਰੂ **ਵਾ:** ਪ੍ਰਭੂ ਨੂੰ ਲਖੇ = ਲਖਣ, ਕਥਨ ਨਹੀਂ ਕਰ ਸਕਦੇ ਕਿਉਂਕਿ ਉਹ ਅਲਖ = ਲਖਣ ਤੋਂ ਰਹਿਤ ਸਰੂਪ ਤੇ ਅਭੇਵਾ = ਭੇਦ ਤੋਂ ਰਹਿਤ ਸਰੂਪ ਹਨ।

ਨੇਤਿ ਨੇਤਿ ਕਰਿ ਨਮੋ ਨਮੋ; ਨਮ ਸਤਿਗੁਰ ਦੇਵਾ ॥੨੪॥੮॥

ਜਿਸ ਦਾ ਨੇਤਿ ਨੇਤਿ = ਅੰਤ ਨਹੀਂ ਹੈ, ਅੰਤ ਨਹੀਂ ਹੈ, ਐਸੇ ਦੇਵਾ = ਪ੍ਰਕਾਸ਼ ਸਰੂਪ ਸਤਿਗੁਰ = ਸੱਚੇ ਗੁਰੂ ਤਾਈਂ ਮੈਂ ਨਮੋ ਨਮੋ = ਨਮਸਕਾਰ ਕਰਿ = ਕਰਦਾ ਹਾਂ, ਨਮਸਕਾਰ ਕਰਦਾ ਹਾਂ, ਨਮ = ਨਮਸਕਾਰ ਕਰਦਾ ਹਾਂ **ਵਾ:** ਮਨ ਕਰਕੇ ਨਮੋ = ਨਮਸਕਾਰ ਕਰਦਾ ਹਾਂ, ਬਾਣੀ ਕਰਕੇ ਨਮੋ = ਨਮਸਕਾਰ ਕਰਦਾ ਹਾਂ ਅਤੇ ਸਰੀਰ ਕਰਕੇ ਵੀ ਨਮ = ਨਮਸਕਾਰ ਕਰਦਾ ਹਾਂ ॥੨੪॥੮॥

ਸਿਧਾਂਤ : ਇਹ ਹੈ ਕਿ (ਨੇਤਿ ਨੇਤਿ) ਸ਼ਬਦ ਦੋ ਵਾਰ ਕਹਿ ਕੇ ਭਾਈ ਸਾਹਿਬ ਜੀ ਨੇ ਪ੍ਰਤੱਖ ਪ੍ਰਮਾਣ ਅਤੇ ਸ਼ਬਦ ਪ੍ਰਮਾਣ ਆਦਿ, ਕਿਸੇ ਢੰਗ ਨਾਲ ਵੀ ਉਸ ਦਾ ਨਿੱਖਰਵਾਂ ਨਿਰਣਾ ਨਹੀਂ ਕੀਤਾ ਜਾ ਸਕਦਾ, ਇਸ ਕਰਕੇ ਤਿੰਨ ਵਾਰ ਮਨ, ਬਾਣੀ, ਸਰੀਰ ਕਰਕੇ ਪ੍ਰਣਾਮ ਹੀ ਕੀਤੀ ਜਾ ਸਕਦੀ ਹੈ। ਇਹ ਵੀ ਗੱਲ ਸਪੱਸ਼ਟ ਹੈ ਕਿ ਭਾਈ ਸਾਹਿਬ ਜੀ ਦਾ ਸਿਧਾਂਤ ਇਉਂ ਲੱਗਦਾ ਹੈ ਕਿ ਸੀਸ ਨਿਵਾਣ ਆਦਿ ਇਹ ਤਾਂ ਨਮਸਕਾਰ ਕਰਨ ਦੀ ਰੀਤ ਹੈ ਹੀ, ਪਰ ਇਸ ਤੋਂ ਅਗਲੀ ਨਮਸਕਾਰ ਦੀ ਰੀਤ ਦਰਸਾ ਰਹੇ ਹਨ ਕਿ, ਅਸਲ ਗੱਲ ਇਹ ਹੈ ਕਿ ਜਿਥੇ ਕੋਈ ਆਪਣੀ ਵਾਹ ਨਹੀਂ ਚੱਲਦੀ ਵੇਖ ਕੇ ਅਸਮਰੱਥਾ ਦਾ ਇਕਰਾਰ ਕੀਤਾ, ਕਿਉਂਕਿ ਨਮਸਕਾਰ ਕਹਿ ਕੇ ਹੀ ਹਾਰ ਸਵੀਕਾਰ ਕਰੀਦੀ ਹੈ, ਇਸੇ ਤਰ੍ਹਾਂ ਹੀ ਸਤਿਗੁਰਾਂ ਦੇ ਸਰੂਪ ਯਥਾਰਥ ਗਿਆਨ ਕਰਾਉਣ ਵਿਖੇ ਆਪਣੇ ਆਪ ਨੂੰ ਨਿਤਾਣਾ, ਅਸਮਰੱਥਾਵਾਨ ਕਹਿ ਕੇ ਵਰਣਨ ਕੀਤਾ ਹੈ।

ਨੋਟ : ਜੋ ਇਹ ॥੨੪। ਅੰਕ ਦੇ ਨਾਲ ॥੮॥ ਅੰਕ ਦਿੱਤਾ ਹੈ, ਇਸ਼ ਨੂੰ ਵਾਧੂ ਨਹੀਂ ਸਮਝਣਾ, ਜਿਵੇਂ ਮੁੱਢ ਵਿਚ ਭਾਈ ਸਾਹਿਬ ਜੀ ਨੇ ਸੋਰਠਾ, ਦੋਹਰਾ, ਛੰਤ, ਇਨ੍ਹਾਂ ਨੂੰ ॥੩॥੧॥ ਅੰਕ ਨਾਲ ਸੰਬੋਧਨ ਕੀਤਾ ਹੈ, ਉਸ ਤੋਂ ਬਾਅਦ ॥੬॥੨॥, ॥੯॥੩॥, ॥੧੨॥੪॥, ॥੧੫॥੫॥, ॥੧੮॥੬॥, ॥੨੧॥੭॥, ਇਵੇਂ ਅਖ਼ੀਰ ਵਿਚ ॥੨੪॥੮॥ ਅੰਕ ਲਿਖਿਆ ਹੈ।

ਹੁਣ ਮੰਗਲਾਂ ਤੋਂ ਬਾਅਦ ਕਬਿੱਤ ਸਵੱਯੇ ਨਾਮੇ ਗ੍ਰੰਥ ਦੇ ਆਰੰਭ ਵਿਚ ਹੀ ਗੁਰੂ ਦਰਸ਼ਨਾਂ ਦੇ ਪ੍ਰਤਾਪ ਨੂੰ ਵਰਣਨ ਕਰਦੇ ਹਨ।

ਕਬਿੱਤ (ਆਰੰਭ)

ਦਰਸਨ ਦੇਖਤ ਹੀ ਸੁਧਿ ਕੀ ਨ ਸੁਧਿ ਰਹੀ; ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ॥

ਗੁਰੂ ਸਾਹਿਬ ਜੀ ਦੇ ਸਰਗੁਣ ਸਰੂਪ ਦੇ ਦਰਸਨ = ਦੀਦਾਰ ਦੇਖਤ = ਦੇਖਦਿਆਂ ਹੀ ਜੋ ਉਨ੍ਹਾਂ ਦੇ ਸਰੂਪ ਵਿੱਚੋਂ ਨਿਰਗੁਣ ਸਰੂਪ ਪ੍ਰਭੂ ਦੀ ਝਲਕ ਪਈ ਤਾਂ ਸੁਧਿ = ਖ਼ਬਰ ਵਾਲਿਆਂ ਦੀ ਸੁਧਿ = ਖ਼ਬਰ ਥਾਂ ਸਿਰ ਨਾ ਰਹੀ ਭਾਵ ਜੋ ਚਿੱਤ ਦੀ ਚਿਤਵਨ ਸ਼ਕਤੀ ਸੀ, ਉਹ ਵਿਸਰ ਗਈ ਅਰਥਾਤ ਜੋ ਗੱਲਾਂ ਵਾਰ ਵਾਰ ਚੇਤੇ ਆਉਂਦੀਆਂ ਸਨ ਅਤੇ ਸੰਸਕਾਰ ਦੇ ਰੂਪ ਵਿੱਚ ਅੰਦਰ ਉੱਠਦੀਆਂ ਸਨ, ਉਹ ਸਭ ਵਿਸਰ ਗਈਆਂ ਅਤੇ ਬੁਧਿ = ਬੁੱਧੀ ਦੇ ਅੰਦਰ ਬੁਝਣ ਵਾਲੀ ਬਿਰਤੀ ਬੁਧਿ = ਬੁੱਧੀ ਦੇ ਅੰਦਰੋਂ ਅਲੋਪ ਹੋ ਕੇ ਰਹੀ = ਰਹਿ ਗਈ ਅਤੇ ਮਤਿ = ਬੁੱਧੀ ਮੈ = ਵਿੱਚੋਂ ਅਸ੍ਸ਼ੇਸ਼ਟ ਮਤਿ = ਬੁੱਧੀ ਨਾ ਰਹੀ ਭਾਵ ਬੁੱਧੀ ਵੀ ਅਲੋਪ ਹੋ ਗਈ।

ਸੁਰਤਿ ਮੈ ਨ ਸੁਰਤਿ, ਅਉ ਧਿਆਨ ਮੈ ਨ ਧਿਆਨ ਰਹਿਓ;

ਸੁਰਤਿ = ਸੁਰਤੀ (ਸਮਝਣ ਵਾਲੀ ਤਾਕਤ) ਮੈ = ਵਿੱਚ ਪਦਾਰਥਾਂ ਨੂੰ ਸਮਝਣ ਵਾਲੀ ਸੁਰਤਿ = ਸੁਰਤੀ ਨਾ ਰਹੀ ਅਉ = ਅਤੇ ਧਿਆਨ = ਖ਼ਿਆਲ ਮੈ = ਵਿੱਚ ਦੁਨਿਆਵੀ ਸੋਚ ਵਿਚਾਰ ਵਾਲਾ ਧਿਆਨੁ = ਖ਼ਿਆਲ ਹੀ ਨ = ਨਾ ਰਹਿਓ = ਰਿਹਾ।

ਗਿਆਨ ਮੈ ਨ ਗਿਆਨ ਰਹਿਓ, ਗਤਿ ਮੈ ਨ ਗਤਿ ਹੈ॥

ਗਿਆਨ ਮੈ = ਵਿੱਚ ਗਿਆਨ ਨ = ਨਾ ਰਹਿਓ = ਰਿਹਾ ਭਾਵ ਜੋ ਅੰਦਰ ਗਿਆਤ ਦੀ ਤਾਕਤ ਜਾਂ ਜੋ ਕੁਝ ਜਾਣਿਆ ਹੋਇਆ ਸੀ, ਉਹ ਜਾਣਕਾਰੀ ਅੰਦਰੋਂ ਉੱਡ ਗਈ ਅਤੇ ਗਤਿ = ਗੀਤੀ, ਢੰਗ, ਮਰਯਾਦਾ ਮੈ = ਵਿੱਚ ਨਾ ਗਤਿ = ਗੀਤੀ ਰਹੀ ਹੈ ਭਾਵ ਜੋ ਹਰ ਇਕ ਗੱਲ ਦੀ ਤਹਿ ਵਿੱਚ ਪਹੁੰਚਣ ਜਾਂ ਪਰਵਿਰਤ ਹੋਣ ਵਾਲੀ ਸ਼ਕਤੀ ਸੀ, ਉਹ ਦਸ਼ਾ ਵੀ ਨਾ ਰਹੀ।

ਧੀਰਜ ਕੋ ਧੀਰਜ, ਗਰਬ ਕੋ ਗਰਬੁ ਗਇਓ;

ਧੀਰਜ = ਚਿੱਤ ਬਿਰਤੀ ਵਿੱਚ ਟਿਕਾਉ ਕੋ = ਦਾ ਧੀਰਜ = ਧੀਰਜਤਾ ਵਾਲਾ ਸੁਭਾਅ, ਗਰਬ = ਹੰਕਾਰ ਕੋ = ਦਾ ਗਰਬੁ = ਹੰਕਾਰਪੁਣਾ ਚਲਾ ਗਇਓ = ਗਿਆ।

ਰਤਿ ਮੈ ਨ ਰਤਿ ਰਹੀ, ਪਤਿ ਰਤਿ ਪਤਿ ਹੈ॥

ਰਤਿ = ਪ੍ਰੀਤੀ ਮੈ = ਵਿੱਚ ਰਤਿ = ਪ੍ਰੀਤੀ ਨ = ਨਾ ਰਹੀ ਭਾਵ ਦੁਨਿਆਵੀ ਪ੍ਰੀਤੀ ਦਾ ਅਭਾਵ ਹੋ ਗਿਆ ਅਤੇ ਪਤਿ = ਪ੍ਰਤਿਸ਼ਟਾ ਵੀ ਰਤਿ ਪਤਿ = ਲੱਥਪੱਥ ਹੋ ਗਈ ਭਾਵ ਖ਼ੁਆਰ ਹੋ ਗਈ **ਅਥਵਾ** ਜੋ ਪ੍ਰਤਿਸ਼ਟਾ ਵਿੱਚ ਅਭਿਮਾਨ ਸੀ, ਉਸ ਦਾ ਅਭਾਵ ਹੋ ਗਿਆ।

ਅਦਭੁਤ ਪਰਮਦਭੁਤ, ਬਿਸਮੈ ਬਿਸਮ;

ਉਸ ਹਾਲਤ ਨੂੰ ਕਿਵੇਂ ਕਥਨ ਕੀਤਾ ਜਾਵੇ, ਜੋ ਅਦਭੁਤ = ਵਿਲੱਖਣ ਤੋਂ ਵੀ ਪਰਮਦਭੁਤ = ਮਹਾਨ ਵਿਲੱਖਣ ਤੇ ਬਿਸਮੈ = ਅਸਚਰਜ ਤੋਂ ਵੀ ਬਿਸਮ = ਅਸਚਰਜ ਸਰੂਪ ਹੈ। ਅਤੇ :

ਅਸਚਰਜੈ ਅਸਚਰਜ ਅਤਿ ਅਤਿ ਹੈ ॥੧॥੯॥

ਅਤਿ = ਅਤਿਅੰਤ ਅਸਚਰਜੈ = ਵਿਸਮਾਦ ਸਰੂਪ ਤੇ ਅਤਿ = ਅਤਿਅੰਤ ਅਸਚਰਜ = ਹੈਰਾਨਗੀ ਵਾਲੀ ਦਸ਼ਾ ਹੈ ॥੧॥੯॥

ਨੋਟ : ਇਸ ਕਬਿੱਤ ਦੀ ਸਮਾਪਤੀ 'ਤੇ ॥੧॥੯॥ ਅੰਕ ਹੈ ਅਤੇ ਇਸ ਤੋਂ ਅਗਲੇ ਕਬਿੱਤ ਦੇ ਅੰਤ ਵਿੱਚ ॥੨॥੧੦॥ ਅੰਕ ਅਰੁ ਫੇਰ ਅੱਗੇ ਸਿਲਸਿਲੇਵਾਰ ॥੧੧॥ ਤੋਂ ਚੱਲ ਕੇ ਇਕ ਇਕ ਅੰਕ ਜਾ ਕੇ ਹੀ ॥੧੨॥, ॥੧੩॥ ਆਦਿ ਚੱਲਦੇ ਹਨ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਪਿੱਛੇ ਮੰਗਲਾਚਰਣ ਵਿੱਚ ਸੋਰਠਾ, ਦੋਹਾ ਤੇ ਛੰਤ, ਇਨ੍ਹਾਂ ਤਿੰਨਾਂ ਨੂੰ ਇਕ ਅੰਕ ਵਿੱਚ ਗਿਣਿਆ ਹੈ। ਇਉਂ ੨੪ ਅੰਕਾਂ ਦੇ ਅੱਠ ਅੰਕ ਬਣੇ ਹਨ ਤੇ ਇਹ ਕਬਿੱਤ ਮੰਗਲਮਈ ਹੋਣ ਕਰਕੇ ॥੯॥ ਪਰ ਗ੍ਰੰਥ ਆਰੰਭ ਦਾ ਮੰਗਲ ਹੋਣ ਕਾਰਨ ॥੧॥੯॥ ਹੋ ਗਿਆ ਅਤੇ ਐਸਾ ਹੀ ਅਗਲਾ ਕਬਿੱਤ ਭੀ ਗੁਰੂ ਦਰਸ਼ਨ ਪ੍ਰਾਪਤੀ, ਗੁਰਮੁਖੀ ਮਹੱਤ ਉੱਪਰ ਹੈ। ਇਸ ਲਈ ਉਹ ਭੀ ਇਸੇ ਸ਼੍ਰੇਣੀ ਵਿੱਚ ਗਿਣਿਆ ਜਾਣ ਕਰਕੇ ॥੨॥੧੦॥ ਹੋਇਆ।

ਦਸਮ ਸਥਾਨ ਕੇ ਸਮਾਨਿ ਕਉਨ ਭਉਨ ਕਹੌਂ;

ਦਸਮ = ਦਸਵੇਂ ਸਥਾਨ = ਥਾਂ ਭਾਵ ਦਸਮ ਦੁਆਰ ਕੇ = ਦੇ ਸਮਾਨਿ = ਬਰਾਬਰ ਕਉਨ = ਕਿਹੜਾ ਭਉਨ = ਥਾਂ (ਟਿਕਾਣਾ) ਕਹੌਂ = ਦੱਸਣਾ ਕਰਾਂ;

ਗੁਰਮੁਖ ਪਾਵੈ ਸੁ ਤਉ ਅਨਤ ਨ ਪਾਵਈ ॥

ਸੁ = ਉਹ ਥਾਂ ਤਉ = ਤਾਂ ਗੁਰਮੁਖਿ = ਮੁਖੀ ਗੁਰਾਂ **ਵਾ:** ਗੁਰਮੁਖਾਂ ਰਾਹੀਂ ਜਾਂ ਗੁਰਮੁਖ ਬਣ ਕੇ ਹੀ ਪਾਵੈ = ਪਾਉਣਾ ਕਰੀਦਾ ਹੈ, ਅਨਤ = ਹੋਰ ਕਿਤੋਂ ਵੀ ਨ = ਨਹੀਂ ਪਾਵਈ = ਪਾਇਆ ਜਾ ਸਕਦਾ।

ਉਨਮਨੀ ਜੋਤਿ ਪਟੰਤਰ ਦੀਜੈ ਕਉਨ ਜੋਤਿ;
ਦਇਆ ਕੈ ਦਿਖਾਵੈ ਜਾਹੀ ਤਾਹੀ ਬਨਿ ਆਵਈ ॥

ਉਨਮਨੀ = ਗਿਆਨ ਅਵਸਥਾ **ਵਾ:** ਦਸਮ ਦੁਆਰ, ਤੁਰੀਆ ਪਦ ਰੂਪੀ ਅਵਸਥਾ ਰੂਪ ਜੋਤਿ = ਜੋਤੀ ਦੀ ਕਉਨ = ਕਿਹੜੀ ਜੋਤਿ = ਜੋਤੀ ਪਟੰਤਰ = ਬਰਾਬਰੀ ਲਈ ਦੀਜੈ = ਦੱਸਣਾ ਕਰਾਂ, ਜਾਹੀ = ਜਿਸ ਉਪਰ ਦਇਆ = ਤਰਸ ਕੈ = ਕਰ ਕੇ ਪੂਰਨ ਗੁਰੂ ਕਿਰਪਾ ਕਰ ਕੇ ਇਸ ਜੋਤੀ ਨੂੰ ਦਿਖਾਵੈ = ਦਿਖਾ ਦੇਣਾ ਕਰਨ, ਤਾਹੀ = ਉਸ ਗੁਰਮੁਖ ਨੂੰ ਹੀ ਇਹ ਦਸਮ ਦੁਆਰ, ਗਿਆਨ ਅਵਸਥਾ ਆਦਿ ਬਣ ਆਵਈ = ਆਉਂਦੀ ਹੈ।

ਅਨਹਦ ਨਾਦ ਸਮਸਰਿ ਨਾਦ ਬਾਦ ਕਉਨ;
ਸ੍ਰੀ ਗੁਰ ਸੁਨਾਵੈ ਜਾਹਿ ਸੋਈ ਲਿਵ ਲਾਵਈ ॥

ਅਨਹਦ = ਹੱਦ ਤੋਂ ਰਹਿਤ ਨਾਦ = ਧੁਨੀ ਲਈ ਕਉਨ = ਕਿਹੜੇ ਬਾਦ = ਵਾਜੇ ਦੀ ਨਾਦ = ਧੁਨੀ ਨੂੰ ਸਮਸਰਿ = ਬਰਾਬਰ ਆਖਣਾ ਕਰ, ਜਾਹਿ = ਜਿਸ ਕਿਸੇ ਨੂੰ ਸ੍ਰੀ = ਸ਼੍ਰੋਮਣੀ ਗੁਰ = ਸਤਿਗੁਰੂ ਜੀ ਇਹ ਅਗੰਮੀ ਧੁਨੀ ਸੁਨਾਵੈ = ਸੁਨਾਉਣਾ ਕਰਨ, ਸੋਈ = ਉਹੋ ਹੀ ਲਿਵ = ਬਿਰਤੀ ਨੂੰ ਇਕ-ਰਸ ਲਾਵਈ = ਲਾ ਸਕਦਾ ਹੈ।

ਨਿਝਰ ਅਪਾਰ ਧਾਰ ਤੁਲਿ ਨ ਅੰਮ੍ਰਿਤ ਰਸ;
ਅਪਿਉ ਪੀਆਵੈ ਜਾਹਿ, ਤਾਹੀ ਮੈ ਸਮਾਵਈ ॥੨॥੧੦॥

ਨਿਝਰ = ਨਿਰੰਤਰ, ਇਕ-ਰਸ ਝਰਨ ਵਾਲੀ ਧਾਰ ਜੋ ਅਪਾਰ = ਬੇਅੰਤ ਹੈ, ਉਹ ਅੰਦਰ ਪ੍ਰਗਟ ਹੋਣਾ ਕਰਦੀ ਹੈ, ਜਿਸ ਸੁਆਦ ਦੇ ਤੁਲਿ = ਬਰਾਬਰ ਹੋਰ ਕੋਈ ਵੀ ਨਹੀਂ ਹੈ ਕਿਉਂਕਿ ਉਹ ਅੰਮ੍ਰਿਤ ਰਸ ਵਾਂਗ ਰਸਦਾਇਕ ਹੈ। ਜਾਹਿ = ਜਿਸ ਕਿਸੇ ਗੁਰਮੁਖ ਨੂੰ ਇਹ ਅਪਿਉ = ਅੰਮ੍ਰਿਤ ਰਸ ਗੁਰਾਂ ਨੇ ਪੀਆਵੈ = ਪਿਲਾਉਣਾ ਕੀਤਾ ਹੈ, ਤਾਹੀ = ਉਹ ਉਸ ਵਾਹਿਗੁਰੂ ਦੇ ਸਰੂਪ ਮੈ = ਵਿੱਚ ਸਮਾਵਈ = ਸਮਾ ਜਾਂਦਾ ਹੈ॥੨॥੧੦॥

ਗੁਰ ਸਿਖ ਸੰਧਿ ਮਿਲੇ, ਬੀਸ ਇਕ ਈਸ ਈਸ;
ਇਤ ਤੇ ਉਲੰਘਿ, ਉਤ ਜਾਇ ਠਹਰਾਵਈ ॥

ਗੁਰ = ਗੁਰੂ ਅਤੇ ਸਿੱਖ ਦੇ ਸੰਧਿ = ਮਿਲਾਪ ਦੇ ਮਿਲੇ = ਮਿਲਦਿਆਂ, ਭਾਵ ਗੁਰੂ ਅਤੇ ਸਿੱਖ ਦਾ ਆਪਸ ਵਿਚਦੀ ਪਤੀਜਦਿਆਂ ਭਾਵ ਐਸੀ ਮਿਲਣੀ ਗੁਰੂ ਅਤੇ ਸਿੱਖ ਦੀ ਹੋਈ ਤਾਂ ਉਹ ਸਿੱਖ ਈਸ = ਇਸ ਤਰ੍ਹਾਂ ਬੀਸ = ਇਸ ਸੰਸਾਰ ਨੂੰ ਇਤ = ਇਧਰੋਂ ਤੇ = ਤੋਂ ਉਲੰਘਿ = ਟੱਪ ਗਿਆ, ਭਾਵ ਜਨਮ ਮਰਨ ਤੋਂ ਰਹਿਤ ਹੋ ਗਿਆ ਅਤੇ ਜੋ ਪ੍ਰਭੂ ਸਰਬ-ਵਿਆਪੀ ਹੈ, ਉਹ ਉਤ = ਉਸ ਦੇ ਸੱਚਖੰਡ ਰੂਪੀ ਮਹੱਲ ਵਿੱਚ ਜਾਇ = ਜਾ ਕੇ ਠਹਰਾਵਈ = ਠਹਿਰ ਗਿਆ, ਭਾਵ ਉਸ ਦੇ ਸਰੂਪ ਵਿੱਚ ਅਭੇਦ ਹੋ ਗਿਆ।

ਚਰਮ ਦ੍ਰਿਸਟਿ ਮੂੰਦ, ਪੇਖੈ ਦਿਬ ਦ੍ਰਿਸਟਿ ਕੈ;
ਜਗਮਗ ਜੋਤਿ ਉਨਮਨੀ ਸੁਧਿ ਪਾਵਈ ॥

ਚਰਮ = ਚੰਮ ਦੀ ਦ੍ਰਿਸਟਿ = ਦ੍ਰਿਸ਼ਟੀ ਭਾਵ ਬਾਹਰਲੀਆਂ ਪ੍ਰਤੱਖ ਅੱਖਾਂ ਨੂੰ ਮੂੰਦ = ਬੰਦ ਕਰ ਕੇ ਜਦੋਂ ਸਿੱਖ ਦਿਬ ਦ੍ਰਿਸ਼ਟਿ = ਅੰਦਰਲੇ ਮਨ ਬੁੱਧ ਰੂਪ ਨੇਤਰਾਂ ਨਾਲ ਧਿਆਨ ਕੈ = ਕਰ ਕੇ ਪੇਖੈ = ਦੇਖਣਾ ਕਰਦਾ ਹੈ, ਤਦੋਂ ਉਨਮਨੀ = ਗਿਆਨ ਅਵਸਥਾ, ਦਸਮ ਦੁਆਰ, ਤੁਰੀਆ ਪਦ ਰੂਪੀ ਅਵਸਥਾ ਵਿਚ ਜਗਮਗ = ਦਗ ਦਗ ਕਰ ਰਹੀ ਨਿਰੰਕਾਰੀ ਜੋਤਿ = ਪ੍ਰਕਾਸ਼ ਦੀ ਸੁਧਿ = ਗਿਆਨ, ਸ਼ੁਭ ਸਿੱਖ ਨੇ ਪਾਵਈ = ਪਾਉਣਾ ਕੀਤੀ।

ਸੁਰਤਿ ਸੰਕੋਚਤ ਹੀ, ਬਜਰ ਕਪਾਟ ਖੋਲਿ;
ਨਾਦ ਬਾਦ ਪਰੈ, ਅਨਹਤ ਲਿਵ ਲਾਵਈ ॥

ਇਸ ਦਾ ਮਤਲਬ ਹੈ ਕਿ ਸੁਰਤਿ = ਬਿਰਤੀ ਨੂੰ ਸੰਕੋਚਤ = ਸਮੇਟਦਿਆਂ, ਸੰਕੋਚਦਿਆਂ ਸਾਰ ਹੀ, ਭਾਵ ਸੰਸਾਰੀ ਪਸਾਰੇ ਵੱਲੋਂ ਬਿਰਤੀ ਨੂੰ ਅੰਤਰਮੁਖ ਕਰਦਿਆਂ ਹੀ ਮੋਖਸ਼ ਦੁਆਰ ਦੇ ਬਜਰ = ਕਰੜੇ ਸਖ਼ਤ ਆਸਾ ਅੰਦੇਸਾ ਰੂਪ ਕਪਾਟ = ਕਿਵਾੜਾਂ, ਤਖ਼ਤਿਆਂ ਨੂੰ ਗੁਰ-ਉਪਦੇਸ਼ ਦੁਆਰਾ ਖੋਲ੍ਹ ਕੇ ਬਾਦ = ਵਾਜੇ ਆਦਿ ਸਾਜ਼ਾਂ ਦੀ ਨਾਦ = ਧੁਨੀ ਤੋਂ ਪਰੇ ਅਨਹਤ = ਹੱਦ ਤੋਂ ਰਹਿਤ ਧੁਨੀ ਵਿਚ ਲਿਵ = ਬਿਰਤੀ ਲਾਵਈ = ਲੱਗ ਜਾਂਦੀ ਹੈ।

ਬਚਨ ਬਿਸਰਜਿਤ ਅਨ ਰਸ ਰਹਿਤ ਹੁਇ;
ਨਿਝਰ ਅਪਾਰ ਧਾਰ ਅਪਿਉ ਪੀਆਵਈ ॥੧੧॥

ਜਦ ਸਿੱਖ ਜਗਿਆਸੂ ਬਾਹਰਲੇ ਨਿੰਦਿਆ ਆਦਿ ਦੇ ਬਚਨ = ਵਾਕ ਬਿਸਰਜਿਤ = ਤਿਆਗ ਕੇ ਤੇ

ਅਨ ਰਸ = ਬਾਹਰਲੇ ਰਸਾਂ ਦੇ ਸੁਆਦਾਂ ਤੋਂ ਰਹਿਤ ਹੁਇ = ਹੋਇਆ ਤਾਂ ਨਿਝਰ = ਨਿਰੰਤਰ ਇਕ-ਰਸ ਝਰ ਰਹੀ ਅਪਾਰ = ਬੇਅੰਤ ਧਾਰਾ ਵਾਂਗ ਅਪਿਉ = ਅੰਮ੍ਰਿਤ ਰਸ ਧਾਰਾ ਨੂੰ ਪੀਆਵਈ = ਪੀਣਾ ਕਰਦਾ ਹੈ ॥੧੧॥

ਜਉ ਲਉ ਅਨ ਰਸ ਬਸਿ, ਤਉ ਲਉ ਨਹੀ ਪ੍ਰੇਮ ਰਸੁ;
ਜਉ ਲਉ ਆਨ ਧਿਆਨ, ਆਪਿ ਆਪੁ ਨਹੀ ਦੇਖੀਐ ॥

ਜਉ = ਜਦੋਂ ਲਉ = ਤਕ ਜੀਵ ਸ਼ਬਦ, ਸਪਰਸ਼ ਰੂਪ ਰਸ ਗੰਧ ਆਦਿ ਅਨ ਰਸ = ਹੋਰਨਾਂ ਰਸਾਂ ਅਤੇ ਪਦਾਰਥਾਂ ਦੇ ਬਸਿ = ਅਧੀਨ ਹੈ, ਤਉ = ਤਦੋਂ ਲਉ = ਤਕ ਪ੍ਰਭੂ ਪ੍ਰਾਪਤੀ ਵਾਲਾ ਹਿਰਦੇ ਵਿਚ ਪ੍ਰੇਮ ਰਸ ਪ੍ਰਾਪਤ ਨਹੀਂ ਹੁੰਦਾ।

ਇਸੇ ਤਰ੍ਹਾਂ ਜਉ = ਜਦੋਂ ਲਉ = ਤਕ ਆਨ = ਹੋਰਨਾਂ ਪਦਾਰਥਾਂ ਵਿਚ ਧਿਆਨ = ਖ਼ਿਆਲ ਹੁੰਦਾ ਹੈ, ਉਦੋਂ ਤਕ ਆਪਿ = ਆਪਣਾ ਆਪ, ਭਾਵ ਸ਼ੁੱਧ ਆਤਮ ਸਰੂਪ ਨਹੀਂ ਦੇਖੀਐ = ਦਿੱਸਦਾ।

ਜਉ ਲਉ ਆਨ ਗਿਆਨ, ਤਉ ਲਉ ਨ ਅਧਜਾਤਮ ਗਿਆਨ;
ਜਉ ਲਉ ਨਾਦ ਬਾਦ, ਨ ਅਨਾਹਦ ਬਿਸੇਖੀਐ ॥

ਜਉ = ਜਦੋਂ ਲਉ = ਤਕ ਆਨ = ਹੋਰ ਗਿਆਨ ਭਾਵ ਆਤਮਿਕ ਗਿਆਨ ਨੂੰ ਪ੍ਰਾਪਤ ਕਰਨ ਵਾਲੇ ਧਿਆਨ ਨੂੰ ਇਕ ਪਾਸੇ ਛੱਡ ਕੇ ਬਾਹਰਲੀਆਂ ਗਿਆਨ ਦੀਆਂ ਗੱਲਾਂ ਦੀ ਧੁਨੀ ਅੰਦਰ ਹੋਵੇ, ਤਉ = ਤਦੋਂ ਲਉ = ਤਕ ਅਧਜਾਤਮ ਗਿਆਨ = ਆਤਮਿਕ ਗਿਆਨ ਦੀ ਪ੍ਰਾਪਤੀ ਨ = ਨਹੀਂ ਹੁੰਦੀ ਅਤੇ ਫੇਰ ਜਉ = ਜਦ ਲਉ = ਤਕ ਬਾਦ = ਵਾਜਿਆਂ ਦੀ ਨਾਦ = ਧੁਨੀ ਅੰਦਰ ਵੱਸ ਰਹੀ ਹੋਵੇ। ਭਾਵ ਮਨ ਸੰਸਾਰੀ ਗੀਤ ਸੁਣਨ ਲਈ ਇੱਛਾ ਰੱਖਦਾ ਹੋਵੇ ਤਦੋਂ ਤਕ ਅਨਾਹਦ = ਹੱਦ ਤੋਂ ਰਹਿਤ ਇਕ-ਰਸ ਪ੍ਰਭੂ ਪ੍ਰਾਪਤੀ ਵਾਲੇ ਅਗੰਮੀ ਸ਼ਬਦਾਂ ਦੀ ਧੁਨੀ ਦੀ ਬਿਸੇਖੀਐ = ਵਿਸ਼ੇਸ਼ਤਾ, ਵਡਿਆਈ ਪ੍ਰਤੀਤ ਨ = ਨਹੀਂ ਹੁੰਦੀ।

ਜਉ ਲਉ ਅਹੰ ਬੁਧਿ, ਸੁਧਿ ਹੋਇ ਨ ਅੰਤਰ ਗਤਿ;
ਜਉ ਲਉ ਨ ਲਖਾਵੈ, ਤਉ ਲਉ ਅਲਖ ਨ ਲੇਖੀਐ ॥

ਜਉ ਲਉ = ਜਦੋਂ ਤਕ ਅਹੰ = ਹੰਗਤਾ ਵਾਲੀ ਬੁਧਿ = ਬੁੱਧੀ ਹੋਇ = ਹੋਵੇ, ਤਦੋਂ ਤਕ ਅੰਤਰ = ਅੰਦਰਲੀ ਗਤਿ = ਦਸ਼ਾ ਦੀ ਸੁਧਿ = ਸੋਝੀ ਨ = ਨਹੀਂ ਹੋਇ = ਹੋ ਸਕਦੀ **ਵਾ:** ਜਦੋਂ ਤਕ ਜੀਵ ਦੀ ਵਾਹਿਗੁਰੂ ਪ੍ਰਾਪਤੀ ਵੱਲੋਂ ਅੰਤਰ = ਵਿੱਥ ਪਈ ਹੋਈ ਹੈ, ਤਦੋਂ ਤਕ ਜੀਵ ਦੀ ਗਤਿ = ਕਲਿਆਣ ਨਹੀਂ ਹੋ ਸਕਦੀ। ਜਉ ਲਉ = ਜਦੋਂ ਤਕ ਇਹ ਗੱਲ ਲਖਾਵੈ = ਲਖਤਾ, ਸਮਝ ਵਿਚ ਨ = ਨਹੀਂ ਆਉਂਦੀ, ਤਉ ਲਉ = ਤਦੋਂ ਤਕ ਅਲਖ = ਲਖਣ ਤੋਂ ਰਹਿਤ ਪਰਮੇਸ਼ਰ ਨੂੰ ਲੇਖੀਐ = ਜਾਣੀਦਾ ਨਹੀਂ ਹੈ।

ਸਤਿ ਰੂਪ ਸਤਿ ਨਾਮ ਸਤਿ ਗੁਰ ਗਿਆਨ ਧਿਆਨ;
ਏਕ ਹੀ ਅਨੇਕ ਮੇਕ, ਏਕ ਏਕ ਭੇਖੀਐ ॥੧੨॥

ਜਦੋਂ ਸਤਿਗੁਰੂ ਜੀ ਸਤਿ ਨਾਮ = ਸੱਚੇ ਨਾਮ ਦਾ ਉਪਦੇਸ਼ ਦੇ ਕਰਕੇ ਸਤਿ = ਸੱਚ ਰੂਪ = ਸਰੂਪ ਪਰਮੇਸ਼ਰ ਦੀ ਪ੍ਰਾਪਤੀ ਵਾਲਾ ਆਤਮਿਕ ਗਿਆਨ ਕਰਾਉਣਾ ਕਰਨਗੇ, ਤਦ ਗੁਰਮੁਖ ਜਨ ਉਸ ਉਪਦੇਸ਼ ਵਿਚ ਚਿੱਤ

ਦੀ ਬਿਰਤੀ ਨੂੰ ਧਿਆਨ ਦੇ ਸਹਿਤ ਲਾਉਣਾ ਕਰੇਗਾ ਤਾਂ ਏਕ = ਇਕ ਅਕਾਲ ਪੁਰਖ ਹੀ ਅਨੇਕ = ਬੇਅੰਤ ਜੀਵਾਂ ਵਿਚ **ਵਾ:** ਸਾਰੀ ਸ੍ਰਿਸ਼ਟੀ ਵਿਚ ਮੇਕ = ਮਿਲਿਆ, ਰਮਿਆ ਹੋਇਆ ਦ੍ਰਿਸ਼ਟੀ ਆਵੇਗਾ ਅਤੇ ਇਉਂ ਲੱਗੇਗਾ ਕਿ ਉਸ ਏਕ = ਇਕ ਪਰਮਾਤਮਾ ਨੇ ਏਕ = ਇਕ ਸਰੂਪ ਹੁੰਦਿਆਂ ਹੋਇਆਂ ਵੀ ਅਨੇਕਾਂ ਭੇਖੀਐ = ਰੂਪ ਧਾਰਨ ਕੀਤੇ ਹੋਏ ਹਨ॥੧੨॥ ਜੈਸਾ ਕਿ :

ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥ *(ਅੰਗ ੭੩੬)*

ਨਾਨਾ ਮਿਸਟਾਨ ਪਾਨ, ਬਹੁ ਬਿੰਜਨਾਦਿ ਸ੍ਵਾਦ;
ਸੀਂਚਤ ਸਰਬ ਰਸ, ਰਸਨਾ ਕਹਾਈ ਹੈ॥

ਜੋ ਨਾਨਾ = ਅਨੇਕ ਪ੍ਰਕਾਰ ਦੇ ਮਿਸਟਾਨ = ਮਿੱਠੇ ਮਿੱਠੇ ਪਦਾਰਥ ਅਤੇ ਪਾਨ = ਪੀਣ ਵਾਲੇ ਪਦਾਰਥ, ਹੋਰ ਵੀ ਬਹੁ = ਬਹੁਤ ਤਰ੍ਹਾਂ ਦੇ ਬਿੰਜਨਾਦਿ = ਸਲੂਣੇ ਸਾਗ ਆਦਿ ਭੋਜਨ ਤੇ ਸ੍ਵਾਦ = ਸਵਾਦਿਸ਼ਟ ਪਦਾਰਥ ਹਨ, ਇਨ੍ਹਾਂ ਸਰਬ = ਸਾਰੇ ਖਟ ਰਸਾਂ ਦੇ ਸੁਆਦਾਂ ਨੂੰ ਸੀਂਚਤ = ਸੰਚਨ, ਭਾਵ ਸਮੇਟਹਾਰੀ (ਚੱਖਣ ਵਾਲੀ) ਬਣ ਕੇ ਉਸ ਸਰਬ-ਵਿਆਪੀ ਅੰਤਰਜਾਮੀ ਸਮਾਨ ਸੱਤਾ ਨੇ ਆਪਣੇ ਆਪ ਨੂੰ ਰਸਨਾ = ਜੀਭਾ ਕਹਾਈ = ਕਹਾਉਣਾ ਕੀਤਾ ਹੈ।

ਦ੍ਰਿਸਟਿ ਦਰਸ ਅਰੁ ਸਬਦ ਸੁਰਤਿ ਲਿਵ;
ਗਿਆਨ ਧਿਆਨ ਸਿਮਰਨ, ਅਮਿਤ ਬਡਾਈ ਹੈ॥

ਸਾਰੇ ਦਰਸ = ਦਰਸ਼ਨ ਰੂਪ ਵਾਨ ਪਦਾਰਥਾਂ ਨੂੰ ਤੱਕਣ ਵਾਲੀ ਦ੍ਰਿਸਟਿ = ਦ੍ਰਿਸ਼ਟੀ, ਭਾਵ ਅੱਖਾਂ ਦੀ ਜੋਤ ਅਰੁ = ਅਤੇ ਸਬਦ = ਬਚਨਾਂ ਦੇ ਸੁਣਨ ਵਾਲੀ ਹੋ ਕੇ ਉਸ ਨੇ ਸੁਰਤਿ = ਬਿਰਤੀ, ਭਾਵ ਸੁਣਨ ਵਾਲੀ ਸ਼ਕਤੀ ਦਾ ਆਸਰਾ ਕੰਨ ਅਖਵਾਉਣਾ ਕੀਤਾ ਅਤੇ ਗਿਆਨ ਧਿਆਨ ਅਤੇ ਸਿਮਰਨ = ਚਿਤਵਣੀ ਰੂਪ ਕੰਮਾਂ ਦਾ ਨਿਰਬਾਹ ਕਰਦਿਆਂ ਉਸ ਨੇ ਲਿਵ = ਬਿਰਤੀ ਦੁਆਰਾ ਅਮਿਤ = ਬੇਹੱਦ ਬਡਾਈ = ਮਹਿਮਾ ਨੂੰ ਪ੍ਰਾਪਤ ਕੀਤਾ ਹੈ।

ਸਕਲ ਸੁਰਤਿ ਅਸਪਰਸ, ਅਉ ਰਾਗ ਨਾਦ;
ਬੁਧਿ ਬਲ ਬਚਨ ਬਿਬੇਕ ਟੇਕ ਪਾਈ ਹੈ॥

ਅਉ = ਅਤੇ ਸਾਰੇ ਰਾਗ = ਰਾਗਾਂ ਦੀ ਨਾਦ = ਧੁਨੀ ਨੇ ਅਤੇ ਬੁਧਿ = ਬੁੱਧੀ ਦੀ ਬਲ = ਤਾਕਤ, ਭਾਵ ਨਿਸ਼ਚੇ ਕਰਨ ਵਾਲੀ ਤਾਕਤ ਨੇ ਬਚਨ = ਬੋਲਾਂ ਦੇ ਬਿਬੇਕ = ਨਿਰਣੇ ਨੇ ਵੀ ਉਸ ਆਤਮਾ ਪਾਸੋਂ ਹੀ ਟੇਕ = ਓਟ ਪਾਈ = ਪਾਉਣਾ ਕੀਤੀ ਹੈ। ਇਨ੍ਹਾਂ ਸਕਲ = ਸਾਰਿਆਂ ਕਾਰਜਾਂ ਦੀ ਸੁਰਤਿ = ਗਿਆਤ ਹੁੰਦਿਆਂ ਹੋਇਆਂ ਵੀ ਇਹ ਮੂਲੋਂ ਹੀ ਅਸਪਰਸ = ਅਸੰਗ ਹੈ, ਭਾਵ ਕਿਸੇ ਪ੍ਰਕਾਰ ਵੀ ਲਪਾਏਮਾਨ ਨਹੀਂ ਹੁੰਦੀ।

ਗੁਰਮਤਿ ਸਤਿਨਾਮ ਸਿਮਰਤ ਸਫਲ ਹੋਇ;
ਬੋਲਤ ਮਧੁਰ ਧੁਨਿ, ਸੁਨਿ ਸੁਖਦਾਈ ਹੈ॥੧੩॥

ਗੁਰਮਤਿ = ਗੁਰ ਸਿੱਖਿਆ ਅਨੁਸਾਰ ਸਤਿਨਾਮ = ਸੱਚੇ ਨਾਮ (ਵਾਹਿਗੁਰੂ ਗੁਰਮੰਤ੍ਰ) ਤਾਈਂ ਅਜਪਾ

ਜਾਪ ਰੂਪੀ ਅਵਸਥਾ ਵਿੱਚ ਸਿਮਰਤ = ਜਪਦਿਆਂ ਅਤੇ ਸੁਨਿ = ਸੁਣਨ ਵਿੱਚ ਸੁਖਦਾਈ ਮਧੁਰ = ਮਿੱਠੀ ਮਿੱਠੀ ਧੁਨਿ = ਆਵਾਜ਼ ਨਾਲ ਬੋਲਤ = ਬੋਲਦਿਆਂ ਇਹ ਆਪਣੀ ਬਿਰਤੀ ਨਾਮ ਵਿੱਚ ਜੋੜ ਕੇ ਸਫਲ = ਸਹਿਤ ਫਲ ਦੇ ਹੋਇ = ਹੁੰਦੀ ਹੈ **ਵਾ:** ਸਹਿਤ ਗਿਆਨ ਰੂਪੀ ਫਲ ਦੇ ਹੁੰਦੀ ਹੈ॥੧੩॥

ਪ੍ਰੇਮ ਰਸ ਬਸਿ ਹੁਇ ਪਤੰਗ ਸੰਗਮ ਨ ਜਾਨੈ;
ਬਿਰਹ ਬਿਛੋਹੇ ਮੀਨ ਹੋਇ ਨ ਮਰਿ ਜਾਨੇ ਹੈ॥

ਪ੍ਰੇਮ ਰਸ ਵਿੱਚ ਬਸਿ = ਅਧੀਨ ਹੁਇ = ਹੋ ਕੇ ਪਤੰਗ = ਭਮੱਕੜ ਦੀਵੇ ਦੇ ਨਾਲ ਸੰਗਮ = ਮਿਲਾਪ ਤੋਂ ਹੋਣ ਵਾਲੇ ਮਰਣ ਰੂਪ ਦੁੱਖ ਨੂੰ ਜਾਨੈ = ਜਾਣਦਾ ਨ = ਨਹੀਂ ਹੈ। ਅਤੇ :

ਪਾਣੀ ਦੇ ਬਿਰਹ = ਵਿਛੋੜੇ ਤੋਂ ਹੋਇ = ਹੋਣ ਵਾਲੀ ਬਿਛੋਹੇ = ਜੁਦਾਈ ਕਰਕੇ ਮੀਨ = ਮੱਛੀ ਆਪਣਾ ਮਰਿ = ਮਰਨਾ ਨ = ਨਹੀਂ ਜਾਨੇ = ਜਾਣਦੀ ਹੈ।

ਜਦ ਇਹ ਜਾਣ-ਬੁੱਝ ਕੇ ਦੋਨੋਂ ਪ੍ਰੇਮ ਅਤੇ ਵਿਛੋੜੇ ਦੇ ਅਧੀਨ ਹੁੰਦੇ ਹੋਏ ਵੀ ਮ੍ਰਿਤੂ ਦਾ ਸ਼ਿਕਾਰ ਹੁੰਦੇ ਹਨ ਤੇ ਇਨ੍ਹਾਂ ਨੂੰ ਰਤਾ ਭਰ ਵੀ ਸੰਕੋਚ ਨਹੀਂ ਹੁੰਦਾ ਤਾਂ ਇਨ੍ਹਾਂ ਨੂੰ ਦੇਖਦਿਆਂ ਹੋਇਆਂ ਜਗਿਆਸੂ ਦੀ ਵੀ ਐਸੀ ਹਾਲਤ ਹੁੰਦੀ ਹੈ।

ਦਰਸ ਧਿਆਨ ਜੋਤਿ ਮੈ, ਨ ਹੁਇ ਜੋਤੀ ਸਰੂਪ;
ਚਰਨ ਬਿਮੁਖ ਹੋਇ, ਪ੍ਰਾਨ ਠਹਿਰਾਨੇ ਹੈ॥

ਜੋਤਿ = ਜੋਤੀ ਸਰੂਪ ਪਰਮੇਸ਼ਰ ਦਾ ਸਰੂਪ ਪੂਰਨ ਗੁਰਾਂ ਦੇ ਦਰਸ = ਦੀਦਾਰਾਂ ਦੀ ਇੱਛਾ ਵਿੱਚ ਇਕ-ਰਸ ਧਿਆਨ = ਖ਼ਿਆਲ ਕਰਦਿਆਂ ਜੋਤੀ = ਪ੍ਰਕਾਸ਼ ਵਿੱਚ ਅਭੇਦ ਨ = ਨਾ ਹੁਇ = ਹੋ ਕੇ ਅਤੇ ਚਰਨਾਂ ਕਮਲਾਂ ਤੋਂ ਬਿਮੁਖ = ਓਹਲੇ ਹੋਇ = ਹੋ ਕੇ ਬੈਠੇ ਮੇਰੇ ਪ੍ਰਾਨ ਠਹਿਰਾਨੇ = ਠਹਿਰੇ ਪਏ ਹਨ।

ਮਿਲਿ ਬਿਛਰਤ ਗਤਿ ਪ੍ਰੇਮ ਨ ਬਿਰਹ ਜਾਨੀ;
ਮੀਨ ਅਉ ਪਤੰਗ ਮੋਹਿ ਦੇਖਤ ਲਜਾਨੇ ਹੈ॥

ਇਸ ਤੋਂ ਸਪੱਸ਼ਟ ਹੈ ਕਿ ਪ੍ਰੇਮ = ਸਨੇਹ ਕਰਕੇ ਮਿਲਿ = ਮਿਲਾਪ ਦੀ ਗਤਿ = ਦਸ਼ਾ (ਗੀਤੀ) ਨੂੰ ਅਤੇ ਬਿਰਹ = ਵਿਛੋੜੇ ਕਰਕੇ ਬਿਛਰਤ = ਵਿੱਛੜਨ ਦੀ ਦਸ਼ਾ ਜਾਨੀ = ਜਾਣੀ, ਸਮਝੀ ਨ = ਨਹੀਂ ਹੈ, ਜਿਸ ਕਰਕੇ ਮੈਨੂੰ ਮੀਨ = ਮੱਛੀ ਅਉ = ਅਤੇ ਪਤੰਗ = ਭਮੱਕੜ ਦੇਖਤ = ਦੇਖ ਦੇਖ ਕੇ ਲਜਾਨੇ = ਸ਼ਰਮਿੰਦੇ ਹੋ ਰਹੇ ਹੈ = ਹਨ ਕਿ ਇਸ ਦੀ ਹਾਲਤ ਸਾਡੇ ਨਾਲੋਂ ਵੀ ਭੈੜੀ ਹੈ।

ਮਾਨਸ ਜਨਮੁ ਧ੍ਰਿਗ, ਧੰਨੁ ਹੈ ਤ੍ਰਿਗਦ ਜੋਨਿ;
ਕਪਟ ਸਨੇਹ ਦੇਹ, ਨਰਕ ਨ ਮਾਨੇ ਹੈ॥੧੪॥

ਇਸ ਲਈ ਇਸ ਮਾਨਸ = ਮਨੁੱਖਾ ਜਨਮ ਨੂੰ ਧ੍ਰਿਗ = ਧ੍ਰਿਕਾਰ ਹੈ, ਜੋ ਇਸ ਮਨੁੱਖਾ ਜਨਮ ਨਾਲੋਂ ਉਹ ਤ੍ਰਿਗਦ = ਟੇਢੀਆਂ ਜੋਨਿ = ਜੂਨਾਂ ਮੱਛੀ ਪਤੰਗ ਆਦਿ ਧੰਨੁ = ਧੰਨਤਾ ਦੇ ਯੋਗ ਹੈ = ਹਨ ਜੋ ਆਪਣੇ ਪਿਆਰੇ ਨਾਲ ਪ੍ਰੇਮ ਨੂੰ ਨਿਭਾ ਜਾਂਦੇ ਹਨ। ਜੋ ਮਨੁੱਖ ਦੇਹ = ਸਰੀਰ ਧਾਰਨ ਕਰ ਕੇ ਕਪਟ = ਛਲ ਫ਼ਰੇਬ ਦਾ ਸਨੇਹ = ਪ੍ਰੇਮ

ਕਰਦੇ ਹਨ, ਉਨ੍ਹਾਂ ਨੂੰ ਨਰਕ ਵੀ ਨ = ਨਹੀਂ ਮਾਨੇ = ਮੰਨਦਾ ਹੈ, ਭਾਵ ਨਰਕ ਵੀ ਇਉਂ ਕਹਿੰਦੇ ਹਨ ਕਿ ਇਸ ਛਲ ਫ਼ਰੇਬ ਵਾਲੇ ਤੇ ਪਾਪੀ ਮਨੁੱਖ ਨੂੰ ਸਾਡੇ ਵਿੱਚ ਨਾ ਪਾਉਣਾ ਕਰੋ, ਕਿਉਂਕਿ ਅਸੀਂ ਤਾਂ ਪਹਿਲਾਂ ਹੀ ਸੜ ਰਹੇ ਹਾਂ, ਇਸ ਦੇ ਪੈਣ ਨਾਲ ਹੋਰ ਵਧੇਰੇ ਸੜਾਂਗੇ।

ਅਥਵਾ ਇਸ ਮਨੁੱਖਾ ਜਨਮ ਨੂੰ ਧਿ੍ਕਾਰ ਹੈ ਜੋ ਕਪਟ = ਛਲ ਫ਼ਰੇਬ ਦਾ ਪ੍ਰੇਮ ਧਾਰ ਕੇ ਇਸ ਸਰੀਰ ਨੂੰ ਨਰਕ ਰੂਪ ਨਹੀਂ ਮੰਨਦਾ ਹੈ, ਇਸ ਨਾਲੋਂ ਉਹ ਤਿ੍ਗਦ = ਤਾਮਸੀ ਜੂਨਾਂ ਧੰਨੁ = ਧੰਨਤਾ ਦੇ ਯੋਗ ਹਨ ਜੋ ਨਰਕ ਰੂਪ ਦੇਹ ਦਾ ਮਾਨੇ = ਆਦਰ ਨਹੀਂ ਕਰਦੀਆਂ ਅਰਥਾਤ ਆਪਣੇ ਪਿਆਰੇ ਪ੍ਰੀਤਮ ਤੋਂ ਆਪਣੇ ਸਰੀਰ ਨੂੰ ਤੁੱਛ ਸਮਝ ਕੇ ਉਸ ਉਪਰੋਂ ਵਾਰ ਦਿੰਦੀਆਂ ਹਨ॥੧੪॥

ਗੁਰਮੁਖਿ ਸੁਖ ਫਲ ਸ੍ਵਾਦ ਬਿਸਮਾਦ ਅਤਿ;
ਅਕਥ ਕਥਾ ਬਿਨੋਦ ਕਹਿਤ ਨ ਆਵਈ॥

ਗੁਰਮੁਖ ਜਨਾਂ ਨੂੰ ਮੁਖੀ ਗੁਰਾਂ ਦਾ ਉਪਦੇਸ਼ ਸ੍ਰਵਨ ਕਰਦਿਆਂ, ਭਾਵ ਗੁਰ-ਉਪਦੇਸ਼ ਨੂੰ ਧਾਰਨ ਕਰ ਕੇ ਕਮਾਈ ਕਰਦਿਆਂ ਜੋ ਆਤਮਿਕ ਫਲ ਰੂਪ ਸੁਖ = ਆਨੰਦ ਪ੍ਰਾਪਤ ਹੁੰਦਾ ਹੈ, ਉਸ ਦਾ ਸੁਆਦ ਅਤਿ = ਅਤਿਅੰਤ ਬਿਸਮਾਦ = ਅਸਚਰਜ ਹੁੰਦਾ ਹੈ। ਜੋ ਬਿਨੋਦ = ਕੌਤਕ ਪ੍ਰਭੂ ਦੀ ਦਿ੍ਸ਼ਟੀ ਵਿੱਚ ਹੁੰਦੇ ਹਨ, ਉਹ ਅਕਥ = ਕਥਨ ਤੋਂ ਰਹਿਤ ਹੁੰਦੇ ਹਨ, ਉਨ੍ਹਾਂ ਦੀ ਕਥਾ = ਕਹਾਣੀ ਵਾਰਤਾ ਜੇ ਕੋਈ ਕਥਨ ਕਰਨੀ ਚਾਹੇ ਤਾਂ ਕਹਿਤ = ਕਥਨ ਵਿੱਚ ਨ = ਨਹੀਂ ਆਵਈ = ਆ ਸਕਦੀ।

ਗੁਰਮੁਖਿ ਸੁਖ ਫਲ ਗੰਧ ਪਰਮਦਭੁਤ;
ਸੀਤਲ ਕੋਮਲ ਪਰਸਤ ਬਨਿ ਆਵਈ॥

ਗੁਰਮੁਖ ਜਨਾਂ ਨੂੰ ਗੁਰ-ਉਪਦੇਸ਼ ਧਾਰਦਿਆਂ ਸਾਰ ਹੀ ਜਿਸ ਆਤਮਿਕ ਸੁਖ = ਆਨੰਦ ਫਲ ਦੀ ਗੰਧ = ਸੁਗੰਧੀ ਦੀ ਪ੍ਰਾਪਤੀ ਹੁੰਦੀ ਹੈ, ਉਹ ਪਰਮਦਭੁਤ = ਅਤਿਸ਼ੈ ਕਰਕੇ ਅਨੋਖੀ ਹੁੰਦੀ ਹੈ, ਅਜਿਹਾ ਸੀਤਲ = ਠੰਢਦਾਇਕ ਤੇ ਕੋਮਲ = ਨਰਮ ਪਰਸਤ = ਛੂਹਣ ਮਾਤਰ ਭਾਵ ਸ੍ਹੈ ਅਨਭਉ ਕੀਤਿਆਂ ਹੀ ਉਸ ਦੇ ਸਰੂਪ ਦਾ ਸਮਝਣਾ ਬਣ ਆਵਈ = ਆ ਸਕਦਾ ਹੈ।

ਗੁਰਮੁਖਿ ਸੁਖ ਫਲ ਮਹਿਮਾ ਅਗਾਧਿ ਬੋਧ;
ਗੁਰਸਿਖ ਸੰਧਿ ਮਿਲੇ ਅਲਖ ਲਖਾਵਈ॥

ਗੁਰਮੁਖ ਜਨ ਨੂੰ ਗੁਰ ਸਿੱਖਿਆ ਧਾਰਦਿਆਂ ਸਾਰ ਹੀ ਜਿਸ ਸੁਖ = ਆਨੰਦ ਦਾ ਫਲ ਪ੍ਰਾਪਤ ਹੁੰਦਾ ਹੈ, ਉਸ ਦੀ ਮਹਿਮਾ = ਵਡਿਆਈ ਦਾ ਬੋਧ = ਬੁੱਝਣਾ ਅਗਾਧਿ = ਅਤਿਅੰਤ ਡੂੰਘਾ ਹੈ, ਭਾਵ ਮਨ ਬੁੱਧੀ ਤੋਂ ਜਿਸ ਦਾ ਅੰਤ ਨਹੀਂ ਜਾਣਿਆ ਜਾਂਦਾ, ਗੁਰ = ਸਤਿਗੁਰੂ ਅਤੇ ਸਿਖ = ਵਿਦਿਆਰਥੀ (ਗੁਰਸਿੱਖ) ਦਾ ਸੰਧਿ = ਮਿਲਾਪ ਜਦ ਆਪਸ ਵਿੱਚ ਮਿਲੇ = ਮਿਲਦਾ ਹੈ, ਭਾਵ ਜਦ ਗੁਰੂ ਅਤੇ ਸਿੱਖ ਦੇ ਮੇਲੇ ਦਾ ਆਪੋ ਵਿਚਦੀ ਮਨ, ਬਾਣੀ, ਸਰੀਰ ਕਰਕੇ ਮਿਲਾਪ ਹੋ ਜਾਂਦਾ ਹੈ ਤਾਂ ਉਹ ਅਲਖ = ਲਖਣ ਰਹਿਤ ਪਦ ਲਖਾਵਈ = ਜਾਣਿਆ ਜਾਂਦਾ ਹੈ।

ਗੁਰਮੁਖਿ ਸੁਖ ਫਲ ਅੰਗ ਅੰਗ ਕੋਟਿ ਸੋਭਾ;
ਮਇਆ ਕੈ ਦਿਖਾਵੈ ਸੋਤੋ ਅਨਤ ਨ ਧਾਵਈ ॥੧੫॥

ਗੁਰਮੁਖ ਜਨ ਨੂੰ ਸ੍ਵੈ ਸਰੂਪ ਸਮਝਣ ਦੇ ਭਾਵ ਵਿੱਚ ਆਉਣ ਮਾਤਰ 'ਤੇ ਹੀ ਜੋ ਸੁਖ = ਆਨੰਦ ਫਲ ਦਾ ਨਫ਼ਾ ਪ੍ਰਾਪਤ ਹੁੰਦਾ ਹੈ, ਉਸ ਕਰਕੇ ਗੁਰਮੁਖ (ਗੁਰਸਿੱਖ) ਦੇ ਅੰਗ ਅੰਗ = ਰੋਮ ਰੋਮ ਵਿੱਚ ਕੋਟਿ = ਕਰੋੜਾਂ ਗੁਣਾਂ ਦੀ ਸੋਭਾ = ਤੇਜ (ਚਮਕ) ਦਮਕ ਉੱਠਦੀ ਹੈ, ਕੇਵਲ ਸੋਤੋ = ਉਹੋ ਗੁਰਮੁਖ ਹੀ ਵੇਖ ਸਕਦਾ ਹੈ, ਜਿਸ ਉੱਪਰ ਪੂਰਨ ਗੁਰੂ ਮਇਆ = ਕਿਰਪਾ ਕੈ = ਕਰ ਕੇ ਦਿਖਾਵੈ = ਵਿਖਾ ਦੇ, ਫੇਰ ਉਹ ਅਨਤ = ਹੋਰਨਾਂ ਦੇਵੀ ਦੇਵਤਿਆਂ ਆਦਿ ਦੇ ਦਰ ਉੱਪਰ ਧਾਵਈ = ਦੌੜਦਾ ਨ = ਨਹੀਂ ਹੈ **ਵਾ:** (ਮਾਇਆ ਕੈ ਦਿਖਾਵੈ) ਜਿਸ ਉੱਪਰ ਗੁਰੂ ਸਾਹਿਬ ਜੀ ਕਿਰਪਾ ਕਰ ਕੇ ਦਿਖਾਉਣ, ਉਸ ਦੀ ਇਹ ਪਹਿਚਾਣ ਹੁੰਦੀ ਹੈ ਕਿ ਉਹ ਮਾਇਆ, ਮਾਇਆਵੀ ਪਦਾਰਥਾਂ ਦੀ ਪ੍ਰਾਪਤੀ ਪਿੱਛੇ ਕਦਾਚਿਤ ਵੀ ਨਹੀਂ ਦੌੜਦਾ ॥੧੫॥

ਉਲਟਿ ਪਵਨ ਮਨ ਮੀਨ ਕੀ ਚਪਲ ਗਤਿ;
ਸਤਿਗੁਰ ਪਰਚੇ ਪਰਮ ਪਦ ਪਾਏ ਹੈ ॥

ਜਦੋਂ ਮਨ ਮੀਨ = ਮੱਛੀ ਕੀ = ਦੀ ਚਪਲ = ਚੰਚਲ ਗਤਿ = ਚਾਲ ਵਤ ਪਵਨ = ਪ੍ਰਾਣਾਂ ਦੀ ਧਾਰਾ ਨੂੰ ਪਕੜ ਕੇ ਉਲਟਿ = ਉਲਟਾ ਹੋ ਵਗਦਾ ਹੈ, ਅਰਥਾਤ ਬਾਹਰਲੇ ਫੁਰਨਿਆਂ ਸੰਕਲਪਾਂ ਵੱਲੋਂ ਹਟ ਕੇ ਸੁਆਸਾਂ ਦੀ ਤਾਰ ਦੇ ਸਹਾਰੇ ਉਨ੍ਹਾਂ ਦੀ ਆਉਣ-ਜਾਣ ਦੀ ਚਾਲ ਜਦ ਸਬੱਬ ਨਾਲ ਅੰਤਰਮੁਖ ਕਰਨ ਰੂਪ ਉਲਟਾ ਹੋ ਵਗਦਾ ਹੈ, ਤਦ ਸਤਿਗੁਰ = ਸੱਚੇ ਗੁਰੂ ਉੱਪਰ ਪਰਚੇ = ਪਰਚਣਾ ਭਾਵ ਪੂਰਨ ਪ੍ਰਤੀਤ ਨੂੰ ਲਿਆ ਕੇ ਪਰਮਪਦ (ਪਰਮ + ਪਦ) ਪਰਮ = ਵੱਡੀ ਪਦ = ਪਦਵੀ, ਭਾਵ ਕੈਵਲ ਮੋਖਸ਼ ਨੂੰ ਪਾਏ = ਪ੍ਰਾਪਤ ਕਰ ਲੈਂਦਾ ਹੈ ਅਤੇ ਸੰਸਾਰ ਦੇ ਭੋਗ ਪਦਾਰਥਾਂ ਅਤੇ ਰਸਾਂ ਕਸਾਂ ਵੱਲੋਂ ਮੁਕਤ ਹੋ ਜਾਂਦਾ ਹੈ।

ਸੂਰ ਸਰ ਸੋਖਿ, ਪੋਖਿ ਸੋਮ ਸਰ ਪੂਰਨ ਕੈ;
ਬੰਧਨ ਦੈ ਮ੍ਰਿਤ ਸਰ ਅਪਿਅ ਪੀਆਏ ਹੈ ॥

ਹਠ ਜੋਗ ਮਤ ਅਨੁਸਾਰ : ਸੂਰ = ਸੂਰਜ ਦੀ ਸੱਜੀ ਸਰ = ਸੁਰ ਪਿੰਗਲਾ ਨਾਮੇ ਨਾੜੀ ਦੁਆਰਾ ਪ੍ਰਾਣਾਂ ਨੂੰ ਸੋਖਿ = ਸੁਕਾਉਣਾ ਕਰੇ, ਭਾਵ ਸੁਆਸਾਂ ਨੂੰ ਅੰਦਰੋਂ ਬਾਹਰ ਕੱਢਣਾ ਕਰੇ ਅਤੇ ਸੋਮ = ਚੰਦਰਮਾ ਦੀ ਖੱਬੀ ਸਰ = ਸੁਰ ਇੜਾ ਨਾਮੇ ਨਾੜੀ ਦੁਆਰਾ ਸੁਆਸਾਂ ਨੂੰ ਪੂਰਨ ਕੈ = ਭਰ ਕਰਕੇ ਪੋਖਿ = ਪੂਰਤ, ਭਾਵ ਚੜ੍ਹਾਉਣਾ ਕਰੇ।

ਗੁਰਮਤਿ ਜੋਗ ਮਤ ਅਨੁਸਾਰ : ਅਗਿਆਨ ਰੂਪੀ ਸੂਰਜ ਦੀ ਤਪਸ਼ ਦੇਣ ਵਾਲੀ ਕੁਸੰਗਤ ਰੂਪੀ ਸੁਰ ਵੱਲੋਂ ਆਪਣੇ ਮਨ ਨੂੰ ਸੋਖਿ = ਸੰਕੋਚ ਲੈਣਾ ਕਰੇ ਅਤੇ ਪਰਮੇਸ਼ਰ ਰੂਪੀ ਚੰਦਰਮਾ ਦੀ ਸ਼ਾਂਤੀ ਦੇਣ ਵਾਲੀ ਸਤਿਸੰਗਤ ਰੂਪੀ ਸੁਰ ਵੱਲ ਲਾ ਕੇ ਆਪਣੇ ਚਿੱਤ ਦੀ ਬਿਰਤੀ ਨੂੰ ਨਾਮ ਵਿੱਚ ਭਰ ਕੇ ਪੋਖਿ = ਪਾਲਣਾ ਕਰੇ। ਪਰ ਜਿਸ ਪ੍ਰਕਾਰ ਮੱਛੀ ਉਲਟੀ ਚੱਲ ਕੇ ਟੱਕਰ ਖਾ ਕੇ ਵਾਪਸ ਮੁੜ ਆਉਂਦੀ ਹੈ ਤੇ ਮੁੜ ਪਹਿਲੇ ਦੀ ਤਰ੍ਹਾਂ ਉਲਟੀ ਚੱਲਦੀ ਹੈ ਅਤੇ ਲਗਾਤਾਰ ਐਸਾ ਕਲੋਲ ਪਾਣੀ ਦੇ ਪ੍ਰਵਾਹ ਵਿੱਚ ਕਰਦੀ ਹੈ, ਇਸੇ ਤਰ੍ਹਾਂ ਸੁਆਸ ਪਰ ਸੁਆਸ ਦੀ ਲਗਾਤਾਰ ਅੰਦਰ-ਬਾਹਰ ਜਾਂ ਹੇਠ-ਉੱਪਰਲੀ ਚਾਲ ਅਨੁਸਾਰ ਚਿੱਤ ਵੀ ਇਕ-ਰਸ ਨਾਮ ਅਭਿਆਸ ਵਿੱਚ ਲੱਗਿਆ ਰਹੇ, ਤਦ ਜਿਸ ਟਿਕਾਣੇ ਆਪਣੀ ਪਹਿਲੀ ਦਸ਼ਾ ਨੂੰ ਤਿਆਗ ਕੇ ਦੂਸਰੀ ਦਸ਼ਾ ਵਿੱਚ ਪਲਟਦੀ ਹੈ ਤੇ ਦੂਸਰੀ ਵਿੱਚ ਪਲਟ ਕੇ ਮੁੜ ਪਹਿਲੀ ਹਾਲਤ ਵੱਲ ਹੀ ਜਿਥੋਂ ਦੀ ਹੋ ਕੇ ਉਲਟਦੀ

ਹੈ, ਉਹ ਸੁਰ ਦੀ ਮਿਰਤੂ ਦਾ ਟਿਕਾਣਾ ਜੋ ਸੁਖਮਨਾ ਨਾਮੀ ਨਾੜੀ ਦਾ ਘਾਟ ਕਿਹਾ ਜਾਂਦਾ ਹੈ, ਉਥੇ ਕੁਝ ਸਮਾਂ ਬੰਧਨ = ਬੰਨ੍ਹਣਾ ਕਰੇ, ਭਾਵ ਸੁਰਤ ਦਾ ਟਿਕਾਉ ਕਰੇ। ਐਸਾ ਮੁੜ ਮੁੜ ਕਰਦੇ ਰਹਿਣਾ ਚਾਹੀਦਾ ਹੈ। ਫੇਰ ਜੋ ਅਨੁਭਵ ਰਸ ਰੂਪ ਅੰਮ੍ਰਿਤ ਹਰ ਇਕ ਦੇ ਅਪਿਅ = ਪੀਣੇ ਦੇ ਲਾਇਕ ਨਹੀਂ ਹੈ, ਉਸ ਨੂੰ ਪੀਣਾ ਕਰੀਦਾ ਹੈ।

ਅਜਰਹਿ ਜਾਰਿ ਮਾਰਿ ਅਮਰਹਿ ਭ੍ਰਾਂਤਿ ਛਾਡਿ;
ਅਸਥਿਰ ਕੰਧ ਹੰਸ ਅਨਤ ਨ ਧਾਏ ਹੈ॥

ਅਜਰਹਿ = ਨਾ ਸਾੜੀ ਜਾ ਸਕਣ ਵਾਲੀ ਹੰਗਤਾ ਨੂੰ ਇਉਂ ਪੁਨਾ ਪੁਨਾ ਅਭਿਆਸ ਕਰਦਾ ਹੋਇਆ ਜਾਰਿ = ਸਾੜ ਦਿੰਦਾ ਹੈ ਅਤੇ ਅਮਰਹਿ = ਅਮਰ ਹੋਏ ਭਾਵ ਆਮਰ-ਆਕੀ ਹੋਏ ਚਿੱਤ ਨੂੰ ਵੀ ਮਾਰ ਲੈਂਦਾ ਹੈ। ਜਦ ਭ੍ਰਾਂਤਿ = ਭਰਮਣ ਕਰਨ ਵਾਲੀ ਬਿਰਤੀ ਨੂੰ **ਵਾ:** ਦੇਹ ਅਧਿਆਸ ਨੂੰ ਛਾਡਿ = ਤਿਆਗ ਦਿੰਦਾ ਹੈ ਜਿਸ ਕਰਕੇ ਅਸਥਿਰ ਕੰਧ ਰੂਪ ਸਰੀਰ ਅਜਰ ਅਮਰ ਹੋ ਜਾਂਦਾ ਤੇ ਫੇਰ ਹੰਸ = ਜੀਵ ਆਤਮਾ ਅਨਤ = ਹੋਰ ਜੂਨਾਂ ਵਿੱਚ ਨ = ਨਹੀਂ ਧਾਏ = ਦੌੜਦਾ ਹੈ।

ਆਦੈ ਆਦ ਨਾਦੈ ਨਾਦ ਸਲਲੈ ਸਲਿਲ ਮਿਲਿ;
ਬ੍ਰਹਮੈ ਬ੍ਰਹਮ ਮਿਲਿ ਸਹਜ ਸਮਾਏ ਹੈ॥੧੬॥

ਜੋ ਆਦੈ = ਸਾਰਿਆਂ ਤੱਤਾਂ ਦਾ ਆਦੈ = ਮੁੱਢ ਅਕਾਸ਼ ਹੈ, ਜਿਵੇਂ ਘਟ ਮਟ (ਘੜਾ ਅਤੇ ਮਕਾਨ) ਆਦਿ ਦੇ ਟੁੱਟਣ ਜਾਂ ਡਿੱਗ ਪੈਣ 'ਤੇ ਮਹਾਂ ਆਕਾਸ਼ ਵਿੱਚ ਮਿਲ ਜਾਂਦਾ ਹੈ ਅਤੇ ਨਾਦੈ ਨਾਦ = ਸ਼ਬਦ ਦੀ ਧੁਨੀ, ਧੁਨੀ ਵਿੱਚ ਤੇ ਸਲਲੈ = ਪਾਣੀ ਵਿੱਚ ਸਲਿਲ = ਪਾਣੀ ਮਿਲ ਕੇ ਅਭੇਦ ਹੋ ਜਾਂਦਾ ਹੈ, ਇਸੇ ਪ੍ਰਕਾਰ ਇਹ ਜੀਵਤ ਭਾਵ ਨੂੰ ਤਿਆਗ ਕੇ ਬ੍ਰਹਮ ਭਾਵ ਨੂੰ ਪ੍ਰਾਪਤ ਹੋਇਆ ਬ੍ਰਹਮ ਸਰੂਪ ਵਿੱਚ ਮਿਲਿ = ਮਿਲਾਪ ਕਰ ਕੇ ਸਹਜ = ਸੁਤੇ-ਸਿਧ ਹੀ ਉਸ ਵਿੱਚ ਸਮਾਏ = ਸਮਾ (ਲੀਨ) ਹੋ ਜਾਂਦਾ ਹੈ॥੧੬॥

ਚਿਰੰਕਾਲ ਮਾਨਸ ਜਨਮ ਨਿਰਮੋਲੁ ਪਾਏ;
ਸਫਲ ਜਨਮ ਗੁਰ ਚਰਨ ਸਰਨ ਕੈ॥

ਚਿਰੰਕਾਲ = ਬਹੁਤ ਸਮਾਂ ਬੀਤਣ ਤੋਂ ਬਾਅਦ, ਭਾਵ ਬੇਅੰਤ ਜੂਨਾਂ ਵਿੱਚ ਭਰਮਣ ਤੋਂ ਬਾਅਦ ਇਹ ਨਿਰਮੋਲੁ = ਅਮੋਲਕ ਮਾਨਸ = ਮਨੁੱਖਾ ਜਨਮ ਪਾਏ = ਪਾਉਣਾ ਕੀਤਾ ਹੈ, ਇਸ ਲਈ ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨ = ਓਟ ਵਿੱਚ ਪੈ ਕੈ = ਕਰਕੇ ਇਸ ਮਨੁੱਖਾ ਜਨਮ ਨੂੰ ਸਫਲ = ਸਹਿਤ ਗਿਆਨ ਰੂਪੀ ਫਲ ਦੇ ਕਰਨਾ ਕਰੋ।

ਲੋਚਨ ਅਮੋਲ ਗੁਰ ਦਰਸ ਅਮੋਲ ਦੇਖੇ;
ਸ੍ਰਵਨ ਅਮੋਲ ਗੁਰ ਬਚਨ ਧਰਨ ਕੈ॥

ਗੁਰ = ਸਤਿਗੁਰਾਂ ਦਾ ਦਰਸ = ਦੀਦਾਰ ਅਮੋਲ = ਮੁੱਲ ਤੋਂ ਰਹਿਤ ਹੈ, ਉਸ ਨੂੰ ਦੇਖੇ = ਵੇਖਦਿਆਂ ਲੋਚਨ = ਨੇਤਰ ਵੀ ਅਮੋਲ = ਅਮੋਲਕ ਹੋ ਜਾਂਦੇ ਹਨ, ਭਾਵ ਦਿਬਜ ਦ੍ਰਿਸ਼ਟੀ ਹੋ ਜਾਂਦੀ ਹੈ ਅਤੇ

ਗੁਰ = ਸਤਿਗੁਰਾਂ ਦੇ ਅੰਮ੍ਰਿਤਮਈ ਬਚਨ = ਵਾਕਾਂ ਨੂੰ ਧਰਨ = ਧਾਰਣ ਕਰਨ ਵਾਲੇ ਹੋਣ ਕੈ = ਕਰਕੇ ਸ੍ਰਵਨ = ਕੰਨ ਵੀ ਅਮੋਲ = ਅਮੋਲਕ ਬਣ ਜਾਂਦੇ ਹਨ, ਭਾਵ ਕੰਨ ਗੰਮਤਾ ਤੋਂ ਰਹਿਤ ਲੋਕ ਦੀ ਪ੍ਰਾਪਤੀ ਕਰਾਉਣ ਵਾਲੀ ਧੁਨੀ ਸੁਣਨ ਦੇ ਯੋਗ ਹੋ ਜਾਂਦੇ ਹਨ।

ਨਾਸਕਾ ਅਮੋਲ ਚਰਨਾਰਬਿੰਦ ਬਾਸਨਾ ਕੈ;
ਰਸਨਾ ਅਮੋਲ ਗੁਰ ਮੰਤ੍ਰ ਸਿਮਰਨ ਕੈ ॥

ਪੂਰੇ ਸਤਿਗਰਾਂ ਦੇ ਚਰਨਾਰਬਿੰਦ (ਚਰਨ + ਅਰਬਿੰਦ) ਚਰਨ = ਚਰਨਾਂ ਅਰਬਿੰਦ = ਕਮਲਾਂ ਉੱਤੇ ਨਤਮਸਤਕ ਹੁੰਦਿਆਂ ਉਨ੍ਹਾਂ ਦੇ ਚਰਨਾਂ ਦੀ ਧੂੜੀ ਵਿੱਚੋਂ ਭਗਤੀ ਰੂਪ ਸੁਗੰਧੀ ਦਾ ਆਸਰਾ ਹੋਣ ਕਰਕੇ ਵਾਸਨਾ ਦੀ ਮਹਿਕ ਨਾਲ ਨਾਸਕਾ = ਨਾਸਾਂ ਅਮੋਲ = ਅਮੋਲਕ ਹੋ ਜਾਂਦੀਆਂ ਹਨ ਅਤੇ ਗੁਰ ਮੰਤ੍ਰ = ਗੁਰ-ਉਪਦੇਸ਼ ਨੂੰ ਵਾਰ ਵਾਰ ਰਸਨਾ ਦੁਆਰਾ ਸਿਮਰਨ = ਚੇਤੇ ਕਰਨੇ ਕੈ = ਕਰਕੇ ਰਸਨਾ = ਜੀਭਾ ਵੀ ਅਮੋਲ = ਨਿਰਮੋਲਕ ਗੁਣਾਂ ਵਾਲੀ ਹੋ ਜਾਂਦੀ ਹੈ।

ਹਸਤ ਅਮੋਲ ਗੁਰ ਦੇਵ ਸੈਵ ਕੈ ਸਫਲ;
ਚਰਨ ਅਮੋਲ ਪਰਦਛਨਾ ਕਰਨ ਕੈ ॥੧੭॥

ਦੇਵ = ਪ੍ਰਕਾਸ਼ ਸਰੂਪ ਗੁਰ = ਸਤਿਗੁਰਾਂ ਦੀ ਸੇਵਾ = ਟਹਿਲ ਕੈ = ਕਰਕੇ ਹਸਤ = ਹੱਥ ਵੀ ਅਮੋਲ = ਅਮੋਲਕ ਹੋ ਕੇ ਸਫਲ = ਸਫਲੇ ਹੁੰਦੇ ਹਨ ਅਤੇ ਸਤਿਗੁਰਾਂ ਦੀ ਪਰਦਛਨਾ = ਚਾਰੋਂ ਤਰਫ਼ ਪਰਿਕਰਮਾ ਕਰਨ ਕੈ = ਕਰਕੇ ਚਰਨ = ਪੈਰ ਵੀ ਅਮੋਲ = ਅਮੋਲਕ ਬਣ ਜਾਂਦੇ ਹਨ ॥੧੭॥

ਦਰਸ ਧਿਆਨ ਦਿਬ ਦ੍ਰਿਸਟਿ ਪ੍ਰਗਾਸ ਭਈ;
ਕਰੁਨਾ ਕਟਾਛ ਦਿਬ ਦੇਹ ਪਰਵਾਨ ਹੈ ॥

ਗੁਰੂ ਸਾਹਿਬ ਜੀ ਦੇ ਪ੍ਰਤੱਖ ਦਰਸ = ਦੀਦਾਰਾਂ ਦਾ ਧਿਆਨ = ਖ਼ਿਆਲ ਕਰ ਕੇ ਦਿਬ ਦ੍ਰਿਸਟਿ = ਅਲੌਕਿਕ ਦ੍ਰਿਸ਼ਟੀ (ਗਿਆਨ ਦ੍ਰਿਸ਼ਟੀ) ਦਾ ਪ੍ਰਗਾਸ = ਪ੍ਰਕਾਸ਼ ਭਈ = ਹੋ ਜਾਂਦਾ ਹੈ, ਭਾਵ ਪ੍ਰਭੂ ਪ੍ਰਾਪਤੀ ਵਾਲੀ ਮੋਖਸ਼ ਦੀ ਸਾਧਨ ਰੂਪ ਦਿਬ ਦ੍ਰਿਸ਼ਟੀ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਇਸ ਕਰਕੇ ਸਤਿਗੁਰਾਂ ਦੀ ਕਰੁਨਾ = ਕਿਰਪਾ ਭਰੇ ਕਟਾਛ = ਨੇਤਰਾਂ ਵਾਲੀ ਦ੍ਰਿਸ਼ਟੀ ਪ੍ਰਾਪਤ ਹੋ ਜਾਂਦੀ ਹੈ, ਇਸ ਕਿਰਪਾ ਦੇ ਸਦਕਾ ਗੁਰਮੁਖ ਦੀ ਦੇਹ = ਕਾਇਆ ਦਿਬ = ਬਹੁਤ ਉੱਤਮ ਪ੍ਰਭੂ ਚਮਕ ਵਾਲੀ ਤੇ ਪਰਵਾਨ = ਲੇਖੇ ਵਿੱਚ ਪਈ ਸਮਝੀ ਜਾਂਦੀ ਹੈ।

ਸਬਦ ਸੁਰਤਿ ਲਿਵ ਬਜਰ ਕਪਾਟ ਖੁਲੇ;
ਪ੍ਰੇਮ ਰਸ ਰਸਨ ਕੈ ਅੰਮ੍ਰਿਤ ਨਿਧਾਨ ਹੈ ॥

(ਪਾਠਾਂਤ੍ਰ 'ਰਸਨਾ ਕੈ')

ਗੁਰਾਂ ਦੇ ਸਬਦ = ਉਪਦੇਸ਼ ਵਿੱਚ ਸੁਰਤਿ = ਸੁਰਤੀ ਇਕਾਗਰ ਕਰ ਕੇ ਇਕ ਸਾਰ ਲਿਵ = ਬਿਰਤੀ ਟਿਕਾਉਣਾ ਕੀਤੀ ਤਾਂ ਬਜਰ = ਕਰੜੇ (ਸਖ਼ਤ) ਆਸਾ ਅੰਦੇਸਾ ਰੂਪੀ ਕਪਾਟ = ਤਖ਼ਤੇ ਖੁਲੇ = ਖੁੱਲ੍ਹ ਜਾਂਦੇ

ਹਨ **ਵਾ:** ਮਾਇਆ, ਅਵਿੱਦਿਆ ਦੇ ਆਵਰਣ ਰੂਪੀ ਤਖ਼ਤੇ ਖੁੱਲ੍ਹ ਜਾਂਦੇ ਹਨ ਅਤੇ ਰਸਨ = ਰਸਦਾਇਕ ਪ੍ਰੇਮ ਰਸ, ਜੋ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਨਿਧਾਨ = ਖ਼ਜ਼ਾਨਾ ਹੈ, ਉਸ ਨੂੰ ਚਖਣ ਦੀ ਪ੍ਰਾਪਤੀ ਹੋ ਜਾਂਦੀ ਹੈ **ਵਾ:** ਇਸ ਤਰੀਕੇ ਨਾਲ ਆਸਾ ਅੰਦੇਸਾ **ਵਾ:** ਮਾਇਆ, ਅਵਿੱਦਿਆ ਦੇ ਅਵਰਨ ਰੂਪੀ ਤਖ਼ਤੇ ਖੁੱਲ੍ਹਣ ਸਾਰ ਹੀ ਪ੍ਰੇਮ ਰਸ, ਭਾਵ ਅਨੁਭਵ ਰਸ ਵਿੱਚ ਰਸਨ = ਪਰਚਣੇ ਕਰਕੇ ਅੰਮ੍ਰਿਤ ਦਾ ਖ਼ਜ਼ਾਨਾ ਹੀ ਗੁਰਮੁਖ (ਗੁਰਸਿੱਖ) ਬਣ ਜਾਂਦਾ ਹੈ **ਵਾ:** ਜਦ ਰਸਨਾ = ਜੀਭਾ ਕਰਕੇ ਪ੍ਰੇਮ ਨਾਲ ਗੁਰ-ਉਪਦੇਸ਼ ਦੁਆਰਾ ਨਾਮ ਨੂੰ ਜਪਣਾ ਕੀਤਾ ਤਾਂ ਗੁਰਮੁਖ (ਗੁਰਸਿੱਖ) ਜਨਾਂ ਨੂੰ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਬ੍ਰਹਮ ਗਿਆਨ ਰੂਪੀ ਖ਼ਜ਼ਾਨਾ ਪ੍ਰਾਪਤ ਹੋ ਜਾਂਦਾ ਹੈ।

ਚਰਨ ਕਮਲ ਮਕਰੰਦ ਬਾਸਨਾ ਸੁਬਾਸ;
ਹਸਤ ਪੂਜਾ ਪ੍ਰਨਾਮ ਸਫਲ ਸੁਗਿਆਨ ਹੈ॥

ਗੁਰਸਿੱਖ (ਗੁਰਮੁਖ) ਸਤਿਗੁਰਾਂ ਦੇ ਚਰਨਾਂ ਕਮਲਾਂ ਦੀ ਮਕਰੰਦ = ਧੂੜੀ ਦੀ ਬਾਸਨਾ = ਸੁਗੰਧੀ ਕਰਕੇ ਸੁਭਾਸ (ਸੁ + ਬਾਸ) ਸੁ = ਸ੍ਰੇਸ਼ਟ ਭਗਤੀ ਰੂਪ ਬਾਸ = ਵਾਸਨਾ (ਸੁਗੰਧੀ) ਦੇ ਸਹਿਤ ਹੋ ਜਾਂਦਾ ਹੈ, ਹਸਤ = ਹੱਥਾਂ ਨਾਲ ਪੂਜਾ = ਪੂਜਣ ਕਰਦਿਆਂ, ਭਾਵ ਗੁਰਾਂ ਦੇ ਚਰਨਾਂ ਉੱਪਰ ਪ੍ਰਣਾਮ = ਨਮਸਕਾਰ ਕਰਨ ਵੇਲੇ ਹੱਥ ਗੁਰਾਂ ਦੇ ਚਰਨਾਂ ਨਾਲ ਸਪਰਸ਼ ਕਰਦਿਆਂ ਸਫਲ = ਸਫਲੇ ਬਣਾਉਣ ਸਾਰ ਸੁਗਿਆਨ = ਸ੍ਰੇਸ਼ਟ ਗਿਆਨ ਦੀ ਪ੍ਰਾਪਤੀ, ਗੁਰਸਿੱਖ, ਗੁਰਮੁਖ ਜਨ ਨੂੰ ਹੋ ਜਾਂਦੀ ਹੈ।

ਅੰਗ ਅੰਗ ਬਿਸਮ ਸੂਬੰਗ ਮੈ ਸਮਾਇ ਭਏ;
ਮਨ ਮਨਸਾ ਥਕਤ ਬ੍ਰਹਮ ਧਿਆਨ ਹੈ॥੧੮॥

ਸੋ ਇਸ ਤਰ੍ਹਾਂ ਉਸ ਗੁਰਸਿੱਖ (ਗੁਰਮੁਖ) ਦਾ ਅੰਗ ਅੰਗ = ਰੋਮ ਰੋਮ ਬਿਸਮ = ਅਸਚਰਜਤਾ ਦੇ ਸਹਿਤ ਹੋ ਜਾਂਦਾ ਹੈ ਤੇ ਸੂਬੰਗ (ਸਰਬ + ਅੰਗ) ਸਰਬ = ਸਾਰਿਆਂ ਅੰਗ = ਅੰਗਾਂ, ਭਾਵ ਸਰਬ-ਵਿਆਪੀ ਪਰਮੇਸ਼ਰ ਦੇ ਸਰੂਪ ਮੈ = ਵਿੱਚ ਸਮਾਇ = ਲੀਨ ਭਏ = ਹੋ ਜਾਂਦਾ ਹੈ ਅਤੇ ਮਨ ਦੀ ਮਨਸਾ = ਕਾਮਨਾ ਜਦ ਥਕਤ = ਥਕਾਵਟ ਦੇ ਸਹਿਤ ਹੋ ਜਾਂਦੀ ਹੈ, ਭਾਵ ਜਦ ਚਿੱਤ ਵਿੱਚੋਂ ਕਾਮਨਾਵਾਂ ਖ਼ਤਮ ਹੋ ਜਾਂਦੀਆਂ ਹਨ, ਤਦ ਨਿਸ਼ਚੇ ਕਰੋ ਕਿ ਇਹੋ ਹੀ ਬ੍ਰਹਮ = ਵਿਆਪਕ ਪ੍ਰਭੂ ਦੀ ਪ੍ਰਾਪਤੀ ਵਾਲਾ ਧਿਆਨ = ਖ਼ਿਆਲ ਹੈ, ਭਾਵ ਬ੍ਰਹਮ ਦੀ ਪ੍ਰਾਪਤੀ ਵਾਲੀ ਅਵਸਥਾ ਗੁਰਸਿੱਖ, ਗੁਰਮੁਖ ਜਨ ਨੂੰ ਪ੍ਰਾਪਤ ਹੋ ਜਾਂਦੀ ਹੈ॥੧੮॥

ਗੁਰਮੁਖਿ ਸੁਖ ਫਲ ਅਤਿ ਅਸਚਰਜ ਮੈ;
ਹੇਰਤ ਹਿਰਾਨੇ ਆਨ ਧਿਆਨ ਬਿਸਰਾਨੇ ਹੈ॥

ਗੁਰਮੁਖ ਜਨ (ਗੁਰਸਿੱਖ) ਨੂੰ ਉਪਰੋਕਤ ਮਰਯਾਦਾ ਅਨੁਸਾਰ ਨਾਮ ਬਾਣੀ ਦਾ ਅਭਿਆਸ ਕਰਦਿਆਂ ਜੋ ਆਤਮਿਕ ਸੁਖ = ਆਨੰਦ ਫਲ ਦੀ ਪ੍ਰਾਪਤੀ ਹੁੰਦੀ ਹੈ, ਉਹ ਅਤਿ = ਅਤਿਅੰਤ ਅਸਚਰਜ = ਵਿਸਮਾਦ ਮੈ = ਸਰੂਪ ਹੀ ਹੁੰਦੀ ਹੈ, ਭਾਵ ਉਸ ਆਨੰਦ ਫਲ ਦਾ ਸ਼ਬਦਾਂ ਰਾਹੀਂ ਵਖਿਆਨ ਨਹੀਂ ਕੀਤਾ ਜਾ ਸਕਦਾ, ਬੱਸ ਉਸ ਦੇ ਹੇਰਤ = ਤੱਕਦਿਆਂ ਹੀ ਹਉਮੈ, ਆਪਾ-ਭਾਵ ਹਿਰਾਨੇ = ਹਾਰ, ਥਕਿਤ ਹੋ ਜਾਂਦਾ ਹੈ, ਭਾਵ ਬਾਹਰਲੀ ਸੁਧ ਬੁੱਧ ਭੁੱਲ ਜਾਂਦੀ ਹੈ **ਵਾ:** (ਹਿਰ + ਆਨੇ) ਆਨੇ = ਦਵੈਤ ਭਾਵਨਾ ਹਿਰ = ਹਰ, ਨਵਿਰਤ ਹੋ ਜਾਂਦੀ ਹੈ ਤੇ ਆਨ = ਹੋਰ ਦੇਵੀ ਦੇਵਤਿਆਂ ਨੂੰ ਪੂਜਣ ਦਾ ਧਿਆਨ = ਖ਼ਿਆਲ ਬਿਸਰਾਨੇ = ਭੁੱਲ ਜਾਂਦਾ ਹੈ।

ਗੁਰਮੁਖਿ ਸੁਖ ਫਲ ਗੰਧ ਰਸ ਬਿਸਮ ਹੁਇ;
ਅਨ ਰਸ ਬਾਸਨਾ ਬਿਲਾਸ ਨ ਹਿਤਾਨੇ ਹੈ॥

ਗੁਰਮੁਖ ਜਨ ਨੂੰ ਜੋ ਆਤਮਿਕ ਸੁਖ = ਆਨੰਦ ਫਲ ਪ੍ਰਾਪਤ ਹੁੰਦਾ ਹੈ, ਉਸ ਦੀ ਗੰਧ = ਮਹਿਕ ਪ੍ਰਫੁੱਲਤਾ ਦਾ ਰਸ = ਸੁਆਦ ਐਸਾ ਬਿਸਮ = ਵਿਸਮਾਦ ਹੁੰਦਾ ਹੈ ਕਿ ਅਨ = ਹੋਰਨਾਂ ਰਸਾਂ ਦੇ ਬਿਲਾਸ = ਵਿਸਤਾਰ, ਪਸਾਰੇ, ਪ੍ਰਵਿਰਤੀ ਦੀ ਬਾਸਨਾ = ਕਲਪਨਾ ਫੁਰਨੀ ਹੀ ਹਿਤਾਨੇ = ਪਿਆਰੀ ਨ = ਨਹੀਂ ਹੁੰਦੀ ਹੈ।

ਗੁਰਮੁਖਿ ਸੁਖ ਫਲ ਅਦਭੁਤ ਅਸਥਾਨ ਦੇਖ;
ਮ੍ਰਿਤ ਮੰਡਲ ਅਸਥਲ ਨ ਲੁਭਾਨੇ ਹੈ॥

ਜੋ ਗੁਰਮੁਖ ਜਨ ਨੂੰ ਆਤਮਿਕ ਸੁਖ = ਆਨੰਦ ਫਲ ਦੀ ਪ੍ਰਾਪਤੀ ਹੁੰਦੀ ਹੈ, ਉਸ ਦਾ ਅਸਥਾਨ = ਟਿਕਾਣਾ ਐਸਾ ਅਦਭੁਤ = ਅਸਚਰਜ, ਅਲੌਕਿਕ ਹੁੰਦਾ ਹੈ ਕਿ ਉਸ ਵਿੱਚ ਇਸਥਿਤ ਹੋਏ ਨੂੰ ਤਾਂ ਕੀ, ਦੇਖ = ਵੇਖਣ ਵਾਲੇ ਨੂੰ ਵੀ ਮ੍ਰਿਤ ਮੰਡਲ = ਮਾਤ ਲੋਕ ਦਾ ਅਸਥਲ = ਟਿਕਾਣਾ ਹੁਣ ਲੁਭਾਨੇ = ਲੁਭਾਏਮਾਨ ਨਹੀਂ ਕਰ ਸਕਦਾ ਹੈ।

ਗੁਰਮੁਖਿ ਸੁਖ ਫਲ ਸੰਗਤਿ ਮਿਲਾਪ ਦੇਖਿ;
ਆਨ ਗਿਆਨ ਧਿਆਨ ਸਭ ਨਿਰਸ ਕਰਿ ਜਾਨੇ ਹੈ॥੧੯॥

ਜੋ ਗੁਰਮੁਖ ਜਨ ਨੂੰ ਆਤਮਿਕ ਸੁਖ = ਆਨੰਦ ਫਲ ਪ੍ਰਾਪਤ ਹੁੰਦਾ ਹੈ, ਐਸੇ ਗੁਰਮੁਖ ਦੀ ਸੰਗਤ ਤੇ ਮਿਲਾਪ = ਮੇਲ-ਜੋਲ ਦੇ ਪ੍ਰਤਾਪ ਨੂੰ ਦੇਖ = ਵੇਖਣ ਵਾਲਾ ਪੁਰਖ ਆਨ = ਹੋਰਨਾਂ ਸਭ = ਸਭਨਾਂ ਗਿਆਨ, ਧਿਆਨ = ਖ਼ਿਆਲਾਂ ਨੂੰ ਨਿਰਸ = ਰਸ ਤੋਂ ਰਹਿਤ, ਬੇਸੁਆਦੇ ਕਰਿ = ਕਰਕੇ ਜਾਨੇ = ਜਾਨਣ ਲੱਗ ਜਾਂਦਾ ਹੈ॥੧੯॥

ਗੁਰਮੁਖਿ ਸੁਖ ਫਲ ਦਇਆ ਕੈ ਦਿਖਾਵੈ ਜਾਹਿ;
ਤਾਹਿ ਆਨਰਸ ਰੂਪ ਰੰਗ ਦੇਖੇ ਨਾ ਹੀ ਭਾਵਈ॥

ਜਾਹਿ = ਜਿਸ ਗੁਰਮੁਖ ਜਨ ਨੂੰ ਆਤਮਿਕ ਸੁਖ = ਆਨੰਦ ਫਲ ਪ੍ਰਾਪਤ ਹੁੰਦਾ ਹੈ, ਉਹ ਫਲ ਸਤਿਗੁਰੂ ਜੀ ਆਪਣੀ ਦਇਆ = ਮਿਹਰ ਕੈ = ਕਰਕੇ ਦਿਖਾਵੈ = ਵਿਖਾਉਂਦੇ ਹਨ, ਇਸੇ ਕਰਕੇ ਫੇਰ ਤਾਹਿ = ਉਸ ਗੁਰਮੁਖ ਜਨ ਨੂੰ ਆਨਰਸ = ਹੋਰ ਰਸ, ਰੂਪ ਰੰਗ, ਭਾਵ ਇੰਦਰੀਆਂ ਦੇ ਵਿਸ਼ੇ ਰੂਪ ਭੋਗ ਪਦਾਰਥ ਦੇਖੇ = ਦੇਖਣੇ ਵੀ ਭਾਵਈ = ਭਾਉਂਦੇ ਨ = ਨਹੀਂ ਹਨ।

ਨੋਟ : ਕਈ ਪੋਥੀਆਂ ਵਿਚ 'ਆਨਰਸ' ਦੀ ਥਾਂ 'ਆਨ' ਪਦ ਹੈ ਤੇ ਕਈ ਜਗ੍ਹਾ 'ਆਨਰਸ' ਦੀ ਥਾਂ 'ਅਨਰਸ' ਪਾਠ ਹੈ।

ਗੁਰਮੁਖਿ ਸੁਖ ਫਲ ਮਇਆ ਕੈ ਚਖਾਵੈ ਜਾਹਿ;
ਤਾਹਿ ਅਨ-ਰਸ ਨਹੀ ਰਸਨਾ ਹਿਤਾਵਈ॥

ਜਾਹਿ = ਜਿਸ ਗੁਰਮੁਖ ਉੱਪਰ ਮਇਆ = ਕਿਰਪਾ ਕੈ = ਕਰ ਕੇ ਸਤਿਗੁਰੂ ਜੀ ਇਹ ਆਤਮਿਕ

ਸੁਖ = ਆਨੰਦ ਫਲ ਚਖਾਵੈ = ਚਖਾ, ਛਕਾ ਦੇਣਾ ਕਰਨ, ਭਾਵ ਹਿਰਦੇ ਵਿੱਚ ਸ੍ਵੈ-ਸਰੂਪ ਦੀ ਪ੍ਰਾਪਤੀ ਦਾ ਗਿਆਨ ਕਰਾ ਦੇਣ, ਤਾਹਿ = ਉਸ ਨੂੰ ਅਨ = ਹੋਰ ਬਾਹਰਲੇ ਰਸ = ਸੁਆਦ ਰਸਨਾ = ਰਸੀਲੇ ਹੋ ਕੇ (ਹਿਤ + ਆਵਈ) ਹਿਤ = ਪ੍ਰੇਮ ਵਿੱਚ ਨ = ਨਹੀਂ ਆਵਈ = ਆਉਂਦੇ **ਵਾ:** ਫੇਰ ਉਸ ਦੀ ਰਸਨਾ = ਜੀਭਾ ਹੋਰ ਰਸਾਂ ਵਿਚ ਪ੍ਰੇਮ ਨਹੀਂ ਲਾਉਣਾ ਕਰਦੀ।

ਗੁਰਮੁਖਿ ਸੁਖ ਫਲ ਅਗਹੁ ਗਹਾਵੈ ਜਾਹਿ;
ਸਰਬ ਨਿਧਾਨ ਪਰਸਨ ਕਉ ਨ ਧਾਵਈ ॥

ਜਾਹਿ = ਜਿਸ ਗੁਰਮੁਖ ਨੂੰ ਸਤਿਗੁਰੂ ਜੀ ਅਗਹੁ = ਗ੍ਰਹਿਣ ਕਰਨ ਤੋਂ ਰਹਿਤ ਆਤਮਿਕ ਸੁਖ = ਆਨੰਦ ਫਲ ਗਹਾਵੈ = ਫੜਾ ਦੇਣ ਭਾਵ ਪ੍ਰਾਪਤ ਕਰਾ ਦੇਣ, ਉਹ ਮੁੜ ਸਰਬ = ਹਰ ਤਰ੍ਹਾਂ ਦੇ ਨਿਧਾਨ = ਖ਼ਜ਼ਾਨੇ ਨੂੰ ਸਨਮੁਖ ਪ੍ਰਾਪਤ ਹੋਇਆਂ ਦੇਖ ਕੇ ਵੀ ਪਰਸਨ = ਛੁਹਨ ਕਉ = ਵਾਸਤੇ ਉਨ੍ਹਾਂ ਵੱਲ ਧਾਵਈ = ਦੌੜਦਾ ਨ = ਨਹੀਂ ਹੈ।

ਗੁਰਮੁਖਿ ਸੁਖ ਫਲ ਅਲਖ ਲਖਾਵੈ ਜਾਹਿ;
ਅਕਥ ਕਥਾ ਬਿਨੋਦ ਵਾਹੀ ਬਨਿ ਆਵਈ ॥੨੦॥

ਜਾਹਿ = ਜਿਸ ਗੁਰਮੁਖ ਜਨ ਉੱਪਰ ਸਤਿਗੁਰੂ ਜੀ ਕਿਰਪਾ ਕਰ ਕੇ ਅਲਖ = ਲਖਣ ਤੋਂ ਰਹਿਤ ਸੁਖ = ਆਨੰਦ ਫਲ ਨੂੰ ਲਖਾਵੈ = ਲਖਾ, ਜਣਾ ਦੇਣ, ਉਸ ਦੇ ਬਿਨੋਦ = ਕੌਤਕ ਦੀ ਕਥਾ = ਕਹਾਣੀ ਵਾਰਤਾ ਅਕਥ = ਕਥਨ ਤੋਂ ਰਹਿਤ ਹੈ, ਜਿਸ ਨੇ ਆਤਮਿਕ ਆਨੰਦ ਫਲ ਪ੍ਰਾਪਤ ਕੀਤਾ ਹੈ, ਵਾਹੀ = ਉਸੇ ਨੂੰ ਹੀ ਸਮਝ ਬਨਿ = ਬਣ ਆਵਈ = ਆਉਂਦੀ ਹੈ, ਹੋਰ ਕੋਈ ਕਥਨ ਕਰਕੇ ਜਾਂ ਸੁਣ ਕਰਕੇ ਜਾਂ ਕੇਵਲ ਗੱਲਾਂ ਕਰਕੇ ਆਤਮਿਕ ਸੁਖ ਦਾ ਲਾਭ ਪ੍ਰਾਪਤ ਨਹੀਂ ਕਰ ਸਕਦੇ ॥੨੦॥

ਸਿਧ ਨਾਥ ਜੋਗੀ ਜੋਗ ਧਿਆਨ ਮੈ ਨ ਆਨ ਸਕੇ;
ਬੇਦ ਪਾਠ ਕਰਿ ਬ੍ਰਹਮਾਦਿਕ ਨ ਜਾਨੇ ਹੈ ॥

ਅਣਮਾ, ਮਹਿਮਾ ਆਦਿ ਸਿਧ = ਸਿਧੀਆਂ ਦੀ ਪ੍ਰਾਪਤੀ ਵਾਲੇ ਸਿਧ ਲੋਕ, ਨੌਂ ਨਾਥ, ਜੋਗੀ ਜਨ ਆਦਿਕ ਅਨੇਕਾਂ ਯਤਨਾਂ ਰਾਹੀਂ ਜਿਸ ਪਰਮੇਸ਼ਰ, ਆਤਮਿਕ ਸੁਖ ਨੂੰ ਧਿਆਨ = ਖ਼ਿਆਲ ਮੈ = ਵਿਚ ਨ = ਨਹੀਂ ਆਨ = ਲਿਆ ਸਕੇ ਅਤੇ ਜਿਸ ਪਰਮੇਸ਼ਰ, ਆਤਮਿਕ ਆਨੰਦ ਫਲ ਨੂੰ ਬ੍ਰਹਮਾਦਿਕ = ਬ੍ਰਹਮਾ ਆਦਿਕ ਨੇ ਬੇਦ ਪੜ੍ਹ ਕੇ ਜਾਂ ਬੇਦ ਪਾਠ ਕਰਿ = ਕਰਕੇ ਜਾਨੇ = ਜਾਣਿਆ ਨ = ਨਹੀਂ ਹੈ।

ਅਧਜਾਤਮ ਗਿਆਨ ਕੈ ਨ ਸਿਵ ਸਨਕਾਦਿ ਪਾਏ;
ਜੋਗ ਭੋਗ ਮੈ ਨ ਇੰਦ੍ਰਾਦਿਕ ਪਹਿਚਾਨੇ ਹੈ ॥

ਇਸ ਤਰ੍ਹਾਂ ਸ਼ਿਵ ਜੀ ਅਤੇ ਸਨਕਾਦਿ = ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ ਨੇ ਅਧਜਾਤਮ = ਆਤਮਾ ਦਾ ਗਿਆਨ ਕਮਾ ਕਮਾ ਕੇ ਪਰਮਾਤਮਾ ਨੂੰ ਪਾਏ = ਪ੍ਰਾਪਤ ਨ = ਨਹੀਂ ਕੀਤਾ, ਉਸ ਨੂੰ ਭੋਗਾਂ ਵਿਚ ਜੋਗ ਸਾਧਨਾ ਸਾਧਦਿਆਂ ਹੋਇਆਂ ਇੰਦਰ ਆਦਿਕਾਂ ਨੇ ਵੀ ਨ = ਨਹੀਂ ਪਹਿਚਾਨੇ = ਪਛਾਣਨਾ ਕੀਤਾ ਹੈ।

ਨਾਮ ਸਿਮਰਨ ਕੈ ਸੇਖਾਦਿਕ ਨ ਸੰਖਜਾ ਜਾਨੀ;
ਬ੍ਰਹਮਚਰਜ ਨਾਰਦਾਦਿਕ ਹਿਰਾਨੇ ਹੈ॥

ਗਿਣਤੀਆਂ ਮਿਣਤੀਆਂ ਵਿੱਚ ਨਾਮ ਨੂੰ ਸਿਮਰਨ = ਚੇਤੇ ਕੈ = ਕਰ ਕਰ ਕੇ ਸੇਖਾਦਿਕ = ਸ਼ੇਸ਼ ਨਾਗ ਆਦਿਕ ਨੇ ਵੀ ਅਸੰਖ ਦੀ ਸੰਖਿਆ ਨੂੰ ਨ = ਨਹੀਂ ਜਾਨੀ = ਜਾਣਿਆ, ਨਾਰਦ ਆਦਿਕ ਮੁਨੀ ਵੀ ਜਿਸ ਦੀ ਪ੍ਰਾਪਤੀ ਦੇ ਭੇਦ ਨੂੰ ਭਾਲਦੇ ਤੇ ਬ੍ਰਹਮਚਰਜ ਨੂੰ ਸਾਧਦੇ ਹੋਏ ਹਿਰਾਨੇ = ਹਾਰ, ਥੱਕ ਗਏ ਹੈ = ਹਨ।

ਨਾਨਾ ਅਵਤਾਰ ਕੈ ਅਪਾਰ ਕੋ ਨ ਪਾਰ ਪਾਇਓ;
ਪੂਰਨ ਬ੍ਰਹਮ ਗੁਰਸਿਖ ਮਨਿ ਮਾਨੇ ਹੈ॥੨੧॥

ਇਸੇ ਤਰ੍ਹਾਂ ਹੀ ਵਿਸ਼ਨੂੰ ਭਗਵਾਨ ਨੇ ਨਾਨਾ = ਅਨੇਕਾਂ ਅਵਤਾਰ ਧਾਰ ਧਾਰ ਕੇ ਜਿਸ ਅਪਾਰ = ਪਾਰਾਵਾਰ ਤੋਂ ਰਹਿਤ ਕੋ = ਦਾ ਪਾਰ ਨ = ਨਹੀਂ ਪਾਇਓ = ਪਾਉਣਾ ਕੀਤਾ, ਉਸ ਪੂਰਨ = ਪਰੀਪੂਰਨ ਬ੍ਰਹਮ = ਪ੍ਰਭੂ ਨੂੰ ਗੁਰਸਿੱਖ ਨੇ ਜਿਉਂ ਦਾ ਤਿਉਂ ਆਪਣੇ ਮਨਿ = ਹਿਰਦੇ ਵਿੱਚ ਮਾਨੇ = ਮੰਨਣਾ ਕੀਤਾ ਹੈ, ਭਾਵ ਪ੍ਰਭੂ ਨੂੰ ਆਪਣੇ ਹਿਰਦੇ ਵਿੱਚੋਂ ਪ੍ਰਗਟ ਕਰ ਕੇ ਉਸ ਦਾ ਸਰੂਪ ਹੀ ਹੋਣਾ ਕੀਤਾ ਹੈ॥੨੧॥

ਗੁਰ ਉਪਦੇਸ ਰਿਦੈ ਨਿਮ੍ਰਤਾ ਨਿਵਾਸ ਜਾਸੁ;
ਧਿਆਨ ਗੁਰ ਮੂਰਤਿ ਕੈ ਪੂਰਨ ਬ੍ਰਹਮ ਹੈ॥

ਜਾਸੁ = ਜਿਸ ਸਿੱਖ ਦੇ ਰਿਦੈ = ਹਿਰਦੇ ਵਿੱਚ ਨਿਮ੍ਰਤਾ = ਨਿਮਰਤਾਈ (ਗ਼ਰੀਬੀ) ਦਾ ਨਿਵਾਸੁ = ਵਾਸਾ ਹੋਣ ਕਰਕੇ ਗੁਰ-ਉਪਦੇਸ਼ ਦਾ ਵੀ ਨਿਵਾਸ ਹੈ, ਉਹ ਗੁਰ = ਗੁਰੂ ਮੂਰਤਿ = ਸਰੂਪ ਨੂੰ ਪੂਰਨ = ਵਿਆਪਕ ਬ੍ਰਹਮ = ਪਰਮੇਸ਼ਰ ਰੂਪ ਕੈ = ਕਰਕੇ ਹੀ ਧਿਆਨ = ਖ਼ਿਆਲ ਵਿਚ ਲਿਆਉਂਦਾ ਹੈ।

ਗੁਰਮੁਖਿ ਸਬਦ ਸੁਰਤਿ ਉਨਮਾਨ ਗਿਆਨ;
ਸਹਜ ਸੁਭਾਇ ਸਰਬਾਤਮ ਕੈ ਸਮ ਹੈ॥

ਗੁਰਮੁਖਿ = ਮੁਖੀ ਗੁਰਾਂ ਵੱਲ ਰੁਖ਼ ਕਰਨ ਵਾਲਾ ਗੁਰਮੁਖ ਜਨ ਗੁਰ ਸਬਦ = ਉਪਦੇਸ਼ ਵਿਚ ਸੁਰਤਿ = ਲਿਵ ਨੂੰ ਉਨਮਾਨ = ਤੋਲਦਾ, ਭਾਵ ਧਾਰਨ ਕਰਦਾ ਹੋਇਆ **ਵਾ:** ਗੁਰ-ਉਪਦੇਸ਼ ਵਿਚ ਸੁਰਤੀ ਦੁਆਰਾ ਧਿਆਨ ਲਾਉਂਦਾ ਹੋਇਆ ਸਹਜ = ਸੁਤੇ-ਸਿਧ ਸੁਭਾਇ = ਸੁਭਾਵਿਕ ਹੀ **ਵਾ:** (ਸੁ + ਭਾਇ) ਸੁ = ਸ੍ਰੇਸ਼ਟ ਭਾਇ = ਪ੍ਰੇਮ ਵਾਲੀ ਦਸ਼ਾ ਵਿਚ ਆਪਣੇ ਅੰਦਰ ਹੀ ਸਮ = ਬਰਾਬਰ, ਇਕ-ਰਸ ਪਰੀਪੂਰਣ ਪਰਮਾਤਮਾ ਨੂੰ ਸਰਬਾਤਮ = ਸਾਰਿਆਂ ਦਾ ਆਪਣਾ ਆਪ ਸਰਬ ਸਰੂਪ ਹੋਇਆ ਗਿਆਨ = ਜਾਣ ਲੈਂਦਾ ਹੈ।

ਹਉਮੈ ਤਿਆਗ ਤਿਆਗੀ ਬਿਸਮਾਦ ਕੈ ਬੈਰਾਗੀ ਭਏ;
ਮਨ ਉਨਮਨ ਲਿਵ ਗੰਮਤਾ ਅਗੰਮ ਹੈ॥

ਇਸ ਅਵਸਥਾ ਦੇ ਪ੍ਰਤਾਪ ਕਰਕੇ ਦੇਹ ਅਧਿਆਸ ਅਤੇ ਆਪੇ ਭਾਵ ਦੀ ਗੰਢ ਰੂਪ ਹਉਮੈ = ਹੰਗਤਾ

ਨੂੰ ਤਿਆਗਿ = ਛੱਡ ਦੇਣ ਕਰਕੇ ਉਹ ਤਿਆਗੀ ਬਣ ਜਾਂਦਾ ਹੈ ਅਤੇ ਦੇਹ ਅੰਦਰ ਵੱਸਦਾ ਹੋਇਆ ਵੀ ਇਸ ਤੋਂ ਜਿਉਂ ਦਾ ਤਿਉਂ ਅਸੰਗ ਅਲੇਪ ਹੋ ਭਾਸਣ ਵਾਲੀ ਬਿਸਮਾਦ = ਅਸਚਰਜ ਅਵਸਥਾ ਨੂੰ ਪ੍ਰਾਪਤ ਹੋਣ ਕਰਕੇ ਮਾਨੋ ਹੰਗਤਾ, ਮਮਤਾ ਅਤੇ ਮੋਹ ਮਾਇਆ ਤੋਂ ਬੈਰਾਗੀ = ਵੈਰਾਗਵਾਨ ਭਏ = ਹੋ ਜਾਂਦਾ ਹੈ ਅਤੇ ਮਨ ਲੌਕਿਕ ਦ੍ਰਿਸ਼ਟੀ ਵਿਚ ਬਾਹਰ ਵਰਤਦਾ ਦਿੱਸਦਾ ਹੋਇਆ ਵੀ ਅੰਦਰ ਨਿਸ਼ਚੇ ਵਿਚ ਅਡੋਲ ਟਿਕ ਜਾਂਦਾ ਹੈ ਤੇ ਇਸ ਲਿਵ = ਬਿਰਤੀ ਕਰਕੇ ਉਸ ਨੂੰ ਅਗੰਮ = ਗੰਮਤਾ ਤੋਂ ਰਹਿਤ ਪ੍ਰਭੂ ਦੀ ਗੰਮਤਾ = ਪਹੁੰਚ, ਭਾਵ ਪ੍ਰਾਪਤੀ ਹੋ ਆਉਂਦੀ ਹੈ।

ਸੂਖਮ ਅਸਥੂਲ ਮੂਲ ਏਕ ਹੀ ਅਨੇਕ ਮੇਕ;
ਜੀਵਨ ਮੁਕਤਿ ਨਮੋ ਨਮੋ ਨਮੋ ਨਮ ਹੈ॥੨੨॥

ਜਿਸ ਕਰਕੇ ਉਸ ਗੁਰਸਿੱਖ ਨੂੰ ਸੂਖਮ ਅਸਥੂਲ ਸ੍ਰਿਸ਼ਟੀ ਵਿਚ ਇੱਕੋ ਹੀ ਵਰਤਦਾ, ਦੇਖਣ ਸੁਣਨ ਜਾਂ ਚਿੰਤਨ ਵਿਚ ਆਉਣ ਲੱਗ ਜਾਂਦਾ ਹੈ। ਉਸ ਦਾ ਮੂਲ = ਮੁੱਢ ਏਕ = ਇਕ ਅਕਾਲ ਪੁਰਖ ਹੀ ਹੈ ਅਤੇ ਉਹ ਇਕ ਅਕਾਲ ਪੁਰਖ ਹੀ ਅਨੇਕ = ਅਨੇਕਤਾ ਵਿਚ ਮੇਕ = ਮਿਲਿਆ ਹੋਇਆ ਹੈ, ਐਸੀ ਅਨੁਭਵੀ ਅਵਸਥਾ, ਜੀਵਨ ਮੁਕਤੀ ਦੀ ਪ੍ਰਾਪਤੀ ਵਾਲੇ ਅਵਸਥਾ ਦੇ ਮਾਲਕ ਗੁਰਸਿੱਖ ਨੂੰ ਮਨ ਕਰਕੇ ਵੀ ਨਮੋ = ਨਮਸਕਾਰ ਹੈ, ਬਾਣੀ ਕਰਕੇ ਵੀ ਨਮੋ = ਨਮਸਕਾਰ ਹੈ, ਸਰੀਰ ਕਰਕੇ ਵੀ ਨਮੋ = ਨਮਸਕਾਰ ਹੈ, ਨਮ = ਨਮਸਕਾਰ ਹੈ॥੨੨॥

ਦਰਸਨ ਜੋਤਿ ਨ ਜੋਤੀ ਸਰੂਪ ਹੁਇ ਪਤੰਗ;
ਸਬਦ ਸੁਰਤਿ ਮ੍ਰਿਗ ਜੁਗਤਿ ਨ ਜਾਨੇ ਹੈ॥

ਜਿਸ ਪ੍ਰਕਾਰ ਪਤੰਗ = ਭਮੱਕੜ ਪਿਆਰੇ ਦੀਵੇ ਦੀ ਲਾਟ ਉੱਪਰ ਸੜ ਕੇ ਜੋਤੀ = ਪ੍ਰਕਾਸ਼, ਲਾਟ ਦੀ ਸੂਰਤ ਦਾ ਸਰੂਪ ਹੀ ਹੁਇ = ਹੋ ਜਾਂਦਾ ਹੈ, ਇਸੇ ਤਰ੍ਹਾਂ ਪੂਰੇ ਸਤਿਗੁਰਾਂ ਦੇ ਦਰਸਨ = ਦੀਦਾਰ ਦੀ ਜੋਤਿ = ਪ੍ਰਕਾਸ਼ਤਾ ਉੱਤੇ ਇਕ-ਰਸ ਮਗਨ ਹੋ ਕੇ ਜਗਿਆਸੂ ਲਿਵਲੀਨ ਕਿਉਂ ਨਹੀਂ ਹੋ ਜਾਂਦਾ ? ਤੇ ਅਜਿਹਾ ਹੀ ਮ੍ਰਿਗ = ਹਿਰਨ ਦੀ ਤਰ੍ਹਾਂ ਘੰਡੇਹੇੜੇ ਦੇ ਸ਼ਬਦ ਉੱਤੇ ਆਪਾ ਵਾਰਨ ਵਾਲੀ ਜੁਗਤਿ = ਜੁਗਤੀ ਨੂੰ ਇਹ ਨਹੀਂ ਜਾਨੇ = ਜਾਣਦਾ ਹੈ, ਜਿਸ ਕਰਕੇ ਤਰ ਨਹੀਂ ਸਕਦਾ, ਇਸ ਢੰਗ ਨਾਲ ਤਰ ਸਕਦਾ ਹੈ ਕਿ ਪੂਰੇ ਗੁਰਾਂ ਦੇ ਸਬਦ = ਉਪਦੇਸ਼ ਨੂੰ ਸੁਰਤਿ = ਸੁਰਤੀ ਲਾ ਕੇ ਇਕ ਸਾਰ ਸੁਣਦਾ ਸੁਣਦਾ ਆਪਣਾ ਆਪ ਵਾਰ ਦੇਵੇ।

ਚਰਨ ਕਮਲ ਮਕਰੰਦ ਨ ਮਧੁਪ ਗਤਿ;
ਬਿਰਹ ਬਿਓਗ ਹੁਇ ਨ ਮੀਨ ਮਰਿ ਜਾਨੇ ਹੈ॥

ਜਿਵੇਂ ਮਧੁਪ = ਭੌਰੇ ਦੀ ਗਤਿ = ਚਾਲ (ਦਸ਼ਾ) ਕਮਲ ਦੇ ਮਕਰੰਦ = ਧੂੜੇ ਰਸ ਦੀ ਪ੍ਰਾਪਤੀ ਵਾਸਤੇ ਜਾਂ ਪ੍ਰਾਪਤੀ ਹੋਣ ਸਮੇਂ ਹੁੰਦੀ ਹੈ, ਉਸੇ ਤਰ੍ਹਾਂ ਗੁਰਾਂ ਦੇ ਚਰਨਾਂ ਕਮਲਾਂ ਦੀ ਧੂੜੀ ਨੂੰ ਪ੍ਰਾਪਤ ਕਰ ਕੇ ਗੁਰਸਿਖ ਦੀ ਹਾਲਤ ਹੁੰਦੀ ਹੈ ਅਤੇ ਬਿਰਹ = ਵਿਛੋੜੇ ਨੂੰ ਪ੍ਰਾਪਤ ਹੋ ਕੇ ਬਿਓਗ = ਜੁਦਾਈ ਦੇ ਕਾਰਨ ਮੀਨ = ਮੱਛੀ ਦੇ ਪਾਣੀ ਤੋਂ ਵੱਖਰੇ ਹੋਣ ਸਮੇਂ ਮਰ ਜਾਣ ਵਤ ਇਹ ਕਿਉਂ ਨਹੀਂ ਮਰ ਜਾਨੇ = ਜਾਂਦਾ।

ਏਕ ਏਕ ਟੇਕ ਨ ਟਰਤ ਹੈ ਤ੍ਰਿਗਦ ਜੋਨਿ;
ਚਾਤੁਰ ਚਤਰ ਗੁਨ ਹੋਇ ਨ ਹਿਰਾਨੇ ਹੈ॥

ਬਹੁਤ ਹੀ ਦੁੱਖ ਦੀ ਗੱਲ ਹੈ ਕਿ ਤ੍ਰਿਗਦ = ਟੇਢੀਆਂ ਜੋਨਿ = ਜੂਨਾਂ ਵਿਚ ਪੈਦਾ ਹੋਏ ਉਕਤ ਜੀਵ ਏਕ ਏਕ = ਇੱਕੋ ਇਕ ਪ੍ਰੇਮ ਦੀ ਟੇਕ = ਓਟ ਨੂੰ ਧਾਰਨ ਕਰ ਕੇ ਅਖ਼ੀਰਲੀ ਹੱਦ ਤਕ ਟਰਤ = ਟਲਦੇ ਨ = ਨਹੀਂ ਹੈ = ਹਨ, ਪਰੰਤੂ ਇਹ ਜੀਵ ਹਰ ਤਰ੍ਹਾਂ ਕਰਕੇ ਚਾਤੁਰ = ਚਲਾਕ ਚੁਸਤ ਅਤੇ ਚਤਰ = ਸ੍ਰੇਸ਼ਟ ਗੁਨ = ਗੁਣਾਂ ਕਰਕੇ ਸੰਪੰਨ ਤੇ ਹਰ ਤਰ੍ਹਾਂ ਨਿਪੁੰਨ ਹੁੰਦਾ ਹੋਇਆ ਵੀ ਪੂਰੇ ਗੁਰਾਂ ਦੇ ਪ੍ਰੇਮ ਤੋਂ ਆਪਣੇ ਆਪ ਨੂੰ ਲੁਟਾ ਨ = ਨਹੀਂ ਦਿੰਦਾ, ਭਾਵ ਆਪਣਾ ਆਪ ਵਾਰਨਾ ਨਹੀਂ ਕਰਦਾ, ਇਹ ਗੱਲ ਬਹੁਤ ਹਿਰਾਨੇ[੧] = ਅਸਚਰਜ ਹੈ।

ਪਾਹਨ ਕਠੋਰ ਸਤਿਗੁਰੁ ਸੁਖ ਸਾਗਰ ਮੈ;
ਸੁਨਿ ਮਮ ਨਾਮ ਜਮ ਨਰਕ ਲਜਾਨੇ ਹੈ॥੨੩॥

ਭਾਈ ਗੁਰਦਾਸ ਜੀ ਜੀਵ ਨੂੰ ਸਮਝਾਉਣ ਲਈ ਆਪਣੇ ਆਪ ਨੂੰ ਸੰਬੋਧਨ ਕਰਦੇ ਹੋਏ ਕਥਨ ਕਰਦੇ ਹਨ ਕਿ ਮੈਂ ਹੋਰਨਾਂ ਦੀ ਕੀ ਗੱਲ ਕਹਿਣਾ ਕਰਾਂ, ਮੈਂ ਹਰ ਵਕਤ ਸੁਖ = ਆਨੰਦ ਦੇ ਸਾਗਰ = ਸਮੁੰਦਰ ਪੂਰੇ ਸਤਿਗੁਰਾਂ ਦੇ ਚਰਨਾਂ ਕਮਲਾਂ ਵਿਚ ਵੱਸਦਾ ਹੋਇਆ ਵੀ ਪਾਹਨ = ਪੱਥਰ ਵਾਂਗ ਕਠੋਰ = ਸਖ਼ਤ ਸੁਭਾਅ ਵਾਲਾ ਹੀ ਰਿਹਾ, ਭਾਵ ਕਿਸੇ ਪ੍ਰਕਾਰ ਵੀ ਮੈਂ ਪ੍ਰੇਮ ਰਸ ਵਿਚ ਭਿੱਜਿਆ ਨਹੀਂ, ਮਮ = ਮੇਰਾ ਨਾਮ ਸੁਣ ਕਰਕੇ ਜਮ = ਜਮਦੂਤਾਂ ਦਾ ਰਾਜਾ ਅਤੇ ਨਰਕ ਵੀ ਲਜਾਨੇ = ਸ਼ਰਮਿੰਦੇ ਹੋ ਰਹੇ ਹਨ ਕਿ ਮੈਨੂੰ ਕਿਹੜੇ ਨਰਕ ਵਿਚ ਪਾਉਣਗੇ॥੨੩॥

ਗੁਰਮਤਿ ਸਤਿ ਕਰਿ ਚੰਚਲ ਅਚਲ ਭਏ;
ਮਹਾਂ ਮਲ ਮੂਤ੍ਰਧਾਰੀ ਨਿਰਮਲ ਕੀਨੇ ਹੈਂ॥

ਜਿਨ੍ਹਾਂ ਨੇ ਗੁਰਮਤਿ = ਗੁਰੂ ਸਿੱਖਿਆ ਨੂੰ ਸਤਿ = ਸੱਚਾ ਕਰਿ = ਕਰ ਕੇ ਮੰਨਿਆ ਹੈ, ਉਹ ਚੰਚਲ = ਚੰਚਲਤਾਈ (ਭਟਕਣਾ) ਵਾਲੇ ਸੁਭਾਅ ਨੂੰ ਤਿਆਗ ਕੇ ਅਚਲ = ਚੱਲਣ ਤੋਂ ਰਹਿਤ ਬਿਰਤੀ ਵਾਲੇ, ਭਾਵ ਸ਼ਾਂਤ ਸੁਭਾਅ ਵਾਲੇ ਭਏ = ਹੋ ਗਏ ਹਨ ਅਤੇ ਜਿਨ੍ਹਾਂ ਨੂੰ ਮਹਾਂ = ਬਹੁਤ ਹੀ ਮਲ-ਮੂਤਰ ਧਾਰੀ ਅਤੇ ਮਲ-ਮੂਤਰ ਦੀ ਸਾਜੀ ਕਾਇਆਂ ਨੂੰ ਪਾਲਣ ਪੋਸ਼ਣ ਦੀ ਚਿੰਤਾ ਲੱਗੀ ਰਹਿੰਦੀ ਸੀ, ਜਿਨ੍ਹਾਂ ਨੇ ਗੁਰਾਂ ਦੇ ਉਪਦੇਸ਼ ਨੂੰ ਸੱਚਾ ਕਰ ਕੇ ਮੰਨਣਾ ਕੀਤਾ ਹੈ, ਉਨ੍ਹਾਂ ਨੂੰ ਗੁਰਾਂ ਨੇ ਨਿਰਮਲ = ਉੱਜਲ ਕੀਨੇ = ਕੀਤਾ ਹੈ।

ਗੁਰਮਤਿ ਸਤਿ ਕਰਿ ਜੋਨਿ ਕੈ ਅਜੋਨਿ ਭਏ;
ਕਾਲ ਸੇ ਅਕਾਲ ਕੈ ਅਮਰ ਪਦ ਦੀਨੇ ਹੈਂ॥

ਇਸੇ ਪ੍ਰਕਾਰ ਜਿਨ੍ਹਾਂ ਨੇ ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਕਰਿ = ਕਰ ਕੇ ਮੰਨਣਾ ਕੀਤਾ ਹੈ, ਉਹ ਚੌਰਾਸੀ ਲੱਖ ਜੋਨਿ = ਜੂਨਾਂ ਵਿਚ ਆਉਣ ਤੋਂ ਭਾਵ ਜੂਨਾਂ ਵਿਚ ਭਟਕਣੇ ਤੋਂ ਰਹਿਤ ਹੋ ਕੇ ਅੱਗੇ

---

੧. ਅਰਬੀ ਵਿਚ 'ਹਿਰਾਨੇ' ਦਾ ਅਰਥ ਅਸਚਰਜ ਹੈ।

ਵਾਸਤੇ ਅਜੋਨਿ = ਜੂਨਾਂ ਤੋਂ ਰਹਿਤ, ਭਾਵ ਅਜਨਮੇ ਭਏ = ਹੋ ਗਏ ਹਨ ਤੇ ਸਤਿਗੁਰਾਂ ਨੇ ਆਪਣੀ ਸਿੱਖਿਆ ਦੁਆਰਾ ਨਾਮ ਦੀ ਦਾਤ ਬਖ਼ਸ਼ ਕਰਕੇ ਕਾਲ = ਜਮਕਾਲ ਸੇ = ਤੋਂ ਮਰਨ ਦਾ ਸ਼ਿਕਾਰ ਹੋਣੋਂ ਬਚਾ ਕੇ ਅਕਾਲ = ਮਰਨ ਤੋਂ ਰਹਿਤ ਕੈ = ਕਰ ਕੇ ਅਮਰ = ਮਰਨ ਤੋਂ ਰਹਿਤ ਪਦ = ਪਦਵੀ ਭਾਵ ਅਬਿਨਾਸ਼ੀ ਪਦ ਦੀ ਦਾਤ ਦੀਨੇ = ਦੇਣਾ ਕੀਤੀ ਹੈ।

ਗੁਰਮਤਿ ਸਤਿ ਕਰਿ ਹਉਮੈ ਖੋਇ ਹੋਇ ਰੇਨੁ;
ਤ੍ਰਿਕੁਟੀ ਤ੍ਰਿਬੇਨੀ ਪਾਰਿ ਆਪਾ ਆਪ ਚੀਨੇ ਹੈਂ ॥

ਜਿਨ੍ਹਾਂ ਨੇ ਗੁਰਮਤਿ = ਗੁਰੂ ਸਿੱਖਿਆ ਨੂੰ ਸਤਿ = ਸੱਚ ਕਰਿ = ਕਰ ਕੇ ਮੰਨਣਾ ਕੀਤਾ ਹੈ, ਉਸ ਨੇ ਦੇਹ ਦੀ ਹਉਮੈ = ਹੰਗਤਾ ਨੂੰ ਖੋਇ = ਗੁਆ ਕੇ ਗੁਰਾਂ, ਨਾਮ ਜਪਣ ਵਾਲੇ ਗੁਰਮੁਖਾਂ ਦੀ ਚਰਨ ਰੇਨੁ = ਧੂੜੀ ਹੋਇ = ਹੋਣਾ ਕੀਤਾ ਹੈ, ਭਾਵ ਅਤਿਅੰਤ ਨਿਮਰਤਾ ਵਾਲਾ ਸੁਭਾਅ ਧਾਰਨ ਕੀਤਾ ਹੈ। ਇਸੇ ਕਰਕੇ ਉਨ੍ਹਾਂ ਨੇ ਤ੍ਰਿਕੁਟੀ = ਇੜਾ, ਪਿੰਗਲਾ, ਸੁਖਮਨਾ ਰੂਪ ਜੋ ਤ੍ਰਿਬੇਨੀ = ਤਿੰਨ ਨਦੀਆਂ ਹਨ, ਉਨ੍ਹਾਂ ਤੋਂ ਪਾਰ ਜੋ ਆਪਾ ਆਪ = ਆਪਣਾ ਆਪ ਸਰੂਪ ਵਾਹਿਗੁਰੂ ਹੈ, ਉਸ ਨੂੰ ਚੀਨੇ = ਜਾਣਨਾ ਕੀਤਾ ਹੈ **ਵਾ:** ਜੋ ਤ੍ਰਿਕੁਟੀ = ਤਿੰਨਾਂ ਗੁਣਾਂ ਦੀ ਗੁੰਝਲਤਾਈ ਵਿਚ ਫਸਿਆ ਹੋਇਆ ਸੰਸਾਰ ਹੈ, ਉਸ ਤੋਂ ਪਾਰ ਹੋ ਕੇ ਆਪਾ ਆਪ = ਆਪਣਾ ਆਪ ਸਰੂਪ ਵੇਖਣਾ ਕੀਤਾ ਹੈ।

ਵਾ: ਤ੍ਰਿਕੁਟੀ ਸਰੀਰ ਦੇ ਅੰਦਰ ਵਰਤੀ ਉਤਪਤੀ, ਪਾਲਣਾ ਅਤੇ ਲੈਤਾ ਕਰਨ ਵਾਲੀਆਂ ਸ਼ਕਤੀਆਂ ਦੇ ਨਿਵਾਸ ਅਸਥਾਨ ਅਤੇ ਤ੍ਰਿਬੇਣੀ ਭਾਵ ਇੜਾ, ਪਿੰਗਲਾ, ਸੁਖਮਨਾ ਰੂਪ ਪ੍ਰਾਣ ਧਾਰਾਂ ਦੇ ਮਿਲਾਉਣ ਵਾਲੇ ਥਾਂ ਨੂੰ ਲੰਘ ਕੇ ਸਰੀਰ ਮੰਡਲੋਂ ਅਤੇ ਬ੍ਰਹਿਮੰਡ ਦੀ ਹੋਂਦ ਤੋਂ ਪਾਰ ਹੋ ਕੇ ਆਪਾ ਆਪ = ਆਪਣੇ ਆਤਮ ਸਰੂਪ ਨੂੰ ਚੀਨੇ = ਜਾਣਨਾ ਕੀਤਾ ਹੈ।

ਗੁਰਮਤਿ ਸਤਿ ਕਰਿ ਬਰਨ ਅਬਰਨ ਭਏ;
ਭੈ ਭ੍ਰਮ ਨਿਵਾਰਿ ਡਾਰਿ ਨਿਰਭੈ ਕੈ ਲੀਨੇ ਹੈਂ ॥੨੪॥

ਜਿਨ੍ਹਾਂ ਨੇ ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚਾ ਕਰਿ = ਕਰ ਕੇ ਮੰਨਣਾ ਕੀਤਾ ਹੈ, ਉਹ ਖੱਤ੍ਰੀ, ਬ੍ਰਾਹਮਣ, ਸੂਦ, ਵੈਸ ਆਦਿ ਬਰਨ = ਵਰਨ ਭਾਵ ਤੋਂ ਛੁੱਟ ਅਬਰਨ = ਵਰਣ ਆਸ਼ਰਮ ਦੇ ਹੰਕਾਰ ਤੋਂ ਰਹਿਤ ਭਏ = ਹੋ ਜਾਂਦਾ ਹੈ ਅਤੇ ਸਭ ਪ੍ਰਕਾਰ ਦੇ ਭੈ = ਡਰ ਨੂੰ ਨਿਵਾਰਿ = ਨਵਿਰਤ ਕਰ ਕੇ ਅਤੇ ਪੰਜ ਪ੍ਰਕਾਰ ਦੇ ਭਰਮ ਨੂੰ ਪਰੇ ਡਾਰਿ = ਸੁੱਟ ਕੇ ਨਿਰਭੈ = ਡਰ ਤੋਂ ਰਹਿਤ ਕੈਵਲ ਮੁਕਤ ਰੂਪ ਪਦਵੀ ਵਿਚ ਲੀਨੇ = ਲੀਨ ਹੋ ਜਾਂਦਾ ਹੈ ॥੨੪॥

ਗੁਰਮਤਿ ਸਤਿ ਕਰਿ ਅਧਮ ਅਸਾਧ ਸਾਧ;
ਗੁਰਮਤਿ ਸਤਿ ਕਰਿ ਜੰਤ ਸੰਤ ਨਾਮ ਹੈ ॥

ਜਿਨ੍ਹਾਂ ਨੇ ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਕਰਿ = ਕਰ ਕੇ ਮੰਨਣਾ ਕੀਤਾ ਹੈ, ਭਾਵ ਗੁਰ-ਸਿੱਖਿਆ ਨੂੰ ਧਾਰਨ ਕੀਤਾ ਹੈ, ਭਾਵੇਂ ਉਹ ਪੁਰਖ ਅਧਮ = ਪਾਂਬਰ, ਨੀਚ, ਅਸਾਧ = ਮਾੜੇ ਕਰਮ ਕਰਨ ਵਾਲੇ ਸਨ, ਪਰੰਤੂ ਉਹ ਸਾਧ = ਸ੍ਰੇਸ਼ਟ ਪੁਰਖ ਬਣ ਗਏ, ਜਿਵੇਂ ਬਾਲਮੀਕ ਧਾੜਵੀ, ਅਜਾਮਲ, ਗਨਿਕਾ

ਆਦਿ ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਕਰਿ = ਕਰ ਕੇ ਮੰਨਣ ਵਾਲੇ ਜੰਤ = ਜੀਵ, ਬਾਲਮੀਕ ਆਦਿ ਵਰਗੇ ਵੀ ਸੰਤ = ਸ਼ਾਂਤ ਆਤਮਾ ਵਾਲੇ, ਸੰਤ = ਮਹਾਤਮਾ ਨਾਮ ਵਾਲੇ ਹੋ ਗਏ **ਵਾ:** ਸੰਤ = ਪ੍ਰਸਿੱਧੀ ਵਾਲੇ ਪੁਰਖ ਹੋ ਗਏ।

ਗੁਰਮਤਿ ਸਤਿ ਕਰਿ ਅਬਿਬੇਕੀ ਹੁਇ ਬਿਬੇਕੀ;
ਗੁਰਮਤਿ ਸਤਿ ਕਰਿ ਕਾਮ ਨਿਹਕਾਮ ਹੈ॥

ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਕਰਿ = ਕਰ ਕੇ ਮੰਨਣ ਵਾਲੇ ਅਬਿਬੇਕੀ = ਵਿਚਾਰ ਤੋਂ ਰਹਿਤ ਬੇਸਮਝ ਪੁਰਖ ਵੀ ਬਿਬੇਕੀ = ਵਿਚਾਰਵਾਨ ਹੁਇ = ਹੋ ਗਏ ਹਨ ਅਤੇ ਜੋ ਕਾਮ = ਕਾਮਨਾ ਵਿਚ ਗ੍ਰਸੇ ਹੋਏ ਸਨ, ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਮੰਨਣ ਕਰਕੇ ਕਾਮਨਾ ਵਾਲੇ ਪੁਰਖ ਵੀ ਨਿਹਕਾਮ = ਕਾਮਨਾ ਤੋਂ ਰਹਿਤ ਵੈਰਾਗੀ ਪੁਰਖ ਬਣ ਗਏ ਹੈ = ਹਨ।

ਗੁਰਮਤਿ ਸਤਿ ਕਰਿ ਅਗਿਆਨੀ ਬ੍ਰਹਮ ਗਿਆਨੀ;
ਗੁਰਮਤਿ ਸਤਿ ਕਰਿ ਸਹਜ ਬਿਸ੍ਰਾਮ ਹੈ॥

ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਕਰਿ = ਕਰ ਕੇ ਮੰਨਣ ਵਾਲੇ ਅਗਿਆਨੀ = ਗਿਆਨ ਤੋਂ ਹੀਣੇ ਪੁਰਖ ਵੀ ਬ੍ਰਹਮ ਗਿਆਨੀ = ਬ੍ਰਹਮ ਨੂੰ ਜਾਣਨ ਵਾਲੇ ਬਣ ਗਏ ਹਨ ਅਤੇ ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਕਰਿ = ਕਰ ਕੇ ਮੰਨਣ ਵਾਲੇ ਪੁਰਖ ਸਹਜ = ਸੁਤੇ-ਸਿਧ ਗਿਆਨ ਸਰੂਪ ਪਰਮੇਸ਼ਰ ਵਿਚ ਬਿਸ੍ਰਾਮ = ਇਸਥਿਤ ਹੋ ਗਏ ਹਨ।

ਗੁਰਮਤਿ ਸਤਿ ਕਰਿ ਜੀਵਨ ਮੁਕਤਿ ਭਏ;
ਗੁਰਮਤਿ ਸਤਿ ਕਰਿ ਨਿਹਚਲ ਧਾਮ ਹੈ॥੨੫॥

ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਕਰਿ = ਕਰ ਕੇ ਮੰਨਣ ਵਾਲੇ ਪੁਰਖ ਜੀਵਨ ਮੁਕਤ ਭਏ = ਹੋ ਗਏ ਹਨ, ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਕਰਿ = ਕਰ ਕੇ ਮੰਨਣ ਵਾਲੇ ਪੁਰਖ ਸਦਾ ਹੀ ਨਿਹਚਲ = ਅਚੱਲ ਸੱਚਖੰਡ ਰੂਪੀ ਧਾਮ = ਘਰ ਵਿਚ ਬਿਰਾਜਮਾਨ ਹੋ ਜਾਂਦੇ ਹਨ॥੨੫॥

ਗੁਰਮਤਿ ਸਤਿ ਕਰਿ ਬੈਰ ਨਿਰਬੈਰ ਭਏ;
ਪੂਰਨ ਬ੍ਰਹਮ ਗੁਰ ਸਰਬ ਮੈ ਜਾਨੇ ਹੈ॥

ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਮੰਨਣ ਕਰਿ = ਕਰ ਕੇ ਬੈਰ = ਵਿਰੋਧ ਕਰਨ ਤੋਂ ਹਟ ਕੇ ਨਿਰਬੈਰ = ਵੈਰ ਤੋਂ ਰਹਿਤ, ਮਿਲਾਪੜੇ ਸੁਭਾਵ ਵਾਲੇ ਭਏ = ਹੋ ਜਾਂਦੇ ਹਨ, ਕਿਉਂਕਿ ਗੁਰ-ਸਿੱਖਿਆ ਦੁਆਰਾ ਗੁਰਮੁਖ ਜਨਾਂ ਨੇ ਪੂਰਨ = ਲਬਾਲਬ ਬ੍ਰਹਮ = ਵਿਆਪਕ ਪੂਰੇ ਗੁਰ = ਸਤਿਗੁਰੂ ਜੀ ਨੂੰ ਸਰਬ = ਸਾਰਿਆਂ ਮੈ = ਵਿਚ ਪਰੀਪੂਰਨ ਜਾਨੇ = ਜਾਣ ਲਿਆ ਹੈ **ਵਾ:** ਸਾਰਿਆਂ ਵਿਚ ਸ੍ਵੈ-ਸਰੂਪ ਕਰਕੇ ਜਾਣ ਲਿਆ ਹੈ।

ਗੁਰਮਤਿ ਸਤਿ ਕਰਿ ਭੇਦ ਨਿਰਭੇਦ ਭਏ;
ਦੁਬਿਧਾ ਬਿਧਿ ਨਿਖੇਧ ਖੇਦ ਬਿਨਾਸਨੇ ਹੈ॥

(ਪਾਠਾਂਤ੍ਰ 'ਨਿਰਬੇਦ ਭਏ')

ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਕਰਿ = ਕਰ ਕੇ ਮੰਨਣ ਵਾਲੇ ਪੁਰਖ ਭੇਦ = ਫ਼ਰਕ, ਭਾਵ ਦ੍ਵੈਤ ਦ੍ਰਿਸ਼ਟੀ ਵੱਲੋਂ ਨਿਰਭੇਦ = ਭੇਦ ਰਹਿਤ ਭਏ = ਹੋ ਜਾਂਦੇ ਹਨ ਤੇ ਇਹ ਕਾਰਜ ਕਰਨਾ ਧਰਮ ਹੈ ਤੇ ਫ਼ਲਾਣਾ ਕਾਰਜ ਕਰਨਾ ਅਧਰਮ ਹੈ, ਇਸ ਤਰ੍ਹਾਂ ਦੇ ਬਿਧਿ ਨਿਖੇਧ ਕਰਮਾਂ ਦੀ ਵਿਚਾਰ ਦੀ ਕਲਪਨਾ ਦਾ ਖੇਦ = ਦੁੱਖ, ਸੰਤਾਪ ਬਿਨਾਸਨੇ = ਵਿਸ਼ੇਸ ਕਰਕੇ ਨਾਸ਼ ਹੋ ਜਾਂਦਾ ਹੈ।

ਗੁਰਮਤਿ ਸਤਿ ਕਰਿ ਬਾਇਸ ਪਰਮ ਹੰਸ;
ਗਿਆਨ ਅੰਸ ਬੰਸ ਨਿਰਗੰਧ ਗੰਧ ਠਾਨੇ ਹੈ॥

ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਕਰਿ = ਕਰ ਕੇ ਮੰਨਣ ਵਾਲੇ ਪੁਰਖ, ਜਿਵੇਂ ਬਾਇਸ = ਕਾਂ ਗੰਦਗੀ ਫਰੋਲਦਾ ਹੈ, ਤੇ ਕਾਂ ਕਾਂ ਕਰਦਾ ਰਹਿੰਦਾ ਹੈ, ਇਉਂ ਵਿਸ਼ੇ ਰੂਪ ਗੰਦਗੀ ਤੇ ਝੂਠ ਬੋਲਣ ਰੂਪ ਕਾਂ ਕਾਂ ਨਹੀਂ ਕਰਦੇ, ਸਗੋਂ ਪਰਮ = ਸ੍ਰੇਸ਼ਟ ਹੰਸ ਦੀ ਤਰ੍ਹਾਂ ਨਾਮ ਰੂਪੀ ਦੁੱਧ ਨੂੰ ਪੀ ਕੇ ਅਵਿੱਦਿਆ ਰੂਪ ਪਾਣੀ ਨੂੰ ਵੱਖ ਕਰ ਕੇ ਬ੍ਰਹਮ ਗਿਆਨ ਰੂਪੀ ਮੋਤੀ ਛਕਣਾ ਕਰਦੇ ਹਨ, ਪਰਮ ਹੰਸ ਵੀ ਉਹ ਬਣੇ ਜਿਨ੍ਹਾਂ ਦੀ ਅੰਸ = ਸੰਤਾਨ ਹੀ ਪਰੰਪਰਾ ਤੋਂ ਗੁਰੂ ਸਾਹਿਬ ਜੀ ਦੇ ਉਪਦੇਸ਼ ਦੀ ਕਮਾਈ ਕਰ ਕੇ ਗਿਆਨ ਸੰਪੰਨ ਪ੍ਰਗਟਦੀ ਹੈ, ਉਨ੍ਹਾਂ ਦੀ ਬੰਸ ਗੁਰਸਿੱਖੀ ਵਿਚ ਪ੍ਰਵੇਸ਼ ਪਾ ਗਈ, ਜਿਸ ਕਰਕੇ ਜੋ ਭਗਤੀ ਰੂਪ ਨਿਰਗੰਧ = ਸੁਗੰਧੀ ਤੋਂ ਰਹਿਤ ਸਨ, ਉਹ ਵੀ ਭਗਤੀ ਰੂਪ ਗੰਧ = ਸੁਗੰਧੀ ਦੇ ਸਹਿਤ ਠਾਨੇ = ਬਣ ਗਏ।

ਗੁਰਮਤਿ ਸਤਿ ਕਰਿ ਕਰਮ ਭਰਮ ਖੋਏ;
ਆਸਾ ਮੈ ਨਿਰਾਸ ਹੁਇ ਬਿਸ੍ਵਾਸ ਉਰਿ ਆਨੇ ਹੈ॥੨੬॥

ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਮੰਨਣ ਕਰਿ = ਕਰਕੇ ਕਰਮ-ਕਾਂਡ ਤੇ ਸਾਰੇ ਭਰਮ = ਭੁਲੇਖੇ ਖੋਏ = ਨਵਿਰਤ ਹੋ ਜਾਂਦੇ ਹਨ ਅਤੇ ਆਸਾ = ਉਮੀਦਾਂ ਮੈ = ਵਿਚ ਹੀ ਸੰਸਾਰਕ ਧੰਦਿਆਂ ਅੰਦਰ ਹੋਰਨਾਂ ਲੋਕਾਂ ਵਾਂਗ ਜ਼ਿੰਦਗੀ ਗੁਜ਼ਾਰਨੋਂ ਨਿਰਾਸ ਹੋ ਕੇ, ਭਾਵ ਸੰਸਾਰ ਦੀਆਂ ਸਾਰੀਆਂ ਉਮੀਦਾਂ ਨੂੰ ਜੜ੍ਹੋਂ ਹੀ ਛੱਡ ਕੇ ਇਹ ਬਿਸ੍ਵਾਸ = ਭਰੋਸਾ ਉਰਿ = ਹਿਰਦੇ ਵਿਚ ਆਨੇ = ਲਿਆਂਦਾ ਕਿ ਜੋ ਕੁਝ ਵੀ ਹੋ ਰਿਹਾ ਹੈ, ਸਭ ਉਸ ਪਰਮੇਸ਼ਰ ਦੀ ਰਜ਼ਾ ਵਿਚ ਹੀ ਹੋ ਰਿਹਾ ਹੈ॥੨੬॥

ਗੁਰਮਤਿ ਸਤਿ ਕਰਿ ਸਿੰਬਲ ਸਫਲ ਭਏ;
ਗੁਰਮਤਿ ਸਤਿ ਕਰਿ ਬਾਂਸ ਮੈ ਸੁਗੰਧ ਹੈ॥

ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਕਰਿ = ਕਰ ਕੇ ਮੰਨਣ ਵਾਲੇ ਸਿੰਬਲ ਰੁੱਖ ਦੀ ਨਿਆਈਂ ਦਿਖਾਵੇ ਤੇ ਪਾਸਾਰੇ ਵਾਲੇ ਸੁਭਾਅ ਨੂੰ ਬਦਲ ਕੇ ਸਫਲ = ਸਫਲੇ ਭਏ = ਹੋਏ ਹਨ, ਭਾਵ ਫਲਦਾਰ ਬਣ ਗਏ ਹਨ **ਵਾ:** ਸਫਲ = ਸਹਿਤ ਗਿਆਨ ਰੂਪੀ ਫਲ ਦੇ ਬਣ ਗਏ ਹਨ। ਜੋ ਬਾਂਸ ਦੀ ਨਿਆਈਂ ਹੰਕਾਰੀ

ਪੁਰਖ ਸਨ, ਗੁਰਮਤਿ = ਗੁਰ ਉਪੇਦਸ਼ ਨੂੰ ਸਤਿ = ਸੱਚ ਮੰਨਣ ਕਰਕੇ ਉਨ੍ਹਾਂ ਵਿਚ ਵੀ ਭਗਤੀ ਰੂਪੀ ਸੁਗੰਧ = ਸ੍ਰੇਸ਼ਟ ਸੁਗੰਧੀ (ਖ਼ੁਸ਼ਬੂ) ਪ੍ਰਵੇਸ਼ ਹੋ ਗਈ ਹੈ।

ਨੋਟ : ਇਥੇ ਭਾਈ ਗੁਰਦਾਸ ਜੀ ਨੇ ਜੋ ਪ੍ਰਮਾਣ ਦਿੱਤਾ ਹੈ, ਇਸ ਦਾ ਕੇਵਲ ਅੰਤਰੀਵ ਭਾਵ ਲੈਣਾ, ਨਹੀਂ ਤਾਂ ਇਹ ਸ਼ੰਕਾ ਹੋਵੇਗੀ ਕਿ **ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥** (ਅੰਗ ੧੩੬੫) ਕਿਉਂਕਿ ਬਾਂਸ ਵਿਚ ਕਦੇ ਸੁਗੰਧੀ ਪੈਦਾ ਨਹੀਂ ਹੁੰਦੀ, ਭਾਵੇਂ ਬਾਂਸ ਚੰਦਨ ਦੇ ਨੇੜੇ ਵੱਸਦਾ ਹੋਵੇ, ਇਹ ਪ੍ਰਮਾਣ ਗੁਰਬਾਣੀ ਵਿਚ ਕਈ ਵਾਰ ਆਇਆ ਹੈ, ਇਹ ਇਕ ਸਿਧਾਂਤਕ ਘੁੰਡੀ ਉਸੇ ਤਰ੍ਹਾਂ ਦੀ ਹੈ, ਜਿਵੇਂ ਪਾਰਸ ਦੇ ਸਪਰਸ਼ ਹੋਣ ਨਾਲ ਅੱਗੇ ਪਾਰਸ ਪੈਦਾ ਨਹੀਂ ਹੋ ਸਕਦਾ, ਸੋਨਾ ਆਦਿਕ ਜ਼ਰੂਰ ਬਣ ਸਕਦਾ ਹੈ, ਪਰ ਗੁਰਬਾਣੀ ਵਿਚ ਇਹ ਪ੍ਰਮਾਣ ਆਇਆ ਹੈ ਕਿ **ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰ ਸੰਗਿ ਥੀਆ॥** ਇਸ ਦਾ ਭਾਵ ਹੈ ਕਿ ਜੋ ਪਾਰਸ ਰੂਪ ਗੁਰੂ ਦੇ ਨਾਲ ਮਿਲ ਕੇ ਉਨ੍ਹਾਂ ਦੇ ਉੱਤਰਾਧਿਕਾਰੀ ਪਾਰਸ ਰੂਪ ਗੁਰੂ ਬਣ ਗਏ ਹਨ, ਇਸੇ ਤਰ੍ਹਾਂ ਬਾਂਸ ਵਿਚ ਕਦੇ ਸੁਗੰਧੀ ਨਹੀਂ ਪੈਦਾ ਹੁੰਦੀ, ਪਰ ਜੋ ਬਾਂਸ ਨਿਆਈਂ ਹੰਕਾਰੀ ਪੁਰਸ਼ ਸਨ, ਗੁਰ ਸਿੱਖਿਆ ਨੂੰ ਮੰਨਣ ਕਰਕੇ ਉਹ ਵੀ ਭਗਤੀ ਰੂਪੀ ਸ੍ਰੇਸ਼ਟ ਸੁਗੰਧੀ ਵਾਲੇ ਹੋ ਜਾਂਦੇ ਹਨ, **ਅਥਵਾ** ਪਾਰਸ ਵਿਚ ਇਹ ਸਮਰੱਥਾ ਨਹੀਂ ਕਿ ਆਪਣੇ ਵਰਗਾ ਪਾਰਸ ਬਣਾ ਲਵੇ, ਪਰ ਗੁਰੂ ਪਰਮ ਪਾਰਸ ਹੈ, ਜਿਸ ਦੀ ਮਹਿਮਾ ਪਾਰਸ ਤੋਂ ਕਿਤੇ ਅਧਿਕ ਹੈ, ਇਵੇਂ ਵੀ ਚੰਦਨ ਵਿਚ ਇਹ ਸਮਰੱਥਾ ਨਹੀਂ ਕਿ ਬਾਂਸ ਨੂੰ ਸੁਗੰਧੀ ਦੇ ਦੇਵੇ, ਪਰ ਗੁਰੂ ਰੂਪ ਪਰਮ ਚੰਦਨ ਵਿਚ ਇਹ ਸਮਰੱਥਾ ਹੈ ਕਿ ਉਹ ਭਗਤੀ ਰੂਪ ਸੁਗੰਧੀ ਹੰਕਾਰੀਆਂ ਵਿਚ ਵੀ ਭਰ ਦਿੰਦਾ ਹੈ।

ਗੁਰਮਤਿ ਸਤਿ ਕਰਿ ਕੰਚਨ ਮਨੂਰ ਭਏ;
ਗੁਰਮਤਿ ਸਤਿ ਕਰਿ ਪਰਖਤ ਅੰਧ ਹੈ॥

ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਕਰਿ = ਕਰ ਕੇ ਮੰਨਣ ਵਾਲੇ ਮਨੂਰ = ਸੜੇ ਹੋਏ ਲੋਹੇ ਦੀ ਮੈਲ ਵਤ ਅਵਿੱਦਿਆ ਰੂਪ ਮੈਲੇ ਪੁਰਖ ਵੀ ਬਾਰ੍ਹਾਂ ਵੰਨੀ ਦੇ ਕੰਚਨ = ਸੋਨੇ ਵਤ ਸ਼ੁੱਧ ਭਏ = ਹੋ ਗਏ, ਭਾਵ ਬ੍ਰਹਮ ਗਿਆਨ ਵਾਲੇ ਹੋ ਗਏ ਹਨ। ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਕਰਿ = ਕਰ ਕੇ ਮੰਨਣ ਵਾਲੇ ਬਿਬੇਕ ਵਿਚਾਰ ਰੂਪ ਨੇਤਰਾਂ ਤੋਂ ਰਹਿਤ ਅੰਧ = ਅੰਨ੍ਹੇ ਵੀ ਪਰਖਤ = ਪਰਖਣ ਵਾਲੇ ਬਣ ਗਏ, ਭਾਵ ਤੱਤ ਮਿਥਿਆ ਦਾ ਵਿਵੇਚਨ, ਭਾਵ ਸੱਚ ਝੂਠ ਦਾ ਨਿਰਣਾ ਕਰਨ ਵਾਲੇ ਪਾਰਖੂ ਬਣ ਗਏ।

ਗੁਰਮਤਿ ਸਤਿ ਕਰਿ ਕਾਲਕੂਟ ਅੰਮ੍ਰਿਤ ਹੁਇ;
ਕਾਲ ਮੈ ਅਕਾਲ ਭਏ ਅਸਥਿਰ ਕੰਧ ਹੈ॥

ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਮੰਨਣ ਕਰਿ = ਕਰਕੇ ਕਾਲਕੂਟ = ਵਿਹੁ ਵੀ ਅੰਮ੍ਰਿਤ ਵੱਤ ਮਿਠਾਸ ਵਾਲੀ ਹੁਇ = ਹੋ ਜਾਂਦੀ ਹੈ **ਵਾ:** ਵਿਹੁ ਦੀ ਨਿਆਈਂ ਵਿਸ਼ੇ ਰੂਪ ਇੰਦਰੇ ਉਪਦੇਸ਼ ਰੂਪ ਅੰਮ੍ਰਿਤ ਵਾਲੇ ਹੋ ਜਾਂਦੇ ਹਨ, ਜਿਸ ਕਰਕੇ ਕਾਲ = ਮੌਤ ਦੇ ਮੂੰਹ ਮੈ = ਵਿਚ ਆਉਣ ਤੋਂ ਰਹਿਤ ਅਕਾਲ = ਕਾਲ ਤੋਂ ਰਹਿਤ, ਅਮਰ ਭਏ = ਹੋ ਗਏ ਅਤੇ ਦੇਹ ਰੂਪ ਕੰਧ ਵੀ ਅਸਥਿਰ = ਇਸਥਿਤ ਹੋ ਜਾਂਦੀ ਹੈ, ਭਾਵ ਕੈਵਲ ਮੋਖ ਦੀ ਪ੍ਰਾਪਤੀ ਹੋ ਜਾਂਦੀ ਹੈ।

ਗੁਰਮਤਿ ਸਤਿ ਕਰਿ ਜੀਵਨ ਮੁਕਤ ਭਏ;
ਮਾਯਾ ਮੈ ਉਦਾਸ ਬਾਸ ਬੰਧ ਨਿਰਬੰਧ ਹੈ॥੨੭॥

ਗੁਰਮਤਿ = ਗੁਰ-ਸਿੱਖਿਆ ਨੂੰ ਸਤਿ = ਸੱਚ ਕਰਿ = ਕਰ ਕੇ ਮੰਨਣ ਵਾਲੇ ਪੁਰਖ ਜੀਵਨ ਮੁਕਤ ਭਏ = ਹੋਏ ਹਨ ਅਤੇ ਇਸੇ ਕਰਕੇ ਮਾਇਆ ਮੈ = ਰੂਪ ਸੰਸਾਰ ਵਿਚ ਉਦਾਸ = ਉਪਰਾਮ ਰਹਿੰਦੇ ਹਨ ਅਤੇ ਬਾਸ = ਵਾਸ਼ਨਾ ਤੋਂ ਪੈਦਾ ਹੋਣ ਵਾਲੇ ਬੰਧ = ਬੰਧਨਾਂ ਤੋਂ ਨਿਰਬੰਧ = ਬੰਧਨ ਰਹਿਤ ਹੋਏ ਮੁਕਤ ਰਹਿੰਦੇ ਹਨ।

ਸਬਦ ਸੁਰਤਿ ਲਿਵ ਗੁਰਸਿਖ ਸੰਧ ਮਿਲੇ;
ਸਸਿ ਘਰਿ ਸੂਰੁ ਪੂਰ ਨਿਜ ਘਰਿ ਆਏ ਹੈ॥

ਗੁਰ = ਸਤਿਗੁਰੂ ਅਤੇ ਸਿਖ = ਸਿੱਖਿਆਰਥੀ (ਸਿੱਖ) ਦਾ ਸੰਧ = ਮਿਲਾਪ ਮਿਲੇ = ਮਿਲ ਪਵੇ ਤਾਂ ਸਿੱਖ ਦੀ ਗੁਰ ਸਬਦ = ਉਪਦੇਸ਼ ਦੁਆਰਾ ਨਾਮ ਦੀ ਧੁਨੀ ਵਿਚ ਸੁਰਤਿ = ਸੁਰਤੀ ਦੀ ਲਿਵ = ਬਿਰਤੀ ਲੱਗਦੀ ਹੈ, ਇਸ ਪ੍ਰਕਾਰ ਜਦ ਸਸਿ = ਚੰਦਰਮਾ ਦੀ ਖੱਬੇ ਪਾਸੇ ਦੀ ਪ੍ਰਾਣ ਧਾਰਾ **ਵਾ:** ਇੜਾ ਨਾਮੀ ਖੱਬੀ ਸੁਰ ਰੂਪ ਘਰ ਸੂਰਿ = ਸੂਰਜ ਦੀ ਸੁਰ ਸੱਜੇ ਪਾਸੇ ਦੀ ਪ੍ਰਾਣ ਧਾਰਾ **ਵਾ:** ਪਿੰਗਲਾ ਨਾਮੀ ਸੱਜੀ ਸੁਰ ਦੇ ਘਰ ਆ ਜਾਵੇ ਤਾਂ ਇਹੀ ਉਲਟ ਕੇ, ਭਾਵ ਸੂਰਜ ਦੀ ਸੱਜੀ ਸੁਰ ਪਿੰਗਲਾ ਅਤੇ ਚੰਦਰਮਾ ਦੀ ਖੱਬੀ ਸੁਰ ਇੜਾ ਦੇ ਘਰ ਪੂਰ = ਪੂਰਨ ਆਏ = ਆ ਕੇ ਭਰ ਜਾਵੇ ਤਾਂ ਸਾਧਕ ਦਾ ਚਿੱਤ ਨਿਜ = ਆਪਣੇ ਸਰੂਪੀ ਰੂਪੀ ਘਰ ਵਿਚ ਆਏ = ਆ ਜਾਂਦਾ ਹੈ **ਵਾ:** ਇੜਾ ਖੱਬੀ ਸੁਰ ਅਤੇ ਪਿੰਗਲਾ ਨਾਮੀ ਸੱਜੀ ਸੁਰ ਆਦਿ ਇਨ੍ਹਾਂ ਨੂੰ ਪੂਰਨ ਕਰ ਕੇ ਭਾਵ ਸੁਆਸ ਚੜ੍ਹਾਉਣ ਤੇ ਉਤਾਰਨ ਦੀ ਵਿਧੀ ਜਾਣ ਕੇ ਨਿਜ = ਆਪਣੇ ਦਸਵੇਂ ਦੁਆਰ ਰੂਪੀ ਘਰ ਵਿਚ ਆ ਜਾਂਦਾ ਹੈ **ਵਾ:** ਰਜੋ, ਤਮੋ, ਸਤੋ ਆਦਿ ਗੁਣਾਂ ਨੂੰ ਪੂਰ = ਸਰ (ਜਿੱਤ) ਕੇ ਆਪਣੇ ਸਾਧਸੰਗਤ ਰੂਪੀ ਘਰ ਵਿਚ ਆ ਜਾਂਦਾ ਹੈ।

ਉਲਟਿ ਪਵਨ ਮਨ ਮੀਨ ਤ੍ਰਿਬੇਨੀ ਪ੍ਰਸੰਗ;
ਤ੍ਰਿਕੁਟੀ ਉਲੰਘਿ ਸੁਖ-ਸਾਗਰ ਸਮਾਏ ਹੈ॥

ਜਿਸ ਮਨ ਦੀ ਮੀਨ = ਮੱਛੀ ਦੀ ਨਿਆਈਂ ਚੰਚਲਤਾਈ ਵਾਲੀ ਚਾਲ ਸੀ, ਉਸ ਨੂੰ ਵੀ ਪਵਨ = ਸੁਆਸਾਂ ਦੁਆਰਾ ਉਲਟਿ = ਉਲਟਵਾਇਆ ਅਤੇ ਇੜਾ, ਪਿੰਗਲਾ, ਸੁਖਮਨਾ ਰੂਪ ਤ੍ਰਿਬੇਨੀ = ਤਿੰਨ ਨਦੀਆਂ ਦਾ ਪ੍ਰਸੰਗ (ਪ੍ਰ + ਸੰਗ) ਪ੍ਰ = ਵਿਸ਼ੇਸ਼ ਕਰਕੇ ਸੰਗ = ਮਿਲਾਪ ਕੀਤਾ, ਭਾਵ ਇਨ੍ਹਾਂ ਦੇ ਚੜ੍ਹਾਉਣ, ਉਤਾਰਨ, ਠਹਿਰਾਉਣ ਦੀ ਵਿਧੀ ਜਾਣਨਾ ਕੀਤੀ ਅਤੇ ਫੇਰ ਇਨ੍ਹਾਂ ਇੜਾ, ਪਿੰਗਲਾ, ਸੁਖਮਨਾ ਰੂਪ ਤਿੰਨ ਨਦੀਆਂ ਨੂੰ ਲੰਘ ਕੇ ਤ੍ਰਿਕੁਟੀ = ਤਿੰਨਾਂ ਗੁਣਾਂ ਦੀ ਗੁੰਝਲ ਵਾਲੇ ਅਸਥਾਨ 'ਤੇ ਪਹੁੰਚਣਾ ਕੀਤਾ ਅਤੇ ਫੇਰ ਉਸ ਨੂੰ ਉਲੰਘਿ = ਟੱਪ ਕੇ ਆਤਮਿਕ ਸੁਖ = ਆਨੰਦ ਰੂਪ ਸਾਗਰ = ਸਮੁੰਦਰ ਵਿਚ ਸਮਾਏ = ਸਮਾਉਣਾ ਕੀਤਾ **ਵਾ:** ਆਨੰਦ ਰੂਪੀ ਸਾਗਰ, ਸੁੰਨ ਅਵਸਥਾ ਰੂਪੀ ਆਤਮਿਕ ਚੌਥੇ ਧਾਮ ਵਿਚ ਜਾ ਸਮਾਉਣਾ ਕੀਤਾ **ਵਾ:** ਭਗਤੀ ਰੂਪ ਗੰਗਾ, ਨਿਸ਼ਕਾਮ ਕਾਮਨਾ ਰੂਪ ਜਮੁਨਾ, ਗਿਆਨ ਰੂਪ ਸੁਰਸਤੀ, ਇਨ੍ਹਾਂ ਤ੍ਰਿਬੇਣੀ = ਤਿੰਨ ਨਦੀਆਂ ਦਾ ਪ੍ਰਸੰਗ = ਵਿਸ਼ੇਸ਼ ਕਰਕੇ ਮਿਲਾਪ ਕੀਤਾ, ਫਿਰ ਇਨ੍ਹਾਂ ਤ੍ਰਿਕੁਟੀ = ਤਿੰਨਾਂ ਨੂੰ ਉਲੰਘਿ = ਲੰਘ ਕੇ ਬ੍ਰਹਮ ਰੂਪ ਸਾਗਰ = ਸਮੁੰਦਰ ਵਿਚ ਸਮਾਏ = ਸਮਾਉਣਾ ਕੀਤਾ।

ਤ੍ਰਿਗੁਨ ਅਤੀਤ ਚਤੁਰਥ ਪਦ ਗੰਮਿਤਾ ਕੈ;
ਨਿਝਰ ਅਪਾਰ ਧਾਰ ਅਮਿਅ ਚੁਆਏ ਹੈ॥

ਇਸ ਪ੍ਰਕਾਰ ਜਦੋਂ ਗੁਰਮੁਖ ਜਨ ਚਤੁਰਥ = ਚੌਥੀ ਤੁਰੀਆ ਪਦ ਰੂਪ ਅਵਸਥਾ ਵਿਚ ਗੰਮਿਤਾ = ਪਹੁੰਚ ਪ੍ਰਾਪਤ ਕਰ ਲੈਂਦਾ ਹੈ ਤਾਂ ਤ੍ਰਿਗੁਨ = ਤਿੰਨ ਗੁਣ (ਰਜੋ, ਤਮੋ, ਸਤੋ) ਦੇ ਬਲ ਤੋਂ ਪੈਦਾ ਹੋਣ ਵਾਲੀਆਂ ਜਾਗ੍ਰਤ, ਸੁਪਨ, ਸੁਖੋਪਤ ਰੂਪ ਅਵਸਥਾਵਾਂ ਦੇ ਪ੍ਰਵਾਹ ਤੋਂ ਹੋਣ ਵਾਲੇ ਦਬਾਉ ਤੋਂ ਅਤੀਤ = ਰਹਿਤ ਹੋ ਜਾਂਦਾ ਹੈ ਅਤੇ ਫੇਰ ਨਿਝਰ = ਇਕ-ਰਸ ਅਪਾਰ = ਪਾਰਾਵਾਰ ਤੋਂ ਰਹਿਤ ਨਾਮ, ਬ੍ਰਹਮ ਗਿਆਨ, ਬ੍ਰਹਮਾਨੰਦ ਰੂਪੀ ਅਮਿਅ = ਅੰਮ੍ਰਿਤ ਦੀ ਧਾਰ ਗੁਰਮੁਖ ਜਨ ਦੇ ਹਿਰਦੇ ਵਿਚ ਚੁਆਏ = ਚੋ ਆਉਂਦੀ ਹੈ।

ਚਕਈ ਚਕੋਰ ਮੋਰ ਚਾਤ੍ਰਿਕ ਅਨੰਦ-ਮਈ;
ਕਦਲੀ ਕਮਲ ਸੋ ਬਿਮਲ ਜਲ ਛਾਏ ਹੈ॥੨੮॥

ਫੇਰ ਐਸੀ ਅਨੰਦਮਈ ਅਵਸਥਾ ਪ੍ਰਾਪਤ ਹੁੰਦੀ ਹੈ ਕਿ ਜਿਵੇਂ ਚਕਈ = ਚਕਵੀ ਸੂਰਜ ਨੂੰ ਵੇਖ ਕੇ ਪ੍ਰਸੰਨ ਹੁੰਦੀ ਹੈ, ਚਕੋਰ ਚੰਦਰਮਾ ਨੂੰ ਵੇਖ ਕੇ ਪ੍ਰਸੰਨ ਹੁੰਦਾ ਹੈ, ਮੋਰ ਤੇ ਚਾਤ੍ਰਿਕ = ਪਪੀਹਾ ਬੱਦਲਾਂ ਨੂੰ ਵੇਖ ਕੇ ਪ੍ਰਸੰਨ ਹੁੰਦੇ ਹਨ ਤੇ ਕਦਲੀ = ਕੇਲੇ ਤੇ ਕਮਲ ਦੇ ਫੁੱਲ ਜਿਵੇਂ ਬਿਮਲ = ਮੈਲ ਤੋਂ ਰਹਿਤ, ਉੱਜਲ ਜਲ = ਪਾਣੀ ਵਿਚ ਛਾਏ = ਫੈਲੇ, ਪ੍ਰਫੁੱਲਤ ਹੋਏ ਦਿਖਾਈ ਦਿੰਦੇ ਹਨ।

ਇਸੇ ਤਰ੍ਹਾਂ ਬੁੱਧੀ ਰੂਪ ਚਕਵੀ, ਚਿੱਤ ਰੂਪੀ ਚਕੋਰ, ਮਨ ਰੂਪ ਮੋਰ, ਪਪੀਹਾ ਰੂਪ ਸ਼ੁੱਧ ਹੰਕਾਰ ਅੰਤਸ਼ਕਰਣ ਵਿੱਚ ਆਨੰਦ ਪ੍ਰਾਪਤ ਹੋਇਆਂ ਪ੍ਰਸੰਨ ਹੁੰਦੇ ਹਨ ਅਤੇ ਰਿਦੇ ਰੂਪੀ ਕੇਲੇ ਵਿਚ ਕਮਲ ਵਤ ਸਤ-ਸੰਤੋਖ ਆਦਿ ਸ੍ਰੇਸ਼ਟ ਗੁਣ ਪ੍ਰਗਟ ਹੋ ਜਾਂਦੇ ਹਨ **ਵਾ:** ਜਗਿਆਸੂ ਰੂਪੀ ਕੇਲਾ ਕਮਲ ਰੂਪ ਸੰਤਾਂ ਨੂੰ ਬ੍ਰਹਮਾਨੰਦ ਰੂਪੀ ਬਿਮਲ = ਉੱਜਲ ਜਲ ਵਿਚ ਛਾਇਆ ਹੋਇਆ ਵੇਖ ਕੇ ਅਤਿਅੰਤ ਪ੍ਰਸੰਨਤਾ ਦੇ ਸਹਿਤ ਹੋਇਆ ਕਿ ਮੇਰੇ 'ਤੇ ਵੀ ਸੰਤ ਜਨ ਅਜਿਹੀ ਮਿਹਰ ਕਦੇ ਕਰਨਗੇ॥੨੮॥

ਸਬਦ ਸੁਰਤਿ ਲਿਵ ਗੁਰ ਸਿਖ ਸੰਧਿ ਮਿਲੇ;
ਪੰਚ ਪਰਪੰਚ ਮਿਟੇ ਪੰਚ ਪਰਧਾਨੇ ਹੈ॥

ਗੁਰਾਂ ਦੇ ਸਬਦ = ਉਪਦੇਸ਼ ਵਿਚ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਗੁਰਸਿੱਖ ਦੀ ਲਿਵ = ਬਿਰਤੀ ਦਾ ਸੰਧਿ = ਮਿਲਾਪ ਮਿਲੇ = ਮਿਲਣੇ ਕਰਕੇ ਪੰਚ = ਪੰਜ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਅਤੇ ਪਰਪੰਚ = ਸੰਸਾਰਕ ਪਸਾਰੇ ਦਾ ਮੋਹ ਮਿਟੇ = ਨਵਿਰਤ ਹੋ ਜਾਂਦਾ ਹੈ ਅਤੇ ਪੰਚ = ਪੰਜ (ਸਤ, ਸੰਤੋਖ, ਦਇਆ, ਧਰਮ, ਵਿਚਾਰ) ਆਦਿ ਸ੍ਰੇਸ਼ਟ ਗੁਣਾਂ ਵਿਚ ਪਰਧਾਨੇ = ਮੁਖੀ ਹੋ ਜਾਈਦਾ ਹੈ, ਭਾਵ ਸ੍ਰੇਸ਼ਟ ਗੁਣਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

ਭਾਗੈ ਭੈ ਭਰਮ ਭੇਦ, ਕਾਲ ਅਉ ਕਰਮ ਖੇਦ;
ਲੋਗ ਬੇਦ ਉਲੰਘਿ ਉਦੋਤ ਗੁਰ ਗਿਆਨੇ ਹੈ॥

ਸੱਤ ਪ੍ਰਕਾਰ ਦਾ ਭੈ = ਡਰ, ਪੰਜ ਪ੍ਰਕਾਰ ਦਾ ਭਰਮ = ਭੁਲੇਖਾ, ਜੀਵ ਈਸ਼ ਦੀ ਏਕਤਾ ਦਾ ਭੇਦ ਆਦਿ

ਸਭ ਰਿਦੇ 'ਚੋਂ ਭਾਗੈ = ਦੌੜ ਜਾਂਦਾ ਹੈ ਅਤੇ ਕਾਲ = ਜਮਕਾਲ, ਮੌਤ ਤੇ ਜੰਮਣ ਦਾ ਖੇਦ = ਦੁੱਖ ਅਉ = ਅਤੇ ਪੂਰਬਲੇ ਜਨਮਾਂ ਦੇ ਕੀਤੇ ਕਰਮਾਂ ਦਾ ਫਲ, ਵਰਤਮਾਨ ਸਮੇਂ ਦੇ ਵਿਚ ਕੀਤੇ ਕਰਮਾਂ ਦਾ ਫਲ ਅਤੇ ਸੰਚਤ ਕਰਮਾਂ ਆਦਿ ਦਾ ਖੇਦ = ਦੁੱਖ, ਕਲੇਸ਼ ਵੀ ਨੱਠ ਜਾਂਦਾ ਹੈ ਅਤੇ ਇਸੇ ਪ੍ਰਕਾਰ ਹੀ ਲੋਗ = ਲੋਕਾਚਾਰ ਤੇ ਬੇਦਾਚਾਰ, ਭਾਵ ਲੌਕਿਕ ਤੇ ਬੈਦਿਕ ਗੀਤਾਂ ਰਸਮਾਂ ਦੀਆਂ ਸਿਆਣਪਾਂ ਤੋਂ ਉਲੰਘਿ = ਟੱਪ, ਉਪਰਾਮ ਹੋ ਜਾਂਦਾ ਹੈ ਅਤੇ ਉਸ ਦੇ ਰਿਦੇ ਵਿਚ ਗੁਰ = ਗੁਰਾਂ ਦੇ ਉਪਦੇਸ਼ ਦੁਆਰਾ ਆਤਮਾਨੰਦ ਦਾ ਗਿਆਨੇ = ਗਿਆਨ ਉਦੋਤ = ਪ੍ਰਗਟ ਹੋ ਆਉਂਦਾ ਹੈ।

ਮਾਇਆ ਅਉ ਬ੍ਰਹਮ ਸਮ ਦਸਮ ਦੁਆਰਿ ਪਾਰਿ;
ਅਨਹਦ ਰੁਣਝੁਣ ਬਾਜਤ ਨੀਸਾਨੇ ਹੈ॥

ਮਾਇਆ ਅਉ = ਅਤੇ ਬ੍ਰਹਮ ਜੋ ਦੋਨੋਂ ਵੱਖਰੇ ਵੱਖਰੇ ਨਾਮਾਂ ਰਾਹੀਂ ਕਥਨ ਵਿਚ ਆਉਂਦੇ ਹਨ, ਗੁਰਮਤਿ ਅਨੁਸਾਰ ਪਹਿਲਾਂ ਵਖਿਆਨ ਕੀਤੀ ਕਮਾਈ ਕਰਦਿਆਂ ਦਸਮ ਦੁਆਰ ਤੋਂ ਪਾਰ ਸੁਰਤਿ ਦੇ ਲੰਘ ਜਾਣ ਕਾਰਨ ਸਮ = ਸਮਤਾ, ਬਰਾਬਰ, ਭਾਵ ਇਕ ਰੂਪ ਹੋ ਜਾਂਦੇ ਹਨ ਅਤੇ ਫੇਰ ਅਨਹਦ = ਹੱਦ ਤੋਂ ਰਹਿਤ ਧੁਨੀ ਦਾ ਰੁਣਝੁਣ = ਇਕ-ਰਸ ਵਾਜਾ ਬਾਜਤ = ਵੱਜਣ ਦਾ ਨੀਸਾਨੇ = ਚਿੰਨ੍ਹ ਪ੍ਰਗਟ ਹੋ ਆਉਂਦਾ ਹੈ।

ਉਨਮਨ ਮਗਨ ਗਗਨ ਜਗਮਗ ਜੋਤਿ;
ਨਿਝਰ ਅਪਾਰ ਧਾਰ ਪਰਮ ਨਿਧਾਨੇ ਹੈ॥੨੯॥

ਜੋ ਉਨਮਨ = ਤੁਰੀਆ ਪਦ ਰੂਪ ਅਵਸਥਾ ਗਗਨ = ਆਕਾਸ਼, ਭਾਵ ਦਸਮ ਦੁਆਰ ਵਿਚ ਜਗਮਗ = ਪ੍ਰਕਾਸ਼ ਵਾਲੀ ਜੋਤਿ = ਜੋਤੀ ਹੈ, ਉਸ ਵਿਚ ਜਦ ਗੁਰਮੁਖ ਜਨ ਦਾ ਮਨ ਮਗਨ = ਮਸਤ ਹੋ ਜਾਂਦਾ ਹੈ ਤਾਂ ਨਿਝਰ = ਇਕ-ਰਸ ਅਪਾਰ = ਬੇਅੰਤ ਸਰੂਪ ਬ੍ਰਹਮ ਦੀ ਪ੍ਰਾਪਤੀ ਵਾਲਾ ਬ੍ਰਹਮਾਨੰਦ ਰੂਪੀ ਪਰਮ = ਵੱਡਾ ਨਿਧਾਨੇ = ਖ਼ਜ਼ਾਨਾ ਪ੍ਰਾਪਤ ਹੋ ਜਾਂਦਾ ਹੈ॥੨੯॥

ਗ੍ਰਿਹ ਮਹਿ ਗ੍ਰਿਹਸਤੀ ਹੁਇ ਪਾਇਓ ਨ ਸਹਜ ਘਰ;
ਬਨ ਬਨਵਾਸ ਨ ਉਦਾਸ ਫਲ ਪਾਇਓ ਹੈ॥

ਗ੍ਰਿਹ = ਘਰ ਮਹਿ = ਵਿਚ ਰਹਿੰਦਿਆਂ ਗ੍ਰਿਹਸਤੀ = ਘਰਬਾਰੀ ਹੁਇ = ਹੋ ਕੇ ਵੀ ਸਹਜ = ਸੁਤੇ-ਸਿਧ ਗਿਆਨ ਸਰੂਪ ਪਰਮੇਸ਼ਰ ਦੀ ਪ੍ਰਾਪਤੀ ਕਰਾਉਣ ਵਾਲੇ ਸਾਧ ਸੰਗਤ ਸੱਚਖੰਡ ਰੂਪੀ ਘਰ ਨੂੰ ਪਾਇਓ = ਪਾਉਣਾ ਨ = ਨਹੀਂ ਕੀਤਾ ਅਤੇ ਬਨ = ਜੰਗਲ ਵਿਚ ਵੱਸਣ ਵਾਲਾ ਹੋ ਕੇ ਤੇ ਬਨਵਾਸ = ਵਾਣ-ਪ੍ਰਸਥੀ ਬਣ ਕੇ ਵੀ ਉਦਾਸ = ਉਪਰਾਮਤਾ ਧਾਰਨ ਕਰ ਕੇ ਬ੍ਰਹਮ ਗਿਆਨ ਰੂਪੀ ਫਲ ਪਾਇਓ = ਪਾਉਣਾ ਨ = ਨਹੀਂ ਕੀਤਾ ਹੈ।

ਪੜਿ ਪੜਿ ਪੰਡਿਤ ਨ ਅਕਥ ਕਥਾ ਬਿਚਾਰੀ;
ਸਿਧਾਸਨ ਕੈ ਨ ਨਿਜ ਆਸਨ ਦ੍ਰਿੜਾਇਓ ਹੈ॥

ਵੇਦਾਂ, ਸ਼ਾਸਤਰਾਂ, ਸਿੰਮ੍ਰਤੀਆਂ ਆਦਿ ਨੂੰ ਪੜ੍ਹ ਪੜ੍ਹ ਕੇ ਵੱਡੇ ਵੱਡੇ ਪੰਡਿਤ = ਵਿਦਵਾਨ ਵੀ ਬਣ ਗਏ, ਪਰੰਤੂ ਅਕਥ = ਕਥਨ ਤੋਂ ਰਹਿਤ ਕਥਾ = ਵਾਰਤਾ ਦਾ ਸਿਧਾਂਤ ਨ = ਨਹੀਂ ਬਿਚਾਰੀ = ਵਿਚਾਰਨਾ

ਕੀਤਾ, ਇਸੇ ਤਰ੍ਹਾਂ ਸਿਧਾਸਨ (ਸਿਧ + ਆਸਨ) ਸਿਧ = ਸਿੱਧਾਂ ਵਾਲੇ ਆਸਣ ਬੜੇ ਕੀਤੇ ਪਰੰਤੂ ਨਿਜ = ਆਪਣੇ ਸਰੂਪ ਦੀ ਪ੍ਰਾਪਤੀ ਕਰਾਉਣ ਵਾਲੇ ਆਤਮ ਪਦ ਰੂਪੀ ਆਸਣ ਦੀ ਦ੍ਰਿੜਾਇਓ = ਦ੍ਰਿੜ੍ਹਤਾ (ਪਰਪੱਕਤਾ) ਨ = ਨਹੀਂ ਕੀਤੀ ਹੈ।

ਜੋਗ ਧਿਆਨੁ ਧਾਰਨ ਕੈ ਨਾਥਨ ਨ ਦੇਖੇ ਨਾਥ;
ਜਗਿ ਭੋਗ ਪੂਜਾ ਕੈ ਨ ਅਗਹੁ ਗਹਾਇਓ ਹੈ॥

ਜੋਗ ਸਾਧਨਾ ਦਾ ਧਿਆਨ ਧਾਰਨ ਕੈ = ਕਰਕੇ **ਵਾ:** ਜੋਗ = ਜੁੜਨ ਵਾਲੇ ਧਿਆਨ ਧਾਰਨ ਕਰਕੇ ਵੀ ਨਾਥਨ = ਨਾਥਾਂ ਨੇ ਸਿਧ ਕੀਤੇ ਪਰੰਤੂ ਤਿੰਨੇ ਲੋਕਾਂ ਦਾ ਨਾਥ = ਸੁਆਮੀ ਵਾਹਿਗੁਰੂ ਕਿਤੇ ਵੀ ਦੇਖੇ = ਦੇਖਣ ਵਿਚ ਨ = ਨਹੀਂ ਆਇਆ ਅਤੇ ਇਸੇ ਪ੍ਰਕਾਰ ਜਗਿ = ਯੱਗਯ ਆਦਿ ਕਰ ਕੇ, ਬ੍ਰਹਮ ਭੋਜ ਆਦਿ ਕਰ ਕੇ ਦੇਵੀ ਦੇਵਤਿਆਂ ਦਾ ਪੂਜਾ = ਪੂਜਣ ਕੈ = ਕਰਕੇ ਆਦਿ, ਜੋ ਅਗਹੁ = ਗ੍ਰਹਿਣ ਕਰਨ ਤੋਂ ਰਹਿਤ, ਭਾਵ ਜੋ ਉਪਰੋਕਤ ਕਿਸੇ ਸਾਧਨ ਨਾਲ ਪਕੜਿਆ (ਵੱਸ) ਨਹੀਂ ਕੀਤਾ ਜਾ ਸਕਦਾ, ਉਸ ਵਾਹਿਗੁਰੂ ਨੂੰ ਬਿਨਾਂ ਗੁਰ-ਉਪਦੇਸ਼ ਕਮਾਏ ਤੋਂ ਬਗ਼ੈਰ ਕਿਸੇ ਨੇ ਵੀ ਗਹਾਇਓ = ਪਕੜਨਾ ਨਹੀਂ ਕੀਤਾ ਹੈ, ਭਾਵ ਪ੍ਰਾਪਤ ਨਹੀਂ ਕੀਤਾ ਹੈ।

ਦੇਵੀ ਦੇਵ ਸੇਵ ਕੈ ਨ ਅਹੰਮੇਵ ਟੇਵ ਟਾਰੀ;
ਅਲਖ ਅਭੇਵ ਗੁਰਦੇਵ ਸਮਝਾਇਓ ਹੈ॥੩੦॥

ਦੇਵੀ ਤੇ ਦੇਵ = ਦੇਵਤਿਆਂ ਦਾ ਸੇਵ = ਸੇਵਨ, ਪੂਜਨ ਕੈ = ਕਰਕੇ ਕਿਸੇ ਨੇ ਵੀ ਅਹੰਮੇਵ = ਹੰਗਤਾ ਵਾਲੀ ਭੈੜੀ ਟੇਵ = ਆਦਤ ਟਾਰੀ = ਟਾਲਣਾ, ਦੂਰ ਨਾ ਕੀਤੀ, ਪਰ ਜੋ ਅਲਖ = ਲਖਣ ਤੋਂ ਰਹਿਤ, ਅਭੇਵ = ਭੇਦ ਪਾਉਣ ਤੋਂ ਰਹਿਤ ਪਰਮੇਸ਼ਰ ਹੈ, ਉਸ ਨੂੰ ਗੁਰਦੇਵ (ਗੁਰ + ਦੇਵ) ਦੇਵ = ਪ੍ਰਕਾਸ਼ ਸਰੂਪ ਗੁਰ = ਸਤਿਗੁਰਾਂ ਨੇ ਨਾਮ ਦਾ ਉਪਦੇਸ਼ ਦੇ ਕੇ ਸਮਝਾਇਓ = ਸਮਝਾ ਦਿੱਤਾ ਹੈ॥੩੦॥

ਤ੍ਰਿਗੁਨ ਅਤੀਤ ਚਤੁਰਥ ਗੁਨ ਗੰਮਿਤਾ ਕੈ;
ਪੰਚ ਤਤ ਉਲੰਘਿ ਪਰਮ ਤਤ ਵਾਸੀ ਹੈ॥

ਤ੍ਰਿਗੁਨ = ਤਿੰਨ ਗੁਣਾਂ (ਰਜੋ, ਤਮੋ, ਸਤੋ) ਦੇ ਪ੍ਰਭਾਵ ਤੋਂ ਅਤੀਤ = ਪਰ੍ਹੇ ਹੋ ਕੇ ਚਤੁਰਥ = ਚੌਥੇ ਅਫੁਰ ਅਵਸਥਾ ਰੂਪ ਗੁਣ ਵਿਚ ਗੰਮਿਤਾ = ਗਮਨ, ਪਹੁੰਚ ਕੈ = ਕਰਕੇ ਅਤੇ ਪੰਚ = ਪੰਜ ਤੱਤਾਂ ਦੇ ਰਚਿਤ ਸਰੀਰ, ਸੰਸਾਰ ਨੂੰ ਉਲੰਘਿ = ਟੱਪ ਕੇ ਪਰਮ ਤਤ = ਸ੍ਰੇਸ਼ਟ ਤੱਤ ਵਿਚ ਵਾਸੀ = ਨਿਵਾਸ ਕਰ ਲਈਦਾ ਹੈ **ਵਾ:** ਪਰਮ = ਸ੍ਰੇਸ਼ਟ ਤਤ = ਬ੍ਰਹਮ ਦੀ ਪ੍ਰਾਪਤੀ ਵਾਲੇ ਬ੍ਰਹਮਾਨੰਦ ਰੂਪੀ ਦੇਸ਼ ਵਿਚ ਨਿਵਾਸ ਕਰ ਲਈਦਾ ਹੈ।

ਖਟ ਰਸ ਤਿਆਗਿ ਪ੍ਰੇਮ ਰਸ ਕਉ ਪ੍ਰਾਪਤਿ ਭਏ;
ਪੂਰਿ ਸੁਰ-ਸਪਤ ਅਨਹਦ ਅਭਿਆਸੀ ਹੈ॥

ਤਿੰਨ ਗੁਣਾਂ ਤੋਂ ਅਤੀਤ ਹੋਣ ਲਈ ਇਹ ਜ਼ਰੂਰੀ ਹੈ ਕਿ ਖਟ = ਛੇ (ਮਿੱਠੇ, ਕੌੜੇ, ਕਸੈਲੇ, ਸਲੂਣੇ, ਖੱਟੇ, ਚਟਪਟੇ) ਰਸ = ਸੁਆਦਾਂ ਦੀ ਚਾਟ ਨੂੰ ਤਿਆਗਿ = ਛੱਡ ਕੇ ਹੀ ਪ੍ਰੇਮ ਰਸ ਕਉ = ਨੂੰ ਪ੍ਰਾਪਤਿ = ਪਾਉਣ

ਵਾਲੇ ਭਏ = ਹੋਣਾ ਕਰੀਦਾ ਹੈ ਅਤੇ ਜੋ ਸਪਤ = ਸੱਤ ਸੁਰ = ਸੁਰਾਂ ਰਾਗਾਂ ਦੀਆਂ ਹਨ, ਇਨ੍ਹਾਂ ਵੱਲੋਂ ਵੀ ਕੰਨਾਂ ਨੂੰ ਪੂਰਿ = ਪੂਰਣਾ, ਰੋਕਣਾ ਕਰੇ, ਭਾਵ ਕੰਨ ਰਸ ਵੱਲੋਂ ਹਰ ਤਰ੍ਹਾਂ ਕਰਕੇ ਪੂਰ, ਬੱਸ, ਤੌਬਾ ਕਰੇ ਤਾਂ ਅਨਹਦ = ਹੱਦ ਤੋਂ ਰਹਿਤ ਧੁਨੀ ਦਾ ਅਭਿਆਸੀ = ਅਭਿਆਸ ਕੀਤਾ ਜਾ ਸਕਦਾ ਹੈ।

ਅਸਟ ਸਿਧਾਂਤ ਭੇਦਿ ਨਾਥਨ ਕੈ ਨਾਥ ਭਏ;
ਦਸਮ ਸਥਲ ਸੁਖ-ਸਾਗਰ ਬਿਲਾਸੀ ਹੈ॥

ਅਸਟ = ਅੱਠ ਸਿਧਾਂਤ (ਸਿਧ + ਅੰਤ) ਸਿਧ = ਸਿੱਧੀਆਂ ਦਾ ਅੰਤ ਕਰ ਕੇ, ਭਾਵ ਇਨ੍ਹਾਂ ਨੂੰ ਛੱਡ ਕੇ ਅਤੇ ਨੌਂ ਦੁਆਰਿਆਂ ਦੇ ਨਾਥਨ = ਨਾਥਾਂ (ਇੰਦਰਿਆਂ) ਨੂੰ ਭੇਦ = ਵਿੰਨ੍ਹ (ਭੰਨ) ਕਰਕੇ, ਭਾਵ ਇਨ੍ਹਾਂ ਦਾ ਬਲ ਤੋੜ ਕੇ ਇਨ੍ਹਾਂ ਦਾ ਨੱਥਣ ਵਾਲਾ ਨਾਥ = ਸੁਆਮੀ ਭਏ = ਹੋ ਜਾਵੇ ਤਾਂ ਦਸਮ ਦੁਆਰ ਰੂਪੀ ਸਥਲ = ਥਾਂ ਵਿਚ ਸੁਖ = ਸੁਖਾਂ ਦੇ ਸਾਗਰ = ਸਮੁੰਦਰ ਵਿਚ ਅਭੇਦ ਹੋਣ ਰੂਪ ਬਿਲਾਸੀ = ਕੌਤਕੀ, ਆਨੰਦ ਮਾਨਣ ਵਾਲੇ ਬਣ ਜਾਈਦਾ ਹੈ।

ਉਨਮਨ ਮਗਨ ਗਗਨ ਹੁਇ ਨਿਝਰ ਝਰੈ;
ਸਹਜ ਸਮਾਧਿ ਗੁਰ ਪਰਚੈ ਉਦਾਸੀ ਹੈ॥੩੧॥

ਇਸ ਪ੍ਰਕਾਰ ਉਨਮਨ = ਉਨਮਨੀ, ਤੁਰੀਆ ਪਦ ਰੂਪੀ ਅਵਸਥਾ ਵਿਚ ਮਗਨ = ਮਸਤ ਹੁਇ = ਹੋਇਆਂ ਅਤੇ ਨਿਝਰ = ਇਕ-ਰਸ, ਗਗਨ = ਆਕਾਸ਼, ਭਾਵ ਦਸਮ ਦੁਆਰ ਵਿਚ ਆਨੰਦ, ਅੰਮ੍ਰਿਤ ਰਸ ਝਰੈ = ਝਰਨ ਲੱਗ ਪੈਂਦਾ ਹੈ, ਜਿਸ ਨੂੰ ਪੀਂਦਾ ਹੋਇਆ ਸਹਜ = ਸੁਤੇ-ਸਿਧ ਅਫੁਰ ਸਮਾਧਿ = ਸਮਾਧੀ ਵਿਚ ਇਸਥਿਤ ਹੋ ਜਾਂਦਾ ਹੈ ਤੇ ਗੁਰ = ਸਤਿਗੁਰਾਂ ਦੇ ਨਾਲ ਪਰਚੈ = ਪਰਚਣੇ (ਪ੍ਰੇਮ) ਕਰਨ ਕਰਕੇ ਉਦਾਸੀ = ਉਪਰਾਮਤਾ ਵਾਲੀ ਅਵਸਥਾ ਨੂੰ ਧਾਰਨ ਕਰ ਲੈਂਦਾ ਹੈ **ਵਾ:** ਗੁਰ-ਉਪਦੇਸ਼ ਨੂੰ ਕਮਾ ਕੇ ਪ੍ਰਭੂ ਵਿਚ ਪਰਚੈ = ਪਰਚਿਆ, ਲਿਵਲੀਨ ਰਹਿੰਦਾ ਹੈ ਅਤੇ ਸੰਸਾਰ ਵਿਚ ਵਰਤਦਾ ਹੋਇਆ ਵੀ ਉਦਾਸੀ = ਉਪਰਾਮ ਰਹਿੰਦਾ ਹੈ॥੩੧॥

ਦੁਬਿਧਾ ਨਿਵਾਰਿ ਅਬਰਨ ਹੁਇ ਬਰਨ ਬਿਖੈ;
ਪਾਂਚ ਪਰਪੰਚ ਨ ਦਰਸ ਅਦਰਸ ਹੈ॥

ਸਹਜ ਸਮਾਧੀ ਵਿਚ ਇਸਥਿਤ ਗੁਰਮੁਖ ਦੇ ਅੰਦਰੋਂ ਦੁਬਿਧਾ = ਦ੍ਵੈਤ ਭਾਵਨਾ ਨਿਵਾਰਿ = ਨਵਿਰਤ ਹੁਇ = ਹੋ ਜਾਂਦੀ ਹੈ ਅਤੇ ਖੱਤ੍ਰੀ, ਬ੍ਰਾਹਮਣ, ਸ਼ੂਦ, ਵੈਸ਼ ਆਦਿ ਬਰਨਾਂ ਵਿਚ ਪੈਦਾ ਹੋਇਆ ਹੁੰਦਾ ਵੀ ਉਹ ਅਬਰਨ = ਬਰਨਾਂ ਤੋਂ ਰਹਿਤ ਰਹਿੰਦਾ ਹੈ, ਜਾਤੀ, ਗੋਤਰ ਆਦਿ ਤੋਂ ਰਹਿਤ (ਮੁਕਤ) ਹੋ ਜਾਂਦਾ ਹੈ, ਉਸ ਦੀ ਦ੍ਰਿਸ਼ਟੀ ਵਿੱਚ ਪਾਂਚ = ਪੰਜ ਤੱਤਾਂ ਦੇ ਪਰਪੰਚ = ਪਸਾਰੇ ਵਾਲੇ ਸੰਸਾਰ ਦਾ ਫੈਲਾਅ ਨਹੀਂ ਰਹਿੰਦਾ ਅਤੇ ਸਾਰੇ ਹੀ ਦਰਸ = ਦੇਖਣ ਯੋਗ ਪਦਾਰਥ ਤੇ ਅਦਰਸ = ਨਾ ਦੇਖਣ ਯੋਗ ਪਦਾਰਥ ਧਿਆਨ ਤੋਂ ਓਹਲੇ ਹੋ ਜਾਂਦੇ ਹਨ ਅਰਥਾਤ ਜਿਵੇਂ ਸੁਖੋਪਤੀ ਅਵਸਥਾ ਵਿਚ ਸੰਸਾਰ ਬੇਹੋਸ਼ੀ ਵਿਚ ਲੀਨ ਹੋ ਜਾਂਦਾ ਹੈ, ਇਸੇ ਤਰ੍ਹਾਂ ਗਿਆਨਮਈ ਬਿਰਤੀ ਵਿਚ ਸਾਰੀ ਦ੍ਵੈਤ ਦਾ ਅਭਾਵ ਹੋ ਜਾਂਦਾ ਹੈ।

ਪਰਮ ਪਾਰਸ ਗੁਰ ਪਰਸਿ ਪਾਰਸ ਭਏ;
ਕਨਿਕ ਅਨਿਕ ਧਾਤੁ ਆਪਾ ਅਪਰਸ ਹੈ॥

ਫੇਰ ਪਰਮ = ਵੱਡੇ, ਸ੍ਰੇਸ਼ਟ ਪਾਰਸ ਵਤ ਜੋ ਗੁਰ = ਸਤਿਗੁਰੂ ਜੀ ਹਨ **ਵਾ:** ਇਹ ਅਵਸਥਾ ਪਰਮ = ਸ੍ਰੇਸ਼ਟ ਪਾਰਸ ਰੂਪ ਗੁਰੂ ਨੂੰ ਪਰਸਿਆਂ, ਭਾਵ ਆਪਾ-ਭਾਵ ਮੇਟ ਕੇ ਗੁਰ-ਚਰਨਾਂ ਵਿਚ ਪਹੁੰਚਣ ਤੋਂ ਪ੍ਰਾਪਤ ਹੁੰਦੀ ਹੈ, ਜਿਵੇਂ ਪਾਰਸ ਨਾਲ ਪਰਸ = ਸਪਰਸ਼, ਲੱਗ ਕੇ ਅਨਿਕ = ਅਨੇਕਾਂ ਲੋਹਾ, ਤਾਂਬਾ ਆਦਿ ਧਾਤੁ = ਧਾਤਾਂ ਕਨਿਕ = ਸੋਨਾ ਹੀ ਭਏ = ਹੋ ਜਾਂਦੀਆਂ ਹਨ, ਇਉਂ ਜਿਸ ਪ੍ਰਕਾਰ ਉਹ ਧਾਤਾਂ ਸ਼ੁੱਧ ਸੋਨਾ ਬਣ ਜਾਂਦੀਆਂ ਹਨ, ਇਸੇ ਤਰ੍ਹਾਂ ਗੁਰੂ ਰੂਪ ਪਾਰਸ ਦਾ ਸੰਗ ਕਰ ਕੇ ਗੁਰਮੁਖ ਜਨਾਂ ਦਾ ਆਪਾ-ਭਾਵ ਮਿਟ ਜਾਂਦਾ ਹੈ ਤੇ ਫਿਰ ਉਹ ਵਿਸ਼ਿਆਂ ਤੋਂ ਅਪਰਸ ਹੋ ਕੇ ਸੋਨੇ ਦੀ ਨਿਆਈਂ ਸ਼ੁੱਧ ਸਰੂਪ ਹੋ ਜਾਂਦੇ ਹਨ।

ਨਵ ਦੁਆਰ ਪਾਰਿ ਬ੍ਰਹਮਾਸਨ ਸਿੰਘਾਸਨ ਮੈ;
ਨਿਝਰ ਝਰਨਿ ਰੁਚਤ ਨ ਅਨ ਰਸ ਹੈ॥

ਨਵ = ਨੌਂ ਦੁਆਰ = ਦੁਆਰਿਆਂ ਤੋਂ ਪਾਰਿ = ਪਰ੍ਹੇ ਜੋ ਦਸਵਾਂ ਦੁਆਰਾ ਹੈ, ਉਸ ਵਿਚ ਬ੍ਰਹਮਾਸਨ = ਪਰਮਾਤਮਾ ਦੇ ਆਸਨ = ਇਸਥਿਤੀ ਦਾ ਸਿੰਘਾਸਨ ਹੈ। ਜੈਸਾ ਕਿ :

ਨਉ ਘਰ ਥਾਪੇ ਥਾਪਣਹਾਰੈ॥ ਦਸਵੈ ਵਾਸਾ ਅਲਖ ਅਪਾਰੈ॥ *(ਅੰਗ ੧੦੩੬)*

ਭਾਵ ਉਹ ਪਰਮਾਤਮਾ ਦੇ ਬਿਰਾਜਮਾਨ ਹੋਣ ਦਾ ਟਿਕਾਣਾ ਹੈ, ਉਥੇ ਹੀ ਗੁਰਮੁਖ ਦੀ ਸੁਰਤਿ ਪੁੱਜ ਕੇ ਟਿਕਾਉ ਨੂੰ ਪ੍ਰਾਪਤ ਹੋਇਆ ਕਰਦੀ ਹੈ, ਜਿਥੇ ਕਿ ਨਿਝਰ = ਇਕ-ਰਸ ਬ੍ਰਹਮਾਨੰਦ ਰੂਪ ਰਸ ਦਾ ਝਰਨਿ = ਝਰਨਾ ਝਰਦਾ ਹੈ, ਜਿਸ ਨੂੰ ਪੀ ਕੇ ਮੁੜ ਅਨ = ਹੋਰਨਾਂ ਰਸਾਂ ਵਿਚ ਨ ਰੁਚਤ = ਰੁਚੀ, ਰਚਤ ਨਹੀਂ ਹੁੰਦਾ। ਜੈਸਾ ਕਿ :

ਕਹੈ ਨਾਨਕ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ॥੩੨॥

(ਅੰਗ ੯੨੧)

ਗੁਰਸਿਖ ਸੰਧਿ ਮਿਲੇ ਬੀਸ ਇਕ-ਈਸ;
ਅਨਹਦ ਗਦ ਗਦ ਅਭਰ ਭਰਸ ਹੈ॥੩੨॥

ਬੀਸ = ਨਿਸਚੇ ਕਰ ਕੇ ਜੋ ਗੁਰ = ਗੁਰੂ ਤੇ ਸਿੱਖ ਦੀ ਸੰਧਿ = ਮਿਲਾਉਣੀ ਨਾਲ ਮਿਲੇ = ਮਿਲਣਾ ਹੈ, ਉਹ ਈਸ = ਇਸ ਤਰ੍ਹਾਂ ਇਕ ਈਸ = ਈਸ਼ਰ, ਵਾਹਿਗੁਰੂ ਦਾ ਸਰੂਪ ਹੀ ਹੋ ਗਏ ਅਤੇ ਅਨਹਦ = ਹੱਦ ਤੋਂ ਰਹਿਤ ਉਨ੍ਹਾਂ ਨੂੰ ਗਦ ਗਦ = ਆਨੰਦ ਪ੍ਰਾਪਤ ਹੋਇਆ ਹੈ, ਫੇਰ ਜੋ ਰਿਦੇ ਰੂਪੀ ਤਲਾਅ ਸ਼ੁਭ ਗੁਣਾਂ ਰੂਪੀ ਪਾਣੀ ਨਾਲ ਅਭਰ = ਭਰੇ ਨਹੀਂ ਜਾਂਦੇ ਸਨ, ਉਨ੍ਹਾਂ ਨੂੰ ਵੀ ਗੁਰੂ ਜੀ ਭਰਸ = ਭਰਪੂਰ ਕਰ ਦਿੰਦੇ ਹਨ॥੩੨॥

ਚਰਨ ਕਮਲ ਭਜਿ ਕਮਲ ਪ੍ਰਗਾਸ ਭਏ;
ਦਰਸ ਦਰਸਿ ਸਮ-ਦਰਸ ਦਿਖਾਏ ਹੈ॥

ਸਤਿਗੁਰਾਂ ਦੇ ਚਰਨਾਂ ਕਮਲਾਂ ਨੂੰ ਭਜਿ = ਭਜਨੇ, ਆਰਾਧਨੇ ਕਰਕੇ ਰਿਦਾ ਰੂਪੀ ਕਮਲ ਸ਼ੁਭ ਗੁਣਾਂ ਦੇ ਸਹਿਤ ਪ੍ਰਗਾਸ = ਪ੍ਰਕਾਸ਼ਨਾ ਵਿਚ ਖਿੜ ਆਉਂਦਾ ਹੈ, ਫਿਰ ਜਦ ਗੁਰਾਂ ਦੇ ਦਰਸ = ਦਰਸ਼ਨ ਨੂੰ

ਦਰਸਿ = ਵੇਖਣਾ ਕੀਤਾ ਤਾਂ ਗੁਰਾਂ ਨੇ ਸਰਬ ਥਾਵਾਂ ਵਿਚ ਸਮ ਦਰਸ = ਬਰਾਬਰ ਦ੍ਰਿਸ਼ਟੀ ਦਿਖਾਏ = ਵਿਖਾ ਦੇਣਾ ਕੀਤੀ ਹੈ।

ਸਬਦ ਸੁਰਤਿ ਅਨਹਦ ਲਿਵ-ਲੀਨ ਭਏ;
ਉਨਮਨ ਮਗਨ ਗਗਨ ਪੁਰ ਛਾਏ ਹੈ॥

ਜਿਨ੍ਹਾਂ ਗੁਰਮੁਖ ਜਨਾਂ ਦੀ ਗੁਰਾਂ ਦੇ ਸਬਦ = ਉਪਦੇਸ਼ ਦੀ ਸੁਰਤਿ = ਗਿਆਤ ਵਿਚ ਲਿਵ = ਬਿਰਤੀ ਇਕ-ਰਸ ਲੀਨ = ਟਿਕੀ ਭਏ = ਹੁੰਦੀ ਹੈ **ਵਾ:** ਅਨਹਦ = ਹੱਦ ਤੋਂ ਰਹਿਤ ਧੁਨੀ, ਸ਼ਬਦ ਦੇ ਵਿਚ ਸੁਰਤਿ ਲਿਵਲੀਨ = ਇਕਮਿਕ ਹੋਇਆਂ, ਮਗਨ = ਮਸਤ ਹੋ ਕੇ ਉਨਮਨ = ਉਨਮਨੀ ਅਵਸਥਾ ਵਿਚ **ਵਾ:** ਤੁਰੀਆ ਪਦ ਰੂਪੀ ਅਵਸਥਾ ਵਿਚ ਗਗਨ ਪੁਰ = ਦਸਮ ਦੁਆਰ ਰੂਪੀ ਪੁਰੀ ਵਿਚ, ਭਾਵ ਬ੍ਰਹਮ ਪਰਮੇਸ਼ਰ ਦੇ ਨਿਜ ਪ੍ਰਕਾਸ਼ ਰੂਪੀ ਲੋਕ ਵਿਚ ਛਾਏ = ਸੁਭਾਏਮਾਨ ਹੋਇਆ ਕਰਦੇ ਹਨ।

ਪ੍ਰੇਮ ਰਸ ਬਸਿ ਹੋਇ ਬਿਸਮ ਬਿਦੇਹ ਭਏ;
ਅਤਿ ਅਸਚਰਜ-ਮੈ ਹੇਰਤ ਹਿਰਾਏ ਹੈ॥

ਐਸੇ ਗੁਰਮੁਖ ਜਨ ਪ੍ਰੇਮ ਰਸ, ਭਾਵ ਅਨੁਭਵੀ ਸੁਆਦ ਦੇ ਬਸਿ = ਅਧੀਨ ਹੋਇ = ਹੋ ਕੇ ਬਿਸਮ = ਅਚਰਜ ਅਵਸਥਾ ਦੀ ਪ੍ਰਾਪਤੀ ਕਰ ਕੇ ਦੇਹ ਤੋਂ ਬਿਦੇਹ, ਭਾਵ ਸਰੀਰ ਦੀ ਸੁੱਧ-ਬੁੱਧ ਤੋਂ ਰਹਿਤ ਭਏ = ਹੋ ਜਾਂਦੇ ਹਨ ਅਤੇ ਅਤਿ = ਅਤਿਅੰਤ ਅਸਚਰਜ-ਮੈ = ਵਿਸਮਾਦ ਮਈ ਅਵਸਥਾ ਵਿਚ ਚੇਤਨ ਪ੍ਰਕਾਸ਼ ਦੇ ਕੌਤਕ ਨੂੰ ਹੇਰਤ = ਦੇਖਦੇ ਹੋਏ ਆਪਣੇ ਆਪ ਨੂੰ ਵੀ ਹਿਰਾਏ = ਖੋਹ ਬੈਠਦੇ ਹਨ, ਭਾਵ ਅੰਦਰਲੇ ਬਾਹਰਲੇ ਗਿਆਨ ਸਾਰੇ (ਬਿਸਿਮ੍ਰਿਤ) ਸਿਮਰਤੀ ਤੋਂ ਰਹਿਤ ਹੋ ਜਾਂਦੇ ਹਨ।

ਗੁਰਮੁਖਿ ਸੁਖ ਫਲ ਮਹਿਮਾ ਅਗਾਧ ਬੋਧ;
ਅਕਥ ਕਥਾ ਬਿਨੋਦ ਕਹਤ ਨ ਆਏ ਹੈ॥੩੩॥

ਗੁਰਮੁਖ ਜਨਾਂ ਨੂੰ ਜੋ ਆਤਮਿਕ ਸੁਖ = ਆਨੰਦ ਰੂਪੀ ਫਲ ਪ੍ਰਾਪਤ ਹੁੰਦਾ ਹੈ, ਉਸ ਦੀ ਮਹਿਮਾ = ਉਪਮਾ ਬੜੀ ਅਗਾਧ ਬੋਧ ਹੈ ਅਤੇ ਉਸ ਦੀ ਕਥਾ = ਵਾਰਤਾ ਵੀ ਅਕਥ = ਕਥਨ ਤੋਂ ਰਹਿਤ ਹੈ, ਉਹ ਬਿਨੋਦ = ਆਨੰਦ ਕਿਸੇ ਵੀ ਤਰ੍ਹਾਂ ਕਹਤ = ਕਥਨ ਵਿਚ ਨ = ਨਹੀਂ ਆਏ = ਆ ਸਕਦਾ ਹੈ॥੩੩॥

ਦੁਰਮਤਿ ਮੇਟਿ ਗੁਰਮਤਿ ਹਿਰਦੈ ਪ੍ਰਗਾਸੀ;
ਖੋਇ ਹੈ ਅਗਿਆਨ ਜਾਨੇ ਬ੍ਰਹਮ ਗਿਆਨੇ ਹੈ॥

ਦੁਰਮਤਿ = ਖੋਟੀ (ਦ੍ਵੈਤ) ਮਤਿ = ਬੁੱਧੀ ਜਾਂ ਖੋਟੀ ਸਿੱਖਿਆ ਨੂੰ ਮੇਟਿ = ਨਵਿਰਤ ਕਰ ਕੇ ਜਦ ਗੁਰਮੁਖ ਜਨ ਗੁਰਮਤਿ = ਗੁਰਾਂ ਦੀ ਸਿੱਖਿਆ ਨੂੰ ਹਿਰਦੈ = ਚਿੱਤ ਵਿਚ ਪ੍ਰਗਾਸੀ = ਪ੍ਰਕਾਸ਼, ਧਾਰਨ ਕਰਦਾ ਹੈ ਤਦ ਅਗਿਆਨ ਨੂੰ ਖੋਇ = ਗਵਾ ਲੈਂਦਾ ਹੈ ਤੇ ਬ੍ਰਹਮ ਗਿਆਨ ਨੂੰ ਜਾਨੇ = ਜਾਣ ਲੈਂਦਾ ਹੈ, ਭਾਵ ਜੋ ਬ੍ਰਹਮ ਸਰੂਪ ਦੀ ਪ੍ਰਾਪਤੀ ਵੱਲੋਂ ਬੇਸਮਝ ਹੋਇਆ ਫਿਰਦਾ ਸੀ, ਉਸ ਨੂੰ ਗਵਾ ਕੇ ਬ੍ਰਹਮ ਦੇ ਸਰੂਪ ਨੂੰ ਜਾਣ ਲੈਂਦਾ ਹੈ।

ਦਰਸ ਧਿਆਨ ਆਨ ਧਿਆਨ ਬਿਸਿਮਰਨ ਕੈ;
ਸਬਦ ਸੁਰਤਿ ਮੋਨਿ ਬ੍ਰਤ ਪਰਵਾਨੇ ਹੈ॥

ਜਦ ਬ੍ਰਹਮ ਗਿਆਨ, ਬ੍ਰਹਮ ਦੇ ਸਰੂਪ ਨੂੰ ਜਾਣ ਲੈਂਦਾ ਹੈ ਤਦ ਉਸ ਬ੍ਰਹਮ ਦੇ ਸਰੂਪ ਨੂੰ ਧਿਆਨ = ਖ਼ਿਆਲ ਵਿਚ ਲਿਆਉਂਦਾ ਹੈ ਅਤੇ ਸਾਖਸ਼ਾਤ ਬ੍ਰਹਮ ਦੇ ਦਰਸ = ਦੀਦਾਰ ਪ੍ਰਾਪਤ ਕਰ ਲੈਂਦਾ ਹੈ ਤੇ ਦਰਸ਼ਨਾਂ ਦੇ ਪ੍ਰਾਪਤ ਹੋਇਆਂ ਆਨ = ਹੋਰ ਧਿਆਨ = ਖ਼ਿਆਲ ਬਿਸਿਮਰਨ = ਸਿਮਰਤੀ ਤੋਂ ਰਹਿਤ ਕਰ ਦਿੰਦਾ ਹੈ, ਭਾਵ ਭੁਲਾ ਦਿੰਦਾ ਹੈ ਅਤੇ ਸੁਰਤਿ = ਗਿਆਤ ਵਿਚ ਹੋਰ ਸ਼ਬਦ ਸੁਣਨ ਜਾਂ ਕਹਿਣ ਵੱਲੋਂ ਮੋਨਿ ਬ੍ਰਤ = ਗਿਆਨ ਮੋਨ ਨੂੰ ਹੀ ਪਰਵਾਨੇ = ਕਬੂਲ ਕਰ ਲੈਣਾ ਕਰਦਾ ਹੈ।

ਪ੍ਰੇਮ ਰਸ ਰਸਿਕ ਹੁਇ ਅਨ ਰਸ ਰਹਤ ਹੁਇ;
ਜੋਤੀ ਮਹਿ ਜੋਤਿ ਸਰੂਪ, ਸੋਹੰ ਸੁਰ ਤਾਨੇ ਹੈ॥

ਇਸ ਤਰ੍ਹਾਂ ਪ੍ਰੇਮ ਰਸ ਦਾ ਰਸਿਕ = ਰਸੀਆ ਹੁਇ = ਹੋ ਕੇ ਤੇ ਅਨ = ਹੋਰ ਬਾਹਰਲੇ ਸੰਸਾਰੀ ਰਸ = ਸੁਆਦਾਂ ਵੱਲੋਂ ਰਹਿਤ ਹੁਇ = ਹੋ ਕੇ ਜੋਤੀ = ਪ੍ਰਕਾਸ਼ ਮਈ ਪ੍ਰਭੂ ਮਹਿ = ਵਿਚ ਮਿਲ ਕੇ ਜੋਤਿ = ਜੋਤੀ ਸਰੂਪ ਹੀ ਹੋ ਜਾਂਦਾ ਹੈ ਅਤੇ ਸੋਹੰ = ਉਹੀ ਸਰੂਪ ਮੈਂ ਹਾਂ, ਉਹੀ ਸਰੂਪ ਮੈਂ ਹਾਂ, ਇਸ ਸੁਰ ਦੀ ਤਾਨੇ = ਤਾਨ, ਤਾਰ ਅੰਦਰ ਬੰਨ੍ਹ ਲੈਣਾ ਕਰਦਾ ਹੈ, ਭਾਵ ਆਪਣੇ ਅੰਦਰ ਉਸੇ ਨੂੰ ਹੀ ਆਪਣਾ ਸਰੂਪ ਜਾਣ ਕੇ 'ਮੈਂ ਉਹੀ ਹਾਂ, ਮੈਂ ਉਹੀ ਹਾਂ' ਇਸ ਦੀ ਰਟ ਲਗਾਈ ਰੱਖਦਾ ਹੈ।

ਗੁਰ ਸਿਖ ਸੰਧਿ ਮਿਲੇ ਬੀਸ ਇਕ-ਈਸ ਈਸ;
ਪੂਰਨ ਬਿਬੇਕ ਟੇਕ ਏਕ ਹੀਯੇ ਆਨੇ ਹੈ॥੩੪॥

ਅਸਲ ਵਿਚ ਗੁਰੂ ਅਤੇ ਸਿੱਖ ਦੇ ਸੰਧਿ = ਮਿਲਾਪ ਦੇ ਮਿਲੇ = ਮਿਲਣੇ ਕਰਕੇ ਹੀ ਇਸ ਅਨੁਭਵੀ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਥੇ ਆਣ ਕੇ ਹੀ ਬੀਸ = ਵੀਹ ਦੇ ਵਰਤਾਰੇ ਵਿਚ ਵਰਤਣਹਾਰਾ ਇਹ ਲੋਕ ਤੇ ਇੱਕੀਸਵੇਂ, ਭਾਵ ਵਿਚ ਵਰਤਣਹਾਰਾ ਪ੍ਰਲੋਕ, ਭਾਵ ਪਿੰਡੀ ਅਤੇ ਬ੍ਰਹਿਮੰਡੀ ਸਾਰੀ ਸ੍ਰਿਸ਼ਟੀ ਈਸ = ਈਸ਼ਵਰ ਮਈ ਹੋਣ ਦਾ ਪੂਰਨ = ਪੂਰਾ ਬਿਬੇਕ = ਗਿਆਨ ਹੁੰਦਾ ਹੈ ਤੇ ਇਸ ਏਕ = ਏਕਤਾ ਦੀ ਟੇਕ = ਓਟ ਆਪਣੇ ਹੀਯੇ = ਹਿਰਦੇ ਵਿਚ ਆਨੇ = ਲਿਆਉਣਾ ਕਰਦਾ ਹੈ॥੩੪॥

ਰੋਮ ਰੋਮ ਕੋਟਿ ਬ੍ਰਹਮਾਂਡ ਕੋ ਨਿਵਾਸ ਜਾਸੁ;
ਮਾਨਸ ਅਉਤਾਰ ਧਾਰਿ ਦਰਸੁ ਦਿਖਾਏ ਹੈ॥

ਜਾਸੁ = ਜਿਸ ਪਰਮੇਸ਼ਰ ਦੇ ਰੋਮ ਰੋਮ = ਵਾਲ ਵਾਲ ਵਿਚ ਕੋਟਿ = ਕਰੋੜਾਂ ਹੀ ਬ੍ਰਹਮਾਂਡ = ਬ੍ਰਹਿਮੰਡਾਂ ਕੋ = ਦਾ ਨਿਵਾਸ = ਵਾਸਾ ਹੈ, ਉਸ ਨੇ ਆਪ ਮਾਨਸ = ਮਨੁੱਖੀ ਅਉਤਾਰ = ਅਵਤਾਰ, ਭਾਵ ਮਨੁੱਖੀ ਸਰੂਪ (ਗੁਰੂ ਨਾਨਕ ਰੂਪ) ਧਾਰਿ = ਧਾਰਨ ਕਰ ਕੇ ਦਰਸੁ = ਦਰਸ਼ਨ ਦਿਖਾਏ = ਦਿਖਾਉਣਾ ਕੀਤਾ ਹੈ।

ਜਾ ਕੈ ਓਅੰਕਾਰ ਕੇ ਅਕਾਰ ਹੈ ਨਾਨਾ ਪ੍ਰਕਾਰ;
ਸ੍ਰੀ ਮੁਖ ਸਬਦੁ ਗੁਰਸਿਖਨ ਸੁਨਾਏ ਹੈ॥

ਜਾ = ਜਿਸ ਕੈ = ਦੇ ਓਅੰਕਾਰ ਰੂਪ ਸ਼ਬਦ ਬ੍ਰਹਮ ਕੇ = ਦੇ ਹੀ ਨਾਨਾ = ਅਨੇਕ ਪ੍ਰਕਾਰ = ਤਰ੍ਹਾਂ ਦੇ ਵੱਖਰੇ ਅਕਾਰ = ਸਰੂਪ ਹੈ = ਹਨ, ਭਾਵ ਵੱਖਰੇ ਵੱਖਰੇ ਸਰੂਪਾਂ ਵਾਲੇ ਬੇਅੰਤ ਸਰੂਪ ਸੰਸਾਰ ਰੂਪ ਹੋ ਕੇ ਫੈਲੇ ਹੋਏ ਹਨ, ਉਹ ਬ੍ਰਹਮ ਹੀ ਸ੍ਰੀ = ਸੁਭਾਏਮਾਨ ਮੁਖ ਦੁਆਰਾ ਸਾਖਸ਼ਾਤ ਗੁਰੂ ਸਰੂਪ ਹੋ ਕੇ ਆਪਣੇ ਗੁਰਸਿਖਨ = ਗੁਰਸਿੱਖਾਂ ਨੂੰ ਸਬਦੁ = ਉਪਦੇਸ਼ ਸੁਨਾਏ = ਸੁਣਾ ਰਹੇ ਹੈ = ਹਨ।

ਜਗ ਭੋਗ ਨਈਬੇਦ ਜਗਤ ਭਗਤ ਜਾਹਿ;
ਅਸਨ ਬਸਨ ਗੁਰਸਿਖਨ ਲਡਾਏ ਹੈ॥

ਵੇਦਾਂ ਦੇ ਕਰਮ-ਕਾਂਡ ਦੁਆਰਾ ਨਿਰੂਪਣ ਕੀਤੀਆਂ ਗੀਤੀਆਂ ਦੁਆਰਾ ਜਗ = ਯੱਗਯ ਆਦਿ ਅਨੇਕ ਤਰ੍ਹਾਂ ਦੇ ਭੋਗ = ਭੋਜਨ ਨਈਬੇਦ = ਦੇਵਤਿਆਂ ਨੂੰ ਨਿਵੇਦਣ (ਅਰਪਨ) ਕਰ ਕਰ ਕੇ ਜਗਤ = ਸੰਸਾਰ ਵਿਚ ਭਗਤ = ਉਪਾਸ਼ਕ ਜਨ ਉਪਾਸਨਾ ਕਾਂਡ ਅਨੁਸਾਰੀ ਢੰਗਾਂ ਦੁਆਰਾ ਜਾਹਿ = ਜਿਸ ਨੂੰ ਪੂਜਣਾ ਕਰਦੇ ਹਨ, ਉਹੀ ਪਰਮ ਪੂਜਨੀਕ ਪਰਮੇਸ਼ਰ ਅਸਨ = ਖਾਣ ਪਾਣ ਅਤੇ ਬਸਨ = ਪਹਿਰਾਨ ਲਾਇਕ ਪਦਾਰਥਾਂ ਆਦਿ ਦੀਆਂ ਬਖ਼ਸ਼ਿਸ਼ਾਂ ਦੇ ਕੇ ਗੁਰਸਿਖਨ = ਗੁਰਸਿੱਖਾਂ ਨੂੰ ਲਾਡ ਲਡਾਏ = ਲਡਾਉਂਦੇ ਹੈ = ਹਨ।

ਨਿਗਮ ਸੇਖਾਦਿਕ ਕਥਤ ਨੇਤਿ ਨੇਤਿ ਕਰਿ;
ਪੂਰਨ ਬ੍ਰਹਮ ਗੁਰਸਿਖਨ ਲਖਾਏ ਹੈ॥੩੫॥

ਨਿਗਮ = ਵੇਦ ਸ਼ਾਸਤਰ **ਵਾ:** ਵੇਦ ਸ਼ਾਸਤਰ ਦੇ ਗਿਆਤਾ ਬ੍ਰਹਮਾ ਆਦਿ ਸੇਖਾਦਿਕ = ਸ਼ੇਸ਼ਨਾਗ ਆਦਿ ਰਿਖੀ ਮੁਨੀ ਜਿਸ ਪਰਮੇਸ਼ਰ ਨੂੰ ਨੇਤਿ ਨੇਤਿ = ਨਾ ਇਤੀ, ਨਾ ਇਤੀ, ਭਾਵ ਬੇਅੰਤ ਬੇਅੰਤ ਕਰਿ = ਕਰ ਕੇ ਕਥਤ = ਕਥਨ ਕਰਦੇ ਹਨ, ਉਸ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪ੍ਰਭੂ ਨੇ ਹੀ ਗੁਰੂ ਸਰੂਪ ਹੋ ਕੇ ਗੁਰਸਿਖਨ = ਗੁਰਸਿੱਖਾਂ ਤਾਈਂ ਆਪਣਾ ਆਪ ਸਰੂਪ ਲਖਾਏ = ਜਣਾਉਣਾ ਕੀਤਾ ਹੈ॥੩੫॥

ਨਿਰਗੁਨ ਸਰਗੁਨ ਕੈ ਅਲਖ ਅਬਿਗਤ ਰੂਪ;
ਪੂਰਨ ਬ੍ਰਹਮ ਗੁਰ ਰੂਪ ਪ੍ਰਗਟਾਏ ਹੈ॥

ਜਿਸ ਦੇ ਨਿਰਗੁਨ = ਨਿਰਾਕਾਰ ਸਰੂਪ ਨੂੰ ਅਲਖ = ਲੱਖਣ ਤੋਂ ਰਹਿਤ ਰੂਪ ਵਰਣਨ ਕੀਤਾ ਜਾਂਦਾ ਹੈ, ਜੋ ਅਬਿਗਤ = ਅਪ੍ਰਗਟ ਸਰੂਪ ਹੈ **ਵਾ:** ਜਿਸ ਦਾ ਰੂਪ ਅਬਿਗਤ = ਨਾਸ਼ ਤੋਂ ਰਹਿਤ ਹੈ, ਅਜਿਹੇ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪ੍ਰਭੂ ਨੇ ਹੀ ਸਰਗੁਣ (ਸਹਿਤ ਗੁਣਾਂ ਦੇ) ਰੂਪ = ਸਰੂਪ ਧਾਰ ਕੇ ਆਪਣੇ ਆਪ ਨੂੰ ਗੁਰੂ ਰੂਪ ਵਿਚ ਪ੍ਰਗਟਾਏ = ਪ੍ਰਗਟ ਕੀਤਾ ਹੈ।

ਸਰਗੁਨ ਸ੍ਰੀ ਗੁਰ ਦਰਸ ਕੈ ਧਿਆਨ ਰੂਪ;
ਅਕੁਲ ਅਕਾਲ ਗੁਰਸਿਖਨੁ ਦਿਖਾਏ ਹੈ॥

ਜਿਨ੍ਹਾਂ ਨੇ ਉਸ ਸਰਗੁਣ ਸਰੂਪ ਵਿਚ ਸ੍ਰੀ = ਕਲਿਆਣ ਸਰੂਪ, ਸੁਭਾਇਮਾਨ ਸਰੂਪ ਗੁਰ = ਸਤਿਗੁਰੂ

ਜੀ ਦੇ ਦਰਸ = ਦਰਸ਼ਨਾਂ ਕੈ = ਦੇ ਧਿਆਨ = ਖ਼ਿਆਲ ਨੂੰ ਆਪਣੇ ਰਿਦੇ ਵਿਚ ਲਿਆਉਣਾ ਕੀਤਾ ਹੈ, ਉਨ੍ਹਾਂ ਗੁਰਸਿਖਨੁ = ਗੁਰਸਿੱਖਾਂ ਨੂੰ ਗੁਰਾਂ ਨੇ ਅਕੁਲ = ਕੁਲਾਂ ਤੋਂ ਰਹਿਤ ਅਕਾਲ ਪੁਰਖ ਵਾਹਿਗੁਰੂ ਦਾ ਸਰੂਪ ਦਿਖਾਏ = ਦਿਖਾਉਣਾ ਕੀਤਾ ਹੈ।

ਨਿਰਗੁਨ ਸ੍ਰੀ ਗੁਰ ਸਬਦ ਅਨਹਦ ਧੁਨਿ;
ਸਬਦ-ਬੇਧੀ ਗੁਰਸਿਖਨੁ ਸੁਨਾਏ ਹੈ॥

ਇਸ ਤਰੀਕੇ ਨਾਲ ਸਰਗੁਣ ਸਰੂਪ ਦੇ ਦਰਸ਼ਨ ਦੁਆਰਾ ਆਪਣੇ ਅਕਾਲ ਰੂਪ ਦਾ ਦਰਸ਼ਨ ਕਰਵਾਇਆ ਤੇ ਨਿਰਗੁਣ ਸਰੂਪ ਸ੍ਰੀ = ਸ਼੍ਰੋਮਣੀ ਗੁਰ = ਸਤਿਗੁਰੂ ਜੀ ਨੇ ਆਪਣੇ ਸਬਦ = ਉਪਦੇਸ਼ ਵਿਚ ਗੁਰਸਿੱਖਾਂ ਦੇ ਚਿੱਤ ਬੇਧੀ = ਵਿੰਨ੍ਹ ਕੇ ਅਨਹਦ = ਹੱਦ ਤੋਂ ਰਹਿਤ ਸ਼ਬਦ ਦੀ ਧੁਨੀ ਦੇ ਰੂਪ ਵਿਚ ਸੁਨਾਏ = ਸੁਣਾ ਕੇ ਅਨੁਭਵ ਕਰਾਇਆ ਹੈ।

ਚਰਨ ਕਮਲ ਮਕਰੰਦ ਨਿਹਕਾਮ ਧਾਮ;
ਗੁਰਸਿਖ ਮਧੁਕਰ ਗਤਿ ਲਪਟਾਏ ਹੈ॥੩੬॥

ਇਸ ਪ੍ਰਕਾਰ ਨਿਰਗੁਣ ਸਰੂਪ ਦੇ ਦੀਦਾਰ ਕਰਾਉਣ ਵਾਲੇ ਗੁਰਾਂ ਨੂੰ ਨਿਹਕਾਮ = ਨਿਸ਼ਕਾਮਤਾ ਰੂਪੀ ਧਾਮ = ਘਰ ਵਾਲਾ ਜਾਣ ਕੇ ਗੁਰਸਿੱਖ ਉਨ੍ਹਾਂ ਸਤਿਗੁਰਾਂ ਦੇ ਚਰਨਾਂ ਕਮਲਾਂ ਦੀ ਮਕਰੰਦ = ਸੁਗੰਧੀ ਦੀ ਸਾਰ ਧੂੜੇ (ਰਜ) ਨਾਲ ਮਧੁਕਰ = ਭੌਰੇ ਵਾਂਗ ਲਪਟਾਏ = ਲੰਪਟ ਹੁੰਦੇ ਹਨ, ਭਾਵ ਗੁਰਾਂ ਦੇ ਚਰਨਾਂ ਕਮਲਾਂ ਨਾਲ ਪ੍ਰੇਮ ਕਰਦੇ ਹਨ॥੩੬॥

ਪੂਰਨ ਬ੍ਰਹਮ ਗੁਰੁ ਬੇਲ ਹੁਇ ਚੰਬੇਲੀ ਗਤਿ;
ਮੂਲ ਸਾਖਾ ਪਤ੍ਰ ਕਰਿ ਬਿਬਿਧ ਬਿਸਥਾਰ ਹੈ॥

ਜਿਵੇਂ ਚੰਬੇਲੀ = ਚਮੇਲੀ ਦੀ ਵੇਲ ਧਰਤੀ ਉੱਤੇ ਝੁਕ ਕੇ ਲੰਮੀ ਸਾਖਾ = ਟਾਹਣੀ ਧਰਤੀ ਵਿਚ ਧਸ ਕੇ ਗੱਡ ਜਾਂਦੀ ਹੈ, ਭਾਵ ਦਬਾਅ ਰੂਪ ਧਾਰਨ ਕਰ ਲੈਂਦੀ ਹੈ ਤੇ ਫੇਰ ਉਥੋਂ ਹੀ ਮੂਲ = ਮੁੱਢ, ਭਾਵ ਜੜ੍ਹ ਪ੍ਰਗਟ ਕਰ ਕੇ ਟਾਹਣੀਆਂ, ਪਤ੍ਰ = ਪੱਤਰੇ ਆਦਿ ਅਨੇਕ ਤਰ੍ਹਾਂ ਦਾ ਬਿਸਥਾਰ = ਫੈਲਾਅ ਕਰ ਲੈਂਦੀ ਹੈ, ਇਸੇ ਤਰ੍ਹਾਂ ਪੂਰਨ = ਵਿਆਪਕ ਬ੍ਰਹਮ = ਪਰਮੇਸ਼ਰ ਗੁਰੁ = ਸਤਿਗੁਰੂ ਨਾਨਕ ਦੇਵ ਰੂਪ ਹੋ ਕੇ ਪ੍ਰਗਟ ਹੋਏ ਹਨ, ਜੋ ਭਾਈ ਲਹਿਣਾ ਜੀ ਆਦਿ ਦੇ ਹਿਰਦੇ ਰੂਪੀ ਧਰਤੀ ਵਿਚ ਧਸ ਗਏ ਹਨ, ਭਾਵ ਨਿਵਾਸ ਕਰ ਗਏ ਹਨ ਅਤੇ ਉਥੇ ਹੀ ਆਪਣਾ ਸ੍ਵੈ-ਸਰੂਪ ਰੂਪ ਮੁੱਢ ਪ੍ਰਗਟ ਕਰ ਕੇ ਪੱਧਤੀ, ਸੰਪ੍ਰਦਾਇ ਪਰਵਿਰਤ ਕਰਨ ਵਾਲੇ ਸ੍ਰੀ ਗੁਰੂ ਅੰਗਦ ਦੇਵ ਜੀ ਆਦਿ ਦੇ ਸਰੂਪ ਵਿਚ ਸ਼ਾਖ਼ਾ ਰੂਪ ਹੋਣ ਉਪਰੰਤ ਆਪਣੇ ਤੋਂ ਸਾਖਸ਼ਾਤ ਸਾਜੇ ਪ੍ਰਚਾਰਕ ਰੂਪ ਭਾਈ ਸਨਮੁਖ, ਬਾਬਾ ਬੁੱਢਾ ਜੀ ਆਦਿ ਸੂਖਮ ਸ਼ਾਖ਼ਾਂ ਪ੍ਰਗਟ ਹੋਈਆਂ ਹਨ।

ਅਥਵਾ ਪੂਰਨ = ਪਰਿਪੂਰਨ ਬ੍ਰਹਮ = ਵਿਆਪਕ ਪ੍ਰਭੂ ਦਾ ਸਰੂਪ ਗੁਰੁ = ਸਤਿਗੁਰਾਂ ਨੇ ਚੰਬੇਲੀ = ਚਮੇਲੀ ਦੀ ਬੇਲ = ਵੇਲ ਵਤ ਬਿਬਿਧ = ਅਨੇਕ ਤਰ੍ਹਾਂ ਦੇ ਰੂਪਾਂ ਵਿਚ ਬਿਸਥਾਰ = ਫੈਲਾਅ ਪਾਇਆ ਹੈ, ਭਾਵ ਜਿਵੇਂ ਚਮੇਲੀ ਦੀ ਵੇਲ ਮੁੜ ਧਰਤੀ ਵੱਲ ਝੁਕ ਕੇ ਆਈ ਸ਼ਾਖ਼ ਮੁੜ ਧਰਤੀ ਵਿਚ ਧਸ ਕੇ ਗੱਡ ਜਾਂਦੀ ਹੈ ਅਤੇ ਉਥੋਂ ਹੀ ਮੁੱਢ, ਜੜ੍ਹ ਪ੍ਰਗਟ ਕਰ ਕੇ ਟਾਹਣੀਆਂ, ਪੱਤਰੇ ਆਦਿ ਬੇਅੰਤ ਤਰ੍ਹਾਂ ਦਾ ਵਿਸਥਾਰ ਕਰ ਲੈਂਦੀ ਹੈ, ਇਸੇ ਤਰ੍ਹਾਂ ਸਤਿਗੁਰੂ ਨੇ ਭਾਈ ਲਹਿਣਾ ਜੀ ਦੇ ਹਿਰਦੇ ਰੂਪੀ ਧਰਤੀ ਵਿਚ ਧਸ ਕੇ ਮੁੜ ਆਪਣਾ ਨਿਜ

ਸਰੂਪ ਪ੍ਰਗਟ ਕਰ ਕੇ ਗੁਰਸਿੱਖੀ, ਨਿਰਮਲ ਪੰਥ ਰੂਪ ਸ਼ਾਖ਼ਾਂ ਨੂੰ ਪਰਵਿਰਤ ਕਰ ਕੇ ਅਨੇਕਾਂ ਹੀ ਗੁਰਸਿੱਖਾਂ ਰੂਪ ਸੂਖਮ ਟਾਹਣੀਆਂ ਪੈਦਾ ਕਰ ਲਈਆਂ ਹਨ।

ਗੁਰਸਿਖ ਪੁਹਪ ਸੁਬਾਸ ਨਿਜ ਰੂਪ ਤਾ ਮੈ;
ਪ੍ਰਗਟ ਹੁਇ ਕਰਤ ਸੰਸਾਰ ਕੋ ਉਧਾਰ ਹੈ॥

ਗੁਰਸਿੱਖ ਮਾਨੋ ਪੁਹਪ = ਫੁੱਲ ਉਤਪੰਨ ਕੀਤੇ ਹਨ, ਤਾ = ਤਿਨ੍ਹਾਂ ਗੁਰਸਿੱਖਾਂ ਮੈ = ਵਿਚ ਨਿਜ = ਸ੍ਵੈ ਰੂਪ = ਸਰੂਪ ਪ੍ਰਭੂ ਦੀ ਹੀ ਜੈ ਜੈਕਾਰ ਰੂਪ ਸੁਬਾਸ = ਸ੍ਰੇਸ਼ਟ ਬਾਸਨਾ (ਸੁਗੰਧੀ) ਦੀ ਖ਼ੁਸ਼ਬੂ ਫੈਲੀ ਹੋਈ ਹੈ, ਜਿਨ੍ਹਾਂ ਨੇ ਸੰਸਾਰ ਵਿਚ ਪ੍ਰਗਟ = ਉਤਪੰਨ ਹੁਇ = ਹੋ ਕਰਕੇ ਸੰਸਾਰ = ਜਗਤ ਕੋ = ਦਾ ਉਧਾਰ = ਪਾਰ ਉਤਾਰਾ ਕੀਤਾ ਹੈ।

ਤਿਲ ਮਿਲਿ ਬਾਸਨਾ ਸੁਬਾਸ ਕੋ ਨਿਵਾਸ ਕਰਿ;
ਆਪਾ ਖੋਇ ਹੋਇ ਹੈ ਫੁਲੇਲ ਮਹਿਕਾਰ ਹੈ॥

ਇਉਂ ਗੁਰੂ ਸਾਹਿਬ ਜੀ ਦੀ ਜੱਸ ਰੂਪੀ ਬਾਸਨਾ = ਖ਼ੁਸ਼ਬੂ ਵਾਲੇ ਦੇਸਾਂ ਪ੍ਰਦੇਸਾਂ ਵਿਚ ਵੱਸਣ ਵਾਲੇ ਗੁਰਸਿੱਖ, ਸਿੱਖ ਸੰਗਤਾਂ ਰੂਪ ਫੁੱਲ, ਤਿਲਾਂ ਦੀ ਨਿਆਈਂ ਤਹਿ ਪਰ ਤਹਿ, ਭਾਵ ਅੰਦਰੋਂ ਬਾਹਰੋਂ ਇਕ ਹੋ ਕੇ ਜੋ ਲੋਕ ਆਣ-ਆਣ ਮਿਲੇ ਹਨ, ਉਨ੍ਹਾਂ ਅੰਦਰ ਵੀ ਗੁਰੂ ਸਾਹਿਬ ਜੀ ਦੀ ਜੱਸ ਰੂਪੀ ਸੁਬਾਸ = ਸ੍ਰੇਸ਼ਟ ਸੁਗੰਧੀ ਕੋ = ਦਾ ਨਿਵਾਸ = ਵਾਸਾ ਕਰ ਦਿੱਤਾ ਹੈ, ਭਾਵ ਗੁਰੂ ਸਾਹਿਬ ਜੀ ਦੇ ਨਾਮ-ਲੇਵਾ ਸਿੱਖ ਬਣਾ ਦਿੱਤਾ ਹੈ, ਜਿਨ੍ਹਾਂ ਨੇ ਸੱਚਮੁੱਚ ਤਿਲਾਂ ਵਾਂਗ ਹੀ ਆਪਾ-ਭਾਵ ਖੋਇ = ਗਵਾ ਕੇ, ਭਾਵ ਜਾਤੀ ਗੋਤ ਆਦਿ ਦਾ ਹੰਕਾਰ ਤਿਆਗ ਕੇ ਫੁਲੇਲ ਵਾਂਗ ਪੂਰਨ ਪ੍ਰੇਮੀ ਬਣ ਕੇ ਅੱਗੇ ਜੱਸ ਰੂਪ ਮਹਿਕਾਰ = ਸੁਗੰਧੀ ਨੂੰ ਫੈਲਾਉਣਾ ਸ਼ੁਰੂ ਕਰ ਦਿੱਤਾ ਹੈ।

ਗੁਰਮੁਖਿ ਮਾਰਗ ਮੈ ਪਤਿਤ ਪੁਨੀਤ ਰੀਤਿ;
ਸੰਸਾਰੀ ਹੁਇ ਨਿਰੰਕਾਰੀ ਪਰ ਉਪਕਾਰ ਹੈ॥੩੭॥

ਇਸੇ ਕਰਕੇ ਜੋ ਗੁਰਮੁਖਿ = ਮੁਖੀ ਗੁਰਾਂ ਦੇ ਉਪਦੇਸ਼ ਦੁਆਰਾ ਸਿੱਖੀ ਰੂਪ ਮਾਰਗ = ਰਸਤੇ ਮੈ = ਵਿਚ ਆ ਗਿਆ ਹੈ, ਉਹ ਪਤਿਤ = ਪਾਪੀ, ਪਰਮਾਰਥ ਵਾਲੇ ਮਾਰਗ ਤੋਂ ਡਿੱਗਿਆਂ ਨੂੰ ਵੀ ਪੁਨੀਤ = ਪਵਿੱਤਰ ਕਰਨ ਵਾਲੀ ਰੀਤਿ = ਮਰਯਾਦਾ ਨਾਲ ਸੰਸਾਰੀ = ਦੁਨਿਆਵੀ ਹੁਇ = ਹੁੰਦਿਆਂ ਹੋਇਆਂ ਨੂੰ ਵੀ ਨਿਰੰਕਾਰੀ = ਨਿਰਾਕਾਰ ਦਾ ਉਪਾਸਕ **ਵਾ:** ਗੁਰੂ ਨਾਨਕ ਨਿਰੰਕਾਰੀ ਦੇ ਚਲਾਏ ਨਿਰਮਲ ਪੰਥ ਰੂਪੀ ਮਾਰਗ ਦਾ ਪਾਂਧੀ ਬਣਾ ਦਿੰਦਾ ਹੈ ਅਤੇ ਐਸਾ ਪਰਉਪਕਾਰ ਕਰਨ ਵਾਲੇ ਗੁਰਸਿੱਖ ਹਨ॥੩੭॥

ਪੂਰਨ ਬ੍ਰਹਮ ਗੁਰ ਬਿਰਖ ਬਿਥਾਰ ਧਾਰ;
ਮੁਲ ਕੰਦ ਸਾਖਾ ਪਤ੍ਰ ਅਨਿਕ ਪ੍ਰਕਾਰ ਹੈ॥

ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪ੍ਰਭੂ ਦਾ ਸਰੂਪ ਸ੍ਰੀ ਗੁਰ = ਸਤਿਗੁਰੂ ਨਾਨਕ ਦੇਵ ਜੀ ਨੇ ਪੁਰਬੋਕਤ ਮਰਯਾਦਾ ਦੁਆਰਾ ਬਿਰਖ = ਬ੍ਰਿਛ ਦੇ ਤੁਲ ਬਿਥਾਰ = ਫੈਲਾਅ ਨੂੰ ਧਾਰ = ਧਾਰਨ ਕਰ ਕੇ ਕਿਤੇ

ਤਾਂ ਮੁਲ = ਮੂਲ ਰੂਪ ਹੋ ਕੇ ਸਿੱਖਾਂ ਨੂੰ ਨਿਹਾਲ ਕੀਤਾ, ਭਾਵ ਉਨ੍ਹਾਂ ਨੂੰ ਮੂਲ ਫਲ ਕਹਿੰਦੇ ਹਨ, ਜਿਨ੍ਹਾਂ ਦੇ ਪੱਤਰੇ ਜੜ੍ਹ ਉੱਪਰ ਹੀ ਰਹਿੰਦੇ ਹਨ ਤੇ ਛਕਣ ਵਾਲਾ ਫਲ ਰੂਪ ਪਦਾਰਥ ਥੱਲੇ ਹੁੰਦਾ ਹੈ, ਕਿਤੇ ਕੰਦ ਰੂਪ ਹੋ ਕੇ ਤਾਰਨਾ ਕੀਤਾ ਹੈ ਅਤੇ ਕਿਤੇ ਸਾਖਾ = ਸ਼ਾਖ਼ਾਵਾਂ ਆਦਿ ਦੁਆਰਾ ਅਨਿਕ = ਬੇਅੰਤ ਪ੍ਰਕਾਰ = ਤਰੀਕਿਆਂ ਨਾਲ ਦੁਨੀਆਂ ਦਾ ਉੱਧਾਰ ਕੀਤਾ।

ਤਾ ਮੈ ਨਿਜ ਰੂਪ ਗੁਰਸਿਖ ਫਲ ਕੋ ਪ੍ਰਗਾਸ;
ਬਾਸਨਾ ਸੁਬਾਸ ਅਉ ਸ੍ਵਾਦ ਉਪਕਾਰ ਹੈ॥

ਤਾ = ਤਿਨ੍ਹਾਂ ਮੈ = ਵਿੱਚੋਂ ਹੀ ਕਿਤੇ ਨਿਜ = ਆਪਣਾ ਆਪ ਰੂਪ = ਸਰੂਪ ਗੁਰਸਿੱਖ ਫਲ ਸਰੂਪ ਕੋ = ਨੂੰ ਪ੍ਰਗਾਸ = ਪ੍ਰਕਾਸ਼ ਕਰ ਕੇ, ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੂਸਰੇ ਸਰੂਪ ਵਿਚ ਜੋਤਿ ਜਗਾ ਕੇ ਸੰਸਾਰੀ ਜੀਵਾਂ ਨੂੰ ਤਾਰਨਾ ਕੀਤਾ ਅਤੇ ਭਗਤੀ ਰੂਪ ਸੁਬਾਸ (ਸੁ + ਬਾਸ) ਸੁ = ਸ੍ਰੇਸ਼ਟ ਬਾਸ = ਵਾਸ਼ਨਾ (ਸੁਗੰਧੀ) ਦੁਆਰਾ ਅਨੇਕਾਂ ਜੀਵਾਂ ਦੇ ਹਿਰਦਿਆਂ ਨੂੰ ਭਗਤੀ ਰੂਪ ਬਾਸਨਾ = ਸੁਗੰਧੀ ਦੇ ਸਹਿਤ ਕੀਤਾ ਅਉ = ਅਤੇ ਨਾਮ ਰੂਪ ਸ੍ਵਾਦ = ਸੁਆਦਲੇ ਰਸ ਦੀ ਪ੍ਰਾਪਤੀ ਕਰਾ ਕੇ ਉਪਕਾਰ = ਭਲਾ ਕੀਤਾ ਹੈ।

ਚਰਨ ਕਮਲ ਮਕਰੰਦ ਰਸ ਰਸਿਕ ਹੁਇ;
ਚਾਖੇ ਚਰਨਾਮ੍ਰਿਤ ਸੰਸਾਰ ਕੋ ਉਧਾਰ ਹੈ॥

ਉਨ੍ਹਾਂ ਗੁਰਾਂ ਦੇ ਚਰਨਾਂ ਕਮਲਾਂ ਦੀ ਮਕਰੰਦ = ਧੂੜੇ ਦੇ ਰਸ ਦਾ ਰਸਿਕ = ਪ੍ਰੇਮੀ ਹੁਇ = ਹੋ, ਬਣ ਕੇ ਜਿਸ ਨੇ ਵੀ ਗੁਰਾਂ ਦੇ ਚਰਨਾਮ੍ਰਿਤ = ਚਰਨਾਂ ਦਾ ਅੰਮ੍ਰਿਤ ਚਾਖੇ = ਚੱਖਣਾ ਕੀਤਾ ਹੈ, ਉਸ ਦਾ ਗੁਰਾਂ ਨੇ ਸੰਸਾਰ = ਜਗਤ ਤੋਂ ਉਧਾਰ = ਪਾਰ-ਉਤਾਰਾ ਕਰ ਦਿੱਤਾ ਹੈ।

ਗੁਰਮੁਖਿ ਮਾਰਗ ਮਹਾਤਮ ਅਕਥ ਕਥਾ;
ਨੇਤਿ ਨੇਤਿ ਨੇਤਿ ਨਮੋ ਨਮੋ ਨਮਸਕਾਰ ਹੈ॥੩੮॥

ਇਸ ਤਰ੍ਹਾਂ ਗੁਰਮੁਖਤਾਈ ਵਾਲੇ ਮਾਰਗ = ਰਸਤੇ ਦੀ ਮਹਾਤਮ = ਵਡਿਆਈ ਦੀ ਕਥਾ = ਵਾਰਤਾ ਅਕਥ = ਕਥਨ ਤੋਂ ਰਹਿਤ ਹੈ, ਜਿਸ ਕਰਕੇ ਨੇਤਿ ਨੇਤਿ ਨੇਤਿ = ਨਾ ਇਤ, ਨਾ ਇਤ, ਨਾ ਇਤ, ਭਾਵ ਜਿਸ ਪ੍ਰਭੂ ਦਾ **ਵਾ:** ਗੁਰਮੁਖੀ ਮਾਰਗ ਦਾ ਕੋਈ ਵੀ ਅੰਤ ਨਹੀਂ ਪਾ ਸਕਦਾ, ਸਗੋਂ ਮੈਂ ਤਾਂ ਮਨ ਕਰਕੇ ਵੀ ਨਮੋ = ਨਮਸਕਾਰ ਕਰਦਾ ਹਾਂ, ਬਾਣੀ ਕਰਕੇ ਵੀ ਨਮੋ = ਨਮਸਕਾਰ ਕਰਦਾ ਹਾਂ ਤੇ ਸਰੀਰ ਕਰਕੇ ਵੀ ਨਮਸਕਾਰ ਕਰਦਾ ਹਾਂ॥੩੮॥

ਬਰਨ ਬਰਨ ਬਹੁ ਬਰਨ ਗੋ-ਬੰਸ ਜੈਸੇ;
ਏਕ ਹੀ ਬਰਨ ਦੁਹੇ ਦੂਧ ਜਗ ਜਾਨੀਐ॥

ਜੈਸੇ = ਜਿਸ ਪ੍ਰਕਾਰ ਬਰਨ ਬਰਨ = ਰੰਗ ਰੰਗ ਦੀ, ਭਾਵ ਅਨੇਕਾਂ ਰੰਗਾਂ ਦੀ ਹੋਣ ਕਰਕੇ ਗੋ = ਗਊ ਬੰਸ = ਜਾਤੀ ਬਹੁ = ਬਹੁਤ ਬਰਨ = ਰੰਗਾਂ ਦੀ ਕਹਿਣ ਵਿਚ ਆ ਰਹੀ ਹੈ, ਪਰੰਤੂ ਦੂਧ = ਦੁੱਧ ਚੋਇਆਂ ਸਾਰੀਆਂ ਗਊਆਂ ਦਾ ਏਕ = ਇੱਕੋ ਹੀ ਬਰਨ = ਰੰਗ ਦਾ ਹੁੰਦਾ ਹੈ। ਇਹ ਗੱਲ ਸਾਰਾ ਹੀ ਜਗ = ਜਗਤ

ਜਾਨੀਐ = ਜਾਣਦਾ ਹੈ। ਇਸੇ ਤਰ੍ਹਾਂ ਹੀ ਗੁਣ ਕਰਮ ਦੇ ਅਨੁਸਾਰ ਮਨੁੱਖ ਜਾਤੀ ਨੂੰ ਸਮਝਣਾ ਕਰੋ ਭਾਵੇਂ ਸੰਸਾਰ ਨੇ ਬ੍ਰਾਹਮਣ, ਖੱਤ੍ਰੀ, ਵੈਸ, ਸ਼ੂਦਰ ਆਦਿ ਅਨੇਕਾਂ ਹੀ ਜਾਤੀਆਂ ਰੱਖੀਆਂ ਹੋਈਆਂ ਹਨ, ਪਰੰਤੂ ਗਊਆਂ ਦੇ ਦੁੱਧ ਵਤ ਪ੍ਰਭੂ ਦੀ ਸੱਤਾ ਸਾਰੇ ਜੀਵਾਂ ਵਿਚ ਇਕ ਸਰੂਪ ਹੀ ਹੈ।

ਅਨਿਕ ਪ੍ਰਕਾਰ ਫਲ ਫੂਲ ਕੈ ਬਨਾਸਪਤੀ;
ਏਕੈ ਰੂਪ ਅਗਨਿ ਸਰਬ ਮੈ ਸਮਾਨੀਐ ॥

ਅਗਲੀ ਤੁਕ ਵਿਚ ਹੋਰ ਦ੍ਰਿਸ਼ਟਾਂਤ ਦਿੰਦੇ ਹਨ—ਫਲ, ਫੂਲ = ਫੁੱਲ ਆਦਿ ਦੇ ਵੱਖੋ-ਵੱਖ ਦਿਖਾਈ ਦੇਣ ਕਰਕੇ ਬਨਾਸਪਤੀ ਅਨਿਕ = ਬੇਅੰਤ ਪ੍ਰਕਾਰ = ਤਰ੍ਹਾਂ ਦੀ ਆਖੀ ਜਾਂਦੀ ਹੈ, ਪਰੰਤੂ ਅਗਨਿ = ਅਗਨੀ ਏਕੈ = ਇਕ ਰੂਪ ਹੀ ਸਰਬ = ਸਭ ਮੈ = ਵਿਚ ਸਮਾਨੀਐ = ਸਮਾਈ ਹੋਈ ਹੈ। ਇਸੇ ਤਰ੍ਹਾਂ ਹੀ ਬ੍ਰਹਮ ਦੀ ਸੱਤਾ ਸਾਰੇ ਜੀਵਾਂ ਵਿਚ ਇਕ-ਸਮਾਨ ਰਮੀ ਹੋਈ ਹੈ।

ਚਤੁਰ ਬਰਨ ਪਾਨ ਚੂਨਾ ਅਉ ਸੁਪਾਰੀ ਕਾਥਾ;
ਆਪਾ ਖੋਇ ਮਿਲਤ ਅਨੂਪ ਰੂਪ ਠਾਨੀਐ ॥

ਜੋ ਪਾਨ = ਪਾਨਾਂ ਦੇ ਪੱਤੇ ਦਾ ਸਾਵਾ ਹਰਾ ਰੰਗ, ਚਿੱਟੇ ਰੰਗ ਦਾ ਚੂਨਾ ਅਉ = ਅਤੇ ਸੁਪਾਰੀ ਕਾਥਾ = ਕੱਥਾ ਭੂਸਲੇ ਰੰਗ ਦਾ ਆਦਿ, ਜਦ ਇਹ ਚਤੁਰ = ਚਾਰ ਬਰਨ = ਰੰਗ ਦੀਆਂ ਚਾਰੇ ਚੀਜ਼ਾਂ ਆਪ = ਆਪਣਾ ਆਪ ਖੋਇ = ਨਾਸ਼ ਕਰ ਕੇ ਆਪਸ ਵਿਚਦੀ ਮਿਲਤ = ਮਿਲਦੀਆਂ ਹਨ ਤਾਂ ਅਨੂਪ = ਉਪਮਾ ਤੋਂ ਰਹਿਤ ਲਾਲ ਰੰਗ ਠਾਨੀਐ = ਬਣ ਜਾਇਆ ਕਰਦਾ ਹੈ। ਇਸੇ ਤਰ੍ਹਾਂ ਵੱਖੋ-ਵੱਖਰੇ ਕਰਮਾਂ ਕਰਕੇ ਵੱਖੋ-ਵੱਖਰੀਆਂ ਜਾਤਾਂ ਜਾਂ ਅਨੇਕ ਵਰਣ ਕਹੇ ਜਾਂਦੇ ਹਨ, ਪਰੰਤੂ ਬ੍ਰਹਮ ਦੀ ਚੇਤਨ ਸੱਤਾ ਸਾਰਿਆਂ ਵਿਚ ਇੱਕੋ ਜਿਹੀ ਹੋਣ ਕਰਕੇ ਕੋਈ ਵੀ ਭੇਦ-ਭਾਵ ਨਹੀਂ ਦਿੱਸਦਾ।

ਲੋਗਨ ਮੈ ਲੋਗਾਚਾਰ ਗੁਰਮੁਖਿ ਏਕੰਕਾਰ;
ਸਬਦ ਸੁਰਤਿ ਉਨਮਨ ਉਨਮਾਨੀਐ ॥੩੯॥

ਲੋਗਾਚਾਰ = ਲੋਕਾਚਾਰ ਦ੍ਰਿਸ਼ਟੀ ਮੈ = ਵਿਚ ਲੋਗਨ = ਲੋਕ ਭਾਵੇਂ ਵੱਖਰੇ ਵੱਖਰੇ ਹੋਣ, ਪਰੰਤੂ ਗੁਰਮੁਖਾਂ ਦੀ ਦ੍ਰਿਸ਼ਟੀ ਵਿਚ ਏਕੰਕਾਰ = ਇਕ ਓਅੰਕਾਰ ਵਾਹਿਗੁਰੂ ਦਾ ਸਰੂਪ ਹੀ ਹੁੰਦਾ ਹੈ, ਜੇਕਰ ਗੁਰਾਂ ਦੇ ਸਬਦ = ਉਪਦੇਸ਼ ਵਿਚ ਸੁਰਤਿ = ਬਿਰਤੀ ਉਨਮਨ = ਮਗਨ ਹੋ ਜਾਵੇ ਤਾਂ ਇਸ ਜੀਵ ਈਸ਼ ਦੀ ਏਕਤਾ ਦੇ ਭਾਵ ਨੂੰ ਉਨਮਾਨੀਐ = ਵਿਚਾਰ ਵਿਚ ਲਿਆਂਦਾ ਜਾਂ ਅਨੁਭਵ ਕੀਤਾ ਜਾ ਸਕਦਾ ਹੈ॥੩੯॥

ਸੀਂਚਤ ਸਲਿਲ ਬਹੁ ਬਰਨ ਬਨਾਸਪਤੀ;
ਚੰਦਨ ਸੁਬਾਸ ਏਕੈ ਚੰਦਨ ਬਖਾਨੀਐ ॥

ਜੋ ਸਲਿਲ = ਪਾਣੀ ਦੁਆਰਾ ਸੀਂਚਤ = ਸਿੰਚਾਈ ਕੀਤੀ ਹੋਈ ਘਾਹ, ਬੇਲ, ਬੂਟੇ ਆਦਿ ਬਹੁ = ਬਹੁਤ ਬਰਨ = ਰੰਗਾਂ ਦੀ ਬਨਾਸਪਤੀ ਹਰਿਆਵਲਤਾ ਦੇ ਸਹਿਤ ਹੋ ਰਹੀ ਸੀ, ਉਹ ਚੰਦਨ ਦੀ ਸੁਬਾਸ (ਸੁ + ਬਾਸ)

ਸੁ = ਸੁੰਘਣ ਬਾਸ = ਵਾਸ਼ਨਾ, ਸੁਗੰਧੀ ਦੁਆਰਾ ਸਿੰਚੀ ਜਾਣੇ ਕਰਕੇ ਏਕੈ = ਇਕ ਚੰਨਣ ਹੀ ਬਖਾਨੀਐ = ਕਹੀ ਜਾਣ ਲੱਗ ਪੈਂਦੀ ਹੈ।

ਪਰਬਤ ਬਿਖੈ ਉਤਪਤ ਹੁਇ ਅਸਟ ਧਾਤ;
ਪਾਰਸ ਪਰਸਿ ਏਕੈ ਕੰਚਨ ਕੈ ਜਾਨੀਐ ॥

ਪਰਬਤ = ਪਹਾੜਾਂ ਬਿਖੈ = ਵਿਚ ਲੋਹਾ, ਤਾਂਬਾ, ਚਾਂਦੀ, ਕਲੀ, ਜਿਸਤ, ਸਿੱਕਾ, ਪਾਰਾ, ਸੋਨਾ ਆਦਿ ਅਸਟ = ਅੱਠ ਧਾਤਾਂ ਉਤਪਤ = ਪੈਦਾ ਹੁਇ = ਹੁੰਦੀਆਂ ਹਨ, ਪਰੰਤੂ ਪਾਰਸ ਦੀ ਵੱਟੀ ਨੂੰ ਪਰਸਿ = ਛੂਹਣ ਮਾਤਰ ਹੀ ਏਕੈ = ਇਕ ਕੰਚਨ = ਸ਼ੁੱਧ ਸੋਨਾ ਕੈ = ਕਰਕੇ ਹੀ ਜਾਨੀਐ = ਜਾਨਣ ਵਿਚ ਆਇਆ ਕਰਦਾ ਹੈ।

ਨਿਸ ਅੰਧਕਾਰ ਤਾਰਾ ਮੰਡਲ, ਚਮਤਕਾਰ;
ਦਿਨ ਦਿਨਕਰ ਜੋਤਿ ਏਕੈ ਪਰਵਾਨੀਐ ॥

ਨਿਸ = ਰਾਤ ਦੇ ਸਮੇਂ ਅੰਧਕਾਰ = ਹਨੇਰਾ ਪਸਰਨ ਸਮੇਂ ਤਾਰਾ = ਤਾਰਿਆਂ ਦਾ ਮੰਡਲ = ਸਮੂਹ ਘੇਰਾ ਚਮਤਕਾਰ = ਪ੍ਰਕਾਸ਼ਤਾ ਦੇ ਸਹਿਤ ਹੁੰਦਾ ਹੈ, ਪਰ ਜਿਉਂ ਹੀ ਦਿਨ ਦੇ ਚੜ੍ਹਨ ਸਮੇਂ ਦਿਨਕਰ = ਸੂਰਜ ਦੀ ਜੋਤਿ = ਪ੍ਰਕਾਸ਼ਤਾ ਪ੍ਰਗਟ ਹੁੰਦੀ ਹੈ ਤਾਂ ਉਹ ਤਾਰੇ ਵੀ ਆਪਣੇ ਪ੍ਰਕਾਸ਼ ਦੀ ਅਨੇਕਤਾਈ ਨੂੰ ਛੱਡ ਕੇ ਏਕੈ = ਇੱਕੋ ਪ੍ਰਕਾਸ਼ ਨੂੰ ਹੀ ਪਰਵਾਨੀਐ = ਪ੍ਰਵਾਨ ਕਰ ਲੈਂਦੇ ਹਨ।

ਲੋਗਨ ਮੈ ਲੋਗਾਚਾਰ ਗੁਰਮੁਖਿ ਏਕੰਕਾਰ;
ਸਬਦ ਸੁਰਤਿ ਉਨਮਨ ਉਨਮਾਨੀਐ ॥੪੦॥

ਇਸੇ ਪ੍ਰਕਾਰ ਹੀ ਬਨਸਪਤੀ, ਧਾਤੂਆਂ ਤੇ ਤਾਰਿਆਂ ਦੇ ਉਕਤ ਤਰੀਕੇ ਨਾਲ ਏਕਤਾ ਵਿਚ ਆ ਜਾਣ ਸਮਾਨ ਹੀ ਲੋਗਨ = ਲੋਕਾਂ ਮੈ = ਵਿਚ ਲੋਗਾਚਾਰ = ਲੋਕਾਚਾਰੀ ਵਿਚ ਵਰਤਦਿਆਂ ਹੋਇਆਂ ਵੀ ਗੁਰਮੁਖਿ = ਗੁਰਮੁਖੀ ਸੁਭਾਵ ਵਿਚ ਏਕੰਕਾਰ = ਇੱਕੋ ਸਰੂਪ, ਇਕ ਓਅੰਕਾਰ ਵਾਹਿਗੁਰੂ ਹੀ ਸਭ ਵਿਚ ਵਿਆਪਕ ਦਿੱਸਦਾ ਹੈ। ਇਸ ਭੇਦ ਦਾ ਉਨਮਨ = ਵਿਚਾਰ ਤਦ ਪਤਾ ਲੱਗਦਾ ਹੈ ਜਦ ਗੁਰਾਂ ਦੇ ਸਬਦ = ਉਪਦੇਸ਼ ਵਿਚ ਸੁਰਤਿ = ਬਿਰਤੀ ਉਨਮਾਨੀਐ = ਉਨਮਨੀ ਅਵਸਥਾ ਵਿਚ ਲੀਨ ਹੋ ਜਾਵੇ ॥੪੦॥

ਜੈਸੇ ਕੁਲਾ-ਬਧੂ ਗੁਰ ਜਨ ਮੈ ਘੂਘਟ ਪਟ;
ਸਿਹਜਾ ਸੰਜੋਗ ਸਮੈ ਅੰਤਰੁ ਨ ਪੀਅ ਸੈ ॥

ਜੈਸੇ = ਜਿਸ ਤਰ੍ਹਾਂ ਕੁਲਾ ਬਧੂ = ਵੰਸ, ਕੁਲ ਨੂੰ ਵਧਾਉਣ ਵਾਲੀ ਘਰ ਦੀ ਵਹੁਟੀ, ਘਰ ਦੀ ਨੂੰਹ ਗੁਰ = ਵੱਡੇ ਜਨ = ਪੁਰਖਾਂ ਤੋਂ, ਭਾਵ ਜੇਠ, ਸਹੁਰੇ ਆਦਿ ਮੈ = ਵਿਚ ਬੈਠੇ ਆਪਣੇ ਪਤੀ ਕੋਲੋਂ ਵੀ ਪਟ = ਬਸਤਰ ਨਾਲ ਘੂਘਟ = ਘੁੰਡ ਕੱਢਦੀ ਹੈ, ਪਰੰਤੂ ਸਿਹਜਾ ਦੇ ਸੰਜੋਗ = ਮਿਲਾਪ ਸਮੈ = ਵੇਲੇ ਇਸਤਰੀ ਆਪਣੇ ਪੀਅ = ਪਤੀ ਸੈ = ਕੋਲੋਂ ਅੰਤਰੁ = ਅੰਤਰਾ ਪੜਦਾ ਨ = ਨਹੀਂ ਰੱਖਦੀ।

ਜੈਸੇ ਮਣਿ ਅਛਤ ਕੁਟੰਬ ਹੀ ਸਹਿਤ ਅਹਿ;
ਬੰਕ ਤਨ ਸੂਧੋ ਬਿਲ ਪੈਸਤ ਹੁਇ ਜੀਅ ਸੈ ॥

ਜੈਸੇ = ਜਿਸ ਪ੍ਰਕਾਰ ਮਣਿ = ਮਣੀ ਦੇ ਅਛਤ = ਮੌਜੂਦ ਹੁੰਦਿਆਂ ਵੀ ਅਹਿ = ਸੱਪ ਆਪਣੇ ਕੁਟੰਬ = ਪਰਿਵਾਰ ਦੇ ਸਹਿਤ = ਸਮੇਤ ਹੀ ਬੰਕ = ਟੇਢਾ ਤਨ = ਸਰੀਰ ਰੱਖਦਾ ਹੈ, ਭਾਵ ਕੁੰਡਲ ਹੀ ਮਾਰੀ ਰੱਖਦਾ ਹੈ, ਪਰੰਤੂ ਬਿਲ = ਖੁੱਡ ਵਿਚ ਪੈਸਤ = ਵੜਦਿਆਂ ਹੋਇਆਂ ਸੂਧੋ = ਸਿੱਧਾ, ਸਰਲਤਾ ਭਾਵ ਨਾਲ ਜੀਅ ਸੈ = ਇਕ ਇਕੱਲਾ ਹੀ ਹੁਇ = ਹੁੰਦਾ ਹੈ, ਭਾਵ ਖੁੱਡ ਦੇ ਵਿਚ ਸਿੱਧਾ ਤੇ ਇਕੱਲਾ ਹੀ ਹੁੰਦਾ ਹੈ।

ਮਾਤ ਪਿਤਾ ਅਛਤ ਨ ਬੋਲੈ ਸੁਤ ਬਨਿਤਾ ਸੈ;
ਪਾਛੈ ਕੈ ਦੈ ਸਰਬੰਸ ਮੋਹੁ ਸੁਤ ਤੀਅ ਸੈ ॥

ਇਸੇ ਤਰ੍ਹਾਂ ਹੀ ਮਾਤ = ਮਾਂ ਪਿਤਾ = ਪਿਓ ਦੇ ਅਛਤ = ਮੌਜੂਦ ਹੁੰਦਿਆਂ ਸੁਤ = ਪੁੱਤਰ ਆਪਣੀ ਬਨਿਤਾ = ਇਸਤਰੀ ਸੈ = ਨਾਲ ਬੋਲੈ = ਬੋਲਣਾ ਨ = ਨਹੀਂ ਕਰਦਾ, ਭਾਵ ਉਸ ਨਾਲ ਕੋਈ ਵੀ ਬਚਨ ਬਿਲਾਸ ਨਹੀਂ ਕਰਦਾ, ਪਰੰਤੂ ਪਾਛੈ = ਪਿੱਛੋਂ ਉਹੋ ਸੁਤ = ਪੁੱਤਰ ਹੀ ਮੋਹ ਵਿਚ ਮੋਹਿਤ ਹੋਇਆ ਆਪਣੀ ਤੀਅ = ਇਸਤਰੀ ਸੈ = ਨਾਲ ਬਚਨ ਕਰਦਾ ਹੈ ਕਿ 'ਮੈਂ ਤੇਰੇ ਉੱਪਰੋਂ ਸਾਰਾ ਸਰਬੰਸ ਵਾਰ ਦੇਵਾਂਗਾ'।

ਲੋਗਨ ਮੈ ਲੋਗਾਚਾਰ ਗੁਰਮੁਖਿ ਏਕੰਕਾਰੁ;
ਸਬਦ ਸੁਰਤਿ ਉਨਮਨ ਮਨ ਹੀਅ ਸੈ ॥੪੧॥

ਇਸੇ ਤਰ੍ਹਾਂ ਹੀ ਲੋਗਨ = ਲੋਕਾਂ, ਪਰਿਵਾਰ ਜਾਂ ਭਾਈਚਾਰੇ ਆਦਿ ਵਿਚ ਜਿਵੇਂ-ਜਿਵੇਂ ਲੋਗਾਚਾਰ = ਲੋਕਾਚਾਰ ਦਾ ਵਿਹਾਰ (ਵਾਸਤਾ) ਹੁੰਦਾ ਹੈ, ਤਿਵੇਂ-ਤਿਵੇਂ ਹੀ ਵਰਤਿਆ ਕਰਦਾ ਹੈ, ਪਰੰਤੂ ਵੈਸੇ ਗੁਰਮੁਖ ਪੁਰਖ ਏਕੰਕਾਰੁ = ਇਕ ਓਅੰਕਾਰ ਵਾਹਿਗੁਰੂ ਨੂੰ ਹੀ ਸਾਰੇ ਪਸਰਿਆ ਹੋਇਆ ਵੇਖਦਾ ਹੈ **ਵਾ:** ਏਕੰਕਾਰੁ = ਇਕ ਅਕਾਰ ਮਾਤਰ ਹੀ ਹੁੰਦਾ ਹੈ ਅਤੇ ਗੁਰਾਂ ਦੇ ਸਬਦ = ਉਪਦੇਸ਼ ਵਿਚ ਮਨ ਹੀਅ = ਹਿਰਦੇ ਕਰਕੇ ਉਸ ਦੀ ਸੁਰਤਿ = ਸੁਰਤੀ ਉਨਮਨ = ਮਸਤ ਰਹਿੰਦੀ ਹੈ, ਭਾਵ ਗੁਰਾਂ ਦੇ ਉਪਦੇਸ਼ ਵਿਚ ਗੁਰਮੁਖ ਜਨ ਹਰ ਵਕਤ ਪਰਚਿਆ ਰਹਿੰਦਾ ਹੈ॥੪੧॥

ਜੋਗ ਬਿਧੈ ਭੋਗ ਅਰੁ ਭੋਗ ਬਿਧੈ ਜੋਗ ਜਤ;
ਗੁਰਮੁਖਿ ਪੰਥ ਜੋਗ ਭੋਗ ਸੈ ਅਤੀਤ ਹੈ ॥

ਜੋਗ ਸਾਧਨਾ ਬਿਧੈ = ਵਿਚ ਰਿਧੀਆਂ ਸਿਧੀਆਂ ਆਦਿ ਦੀ ਪ੍ਰਾਪਤੀ ਕਰ ਕੇ ਪਦਾਰਥਾਂ ਦਾ ਭੋਗ = ਭੋਗਣਾ ਅਰੁ = ਅਤੇ ਜਤ = ਜਿਥੇ ਭੋਗ ਵਿਭੂਤੀ ਵਿਚ ਪਰਵਿਰਤੀਆਂ ਦੇ ਜੋਗ ਆਦਿ ਵਿਚ ਜੁੜਨ ਦਾ ਫਲ ਪ੍ਰਵਾਨ ਕੀਤਾ ਜਾਂਦਾ ਹੈ, ਲੇਕਿਨ ਗੁਰਮੁਖ ਜਨ ਦਾ ਪੰਥ = ਰਸਤਾ ਭਾਉ-ਭਗਤੀ ਵਾਲਾ ਹੋਣ ਕਰਕੇ ਜੋਗ ਤੇ ਭੋਗ ਆਦਿ ਸੈ = ਤੋਂ ਸਦਾ ਹੀ ਅਤੀਤ = ਅਸੰਗ, ਨਿਵੇਕਲਾ ਹੈ, ਭਾਵ ਰਿਧੀਆਂ ਸਿਧੀਆਂ ਨੂੰ ਤਮਾਸ਼ੇ ਵਤ ਜਾਣ ਕੇ ਅਤੇ ਜੋਗ ਆਦਿ ਸਾਧਨਾਂ ਰਾਹੀਂ ਸਵਰਗ ਦਾ ਫਲ ਪ੍ਰਾਪਤ ਹੋਣਾ, ਭੋਗਾਂ ਦੀ ਪ੍ਰਾਪਤੀ ਹੋਣੀ ਆਦਿ ਇਹ ਸਭ ਕੁਝ ਪੁੰਨ ਨਾਸ਼ ਹੋਣ ਤੋਂ ਬਾਅਦ ਨਸ਼ਟ ਹੋ ਜਾਂਦੇ ਹਨ, ਭਾਵ ਇਹ ਸਾਰੇ ਛਿਨ ਵਿਚ ਨਾਸ਼ ਹੋ ਜਾਂਦੇ ਹਨ। ਇਸ ਕਰਕੇ ਗੁਰਮੁਖਤਾਈ ਵਾਲਾ ਰਸਤਾ ਇਸ ਤੋਂ ਅਸੰਗ ਹੈ।

ਗਿਆਨ ਬਿਖੈ ਧਿਆਨ, ਅਰੁ ਧਿਆਨ ਬਿਖੈ ਬੇਧੇ ਗਿਆਨ;
ਗੁਰਮਤਿ ਗਤਿ ਗਿਆਨ ਧਿਆਨ ਕੈ ਅਜੀਤ ਹੈ॥

ਗਿਆਨ = ਬੋਧ ਵਾਲੇ ਸਾਂਖਜ ਸ਼ਾਸਤਰ ਅਨੁਸਾਰ ਗਿਆਨ = ਵਿਚਾਰ ਦੇ ਪੈਦਾ ਕਰਨ ਵਾਲੇ ਦੇ ਚਿੱਤ ਬਿਖੈ = ਵਿਚ ਧਿਆਨ ਦੁਆਰਾ ਜੋਗ ਸਾਧਨਾ ਦਾ ਫਲ ਪ੍ਰਾਪਤ ਹੋਣਾ ਮੰਨਿਆ ਹੈ ਅਰੁ = ਅਤੇ ਧਿਆਨ, ਜੋਗ ਦੀ ਸਾਧਨਾ ਸਾਧਨ ਬਿਖੈ = ਵਿਚ ਹੀ ਗਿਆਨ ਰਿਦੇ ਨੂੰ ਬੇਧੇ = ਵਿੰਨ੍ਹ ਦਿੰਦਾ ਹੈ, ਭਾਵ ਸ਼ਾਸਤਰਾਂ ਵਿਚ ਲਿਖਿਆ ਹੈ ਕਿ ਜੋਗ ਸਾਧਨਾ ਦੁਆਰਾ ਚਿੱਤ ਵਿਚ ਗਿਆਨ ਆ ਕੇ ਪ੍ਰਾਪਤ ਹੋ ਜਾਂਦਾ ਹੈ, ਪਰੰਤੂ ਗੁਰਮੁਖ ਜਨਾਂ ਨੂੰ ਜੋ ਗੁਰਮਤਿ = ਗੁਰ-ਸਿੱਖਿਆ ਦੁਆਰਾ ਨਾਮ ਜਪ ਕੇ ਗਿਆਨ ਗਤਿ = ਪ੍ਰਾਪਤ ਹੋਇਆ ਹੈ, ਉਹ ਦਿਖਾਵੇ ਦੇ ਗਿਆਨ ਤੇ ਧਿਆਨ ਨੂੰ ਜਿੱਤ ਕੈ = ਕਰਕੇ ਅਜੀਤ = ਜਿੱਤਣ ਤੋਂ ਰਹਿਤ ਹੋ ਜਾਂਦਾ ਹੈ।

ਪ੍ਰੇਮ ਕੈ ਭਗਤਿ ਅਰੁ ਭਗਤਿ ਕੈ ਪ੍ਰੇਮ ਨੇਮ;
ਅਲਖ ਭਗਤਿ ਪ੍ਰੇਮ ਗੁਰਮੁਖਿ ਰੀਤਿ ਹੈ॥

ਇਸੇ ਤਰ੍ਹਾਂ ਕਈਆਂ ਦਾ ਮਤ ਹੈ ਕਿ ਪ੍ਰੇਮ = ਸਨੇਹ ਕੈ = ਕਰਕੇ ਭਗਤਿ = ਭਗਤੀ ਕਰਨ ਨਾਲ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ ਅਰੁ = ਅਤੇ ਕਈਆਂ ਦਾ ਮਤ ਹੈ ਕਿ ਭਗਤਿ = ਭਗਤੀ ਕੈ = ਕਰਕੇ ਪ੍ਰੇਮ ਦੇ ਸਹਿਤ ਹੋ ਕੇ ਖ਼ਾਸ ਨੇਮ = ਨਿਯਮਾਂ ਦੀ ਪਾਲਣਾ ਕਰ ਕੇ ਪ੍ਰਭੂ-ਪ੍ਰਾਪਤੀ ਹੁੰਦੀ ਹੈ, ਪਰੰਤੂ ਗੁਰਮੁਖ ਜਨਾਂ ਦੇ ਪ੍ਰੇਮ ਦੀ ਰੀਤਿ = ਮਰਯਾਦਾ ਉਪਰੋਕਤ ਪ੍ਰੇਮ-ਭਗਤੀ ਵਾਲੀ ਰੀਤੀ ਤੋਂ ਅਲਖ = ਲਖਣ ਤੋਂ ਰਹਿਤ ਹੈ, ਭਾਵ ਉਪਰੋਕਤ ਪ੍ਰੇਮ-ਭਗਤੀ ਜਾਂ ਭਗਤੀ ਦੇ ਨਿਯਮ ਵਾਲੇ ਲੋਕਾਂ ਤੋਂ ਪਰੇ ਗੁਰਮੁਖਾਂ ਦਾ ਪ੍ਰੇਮ ਹੈ, ਜਿਸ ਦੇ ਬਰਾਬਰ ਆਮ ਸੰਸਾਰੀ ਲੋਕ ਜਾਂ ਜੋਗ ਸਾਧਨਾ ਕਰਨ ਵਾਲੇ ਜਾਂ ਧਿਆਨ ਸਾਧਨਾ ਕਰਨ ਵਾਲੇ ਨਹੀਂ ਪੁੱਜ ਸਕਦੇ।

ਨਿਰਗੁਨ ਸਰਗੁਨ ਬਿਖੈ ਬਿਸਮ ਬਿਸ੍ਵਾਸ ਰਿਦੈ;
ਬਿਸਮ ਬਿਸ੍ਵਾਸ ਪਾਰਿ ਪੂਰਨ ਪ੍ਰਤੀਤਿ ਹੈ॥੪੨॥

ਇਸੇ ਤਰ੍ਹਾਂ ਕਈਆਂ ਦੇ ਰਿਦੈ = ਚਿੱਤ ਵਿਚ ਨਿਰਗੁਨ = ਤਿੰਨਾਂ ਗੁਣਾਂ ਤੋਂ ਰਹਿਤ ਪ੍ਰਭੂ ਦਾ ਬਿਸਮ = ਅਸਚਰਜ ਬਿਸ੍ਵਾਸ = ਭਰੋਸਾ ਹੈ ਤੇ ਕਈਆਂ ਦੇ ਚਿੱਤ ਵਿਚ ਸਰਗੁਨ = ਸਹਿਤ ਗੁਣਾਂ ਵਾਲੇ ਪ੍ਰਭੂ ਦਾ ਬਿਸਮ = ਅਸਚਰਜ ਬਿਸ੍ਵਾਸ = ਭਰੋਸਾ ਹੈ, ਪਰੰਤੂ ਗੁਰਮੁਖ ਜਨਾਂ ਦੇ ਰਿਦੇ ਵਿਚ ਦੋਹਾਂ ਤਰ੍ਹਾਂ ਦੇ ਅਸਚਰਜ ਭਰੋਸੇ ਤੋਂ ਪਰੇ ਪੂਰਨ = ਭਰਪੂਰ ਪ੍ਰਤੀਤਿ = ਭਰੋਸਾ ਹੈ, ਕਿਉਂਕਿ ਉਹ ਪ੍ਰਭੂ ਵਿਚ ਅਭੇਦ ਹੋ ਗਏ ਹਨ, ਭਾਵ ਗੁਰਮੁਖ ਜਨਾਂ ਦਾ ਨਿਸਚਾ ਇਨ੍ਹਾਂ ਦੋਹਾਂ ਦੀ ਹੱਦ ਤੋਂ ਪਾਰ ਟੱਪਿਆ ਹੋਇਆ ਹੈ ਕਿਉਂਕਿ ਗੁਰਮੁਖ ਜਨਾਂ ਦਾ ਨਿਸਚਾ ਹੀ ਐਸਾ ਹੈ। ਜੈਸਾ ਕਿ :

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾ ਧਾਰਿ ਜਿਨਿ ਸਗਲੀ ਮੋਹੀ॥

(ਗਉੜੀ ਸੁਖਮਨੀ ਮ: ੫, ਅੰਗ ੨੮੭)

ਕਿੰਚਤ ਕਟਾਛ ਦਿਬਿ ਦੇਹ ਦਿਬਿ ਦ੍ਰਿਸਟਿ ਹੁਇ;
ਦਿਬਿ ਜੋਤਿ ਕੋ ਧਿਆਨ ਦਿਬਿ ਦ੍ਰਿਸਟਾਂਤ ਕੈ॥

ਇਸ ਵਿਚ ਭਾਈ ਸਾਹਿਬ ਜੀ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਦਾ ਵਰਣਨ ਕਰਦੇ ਹਨ ਕਿ ਜਦੋਂ ਕੋਈ

ਜੀਵ ਗੁਰਾਂ ਦੀ ਸੰਗਤ ਵਿਚ ਆਇਆ ਤਾਂ ਕਿੰਚਤ = ਛਿਨ ਮਾਤਰ (ਅੱਖ ਦੇ ਝਮਕਣੇ ਜਿਤਨਾ ਸਮਾਂ) ਗੁਰਾਂ ਨੇ ਕਟਾਛ = ਕਿਰਪਾ ਭਰੀ ਦ੍ਰਿਸ਼ਟੀ ਨਾਲ ਉਸ ਵੱਲ ਵੇਖਣਾ ਕੀਤਾ ਤਾਂ ਉਸ ਦੀ ਦੇਹ = ਕਾਂਇਆ ਦਿਬਿ = ਉੱਜਲੀ, ਭਾਵ ਗਿਆਨ ਰੂਪੀ ਪ੍ਰਕਾਸ਼ ਦੇ ਸਹਿਤ ਹੋ ਜਾਂਦੀ ਹੈ ਤੇ ਉਹ ਜੀਵ ਦਿਬਿ = ਉੱਜਲ, ਗਿਆਨ ਵਾਲੀ ਦ੍ਰਿਸਟਿ = ਦ੍ਰਿਸ਼ਟੀ ਦੇ ਸਹਿਤ ਹੁਇ = ਹੋ ਜਾਂਦਾ ਹੈ, ਭਾਵ ਗੁਰਾਂ ਦੇ ਗੁਹਜ ਭੇਦ ਵਾਲੇ ਉਪਦੇਸ਼ ਨੂੰ ਸਮਝਣ ਵਾਲਾ ਹੋ ਜਾਂਦਾ ਹੈ ਅਤੇ ਦਿਬਿ = ਉੱਜਲ ਪ੍ਰਕਾਸ਼ ਵਾਲੇ ਜੋਤਿ = ਜੋਤੀ ਸਰੂਪ ਪ੍ਰਭੂ ਕੋ = ਦਾ ਧਿਆਨ = ਖ਼ਿਆਲ ਰਿਦੇ ਵਿਚ ਧਾਰਨ ਕੈ = ਕਰ ਕੇ ਦਿਬਿ = ਉੱਜਲ ਸਰੂਪ ਪਰਮੇਸ਼ਰ (ਦ੍ਰਿਸਟ + ਆਂਤ) ਦ੍ਰਿਸਟ = ਦ੍ਰਿਸ਼ਟੀ ਵਿਚ ਆਂਤ = ਆ ਜਾਂਦਾ ਹੈ, ਭਾਵ ਰਿਦੇ ਵਿਚ ਸਾਖਸ਼ਾਤ ਹੋ ਆਉਂਦਾ ਹੈ।

ਸਬਦ ਬਿਬੇਕ ਟੇਕ ਪ੍ਰਗਟ ਹੁਇ ਗੁਰਮਤਿ;
ਅਨਹਦ ਗੰਮਿ ਉਨਮਨੀ ਕੋ ਮਤਾਂਤ ਕੈ ॥

ਫੇਰ ਗੁਰਾਂ ਦੇ ਸਬਦ = ਉਪਦੇਸ਼ ਦਾ ਬਿਬੇਕ = ਵਿਚਾਰ ਹੋ ਆਉਂਦਾ ਹੈ ਅਤੇ ਗੁਰਾਂ ਦੀ ਟੇਕ = ਓਟ ਰਿਦੇ ਵਿਚ ਮਿਲਿਆਂ ਹੀ ਗੁਰਮਤਿ = ਗੁਰ-ਸਿੱਖਿਆ ਜਾਂ ਗੁਰਾਂ ਦੀ ਮਤ ਰਿਦੇ ਵਿਚ ਪ੍ਰਗਟ = ਪ੍ਰਤੱਖ ਹੁਇ = ਹੋ ਆਉਂਦੀ ਹੈ ਅਤੇ ਫੇਰ ਉਸੇ ਹੀ ਭਾਵ ਵਿਚ ਉਨਮਨੀ = ਤੁਰੀਆ ਅਵਸਥਾ ਕੋ = ਦਾ ਮਤਾਂਤ = ਸਿਧਾਂਤ ਧਾਰਨ ਕੈ = ਕਰ ਕੇ ਅਨਹਦ = ਹੱਦ ਤੋਂ ਰਹਿਤ ਮੰਡਲ ਵਿਚ ਗੰਮਿ = ਪਹੁੰਚ ਹੋ ਜਾਂਦੀ ਹੈ **ਵਾ:** ਉਨਮਨੀ = ਮੁਦ੍ਰਾ ਭਾਵ ਅੰਤਰ ਨਿਸ਼ਾਨਾ ਬਾਹਰ ਦ੍ਰਿਸੀ ਭਾਵੀ ਸਾਧਨਾ ਨੂੰ ਮਤਾਂਤ = ਮਤੋਂਦਿਆ ਭਾਵ ਮੰਨਣ ਕਰਕੇ ਅਭਿਆਸ ਕਰਕੇ ਅਨਹਦ = ਹੱਦ ਤੋਂ ਰਹਿਤ ਧੁਨੀ ਦੇ ਸ੍ਰਵਨ ਕਰਨ ਦੀ ਗੰਮ = ਪਹੁੰਚ ਪ੍ਰਾਪਤ ਹੋ ਜਾਂਦੀ ਹੈ।

ਗਿਆਨ ਧਿਆਨ ਕਰਨੀ ਕੈ ਉਪਜਤ ਪ੍ਰੇਮ ਰਸੁ;
ਗੁਰਮੁਖਿ ਸੁਖ ਪ੍ਰੇਮ ਨੇਮ ਨਿਜ ਕ੍ਰਾਂਤਿ ਕੈ ॥

ਇਸ ਤਰ੍ਹਾਂ ਗੁਰਾਂ ਦੇ ਉਪਦੇਸ਼ ਦੁਆਰਾ ਗਿਆਨ ਤੇ ਧਿਆਨ, ਭਾਵ ਅਭਿਆਸ ਰੂਪ ਕਰਨੀ = ਕਮਾਈ ਕੈ = ਕਰ ਕੇ ਹੀ ਪ੍ਰੇਮ ਰਸ, ਅਨੁਭਵੀ ਅਵਸਥਾ ਉਪਜਤ = ਪੈਦਾ ਹੁੰਦੀ ਹੈ, ਜਿਸ ਅਵਸਥਾ ਦੀ ਪ੍ਰਾਪਤੀ ਕਰ ਕੇ ਨਿਜ = ਆਪਣੇ ਆਤਮਿਕ ਕ੍ਰਾਂਤਿ = ਪ੍ਰਕਾਸ਼, ਤੇਜ਼ ਕੈ = ਕਰਕੇ ਪ੍ਰੇਮ = ਸਨੇਹ ਵਾਲੇ ਨੇਮ = ਨਿਯਮ, ਅਨੁਭਵੀ ਅਵਸਥਾ ਵਿਚ ਟਿਕਾਅ ਹੋ ਜਾਂਦਾ ਹੈ ਅਤੇ ਗੁਰਮੁਖ ਜਨ ਨੂੰ ਆਤਮਾਨੰਦ ਰੂਪੀ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ **ਵਾ:** ਨੇਮ = ਨਿਸਚੇ ਕਰਕੇ ਗੁਰਮੁਖ ਜਨ ਨੂੰ ਆਤਮਿਕ ਸੁਖ = ਆਨੰਦ ਦੀ ਪ੍ਰਾਪਤੀ ਹੁੰਦੀ ਹੈ।

ਚਰਨ ਕਮਲ ਦਲ ਸੰਪਟ ਮਧੁਪ ਗਤਿ;
ਸਹਜ ਸਮਾਧਿ ਮਧੁ-ਪਾਨ ਪ੍ਰਾਨ ਸਾਂਤਿ ਕੈ ॥੪੩॥

ਜਿਵੇਂ ਕਮਲ = ਕੌਲ ਫੁੱਲ ਦੇ ਦਲ = ਪੱਤਰੇ, ਪੰਖੜੀਆਂ ਦੇ ਸੰਪਟ = ਡੱਬੇ ਵਿਚ, ਭਾਵ ਕਮਲ ਫੁੱਲ ਦੀਆਂ ਪੰਖੜੀਆਂ ਵਿਚ ਮਧੁਪ = ਭੌਰਾ ਮਧੁ = ਅੰਮ੍ਰਿਤ, ਭਾਵ ਮਕਰੰਦ ਰਸ ਨੂੰ ਪਾਨ = ਪੀਣਾ ਕਰਦਾ ਹੈ ਅਤੇ ਐਸਾ ਮਸਤ ਹੋ ਜਾਂਦਾ ਹੈ ਕਿ ਆਪਣੇ ਪ੍ਰਾਨ = ਪ੍ਰਾਣਾਂ ਨੂੰ ਵਿਚੇ ਹੀ ਸ਼ਾਂਤ ਕਰ ਦਿੰਦਾ ਹੈ। ਇਸੇ ਤਰ੍ਹਾਂ ਗੁਰਮੁਖ ਰੂਪ ਭੌਰਾ ਪੂਰੇ ਗੁਰਾਂ ਦੇ ਚਰਨਾਂ ਕਮਲਾਂ ਵਿਚ ਚਰਨਾਂ ਦੀ ਧੂੜ ਰੂਪ ਅੰਮ੍ਰਿਤ ਨੂੰ **ਵਾ:** ਉਪਦੇਸ਼ ਰੂਪੀ ਅੰਮ੍ਰਿਤ ਜਲ ਨੂੰ ਪੀ ਕੇ ਨਾਮ ਰੂਪੀ ਮਸਤੀ ਵਿਚ ਮਸਤ ਰਹਿੰਦਾ ਹੋਇਆ ਪ੍ਰਾਨ = ਪ੍ਰਾਣਾਂ ਦੀ ਗਤੀ

ਨੂੰ ਵਿਸਾਰ ਕੇ ਸਾਂਤਿ = ਸ਼ਾਂਤੀ ਪੂਰਬਕ ਸਹਜ = ਸੁਤੇ-ਸਿਧ ਅਡੋਲ ਸਮਾਧੀ ਵਿਚ ਇਸਥਿਤ ਹੋਇਆ ਰਹਿੰਦਾ ਹੈ ॥੪੩॥

ਸੂਆ ਗਹਿ ਨਲਿਨੀ ਕਉ ਉਲਟਿ ਗਹਾਵੈ ਆਪੁ;
ਹਾਥੁ ਸੈ ਛਡਾਏ ਛਾਡੈ ਪਰ-ਬਸਿ ਆਵਈ ॥

ਜਿਵੇਂ ਨਲਿਨੀ = ਨਲਕੀ ਕਉ = ਨੂੰ ਗਹਿ = ਪਕੜ ਕੇ ਸੂਆ = ਤੋਤਾ ਉਲਟਿ = ਉਲਟਦਾ ਹੋਇਆ ਆਪੁ = ਆਪਣੇ ਆਪ ਨੂੰ ਗਹਾਵੈ = ਪਕੜਾ ਬੈਠਦਾ ਹੈ ਅਤੇ ਹਾਥੁ = ਹੱਥ ਸੈ = ਨਾਲ ਛਡਾਏ = ਛੁਡਾਉਂਦਾ ਹੋਇਆ ਹੀ ਉਸ ਨਲਕੀ ਨੂੰ ਛਾਡੈ = ਛੱਡ ਕੇ ਪਰ = ਪਰਾਏ ਸ਼ਿਕਾਰੀਆਂ ਦੇ ਬਸਿ = ਅਧੀਨ ਵਿਚ ਆਵਈ = ਆ ਜਾਂਦਾ ਹੈ **ਵਾ:** ਜੇਕਰ ਸ਼ਿਕਾਰੀ ਆਪਣੇ ਹੱਥ ਦੇ ਨਾਲ ਉਸ ਦੇ ਪੌਂਚੇ ਉਸ ਨਲਕੀ ਨਾਲੋਂ ਛੁਡਾਉਣਾ ਕਰੇ ਤਾਂ ਤੋਤਾ ਛੱਡਦਾ ਹੈ, ਆਪਣੇ ਆਪ ਨਹੀਂ ਛੱਡਦਾ, ਇਉਂ ਪਰਾਏ ਸ਼ਿਕਾਰੀਆਂ ਦੇ ਅਧੀਨ ਆ ਜਾਂਦਾ ਹੈ। ਜੈਸਾ ਕਿ :

ਜਿਉ ਨਲਨੀ ਸੂਅਟਾ ਗਹਿਓ ਮਨ ਬਉਰਾ ਰੇ ਮਾਯਾ ਇਹੁ ਬਿਉਹਾਰੁ ॥ *(ਅੰਗ ੩੩੬)*

ਦ੍ਰਿਸ਼ਟਾਂਤ—ਜਿਵੇਂ ਸ਼ਿਕਾਰੀ ਲੋਕ ਤੋਤੇ ਆਦਿ ਪੰਛੀਆਂ ਨੂੰ ਫੜਨ ਵਾਸਤੇ ਨਲਨੀ = ਇਕ ਯੰਤਰ ਬਣਾਉਂਦੇ ਹਨ, ਜੋ ਬਾਂਸ ਦੀ ਨਾਲੀ (ਨਲਕੀ) ਤੋਂ ਬਣਦਾ ਹੈ, ਪਾਣੀ ਦਾ ਇਕ ਬੱਠਲ ਜਾਂ ਬਾਲਟਾ ਭਰ ਕੇ ਉਸ ਦੇ ਪਾਸੇ ਦੋ ਕਿੱਲੇ ਗੱਡ ਦਿੰਦੇ ਸਨ, ਵਿੱਚ ਨਲਕੀ ਰੱਖ ਦਿੰਦੇ ਸਨ ਤੇ ਕੁਝ ਕੁ ਅਨਾਰ ਦੇ ਦਾਣੇ ਜਾਂ ਹੋਰ ਖਾਣ ਵਾਲਾ ਪਦਾਰਥ ਰੱਖ ਦਿੰਦੇ ਸਨ। ਜਦੋਂ ਤੋਤਾ ਅਨਾਰ ਦੇ ਦਾਣੇ ਜਾਂ ਪਦਾਰਥ ਖਾਣ ਲਈ ਨਲਕੀ ਉੱਪਰ ਬੈਠਦਾ ਹੈ ਤਾਂ ਉਹ ਨਲਕੀ ਘੁੰਮ ਜਾਂਦੀ ਹੈ ਤੇ ਤੋਤਾ ਪੁੱਠਾ ਲਟਕਣ ਲੱਗ ਜਾਂਦਾ ਹੈ ਤੇ ਉਸ ਦੀਆ ਅੱਖਾਂ ਥੱਲੇ ਬੱਠਲ ਜਾਂ ਬਾਲਟੇ ਵਿਚ ਪਏ ਪਾਣੀ ਦੇ ਨਾਲ ਲੱਗ ਜਾਂਦੀਆਂ ਹਨ, ਨਲਕੀ ਨੂੰ ਛੱਡਦਾ ਨਹੀਂ ਹੈ। ਉਹ ਸਮਝਦਾ ਹੈ ਕਿ ਥੱਲੇ ਬੜੀ ਵੱਡੀ ਨਦੀ ਹੈ, ਜੇਕਰ ਮੈਂ ਨਲਕੀ ਨਾਲੋਂ ਪੌਂਚੇ ਛੱਡ ਦਿੱਤੇ ਤਾਂ ਇਸ ਵਿਚ ਡੁੱਬ ਕੇ ਮਰ ਜਾਵਾਂਗਾ। ਇਤਨੇ ਚਿਰ ਨੂੰ ਸ਼ਿਕਾਰੀ ਆਣ ਕੇ ਇਸ ਨੂੰ ਫੜ ਲੈਂਦੇ ਹਨ ਤੇ ਪਿੰਜਰੇ ਵਿਚ ਪਾ ਦਿੰਦੇ ਹਨ।

ਦਾ ਦ੍ਰਿਸ਼ਟਾਂਤ—ਇਸੇ ਪ੍ਰਕਾਰ ਗ੍ਰਿਹ ਰੂਪੀ ਬੱਠਲ (ਬਾਲਟਾ) ਹੈ, ਪਦਾਰਥਾਂ ਰੂਪੀ ਪਾਣੀ ਹੈ, ਰਾਗ ਦ੍ਵੈਖ ਰੂਪੀ ਦੋ ਕਿੱਲੇ ਗੱਡੇ ਹੋਏ ਹਨ, ਨਲੀ ਦੀ ਨਿਆਈਂ ਇਨ੍ਹਾਂ ਦੀ ਵਾਸ਼ਨਾ ਹੈ, ਜਦੋਂ ਜੀਵ ਰੂਪੀ ਤੋਤਾ ਬਿਧ, ਨਿਖੇਧ ਰੂਪੀ ਖੰਭਾਂ ਨਾਲ ਉਡਾਰੀਆਂ ਮਾਰਦਾ ਹੋਇਆ, ਮਨ ਬੁੱਧ ਰੂਪੀ ਪੌਂਚਿਆਂ ਨਾਲ ਵਾਸ਼ਨਾ ਰੂਪੀ ਨਲਕੀ 'ਤੇ ਬੈਠ ਕੇ ਵਿਸ਼ੇ ਸੁਖ ਰੂਪੀ ਅਨਾਰ ਦੇ ਦਾਣਿਆਂ ਜਾਂ ਸਵਾਦਿਸ਼ਟ ਪਦਾਰਥਾਂ ਨੂੰ ਖਾਣ ਲੱਗਦਾ ਹੈ ਤਾਂ ਵਾਸ਼ਨਾ ਰੂਪੀ ਨਲਕੀ ਦੇ ਉਲਟਣ ਕਰਕੇ ਇਸ ਦੀਆਂ ਅੱਖਾਂ ਪਦਾਰਥਾਂ ਰੂਪੀ ਪਾਣੀ ਨਾਲ ਲੱਗ ਜਾਂਦੀਆਂ ਹਨ ਤਾਂ ਇਹ ਜੀਵ ਕਹਿੰਦਾ ਹੈ ਕਿ ਜੇਕਰ ਮੈਂ ਇਸ ਵਾਸ਼ਨਾ ਨੂੰ ਛੱਡ ਗਿਆ ਤਾਂ ਮਰ ਜਾਵਾਂਗਾ। ਇਉਂ ਜਮਦੂਤ ਰੂਪ ਸ਼ਿਕਾਰੀ ਇਸ ਨੂੰ ਫੜ ਕੇ ਲੈ ਜਾਂਦਾ ਹੈ ਅਤੇ ਆਪਣੇ ਅਧੀਨ ਕਰ ਲੈਂਦਾ ਹੈ।

ਤੈਸੇ ਬਾਰੰਬਾਰ ਟੇਰਿ ਟੇਰਿ ਕਹੇ ਪਠੋ ਪਠੋ;
ਆਪਨੋ ਹੀ ਨਾਉ ਸੀਖਿ ਆਪ ਹੀ ਪੜ੍ਹਾਵਈ ॥

ਤੈਸੇ = ਤਿਸ ਪ੍ਰਕਾਰ ਫੇਰ ਤੋਤਾ ਬਾਰੰਬਾਰ = ਮੁੜ ਮੁੜ ਟੇਰਿ ਟੇਰਿ = ਪੁਕਾਰ ਪੁਕਾਰ ਕੇ, ਭਾਵ ਆਵਾਜ਼ ਮਾਰ ਮਾਰ ਕੇ ਕਹੇ = ਕਹਿੰਦਾ ਹੈ ਕਿ ਪਠੋ = ਪੜ੍ਹੋ ਗੰਗਾ ਰਾਮ, ਪਠੋ = ਪੜ੍ਹੋ ਰਾਮ ਰਾਮ, ਇਸ ਪ੍ਰਕਾਰ

ਆਪਨੋ = ਆਪਣਾ ਹੀ ਨਾਉ = ਨਾਮ ਸੀਖਿ = ਸਿੱਖ ਕੇ ਤੇ ਅੱਗੇ ਆਪ ਹੀ ਹੋਰਨਾਂ ਨੂੰ ਪੜ੍ਹਾਵਈ = ਪੜ੍ਹਾਉਣ ਲੱਗ ਜਾਂਦਾ ਹੈ।

ਰਘੁਬੰਸੀ ਰਾਮ ਨਾਮੁ, ਗਾਲ ਜਾਮਨੀ ਸੁ ਭਾਖਾ;
ਸੰਗਤਿ ਸੁਭਾਵ ਗਤਿ ਬੁਧਿ ਪ੍ਰਗਟਾਵਈ ॥

ਰਘੁਬੰਸੀ = ਰਘੂਆਂ ਦੀ ਕੁਲ ਵਿਚ ਪੈਦਾ ਹੋਏ ਰਾਮ ਜੀ ਦੇ ਉਪਾਸ਼ਕ ਲੋਕ ਉਸ ਤੋਤੇ ਨੂੰ ਰਾਮ (ਚੰਦਰ) ਜੀ ਦਾ ਨਾਮ ਸਿਖਾਉਂਦੇ ਹਨ ਤੇ ਉਹ ਤੋਤਾ ਆਪ ਵੀ ਰਾਮ ਦਾ ਨਾਮ ਪੜ੍ਹੇਗਾ ਜਾਂ ਉਚਾਰੇਗਾ ਅਤੇ ਹੋਰਨਾਂ ਨੂੰ ਵੀ ਪੜ੍ਹਾਵੇਗਾ, ਜੇਕਰ ਤੋਤਾ ਜਾਮਨੀ[੧] = ਤੁਰਕਾਂ ਦੇ ਘਰ ਚਲਿਆ ਜਾਵੇ ਤਾਂ ਸੁ = ਉਹ ਆਪਣੀ ਭਾਖਾ = ਭਾਸ਼ਾ ਵਿਚ ਉਸਨੂੰ ਗਾਲ = ਗਾਲ੍ਹਾਂ ਜਾਂ ਭੈੜੇ ਸ਼ਬਦ ਪੜ੍ਹਾ ਦੇਣ ਤਾਂ ਉਸ ਤੋਤੇ ਨੂੰ ਸੰਗਤਿ = ਸੰਗ ਦਾ ਸੁਭਾਵ = ਸੁਭਾਅ ਗਤਿ = ਪ੍ਰਾਪਤ ਹੋ ਜਾਂਦਾ ਹੈ, ਭਾਵ ਇਸ ਲਈ ਤੋਤੇ ਨੇ ਜਿਹੋ ਜਿਹੀ ਸੰਗਤ ਕੀਤੀ, ਉਹੋ ਜਿਹੀ ਉਸ ਦੀ ਬੁਧਿ = ਬੁੱਧੀ ਪ੍ਰਗਟਾਵਈ = ਪ੍ਰਗਟ ਹੋ ਆਈ।

ਤੈਸੇ ਗੁਰ ਚਰਨ ਸਰਨਿ ਸਾਧ ਸੰਗ ਮਿਲੇ;
ਆਪਾ ਆਪੁ ਚੀਨਿ ਗੁਰਮੁਖਿ ਸੁਖ ਪਾਵਈ ॥੪੪॥

ਤੈਸੇ = ਉਸੇ ਤਰ੍ਹਾਂ ਹੀ ਗੁਰ = ਸਤਿਗੁਰੂ ਜੀ ਦੇ ਚਰਨਾਂ ਦੀ ਸਰਨਿ = ਓਟ ਵਿਚ ਆ ਕੇ ਸਾਧ = ਸ੍ਰੇਸ਼ਟ ਸੰਗਿ = ਸੰਗਤ ਦੀ ਮਿਲੇ = ਪ੍ਰਾਪਤੀ ਹੁੰਦੀ ਹੈ ਅਤੇ ਗੁਰਮੁਖ ਜਨ ਗੁਰ-ਉਪਦੇਸ਼ ਦੁਆਰਾ ਨਾਮ ਦੀ ਕਮਾਈ ਕਰ ਕੇ ਆਪਾ ਆਪੁ = ਆਪਣੇ ਨਿਜ ਸਰੂਪ ਨੂੰ ਚੀਨਿ = ਜਾਣ ਕੇ ਆਤਮਿਕ ਸੁਖ = ਆਨੰਦ ਨੂੰ ਪਾਵਈ = ਪਾਉਣਾ ਕਰਦੇ ਹਨ ॥੪੪॥

ਅਗਲੇ ਕਬਿੱਤ ਵਿਚ ਭਾਈ ਗੁਰਦਾਸ ਜੀ ਪੂਰੇ ਗੁਰੂ ਦੀ ਓਟ ਵਿਚ ਆ ਕੇ ਕਿਸ ਵਿਧੀ ਤੇ ਕਿਸ ਤਰ੍ਹਾਂ ਗੁਰਮੁਖ ਜਨਾਂ ਨੂੰ ਆਤਮਿਕ ਆਨੰਦ ਪ੍ਰਾਪਤ ਹੁੰਦਾ ਹੈ। ਆਮ ਜੀਵਾਂ ਦੀ ਵਰਤਣ ਨਾਲ ਗੁਰਮੁਖ ਦੀ ਵਰਤਣ ਦਾ ਟਾਕਰਾ ਕਰ ਕੇ ਉੱਤਰ ਦੇਣਾ ਕਰਦੇ ਹਨ।

ਦ੍ਰਿਸਟਿ ਮਹਿ ਦਰਸ, ਦਰਸ ਮਹਿ ਦ੍ਰਿਸਟਿ ਦ੍ਰਿਗ;
ਦ੍ਰਿਸਟਿ ਦਰਸ ਅਦਰਸ ਗੁਰ ਧਿਆਨ ਹੈ ॥

ਦ੍ਰਿਸਟਿ = ਦ੍ਰਿਸ਼ਟੀ, ਅੱਖਾਂ ਦੇ ਧਿਆਨ ਮਹਿ = ਵਿਚ ਦਰਸ = ਦੇਖਣੇ, ਦੀਦਾਰ ਕਰਨੇ ਯੋਗ ਸਾਰੇ ਪਦਾਰਥਾਂ ਜਾਂ ਜਗਤ ਦਾ ਨਿਵਾਸ ਹੈ, ਦਰਸ = ਦੇਖਣੇ ਯੋਗ ਸਾਰੇ ਪਦਾਰਥਾਂ ਜਾਂ ਸੰਸਾਰ ਮਹਿ = ਵਿਚ ਇਹ ਦ੍ਰਿਗ = ਨੇਤਰਾਂ ਦੀ ਦ੍ਰਿਸਟਿ = ਦ੍ਰਿਸ਼ਟੀ ਆਮ ਲੋਕਾਂ ਦੀ ਵਰਤੋਂ ਸੰਸਾਰ ਅੰਦਰ ਹੈ, ਭਾਵ ਆਮ ਲੋਕਾਂ ਦੀ ਦ੍ਰਿਸ਼ਟੀ ਅਤੇ ਸੰਸਾਰੀ ਪਦਾਰਥਾਂ ਨੂੰ ਦੇਖਣ ਵਿਚ ਜਾਂ ਪਰਾਏ ਸਰੂਪਾਂ ਨੂੰ ਦੇਖਣ ਵਿਚ ਹੈ ਪਰ ਨੇਤਰਾਂ ਦੀ ਦ੍ਰਿਸਟਿ = ਦ੍ਰਿਸ਼ਟੀ ਨਾਲ ਦਰਸ = ਦ੍ਰਿਸ਼ਯ, ਭਾਵ ਵੇਖਣ ਵਾਲੀ ਚੀਜ਼ ਤੇ ਇਸ ਵਿਚ ਵਰਤੀ ਉਪਰੋਕਤ ਕਥਨ ਕੀਤੀ ਵਾਰਤਾ ਧਿਆਨ ਦੁਆਰਾ ਦੇਖਣ ਯੋਗ ਚੀਜ਼ ਵੇਖੀ ਜਾਂਦੀ ਹੈ ਤੇ ਉਹ ਚੀਜ਼ ਜਿਸ ਨੂੰ ਵੇਖਿਆ

---

੧. ਜਾਮਨੀ = ਯਵਨ, ਯੂਨਾਨ ਦੇ ਰਹਿਣ ਵਾਲੇ, ਦੂਸਰਾ ਕਈ ਲੋਕ ਤੁਰਕ ਜਾਂ ਮੁਸਲਮਾਨ ਮਾਤ੍ਰ ਨੂੰ ਵੀ ਯਵਨ, ਜਾਮਨੀ ਕਹਿੰਦੇ ਹਨ, ਪਰੰਤੂ ਵਿਆਕਰਣ ਦੇ ਆਚਾਰਯ ਪਾਣਿਨੀ ਰਿਸ਼ੀ ਨੇ ਯੂਨਾਨ ਤੇ ਯੂਨਾਨੀਆਂ ਲਈ ਯਵਨ ਜਾਂ ਜਾਮਨੀ ਸ਼ਬਦ ਵਰਤਿਆ ਹੈ।

ਜਾਂਦਾ ਹੈ, ਭਾਵ ਗਮਾਤਮਾ, ਗਮਾਨ, ਗਮੇਯ ਜਾਂ ਦ੍ਰਿਸ਼੍ਟਾ, ਦ੍ਰਿਸ਼੍ਯ, ਦਰਸ਼ਨ ਆਦਿ ਤ੍ਰਿਕੁਟੀ ਵੱਲੋਂ ਅਦਰਸ = ਦੇਖਣ ਤੋਂ ਰਹਿਤ ਵਾਲੀ ਦਸ਼ਾ ਵਿਚ ਇਸਥਿਤ ਹੋ ਕੇ ਗੁਰ = ਸਤਿਗੁਰੂ ਜੀ ਦੇ ਅਸਲ ਧਿਆਨ ਨੂੰ ਗੁਰਮੁਖ ਪੁਰਖ ਪ੍ਰਾਪਤ ਕਰਦਾ ਹੈ।

ਸਬਦ ਮਹਿ ਸੁਰਤਿ, ਸੁਰਤਿ ਮਹਿ ਸਬਦ ਧੁਨਿ;
ਸਬਦ ਸੁਰਤਿ ਅਗਮਿਤਿ ਗੁਰ ਗਿਆਨ ਹੈ ॥

ਸ਼ਬਦ ਮਹਿ = ਵਿਚ ਸੁਰਤਿ = ਬਿਰਤੀ ਅਤੇ ਸੁਰਤਿ = ਬਿਰਤੀ ਮਹਿ = ਵਿਚ ਸ਼ਬਦ ਦੀ ਧੁਨਿ = ਧੁਨੀ ਇਹ ਜਗਤ ਵਿਚ ਸੰਸਾਰੀ ਬਿਵਹਾਰ ਹੈ, ਪਰ ਸ਼ਬਦ ਅਤੇ ਸੁਰਤਿ = ਬਿਰਤੀ ਦੇ ਅਗਮਿਤਿ = ਪਹੁੰਚਣ ਤੋਂ ਪਰੇ ਗੁਰਮੁਖ ਪੁਰਖ ਪਹੁੰਚ ਜਾਂਦਾ ਹੈ ਕਿਉਂਕਿ ਉਸ ਨੇ ਗੁਰ = ਪੂਰੇ ਸਤਿਗੁਰੂ ਤੋਂ ਗਿਆਨ ਪ੍ਰਾਪਤ ਕਰ ਲਿਆ ਹੈ, ਭਾਵ ਗੁਰਮੁਖ ਪੁਰਖ ਸ਼ਬਦ ਸੁਣਨ ਵੱਲੋਂ ਕੰਨਾਂ ਨੂੰ ਸਮੇਟ ਕੇ ਤੇ ਕੰਨਾਂ ਅੰਦਰਲੀ ਸੁਣਨ ਸ਼ਕਤੀ ਨੂੰ ਪਾਰ ਹੋ ਕੇ ਜਿਸ ਉਕਤ ਤਾਕਤ ਪ੍ਰਦਾਤੀ ਤਾਕਤ ਵਿਚ ਗੁਰਮੁਖ ਪਹੁੰਚ ਜਾਂਦਾ ਹੈ, ਉਹ ਸੰਸਾਰੀ ਬਿਵਹਾਰ ਤੋਂ ਅਗੰਮ ਅਵਸਥਾ ਵਿਚ ਗੁਰਮੁਖ ਜਨ ਗੁਰੂ ਗਿਆਨ ਦੁਆਰਾ ਪਹੁੰਚਦਾ ਹੈ।

ਗਿਆਨ ਧਿਆਨ ਕਰਨੀ ਕੈ ਪ੍ਰਗਟਤ ਪ੍ਰੇਮ ਰਸੁ;
ਗੁਰਮਤਿ ਗਤਿ ਪ੍ਰੇਮ ਨੇਮ ਨਿਰਬਾਨ ਹੈ ॥

ਇਸ ਤਰ੍ਹਾਂ ਦੀ ਗਿਆਨ = ਗਿਆਤ ਅਤੇ ਧਿਆਨ = ਖ਼ਿਆਲ ਮਈ ਕਮਾਈ ਨੂੰ ਕੈ = ਕਰ ਕੇ ਜੋ ਪ੍ਰੇਮ ਰਸ ਵਿਚ ਪ੍ਰਗਟਤ = ਪੈਦਾ ਹੁੰਦਾ ਹੈ, ਉਹੋ ਹੀ ਯਥਾਰਥ ਗੁਰਮਤਿ = ਗੁਰੂ ਦੀ ਸਿੱਖਿਆ ਜਾਂ ਗੁਰਮਤਿ ਦੀ ਪ੍ਰਾਪਤੀ ਆਖੀ ਜਾਂਦੀ ਹੈ ਅਤੇ ਇਹੋ ਹੀ ਪ੍ਰੇਮ = ਸਨੇਹ ਦੀ ਗਤਿ = ਦਸ਼ਾ ਹੁੰਦੀ ਹੈ, ਜਿਸ ਦੇ ਅੱਗੇ ਹਰ ਤਰ੍ਹਾਂ ਦਾ ਨੇਮ = ਨਿਯਮ ਨਿਰਬਾਨ = ਨਵਿਰਤ ਹੋ ਜਾਂਦਾ ਹੈ, ਭਾਵ ਪ੍ਰੇਮ ਇਕ ਐਸੀ ਅਵਸਥਾ ਹੈ ਜਿਥੇ ਨਿਯਮਾਂ ਦੀਆਂ ਹੱਦਾਂ ਟੁੱਟ ਜਾਂਦੀਆਂ ਹਨ।

ਪਿੰਡ ਪ੍ਰਾਨ ਪ੍ਰਾਨਪਤਿ ਬੀਸ ਕੋ ਬਰਤਮਾਨ;
ਗੁਰਮੁਖਿ ਸੁਖ ਇਕ-ਈਸ ਮੋ ਨਿਧਾਨ ਹੈ ॥੪੫॥

ਪਿੰਡ = ਸਰੀਰ, ਪ੍ਰਾਨ = ਸੁਆਸ ਅਤੇ ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਪੰਜ ਵਿਸ਼ੇ, ਪੰਜ ਵਿਕਾਰ, ਇਨ੍ਹਾਂ ਬੀਸ = ਵੀਹਾਂ ਦਾ ਵਰਤਾਰਾ ਸੰਸਾਰ ਵਿਚ ਬਰਤਮਾਨ = ਵਰਤ ਰਿਹਾ ਹੈ, ਪਰ ਗੁਰਮੁਖ ਜਨ ਇਨ੍ਹਾਂ ਵੀਹਾਂ ਨੂੰ ਲੰਘ ਕੇ ਪ੍ਰਾਨਪਤਿ = ਪ੍ਰਾਣਾਂ ਦੇ ਪਤੀ ਇਕ ਈਸ = ਈਸ਼ਵਰ ਵਾਹਿਗੁਰੂ ਮੋ = ਵਿਚ ਲੀਨ ਰਹਿੰਦੇ ਹਨ, ਇਸ ਕਰਕੇ ਗੁਰਮੁਖ ਜਨਾਂ ਨੂੰ ਸੁਖ = ਸੁਖਾਂ ਦਾ ਨਿਧਾਨ = ਖ਼ਜ਼ਾਨਾ ਵਾਹਿਗੁਰੂ ਪ੍ਰਾਪਤ ਹੋਇਆ ਹੈ **ਵਾ:** ਗੁਰਮੁਖ ਜਨਾਂ ਨੂੰ ਜੋ ਇਕ ਈਸ਼ਵਰ ਪਰਮੇਸ਼ਰ ਦਾ ਪ੍ਰਾਪਤ ਹੋਣਾ, ਇਹੀ ਉਨ੍ਹਾਂ ਲਈ ਸੁਖਾਂ ਦਾ ਨਿਧਾਨ = ਖ਼ਜ਼ਾਨਾ ਹੈ ॥੪੫॥

ਮਨ ਬਚ ਕ੍ਰਮ ਹੁਇ ਇਕਤ੍ਰ ਛਤ੍ਰਪਤਿ ਭਏ;
ਸਹਜ ਸਿੰਘਾਸਨ ਕੈ ਨਿਹਚਲ ਰਾਜ ਹੈ ॥

ਮਨ, ਬਚ = ਬਚਨ (ਬਾਣੀ) ਤੇ ਕ੍ਰਮ = ਸਰੀਰ ਜਦੋਂ ਇਹ ਇਕਤ੍ਰ = ਇਕੱਠੇ ਹੁਇ = ਹੋ ਜਾਣ ਤਾਂ

ਗੁਰਮੁਖ ਜਨ ਛਤ੍ਰਪਤਿ = ਛਤਰ ਦਾ ਸੁਆਮੀ ਰਾਜਾ ਭਏ = ਬਣ ਜਾਂਦਾ ਹੈ, ਭਾਵ ਇੰਦਰੀਆਂ ਦਾ ਅਸਥਾਨ ਸਰੀਰ ਉਹੋ ਕੁਝ ਕਰੇ ਜੋ ਬਾਣੀ ਉਹ ਜ਼ੁਬਾਨੋਂ ਨਿਕਲੇ, ਜੋ ਮਨ ਦੇ ਮੰਨਣ ਵਿਚ ਆ ਗਈ ਹੋਵੇ ਅਰਥਾਤ ਜੋ ਵਿਸ਼ੇਸ਼ ਕਰਕੇ ਨਿਸਚੇ ਵਿਚ ਆ ਚੁੱਕੀ ਹੋਵੇ, ਤਦ ਫੇਰ ਸੰਕਲਪ ਕਥਨੀ ਅਤੇ ਕਰਣੀ ਦੇ ਇਕ-ਸਮਾਨ ਵਰਤਾਰੇ ਦਾ ਸੁਭਾਅ ਪਰਪੱਕ ਹੋ ਜਾਵੇ ਤਾਂ ਹੀ ਗੁਰਮੁਖ ਪੁਰਖ ਸਰੂਪ ਰੂਪੀ ਛਤਰ ਦਾ ਸੁਆਮੀ ਰਾਜਾ ਬਣ ਜਾਂਦਾ ਹੈ, ਸਰੂਪ ਰੂਪੀ ਛਤਰ ਦਾ ਮਾਲਕ ਬਣ ਜਾਂਦਾ ਹੈ ਅਤੇ ਅਜਿਹੀ ਰਹਿਣੀ ਵਾਲਾ ਹੋ ਕੇ ਸਹਜ = ਸੁਤੇ-ਸਿਧ ਤੁਰੀਆ ਪਦ ਰੂਪੀ ਸਿੰਘਾਸਣ = ਤਖ਼ਤ ਦੀ ਪ੍ਰਾਪਤੀ ਕੈ = ਕਰ ਕੇ ਨਿਹਚਲ = ਅਚੱਲ ਰਾਜ ਨੂੰ ਪਾਉਣਾ ਕਰਦਾ ਹੈ, ਭਾਵ ਅਚੱਲ ਪਦਵੀ ਦੀ ਪ੍ਰਾਪਤੀ ਕਰ ਲੈਂਦਾ ਹੈ।

ਸਤਜ ਅਉ ਸੰਤੋਖ ਦਇਆ ਧਰਮ ਅਰਥ ਮੇਲਿ;
ਪੰਚ ਪਰਵਾਨ ਕੀਏ ਗੁਰਮਤਿ ਸਾਜ ਹੈ॥

ਇਉਂ ਮਨ, ਬਾਣੀ, ਸਰੀਰ ਕਰਕੇ ਸਤਜ = ਸੱਚ ਦਾ ਪਾਲਨ ਕਰੇ ਅਉ = ਅਤੇ ਸੰਤੋਖ = ਸਬਰ ਅਤੇ ਦੀਨਾਂ ਉੱਪਰ ਦਇਆ = ਤਰਸ ਕਰੇ, ਸ੍ਰੇਸ਼ਟ ਧਰਮ = ਨਿਯਮ ਦੀ ਪਾਲਣਾ ਕਰੇ, ਗੁਰ ਅਰਥ = ਸ਼ਬਦ ਵਿਚ ਪਰਪੱਕ ਰਹੇ, ਇਨ੍ਹਾਂ ਪੰਜਾਂ ਨੂੰ ਮੇਲਿ = ਮਿਲਾ ਲੈਣਾ ਕਰੇ, ਭਾਵ ਪੰਜੇ ਗੁਣਾਂ ਨੂੰ ਧਾਰਨ ਕਰਨਾ ਕਰੇ। ਜਿਨ੍ਹਾਂ ਨੇ ਇਨ੍ਹਾਂ ਪੰਚ = ਪੰਜਾਂ ਨੂੰ ਪਰਵਾਨ = ਕਬੂਲ ਕੀਏ = ਕੀਤਾ ਹੈ, ਉਨ੍ਹਾਂ ਨੇ ਹੀ ਗੁਰਮਤਿ = ਗੁਰੂ ਦੀ ਸਿੱਖਿਆ ਨੂੰ ਸਾਜ = ਸਾਜਨਾ, ਭਾਵ ਨਿਭਾਉਣਾ ਕੀਤਾ ਹੈ।

ਸਕਲ ਪਦਾਰਥ ਅਉ ਸਰਬ ਨਿਧਾਨ ਸਭਾ;
ਸਿਵ ਨਗਰੀ ਸੁਬਾਸ ਕੋਟਿ ਛਬਿ ਛਾਜ ਹੈ॥

ਧਰਮ, ਅਰਥ, ਕਾਮ, ਮੋਖ ਆਦਿ ਸਕਲ = ਸਾਰੇ ਪਦਾਰਥਾਂ ਦੀ ਪ੍ਰਾਪਤੀ ਅਉ = ਅਤੇ ਵੈਰਾਗ, ਬਿਬੇਕ, ਪ੍ਰੇਮਾ-ਭਗਤੀ ਆਦਿ ਗੁਣਾਂ ਦੇ ਸਰਬ = ਸਾਰੇ ਨਿਧਾਨ = ਭੰਡਾਰੇ ਵੀ ਪ੍ਰਾਪਤ ਹੋਣ, ਅਜਿਹੇ ਗੁਰਮੁਖ ਪੁਰਖ ਦੀ ਸਭਾ = ਇਕੱਤਰਤਾ, ਸੰਗਤ ਹਰ ਵਕਤ ਜੀਵ ਕਰਦੇ ਰਹਿੰਦੇ ਹਨ **ਵਾ:** ਸਾਰੇ ਸੰਕਲਪ ਬਾਸਨਾ ਆਦਿ ਦੇ ਅਭਾਵ ਹੋ ਜਾਣ ਉਪਰੰਤ ਜੋ ਭਾਵ ਰੂਪ ਪਦ ਹੈ, ਇਹੀ ਗੁਰਮੁਖ ਪੁਰਖ ਦੀ ਸਭਾ ਜਾਨਣਾ ਕਰੋ ਅਤੇ ਇਹੋ ਹੀ ਸਿਵ = ਸੁਖਮਈ ਨਗਰੀ ਹੈ ਅਤੇ ਸੁਬਾਸ (ਸੁ + ਬਾਸ) ਸੁ = ਸ੍ਰੇਸ਼ਟ ਬਾਸ = ਬਾਸਨਾ ਹੈ **ਵਾ:** ਸ੍ਰੇਸ਼ਟ ਬਾਸਨਾ, ਸ੍ਰੇਸ਼ਟ ਕੀਰਤੀ ਦਾ ਕੋਟਿ = ਵਲਗਣ ਮਾਨੋ ਉਸ ਦੀ ਸ਼ਹਿਰ ਪਨਾਹ ਹੈ **ਵਾ:** ਸੁ = ਸ੍ਵੈ, ਆਤਮ ਪਦ ਵਿਚ ਬਾਸ = ਨਿਵਾਸ ਰਹਿਣਾ ਇਹ ਸ਼ਹਿਰ ਪਨਾਹ ਹੈ। ਇਸ ਕਰਕੇ ਲੋਕ ਪ੍ਰਲੋਕ ਵਿਚ ਛਬਿ = ਸ਼ੋਭਾ ਤੇ ਸ਼ੁਭ ਗੁਣਾਂ ਦੀ ਛਾਜ = ਸਜਾਵਟ ਦੇ ਸਹਿਤ ਗੁਰਮੁਖ ਜਨ ਰਹਿੰਦਾ ਹੈ।

ਰਾਜਨੀਤਿ ਰੀਤਿ ਪ੍ਰੀਤਿ ਪਰਜਾ ਕੈ ਸੁਖੈ ਸੁਖ;
ਪੂਰਨ ਮਨੋਰਥ ਸਫਲ ਸਭ ਕਾਜ ਹੈ॥੪੬॥

ਗੁਰਮੁਖ ਜਨ ਦੀ ਪ੍ਰੀਤਿ = ਸਨੇਹ ਦੀ ਰੀਤਿ = ਮਰਯਾਦਾ ਵਿਚ ਚੱਲਣਾ ਹੀ ਅਸਲ ਰਾਜਨੀਤੀ ਹੁੰਦੀ ਹੈ ਅਤੇ ਜਗਿਆਸੂਆਂ ਰੂਪੀ ਪਰਜਾ ਦੇ ਸੁਖੈ = ਸੁਖ ਕੈ = ਕਰਕੇ ਸੁਖ = ਆਨੰਦ ਪ੍ਰਾਪਤ ਹੁੰਦਾ ਹੈ। ਇਸ ਪ੍ਰਕਾਰ ਮਨੋਰਥ = ਸੰਕਲਪ ਪੂਰਨ = ਸੰਪੂਰਨ ਹੋ ਜਾਂਦੇ ਹਨ ਅਤੇ ਸਭ = ਸਾਰੇ ਕਾਜ = ਕਾਰਜ ਸਫਲ = ਸਫਲੇ **ਵਾ:** ਸਹਿਤ ਗਿਆਨ ਰੂਪੀ ਫਲ ਦੇ ਹੋ ਜਾਂਦੇ ਹਨ॥੪੬॥

ਚਰਨ ਸਰਨਿ ਮਨ ਬਚ ਕ੍ਰਮ ਹੁਇ ਇਕਤ੍ਰ;
ਗੰਮਿਤਾ ਤ੍ਰਿਕਾਲ ਤ੍ਰਿਭਵਨ ਸੁਧਿ ਪਾਈ ਹੈ॥

ਜੋ ਪੂਰੇ ਗੁਰੂ ਦੇ ਚਰਨਾਂ ਦੀ ਸਰਨਿ = ਓਟ ਵਿਚ ਮਨ, ਬਚ = ਬਾਣੀ, ਕ੍ਰਮ = ਸਰੀਰ ਕਰਕੇ ਇਕੱਤਰ ਹੁਇ = ਹੋ ਜਾਂਦਾ ਹੈ, ਭਾਵ ਹਰ ਤਰ੍ਹਾਂ ਕਰਕੇ ਅੰਦਰੋਂ ਬਾਹਰੋਂ ਗੁਰੂ ਦੇ ਆਸਰੇ ਹੋ ਜਾਂਦਾ ਹੈ, ਉਸ ਨੂੰ ਤ੍ਰਿਕਾਲ = ਤਿੰਨ (ਵਰਤਮਾਨ, ਭੂਤਕਾਲ, ਭਵਿੱਖਤ) ਸਮਿਆਂ ਵਿਚ ਜੋ ਵਰਤਣ ਵਾਲੀ ਵਾਰਤਾ ਹੁੰਦੀ ਹੈ, ਉਸ ਦੀ ਉਥੇ ਗੰਮਿਤਾ = ਪਹੁੰਚ ਹੋ ਜਾਂਦੀ ਹੈ, ਭਾਵ ਉਸ ਨੂੰ ਉਸ ਦੀ ਗਿਆਤ ਹੋ ਜਾਂਦੀ ਹੈ ਅਤੇ ਤ੍ਰਿਭਵਨ = ਤਿੰਨੇ (ਮਾਤ, ਪਤਾਲ, ਸੁਰਗ) ਲੋਕਾਂ ਵਿਚ ਜੋ ਵਰਤਾਰਾ ਵਰਤ ਰਿਹਾ ਹੈ, ਉਸ ਦੀ ਗਿਆਤ ਹੋ ਜਾਂਦੀ ਹੈ **ਵਾ:** ਤਿੰਨੇ ਲੋਕਾਂ ਦੀ ਨਿਆਈਂ ਸਥੂਲ, ਸੂਖਮ, ਕਾਰਨ ਸਰੀਰਾਂ ਵਿਚ ਕਿਸ ਤਰ੍ਹਾਂ ਜੀਵ ਘੁੰਮਦਾ ਹੈ ਤੇ ਕਿਵੇਂ ਕਰਮ ਕਰਦਾ ਹੈ, ਇਹ ਸਾਰੀ ਸੁਧਿ = ਸੂਝ ਪਾਈ = ਪ੍ਰਾਪਤ ਹੋ ਜਾਂਦੀ ਹੈ।

ਸਹਜ ਸਮਾਧਿ ਸਾਧਿ ਅਗਮ ਅਗਾਧਿ ਕਥਾ;
ਅੰਤਰਿ ਦਿਸੰਤਰ ਨਿਰੰਤਰੀ ਜਤਾਈ ਹੈ॥

ਸਾਧਿ = ਸ੍ਰੇਸ਼ਟ ਪੁਰਖ, ਸੰਤ, ਗੁਰਸਿੱਖ ਦੀ ਸਹਜ = ਸੁਤੇ-ਸਿਧ ਸਮਾਧਿ = ਸਮਾਧੀ ਦੀ ਅਗਮ = ਗੰਮਤਾ ਤੋਂ ਰਹਿਤ ਤੇ ਅਗਾਧਿ = ਨਾ ਗਾਹੀ ਜਾ ਸਕਣ ਵਾਲੀ ਕਥਾ = ਵਾਰਤਾ ਹੈ, ਜੋ ਉਸ ਸਮਾਧੀ ਦੀ ਇਸਥਿਤੀ ਦੇ ਪ੍ਰਤਾਪ ਕਰਕੇ ਆਪਣੇ ਅੰਤਰਿ = ਅੰਦਰ ਅਤੇ ਦਿਸੰਤਰ = ਦਿਸ਼ਾਵਾਂ ਦੇ ਅੰਦਰ, ਭਾਵ ਹੋਰਨਾਂ ਦੇ ਅੰਦਰ ਕਿਵੇਂ ਤੇ ਕੀ ਸੰਕਲਪ ਤੇ ਕੀ ਵਿਕਲਪ ਹਨ ਤੇ ਜਾਂ ਫੁਰਨਿਆਂ ਤੋਂ ਰਹਿਤ ਵਰਤਾਰਾ ਵਰਤ ਰਿਹਾ ਹੈ, ਇਸ ਦਾ ਸਭ ਨਿਰੰਤਰੀ = ਇਕ-ਰਸ ਜਤਾਈ = ਜਤਾਉਂਦਾ, ਪਤਾ ਲੱਗਦਾ ਰਹਿੰਦਾ ਹੈ।

ਖੰਡ ਬ੍ਰਹਿਮੰਡ ਪਿੰਡ ਪ੍ਰਾਨ ਪ੍ਰਾਨਪਤਿ ਗਤਿ;
ਗੁਰਸਿਖ ਸੰਧਿ ਮਿਲੇ ਸੋਹੰ ਲਿਵ ਲਾਈ ਹੈ॥

ਇਸ ਤਰ੍ਹਾਂ ਖੰਡਾਂ, ਬ੍ਰਹਿਮੰਡਾਂ, ਪਿੰਡ = ਸਰੀਰਾਂ, ਪ੍ਰਾਨ = ਪ੍ਰਾਣਾਂ ਆਦਿ ਸਭਨਾਂ ਵਿਚ ਪ੍ਰਾਨਪਤਿ = ਪ੍ਰਾਣਾਂ ਦੇ ਪਤੀ ਪਰਮੇਸ਼ਰ ਦੀ ਗੰਮਤਾ ਹੋ ਆਉਂਦੀ ਹੈ ਕਿਉਂਕਿ ਗੁਰ = ਸਤਿਗੁਰੂ ਸਾਹਿਬ ਜੀ ਦੇ ਉਪਦੇਸ਼ ਤੇ ਸਿੱਖ ਦੀ ਸੁਰਤਿ ਦੀ ਸੰਧਿ = ਮੇਲਣੀ ਹੋਣ ਕਰਕੇ, ਭਾਵ ਗੁਰੂ ਅਤੇ ਸਿੱਖ ਦੀ ਸਾਖਸ਼ਾਤ ਏਕਤਾ ਹੋ ਜਾਣ ਕਾਰਨ ਗੁਰਮੁਖ ਜਨ (ਸੋ + ਹੰ) ਸੋ = ਉਹ ਮੈਂ ਹੰ = ਹਾਂ ਜਾਂ 'ਸੋ' ਪਦ ਵਾਚਕ ਪਰਮਾਤਮਾ ਅਤੇ 'ਹੰ' ਪਦ ਵਾਚਕ ਜੀਵ ਆਤਮਾ ਆਪੇ ਦੀ ਅਭੇਦਤਾ ਨੂੰ ਅੱਖਾਂ ਦੇ ਸਾਹਮਣੇ ਅਨੁਭਵ ਕਰ ਕੇ ਸੋਹੰ ਸੋਹੰ ਦੀ ਰਟਨ ਕਰਦਾ ਰਹਿੰਦਾ ਹੈ ਤੇ ਇਸੇ ਭਾਵ ਵਿਚ ਹੀ ਬਿਰਤੀ ਲਗਾ ਕੇ ਉਸ ਵਿਚ ਮਸਤ ਰਹਿੰਦਾ ਹੈ।

ਦਰਪਨ ਦਰਸ ਅਉ ਜੰਤ੍ਰ ਧੁਨਿ ਜੰਤ੍ਰੀ ਬਿਧਿ;
ਓਤਿ ਪੋਤਿ ਸੂਤ ਏਕੈ ਦੁਬਿਧਾ ਮਿਟਾਈ ਹੈ॥੪੭॥

ਜਿਵੇਂ ਦਰਪਨ = ਸ਼ੀਸ਼ੇ ਵਿਚ ਦਰਸ = ਦਰਸ਼ਨ ਦੇਖਣੇ ਯੋਗ ਚੀਜ਼ ਅੰਦਰੋਂ ਬਾਹਰੋਂ ਇਕ ਰੂਪ ਹੁੰਦੀ ਹੈ ਅਉ = ਅਤੇ ਜੰਤ੍ਰ = ਵਾਜੇ ਵਿਚ ਦੀ ਧੁਨਿ = ਧੁਨੀ ਆਵਾਜ਼ ਅਤੇ ਜੰਤ੍ਰੀ = ਵਾਜੇ ਨੂੰ ਵਜਾਉਣ ਵਾਲੇ ਦੀ ਬਿਧਿ = ਦਸ਼ਾ, ਗੀਤੀ ਅੰਦਰੋਂ ਬਾਹਰੋਂ ਇੱਕੋ ਸਰੂਪ ਹੀ ਹੋਈ ਹੁੰਦੀ ਹੈ, ਉਸੇ ਤਰ੍ਹਾਂ ਬਸਤਰ ਵਿਚ ਓਤਿ

ਪੋਤਿ = ਤਾਣੇ ਪੇਟੇ ਵਤ ਹੀ ਗੁਰਮੁਖ ਜਨ ਨੇ ਉਸ ਪ੍ਰਭੂ ਨਾਲ ਏਕੈ = ਇਕ ਰੂਪ ਹੋ ਕੇ ਦੁਬਿਧਾ = ਦ੍ਵੈਤ ਭਾਵਨਾ ਮਿਟਾਈ = ਨਵਿਰਤੀ ਕਰ ਲਈ ਹੈ॥੪੭॥

ਚਰਨ ਸਰਨਿ ਮਨ ਬਚ ਕ੍ਰਮ ਹੁਇ ਇਕਤ੍ਰ;
ਤਨ ਤ੍ਰਿਭਵਨ ਗਤਿ ਅਲਖ ਲਖਾਈ ਹੈ॥

ਜੇਕਰ ਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਮਨ, ਬਚ = ਬਾਣੀ, ਕ੍ਰਮ = ਸਰੀਰ ਇਕਤ੍ਰ = ਇਕੱਠੇ ਹੁਇ = ਹੋ ਜਾਣ ਤਾਂ ਤ੍ਰਿਭਵਨ = ਤਿੰਨੇ ਲੋਕਾਂ ਦੀ ਗਤਿ = ਗਤੀ, ਦਸ਼ਾ ਜੋ ਅਲਖ = ਲਖਣ ਤੋਂ ਰਹਿਤ ਰੂਪ ਹੈ, ਉਸ ਦੀ ਸਰੀਰ ਦੇ ਵਿਚ ਹੀ ਲਖਾਈ (ਲਖ + ਆਈ) ਲਖ = ਲਖਤਾ ਆਈ = ਆ ਜਾਂਦੀ ਹੈ।

ਮਨ ਬਚ ਕਰਮ, ਕਰਮ ਮਨ ਬਚਨ ਕੈ;
ਬਚਨ ਕਰਮ ਮਨ ਉਨਮਨੀ ਛਾਈ ਹੈ॥

ਜੋ ਕੁਝ ਮਨ ਦੇ ਵਿਚ ਹੋਵੇ, ਉਹ ਬਚ = ਬਚਨ, ਬਾਣੀ, ਭਾਵ ਜ਼ੁਬਾਨ 'ਤੇ ਆਉਣਾ ਕਰੇ ਅਤੇ ਉਹੋ ਹੀ ਫੇਰ ਕਰਮ = ਸਰੀਰ ਦੁਆਰਾ ਕਰਣੀ ਹੋ ਕੇ ਵਰਤੇ, ਭਾਵ ਮਨ, ਬਚਨ = ਬਾਣੀ, ਕਰਮ = ਸਰੀਰ ਨੂੰ ਐਸਾ ਸਾਧਨਾ ਕਰੇ ਕਿ ਬਚਨ = ਬਾਣੀ ਬੋਲਦਿਆਂ ਕਰਮ = ਕੰਮ ਕਾਜ ਕਰਦਿਆਂ ਤੇ ਮਨ ਦੇ ਸੰਕਲਪਾਂ ਵਿਲਕਪਾਂ ਦੀ ਤਾਰ ਵਿਚ ਇਕ ਮਾਤਰ ਉਨਮਨੀ = ਤੁਰੀਆ ਪਦ ਰੂਪ ਅਵਸਥਾ ਹੀ ਛਾਈ = ਫੈਲੀ ਰਹੇ, ਵਰਤੀ ਰਹੇ।

ਗਿਆਨੀ ਧਿਆਨੀ ਕਰਨੀ ਜਿਉ ਗੁਰ ਮਹੂਆ ਕਮਾਦ;
ਨਿਝਰ ਅਪਾਰ ਧਾਰ ਭਾਠੀ ਕੈ ਚੁਆਈ ਹੈ॥

ਗਿਆਨੀ = ਤਿੰਨੇ ਲੋਕਾਂ ਦੀ ਹਾਲਤ ਨੂੰ ਆਪਣੇ ਚਿੱਤ ਵਿਚ ਜਾਨਣ ਵਾਲਾ ਗਿਆਨਵਾਨ ਗੁਰਮੁਖ, ਧਿਆਨੀ = ਧਿਆਨ ਕਰਨ ਵਾਲਾ ਅਤੇ ਸਰੀਰ ਦੁਆਰਾ ਕਾਰ-ਵਿਹਾਰ ਰੂਪ ਕਰਣੀ ਵਾਲਾ **ਵਾ:** ਭਗਤੀ ਰੂਪ ਕਰਨੀ = ਕਮਾਈ ਕਰਨ ਵਾਲਾ ਆਦਿ ਇਹ ਤਿੰਨੇ (ਗਿਆਨ, ਧਿਆਨ, ਕਰਣੀ) ਗੁਰ = ਗੁੜ, ਮਹੂਆ = ਮਹੂਏ ਦਾ ਫੁੱਲ ਤੇ ਕਮਾਦ ਜਿਉ = ਵਾਂਗ ਸਮਝ ਕੇ ਜਿਹੜਾ ਕੋਈ ਇਨ੍ਹਾਂ ਤਿੰਨਾਂ ਸਾਧਨਾਂ ਨੂੰ ਇਕ-ਰਸ ਅਭਿਆਸ ਕਰਦਾ ਹੈ, ਇਸ ਅਭਿਆਸ ਰੂਪ ਭਾਠੀ = ਭੱਠੀ ਦੁਆਰਾ ਅਪਾਰ = ਬੇਅੰਤ ਧਾਰਾ ਅੰਮ੍ਰਿਤ ਦੀ ਨਿਝਰ = ਇਕ-ਰਸ ਚੁਆਈ = ਚੋਅ ਆਉਂਦੀ ਹੈ।

ਅਥਵਾ ਗਿਆਨੀ = ਗਿਆਨ ਦੀ ਕਰਨੀ ਕਮਾਦ, ਧਿਆਨ ਦੀ ਕਰਨੀ ਮਹੂਏ ਦਾ ਫੁੱਲ ਹੈ, ਪ੍ਰੇਮ ਦੀ ਕਰਨੀ ਗੁੜ ਹੈ, ਇਉਂ ਅਪਾਰ = ਬੇਅੰਤ ਵਾਹਿਗੁਰੂ ਦੀ ਪ੍ਰਾਪਤੀ ਵਾਲੀ ਬ੍ਰਹਮਾਨੰਦ ਰੂਪ ਧਾਰ ਨਿਝਰ = ਇਕ-ਰਸ ਆਤਮ ਵਿਸ਼ੈਣੀ ਬੁੱਧ ਵਿਚ ਚੋਅ ਆਉਂਦੀ ਹੈ, ਇਹੋ ਹੀ ਭੱਠੀ ਬਣੀ ਹੋਈ ਹੈ।

ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹੁਇ;
ਗੁਰਮੁਖਿ ਸੰਧਿ ਮਿਲੇ ਸਹਜ ਸਮਾਈ ਹੈ॥੪੮॥

ਉਸ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲੇ ਪ੍ਰੇਮ ਰੂਪੀ ਰਸ ਦੇ ਨਿਧਾਨ = ਖ਼ਜ਼ਾਨੇ ਨੂੰ ਪਾਨ = ਛਕ, ਪੀਣ

ਕਰਕੇ ਪੂਰਨ = ਅਤਿਅੰਤ ਤ੍ਰਿਪਤ ਹੁਇ = ਹੋ ਜਾਇਆ ਕਰਦਾ ਹੈ ਅਤੇ ਗੁਰਮੁਖ ਜਨ ਦੀ ਪੂਰੇ ਗੁਰੂ ਦੇ ਸੰਧਿ = ਸੰਗ ਮਿਲੇ = ਮਿਲਣੇ ਕਰਕੇ ਸਹਜ = ਸੁਤੇ-ਸਿਧ ਆਤਮਿਕ ਸਰੂਪ ਵਿਚ ਸਮਾਈ = ਲੀਨਤਾ ਹੋ ਜਾਂਦੀ ਹੈ ॥੪੮॥

ਬਿਬਿਧ ਬਿਰਖ ਬਲੀ ਫਲ ਫੁਲ ਮੂਲ ਸਾਖਾ;
ਰਚਨ ਚਰਿਤ੍ਰ ਚਿਤ੍ਰ ਅਨਿਕ ਪ੍ਰਕਾਰ ਹੈ ॥

ਬਿਬਿਧ = ਅਨੇਕਾਂ ਤਰ੍ਹਾਂ ਦੀਆਂ ਜਾਤਾਂ ਦੇ ਬਿਰਖ = ਬ੍ਰਿਛ, ਬਲੀ = ਵੇਲਾਂ, ਫਲ, ਫੁੱਲ, ਮੂਲ = ਮੁੱਢ ਤੇ ਸਾਖਾ = ਟਾਹਣੀਆਂ ਆਦਿ ਕਰਕੇ ਬਨਸਪਤੀ ਦੀ ਰਚਨ = ਰਚਨਾ ਦੇ ਚਰਿਤ੍ਰ = ਕੌਤਕ ਦਾ ਚਿਤ੍ਰ = ਦ੍ਰਿਸ਼ ਦੇਖਣ ਯੋਗ ਫੈਲਾਅ ਅਨਿਕ = ਬੇਅੰਤ ਪ੍ਰਕਾਰ = ਤਰ੍ਹਾਂ ਦਾ ਹੈ।

ਬਰਨ ਬਰਨ ਫਲ, ਬਹੁ ਬਿਧਿ ਸ੍ਵਾਦ ਰਸ;
ਬਰਨ ਬਰਨ ਫੂਲ ਬਾਸਨਾ ਬਿਥਾਰ ਹੈ ॥

ਬਹੁਤ ਬਰਨ ਬਰਨ = ਰੰਗਾਂ ਰੰਗਾਂ ਦੇ ਫਲ ਹਨ ਤੇ ਬਹੁ = ਬਹੁਤ ਬਿਧਿ = ਤਰ੍ਹਾਂ ਦੇ ਫਲਾਂ ਦੇ ਭੇਦ ਅਨੁਸਾਰ ਉਨ੍ਹਾਂ ਦੇ ਸ੍ਵਾਦ = ਸੁਆਦ ਦਾ ਰਸ ਹੈ, ਭਾਵ ਕੋਈ ਫਲ ਮਿੱਠਾ, ਕੋਈ ਖਟ-ਮਿਠਾ ਤੇ ਕੋਈ ਕੁੜੱਤਣ ਵਿਚ ਹੈ। ਇਸੇ ਤਰ੍ਹਾਂ ਬਰਨ ਬਰਨ = ਰੰਗਾਂ ਰੰਗਾਂ ਦੀ ਬਨਸਪਤੀ ਵਿਚ ਫੂਲ = ਫੁੱਲ ਹਨ ਤੇ ਉਸੇ ਪ੍ਰਕਾਰ ਫੁੱਲ ਦੀ ਜਾਤੀ ਅਨੁਸਾਰ ਫੁੱਲਾਂ ਦੀ ਬਾਸਨਾ = ਸੁਗੰਧੀ ਦਾ ਬਿਥਾਰ = ਫੈਲਾਅ, ਪਸਾਰਾ ਹੈ।

ਬਰਨ ਬਰਨ ਮੂਲ, ਬਰਨ ਬਰਨ ਸਾਖਾ;
ਬਰਨ ਬਰਨ ਪਤ੍ਰ ਸੁਗਨ ਅਚਾਰ ਹੈ ॥

ਬਹੁਤ ਬਰਨ ਬਰਨ = ਰੰਗਾਂ ਰੰਗਾਂ ਦੇ ਮੂਲ = ਮੁੱਢ ਹਨ ਤੇ ਬਰਨ ਬਰਨ = ਰੰਗਾਂ ਰੰਗਾਂ ਦੀਆਂ ਸਾਖਾ = ਟਾਹਣੀਆਂ ਹਨ ਅਤੇ ਬਰਨ ਬਰਨ = ਰੰਗਾਂ ਰੰਗਾਂ ਦੇ ਉਨ੍ਹਾਂ ਦੇ ਪਤ੍ਰ = ਪੱਤੇ ਹਨ ਅਤੇ ਉਨ੍ਹਾਂ ਬ੍ਰਿਛਾਂ ਦਾ ਸੁਗਨ = ਸਹਿਤ ਗੁਣ ਦੇ ਅਚਾਰ = ਤੱਤ ਹੈ, ਭਾਵ ਤਰ੍ਹਾਂ ਤਰ੍ਹਾਂ ਦੀ ਤਾਸੀਰ ਹੈ **ਵਾ:** (ਸੁ + ਗਨ) ਸੁ = ਭਲੀ ਪ੍ਰਕਾਰ ਕਰਕੇ ਗਨ = ਸਮੂਹ ਤਰ੍ਹਾਂ ਦਾ ਉਨ੍ਹਾਂ ਦਾ ਹਿੱਲਣ ਜੁੱਲਣ ਆਦਿ ਦਾ ਵੱਖਰਾ ਵੱਖਰਾ ਅਚਾਰ = ਕਰਤਬ ਹੁੰਦਾ ਹੈ।

ਬਿਬਿਧਿ ਬਨਾਸਪਤਿ ਅੰਤਰਿ ਅਗਨਿ ਜੈਸੇ;
ਸਕਲ ਸੰਸਾਰ ਬਿਖੈ ਏਕੈ ਏਕੰਕਾਰ ਹੈ ॥੪੯॥

ਜੈਸੇ = ਜਿਵੇਂ ਬਿਬਿਧਿ = ਅਨੇਕ ਪ੍ਰਕਾਰ ਦੀ ਬਨਾਸਪਤੀ ਅੰਤਰਿ = ਅੰਦਰ ਅਗਨਿ = ਅਗਨੀ ਇਕ ਮਾਤਰ ਹੀ ਰਮੀ ਹੋਈ ਹੈ, ਉਸੇ ਤਰ੍ਹਾਂ ਸਕਲ = ਸਾਰੇ ਸੰਸਾਰ = ਜਗਤ ਦੇ ਬਿਖੈ = ਅੰਦਰ ਏਕੈ = ਇਕ ਏਕੰਕਾਰ = ਓਅੰਕਾਰ ਪਰਮੇਸ਼ਰ ਰਮਿਆ ਹੋਇਆ ਹੈ ॥੪੯॥

ਗੁਰ ਸਿਖ ਸੰਧਿ ਮਿਲੇ ਦ੍ਰਿਸਟਿ ਦਰਸ ਲਿਵ;
ਗੁਰਮੁਖਿ ਬ੍ਰਹਮ ਗਿਆਨ ਸਾਧ ਲਿਵ ਲਾਈ ਹੈ ॥

ਗੁਰ = ਸਤਿਗੁਰੂ ਸਾਹਿਬ ਜੀ ਤੇ ਸਿੱਖ ਦਾ ਸੰਧਿ = ਸੰਗ ਮਿਲੇ = ਮਿਲਦਿਆਂ ਪਹਿਲਾਂ ਦ੍ਰਿਸਟਿ = ਦ੍ਰਿਸ਼ਟੀ

ਤੇ ਦਰਸ = ਦਰਸ਼ਨ ਰੂਪ ਲਿਵ = ਬਿਰਤੀ ਦੇ ਮੰਡਲ ਵਿਚ ਵਰਤ ਕੇ ਏਕਤਾ ਰੂਪ ਘਰ ਵਿਚ ਆਉਂਦੇ ਹਨ, ਭਾਵ ਸਰੀਰ ਦੇ ਸਾਰੇ ਇੰਦਰਿਆਂ ਦੀ ਕਿਰਿਆ ਨੂੰ ਨਜ਼ਰ ਵਿਚ ਰੱਖਣ ਵਾਲੀ ਅਗੰਮੀ ਜੋਤ ਦੇ ਦੀਦਾਰ ਵਿਚ ਬਿਰਤੀ ਲੱਗ ਜਾਂਦੀ ਹੈ ਅਤੇ ਗੁਰਮੁਖ ਜਨ ਬ੍ਰਹਮ = ਵਿਆਪਕ ਪ੍ਰਭੂ ਦੀ ਗਿਆਨ = ਗਿਆਤ ਵਾਲੀ ਅਵਸਥਾ ਨੂੰ ਇਸੇ ਲਿਵ = ਬਿਰਤੀ ਨੂੰ ਲਾਈ = ਲਾਉਣ ਦੀ ਸਾਧ = ਸਾਧਨਾ ਨੂੰ ਸਾਧਦਾ ਹੋਇਆ ਪ੍ਰਾਪਤ ਕਰ ਲੈਂਦਾ ਹੈ। ਇਹ ਮਾਨੋ ਗੁਰਮੁਖ ਦੇ ਬ੍ਰਹਮ ਦੇ ਗਿਆਨ ਦਾ ਪਹਿਲਾ ਦਰਜਾ ਹੈ।

ਗੁਰ ਸਿਖ ਸੰਧਿ ਮਿਲੇ, ਸਬਦ ਸੁਰਤਿ ਲਿਵ;
ਗੁਰਮੁਖਿ ਬ੍ਰਹਮ ਗਿਆਨ ਧਿਆਨ ਸੁਧਿ ਪਾਈ ਹੈ॥

ਗੁਰੂ ਅਤੇ ਸਿੱਖ ਦਾ ਸੰਧਿ = ਸੰਗ ਮਿਲੇ = ਮਿਲਦਿਆਂ ਹੀ ਗੁਰਾਂ ਦੀ ਕਿਰਪਾ ਦੁਆਰਾ ਜਦ ਗੁਰ ਸਬਦ = ਉਪਦੇਸ਼ ਵਿਚ ਸਿੱਖ ਦੀ ਸੁਰਤਿ = ਸੁਰਤੀ ਦੀ ਲਿਵ = ਬਿਰਤੀ ਲੱਗਣਾ ਕਰਦੀ ਹੈ, ਤਦ ਉਸ ਧਿਆਨ ਦੇ ਪ੍ਰਤਾਪ ਕਰਕੇ ਜੋ ਸੁਧਿ = ਗਿਆਤ ਪਾਈ = ਪਾਉਣਾ ਕਰੀਦੀ ਹੈ, ਉਹ ਵੀ ਗੁਰਮੁਖ ਜਨ ਨੂੰ ਮਾਨੋ ਬ੍ਰਹਮ ਗਿਆਨ ਦਾ ਦੂਸਰਾ ਦਰਜਾ ਪ੍ਰਾਪਤ ਹੈ।

ਗੁਰਸਿਖ ਸੰਧਿ ਮਿਲੇ ਸ੍ਵਾਮੀ ਸੇਵ ਸੇਵਕ ਹੁਇ;
ਗੁਰਮੁਖਿ ਨਿਹਕਾਮ ਕਰਨੀ ਕਮਾਈ ਹੈ॥

ਇਸ ਤਰ੍ਹਾਂ ਹੀ ਗੁਰੂ ਅਤੇ ਸਿੱਖ ਦਾ ਸੰਧਿ = ਸੰਗ ਮਿਲੇ = ਮਿਲਦਿਆਂ ਹੀ ਸ੍ਵਾਮੀ = ਮਾਲਕ ਸਤਿਗੁਰੂ, ਪਰਮੇਸ਼ਰ ਦੀ ਕਿਰਪਾ ਨਾਲ ਸੇਵਕ = ਚੇਲੇ, ਸਿੱਖ ਦੇ ਹਿਰਦੇ ਵਿਚ ਬ੍ਰਹਮ ਦੀ ਸਾਖਿਆਤਕਾਰ ਹੁਇ = ਹੋ ਆਉਂਦੀ ਹੈ **ਵਾ:** ਆਤਮਾ ਵਿਚ ਆਪਣੇ ਸਰੂਪ ਦਾ ਸਾਖਿਆਤਕਾਰ ਹੋਣ ਦਾ ਜਲਵਾ ਬਖ਼ਸ਼ਸ਼ ਦਿੰਦੇ ਹਨ। ਇਹ ਗੁਰਮੁਖ ਜਨ ਦਾ ਬ੍ਰਹਮ ਗਿਆਨ ਦਾ ਤੀਸਰਾ ਦਰਜਾ ਹੈ, ਇਸ ਕਰਨੀ ਕਮਾਈ ਕਰਕੇ ਗੁਰਮੁਖ ਜਨ ਨਿਹਕਾਮ = ਕਾਮਨ ਤੋਂ ਰਹਿਤ ਹੋ ਜਾਂਦਾ ਹੈ **ਵਾ:** ਕਾਮਨਾ ਤੋਂ ਰਹਿਤ ਹੋ ਕੇ ਨਿਰਵਿਕਲਪ, ਨਿਰਬਾਣ ਸਰੂਪ ਹੋ ਜਾਂਦਾ ਹੈ।

ਗੁਰਸਿਖ ਸੰਧਿ ਮਿਲੇ ਕਰਨੀ ਸੁ ਗਿਆਨ ਧਿਆਨ;
ਗੁਰਮੁਖਿ ਪ੍ਰੇਮ ਨੇਮ ਸਹਜ ਸਮਾਈ ਹੈ॥੫੦॥

ਗੁਰੂ ਅਤੇ ਸਿੱਖ ਦਾ ਸੰਧਿ = ਸੰਗ ਮਿਲੇ = ਮਿਲਣੇ ਕਰਕੇ ਸੁ = ਸ੍ਰੇਸ਼ਟ ਕਰਨੀ = ਕਮਾਈ ਤੇ ਗਿਆਨ ਧਿਆਨ ਦੀ ਘਾਲਣਾ ਕਰਦਿਆਂ ਹੋਇਆਂ ਗੁਰਮੁਖ ਜਨ ਦੀ ਬਿਰਤੀ ਸਹਜ = ਸੁਤੇ-ਸਿਧ ਹੀ ਸੱਚ ਸਰੂਪ ਦੇ ਪ੍ਰੇਮ = ਸਨੇਹ ਵਿਚ ਨੇਮ = ਨਿਯਮ ਵਿਚ ਸਮਾਈ = ਲੀਨ ਹੋਈ ਰਹਿੰਦੀ ਹੈ, ਇਹ ਗੁਰਮੁਖ ਦੇ ਬ੍ਰਹਮ ਗਿਆਨ ਦਾ ਚੌਥਾ ਪਦ (ਦਰਜਾ) ਸਹਜ ਗਿਆਨ ਹੈ॥੫੦॥

ਗੁਰਮੁਖਿ ਸੰਧਿ ਮਿਲੇ ਬ੍ਰਹਮ ਧਿਆਨ ਲਿਵ;
ਏਕੰਕਾਰ ਕੈ ਅਕਾਰ ਅਨਿਕ ਪ੍ਰਕਾਰ ਹੈ॥

ਗੁਰਮੁਖਿ ਜਨ ਦਾ ਪਰਮੇਸ਼ਰ ਜਾਂ ਗੁਰਾਂ ਦੇ ਸੰਧਿ = ਨਾਲ (ਜੋੜ) ਮਿਲੇ = ਮਿਲਾਪ ਹੁੰਦਿਆਂ ਹੀ ਪਹਿਲੇ ਦਰਜੇ ਦਾ ਬ੍ਰਹਮ ਗਿਆਨ ਪ੍ਰਾਪਤ ਹੋ ਕੇ ਉਸ ਵਿਚ ਧਿਆਨ = ਖ਼ਿਆਲ ਦੀ ਲਿਵ = ਬਿਰਤੀ ਲੱਗ ਜਾਂਦੀ

ਹੈ ਤਾਂ ਉਸ ਵਕਤ ਏਕੰਕਾਰ = ਓਅੰਕਾਰ ਰੂਪ ਪਰਮੇਸ਼ਰ ਕੈ = ਦੇ ਅਨਿਕ = ਅਨੇਕ ਪ੍ਰਕਾਰ = ਤਰ੍ਹਾਂ ਦੇ ਜੋ ਅਕਾਰ = ਸਰੂਪ ਪ੍ਰਗਟ ਹਨ, ਉਸ ਸਰੂਪ ਦਾ ਪ੍ਰਕਾਸ਼ ਹੋ ਆਉਂਦਾ ਹੈ।

ਗੁਰਮੁਖਿ ਸੰਧਿ ਮਿਲੇ ਬ੍ਰਹਮ ਗਿਆਨ ਲਿਵ;
ਨਿਰੰਕਾਰ ਓਅੰਕਾਰ ਬਿਬਿਧਿ ਬਿਥਾਰ ਹੈ॥

ਗੁਰਮੁਖ ਜਨ ਦਾ ਪਰਮੇਸ਼ਰ ਜਾਂ ਗੁਰਾਂ ਦੇ ਸੰਧਿ = ਨਾਲ ਮਿਲੇ = ਮਿਲਾਪ ਹੁੰਦਿਆਂ ਹੀ ਫੇਰ ਦੂਜੇ ਦਰਜੇ ਵਿਚ ਬ੍ਰਹਮ ਗਿਆਨ ਦੇ ਖ਼ਿਆਲ ਵਿਚ ਐਸੀ ਚਿੱਤ ਦੀ ਲਿਵ = ਬਿਰਤੀ ਲੱਗਦੀ ਹੈ, ਜਿਸ ਕਰਕੇ ਗੁਰਮੁਖ ਜਨ ਨੂੰ ਉਹ ਕੁਝ ਪ੍ਰਤੀਤ ਹੋਇਆ ਕਰਦਾ ਹੈ, ਜੋ ਨਿਰੰਕਾਰ = ਅਕਾਰ ਤੋਂ ਰਹਿਤ ਪਰਮੇਸ਼ਰ ਨੇ ਓਅੰਕਾਰ ਰੂਪ ਹੋ ਕੇ ਬਿਬਿਧਿ = ਅਨੇਕ ਤਰ੍ਹਾਂ ਦੀ ਸ੍ਰਿਸ਼ਟੀ ਦਾ ਪਸਾਰਾ ਬਿਥਾਰ = ਪਸਾਰਨਾ ਕੀਤਾ ਹੈ।

ਗੁਰਸਿਖ ਸੰਧਿ ਮਿਲੇ ਸ੍ਵਾਮੀ ਸੇਵ ਸੇਵਕ ਹੁਇ;
ਬ੍ਰਹਮ ਬਿਬੇਕ ਪ੍ਰੇਮ ਭਗਤਿ ਅਚਾਰ ਹੈ॥

ਗੁਰੂ = ਸਤਿਗੁਰੂ ਤੇ ਸਿੱਖ ਦਾ ਸੰਧਿ = ਮਿਲਾਪ ਮਿਲੇ = ਮਿਲਦਿਆਂ ਹੀ ਸ੍ਵਾਮੀ = ਮਾਲਕ ਪ੍ਰਭੂ ਦੀ ਸੇਵ = ਸੇਵਾ, ਟਹਿਲ ਕਰ ਕੇ ਸੇਵਕ = ਚੇਲਾ, ਸਿੱਖ ਸਾਖਸ਼ਾਤ ਮਾਲਕ ਪ੍ਰਭੂ ਦਾ ਸਰੂਪ ਹੀ ਹੁਇ = ਹੋ ਜਾਇਆ ਕਰਦਾ ਹੈ ਅਤੇ ਇਸ ਪ੍ਰੇਮ = ਪ੍ਰੇਮਾ-ਭਗਤੀ ਦਾ ਅਚਾਰ = ਕਰਤਬ ਐਸਾ ਵਰਤਦਾ ਹੈ ਕਿ ਬ੍ਰਹਮ = ਵਿਆਪਕ ਪ੍ਰਭੂ ਦੀ ਬਿਬੇਕ = ਵਿਚਾਰ ਨੂੰ ਰਿਦੇ ਵਿਚ ਵਸਾ ਲੈਂਦਾ ਹੈ **ਵਾ:** ਬਿਬੇਕ (ਬਿਬ + ਏਕ) ਬਿਬ = ਦੋ ਭਾਵ ਦ੍ਵੈਤ ਨੂੰ ਮੇਟ ਕੇ ਏਕ = ਇਕ ਨੂੰ ਪ੍ਰਾਪਤ ਕਰ ਲੈਂਦਾ ਹੈ। ਜੈਸਾ ਕਿ :

ਦ੍ਵੈ ਤੇ ਏਕ ਰੂਪ ਹ੍ਵੈ ਗਇਓ॥ *(ਸ੍ਰੀ ਦਸਮ ਗ੍ਰੰਥ, ਬਚਿਤ੍ਰ ਨਾਟਕ)*

ਵਾ: ਜੀਵ ਈਸ਼ ਦੀ ਏਕਤਾ ਹੋ ਜਾਂਦੀ ਹੈ।

ਗੁਰਮੁਖਿ ਸੰਧਿ ਮਿਲੇ ਪਰਮਦਭੁਤ ਗਤਿ;
ਨੇਤਿ ਨੇਤਿ ਨੇਤਿ ਨਮੋ ਨਮੋ ਨਮਸਕਾਰ ਹੈ॥੫੧॥

ਗੁਰਮੁਖ ਜਨ ਦਾ ਜਦ ਇਸ ਅਵਸਥਾ ਵਿਚ ਗੁਰੂ ਜਾਂ ਪਰਮੇਸ਼ਰ ਸੰਧਿ = ਨਾਲ ਮਿਲੇ = ਮਿਲਾਪ ਹੁੰਦਾ ਹੈ ਤਾਂ ਉਸ ਦੀ ਗਤਿ = ਦਸ਼ਾ, ਹਾਲਤ ਪਰਮਦਭੁਤ = ਅਤਿਅੰਤ ਅਨੋਖੀ ਹੁੰਦੀ ਹੈ, ਜੋ ਨੇਤਿ = ਅਨੰਤ ਹੀ ਹੁੰਦੀ ਹੈ, ਨੇਤਿ = ਅਨੰਤ ਹੀ ਹੁੰਦੀ ਹੈ, ਨੇਤਿ = ਅਨੰਤ ਹੀ ਹੁੰਦੀ ਹੈ, ਅਜਿਹੇ ਗੁਰਮੁਖ ਜਨਾਂ ਨੂੰ ਤਾਂ ਮਨ ਕਰਕੇ ਵੀ ਨਮੋ = ਨਮਸਕਾਰ ਹੈ, ਬਾਣੀ ਕਰਕੇ ਵੀ ਨਮੋ = ਨਮਸਕਾਰ ਹੈ ਤੇ ਸਰੀਰ ਕਰਕੇ ਵੀ ਨਮਸਕਾਰ = ਪ੍ਰਣਾਮ ਹੈ॥੫੧॥

ਹੁਣ ਭਾਈ ਸਾਹਿਬ ਜੀ ਬ੍ਰਹਮ ਵਿਚ ਅਭੇਦ ਹੋਏ ਗੁਰਮੁਖ ਦੀ ਬਾਹਰਲੀ ਪ੍ਰਕਿਰਿਆ ਦਾ ਵਰਣਨ ਕਰਦੇ ਹਨ।

ਗੁਰਮੁਖਿ ਮਨ ਬਚ ਕਰਮ ਇਕਤ੍ਰ ਭਏ;
ਅੰਗ ਅੰਗ ਬਿਸਮ ਸ੍ਵੰਗ ਮੈ ਸਮਾਏ ਹੈ॥

ਜੋ ਗੁਰਮੁਖ ਜਨ ਮਨ ਬਚ = ਬਾਣੀ, ਕਰਮ = ਸਰੀਰ ਕਰਕੇ ਇਕਤ੍ਰ = ਇਕੱਠੇ ਭਏ = ਹੋ ਗਏ ਹਨ,

ਭਾਵ ਇਕ ਰੂਪ ਹੋ ਗਏ ਹਨ, ਉਨ੍ਹਾਂ ਦੇ ਸ੍ਰਬੰਗ (ਸਰਬ + ਅੰਗ) ਸਰਬ = ਸਾਰੇ ਅੰਗਾਂ ਮੈ = ਵਿਚ ਪਰਮੇਸ਼ਰ ਦਾ ਨਾਮ ਸਮਾਏ = ਸਮਾਇਆ ਹੋਇਆ ਹੈ **ਵਾ:** ਸ੍ਰਬੰਗ = ਸਰਬ ਸਰੂਪੀ ਪਰਮੇਸ਼ਰ ਦੇ ਸਰੂਪ ਵਿਚ ਉਹ ਲੀਨ ਹੋ ਜਾਂਦੇ ਹਨ ਅਤੇ ਉਹ ਅੰਗ ਅੰਗ = ਰੋਮ ਰੋਮ ਕਰਕੇ ਬਿਸਮ = ਅਸਚਰਜ ਰੂਪ ਹੋਏ ਰਹਿੰਦੇ ਹਨ, ਭਾਵ ਉਨ੍ਹਾਂ ਦੇ ਰੋਮ ਰੋਮ ਵਿੱਚੋਂ ਪਰਮੇਸ਼ਰ ਦੇ ਨਾਮ ਦੀ ਆਵਾਜ਼ ਆਉਂਦੀ ਹੈ। ਜੈਸਾ ਕਿ :

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ *(ਅੰਗ ੯੪੧)*

ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਕੈ ਮਦੌਨ;
ਰਸਨਾ ਥਕਤ ਭਈ, ਕਹਿਤ ਨ ਆਏ ਹੈ॥

ਪ੍ਰੇਮ ਰਸ ਰੂਪੀ ਅਨੁਭਵ ਦੇ ਨਿਧਾਨ = ਭੰਡਾਰੇ ਵਿੱਚੋਂ ਨਾਮ ਰੂਪ ਅੰਮ੍ਰਿਤ ਪਾਨ = ਪੀ, ਛਕ ਕੈ = ਕਰਕੇ ਮਦੌਨ = ਮਸਤ ਹੋਏ ਰਹਿੰਦੇ ਹਨ ਅਤੇ ਇਸੇ ਨਾਮ ਰੂਪੀ ਅੰਮ੍ਰਿਤ ਦੇ ਸੁਆਦ ਕਾਰਨ ਰਸਨਾ = ਜਿਹਬਾ ਅਸਚਰਜ ਭਾਵ ਵਿਚ ਲੱਗੀ ਭਈ = ਹੋਈ ਥਕਤ = ਥੱਕੀ ਰਹਿੰਦੀ ਹੈ ਕਿਉਂਕਿ ਰਸਨਾ ਦੇ ਕੋਲੋਂ ਕੁਝ ਕਹਿਤ = ਕਹਿਆ ਨ = ਨਹੀਂ ਜਾ ਸਕਦਾ ਹੈ।

ਜਗਮਗ ਪ੍ਰੇਮ ਜੋਤਿ ਅਤਿ ਅਸਚਰਜ-ਮੈ;
ਲੋਚਨ ਚਕਿਤ ਭਏ ਹੇਰਤ ਹਿਰਾਏ ਹੈ॥

ਅਜਿਹੇ ਇਕ ਰਸ ਜਗਮਗ = ਪ੍ਰਕਾਸ਼ ਕਰਕੇ ਅਤਿ = ਅਤਿਅੰਤ ਅਸਚਰਜ ਮੈ = ਵਿਸਮਾਦ ਰੂਪ ਜੋਤਿ = ਜੋਤੀ ਸਰੂਪ ਪ੍ਰਭੂ ਦੇ ਪ੍ਰੇਮ = ਸਨੇਹ ਵਿਚ ਹੇਰਤ = ਵੇਖਦੇ ਵੇਖਦੇ ਲੋਚਨ = ਨੇਤਰ ਚਕਿਤ = ਹੈਰਾਨ ਭਏ = ਹੋਏ ਦ੍ਵੈਤ-ਭਾਵ ਵੱਲ ਖਿੱਚਣੋਂ ਹਿਰਾਏ = ਹਰਣ ਭਾਵ ਹਟ ਗਏ ਹੈ = ਹਨ।

ਰਾਗ ਨਾਦ ਬਾਦ ਬਿਸਮਾਦ ਪ੍ਰੇਮ ਧੁਨਿ ਸੁਨਿ;
ਸ੍ਰਵਨ ਸੁਰਤਿ ਬਿਲੈ ਬਿਲੈ ਬਿਲਾਏ ਹੈ॥੫੨॥

ਇਸੇ ਤਰ੍ਹਾਂ ਹੀ ਬਿਸਮਾਦ = ਅਸਚਰਜ ਕਰਨ ਵਾਲੀ ਪ੍ਰੇਮ = ਸਨੇਹ ਦੀ ਧੁਨਿ = ਧੁਨੀ ਸੁਨਿ = ਸ੍ਰਵਣ ਕਰ ਕੇ ਰਾਗ = ਰਾਗਾਂ ਦੀਆਂ ਨਾਦਾਂ ਅਤੇ ਬਾਦ = ਵਾਜਿਆਂ ਦੇ ਸੁਣਨ ਵੱਲੋਂ ਸ੍ਰਵਣ ਸੁਰਤਿ = ਕੰਨਾਂ ਦੀ ਸੁਣਨ ਵਾਲੀ ਸ਼ਕਤੀ ਵੀ ਬਿਲੈ = ਵਿਸ਼ੇਸ਼ ਕਰਕੇ ਲਯ ਭਾਵ ਨਾਸ਼ ਹੋ ਜਾਂਦੀ ਹੈ ਤੇ ਅਖ਼ੀਰ ਨੂੰ ਬਿਲੈ = ਵਿਲੀਨਤਾ ਸ੍ਵੈਯੰ ਲਿਵ ਵੀ ਬਿਲਾਏ = ਵਿਸ਼ੇਸ਼ ਕਰਕੇ ਨਾਸ਼ ਹੋ ਜਾਇਆ ਕਰਦੀ ਹੈ॥੫੨॥

ਗੁਰਮੁਖਿ ਮਨ ਬਚ ਕਰਮ ਇਕਤ੍ਰ ਭਏ;
ਪੂਰਨ ਪਰਮ ਪਦ ਪ੍ਰੇਮ ਪ੍ਰਗਟਾਏ ਹੈ॥

ਗੁਰਮੁਖਿ = ਮੁਖੀ ਗੁਰਾਂ ਦੀ ਓਟ ਵਿਚ ਆ ਕੇ ਗੁਰਮੁਖ ਜਨ ਜਦ ਮਨ, ਬਚ = ਬਾਣੀ, ਕਰਮ = ਸਰੀਰ ਕਰਕੇ ਇਕਤ੍ਰ = ਇਕਸਾਰਤਾ ਰੂਪ ਭਏ = ਹੋ ਆਵੇ, ਭਾਵ ਜਦ ਉਸ ਦੀ ਰਹਿਣੀ, ਕਹਿਣੀ ਅਤੇ ਕਰਣੀ ਅੰਦਰੋਂ ਬਾਹਰੋਂ ਇਕ ਬਰਾਬਰ ਹੋ ਜਾਵੇ ਤਾਂ ਉਸ ਨੂੰ ਪਰਮ = ਵੱਡੀ ਪਦ = ਪਦਵੀ, ਭਾਵ ਕੈਵਲ ਮੋਖ ਦੀ ਪ੍ਰਾਪਤੀ ਦਾ ਪੂਰਨ ਪ੍ਰੇਮ ਹਿਰਦੇ ਅੰਦਰ ਪ੍ਰਗਟਾਏ = ਪ੍ਰਗਟ ਹੋ ਆਉਂਦਾ ਹੈ।

ਲੋਚਨ ਮੈ ਦ੍ਰਿਸਟਿ ਦਰਸ ਰਸ ਗੰਧਿ ਸੰਧਿ;
ਸ੍ਰਵਨ ਸਬਦ ਸੁਰਤਿ ਗੰਧ ਰਸ ਪਾਏ ਹੈ॥

ਜਿਸ ਪ੍ਰੇਮ ਕਰਕੇ ਲੋਚਨ = ਅੱਖਾਂ ਮੈ = ਵਿਚ ਜੋ ਦ੍ਰਿਸਟਿ = ਦ੍ਰਿਸ਼ਟੀ ਹੈ, ਉਸ ਦੇ ਦਰਸ = ਦੀਦਾਰ ਰਸ ਦੀ ਗੰਧਿ = ਸੁਗੰਧੀ ਗੁਰ-ਉਪਦੇਸ਼ ਵਿਚ ਬਿਰਤੀ ਦੀ ਸੰਧਿ = ਸੰਧੀ (ਮਿਲਣੀ) ਨੂੰ ਪਾ ਲੈਣਾ ਕਰਦੀ ਹੈ ਅਤੇ ਸ੍ਰਵਨ = ਕੰਨਾਂ ਵਿਚ ਜੋ ਗੁਰ ਸਬਦ = ਉਪਦੇਸ਼ ਸੁਣਨ ਦੇ ਰਸ ਦੀ ਗੰਧ = ਵਾਸ਼ਨਾ ਹੁੰਦੀ ਹੈ, ਉਹ ਵੀ ਗੁਰ-ਉਪਦੇਸ਼ ਵਿਚ ਸੁਰਤਿ = ਬਿਰਤੀ ਦੀ ਸੰਧੀ ਨੂੰ ਪਾਈ = ਪਾ ਲੈਣਾ ਕਰਦੀ ਹੈ।

ਰਸਨਾ ਮੈ ਰਸ ਗੰਧ ਸਬਦ ਸੁਰਤਿ ਮੇਲ;
ਨਾਸ ਬਾਸ ਰਸ ਸ੍ਰੁਤਿ ਸਬਦ ਲਖਾਏ ਹੈ॥

ਇਸੇ ਤਰ੍ਹਾਂ ਹੀ ਰਸਨਾ = ਜਿਹਬਾ ਮੈ = ਵਿਚ ਗੁਰ-ਉਪਦੇਸ਼ ਰੂਪ ਰਸ ਗ੍ਰਹਿਣ ਦੀ ਗੰਧ = ਵਾਸ਼ਨਾ ਸ਼ਬਦ ਵਿਚ ਸੁਰਤਿ = ਬਿਰਤੀ ਦੇ ਮੇਲ = ਮਿਲਾਪ ਨੂੰ ਪ੍ਰਾਪਤ ਕਰ ਲੈਂਦੀ ਹੈ ਅਤੇ ਨਾਸ = ਨਾਸਕਾਂ ਦੇ ਬਾਸ = ਸੁਗੰਧੀ ਗ੍ਰਹਿਣ ਕਰਨ ਦੇ ਰਸ ਦੀ ਵਾਸ਼ਨਾ ਵੀ ਗੁਰ ਸਬਦ = ਉਪਦੇਸ਼ ਵਿਚ ਹੀ ਸ੍ਰੁਤਿ = ਬਿਰਤੀ ਨੂੰ ਲਖਾਏ = ਜਣਾ ਦੇਣਾ ਕਰਦੀ ਹੈ।

ਰੋਮ ਰੋਮ ਰਸਨਾ ਸ੍ਰਵਨ ਦ੍ਰਿਗ ਨਾਸਾ ਕੋਟਿ;
ਖੰਡ ਬ੍ਰਹਮੰਡ ਪਿੰਡ ਪ੍ਰਾਨ ਮੈ ਜਤਾਏ ਹੈ॥੫੩॥

ਇਸ ਪ੍ਰਕਾਰ ਰਸਨਾ = ਜਿਹਬਾ ਦੁਆਰਾ ਗੁਰ-ਉਪਦੇਸ਼ ਦਾ ਰਸ ਲੈਂਦਿਆਂ ਸ੍ਰਵਨ = ਕੰਨਾਂ ਦੁਆਰਾ ਗੁਰ-ਉਪਦੇਸ਼ ਨੂੰ ਸੁਣਦਿਆਂ, ਦ੍ਰਿਗ = ਨੇਤਰਾਂ ਦੁਆਰਾ ਗੁਰ-ਸ਼ਬਦ ਵਿਚ ਗੁਰੂ ਨੂੰ ਤੱਕਦਿਆਂ ਅਤੇ ਨਾਸਾ = ਨਾਸਕਾਂ ਦੁਆਰਾ ਗੁਰ-ਉਪਦੇਸ਼, ਨਾਮ ਰੂਪੀ ਸੁਗੰਧੀ ਨੂੰ ਸੁੰਘਦਿਆਂ ਜਦ ਗੁਰਮੁਖ ਜਨ ਗੁਰ-ਉਪਦੇਸ਼ ਵਿਚ ਬਿਰਤੀ ਨੂੰ ਮੇਲਣ ਵਿਚ ਤਿਆਰ-ਬਰ-ਤਿਆਰ ਹੋਇਆ ਰਹਿੰਦਾ ਹੈ, ਤਦ ਉਸ ਗੁਰਮੁਖ ਨੂੰ ਰੋਮ ਰੋਮ = ਰੋਮਾਵਲੀ, ਪਿੰਡ = ਸਰੀਰ ਤੇ ਪ੍ਰਾਨ = ਸੁਆਸਾਂ ਮੈ = ਵਿਚ ਕੋਟਿ = ਕਰੋੜਾਂ ਖੰਡਾਂ ਬ੍ਰਹਿਮੰਡਾਂ ਦੇ ਚਮਤਕਾਰ ਨੂੰ ਪ੍ਰਤੱਖ ਰੂਪ ਵਿਚ ਗੁਰੂ ਸਾਹਿਬ ਜੀ ਜਤਾਏ = ਜਣਾਉਣਾ ਕਰਦੇ ਹੈ = ਹਨ।

ਅਥਵਾ ਕੋਟਿ = ਕਰੋੜਾਂ ਬ੍ਰਹਿਮੰਡਾਂ, ਨੌਂ ਖੰਡਾਂ, ਪਿੰਡ = ਸਰੀਰਾਂ, ਪ੍ਰਾਨ = ਪ੍ਰਾਣਾਂ, ਨਾਸਾ = ਨਾਸਕਾਂ, ਦ੍ਰਿਗ = ਨੇਤਰਾਂ, ਸ੍ਰਵਨ = ਕੰਨਾਂ, ਰਸਨਾ = ਜਿਹਬਾ ਅਤੇ ਸਾਰੀ ਰੋਮ ਰੋਮ = ਰੋਮਾਵਲੀ ਵਿਚ ਗੁਰੂ ਸਾਹਿਬ ਜੀ ਆਪਣੇ ਉਪਦੇਸ਼ ਦੁਆਰਾ ਗੁਰਮੁਖ ਜਨ ਨੂੰ ਨਾਮ ਦੀ ਕਮਾਈ ਕਰਾ ਕੇ ਬ੍ਰਹਮ ਨੂੰ ਪਸਰਿਆ ਹੋਇਆ ਹੀ ਜਤਾਏ = ਜਤਾਉਣਾ ਕਰਦੇ ਹਨ॥੫੩॥

ਪੂਰਨ ਬ੍ਰਹਮ ਆਪਿ ਆਪਨ ਹੀ ਆਪੁ ਸਾਜਿ;
ਆਪਨ ਰਚਿਓ ਹੈ ਨਾਉ ਆਪ ਹੀ ਬਿਚਾਰ ਕੈ॥

ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਨੇ ਆਪਿ ਆਪਨ = ਆਪਣੇ ਆਪ ਤੋਂ ਹੀ ਆਪੁ = ਆਪਣੀ (ਸ੍ਰਿਸ਼ਟੀ) ਸਾਜਿ = ਸਾਜਨਾ ਕੀਤੀ ਹੈ ਤੇ ਆਪਨ = ਆਪ ਹੀ ਰਚਿਓ = ਰਚਨਾ ਕੀਤੀ ਹੈ ਤੇ ਆਪ ਹੀ ਸ੍ਰਿਸ਼ਟੀ, ਜਗਤ, ਨਾਉ = ਨਾਮ ਰੱਖ ਦਿੱਤਾ ਹੈ ਅਤੇ ਆਪ ਹੀ ਬਿਚਾਰ = ਨਿਰਨਾ ਕਰਨਾ ਕਰਦਾ ਹੈ। ਜੈਸਾ ਕਿ :

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ *(ਆਸਾ ਦੀ ਵਾਰ, ਅੰਗ ੪੬੩)*

ਆਦਿ ਗੁਰ ਦੁਤੀਆ ਗੋਬਿੰਦ ਨਾਮ ਕੈ ਕਹਾਇਓ;
ਗੁਰਮੁਖਿ ਰਚਨਾ ਅਕਾਰ ਓਅੰਕਾਰ ਕੈ॥

ਆਦਿ = ਮੁੱਢ ਰੂਪ ਗੁਰ = ਪੂਜਨੀਕ ਜੋ ਪਰਮੇਸ਼ਰ ਹੈ, ਉਸ ਨੇ ਦੁਤੀਆ = ਦੂਸਰਾ ਆਪਣਾ ਨਾਮ = ਨਾਉ (ਗੋ + ਬਿੰਦ) ਗੋ = ਪ੍ਰਿਥਵੀ ਦੀ ਬਿੰਦ = ਰੱਖਿਆ ਕਰਨ ਵਾਲਾ ਕਹਾਇਓ = ਕਹਾਉਣਾ ਕੀਤਾ ਹੈ ਭਾਵ ਗੁਰੂ ਹਰਿਗੋਬਿੰਦ ਸਾਹਿਬ ਕਹਾਉਣਾ ਕੀਤਾ ਹੈ **ਵਾ:** ਦੂਸਰਾ ਗੋਬਿੰਦ = ਪਰਮੇਸ਼ਰ ਨੇ ਆਪਣਾ ਨਾਮ ਜਗਤ ਕੈ = ਕਰਕੇ ਕਹਾਉਣਾ ਕੀਤਾ ਹੈ ਅਤੇ ਗੁਰਮੁਖਿ = ਮੁਖੀ ਗੁਰੂ ਜੋ ਓਅੰਕਾਰ = ਮੰਗਲ ਸਰੂਪ ਪ੍ਰਭੂ ਹੈ, ਉਸ ਨੇ ਹੀ ਇਸ ਜਗਤ ਦਾ ਅਕਾਰ = ਸਰੂਪ ਰਚਨਾ = ਸਾਜਨਾ ਕੀਤਾ ਹੈ।

ਗੁਰਮੁਖਿ ਨਾਦ ਬੇਦ ਗੁਰਮੁਖਿ ਪਾਵੈ ਭੇਦ;
ਗੁਰਮੁਖਿ ਲੀਲਾਧਾਰੀ ਅਨਿਕ ਅਉਤਾਰ ਕੈ॥

ਗੁਰਮੁਖਿ (ਗੁਰ + ਮੁਖਿ) ਗੁਰ = ਪੂਜਨੀਕ ਮੁਖਿ = ਮੁਖੀ (ਸ਼ਿਰੋਮਣੀ) ਜੋ ਪਰਮੇਸ਼ਰ ਹੈ, ਉਹੋ ਹੀ ਜੀਵਾਂ ਰੂਪ ਨਾਦ = ਵਾਜਿਆਂ ਤੇ ਬੇਦਾਂ ਆਦਿ ਨੂੰ ਰਚਣ ਵਾਲਾ ਹੈ **ਵਾ:** ਆਪ ਹੀ ਜੀਵਾਂ ਨੂੰ ਨਾਦ = ਵਾਜਿਆਂ ਦੇ ਭੇਦ ਬੇਦ = ਜਣਾਉਂਦਾ ਹੈ ਅਤੇ (ਗੁਰ + ਮੁਖਿ) ਗੁਰ = ਪੂਜਨੀਕ ਮੁਖਿ = ਸ਼ਿਰੋਮਣੀ ਪਰਮੇਸ਼ਰ ਹੀ ਜੀਵਾਂ ਦੇ ਭੇਦ = ਭੇਤ ਨੂੰ ਪਾਵੈ = ਪਾਉਣਾ ਕਰਦਾ ਹੈ। (ਗੁਰ + ਮੁਖਿ) ਗੁਰ = ਪੂਜਨੀਕ ਮੁਖਿ = ਸ਼ਿਰੋਮਣੀ ਪਰਮੇਸ਼ਰ ਨੇ ਆਪ ਹੀ ਅਨਿਕ = ਅਨੇਕਾਂ ਅਉਤਾਰ = ਅਵਤਾਰ (ਲੀਲਾ + ਧਾਰੀ) ਧਾਰੀ = ਧਾਰਨ ਕੈ = ਕਰਕੇ ਬੇਅੰਤ ਲੀਲਾ = ਖੇਲ, ਕੌਤਕ ਕੀਤੇ ਹਨ।

ਗੁਰੂ ਗੋਬਿੰਦ ਅਉ ਗੋਬਿੰਦ ਗੁਰੂ ਏਕ ਮੇਕ;
ਓਤਿ ਪੋਤਿ ਸੂਤ੍ ਗਤਿ ਅੰਬਰ ਉਚਾਰ ਕੈ॥੫੪॥

ਜਿਵੇਂ ਸੂਤ੍ = ਸੂਤ, ਤਾਣੇ ਵਿਚ ਪੇਟਾ ਅਤੇ ਓਤਿ ਪੋਤਿ = ਪੇਟੇ ਵਿਚ ਤਾਣਾ ਗਤਿ = ਮਿਲਿਆ ਹੁੰਦਾ ਹੈ ਤੇ ਲੋਕੀਂ ਉਸ ਨੂੰ ਅੰਬਰ = ਕੱਪੜਾ ਕਹਿ ਕੇ ਉਚਾਰ = ਉਚਾਰਨ ਕਰਦੇ ਹਨ, ਇਸੇ ਤਰ੍ਹਾਂ ਪ੍ਰਭੂ ਤੇ ਸੰਸਾਰ ਦਾ ਮੇਲ ਹੈ ਕਿਉਂਕਿ ਗੁਰੂ = ਪੂਜਨੀਕ ਗੋਬਿੰਦ = ਪਰਮੇਸ਼ਰ ਸੰਸਾਰ ਦਾ ਰੂਪ ਹੈ ਅਉ = ਅਤੇ ਸੰਸਾਰ ਗੁਰੂ = ਪੂਜਨੀਕ ਪਰਮੇਸ਼ਰ ਦਾ ਰੂਪ ਹੈ, ਇਸ ਲਈ ਇਹ ਦੋਨੋਂ ਏਕ ਮੇਕ = ਇਕ ਮਿਕ ਅਭੇਦ ਰੂਪ ਹਨ॥੫੪॥

ਦੂਸਰਾ ਅਰਥ

ਪੂਰਨ ਬ੍ਰਹਮ ਆਪਿ ਆਪਨ ਹੀ ਆਪੁ ਸਾਜਿ;
ਆਪਨ ਰਚਿਓ ਹੈ ਨਾਉ ਆਪ ਹੀ ਬਿਚਾਰ ਕੈ॥

ਆਪ ਹੀ ਪੂਰਨ = ਵਿਆਪਕ ਬ੍ਰਹਮ = ਪਰਮੇਸ਼ਰ ਨੇ ਆਪਣੇ ਆਪ ਨੂੰ ਸਰਗੁਣ ਰੂਪ ਵਿਚ ਸਾਜਨਾ ਕੀਤਾ ਹੈ ਤੇ ਆਪ ਹੀ ਬਿਚਾਰਿ = ਨਿਰਨਾ ਕਰ ਕੇ ਅਕਾਰ ਧਾਰੀ ਜੀਵਾਂ ਦੇ ਰੂਪ ਵਿਚ ਬਣਿਆ, ਭਾਵ

ਬੇਅੰਤਤਾ ਦਾ ਅੰਗ ਰੂਪ ਪ੍ਰਗਟ ਹੋਣ ਵਿਚ ਕਿਸ ਪ੍ਰਕਾਰ ਆਪਣੀ ਏਕਤਾ ਦਾ ਸਿੱਕਾ ਰਚਿਆ, ਪ੍ਰਗਟ ਕੀਤਾ ਹੈ ਅਤੇ ਆਪਣਾ ਨਾਉ = ਨਾਂ ਗੁਰੂ ਨਾਨਕ ਰੱਖਣਾ ਕੀਤਾ ਹੈ। ਜੈਸਾ ਕਿ :

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥ *(ਅੰਗ ੪੬੩)*

ਆਦਿ ਗੁਰ ਦੁਤੀਆ ਗੋਬਿੰਦ ਨਾਮ ਕੈ ਕਹਾਇਓ;
ਗੁਰਮੁਖਿ ਰਚਨਾ ਅਕਾਰ ਓਅੰਕਾਰ ਕੈ॥

ਇਸ ਤਰੀਕੇ ਆਦਿ = ਮੁੱਢ ਵਿਚ ਭਾਵ ਪਹਿਲੇ ਗੁਰੂ ਅਵਤਾਰ ਬਣੇ, ਓਅੰਕਾਰ = ਮੰਗਲ ਸਰੂਪ ਪਰਮੇਸ਼ਰ ਦਾ ਰੂਪ ਆਪਣੇ ਤੋਂ ਗੁਰਮੁਖਿ = ਗੁਰਮੁਖੀ ਰਚਨਾ ਦੁਆਰਾ ਅਕਾਰ = ਸਰੂਪ ਧਾਰ ਧਾਰ ਕੇ ਦੁਤੀਆ = ਦੂਸਰੇ ਥਾਂ 'ਤੇ, ਭਾਵ ਅੰਤਲੇ ਗੁਰੂ, ਗੁਰੂ ਗੋਬਿੰਦ ਸਿੰਘ ਨਾਮ ਕਰਕੇ ਕਹਾਇਓ = ਕਹਾਉਣਾ ਕੀਤਾ **ਵਾ:** ਮਾਨੋ ਹੁਣ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਆਪ ਨੂੰ ਕਹਾਉਣ ਲੱਗ ਪਏ।

ਗੁਰਮੁਖਿ ਨਾਦ ਬੇਦ ਗੁਰਮੁਖਿ ਪਾਵੈ ਭੇਦ;
ਗੁਰਮੁਖਿ ਲੀਲਾਧਾਰੀ ਅਨਿਕ ਅਉਤਾਰ ਕੈ।

ਗੁਰਮੁਖਿ = ਮੁਖੀ ਗੁਰੂ ਬਣ ਕੇ ਰੱਬੀ ਨਾਦ = ਸ਼ਬਦ ਦੀ ਧੁਨੀ, ਭਾਵ ਮੂਲ ਮੰਤਰ ਦਾ ਉਪਦੇਸ਼ ਦੇ ਕੇ ਆਤਮਿਕ ਬੇਦ = ਗਿਆਨ ਪ੍ਰਾਪਤ ਹੋਣ ਬਾਬਤ ਦੱਸਣਾ ਕੀਤਾ ਤੇ ਉਹ ਕੋਈ ਗੁਰਮੁਖਿ ਪਦ ਦੀ ਪ੍ਰਾਪਤੀ ਕਰ ਕੇ ਹੀ ਪਾ ਸਕਦਾ ਹੈ। ਅੱਗੇ ਫੇਰ ਇਸ ਭੇਦ = ਮਰਮ ਨੂੰ ਇਸ ਤਰ੍ਹਾਂ ਜਗ ਜ਼ਾਹਰ ਕੀਤਾ ਕਿ ਅਨੇਕ ਅਵਤਾਰ ਭਾਵ ਦਸ ਗੁਰੂ ਸਰੂਪ ਧਾਰ ਕੇ ਗੁਰਮੁਖ ਭਾਵ ਵਾਲੀ ਲੀਲਾ ਧਾਰਨ ਕੀਤੀ, ਭਾਵ ਦਸ ਸਰੂਪ ਧਾਰ ਕੇ ਜੀਵਾਂ ਨੂੰ ਤਾਰਨ ਲਈ ਅਨੇਕਾਂ ਕੌਤਕ ਕੀਤੇ ਹਨ।

ਗੁਰੂ ਗੋਬਿੰਦ ਅਉ ਗੋਬਿੰਦ ਗੁਰੂ ਏਕ ਮੇਕ;
ਓਤਿ ਪੋਤਿ ਸੂਤ੍ ਗਤਿ ਅੰਬਰ ਉਚਾਰ ਕੈ॥੫੪॥

ਇਸ ਲਈ ਗੁਰੂ ਗੋਬਿੰਦ ਸਿੰਘ ਰੂਪ ਆਪ ਹੀ ਅਕਾਲ ਪੁਰਖ ਅਵਤਾਰ ਧਾਰ ਕੇ ਸੱਚ ਦਾ ਮਾਰਗ ਚਲਾਉਣ ਲਈ ਗੁਰਮੁਖੀ ਦਕਸ਼ਣਾ ਸੱਚਖੰਡ ਵਿੱਚੋਂ ਲੈ ਕੇ ਜਗਤ ਦਾ ਗੁਰੂ ਬਣੇ ਅਤੇ ਗੁਰੂ ਨਾਨਕ ਜੀ ਪ੍ਰਭੂ ਉਪਦੇਸ਼ ਦੀ ਕਮਾਈ ਕਰਦੇ ਹੋਏ ਨਿਰੰਕਾਰ ਦੇ ਹੁਕਮ ਦੁਆਰਾ ਗੁਰੂ ਬਣ ਕੇ ਸੰਸਾਰੀ ਲੋਕਾਂ ਨੂੰ ਉਪਦੇਸ਼ ਦੇਣ ਵਾਲੇ ਦਾਤਾ ਬਣੇ।

ਜਿਵੇਂ ਅੰਬਰ = ਬਸਤਰ ਵਿਚ ਸੂਤ੍ = ਸੂਤ ਦੀਆਂ ਤਾਰਾਂ ਓਤਿ ਪੋਤਿ = ਤਾਣਿਓਂ ਪੇਟਿਓਂ ਇੱਕੋ ਹੀ ਪਰਵਿਰਤੀ, ਪਸਾਰੇ ਵਾਲੀ ਹੋਈ ਕਹਿਣ ਵਿਚ ਆਉਂਦੀ ਹੈ, ਇਸੇ ਤਰ੍ਹਾਂ ਗੁਰੂ ਤੇ ਗੋਬਿੰਦ = ਪਰਮੇਸ਼ਰ ਨੂੰ ਸਰਗੁਣ ਨਿਰਗੁਣ ਭਾਵ ਵਿਚ ਜਾਂ ਅਨੇਕਤਾ ਵਿਚ ਏਕਤਾ ਨੂੰ ਵਰਤਾ ਕੇ ਇਕ ਮਿਕ (ਅਭੇਦ) ਹੋ ਕੇ ਸਾਖਸ਼ਾਤ ਨਿਰੰਕਾਰ ਦਾ ਸਰੂਪ ਹੀ ਹੋ ਗਏ। ਜੈਸਾ ਕਿ :

ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥੪॥੧॥੮॥ *(ਆਸਾ ਮ: ੪ ਛੰਤ, ਅੰਗ ੪੪੨)*

ਨੋਟ : ਜੋ ਇਸ ਕਬਿੱਤ ਦੀ ਅਖ਼ੀਰਲੀ ਪੰਕਤੀ ਵਿਚ ਭਾਈ ਸਾਹਿਬ ਜੀ ਨੇ (ਗੁਰੂ ਗੋਬਿੰਦ) ਪਦ ਲਿਖਿਆ ਹੈ, ਇਸ ਦਾ ਭਾਵ ਗੁਰੂ ਹਰਿਗੋਬਿੰਦ ਸਾਹਿਬ ਨਿਕਲ ਸਕਦਾ ਹੈ ਜਾਂ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਭੀ ਹੋ ਸਕਦਾ ਹੈ। ਜੇ ਕਿਸੇ ਸ਼ੰਕਾਵਾਦੀ ਨੂੰ ਇਹ ਸ਼ੰਕਾ ਹੋਵੇ ਕਿ ਭਾਈ ਗੁਰਦਾਸ ਜੀ ਦੇ ਸਮੇਂ ਦਸਵੇਂ ਪਾਤਸ਼ਾਹ ਦਾ ਅਵਤਾਰ ਨਹੀਂ ਸੀ ਹੋਇਆ। ਭਾਵੇਂ ਅਜੇ ਅਵਤਾਰ ਨਹੀਂ ਸੀ ਹੋਇਆ ਪਰ ਭਾਈ ਸਾਹਿਬ ਬ੍ਰਹਮ ਬੇਤੇ ਸਨ, ਉਹ ਇਹ ਗੱਲ ਆਪਣੀ ਭਵਿੱਖਤ ਦ੍ਰਿਸ਼ਟੀ ਨਾਲ ਕਹਿ ਸਕਦੇ ਸਨ। ਜੇਕਰ ਕੋਈ ਐਸਾ

ਨਾ ਮੰਨੇ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤਕ ਤਾਂ ਭਾਈ ਸਾਹਿਬ ਰਹੇ ਹੀ ਹਨ, ਇਹ ਇਤਿਹਾਸ ਵਿੱਚੋਂ ਮਿਲਦਾ ਹੈ, ਪਰ ਲੇਕਿਨ ਇਥੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਾਹਿਬ ਤੋਂ ਹੀ ਭਾਵ ਹੈ ਕਿਉਂਕਿ ਆਦਿ ਗੁਰੂ ਨੇ ਆਪ ਭੀ ਮੁੱਖ ਤੋਂ ਦਸ ਜਾਮੇ ਧਾਰਨ ਕਰਨ ਦੀ ਸੂਚਨਾ ਪਹਿਲਾਂ ਹੀ ਦੇ ਦਿੱਤੀ ਸੀ ਅਤੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੂਸਰੇ ਥਾਂ 'ਤੇ ਹੀ ਹਮੇਸ਼ਾਂ ਕਹਿਣ ਵਿੱਚ ਆਉਂਦੇ ਹਨ ਅਤੇ ਜਦੋਂ ਸਿੱਖਾਂ ਨੇ ਛੇਵੇਂ ਪਾਤਸ਼ਾਹ ਨੂੰ ਬੇਨਤੀ ਕਰ ਕੇ ਪੁੱਛਿਆ ਸੀ ਕਿ ਮਹਾਰਾਜ ਜੀ! ਛੇ ਮਹਲਾਂ ਤਕ ਦਰਸ਼ਨ ਹੋਏ ਹਨ, ਅੱਗੇ ਹੋਰ ਕਿੰਨੇ ਕੁ ਹੋਣਗੇ? ਇਹ ਸਾਰੀ ਵਾਰਤਾ ਨੂੰ ਭਾਈ ਸਾਹਿਬ ਜੀ ਨੇ ਪਹਿਲੀ ਵਾਰ ਦੀ ੪੮ਵੀਂ ਪਉੜੀ ਵਿਚ ਲਿਖਣਾ ਕੀਤਾ ਹੈ ਕਿ:

ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਿਲਾਂ ਤਕਿ ਦਰਸੁ ਨਿਹਾਰੀ।
ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।

ਤਾਂ ਉਸ ਵੇਲੇ ਅਗਮ ਅਗੋਚਰ ਸਤਿਗੁਰੂ ਛੇਵੇਂ ਪਾਤਸ਼ਾਹ ਬੋਲੇ ਕਿ ਹੇ ਸੰਸਾਰੀ ਲੋਕੋ ਸੁਣਨਾ ਕਰੋ ਕਿ:

ਕਲਿਜੁਗਿ ਪੀੜੀ ਸੋਢੀਆਂ ਨਿਹਚਲ ਨੀਵ ਉਸਾਰਿ ਖਲਾਰੀ।
ਜੁਗਿ ਜੁਗਿ ਸਤਿਗੁਰੁ ਧਰੇ ਅਵਤਾਰੀ॥੪੮॥

ਕਲਿਜੁਗ ਵਿਚ ਸੋਢੀਆਂ ਦੀ ਪੀੜ੍ਹੀ ਦੀ ਨੀਂਵ ਅਟੱਲ ਉਸਾਰ ਕੇ ਖੜੀ ਕੀਤੀ ਹੈ, ਪਰ ਹੋਰ ਅਵਤਾਰ ਜੁਗਿ ਜੁਗਿ = ੨ + ੨ = ੪ ਭਾਵ ਚਾਰ ਜਾਮੇ ਹੋਰ ਧਾਰਨ ਕਰਾਂਗੇ, ਇਸ ਕਰਕੇ ਭਾਈ ਸਾਹਿਬ ਜੀ ਨੇ ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਬਾਬਤ ਹੀ ਲਿਖਣਾ ਕੀਤਾ ਹੈ।

ਜੈਸੇ ਬੀਜ ਬੋਇ ਹੋਤ ਬਿਰਖ ਬਿਥਾਰ ਗੁਰ;
ਪੂਰਨ ਬ੍ਰਹਮ ਨਿਰੰਕਾਰ ਏਕੰਕਾਰ ਹੈ॥

ਜੈਸੇ = ਜਿਸ ਪ੍ਰਕਾਰ ਇਕ ਬੀਜ ਦੇ ਬੋਇ = ਬੀਜਿਆਂ ਬਿਰਖ = ਬ੍ਰਿਛ ਦਾ ਬਿਥਾਰ = ਪਸਾਰਾ ਹੋਤ = ਹੁੰਦਾ ਹੈ, ਉਸੇ ਤਰ੍ਹਾਂ ਜੋ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਤੇ ਨਿਰੰਕਾਰ = ਅਕਾਰ ਤੋਂ ਰਹਿਤ ਏਕੰਕਾਰ = ਪਰਮੇਸ਼ਰ ਹੈ, ਉਸ ਨੇ ਹੀ ਗੁਰ = ਸਤਿਗੁਰੂ ਨਾਨਕ ਰੂਪ ਧਾਰਨ ਕੀਤਾ ਹੈ।

ਜੈਸੇ ਏਕ ਬਿਰਖ ਸੈ ਹੋਤ ਹੈ ਅਨੇਕ ਫਲ;
ਤੈਸੇ ਗੁਰਸਿਖ ਸਾਧ ਸੰਗਤਿ ਅਕਾਰ ਹੈ॥

ਜੈਸੇ = ਜਿਸ ਪ੍ਰਕਾਰ ਏਕ = ਇੱਕੋ ਬਿਰਖ = ਬ੍ਰਿਛ ਸੈ = ਤੋਂ ਅਨੇਕ = ਬਹੁਤ ਹੀ ਫਲ ਪੈਦਾ ਹੋਤ = ਹੁੰਦੇ ਹਨ, ਤੈਸੇ = ਉਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਰੂਪੀ ਬ੍ਰਿਛ ਤੋਂ ਗੁਰਸਿੱਖ ਰੂਪੀ ਸਾਧ = ਸ੍ਰੇਸ਼ਟ ਜਨਾਂ ਦੀ ਸੰਗਤ ਰੂਪ ਵਿਚ ਅਨੇਕ ਤਰ੍ਹਾਂ ਦੇ ਅਕਾਰ = ਸਰੂਪ ਪੈਦਾ ਹੋਏ ਹਨ।

ਦਰਸ ਧਿਆਨ ਗੁਰ, ਸਬਦ ਗਿਆਨ ਗੁਰ;
ਨਿਰਗੁਨ ਸਰਗੁਨ ਬ੍ਰਹਮ ਬੀਚਾਰ ਹੈ॥

ਗੁਰਸਿੱਖਾਂ, ਸਾਧਸੰਗਤ ਦੇ ਦਰਸ = ਦੀਦਾਰਾਂ ਵਿਚ ਇੱਕੋ ਗੁਰ = ਸਤਿਗੁਰੂ ਸਾਹਿਬ ਜੀ ਦਾ ਧਿਆਨ = ਖ਼ਿਆਲ ਤੱਕਣਾ ਕਰੋ ਅਤੇ ਗੁਰਸਿੱਖਾਂ, ਸਾਧਸੰਗਤ ਦੇ ਵਿਚ ਹੋ ਰਹੇ ਗੁਰਮਤਿ ਦੇ ਸਬਦ = ਉਪਦੇਸ਼

ਨੂੰ ਗੁਰੂ ਦਾ ਗਿਆਨ ਸਮਝਣਾ ਕਰੋ। ਇਸ ਤਰ੍ਹਾਂ ਗੁਰਸਿੱਖਾਂ, ਸਾਧਸੰਗਤ ਵਿਚ ਇਹੋ ਬੀਚਾਰ = ਨਿਰਨਾ ਕਰੋ ਕਿ ਗੁਰੂ ਸਰੂਪ ਵਿਚ ਅਸੀਂ ਸਰਗੁਣ ਸਰੂਪ ਬ੍ਰਹਮ ਦਾ ਦਰਸ਼ਨ ਕਰ ਰਹੇ ਹਾਂ ਅਤੇ ਸ਼ਬਦ ਦੇ ਗਿਆਨ ਵਿਚ ਜੋ ਗਿਆਨ ਗੁਰੂ ਬਾਬਤ ਹੈ, ਉਸਨੂੰ ਨਿਰਗੁਣ ਬ੍ਰਹਮ ਨਿਸਚੇ ਕਰੋ।

ਵਾ: ਜੋ ਗੁਰ = ਸਤਿਗੁਰਾਂ ਦਾ ਦਰਸ = ਦੀਦਾਰ ਕਰਨਾ ਹੈ, ਇਹੋ ਇਕ ਸਰਗੁਣ ਸਰੂਪ ਪਰਮੇਸ਼ਰ ਦਾ ਧਿਆਨ ਕਰਨਾ ਹੈ ਅਤੇ ਜੋ ਗੁਰਾਂ ਦੇ ਸਬਦ = ਉਪਦੇਸ਼ ਦਾ ਗਿਆਨ ਹੈ, ਗੁਰੂ ਅਤੇ ਪਰਮੇਸ਼ਰ ਦੀ ਆਪਸੀ ਏਕਤਾ ਹੋਣ ਦਾ ਗਿਆਣ ਹੋਣਾ, ਇਹ ਨਿਰਗੁਣ ਸਰੂਪ ਬ੍ਰਹਮ ਦਾ ਗਿਆਨ ਹੈ, ਇਹੋ ਹੀ ਨਿਰਗੁਣ ਸਰਗੁਣ ਸਰੂਪ ਬ੍ਰਹਮ ਦਾ ਵਿਚਾਰ ਹੈ।

ਗਿਆਨ ਧਿਆਨ ਬ੍ਰਹਮ ਸਥਾਨ ਸਾਵਧਾਨ;
ਸਾਧਸੰਗਤਿ ਪ੍ਰਸੰਗ ਪ੍ਰੇਮ ਭਗਤਿ ਉਧਾਰ ਹੈ ॥੫੫॥

ਇਸ ਤਰੀਕੇ ਨਾਲ ਸਾਧ = ਸ੍ਰੇਸ਼ਟ ਜਨਾਂ ਦੀ ਸੰਗਤ ਜਾਂ ਗੁਰਸਿੱਖਾਂ ਦੀ ਸੰਗਤ ਵਿਚ ਪੂਰਨ ਗੁਰੂ ਤੇ ਬ੍ਰਹਮ = ਵਿਆਪਕ ਪਰਮੇਸ਼ਰ ਦੀ ਸਥਾਨ = ਇਸਥਿਤੀ ਦਾ ਨਿਰਨਾ ਕਰਨਾ ਹੈ ਅਤੇ ਗੁਰਾਂ **ਵਾ:** ਬ੍ਰਹਮ ਦਾ ਗਿਆਨ ਤੇ ਗੁਰਾਂ **ਵਾ:** ਬ੍ਰਹਮ ਦਾ ਧਿਆਨ ਸਾਵਧਾਨ = ਚਿੱਤ ਦੀ ਇਕਾਗਰਤਾ ਦੇ ਸਹਿਤ ਕਰਨਾ ਹੈ, ਇਹੋ ਮਾਨੋ ਸੰਸਾਰ-ਸਮੁੰਦਰ ਤੋਂ ਉਧਾਰ = ਤਾਰਨ ਵਾਲੀ ਅਸਲੀ ਪ੍ਰੇਮਾ ਭਗਤਿ = ਭਗਤੀ ਹੈ, ਭਾਵ ਗੁਰਸਿੱਖਾਂ ਦੀ ਸੰਗਤ ਜਾਂ ਗੁਰੂ ਦੀ ਪ੍ਰਾਪਤੀ ਕਰਾਉਣ ਵਾਲੀ ਸੰਗਤ ਦਾ ਦੀਦਾਰ ਅਤੇ ਉਪਦੇਸ਼ ਦਾ ਧਿਆਨ ਨਾਲ ਸੁਣਨਾ ਮੰਨਣਾ ਹੀ ਇਸ ਘਰ ਦੀ ਪ੍ਰੇਮਾ-ਭਗਤੀ ਸੰਸਾਰ-ਸਮੁੰਦਰ ਤੋਂ ਪਾਰ ਉਤਾਰੇ ਦਾ ਕਾਰਨ ਹੈ॥੫੫॥

ਫਲ ਮੂਲ, ਮੂਲ ਫਲ, ਮੂਲ ਫਲ ਫਲ ਮੂਲ;
ਆਦਿ ਪਰਮਾਦਿ ਅਰੁ ਅੰਤ ਕੈ ਅਨੰਤ ਹੈ ॥

ਜਿਵੇਂ ਫਲ ਮੂਲ = ਮੁੱਢ, ਭਾਵ ਕਾਰਣ ਬੀਜ ਤੋਂ ਪ੍ਰਗਟ ਹੋ ਕੇ ਆਪ ਮੂਲ = ਮੁੱਢ ਰੂਪ ਬਣ ਕੇ ਫਲ ਨੂੰ ਪੈਦਾ ਕਰਦਾ ਹੈ ਤੇ ਉਹੋ ਫਲ ਅੱਗੇ ਫੇਰ ਮੂਲ = ਮੁੱਢ ਰੂਪ ਹੋ ਕੇ ਫਲ ਨੂੰ ਪ੍ਰਗਟ ਕਰਦਾ ਹੈ ਅਤੇ ਇਸ ਪ੍ਰਕਾਰ ਫਲ ਤੇ ਮੁੱਢ (ਮੂਲ) ਦੇ ਕਰਮ ਦੀ ਆਦਿ = ਆਰੰਭਤਾ ਪਰਮਾਦਿ = ਆਦਿ ਤੋਂ ਪਰੇ ਹੈ, ਭਾਵ ਇਹ ਫਲ ਤੇ ਮੁੱਢ ਦਾ ਸਿਲਸਿਲਾ ਇਸੇ ਤਰ੍ਹਾਂ ਹੀ ਅਨਾਦੀ ਰੂਪ ਹੈ ਅਰੁ = ਅਤੇ ਅਜਿਹਾ ਹੀ ਅੰਤ ਕੈ = ਦੇ ਬਾਅਦ ਅਨੰਤ = ਬੇਅੰਤ ਵੀ ਹੈ।

ਪਿਤ ਸੁਤ, ਸੁਤ ਪਿਤ, ਸੁਤ ਪਿਤ, ਪਿਤ ਸੁਤ;
ਉਤਪਤਿ ਗਤਿ ਅਤਿ ਗੂੜ ਮੂਲ-ਮੰਤ ਹੈ ॥

ਇਸੇ ਤਰ੍ਹਾਂ ਹੀ ਪਿਤ = ਪਿਉ ਤੋਂ ਸੁਤ = ਪੁੱਤਰ ਪੈਦਾ ਹੁੰਦਾ ਹੈ ਤੇ ਸੁਤ = ਪੁੱਤਰ ਅੱਗੇ ਫੇਰ ਪਿਤ = ਪਿਤਾ ਬਣ ਕੇ ਪੁੱਤਰ ਪੈਦਾ ਕਰਦਾ ਹੈ ਅਤੇ ਉਹ ਸੁਤ = ਪੁੱਤਰ ਦੁਬਾਰਾ ਪਿਤ = ਪਿਓ ਬਣਦਾ ਹੈ ਅਤੇ ਇਸ ਪ੍ਰਕਾਰ ਪਿਓ ਪੁੱਤਰ ਦੇ ਸਿਲਸਿਲੇ ਦੀ ਗਤਿ = ਗਤੀ ਦਾ ਮੂਲ ਮੰਤਰ ਭਾਵ ਨਿਰਨਾ ਅਤਿ = ਅਤਿਅੰਤ ਗੂੜ = ਡੂੰਘਾ ਭਾਵ ਅਤਿਅੰਤ ਗੁੱਝਾ ਭੇਦ ਹੈ।

ਅਥਵਾ ਜਿਵੇਂ ਪਿਤਾ ਤੋਂ ਪੁੱਤਰ ਪੈਦਾ ਹੁੰਦਾ ਹੈ ਤੇ ਪੁੱਤਰ ਫੇਰ ਅੱਗੇ ਪਿਤਾ ਬਣ ਕੇ ਪੁੱਤਰ ਪੈਦਾ ਕਰਦਾ ਹੈ, ਫੇਰ ਪੁੱਤਰ ਦੁਬਾਰਾ ਪਿਤਾ ਬਣਦਾ ਹੈ, ਇਹ ਪੈਦਾਇਸ਼ ਹੋਣ ਦੀ ਮਰਯਾਦਾ ਵਿਸਮਾਦ ਹੈ।

ਇਸੇ ਤਰ੍ਹਾਂ ਜੋ ਪੂਰੇ ਗੁਰੂ (ਸ੍ਰੀ ਗੁਰੂ ਨਾਨਕ ਦੇਵ ਜੀ) ਨੇ '੧ਓ' ਤੋਂ ਲੈ ਕੇ 'ਨਾਨਕ ਹੋਸੀ ਭੀ ਸਚੁ' ਤਕ ਮੂਲ ਮੰਤਰ ਦਾ ਸਿੱਖਾਂ ਨੂੰ ਉਪਦੇਸ਼ ਦਿੱਤਾ ਹੈ, ਉਸ ਦਾ ਸਿਧਾਂਤ ਗੂੜ = ਡੂੰਘਾ, ਭਾਵ ਗੁੱਝਾ ਭੇਦ ਛੁਪਿਆ ਹੋਇਆ ਹੈ, ਇਸਦਾ ਕੋਈ ਅੰਤ ਨਹੀਂ ਲੈ ਸਕਦਾ।

ਪਥਿਕ ਬਸੇਰਾ ਕੋ ਨਿਬੇਰਾ ਜਿਉ ਨਿਕਸਿ ਬੈਠ;
ਇਤ ਉਤ ਵਾਰ ਪਾਰ ਸਰਿਤਾ ਸਿਧੰਤ ਹੈ॥

ਜਿਉ = ਜਿਸ ਤਰ੍ਹਾਂ ਪਥਿਕ = ਮੁਸਾਫ਼ਰਾਂ ਦੇ ਬਸੇਰਾ = ਨਿਵਾਸ ਕੋ = ਦਾ ਨਿਬੇਰਾ = ਫ਼ੈਸਲਾ ਹੁੰਦਾ ਹੈ ਕਿ ਕਦੀ ਬੇੜੀ ਵਿਚ ਬੈਠ ਕੇ, ਕਦੀ ਬੇੜੀ ਵਿੱਚੋਂ ਨਿਕਲ ਕੇ ਸਰਿਤਾ = ਨਦੀ ਦੇ ਉਸ ਕਿਨਾਰੇ ਪਾਰ ਸਿਧੰਤ = ਸਿਧਾਰਦਾ ਹੈ ਤੇ ਕਦੇ ਇਤ = ਇਸ ਵਾਰ = ਭਾਵ ਉਰਲੇ ਪਾਸੇ = ਪਹੁੰਚਦਾ ਹੈ।

ਪੂਰਨ ਬ੍ਰਹਮ ਗੁਰ ਗੋਬਿੰਦ ਗੋਬਿੰਦ ਗੁਰ;
ਅਬਿਗਤ ਗਤਿ ਸਿਮਰਤ ਸਿਖ ਸੰਤ ਹੈ॥੫੬॥

ਇਸੇ ਤਰ੍ਹਾਂ ਉਪਰੋਕਤ ਉਦਾਹਰਣਾਂ ਵਾਂਗ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਜੀ ਆਪ ਗੁਰੂ ਨਾਨਕ ਰੂਪ ਹੋ ਕੇ ਇਸ ਸੰਸਾਰ ਦੇ ਜੀਵਾਂ ਨੂੰ ਤਾਰਨ ਵਾਸਤੇ ਪ੍ਰਗਟ ਹੋਏ ਤੇ ਗੁਰ = ਸਤਿਗੁਰੂ ਸਾਹਿਬ ਜੀ ਦੁਬਾਰਾ ਗੋਬਿੰਦ = ਪਰਮੇਸ਼ਰ ਦਾ ਰੂਪ ਹੋਏ ਤੇ ਉਹੋ ਹੀ ਗੋਬਿੰਦ = ਪਰਮੇਸ਼ਰ ਤੇ ਗੁਰੂ ਪ੍ਰਗਟ ਹੋਣ ਦਾ ਕਾਰਨ ਹੁੰਦੇ ਆਏ, ਜਿਸ ਸਿਲਸਿਲੇ ਦੀ ਗਤਿ = ਗਿਆਤ ਅਬਿਗਤਿ = ਨਾ ਜਾਣਨੇ ਯੋਗ ਹੈ, ਸਿਰਫ਼ ਗੁਰੂ ਦੇ ਸਿੱਖ ਤੇ ਸੰਤ = ਮਹਾਤਮਾ ਜਨ ਹੀ ਇਸ ਗਹਿਰੇ ਸਿਧਾਂਤ ਨੂੰ ਸਿਮਰਤ = ਸਿਮਰਦੇ, ਸਮਝਣਾ ਕਰਦੇ ਹਨ ॥੫੬॥

ਗੁਰਮੁਖਿ ਪੰਥ ਗਹੇ ਜਮਪੁਰਿ ਪੰਥ ਮੇਟੇ;
ਗੁਰਸਿਖ ਸੰਗਿ ਪੰਚ ਦੂਤ ਸੰਗ ਤਿਆਗੇ ਹੈ॥

ਪੂਰਨ ਸਤਿਗੁਰੂ ਸਾਹਿਬ ਜੀ ਦਾ ਚਲਾਇਆ ਹੋਇਆ ਗੁਰਮੁਖਤਾਈ ਵਾਲਾ ਪੰਥ = ਰਸਤਾ ਗਹੇ = ਗ੍ਰਹਿਣ, ਧਾਰਨ ਕੀਤਿਆਂ ਜਮਪੁਰਿ = ਜਮਾਂ ਦੀ ਪੁਰੀ ਨੂੰ ਜਾਣ ਵਾਲਾ ਪੰਥ = ਰਸਤਾ ਮੇਟੇ = ਨਵਿਰਤ ਹੋ ਜਾਂਦਾ ਹੈ ਅਤੇ ਇਸ ਗੁਰਮੁਖਤਾਈ ਵਾਲੇ ਮਾਰਗ ਦਾ ਉਪਦੇਸ਼ ਜਾਂ ਸਿੱਖਿਆ ਧਾਰਨ ਵਾਲਿਆਂ ਗੁਰਸਿੱਖਾ ਦੀ ਸੰਗਿ = ਸੰਗਤ ਵਿਚ ਬੈਠਣ ਵਾਲੇ ਪੁਰਖਾਂ ਦਾ ਪੰਚ = ਪੰਜ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਰੂਪ ਦੂਤ ਸੰਗ = ਸਾਥ ਤਿਆਗੇ = ਛੱਡ ਦਿੰਦੇ ਹੈ = ਹਨ, ਭਾਵ ਗੁਰਮੁਖ ਜਨਾਂ ਦੀ ਸੰਗਤ ਕਰਨ ਵਾਲੇ ਪੁਰਖਾਂ ਨੂੰ ਵਿਸ਼ੇ-ਵਿਕਾਰ ਅਧੀਨ ਨਹੀਂ ਕਰਦੇ।

ਚਰਨ ਸਰਨਿ ਗੁਰ ਕਰਮ ਭਰਮ ਖੋਏ;
ਦਰਸ ਅਕਾਲ ਕਾਲ ਕੰਟਕ ਭੈ ਭਾਗੇ ਹੈ॥

ਪੂਰਨ ਗੁਰ = ਸਤਿਗੁਰਾਂ ਦੇ ਚਰਨ ਦੀ ਸਰਨਿ = ਓਟ ਵਿਚ ਪੈਣ ਕਰਕੇ ਕਰਮ-ਕਾਂਡ ਤੇ ਪੰਜ ਪ੍ਰਕਾਰ ਦਾ ਕਰਮ = ਭੁਲੇਖਾ ਵੀ ਖੋਟੇ = ਨਵਿਰਤ ਹੋ ਜਾਂਦਾ ਹੈ ਅਤੇ ਅਕਾਲ = ਕਾਲ ਤੋਂ ਰਹਿਤ ਗੁਰਾਂ, ਪਰਮੇਸ਼ਰ

ਦੇ ਸਾਖਸ਼ਾਤ ਦਰਸ = ਦੀਦਾਰ ਕਰ ਕੇ ਕੰਟਕ = ਕੰਡੇ ਵਾਂਗ ਦੁਖਦਾਇਕ ਕਾਲ = ਜਮਦੂਤਾਂ ਦਾ ਭੈ = ਡਰ ਵੀ ਭਾਗੇ = ਦੌੜ ਜਾਂਦਾ ਹੈ।

ਗੁਰ ਉਪਦੇਸ ਵੇਸ ਬੱਜਰ ਕਪਾਟ ਖੁਲੇ;
ਸਬਦ ਸੁਰਤਿ ਮੂਰਛਤ ਮਨ ਜਾਗੇ ਹੈ॥

ਗੁਰ-ਉਪਦੇਸ਼ ਵਿਚ ਵੇਸ = ਪ੍ਰਵੇਸ਼ ਪਾ ਲੈਣ ਕਰਕੇ, ਭਾਵ ਗੁਰ-ਉਪਦੇਸ਼ ਦੁਆਰਾ ਨਾਮ ਦੀ ਕਮਾਈ ਕਰ ਕੇ ਬੱਜਰ = ਸਖ਼ਤ ਆਸਾ ਅੰਦੇਸਾ **ਵਾ:** ਰਾਗ ਦ੍ਵੈਖ **ਵਾ:** ਅਗਿਆਨ ਤੇ ਭਰਮ ਰੂਪੀ ਕਪਾਟ = ਕਿਵਾੜ (ਤਖ਼ਤੇ) ਵੀ ਖੁਲੇ = ਖੁੱਲ੍ਹ ਜਾਂਦੇ ਹਨ ਅਤੇ ਗੁਰ ਸਬਦ = ਉਪਦੇਸ਼ ਵਿਚ ਸੁਰਤਿ = ਬਿਰਤੀ ਦੇ ਪੂਰਨ ਪਰਚਨੇ ਕਰਕੇ ਮੂਰਛਤ = ਅਗਿਆਨ ਵਿਚ ਬੇਸੁੱਧ ਹੋਇਆ ਮਨ ਵੀ ਗਿਆਨ ਅਵਸਥਾ ਵਿਚ ਜਾਗੇ = ਜਾਗ ਆਉਂਦਾ ਹੈ।

ਕਿੰਚਤ ਕਟਾਛ ਕ੍ਰਿਪਾ ਸਰਬ ਨਿਧਾਨ ਪਾਏ;
ਜੀਵਨ ਮੁਕਤਿ ਗੁਰ ਗਿਆਨ ਲਿਵ ਲਾਗੇ ਹੈ॥੫੭॥

ਇਸ ਅਵਸਥਾ ਵਿਚ ਗੁਰਾਂ ਦੀ ਕਿੰਚਤ = ਥੋੜ੍ਹੀ ਮਾਤਰ ਵੀ ਕ੍ਰਿਪਾ = ਮਿਹਰ ਭਰੀ ਕਟਾਛ = ਦ੍ਰਿਸ਼ਟੀ ਪੈਂਦਿਆਂ ਹੀ ਵੈਰਾਗ, ਬਿਬੇਕ, ਭਗਤੀ ਆਦਿ ਦੇ ਸਰਬ = ਸਾਰੇ ਨਿਧਾਨ = ਭੰਡਾਰੇ ਪਾਏ = ਪ੍ਰਾਪਤ ਹੋ ਆਉਂਦੇ ਹਨ ਅਤੇ ਗੁਰਾਂ ਦੀ ਕ੍ਰਿਪਾ ਦੁਆਰਾ ਪ੍ਰਭੂ ਦਾ ਯਥਾਰਥ ਗਿਆਨ ਪ੍ਰਗਟ ਹੋ ਕੇ ਉਸ ਵਿਚ ਚਿੱਤ ਦੀ ਲਿਵ = ਬਿਰਤੀ ਲਾਗੇ = ਲੱਗੀ ਰਹਿੰਦੀ ਹੈ ਤੇ ਗੁਰਮੁਖ ਪੁਰਖ ਨੂੰ ਜੀਵਨ ਮੁਕਤਿ = ਮੁਕਤੀ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ॥੫੭॥

ਉਪਰੋਕਤ ਕਬਿੱਤ ਦੀਆਂ ਚਾਰ ਤੁਕਾਂ ਵਿਚ ਚਾਰ ਭਾਵ ਸਮਝਣੇ :

੧. ਸਿੱਧੇ ਢੰਗ ਨਾਲ ਸਾਧਸੰਗਤ ਵਿਚ ਆ ਕਰਕੇ ਮਿਲ ਬੈਠਣਾ, ਸ਼ਰਧਾ ਧਾਰ ਕੇ ਮਿਲਾਪ ਕਰਨਾ, ਇਹ ਗੁਰਮੁਖ ਦਾ ਪਹਿਲਾ ਦਰਜਾ ਹੈ।

੨. ਗੁਰੂ ਸਾਹਿਬ ਦੀ ਦੱਸੀ ਹੋਈ ਮਰਯਾਦਾ ਅਨੁਸਾਰ ਚਰਨਾਮ੍ਰਿਤ ਲੈਣਾ ਅਥਵਾ ਹੁਣ ਦੀ ਮਰਯਾਦਾ ਅਨੁਸਾਰ ਅੰਮ੍ਰਿਤ ਛਕਣਾ ਅਤੇ ਗੁਰੂ ਸਾਹਿਬ ਜੀ ਦੇ ਉਪਦੇਸ਼ ਦਾ ਧਾਰਨੀ ਹੋਣਾ, ਇਹ ਗੁਰਮੁਖਤਾਈ ਦਾ ਦੂਸਰਾ ਦਰਜ ਹੈ।

੩. ਗੁਰੂ ਦੇ ਉਪਦੇਸ਼ ਦੁਆਰਾ ਕਮਾਈ ਵਿਚ ਤੀਬਰਤਾ ਨਾਲ ਲੱਗ ਜਾਣਾ, ਉਸੇ ਕਮਾਈ ਦੁਆਰਾ ਅੰਤਰ-ਆਤਮੇ ਖੇੜਾ ਪ੍ਰਾਪਤ ਹੋ ਜਾਣਾ ਭਾਵ ਅੰਤਰਮੁਖੀ ਬਿਰਤੀ ਹੋ ਕੇ ਸੁਰਤਿ ਦਾ ਪਰਚਾ ਪ੍ਰਾਪਤ ਹੋ ਜਾਣਾ।

੪. ਗੁਰੂ ਦੀ ਸੰਪੂਰਨ ਬਖ਼ਸ਼ਿਸ਼ ਨਾਲ ਲੱਗੀ ਲਿਵ ਦੇ ਮੰਡਲ ਵਿਚ ਵਾਹਿਗੁਰੂ ਦੇ ਸਰੂਪ ਦਾ ਅਪ੍ਰੋਖ ਬ੍ਰਹਮ ਗਿਆਨ ਪ੍ਰਾਪਤ ਕਰ ਕੇ ਜੀਵਨ ਮੁਕਤੀ ਦਾ ਅਨੰਦ ਮਾਣਨਾ।

ਗੁਰਮੁਖਿ ਪੰਥ ਸੁਖ ਚਾਹਤ ਸਕਲ ਪੰਥ;
ਸਕਲ ਦਰਸ ਗੁਰ ਦਰਸ ਅਧੀਨ ਹੈ॥

ਸਕਲ = ਸਾਰੇ ਪੰਥ = ਪੱਧਤੀਆਂ, ਸਾਰੇ ਮੱਤਾਂ ਦੇ ਲੋਕ ਗੁਰਮੁਖਤਾਈ ਜਾਂ ਗੁਰਸਿੱਖੀ ਦੇ ਪੰਥ = ਰਸਤੇ

ਦੇ ਸੁਖ = ਆਨੰਦ ਨੂੰ ਚਾਹਤ = ਚਾਹੁੰਦੇ ਹਨ, ਭਾਵ ਗੁਰਸਿੱਖੀ ਦਾ ਮਾਰਗ ਪਰਮੇਸ਼ਰ ਨੇ ਆਪ ਗੁਰੂ ਅਵਤਾਰ ਧਾਰ ਕੇ ਚਲਾਇਆ ਹੈ, ਜਦ ਦੂਸਰੇ ਮਤ ਰਿਖੀਆਂ ਮੁਨੀਆਂ ਨੇ ਚਲਾਏ ਹਨ, ਇਸ ਲਈ ਸਕਲ = ਸਾਰੇ ਦਰਸ = ਦਰਸ਼ਨ ਗੁਰ = ਸਤਿਗੁਰੂ ਸਾਹਿਬ ਜੀ ਦੇ ਦਰਸ = ਦਰਸ਼ਨਾਂ (ਮੱਤ) ਦੇ ਅਧੀਨ = ਵਸੀਭੂਤ ਹੈ = ਹਨ **ਵਾ:** ਸਾਰੇ ਲੋਕ ਪੂਰੇ ਗੁਰੂ ਦਾ ਦੀਦਾਰ ਇਸ ਲਈ ਚਾਹੁੰਦੇ ਹਨ, ਕਿਉਂਕਿ ਸਾਰੇ ਦੇਵੀ ਦੇਵਤਿਆਂ ਦੇ ਦਰਸ਼ਨ ਵੀ ਗੁਰੂ ਦੇ ਦਰਸ਼ਨ ਦੇ ਅਧੀਨ ਹਨ, ਇਸ ਲਈ ਜਿਸ ਨੇ ਪੂਰੇ ਗੁਰੂ ਦੇ ਦਰਸ਼ਨ ਕਰ ਲਏ, ਉਸ ਨੂੰ ਸਾਰੇ ਦਰਸ਼ਨ ਪ੍ਰਾਪਤ ਹੋ ਜਾਂਦੇ ਹਨ।

ਸੁਰ ਸੁਰਸਰਿ ਗੁਰ ਚਰਨ ਸਰਨ ਚਾਹੈ;
ਬੇਦ ਬ੍ਰਹਮਾਦਿਕ ਸਬਦ ਲਿਵ ਲੀਨ ਹੈ॥

ਪੂਰੇ ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨ = ਓਟ ਤਾਂ ਸੁਰ = ਦੇਵਤੇ ਤੇ ਸੁਰਸਰਿ = ਗੰਗਾ ਆਦਿ ਸਾਰੇ ਤੀਰਥ ਵੀ ਚਾਹੈ = ਚਾਹੁੰਦੇ ਹਨ **ਵਾ:** ਪੂਰੇ ਸਤਿਗੁਰਾਂ ਦੀ ਚਰਨਾਂ ਦੀ ਓਟ ਲੈਣ ਵਾਲੇ ਗੁਰਮੁਖਾਂ ਦੀ ਚਰਨ ਧੂੜੀ ਨੂੰ ਸਾਰੇ ਤੀਰਥ ਚਾਹੁਣ ਲੱਗ ਪੈਂਦੇ ਹਨ, ਗੁਰਮੁਖ ਜਨ ਐਸਾ ਪਵਿੱਤਰ ਹੋ ਜਾਂਦਾ ਹੈ ਅਤੇ ਰਿਗ, ਯੁਜਰ ਆਦਿ ਬੇਦ ਤੇ ਬ੍ਰਹਮਾਦਿਕ = ਬ੍ਰਹਮਾ ਆਦਿ ਦੇਵਤੇ ਸਾਰੇ ਹੀ ਗੁਰਾਂ ਦੇ ਸਬਦ = ਉਪਦੇਸ਼, ਕੀਰਤੀ ਵਿਚ ਚਿਤ ਦੀ ਲਿਵ = ਬਿਰਤੀ ਲਾ ਕੇ ਲੀਨ = ਮਗਨ ਹੈ = ਹਨ।

ਸਰਬ ਗਿਆਨ ਗੁਰ ਗਿਆਨ ਅਵਗਾਹਨ ਮੈ;
ਸਰਬ ਨਿਧਾਨ ਗੁਰ ਕ੍ਰਿਪਾ ਜਲ ਮੀਨ ਹੈ॥

ਸਰਬ = ਸਾਰੇ ਗਿਆਨ **ਵਾ:** ਗਿਆਨਵਾਨ ਪੂਰਨ ਗੁਰ = ਸਤਿਗੁਰੂ ਸਾਹਿਬ ਜੀ ਦੇ ਗਿਆਨ ਨੂੰ ਅਵਗਾਹਨ = ਖੋਜਣ ਮੈ = ਵਿਚ ਲੱਗੇ ਰਹਿੰਦੇ ਹਨ, ਇਸੇ ਕਰਕੇ ਉਨ੍ਹਾਂ ਨੂੰ ਗੁਰ = ਸਤਿਗੁਰਾਂ ਦੀ ਕ੍ਰਿਪਾ = ਮੇਹਰ ਸਦਕਾ ਸਰਬ = ਸਾਰੇ ਧਰਮ, ਅਰਥ, ਕਾਮ, ਮੋਖ ਆਦਿ ਪਦਾਰਥਾਂ ਦੇ ਨਿਧਾਨ = ਖ਼ਜ਼ਾਨੇ ਇਸ ਤਰ੍ਹਾਂ ਪ੍ਰਾਪਤ ਹੁੰਦੇ ਹਨ, ਜਿਵੇਂ ਜਲ = ਪਾਣੀ ਤੇ ਮੀਨ = ਮੱਛੀ ਦਾ ਸੰਬੰਧ ਹੁੰਦਾ ਹੈ **ਵਾ:** ਸਰਬ = ਸਾਰੀਆਂ ਰਿਧੀਆਂ ਸਿਧੀਆਂ ਦੇ ਖ਼ਜ਼ਾਨੇ ਪ੍ਰਾਪਤ ਹੋ ਜਾਂਦੇ ਹਨ ਤੇ ਗੁਰਾਂ ਦੇ ਕ੍ਰਿਪਾ ਰੂਪੀ ਜਲ = ਪਾਣੀ ਵਿਚ ਸਾਰੇ ਗੁਰਮੁਖ ਜਨ ਮੀਨ = ਮੱਛੀ ਵਤ ਪਏ ਰਹਿੰਦੇ ਹਨ।

ਜੋਗੀ ਜੋਗ ਜੁਗਤਿ ਮੈ, ਭੋਗੀ ਭੋਗ ਭੁਗਤਿ ਮੈ;
ਗੁਰਮੁਖਿ ਨਿਜ ਪਦ ਕੁਲ ਅਕੁਲੀਨ ਹੈ॥੫੮॥

ਇਸ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਪ੍ਰਾਪਤ ਹੁੰਦਾ ਹੈ, ਜੋਗ ਸਾਧਨਾ ਦੀ ਜੁਗਤਿ = ਜੁਗਤੀ ਵਿਚ ਜਾਂ ਜੋਗ ਸਾਧਨਾ ਵਾਲੇ ਗੁਣਾਂ ਦੇ ਸਹਿਤ ਹੋਣ ਕਰਕੇ ਉਹ ਜੋਗੀ ਹੁੰਦਾ ਹੈ **ਵਾ:** ਪਰਮੇਸ਼ਰ ਦੇ ਨਾਮ ਵਿਚ ਜੁਗਤਿ = ਜੁੜਨ ਕਰਕੇ ਉਹ ਅਸਲੀ ਜੋਗੀ ਹੈ ਤੇ ਸੰਸਾਰੀ ਭੋਗ = ਪਦਾਰਥਾਂ ਦੇ ਭੁਗਤਿ = ਭੁਗਤਣ, ਛਕਣ ਜਾਂ ਸੰਸਾਰੀ ਪ੍ਰਭੁਤਾ, ਸੁੱਖਾਂ ਦੇ ਭੋਗਣ ਵਿਚ ਉਹ ਭੋਗੀ = ਵਿਭੂਤੀ ਵਾਨ ਹੁੰਦਾ ਹੈ, ਪਰੰਤੂ ਉਹ ਗੁਰਮੁਖ ਅਸਲ ਵਿਚ ਨਿਜ ਪਦ = ਆਪਣੀ ਆਤਮਿਕ ਪਦਵੀ ਜਾਂ ਆਤਮ ਪਦ ਵਿਚ ਟਿਕਾਅ ਪਾ ਕੇ ਦੇਹ ਅਧਿਆਸ ਤੋਂ ਰਹਿਤ ਹੋਇਆ ਕੁਲ = ਵੰਸ, ਜਾਤ, ਪਾਤ ਆਦਿ ਵੱਲੋਂ ਅਕੁਲੀਨ ਹੁੰਦਾ ਹੈ, ਭਾਵ ਕਿਸੇ ਕੁਲ ਨਾਲ

ਸੰਬੰਧ ਨਹੀਂ ਰੱਖਦਾ, ਕੇਵਲ ਇਕ ਗੁਰੂ ਕਾ ਸਿੱਖ ਬਣ ਕੇ ਰਹਿੰਦਾ ਹੈ, ਸਭ ਜਾਤਾਂ ਪਾਤਾਂ ਤੋਂ ਰਹਿਤ ਹੋ ਜਾਂਦਾ ਹੈ॥੫੮॥

ਉਲਟਿ ਪਵਨ ਮਨ ਮੀਨ ਕੀ ਚਪਲ ਗਤਿ;
ਸੁਖਮਨਾ ਸੰਗਮ ਕੈ ਬ੍ਰਹਮ ਸਥਾਨ ਹੈ॥

ਉਪਰੋਕਤ ਵਖਿਆਨ ਕੀਤੀ ਵਾਰਤਾ ਅਨੁਸਾਰ ਮੱਛੀ ਦੀ ਚਪਲ = ਚੰਚਲ ਗਤਿ = ਗਤੀ ਸਮਾਨ ਮਨ ਤੇ ਪਵਨ = ਹਵਾ ਸੁਖਮਨਾ ਨਾੜੀ ਦੇ ਸੰਗਮ = ਸਾਥ ਕੈ = ਕਰਕੇ ਬਾਹਰਮੁਖ ਵੱਲੋਂ ਅੰਤਰਮੁਖ ਉਲਟਿ = ਪਲਟ ਕੇ ਬ੍ਰਹਮ = ਵਿਆਪਕ ਪ੍ਰਭੂ ਦੇ ਸਥਾਨ = ਨਿਵਾਸ ਵਿਚ ਹੋਵੇ, ਭਾਵ ਬ੍ਰਹਮ ਰੰਧਰ, ਦਸਮ ਦੁਆਰ ਅਰਥਾਤ ਮੋਖ ਦੁਆਰ ਵਿਚ ਟਿਕਣਾ ਕਰੇ ਜਾਂ ਬਿਰਤੀ ਇਸਥਿਤ ਕਰੇ।

ਸਾਗਰ ਸਲਿਲ ਗਹਿ ਗਗਨ ਘਟਾ ਘਮੰਡ;
ਉਨਮਨਿ ਮਗਨ ਲਗਨ ਗੁਰ ਗਿਆਨ ਹੈ॥

ਜਿਸ ਪ੍ਰਕਾਰ ਸਾਗਰ = ਸਮੁੰਦਰ ਵਿੱਚੋਂ ਸਲਿਲ = ਪਾਣੀ ਹਵਾ ਨਾਲ ਗਹਿ = ਗ੍ਰਹਿਣ, ਖਿੱਚ ਕੇ ਗਗਨ = ਆਕਾਸ਼ ਵਿਚ ਘਟਾ ਰੂਪ ਵਿਚ ਘਮੰਡ (ਘ + ਮੰਡ) ਘ = ਬੱਦਲ ਮੰਡ = ਫਿਰਦੇ, ਆਉਣਾ ਕਰਦੇ ਹਨ, ਉਸੇ ਪ੍ਰਕਾਰ ਮਨ ਪ੍ਰਾਣਾਂ ਰੂਪ ਸਮੁੰਦਰ ਦੇ ਪਾਣੀ ਨਾਭੀ ਤੋਂ ਪਵਣ ਨੂੰ ਹੌਲੀ-ਹੌਲੀ ਸੁਖਮਨਾ ਨਾੜੀ ਰਾਹੀਂ ਗ੍ਰਹਿਣ ਕਰ ਕੇ ਗੁਰ = ਗੁਰਾਂ ਦੇ ਉਪਦੇਸ਼ ਦੁਆਰਾ ਗਿਆਨ ਦੀ ਪ੍ਰਾਪਤੀ ਦੇ ਵਿਚ ਲਗਨ = ਲੱਗਿਆ ਹੋਇਆ ਉਨਮਨ = ਗਿਆਨ ਅਵਸਥਾ ਵਿਚ ਮਗਨ = ਮਸਤ ਹੋ ਜਾਂਦਾ ਹੈ।

ਜੋਤਿ ਮੈ ਜੋਤੀ ਸਰੂਪ ਦਾਮਿਨੀ ਚਮਤਕਾਰ;
ਗਰਜਤ ਅਨਹਦ ਸਬਦ ਨੀਸਾਨ ਹੈ॥

ਇਉਂ ਪੁਨਾ ਪੁਨਾ ਸੁਆਸ ਸੁਆਸ ਨਾਮ ਦੀ ਤਾਰ ਬੰਨ੍ਹ ਕੇ, ਪ੍ਰਾਣਾਂ ਦੇ ਦਸਵੇਂ ਦੁਆਰ ਵਿਚ ਇਸਥਿਤ ਕਰਦਿਆਂ ਹੀ ਦਾਮਿਨੀ = ਬਿਜਲੀ ਦੇ ਚਮਕਾਰੇ ਵਾਂਗ ਚਮਤਕਾਰ = ਪ੍ਰਕਾਸ਼ ਹੋਇਆ ਕਰਦਾ ਹੈ, ਜਦੋਂ ਅਨਹਦ = ਹੱਦ ਤੋਂ ਰਹਿਤ ਸ਼ਬਦ ਦੀ ਆਵਾਜ਼ ਦਾ ਨੀਸਾਨ = ਧੌਂਸਾ ਗਰਜਤ = ਵੱਜਣ ਲੱਗ ਪੈਂਦਾ ਹੈ, ਫੇਰ ਚੇਤਨ ਬ੍ਰਹਮ ਦੇ ਜੋਤਿ = ਪ੍ਰਕਾਸ਼ ਮੈ = ਵਿਚ ਪਰਚ ਕੇ ਜੋਤੀ = ਪ੍ਰਕਾਸ਼ ਰੂਪ ਹੀ ਹੋ ਜਾਇਆ ਕਰਦੀ ਹੈ।

ਨਿਝਰ ਅਪਾਰ ਧਾਰ ਬਰਖਾ ਅੰਮ੍ਰਿਤ ਜਲ;
ਸੇਵਕ ਸਕਲ ਫਲ ਸਰਬ ਨਿਧਾਨ ਹੈ॥੫੯॥

ਜਿਸ ਤਰ੍ਹਾਂ ਬਰਖਾ = ਬਰਸਾਤ ਦੇ ਜਲ = ਪਾਣੀ ਦੀਆਂ ਅੰਮ੍ਰਿਤ ਵਤ ਧਾਰ = ਧਾਰਾਂ ਨਿਝਰ = ਇਕ-ਰਸ **ਵਾ:** ਝਿਮ ਝਿਮ ਕੇ ਵਰਸਣੇ ਕਰਕੇ ਅਪਾਰ = ਬੇਅੰਤ ਹੀ ਬੇਲ ਬੂਟੇ ਹਰੇ-ਭਰੇ ਹੋ ਜਾਂਦੇ ਹਨ, ਇਸੇ ਤਰ੍ਹਾਂ ਗੁਰੂ ਰੂਪ ਬੱਦਲ ਦੁਆਰਾ ਉਪਦੇਸ਼ ਰੂਪੀ ਪਾਣੀ ਦੀਆਂ ਨਾਮ ਅੰਮ੍ਰਿਤ **ਵਾ:** ਆਤਮਾਨੰਦ ਰੂਪੀ ਜਲ ਦੀਆਂ ਇਕ-ਰਸ ਧਾਰਾਂ ਦੇ ਵਰਸਣੇ ਕਰਕੇ ਗੁਰਮੁਖ ਜਨ ਦਾ ਹਿਰਦਾ ਸ਼ੁਭ ਗੁਣਾਂ ਦੀ ਹਰਿਆਵਲਤਾ ਦੇ ਸਹਿਤ ਹਰਾ ਭਰਾ ਹੋ ਜਾਂਦਾ ਹੈ **ਵਾ:** ਬ੍ਰਹਮਾਨੰਦ ਰੂਪੀ ਅੰਮ੍ਰਿਤ ਦੀ ਇਕ-ਰਸ ਅਪਾਰ = ਪਾਰਾਵਾਰ ਤੋਂ ਰਹਿਤ ਧਾਰਾ

ਦਾ ਨਿਰੰਤਰ ਪ੍ਰਵਾਹ ਅੰਦਰ ਚੱਲਣ ਲੱਗ ਪੈਂਦਾ ਹੈ, ਜਿਸ ਗੁਰਮੁਖ ਜਨ ਨੂੰ ਇਸ ਦੀ ਬਖ਼ਸ਼ਿਸ਼ ਹੋ ਗਈ, ਉਸ ਦੇ ਸਕਲ = ਸਾਰੇ ਸੇਵਕ = ਦਾਸ ਬਣ ਜਾਂਦੇ ਹਨ, ਭਾਵ ਸਾਰਿਆਂ ਦੇ ਪੂਜਣ ਯੋਗ ਹੋ ਜਾਂਦਾ ਹੈ ਤੇ ਉਸ ਨੂੰ ਸਰਬ = ਸਾਰੇ ਧਰਮ, ਅਰਥ, ਕਾਮ, ਮੋਖ ਆਦਿ ਨਿਧਾਨ = ਖ਼ਜ਼ਾਨਿਆਂ ਦੀ ਪ੍ਰਾਪਤੀ ਹੋ ਜਾਂਦੀ ਹੈ ॥੫੯॥

ਲੋਗਨ ਮੈ ਲੋਗਾਚਾਰ, ਬੇਦਨ ਮੈ ਬੇਦਾਚਾਰ;
ਲੋਗ ਬੇਦ ਬੀਸ ਇਕ-ਈਸ[1] ਗੁਰ ਗਿਆਨ ਹੈ ॥

(ਪਾਠਾਂਤ੍ਰ 'ਬੇਦ ਬੀਚਾਰ')

ਗੁਰਮੁਖ ਜਨ ਸੰਸਾਰੀ ਲੋਗਨ = ਲੋਕਾਂ ਮੈ = ਵਿਚ, ਭਾਵ ਪਰਿਵਾਰ ਦੇ ਸੰਬੰਧੀਆਂ ਵਿਚ ਲੋਗਾਚਾਰ = ਲੋਕ ਰੀਤੀ ਅਨੁਸਾਰ, ਗੁਰਮਤਿ ਦੇ ਦਾਇਰੇ ਵਿਚ ਰਹਿ ਕੇ ਸਾਰੇ ਕਾਰ-ਵਿਹਾਰ ਨਿਭਾਉਣਾ ਕਰਦਾ ਹੈ ਅਤੇ ਜਦ ਬੇਦਨ = ਬੇਦਾਂ ਮੈ = ਵਿਚ ਨਿਰੂਪਣ ਕੀਤੀ ਬੇਦਾਚਾਰ = ਵੇਦ ਰੀਤੀ ਅਨੁਸਾਰ ਹੀ ਵਰਤਣ ਲੱਗ ਜਾਂਦਾ ਹੈ, ਭਾਵ ਧਾਰਮਿਕ ਕਾਰ-ਵਿਹਾਰਾਂ ਵਿਚ ਧਰਮੀ ਲੋਕਾਂ ਵਾਂਗ ਵਰਤਣ ਲੱਗ ਜਾਂਦਾ ਹੈ, ਪਰੰਤੂ ਲੋਗ = ਲੋਕ ਰੀਤੀ ਤੇ ਬੇਦ ਰੀਤੀ ਨੂੰ ਭਾਵ ਲੌਕਿਕ ਤੇ ਬੈਦਿਕ ਧਰਮ ਮਈ ਪਰਵਿਰਤੀ ਨੂੰ ਮੁੱਢੋਂ ਹੀ ਕਾਲ ਦੇ ਵੱਸ ਵਰਤਣ ਵਾਲੀ ਬੀਸ = ਵੀਹ ਵਿਸਵਿਆਂ ਦੀ ਹੋਂਦ ਵਿਚ ਵਰਤਣਹਾਰੀ ਜਾਣਨਾ ਕਰਦੇ ਹਨ, ਭਾਵ ਕਿ ਸੰਸਾਰੀ ਜਾਣਦੇ ਹਨ, ਲੇਕਿਨ ਗੁਰਮੁਖ ਜਨ ਅੰਦਰੋਂ ਸੰਸਾਰ ਤੋਂ ਪਾਰ ਇਕ ਈਸ = ਇੱਕੀਸਵੇਂ ਗੁਰੂ ਦੇ ਗਿਆਨ ਵਿਚ ਪਰਪੱਕ ਰਹਿਣਾ ਕਰਦਾ ਹੈ **ਵਾ:** ਪੂਰੇ ਗੁਰੂ ਦਾ ਉਪਦੇਸ਼ ਦੁਆਰਾ ਦਿੱਤਾ ਹੋਇਆ (ਇਕ + ਈਸ) ਇਕ ਈਸ = ਮਾਲਕ ਦੀ ਪ੍ਰਾਪਤੀ ਦਾ **ਵਾ:** ਜੀਵ ਈਸ ਦੀ ਏਕਤਾ ਦਾ ਗਿਆਨ ਸਭਨਾਂ ਤੋਂ ਸ੍ਰੇਸ਼ਟ ਹੈ ਅਰਥਾਤ ਗੁਰਾਂ ਦਾ ਗਿਆਨ ਧਰਮ, ਅਰਥ, ਕਾਮ, ਮੋਖ ਆਦਿ ਸਭਨਾਂ ਫਲਾਂ ਦਾ ਦਾਤਾ ਹੈ।

ਜੋਗ ਮੈ ਨ ਜੋਗ, ਭੋਗ ਮੈ ਨ ਖਾਨ ਪਾਨ;
ਜੋਗ ਭੋਗਾਤੀਤ ਉਨਮਨ ਉਨਮਾਨ ਹੈ ॥

ਗੁਰਮੁਖ ਜਨ ਗੁਰ-ਉਪਦੇਸ਼ ਦੁਆਰਾ ਪਰਮੇਸ਼ਰ ਦੇ ਨਾਮ ਵਿਚ ਜੁੜਨ ਰੂਪ ਜੋਗ ਨੂੰ ਸਾਧਦੇ ਹੋਏ ਜੋਗ ਮੈ = ਵਿਚ ਵਰਤਦੇ ਹੋਏ ਵੀ ਵੇਦ ਰੀਤੀ ਵਾਲੇ ਜੋਗ ਨੂੰ ਸਾਧਦੇ ਨ = ਨਹੀਂ ਹਨ ਅਤੇ ਖਾਨ ਪਾਨ = ਖਾਣ ਪੀਣ ਵਾਲੇ ਪਦਾਰਥਾਂ ਆਦਿ ਦੇ ਸੁਖ ਮਾਣਦੇ ਹੋਏ ਵੀ ਭੋਗਾਂ ਨੂੰ ਮੇਰ-ਤੇਰ ਕਰਨ ਰੂਪ ਧਾਰਨ ਨ = ਨਹੀਂ ਕਰਦੇ। ਅਸਲ ਵਿੱਚ ਗੁਰਮੁਖ ਜਨਾਂ ਦਾ ਜੋਗ ਅਤੇ (ਭੋਗ + ਅਤੀਤ) ਭੋਗ ਦੋਨਾਂ ਤੋਂ ਅਤੀਤ = ਉਪਰਾਮ ਹੋ ਕੇ ਉਨਮਨ = ਉਨਮਨੀ (ਗਿਆਨ ਅਵਸਥਾ) ਵਿਚ ਹੀ ਉਨਮਾਨ = ਧਿਆਨ ਹੁੰਦਾ ਹੈ **ਵਾ:** ਉਨਮਨੀ ਅਵਸਥਾ ਦੀ ਉਨਮਾਨ = ਵਿਚਾਰ ਹੀ ਰਿਦੇ ਵਿਚ ਕਰਦੇ ਹਨ।

ਦ੍ਰਿਸਟਿ ਦਰਸ ਧਿਆਨ, ਸਬਦ ਸੁਰਤਿ ਗਿਆਨ;
ਗਿਆਨ ਧਿਆਨ ਲਖ ਪ੍ਰੇਮ ਪਰਮ ਨਿਧਾਨ ਹੈ ॥

ਅਸਲ ਵਿਚ ਗੁਰਮੁਖ ਜਨ ਦੀ ਦ੍ਰਿਸਟਿ = ਨਿਗ੍ਹਾ ਵਿਚ ਦਰਸ = ਦਰਸ਼ਨ ਕਰਨੇ ਯੋਗ ਇਕ ਪੂਰੇ ਗੁਰੂ

---

੧. ਬੀਸ ਇਕ ਈਸ = ਵਿਦਵਾਨਾਂ ਨੇ ਸਾਰੇ ਸੰਸਾਰ ਨੂੰ ਵੀਹ ਹਿੱਸੇ ਕਲਪ ਕੇ ਆਤਮਾ, ਗੁਰ ਗਿਆਨ ਇਕ ਪਰਮਾਤਮਾ ਨੂੰ ਇੱਕੀਹ ਕਥਨ ਕੀਤਾ ਹੈ।

ਜਾਂ ਵਾਹਿਗੁਰੂ ਦਾ ਧਿਆਨ = ਖ਼ਿਆਲ ਹੀ ਆਉਂਦਾ ਹੈ, ਜਿਹੜਾ ਸਬਦ = ਬੋਲ ਗੁਰਮੁਖ ਜਨਾਂ ਨੂੰ ਕੰਨਾਂ ਦੁਆਰਾ ਸੁਰਤਿ = ਸੁਰਤੀ ਵਿਚ ਸੁਣਨ ਲਈ ਆਉਂਦਾ ਹੈ, ਉਹ ਪਰਮੇਸ਼ਰ ਦਾ ਗਿਆਨ ਹੀ ਸਮਝਦੇ ਹਨ। ਇਸ ਤਰੀਕੇ ਕਰਕੇ ਗੁਰਮੁਖ ਜਨ ਗਿਆਨ ਧਿਆਨ ਦੇ ਆਸਰੇ ਹੋਏ ਲਖ = ਲਖਯ, ਜਾਣਨੇ ਯੋਗ ਪ੍ਰਭੂ ਨੂੰ ਰਿਦੇ ਵਿਚ ਧਾਰਨ ਕਰ ਕੇ ਪਰਮ = ਅਤਿਅੰਤ ਪ੍ਰੇਮ = ਸਨੇਹ ਦੇ ਨਿਧਾਨ = ਖ਼ਜ਼ਾਨੇ ਬਣ ਜਾਂਦੇ ਹਨ।

ਮਨ ਬਚ ਕ੍ਰਮ ਸ੍ਰਮ ਸਾਧਨਾਧਯਾਤਮ ਕ੍ਰਮ;
ਗੁਰਮੁਖਿ ਸੁਖ ਸਰਬੋਤਿਮ ਨਿਧਾਨ ਹੈ ॥੬੦॥

ਗੁਰਮੁਖ ਮਨ, ਬਚ = ਬਾਣੀ, ਕ੍ਰਮ = ਸਰੀਰ ਕਰਕੇ ਜੋ ਕੁਝ ਸਾਧਨਾ ਆਦਿ ਦਾ ਸ੍ਰਮ = ਜਤਨ ਕਰਦੇ ਹਨ ਜਾਂ ਸਾਧਨਾਂ ਦਾ ਜਤਨ, ਉੱਦਮ ਕਰਦੇ ਹਨ, ਉਹ ਕੇਵਲ ਸਾਧਨਾਧਯਾਤਮ (ਸਾਧਨ + ਅਧਯਾਤਮ) ਸਾਧਨ ਅਧਯਾਤਮ = ਆਤਮਾ ਨੂੰ ਹੀ ਆਸਰਾ ਦੇਣ ਵਾਲੀ ਤਰਤੀਬ ਨੂੰ **ਵਾ:** ਆਤਮ ਪ੍ਰਾਇਣ ਵਿਚਾਰ ਨੂੰ ਮੁੱਖ ਰੱਖਦੇ ਹਨ **ਵਾ:** ਸਾਧਨਾਧਯਾਤਮ ਕ੍ਰਮ = ਬ੍ਰਹਮ ਦੀ ਵਿਚਾਰ ਵਾਲੇ ਸਾਧਨ ਤੇ ਸ੍ਰੇਸ਼ਟ ਕਰਮਾਂ ਨੂੰ ਮੁੱਖ ਰੱਖਦੇ ਹਨ। ਇਸੇ ਕਰਕੇ ਗੁਰਮੁਖ ਜਨ ਸਰਬੋਤਿਮ (ਸਰਬ + ਉਤਮ) ਸਰਬ = ਸਾਰਿਆਂ ਤੋਂ ਉਤਮ = ਸ੍ਰੇਸ਼ਟ ਬ੍ਰਹਮਾਨੰਦ, ਆਤਮਾਨੰਦ ਰੂਪੀ ਸੁਖ = ਆਨੰਦ ਦੇ ਨਿਧਾਨ = ਖ਼ਜ਼ਾਨੇ ਨੂੰ ਪ੍ਰਾਪਤ ਕਰ ਲੈਂਦਾ ਹੈ **ਵਾ:** ਗੁਰਮੁਖ ਜਨ ਹੋਰਨਾਂ ਨੂੰ ਬ੍ਰਹਮਾਨੰਦ ਰੂਪੀ ਆਨੰਦ ਦਾ ਖ਼ਜ਼ਾਨਾ ਦੇਣ ਵਾਲਾ ਪ੍ਰਦਾਤਾ ਬਣ ਜਾਂਦਾ ਹੈ ॥੬੦॥

ਸਬਦ ਸੁਰਤਿ ਲਿਵ ਧਾਵਤ ਬਰਜਿ ਰਾਖੈ;
ਨਿਹਚਲ ਮਤਿ ਮਨ ਉਨਮਨ ਭੀਨ ਹੈ ॥

ਗੁਰਮੁਖ ਜਨ ਗੁਰ ਸਬਦ = ਉਪਦੇਸ਼ ਦੁਆਰਾ ਨਾਮ ਅਭਿਆਸ ਵਿਚ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਲਿਵ = ਬਿਰਤੀ ਲਗਾਉਣਾ ਕਰਦਾ ਹੈ ਅਤੇ ਸੰਕਲਪਾਂ ਵਿਕਲਪਾਂ ਵਿਚ ਧਾਵਤ = ਦੌੜਦੇ ਹੋਏ ਮਨ ਨੂੰ ਸਮ ਦਮ ਸਾਧਨਾ ਦੁਆਰਾ ਬਰਜਿ = ਰੋਕ, ਮੋੜ ਕੇ ਰਾਖੈ = ਰੱਖਣਾ ਕਰਦਾ ਹੈ, ਇਸ ਪ੍ਰਕਾਰ ਗੁਰਮੁਖ ਜਨ ਦੀ ਮਤਿ = ਬੁੱਧੀ ਨਿਹਚਲ = ਅਚੱਲ ਹੋ ਜਾਂਦੀ ਹੈ ਅਤੇ ਮਨ ਉਨਮਨ = ਉਨਮਨੀ, ਗਿਆਨ ਅਵਸਥਾ ਦੇ ਪ੍ਰੇਮ ਰਸ ਵਿਚ ਭੀਨ = ਭਿੱਜ ਜਾਂਦਾ ਹੈ, ਪਰਚ ਜਾਂਦਾ ਹੈ **ਵਾ:** ਗੁਰ-ਉਪਦੇਸ਼ ਦੁਆਰਾ ਸਿੱਖੀ ਹੋਈ ਮਤਿ = ਬੁੱਧੀ ਵਿਚ ਮਨ ਨਿਹਚਲ = ਅਚੱਲ ਰਹਿ ਕੇ ਉਨਮਨੀ ਅਵਸਥਾ ਵਿਚ ਭਿੱਜਿਆ, ਰੁੱਝਿਆ ਰਹਿੰਦਾ ਹੈ।

ਸਾਗਰ ਲਹਰ ਗਤਿ ਆਤਮ ਤਰੰਗ ਰੰਗ;
ਪਰਮਦਭੁਤ ਪਰਮਾਰਥ ਪ੍ਰਬੀਨ ਹੈ ॥

ਜਿਵੇਂ ਸਾਗਰ = ਸਮੁੰਦਰ ਵਿਚ ਲਹਰ = ਤਰੰਗਾਂ ਦੀ ਗਤਿ = ਚਾਲ (ਹਰਕਤ) ਬਹੁਤ ਤਰ੍ਹਾਂ ਦੀ ਹੁੰਦੀ ਹੈ ਤੇ ਅਖ਼ੀਰ ਨੂੰ ਇਕ ਸਮੁੰਦਰ ਦਾ ਰੂਪ ਹੀ ਬਣ ਜਾਂਦੀ ਹੈ, ਇਸੇ ਤਰ੍ਹਾਂ ਆਤਮ = ਆਤਮਾ ਵਿਚ ਰੰਗਾਂ ਰੰਗਾਂ ਦੀਆਂ ਬਿਰਤੀਆਂ, ਸੰਕਲਪਾਂ ਰੂਪ ਤਰੰਗ = ਲਹਿਰਾਂ ਨੂੰ **ਵਾ:** ਨਾਨਾ ਆਤਮਾ ਸਰੂਪੀ ਭਾਵਨਾ ਨੂੰ (ਪਰਮ + ਅਦਭੁਤ) ਪਰਮ = ਵੱਡੀ ਅਦਭੁਤ = ਅਸਚਰਜ ਮਈ ਪਰਮਾਰਥ ਸਰੂਪ ਪਰਮੇਸ਼ਰ ਹੀ (ਪ੍ + ਬੀਨ) ਪ੍ = ਵਿਸ਼ੇਸ਼ ਕਰਕੇ ਬੀਨ = ਵੇਖਣਾ ਕਰਦਾ ਹੈ, ਭਾਵ ਅਨੇਕ ਤਰ੍ਹਾਂ ਦੀ ਸੰਸਾਰੀ ਰਚਨਾ ਵਿਚ ਗੁਰਮੁਖ ਜਨ ਨੂੰ ਇਕ ਪਰਮੇਸ਼ਰ ਦੀ ਜੋਤਿ ਹੀ ਚੇਸ਼ਟਾ ਕਰਦੀ ਦਿਖਾਈ ਦਿੰਦੀ ਹੈ।

ਗੁਰ ਉਪਦੇਸ ਨਿਰਮੋਲਕ ਰਤਨ ਧਨ;
ਪਰਮ ਨਿਧਾਨ ਗੁਰ ਗਿਆਨ ਲਿਵ ਲੀਨ ਹੈ॥

ਗੁਰਮੁਖ ਜਨ ਗੁਰ = ਸਤਿਗੁਰੂ ਸਾਹਿਬ ਜੀ ਦੀ ਉਪਦੇਸ = ਸਿੱਖਿਆ, ਹਿੱਤ ਵਾਲੀ ਗੱਲ ਸੁਣ ਕੇ ਨਿਰਮੋਲਕ = ਮੁੱਲ ਤੋਂ ਰਹਿਤ ਤੇ ਰਤਨ ਵੱਤ ਕੀਮਤੀ ਨਾਮ ਰੂਪੀ ਧਨ = ਰੋਕੜੀ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਪਰਮ = ਵੱਡੇ ਨਿਧਾਨ = ਖ਼ਜ਼ਾਨੇ ਭਾਵ ਮਹਾਨ ਤੋਂ ਮਹਾਨ ਬਰਕਤਾਂ ਦੇ ਖ਼ਜ਼ਾਨੇ ਗੁਰ = ਸਤਿਗੁਰਾਂ ਦੇ ਗਿਆਨ ਨੂੰ ਪ੍ਰਾਪਤ ਕਰ ਕੇ ਚਿਤ ਦੀ ਲਿਵ = ਬਿਰਤੀ ਪ੍ਰਭੂ ਨਾਮ ਵਿਚ ਲੀਨ = ਮਗਨ ਹੋ ਜਾਂਦੀ ਹੈ **ਵਾ:** ਗੁਰਮੁਖ ਜਨ ਗੁਰਾਂ ਦਾ ਗਿਆਨ ਵੰਡਣ ਵਾਲਾ ਬਣ ਜਾਂਦਾ ਹੈ ਤੇ ਸਦਾ ਹੀ ਲਿਵ ਲੀਨ ਭਾਵ ਬੇਪਰਵਾਹ ਰਹਿੰਦਾ ਹੈ।

ਸਬਦ ਸੁਰਤਿ ਲਿਵ ਗੁਰ ਸਿਖ ਸੰਧਿ ਮਿਲੇ;
ਸੋਹੰ ਹੰਸੋ ਏਕ ਮੇਕ ਆਪਾ ਆਪੁ ਚੀਨ ਹੈ॥੬੧॥

ਗੁਰ ਸਬਦ = ਉਪਦੇਸ਼ ਵਿਚ ਸੁਰਤਿ = ਸੁਰਤੀ ਦੀ ਉਕਤ ਮਰਯਾਦਾ ਨਾਲ ਲਿਵ = ਬਿਰਤੀ ਲੱਗਿਆਂ ਗੁਰ = ਸਤਿਗੁਰੂ ਅਤੇ ਸਿੱਖ **ਵਾ:** ਗੁਰ = ਪੂਜਨੀਕ ਪਰਮੇਸ਼ਰ ਤੇ ਸਿੱਖ ਦੀ ਨਿਆਈਂ ਆਤਮਾ ਦਾ ਸੰਧਿ = ਸੰਗ ਮਿਲੇ = ਮਿਲਾਪ ਹੋ ਜਾਂਦਾ ਹੈ, ਭਾਵ ਇੱਕੋ ਰੂਪ ਹੋ ਜਾਂਦੇ ਹਨ ਅਤੇ ਇਸ ਮਿਲਾਪ ਦੀ ਅਵਸਥਾ ਵਿਚ ਏਕ ਮੇਕ = ਇਕਮਿਕ ਹੋ ਕੇ ਆਪਾ ਆਪੁ = ਆਪਣੇ ਆਪ ਦੀ (ਸ੍ਵੈ ਸਰੂਪ ਦੀ) ਚੀਨ = ਪਛਾਣ ਹੋ ਜਾਂਦੀ ਹੈ ਅਤੇ ਗੁਰਮੁਖ ਜਨ ਅਨੁਭਵ ਦੁਆਰਾ ਇਹ ਪ੍ਰਗਟ ਕਰਦਾ ਹੈ ਕਿ ਸੋਹੰ (ਸੋ + ਹੰ) ਸੋ = ਉਹ ਹੰ = ਮੈਂ ਹਾਂ ਅਤੇ ਹੰਸੋ (ਹੰ + ਸੋ) ਹੰ = ਮੈਂ ਸੋ = ਉਸ ਬ੍ਰਹਮ ਦਾ ਸਰੂਪ ਹਾਂ॥੬੧॥

ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ॥
ਨਾਨਕ ਸੋ ਹੰ ਹੰ ਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ॥੧॥

(ਮਾਰੂ ਵਾਰ ਮ: ੩, ਅੰਗ ੧੦੯੩)

ਸਬਦ ਸੁਰਤਿ ਅਵਗਾਹਨ ਬਿਮਲ ਮਤਿ;
ਸਬਦ ਸੁਰਤਿ ਗੁਰ ਗਿਆਨ ਕੋ ਪ੍ਰਗਾਸ ਹੈ॥

ਜਿਸ ਗੁਰਮੁਖ ਨੇ ਗੁਰ ਸਬਦ = ਉਪਦੇਸ਼ ਨੂੰ ਸੁਰਤਿ = ਬਿਰਤੀ ਦੇ ਵਿਚ ਅਵਗਾਹਨ = ਵਿਚਾਰਨਾ ਕੀਤਾ ਹੈ **ਵਾ:** (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਹੋ ਕੇ ਸਬਦ = ਬ੍ਰਹਮ ਦੇ ਨਾਮ ਦਾ ਅਗਵਾਹਨ = ਅਭਿਆਸ ਕੀਤਾ ਹੈ, ਉਨ੍ਹਾਂ ਦੀ ਹੀ ਬਿਮਲ (ਬਿ + ਮਲ) ਰਾਗ ਦ੍ਵੈਖ ਰੂਪੀ ਮਲ = ਮੈਲ ਤੋਂ ਬਿ = ਰਹਿਤ ਮਤਿ = ਬੁੱਧੀ ਹੋਈ ਹੈ ਅਤੇ ਗੁਰ ਸਬਦ = ਉਪਦੇਸ਼ ਦੁਆਰਾ ਹੀ ਸੁਰਤਿ = ਬਿਰਤੀ ਵਿਚ ਗੁਰੂ ਦਾ ਗਿਆਨ **ਵਾ:** ਗੁਰ = ਵੱਡਾ, ਭਾਵ ਬ੍ਰਹਮ ਗਿਆਨ ਕੋ = ਦਾ ਪ੍ਰਗਾਸ = ਪ੍ਰਕਾਸ਼ ਰਿਦੇ ਵਿਚ ਹੋ ਆਇਆ ਹੈ।

ਸਬਦ ਸੁਰਤਿ ਸਮ ਦ੍ਰਿਸਟਿ ਕੈ ਦਿਬਿ ਜੋਤਿ;
ਸਬਦ ਸੁਰਤਿ ਲਿਵ ਅਨਭੈ ਅਭਿਆਸ ਹੈ॥

ਗੁਰ ਸਬਦ = ਉਪਦੇਸ਼ ਵਿਚ ਸੁਰਤਿ = ਲਿਵ ਦੇ ਪਰਚਣੇ ਕਰਕੇ ਸਮ = ਸਮਾਨ ਦ੍ਰਿਸਟਿ = ਦ੍ਰਿਸ਼ਟੀ,

ਭਾਵ ਚੇਤਨ ਬ੍ਰਹਮ ਸਰੂਪ ਨੂੰ ਤੱਕਣ ਵਾਲੀ ਦ੍ਰਿਸ਼ਟੀ ਕੈ = ਕਰਕੇ ਦਿਬਿ = ਸ੍ਰੇਸ਼ਟ, ਦੈਵੀ ਜੋਤਿ = ਪ੍ਰਕਾਸ਼ ਹੋ ਆਉਂਦਾ ਹੈ, ਭਾਵ ਬਿਰਤੀ ਬ੍ਰਹਮਾਕਾਰ ਹੋ ਆਉਂਦੀ ਹੈ ਅਤੇ ਗੁਰ ਸਬਦ = ਉਪਦੇਸ਼ ਵਿਚ ਸੁਰਤਿ = ਸੁਰਤੀ ਦੀ ਲਿਵ ਦੇ ਅਭਿਆਸ ਕਰਕੇ ਚੇਤਨ ਬ੍ਰਹਮ ਦੀ ਸਖਿਆਤਤਾ ਦੇ ਅਨਭੈ = ਅਨਭਉ ਦਾ ਅਭਿਆਸ ਆਪਣੇ ਆਪ ਹਿਰਦੇ ਵਿਚ ਹੋ ਆਉਂਦਾ ਹੈ **ਵਾ:** ਗੁਰ-ਉਪਦੇਸ਼ ਦੁਆਰਾ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਲਿਵ = ਬਿਰਤੀ ਵਿਚ ਅਨਭੈ = ਡਰ ਤੋਂ ਰਹਿਤ ਪਰਮੇਸ਼ਰ ਦੇ ਨਾਮ ਦੀ ਦਿਨ ਰਾਤ ਕਮਾਈ ਕਰ ਕੇ ਆਤਮਾਨੰਦ ਦੀ ਪ੍ਰਾਪਤੀ ਹੋ ਆਉਂਦੀ ਹੈ।

ਸਬਦ ਸੁਰਤਿ ਪਰਮਾਰਥ ਪਰਮ ਪਦ;
ਸਬਦ ਸੁਰਤਿ ਸੁਖ ਸਹਜ ਨਿਵਾਸ ਹੈ॥

ਇਉਂ ਗੁਰ ਸਬਦ = ਉਪਦੇਸ਼ ਨੂੰ ਸੁਰਤਿ = ਸੁਰਤੀ ਵਿਚ ਧਾਰਨ ਕਰ ਕੇ ਨਾਮ ਅਭਿਆਸ ਦੀ ਕਮਾਈ ਕਰ ਕੇ ਪਰਮਾਰਥ = ਸਾਰ ਵਸਤੂ (ਉੱਤਮ ਪਦਾਰਥ) ਪਰਮ = ਵੱਡੀ ਪਦ = ਪਦਵੀ, ਕੈਵਲ ਮੋਖ ਦੀ ਪ੍ਰਾਪਤੀ ਹੋ ਆਉਂਦੀ ਹੈ ਅਤੇ ਗੁਰ ਸਬਦ = ਉਪਦੇਸ਼ ਵਿਚ ਸੁਰਤਿ = ਬਿਰਤੀ ਦੇ ਲੱਗਣੇ ਕਰਕੇ ਸਹਜ = ਸੁਤੇ-ਸਿਧ ਹੀ ਆਤਮਾਨੰਦ ਰੂਪੀ ਸੁਖ = ਆਨੰਦ ਵਿਚ ਨਿਵਾਸ = ਇਸਥਿਤੀ ਹੁੰਦੀ ਹੈ।

ਸਬਦ ਸੁਰਤਿ ਲਿਵ ਪ੍ਰੇਮ ਰਸ ਰਸਿਕ ਹੁਇ;
ਸਬਦ ਸੁਰਤਿ ਲਿਵ ਬ੍ਰਹਮ ਬਿਸ੍ਵਾਸ ਹੈ॥੬੨॥

ਗੁਰ ਸਬਦ = ਉਪਦੇਸ਼ ਰਾਹੀਂ ਸੁਰਤਿ = ਸੁਰਤੀ ਦੇ ਵਿਚ ਲਿਵ = ਬਿਰਤੀ ਲੱਗਣ ਕਰਕੇ **ਵਾ:** ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਲਿਵ = ਬਿਰਤੀ ਦੇ ਲੱਗਣ ਕਰਕੇ ਗੁਰਮੁਖ ਜਨ ਪ੍ਰੇਮ ਰਸ ਦਾ ਰਸਿਕ = ਰਸੀਆ ਹੁਇ = ਹੋ ਕੇ, ਬਣ ਕੇ ਤੇ ਗੁਰ ਸਬਦ = ਉਪਦੇਸ਼ ਵਿਚ ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਲਿਵ = ਬਿਰਤੀ ਦੇ ਲੱਗਣ ਕਰਕੇ ਬ੍ਰਹਮ = ਵਿਆਪਕ ਪਰਮੇਸ਼ਰ ਦੀ ਪ੍ਰਾਪਤੀ ਦਾ ਪਰਪੱਕ ਬਿਸ੍ਵਾਸ = ਭਰੋਸਾ ਬੱਝ ਜਾਂਦਾ ਹੈ।

ਦ੍ਰਿਸਟਿ ਦਰਸ ਲਿਵ, ਗੁਰ ਸਿਖ ਸੰਧਿ ਮਿਲੇ;
ਘਟਿ ਘਟਿ ਕਾਸ ਜਲ ਅੰਤਰ ਧਿਆਨ ਹੈ॥

ਗੁਰ = ਸਤਿਗੁਰੂ ਤੇ ਸਿਖ = ਸੇਵਕ (ਸਿੱਖ) ਦਾ ਸੰਧਿ = ਸੰਗ ਮਿਲੇ = ਮਿਲਣੇ ਕਰਕੇ ਭਾਵ ਗੁਰੂ ਉੱਪਰ ਸਿੱਖ ਦਾ ਪੂਰਨ ਨਿਸ਼ਚਾ ਆ ਜਾਵੇ, ਤਦ ਸਿੱਖ ਦੀ ਦ੍ਰਿਸਟਿ = ਨਿਗ੍ਹਾ ਵਿਚ ਹਰ ਪਾਸੇ ਜੋ ਕੁਝ ਵੀ ਦਿੱਸਦਾ ਹੈ, ਉਸ ਵਿਚ ਉਹ ਪੂਰਨ ਗੁਰੂ ਦੇ ਦਰਸ = ਦੀਦਾਰ ਹੀ ਵੇਖਦਾ ਹੈ, ਉਸੇ ਦੀਦਾਰ ਵਿਚ ਸਿੱਖ ਦੀ ਲਿਵ = ਬਿਰਤੀ ਲੱਗ ਜਾਂਦੀ ਹੈ। ਜੇ ਧਿਆਨ ਨਾਲ ਵੇਖੀਏ ਤਾਂ ਜਿਸ ਪ੍ਰਕਾਰ ਘਟਿ ਘਟਿ = ਘੜਿਆਂ ਘੜਿਆਂ ਭਾਵ ਸਾਰਿਆਂ ਘੜਿਆਂ ਦੇ ਜਲ = ਪਾਣੀ ਅੰਤਰ = ਵਿਚ ਕਾਸ = ਆਕਾਸ਼ ਇੱਕੋ ਜਿਹਾ ਹੀ ਦ੍ਰਿਸ਼ਟੀ ਆਉਂਦਾ ਹੈ, ਇਸੇ ਤਰ੍ਹਾਂ ਗੁਰੂ ਦੇ ਸਿੱਖ ਨੂੰ ਸਾਰਿਆਂ ਘਟਿ ਘਟਿ = ਸਰੀਰਾਂ ਸਰੀਰਾਂ ਦੇ ਰਿਦੇ ਰੂਪ ਪਾਣੀ ਵਿਚ ਆਕਾਸ਼ ਦੀ ਨਿਆਈਂ ਇੱਕੋ ਪਰਮੇਸ਼ਰ ਦੇ ਅਨੇਕ ਪ੍ਰਕਾਰ ਦੇ ਕੌਤਕ ਦਿਖਾਈ ਦਿੰਦੇ ਹਨ।

ਸਬਦ ਸੁਰਤਿ ਲਿਵ ਗੁਰ ਸਿਖ ਸੰਧਿ ਮਿਲੇ;
ਜੰਤ੍ਰ ਧੁਨਿ ਜੰਤ੍ਰੀ ਉਨਮਨ ਉਨਮਾਨ ਹੈ॥

ਗੁਰ = ਸਤਿਗੁਰੂ ਸਾਹਿਬ ਤੇ ਸਿੱਖ ਦਾ ਸੰਧਿ = ਸੰਗ ਮਿਲੇ = ਮਿਲਣੇ ਕਰਕੇ ਸਿੱਖ ਨੇ ਗੁਰ ਸਬਦ = ਉਪਦੇਸ਼ ਵਿਚ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਚਿੱਤ ਦੀ ਲਿਵ = ਬਿਰਤੀ ਲਾਉਣਾ ਕੀਤੀ ਹੈ, ਉਸ ਗੁਰਸਿੱਖ ਨੇ ਇਉਂ ਸਮਝ ਲਿਆ ਹੈ ਕਿ ਜਿਵੇਂ ਜੰਤ੍ਰ = ਵਾਜੇ ਦੇ ਰਾਗ ਦੀ ਧੁਨਿ = ਆਵਾਜ਼ ਜੰਤ੍ਰੀ = ਵਾਜਾ ਵਜਾਉਣ ਵਾਲੇ ਪੁਰਖਾਂ ਨਾਲ ਮਿਲੀ ਹੋਈ ਸੁਣਾਈ ਦਿੰਦੀ ਹੈ, ਇਸੇ ਤਰ੍ਹਾਂ ਉਨ = ਉਹ ਗੁਰਸਿੱਖ ਆਪਣੇ ਮਨ = ਹਿਰਦੇ ਵਿਚ ਉਨਮਾਨ = ਅੰਦਾਜ਼ਾ ਲਾਉਂਦਾ ਹੈ ਕਿ ਉਹ ਪ੍ਰਭੂ ਸਾਰਿਆਂ ਥਾਵਾਂ, ਹਿਰਦਿਆਂ ਵਿਚ ਮਿਲਿਆ ਹੋਇਆ ਹੈ **ਵਾ:** (ਉਨ + ਮਨ) ਉਨ = ਉਹ ਪਰਮੇਸ਼ਰ ਸਾਰਿਆਂ ਦੇ ਮਨ = ਹਿਰਦਿਆਂ ਵਿਚ ਰਮਿਆ ਹੋਇਆ ਹੈ, ਇਸ ਗੱਲ ਦਾ ਅਨੁਮਾਨ ਲਾਉਂਦਾ ਹੈ।

ਗੁਰਮੁਖਿ ਮਨ ਬਚ ਕ੍ਰਮ ਇਕਤ੍ਰ ਭਏ;
ਤਨ ਤ੍ਰਿਭਵਨ ਗਤਿ ਗੰਮਿਤਾ ਗਿਆਨ ਹੈ॥

ਇਸ ਤਰ੍ਹਾਂ (ਗੁਰ + ਮੁਖਿ) ਮੁਖੀ ਗੁਰ = ਗੁਰਾਂ ਦਾ ਸਿੱਖ ਗੁਰਮੁਖਤਾਈ ਵਾਲੇ ਸੁਭਾਅ ਨੂੰ ਧਾਰਨ ਕਰ ਕੇ ਜਦ ਮਨ, ਬਚ = ਬਾਣੀ, ਕ੍ਰਮ = ਸਰੀਰ ਕਰਕੇ ਸਾਰਿਆਂ ਕਾਰਜਾਂ ਨੂੰ ਕਰਦਾ ਹੋਇਆ ਇਕ ਪਰਮੇਸ਼ਰ ਦੇ ਧਿਆਨ ਵਿਚ ਇਕਤ੍ਰ = ਇਕਾਗਰ ਭਏ = ਹੋਇਆ ਰਹਿੰਦਾ ਹੈ **ਵਾ:** ਮਨ, ਬਾਣੀ, ਸਰੀਰ ਇਹ ਇਕਤ੍ਰ = ਇਕੱਠੇ ਭਏ = ਹੋ ਕੇ ਕੇਵਲ ਵਾਹਿਗੁਰੂ ਦੇ ਧਿਆਨ ਵਿਚ ਰਹਿੰਦੇ ਹਨ, ਤਦ ਗੁਰਸਿੱਖ ਦੇ ਤਨ = ਸਰੀਰ ਦੇ ਵਿਚ ਹੀ ਤ੍ਰਿਭਵਨ = ਤਿੰਨੇ ਲੋਕਾਂ ਦੀ ਗੰਮਿਤਾ = ਪਹੁੰਚ ਵਾਲੀ ਗਤਿ = ਚਾਲ ਦੇ ਗਿਆਨ ਸਹਿਤ ਹੋ ਜਾਂਦਾ ਹੈ।

ਏਕ ਅਉ ਅਨੇਕ ਮੇਕ, ਬ੍ਰਹਮ ਬਿਬੇਕ ਟੇਕ;
ਸੋਤ ਸਰਤਾ ਸਮੁੰਦ੍ਰ ਆਤਮ ਸਮਾਨ ਹੈ॥੬੩॥

ਬ੍ਰਹਮ ਬਿਬੇਕ = ਗਿਆਨ ਦੀ ਸਾਧਨਾ ਦੇ ਟੇਕ = ਆਸਰੇ ਏਕ = ਇਕ ਅਉ = ਅਤੇ ਅਨੇਕ = ਅਨੇਕਾਂ ਜੀਵਾਂ ਨੂੰ ਨਿਸਚੇ ਕਰ ਕੇ ਮੇਕ = ਮਿਲਿਆ ਹੋਇਆ ਜਾਣਨਾ ਕਰੇ ਤੇ ਆਤਮ = ਆਪਣੇ ਆਪ ਨੂੰ ਇਉਂ ਇਕ ਸਮਾਨ = ਬਰਾਬਰ ਜਿਉਂ ਦਾ ਤਿਉਂ ਰੂਪ ਅਨੁਭਵ ਕਰੇ, ਜਿਵੇਂ ਸਰਤਾ = ਨਦੀ ਦਾ ਸ੍ਰੋਤ = ਪ੍ਰਵਾਹ ਸਮੁੰਦ੍ਰ = ਸਾਗਰ ਵਿਚ ਪੈ ਕੇ ਇਕ ਸਮਾਨ = ਬਰਾਬਰ ਹੋ ਜਾਂਦਾ ਹੈ, ਭਾਵ ਨਦੀ ਸਮੁੰਦਰ ਦਾ ਰੂਪ ਹੋ ਜਾਂਦੀ ਹੈ, ਇਸੇ ਤਰ੍ਹਾਂ ਨਦੀਆਂ ਦੇ ਪ੍ਰਵਾਹ ਵਾਂਗ ਜੀਵ ਵਾਹਿਗੁਰੂ ਰੂਪ ਸਮੁੰਦਰ ਵਿਚ ਮਿਲ ਕੇ ਇਕ ਰੂਪ ਹੋ ਜਾਂਦੇ ਹਨ।

ਅਥਵਾ ਜੋ ਏਕ = ਇਕ ਅਦ੍ਵੈਤ ਸਰੂਪ ਹੀ ਤਿੰਨੇ ਕਾਲਾਂ ਵਿਚ ਸੱਚ ਸਰੂਪ ਹੈ ਅਉ = ਅਤੇ ਜੋ ਪਰਮੇਸ਼ਰ ਅਨੇਕ = ਬੇਅੰਤ ਜੀਵਾਂ ਵਿਚ ਮੇਕ = ਮਿਲਿਆ ਹੋਇਆ ਹੈ, ਉਸ ਪਰਮੇਸ਼ਰ ਦੀ ਉਸ ਗੁਰਸਿੱਖ ਨੇ ਰਿਦੇ ਵਿੱਚ ਬਿਬੇਕ = ਵਿਚਾਰ ਕਰਕੇ ਟੇਕ = ਓਟ ਲਈ ਹੈ। ਅੱਗੇ ਦ੍ਰਿਸ਼ਟਾਂਤ ਦਿੰਦੇ ਹਨ ਕਿ ਜਿਵੇਂ ਸਰਤਾ = ਨਦੀਆਂ ਦੇ ਸ੍ਰੋਤ = ਪ੍ਰਵਾਹ ਸਮੁੰਦਰ ਵਿਚ ਮਿਲ ਕੇ ਉਸ ਦਾ ਰੂਪ ਹੋ ਜਾਂਦੇ ਹਨ, ਇਸੇ ਪ੍ਰਕਾਰ ਗੁਰਸਿੱਖ ਨੇ ਆਤਮ = ਪਰਮੇਸ਼ਰ ਨੂੰ ਹੀ ਸਾਰਿਆਂ ਵਿਚ ਸਮਾਨ = ਬਰਾਬਰ ਮਿਲਿਆ ਹੋਇਆ ਜਾਣਿਆ ਹੈ॥੬੩॥

ਗੁਰਮੁਖਿ ਮਨ ਬਚ ਕ੍ਰਮ ਇਕਤ੍ਰ ਭਏ;
ਪਰਮਦਭੁਤ ਗਤਿ ਅਲਖ ਲਖਾਏ ਹੈ॥

ਜਿਸ ਗੁਰਮੁਖ ਜਨ ਦੇ ਮਨ, ਬਚ = ਬਾਣੀ ਤੇ ਕ੍ਰਮ = ਸਰੀਰ ਇਕਤ੍ਰ = ਇਕੱਠੇ ਭਏ = ਹੋਏ ਹਨ, ਭਾਵ ਅਧੀਨ ਹੋ ਗਏ ਹਨ ਜਾਂ ਮਨ, ਬਾਣੀ ਤੇ ਸਰੀਰ ਇੱਕੋ ਗੁਰ-ਉਪਦੇਸ਼ ਦੀ ਗੱਲ ਕਰਨ ਲੱਗ ਜਾਣ ਤਾਂ ਉਹ ਗੁਰਮੁਖ ਜਨ ਪਰਮਦਭੁਤ (ਪਰਮ + ਅਦਭੁਤ) ਪਰਮ = ਵੱਡੀ ਅਦਭੁਤ = ਅਸਚਰਜ ਅਵਸਥਾ, ਭਾਵ ਆਤਮਿਕ ਗਿਆਨ ਦੀ ਅਵਸਥਾ ਨੂੰ ਗਤਿ = ਪ੍ਰਾਪਤ ਕਰ ਕੇ ਅਲਖ = ਲਖਣ ਤੋਂ ਰਹਿਤ ਸੱਚ ਸਰੂਪ (ਪਰਮੇਸ਼ਰ) ਨੂੰ ਲਖਾਏ = ਜਾਣ ਲੈਣਾ ਕਰਦਾ ਹੈ।

ਅੰਤਰ ਧਿਆਨ ਦਿਬ ਜੋਤਿ ਕੋ ਉਦੋਤ ਭਇਓ;
ਤ੍ਰਿਭਵਨ ਰੂਪ ਘਟ ਅੰਤਰਿ ਦਿਖਾਏ ਹੈ॥

ਇਉਂ ਰਿਦੇ ਦੇ ਅੰਤਰ = ਵਿਚ ਸੱਚ ਸਰੂਪ ਦਾ ਧਿਆਨ = ਖ਼ਿਆਲ ਕਰਦਿਆਂ ਉਪਮਾ ਤੋਂ ਰਹਿਤ ਦਿਬ ਜੋਤਿ = ਅਤਿਅੰਤ ਸ੍ਰੇਸ਼ਟ ਪ੍ਰਕਾਸ਼ ਰੂਪ ਪਰਮੇਸ਼ਰ ਕੋ = ਦਾ ਉਦੋਤ = ਪ੍ਰਕਾਸ਼ ਅੰਦਰ ਭਇਆ = ਹੋ ਆਉਂਦਾ ਹੈ, ਭਾਵ ਪਰਮੇਸ਼ਰ ਦੀ ਸਾਖਿਆਤਤਾ ਹੋ ਆਉਂਦੀ ਹੈ, ਜਿਸ ਕਰਕੇ ਘਟ = ਰਿਦੇ ਦੇ ਅੰਤਰਿ = ਵਿਚ ਹੀ ਤ੍ਰਿਭਵਨ = ਤਿੰਨੇ ਲੋਕਾਂ ਵਿਚ ਵਰਤਣ ਰੂਪ ਨਜ਼ਾਰਾ, ਚਮਤਕਾਰ ਦਿਖਾਏ = ਦਿਸ ਆਉਂਦਾ ਹੈ। ਅਤੇ :

ਪਰਮ ਨਿਧਾਨ ਗੁਰ ਗਿਆਨ ਕੋ ਪ੍ਰਗਾਸ ਭਇਓ;
ਗੰਮਿਤਾ ਤ੍ਰਿਕਾਲ ਗਤਿ ਜਤਨ ਜਤਾਏ ਹੈ॥

ਪਰਮ = ਵੱਡਾ ਨਿਧਾਨ = ਖ਼ਜ਼ਾਨਾ ਗੁਰਾਂ ਦੇ ਗਿਆਨ ਕੋ = ਦਾ ਪ੍ਰਗਾਸ = ਪ੍ਰਕਾਸ਼ ਭਇਓ = ਹੋ ਆਉਂਦਾ ਹੈ ਤੇ ਤ੍ਰਿਕਾਲ = ਤਿੰਨੇ (ਵਰਤਮਾਨ, ਭੂਤ ਤੇ ਭਵਿੱਖਯਤ) ਸਮਿਆਂ ਵਿਚ ਗੰਮਿਤਾ = ਪਹੁੰਚ ਕਰਨ ਵਾਲੀ ਦ੍ਰਿਸ਼ਟੀ ਦੀ ਗਤਿ = ਪ੍ਰਾਪਤੀ ਹੋ ਆਉਂਦੀ ਹੈ ਅਤੇ ਉਹ ਗੁਰਮੁਖ ਜਨ ਐਸੀ ਅਵਸਥਾ ਨੂੰ ਪ੍ਰਾਪਤ ਕਰ ਕੇ ਆਪ ਵੀ ਪ੍ਰਭੂ ਪ੍ਰਾਪਤੀ ਵਾਲੇ ਜਤਨ = ਸਾਧਨ ਕਰਦੇ ਹਨ ਤੇ ਹੋਰਨਾਂ ਨੂੰ ਪ੍ਰਭੂ ਪ੍ਰਾਪਤੀ ਦਾ ਮਾਰਗ ਜਤਾਏ = ਦੱਸਣਾ ਕਰਦੇ ਹਨ।

ਆਤਮ ਤਰੰਗ ਪ੍ਰੇਮ ਰਸ ਮਧ ਪਾਨ ਮਤ;
ਅਕਥ ਕਥਾ ਬਿਨੋਦ ਹੇਰਤ ਹਿਰਾਏ ਹੈ॥੬੪॥

ਗੁਰਮੁਖ ਜਨ ਉਪਰੋਕਤ ਅਵਸਥਾ ਨੂੰ ਪਾ ਕੇ ਆਤਮ = ਆਪਣੇ ਅੰਦਰ ਦੀ ਤਰੰਗ = ਲਹਿਰ ਨੂੰ ਆਤਮਿਕ ਫੁਰਨੇ ਮਾਤਰ ਜਾਣ ਕੇ ਪ੍ਰੇਮ ਰਸ ਰੂਪ ਮਧ = ਅੰਮ੍ਰਿਤ ਨੂੰ ਪਾਨ = ਛਕ ਕਰਕੇ ਮਤ = ਮਸਤ ਹੋਇਆ ਰਹਿੰਦਾ ਹੈ। ਇਹ ਜੋ ਪ੍ਰੇਮ ਰਸ ਰੂਪ ਅਵਸਥਾ ਦਾ ਬਿਨੋਦ = ਕੌਤਕ ਹੈ, ਇਸ ਦੀ ਕਥਾ = ਵਾਰਤਾ ਅਕਥ = ਕਥਨ ਤੋਂ ਰਹਿਤ ਹੈ, ਜਿਹੜਾ ਕੋਈ ਇਸ ਅਵਸਥਾ ਨੂੰ ਆਪਣੇ ਹਿਰਦੇ ਵਿਚ ਹੇਰਤ = ਦੇਖਣਾ ਕਰਦਾ ਹੈ, ਉਹ ਸਮਝੋ ਕਿ ਆਪਣੇ ਆਪ ਨੂੰ ਹੀ ਹਿਰਾਏ = ਵੇਖਣਾ, ਅਨੁਭਵ ਕਰਦਾ ਹੈ **ਵਾ:** ਪ੍ਰੇਮ ਰਸ ਰੂਪ ਅੰਮ੍ਰਿਤ ਨੂੰ ਪੀ ਕੇ ਗੁਰਮੁਖ ਜਨ ਦੀ ਮਤ = ਬੁੱਧ ਨਾਮ ਦੀ ਮਸਤੀ ਵਿਚ ਮਸਤ ਹੋ ਜਾਂਦੀ ਹੈ ਅਤੇ

ਉਸ ਮਸਤੀ ਦੇ ਬਿਨੋਦ = ਕੌਤਕ ਦੀ ਅਕਥ = ਕਥਨ ਰਹਿਤ ਕਥਾ = ਵਾਰਤਾ ਹੁੰਦੀ ਹੈ, ਜਿਸ ਪ੍ਰੇਮ ਰਸ ਰੂਪੀ ਅਵਸਥਾ ਵਿਚ ਪਰਮੇਸ਼ਰ ਨੂੰ ਹੇਰਤ = ਵੇਖ ਕੇ ਉਹ ਹਿਰਾਏ = ਹੈਰਾਨ ਹੋਏ ਹਨ ॥੬੪॥

ਬਿਨ ਰਸ ਰਸਨਾ ਬਕਤ ਹੀ ਬਹੁਤ ਬਾਤੈ;
ਪ੍ਰੇਮ ਰਸ ਬਸ ਭਏ ਮੋਨਿ ਬ੍ਰਤ ਲੀਨ ਹੈ ॥

ਜੋ ਰਸਨਾ = ਜ਼ੁਬਾਨ ਗੁਰਾਂ ਦੇ ਮਿਲਾਪ ਤੋਂ ਪਹਿਲਾਂ ਪ੍ਰੇਮ ਰਸ ਤੋਂ ਬਿਨ = ਬਗ਼ੈਰ ਬਹੁਤ = ਅਤਿਅੰਤ ਬਾਤੈ = ਗੱਲਾਂ ਬਕਤ = ਕਹਿਆ ਕਰਦੀ ਸੀ, ਉਹੋ ਜ਼ੁਬਾਨ ਪ੍ਰੇਮ = ਸਨੇਹ ਦੇ ਰਸ = ਸੁਆਦ ਬਸ = ਅਧੀਨ ਭਏ = ਹੋ ਕੇ ਮੋਨਿ = ਖ਼ਾਮੋਸ਼ਤਾਈ ਵਾਲੇ ਬ੍ਰਤ = ਨਿਯਮ ਵਿਚ ਲੀਨ = ਸਮਾਅ ਜਾਂਦੀ ਹੈ, ਭਾਵ ਸੰਸਾਰੀ ਬਚਨ ਬਿਲਾਸ ਕਰਨ ਵੱਲੋਂ ਖ਼ਾਮੋਸ਼ ਹੋ ਜਾਂਦੀ ਹੈ।

ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਕੈ ਮਦੋਨ;
ਅੰਤਰ ਧਿਆਨ ਦ੍ਰਿਗ ਦੁਤੀਆ ਨ ਚੀਨ ਹੈ ॥

ਜੋ ਪ੍ਰੇਮ ਰਸ ਰੂਪੀ ਅੰਮ੍ਰਿਤ ਦਾ ਨਿਧਾਨ = ਖ਼ਜ਼ਾਨਾ ਹੈ, ਉਸ ਨੂੰ ਪਾਨ = ਪੀ ਕੈ = ਕਰਕੇ ਗੁਰਮੁਖ ਜਨ ਐਸਾ ਮਦੋਨ = ਮਸਤ ਹੁੰਦਾ ਹੈ ਕਿ ਉਹ ਆਪਣੇ ਦ੍ਰਿਗ = ਨੇਤਰਾਂ ਦੇ ਧਿਆਨ = ਖ਼ਿਆਲ ਅੰਤਰ = ਵਿਚ ਦੁਤੀਆ = ਦੂਸਰੇ ਕਿਸੇ ਰੂਪ ਨੂੰ ਚੀਨ = ਜਾਣਦਾ ਹੀ ਨਹੀਂ ਹੈ।

ਪ੍ਰੇਮ ਨੇਮ ਸਹਜ ਸਮਾਧਿ ਅਨਹਦ ਲਿਵ;
ਦੁਤੀਆ ਸਬਦ ਸ੍ਵਨੰਤਰਿ ਨ ਕੀਨ ਹੈ ॥

ਗੁਰਮੁਖ ਜਨ ਪ੍ਰੇਮ = ਸਨੇਹ ਦੇ ਨੇਮ = ਨਿਯਮ ਕਰਕੇ ਸਹਜ = ਸੁਤੇ-ਸਿਧ ਪ੍ਰਭੂ ਦੇ ਨਾਮ ਵਿਚ ਅਨਹਦ = ਹੱਦ ਤੋਂ ਰਹਿਤ ਸਮਾਧਿ = ਸਮਾਧੀ ਲਾ ਕੇ ਚਿੱਤ ਦੀ ਲਿਵ = ਬਿਰਤੀ ਨੂੰ ਪ੍ਰਭੂ ਵੱਲ ਲਾਈ ਰੱਖਦਾ ਹੈ ਅਤੇ ਉਸ ਗੁਰਮੁਖ ਨੇ ਸ੍ਵਨੰਤਰਿ (ਸ੍ਵਨ + ਅੰਤਰਿ) ਸ੍ਵਨ = ਕੰਨਾਂ ਦੇ ਅੰਤਰਿ = ਵਿਚ ਕਦੇ ਵੀ ਦੁਤੀਆ = ਦੂਸਰੇ ਦੀ ਨਿੰਦਿਆ, ਚੁਗ਼ਲੀ ਵਾਲੇ ਸ਼ਬਦ = ਬੋਲਾਂ ਨੂੰ **ਵਾ:** ਦੂਸਰੇ ਭਾਵ ਦੇਵੀ ਦੇਵਤਿਆਂ ਦੀ ਉਪਾਸਨਾ ਵਾਲੇ ਬੋਲਾਂ ਨੂੰ ਗ੍ਰਹਿਣ ਨ = ਨਹੀਂ ਕੀਨ = ਕੀਤਾ ਹੈ।

ਬਿਸਮ ਬਿਦੇਹ ਜਗ ਜੀਵਨ ਮੁਕਤਿ ਭਏ;
ਤ੍ਰਿਭਵਨ ਅਉ ਤ੍ਰਿਕਾਲ ਗੰਮਿਤਾ ਪ੍ਰਬੀਨ ਹੈ ॥੬੫॥

ਗੁਰਮੁਖ ਜਨ ਆਪਣੇ ਹਿਰਦੇ ਵਿਚ ਹੀ ਬਿਸਮ = ਵਿਸਮਾਦੀ ਅਵਸਥਾ ਨੂੰ ਪ੍ਰਾਪਤ ਕਰ ਕੇ ਬਿਦੇਹ = ਦੇਹ ਤੋਂ ਰਹਿਤ, ਭਾਵ ਦੇਹ ਅਧਿਆਸ ਤੋਂ ਰਹਿਤ ਹੋ ਕੇ ਜਗ = ਸੰਸਾਰ ਵਿਚ ਜੀਵਨ ਮੁਕਤ ਭਏ = ਹੋ ਜਾਂਦਾ ਹੈ, ਭਾਵ ਜੀਵਨ ਦਸ਼ਾ ਵਿਚ ਬੰਧਨ ਰਹਿਤ ਭਏ = ਹੋ ਜਾਂਦਾ ਹੈ, ਤ੍ਰਿਭਵਨ = ਤਿੰਨੇ ਲੋਕਾਂ ਅਉ = ਅਤੇ ਸਮਿਆਂ ਦੀ ਗੰਮਿਤਾ = ਪਹੁੰਚਤਾ ਵਿਚ ਪ੍ਰਬੀਨ = ਅਤਿਅੰਤ ਸੂਝਵਾਨ, ਨਿਪੁੰਨ ਹੋ ਜਾਂਦਾ ਹੈ ॥੬੫॥

ਸਕਲ ਸੁਗੰਧਤਾ ਮਿਲਤ ਅਰਗਜਾ ਹੋਤ;
ਕੋਟਿ ਅਰਗਜਾ ਮਿਲਿ ਬਿਸਮ ਸੁਬਾਸ ਕੈ ॥

ਕਸਤੂਰੀ, ਚੰਦਨ, ਕੇਸਰ, ਗੁਲਾਬ ਫੁੱਲ ਦੇ ਪੱਤੇ, ਮੁਸ਼ਕ ਬਿਲਾਈ, ਗੋਰੋਚਨ ਆਦਿ ਸਕਲ = ਸਾਰੇ ਤਰ੍ਹਾਂ ਦੀਆਂ ਸੁਗੰਧਤਾ = ਮਹਿਕ ਵਾਲੀਆਂ ਵਸਤੂ ਮਿਲਤ = ਮਿਲਣ ਤੋਂ ਅਰਗਜਾ ਨਾਮੀ ਸੁਗੰਧਤਾ ਵਾਲਾ ਪਦਾਰਥ ਹੋਤ = ਹੁੰਦਾ, ਬਣਦਾ ਹੈ[੧] **ਵਾ:** ਅਰਗਜਾ = ਅਬੀਰ ਨਾਮ ਵਾਲਾ ਇਕ ਵੱਖਰੀ ਤਰ੍ਹਾਂ ਦੀ ਸੁਗੰਧੀ ਵਾਲਾ ਪਦਾਰਥ ਬਣਦਾ ਹੈ, ਅਜਿਹੇ ਕੋਟਿ = ਕਰੋੜਾਂ ਅਰਗਜਾ ਨਾਮੀ ਸੁਗੰਧਤ ਪਦਾਰਥ ਮਿਲਿ = ਇਕੱਤਰ ਹੋ ਕੇ ਜੇਕਰ ਹੋਰ ਵੀ ਸ੍ਰੇਸ਼ਟ ਸੁਗੰਧੀ ਪੈਦਾ ਕਰ ਦੇਣ ਤਾਂ ਵੀ ਉਹ ਗੁਰਮੁਖ ਜਨ ਦੇ ਹਿਰਦੇ ਵਿਚ ਗੁਰ-ਉਪਦੇਸ਼ ਦੁਆਰਾ ਖਿੜੀ ਹੋਈ ਸੁਬਾਸ (ਸੁ + ਬਾਸ) ਸੁ = ਸ੍ਰੇਸ਼ਟ ਭਗਤੀ ਰੂਪ ਬਾਸ = ਸੁਗੰਧੀ ਨੂੰ ਵੇਖ ਕੈ = ਕਰਕੇ ਅਰਗਜਾ ਨਾਮੀ ਸੁਗੰਧੀ ਬਿਸਮ = ਵਿਸਮਾਦ ਹੀ ਹੋਇਆ ਕਰਦੀ ਹੈ।

ਸਕਲ ਅਨੂਪ ਰੂਪ ਕਮਲਾ ਬਿਖੈ ਸਮਾਤ;
ਹੇਰਤ ਹਿਰਾਤ ਕੋਟਿ ਕਮਲਾ ਪ੍ਰਗਾਸ ਕੈ ॥

ਸਕਲ = ਸਾਰੇ ਅਨੂਪ = ਉਪਮਾ ਤੋਂ ਰਹਿਤ ਰੂਪ = ਸਰੂਪ ਕਮਲਾ (ਲੱਛਮੀ, ਮਾਇਆ) ਬਿਖੈ = ਵਿਚ ਸਮਾਤ = ਸਮਾਏ ਹੋਏ ਹਨ, ਭਾਵ ਲੱਛਮੀ, ਮਾਇਆ ਨਾਲੋਂ ਕੋਈ ਵੀ ਚੰਗਾ ਨਹੀਂ ਹੈ, ਅਜਿਹੀਆਂ ਕੋਟਿ = ਕਰੋੜਾਂ ਲੱਛਮੀਆਂ ਪ੍ਰਗਾਸ = ਪ੍ਰਕਾਸ਼ ਕੈ = ਕਰਨ ਵਾਲੀਆਂ ਹਨ, ਪਰ ਉਹ ਗੁਰਾਂ, ਗੁਰਮੁਖਾਂ ਦੇ ਤੇਜ ਪ੍ਰਭਾਵ ਵਾਲੇ ਸੋਹਣੇ ਸਰੂਪ ਨੂੰ ਹੇਰਤ = ਵੇਖ ਕੇ ਹਿਰਾਤ = ਅਸਚਰਜ ਹੋ ਜਾਂਦੀਆਂ ਹਨ।

ਸਕਲ ਨਿਧਾਨ ਮਿਲਿ ਪਰਮ ਨਿਧਾਨ ਭਏ;
ਕੋਟਿਕ ਨਿਧਾਨ ਹੁਇ ਚਕਿਤ ਬਿਲਾਸ ਕੈ ॥

ਸਕਲ = ਸਾਰੇ ਨਿਧਾਨ = ਖ਼ਜ਼ਾਨੇ ਮਿਲਿ = ਮਿਲਣਾ ਕਰਨ ਤਾਂ ਪਰਮ = ਵੱਡਾ ਨਿਧਾਨ = ਖ਼ਜ਼ਾਨਾ ਭਏ = ਹੁੰਦਾ, ਬਣਦਾ ਹੈ ਭਾਵ ਅਨੇਕਾਂ ਰਿਧੀਆਂ ਸਿਧੀਆਂ ਦੇ ਖ਼ਜ਼ਾਨੇ ਇਕੱਤਰ ਕਰ ਕੇ ਇਹ ਅਤਿਅੰਤ ਰਿਧੀਆਂ ਸਿਧੀਆਂ ਦਾ ਖ਼ਜ਼ਾਨਾ ਬਣਦਾ ਹੈ, ਜੋ ਕਿਸੇ ਕੋਲੋਂ ਖ਼ਤਮ ਨਹੀਂ ਹੁੰਦਾ, ਪਰ ਅਜਿਹੇ ਕੋਟਿਕ = ਕਰੋੜਾਂ ਹੀ ਨਿਧਾਨ = ਖ਼ਜ਼ਾਨੇ ਗੁਰੂ, ਗੁਰਮੁਖ ਦੇ ਸੁਭਾਵਿਕ ਕੀਤੇ ਇਕ ਬਿਲਾਸ = ਕੌਤਕ ਦੇ ਕੈ = ਕਰਕੇ ਚਕਿਤ = ਹੈਰਾਨ ਹੁਇ = ਹੁੰਦੇ ਹਨ।

ਚਰਨ ਕਮਲ ਗੁਰ ਮਹਿਮਾ ਅਗਾਧਿ ਬੋਧਿ;
ਗੁਰਸਿਖ ਮਧੁਕਰ ਅਨਭੈ ਅਭਿਆਸ ਕੈ ॥੬੬॥

ਇਸ ਲਈ ਗੁਰ = ਸਤਿਗੁਰੂ ਸਾਹਿਬ ਜੀ ਦੇ ਚਰਨ ਕਮਲਾਂ ਦੀ ਮਹਿਮਾ = ਉਸਤਤੀ ਦਾ ਬੋਧਿ = ਗਿਆਤ ਅਗਾਧਿ = ਡੂੰਘਾ, ਅਤਿਅੰਤ ਕਠਿਨ ਹੈ, ਲੇਕਿਨ ਗੁਰਸਿੱਖ ਮਧੁਕਰ = ਭੌਰੇ ਵਤ ਗੁਰਾਂ ਦੇ ਚਰਨ ਕਮਲਾਂ ਉੱਪਰ ਹੀ ਡਿੱਗੇ ਰਹਿੰਦੇ ਹਨ ਅਤੇ ਪ੍ਰੇਮਾ-ਭਗਤੀ ਰੂਪ ਸੁਗੰਧੀ ਦਾ ਆਨੰਦ ਲੈਂਦੇ ਹੋਏ ਅਨਭੈ = ਡਰ ਤੋਂ ਰਹਿਤ ਹੋ ਕੇ ਨਾਮ ਦਾ ਅਭਿਆਸ ਕੈ = ਕਰਦੇ ਰਹਿੰਦੇ ਹਨ।

---

੧. **ਮ੍ਰਿਗ ਮਦ ਗੌਰਾ ਚੋਆ ਚੰਦਨ ਕੁਸੁਮ ਦਲ ਸਗਲ ਸੁਗੰਧਿ ਕੈ ਅਰਗਜਾ ਸੁਭਾਸ ਹੈ ॥** *(ਕਬਿੱਤ ਭਾਈ ਗੁਰਦਾਸ ਜੀ)*

ਅਥਵਾ ਗੁਰਸਿੱਖ ਅਨਭੈ = ਅਨੁਭਵੀ ਅਵਸਥਾ ਵਿਚ ਮਸਤ ਹੋਏ ਨਾਮ ਦੇ ਅਭਿਆਸ ਕੈ = ਕਰਕੇ ਮਧੁਕਰ = ਭੌਰੇ ਵਤ ਗੁਰੂ ਰੂਪ ਕਮਲ ਦੇ ਚਰਨਾਂ ਵਿਚ ਰਹਿੰਦੇ ਹਨ **ਵਾ:** ਚਰਨ ਕਮਲਾਂ ਦੀ ਓਟ ਵਿਚ ਰਹਿੰਦੇ ਹਨ, ਇਸ ਕਰਕੇ ਗੁਰ = ਸਤਿਗੁਰੂ ਜੀ ਦੀ **ਵਾ:** ਗੁਰਮੁਖ ਦੀ ਮਹਿਮਾ = ਵਡਿਆਈ ਦਾ ਬੋਧ = ਜਾਨਣਾ ਅਗਾਧਿ = ਅਥਾਹ ਹੈ ॥੬੬॥

ਰਤਨ ਪਾਰਖ ਮਿਲਿ ਰਤਨ ਪਰੀਖਾ ਹੋਤ;
ਗੁਰਮੁਖਿ ਹਾਟ ਸਾਟ ਰਤਨ ਬਿਉਹਾਰ ਹੈ ॥

ਜਿਵੇਂ ਰਤਨ ਪਾਰਖ = ਪਰਖਣ ਵਾਲੇ ਸਰਾਫ਼ ਨਾਲ ਮਿਲਿ = ਮਿਲਣੇ ਕਰਕੇ ਹੋਰ ਪੁਰਖ ਵੀ ਰਤਨ ਨੂੰ (ਖੋਟਾ, ਖਰਾ) ਪਰੀਖਾ = ਪਰਖਣ ਵਾਲਾ ਹੋਤ = ਹੁੰਦਾ ਹੈ, ਇਸੇ ਪ੍ਰਕਾਰ ਗੁਰਮੁਖਿ = ਮੁਖੀ ਗੁਰਾਂ ਦੀ ਸਤਿਸੰਗ ਰੂਪੀ ਹਾਟ = ਹੱਟ ਉੱਪਰ ਨਾਮ ਰੂਪੀ ਸਾਟ = ਕੀਮਤੀ ਰਤਨ ਦਾ ਬਿਉਹਾਰ = ਸੌਦਾ ਹੁੰਦਾ ਹੈ **ਵਾ:** ਮੁਖੀ ਗੁਰੂ ਰੂਪ ਸਰਾਫ਼ ਦੀ ਸਤਿਸੰਗ ਰੂਪੀ ਹੱਟੀ 'ਤੇ ਜਾ ਕੇ ਜਗਿਆਸੂ ਰੂਪ ਰਤਨ ਦੀ ਸਾਟ = ਕਦਰ ਪੈਂਦੀ ਹੈ।

ਮਾਨਕ ਹੀਰਾ ਅਮੋਲ ਮਨਿ ਮੁਕਤਾਹਲ ਕੈ;
ਗਾਹਕ ਚਾਹਕ ਲਾਭ ਲਭਤਿ ਅਪਾਰ ਹੈ ॥

ਜਿਵੇਂ ਸਰਾਫ਼ ਦੀ ਪ੍ਰਤੱਖ ਹੱਟੀ ਵਿਚ ਅਮੋਲ = ਨਿਰਮੋਲਕ ਮਾਣਕ, ਹੀਰੇ, ਮਨਿ = ਮਣੀਆਂ ਤੇ ਮੁਕਤਾਹਲ = ਮੋਤੀ ਆਦਿ ਕੈ = ਦੇ ਭੰਡਾਰੇ ਹੁੰਦੇ ਹਨ ਜਾਂ ਮੋਤੀ ਆਦਿ ਕੀਮਤੀ ਪਦਾਰਥਾਂ ਕੈ = ਦੇ ਢੇਰ ਲੱਗੇ ਹੁੰਦੇ ਹਨ ਤਾਂ ਗਾਹਕ = ਖ਼ਰੀਦਦਾਰ ਲੋਕ ਖ਼ਰੀਦਣ ਦੀ ਚਾਹਕ = ਇੱਛਾ ਨਾਲ ਅਪਾਰ = ਬੇਅੰਤ (ਮਾਣਕ, ਹੀਰੇ ਆਦਿ) ਕੀਮਤੀ ਪਦਾਰਥਾਂ ਵਿੱਚੋਂ ਲਾਭ = ਨਫ਼ੇ ਵਾਲੇ ਪਦਾਰਥ ਲਭਤਿ = ਲੱਭ ਕੇ ਖ਼ਰੀਦਦੇ ਹੈ = ਹਨ।

ਇਸੇ ਤਰ੍ਹਾਂ ਗੁਰੂ ਰੂਪ ਸਰਾਫ਼ ਦੀ ਸਤਿਸੰਗ ਰੂਪੀ ਹੱਟੀ ਵਿਚ ਸ੍ਰਵਨ, ਮੰਨਣ, ਨਿਧਿਆਸਣ ਰੂਪੀ ਮਾਣਕ, ਗਿਆਨ ਰੂਪੀ ਅਮੋਲਕ ਹੀਰਾ, ਕਰੁਣਾ, ਮੁੱਦਤਾ, ਅਪੇਖਿਆ ਰੂਪ ਮਣੀਆਂ ਅਤੇ ਆਤਮਾਨੰਦ ਰੂਪੀ ਮੋਤੀ ਦੇ ਖ਼ਜ਼ਾਨੇ ਹਨ, ਜਗਿਆਸੂ ਰੂਪ ਗਾਹਕ = ਖ਼ਰੀਦਦਾਰ ਆਪਣੀ ਚਾਹਕ = ਇੱਛਾ ਅਨੁਸਾਰ ਇਨ੍ਹਾਂ ਬੇਅੰਤ ਨਫ਼ੇ ਵਾਲੇ ਪਦਾਰਥਾਂ ਵਿੱਚੋਂ ਆਪਣੀ ਕਮਾਈ ਅਨੁਸਾਰ ਪਦਾਰਥ ਲੱਭ ਕੇ ਲੈ ਜਾਂਦੇ ਹਨ।

ਅਥਵਾ ਗੁਰੂ ਦੀ ਸਤਿਸੰਗ ਰੂਪ ਹੱਟੀ ਵਿਚ ਪ੍ਰੇਮ ਰੂਪੀ ਮਾਣਕ, ਨਾਮ ਰੂਪੀ ਹੀਰਾ, ਸਮ ਦਮ ਸਾਧਨਾ ਰੂਪੀ ਜਾਂ ਵੈਰਾਗ ਬਿਬੇਕ ਰੂਪੀ ਅਮੋਲਕ ਮਣੀਆਂ ਤੇ ਬ੍ਰਹਮ ਗਿਆਨ ਰੂਪੀ ਮੋਤੀ ਦੇ ਖ਼ਜ਼ਾਨੇ ਹਨ ਅਤੇ ਜੋ ਇਨ੍ਹਾਂ ਪਦਾਰਥਾਂ ਦਾ ਚਾਹਕ = ਇੱਛਾਵਾਨ ਗਾਹਕ = ਖ਼ਰੀਦਦਾਰ ਗੁਰੂ ਰੂਪ ਸਰਾਫ਼ ਦੀ ਸਤਿਸੰਗ ਹੱਟੀ ਵਿਚ ਜਾਂਦਾ ਹੈ, ਉਹ ਇਨ੍ਹਾਂ ਪਦਾਰਥਾਂ ਨੂੰ ਲਭਤਿ = ਲੱਭ ਲੈਂਦਾ ਹੈ ਤੇ ਅਪਾਰ = ਬੇਅੰਤ ਹੀ ਬ੍ਰਹਮਾਨੰਦ ਦੀ ਪ੍ਰਾਪਤੀ ਦੇ ਲਾਭ = ਨਫ਼ੇ ਨੂੰ ਪ੍ਰਾਪਤ ਕਰ ਲੈਂਦਾ ਹੈ।

ਪ੍ਰਸ਼ਨ : ਪ੍ਰਤੱਖ ਸਰਾਫ਼ ਦੀ ਹੱਟੀ ਵਿਚ ਜਾ ਕੇ ਖ਼ਰੀਦੇ ਸੌਦੇ ਦਾ ਮੁੱਲ ਦੇਣਾ ਪੈਂਦਾ ਹੈ, ਇਥਰ ਕਿਹੜਾ ਮੁੱਲ ਦੇਣਾ ਪੈਂਦਾ ਹੈ ?

ਸਬਦ ਸੁਰਤਿ ਅਵਗਾਹਨ ਬਿਸਾਹਨ ਕੈ;
ਪਰਮ ਨਿਧਾਨ ਪ੍ਰੇਮ ਨੇਮ ਗੁਰ ਦੁਆਰ ਹੈ॥

ਉੱਤਰ : ਗੁਰ = ਸਤਿਗੁਰਾਂ ਦੇ ਦੁਆਰ = ਦਰ 'ਤੇ ਜਾ ਕੇ ਪਰਮ = ਵੱਡਾ ਨਿਧਾਨ = ਖ਼ਜ਼ਾਨਾ, ਜੋ ਪ੍ਰੇਮ ਦਾ ਨੇਮ = ਨਿਯਮ ਹੈ, ਉਸ ਪ੍ਰੇਮ ਦੇ ਨਿਯਮ ਸਹਿਤ ਗੁਰਾਂ ਦੇ ਸਬਦ = ਉਪਦੇਸ਼ ਨੂੰ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਸ੍ਰਵਨ ਕਰਕੇ ਉਸ ਦਾ ਅਵਗਾਹਨ = ਮਥਨ ਕਰੇ ਭਾਵ ਗੁਰ-ਉਪਦੇਸ਼ ਦੁਆਰਾ ਨਾਮ ਅਭਿਆਸ ਕਰੇ, ਨਾਮ ਦੀ ਕਮਾਈ ਕਰੇ ਤਾਂ ਫੇਰ ਕਿਤੇ ਜਾ ਕੈ = ਕਰਕੇ ਉਪਰੋਕਤ ਸੌਦੇ ਨੂੰ ਬਿਸਾਹਨ = ਖ਼ਰੀਦਣਾ ਕਰੀਦਾ ਹੈ।

ਗੁਰਸਿਖ ਸੰਧਿ ਮਿਲਿ ਸੰਗਮ ਸਮਾਗਮ ਕੈ;
ਮਾਇਆ ਕੈ ਉਦਾਸ ਭਵ ਤਰਤ ਸੰਸਾਰ ਹੈ॥੬੭॥

ਗੁਰ = ਗੁਰੂ ਤੇ ਸਿੱਖ ਦਾ ਸੰਧਿ = ਸੰਗ ਮਿਲਿ = ਮਿਲਣੇ ਕੈ = ਕਰਕੇ ਜਦ ਆਪਸ ਵਿਚਦੀ ਸੰਗਮ = ਮਿਲਾਪ ਦੀ ਸਮਾਗਮ = ਇਕੱਤਰਤਾ ਹੋ ਜਾਂਦੀ ਹੈ, ਭਾਵ ਗੁਰੂ ਤੇ ਸਿੱਖ ਇਕ ਰੂਪ ਹੋ ਜਾਂਦੇ ਹਨ ਅਤੇ ਸਿੱਖ ਮਾਇਆ ਭਾਵ ਕਾਰ-ਵਿਹਾਰਾਂ ਮੈ = ਵਿਚ ਵਿਚਰਦਾ ਹੋਇਆ ਉਦਾਸ = ਉਪਰਾਮ, ਨਿਰਲੇਪ ਰਹਿੰਦਾ ਹੈ। ਇਸੇ ਕਰਕੇ ਜੰਮਣ ਮਰਨ ਦਾ ਮੂਲ ਕਾਰਨ ਜੋ ਭਵ = ਸੰਸਾਰ ਹੈ, ਉਹ ਇਸ ਸੰਸਾਰ = ਜਗਤ ਤੋਂ ਤਰਤ = ਤਰ ਜਾਂਦਾ ਹੈ **ਵਾ:** ਗੁਰੂ ਦਾ ਸਿੱਖ ਮਾਇਆਵੀ ਜਗਤ ਵਿਚ ਰਹਿੰਦਾ ਹੋਇਆ ਵੀ ਮਨ ਕਰਕੇ ਉਪਰਾਮ ਹੁੰਦਾ ਹੈ, ਤਨ ਕਰਕੇ ਮਾਇਆ ਵਿਚ ਹੁੰਦਾ ਹੈ, ਇਸ ਲਈ (ਸੰਸ + ਆਰ) ਸੰਸ = ਸੰਸਿਆਂ ਦੇ ਆਰ = ਆਲ, ਘਰ ਭਵ = ਜਗਤ ਤੋਂ ਤਰ ਜਾਂਦਾ ਹੈ॥੬੭॥

ਚਰਨ ਕਮਲ ਮਕਰੰਦ ਰਸ ਲੁਭਿਤ ਹੁਇ;
ਨਿਜ ਘਰਿ ਸਹਜ ਸਮਾਧਿ ਲਿਵ ਲਾਗੀ ਹੈ॥

ਜਿਹੜਾ ਗੁਰਸਿੱਖ ਪੂਰੇ ਗੁਰੂ ਦੇ ਚਰਨ ਕਮਲਾਂ ਰੂਪ ਮਕਰੰਦ = ਫੁੱਲਾਂ ਦੀ ਸੁਗੰਧੀ **ਵਾ:** ਮਕਰੰਦ = ਧੂੜੇ ਦੇ ਰਸ = ਸੁਆਦ ਵਿਚ ਪ੍ਰੇਮਾ-ਭਗਤੀ ਦੇ ਸਹਿਤ ਲੁਭਿਤ = ਲੁਭਾਇਮਾਨ ਹੁਇ = ਹੁੰਦਾ ਹੈ, ਉਸ ਦੀ ਹੀ ਨਿਜ = ਆਪਣੇ ਸਰੂਪ ਰੂਪੀ ਘਰ ਵਿਚ ਸਹਜ = ਸੁਤੇ-ਸਿਧ, ਸੁਭਾਵਿਕ ਹੀ ਸਮਾਧਿ = ਸਮਾਧੀ, ਇਸਥਿਤੀ ਰੂਪ ਲਿਵ = ਬਿਰਤੀ ਲਾਗੀ = ਲੱਗੀ ਹੈ।

ਚਰਨ ਕਮਲ ਮਕਰੰਦ ਰਸ ਲੁਭਿਤ ਹੁਇ;
ਗੁਰਮਤਿ ਰਿਦੈ ਜਗਮਗ ਜੋਤਿ ਜਾਗੀ ਹੈ॥

ਜਿਹੜਾ ਗੁਰਸਿੱਖ ਪੂਰੇ ਗੁਰੂ ਦੇ ਚਰਨ ਕਮਲਾਂ ਰੂਪ ਮਕਰੰਦ = ਫੁੱਲਾਂ ਦੀ ਸੁਗੰਧੀ **ਵਾ:** ਧੂੜੇ (ਧੂੜੀ) ਰੂਪ ਰਸ = ਸੁਆਦ ਵਿਚ ਪ੍ਰੇਮਾ-ਭਗਤੀ ਦੇ ਸਹਿਤ ਲੁਭਿਤ = ਲੁਭਾਇਮਾਨ ਹੁਇ = ਹੁੰਦਾ ਹੈ, ਉਸ ਦੇ ਰਿਦੈ = ਹਿਰਦੇ ਵਿਚ ਗੁਰਮਤਿ = ਗੁਰੂ ਦੀ ਸਿੱਖਿਆ ਕਰਕੇ ਆਤਮ ਸਖਿਆਤਤਾ ਦੇ ਜਗਮਗ = ਪ੍ਰਕਾਸ਼ ਵਾਲੀ ਜੋਤਿ ਜਾਗੀ = ਜਗ ਆਈ ਹੈ।

ਚਰਨ ਕਮਲ ਮਕਰੰਦ ਰਸ ਲੁਭਿਤ ਹੁਇ;
ਅੰਮ੍ਰਿਤ ਨਿਧਾਨ ਪਾਨ ਦੁਰਮਤਿ ਭਾਗੀ ਹੈ॥

ਜਿਹੜਾ ਗੁਰਸਿੱਖ ਪੂਰੇ ਗੁਰੂ ਦੇ ਚਰਨ ਕਮਲਾਂ ਰੂਪ ਮਕਰੰਦ = ਫੁੱਲਾਂ ਦੀ ਸੁਗੰਧੀ **ਵਾ:** ਧੂੜੇ ਰੂਪ ਰਸ = ਸੁਆਦ ਵਿਚ ਪ੍ਰੇਮਾ-ਭਗਤੀ ਦੇ ਸਹਿਤ ਲੁਭਿਤ = ਲੁਭਾਇਮਾਨ ਹੁਇ = ਹੁੰਦਾ ਹੈ, ਉਸ ਦੀ ਗੁਰ-ਉਪਦੇਸ਼ ਰੂਪ ਅੰਮ੍ਰਿਤ ਦੇ ਨਿਧਾਨ = ਖ਼ਜ਼ਾਨੇ ਵਿੱਚੋਂ ਨਾਮ ਰੂਪ ਅੰਮ੍ਰਿਤ ਪਾਨ = ਪੀ (ਛਕ) ਕਰਕੇ ਦੁਰਮਤਿ = ਖੋਟੀ ਮੱਤ, ਦ੍ਵੈਤ ਵਾਲੀ ਬੁੱਧ ਭਾਗੀ = ਨੱਠ, ਨਾਸ਼ ਹੋ ਜਾਂਦੀ ਹੈ।

ਚਰਨ ਕਮਲ ਮਕਰੰਦ ਰਸ ਲੁਭਿਤ ਹੁਇ;
ਮਾਇਆ ਮੈ ਉਦਾਸ ਬਾਸ ਬਿਰਲੋ ਬੈਰਾਗੀ ਹੈ॥੬੮॥

ਜਿਹੜਾ ਗੁਰਸਿੱਖ ਪੂਰੇ ਗੁਰੂ ਦੇ ਚਰਨ ਕਮਲਾਂ ਰੂਪ ਮਕਰੰਦ = ਫੁੱਲਾਂ ਦੀ ਸੁਗੰਧੀ **ਵਾ:** ਧੂੜੇ ਰੂਪ ਰਸ = ਸੁਆਦ ਵਿਚ ਪ੍ਰੇਮਾ-ਭਗਤੀ ਦੇ ਸਹਿਤ ਲੁਭਿਤ = ਲੁਭਾਇਮਾਨ ਹੁਇ = ਹੁੰਦਾ ਹੈ, ਉਹ ਕੋਈ ਬਿਰਲੋ = ਟਾਂਵਾਂ ਪੁਰਖ ਹੀ ਬੈਰਾਗੀ = ਵੈਰਾਗਵਾਨ ਹੋ ਕੇ ਮਾਇਆ ਮੈ = ਵਿਚ ਰਹਿੰਦਾ ਹੋਇਆ ਸੰਸਾਰ, ਮਾਇਆ ਵੱਲੋਂ ਉਦਾਸ = ਉਪਰਾਮ ਹੋ ਕੇ ਆਤਮਿਕ ਮੰਡਲ ਵਿਚ ਬਾਸ = ਵੱਸਣਾ ਕਰਦਾ ਹੈ **ਵਾ:** ਉਹ ਮਾਇਆ ਵਿਚ ਉਪਰਾਮ ਹੋ ਕੇ ਬਾਸ = ਵੱਸਦਾ ਹੈ॥੬੮॥

ਜੈਸੇ ਨਾਉ ਬੂਡਤ ਸੈ ਜੋਊ ਨਿਕਸੈ ਸੋਈ ਭਲੋ;
ਬੂਡਿ ਗਏ ਪਾਛੈ ਪਛਤਾਇਓ ਰਹਿ ਜਾਤ ਹੈ॥

(ਪਾਠਾਂਤ੍ਰ 'ਜੋਊ ਬਚੈ')

ਦ੍ਰਿਸ਼ਟਾਂਤ—ਜੈਸੇ = ਜਿਸ ਪ੍ਰਕਾਰ ਨਾਉ = ਬੇੜੀ ਬੂਡਤ = ਡੁੱਬਦੀ ਸੈ = ਤੋਂ, ਵਿੱਚੋਂ ਜੋਊ = ਜਿਹੜਾ ਕੁਝ ਨਿਕਸੈ = ਨਿਕਲ ਸਕੇ ਸੋਈ = ਉਹੋ ਹੀ ਭਲੋ = ਚੰਗਾ ਸਮਝਣਾ ਚਾਹੀਦਾ ਹੈ, ਭਾਵ ਜਦ ਬੇੜੀ ਡੁੱਬਣ ਲੱਗੇ ਤਾਂ ਜੋ ਕੁਝ ਸੰਭਾਲ ਲਈਏ, ਉਹੋ ਹੀ ਆਪਣਾ ਹੁੰਦਾ ਹੈ, ਜਦ ਬੇੜੀ ਬੂਡਿ = ਡੁੱਬ ਗਏ = ਗਈ ਤਾਂ ਫੇਰ ਪਾਛੈ = ਪਿੱਛੋਂ ਪਛਤਾਇਓ = ਪਛਤਾਵਾ ਹੀ ਰਹਿ ਜਾਤ = ਜਾਂਦਾ ਹੈ। ਇਸੇ ਪ੍ਰਕਾਰ ਸਰੀਰ ਰੂਪੀ ਬੇੜੀ ਨੂੰ ਵਿਸ਼ੇ-ਵਿਕਾਰਾਂ ਰੂਪ ਪਾਣੀ ਵਿਚ ਡੁੱਬਦੀ ਨੂੰ ਜਿਤਨਾ ਹੋ ਸਕੇ, ਉਤਨਾ ਉਨ੍ਹਾਂ ਵਿੱਚੋਂ ਕੱਢਣਾ ਕਰੇ, ਕਿਉਂਕਿ ਸੋਈ = ਉਹੋ ਹੀ ਚੰਗਾ ਸਮਝਣਾ ਚਾਹੀਦਾ ਹੈ, ਭਾਵ ਜਿਤਨਾ ਸਰੀਰ ਪਾਸੋਂ ਸੇਵਾ, ਭਜਨ ਕਰਕੇ ਲਾਭ ਉਠਾਇਆ ਜਾਂਦਾ ਹੈ, ਉਹੋ ਹੀ ਚੰਗਾ ਹੈ, ਜਦ ਸਰੀਰ ਰੂਪੀ ਬੇੜੀ ਡੁੱਬ ਗਈ ਭਾਵ ਸੁਆਸ ਪੂਰੇ ਹੋ ਗਏ, ਫੇਰ ਪਿੱਛੋਂ ਜਮਾਂ ਦੇ ਆਉਣ ਤੋਂ ਪਛਤਾਵਾ ਰਹਿ ਜਾਵੇਗਾ।

ਜੈਸੇ ਘਰ ਲਾਗੇ ਆਗਿ ਜੋਈ ਬਚੈ ਸੋਈ ਭਲੋ;
ਜਰਿ ਬੁਝੈ ਪਾਛੈ ਕਛੁ ਬਸੁ ਨ ਬਸਾਤ ਹੈ॥

ਜੈਸੇ = ਜਿਸ ਪ੍ਰਕਾਰ ਘਰ ਨੂੰ ਆਗਿ = ਅੱਗ ਲਾਗੇ = ਲੱਗੇ ਤੋਂ ਜੋਈ = ਜਿਹੜਾ ਕੁਝ ਬਚੈ = ਬਚ ਜਾਵੇ ਸੋਈ = ਉਹੋ ਹੀ ਭਲੋ = ਚੰਗਾ ਹੈ, ਜਦ ਘਰ ਜਰਿ = ਸੜ ਬੁਝੇ ਪਾਛੈ = ਪਿੱਛੋਂ ਕੇਵਲ ਸੁਆਹ ਰਹਿ ਜਾਵੇ ਤਾਂ ਕਛੁ = ਕੁਝ ਵੀ ਬਸੁ ਨ ਬਸਾਤ = ਵੱਸ ਨਹੀਂ ਚੱਲਦਾ, ਕੁਝ ਚਾਰਾ ਨਹੀਂ ਚੱਲ ਸਕਦਾ। ਇਸੇ ਪ੍ਰਕਾਰ

ਸਰੀਰ ਰੂਪੀ ਘਰ ਨੂੰ ਕਾਲ ਰੂਪੀ ਅੱਗ ਲੱਗੀ ਹੋਈ ਹੈ, ਜਿਹੜੇ ਸੁਆਸ ਭਜਨ ਸਿਮਰਨ ਲਈ ਬਚ ਜਾਣ, ਉਹੋ ਹੀ ਚੰਗੇ ਹਨ, ਜਦੋਂ ਸਰੀਰ ਰੂਪੀ ਘਰ ਨੂੰ ਕਾਲ ਰੂਪੀ ਅੱਗ ਨੇ ਸਾੜ ਕੇ ਸੁਆਹ ਕਰ ਦਿੱਤਾ ਤਾਂ ਫੇਰ ਜੀਵ ਦੇ ਕੁਝ ਵੀ ਵੱਸ ਨਹੀਂ ਰਹੇਗਾ।

ਜੈਸੇ ਚੋਰ ਲਾਗੇ ਜਾਗੇ ਜੋਈ ਰਹੈ ਸੋਈ ਭਲੋ;
ਸੋਇ ਗਏ ਰੀਤੋ ਘਰ ਦੇਖੈ ਉਠਿ ਪ੍ਰਾਤ ਹੈ॥

ਜੈਸੇ = ਜਿਸ ਪ੍ਰਕਾਰ ਚੋਰ ਘਰ ਵਿਚ ਆ ਕੇ ਚੋਰੀ ਕਰਨ ਲਾਗੇ = ਲੱਗੇ ਤਾਂ ਘਰ ਵਿੱਚੋਂ ਕੋਈ ਵੀ ਪਰਿਵਾਰ ਦਾ ਜੀਅ ਜਾਗੇ = ਉੱਠ ਪਵੇ ਤੇ ਜੋਈ = ਜਿਹੜਾ ਕੁਝ ਘਰ ਵਿਚ ਕੀਮਤੀ ਸਾਮਾਨ ਰਹੈ = ਰਹਿ ਜਾਵੇ, ਸੋਈ = ਉਹੋ ਹੀ ਭਲੋ = ਚੰਗਾ ਹੈ, ਪਰ ਜੇਕਰ ਉਸ ਸਮੇਂ ਆਲਸ ਕਰਕੇ ਸੋਇ = ਸੌਂ ਜਾਵੇ ਤਾਂ ਉਹ ਘਰ ਵਿਚ ਸੁੱਤੇ ਸੁੱਤੇ ਹੀ ਚੋਰ ਸਾਮਾਨ ਲੈ ਕੇ ਗਏ = ਚੱਲਦੇ ਬਣਦੇ ਹਨ, ਫਿਰ ਰੀਤੋ = ਖ਼ਾਲੀ ਹੋਏ ਘਰ ਨੂੰ ਹੀ ਪ੍ਰਾਤ = ਸਵੇਰੇ ਉੱਠ ਕੇ ਵੇਖਣਾ ਪੈਂਦਾ ਹੈ। ਇਸੇ ਪ੍ਰਕਾਰ ਜਦੋਂ ਸਰੀਰ ਰੂਪੀ ਘਰ ਨੂੰ ਵਿਕਾਰਾਂ ਰੂਪੀ ਚੋਰ ਆ ਕੇ ਲੱਗ ਜਾਣ ਤਾਂ ਉਨ੍ਹਾਂ ਤੋਂ ਸੁਚੇਤ ਹੋਣ ਰੂਪੀ ਜਾਗਣਾ, ਇਹੋ ਹੀ ਭਲੋ = ਚੰਗਾ ਹੈ, ਜੇਕਰ ਅਵਿੱਦਿਆ ਰੂਪੀ ਨੀਂਦ ਵਿਚ ਸੁੱਤੇ ਹੀ ਰਹਿ ਗਏ ਤਾਂ ਅੰਤਸ਼ਕਰਨ ਰੂਪੀ ਘਰ ਨੂੰ ਸ਼ੁਭ ਗੁਣਾਂ ਤੋਂ ਰੀਤੋ = ਖ਼ਾਲੀ ਦੇਖ ਕਰਕੇ ਮੌਤ ਆਉਣ ਰੂਪੀ ਪ੍ਰਾਤ = ਸਵੇਰੇ ਉੱਠ ਕੇ ਦੇਖਣਾ ਕਰੇਗਾ ਤਾਂ ਫੇਰ ਪਸਚਾਤਾਪ ਹੀ ਕਰੇਂਗਾ।

ਤੈਸੇ ਅੰਤ ਕਾਲ ਗੁਰ ਚਰਨ ਸਰਨਿ ਆਵੈ;
ਪਾਵੈ ਮੋਖ ਪਦਵੀ ਨਾਤਰ ਬਿਲਲਾਤ ਹੈ॥੬੯॥

('ਨਾ-ਤਰ' ਬੋਲੋ)

ਤੈਸੇ = ਉਸੇ ਤਰ੍ਹਾਂ ਜਦ ਅੱਜ ਕੱਲ੍ਹ ਕਰਦਿਆਂ ਜਾਂ ਕਰਮਾਂ ਦੇ ਜਾਗਣ ਦੀ ਤਾਂਘ ਵਿਚ ਜਾਂ ਕੰਮਾਂ-ਕਾਰਾਂ ਤੋਂ ਫੁਰਸਤ ਵੇਖਦਿਆਂ ਵੇਖਦਿਆਂ ਉਮਰ ਅਖ਼ੀਰਲੇ ਪੜਾਅ 'ਤੇ ਆ ਜਾਵੇ, ਤਦ ਅੰਤ = ਅਖ਼ੀਰ ਦੇ ਕਾਲ = ਸਮੇਂ ਵੀ ਜੋ ਜੀਵ ਪੂਰੇ ਗੁਰ = ਸਤਿਗੁਰੂ ਦੇ ਚਰਨਾਂ ਦੀ ਸਰਨਿ = ਓਟ ਵਿਚ ਆਵੈ = ਆ ਜਾਵੇ ਤਾਂ ਵੀ ਮੋਖ = ਮੁਕਤੀ ਰੂਪ ਪਦਵੀ = ਰੁਤਬੇ ਨੂੰ ਪਾਵੈ = ਪਾ ਲੈਣਾ ਕਰਦਾ ਹੈ, ਜੇਕਰ ਅੰਤ ਦਾ ਸਮਾਂ ਵੀ ਗਵਾ ਦਿੱਤਾ, ਫੇਰ ਨਾਤਰ = ਨਹੀਂ ਤਾਂ ਬਿਲਲਾਤ = ਵਿਰਲਾਪ, ਭਾਵ ਰੋਂਦਾ ਕੁਰਲਾਉਂਦਾ ਜਮਾਂ ਦੇ ਵੱਸ ਪੈ ਜਾਂਦਾ ਹੈ॥੬੯॥

ਅੰਤ ਕਾਲ ਏਕ ਘਰੀ ਨਿਗ੍ਰਹ ਕੈ ਸਤੀ ਹੋਇ;
ਧੰਨਿ ਧੰਨਿ ਕਹਤ ਹੈ ਸਕਲ ਸੰਸਾਰ ਜੀ॥

ਅੰਤ = ਅਖ਼ੀਰ ਦੇ ਕਾਲ = ਸਮੇਂ ਏਕ = ਇਕ ਘਰੀ = ਘੜੀ ਭਰ ਨਿਗ੍ਰਹ = ਹਠ ਕੈ = ਕਰਕੇ ਔਰਤ ਆਪਣੇ ਮੋਏ ਹੋਏ ਪਤੀ ਨਾਲ ਚਿਖਾ ਵਿਚ ਚੜ੍ਹ ਕੇ ਸਤੀ ਹੋਇ = ਹੋ ਜਾਵੇ ਤਾਂ ਸਕਲ = ਸਾਰਾ ਸੰਸਾਰ = ਜਗਤ ਧੰਨ ਧੰਨ ਕਹਤ = ਕਹਿੰਦਾ ਹੈ ਜੀ।

ਅੰਤ ਕਾਲ ਏਕ ਘਰੀ ਨਿਗ੍ਰਹ ਕੈ ਜੋਧਾ ਜੂਝੈ;
ਇਤ ਉਤ ਜਤ ਕਤ ਹੋਤ ਜੈ ਜੈ ਕਾਰ ਜੀ॥

ਜੀ = ਹੇ ਪਿਆਰੇ! ਇਸ ਪ੍ਰਕਾਰ ਅੰਤ = ਅਖ਼ੀਰ ਦੇ ਕਾਲ = ਸਮੇਂ ਏਕ = ਇਕ ਘਰੀ = ਘੜੀ

ਨਿਗ੍ਰਹ = ਹਠ ਕੈ = ਕਰਕੇ ਜੋਧਾ = ਸੂਰਮਾ ਜੰਗ ਦੇ ਮੈਦਾਨ ਵਿਚ ਜੂਝੈ = ਲੜ ਕੇ ਵੀਰ ਗਤੀ ਨੂੰ ਪ੍ਰਾਪਤ ਹੋ ਜਾਵੇ ਤਾਂ ਇਤ = ਇਸ ਲੋਕ ਅਤੇ ਉਤ = ਉਸ ਲੋਕ, ਭਾਵ ਪਰਲੋਕ ਵਿਚ ਅਤੇ ਜਤ = ਜਿਧਰੇ ਕਤ = ਕਿਧਰੇ, ਭਾਵ ਥਾਂ ਪਰ ਥਾਂ ਉਸ ਦਾ ਜੈ ਜੈਕਾਰ ਹੁੰਦਾ ਹੈ। ਅਤੇ :

ਅੰਤ ਕਾਲ ਏਕ ਘਰੀ ਨਿਗ੍ਰਹ ਕੈ ਚੋਰੁ ਮਰੈ;
ਫਾਸੀ ਕੈ ਸੂਰੀ ਚਢਾਏ ਜਗ ਮਹਿ ਧਿਕਾਰ ਜੀ ॥

ਇਸੇ ਪ੍ਰਕਾਰ ਜੀ = ਹੇ ਪਿਆਰੇ ! ਅਖ਼ੀਰ ਦੇ ਕਾਲ = ਸਮੇਂ ਏਕ = ਇਕ ਘਰੀ = ਘੜੀ ਨਿਗ੍ਰਹ = ਹਠ ਕੈ = ਕਰਕੇ ਚੋਰ ਮਰੈ = ਮਰ ਜਾਂਦਾ ਹੈ, ਭਾਵ ਚੋਰ ਇਕ ਘੜੀ ਜ਼ਿੱਦ ਕਰ ਕੇ ਚੋਰੀ ਕਰਦਾ ਹੈ ਅਤੇ ਅਖ਼ੀਰ ਨੂੰ ਫੜੇ ਜਾਣ ਤੋਂ ਫਾਸੀ = ਫਾਹੀ ਕੈ = ਜਾਂ ਸੂਰੀ = ਸੂਲੀ ਚਢਾਏ = ਚੜ੍ਹਾ ਕੇ ਮਾਰ ਦਿੱਤਾ ਜਾਂਦਾ ਹੈ ਅਤੇ ਫਿਰ ਉਸ ਨੂੰ ਜਗ = ਸੰਸਾਰ ਮਹਿ = ਵਿਚ ਧਿਕਾਰ = ਧ੍ਰਿਕਾਰਾਂ ਹੀ ਪੈਂਦੀਆਂ ਹਨ।

ਤੈਸੇ ਦੁਰਮਤਿ ਗੁਰਮਤਿ ਕੈ ਅਸਾਧ ਸਾਧ;
ਸੰਗਤਿ ਸੁਭਾਵ ਗਤਿ ਮਾਨਸ ਅਉਤਾਰ ਜੀ ॥੭੦॥

ਤੈਸੇ = ਉਸੇ ਪ੍ਰਕਾਰ ਸਾਧ = ਸ੍ਰੇਸ਼ਟ ਪੁਰਖਾਂ, ਸੰਤਾਂ ਦੀ ਸੰਗਤ ਵਿੱਚੋਂ ਗੁਰਮਤਿ = ਗੁਰ-ਸਿੱਖਿਆ ਨੂੰ ਧਾਰਨ ਕਰ ਕੇ ਜੀਵਨ ਨੂੰ ਸ੍ਰੇਸ਼ਟ ਸੰਗਤ ਦਾ ਸੁਭਾਵ = ਸੁਭਾਅ ਗਤਿ = ਪ੍ਰਾਪਤ ਹੁੰਦਾ ਹੈ, ਜੋ ਉਸ ਨੂੰ ਸਾਰੀਆਂ ਜੂਨੀਆਂ ਵਿੱਚੋਂ ਉੱਤਮ ਮਾਨਸ = ਮਨੁੱਖਾ ਜਨਮ ਅਉਤਾਰ = ਆਉਣ ਦਾ ਸਮਾਂ ਮਿਲਿਆ ਸੀ, ਉਸ ਨੂੰ ਸਫਲਾ ਕਰ ਲੈਂਦਾ ਹੈ।

ਉਸੇ ਪ੍ਰਕਾਰ ਅਸਾਧ = ਖੋਟੇ ਪੁਰਖਾਂ ਦੀ ਕੁਸੰਗਤ ਕੈ = ਕਰਕੇ ਜੀਵ ਦੁਰਮਤਿ = ਖੋਟੀ ਮੱਤ **ਵਾ:** ਖੋਟੀ ਸਿੱਖਿਆ ਨੂੰ ਧਾਰਨ ਕਰ ਕੇ ਖੋਟਾ ਸੁਭਾਅ ਪ੍ਰਾਪਤ ਕਰ ਲੈਂਦਾ ਹੈ ਅਤੇ ਜੋ ਉਸ ਨੂੰ ਅਉਤਾਰ = ਅਵਤਾਰਾਂ ਵਾਲਾ ਮਾਨਸ = ਮਨੁੱਖਾ ਜੀਵਨ ਮਿਲਿਆ ਸੀ **ਵਾ:** ਮਨੁੱਖਾ ਜਨਮ ਵਿਚ ਆਉਣ ਦਾ ਸੁਭਾਗ ਪ੍ਰਾਪਤ ਹੋਇਆ ਸੀ, ਉਸ ਨੂੰ ਨਿਸਫਲ ਗੁਆ ਲੈਂਦਾ ਹੈ॥੭੦॥

ਅਗਲੇ ਕਬਿੱਤ ਵਿਚ ਭਾਈ ਸਾਹਿਬ ਜੀ ਦੱਸਦੇ ਹਨ ਕਿ ਗੁਰੂ ਦੀ ਮੱਤ ਦਾ ਪ੍ਰਤਾਪ ਜਾਂ ਗੁਰੂ ਆਪ ਕਿਸ ਤਰ੍ਹਾਂ ਦਾ ਹੈ, ਉਸ ਬਾਬਤ ਕਥਨ ਕਰਦੇ ਹਨ। ਦੂਸਰਾ ਪਰਮੇਸ਼ਰ ਦੇ ਵਿਸ਼ੇਸ਼ਣ ਵੀ ਨਾਲ ਹੀ ਕਥਨ ਕਰਦੇ ਹਨ।

ਆਦਿ ਕੈ ਅਨਾਦਿ ਅਰੁ ਅੰਤ ਕੈ ਅਨੰਤ ਅਤਿ;
ਪਾਰ ਕੈ ਅਪਾਰ ਨ ਅਥਾਹ ਥਾਹ ਪਾਈ ਹੈ ॥

ਪ੍ਰਸ਼ਨ—ਪੂਰਾ ਗੁਰੂ ਕਿਸ ਤਰ੍ਹਾਂ ਦਾ ਹੈ ?

ਉੱਤਰ—ਪੂਰਾ ਗੁਰੂ ਸਭ ਦਾ ਆਦਿ = ਮੁੱਢ ਰੂਪ ਹੋਣ ਕੈ = ਕਰਕੇ ਆਪ ਅਨਾਦਿ = ਆਦਿ ਤੋਂ ਰਹਿਤ ਰੂਪ ਹੈ, ਅਨਾਦੀ ਸਰੂਪ ਹੈ ਅਰੁ = ਅਤੇ ਜੇ ਕੋਈ ਗੁਰਾਂ ਦੇ ਅੰਤ = ਅਖ਼ੀਰ ਦਾ ਪੱਖ ਲੈਣਾ ਕੈ = ਕਰੇ ਤਾਂ ਗੁਰੂ ਸਾਹਿਬ ਜੀ ਅਤਿ = ਅਤਿਸ਼ੈ ਕਰਕੇ ਅਨੰਤ = ਬੇਅੰਤ ਸਰੂਪ ਹਨ ਅਤੇ ਪੂਰੇ ਗੁਰੂ ਦਾ ਕੋਈ ਪਾਰ ਵੀ ਨ = ਨਹੀਂ ਪਾ ਸਕਦਾ ਕਿਉਂਕਿ ਗੁਰੂ ਸਾਹਿਬ ਅਪਾਰ = ਪਾਰਾਵਾਰ ਤੋਂ ਰਹਿਤ ਹਨ ਅਤੇ ਪੂਰੇ ਗੁਰੂ ਦੀ ਕਿਸੇ ਨੇ ਥਾਹ ਵੀ ਨ = ਨਹੀਂ ਪਾਈ = ਪਾਉਣਾ ਕੀਤੀ ਕਿਉਂਕਿ ਗੁਰੂ ਸਾਹਿਬ ਅਥਾਹ ਰੂਪ ਹਨ।

ਅਥਵਾ ਉਹ ਪਰਮੇਸ਼ਰ ਸਾਰਿਆਂ ਦਾ ਆਦਿ = ਮੁੱਢ ਹੋਣ ਕੈ = ਕਰਕੇ ਅਨਾਦਿ = ਆਦਿ ਤੋਂ ਰਹਿਤ ਹੈ, ਭਾਵ ਜੇਕਰ ਕੋਈ ਪਰਮੇਸ਼ਰ ਦਾ ਆਦਿ ਜਾਣਨ ਦਾ ਜਤਨ ਕਰੇ ਕਿ ਪਰਮੇਸ਼ਰ ਕਦੋਂ ਤੇ ਕਿਹੜੇ ਸਮੇਂ ਜਾਂ ਜੁਗ ਵਿਚ ਪ੍ਰਗਟਿਆ ਤਾਂ ਉਸ ਦੀ ਮੁੱਢਤਾ ਕੋਈ ਵੀ ਨਹੀਂ ਪਾ ਸਕਦਾ ਕਿਉਂਕਿ ਪਰਮੇਸ਼ਰ ਸਦਾ ਹੀ ਪ੍ਰਗਟ ਰੂਪ ਹੈ ਅਤੇ ਜੇਕਰ ਕੋਈ ਉਸ ਦਾ ਅੰਤ ਲੈਣਾ ਚਾਹੇ ਤਾਂ ਉਹ ਪਰਮੇਸ਼ਰ ਅਨੰਤ ਸਰੂਪ ਹੈ ਅਤੇ ਉਸ ਦਾ ਕੋਈ ਪਾਰ ਵੀ ਨਹੀਂ ਪਾ ਸਕਦਾ ਕਿਉਂਕਿ ਉਹ ਅਪਾਰ = ਪਾਰਾਵਾਰ ਤੋਂ ਰਹਿਤ ਸਰੂਪ ਹੈ ਅਤੇ ਉਸ ਦੀ ਕੋਈ ਥਾਹ ਵੀ ਨਹੀਂ ਪਾ ਸਕਦਾ ਕਿਉਂਕਿ ਉਹ ਅਥਾਹ = ਅਗਾਧ ਸਰੂਪ ਹੈ।

ਮਿਤਿ ਕੈ ਅਮਿਤਿ ਅਰੁ ਸੰਖ ਕੈ ਅਸੰਖ ਪੁਨਿ;
ਲੇਖ ਕੈ ਅਲੇਖ ਨਹੀ ਤੋਲ ਕੈ ਤੁਲਾਈ ਹੈ॥

ਗੁਰੂ **ਵਾ:** ਪਰਮੇਸ਼ਰ ਮਿਤਿ = ਮਿਣਤੀ ਕੈ = ਕਰਨ ਦੇ ਵੱਲੋਂ ਅਮਿਤਿ = ਮਿਣਤੀ ਤੋਂ ਰਹਿਤ ਸਰੂਪ ਹੈ, ਭਾਵ ਗੁਰੂ ਪਰਮੇਸ਼ਰ ਦੀ ਮਿਣਤੀ ਗਿਣਤੀ ਕੋਈ ਨਹੀਂ ਕਰ ਸਕਦਾ ਅਰੁ = ਅਤੇ ਪੁਨਿ = ਫੇਰ ਸੰਖ = ਗਿਣਤੀ ਦੇ ਕਰਨ ਵੱਲੋਂ ਵੀ ਗੁਰੂ ਪਰਮੇਸ਼ਰ ਅਸੰਖ = ਅਣਗਿਣਤ ਸਰੂਪ ਹੈ ਅਤੇ ਕਰਮਾਂ ਦੇ ਲੇਖ = ਹਿਸਾਬ ਕਿਤਾਬ ਕਰਨ ਦੇ ਵੱਲੋਂ ਵੀ ਗੁਰੂ ਪਰਮੇਸ਼ਰ ਅਲੇਖ = ਲੇਖੇ, ਹਿਸਾਬ ਕਿਤਾਬ ਤੋਂ ਰਹਿਤ ਹੈ। ਗੁਰੂ ਪਰਮੇਸ਼ਰ ਦੀ ਮਹਿਮਾ ਪ੍ਰਤੱਖ ਜਾਂ ਬੁੱਧ ਰੂਪ ਤੋਲ = ਤੱਕੜੀ ਕੈ = ਕਰਕੇ ਤੁਲਾਈ = ਤੋਲੀ ਨਹੀਂ ਜਾ ਸਕਦੀ।

ਅਰਧ ਉਰਧ ਅਰਜੰਤ ਕੈ ਅਪਾਰਜੰਤ;
ਅਗਮ ਅਗੋਚਰ ਨ ਮੋਲ ਕੈ ਮੁਲਾਈ ਹੈ॥

ਅਰਧ = ਹੇਠਾਂ, ਪਤਾਲ ਤੋਂ ਲੈ ਕੇ ਉਰਧ = ਉੱਪਰ, ਆਕਾਸ਼ ਪਰਜੰਤ = ਤਕ ਦੇਖਣਾ ਕੈ = ਕਰੀਏ ਤਾਂ ਉਸ ਦੇ ਅਪਾਰ = ਬੇਅੰਤ ਜੰਤ = ਜੀਵ ਪੈਦਾ ਕੀਤੇ ਹੋਏ ਹਨ **ਵਾ:** ਅਰਧ = ਨੀਚ ਤੇ ਉਰਧ = ਊਚ **ਵਾ:** ਨੀਚੇ ਤੇ ਉਪਰਲੇ ਜੀਵ ਉਸ ਰਚੀ ਸ੍ਰਿਸ਼ਟੀ ਦਾ ਅੰਤ ਨਹੀਂ ਪਾ ਸਕਦੇ **ਵਾ:** ਵਾਹਿਗੁਰੂ ਨੂੰ ਗੁਰ-ਉਪਦੇਸ਼ ਤੋਂ ਬਗ਼ੈਰ ਵੇਖ ਨਹੀਂ ਸਕਦੇ। ਮਨ, ਬੁੱਧ ਆਦਿ ਦੀ ਅਗਮ = ਗੰਮਤਾ ਤੋਂ ਰਹਿਤ ਹੈ, ਨਿਰਵਿਖਜ ਸਰੂਪ ਹੋਣ ਕਰਕੇ ਅਗੋਚਰ = ਇੰਦਰੀਆਂ ਦੇ ਅਵਿਸ਼ੇ ਹੈ, ਉਸ ਦੀ ਮਹਿਮਾ ਦੀ ਮੋਲ = ਕੀਮਤ ਦਾ ਕਿਸੇ ਪ੍ਰਕਾਰ ਕੈ = ਕਰਕੇ ਮੁਲਾਈ = ਮੁੱਲ ਨ = ਨਹੀਂ ਪਾਇਆ ਜਾ ਸਕਦਾ।

ਪਰਮਦਭੁਤ ਅਸਚਰਜ ਬਿਸਮ ਅਤਿ;
ਅਬਿਗਤਿ ਗਤਿ ਸਤਿਗੁਰ ਕੀ ਬਡਾਈ ਹੈ॥੭੧॥

ਗੁਰੂ ਪਰਮੇਸ਼ਰ ਪਰਮਦਭੁਤ = ਅਤਿਅੰਤ ਅਸਚਰਜ ਸਰੂਪ ਵਾਲਾ, ਅਸਚਰਜ = ਵਿਸਮਾਦ ਸਰੂਪ ਤੇ ਅਤਿ = ਅਤਿਅੰਤ ਬਿਸਮ = ਅਸਚਰਜ ਰੂਪ ਹੈ, ਜੋ ਅਬਿਗਤ = ਜਾਨਣ ਤੋਂ ਰਹਿਤ ਸ੍ਰੇਸ਼ਟ ਗਤਿ = ਗੀਤੀ ਵਾਲਾ ਹੈ **ਵਾ:** ਗਤਿ = ਕਲਿਆਣ ਸਰੂਪ ਹੈ, ਇਸ ਕਰਕੇ (ਸਤਿ + ਗੁਰ) ਸਤਿ = ਸੱਚ ਸਰੂਪ ਗੁਰ = ਪੂਜਨੀਕ ਪਰਮੇਸ਼ਰ ਦੀ **ਵਾ:** ਸਤਿਗੁਰ = ਸੱਚੇ ਗੁਰੂ ਦੀ ਬਡਾਈ = ਮਹਿਮਾ ਅਸਚਰਜ ਹੈ **ਵਾ:** ਇਨ੍ਹਾਂ ਵਿਸ਼ੇਸ਼ਣਾਂ ਦੇ ਹੁੰਦਿਆਂ ਵੀ ਪੂਜਨੀਕ ਸੱਚੇ ਪਰਮੇਸ਼ਰ **ਵਾ:** ਸਤਿਗੁਰੂ ਦੀ ਬਡਾਈ = ਮਹਿਮਾ ਐਸੀ ਅਸਚਰਜ ਹੈ ਕਿ ਅਬਿਗਤਿ = ਪਤਿਤ, ਘੋਰ ਅਪਰਾਧੀਆਂ ਦੀ ਵੀ ਗਤਿ = ਕਲਿਆਣ ਕਰਨ ਵਾਲੇ ਹਨ॥੭੧॥

ਚਰਨ ਸਰਨਿ ਗੁਰ ਤੀਰਥ ਪੁਰਬ ਕੋਟਿ;
ਦੇਵੀ ਦੇਵ ਸੇਵ ਗੁਰ ਚਰਨ ਸਰਨਿ ਹੈ॥

ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਕੋਟਿ = ਕਰੋੜਾਂ ਹੀ ਤੀਰਥਾਂ ਦੇ ਪੁਰਬ ਦਾ ਮਹਾਤਮ ਹੈ **ਵਾ:** ਕਰੋੜਾਂ ਹੀ ਪੁਰਬਾਂ ਵਾਲੇ ਤੀਰਥ ਗੁਰਾਂ ਦੇ ਚਰਨਾਂ ਦੀ ਓਟ ਵਿਚ ਪਏ ਰਹਿੰਦੇ ਹਨ ਕਿ ਅਸੀਂ ਵੀ ਪਵਿੱਤਰ ਹੋ ਜਾਈਏ ਅਤੇ ਦੇਵੀ ਦੇਵ = ਦੇਵਤੇ ਵੀ ਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਗੁਰਾਂ ਨੂੰ ਸੇਵ = ਸੇਵਣਾ ਕਰਦੇ ਹੈ = ਹਨ।

ਚਰਨ ਸਰਨਿ ਗੁਰ ਕਾਮਨਾ ਸਫਲ ਫਲ;
ਰਿਧਿ ਸਿਧਿ ਨਿਧਿ ਅਵਤਾਰ ਅਮਰਨ ਹੈ॥

ਗੁਰਾਂ ਦੇ ਚਰਨ ਦੀ ਸਰਨਿ = ਓਟ ਵਿਚ ਸਾਰੀਆਂ ਕਾਮਨਾ = ਇੱਛਾਵਾਂ ਤੇ ਸਾਰੇ ਧਰਮ, ਅਰਥ, ਕਾਮ, ਮੋਖ ਆਦਿ ਫਲ ਸਫਲੇ ਹੋ ਜਾਂਦੇ ਹਨ **ਵਾ:** (ਸ + ਫਲ) ਸ = ਸਹਿਤ ਗਿਆਨ ਰੂਪੀ ਫਲ ਦੇ ਹੋ ਜਾਂਦੇ ਹਨ, ਭਾਵ ਸਾਰੀਆਂ ਇੱਛਾਵਾਂ ਤੇ ਸਾਰੇ ਫਲ ਵੀ ਚਾਹੁੰਦੇ ਹਨ ਕਿ ਸਾਨੂੰ ਪੂਰੇ ਗੁਰਾਂ ਦੇ ਚਰਨਾਂ ਦੀ ਓਟ ਮਿਲੇ ਤੇ ਅਸੀਂ ਵੀ ਸਫਲੇ ਹੋਈਏ ਅਤੇ ਰਿਧਿ = ਵਸਤੂਆਂ ਨੂੰ ਅਤੁੱਟ ਬਣਾਉਣ ਵਾਲੀ ਸ਼ਕਤੀ, ਰਿਧੀਆਂ ਤੇ ਅਣਿਮਾ, ਮਹਿਮਾ ਆਦਿ ਸਿਧਿ = ਸਿਧੀਆਂ, ਨੌਂ ਨਿਧਿ = ਨਿਧੀਆਂ, ਅਵਤਾਰ ਆਦਿ ਸਾਰੇ ਗੁਰਾਂ ਦੇ ਅਮਰਨ = ਹੁਕਮ ਵਿਚ ਹਨ **ਵਾ:** ਰਿਧੀਆਂ, ਸਿਧੀਆਂ, ਨਿਧੀਆਂ ਇਹ ਸਾਰੀਆਂ ਗੁਰਾਂ ਦੇ ਚਰਨਾਂ ਵਿਚ ਅਮਰਨ = ਮਰਨ ਤੋਂ ਰਹਿਤ, ਭਾਵ ਸਦਾ ਲਈ ਹੀ ਅਵਤਾਰ = ਮੂਰਤੀਮਾਨ ਹੋ ਕੇ ਖੜੀਆਂ ਰਹਿੰਦੀਆਂ ਹਨ।

ਚਰਨ ਸਰਨਿ ਗੁਰ ਨਾਮ ਨਿਹਕਾਮ ਧਾਮ;
ਭਗਤਿ ਜੁਗਤਿ ਕਰਿ ਤਾਰਨ ਤਰਨ ਹੈ॥

ਪੂਰੇ ਗੁਰ = ਸਤਿਗੁਰਾਂ ਦੇ ਚਰਨ ਦੀ ਸਰਨਿ = ਓਟ, ਨਿਹਕਾਮ = ਨਿਸ਼ਕਾਮਤਾ ਤੇ ਵਾਹਿਗੁਰੂ ਦੇ ਨਾਮ ਦਾ ਧਾਮ = ਘਰ ਹੈ **ਵਾ:** ਗੁਰਾਂ ਦੇ ਚਰਨਾਂ ਦੀ ਓਟ ਵਿਚ ਰਹਿ ਕੇ ਵਾਹਿਗੁਰੂ ਨਾਮ ਦਾ ਪੁਨਾ ਪੁਨਾ ਅਭਿਆਸ ਕਰ ਕੇ ਨਿਹਕਾਮ = ਨਿਸ਼ਕਾਮਤਾ ਵਾਲੇ ਕਰਮ ਕਰਨ ਨਾਲ ਸਰੂਪ ਰੂਪੀ ਧਾਮ = ਘਰ ਦੀ ਪ੍ਰਾਪਤੀ ਹੋ ਜਾਂਦੀ ਹੈ। ਐਸੇ ਗੁਰੂ ਦੇ ਉਪਦੇਸ਼ ਦੁਆਰਾ ਪ੍ਰੇਮਾ ਭਗਤਿ = ਭਗਤੀ ਵਿਚ ਜਿਸ ਨੇ ਜੁਗਤਿ = ਜੁੜਨਾ ਕੀਤਾ ਹੈ, ਉਹ ਆਪ ਵੀ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ ਤੇ ਹੋਰਨਾਂ ਨੂੰ ਵੀ ਤਰਨ = ਜਹਾਜ਼ ਦੀ ਨਿਆਈਂ ਹੋ ਕੇ ਸੰਸਾਰ-ਸਮੁੰਦਰ ਤੋਂ ਤਾਰਨ = ਤਾਰ ਦੇਣਾ ਕਰਦਾ ਹੈ।

ਚਰਨ ਸਰਨਿ ਗੁਰ ਮਹਿਮਾ ਅਗਾਧਿ ਬੋਧ;
ਹਰਨ ਭਰਨ ਗਤਿ ਕਾਰਨ ਕਰਨ ਹੈ॥੭੨॥

ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਦੀ ਮਹਿਮਾ = ਉਪਮਾ ਦਾ ਬੋਧ = ਜਾਣਨਾ ਅਗਾਧਿ = ਅਤਿਅੰਤ ਡੂੰਘਾ ਹੈ ਅਤੇ ਪੂਰਾ ਗੁਰੂ ਆਪ ਹੀ ਨਿਰਗੁਣ ਰੂਪ ਵਿਚ ਸੰਸਾਰ ਨੂੰ ਹਰਨ = ਲੈਅਤਾ ਕਰਨ ਵਾਲਾ ਹੈ ਤੇ ਆਪ ਹੀ ਭਰਨ = ਪਾਲਣਾ ਕਰਨ ਵਾਲਾ ਹੈ ਅਤੇ ਅਜਿਹੀ ਗਤਿ = ਗੀਤੀ, ਮਰਯਾਦਾ ਦੇ ਧਾਰਨ ਤੇ ਕਰਨ ਕਾਰਨ ਨੂੰ ਸਮਰੱਥ ਹੈ **ਵਾ:** ਪੂਰਾ ਗੁਰੂ ਸਿੱਖਾਂ ਦੇ ਰਿਦੇ ਵਿੱਚੋਂ ਕਾਮ, ਕ੍ਰੋਧ ਆਦਿ ਵਿਕਾਰਾਂ

ਦੇ ਨਾਸ਼ ਕਰਨ ਨੂੰ ਤੇ ਸਤਿ ਸੰਤੋਖ ਆਦਿ ਸ਼ੁਭ ਗੁਣਾਂ ਨੂੰ ਰਿਦੇ ਦੇ ਵਿਚ ਭਰਨ ਨੂੰ ਸਮਰੱਥ ਹੈ ਤੇ ਗਤਿ = ਕਲਿਆਣ, ਮੁਕਤੀ ਦੇ ਦੇਣ ਵਾਲਾ ਹੈ॥੭੨॥

ਗੁਰਸਿਖ ਏਕ ਮੇਕ ਰੋਮ ਮਹਿਮਾ ਅਨੰਤ;
ਅਗਮ ਅਪਾਰ ਗੁਰ ਮਹਿਮਾ ਨਿਧਾਨ ਹੈ॥

ਜਿਹੜਾ ਗੁਰਸਿੱਖ ਗੁਰੂ ਸਾਹਿਬ ਜੀ ਨਾਲ ਏਕ ਮੇਕ = ਇਕ-ਮਿਕ, ਅਭੇਦ ਹੋ ਗਿਆ ਹੈ, ਉਸ ਦੇ ਇਕ ਇਕ ਰੋਮ = ਵਾਲ ਦੀ ਮਹਿਮਾ = ਉਪਮਾ ਅਨੰਤ = ਬੇਅੰਤ ਹੈ, ਪਰੰਤੂ ਪੂਰਾ ਗੁਰੂ ਜੋ ਅਗਮ = ਗੰਮਤਾ ਤੋਂ ਰਹਿਤ ਹੈ ਤੇ ਅਪਾਰ = ਪਾਰਾਵਾਰ ਤੋਂ ਰਹਿਤ ਹੈ, ਉਹ ਆਪ ਮਹਿਮਾ = ਉਪਮਾ ਦਾ ਨਿਧਾਨ = ਖ਼ਜ਼ਾਨਾ ਹੈ।

ਗੁਰਸਿਖ ਏਕ ਮੇਕ ਬੋਲ ਕੋ ਨ ਤੋਲ ਮੋਲ;
ਸ੍ਰੀ ਗੁਰ ਸਬਦ ਅਗਮਿਤ ਗਿਆਨ ਧਿਆਨ ਹੈ॥

ਜੋ ਗੁਰਸਿੱਖ ਗੁਰੂ ਸਾਹਿਬ ਜੀ ਨਾਲ ਏਕ ਮੇਕ = ਇਕ-ਮਿਕ ਭਾਵ ਮਿਲਿਆ ਹੋਇਆ ਹੈ, ਉਸ ਗੁਰਸਿੱਖ ਦੇ ਬੋਲ = ਬਚਨ ਕੋ = ਦਾ ਜੋ ਤੋਲ = ਵਿਚਾਰ ਹੈ, ਉਸ ਦਾ ਕੋਈ ਵੀ ਮੋਲ = ਮੁੱਲ ਨ = ਨਹੀਂ ਹੈ **ਵਾ:** ਕੋਈ ਵੀ ਮੁੱਲ ਨਹੀਂ ਪਾ ਸਕਦਾ, ਪਰੰਤੂ ਜੋ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦਾ ਸਬਦ = ਉਪਦੇਸ਼ ਵਾਹਿਗੁਰੂ ਦੀ ਪ੍ਰਾਪਤੀ ਕਰਾਉਣ ਵਾਲਾ ਹੈ, ਉਸ ਦਾ ਜੋ ਗਿਆਨ ਧਿਆਨ ਕਰਨਾ ਹੈ, ਉਹ ਅਗਮਿਤ = ਮਰਯਾਦਾ ਤੋਂ ਪਰੇ ਹੈ, ਭਾਵ ਜੋ ਗੁਰਾਂ ਦੇ ਉਪਦੇਸ਼ ਦਾ ਗਿਆਨ ਧਿਆਨ ਤੇ ਉਸ ਦਾ ਕੋਈ ਵੀ ਅੰਤ ਨਹੀਂ ਪਾ ਸਕਦਾ **ਵਾ:** ਸਤਿਗੁਰਾਂ ਦੇ ਸਬਦ = ਉਪਦੇਸ਼ ਦਾ ਜੋ ਗਿਆਨ ਹੈ, ਉਸ ਵਿਚ ਧਿਆਨ ਲਾਉਣਾ ਅਗਮਿਤ (ਅਗਮ + ਇਤ) ਅਗਮ = ਅਗੰਮਤਾ ਦੀ ਇਤ = ਅਵਧੀ ਰੂਪ ਹੈ।

ਗੁਰਸਿਖ ਏਕ ਮੇਕ ਦ੍ਰਿਸਟਿ ਦ੍ਰਿਸਟਿ ਤਾਰੈ;
ਸ੍ਰੀ ਗੁਰ ਕਟਾਛ ਕ੍ਰਿਪਾ ਕੋ ਪਰਮਾਨ ਹੈ॥

ਜੋ ਗੁਰਸਿੱਖ ਗੁਰੂ ਸਾਹਿਬ ਜੀ ਨਾਲ ਏਕ ਮੇਕ = ਇਕ-ਮਿਕ, ਅਭੇਦ ਹੋ ਗਿਆ ਹੈ, ਫੇਰ ਜਿਸ ਜਿਸ ਵੱਲ ਗੁਰਸਿੱਖ ਦੀ ਦ੍ਰਿਸਟਿ = ਨੇਤਰਾਂ ਦੀ ਦ੍ਰਿਸਟਿ = ਨਿਗ੍ਹਾ ਪੈਂਦੀ ਹੈ, ਉਸ ਉਸ ਨੂੰ ਤਾਰੈ = ਤਾਰ ਦਿੰਦੀ ਹੈ, ਕਿਉਂਕਿ ਜਿਸ ਗੁਰੂ ਨਾਲ ਸਿੱਖ ਦੀ ਅਭੇਦਤਾ ਹੋਈ ਹੈ, ਉਸ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੀ ਕ੍ਰਿਪਾ = ਮੇਹਰ ਭਰੀ ਕਟਾਛ = ਦ੍ਰਿਸ਼ਟੀ ਕੋ = ਦਾ ਕੋਈ ਵੀ ਪਰਮਾਨ = ਅੰਦਾਜ਼ਾ ਨ = ਨਹੀਂ ਲਾਇਆ ਜਾ ਸਕਦਾ ਹੈ।

ਗੁਰਸਿਖ ਏਕ ਮੇਕ ਪਲ ਸੰਗ ਰੰਗ ਰਸ;
ਅਬਿਗਤ ਗਤਿ ਸਤਿਗੁਰ ਨਿਰਬਾਨ ਹੈ॥੭੩॥

ਜੋ ਗੁਰਸਿੱਖ ਗੁਰੂ ਸਾਹਿਬ ਜੀ ਨਾਲ ਏਕ ਮੇਕ = ਇਕ-ਮਿਕ, ਅਭੇਦ ਹੋ ਗਿਆ ਹੈ, ਉਸ ਦਾ ਜਿਸ ਨੇ ਪਲ = ਛਿਨ ਮਾਤਰ ਵੀ ਰਸ = ਪ੍ਰੇਮ ਦੇ ਸੰਗ = ਨਾਲ ਸਾਥ ਕੀਤਾ ਹੈ, ਉਹ ਆਤਮਿਕ ਰੰਗ = ਆਨੰਦ

ਦੇ ਸਹਿਤ ਹੋ ਗਿਆ ਹੈ, ਕਿਉਂਕਿ ਉਸ ਦਾ ਉਸ ਗੁਰਸਿੱਖ ਨਾਲ ਮਿਲਾਪ ਹੋਇਆ ਹੈ, ਜੋ ਸਤਿਗੁਰੂ ਅਬਿਗਤ = ਨਾਸ਼ ਤੋਂ ਰਹਿਤ, ਗਤਿ = ਕਲਿਆਣ ਸਰੂਪ ਤੇ ਨਿਰਬਾਨ = ਬੰਧਨਾਂ ਤੋਂ ਰਹਿਤ ਹਨ ॥੭੩॥

ਬਰਨ ਬਰਨ ਬਹੁ ਬਰਨ ਘਟਾ ਘਮੰਡ;
ਬਸੁਧਾ ਬਿਰਾਜਮਾਨ ਬਰਖਾ ਅਨੰਦ ਕੈ ॥

ਬਰਨ ਬਰਨ = ਰੰਗ-ਬਿਰੰਗੀਆਂ ਤੇ ਬਹੁ = ਬਹੁਤ ਬਰਨ = ਰੰਗਾਂ, ਤਰ੍ਹਾਂ ਦੀਆਂ ਘਟਾ = ਘਟਾਵਾਂ (ਘ + ਮੰਡ) ਘ = ਬੱਦਲਾਂ ਦੇ ਸਹਿਤ ਮੰਡ = ਘਿਰ ਕੇ ਆਕਾਸ਼ ਵਿੱਚੋਂ ਆਉਂਦੀਆਂ ਹਨ ਅਤੇ ਬਰਖਾ = ਬਰਸਾਤ ਦਾ ਅਨੰਦ = ਸੁਖ ਦੇਣ ਕੈ = ਕਰਕੇ ਬਸੁਧਾ = ਧਰਤੀ ਉੱਪਰ ਬਿਰਾਜਮਾਨ = ਇਸਥਿਤ ਹੁੰਦੀਆਂ **ਵਾ:** ਵਰਖਾ ਦੁਆਰਾ ਅਨੰਦ ਦੇਣ ਤਾਂ ਧਰਤੀ ਹਰਿਆਵਲਤਾ ਰੂਪ ਬਿਰਾਜਮਾਨ = ਸੋਭਾ ਦੇ ਸਹਿਤ ਹੋ ਜਾਂਦੀ ਹੈ।

ਬਰਨ ਬਰਨ ਹੁਇ ਪ੍ਰਫੁਲਿਤ ਬਨਾਸਪਤੀ;
ਬਰਨ ਬਰਨ ਫਲ ਫੂਲ ਮੂਲ ਕੰਦ ਕੈ ॥

ਫਿਰ ਵਰਖਾ ਪੈਣ ਤੋਂ ਬਰਨ ਬਰਨ = ਰੰਗਾਂ ਰੰਗਾਂ ਦੀ ਬਨਾਸਪਤੀ ਪ੍ਰਫੁਲਿਤ = ਖਿੜਾਅ ਦੇ ਸਹਿਤ ਹੁਇ = ਹੋ ਜਾਂਦੀ ਹੈ ਤੇ ਬਰਨ ਬਰਨ = ਰੰਗਾਂ ਰੰਗਾਂ ਦੇ ਫਲ ਫੂਲ = ਫੁੱਲ ਮੂਲ = ਟਾਹਣੀਆਂ ਦੇ ਨਾਲ ਲੱਗਣ ਵਾਲੇ ਫਲ ਤੇ ਕੰਦ = ਧਰਤੀ ਵਿਚ ਉੱਗਣ ਵਾਲੀਆਂ ਮੂਲੀਆਂ, ਗਾਜਰਾਂ ਆਦਿ ਕੈ = ਕਰਕੇ ਵਰਖਾ ਨਾਲ ਤਰ੍ਹਾਂ ਤਰ੍ਹਾਂ ਦੀ ਬਨਾਸਪਤੀ ਖਿੜ ਆਉਂਦੀ ਹੈ।

ਬਰਨ ਬਰਨ ਖਗ ਬਿਬਿਧ ਭਾਖਾ ਪ੍ਰਗਾਸ;
ਕੁਸਮ ਸੁਗੰਧ ਪਉਨ ਗਉਨ ਸੀਤ ਮੰਦ ਕੈ ॥

ਉਸੇ ਬਰਸਾਤ ਦੇ ਪੈਣ ਨਾਲ ਬਰਨ ਬਰਨ = ਰੰਗਾਂ ਰੰਗਾਂ, ਵੱਖੋ-ਵੱਖਰੇ ਰੰਗਾਂ ਦੇ ਖਗ = ਪੰਛੀ ਬਿਬਿਧ (ਬਿ + ਬਿਧ) ਬਿ = ਵਿਸ਼ੇਸ਼ ਕਰਕੇ ਕਈ ਬਿਧ = ਤਰੀਕੇ ਦੀ ਭਾਖਾ = ਭਾਸ਼ਾ ਨੂੰ ਪ੍ਰਗਾਸ = ਪ੍ਰਕਾਸ਼, ਬੋਲਣਾ ਕਰਦੇ ਹਨ ਅਤੇ ਉਸੇ ਬਰਸਾਤ ਦੇ ਪੈਣ ਨਾਲ ਕੁਸਮ = ਫੁੱਲਾਂ ਦੀ ਸੁਗੰਧ = ਖ਼ੁਸ਼ਬੂ ਸੀਤ = ਸੀਤਲ ਤੇ ਮੰਦ = ਹੌਲੀ ਪਉਨ = ਹਵਾ ਦੇ ਗਉਨ = ਚੱਲਣ ਕੈ = ਕਰਕੇ ਸਾਰੇ ਪਾਸੇ ਪਸਰਨਾ ਕਰਦੀ ਹੈ।

ਰਵਨ ਗਵਨ ਜਲ ਥਲ ਤ੍ਰਿਨ ਸੋਭਾ ਨਿਧਿ;
ਸਫਲ ਹੁਇ ਚਰਨ ਕਮਲ ਮਕਰੰਦ ਕੈ ॥੭੪॥

ਰਵਨ ਗਵਨ = ਹਵਾ ਦੇ ਚੱਲਣ ਨਾਲ **ਵਾ:** ਬਰਸਾਤ ਦੇ ਪੈਣ ਨਾਲ ਗਵਨ = ਗੈਨ, ਭਾਵ ਅਕਾਸ਼ ਰਵਨ = ਸੁੰਦਰ ਲੱਗਣ ਲੱਗ ਜਾਂਦਾ ਹੈ ਤੇ ਜਲ = ਪਾਣੀ, ਥਲ = ਖ਼ੁਸ਼ਕ ਥਾਂ ਤ੍ਰਿਪਤ ਹੋ ਜਾਂਦੀ ਹੈ ਤੇ ਤ੍ਰਿਨ = ਘਾਹ ਆਦਿ ਵੀ ਸੋਭਾ = ਮਹਿਮਾ ਦੇ ਨਿਧਿ = ਖ਼ਜ਼ਾਨੇ ਬਣ ਜਾਂਦੇ ਹਨ। ਇਉਂ ਬਰਸਾਤ ਪਈ ਹੋਈ ਸਫਲੀ ਹੋ ਜਾਂਦੀ ਹੈ, ਇਸੇ ਪ੍ਰਕਾਰ ਮਕਰੰਦ = ਫੁੱਲਾਂ ਦੇ ਰਸ ਦੀ ਨਿਆਈਂ ਸਤਿਗੁਰਾਂ ਦੇ ਚਰਨਾਂ ਕਮਲਾਂ ਦੇ ਤਾਈਂ ਪ੍ਰਾਪਤ ਕੈ = ਕਰ ਕੇ ਸਿੱਖ ਰੂਪ ਭੌਰਾ (ਸ + ਫਲ) ਸ = ਸਹਿਤ ਗਿਆਨ ਰੂਪ ਫਲ ਦੇ ਹੁਇ = ਹੋ ਜਾਂਦਾ ਹੈ ॥੭੪॥

ਚੀਟੀ ਕੈ ਉਦਰ ਬਿਖੈ ਹਸਤੀ ਸਮਾਇ ਕੈਸੇ;
ਅਤੁਲ ਪਹਾਰ ਭਾਰ ਭ੍ਰਿੰਗੀ ਨ ਉਠਾਵਈ ॥

ਚੀਟੀ = ਕੀੜੀ ਕੈ = ਦੇ ਉਦਰ = ਪੇਟ ਬਿਖੈ = ਵਿਚ ਹਸਤੀ = ਹਾਥੀ ਕੈਸੇ = ਕਿਸ ਤਰ੍ਹਾਂ ਸਮਾਇ = ਸਮਾਅ ਸਕਦਾ ਹੈ (ਇਸੇ ਤਰ੍ਹਾਂ ਕੀੜੀ ਵਤ ਤੰਗ ਚਿੱਤ ਵਾਲੇ ਅੰਦਰ ਹਸਤੀ ਵਤ ਸਾਰੇ ਜੜ੍ਹ ਪਦਾਰਥਾਂ ਨੂੰ ਸੁਰਜੀਤ ਕਰਨ ਵਾਲੀ ਹੋਂਦ ਰੂਪ ਚੇਤਨ ਸੱਤਾ ਕਿਸ ਤਰ੍ਹਾਂ ਸਮਾਅ ਸਕਦੀ ਹੈ, ਭਾਵ ਸਖਿਆਤਤਾ ਨੂੰ ਪ੍ਰਾਪਤ ਨਹੀਂ ਕਰ ਸਕਦੀ ਹੈ।) ਭ੍ਰਿੰਗੀ = ਇਕ ਪ੍ਰਕਾਰ ਦਾ ਤਿੱਤਲੀ ਵਰਗਾ ਉੱਡਣ ਵਾਲਾ ਕੀੜਾ ਅਤੁਲ = ਤੋਲਣ ਤੋਂ ਰਹਿਤ, ਅਪਾਰ = ਬੇਅੰਤ ਭਾਰ = ਵਜ਼ਨ ਵਾਲੇ ਪਹਾਰ = ਪਹਾੜ ਨੂੰ ਉਠਾਵਈ = ਉਠਾ ਨ = ਨਹੀਂ ਸਕਦਾ, ਇਸੇ ਤਰ੍ਹਾਂ ਜੋ ਜੀਵ ਦਾ ਮਨ (ਭਰ + ਇੰਗੀ) ਇੰਗੀ = ਚੇਸ਼ਟਾ, ਹਰਕਤ ਭਾਵ ਚੰਚਲਤਾਈ ਦੇ ਨਾਲ ਭਰ = ਭਰਿਆ ਹੋਇਆ ਹੈ, ਉਹ ਸੰਪੂਰਨ ਸ੍ਰਿਸ਼ਟੀ ਦਾ ਬੇਅੰਤ ਬ੍ਰਹਿਮੰਡਾਂ ਨੂੰ ਆਸਰਾ ਦੇਣ ਵਾਲੇ ਪਰਮੇਸ਼ਰ, ਸਤਿਗੁਰੂ ਨੂੰ ਕਿਸ ਤਰ੍ਹਾਂ ਆਪਣੇ ਅੰਦਰ ਧਾਰਨ ਕਰ ਸਕਦਾ ਹੈ, ਭਾਵ ਨਹੀਂ ਕਰ ਸਕਦਾ।

ਮਛਰ ਕੇ ਡੰਗ ਨ ਮਰਤ ਹੈ ਬਾਸਕ ਨਾਗ;
ਮਕਰੀ ਨ ਚੀਤੈ ਜੀਤੇ ਸਰਿ ਨ ਪੁਜਾਵਈ ॥

ਮੱਛਰ ਕੇ = ਦੇ ਡੰਗ = ਡੱਸਣ ਨਾਲ ਬਾਸਕ ਨਾਗ[1] ਨ = ਨਹੀਂ ਮਰਤ = ਮਰਦਾ ਹੈ (ਇਸੇ ਤਰ੍ਹਾਂ ਈਰਖਾ ਕੇ = ਕਰਕੇ ਗ੍ਰਸਿਆ ਹੋਇਆ ਜੀਵ ਸਮੂਹ ਬਾਸਨਾ ਦੇ ਪੈਦਾ ਕਰਨ ਜਾਂ ਸਾਰੀ ਸ੍ਰਿਸ਼ਟੀ ਨੂੰ ਮਥਨ ਕਰਨ ਵਾਲੇ ਮਨ ਨੂੰ ਵਿਸ਼ੇ-ਵਿਕਾਰਾਂ ਵੱਲੋਂ ਕਿਵੇਂ ਮਾਰ ਸਕਦਾ ਹੈ, ਭਾਵ ਨਹੀਂ ਮਾਰ ਸਕਦਾ)।

ਮਕਰੀ = ਮੱਕੜੀ ਕਹੇ ਕਿ ਮੈਂ ਬਨਾਂ ਵਿਚ ਰਹਿਣ ਵਾਲੇ ਚੀਤੈ = ਚੀਤੇ ਨੂੰ ਜੀਤੈ = ਜਿੱਤ ਕੇ ਉਸ ਦੀ ਸਰਿ = ਬਰਾਬਰੀ ਕਰਾਂ ਤਾਂ ਉਹ ਉਸ ਦੇ ਬਰਾਬਰ ਨਹੀਂ ਪੁਜਾਵਈ = ਪੁੱਜ ਸਕਦੀ।

ਇਸੇ ਪ੍ਰਕਾਰ ਮੱਕੜੀ ਦੀ ਨਿਆਈਂ ਮਾਇਆਧਾਰੀ ਪੁਰਖ ਜਾਂ ਛਲ ਕਪਟ ਕਰਨ ਵਾਲੇ ਪੁਰਖ ਉਨ੍ਹਾਂ ਸੰਤਾਂ ਮਹਾਤਮਾਂ ਦੇ ਸਰਿ = ਬਰਾਬਰ ਨਹੀਂ ਪੁੱਜ ਸਕਦੇ, ਜਿਨ੍ਹਾਂ ਨੇ ਆਪਣੇ ਚੀਤੈ = ਚਿੱਤ ਨੂੰ ਜਿੱਤ ਲਿਆ ਹੈ।

ਤਮਚਰ ਉਡਤ ਨ ਪਹੁੰਚੈ ਆਕਾਸ ਬਾਸ;
ਮੂਸਾ ਤਉ ਨ ਪੈਰਤ ਸਮੁੰਦ੍ ਪਾਰ ਪਾਵਈ ॥

ਤਮਚਰ (ਤਮ + ਚਰ) ਤਮ = ਹਨੇਰੇ ਵਿਚ ਚਰ = ਚੱਲਣ ਫਿਰਨ ਵਾਲਾ ਉੱਲੂ ਜਾਂ ਚਮਗਿੱਦੜ ਆਦਿ ਉਡਤ = ਉਡਾਰੀ ਮਾਰ ਕੇ ਆਕਾਸ = ਗਗਨ ਵਿਚ ਬਾਸ = ਵੱਸਣ ਵਾਲੇ ਅਲ ਨਾਮੇ ਪੰਛੀ ਜਾਂ ਹੰਸ ਆਦਿ ਦੇ ਬਰਾਬਰ ਨ = ਨਹੀਂ ਪਹੁੰਚੈ = ਅੱਪੜ ਸਕਦੇ **ਵਾ:** ਇਸੇ ਪ੍ਰਕਾਰ ਅਗਿਆਨ ਰੂਪ ਹਨੇਰੇ ਵਿਚ ਚਰ = ਫਿਰਨ ਵਾਲੇ ਜੀਵ ਚਿਦਾਕਾਸ਼ ਵਿਚ ਉਡਾਰੀ ਮਾਰਨ ਦੀਆਂ ਗੱਲਾਂ ਕਰਨ ਨਾਲ ਆਕਾਸ਼ ਦੀ ਨਿਆਈਂ ਦਸਮੇਂ ਦੁਆਰ ਵਿਚ ਵੱਸਣ ਵਾਲੇ ਗਿਆਨਵਾਨ ਦੇ ਬਰਾਬਰ ਪਹੁੰਚ ਨਹੀਂ ਸਕਦੇ।

ਤਉ = ਤਦ ਮੂਸਾ = ਚੂਹਾ ਥੋੜ੍ਹੇ ਜਿਹੇ ਪਾਣੀ ਵਿਚ ਪੈਰਤ = ਤਰ ਕੇ ਕਹਿਣਾ ਕਰੇ ਕਿ ਮੈਂ ਸਮੁੰਦ੍ = ਸਾਗਰ ਤੋਂ ਪਾਰ ਹੋ ਜਾਵਾਂਗਾ ਤਾਂ ਉਹ ਸਾਗਰ ਨੂੰ ਤਰ ਕੇ ਪਾਰ ਕਰਨਾ ਨ = ਨਹੀਂ ਪਾਵਈ = ਪਾ

---

੧. ਸਮੁੰਦਰ ਨੂੰ ਮੰਥਨ ਕਰਨ ਵਿਚ ਸਹਾਇਕ ਨਾਗ ਨੂੰ 'ਬਾਸਕ ਨਾਗ' ਕਹਿੰਦੇ ਹਨ।

ਸਕਦਾ। ਇਸੇ ਪ੍ਰਕਾਰ ਤਦ ਮੂਸਾ = ਚੂਹੇ ਦੀ ਨਿਆਈਂ ਪਖੰਡੀ ਜੀਵ ਥੋੜ੍ਹੇ ਪਾਣੀ ਦੀ ਨਿਆਈਂ ਪਦਾਰਥਾਂ ਨੂੰ ਭੋਗਣ ਰੂਪ ਪੈਰਤ = ਤਰ ਕੇ ਕਹਿਣਾ ਕਰੇ ਕਿ ਮੈਂ ਸੰਸਾਰ-ਸਮੁੰਦਰ ਤੋਂ ਪਾਰ ਹੋ ਜਾਵਾਂਗਾ, ਪਰ ਉਹ ਗੁਰੂ ਤੋਂ ਬਗ਼ੈਰ ਜਾਂ ਸ਼ੁਭ ਗੁਣਾਂ ਤੋਂ ਬਗ਼ੈਰ ਸੰਸਾਰ-ਸਮੁੰਦਰ ਨੂੰ ਤਰ ਕੇ ਪਾਰ ਕਰਨਾ ਨਹੀਂ ਪਾ ਸਕਦਾ।

ਤੈਸੇ ਪ੍ਰਿਅ ਪ੍ਰੇਮ ਨੇਮ ਅਗਮ ਅਗਾਧਿ ਬੋਧਿ;
ਗੁਰਮੁਖਿ ਸਾਗਰ ਜਿਉ ਬੂੰਦ ਹੁਇ ਸਮਾਵਈ ॥੭੫॥

ਤੈਸੇ = ਉਸੇ ਤਰ੍ਹਾਂ ਹੀ ਮਨਮੁਖ, ਸੰਸਾਰੀ ਬਿਰਤੀ ਵਾਲੇ ਪੁਰਖਾਂ ਲਈ ਪ੍ਰਿਅ = ਪਿਆਰੇ ਵਾਹਿਗੁਰੂ ਦੇ ਪ੍ਰੇਮ = ਸਨੇਹ ਦਾ ਨੇਮ = ਨਿਯਮ (ਨੇਤ) ਦਾ ਬੋਧਿ = ਸਮਝਣਾ ਅਗਮ = ਗੰਮਤਾ (ਪਹੁੰਚ) ਤੋਂ ਰਹਿਤ ਅਤਿਅੰਤ ਅਗਾਧਿ = ਅਥਾਹ ਹੈ। ਜੇਕਰ ਮਨਮੁਖ ਪੁਰਖ ਗੁਰਮੁਖਿ = ਮੁਖੀ ਗੁਰਾਂ ਦਾ ਉਪਦੇਸ਼ ਪ੍ਰਾਪਤ ਕਰ ਕੇ ਬੂੰਦ ਵਤ ਨਿਰ-ਅਭਿਮਾਨ ਹੋਵੇ, ਭਾਵ ਹੰਗਤਾ ਨੂੰ ਛੱਡ ਕੇ ਬੂੰਦ ਦੀ ਨਿਆਈਂ ਨਿਮਰਤਾ ਨੂੰ ਧਾਰਨ ਕਰ ਲਵੇ ਤਾਂ ਕਿਤੇ ਜਾ ਕੇ ਸਾਗਰ = ਸਮੁੰਦਰ ਰੂਪ ਵਾਹਿਗੁਰੂ ਵਿਚ ਸਮਾ ਜਾਂਦਾ ਹੈ। ਜਿਉ = ਜਿਵੇਂ ਸਮੁੰਦਰ ਵਿੱਚੋਂ ਉੱਡ ਕੇ ਬੂੰਦ ਮੁੜ ਸਮੁੰਦਰ ਵਿਚ ਸਮਾਅ ਕੇ ਉਸ ਦਾ ਰੂਪ ਹੀ ਹੁਇ = ਹੋ ਜਾਂਦੀ ਹੈ, ਇਸੇ ਤਰ੍ਹਾਂ ਮੁਖੀ ਗੁਰਾਂ ਦੇ ਉਪਦੇਸ਼ ਦੁਆਰਾ ਗੁਰਮੁਖ ਜਨ ਪਰਮਾਤਮਾ ਰੂਪ ਸਮੁੰਦਰ ਵਿਚ ਸਮਾਅ ਜਾਂਦਾ ਹੈ॥੭੫॥

ਸਬਦ ਸੁਰਤਿ ਅਵਗਾਹਨ ਕੈ ਸਾਧ ਸੰਗਿ;
ਆਤਮ ਤਰੰਗ ਗੰਗ ਸਾਗਰ ਲਹਿਰ ਹੈ ॥

ਜੋ ਗੁਰਾਂ ਦੇ ਸਬਦ = ਉਪਦੇਸ਼ ਨੂੰ ਸੁਰਤਿ ਵਿਚ ਧਾਰਨ ਕਰ ਕੇ **ਵਾ:** (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਕੈ = ਕਰਕੇ ਸਾਧਸੰਗਿ = ਸਤਿਸੰਗਤ ਵਿਚ ਅਵਗਾਹਨ = ਵਿਚਰਨਾ ਕਰਦਾ ਹੈ, ਐਸਾ ਜਿਸ ਦੇ ਚਿੱਤ ਦਾ ਵਿਵਹਾਰ ਹੈ **ਵਾ:** ਆਤਮ = ਆਤਮਾ ਦਾ ਆਸ਼ਾ ਹੈ, ਜੋ ਸਾਗਰ = ਸਮੁੰਦਰ ਰੂਪ ਪਰਮਾਤਮਾ ਹੈ, ਉਸ ਵਿਚ ਜੋ ਜੀਵ ਰੂਪ ਤਰੰਗ = ਲਹਿਰ ਹੈ, ਉਹ ਗੰਗ = ਗੰਗਾ ਆਦਿ ਨਦੀ ਦੀਆਂ ਲਹਿਰ = ਤਰੰਗਾਂ ਵਾਂਗ ਹੈ, ਭਾਵ ਪਰਮੇਸ਼ਰ ਰੂਪ ਸਮੁੰਦਰ ਵਿੱਚੋਂ ਹੀ ਜੀਵ ਰੂਪ ਤਰੰਗਾਂ ਨਦੀ ਦੀ ਲਹਿਰ ਵਾਂਗ ਪੈਦਾ ਹੁੰਦੀਆਂ ਹਨ ਅਰਥਾਤ ਗੁਰਮੁਖ ਜਨ ਐਸਾ ਸਮਝਣਾ ਕਰਦੇ ਹਨ ਕਿ ਜੀਵ ਤੇ ਈਸ਼ ਭਾਵੇਂ ਕਹਿਣ ਵਾਸਤੇ ਤਾਂ ਵੱਖੋ-ਵੱਖਰੇ ਹਨ, ਪਰ ਅਸਲ ਵਿਚ ਤਾਂ ਜਿਵੇਂ ਸਮੁੰਦਰ ਦਾ ਰੂਪ ਜਲ ਹੁੰਦਾ ਹੈ ਤੇ ਜਲ ਦਾ ਰੂਪ ਸਮੁੰਦਰ ਹੁੰਦਾ ਹੈ। ਇਸੇ ਤਰ੍ਹਾਂ ਪਰਮੇਸ਼ਰ ਦਾ ਰੂਪ ਜੀਵ ਰੂਪ ਜਲ ਹੁੰਦਾ ਹੈ ਤੇ ਜੀਵ ਰੂਪ ਜਲ ਦਾ ਰੂਪ ਸਮੁੰਦਰ ਰੂਪ ਪਰਮੇਸ਼ਰ ਹੁੰਦਾ ਹੈ।

ਅਗਮ ਅਥਾਹ ਆਹਿ ਅਪਰ ਅਪਾਰ ਅਤਿ;
ਰਤਨ ਪ੍ਰਗਾਸ ਨਿਧਿ ਪੂਰਨ ਗਹਰ ਹੈ ॥

ਪਰਮੇਸ਼ਰ ਰੂਪ ਸਮੁੰਦਰ ਅਤਿ = ਅਤਿਅੰਤ ਅਥਾਹ = ਡੂੰਘਾ, ਅਗਮ = ਗੰਮਤਾ ਤੋਂ ਰਹਿਤ ਅਤੇ ਅਪਰ ਅਪਾਰ = ਬੇਅੰਤ ਤੋਂ ਬੇਅੰਤ ਸਰੂਪ ਆਹਿ = ਹੈ **ਵਾ:** ਅਤਿ = ਅਤਿਸ਼ੈ ਕਰਕੇ ਅਪਰ = ਦੇਵਤੇ ਵੀ ਉਸ ਦਾ ਅਪਾਰ = ਪਾਰਾਵਾਰ ਦਾ ਅੰਤ ਨਹੀਂ ਪਾ ਸਕਦੇ ਅਤੇ ਪਰਮੇਸ਼ਰ ਰੂਪ ਸਮੁੰਦਰ ਪ੍ਰੇਮ, ਭਗਤੀ, ਵੈਰਾਗ ਆਦਿ ਗੁਣਾਂ ਰੂਪ ਰਤਨ ਦੀ ਤਾਂ ਪ੍ਰਗਾਸ = ਪ੍ਰਗਟ ਹੀ ਨਿਧਿ = ਖਾਨ (ਖ਼ਜ਼ਾਨਾ) ਹੈ ਅਤੇ ਪੂਰਨ = ਲਬਾਲਬ ਬ੍ਰਹਮ ਗਿਆਨ ਦੇ ਸਹਿਤ ਭਰਿਆ ਹੋਇਆ ਹੈ ਅਤੇ ਗਹਰ = ਡੂੰਘਾ ਹੈ, ਭਾਵ ਗੰਭੀਰ ਰੂਪ ਹੈ।

ਹੰਸ ਮਰਜੀਵਾ ਗੁਨ ਗਾਹਕ ਚਾਹਕ ਸੰਤ;
ਨਿਸ ਦਿਨ ਘਟਿਕਾ ਮਹੂਰਤ ਪਹਰ ਹੈ॥

ਮਰਜੀਵਾ = ਦੇਹ ਅਭਿਮਾਨ ਤਿਆਗ ਕੇ ਆਤਮ ਜੀਵਨ ਪ੍ਰਾਪਤ ਕਰਨ ਵਾਲੇ ਸੰਤ ਮਹਾਤਮਾ ਰੂਪ ਹੰਸ ਨਿਸਦਿਨ = ਰਾਤ ਦਿਨ, ਘਟਿਕਾ = ਘੜੀਆਂ, ਮਹੂਰਤ ਤੇ ਪਹਿਰ ਆਦਿ ਸਾਰਿਆਂ ਸਮਿਆਂ ਵਿਚ ਪਰਮੇਸ਼ਰ ਰੂਪ ਸਮੁੰਦਰ ਵਿੱਚੋਂ ਪ੍ਰੇਮਾ-ਭਗਤੀ, ਵੈਰਾਗ ਆਦਿ ਗੁਣਾਂ ਨੂੰ, ਚਾਹਕ = ਇੱਛਾ ਦੇ ਸਹਿਤ ਗਾਹਕ = ਖ਼ਰੀਦਣ ਵਾਲੇ ਹੋ ਕੇ ਖ਼ਰੀਦਣਾ ਕਰਦੇ ਹਨ।

ਸ੍ਵਾਂਤਿ ਬੂੰਦ ਬਰਖਾ ਜਿਉ ਗਵਨ ਘਟਾ ਘਮੰਡ;
ਹੋਤ ਮੁਕਤਾਹਲ ਅਉ ਨਰ ਨਰਹਰ ਹੈ॥੭੬॥

ਜਿਉ = ਜਿਵੇਂ ਸਮੁੰਦਰ ਵਿੱਚੋਂ ਪਾਣੀ ਲੈ ਕੇ ਗਵਨ = ਗਗਨ, ਆਕਾਸ਼ ਮੰਡਲ ਵਿਚ (ਘ + ਮੰਡ) ਘ = ਬੱਦਲਾਂ ਦੇ ਰੂਪ ਵਿਚ ਮੰਡ = ਘਿਰੀ ਹੋਈ ਬਦਲੀ ਰੂਪ ਘਟਾ ਭਾਵ ਬੱਦਲ ਰੂਪ ਹੋ ਕੇ ਸ੍ਵਾਂਤਿ = ਸ੍ਵਾਂਤੀ ਬੂੰਦ ਦੀ ਵਰਖਾ ਕਰ ਕੇ ਸਿੱਪ ਦੇ ਮੂੰਹ ਵਿਚ ਪੈਣ ਤੋਂ ਮੁਕਤਾਹਲ = ਮੋਤੀ ਅਉ = ਅਤੇ ਨਰ = ਪੁਰਖਾਂ ਉੱਤੇ ਬਰਸ ਕੇ ਉਨ੍ਹਾਂ ਨੂੰ ਨਰਹਰ = ਨਰਸਿੰਘ ਰਾਜਾ, ਭਾਵ ਸ੍ਰੇਸ਼ਟ ਅਵਤਾਰ ਵਤ ਬਣਾ ਦਿੰਦੀ ਹੈ।

ਇਸੇ ਪ੍ਰਕਾਰ ਪੂਰਨ ਬ੍ਰਹਮ ਚੇਤਨ ਆਪ ਹੀ ਸਤਿਗੁਰੂ ਨਾਨਕ ਦੇਵ ਰੂਪ ਹੋ ਕੇ ਸੁੰਨ ਸਰੂਪੀ ਸੰਸਾਰ ਆਕਾਸ਼ ਅੰਦਰ ਆਪਣੇ ਚਮਤਕਾਰ ਨੂੰ ਪ੍ਰਗਟ ਕਰ ਕੇ ਉਪਦੇਸ਼ ਰੂਪ ਸਵਾਂਤੀ ਬੂੰਦ ਦੀ ਵਰਖਾ ਕਰ ਕੇ ਸਿੱਖ ਰੂਪ ਸਿੱਪ ਦੇ ਮੂੰਹ ਵਿਚ ਪੈ ਕੇ ਗਿਆਨ ਰੂਪੀ ਮੋਤੀ ਪ੍ਰਗਟ ਕਰ ਦਿੰਦੇ ਹਨ ਤੇ ਭਾਈ ਲਹਿਣਾ ਜੀ ਇਤਿਆਦਿਕ ਨਰ = ਪੁਰਖਾਂ ਉਪਰ ਬਰਸ, ਤੁੱਠ ਪਏ ਤਾਂ ਉਨ੍ਹਾਂ ਨੂੰ ਆਪਣੇ ਅੰਦਰ ਹੀ ਸਾਖਜਾਤ ਅਵਤਾਰੀ ਪੁਰਖ ਭਾਵ ਵਿਚ ਚਾਅ ਪ੍ਰਗਟਾਇਆ ਹੈ॥੭੬॥

ਸਬਦ ਸੁਰਤਿ ਲਿਵ ਜੋਤਿ ਕੋ ਉਦੋਤ ਭਇਓ;
ਤ੍ਰਿਭਵਨ ਅਉ ਤ੍ਰਿਕਾਲ ਅੰਤਰਿ ਦਿਖਾਏ ਹੈ॥

ਗੁਰੂ ਦੇ ਸਬਦ = ਉਪਦੇਸ਼ ਵਿਚ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਲਿਵ = ਬਿਰਤੀ ਨੂੰ ਲਾਉਣੇ ਕਰਕੇ ਰਿਦੇ ਵਿਚ ਆਤਮ ਸਖਿਆਤਤਾ ਕੋ = ਦਾ ਜੋਤਿ = ਪ੍ਰਕਾਸ਼ ਉਦੋਤ = ਪ੍ਰਗਟ ਭਇਓ = ਹੋ ਆਉਂਦਾ ਹੈ, ਜਿਸ ਦੇ ਪ੍ਰਕਾਸ਼ ਕਰਕੇ ਤ੍ਰਿਭਵਨ = ਤਿੰਨੇ ਲੋਕਾਂ ਅਉ = ਅਤੇ ਤ੍ਰਿਕਾਲ = ਤਿੰਨੇ ਸਮਿਆਂ ਵਿਚ ਵਰਤਣ ਵਾਲਾ ਸਾਰਾ ਹਾਲ ਆਪਣੇ ਰਿਦੇ ਅੰਤਰਿ = ਵਿਚ ਹੀ ਦਿਖਾਏ = ਦਿੱਸ ਆਇਆ ਕਰਦਾ ਹੈ।

ਸਬਦ ਸੁਰਤਿ ਲਿਵ ਗੁਰਮਤਿ ਕੋ ਪ੍ਰਗਾਸ;
ਅਕਥ ਕਥਾ ਬਿਨੋਦ ਅਲਖ ਲਖਾਏ ਹੈ॥

ਗੁਰਾਂ ਦੇ ਸਬਦ = ਉਪਦੇਸ਼ ਵਿਚ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਲਿਵ = ਬਿਰਤੀ ਲੱਗਿਆਂ ਰਿਦੇ ਵਿਚ ਗੁਰਮਤਿ = ਗੁਰ-ਸਿੱਖਿਆ ਕੋ = ਦਾ ਪ੍ਰਗਾਸ = ਪ੍ਰਕਾਸ਼ ਪ੍ਰਗਟ ਹੋ ਆਉਂਦਾ ਹੈ, ਭਾਵ ਗੁਰ-ਸਿੱਖਿਆ ਨੂੰ ਜਗਿਆਸੂ ਰਿਦੇ ਵਿਚ ਚੰਗੀ ਤਰ੍ਹਾਂ ਧਾਰਨ ਕਰ ਲੈਂਦਾ ਹੈ, ਜਿਸ ਅੰਤਰੀਵੀ ਬਿਨੋਦ = ਕੌਤਕ ਦੀ ਕਥਾ = ਕਹਾਣੀ ਅਕਥ = ਕਥਨ ਤੋਂ ਰਹਿਤ ਹੈ, ਉਸ ਅਲਖ = ਲਖਣ ਤੋਂ ਰਹਿਤ ਕਥਾ ਨੂੰ ਆਪਣੇ

ਰਿਦੇ ਵਿਚ ਲਖਾਏ = ਜਾਣ ਲੈਣਾ ਕਰਦਾ ਹੈ **ਵਾ:** ਜੋ ਵਾਹਿਗੁਰੂ ਅਲਖ = ਲਖਣ ਤੋਂ ਰਹਿਤ ਸਰੂਪ ਹੈ, ਜਿਸ ਦੀ ਕਥਾ = ਵਾਰਤਾ ਅਕਥ = ਕਥਨ ਨਹੀਂ ਕੀਤੀ ਜਾ ਸਕਦੀ, ਜਿਸ ਦੇ ਬੇਅੰਤ ਬਿਨੋਦ = ਕੌਤਕ ਹਨ, ਉਸ ਲਖਣ ਤੋਂ ਰਹਿਤ ਸਰੂਪ ਪਰਮੇਸ਼ਰ ਦਾ ਅਨੰਦ ਉਸ ਦੇ ਰਿਦੇ ਅੰਦਰ ਲਖਾਏ = ਦੇਖਣ ਵਿਚ ਆਇਆ ਹੈ।

ਸਬਦ ਸੁਰਤਿ ਲਿਵ ਨਿਝਰ ਅਪਾਰ ਧਾਰ;
ਪ੍ਰੇਮ ਰਸ ਰਸਿਕ ਹੁਇ ਅਪਿਅ ਪੀਆਏ ਹੈ॥

ਗੁਰਾਂ ਦੇ ਸਬਦ = ਉਪਦੇਸ਼ ਵਿਚ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਲਿਵ = ਬਿਰਤੀ ਲੱਗਿਆਂ ਜੋ ਨਿਝਰ = ਨਿਰੰਤਰ, ਇਕ-ਰਸ ਝਰਨ ਵਾਲੀ ਬ੍ਰਹਮਾਨੰਦ ਰੂਪ ਅੰਮ੍ਰਿਤ ਦੀ ਅਪਾਰ ਧਾਰਾ ਹੈ, ਉਸ ਬ੍ਰਹਮਾਨੰਦ ਰੂਪ ਅਪਿਅ = ਅੰਮ੍ਰਿਤ ਧਾਰਾ ਨੂੰ ਪ੍ਰੇਮ ਰਸ ਦਾ ਰਸਿਕ = ਰਸੀਆ ਹੋ ਕੇ ਪੀਆਏ = ਪੀਣਾ ਕਰਦਾ ਹੈ।

ਸਬਦ ਸੁਰਤਿ ਲਿਵ ਸੋਹੰ ਸੋ ਅਜਪਾ ਜਾਪ;
ਸਹਜ ਸਮਾਧਿ ਸੁਖ ਸਾਗਰ ਸਮਾਏ ਹੈ॥੭੭॥

ਗੁਰਾਂ ਦੇ ਸਬਦ = ਉਪਦੇਸ਼ ਵਿਚ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਲਿਵ = ਬਿਰਤੀ ਦੇ ਲੱਗਿਆਂ ਜੋ ਜਾਪ ਬਾਣੀ ਆਦਿ ਕਰਕੇ ਅਜਪਾ = ਜਪਣ ਤੋਂ ਰਹਿਤ ਹੈ, ਸੋ = ਉਸ ਜਾਪ ਨੂੰ ਜਪਣੇ ਕਰਕੇ ਇਸ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ ਕਿ ਸੋਹੰ (ਸੋ + ਹੰ) ਸੋ = ਉਹ ਹੰ = ਮੈਂ ਹੀ ਹਾਂ, ਭਾਵ ਮੈਂ ਚੇਤਨ ਬ੍ਰਹਮ ਦਾ ਰੂਪ ਹੀ ਹਾਂ, ਇਸ ਅਵਸਥਾ ਨੂੰ ਪਾ ਕੇ ਸਹਜ = ਸੁਤੇ-ਸਿਧ ਹੀ ਸਮਾਧਿ = ਸਮਾਧੀ ਵਿਚ ਭਾਵ ਆਤਮਿਕ ਇਸਥਿਤੀ ਨੂੰ ਪਾ ਕੇ, ਸੁਖ = ਅਨੰਦ ਦੇ ਸਾਗਰ = ਸਮੁੰਦਰ ਪੂਰਨ ਬ੍ਰਹਮ ਵਿਚ ਸਮਾਏ = ਸਮਾ, ਅਭੇਦ ਹੋ ਜਾਂਦਾ ਹੈ॥੭੭॥

ਆਧਿ ਕੈ ਬਿਆਧਿ ਕੈ ਉਪਾਧਿ ਹੈ ਤ੍ਰਿਦੋਖ ਹੁਤੇ;
ਗੁਰਸਿਖ ਸਾਧ ਗੁਰ ਬੈਦ ਪੈ ਲੈ ਆਏ ਹੈ॥

ਜੋ ਆਧਿ = ਮਾਨਸੀ ਦੁਖਾਂ ਕੈ = ਕਰਕੇ ਦੁਖੀ ਤੇ ਬਿਆਧਿ = ਸਰੀਰਕ ਰੋਗਾਂ ਕੈ = ਕਰਕੇ ਦੁਖੀ ਤੇ ਉਪਾਧਿ = ਉਪਾਧੀ ਰੂਪ ਤ੍ਰਿਦੋਖ = ਤਿੰਨੇ ਦੁੱਖਾਂ ਕੈ = ਕਰਕੇ ਦੁਖੀ ਹੁਤੇ =ਹੁੰਦੇ ਹਨ **ਵਾ:** ਤ੍ਰਿਦੋਖ = ਤਿੰਨੇ (ਵਾਤ, ਪਿੱਤ ਤੇ ਕਫ਼ ਦਾ ਬਿਗਾੜ) ਸੰਤਾਪਾਂ ਨਾਲ ਸਾਰਾ ਸੰਸਾਰ ਦੁਖੀ ਹੈ, ਤਿੰਨੇ ਸੰਤਾਪਾਂ ਵਾਲੇ ਲੋਕਾਂ ਨੂੰ ਪੂਰ ਪੂਰ ਕੇ ਗੁਰਸਿੱਖ ਸਾਧ = ਸ੍ਰੇਸ਼ਟ ਗੁਰੂ ਰੂਪ ਬੈਦ = ਹਕੀਮ ਪੈ = ਕੋਲ ਲੈ ਕੇ ਆਏ = ਆਉਣਾ ਕਰਦੇ ਹੈ = ਹਨ।

ਅੰਮ੍ਰਿਤ ਕਟਾਛ ਪੇਖ ਜਨਮ ਮਰਨ ਮੇਟੇ;
ਜੋਨਿ ਜਮ ਭੈ ਨਿਵਾਰੇ, ਅਭੈ ਪਦ ਪਾਏ ਹੈ॥

ਐਸੇ ਤਿੰਨੇ ਤਾਪ ਰੂਪ ਰੋਗ ਵਿਚ ਗ੍ਰਸਤ ਰੋਗੀਆਂ ਨੂੰ ਓਟ ਵਿਚ ਆਇਆ ਜਾਣ ਕੇ ਸਤਿਗੁਰੂ ਜੀ ਅੰਮ੍ਰਿਤ ਮਈ ਕਟਾਛ = ਕਿਰਪਾ ਦ੍ਰਿਸ਼ਟੀ ਨਾਲ ਪੇਖ = ਵੇਖ ਕੇ ਸਭ ਤੋਂ ਵੱਡੇ ਜਨਮ ਮਰਨ ਦੇ ਰੋਗ ਨੂੰ ਮੇਟੇ = ਨਵਿਰਤ ਕਰ ਦਿੰਦੇ ਹਨ ਅਤੇ ਜੋਨਿ = ਜੂਨੀਆਂ ਵਿਚ ਪੈਣ ਤੇ ਜਮਾਂ ਦਾ ਭੈ = ਡਰ ਵੀ ਨਿਵਾਰੇ = ਨਵਿਰਤ ਕਰ ਕੇ ਅਭੈ = ਭੈ ਤੋਂ ਰਹਿਤ ਪਦ = ਪਦਵੀ, ਭਾਵ ਕੈਵਲ ਮੋਖ ਰੂਪ ਪਦਵੀ ਦੀ ਪਾਏ = ਪ੍ਰਾਪਤੀ ਕਰਾ ਦਿੰਦੇ ਹਨ।

ਚਰਨ ਕਮਲ ਮਕਰੰਦ ਰਜ ਲੇਪਨ ਕੈ;
ਦੀਖਿਆ ਸੀਖਿਆ ਸੰਜਮ ਕੈ ਅਉਖਧਿ ਖਵਾਏ ਹੈ॥

ਗੁਰੂ ਸਾਹਿਬ ਜੀ ਦੇ ਚਰਨਾਂ ਕਮਲਾਂ ਦੀ ਮਕਰੰਦ ਰੂਪੀ ਰਜ = ਧੂੜੀ ਨੂੰ ਸਰੀਰ ਉਪਰ ਲੇਪਨ = ਲਗਾ ਕੈ = ਕਰਕੇ ਸਰੀਰ ਦੇ ਬਾਹਰਲੇ (ਬਿਆਧੀ) ਰੋਗਾਂ ਤੋਂ ਨਵਿਰਤ ਹੋ ਜਾਂਦਾ ਹੈ ਅਤੇ ਵਿਧੀ ਨਾਲ ਨਾਮ ਬਾਣੀ ਦਾ ਦੀਖਿਆ = ਉਪਦੇਸ਼ ਦੇ ਕੇ ਦਾਨ ਰੂਪ ਦਵਾਈ ਦਿੰਦੇ ਹਨ ਅਤੇ ਸਤਿਸੰਗਤ ਵਿਚ ਸ਼ਰਧਾ, ਪ੍ਰੇਮ ਪੂਰਬਕ ਅਰਾਧਨ ਵਿਚ ਇਕ-ਰਸ ਤਤਪਰ ਰਹਿਣ ਰੂਪ ਅਸ਼ਰਧਾ, ਕੁਸੰਗਤ, ਆਲਸ ਆਦਿ ਤੋਂ ਬਚਣ ਰੂਪ ਸੀਖਿਆ = ਸਿੱਖਿਆ ਕੈ = ਦੇ ਕਰਕੇ ਤੇ ਸੰਜਮ = ਇੰਦਰੀਆਂ ਦਾ ਦਮਨ ਕਰਨ ਰੂਪ ਸਿੱਖਿਆ ਦੇਣ ਰੂਪ ਅਉਖਧਿ = ਦਵਾਈ ਖਵਾਏ = ਖਵਾਉਂਦੇ ਹੈ = ਹਨ।

ਕਰਮ ਭਰਮ ਖੋਇ ਧਾਵਤ ਬਰਜਿ ਰਾਖੇ;
ਨਿਹਚਲ ਮਤਿ ਸੁਖ ਸਹਜ ਸਮਾਏ ਹੈ॥੭੮॥

ਇਸ ਤਰ੍ਹਾਂ ਜੋ ਕਰਮ ਜਨਮ ਮਰਣ ਵਿਚ ਭਰਮ = ਭਰਮਾਉਣ ਵਾਲੇ ਸੀ, ਉਹ ਵੀ ਖੋਇ = ਨਵਿਰਤ ਹੋ ਗਏ **ਵਾ:** ਭਰਮ ਰੂਪ ਕਰਮਾਂ ਨੂੰ ਖੋਇ = ਗਵਾ ਕੇ ਵਾਸਨਾ ਅਧੀਨ ਧਾਵਤ = ਭੱਜੇ ਜਾਂਦੇ ਮਨ ਨੂੰ ਬਰਜਿ = ਰੋਕ ਕੇ ਰਾਖੇ = ਰੱਖਣ ਅਤੇ ਨਿਹਚਲ = ਅਚੱਲ ਮਤਿ = ਮੱਤੀ ਦੀ ਪ੍ਰਾਪਤੀ ਕਰਵਾ ਦਿੰਦੇ ਹਨ, ਫੇਰ ਉਹ ਗੁਰਮੁਖ ਜਨ ਗੁਰਾਂ ਦੀ ਕਿਰਪਾ ਸਦਕਾ ਸਹਜ = ਸੁਤੇ-ਸਿਧ ਆਤਮਿਕ ਸੁਖ = ਅਨੰਦ ਵਿਚ ਸਮਾਏ = ਲੀਨ ਹੋ ਜਾਂਦੇ ਹਨ॥੭੮॥

ਬੋਹਿਥਿ ਪ੍ਰਵੇਸ ਭਏ, ਨਿਰਭੈ ਹੁਇ ਪਾਰਗ੍ਰਾਮੀ;
ਬੋਹਿਥ ਸਮੀਪ ਬੂਡਿ ਮਰਤ ਅਭਾਗੇ ਹੈ॥

ਜੋ ਗੁਰ-ਉਪਦੇਸ਼ ਦੁਆਰਾ ਗਿਆਨ, ਨਾਮ ਰੂਪੀ ਬੋਹਿਥਿ = ਜਹਾਜ਼ ਵਿਚ ਪ੍ਰਵੇਸ = ਦਾਖ਼ਲ ਭਏ = ਹੋ ਗਏ, ਭਾਵ ਗੁਰ-ਉਪਦੇਸ਼ ਦੁਆਰਾ ਨਾਮ ਨੂੰ ਜਪਣਾ ਕੀਤਾ, ਉਹ ਨਿਰਭੈ = ਡਰ ਤੋਂ ਰਹਿਤ ਪਦਵੀ ਨੂੰ ਪਾ ਕੇ ਸੰਸਾਰ-ਸਮੁੰਦਰ ਤੋਂ ਪਾਰਗ੍ਰਾਮੀ = ਪਾਰ ਹੁਇ = ਹੋ ਗਏ ਹਨ, ਪਰੰਤੂ ਕਈ ਅਭਾਗੇ = ਬੇਕਰਮੇ ਪੁਰਖ ਗੁਰੂ **ਵਾ:** ਨਾਮ ਰੂਪੀ ਬੋਹਿਥ = ਜਹਾਜ਼ ਦੇ ਸਮੀਪ = ਨੇੜੇ ਹੁੰਦਿਆਂ ਵੀ ਸੰਸਾਰ-ਸਮੁੰਦਰ ਵਿਚ ਬੂਡਿ = ਡੁੱਬ ਕੇ ਮਰਤ = ਮਰ ਗਏ ਹੈ = ਹਨ, ਭਾਵ ਉਸ ਨੂੰ ਛਲ ਫ਼ਰੇਬਾਂ ਜਾਂ ਸ਼ੁਭ ਕਰਮਾਂ ਦਾ ਅਭਿਆਸੀ ਹੋਣ ਕਾਰਨ ਹੰਕਾਰ ਅੰਦਰ ਹੋਣ ਕਰਕੇ ਜਾਂ ਸਦੀਵ ਕਾਲ ਗੁਰਾਂ ਦੀ ਸੰਗਤ ਵਿਚ ਰਹਿ ਕੇ ਵੀ ਉਪਦੇਸ਼ ਧਾਰੇ ਤੋਂ ਬ਼ਗ਼ੈਰ ਸੰਸਾਰ ਦੇ ਜੰਮਣ ਮਰਨ ਰੂਪੀ ਪਾਣੀ ਵਿਚ ਡੁੱਬ ਜਾਂਦੇ ਹਨ, ਭਾਵ ਮਾਇਆ ਦੇ ਮੋਹ ਵਿਚ ਅਧੀਨ ਹੋਏ ਹੀ ਰੁੜ੍ਹਦੇ ਰਹਿੰਦੇ ਹਨ।

ਚੰਦਨ ਸਮੀਪ ਦੁਰਗੰਧ ਸੋ ਸੁਗੰਧ ਹੋਹਿ;
ਦੁਰੰਤਰ ਤਰੁ ਗੰਧ ਮਾਰੁਤ ਨ ਲਾਗੇ ਹੈ॥

ਚੰਦਨ ਬ੍ਰਿਛ ਦੇ ਸਮੀਪ = ਨੇੜੇ ਜੋ ਅਰਿੰਡ ਆਦਿ ਦੁਰਗੰਧ = ਖੋਟੀ ਸੁਗੰਧੀ ਵਾਲੇ ਬ੍ਰਿਛ ਹੁੰਦੇ ਹਨ, ਸੋ = ਉਹ ਵੀ (ਸੁ + ਗੰਧ) ਸੁ = ਸ੍ਰੇਸ਼ਟ ਗੰਧ = ਮਹਿਕ (ਖ਼ੁਸ਼ਬੂ) ਵਾਲੇ ਬਣ ਜਾਂਦੇ ਹਨ, ਪਰੰਤੂ ਦੁਰੰਤਰ = ਦੂਰ

ਫ਼ਾਸਲੇ 'ਤੇ ਰਹਿਣ ਵਾਲੇ ਤਰੁ = ਬ੍ਰਿਛਾਂ ਨੂੰ ਚੰਦਨ ਦੀ ਗੰਧ = ਸੁਗੰਧੀ ਵਾਲੀ ਮਾਰੁਤ = ਹਵਾ ਨ = ਨਹੀਂ ਲਾਗੈ = ਲੱਗਣਾ ਕਰਦੀ ਹੈ। ਇਸ ਕਰਕੇ ਉਹ ਸੁਗੰਧੀ ਤੋਂ ਬਿਨਾਂ ਰਹਿ ਜਾਂਦੇ ਹਨ। ਇਸੇ ਪ੍ਰਕਾਰ ਗੁਰੂ ਰੂਪ ਚੰਦਨ ਦੇ ਨੇੜੇ ਜੋ ਦੁਰਗੰਧ = ਖੋਟੇ ਪੁਰਖ ਆਉਂਦੇ ਹਨ, ਉਹ ਜੀਵ ਰੂਪ ਬ੍ਰਿਛ ਭਗਤੀ ਰੂਪ ਸ੍ਰੇਸ਼ਟ ਸੁਗੰਧੀ ਵਾਲੇ ਬਣ ਜਾਂਦੇ ਹਨ, ਪਰੰਤੂ ਜਿਹੜੇ ਭੇਦ-ਭਾਵ ਕਰਕੇ ਬਹੁਤ ਦੂਰੰਤਰ = ਫ਼ਾਸਲੇ 'ਤੇ ਹਨ, ਉਨ੍ਹਾਂ ਦੇ ਰਿਦੇ ਰੂਪ ਬਿਰਛ ਨੂੰ ਭਗਤੀ ਰੂਪ ਸੁਗੰਧੀ ਵਾਲੀ ਹਵਾ ਨਹੀਂ ਲੱਗਦੀ, ਭਾਵ ਉਨ੍ਹਾਂ ਨੂੰ ਭਗਤੀ ਦੀ ਇੱਛਾ ਨਹੀਂ ਹੁੰਦੀ।

ਸਿਹਜਾ ਸੰਜੋਗ ਭੋਗ, ਨਾਰਿ ਗਰ ਹਾਰ ਹੋਤ;
ਪੁਰਖ ਬਿਦੇਸਿ ਕੁਲ ਦੀਪਕ ਨ ਜਾਗੇ ਹੈ॥

ਜਦ ਕਿਸੇ ਵਿਆਹੀ ਔਰਤ ਨੂੰ ਆਪਣੇ ਪਤੀ ਨਾਲ ਸਿਹਜਾ = ਸੇਜਾ ਦੇ ਆਨੰਦ ਨੂੰ ਭੋਗ = ਮਾਨਣ ਦਾ ਸੰਜੋਗ = ਸੰਬੰਧ ਪ੍ਰਾਪਤ ਹੋਵੇ ਤਾਂ ਨਾਰਿ = ਇਸਤਰੀ ਆਪਣੀ ਪਤੀ ਦੇ ਗਰ = ਗਲ ਦਾ ਹਾਰ ਹੋਤ = ਹੁੰਦੀ ਹੈ, ਭਾਵ ਆਪਣੇ ਪਤੀ ਦੇ ਗਲ ਲੱਗਦੀ ਹੈ ਜਾਂ ਪਤੀ ਉਸ ਦੇ ਗਲ ਲੱਗਦਾ ਹੈ, ਪਰ ਜੇਕਰ ਕੋਈ ਪੁਰਖ = ਪੁਰਸ਼ ਬਿਦੇਸਿ = ਪ੍ਰਦੇਸ ਗਿਆ ਹੋਵੇ ਤਾਂ ਉਸ ਦੇ ਘਰ ਕੁਲ = ਵੰਸ਼ ਰੂਪ ਦੀਪਕ = ਦੀਵਾ ਨ = ਨਹੀਂ ਜਾਗੇ = ਜਗਦਾ, ਭਾਵ ਕੁਲ ਨੂੰ ਅੱਗੇ ਤੋਰਨ ਵਾਲਾ ਪੁੱਤਰ ਪੈਦਾ ਨਹੀਂ ਹੁੰਦਾ।

ਅਥਵਾ ਜਿਸ ਔਰਤ ਦਾ ਪਤੀ ਘਰ ਵਿਚ ਹੋਵੇ ਤਾਂ ਉਸ ਨੂੰ ਸਿਹਜਾ = ਸੇਜਾ ਦਾ ਆਨੰਦ ਵੀ ਹੁੰਦਾ ਹੈ ਤੇ ਉਸ ਇਸਤਰੀ ਦੇ ਗਰ = ਗਲ ਵਿਚ ਹਾਰ ਵੀ ਸ਼ੋਭਦਾ ਹੈ ਤੇ ਕੁਲ = ਵੰਸ਼ ਵਿਚ ਪੁੱਤਰ ਰੂਪ ਦੀਵਾ ਵੀ ਜਗਦਾ ਹੈ, ਭਾਵ ਉਸਨੂੰ ਸਾਰੇ ਤਰ੍ਹਾਂ ਦਾ ਸੰਸਾਰੀ ਆਨੰਦ ਪ੍ਰਾਪਤ ਹੁੰਦਾ ਹੈ, ਪਰ ਜਿਸ ਔਰਤ ਦਾ ਪਤੀ ਪ੍ਰਦੇਸ ਗਿਆ ਹੋਵੇ ਤਾਂ ਉਸ ਨੂੰ ਨਾ ਸੇਜਾ ਦਾ ਆਨੰਦ, ਨਾ ਗਲ ਦਾ ਹਾਰ ਅਤੇ ਨਾ ਹੀ ਕੁਲ = ਵੰਸ਼ ਵਿਚ ਪੁੱਤਰ ਆਦਿ ਦਾ ਸੁਖ ਤੇ ਨਾ ਹੀ ਕੋਈ ਘਰ ਵਿਚ ਪੁੱਤਰ ਰੂਪ ਦੀਵਾ ਜਗਦਾ ਹੈ।

ਸ੍ਰੀ ਗੁਰ ਕ੍ਰਿਪਾ ਨਿਧਾਨ ਸਿਮਰਨ ਗਿਆਨ ਧਿਆਨ;
ਗੁਰਮੁਖ ਸੁਖ ਫਲ ਪਲ ਅਨੁਰਾਗੇ ਹੈ॥੭੯॥

ਉਸੇ ਪ੍ਰਕਾਰ ਉਪਰੋਕਤ ਦ੍ਰਿਸ਼ਟਾਂਤ ਦੀ ਤਰ੍ਹਾਂ ਸ੍ਰੀ = ਸੁਭਾਇਮਾਨ ਗੁਰੂ ਜੀ ਕ੍ਰਿਪਾ = ਮੇਹਰ ਦਾ ਨਿਧਾਨ = ਖ਼ਜ਼ਾਨਾ ਹਨ, ਜੇ ਕੋਈ ਗੁਰਮੁਖ ਮੇਹਰ ਦੇ ਖ਼ਜ਼ਾਨੇ ਗੁਰਾਂ ਨੂੰ ਸਿਮਰਨ = ਯਾਦ ਕਰਦਾ ਹੈ ਤੇ ਪਲ = ਛਿਨ ਮਾਤਰ ਵੀ ਅਨੁਰਾਗੇ = ਪ੍ਰੇਮ ਦੇ ਸਹਿਤ ਗੁਰ-ਉਪਦੇਸ਼ ਨੂੰ ਧਿਆਨ ਨਾਲ ਸੁਣ ਕੇ ਗਿਆਨ ਦੀ ਪ੍ਰਾਪਤੀ ਕਰਦਾ ਹੈ ਤਾਂ ਉਸ ਗੁਰਮੁਖ ਨੂੰ ਆਤਮਿਕ ਸੁਖ = ਆਨੰਦ ਰੂਪ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ॥੭੯॥

ਚਰਨ ਕਮਲ ਕੋ ਮਹਾਤਮ ਅਗਾਧਿ ਬੋਧਿ;
ਅਤਿ ਅਸਚਰਜ-ਮੈ ਨਮੋ ਨਮੋ ਨਮ ਹੈ॥

ਗੁਰੂ ਸਾਹਿਬ ਜੀ ਦੇ ਚਰਨਾਂ ਕਮਲਾਂ ਕੋ = ਦਾ ਮਹਾਤਮ = ਪ੍ਰਤਾਪ ਬੋਧ = ਜਾਣਨਾ ਅਗਾਧਿ = ਥਾਹ ਪਾਉਣ ਤੋਂ ਰਹਿਤ, ਭਾਵ ਕਠਿਨ ਹੈ, ਜੇਕਰ ਗੁਰੂ ਦੇ ਚਰਨਾਂ ਕਮਲਾਂ ਦੇ ਧਿਆਨ ਵਿਚ ਮਸਤ ਹੋ ਕੇ ਦੇਖਣਾ

ਕਰੀਏ ਤਾਂ ਅਤਿ = ਅਤਿਅੰਤ ਅਸਚਰਜ ਮੈ = ਅਲੌਕਿਕ ਸਰੂਪ ਹੈ, ਭਾਵ ਆਪਣੇ ਆਪ ਦੀ ਸੁਧ-ਬੁਧ ਭੁਲਾ ਦੇਣ ਵਾਲੇ ਹਨ, ਇਸ ਕਰਕੇ ਮੈਂ **ਵਾ:** ਗੁਰਮੁਖ ਜਨ ਉਨ੍ਹਾਂ ਚਰਨ ਕਮਲਾਂ ਨੂੰ ਮਨ ਕਰਕੇ ਵੀ ਨਮੋ = ਨਮਸਕਾਰ ਕਰਦੇ ਹਨ, ਬਾਣੀ ਕਰਕੇ ਵੀ ਨਮੋ = ਨਮਸਕਾਰ ਕਰਦੇ ਹਨ ਤੇ ਸਰੀਰ ਕਰਕੇ ਵੀ ਨਮ = ਨਮਸਕਾਰ ਕਰਦੇ ਹਨ।

ਕੋਮਲ ਕੋਮਲਤਾ ਅਉ ਸੀਤਲ ਸੀਤਲਤਾ ਕੈ;
ਬਾਸਨਾ ਸੁਬਾਸੁ ਤਾਸੁ ਦੁਤੀਆ ਨ ਸਮ ਹੈ॥

ਗੁਰਾਂ ਦੇ ਚਰਨ ਕਮਲ ਸਾਰੇ ਕੋਮਲਤਾ = ਮੁਲਾਇਮਤਾ ਵਾਲੇ ਪਦਾਰਥਾਂ ਤੋਂ ਕੋਮਲ = ਮੁਲਾਇਮ ਹਨ ਅਉ = ਅਤੇ ਸਾਰੇ ਸੀਤਲ = ਠੰਢਕ ਦੇਣ ਵਾਲੇ ਪਦਾਰਥਾਂ ਤੋਂ ਸੀਤਲਤਾ = ਠੰਢਤਾਈ ਦੇਣਾ ਕੈ = ਕਰਦੇ ਹਨ, ਬਾਸਨਾ = ਖ਼ੁਸ਼ਬੂਦਾਰ ਪੌਦਿਆਂ, ਬੂਟਿਆਂ ਜਾਂ ਕਮਲ ਆਦਿ ਨੇ ਤਾਂ ਸੁਬਾਸੁ = ਸ੍ਰੇਸ਼ਟ, ਚੰਗੀ ਬਾਸਨਾ ਤਾਸੁ = ਉਸ ਗੁਰਾਂ ਦੀ ਕਿਰਪਾ ਕਰਕੇ ਹੀ ਲਈ ਹੈ, ਇਸ ਲਈ ਗੁਰਾਂ ਦੇ ਚਰਨਾਂ ਦੇ ਸਮ = ਬਰਾਬਰ ਦੁਤੀਆ = ਦੂਸਰੀ ਹੋਰ ਕੋਈ ਵਸਤੂ ਕੋਮਲ, ਸੀਤਲ ਜਾਂ ਸੁਗੰਧੀਵਾਨ ਨਹੀਂ ਹੈ।

ਅਥਵਾ ਗੁਰਾਂ ਦੇ ਕੋਮਲ = ਸੁੰਦਰ ਚਰਨ ਕਮਲ ਵਾਂਗ ਕੋਮਲਤਾ = ਮੁਲਾਇਮਤਾਈ ਵਾਲੇ ਹਨ ਅਤੇ ਕਮਲ ਦੀ ਸੀਤਲਤਾ ਵਾਂਗ ਸੀਤਲ = ਠੰਢਕ ਦੇਣ ਵਾਲੇ ਹਨ, ਤਾਸੁ = ਉਸ ਕਮਲ ਵਿਚ ਬਾਸਨਾ = ਵਾਸ਼ਨਾ, ਸੁਗੰਧੀ ਤਾਂ ਹੁੰਦੀ ਹੈ ਪਰ ਉਹ ਸੁਗੰਧੀ ਵਿਸ਼ੇ-ਵਿਕਾਰਾਂ ਵਿਚ ਲਾਉਣਾ ਕਰਦੀ ਹੈ, ਲੇਕਿਨ ਗੁਰਾਂ ਦੇ ਚਰਨਾਂ ਦੀ (ਸੁ + ਬਾਸ) ਸੁ = ਸ੍ਰੇਸ਼ਟ ਭਗਤੀ ਰੂਪ ਬਾਸ = ਸੁਗੰਧੀ ਵਾਹਿਗੁਰੂ ਦੀ ਪ੍ਰਾਪਤੀ ਵੱਲ ਲਾਉਂਦੀ ਹੈ, ਇਸ ਲਈ ਤਾਸੁ = ਉਸ ਭਗਤੀ ਦੇ ਸਮ = ਬਰਾਬਰ ਜਾਂ ਗੁਰਾਂ ਦੇ ਚਰਨਾਂ ਬਰਾਬਰ ਦੂਸਰਾ ਹੋਰ ਕੋਈ ਨਹੀਂ ਹੈ।

ਸਹਜ ਸਮਾਧਿ ਨਿਜ ਆਸਨ ਸਿੰਘਾਸਨ;
ਸ੍ਵਾਦ ਬਿਸਮਾਦ ਰਸ ਗੰਮਿਤ ਅਗਮ ਹੈ॥

ਗੁਰਾਂ ਦੇ ਚਰਨਾਂ ਕਮਲਾਂ ਦੀ ਓਟ ਵਿਚ ਪੈਣ ਦਾ **ਵਾ:** ਭਗਤੀ ਰੂਪ ਸੁਗੰਧੀ ਦਾ ਫਲ ਨਿਜ = ਆਪਣਾ ਸਰੂਪ ਰੂਪੀ ਜੋ ਆਸਨ = ਬੈਠਣ ਦਾ ਟਿਕਾਣਾ ਹੈ, ਇਹੋ ਹੀ ਅਸਲੀ ਸਿੰਘਾਸਨ = ਤਖ਼ਤ ਹੈ ਜਾਂ ਬਿਰਾਜਮਾਨ ਹੋਣ ਦਾ ਟਿਕਾਣਾ ਹੈ **ਵਾ:** ਜਿਸ ਨੇ ਨਿਜ = ਆਪਣੀ ਇਸਥਿਤੀ ਦਾ ਸਿੰਘਾਸਨ = ਤਖ਼ਤ ਗੁਰਾਂ ਦੇ ਚਰਨਾਂ, ਪ੍ਰੇਮਾ-ਭਗਤੀ ਨੂੰ ਬਣਾ ਲਿਆ ਹੈ, ਉਹ ਸਹਜ = ਸੁਤੇ-ਸਿਧ ਅਫੁਰ ਸਮਾਧਿ = ਸਮਾਧੀ ਵਿਚ ਲੀਨ ਹੋ ਜਾਂਦਾ ਹੈ, ਉਸ ਅਵਸਥਾ ਦੇ ਸ੍ਵਾਦ = ਰਸ ਦੀ ਵਾਰਤਾ ਬਿਸਮਾਦ = ਅਸਚਰਜਮਈ ਹੈ **ਵਾ:** ਉਸ ਸੁਧ ਬੁਧ ਭੁਲਾਉਣ ਵਾਲੇ ਰਸ ਦਾ ਸੁਆਦ ਗੰਮਿਤ = ਜਾਣਕਾਰੀ ਤੋਂ ਵੀ ਅਗੰਮ ਹੈ।

ਰੂਪ ਕੈ ਅਨੂਪ ਰੂਪ, ਮਨ ਮਨਸਾ ਥਕਤ;
ਅਕਥ ਕਥਾ ਬਿਨੋਦ ਬਿਸਮੈ ਬਿਸਮ ਹੈ॥੮੦॥

ਉਹ ਰੂਪ = ਅਕਾਰ, ਸਰੂਪ ਕੈ = ਕਰ ਕੇ ਅਨੂਪ = ਉਪਮਾ ਤੋਂ ਰਹਿਤ ਰੂਪ = ਸਰੂਪ, ਅਕਾਰ ਵਾਲਾ ਹੈ, ਭਾਵ ਸਾਰੇ ਸੰਸਾਰ ਦੀ ਸਾਰੀ ਸੁਹੱਪਣਤਾ ਵੀ ਜੇ ਇਕੱਤਰ ਕਰ ਲਈਏ ਤਾਂ ਉਸ ਦੀ ਵੀ ਉਪਮਾ ਉਸਨੂੰ

ਦਿੱਤੀ ਨਹੀਂ ਜਾ ਸਕਦੀ, ਮਨ ਵੀ ਉਸ ਮਨਸਾ = ਸੰਕਲਪ, ਕਲਪਨਾ ਨੂੰ ਆਪਣੇ ਅੰਦਰ ਲਿਆਉਣੋਂ ਥਕਤ = ਥੱਕਿਆ ਹੋਇਆ ਮਹਿਸੂਸ ਕਰਦਾ ਹੈ **ਵਾ:** ਉਸ ਵਿਚ ਮਨ ਤੇ ਮਨਸਾ = ਬੁੱਧੀ ਵੀ ਉਨ੍ਹਾਂ ਗੁਰਾਂ ਦੇ ਚਰਨਾਂ ਦੀ ਓਟ ਵਿਚ ਥਕਤ = ਇਸਥਿਤ ਹੋ ਜਾਂਦੀ ਹੈ ਅਤੇ ਜਿਸ ਅਨੰਦ ਵਿਚ ਮਨ ਤੇ ਬੁੱਧੀ ਇਸਥਿਤ ਹੋ ਜਾਂਦੇ ਹਨ, ਉਸ ਅਨੰਦ ਦੀ ਕਥਾ = ਵਾਰਤਾ ਵੀ ਅਕਥ = ਕਥਨ ਤੋਂ ਰਹਿਤ ਹੈ ਕਿਉਂਕਿ ਗੁਰਾਂ ਦੇ ਚਰਨਾਂ ਦੇ ਬਿਨੋਦ = ਕੌਤਕ ਬਿਸਮੈ = ਅਸਚਰਜ ਤੋਂ ਬਿਸਮ = ਅਸਚਰਜ ਹੈ = ਹਨ **ਵਾ:** ਗੁਰਾਂ ਦੇ ਬਿਨੋਦ = ਕੌਤਕ ਵੀ ਬਿਸਮੈ = ਅਸਚਰਜ ਹਨ ਤੇ ਗੁਰਾਂ ਦੇ ਚਰਨ ਵੀ ਬਿਸਮ = ਅਸਚਰਜ ਹਨ ॥੮੦॥

ਸਤਿਗੁਰ ਦਰਸਨ ਸਬਦ ਅਗਾਧਿ ਬੋਧ;
ਅਬਿਗਤਿ ਗਤਿ ਨੇਤ ਨੇਤ ਨਮੋ ਨਮ ਹੈ ॥

ਸਤਿਗੁਰ = ਸੱਚੇ ਗੁਰੂ ਦਾ ਦਰਸਨ = ਦੀਦਾਰ ਤੇ ਗੁਰਾਂ ਦੇ ਸਬਦ = ਉਪਦੇਸ਼ ਦੁਆਰਾ ਪ੍ਰਾਪਤ ਹੋਣ ਯੋਗ ਗਿਆਨ ਦਾ ਬੋਧ = ਸਮਝਣਾ ਅਗਾਧਿ = ਅਤਿਅੰਤ ਗੰਭੀਰ, ਅਥਾਹ ਹੈ, ਇਸ ਲਈ ਗੁਰਮੁਖ ਜਨ ਉਸ ਦੀਦਾਰ ਤੇ ਉਪਦੇਸ਼ ਦੁਆਰਾ ਪ੍ਰਾਪਤ ਹੋਏ ਗਿਆਨ ਦੀ ਅਬਿਗਤਿ = ਅਸਚਰਜ ਗਤਿ = ਗੀਤੀ ਨੂੰ ਨੇਤ ਨੇਤ = ਅਨੰਤ ਅਨੰਤ ਕਹਿ ਕੇ ਮਨ ਕਰਕੇ ਨਮੋ = ਨਮਸਕਾਰ ਕਰਦਾ ਹੈ ਤੇ ਬਾਣੀ, ਸਰੀਰ ਕਰਕੇ ਵੀ ਨਮੋ = ਨਮਸਕਾਰ ਕਰਦਾ ਹੈ।

ਦਰਸ ਧਿਆਨ ਅਰੁ ਸਬਦ ਗਿਆਨ ਲਿਵ;
ਗੁਪਤ ਪ੍ਰਗਟ ਠਟ ਪੂਰਨ ਬ੍ਰਹਮ ਹੈ ॥

ਜਿਸ ਨੇ ਗੁਰੂ ਸਾਹਿਬ ਜੀ ਦੇ ਦਰਸ = ਦੀਦਾਰ ਕਰਨ ਲਈ ਧਿਆਨ = ਖ਼ਿਆਲ ਸਹਿਤ ਲਿਵ = ਬਿਰਤੀ ਲਾਉਣਾ ਕੀਤੀ ਹੈ ਅਰੁ = ਅਤੇ ਗੁਰਾਂ ਦੇ ਸਬਦ = ਉਪਦੇਸ਼ ਦੁਆਰਾ ਗਿਆਨ ਦੀ ਪ੍ਰਾਪਤੀ ਕਰ ਕੇ ਨਾਮ ਵਿਚ ਚਿੱਤ ਦੀ ਲਿਵ = ਬਿਰਤੀ ਲਾਉਣਾ ਕੀਤੀ ਹੈ, ਉਸ ਨੂੰ ਆਪਣੇ ਅੰਦਰ ਗੁਪਤ = ਛੁਪਿਆ ਹੋਇਆ ਆਪਣਾ ਆਤਮ ਸਰੂਪ ਦਿਸਣ ਲੱਗ ਪੈਂਦਾ ਹੈ ਤੇ ਜੋ ਬਾਹਰ ਪ੍ਰਗਟ = ਪ੍ਰਤੱਖ ਦਿਸਣ ਵਿਚ ਆ ਰਿਹਾ ਹੈ, ਇਹ ਸਾਰੇ ਸੰਸਾਰ ਦਾ ਠਟ = ਪਸਾਰਾ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਦਾ ਹੀ ਚਮਤਕਾਰ ਸਰੂਪ ਦਿਖਾਈ ਦੇਣ ਲੱਗ ਪੈਂਦਾ ਹੈ।

ਨਿਰਗੁਨ ਸਰਗੁਨ ਕੁਸਮਾਵਲੀ ਸੁਗੰਧਿ ਸੰਧਿ;
ਏਕ ਅਉ ਅਨੇਕ ਰੂਪ ਗੰਮਿਤਾ ਅਗਮ ਹੈ ॥

ਜਿਵੇਂ ਕੁਸਮਾਵਲੀ (ਕੁਸਮ + ਆਵਲੀ) ਕੁਸਮ = ਫੁੱਲਾਂ ਦੀ ਆਵਲੀ = ਪੰਕਤੀ ਵਿਚ ਸੁਗੰਧਿ = ਵਾਸ਼ਨਾ ਸੰਧਿ = ਮਿਲੀ ਹੋਈ ਪਾਈ ਹੈ, ਭਾਵ ਇਕ ਰੂਪ ਹੋ ਕੇ ਅਨੇਕਾਂ ਫੁੱਲਾਂ ਵਿਚ ਰਮੀ ਹੋਈ ਹੁੰਦੀ ਹੈ, ਇਸੇ ਤਰ੍ਹਾਂ ਏਕ = ਇਕ ਨਿਰਗੁਣ = ਤਿੰਨ ਗੁਣਾਂ ਤੋਂ ਰਹਿਤ, ਨਿਰੰਕਾਰ ਅਉ = ਅਤੇ ਸਰਗੁਣ = ਗੁਣਾਂ ਦੇ ਸਹਿਤ, ਸਾਕਾਰ ਰੂਪ = ਸਰੂਪਾਂ ਵਿਚ ਸਰਬ ਸਰੂਪੀ ਹੋਇਆ ਪਰਮੇਸ਼ਰ ਰਮਿਆ ਹੋਇਆ ਹੈ, ਜਿਸ ਦਾ ਸਰੂਪ ਅਗੰਮ ਤੇ ਗੰਮਿਤਾ = ਪਹੁੰਚ ਤੋਂ ਪਰੇ ਹੈ।

ਪਰਮਦਭੁਤ ਅਸਚਰਜੈ ਅਸਚਰਜ-ਮੈ;
ਅਕਥ ਕਥਾ ਅਲਖ ਬਿਸਮੈ ਬਿਸਮ ਹੈ ॥੯੧॥

ਉਹ ਪਰਮੇਸ਼ਰ ਪਰਮਦਭੁਤ = ਅਤਿਅੰਤ ਅਸਚਰਜ ਹੈ ਤੇ ਅਸਚਰਜੈ = ਅਸਚਰਜ ਤੋਂ ਵੀ ਅਸਚਰਜ ਮੈ = ਵਿਸਮਾਦ ਸਰੂਪ ਹੈ, ਉਸ ਦੀ ਕਥਾ = ਵਾਰਤਾ ਅਕਥ = ਕਥਨ ਤੋਂ ਰਹਿਤ ਤੇ ਅਲਖ = ਲੱਖਣ ਤੋਂ ਰਹਿਤ ਹੋਣ ਕਰਕੇ ਬਿਸਮੈ ਬਿਸਮ = ਵਿਸਮਾਦ ਤੋਂ ਵੀ ਵਿਸਮਾਦ ਹੈ **ਵਾ:** ਜੋ ਪਰਮੇਸ਼ਰ ਪਰਮਦਭੁਤ = ਅਤਿਅੰਤ ਸੁੰਦਰ ਸਰੂਪ ਵਾਲਾ ਹੈ, ਜਿਸ ਦੀ ਕਥਾ = ਵਾਰਤਾ ਅਕਥ = ਕਥਨ ਤੋਂ ਰਹਿਤ ਤੇ ਅਲਖ = ਲਖਣ ਤੋਂ ਰਹਿਤ ਹੈ। ਇਸੇ ਕਰਕੇ ਪਰਮੇਸ਼ਰ ਸਤਜੁਗ ਵਿਚ ਵੀ ਅਚਰਜੈ = ਵਿਸਮਾਦ ਸਰੂਪ ਸੀ, ਤ੍ਰੇਤੇ ਵਿਚ ਵੀ ਅਸਚਰਜ ਮੈ = ਵਿਸਮਾਦ ਸਰੂਪ ਸੀ, ਦੁਆਪਰ ਵਿਚ ਵੀ ਬਿਸਮੈ = ਵਿਸਮਾਦ ਸਰੂਪ ਸੀ, ਹੁਣ ਕਲਜੁਗ ਦੇ ਸਮੇਂ ਵਿਚ ਵੀ ਬਿਸਮ = ਵਿਸਮਾਦ ਸਰੂਪ ਹੈ॥੯੧॥

ਸਤਿਗੁਰ ਦਰਸ ਧਿਆਨ ਗਿਆਨ ਅੰਜਨ ਕੈ;
ਮਿਤ੍ਰ ਸਤ੍ਰੁਤਾ ਨਿਵਾਰੀ ਪੂਰਨ ਬ੍ਰਹਮ ਹੈ ॥

ਜਿਸ ਨੇ ਸਤਿਗੁਰ = ਸੱਚੇ ਗੁਰੂ ਦੇ ਦਰਸ = ਦੀਦਾਰ ਦਾ ਧਿਆਨ = ਖ਼ਿਆਲ ਰਿਦੇ ਵਿਚ ਧਾਰਨ ਕੀਤਾ ਹੈ, ਉਸ ਨੇ ਆਪਣੇ ਮਨ ਬੁੱਧ ਨੇਤਰਾਂ ਵਿਚ ਗਿਆਨ ਰੂਪੀ ਅੰਜਨ = ਸੁਰਮਾ ਪਾਉਣਾ ਕੀਤਾ ਹੈ, ਉਸ ਨੇ ਮਿਤ੍ਰ = ਦੋਸਤਾਂ ਵਿਚ ਦੋਸਤਪੁਣਾ ਤੇ ਦੁਸ਼ਮਣ ਵਿਚ ਸਤ੍ਰੁਤਾ = ਦੁਸ਼ਮਣਪੁਣਾ **ਅਥਵਾ** ਮਿੱਤਰ ਭਾਵ ਤੇ ਵੈਰ ਭਾਵ ਨਿਵਾਰੀ = ਨਵਿਰਤ ਕਰ ਕੇ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਨੂੰ ਹੀ ਸਾਰਿਆਂ ਵਿਚ ਰਮਿਆ ਹੋਇਆ ਵੇਖਿਆ ਹੈ।

ਗੁਰ ਉਪਦੇਸ ਪਰਵੇਸ ਆਦਿ ਕਉ ਅਦੇਸ;
ਉਸਤਤਿ ਨਿੰਦਾ ਮੇਟਿ, ਗੰਮਿਤਾ ਅਗਮ ਹੈ ॥

ਜੋ ਗੁਰ-ਉਪਦੇਸ਼ ਵਿਚ ਆਪਣੀ ਬਿਰਤੀ ਨੂੰ ਪਰਵੇਸ = ਸਮਾ ਲੈਂਦਾ ਹੈ, ਉਸ ਨੇ ਆਦਿ = ਮੁੱਢ ਸਰੂਪ ਪਰਮੇਸ਼ਰ ਕਉ = ਨੂੰ ਮਨ, ਬਾਣੀ, ਸਰੀਰ ਕਰਕੇ ਅਦੇਸ = ਨਮਸਕਾਰ ਕੀਤੀ ਹੈ ਅਤੇ ਉਸ ਨੇ ਉਸਤਤਿ = ਕੀਰਤੀ ਤੇ ਨਿੰਦਾ = ਅਪਕੀਰਤੀ ਨੂੰ ਮੇਟਿ = ਨਵਿੱਤਰ ਕਰ ਕੇ ਅਗਮ = ਮਨ ਬੁੱਧੀ ਤੋਂ ਅਗੋਚਰ ਸਰੂਪ ਦੀ ਗੰਮਿਤਾ = ਪਹੁੰਚ ਪ੍ਰਾਪਤ ਕਰ ਲਈ ਹੈ।

ਚਰਨ ਸਰਨਿ ਗਹੇ ਧਾਵਤ ਬਰਜਿ ਰਾਖੇ;
ਆਸਾ ਮਨਸਾ ਥਕਤ, ਸਫਲ ਜਨਮ ਹੈ ॥

ਜਿਸ ਨੇ ਪੂਰੇ ਗੁਰਾਂ ਦੇ ਚਰਨਾਂ ਦੀ ਸਰਨਿ = ਓਟ ਗਹੇ = ਗ੍ਰਹਿਣ ਕੀਤੀ ਹੈ, ਉਸ ਨੇ ਆਪਣੇ ਇੰਦਰਿਆਂ ਨੂੰ ਵਿਸ਼ਿਆਂ ਵੱਲ ਧਾਵਤ = ਦੌੜਨ ਤੋਂ ਬਰਜਿ = ਰੋਕ ਕੇ ਰਾਖੇ = ਰੱਖਣਾ ਕੀਤਾ ਹੈ ਅਤੇ ਉਸ ਦੀਆਂ ਭੋਗ ਪਦਾਰਥਾਂ ਆਦਿ ਦੀਆਂ ਸਾਰੀਆਂ ਆਸਾ = ਉਮੀਦਾਂ ਤੇ ਸਾਰੀਆਂ ਮਨਸਾ = ਕਾਮਨਾਵਾਂ ਵੀ ਥਕਤ = ਥਕਾਨ ਹੋ ਗਈਆਂ ਹਨ, ਇਉਂ ਉਸ ਨੇ ਆਪਣਾ ਮਨੁੱਖਾ ਜਨਮ ਸਫਲਾ ਕਰ ਲਿਆ ਹੈ **ਵਾ:** (ਸ + ਫਲ) ਸ = ਸਹਿਤ ਗਿਆਨ ਰੂਪੀ ਫਲ ਦੇ ਕਰ ਲਿਆ ਹੈ।

ਸਾਧ ਸੰਗਿ ਪ੍ਰੇਮ ਨੇਮ, ਜੀਵਨ ਮੁਕਤਿ ਗਤਿ;
ਕਾਮ ਨਿਹਕਾਮ ਨਿਹਕਰਮ ਕਰਮ ਹੈ॥੬੨॥

ਇਉਂ ਉਸ ਗੁਰਮੁਖ ਨੂੰ ਸਾਧ = ਸ੍ਰੇਸ਼ਟ ਗੁਰਾਂ ਦੀ ਸੰਗਿ = ਸੰਗਤ **ਵਾ:** ਸਾਧਸੰਗਿ = ਸਤਿਸੰਗਤ ਦੇ ਪ੍ਰੇਮ = ਸਨੇਹ ਦਾ ਨੇਮ = ਨਿਯਮ ਪਾਲਣ ਕਰਨੇ ਕਰਕੇ ਜੀਵਨ ਮੁਕਤਿ = ਮੁਕਤੀ ਦੀ ਗਤਿ = ਪ੍ਰਾਪਤੀ ਹੋ ਆਉਂਦੀ ਹੈ ਤੇ ਗੁਰਮੁਖ ਜਨ ਕਾਮ = ਕਾਮਨਾ ਵੱਲੋਂ ਨਿਹਕਾਮ = ਨਿਸ਼ਕਾਮ, ਕਾਮਨਾ ਤੋਂ ਰਹਿਤ ਕਰਮਾਂ ਵੱਲੋਂ ਨਿਹਕਰਮ = ਕਰਮਾਂ ਤੋਂ ਰਹਿਤ ਭਾਵ ਕੰਮ-ਕਾਰ ਕਰਦਿਆਂ ਵੀ ਕਰਮਾਂ ਦੇ ਅਭਿਮਾਨ ਤੋਂ ਰਹਿਤ ਹੋ ਜਾਂਦਾ ਹੈ॥੬੨॥

ਸਤਿਗੁਰ ਦੇਵ ਸੇਵ ਅਲਖ ਅਭੇਵ ਗਤਿ;
ਸਾਵਧਾਨ ਸਾਧ ਸੰਗਿ ਸਿਮਰਨ ਮਾਤ੍ਰ ਕੈ॥

ਜਿਸ ਨੇ ਸਾਧ ਸੰਗਿ = ਸ੍ਰੇਸ਼ਟ ਜਨਾਂ ਦੀ ਸੰਗਤ ਵਿਚ ਸਾਵਧਾਨ = ਚਿੱਤ ਦੀ ਇਕਾਗਰਤਾ ਦੇ ਸਹਿਤ ਹੋ ਕੇ ਦੇਵ = ਪ੍ਰਕਾਸ਼ ਸਰੂਪ ਸਤਿਗੁਰ = ਸੱਚੇ ਗੁਰਾਂ ਦੀ ਸੇਵ = ਸੇਵਾ ਕੀਤੀ ਹੈ **ਵਾ:** ਉਪਦੇਸ਼ ਮੰਨਣ ਰੂਪ ਸੇਵ = ਟਹਿਲ ਕੀਤੀ ਹੈ ਅਤੇ ਜਿਸ ਨੇ ਮਾਤ੍ਰ = ਥੋੜ੍ਹਾ ਸਮਾਂ ਵੀ ਗੁਰਾਂ ਦੀ ਸੰਗਤ ਵਿਚ ਜਾ ਕੈ = ਕਰਕੇ ਪਰਮੇਸ਼ਰ ਨੂੰ ਸਿਮਰਨ = ਯਾਦ ਕੀਤਾ ਹੈ, ਉਸ ਨੇ ਅਲਖ = ਲਖਣ ਤੋਂ ਰਹਿਤ, ਅਭੇਵ = ਭੇਦ ਤੋਂ ਰਹਿਤ ਸਰੂਪ ਦੀ ਗਤਿ = ਪ੍ਰਾਪਤੀ ਕਰ ਲਈ ਹੈ।

ਪਤਿਤ ਪੁਨੀਤ ਰੀਤਿ ਪਾਰਸ ਕਰੈ ਮਨੂਰ;
ਬਾਸ ਮੈ ਸੁਬਾਸੁ ਦੈ ਕੁਪਾਤ੍ਰਹਿ ਸੁਪਾਤ੍ਰ ਕੈ॥

ਜਿਸ ਤਰ੍ਹਾਂ ਪਾਰਸ ਆਪਣੇ ਨਾਲ ਛੂਹਣ ਤੋਂ ਮਨੂਰ (ਜੋ ਖੰਘਰ ਦੀ ਸ਼ਕਲ ਦਾ ਢੇਲਾ ਸ਼ੁੱਧ ਲੋਹੇ ਤੋਂ ਵੱਖ ਹੋ ਜਾਂਦਾ ਹੈ, ਉਸ ਨੂੰ ਮਨੂਰ ਕਹੀਦਾ ਹੈ), ਨੂੰ ਸੋਨਾ ਬਣਾ ਲੈਂਦਾ ਹੈ ਅਤੇ ਚੰਦਨ ਦਾ ਬ੍ਰਿਛ ਹੋਰਨਾਂ ਬ੍ਰਿਛਾਂ ਮੈ = ਵਿਚ ਵੀ ਆਪਣੀ ਸੁਬਾਸ = ਸ੍ਰੇਸ਼ਟ ਵਾਸਨਾ (ਸੁਗੰਧੀ) ਬਾਸ = ਵਸਾ ਦਿੰਦਾ ਹੈ। ਇਸੇ ਰੀਤਿ = ਪਰੰਪਰਾ ਅਨੁਸਾਰ ਪੂਰਨ ਗੁਰੂ ਕੁਪਾਤ੍ਰਹਿ = ਅਣ-ਅਧਿਕਾਰੀਆਂ ਨੂੰ ਵੀ ਸੁਪਾਤ੍ਰ = ਸ੍ਰੇਸ਼ਟ ਅਧਿਕਾਰੀ ਭਾਵ ਗੁਰਮੁਖ ਸੁਭਾਅ ਵਾਲਾ ਬਣਾ ਕੇ ਪਤਿਤ = ਭੈੜੇ ਕਿਰਦਾਰ ਵਾਲਿਆਂ ਨੂੰ ਵੀ ਪੁਨੀਤ = ਪਵਿੱਤਰ ਰਿਦੇ ਵਾਲਾ ਬਣਾ ਦਿੰਦੇ ਹਨ।

ਪਤਿਤ ਪੁਨੀਤ ਕਰਿ ਪਾਵਨ ਪਵਿਤ੍ਰ ਕੀਨੇ;
ਪਾਰਸ ਮਨੂਰ ਬਾਸ ਬਾਸੈ ਦ੍ਰੁਮ ਜਾਤ੍ਰ ਕੈ॥

ਜਿਨ੍ਹਾਂ ਪਤਿਤ = ਪਾਪੀਆਂ, ਭੈੜੇ ਕਿਰਦਾਰ ਵਾਲਿਆਂ ਨੂੰ ਪੂਰੇ ਗੁਰੂ ਨੇ ਪੁਨੀਤ = ਪਵਿੱਤਰ ਕਰ ਦਿੱਤਾ ਹੈ, ਬਣਾ ਦਿੱਤਾ ਹੈ, ਉਨ੍ਹਾਂ ਨੇ ਗੁਰਾਂ ਦੀ ਸਿੱਖੀ ਧਾਰਨ ਕਰ ਕੇ ਹੋਰਨਾਂ ਅਨੇਕਾਂ ਪੁਰਖਾਂ ਨੂੰ ਪਾਵਨ = ਪਵਿੱਤਰ ਰਿਦੇ ਵਾਲੇ ਬਣਾ ਦਿੱਤਾ ਹੈ ਤੇ ਉਨ੍ਹਾਂ ਨੇ ਫੇਰ ਅੱਗੇ ਸੈਂਕੜੇ ਪੁਰਖ ਪਵਿਤ੍ਰ =ਸ਼ੁੱਧ ਰਿਦੇ ਵਾਲੇ ਬਣਾਉਣਾ ਕੀਨੇ = ਕੀਤੇ ਹਨ। ਮਾਨੋ ਅਜਿਹੀ ਕਲਾ ਵਰਤਾਈ ਹੈ ਕਿ ਜਿਵੇਂ ਪਾਰਸ ਨੇ ਆਪਣੇ ਨਾਲ ਮਨੂਰ ਨੂੰ ਮੇਲ ਕੇ ਸੋਨਾ ਬਣਾਉਣਾ ਕੀਤਾ ਹੈ ਅਤੇ ਚੰਦਨ ਦਾ ਬ੍ਰਿਛ ਹੋਰ ਜਾਤ੍ਰ = ਜਾਤੀਆਂ ਦੇ ਦ੍ਰੁਮ = ਬ੍ਰਿਛਾਂ ਵਿਚ

ਬਾਸ = ਵਾਸ਼ਨਾ (ਸੁਗੰਧੀ) ਬਾਸੈ = ਵਸਾ ਦਿੰਦਾ ਹੈ। ਇਸੇ ਤਰ੍ਹਾਂ ਗੁਰੂ ਰੂਪ ਪਾਰਸ ਮਨੂਰ ਵਤ ਪਾਪੀ ਮਨ ਵਾਲਿਆਂ ਨੂੰ ਆਪਣੇ ਨਾਲ ਮੇਲ ਕੇ ਭਾਵ ਉਪਦੇਸ਼ ਦੇ ਕਰਕੇ ਸੋਨੇ ਦੀ ਨਿਆਈਂ ਸ਼ੁੱਧ ਸਰੂਪ ਵਾਲੇ ਬਣਾ ਦਿੰਦੇ ਹਨ **ਵਾ:** ਪਾਰਸ ਸੋਨਾ ਤਾਂ ਬਣਾ ਸਕਦਾ ਹੈ, ਪਰ ਪਾਰਸ ਪਾਰਸ ਨਹੀਂ ਬਣਾ ਸਕਦਾ, ਲੇਕਿਨ ਗੁਰੂ ਰੂਪ ਪਾਰਸ ਆਪਣੇ ਤੋਂ ਗੁਰੂ ਰੂਪ ਪਾਰਸ ਬਣਾ ਦਿੰਦਾ ਹੈ, ਜਿਵੇਂ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਜੀ ਬਣਾਉਣਾ ਕੀਤਾ। ਗੁਰੂ ਰੂਪ ਚੰਦਨ ਹੋਰ ਜਾਤੀਆਂ ਦੇ ਬ੍ਰਿਛਾਂ ਦੀ ਨਿਆਈਂ ਖੱਤ੍ਰੀ, ਬ੍ਰਾਹਮਣ ਆਦਿ ਜਾਤਾਂ ਵਿਚ ਭਗਤੀ ਰੂਪ ਵਾਸ਼ਨਾ (ਸੁਗੰਧੀ) ਵਸਾ ਦਿੰਦੇ ਹਨ।

ਸਰਿਤਾ ਸਮੁੰਦ੍ ਸਾਧਸੰਗਿ ਤ੍ਰਿਖਾਵੰਤ ਜੀਅ;
ਕ੍ਰਿਪਾ ਜਲ ਦੀਜੈ, ਮੋਹਿ ਕੰਠ ਛੇਦ ਚਾਤ੍ਰਕੈ ॥੮੩॥

ਗੁਰੂ ਸਾਹਿਬ ਜੀ ਦੀ ਸਾਧਸੰਗਿ = ਸਤਿਸੰਗਤ ਦਾ ਪ੍ਰਵਾਹ ਸਰਿਤਾ = ਨਦੀਆਂ ਤੇ ਸਮੁੰਦਰਾਂ ਵਾਂਗ ਸੰਸਾਰ ਵਿਚ ਚੱਲ ਰਿਹਾ ਹੈ, ਜੋ ਜਗਿਆਸੂ ਨਾਮ ਅੰਮ੍ਰਿਤ ਰੂਪ ਜਲ ਦੇ ਤ੍ਰਿਖਾਵੰਤ = ਪਿਆਸੇ ਜੀਅ = ਜੀਵਾਂ ਨੂੰ ਤ੍ਰਿਪਤ ਕਰਦੇ ਹਨ, ਪਰੰਤੂ ਜੋ ਚਾਤ੍ਰਕੈ = ਪਪੀਹੇ ਰੂਪ ਜੀਵ ਅੰਤਸ਼ਕਰਣ ਰੂਪੀ ਕੰਠ = ਗਲੇ ਵਿਚ ਛੇਦ = ਛੇਕ ਵਾਲੇ, ਭਾਵ ਵੈਰਾਗਵਾਨ ਪੁਰਖ ਗੁਰੂ ਦੀ ਸਾਖਜਾਤ ਉਪਦੇਸ਼ ਰੂਪ ਸ਼ਾਂਤੀ ਬੂੰਦ ਦੇ ਪਿਆਸੇ ਹੁੰਦੇ ਹਨ, ਉਨ੍ਹਾਂ ਨੂੰ ਗੁਰੂ ਸਾਹਿਬ ਆਪਣੀ ਕ੍ਰਿਪਾ = ਮੇਹਰ ਰੂਪੀ ਸੁਆਂਤੀ ਬੂੰਦ ਦੇ ਕੇ ਉਸ ਦੀ ਪਿਆਸ ਬੁਝਾਉਂਦੇ ਹਨ ॥੮੩॥

ਬੀਸ ਕੇ ਬਰਤਮਾਨ ਭਏ ਨ ਸੁਬਾਸ ਬਾਂਸ;
ਹੇਮ ਨ ਭਏ ਮਨੂਰ, ਲੋਗ ਬੇਦ ਗਿਆਨ ਹੈ ॥

ਬੀਸ = ਵੀਹ[1] ਕੇ = ਦੇ ਵਰਤਾਰੇ ਵਿਚ ਬਰਤਮਾਨ = ਵਰਤਣ ਵਾਲੇ ਸੰਸਾਰ ਅੰਦਰ ਜੋ ਬਾਂਸ ਦੇ ਵਤ ਵਾਸ਼ਨਾ ਗ੍ਰਸਤ ਸੰਸਾਰੀ ਜੀਵ ਹਨ, ਉਹ ਲੋਗ = ਲੋਕ ਬੇਦ ਗਿਆਨ ਦੇ ਮਤੇ ਅਨੁਸਾਰ ਵਰਤਣ ਕਾਰਨ ਗੁਰੂ ਸਰੂਪ ਚੰਦਨ ਦੀ ਸੰਗਤ ਦੁਆਰਾ ਭਗਤੀ ਰੂਪ ਸੁਬਾਸ = ਸੁਗੰਧੀ ਕਰਕੇ ਸੰਪੰਨ ਨ = ਨਹੀਂ ਹੋ ਸਕਦੇ ਕਿਉਂਕਿ ਗੁਰੂ ਸਰੂਪ ਚੰਦਨ ਦੀ ਸੰਗਤ ਵਿਚ ਨਹੀਂ ਆਉਂਦੇ ਹੈ = ਹਨ। ਇਸੇ ਤਰ੍ਹਾਂ ਹੀ ਬੇਦ ਆਚਾਰ ਰੂਪ, ਲੋਕ ਬੇਦ ਗਿਆਨ ਵਿਚ ਪਰਚੇ ਹੋਏ ਇਨ੍ਹਾਂ ਦੇ ਪੱਖ ਕਾਰਨ ਮਨੂਰ ਵਤ ਊਰੇ ਮਨ ਵਾਲੇ, ਭਾਵ ਈਰਖਾ ਦੇ ਸਹਿਤ ਭਰੇ ਹੋਏ ਪੱਖਪਾਤੀ ਹੋ ਰਹੇ ਹਨ, ਐਸੇ ਅਚਾਰ ਵਾਲੇ ਲੋਕ ਗੁਰੂ ਸਰੂਪ ਪਾਰਸ ਨੂੰ ਸਪਰਸ਼ ਕਰ ਕੇ ਹੇਮ = ਸੋਨਾ ਰੂਪ ਨਾ ਹੋ ਸਕੇ, ਭਾਵ ਨਾ ਬਣ ਸਕੇ।

ਗੁਰਮੁਖਿ ਪੰਥ ਇਕ-ਈਸ ਕੋ ਬਰਤਮਾਨ;
ਚੰਦਨ ਸੁਬਾਸ ਬਾਂਸ ਬਾਸੈ ਦੁਮ ਆਨ ਹੈ ॥

ਗੁਰਮੁਖਿ = ਮੁਖੀ ਗੁਰਾਂ ਦਾ ਸਤਿਸੰਗਤ, ਸਿੱਖੀ, ਭਗਤੀ ਰੂਪ ਪੰਥ = ਮਾਰਗ ਵੀਹਾਂ ਤੋਂ ਉੱਪਰ ਇਕ ਈਸ = ਇਕੀਸਵੇਂ (ਇਕ + ਈਸਵੇਂ) ਇਕ ਈਸਵੇਂ = ਈਸ਼ਵਰ (ਪ੍ਰਭੂ) ਵਿਚ ਬਰਤਮਾਨ = ਵਰਤਣ ਵਾਲਾ ਹੈ, ਇਸ ਕਰਕੇ ਇਹ ਅਜਿਹਾ ਚੰਦਨ ਹੈ ਜੋ ਬਾਂਸ ਦੀ ਨਿਆਈਂ ਹੰਗਤਾ ਵਾਲੇ ਸੰਸਾਰੀ ਜੀਵਾਂ ਵਿਚ ਵੀ

---

੧. ਬੀਸ = ਵੀਹ, ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਪੰਜ ਵਿਸ਼ੇ, ਪੰਜ ਵਿਕਾਰ।

ਆਪਣੀ ਸਿੱਖੀ, ਭਗਤੀ ਰੂਪ ਸ੍ਰੇਸ਼ਟ ਸੁਗੰਧੀ ਨੂੰ ਰਿਦੇ ਵਿਚ ਸਮਾ ਦਿੰਦਾ ਹੈ ਜੋ ਅੱਗੇ ਆਨ = ਹੋਰਨਾਂ ਜੀਵ ਰੂਪ ਦ੍ਰੁਮ = ਬ੍ਰਿਛਾਂ ਨੂੰ ਵੀ ਭਗਤੀ ਰੂਪ ਸੁਗੰਧੀ ਨਾਲ ਸੁਗੰਧਿਤ ਕਰ ਦਿੰਦਾ ਹੈ।

ਕੰਚਨ ਮਨੂਰ ਹੋਇ ਪਾਰਸ ਪਰਸ ਭੇਟਿ;
ਪਾਰਸ ਮਨੂਰ ਕਰੈ ਅਉਰ ਠਉਰ ਮਾਨ ਹੈ॥

ਗੁਰੂ ਰੂਪ ਪਾਰਸ ਨੂੰ ਪਰਸ = ਸਪਰਸ਼ ਕਰ ਕੇ ਮਨੂਰ ਵਤ ਪਾਪੀ ਲੋਕ ਵੀ, ਈਰਖਾ ਨਾਲ ਸੜੇ ਹੋਏ ਲੋਕ ਵੀ ਕੰਚਨ = ਬਾਰ੍ਹਾਂ ਵੰਨੀ ਦੇ ਸੋਨੇ ਵਤ ਨਿਰਮਲ ਰਿਦੇ ਵਾਲੇ ਹੋ ਗਏ ਹਨ, ਅੱਗੇ ਜਿਹੜੇ ਮਨੂਰ ਵਤ ਪਾਪੀ ਲੋਕ ਗੁਰਸਿੱਖ ਰੂਪ ਪਾਰਸ ਨਾਲ ਭੇਟਿ = ਮਿਲਣਾ ਕਰੈ = ਕਰਦੇ ਹਨ, ਇਉਂ ਉਹ ਅਉਰ = ਹੋਰਨਾਂ ਦੇ ਰਿਦੇ ਰੂਪੀ ਠਉਰ = ਥਾਂ ਨੂੰ ਵੀ ਗਿਆਨ ਰੂਪੀ ਮਾਨ = ਸਨਮਾਨ ਦੇ ਸਹਿਤ ਕਰ ਦਿੰਦੇ ਹਨ **ਵਾ:** ਉਨ੍ਹਾਂ ਦੀ ਵੀ ਲੋਕ ਪ੍ਰਲੋਕ ਵਿਚ ਮਾਨ = ਪ੍ਰਤਿਸ਼ਟਾ ਹੋ ਜਾਂਦੀ ਹੈ।

ਗੁਰਸਿਖ ਸਾਧ ਸੰਗ ਪਤਿਤ ਪੁਨੀਤਿ ਰੀਤਿ;
ਗੁਰਸਿਖ ਸੰਧ ਮਿਲੇ ਗੁਰਸਿਖ ਜਾਨਿ ਹੈ॥੮੪॥

ਇਸੇ ਪ੍ਰਕਾਰ ਗੁਰਸਿਖ = ਗੁਰੂ ਦੇ ਸਿੱਖਾਂ ਦੀ ਸਾਧ ਸੰਗ = ਸਤਿਸੰਗਤ ਦੀ ਰੀਤਿ = ਮਰਯਾਦਾ ਪਤਿਤ = ਪਾਪੀਆਂ ਨੂੰ ਪੁਨੀਤਿ = ਪਵਿੱਤਰ ਕਰਨ ਵਾਲੀ ਹੈ, ਪਰ ਜਦ ਗੁਰਸਿਖ = ਗੁਰੂ ਕੇ ਸਿੱਖ ਦੀ ਸੰਧ = ਸੰਗ, ਸੰਗਤ ਵਿਚ ਮਿਲੇ = ਮਿਲਣਾ ਕਰੇ ਤਾਂ ਆਪ ਵੀ ਗੁਰਸਿੱਖ ਹੋ ਕੇ ਇਸ ਉਪਰੋਕਤ ਵਾਰਤਾ ਨੂੰ ਜਾਣ ਲੈਣਾ ਕਰਦਾ ਹੈ॥੮੪॥

ਚਰਨ ਸਰਨਿ ਗੁਰ, ਭਈ ਨਿਹਚਲ ਮਤਿ;
ਮਨ ਉਨਮਨ ਲਿਵ ਸਹਜ ਸਮਾਏ ਹੈ॥

ਜਿਹੜਾ ਗੁਰ = ਸਤਿਗੁਰੂ ਸਾਹਿਬ ਜੀ ਦੇ ਚਰਨਾਂ ਦੀ ਸਰਨਿ = ਓਟ ਵਿਚ ਆਇਆ ਹੈ, ਉਸ ਦੀ ਮਤਿ = ਬੁੱਧੀ ਨਿਹਚਲ = ਅਚੱਲ ਭਈ = ਹੋ ਗਈ ਹੈ ਅਤੇ ਉਨਮਨ = ਉੱਖੜੇ ਹੋਏ ਮਨ ਦੀ ਲਿਵ = ਬਿਰਤੀ ਸਹਜ = ਸੁਤੇ-ਸਿਧ ਆਤਮਿਕ ਸਰੂਪ ਵਿਚ ਸਮਾਏ = ਲੀਨ ਹੋ ਜਾਂਦੀ ਹੈ **ਵਾ:** ਮਨ ਬਿਰਤੀ ਬਾਹਰਮੁਖ ਭਾਵ ਵੱਲੋਂ ਉਨਮਨ = ਉਲਟ ਕੇ ਅੰਤਰਮੁਖ ਹੋ ਕੇ ਸਹਜ = ਗਿਆਨ ਸਰੂਪ ਪਰਮੇਸ਼ਰ ਵਿਚ ਸਮਾਏ = ਲੀਨ ਹੋ ਜਾਂਦੀ ਹੈ।

ਦ੍ਰਿਸਟਿ ਦਰਸ ਅਰੁ ਸਬਦ ਸੁਰਤਿ ਮਿਲਿ;
ਪਰਮਦਭੁਤ ਪ੍ਰੇਮ ਨੇਮ ਉਪਜਾਏ ਹੈ॥

ਐਸੇ ਗੁਰਮੁਖ ਜਨ ਪ੍ਰਤੱਖ ਨੇਤਰਾਂ ਨਾਲ **ਵਾ:** ਮਨ, ਬੁੱਧ ਰੂਪ ਨੇਤਰਾਂ ਦੀ ਦ੍ਰਿਸਟਿ = ਦ੍ਰਿਸ਼ਟੀ ਨਾਲ ਗੁਰਾਂ ਦੇ ਦਰਸ = ਦਰਸ਼ਨ ਕਰਦੇ ਰਹਿੰਦੇ ਹਨ, ਅਰੁ = ਅਤੇ ਸਤਿਸੰਗਤ ਵਿਚ ਮਿਲ ਕੇ ਪ੍ਰਤੱਖ ਕੰਨਾਂ ਨਾਲ **ਵਾ:** ਸ਼ਰਧਾ ਵਿਸ਼ਵਾਸ ਰੂਪੀ ਕੰਨਾਂ ਨਾਲ ਗੁਰਾਂ ਦੇ ਸਬਦ = ਉਪਦੇਸ਼ ਨੂੰ ਸੁਰਤਿ = ਸੁਣਦੇ ਹਨ **ਵਾ:** (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਸੁਣਦੇ ਹਨ। ਇਸੇ ਕਰਕੇ ਪਰਮਦਭੁਤ = ਅਤਿਅੰਤ ਅਸਚਰਜ ਸਰੂਪ ਪਰਮੇਸ਼ਰ ਦੀ ਪ੍ਰਾਪਤੀ ਵਾਲਾ ਪ੍ਰੇਮ = ਸਨੇਹ ਦਾ ਨੇਮ = ਨਿਯਮ ਉਨ੍ਹਾਂ ਦੇ ਰਿਦੇ ਵਿਚ ਉਪਜਾਏ = ਪੈਦਾ ਹੋ ਆਉਂਦਾ ਹੈ।

ਗੁਰਸਿਖ ਸਾਧ ਸੰਗਿ ਰੰਗੁ ਹੁਇ ਤੰਬੋਲ ਰਸ;
ਪਾਰਸ ਪਰਸਿ ਧਾਤ ਕੰਚਨ ਦਿਖਾਏ ਹੈ॥

ਗੁਰਸਿਖ = ਗੁਰੂ ਦੇ ਸਿੱਖ ਸਾਧ ਸੰਗਿ = ਸ੍ਰੇਸ਼ਟ ਜਨਾਂ ਦੀ ਸੰਗਤ ਵਿਚ ਜਾਣ ਰੂਪ ਰੰਗੁ = ਪ੍ਰੇਮ ਕਰਦੇ ਹਨ, ਇਸ ਲਈ ਉਨ੍ਹਾਂ ਨੂੰ ਤੰਬੋਲ = ਪਾਨਾਂ ਦੇ ਬੀੜੇ ਦੀ ਨਿਆਈਂ ਗਾੜ੍ਹਾ ਪ੍ਰੇਮਾ-ਭਗਤੀ ਰੂਪ ਰੰਗ ਚੜ੍ਹ ਜਾਂਦਾ ਹੈ **ਵਾ:** ਪ੍ਰੇਮਾ-ਭਗਤੀ ਦਾ ਰਸ = ਸੁਆਦ ਆਉਣ ਲੱਗ ਜਾਂਦਾ ਹੈ। ਜਿਵੇਂ ਪਾਰਸ ਨਾਲ ਤਾਂਬਾ, ਪਿੱਤਲ, ਲੋਹਾ ਆਦਿ ਧਾਤਾਂ ਪਰਸਿ = ਸਪਰਸ਼ ਹੋ ਕੇ ਕੰਚਨ = ਸੋਨਾ ਦਿਖਾਏ = ਦਿਸਣ ਵਿਚ ਆਉਂਦੀਆਂ ਹਨ, ਇਸੇ ਤਰ੍ਹਾਂ ਗੁਰੂ ਰੂਪ ਪਾਰਸ ਨਾਲ ਮਿਲ ਕੇ ਧਾਤਾਂ ਵੱਤ ਕਾਮ ਕ੍ਰੋਧ ਆਦਿ ਵਿਕਾਰਾਂ ਵਿਚ ਗ੍ਰਸੇ ਲੋਕ ਵੀ ਸੋਨੇ ਵਤ ਨਿਰਮਲ ਰਿਦੇ ਵਾਲੇ ਬਣ ਜਾਂਦੇ ਹਨ।

ਚੰਦਨ ਸੁਗੰਧ ਸੰਧ ਬਾਸਨਾ ਸੁਬਾਸ ਤਾਸ;
ਅਕਥ ਕਥਾ ਬਿਨੋਦ ਕਹਤ ਨ ਆਏ ਹੈ॥੮੫॥

ਸਾਧਸੰਗਤ, ਗੁਰਮੁਖ ਜਨਾਂ ਰੂਪ ਚੰਦਨ ਬ੍ਰਿਛ ਵਿਚ ਜੋ ਸੁਗੰਧ (ਸੁ + ਗੰਧ) ਸੁ = ਸ੍ਰੇਸ਼ਟ ਭਗਤੀ ਰੂਪੀ ਗੰਧ = ਵਾਸ਼ਨਾ ਹੈ, ਜਦ ਸੁ = ਉਹ ਬਾਸ = ਵਾਸ਼ਨਾ ਬਾਂਸ ਦੀ ਨਿਆਈਂ ਹੰਕਾਰੀ ਪੁਰਖਾਂ ਦੇ ਸੰਧ = ਨਾਲ ਮਿਲੀ ਤਾਂ ਉਹ ਵੀ ਸ੍ਰੇਸ਼ਟ ਭਗਤੀ ਰੂਪ ਬਾਸਨਾ = ਸੁਗੰਧੀ ਵਾਲੇ ਹੋ ਗਏ, ਭਾਵ ਗੁਰਮੁਖ ਜਨਾਂ ਦੀ ਸੰਗਤ ਕਰਕੇ ਮਨਮੁਖ ਲੋਕ ਵੀ ਭਗਤੀ ਕਰਨ ਵਾਲੇ ਬਣ ਜਾਂਦੇ ਹਨ, ਤਾਸ = ਤਿਨ੍ਹਾਂ ਨੂੰ ਜੋ ਬਿਨੋਦ = ਆਨੰਦ ਪ੍ਰਾਪਤ ਹੋਇਆ ਹੈ, ਉਸ ਦੀ ਕਥਾ = ਵਾਰਤਾ ਅਕਥ = ਕਥਨ ਤੋਂ ਰਹਿਤ ਹੋਣ ਕਰਕੇ ਕਹਤ = ਕਹਿਣ ਵਿਚ ਨ = ਨਹੀਂ ਆਏ = ਆਉਣਾ ਕਰਦੀ ਹੈ॥੮੫॥

ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹੁਇ;
ਅਕਥ ਕਥਾ ਬਿਨੋਦ ਕਹਤ ਨ ਆਏ ਹੈ॥

ਜਿਹੜਾ ਗੁਰਮੁਖ ਜਨ ਨਾਮ ਅੰਮ੍ਰਿਤ ਦੇ ਨਿਧਾਨ = ਖ਼ਜ਼ਾਨੇ ਪੂਰਨ ਗੁਰਾਂ ਦੇ ਉਪਦੇਸ਼ ਦੁਆਰਾ ਪ੍ਰਭੂ ਭਗਤੀ ਵਾਲੇ ਪ੍ਰੇਮ ਦੇ ਰਸ = ਸੁਆਦ ਨੂੰ ਪਾਨ = ਛਕ ਕਰਕੇ ਆਪਣੇ ਆਪ ਨੂੰ ਪੂਰਨ ਤ੍ਰਿਪਤ ਹੁਇ = ਹੋਇਆ ਬਣਾਉਣਾ ਕਰਦਾ ਹੈ, ਉਸ ਬਿਨੋਦ = ਆਨੰਦ ਦੀ ਕਥਾ = ਵਾਰਤਾ ਅਕਥ = ਕਥਨ ਤੋਂ ਰਹਿਤ ਹੋਣ ਕਰਕੇ ਕਹਤ = ਕਥਨ ਕਰਨ ਵਿਚ ਨ = ਨਹੀਂ ਆਏ = ਆ ਸਕਦੀ।

ਗਿਆਨ ਧਿਆਨ ਸਿਆਨ ਸਿਮਰਨ ਬਿਸਿਮਰਨ ਕੈ;
ਬਿਸਮ ਬਿਦੇਹ ਬਿਸਮਾਦ ਬਿਸਮਾਏ ਹੈ॥

ਬਾਹਰਲਾ ਗਿਆਨ, ਧਿਆਨ, ਸਿਆਨ = ਸਿਆਣਪ ਵਾਲੀਆਂ ਗੱਲਾਂ, ਵਾਹਿਗੁਰੂ ਦੀ ਸਿਮਰਨ = ਯਾਦ ਵਿਚ ਰਸੇ ਰਹਿਣ ਦੀਆਂ ਗੱਲਾਂ ਆਦਿ ਨੂੰ (ਬਿ + ਸਿਮਰਨ) ਸਿਮਰਨ = ਯਾਦ ਕਰਨ ਤੋਂ ਬਿ = ਰਹਿਤ, ਭਾਵ ਮੂਲੋਂ ਹੀ ਵਿਸਾਰ ਕੈ = ਕਰਕੇ ਜਿਹੜੇ ਜਗਤ ਵਿਚ ਵਰਤ ਰਹੀ ਛਿਨ-ਛਿਨ ਕਾਲ ਵਿਚ ਅੰਦਰਲੀ ਵਚਿੱਤਰਤਾ ਕਾਰਨ ਆਪਣੇ ਅੰਦਰ ਬਿਸਮ = ਹੈਰਾਨ ਹੋਏ ਰਹਿੰਦੇ ਹਨ, ਉਹ ਬਿਦੇਹ = ਦੇਹ ਦੀ ਸੁਰਤਿ ਤੋਂ ਰਹਿਤ, ਭਾਵ ਦੇਹ ਦੀ ਸੁਰਤਿ ਵੀ ਭੁਲਾ ਕੇ ਮਾਨੋ ਜੀਉਂਦੇ ਹੀ ਮਰ ਜਾਂਦੇ ਹਨ ਅਤੇ ਆਪਾ-ਭਾਵ ਤੋਂ ਰਹਿਤ ਹੋ ਕੇ, ਭਾਵ ਦੇਹ ਅਧਿਆਸ ਦੀ ਕਠਿਨ ਗੰਢ ਟੁੱਟਣ ਤੋਂ ਬਿਸਮਾਦ = ਅਸਚਰਜ ਕਰਨ ਵਾਲੀ

ਤੁਰੀਆ ਪਦ ਰੂਪ ਅਵਸਥਾ ਵਿਚ ਬਿਸਮਾਏ (ਬਿ + ਸਮਾਏ) ਬਿ = ਵਿਸ਼ੇਸ਼ ਕਰਕੇ ਸਮਾਏ = ਲੀਨ ਹੋ ਜਾਂਦੇ ਹੈ = ਹਨ, ਭਾਵ ਸੈ-ਸਰੂਪ ਦੀ ਪ੍ਰਾਪਤੀ ਕਰ ਲੈਂਦੇ ਹਨ।

ਆਦਿ ਪਰਮਾਦਿ ਅਰੁ ਅੰਤ ਕੈ ਅਨੰਤ ਭਏ;
ਥਾਹ ਕੈ ਅਥਾਹ ਨ ਅਪਾਰ ਪਾਰ ਪਾਏ ਹੈ॥

ਗੁਰਮੁਖ ਜਨ ਆਦਿ ਵਜੋਂ ਤਾਂ ਪਰਮਾਦਿ = ਆਦਿ ਤੋਂ ਪਰੇ, ਭਾਵ ਆਦਿ ਤੋਂ ਰਹਿਤ ਹੋ ਜਾਂਦੇ ਹਨ, ਕਿਉਂਕਿ ਉਹ ਆਦਿ ਜੁਗਾਦੀ ਪਦ ਵਿਚ ਇਸਥਿਤ ਹੋ ਜਾਂਦੇ ਹਨ ਅਰੁ = ਅਤੇ ਅੰਤ = ਅਖ਼ੀਰ ਕੈ = ਦੇ ਵੱਲੋਂ ਅਨੰਤ = ਅੰਤ ਤੋਂ ਰਹਿਤ ਬਣ ਜਾਂਦੇ ਹਨ, ਕਿਉਂਕਿ ਉਨ੍ਹਾਂ ਨੇ ਸੱਚ ਸਰੂਪ, ਅਨੰਤ ਸਰੂਪ ਪਰਮੇਸ਼ਰ ਵਿਚ ਲੀਨਤਾ ਪਾ ਲਈ ਹੈ ਅਤੇ ਥਾਹ ਕੈ = ਦੇ ਵੱਲੋਂ ਅਥਾਹ = ਅਸਗਾਹ ਹੋਣ ਕਰਕੇ ਗੁਰਮੁਖ ਜਨਾਂ ਦੀ ਥਾਹ ਨਹੀਂ ਪਾਈ ਜਾ ਸਕਦੀ ਅਤੇ ਉਹ ਅਪਾਰ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦੇ ਸਰੂਪ ਵਿਚ ਲੀਨ ਹੋ ਗਏ ਹਨ, ਇਸ ਲਈ ਉਨ੍ਹਾਂ ਦੇ ਪਾਰ-ਉਰਾਰ ਦਾ ਵੀ ਅੰਤ ਨਹੀਂ ਪਾਏ = ਪਾਇਆ ਜਾ ਸਕਦਾ ਹੈ।

ਗੁਰਸਿਖ ਸੰਧਿ ਮਿਲੇ ਬੀਸ ਇਕ-ਈਸ ਈਸ;
ਸੋਹੰ ਸੋਈ ਦੀਪਕ ਸੈ ਦੀਪਕ ਜਗਾਏ ਹੈ॥੮੬॥

ਗੁਰੂ ਅਤੇ ਗੁਰਸਿੱਖ ਦੇ ਸੰਧਿ = ਸੰਗ ਮਿਲੇ = ਮਿਲਣੇ ਕਰਕੇ ਗੁਰਸਿੱਖ ਬੀਸ = ਵੀਹਾਂ ਦੇ ਵਰਤਾਰੇ ਵਿੱਚੋਂ ਇਕ-ਈਸ = ਇੱਕੀਸਵੇਂ (ਈਸ਼ੂਰੀ ਪ੍ਰਾਇਣ) ਵਰਤਾਰੇ ਵਿਚ ਵਰਤ ਕੇ ਈਸ = ਈਸ਼ਵਰ (ਪਰਮਾਤਮਾ) ਨਾਲ ਅਭੇਦ ਹੋ ਜਾਂਦੇ ਹਨ। ਸੋਹੰ (ਸੋ + ਹੰ) ਸੋ = ਉਹੋ ਸਰੂਪ ਹੰ = ਮੈਂ ਹਾਂ, ਤੇ ਸੋਈ = ਉਹੋ ਪਰਮਾਤਮਾ ਸਾਰੇ ਵਿਆਪਕ ਹੈ ਭਾਵ ਪਰਮਾਤਮਾ ਹੀ ਸਾਰੇ ਸਰੀਰ ਧਾਰੀ ਜੀਵਾਂ ਦੇ ਅੰਦਰ ਆਤਮਾ ਰੂਪ ਹੈ, ਜਿਵੇਂ ਦੀਪਕ = ਦੀਵੇ ਦੇ ਸੈ = ਨਾਲ ਦੀਪਕ = ਦੀਵਾ ਜਗਾਏ = ਜਗਾ ਲੈਣਾ ਕਰੀਦਾ ਹੈ, ਉਸੇ ਪ੍ਰਕਾਰ ਗੁਰਮੁਖ ਦੀਪਕ ਵਤ ਪ੍ਰਕਾਸ਼ ਸਰੂਪ ਪਰਮੇਸ਼ਰ ਨਾਲ ਮਿਲ ਕੇ ਦੀਪਕ ਵਤ ਪ੍ਰਕਾਸ਼ ਸਰੂਪ ਹੋ ਕੇ ਹੀ ਪ੍ਰਕਾਸ਼ਣਾ ਕਰਦਾ ਹੈ॥੮੬॥ ਜੈਸਾ ਕਿ :

ਨਾਨਕ ਹਰਿ ਜਨ ਹਰਿ ਇਕੇ ਹੋਏ ਹਰਿ ਜਪਿ ਹਰਿ ਸੇਤੀ ਰਲਿਆ॥ *(ਅੰਗ ੫੬੨)*

ਸਤਿਗੁਰ ਚਰਨ ਸਰਨਿ ਚਲਿ ਜਾਇ ਸਿਖ;
ਤਾ ਚਰਨ ਸਰਨਿ ਜਗਤੁ ਚਲਿ ਆਵਈ॥

ਜਿਹੜਾ ਸਿੱਖ ਸਤਿਗੁਰੁ = ਸੱਚੇ ਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਚਲਿ = ਤੁਰ ਕੇ ਜਾਇ = ਜਾਂਦਾ ਹੈ, ਤਾ = ਉਸ ਗੁਰਸਿੱਖ ਦੇ ਚਰਨਾਂ ਦੀ ਸਰਨਿ = ਓਟ ਵਿਚ ਸਾਰਾ ਜਗਤੁ = ਸੰਸਾਰ ਚਲਿ = ਤੁਰ ਕੇ ਆਵਈ = ਆਉਂਦਾ ਹੈ।

ਸਤਿਗੁਰ ਆਗਿਆ ਸਤਿ ਸਤਿ ਕਰਿ ਮਾਨੈ ਸਿਖ;
ਆਗਿਆ ਤਾਹਿ ਸਕਲ ਸੰਸਾਰਹਿ ਹਿਤਾਵਈ॥

ਜਿਹੜਾ ਗੁਰਸਿੱਖ ਸਤਿਗੁਰ = ਸੱਚੇ ਗੁਰੂ ਦੀ ਆਗਿਆ = ਇਜਾਜ਼ਤ (ਹੁਕਮ) ਨੂੰ ਸਤਿ ਸਤਿ

ਕਰਿ = ਕਰਕੇ ਮਾਨੈ = ਮੰਨਦਾ ਹੈ, ਤਾਹਿ = ਉਸ ਦੀ ਆਗਿਆ ਸਕਲ = ਸਾਰੇ ਸੰਸਾਰਹਿ = ਜਗਤ ਨੂੰ ਹੀ ਹਿਤਾਵਈ = ਚੰਗੀ ਲੱਗਦੀ ਹੈ, ਕਲਿਆਣ ਕਰਨ ਵਾਲੀ ਲੱਗਦੀ ਹੈ।

ਸਤਿਗੁਰ ਸੇਵਾ ਭਾਇ ਪ੍ਰਾਨ ਪੂਜਾ ਕਰੈ ਸਿਖ;
ਸਰਬ ਨਿਧਾਨ ਅਗ੍ਰ ਭਾਗ ਲਿਵ ਲਾਵਈ ॥

ਜਿਹੜਾ ਸਿੱਖ ਸਤਿਗੁਰ = ਸੱਚੇ ਗੁਰੂ ਦੀ ਸੇਵਾ = ਟਹਿਲ ਦੇ ਭਾਇ = ਚਾਅ (ਉਤਸ਼ਾਹ) ਵਿਚ ਆਪਣੇ ਪ੍ਰਾਨ = ਪ੍ਰਾਣਾਂ, ਸੁਆਸਾਂ ਨੂੰ ਪੂਜਾ = ਪੂਜਣਾ, ਅਰਪਣ ਕਰੈ = ਕਰ ਦਿੰਦਾ ਹੈ, ਸਰਬ = ਸਾਰੇ ਨਿਧਾਨ = ਖ਼ਜ਼ਾਨੇ ਉਸ ਗੁਰਸਿੱਖ ਦੇ ਅਗ੍ਰ ਭਾਗ = ਅਗਲੇ ਹਿੱਸੇ, ਸਨਮੁਖ ਲਿਵ = ਬਿਰਤੀ ਲਾਵਈ = ਲਗਾਈ ਖੜੇ ਰਹਿੰਦੇ ਹਨ।

ਸਤਿਗੁਰ ਸੀਖਿਆ ਦੀਖਿਆ ਹਿਰਦੇ ਪ੍ਰਵੇਸ ਜਾਹਿ;
ਤਾ ਕੀ ਸੀਖ ਸੁਨਤ ਪਰਮਪਦ ਪਾਵਈ ॥੮੭॥

ਜਾਹਿ = ਜਿਸ ਸਿੱਖ ਦੇ ਹਿਰਦੇ ਵਿਚ ਸਤਿਗੁਰ = ਸੱਚੇ ਗੁਰੂ ਦੀ ਸੀਖਿਆ = ਉਪਦੇਸ਼ ਦੇਣ ਦੀ ਮਰਯਾਦਾ ਅਨੁਸਾਰ ਦੀਖਿਆ = ਸਿੱਖਿਆ ਪ੍ਰਵੇਸ = ਦਖ਼ਲ ਹੋ ਗਈ, ਤਾ = ਉਸ ਕੀ = ਦੀ ਸੀਖ = ਸਿੱਖਿਆ ਨੂੰ ਸੁਨਤ = ਸੁਣ ਕੇ ਹੋਰ ਜਗਿਆਸੂ ਵੀ ਪਰਮਪਦ = ਵੱਡੀ ਪਦਵੀ ਕੈਵਲ ਮੋਖ ਪਾਵਈ = ਪ੍ਰਾਪਤ ਕਰ ਲੈਂਦੇ ਹਨ ॥੮੭॥ ਜੈਸਾ ਕਿ :

ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥ ਤਿਸ ਕੀ ਸੀਖ ਤਰੈ ਸੰਸਾਰੁ ॥

(ਗਉੜੀ ਸੁਖਮਨੀ ਮ: ੫, ਅੰਕ ੨੬੯)

ਗੁਰਸਿਖ ਸਾਧ ਸੰਗ ਰੰਗ ਮੈ ਰੰਗੀਲੇ ਭਏ;
ਬਾਰੁਨੀ ਬਿਰੰਧ ਰੰਗ ਸੰਗ ਮਿਲੇ ਰੰਗ ਹੈ ॥

ਗੁਰਸਿਖ = ਗੁਰੂ ਸਾਹਿਬ ਜੀ ਦੀ ਸਿੱਖੀ ਧਾਰਨ ਵਾਲੇ ਸਿੱਖਾਂ ਦੀ ਸਾਧ ਸੰਗ = ਸਤਿਸੰਗਤ ਦੇ ਮੈ = ਵਿਚ ਰੰਗ = ਪ੍ਰੇਮ ਨਾਲ ਮਿਲਣੇ ਕਰਕੇ ਪੁਰਖ ਇਉਂ ਰੰਗੀਲੇ (ਰੰਗ + ਈਲੇ) ਰੰਗ = ਪ੍ਰੇਮ ਦੇ ਈਲੇ = ਘਰ ਭਏ = ਹੋ ਜਾਂਦੇ ਹਨ, ਜਿਵੇਂ ਬਿਰੰਧ = ਖੋਟੀ ਸੁਰੰਧੀ ਵਾਲੀ ਬਾਰੁਨੀ = ਸ਼ਰਾਬ ਗੰਗ = ਗੰਗਾ ਦੇ ਪ੍ਰਵਾਹ ਸੰਗ = ਨਾਲ ਮਿਲੇ = ਮਿਲਣੇ ਕਰਕੇ ਗੰਗ = ਗੰਗਾ ਦਾ ਰੂਪ ਹੀ ਹੋ ਜਾਂਦੀ ਹੈ।

ਸੁਰਸਰੀ ਸੰਗਮ ਹੁਇ ਪ੍ਰਬਲ ਪ੍ਰਵਾਹ ਲਿਵ;
ਸਾਗਰ ਅਥਾਹ ਸਤਿਗੁਰ ਸੰਗ ਸੰਗਿ ਹੈ ॥

ਫੇਰ ਜਿਵੇਂ ਸੁਰਸਰੀ = ਗੰਗਾ ਦੇ ਸੰਗਮ = ਮਿਲਾਪ ਵਿਚ ਮਿਲਣੇ ਕਰਕੇ ਪ੍ਰਬਲ = ਤੇਜ਼ ਪਾਣੀ ਦੇ ਪ੍ਰਵਾਹ = ਵਹਿਣ ਵਿਚ (ਸ਼ਰਾਬ) ਨੇ ਲਿਵ = ਬਿਰਤੀ ਲਗਾਉਣਾ ਕੀਤੀ, ਭਾਵ ਵਹਿਣ ਵਿਚ ਮਿਲ ਗਈ ਤਾਂ ਫੇਰ ਉਹ ਅਥਾਹ = ਅਤਿਅੰਤ ਡੂੰਘੇ ਸਾਗਰ = ਸਮੁੰਦਰ ਵਿਚ ਜਾ ਮਿਲਣਾ ਕਰਦੀ ਹੈ, ਇਸੇ ਪ੍ਰਕਾਰ ਸਤਿਗੁਰ = ਸੱਚੇ ਗੁਰੂ ਦੀ ਸੰਗਤ ਸੰਗ = ਨਾਲ ਮਿਲਣ ਵਾਲੇ ਗੁਰਸਿੱਖਾਂ ਦੀ ਸੰਗਿ = ਸੰਗਤ ਵਿਚ ਮਿਲਣ ਵਾਲੇ ਪੁਰਖ ਵੀ ਸਤਿਗੁਰੂ ਦੇ ਸੰਗ ਨੂੰ ਪ੍ਰਾਪਤ ਹੁਇ = ਹੋ ਜਾਂਦੇ ਹਨ।

ਚਰਨ ਕਮਲ ਮਕਰੰਦ ਨਿਹਚਲ ਚਿਤ;
ਦਰਸਨ ਸੋਭਾ ਨਿਧਿ ਲਹਿਰ ਤਰੰਗ ਹੈ॥

ਸੱਚੇ ਗੁਰੂ ਦੇ ਚਰਨਾਂ ਕਮਲਾਂ ਦੇ ਮਕਰੰਦ = ਧੂੜੇ ਨਾਲ ਅਥਾਹ ਪ੍ਰੇਮ ਕਰਨੇ ਕਰਕੇ ਚਿੱਤ ਨਿਹਚਲ = ਅਚੱਲ ਹੋ ਜਾਂਦਾ ਹੈ, ਜਿਵੇਂ ਨਿਧਿ = ਸਮੁੰਦਰ ਦੇ ਵਿੱਚੋਂ ਲਹਿਰ = ਤਰੰਗਾਂ ਉੱਠਦੀਆਂ ਹਨ, ਇਉਂ ਸੋਭਾ = ਉਪਮਾ ਦੇ ਸਮੁੰਦਰ ਖ਼ਜ਼ਾਨੇ ਗੁਰਾਂ ਦੇ ਦਰਸਨ = ਦੀਦਾਰ ਕਰ ਕੇ ਜੀਵ ਦੇ ਅੰਦਰੋਂ ਪ੍ਰੇਮ ਰੂਪੀ ਤਰੰਗ = ਲਹਿਰਾਂ ਉੱਠਦੀਆਂ ਹੈ = ਹਨ।

ਅਨਹਦ ਸਬਦ ਕੈ ਸਰਬਿ ਨਿਧਾਨ ਦਾਨ;
ਗਿਆਨ ਅੰਸ ਹੰਸ ਗਤਿ ਸੁਮਤਿ ਸ੍ਵੰਗ ਹੈ॥੯੮॥

ਜਿਸ ਤਰ੍ਹਾਂ ਅਨਹਦ = ਹੱਦ ਤੋਂ ਰਹਿਤ ਸ਼ਬਦ ਦੀ ਧੁਨੀ ਕੈ = ਕਰਕੇ ਸਰਬਿ = ਸਾਰੇ ਨਿਧਾਨ = ਖ਼ਜ਼ਾਨਿਆਂ ਦਾ ਦਾਨ ਦੇਣ ਵਾਲਾ ਜੋ ਪਰਮੇਸ਼ਰ ਹੈ, ਉਸ ਪਰਮੇਸ਼ਰ ਦਾ ਗਿਆਨ ਰੂਪੀ ਹੰਸ = ਸੂਰਜ ਜੀਵ ਦੇ ਸੁਮਤਿ = ਅੰਦਰ ਸ੍ਰੇਸ਼ਟ ਮੱਤੀ ਰੂਪ ਕਿਰਨਾਂ ਪ੍ਰਵੇਸ਼ ਕਰ ਕੇ ਸ੍ਵੰਗ (ਸ੍ਵ + ਅੰਗ) ਸ੍ਵ = ਸਾਰੇ ਅੰਗਾਂ, ਭਾਵ ਰੋਮ ਰੋਮ ਵਿਚ ਆਤਮਾਕਾਰ ਰੂਪ ਧੁੱਪ ਰਚਾ ਦਿੰਦਾ ਹੈ, ਜਿਸ ਨਾਲ ਉਹ ਬ੍ਰਹਮਾਦਿ ਦੀ ਗਤਿ = ਪ੍ਰਾਪਤੀ ਕਰ ਲੈਂਦਾ ਹੈ॥੯੮॥

ਗੁਰਮੁਖਿ ਮਾਰਗ ਹੁਇ ਦੁਬਿਧਾ ਭਰਮ ਖੋਏ;
ਚਰਨ ਸਰਨਿ ਗਹੇ ਨਿਜ ਘਰਿ ਆਏ ਹੈ॥

ਜਿਹੜਾ ਸੱਜਣ ਗੁਰਮੁਖਿ = ਮੁਖੀ ਗੁਰਾਂ ਦੇ ਭਗਤੀ ਰੂਪ ਮਾਰਗ = ਰਸਤੇ ਵਿਚ ਪ੍ਰਵੇਸ਼ ਹੁਇ = ਹੋ ਜਾਣਾ ਕਰਦਾ ਹੈ **ਵਾ:** ਜਿਹੜਾ ਗੁਰਮੁਖ ਜਨ ਗੁਰਸਿੱਖੀ ਰੂਪ ਰਸਤੇ ਵਿਚ ਪ੍ਰਵੇਸ਼ ਹੋ ਜਾਣਾ ਕਰਦਾ ਹੈ, ਉਹ ਦੁਬਿਧਾ = ਦ੍ਵੈਤ-ਭਾਵ, ਦੁਬਿਧਾਪੁਣਾ ਤੇ ਭਰਮ ਨੂੰ ਖੋਏ = ਗਵਾ, ਨਵਿਰਤ ਕਰ ਲੈਂਦਾ ਹੈ ਅਤੇ ਗੁਰਾਂ ਦੇ ਚਰਨਾਂ ਦੀ ਸਰਨਿ = ਓਟ ਨੂੰ ਗਹੇ = ਗ੍ਰਹਿਣ ਕਰ ਕੇ ਨਿਜ = ਆਪਣੇ ਸਰੂਪ ਰੂਪੀ ਘਰ ਵਿਚ ਆਏ = ਆ ਜਾਣਾ ਕਰਦਾ ਹੈ। ਅਤੇ :

ਦਰਸ ਦਰਸਿ ਦਿਬਿ ਦ੍ਰਿਸਟਿ ਪ੍ਰਗਾਸ ਭਈ;
ਅੰਮ੍ਰਿਤ ਕਟਾਛ ਕੈ ਅਮਰ ਪਦ ਪਾਏ ਹੈ॥

ਦਰਸ = ਦੀਦਾਰ ਕਰਨੇ ਯੋਗ ਗੁਰਾਂ ਦੇ ਦਰਸਿ = ਦਰਸ਼ਨ ਕਰ ਕੇ ਉਸ ਨੂੰ ਦਿਬਿ ਦ੍ਰਿਸਟਿ = ਗਿਆਨ ਦ੍ਰਿਸ਼ਟੀ ਦਾ ਪ੍ਰਗਾਸ = ਪ੍ਰਕਾਸ਼ ਸਾਖਜਾਤਕਾਰ ਭਈ = ਹੋ ਆਉਂਦਾ ਹੈ ਅਤੇ ਗੁਰਾਂ ਦੀ ਅੰਮ੍ਰਿਤ ਮਈ ਕਟਾਛ = ਦ੍ਰਿਸ਼ਟੀ ਨਾਲ ਤੱਕਣੇ ਕਰਕੇ ਅਮਰ = ਮਰਨ ਤੋਂ ਰਹਿਤ ਪਦ = ਪਦਵੀ ਭਾਵ ਤੁਰੀਆ ਪਦ ਰੂਪ ਅਵਸਥਾ ਨੂੰ ਪਾਏ = ਪਾ ਲੈਣਾ ਕਰਦਾ ਹੈ।

ਸਬਦ ਸੁਰਤਿ ਅਨਹਦ ਨਿਝਰ ਝਰਨ;
ਸਿਮਰਨ ਮੰਤ੍ਰ ਲਿਵ ਉਨਮਨ ਛਾਏ ਹੈ॥

ਗੁਰਾਂ ਦੇ ਸਬਦ = ਉਪਦੇਸ਼ ਨੂੰ ਚਿੱਤ ਦੀ ਸੁਰਤਿ = ਬਿਰਤੀ ਲਾ ਕੇ ਸੁਣ ਲੈਣ ਨਾਲ ਅਨਹਦ = ਹੱਦ ਤੋਂ

ਰਹਿਤ ਧੁਨੀ ਦਾ ਨਿਝਰ = ਇਕ-ਰਸ ਝਰਨਾ ਹਿਰਦੇ ਵਿਚ ਵਹਿਣ ਲੱਗ ਜਾਂਦਾ ਹੈ, ਜਿਸ ਕਰਕੇ ਗੁਰਮੁਖ ਜਨ ਦੀ ਗੁਰਾਂ ਦੇ ਮੰਤ੍ਰ = ਉਪਦੇਸ਼ ਦੁਆਰਾ ਪਰਮੇਸ਼ਰ ਦੀ ਸਿਮਰਨ = ਯਾਦ ਵਿਚ ਆਪਣੇ ਆਪ ਲਿਵ = ਬਿਰਤੀ ਲੱਗਣੇ ਕਰਕੇ ਉਨਮਨ = ਉਨਮਨੀ ਅਵਸਥਾ ਦੀ ਮਸਤੀ ਅੰਦਰ ਛਾਏ = ਛਾ ਜਾਇਆ ਕਰਦੀ ਹੈ।

ਮਨ ਬਚ ਕ੍ਰਮ ਹੁਇ ਇਕਤ੍ਰ ਗੁਰਮੁਖਿ ਸੁਖ;
ਪ੍ਰੇਮ ਨੇਮ ਬਿਸਮ ਬਿਸ੍ਵਾਸ ਉਪਜਾਏ ਹੈ॥੮੯॥

ਗੁਰਾਂ ਦੇ ਗੁਰਸਿੱਖੀ ਰੂਪ ਮਾਰਗ, ਭਗਤੀ ਰੂਪ ਮਾਰਗ ਤੇ ਚਰਨਾਂ ਦੀ ਓਟ ਪ੍ਰਾਪਤ ਹੋਣ ਕਰਕੇ ਗੁਰਮੁਖ ਜਨ ਦੇ ਮਨ, ਬਚ = ਬਾਣੀ, ਕ੍ਰਮ = ਸਰੀਰ ਇਕਤ੍ਰ = ਇਕੱਠੇ ਹੁਇ = ਹੋ ਆਉਂਦੇ ਹਨ, ਭਾਵ ਸਾਰੇ ਇਕ ਭਾਵ ਵਿਚ ਆ ਜਾਂਦੇ ਹਨ, ਇਸੇ ਕਰਕੇ ਗੁਰਮੁਖ ਜਨ ਨੂੰ ਆਤਮਿਕ ਸੁਖ = ਆਨੰਦ ਪ੍ਰਾਪਤ ਹੋ ਆਉਂਦਾ ਹੈ ਤੇ ਉਸੇ ਪ੍ਰੇਮ ਦੇ ਨੇਮ = ਨਿਯਮ ਦਾ ਸਦਕਾ ਬਿਸਮ = ਅਸਚਰਜ ਬਿਸ੍ਵਾਸ = ਭਰੋਸਾ ਰਿਦੇ ਵਿਚ ਉਪਜਾਏ = ਪੈਦਾ ਹੋ ਆਉਂਦਾ ਹੈ॥੮੯॥

ਗੁਰਮੁਖਿ ਆਪਾ ਖੋਇ, ਜੀਵਨ ਮੁਕਤਿ ਗਤਿ;
ਬਿਸਮ ਬਿਦੇਹ ਗੇਹ ਸਮਤ ਸੁਭਾਉ ਹੈ॥

ਗੁਰਮੁਖ ਜਨ ਆਪਾ-ਭਾਵ (ਦੇਹ ਅਧਿਆਸ) ਖੋਇ = ਗਵਾ ਕੇ ਜੀਵਨ ਮੁਕਤਿ = ਮੁਕਤੀ ਵਾਲੀ ਅਵਸਥਾ ਨੂੰ ਗਤਿ = ਪ੍ਰਾਪਤ ਕਰ ਲੈਂਦਾ ਹੈ ਅਤੇ ਦੇਹ ਰੂਪ ਗੇਹ = ਘਰ ਵਿਚ ਰਹਿ ਕੇ ਸਮਤ = ਸਮਾਨ ਸੁਭਾਉ = ਸੁਭਾਅ ਰੱਖਦਾ ਹੈ, ਭਾਵ ਸਮ ਅਵਸਥਾ ਰੱਖਣਾ ਕਰਦਾ ਹੈ, ਸਭ ਨੂੰ ਸਮ ਦ੍ਰਿਸ਼ਟੀ ਨਾਲ ਵੇਖਣਾ ਕਰਦਾ ਹੈ ਅਤੇ ਬਿਸਮ = ਅਸਚਰਜ ਕਰ ਦੇਣ ਵਾਲੀ ਬਿਦੇਹ = ਦੇਹ ਤੋਂ ਰਹਿਤ, ਭਾਵ ਸਰੀਰਕ ਅਸੰਗਤਾ ਵਾਲੀ ਅਵਸਥਾ ਨੂੰ ਅਨੁਭਵ ਕਰਨ ਲੱਗ ਜਾਂਦਾ ਹੈ।

ਜਨਮ ਮਰਨ ਸਮ, ਨਰਕ ਸੁਰਗ ਅਰੁ;
ਪੁੰਨ ਪਾਪ ਸੰਪਤਿ ਬਿਪਤਿ ਚਿੰਤਾ ਚਾਉ ਹੈ॥

ਐਸੇ ਗੁਰਮੁਖ ਨੂੰ ਜੰਮਣਾ ਮਰਨਾ ਸਮ = ਬਰਾਬਰ ਹੈ ਅਰੁ = ਅਤੇ ਨਰਕ ਸੁਰਗ ਵੀ ਬਰਾਬਰ ਹੈ ਅਤੇ ਪਾਪ ਪੁੰਨ ਵੀ ਬਰਾਬਰ ਹੈ। ਸੰਪਤਿ = ਰਾਜ ਭਾਗ ਆਦਿ ਬਿਭੂਤੀ ਤੇ ਬਿਪਤਿ = ਸੰਕਟ ਰਾਜ ਭਾਗ ਦਾ ਦੂਰ ਹੋ ਜਾਣਾ ਇਹ ਵੀ ਉਸ ਨੂੰ ਬਰਾਬਰ ਹੈ, ਚਿੰਤਾ ਅਤੇ ਚਾਉ = ਉਤਸ਼ਾਹ ਵੀ ਬਰਾਬਰ ਹੈ ਭਾਵ ਐਸੇ ਗੁਰਮੁਖਾਂ ਦੀ ਸਮ ਬਿਰਤੀ ਹੈ।

ਬਨ ਗ੍ਰਹ, ਜੋਗ ਭੋਗ, ਲੋਗ ਬੇਦ, ਗਿਆਨ ਧਿਆਨ;
ਦੁਖ ਸੁਖ ਸੋਗਾਨੰਦ ਮਿਤ੍ਰ ਸਤ੍ਰ ਤਾਉ ਹੈ॥

ਚਾਹੇ ਬਨ = ਜੰਗਲ ਵਿਚ ਵੱਸਦਾ ਹੋਵੇ, ਚਾਹੇ ਗ੍ਰਹ = ਘਰ ਵਿਚ ਵੱਸਦਾ ਹੋਵੇ, ਚਾਹੇ ਜੋਗ ਦੀ ਸਮਾਧੀ ਵਿਚ ਜੁੜਦਾ ਹੋਵੇ, ਚਾਹੇ ਸੰਸਾਰਕ ਭੋਗ = ਪਦਾਰਥਾਂ ਨੂੰ ਭੋਗਣਾ ਕਰਦਾ ਹੋਵੇ, ਸਾਰੇ ਹਾਲਤਾਂ ਵਿਚ ਬੇਦਾਂ ਅਨੁਸਾਰ ਕਰਮ ਕਰਦਿਆਂ ਲੋਗ = ਲੋਕ ਰੀਤੀ ਨੂੰ ਪਾਲਦਿਆਂ ਗਿਆਨ ਤੇ ਧਿਆਨ ਵਿਚ ਅਤੇ ਦੁਖ ਸੁਖ

ਅਤੇ (ਸੋਗ + ਅਨੰਦ) ਸੋਗ = ਗ਼ਮ ਤੇ ਅਨੰਦ = ਖ਼ੁਸ਼ੀ, ਮਿੱਤਰ ਤੇ ਸਤ੍ਰ = ਦੁਸ਼ਮਣ ਆਦਿ ਦੇ ਤਾਉ = ਤਾਪ ਰੂਪ ਦੁੰਦਵਾਦ ਤੋਂ ਉੱਪਰ ਰਹਿੰਦਾ ਹੈ, ਭਾਵ ਸਮਾਨ ਬਿਰਤੀ ਵਿਚ ਵਰਤਦਾ ਹੈ।

ਲੋਸਟ ਕਨਿਕ ਬਿਖੁ ਅੰਮ੍ਰਿਤ ਅਗਨਿ ਜਲ;
ਸਹਜ ਸਮਾਧਿ ਉਨਮਨ ਅਨੁਰਾਉ ਹੈ ॥੯੦॥

ਇਸੇ ਤਰ੍ਹਾਂ ਲੋਸਟ = ਲੋਹੇ ਤੇ ਕਨਿਕ = ਸੋਨੇ **ਵਾ:** ਮਿੱਟੀ ਦੇ ਢੇਲੇ ਜਾਂ ਸੋਨੇ ਦੀ ਪ੍ਰਾਪਤੀ ਵਿਚ ਅਜਿਹਾ ਹੀ ਬਿਖੁ = ਜ਼ਹਿਰ ਤੇ ਅੰਮ੍ਰਿਤ ਵਿੱਚ ਅਤੇ ਅਗਨਿ = ਅੱਗ ਵਿਚ ਸੜਦਿਆਂ, ਜਲ = ਪਾਣੀ ਵਿਚ ਡੁੱਬਦਿਆਂ ਅਰਥਾਤ ਯਥਾ ਲਾਭ ਤਥਾ ਸੰਤੁਸ਼ਟ ਦਸ਼ਾ ਨੂੰ ਪ੍ਰਾਪਤ ਹੋਇਆਂ, ਭਾਵ ਇਨ੍ਹਾਂ ਸਾਰਿਆਂ ਵਿਚ ਸਮਾਨ ਬਿਰਤੀ ਵਿਚ ਵਰਤਦਿਆਂ ਹੋਇਆਂ ਸਹਜ = ਸੁਤੇ-ਸਿਧ ਹੀ ਸਮਾਧੀ ਵਿਚ ਟਿਕੇ ਰਹਿਣ ਦੀ ਉਨਮਨ = ਮਸਤਾਨਗੀ ਦਾ ਅਨੁਰਾਉ = ਅਨੁਰਾਗ, ਪ੍ਰੇਮ ਗੁਰਮੁਖ ਜਨ ਨੂੰ ਲੱਗਿਆ ਰਹਿੰਦਾ ਹੈ ॥੯੦॥

ਸਫਲ ਜਨਮ ਗੁਰਮੁਖਿ ਹੁਇ ਜਨਮ ਜੀਤਿਓ;
ਚਰਨ ਸਫਲ ਗੁਰ ਮਾਰਗ ਰਵਨ ਕੈ ॥

ਜਿਸ ਨੇ ਗੁਰਮੁਖਤਾਈ ਵਾਲਾ ਜੀਵਨ ਬਣਾ ਕੇ ਆਪਣੇ ਮਨੁੱਖਾ ਜਨਮ ਨੂੰ ਆਸੁਰੀ ਸੰਪਦਾ ਰੂਪ ਦੁਸ਼ਮਣਾਂ ਤੋਂ ਜੀਤਿਓ = ਜਿੱਤ ਲਿਆ ਹੈ, ਉਸ ਨੇ ਮਨੁੱਖਾ ਜਨਮ ਸਫਲ = ਸਫਲਾ (ਸ + ਫਲ) ਸ = ਸਹਿਤ ਗਿਆਨ ਰੂਪੀ ਫਲ ਦੇ ਕਰ ਲਿਆ ਹੈ, ਕਿਉਂਕਿ ਉਸ ਗੁਰਮੁਖ ਨੇ ਗੁਰ = ਸਤਿਗੁਰਾਂ ਦੇ ਦੱਸੇ ਹੋਏ ਭਗਤੀ ਰੂਪ ਮਾਰਗ = ਰਸਤੇ ਉੱਤੇ ਰਵਨ = ਚੱਲ ਕੈ = ਕਰਕੇ **ਵਾ:** ਸਤਿਸੰਗਤ ਰੂਪ ਰਸਤੇ ਵੱਲ ਤੁਰ ਕੇ ਆਪਣੇ ਚਰਨਾਂ ਨੂੰ ਸਫਲਾ ਕਰ ਲਿਆ ਹੈ।

ਲੋਚਨ ਸਫਲ ਗੁਰ ਦਰਸਾਵਲੋਕਨ ਕੈ;
ਮਸਤਕ ਸਫਲ ਰਜ ਪਦ ਗਵਨ ਕੈ ॥

ਗੁਰ = ਸਤਿਗੁਰਾਂ ਦੇ (ਦਰਸ + ਅਵਲੋਕਨ) ਦਰਸ = ਦੀਦਾਰ ਅਵਲੋਕਨ = ਵੇਖਣ ਕੈ = ਕਰਕੇ ਉਸ ਗੁਰਮੁਖ ਨੇ ਆਪਣੇ ਪ੍ਰਤੱਖ ਲੋਚਨ = ਨੇਤਰ ਸਫਲ = ਸਫਲੇ ਕਰ ਲਏ ਹਨ **ਵਾ:** ਮਨ, ਬੁੱਧ ਰੂਪ ਨੇਤਰ (ਸ + ਫਲ) ਸ = ਸਹਿਤ ਗਿਆਨ ਰੂਪੀ ਫਲ ਦੇ ਕਰ ਲਏ ਹਨ ਅਤੇ ਗੁਰੂ ਦੇ ਵੱਲ ਗਵਨ = ਚੱਲ ਕੈ = ਕੇ ਜਾਣ ਵਾਲੇ ਰਸਤੇ ਦੀ **ਵਾ:** ਗੁਰਾਂ ਦੀ ਸੰਗਤ ਵਿਚ ਤੁਰ ਕੇ ਜਾਣ ਵਾਲੇ ਗੁਰਮੁਖ ਦੇ ਪਦ = ਚਰਨਾਂ ਦੀ ਰਜ = ਧੂੜੀ ਆਪਣੇ ਮਸਤਕ = ਮੱਥੇ 'ਤੇ ਲਗਾ ਕੇ ਆਪਣੇ ਮੱਥੇ ਨੂੰ ਸਫਲਾ ਕਰ ਲਿਆ ਹੈ।

ਹਸਤ ਸਫਲ ਨਮ ਸਤਿਗੁਰ ਬਾਣੀ ਲਿਖੇ;
ਸੁਰਤਿ ਸਫਲ ਗੁਰ ਸਬਦ ਸ੍ਰਵਨ ਕੈ ॥

ਸਤਿਗੁਰ = ਸੱਚੇ ਗੁਰੂ ਦੀ ਉਚਾਰਨ ਕੀਤੀ ਬਾਣੀ ਨੂੰ ਲਿਖੇ = ਲਿਖਣ ਨਾਲ ਗੁਰਮੁਖ ਜਨ ਨੇ ਆਪਣੇ ਹਸਤ = ਹੱਥ ਸਫਲ = ਸਫਲੇ ਕੀਤੇ ਹਨ ਅਤੇ ਦੋਵੇਂ ਹੱਥ ਜੋੜ ਕੇ ਨਮ = ਨਮਸਕਾਰ ਕਰਨ ਨਾਲ ਵੀ ਆਪਣੇ ਹੱਥ ਸਫਲੇ ਕੀਤੇ ਹਨ ਅਤੇ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਨੂੰ ਸ੍ਰਵਨ = ਸੁਣ ਕੈ = ਕਰਕੇ ਆਪਣੇ ਸੁਰਤਿ = ਕੰਨ ਸਫਲੇ ਕੀਤੇ ਹਨ।

ਸੰਗਤਿ ਸਫਲ ਗੁਰਸਿਖ ਸਾਧ ਸੰਗਮ ਕੈ;
ਪ੍ਰੇਮ ਨੇਮ ਰੰਮਿਤਾ ਤ੍ਰਿਕਾਲ ਤ੍ਰਿਭਵਨ ਕੈ ॥੯੧॥

ਗੁਰਸਿਖ = ਗੁਰੂ ਸਾਹਿਬ ਜੀ ਦੇ ਗੁਰਸਿੱਖਾਂ, ਸਾਧ = ਸੰਤਾਂ ਮਹਾਤਮਾਂ ਨਾਲ ਸੰਗਮ = ਮਿਲਾਪ ਕੈ = ਕਰਕੇ ਗੁਰਮੁਖ ਜਨ ਨੇ ਆਪਣਾ ਸੰਗਤਿ = ਮਿਲਣਾ ਜੁਲਣਾ ਵੀ ਸਫਲਾ ਕਰ ਲਿਆ ਹੈ ਅਤੇ ਪ੍ਰੇਮ = ਸਨੇਹ ਦੇ ਨੇਮ = ਨਿਯਮ ਨੂੰ ਪੂਰਾ ਪੂਰਾ ਨਿਭਾ ਕੇ ਆਪਣੀ ਪ੍ਰੇਮ ਵਾਲੀ ਅਵਸਥਾ ਨੂੰ ਵੀ ਸਫਲਾ ਕੀਤਾ ਹੈ, ਇਸੇ ਕਰਕੇ ਗੁਰਮੁਖ ਜਨ ਨੂੰ ਤ੍ਰਿਕਾਲ = ਤਿੰਨੇ ਸਮਿਆਂ ਤੇ ਤ੍ਰਿਭਵਨ = ਤਿੰਨੇ ਲੋਕਾਂ ਦੀ ਗੰਮਿਤਾ = ਪਹੁੰਚ ਹੋ ਆਇਆ ਕਰਦੀ ਹੈ, ਭਾਵ ਜੋ ਤਿੰਨੇ ਸਮਿਆਂ ਤੇ ਤਿੰਨੇ ਲੋਕਾਂ ਵਿਚ ਵਰਤਾਰਾ ਵਰਤ ਰਿਹਾ ਹੈ, ਉਸ ਦੀ ਗਿਆਤ ਹੋ ਆਉਂਦੀ ਹੈ॥੯੧॥

ਚਰਨ ਕਮਲ ਮਕਰੰਦ ਰਸ ਲੁਭਿਤ ਹੁਇ;
ਸਹਜ ਸਮਾਧਿ ਮੁਖ ਸੰਪਟ ਸਮਾਨੇ ਹੈ ॥

ਜਿਹੜੇ ਪੁਰਖ ਐਸੇ ਗੁਰਮੁਖ ਪੁਰਖ ਦੇ **ਵਾ:** ਗੁਰੂ ਸਾਹਿਬ ਜੀ ਦੇ ਚਰਨ ਕਮਲਾਂ ਦੇ ਮਕਰੰਦ = ਧੂੜੇ ਦੇ ਰਸ = ਸੁਆਦ ਦੀ ਖ਼ਾਤਰ ਲੁਭਿਤ = ਲੁਭਾਇਮਾਨ ਹੁਇ = ਹੋਏ ਹਨ, ਜੋ ਸਹਜ = ਸੁਤੇ-ਸਿਧ, ਨਿਰਵਿਕਲਪ ਸਮਾਧਿ = ਸਮਾਧੀ ਦਾ ਜੋ ਸੁਖ = ਆਨੰਦ ਰੂਪ ਸੰਪਟ = ਡੱਬਾ ਹੈ, ਉਸ ਵਿਚ ਸਮਾਨੇ = ਲੀਨ ਹੋ ਜਾਂਦਾ ਹੈ **ਵਾ:** ਜਿਵੇਂ ਭੌਰਾ ਕਮਲਾਂ ਦੇ ਮਕਰੰਦ = ਧੂੜੇ (ਸੁਗੰਧੀ) ਲੈਣ ਲਈ ਫੁੱਲਾਂ ਰੂਪੀ ਡੱਬੇ ਵਿਚ ਸਮਾਇਆ ਰਹਿੰਦਾ ਹੈ, ਭਾਵ ਭੌਰਾ ਫੁੱਲਾਂ ਦੀ ਸੁਗੰਧੀ ਉੱਤੇ ਲੁਭਾਇਮਾਨ ਹੋ ਕੇ ਵਿਚੇ ਹੀ ਮੀਟਿਆ ਜਾਂਦਾ ਹੈ, ਇਸੇ ਤਰ੍ਹਾਂ ਸਿੱਖ ਰੂਪ ਭੌਰਾ ਗੁਰਾਂ ਦੇ ਚਰਨ ਕਮਲਾਂ ਦੀ ਪ੍ਰੇਮਾ-ਭਗਤੀ ਵਿਚ ਲੁਭਾਇਮਾਨ ਹੋ ਕੇ ਨਾਮ ਰੂਪੀ ਧੂੜੇ ਦੇ ਸੁਆਦ ਵਿਚ ਲੱਗ ਕੇ ਸੁਤੇ-ਸਿਧ ਵਾਹਿਗੁਰੂ ਦੀ ਪ੍ਰਾਪਤੀ ਰੂਪ ਸੁਖ ਰੂਪ ਸਮਾਧੀ ਲਾ ਕੇ ਸਮਾਇਆ ਰਹਿੰਦਾ ਹੈ।

ਭੈ ਜਲ ਭਇਆਨਕ ਲਹਰ ਨ ਬਿਆਪਿ ਸਕੈ;
ਦੁਬਿਧਾ ਨਿਵਾਰਿ ਏਕ ਟੇਕ ਠਹਰਾਨੇ ਹੈ ॥

ਫੇਰ ਉਸ ਨੂੰ ਭੈ = ਡਰ ਰੂਪੀ ਜਲ = ਪਾਣੀ ਨਾਲ ਭਰੇ ਸੰਸਾਰ-ਸਮੁੰਦਰ ਦੀ ਭਇਆਨਕ = ਭਿਆਨਕ ਜਨਮ ਮਰਨ ਰੂਪੀ ਲਹਰ = ਤਰੰਗ, ਆਸਾ ਤ੍ਰਿਸਨਾ ਰੂਪੀ ਤਰੰਗ ਬਿਆਪਿ = ਪੋਹ ਨ = ਨਹੀਂ ਸਕੈ = ਸਕਦੀ ਅਤੇ ਉਹ ਦੁਬਿਧਾ = ਦੁਚਿੱਤੀ ਨੂੰ ਨਿਵਾਰਿ = ਨਵਿਰਤ ਕਰ ਕੇ ਏਕ = ਇਕ ਵਾਹਿਗੁਰੂ ਦੀ ਹੀ ਟੇਕ = ਓਟ ਨੂੰ ਧਾਰਨ ਕਰ ਕੇ ਮਨ ਦੇ ਵਿਚ ਠਹਰਾਨੇ = ਠਹਿਰਾਅ, ਸ਼ਾਂਤੀ ਨੂੰ ਪਾ ਲੈਣਾ ਕਰਦਾ ਹੈ।

ਦ੍ਰਿਸਟਿ ਸਬਦ ਸੁਰਤਿ ਬਰਜਿ ਬਿਸਰਜਿਤ;
ਪ੍ਰੇਮ ਨੇਮ ਬਿਸਮ ਬਿਸ੍ਵਾਸ ਉਰਿ ਆਨੇ ਹੈ ॥

ਦ੍ਰਿਸਟਿ = ਨੇਤਰਾਂ ਨੂੰ ਪਰਾਏ ਸਰੂਪ ਵੱਲ ਦੇਖਣ ਤੋਂ ਤੇ ਸੁਰਤਿ = ਕੰਨਾਂ ਨੂੰ ਚੁਗ਼ਲੀ, ਨਿੰਦਿਆ ਵਾਲੇ ਸਬਦ = ਬੋਲ ਸੁਣਨ ਵੱਲੋਂ ਬਰਜਿ = ਰੋਕ ਕੇ ਦੇਹ ਅਧਿਆਸ ਨੂੰ ਅੰਦਰੋਂ ਬਿਸਰਜਿਤ = ਵਿਦਾ ਕਰ ਦਿੱਤਾ ਹੈ ਅਤੇ ਪ੍ਰੇਮ = ਸਨੇਹ ਦੇ ਨੇਮ = ਨਿਯਮ ਸਹਿਤ ਹੋ ਕੇ ਗੁਰਾਂ ਦੇ ਚਰਨ ਕਮਲਾਂ ਦਾ ਬਿਸਮ = ਅਸਚਰਜ ਬਿਸ੍ਵਾਸ = ਭਰੋਸਾ ਆਪਣੇ ਉਰਿ = ਹਿਰਦੇ ਵਿਚ ਆਨੇ = ਲੈ ਆਉਣਾ ਕੀਤਾ ਹੈ।

ਜੀਵਨ ਮੁਕਤਿ ਜਗ-ਜੀਵਨ ਜੀਵਨ ਮੂਲ;
ਆਪਾ ਖੋਇ ਹੋਇ ਅਪਰੰਪਰ ਪਰਾਨੇ ਹੈ ॥੯੨॥

ਜੋ ਪਰਮੇਸ਼ਰ ਜੀਵਨ ਮੁਕਤਿ = ਮੁਕਤੀ ਦੇਣ ਵਾਲਾ, ਜਗ = ਸੰਸਾਰ ਦਾ ਜੀਵਨ ਰੂਪ ਤੇ ਜੀਵਾਂ ਦੀ ਜੀਵਨ = ਜ਼ਿੰਦਗੀ ਦਾ ਮੂਲ = ਮੁੱਢ ਹੈ, ਜੋ ਜੀਵ ਆਪਾ-ਭਾਵ, ਦੇਹ ਅਧਿਆਸ ਖੋਇ = ਗਵਾ ਕੇ ਉਸ ਅਪਰੰਪਰ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦੇ ਪਰਾਨੇ = ਆਸਰੇ ਹੋਇ = ਹੋ ਜਾਂਦਾ ਹੈ, ਉਹ ਪੁਰਖ ਜੀਵਨ ਮੁਕਤੀ ਦੀ ਦਾਤ ਪ੍ਰਾਪਤ ਕਰ ਲੈਂਦਾ ਹੈ॥੯੨॥

ਸਰਿਤਾ ਸਰੋਵਰ ਸਲਿਲ ਮਿਲ ਏਕ ਭਏ;
ਏਕ ਸੈ ਅਨੇਕ ਹੋਤ ਕੈਸੇ ਨਿਰਵਾਰੋ ਜੀ ॥

ਜਿਵੇਂ ਸਰਿਤਾ = ਨਦੀ ਤੇ ਸਰੋਵਰ = ਤਲਾਅ ਦਾ ਸਲਿਲ = ਪਾਣੀ ਮਿਲ = ਮਿਲਾਪ ਕਰ ਕੇ ਏਕ = ਇਕ ਰੂਪ ਭਏ = ਹੋ ਜਾਂਦਾ ਹੈ, ਹੇ ਪਿਆਰੇ ਜੀ ! ਉਹ ਏਕ = ਇਕ ਸੈ = ਤੋਂ ਅਨੇਕ = ਅਨੇਕਾਂ, ਭਾਵ ਏਕਤਾਈ ਵਿੱਚੋਂ ਨਿਰਵਾਰੋ = ਵੱਖਰਾ ਹੋ ਕੇ ਅਨੇਕ ਤਰ੍ਹਾਂ ਦਾ ਕੈਸੇ = ਕਿਸ ਪ੍ਰਕਾਰ ਹੋਤ = ਹੋ ਸਕਦਾ ਹੈ। ਇਸੇ ਤਰ੍ਹਾਂ ਨਦੀ ਦੀ ਨਿਆਈਂ ਜੀਵ ਤੇ ਸਰੋਵਰ ਦੀ ਨਿਆਈਂ ਗੁਰੂ, ਭਾਵ ਗੁਰੂ ਦੇ ਨਾਲ ਮਿਲਿਆ ਹੋਇਆ ਜੀਵ ਮੁੜ ਕੁਝ ਹੋਰ ਨਹੀਂ ਬਣ ਸਕਦਾ, ਭਾਵ ਜੂਨਾਂ ਵਿਚ ਨਹੀਂ ਪੈਂਦਾ।

ਪਾਨ ਚੂਨਾ ਕਾਥਾ ਸੁਪਾਰੀ ਖਾਏ ਸੁਰੰਗ ਭਏ;
ਬਹੁਰਿ ਨ ਚਤੁਰ ਬਰਨ ਬਿਸਥਾਰੋ ਜੀ ॥

ਅਜਿਹਾ ਹੀ, ਪਾਨ, ਚੂਨਾ, ਕਾਥਾ = ਕੱਥ (ਖ਼ੈਰ ਬ੍ਰਿਛ ਦੀ ਲੱਕੜੀ ਦਾ ਕ੍ਵਾਥ (ਕਾੜ੍ਹਾ) ਬਣਾ ਕੇ ਤਿਆਰ ਕੀਤਾ ਇਕ ਪਦਾਰਥ) ਸੁਪਾਰੀ, ਇਨ੍ਹਾਂ ਚਾਰਾਂ ਨੂੰ ਇਕੱਠਿਆਂ ਖਾਏ = ਖਾਣ ਨਾਲ ਸੁਰੰਗ = ਗੂੜ੍ਹਾ ਲਾਲ ਰੰਗ ਪ੍ਰਗਟ ਭਏ = ਹੋ ਆਉਂਦਾ ਹੈ। ਹੇ ਪਿਆਰੇ ਜੀ ! ਪਰ ਜੇਕਰ ਬਹੁਰਿ = ਮੁੜ ਉਨ੍ਹਾਂ ਦਾ ਬਿਸਥਾਰੋ = ਫੈਲਾਅ, ਵੱਖੋ-ਵੱਖ ਪਸਾਰਾ ਕਰਨਾ ਅੰਦਰ ਲੋਚਣਾ ਕਰੀਏ ਤਾਂ ਉਹ ਚਤੁਰ = ਚਾਰ ਬਰਨ = ਰੰਗ ਨ = ਨਹੀਂ ਹੋ ਸਕਦੇ।

ਇਸੇ ਤਰ੍ਹਾਂ ਗੁਰੂ ਦੇ ਸਤਿਸੰਗ ਰੂਪ ਘਰ ਵਿਚ ਆਏ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਗੁਰਸਿੱਖੀ ਨੂੰ ਧਾਰਨ ਕਰ ਕੇ ਮੁੜ ਚਾਰ ਬਰਨਾਂ ਵਿਚ ਨਹੀਂ ਫਸਦਾ।

ਪਾਰਸ ਪਰਸਿ ਹੋਤ ਕਨਿਕ ਅਨਿਕ ਧਾਤੁ;
ਕਨਿਕ ਪੈ ਅਨਿਕ ਨ ਹੋਤ ਗੋਤਾਚਾਰੋ ਜੀ ॥

ਜਿਵੇਂ ਅਨਿਕ = ਅਨੇਕਾਂ ਲੋਹਾ, ਤਾਂਬਾ ਆਦਿ ਧਾਤੁ = ਧਾਤਾਂ ਪਾਰਸ ਨੂੰ ਪਰਸਿ = ਸਪਰਸ਼ ਹੋ ਕੇ ਕਨਿਕ = ਸੋਨਾ ਹੋਤ = ਹੋ ਜਾਣਾ ਕਰਦੀਆਂ ਹਨ, ਹੇ ਪਿਆਰੇ ਜੀ ! ਪਰ ਜੇ ਮੁੜ ਕੋਈ ਕਨਿਕ = ਸੋਨੇ ਸੈ = ਤੋਂ ਮੁੜ ਅਨਿਕ = ਅਨੇਕਾਂ ਧਾਤਾਂ ਬਣਾਉਣਾ ਕਰੇ ਤਾਂ ਉਨ੍ਹਾਂ ਦੀ ਗੋਤਾਚਾਰੋ = ਵੱਖਰੀ ਵੱਖਰੀ ਜਾਤ ਨ = ਨਹੀਂ ਹੋਤ = ਹੋ ਸਕਦੀ, ਭਾਵ ਸੋਨਾ ਮੁੜ ਧਾਤਾਂ ਦੇ ਰੂਪ ਵਿਚ ਨਹੀਂ ਹੋ ਸਕਦਾ। ਇਸੇ ਤਰ੍ਹਾਂ ਗੁਰੂ ਰੂਪ ਪਾਰਸ ਨਾਲ ਸਪਰਸ਼ ਹੋ ਕੇ ਅਨੇਕ ਧਾਤਾਂ ਦੀ ਨਿਆਈਂ ਚਾਰ ਵਰਨਾਂ ਵਾਲੇ ਵੀ ਗੁਰਸਿੱਖ ਰੂਪ ਸੋਨਾ ਬਣ ਜਾਂਦੇ ਹਨ, ਜੋ ਮੁੜ ਕਿਸੇ ਵਰਨ ਆਸ਼ਰਮ ਵਾਲਾ ਨਹੀਂ ਬਣ ਸਕਦੇ।

ਚੰਦਨ ਸੁਬਾਸ ਕੈ ਸੁਬਾਸਨਾ ਬਨਾਸਪਤੀ;
ਭਗਤ ਜਗਤ-ਪਤਿ ਬਿਸਮ ਬਿਚਾਰੋ ਜੀ ॥੯੩॥

ਇਸੇ ਪ੍ਰਕਾਰ ਚੰਦਨ = ਚੰਨਣ ਦੀ (ਸੁ + ਬਾਸ) ਸੁ = ਸ੍ਰੇਸ਼ਟ ਬਾਸ = ਸੁਗੰਧੀ ਕਰਕੇ ਸਾਰੀ ਬਨਾਸਪਤੀ ਸੁਬਾਸਨਾ (ਸੁ + ਬਾਸਨਾ) ਸੁ = ਸ੍ਰੇਸ਼ਟ ਬਾਸਨਾ = ਸੁਗੰਧੀ ਦੇ ਸਹਿਤ ਬਣ ਜਾਂਦੀ ਹੈ ਤੇ ਮੁੜ ਉਹ ਪ੍ਰਾਪਤ ਹੋਈ ਸੁਗੰਧੀ ਬਨਾਸਪਤੀ ਵਿੱਚੋਂ ਦੂਰ ਨਹੀਂ ਕੀਤੀ ਜਾ ਸਕਦੀ।

ਹੇ ਪਿਆਰੇ ਜੀ! ਇਸੇ ਤਰ੍ਹਾਂ ਗੁਰੂ ਸਾਹਿਬ ਜੀ ਨਾਲ ਸਨੇਹ ਕਰਨ ਵਾਲੇ ਭਗਤ ਜਨ ਜਗਤ ਪਤਿ = ਸੰਸਾਰ ਦੇ ਮਾਲਕ ਪਰਮੇਸ਼ਰ ਨਾਲ ਮਿਲਾਪ ਦੇ ਬਿਸਮ = ਅਸਚਰਜਮਈ ਬਿਚਾਰੋ = ਵਿਚਾਰ ਨੂੰ ਹਿਰਦੇ ਵਿਚ ਵੇਖ ਲੈਣਾ ਕਰਦੇ ਹਨ ॥੯੩॥

ਚਤੁਰ ਬਰਨ ਮਿਲਿ ਸੁਰੰਗ ਤੰਬੋਲ ਰਸ;
ਗੁਰਸਿਖ ਸਾਧ ਸੰਗ ਰੰਗ ਮੈ ਰੰਗੀਲੇ ਹੈ ॥

ਚੂਨਾ, ਕੱਥਾ ਆਦਿ ਚਤੁਰ = ਚਾਰ ਬਰਨ = ਰੰਗ ਮਿਲਿ = ਮਿਲਣੇ ਕਰਕੇ ਜਿਵੇਂ ਸੁਰੰਗ (ਸੁ + ਰੰਗ) ਸੁ = ਸ੍ਰੇਸ਼ਟ ਰੰਗ ਵਾਲਾ ਤੰਬੋਲ ਨਿਕਲ ਆਉਂਦਾ ਹੈ **ਵਾ:** ਪਾਨ ਵਿੱਚੋਂ ਗੂੜ੍ਹਾ (ਲਾਲ) ਰੰਗ ਰਸ ਭਰਿਆ ਨਿਕਲ ਆਉਂਦਾ ਹੈ, ਉਸੇ ਤਰ੍ਹਾਂ ਚਾਰੇ ਵਰਨਾਂ ਦੇ ਲੋਕ ਗੁਰਸਿੱਖਾਂ ਦੀ ਸਾਧ ਸੰਗ = ਸਤਿਸੰਗਤ ਦੇ ਰੰਗ ਮੈ = ਵਿਚ ਮਿਲ ਕੇ ਰੰਗੀਲੇ (ਰੰਗ + ਈਲੇ) ਰੰਗ = ਆਨੰਦ ਦੇ ਈਲੇ = ਘਰ ਗੁਰੂ ਜੀ ਦੇ ਸਿੱਖ ਬਣ ਜਾਂਦੇ ਹਨ **ਵਾ:** ਸਾਧ = ਸ੍ਰੇਸ਼ਟ ਗੁਰਸਿੱਖਾਂ ਦੇ ਸੰਗ = ਨਾਲ ਮਿਲ ਕੇ ਆਨੰਦ ਦੇ ਘਰ ਪੂਰੇ ਗੁਰੂ ਦਾ ਉਪਦੇਸ਼ ਧਾਰਨ ਕਰ ਕੇ ਵਾਹਿਗੁਰੂ ਦੇ ਰੰਗ = ਆਨੰਦ ਵਿਚ ਰੰਗੇ ਰਹਿੰਦੇ ਹਨ।

ਖਾਂਡ ਘ੍ਰਿਤ ਚੂਨ ਜਲ ਮਿਲੇ ਬਿੰਜਨਾਦਿ ਸ੍ਵਾਦ;
ਪ੍ਰੇਮ ਰਸ ਅੰਮ੍ਰਿਤ ਮੈ ਰਸਿਕ ਰਸੀਲੇ ਹੈ ॥

ਜਿਵੇਂ ਖਾਂਡ = ਖੰਡ, ਘ੍ਰਿਤ = ਘਿਉ, ਚੂਨ = ਆਟਾ ਅਤੇ ਜਲ = ਪਾਣੀ ਆਦਿ ਇਹ ਚਾਰੋ ਹੀ ਅੱਗ 'ਤੇ ਚੜ੍ਹ ਕੇ ਮਿਲੇ = ਮਿਲਦਿਆਂ ਸ੍ਵਾਦ = ਸੁਆਦਿਸ਼ਟ ਬਿੰਜਨਾਦਿ = ਭੋਜਨ ਬਣ ਜਾਂਦਾ ਹੈ, ਭਾਵ ਕੜਾਹ ਪ੍ਰਸ਼ਾਦ ਬਣ ਜਾਂਦਾ ਹੈ, ਇਸੇ ਪ੍ਰਕਾਰ ਚਾਰੇ ਵਰਨ ਵਾਲੇ ਲੋਕ ਅੰਮ੍ਰਿਤਮਈ ਪ੍ਰੇਮ ਰਸ ਦੇ ਰਸਿਕ = ਰਸੀਏ ਬਣ ਕੇ ਰਸੀਲੇ (ਰਸ + ਈਲੇ) ਰਸ = ਰਸਾਂ ਦੇ ਈਲੇ = ਘਰ ਬਣ ਜਾਂਦੇ ਹਨ, ਭਾਵ ਵਾਹਿਗੁਰੂ ਦੇ ਨਾਮ ਰਸ ਵਿਚ ਤਦਾਕਾਰ ਹੋ ਕੇ ਸੁੰਦਰ ਆਤਮਿਕ ਸੁੱਖ ਲੈਣ ਵਾਲੇ ਹੋ ਜਾਂਦੇ ਹਨ।

ਸਕਲ ਸੁਗੰਧ ਸਨਬੰਧ ਅਰਗਜਾ ਹੋਇ;
ਸਬਦ ਸੁਰਤਿ ਲਿਵ ਬਾਸਨਾ ਬਸੀਲੇ ਹੈ ॥

ਜਿਵੇਂ ਸਕਲ = ਸਾਰੀਆਂ ਕਸਤੂਰੀ, ਮੁਸ਼ਕਬਿਲਾਈ, ਚੰਦਨ ਆਦਿ ਸੁਗੰਧ = ਸੁਗੰਧਿਤ ਵਸਤੂਆਂ ਆਪਸ ਵਿਚ ਸਨਬੰਧ = ਮਿਲ ਕੇ ਅਰਗਜਾ = ਅੰਬੀਰ ਨਾਮੀ ਸੁਗੰਧਿਤ ਵਸਤੂ ਹੋਇ = ਹੋ ਜਾਂਦੀ ਹੈ, ਇਸੇ ਤਰ੍ਹਾਂ ਜੋ ਗੁਰਾਂ ਦੇ ਸਬਦ = ਉਪਦੇਸ਼ ਦੀ ਸੁਰਤਿ = ਗਿਆਤ ਵਿਚ ਲਿਵ = ਬਿਰਤੀ ਲਾਉਂਦੇ ਹਨ **ਵਾ:** ਗੁਰਾਂ ਦੇ ਉਪਦੇਸ਼ ਵਿਚ ਲਿਵ = ਬਿਰਤੀ ਲਗਾ ਕੇ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਵਾਲੇ ਹੋ ਜਾਂਦੇ ਹਨ

ਅਤੇ ਸਾਧਸੰਗਤ ਵਿਚ ਮਿਲ ਬੈਠ ਕੇ ਨਾਮ ਦਾ ਅਭਿਆਸ ਕਰਦੇ ਹਨ ਮਾਨੋ ਇਹ ਹੀ ਪ੍ਰੇਮਾ-ਭਗਤੀ ਰੂਪ ਅਰਗਜਾ ਹੈ ਕਿਉਂਕਿ ਸਾਧਸੰਗਤ ਦੇ ਵਿਚ ਹੀ ਪ੍ਰੇਮਾ-ਭਗਤੀ ਆਤਮਿਕ ਆਨੰਦ, ਨੌਂ ਨਿਧਾਂ ਆਦਿ ਸਾਰੀਆਂ ਬਾਸਨਾ = ਸੁਗੰਧੀਆਂ ਬਸੀਲੇ = ਵੱਸਦੀਆਂ ਹਨ **ਵਾ:** ਉਨ੍ਹਾਂ ਗੁਰਮੁਖਾਂ ਦੇ ਬਸੀਲੇ (ਬਸ + ਈਲੇ) ਹਿਰਦੇ ਰੂਪੀ ਈਲੇ = ਘਰ ਵਿਚ ਹੀ ਨੌਂ ਪ੍ਰਕਾਰ ਦੀਆਂ ਭਗਤੀਆਂ, ਨੌਂ ਨਿਧਾਂ ਆਦਿ ਸੁਗੰਧਿਤ ਵਸਤੂਆਂ ਬਸ = ਵੱਸਦੀਆਂ ਹੈ = ਹਨ।

ਪਾਰਸ ਪਰਸਿ ਜੈਸੇ ਕਨਿਕ ਅਨਿਕ ਧਾਤ;
ਦਿਬਿ ਦੇਹ, ਮਨ ਉਨਮਨ ਉਨਮੀਲੇ ਹੈ॥੯੪॥

ਜੈਸੇ = ਜਿਸ ਪ੍ਰਕਾਰ ਅਨਿਕ = ਬਹੁਤ ਸਾਰੀਆਂ ਲੋਹਾ, ਤਾਂਬਾ ਆਦਿ ਧਾਤਾਂ ਪਾਰਸ ਨਾਲ ਪਰਸਿ = ਸਪਰਸ਼ ਹੋ ਕੇ ਕਨਿਕ = ਸੋਨਾ ਬਣ ਜਾਂਦੀਆਂ ਹਨ, ਇਸੇ ਤਰ੍ਹਾਂ ਪਾਰਸ ਰੂਪ ਗੁਰਾਂ ਨਾਲ ਮਿਲ ਕੇ ਗੁਰਮੁਖ ਜਨ ਦਿਬਿ ਦੇਹ = ਉੱਤਮ ਕਾਂਇਆ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਮਨ ਉਨਮਨ = ਉਨਮਨੀ ਅਵਸਥਾ ਵਿਚ ਇਸਥਿਤ ਹੋ ਕੇ ਉਨਮੀਲੇ = ਪ੍ਰੇਮ ਗੁੱਟ ਅਲਮਸਤ ਸਰੂਪ ਹੋ ਜਾਣਾ ਕਰਦਾ ਹੈ **ਵਾ:** ਪਹਿਲਾਂ ਆਪਣੇ ਮਨ ਨੂੰ (ਉਨ + ਮੀਲੇ) ਸੰਸਾਰ ਵੱਲੋਂ ਉਨ = ਉਲਟਾ ਕੇ ਉਨਮਨ = ਉਨਮਨੀ, ਤੁਰੀਆ ਪਦ ਰੂਪੀ ਅਵਸਥਾ ਵਿਚ ਦਿਨ ਰਾਤ ਮੀਲੇ = ਮਿਲਿਆ ਰਹਿੰਦਾ ਹੈ॥੯੪॥

ਪਵਨ ਗਵਨ ਜੈਸੇ ਗੁਡੀਆ ਉਡਤ ਰਹੈ;
ਪਵਨ ਰਹਤ ਗੁਡੀ ਉਡਿ ਨ ਸਕਤ ਹੈ॥

ਜੈਸੇ = ਜਿਸ ਪ੍ਰਕਾਰ ਪਵਨ = ਹਵਾ ਦੇ ਗਵਨ = ਚੱਲਣ ਕਰਕੇ ਗੁਡੀਆ = ਪਤੰਗ ਉਡਤ = ਉੱਡਦੀ ਰਹੈ = ਰਹਿੰਦਾ ਹੈ, ਪਵਨ = ਹਵਾ ਤੋਂ ਰਹਤ = ਬਿਨਾਂ ਗੁਡੀ = ਪਤੰਗ ਉਡ ਨ = ਨਹੀਂ ਸਕਤ = ਸਕਦਾ ਹੈ।

ਡੋਰੀ ਕੀ ਮਰੋਰਿ ਜੈਸੇ ਲਟੂਆ ਫਿਰਤ ਰਹੈ;
ਤਾਉ ਹਾਉ ਮਿਟੈ ਗਿਰਿ ਪਰੈ ਹੁਇ ਥਕਤ ਹੈ॥

ਹੋਰ ਦ੍ਰਿਸ਼ਟਾਂਤ—ਜੈਸੇ = ਜਿਸ ਪ੍ਰਕਾਰ ਡੋਰੀ = ਜਾਲੀ ਕੀ = ਦੀ ਮਰੋਰਿ = ਮਰੋੜੀ ਨਾਲ ਲਟੂਆ = ਲਾਟੂ ਫਿਰਤ = ਫਿਰਦਾ ਰਹੈ = ਰਹਿੰਦਾ ਹੈ, ਭਾਵ ਡੋਰੀ (ਜਾਲੀ) ਦੇ ਵੱਟ ਨਾਲ ਲਾਟੂ ਭੌਂਦਾ ਫਿਰਦਾ ਰਹਿੰਦਾ ਹੈ, ਪਰ ਜੇ ਵੱਟ ਦਾ ਤਾਉ ਦਿੱਤਾ ਹੋਇਆ ਹਾਉ = ਜ਼ੋਰ ਨਾਲ ਉਹ ਮਿਟੈ = ਦੂਰ, ਭਾਵ ਲੱਥ ਹੁਇ = ਹੋ ਜਾਵੇ ਤਾਂ ਥਕਤ = ਥੱਕ ਕੇ ਗਿਰਿ = ਡਿੱਗ ਪਰੈ = ਪੈਂਦਾ ਹੈ, ਭਾਵ ਜੇ ਰਤਾ ਭਰ ਵੀ ਉਸ ਦਾ ਘੁਮਾਉ ਮੱਠਾ ਪੈ ਜਾਵੇ ਜਾਂ ਤਾਉ = ਜੋਸ਼ ਦਾ ਹੌਲਾ ਪਿਆ ਤਾਂ ਉਹ ਥਕਤ ਹੋ ਕੇ ਡਿੱਗ ਪੈਂਦਾ ਹੈ।

ਕੰਚਨ ਅਸੁਧ ਜਿਉ ਕੁਠਾਰੀ ਠਹਰਾਤ ਨਹੀ;
ਸੁਧ ਭਏ ਨਿਹਚਲ ਛਬਿ ਕੈ ਛਕਤ ਹੈ॥

ਜਿਉ = ਜਿਵੇਂ ਅਸੁਧ = ਸ਼ੁੱਧਤਾ ਤੋਂ ਰਹਿਤ, ਖੋਟ ਵਾਲਾ ਕੰਚਨ = ਸੋਨਾ ਅੱਗ ਉੱਤੇ ਚਾੜ੍ਹਿਆ ਕੁਠਾਰੀ = ਕੁਠਾਲੀ[1] ਵਿਚ ਠਹਰਾਤ = ਟਿਕਦਾ ਨਹੀਂ ਹੈ, ਭਾਵ ਬਹੁਤਾ ਘੁੰਮਦਾ ਰਹਿੰਦਾ ਹੈ, ਪਰ ਜਿਸ ਵੇਲੇ ਖੋਟ ਸੜ ਜਾਵੇ ਤਾਂ ਸੁਧ = ਖਰਾ ਭਏ = ਹੋ ਜਾਂਦਾ ਹੈ ਤੇ ਨਿਹਚਲ = ਅਚੱਲ ਹੋ ਕੇ ਛਬਿ = ਸ਼ੋਭਾ (ਦਮਕ)

ਨੂੰ ਪਾ ਕੈ = ਕਰਕੇ ਛਕਤ = ਪ੍ਰਸੰਨ, ਸੁਭਾਏਮਾਨ ਹੋ ਜਾਂਦਾ ਹੈ, ਦਮਕਣ ਲੱਗ ਪੈਂਦਾ ਹੈ **ਵਾ:** ਵੇਖਣ ਵਾਲਿਆਂ ਨੂੰ ਆਪਣੀ ਦਮਕ (ਚਮਕ) ਵਿਖਾ ਕੇ ਛਕਤ = ਪ੍ਰਸੰਨ ਕਰ ਦਿੰਦਾ ਹੈ।

ਦੁਰਮਤਿ ਦੁਬਿਧਾ ਭ੍ਰਮਤ ਹੈ ਚਤੁਰ ਕੁੰਟ;
ਗੁਰਮਤਿ ਏਕ ਟੇਕ, ਮੋਨਿ ਨ ਬਕਤ ਹੈ॥੯੫॥

ਇਸੇ ਤਰ੍ਹਾਂ ਦੁਰਮਤਿ = ਖੋਟੀ ਮੱਤ ਦੁਬਿਧਾ = ਦੁਚਿੱਤੀ ਵਿਚ ਤੇ ਚਤੁਰ = ਚਾਰ (ਪੂਰਬ, ਪੱਛਮ, ਉੱਤਰ, ਦੱਖਣ) ਕੁੰਟ = ਦਿਸ਼ਾਵਾਂ ਵਿਚ ਪਦਾਰਥਾਂ ਦੀ ਪ੍ਰਾਪਤੀ ਲਈ ਭ੍ਰਮਤ = ਭਟਕਦੀ ਰਹਿੰਦੀ ਹੈ, ਪਰ ਜਦ ਇਸ ਖੋਟੀ ਮੱਤ ਨੂੰ ਪੂਰਬਲੇ ਸ੍ਰੇਸ਼ਟ ਕਰਮਾਂ ਦੇ ਸਦਕਾ ਏਕ = ਇਕ ਗੁਰਮਤਿ = ਗੁਰੂ ਦੀ ਸਿੱਖਿਆ ਦੀ ਟੇਕ = ਓਟ ਪ੍ਰਾਪਤ ਹੋ ਜਾਂਦੀ ਹੈ ਤਾਂ ਮੋਨਿ = ਚੁੱਪ ਸਾਧ ਕੇ, ਭਾਵ ਸ਼ਾਂਤੀ ਨੂੰ ਪ੍ਰਾਪਤ ਹੋ ਕੇ ਬਕਤ = ਬੋਲਤੀ ਨਹੀਂ ਹੈ, ਭਾਵ ਸਾਰੇ ਤਰ੍ਹਾਂ ਦੀ ਕਾਮਨਾ ਕਲਪਨਾ ਨੂੰ ਛੱਡ ਦਿੰਦੀ ਹੈ॥੯੫॥

ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹੋਇ;
ਪਰਮਦਭੁਤ ਗਤਿ ਆਤਮ ਤਰੰਗ ਹੈ॥

ਜਿਹੜੇ ਗੁਰਮੁਖ ਜਨ ਪ੍ਰੇਮ ਰਸ ਰੂਪੀ ਅੰਮ੍ਰਿਤ ਦੇ ਨਿਧਾਨ = ਖ਼ਜ਼ਾਨੇ ਨੂੰ ਪਾਨ = ਛਕ ਕੇ ਪੂਰਨ ਤ੍ਰਿਪਤ ਹੋਇ = ਹੋ ਗਏ ਹਨ, ਉਨ੍ਹਾਂ ਗੁਰਮੁਖ ਜਨਾਂ ਨੂੰ ਪਰਮਦਭੁਤ = ਅਸਚਰਜ ਅਵਸਥਾ ਦੀ ਗਤਿ = ਦਸ਼ਾ ਵਾਲੀ ਆਤਮਾ ਦੀ ਮਸਤੀ ਰੂਪੀ ਤਰੰਗ ਵਰਤ ਪਿਆ ਕਰਦੀ ਹੈ।

ਇਤ ਤੇ ਦ੍ਰਿਸਟਿ ਸੁਰਤਿ ਸਬਦ ਬਿਸਰਜਿਤ;
ਉਤ ਤੇ ਬਿਸਮ ਅਸਚਰਜ ਪ੍ਰਸੰਗ ਹੈ॥

ਇਤ = ਇਸ ਜਗਤ ਤੇ = ਤੋਂ ਮਾੜੇ ਪਾਸੇ ਵੱਲੋਂ ਦ੍ਰਿਸ਼ਟੀ ਵੀ ਤੇ ਸੁਰਤਿ = ਨਿੰਦਿਆ ਚੁਗ਼ਲੀ ਵਾਲੇ ਬੋਲ ਵੱਲੋਂ ਕੰਨ ਵੀ ਸਬਦ = ਬਾਣੀ ਵੀ ਬਿਸਰਜਿਤ = ਰੋਕ ਲਈ ਹੈ, ਭਾਵ ਸਾਰੇ ਇੰਦਰੇ ਸੰਸਾਰ ਦੇ ਵਿਸ਼ਿਆਂ, ਪਦਾਰਥਾਂ ਵੱਲੋਂ ਹਟਾ ਲਏ ਹਨ ਅਤੇ ਉਤ = ਉਸ ਵਾਹਿਗੁਰੂ ਤੇ = ਤੋਂ ਆਤਮਾਨੰਦਾ ਪ੍ਰਾਪਤ ਕਰ ਕੇ ਬਿਸਮ = ਅਸਚਰਜ ਹੋ ਜਾਂਦੇ ਹਨ, ਫਿਰ ਸੰਸਾਰ ਦੇ ਜੀਵਾਂ ਨੂੰ ਅਸਚਰਜ = ਵਿਸਮਾਦ ਪਰਮੇਸ਼ਰ ਦੇ ਪ੍ਰਸੰਗਾਂ ਨੂੰ ਸੁਣਾਉਂਦੇ ਹਨ ਤੇ ਉਨ੍ਹਾਂ ਨੂੰ ਵੀ ਨਾਮ ਸਿਮਰਨ ਵਿਚ ਜੋੜ ਕੇ ਆਤਮਾਨੰਦ ਦਾ ਰਸ ਪ੍ਰਾਪਤ ਕਰਵਾ ਕੇ ਅਸਚਰਜ ਕਰ ਦਿੰਦੇ ਹਨ।

ਦੇਖੈ ਸੁ ਦਿਖਾਵੈ ਕੈਸੇ ਸੁਨੈ ਸੁ ਸੁਨਾਵੈ ਕੈਸੇ;
ਚਾਖੈ ਸੋ ਬਤਾਵੈ ਕੈਸੇ, ਰਾਗ ਰਸ ਰੰਗ ਹੈ॥

ਇਸ ਅਵਸਥਾ ਵਿਚ ਜੋ ਕੁਝ ਦੇਖੈ = ਦੇਖਦਾ ਹੈ, ਉਹ ਦੂਸਰੇ ਨੂੰ ਕੈਸੇ = ਕਿਸ ਤਰ੍ਹਾਂ ਸੁ = ਉਹ ਗੁਰਮੁਖ ਜਨ ਦਿਖਾਵੈ = ਦਿਖਾ ਸਕਦਾ ਹੈ, ਜੋ ਸੁ = ਉਹ ਅਨਹਦ ਸ਼ਬਦਾਂ ਨੂੰ ਕੰਨਾਂ ਨਾਲ ਸੁਨੈ = ਸੁਣਦਾ ਹੈ, ਉਹ ਦੂਸਰੇ ਨੂੰ ਕੈਸੇ = ਕਿਸ ਤਰ੍ਹਾਂ ਸੁਨਾਵੈ = ਸੁਣਾ ਸਕਦਾ ਹੈ, ਜੋ ਸੋ = ਉਹ ਆਤਮਾਨੰਦ ਰੂਪ ਰਸ ਦੇ ਸੁਆਦ

---

੧. ਮਿੱਟੀ ਦੀ ਥਾਲੀ, ਮਿੱਟੀ ਦਾ ਬਣਾਇਆ ਭਾਂਡਾ, ਜਿਸ ਵਿਚ ਸੁਨਿਆਰ ਸੋਨਾ ਚਾਂਦੀ ਆਦਿ ਧਾਤਾਂ ਢਾਲਦਾ ਹੈ।

ਨੂੰ ਚਾਖੈ = ਚਖਣਾ ਕਰਦਾ ਹੈ, ਉਹ ਦੂਸਰਿਆਂ ਨੂੰ ਕੈਸੇ = ਕਿਸ ਪ੍ਰਕਾਰ ਚਖਾ ਸਕਦਾ ਹੈ ਕਿ ਉਹ ਰਾਗ = ਪ੍ਰੇਮ ਰੂਪੀ ਰਸ ਦਾ ਰੰਗ = ਆਨੰਦ ਇਹ ਹੈ।

ਅਕਥ ਕਥਾ ਬਿਨੋਦ ਅੰਗ ਅੰਗ ਥਕਤ ਹੁਇ;
ਹੇਰਤ ਹਿਰਾਨੀ ਬੂੰਦ ਸਾਗਰ ਸ੍ਬੰਗ ਹੈ ॥੯੬॥

ਇਸ ਬਿਨੋਦ = ਕੌਤਕ ਦੀ ਕਥਾ = ਵਾਰਤਾ ਅਕਥ = ਕਥਨ ਤੋਂ ਰਹਿਤ ਹੈ, ਕਿਉਂਕਿ ਉਸ ਰੂਹਾਨੀ ਅੰਮ੍ਰਿਤ ਦੇ ਵਰਸਦਿਆਂ ਹੀ ਅੰਗ ਅੰਗ ਥਕਤ, ਭਾਵ ਚੂਰ ਚੂਰ ਹੁਇ = ਹੋ ਜਾਂਦਾ ਹੈ ਅਤੇ ਉਸ ਦੇ ਅਨੰਦਮਈ ਕੌਤਕ ਹੇਰਤ = ਦੇਖਦਿਆਂ ਸਾਰ ਹੀ ਆਪੇ ਦੀ ਸੁਰਤ ਹਿਰਾਨੀ = ਖੋਈ ਜਾਂਦੀ ਹੈ, ਜਿਵੇਂ ਬੂੰਦ ਸਾਗਰ = ਸਮੁੰਦਰ ਵਿਚ ਮਿਲ ਕੇ, ਭਾਵ ਆਪਾ ਗਵਾ ਕੇ ਸਮੁੰਦਰ ਰੂਪ ਹੋ ਜਾਂਦੀ ਹੈ, ਇਸੇ ਪ੍ਰਕਾਰ ਹੀ ਜੀਵ ਰੂਪ ਬੂੰਦ ਆਪਾ ਗੁਆ ਕੇ ਸ੍ਬੰਗ = ਸਾਰੇ ਅੰਗ ਉਸ ਪਰਮੇਸ਼ਰ ਰੂਪ ਸਮੁੰਦਰ ਵਿਚ ਅਭੇਦ ਹੋ ਜਾਂਦੇ ਹਨ ॥੯੬॥

ਸਾਧ ਸੰਗਿ ਗੰਗ ਮਿਲਿ, ਸ੍ਰੀ ਗੁਰ ਸਾਗਰ ਮਿਲੇ;
ਗਿਆਨ ਧਿਆਨ ਪਰਮ ਨਿਧਾਨ ਲਿਵਲੀਨ ਹੈ ॥

ਸਾਧ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ ਰੂਪ ਗੰਗ = ਗੰਗਾ ਨਾਲ ਮਿਲਿ = ਮਿਲਦਿਆਂ ਹੀ ਸ੍ਰੀ = ਸ਼੍ਰੋਮਣੀ ਸਤਿਗੁਰੂ ਰੂਪ ਸਾਗਰ = ਸਮੁੰਦਰ ਨਾਲ ਗੁਰਮੁਖ ਜਨ ਮਿਲੇ = ਮਿਲ ਕੇ ਅਭੇਦ ਹੋ ਜਾਂਦੇ ਹਨ, ਭਾਵ ਸਾਖਸ਼ਾਤ ਪੂਰਨ ਗੁਰਾਂ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਫੇਰ ਗਿਆਨ ਤੇ ਧਿਆਨ ਦੇ ਪਰਮ = ਵੱਡੇ ਨਿਧਾਨ = ਖ਼ਜ਼ਾਨੇ ਬ੍ਰਹਮ ਦੇ ਸਰੂਪ ਵਿਚ ਲਿਵਲੀਨ = ਅਭੇਦ ਹੋ ਜਾਂਦੇ ਹਨ।

ਚਰਨ ਕਮਲ ਮਕਰੰਦ ਮਧੁਕਰ ਗਤਿ;
ਚੰਦ੍ਮਾ ਚਕੋਰ ਗੁਰ ਧਿਆਨ ਰਸ ਭੀਨ ਹੈ ॥

ਗੁਰੂ ਦੇ ਚਰਨ ਕਮਲਾਂ ਦੇ ਮਕਰੰਦ = ਧੂੜੇ, ਰਸ ਵਿਚ ਮਧੁਕਰ = ਭੌਰੇ ਵਤ ਪ੍ਰੇਮ ਵਾਲੀ ਗਤਿ = ਦਸ਼ਾ ਵਿਚ ਤੇ ਚਕੋਰ ਦੀ ਨਿਆਈਂ ਹੋ ਕੇ ਗੁਰੂ ਰੂਪ ਚੰਦਰਮਾ ਦੇ ਦਰਸ਼ਨਾਂ ਦੇ ਧਿਆਨ ਰਸ ਵਿਚ ਭੀਨ = ਭਿੱਜ ਜਾਂਦੇ ਹਨ, ਭਿੱਜੇ ਰਹਿੰਦੇ ਹਨ।

ਸਬਦ ਸੁਰਤਿ ਮੁਕਤਾਹਲ ਅਹਾਰ ਹੰਸ;
ਪ੍ਰੇਮ ਪਰਮਾਰਥ ਬਿਮਲ ਜਲ ਮੀਨ ਹੈ ॥

ਗੁਰਾਂ ਦੇ ਸਬਦ = ਉਪਦੇਸ਼ ਵਿਚ ਸੁਰਤਿ = ਬਿਰਤੀ ਜੋੜਨ ਲਈ ਮਿਥਿਆ ਸੰਕਲਪਾਂ ਨੂੰ ਤਿਆਗ ਕੇ ਸ਼ਬਦ ਮਾਤਰ ਮੁਕਤਾਹਲ = ਮੋਤੀ ਦੇ ਹੀ ਅਹਾਰ ਕਰਨ ਲਈ ਉਹ ਹੰਸ ਵਤ ਹੁੰਦੇ ਹਨ **ਵਾ:** ਗੁਰਾਂ ਦੇ ਉਪਦੇਸ਼ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਸ੍ਰਵਨ ਕਰ ਕੇ ਉਸ ਉਪਦੇਸ਼ ਵਿੱਚੋਂ ਨਾਮ ਰੂਪੀ ਮੋਤੀ ਨੂੰ ਅਹਾਰ = ਭੋਜਨ ਬਣਾ ਕੇ ਹੰਸ ਦੀ ਨਿਆਈਂ ਹੋ ਜਾਂਦੇ ਹਨ ਅਤੇ ਪਰਮਾਰਥ = ਉੱਤਮ ਪਦਾਰਥ ਦੀ ਪ੍ਰਾਪਤੀ ਕਰ ਕੇ ਬਿਮਲ = ਸ਼ੁੱਧ ਸਰੂਪ ਦੀ ਪ੍ਰਾਪਤੀ ਹੋ ਜਾਂਦੀ ਹੈ **ਵਾ:** ਪਰਮਾਰਥ = ਸ੍ਰੇਸ਼ਟ ਤੱਤ ਸਰੂਪ ਦੀ ਪ੍ਰਾਪਤੀ ਵਾਲੇ ਇਉਂ ਪ੍ਰੇਮ ਨੂੰ ਧਾਰਨ ਕਰ ਲੈਂਦੇ ਹਨ, ਜਿਵੇਂ ਜਲ = ਪਾਣੀ ਨਾਲ ਮੀਨ = ਮੱਛੀ ਦਾ ਸਨੇਹ ਹੁੰਦਾ ਹੈ।

ਅੰਮ੍ਰਿਤ ਕਟਾਛ ਅਮਰਾਪਦ ਕ੍ਰਿਪਾ ਕ੍ਰਿਪਾਲ;
ਕਮਲਾ ਕਲਪਤਰੁ ਕਾਮਧੈਨਾਧੀਨ ਹੈ ॥੬੭॥

ਇਸ ਪ੍ਰਕਾਰ ਕ੍ਰਿਪਾਲ (ਕ੍ਰਿਪ + ਆਲ) ਕ੍ਰਿਪ = ਮਿਹਰ ਦੇ ਆਲ = ਘਰ ਗੁਰਾਂ ਦੀ ਕ੍ਰਿਪਾ = ਮਿਹਰ ਸਦਕਾ ਅੰਮ੍ਰਿਤਮਈ ਕਟਾਛ = ਮਿਹਰ ਭਰੀ ਦ੍ਰਿਸ਼ਟੀ ਨਾਲ ਤੱਕਣਾ ਪ੍ਰਾਪਤ ਹੁੰਦਾ ਹੈ ਜੋ ਅਮਰਾਪਦ = ਅਬਿਨਾਸੀ ਪਦ ਦੀ ਪ੍ਰਾਪਤੀ ਦਾ ਕਾਰਨ ਹੈ, ਜਿਸ ਕ੍ਰਿਪਾ ਦੇ ਕਮਲਾ = ਲੱਛਮੀ, ਕਲਪਤਰੁ = ਕਾਮਨਾ ਪੂਰੀਆਂ ਕਰਨ ਵਾਲਾ ਬ੍ਰਿਛ ਅਤੇ ਕਾਮਧੈਨਾਧੀਨ (ਕਾਮਧੈਨ + ਅਧੀਨ) ਕਾਮਧੈਨ = ਕਾਮਨਾ ਪੂਰੀ ਕਰਨ ਵਾਲੀ ਸਵਰਗੀ ਗਊ ਆਦਿ ਸਭ ਅਧੀਨ = ਵੱਸ ਹਨ ॥੬੭॥

ਏਕ ਬ੍ਰਹਮਾਂਡ ਕੇ ਬਿਥਾਰ ਕੀ ਅਪਾਰ ਕਥਾ;
ਕੋਟਿ ਬ੍ਰਹਮਾਂਡ ਕੋ ਨਾਇਕੁ ਕੈਸੇ ਜਾਨੀਐ ॥

ਏਕ = ਇਕ ਬ੍ਰਹਮਾਂਡ = ਬ੍ਰਹਿਮੰਡ ਕੇ = ਦੇ ਬਿਥਾਰ = ਫੈਲਾਅ ਕੀ = ਦੀ ਕਥਾ = ਵਾਰਤਾ ਅਪਾਰ = ਬੇਅੰਤ ਹੈ, ਇਸ ਲਈ ਕੋਟਿ = ਕਰੋੜਾਂ ਬ੍ਰਹਮਾਂਡ = ਬ੍ਰਹਿਮੰਡਾਂ ਦੇ ਰਚਣ ਵਾਲੇ ਨਾਇਕੁ = ਮਾਲਕ ਕੋ = ਦਾ ਕੈਸੇ = ਕਿਸ ਪ੍ਰਕਾਰ ਕੋਈ ਅੰਤ ਜਾਨੀਐ = ਜਾਣ ਸਕਦਾ ਹੈ।

ਘਟਿ ਘਟਿ ਅੰਤਰਿ ਅਉ ਸਰਬ ਨਿਰੰਤਰਿ ਹੈ;
ਸੂਖਮ ਸਥੂਲ ਮੂਲ, ਕੈਸੇ ਪਹਿਚਾਨੀਐ ॥

ਉਹ ਪਰਮੇਸ਼ਰ ਸਾਰੇ ਘਟਿ ਘਟਿ = ਸਰੀਰਾਂ ਸਰੀਰਾਂ ਅੰਤਰਿ = ਵਿਚ **ਵਾ:** ਸਾਰੇ ਘਟਿ = ਸਰੀਰਾਂ ਤੇ ਘਟਿ = ਹਿਰਦਿਆਂ ਵਿਚ ਅਉ = ਅਤੇ ਸਰਬ = ਸਾਰਿਆਂ ਵਿਚ ਨਿਰੰਤਰਿ = ਇਕ-ਰਸ ਭਾਸ ਰਿਹਾ ਹੈ, ਇਸ ਲਈ ਸਾਰੇ ਸੂਖਮ ਸਥੂਲ ਦੇ ਮੂਲ = ਮੁੱਢ ਨੂੰ ਕੈਸੇ = ਕਿਸ ਤਰ੍ਹਾਂ ਵੱਖਰਾ ਕਰ ਕੇ ਪਹਿਚਾਨੀਐ = ਪਛਾਣਨਾ ਕਰੀਏ।

ਨਿਰਗੁਨ ਅਦ੍ਰਿਸਟ ਦ੍ਰਿਸਟਿ ਮੈ ਨਾਨਾ ਪ੍ਰਕਾਰ;
ਅਲਖ ਲਖਿਓ ਨ ਜਾਇ ਕੈਸੇ ਉਰਿ ਆਨੀਐ ॥

ਉਸ ਦਾ ਨਿਰਗੁਣ ਸਰੂਪ ਅਦ੍ਰਿਸਟ = ਦਿਸਣ ਤੋਂ ਰਹਿਤ ਹੈ ਅਤੇ ਦ੍ਰਿਸਟਿ = ਦ੍ਰਿਸ਼ਟੀ ਮੈ = ਵਿਚ ਆਉਣ ਵਾਲਾ ਸਰਗੁਣ ਸਰੂਪ ਹੈ ਜੋ ਨਾਨਾ = ਅਨੇਕ ਪ੍ਰਕਾਰ = ਤਰ੍ਹਾਂ ਦਾ ਹੋ ਕੇ ਦਿਖਾਈ ਦੇ ਰਿਹਾ ਹੈ, ਜਿਸ ਕਰਕੇ ਅਲਖ = ਲਖਣ ਤੋਂ ਰਹਿਤ ਸਰੂਪ ਲਖਿਓ = ਕਥਨ ਨ = ਨਹੀਂ ਕੀਤਾ ਜਾਇ = ਜਾ ਸਕਦਾ। ਇਸ ਲਈ ਉਸ ਅਲਖ ਸਰੂਪ ਨੂੰ ਕੈਸੇ = ਕਿਸ ਤਰ੍ਹਾਂ ਉਰਿ = ਹਿਰਦੇ ਅੰਦਰ ਆਨੀਐ = ਲਿਆਉਣਾ ਕਰੀਏ ਭਾਵ ਉਹ ਮਨ, ਬੁੱਧ ਆਦਿ ਇੰਦਰਿਆਂ ਦੁਆਰਾ ਕਿਸੇ ਤਰ੍ਹਾਂ ਵੀ ਜਾਣਿਆ, ਪਛਾਣਿਆ ਨਹੀਂ ਜਾ ਸਕਦਾ।

ਸਤਿ ਰੂਪ ਸਤਿਨਾਮ ਸਤਿਗੁਰ ਗਿਆਨ ਧਿਆਨ;
ਪੂਰਨ ਬ੍ਰਹਮ ਸਰਬਾਤਮ ਕੈ ਮਾਨੀਐ ॥੬੮॥

ਜੇਕਰ ਸਤਿਗੁਰ = ਸੱਚੇ ਗੁਰੂ ਤੋਂ ਸਤਿਨਾਮ = ਸੱਚਾ ਨਾਮ (ਵਾਹਿਗੁਰੂ ਗੁਰਮੰਤ੍ਰ) ਪ੍ਰਾਪਤ ਕਰ ਕੇ

ਸਤਿ = ਸੱਚ ਰੂਪ = ਸਰੂਪ ਪਰਮੇਸ਼ਰ ਨੂੰ ਗੁਰੂ ਕਿਰਪਾ ਸਦਕਾ ਗਿਆਨ ਦੇ ਸਹਿਤ ਆਪਣੇ ਆਪ ਨੂੰ ਬਣਾ ਕੇ ਉਸ ਦੇ ਧਿਆਨ ਆਸਰੇ ਹੋਣਾ ਕਰੀਏ ਤਾਂ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਨੂੰ ਸਰਬਾਤਮ (ਸਰਬ + ਆਤਮ) ਸਰਬ = ਸਾਰਿਆਂ ਵਿਚ ਆਤਮ = ਆਤਮਾ ਰੂਪ ਕੈ = ਕਰਕੇ ਮਾਨੀਐ = ਮੰਨ, ਭਾਵ ਜਾਣ ਲਈਦਾ ਹੈ ॥੯੮॥

ਪੂਰਨ ਬ੍ਰਹਮ ਗੁਰ ਪੂਰਨ ਸਰਬ-ਮਈ;
ਪੂਰਨ ਕ੍ਰਿਪਾ ਕੈ ਪਰਿਪੂਰਨ ਕੈ ਜਾਨੀਐ ॥

ਪੂਰਨ = ਪਰੀਪੂਰਨ ਬ੍ਰਹਮ = ਪਰਮੇਸ਼ਰ ਦਾ ਸਰੂਪ ਪੂਰਨ = ਪੂਰੇ ਗੁਰ = ਸਤਿਗੁਰੂ ਜੀ ਦੀ ਪੂਰਨ ਕ੍ਰਿਪਾ = ਮਿਹਰ ਕੈ = ਕਰਕੇ ਸਰਬ ਮਈ = ਸਾਰਿਆਂ ਸਰੂਪਾਂ ਵਿਚ ਪਰੀਪੂਰਨ ਭਾਵ ਸਾਰਿਆਂ ਥਾਵਾਂ ਵਿਚ ਵਾਹਿਗੁਰੂ ਨੂੰ ਰਮਿਆ ਹੋਇਆ ਜਾਨੀਐ = ਜਾਣ ਸਕੀਦਾ ਹੈ।

ਦਰਸ ਧਿਆਨ ਲਿਵ ਏਕ ਅਉ ਅਨੇਕ ਮੇਕ;
ਸਬਦ ਬਿਬੇਕ ਟੇਕ ਏਕੈ ਉਰਿ ਆਨੀਐ ॥

ਇਸ ਲਈ ਜਿਸ ਨੇ ਗੁਰ-ਉਪਦੇਸ਼ ਦੁਆਰਾ ਦਰਸ = ਦਰਸ਼ਨਾਂ ਦੇ ਧਿਆਨ ਵਿਚ ਚਿੱਤ ਦੀ ਲਿਵ = ਬਿਰਤੀ ਲਗਾਉਣਾ ਕੀਤੀ ਹੈ ਅਉ = ਅਤੇ ਅਨੇਕ = ਬੇਅੰਤ ਜੀਵਾਂ ਵਿਚ ਏਕ = ਇਕ ਵਾਹਿਗੁਰੂ ਨੂੰ ਮੇਕ = ਮਿਲਿਆ ਹੋਇਆ ਜਾਣਿਆ ਹੈ, ਉਸ ਨੇ ਗੁਰਾਂ ਦੇ ਸਬਦ = ਉਪਦੇਸ਼ ਦੀ ਬਿਬੇਕ = ਵਿਚਾਰ ਦੀ ਟੇਕ = ਓਟ ਲੈ ਕੇ **ਵਾ:** ਏਕੈ = ਇਕ ਪਰਮੇਸ਼ਰ ਨੂੰ ਆਪਣੇ ਉਰਿ = ਹਿਰਦੇ ਦੇ ਵਿਚ ਆਨੀਐ = ਲਿਆਉਣਾ ਕੀਤਾ ਹੈ।

ਦ੍ਰਿਸਟਿ ਦਰਸ ਅਰੁ ਸਬਦ ਸੁਰਤਿ ਮਿਲਿ;
ਪੇਖਤਾ ਬਕਤਾ ਸੋ੍ਤਾ ਏਕੈ ਪਹਿਚਾਨੀਐ ॥

ਜਿਸ ਅਨੁਭਵ ਦੇ ਟਿਕਾਣੇ ਉੱਤੇ ਦ੍ਰਿਸਟਿ = ਦ੍ਰਿਸ਼ਟੀ ਤੇ ਦਰਸ = ਦੀਦਾਰ ਅਰੁ = ਅਤੇ ਸਬਦ = ਉਪਦੇਸ਼ ਤੇ ਸੁਰਤਿ = ਸੁਰਤੀ ਦਾ ਮਿਲਿ = ਮਿਲਣਾ ਹੁੰਦਾ ਹੈ, ਉਸ ਟਿਕਾਣੇ ਤੇ ਪੇਖਤਾ = ਦੇਖਣ ਵਾਲਾ ਬਕਤਾ = ਬੋਲਣ ਵਾਲਾ ਤੇ ਸੋ੍ਤਾ = ਸੁਣਨ ਵਾਲਾ ਇਨ੍ਹਾਂ ਵਿਚ ਗੁਰਮੁਖ ਜਨ ਕੇਵਲ ਏਕੈ = ਇਕ ਚੇਤਨ ਬ੍ਰਹਮ ਦਾ ਸਰੂਪ ਹੀ ਪਹਿਚਾਨੀਐ = ਜਾਣਨਾ ਕਰਦਾ ਹੈ।

ਅਥਵਾ ਗੁਰਮੁਖ ਜਨ ਦ੍ਰਿਸਟਿ = ਨੇਤਰਾਂ ਦੁਆਰਾ ਗੁਰਾਂ ਦੇ ਦਰਸ਼ਨ ਕਰਦਾ ਹੈ ਅਰੁ = ਅਤੇ ਸੁਰਤਿ = ਕੰਨਾਂ ਦੁਆਰਾ ਗੁਰ-ਸ਼ਬਦ ਵਿਚ ਮਿਲਿਆਂ, ਭਾਵ ਗੁਰ-ਸ਼ਬਦ ਨੂੰ ਸੁਣਦਾ ਹੈ ਅਤੇ ਜੋ ਇਕ ਵਾਹਿਗੁਰੂ ਦ੍ਰਿਸ਼ਟਾ ਰੂਪ ਹੋ ਕੇ ਦੇਖਣ ਵਾਲਾ ਤੇ ਬਕਤਾ ਰੂਪ ਹੋ ਕੇ ਬੋਲਣ ਵਾਲਾ ਤੇ ਸੋ੍ਤਾ ਰੂਪ ਹੋ ਕੇ ਸੁਣਨ ਵਾਲਾ ਹੈ, ਉਸ ਪਰਮੇਸ਼ਰ ਵਾਹਿਗੁਰੂ ਨੂੰ ਗੁਰੂ ਸਾਹਿਬ ਦਾ ਆਗਿਆਕਾਰੀ ਗੁਰਮੁਖ ਜਨ ਜਾਣ ਲੈਂਦਾ ਹੈ।

ਸੂਖਮ ਸਥੂਲ ਮੂਲ ਗੁਪਤ ਪ੍ਰਗਟ ਠਟ;
ਨਟ ਵਟ ਸਿਮਰਨ ਮੰਤ੍ਰ ਮਨੁ ਮਾਨੀਐ ॥੯੯॥

ਜੋ ਸੂਖਮ ਸਥੂਲ ਦਾ ਮੂਲ = ਮੁੱਢ ਹੈ, ਉਹ ਪਰਮੇਸਰ ਗੁਪਤ = ਛੁਪ ਕੇ ਤੇ ਪ੍ਰਗਟ = ਪ੍ਰਤੱਖ ਭਾਵ ਅੰਦਰ

ਬਾਹਰ ਵਰਤਣ ਵਾਲਾ ਹੋ ਕੇ, ਠਟ = ਠਾਠ, ਪਸਾਰਾ ਕਰ ਕੇ ਨਟ ਦੀ ਵਟ = ਨਿਆਈਂ ਹੋ ਕੇ (ਪਸਾਰੇ) ਦਾ ਖੇਲ ਖੇਡ ਰਿਹਾ ਹੈ ਭਾਵ ਸਾਰਾ ਕੁਝ ਕਰਦਾ ਹੋਇਆ ਵੀ ਸਾਰਿਆਂ ਤੋਂ ਨਿਆਰਾ ਰਹਿ ਕੇ ਖੇਡ ਖੇਲ ਰਿਹਾ ਹੈ। ਜੇਕਰ ਗੁਰ ਮੰਤ੍ਰ = ਉਪਦੇਸ਼ ਦੁਆਰਾ ਪ੍ਰਭੂ ਨੂੰ ਸਿਮਰਨ = ਯਾਦ ਕਰੀਏ ਤਾਂ ਇਸ ਗੱਲ ਉੱਤੇ ਮਨ ਮਾਨੀਐ = ਮੰਨਦਾ ਹੈ, ਨਿਸਚਾ ਆਉਂਦਾ ਹੈ॥੬੬॥

ਨਹੀ ਦਦਸਾਰ ਪਿਤਾ ਪਿਤਾਮਾ ਪਰ-ਪਿਤਾਮਾ;
ਸਜਨ ਕੁਟੰਬ ਸੁਤ ਬਾਂਧਵ ਨ ਭ੍ਰਾਤਾ ਹੈ॥

ਜਿਸ ਤਰ੍ਹਾਂ ਦਾ ਗੁਰਸਿੱਖੀ, ਸਤਿਸੰਗਤ, ਗੁਰ-ਉਪਦੇਸ਼ ਦਾ ਸੰਬੰਧ ਹੁੰਦਾ ਹੈ, ਇਸ ਤਰ੍ਹਾਂ ਦਾ ਸੰਬੰਧ ਕਿਸੇ ਵੀ ਸੰਬੰਧੀ ਦਾ ਨਹੀਂ ਹੁੰਦਾ, ਅੱਗੇ ਦੱਸਦੇ ਹਨ ਭਾਵੇਂ ਦਦਸਾਰ = ਦਾਦਕੇ ਘਰ ਵਿਚ ਹੋਵੇ, ਭਾਵੇਂ ਪਿਤਾ = ਪਿਉ ਹੋਵੇ, ਭਾਵੇਂ ਪਿਤਾਮਾ = ਦਾਦਾ ਹੋਵੇ, ਭਾਵੇਂ ਪਰਪਿਤਾਮਾ = ਪੜਦਾਦਾ ਹੋਵੇ, ਐਸਾ ਸਤਿਸੰਗਤ ਵਰਗਾ ਕਿਸੇ ਦਾ ਵੀ ਸੰਬੰਧ ਨਹੀਂ ਹੈ, ਨਾ ਹੀ ਸਜਣ = ਮਿੱਤਰ, ਕੁਟੰਬ = ਪਰਿਵਾਰ, ਸੁਤ = ਪੁੱਤਰ, ਬਾਂਧਵ = ਸੰਬੰਧੀ ਤੇ ਭ੍ਰਾਤਾ = ਭਰਾ ਦਾ ਨਾਤਾ ਹੈ।

ਨਹੀ ਨਨਸਾਰ ਮਾਤਾ ਪਰ-ਮਾਤਾ ਬਿਰਧਿ ਪਰ-ਮਾਤਾ,
ਮਾਮੂ ਮਾਮੀ ਮਾਸੀ ਔ ਮੌਸਾ ਬਿਬਿਧ ਬਿਖਾਤਾ ਹੈ॥

ਇਸੇ ਤਰ੍ਹਾਂ ਨਹੀ = ਨਾ ਹੀ ਨਨਸਾਰ = ਨਾਨਕੇ ਘਰ, ਨਾ ਹੀ ਮਾਤਾ ਦਾ, ਨਾ ਹੀ ਪਰਮਾਤਾ = ਨਾਨੀ ਦਾ, ਨਾ ਹੀ ਬਿਰਧਿ = ਵੱਡੀ ਪਰਮਾਤਾ = ਨਾਨੀ, ਭਾਵ ਪੜਨਾਨੀ ਦਾ ਨਾਤਾ ਹੈ, ਨਾ ਹੀ ਮਾਮੂ = ਮਾਮੇ ਦਾ, ਨਾ ਹੀ ਮਾਮੀ ਦਾ, ਨਾ ਹੀ ਮਾਸੀ ਦਾ ਔ = ਅਤੇ ਨਾ ਹੀ ਮੌਸਾ = ਮਾਸੜ ਦਾ ਹੈ, ਇਉਂ ਜੋ ਬਿਬਿਧ = ਬਹੁਤ ਤਰ੍ਹਾਂ ਦੇ ਹੋਰ ਵੀ ਬਿਖਾਤਾ = ਪ੍ਰਸਿੱਧ ਸਾਕ-ਸੰਬੰਧ ਮੰਨੇ ਹਨ, ਉਹ ਸਾਰੇ ਹੀ ਗੁਰਸਿੱਖੀ, ਸਤਿਸੰਗਤ ਦੇ ਨਾਤੇ ਵਰਗੇ ਨਹੀਂ ਹਨ।

ਨਹੀ ਸਸੁਰਾਰ ਸਾਸੁ ਸਸੁਰਾ ਸਾਰੋ ਅਉ ਸਾਰੀ;
ਨਹੀ ਬਿਰਤੀਸੁਰ ਮੈ ਜਾਚਿਕ ਨ ਦਾਤਾ ਹੈ॥

ਇਸੇ ਤਰ੍ਹਾਂ ਸਸੁਰਾਰ = ਸਹੁਰੇ ਘਰ ਵਿਚ ਵੀ ਅਜਿਹਾ ਸੰਬੰਧ ਨਹੀਂ ਹੈ, ਭਾਵੇਂ ਉਹ ਸਾਸੁ = ਸੱਸ ਹੋਵੇ, ਭਾਵੇਂ ਸਸੁਰਾ = ਸਹੁਰਾ ਹੋਵੇ, ਭਾਵੇਂ ਸਾਰੋ = ਸਾਲਾ ਹੋਵੇ ਅਉ = ਅਤੇ ਭਾਵੇਂ ਸਾਰੀ = ਸਾਲੀ ਹੋਵੇ ਅਤੇ ਬਿਰਤੀਸੁਰ = ਪਰੋਹਿਤਾਂ ਸਾਰਿਆਂ ਵਿੱਚੋਂ ਕੋਈ ਵੀ ਅਜਿਹਾ ਨਹੀਂ ਹੈ ਕਿਉਂਕਿ ਜਿਤਨਾ ਚਿਰ ਪਰੋਹਿਤਾਂ ਨੂੰ ਕੁਝ ਮਿਲਦਾ ਰਹਿੰਦਾ ਹੈ, ਉਤਨਾ ਚਿਰ ਹੀ ਰਾਜ਼ੀ ਰਹਿੰਦੇ ਹਨ, ਨਹੀਂ ਤਾਂ ਚੰਗੀ ਤਰ੍ਹਾਂ ਬੋਲਦੇ ਵੀ ਨਹੀਂ ਹਨ ਅਤੇ ਜਾਚਿਕ = ਮੰਗਤੇ ਵੀ ਅਜਿਹੇ ਨਹੀਂ ਹਨ, ਕਿਉਂਕਿ ਜਿਤਨਾ ਚਿਰ ਮੰਗਤਿਆਂ ਨੂੰ ਕੁਝ ਮਿਲਦਾ ਰਹੇ, ਉਤਨਾ ਚਿਰ ਅਸੀਸਾਂ ਦਿੰਦੇ ਹਨ, ਜੇ ਕੁਝ ਨਾ ਮਿਲੇ ਤਾਂ ਫਿਰ ਕਹਿੰਦੇ ਹਨ ਇਹ ਤਾਂ ਸਾਡੇ ਤੋਂ ਵੀ ਮਾੜਾ ਹੈ ਅਤੇ ਦਾਤਾ = ਦਾਨ ਦੇਣ ਵਾਲਿਆਂ ਵਿਚ ਵੀ ਅਜਿਹਾ ਨਾਤਾ ਨਹੀਂ ਹੈ, ਜੈਸਾ ਸਤਿਸੰਗਤ, ਗੁਰਾਂ ਦੇ ਸੰਗ ਦਾ, ਗੁਰਸਿੱਖੀ ਦਾ ਨਾਤਾ ਹੈ।

ਅਸਨ ਬਸਨ ਧਨ ਧਾਮ ਕਾਹੂ ਮੈ ਨ ਦੇਖਿਓ;
ਜੈਸਾ ਗੁਰਸਿਖ ਸਾਧਸੰਗਤਿ ਕੋ ਨਾਤਾ ਹੈ ॥੧੦੦॥

ਇਸੇ ਤਰ੍ਹਾਂ ਅਸਨ = ਖਾਣ ਪੀਣ ਵਾਲੇ ਪਦਾਰਥ, ਬਸਨ = ਪਹਿਨਣੇ ਯੋਗ ਬਸਤਰ ਆਦਿ ਧਨ = ਦੌਲਤ, ਸੁੰਦਰ ਧਾਮ = ਘਰ ਆਦਿ ਕਾਹੂ = ਕਿਸੇ ਮੈ = ਵਿਚ ਵੀ ਜਿਹਾ ਨਾਤਾ ਦੇਖਿਓ = ਦੇਖਿਆ ਨ = ਨਹੀਂ ਜਾਂਦਾ, ਜੈਸਾ = ਜਿਸ ਤਰ੍ਹਾਂ ਦਾ ਗੁਰਸਿਖ = ਗੁਰੂ ਦੇ ਸਿੱਖ ਕੋ = ਦਾ ਸਾਧਸੰਗਤਿ = ਸਤਿਸੰਗਤ ਨਾਲ ਨਾਤਾ = ਸੰਬੰਧ ਹੁੰਦਾ ਹੈ ॥੧੦੦॥

ਜੈਸੇ ਮਾਤ ਪਿਤਾ ਪ੍ਰਤਿਪਾਲਤ ਅਨੇਕ ਸੁਤ;
ਅਨਿਕ ਸੁਤਨ ਪੈ ਨ ਤੈਸੇ ਹੁਇ ਆਵਈ ॥

ਜੈਸੇ = ਜਿਸ ਪ੍ਰਕਾਰ ਮਾਤ = ਮਾਂ ਪਿਤਾ = ਪਿਉ ਅਨੇਕ = ਬਹੁਤੇ ਸੁਤ = ਪੁੱਤਰਾਂ ਦੇ ਪ੍ਰਤਿਪਾਲਤ (ਪ੍ਰਤਿ + ਪਾਲਤ) ਪ੍ਰਤਿ = ਤਾਈਂ ਅੰਨ, ਬਸਤਰ ਆਦਿਕ ਵਸਤੂਆਂ ਨਾਲ ਪਾਲਤ = ਪਾਲਣਾ ਕਰਦੇ ਹਨ, ਪਰੰਤੂ ਦੁੱਖ ਦੀ ਗੱਲ ਹੈ ਕਿ ਅਨਿਕ = ਬਹੁਤੇ ਸੁਤਨ = ਪੁੱਤਰਾਂ ਦੇ ਪੈ = ਕੋਲੋਂ ਆਪਣੇ ਮਾਂ ਪਿਉ ਦੀ ਤੈਸੇ = ਉਸੇ ਤਰ੍ਹਾਂ ਦੇਖ ਭਾਲ ਹੁਇ = ਹੋ ਨ = ਨਹੀਂ ਆਵਈ = ਆਉਂਦੀ, ਜਿਵੇਂ ਮਾਂ ਪਿਉ ਨੇ ਕੀਤੀ ਸੀ।

ਜੈਸੇ ਮਾਤ ਪਿਤਾ ਚਿਤ ਚਾਹਤ ਹੈ ਸੁਤਨ ਕਉ;
ਤੈਸੇ ਨ ਸੁਤਨ ਚਿਤ ਚਾਹ ਉਪਜਾਵਈ ॥

ਜੈਸੇ = ਜਿਸ ਪ੍ਰਕਾਰ ਮਾਤ = ਮਾਂ ਪਿਤਾ = ਪਿਉ ਚਿੱਤ ਕਰਕੇ ਆਪਣੇ ਸੁਤਨ = ਪੁੱਤਰਾਂ ਕਉ = ਨੂੰ ਚਾਹਤ = ਚਾਹੁੰਦੇ ਹੈ = ਹਨ, ਭਾਵ ਸਨੇਹ ਕਰਦੇ ਹਨ, ਤੈਸੇ = ਉਸੇ ਤਰ੍ਹਾਂ ਸੁਤਨ = ਪੁੱਤਰਾਂ ਦੇ ਚਿੱਤ ਵਿਚ ਚਾਹ = ਚਾਹਨ ਭਾਵ ਪ੍ਰੇਮ ਦੀ ਖਿੱਚ ਨ = ਨਹੀਂ ਉਪਜਾਵਈ = ਪੈਦਾ ਹੁੰਦੀ।

ਜੈਸੇ ਮਾਤ ਪਿਤਾ ਸੁਤ ਸੁਖ ਦੁਖ ਸੋਗਾਨੰਦ;
ਸੁਖ ਦੁਖ ਮੈ ਨ ਤੈਸੇ ਸੁਤ ਠਹਿਰਾਵਈ ॥

ਜੈਸੇ = ਜਿਸ ਤਰ੍ਹਾਂ ਮਾਤ = ਮਾਂ, ਪਿਤਾ = ਪਿਉ ਸੁਤ = ਪੁੱਤਰ ਦੇ ਸੁਖ ਵਿਚ ਸੋਗਾਨੰਦ (ਸੋਗ + ਅਨੰਦ) ਅਨੰਦ = ਪ੍ਰਸੰਨ ਤੇ ਪੁੱਤਰ ਦੇ ਦੁੱਖ ਵਿਚ ਸੋਗ = ਗ਼ਮ ਦੇ ਸਹਿਤ ਹੁੰਦੇ ਹਨ, ਤੈਸੇ = ਉਸ ਤਰ੍ਹਾਂ ਸੁਤ = ਪੁੱਤਰ ਆਪਣੇ ਮਾਂ-ਪਿਉ ਦੇ ਸੁਖ ਦੁੱਖ ਮੈ = ਵਿਚ ਆਪਣੇ ਅੰਦਰ ਖ਼ੁਸ਼ੀ ਤੇ ਗ਼ਮੀ ਨੂੰ ਠਹਿਰਾਵਈ = ਠਹਿਰਾਉਣਾ, ਲਿਆਉਣਾ ਨ = ਨਹੀਂ ਕਰਦੇ।

ਜੈਸੇ ਮਨ ਬਚ ਕ੍ਰਮ ਸਿਖਨ ਲਡਾਵੈ ਗੁਰ;
ਤੈਸੇ ਗੁਰ ਸੇਵਾ ਗੁਰਸਿਖ ਨ ਹਿਤਾਵਈ ॥੧੦੧॥

ਜੈਸੇ = ਜਿਸ ਪ੍ਰਕਾਰ ਗੁਰ = ਸਤਿਗੁਰੂ ਸਾਹਿਬ ਜੀ ਆਪਣੇ ਸਿਖਨ = ਗੁਰਸਿੱਖਾਂ ਨੂੰ ਮਨ, ਬਚ = ਬਾਣੀ, ਕ੍ਰਮ = ਸਰੀਰ ਕਰਕੇ ਲਡਾਵੈ = ਲਾਡ ਲਡਾਉਣਾ ਕਰਦੇ ਹਨ, ਭਾਵ ਗੁਰੂ ਮਨ ਕਰਕੇ ਸਿੱਖਾਂ ਦਾ ਹਿੱਤ ਚਿਤਾਰਦੇ ਹਨ, ਬਾਣੀ ਕਰਕੇ ਬੇਅੰਤ ਪ੍ਰਕਾਰ ਦੇ ਦ੍ਰਿਸ਼ਟਾਂਤ ਤੇ ਦਾ ਦ੍ਰਿਸ਼ਟਾਂਤ ਦੇ ਕੇ ਸਿੱਖਾਂ ਨੂੰ ਉਪਦੇਸ਼ ਦਿੰਦੇ ਹਨ ਤੇ ਆਪਣੇ ਸਰੀਰ 'ਤੇ ਕਸ਼ਟ ਸਹਾਰ ਕੇ ਗੁਰਸਿੱਖਾਂ ਦਾ, ਸੰਸਾਰ ਦਾ ਭਲਾ ਕਰਦੇ ਹਨ, ਜਿਵੇਂ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ ਦੇ ਕੇ ਸਿੱਖਾਂ ਦਾ ਭਲਾ ਕੀਤਾ, ਤੈਸੇ = ਉਸੇ ਤਰ੍ਹਾਂ ਮਨ, ਬਾਣੀ, ਸਰੀਰ ਕਰਕੇ ਗੁਰ = ਸਤਿਗੁਰੂ ਸਾਹਿਬ ਜੀ ਦੀ ਭਗਤੀ ਰੂਪ ਸੇਵਾ = ਟਹਿਲ ਗੁਰਸਿੱਖ ਆਪਣੇ ਹਿਤਾਵਈ = ਹਿੱਤ ਵਿਚ ਨਹੀਂ ਲਿਆਉਂਦੇ ਹਨ, ਭਾਵ ਮਨ, ਬਾਣੀ, ਸਰੀਰ ਕਰਕੇ ਸੇਵਾ ਨਹੀਂ ਕਰਦੇ ॥੧੦੧॥

ਅੱਗੇ ਹੋਰ ਦ੍ਰਿਸ਼ਟਾਂਤ ਦਿੰਦੇ ਹਨ :

ਜੈਸੇ ਕਛਪ ਧਰਿ ਧਿਆਨ ਸਾਵਧਾਨ ਕਰੈ;
ਤੈਸੇ ਮਾਤ ਪਿਤਾ ਪ੍ਰੀਤਿ ਸੁਤੁ ਨ ਲਗਾਵਈ ॥

ਜੈਸੇ = ਜਿਸ ਪ੍ਰਕਾਰ ਕਛਪ = ਕੱਛੂ ਕੁੰਮੀ ਬਰੇਤੀ ਵਿਚ ਬੱਚੇ ਪੈਦਾ ਕਰ ਕੇ ਧਿਆਨ = ਖ਼ਿਆਲ ਧਰਿ = ਧਾਰ ਧਾਰ ਕੇ ਹੀ ਉਨ੍ਹਾਂ ਨੂੰ ਸਾਵਧਾਨ = ਸਚੇਤਨ ਬਣਾ ਲੈਣਾ ਕਰੈ = ਕਰਦੀ ਹੈ, ਭਾਵ ਕੱਛੂ ਕੁੰਮੀ ਆਪ ਪਾਣੀ ਵਿਚ ਰਹਿੰਦੀ ਹੈ ਤੇ ਬਰੇਤੀ 'ਤੇ ਆਂਡੇ ਦੇ ਕਰਕੇ ਉਥੇ ਛੱਡ ਦਿੰਦੀ ਹੈ, ਪਰ ਖ਼ਿਆਲ ਬੱਚਿਆਂ ਵਿਚ ਹੀ ਰੱਖਦੀ ਹੈ ਤੇ ਉਸ ਦੇ ਖ਼ਿਆਲ ਰੱਖਣ ਨਾਲ ਬੱਚੇ ਪਲਦੇ ਰਹਿੰਦੇ ਹਨ, ਪਰ ਉਹ ਸੁਤ = ਬੱਚੇ ਤੈਸੇ = ਉਸੇ ਤਰ੍ਹਾਂ ਹੀ ਆਪਣੇ ਮਾਤ = ਮਾਂ ਪਿਤਾ = ਪਿਉ ਨਾਲ ਪ੍ਰੀਤਿ = ਪ੍ਰੀਤੀ ਨ = ਨਹੀਂ ਲਗਾਵਈ = ਲਗਾਉਣਾ ਕਰਦੇ।

ਜੈਸੇ ਸਿਮਰਨ ਕਰਿ ਕੁੰਜ ਪਰਪਕ ਕਰੈ;
ਤੈਸੇ ਸਿਮਰਨ ਸੁਤ ਪੈ ਨ ਬਨਿ ਆਵਈ ॥

ਜੈਸੇ = ਜਿਸ ਪ੍ਰਕਾਰ ਕੂੰਜ ਪ੍ਰਦੇਸ ਵਿਚ ਗਈ ਹੋਈ ਸਿਮਰਨ = ਯਾਦ ਕਰ ਕਰ ਕੇ ਆਪਣੇ ਬੱਚਿਆਂ ਨੂੰ ਪਰਪਕ = ਚੰਗੀ ਤਰ੍ਹਾਂ ਹਜ਼ਾਰਾਂ ਕੋਹਾਂ ਦੀ ਉਡਾਰੀ ਮਾਰਨ ਲਈ ਸਮਰੱਥ ਬਣਾ ਲਿਆ ਕਰੈ = ਕਰਦੀ ਹੈ, ਭਾਵ ਜਿਵੇਂ ਕੂੰਜ ਆਪਣੇ ਨਿੱਕੇ ਨਿੱਕੇ ਬੱਚਿਆਂ ਨੂੰ ਛੱਡ ਕੇ ਪ੍ਰਦੇਸ ਵਿਚ ਚਲੀ ਜਾਂਦੀ ਹੈ ਅਤੇ ਹਰ ਸਮੇਂ ਬੱਚਿਆਂ ਨੂੰ ਯਾਦ ਕਰਦੀ ਹੈ ਤੇ ਉਹ ਪਿੱਛੇ ਪਲਦੇ ਰਹਿੰਦੇ ਹਨ, ਤੈਸੇ = ਉਸੇ ਤਰ੍ਹਾਂ ਉਨ੍ਹਾਂ ਦੇ ਸੁਤ = ਪੁੱਤਰਾਂ ਪੈ = ਕੋਲੋਂ ਮਾਂ ਪਿਉ ਦੀ ਸਿਮਰਨ = ਚਿਤਵਣੀ ਨ = ਨਹੀਂ ਬਣ ਆਵਈ = ਆਉਂਦੀ, ਭਾਵ ਬੱਚੇ ਆਪਣੇ ਮਾਂ-ਪਿਉ ਵਾਂਗੂ ਦਿਲ ਵਿਚ ਯਾਦ ਨਹੀਂ ਕਰਦੇ।

ਜੈਸੇ ਗਊ ਬਛਰਾ ਕਉ ਦੁਗਧ ਪੀਆਇ ਪੋਖੈ;
ਤੈਸੇ ਬਛਰਾ ਨ ਗਊ ਪ੍ਰੀਤਿ ਹਿਤੁ ਲਾਵਈ ॥

ਜੈਸੇ = ਜਿਸ ਪ੍ਰਕਾਰ ਗਊ = ਗਾਂ ਆਪਣੇ ਬਛਰਾ = ਵੱਛੇ ਕਉ = ਨੂੰ ਦੁਗਧ = ਦੁੱਧ ਪੀਆਇ = ਪਿਆ ਪਿਆ ਕੇ ਪੋਖੈ = ਪਾਲਦੀ ਹੈ, ਤੈਸੇ = ਉਸੇ ਤਰ੍ਹਾਂ ਬਛਰਾ = ਵੱਛਾ, ਭਾਵ ਗਾਂ ਦੀ ਸੰਤਾਨ ਆਪਣੀ ਮਾਂ ਗਊ = ਗਾਂ ਨਾਲ ਪ੍ਰੀਤਿ = ਪ੍ਰੀਤੀ ਦੇ ਸਹਿਤ ਹਿਤੁ = ਨੇਹ ਨ = ਨਹੀਂ ਲਾਵਈ = ਲਾਉਂਦਾ।

ਜੈਸੇ ਗਿਆਨ ਧਿਆਨ ਸਿਮਰਨ ਗੁਰਸਿਖ ਪ੍ਰਤਿ;
ਤੈਸੇ ਕੈਸੇ ਸਿਖ ਗੁਰ ਸੇਵਾ ਠਹਿਰਾਵਈ ॥੧੦੨॥

ਜੈਸੇ = ਜਿਸ ਤਰ੍ਹਾਂ ਗੁਰੂ ਸਾਹਿਬ ਜੀ ਆਪਣੇ ਗੁਰਸਿਖ ਪ੍ਰਤਿ = ਤਾਈਂ ਪਰਮੇਸ਼ਰ ਦੇ ਸਰੂਪ ਦਾ ਗਿਆਨ ਕਰਾਉਣ ਲਈ, ਉਸ ਵਿਚ ਧਿਆਨ ਲਗਾਉਣ ਲਈ ਅਤੇ ਉਸ ਨੂੰ ਇਕਾਗਰ ਚਿੱਤ ਹੋ ਕੇ ਸਿਮਰਨ = ਯਾਦ ਕਰਨ ਦਾ ਉਪਦੇਸ਼ ਦਿੰਦੇ ਹਨ, ਭਾਵ ਬੜੀ ਲਗਨ ਦੇ ਸਹਿਤ ਗਿਆਨ, ਧਿਆਨ, ਸਿਮਰਨ ਦਾ ਉਪਦੇਸ਼

ਦਿੰਦੇ ਹਨ, ਪਰ ਸਿੱਖ ਤੈਸੇ = ਉਸੇ ਤਰ੍ਹਾਂ ਗੁਰ = ਸਤਿਗੁਰੂ ਸਾਹਿਬ ਜੀ ਦੀ ਸੇਵਾ = ਟਹਿਲ ਕੈਸੇ = ਕਿਸ ਤਰ੍ਹਾਂ ਆਪਣੇ ਹਿਰਦੇ ਵਿਚ ਠਹਿਰਾਵਈ = ਠਹਿਰਾ ਸਕਦੇ ਹਨ, ਭਾਵ ਗੁਰੂ ਵਾਂਗ ਗੁਰਸਿੱਖ ਗੁਰੂ ਦੀ ਆਗਿਆ ਮੰਨਣ ਰੂਪ ਟਹਿਲ ਪੂਰਨ ਤੌਰ ਵਿਚ ਨਹੀਂ ਕਰ ਸਕਦਾ ॥੧੦੨॥

ਅੱਗੇ ਭਾਈ ਗੁਰਦਾਸ ਜੀ ਗੁਰੂ ਦੇ ਨਾਲ ਪੂਰਨ ਸਨੇਹ ਵਾਲੇ ਗੁਰਸਿੱਖਾਂ ਬਾਬਤ ਕਥਨ ਕਰਦੇ ਹਨ :

ਜੈਸੇ ਮਾਤ ਪਿਤਾ ਕੇਰੀ ਸੇਵਾ ਸਰਵਨ ਕੀਨੀ;
ਸਿਖ ਬਿਰਲੋ ਈ ਗੁਰ ਸੇਵਾ ਠਹਿਰਾਵਈ ॥

ਜੈਸੇ = ਜਿਸ ਤਰ੍ਹਾਂ ਅੰਧੁਲੇ ਮਾਤ = ਮਾਂ, ਪਿਤਾ = ਪਿਉ ਕੇਰੀ = ਦੀ ਸੇਵਾ = ਟਹਿਲ (ਦੇਖ ਭਾਲ) ਸਰਵਨ ਨੇ ਆਪਣੇ ਅਖ਼ੀਰਲੇ ਸੁਆਸਾਂ ਤਕ ਕੀਨੀ = ਕੀਤੀ ਸੀ, ਈ = ਇਹੋ ਜਿਹੀ ਗੁਰੂ ਦੀ ਸੇਵਾ = ਟਹਿਲ ਸਭ ਕੁਝ ਗੁਰੂ ਨੂੰ ਅਰਪਨ ਕਰ ਕੇ ਕੋਈ ਬਿਰਲੋ = ਟਾਵਾਂ-ਟਾਵਾਂ ਸਿੱਖ ਹੀ ਆਪਣੇ ਹਿਰਦੇ ਵਿਚ ਠਹਿਰਾਵਈ = ਠਹਿਰਾਉਂਦਾ ਹੈ, ਭਾਵ ਨਿਸ਼ਚੇ ਵਿਚ ਲਿਆਉਂਦਾ ਹੈ।

ਜੈਸੇ ਲਛਮਨ ਰਘੁਪਤਿ ਭਾਇ ਭਗਤਿ ਮੈ;
ਕੋਟਿ ਮਧੇ ਕਾਹੂ ਗੁਰ ਭਾਈ ਬਨਿ ਆਵਈ ॥

ਜੈਸੇ = ਜਿਸ ਪ੍ਰਕਾਰ ਲਛਮਣ ਨੇ ਰਘੁਪਤਿ = ਸ੍ਰੀ ਰਾਮਚੰਦਰ ਆਪਣੇ ਭਾਇ = ਭਰਾਤਾ ਦੀ ਭਗਤਿ = ਭਗਤੀ ਕੀਤੀ **ਵਾ:** ਸ੍ਰੀ ਰਾਮਚੰਦਰ ਜੀ ਦੀ ਸੇਵਾ ਤੇ ਭਾਇ ਭਗਤਿ = ਪ੍ਰੇਮਾ-ਭਗਤੀ ਅੱਗੇ ਇਹ ਲਛਮਣ ਹੀ ਆਪਣੇ ਭਰਾਵਾਂ ਮੈ = ਵਿੱਚੋਂ ਨਿੱਤਰਿਆ ਸੀ, ਭਾਵ ਸਾਰੇ ਭਰਾਵਾਂ ਵਿੱਚੋਂ ਇਕ ਲਛਮਣ ਹੀ ਦੁੱਖ ਵੇਲੇ ਸ੍ਰੀ ਰਾਮਚੰਦਰ ਜੀ ਦੇ ਕੰਮ ਆਇਆ ਸੀ, ਅਜਿਹਾ ਗੁਰ ਭਾਈਆਂ ਨਾਲ ਸਨੇਹ ਕਰਨ ਵਾਲਾ ਕੋਈ ਨਹੀਂ ਹੈ, ਜਿਹੋ ਜਿਹਾ ਲਛਮਣ ਨੇ ਕੀਤਾ ਸੀ, ਕੋਟਿ = ਕਰੋੜਾਂ ਮਧੇ = ਵਿੱਚੋਂ ਕਾਹੂ = ਕੋਈ ਵਿਰਲਾ ਹੀ ਹੋਵੇਗਾ ਜੋ ਕਿ ਗੁਰ ਭਾਈਆਂ ਦੀ ਗੁਰ ਭਾਈਆਂ ਨਾਲ ਬਣ ਆਵਈ = ਆਉਂਦੀ ਹੋਵੇਗੀ, ਭਾਵ ਲਛਮਣ ਦੇ ਵਾਂਗ ਸ੍ਰੀ ਰਾਮਚੰਦਰ ਜੀ ਦੀ ਟਹਿਲ ਵਿਚ ਹਰ ਵਕਤ ਰਹਿਣ ਵਾਲਾ ਗੁਰ ਭਾਈਆਂ ਦਾ ਗੁਰ ਭਾਈ ਵੀ ਕੋਈ ਟਾਵਾਂ ਹੀ ਹੋਵੇਗਾ **ਵਾ:** ਕੋਟਿ = ਕਰੋੜਾਂ ਮਧੇ = ਵਿੱਚੋਂ ਕੋਈ ਅਜਿਹਾ ਗੁਰ ਭਾਈ = ਗੁਰਸਿੱਖ ਹੋਵੇਗਾ, ਜਿਸ ਕੋਲੋਂ ਆਪਣੇ ਗੁਰ ਭਾਈਆਂ ਭਾਵ ਗੁਰਸਿੱਖਾਂ ਦੇ ਉੱਤੇ ਤਨ, ਮਨ, ਧਨ ਭੇਂਟ ਕਰ ਦੇਣ ਦਾ ਸੁਭਾਗ ਬਣ ਆਉਂਦਾ ਹੋਵੇਗਾ।

ਜੈਸੇ ਜਲ ਬਰਨ ਬਰਨ ਸਰਬੰਗ ਰੰਗ;
ਬਿਰਲੋ ਬਿਬੇਕੀ ਸਾਧ ਸੰਗਤਿ ਸਮਾਵਈ ॥

ਜੈਸੇ = ਜਿਸ ਪ੍ਰਕਾਰ ਜਲ = ਪਾਣੀ ਬਰਨ ਬਰਨ = ਰੰਗਾਂ ਰੰਗਾਂ ਦਾ, ਭਾਵ ਜਿਹੋ ਜਿਹਾ ਰੰਗ ਪਾਣੀ ਵਿਚ ਮਿਲ ਕੇ ਬਣ ਜਾਵੇ, ਉਸੇ ਤਰ੍ਹਾਂ ਸਰਬੰਗ = ਸਾਰਿਆਂ ਰੰਗਾਂ ਦਾ ਹੀ ਹੋ ਜਾਇਆ ਕਰਦਾ ਹੈ, ਇਹੋ ਜਿਹਾ ਬਿਰਲੋ = ਟਾਵਾਂ ਹੀ ਕੋਈ ਬਿਬੇਕੀ = ਗਿਆਨਵਾਨ, ਵਿਚਾਰਵਾਨ ਸਿੱਖ ਹੁੰਦਾ ਹੈ, ਜੋ ਸਰਬੰਗ ਸਰੂਪੀ ਸਾਧ = ਸ੍ਰੇਸ਼ਟ ਜਨਾਂ ਦੀ ਸੰਗਤ ਵਿਚ ਸਮਾਵਈ = ਸਮਾਅ ਜਾਂਦਾ ਹੈ।

ਗੁਰ ਸਿਖ ਸੰਧਿ ਮਿਲੇ ਬੀਸ ਇਕ-ਈਸ ਈਸ;
ਪੂਰਨ ਕ੍ਰਿਪਾ ਕੈ ਕਾਹੂ ਅਲਖ ਲਖਾਵਈ ॥੧੦੩॥

ਗੁਰੂ ਤੇ ਸਿੱਖ ਦੇ ਸੰਧਿ = ਮਿਲਾਪ ਵਿਚ ਮਿਲੇ = ਮਿਲਣੇ ਕਰਕੇ ਸਿੱਖ ਬੀਸ = ਵੀਹਾਂ ਦੇ ਵਰਤਾਰੇ ਤੋਂ ਉੱਪਰ ਉੱਠ ਕੇ ਇਕ ਈਸ = ਇੱਕੀਸਵੇਂ (ਇਕ + ਈਸਵੇਂ) ਇਕ ਮਾਤਰ ਈਸਵੇ = ਈਸ਼ਵਰ ਈਸ = ਪਰਮੇਸ਼ਰ ਵਿਚ ਅਭੇਦ ਹੋ ਜਾਵੇ, ਭਾਵ ਇਸ ਸੰਸਾਰ ਵਿਚ ਜੀਵਨ ਮੁਕਤੀ ਦੀ ਪ੍ਰਾਪਤੀ ਅਤੇ ਸਰੀਰ ਤਿਆਗਣ ਤੋਂ ਬਾਅਦ ਵਿਦੇਹ ਮੁਕਤੀ ਪ੍ਰਾਪਤ ਕਰ ਲਵੇਗਾ, ਪਰੰਤੂ ਐਸੀ ਅਮੋਲਕ ਵਸਤੂ ਦੀ ਦਾਤ ਸਤਿਗੁਰੂ ਜੀ ਪੂਰਨ ਕ੍ਰਿਪਾ = ਮਿਹਰ ਕੈ = ਕਰਕੇ ਹੀ ਕਾਹੂ = ਕਿਸੇ ਵਿਰਲੇ ਨੂੰ ਇਸ ਅਲਖ = ਲਖਣ ਤੋਂ ਰਹਿਤ ਅਵਸਥਾ ਨੂੰ ਲਖਾਵਈ = ਲਖਾ ਦੇਣਾ ਕਰਦੇ ਹਨ ॥੧੦੩॥

ਅਗਲੇ ਕਬਿੱਤ ਵਿਚ ਜੀਵਨ ਮੁਕਤ ਦੀ ਪ੍ਰਾਪਤੀ ਵਾਲੇ ਗੁਰਸਿੱਖਾਂ ਦੀ ਵਰਤਮਾਨ ਦਸ਼ਾ ਬਾਬਤ ਦੱਸਦੇ ਹਨ :

ਲੋਚਨ ਧਿਆਨ ਸਮ ਲੋਸਟ ਕਨਿਕ ਤਾ ਕੈ;
ਸ੍ਰਵਨ ਉਸਤਤਿ ਨਿੰਦਾ ਸਮਸਰਿ ਜਾਨੀਐ ॥

ਤਾ = ਤਿਨ੍ਹਾਂ ਗੁਰਮੁਖ ਜਨਾਂ ਕੈ = ਦੇ ਲੋਚਨ = ਨੇਤਰ ਲੋਸਟ = ਲੋਹੇ ਤੇ ਕਨਿਕ = ਸੋਨੇ ਨੂੰ ਸਮ = ਬਰਾਬਰ ਹੀ ਧਿਆਨ = ਖ਼ਿਆਲ ਵਿਚ ਲਿਆਉਣਾ ਕਰਦੇ ਹਨ, ਭਾਵ ਲੋਹੇ ਤੇ ਸੋਨੇ ਨੂੰ ਇਕ-ਸਮਾਨ ਹੀ ਸਮਝਦੇ ਹਨ ਅਤੇ ਸ੍ਰਵਨ = ਕੰਨ ਉਸਤਤਿ = ਕੀਰਤੀ ਤੇ ਨਿੰਦਾ = ਅਪਕੀਰਤੀ ਨੂੰ ਇਕ ਸਮਸਰਿ = ਬਰਾਬਰ ਜਾਨੀਐ = ਜਾਣਿਆ ਕਰਦੇ ਹਨ, ਭਾਵ ਉਹ ਕੰਨਾਂ ਵਿਚ ਉਸਤਤੀ ਦੇ ਸ਼ਬਦ ਸੁਣ ਕੇ ਬਹੁਤੇ ਖ਼ੁਸ਼ ਨਹੀਂ ਹੁੰਦੇ ਕਿ ਮੇਰੀ ਬਹੁਤ ਉਸਤਤੀ ਹੋ ਰਹੀ ਹੈ ਤੇ ਆਪਣੀ ਨਿੰਦਿਆ ਸੁਣ ਕੇ ਕਿਸੇ 'ਤੇ ਗ਼ੁੱਸਾ ਨਹੀਂ ਕਰਦੇ।

ਨਾਸਕਾ ਸੁਗੰਧ ਬਿਰਗੰਧ ਸਮ ਤੁਲਿ ਤਾ ਕੈ;
ਰਿਦੈ ਮਿਤ੍ਰ ਸਤ੍ਰੂ ਸਮਸਰਿ ਉਨਮਾਨੀਐ ॥

ਤਾ = ਉਨ੍ਹਾਂ ਗੁਰਮੁਖ ਜਨਾ ਕੈ = ਦੇ ਨਾਸਕਾ = ਨੱਕ ਵੀ ਸੁਗੰਧ = ਸੋ਼ਸ਼ਟ ਵਾਸਨਾ ਵਾਲੀ ਵਸਤੂ ਅਤੇ ਬਿਰਗੰਧ = ਦੁਰਗੰਧਤਾ ਵਾਲੀ ਵਸਤੂ ਨੂੰ ਸਮ ਤੁਲਿ = ਇਕ ਬਰਾਬਰ ਹੀ ਤੋਲਿਆ ਕਰਦੇ ਹਨ, ਭਾਵ ਸੁਗੰਧੀ ਆਉਣ 'ਤੇ ਪ੍ਰਸੰਨ ਨਹੀਂ ਹੁੰਦੇ ਤੇ ਦੁਰਗੰਧੀ ਆਉਣ 'ਤੇ ਨਰਾਜ਼ ਨਹੀਂ ਹੁੰਦੇ ਅਤੇ ਰਿਦੈ = ਹਿਰਦੇ ਵਿਚ ਮਿਤ੍ਰ = ਮਿੱਤਰ ਤੇ ਸਤ੍ਰੂ = ਦੁਸ਼ਮਣ ਨੂੰ ਸਮਸਰਿ = ਇਕ ਸਮਾਨ ਉਨਮਾਨੀਐ = ਵਿਚਾਰਨਾ ਕਰਦੇ ਹਨ, ਭਾਵ ਮਿੱਤਰ ਨਾਲ ਸਨੇਹ ਨਹੀਂ ਕਰਦੇ, ਦੁਸ਼ਮਣ ਨਾਲ ਦ੍ਵੈਸ਼ ਨਹੀਂ ਕਰਦੇ, ਸਮ ਬਿਰਤੀ ਰੱਖਦੇ ਹਨ।

ਰਸਨ ਸੁਆਦ ਬਿਖ ਅੰਮ੍ਰਿਤੁ ਸਮਾਨ ਤਾ ਕੈ;
ਕਰ ਸਪਰਸ ਜਲ ਅਗਨਿ ਸਮਾਨੀਐ ॥

ਤਾ = ਉਨ੍ਹਾਂ ਦੀ ਰਸਨ = ਜਿਹਬਾ ਕੈ = ਦੇ ਉੱਪਰ ਬਿਖ = ਜ਼ਹਿਰ ਵਤ ਕੌੜੇ ਤੇ ਅੰਮ੍ਰਿਤ ਵਤ ਮਿੱਠੇ

ਪਦਾਰਥ ਦਾ ਸੁਆਦ ਇਕ ਸਮਾਨ = ਬਰਾਬਰ ਹੀ ਪੈਦਾ ਹੁੰਦਾ ਹੈ, ਭਾਵ ਉਨ੍ਹਾਂ ਦੀ ਰਸਨਾ ਅੰਮ੍ਰਿਤ ਵਤ ਸੁਆਦਿਸ਼ਟ ਪਦਾਰਥਾਂ ਵਿਚ ਤੇ ਵਿਹੁ ਵਤ ਕੌੜੇ ਪਦਾਰਥਾਂ ਵਿਚ ਸਮਾਨਤਾ ਰੱਖਦੀ ਹੈ। ਜੈਸਾ ਕਿ :

ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥ *(ਅੰਗ ੨੭੫)*

ਜੇ ਉਨ੍ਹਾਂ ਦੇ ਸਰੀਰ ਨੂੰ ਜਲ = ਪਾਣੀ ਸਪਰਸ਼ ਕਰਦਾ ਹੈ ਤਾਂ ਉਸ ਤੋਂ ਖ਼ੁਸ਼ ਹੋ ਕੇ ਠੰਢ ਮਹਿਸੂਸ ਨਹੀਂ ਕਰਦੇ, ਜੇ ਕਿਤੇ ਅਗਨੀ ਸਪਰਸ਼ ਕਰ ਜਾਵੇ ਤਾਂ ਸੇਕ ਮਹਿਸੂਸ ਨਹੀਂ ਕਰਦੇ, ਬਿਰਤੀ ਸਮਾਨੀਐ = ਸਮਾਨ ਰੱਖਦੇ ਹਨ, ਜਿਵੇਂ ਗੁਰੂ ਅਰਜਨ ਦੇਵ ਜੀ, ਭਾਈ ਦਿਆਲਾ ਜੀ ਤੇ ਭਾਈ ਬਿਧੀ ਚੰਦ ਜੀ ਨੇ ਅੱਗ ਸਪਰਸ਼ ਹੋਈ ਤੋਂ ਬਿਰਤੀ ਸਮਾਨਤਾ ਰੱਖੀ ਹੈ।

ਦੁਖ ਸੁਖ ਸਮਸਰਿ ਬਿਆਪੈ ਨ ਹਰਖ ਸੋਗੁ;
ਜੀਵਨ ਮੁਕਤਿ ਗਤਿ ਸਤਿਗੁਰ ਗਿਆਨੀਐ ॥੧੦੪॥

ਇਸੇ ਪ੍ਰਕਾਰ ਦੁੱਖ ਤੇ ਸੁਖ ਦੇ ਸਮੇਂ ਵੀ ਉਹ ਸਮਸਰਿ = ਇਕ ਸਮਾਨ ਰਹਿੰਦੇ ਹਨ ਅਤੇ ਉਨ੍ਹਾਂ ਦੇ ਤਾਈਂ ਹਰਖ = ਖ਼ੁਸ਼ੀ ਤੇ ਸੋਗੁ = ਗ਼ਮ ਵੀ ਬਿਆਪੈ = ਪੋਹ ਨ = ਨਹੀਂ ਸਕਦੇ, ਇਹ ਜੀਵਨ ਮੁਕਤੀ ਦੀ ਗਤਿ = ਪ੍ਰਾਪਤੀ ਵਾਲੇ ਗੁਰਮੁਖਾਂ ਦੀ ਅਵਸਥਾ ਹੈ, ਜਿਨ੍ਹਾਂ ਨੂੰ ਸਤਿਗੁਰ = ਸੱਚੇ ਗੁਰੂ ਨੇ ਉਪਦੇਸ਼ ਦੁਆਰਾ ਗਿਆਨ ਬਖ਼ਸ਼ ਕੇ ਅਜਿਹਾ ਗਿਆਨੀਐ = ਗਿਆਨਵਾਨ ਬਣਾ ਦਿੱਤਾ ਹੈ॥੧੦੪॥

ਚਰਨ ਸਰਨਿ ਗਹੇ, ਨਿਜ ਘਰ ਮੈ ਨਿਵਾਸ;
ਆਸਾ ਮਨਸਾ ਥਕਤ, ਅਨਤ ਨ ਧਾਵਈ ॥

ਜਿਨ੍ਹਾਂ ਸੱਜਣਾਂ ਨੇ ਪੂਰੇ ਗੁਰਾਂ ਦੇ ਚਰਨਾਂ ਦੀ ਸਰਨਿ = ਓਟ ਗਹੇ = ਗ੍ਰਹਿਣ ਕੀਤੀ ਹੈ, ਉਨ੍ਹਾਂ ਨੇ ਨਿਜ = ਆਪਣੇ ਸਰੂਪ ਰੂਪੀ ਘਰ ਮੈ = ਵਿਚ ਨਿਵਾਸ = ਵਾਸਾ ਕੀਤਾ ਹੈ ਅਤੇ ਉਨ੍ਹਾਂ ਦੀਆਂ ਸਾਰੀਆਂ ਆਸਾਂ ਤੇ ਮਨਸਾ = ਮਨੋਕਾਮਨਾਵਾਂ ਥਕਤ ਹੋ ਜਾਂਦੀਆਂ ਹਨ ਅਤੇ ਉਨ੍ਹਾਂ ਦਾ ਮਨ ਅਨਤ = ਹੋਰ, ਭਾਵ ਪਰਾਏ ਧਨ ਜਾਂ ਪਰਾਏ ਸਰੂਪਾਂ ਆਦਿ ਵਾਸਤੇ ਧਾਵਈ = ਦੌੜਦਾ ਨ = ਨਹੀਂ ਹੈ।

ਦਰਸਨ ਮਾਤ੍ਰ ਆਨ ਧਿਆਨ ਸੈ ਰਹਤ ਹੋਇ;
ਸਿਮਰਨ ਆਨ ਸਿਮਰਨ ਬਿਸਰਾਵਈ ॥

ਜਦ ਦਰਸਨ = ਦੀਦਾਰ ਥੋੜ੍ਹੇ ਮਾਤਰ ਹੀ ਗੁਰਾਂ ਦਾ ਕੀਤਾ ਤਾਂ ਆਨ = ਹੋਰ ਧਿਆਨ = ਖ਼ਿਆਲਾਂ ਵੱਲੋਂ ਖ਼ਿਆਲ ਰਹਿਤ ਹੋਇ = ਹੋ ਜਾਂਦਾ ਹੈ ਅਤੇ ਜਦ ਗੁਰ-ਉਪਦੇਸ਼ ਦੁਆਰਾ ਨਾਮ ਦਾ ਸਿਮਰਨ = ਚਿੰਤਨ ਕੀਤਾ ਤਾਂ ਆਨ = ਹੋਰਨਾਂ ਦੇਵੀ ਦੇਵਤਿਆਂ ਦੇ ਸਿਮਰਨ = ਚਿੰਤਨ ਵੱਲੋਂ ਬਿਸਰਾਵਈ = ਬਿਸਰ, ਭੁੱਲ ਗਏ।

ਸਬਦ ਸੁਰਤਿ ਮੋਨ ਬ੍ਰਤ ਕਉ ਪ੍ਰਾਪਤਿ ਹੋਇ;
ਪ੍ਰੇਮ ਰਸ ਅਕਥ ਕਥਾ ਨ ਕਹਿ ਆਵਈ ॥

ਜਦ ਗੁਰਾਂ ਦੇ ਨਜ਼ਦੀਕ ਜਾ ਕੇ ਗੁਰ ਸਬਦ = ਉਪਦੇਸ਼ ਵਿਚ ਸੁਰਤਿ = ਗਿਆਤ **ਵਾ:** (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਕੀਤੀ ਤਾਂ ਮੋਨ = ਚੁੱਪ ਦੇ ਬ੍ਰਤ = ਨਿਯਮ ਨੂੰ ਪ੍ਰਾਪਤ ਹੋਇ = ਹੋ ਗਏ, ਭਾਵ ਗੁਰ-ਉਪਦੇਸ਼ ਨੂੰ ਸੁਣਨੇ ਕਰਕੇ ਹੋਰਨਾਂ ਸ਼ਬਦਾਂ ਨੂੰ ਸੁਣਨ ਵੱਲੋਂ ਰੋਕ ਕੇ ਸ਼ਾਂਤੀ ਨੂੰ ਪ੍ਰਾਪਤ ਹੋ ਗਏ ਅਤੇ

ਫੇਰ ਜੋ ਪ੍ਰੇਮ ਰਸ ਦਾ ਅਨੰਦ ਹੈ, ਉਸ ਦੀ ਕਥਾ = ਵਾਰਤਾ ਅਕਥ = ਕਥਨ ਤੋਂ ਰਹਿਤ ਹੋਣ ਕਰਕੇ ਕਹਿ = ਆਖਣ ਵਿਚ ਨ = ਨਹੀਂ ਆਵਈ = ਆਉਂਦੀ।

ਅਥਵਾ ਗੁਰਮੁਖ ਜਨ ਕਿਸੇ ਦਾ ਦਿਲ ਦੁਖਾਉਣ ਵਾਲੇ ਸਬਦ = ਬਚਨ ਬੋਲਣ ਵੱਲੋਂ, ਨਿੰਦਿਆ, ਚੁਗਲੀ ਵਾਲੇ ਬਚਨ ਸੁਰਤਿ = ਕੰਨ ਵਿਚ ਸੁਣਨ ਵੱਲੋਂ ਮੋਨ ਬ੍ਰਤ ਨੂੰ ਪ੍ਰਾਪਤ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਗੁਰਾਂ ਦੇ ਉਪਦੇਸ਼ ਵਿੱਚੋਂ ਇਤਨਾ ਪ੍ਰੇਮ ਦਾ ਰਸ = ਸੁਆਦ ਆਉਂਦਾ ਹੈ ਕਿ ਉਸ ਦੀ ਕਥਾ = ਵਾਰਤਾ ਅਕਥ = ਕਥਨ ਤੋਂ ਰਹਿਤ ਹੋਣ ਕਰਕੇ ਕਥਨ ਵਿਚ ਨਹੀਂ ਆਉਂਦੀ।

ਕਿੰਚਤ ਕਟਾਛ ਕ੍ਰਿਪਾ ਪਰਮ ਨਿਧਾਨ ਦਾਨ;
ਪਰਮਦਭੁਤ ਗਤਿ ਅਤਿ ਬਿਸਮਾਵਈ ॥੧੦੫॥

ਜਦ ਗੁਰੂ ਕਿੰਚਤ = ਥੋੜ੍ਹੇ ਮਾਤਰ ਕਟਾਛ = ਕਿਰਪਾ ਭਰੇ ਨੇਤਰਾਂ ਦੁਆਰਾ ਕ੍ਰਿਪਾ = ਮਿਹਰ ਦੀ ਨਿਗ੍ਹਾ ਵਿਚ ਆ ਕੇ ਤੱਕ ਲਵੇ ਤਾਂ ਮਾਨੋ ਪਰਮ = ਵੱਡੇ ਨਿਧਾਨ = ਖ਼ਜ਼ਾਨੇ ਬ੍ਰਹਮ ਗਿਆਨ ਆਦਿ ਦੇ ਦਾਨ ਬਖ਼ਸ਼ਸ਼ ਦਾਨ = ਦਿੰਦੇ ਹਨ ਅਤੇ ਉਨ੍ਹਾਂ ਗੁਰਮੁਖ ਜਨਾਂ ਦੀ ਪਰਮਦਭੁਤ = ਅਸਚਰਜ ਗਤਿ = ਗੀਤੀ ਹੋ ਜਾਂਦੀ ਹੈ ਅਤੇ ਉਹ ਅਤਿ = ਅਤਿਸ਼ੈ ਕਰਕੇ ਬਿਸਮਾਵਈ = ਅਸਚਰਜ ਹੋ ਜਾਂਦੇ ਹਨ॥੧੦੫॥

ਸਬਦ ਸੁਰਤਿ ਆਪਾ ਖੋਇ ਗੁਰ ਦਾਸੁ ਹੋਇ;
ਬਰਤੈ ਬਰਤਮਾਨਿ ਗੁਰ ਉਪਦੇਸ ਕੈ ॥

ਜਿਨ੍ਹਾਂ ਨੇ ਗੁਰਾਂ ਦੇ ਸਬਦ = ਉਪਦੇਸ਼ ਵਿਚ ਚਿੱਤ ਦੀ ਸੁਰਤਿ = ਬਿਰਤੀ ਨੂੰ ਲਾਉਣਾ ਕੀਤਾ ਹੈ **ਵਾ:** (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਕੀਤੀ ਹੈ, ਉਨ੍ਹਾਂ ਨੇ ਆਪਾ = ਦੇਹ ਅਧਿਆਸ ਨੂੰ ਖੋਇ = ਖੋ ਦਿੱਤਾ ਹੈ ਤੇ ਉਹ ਗੁਰੂ ਦੇ ਦਾਸੁ = ਸੇਵਕ ਹੋਇ = ਹੋ ਜਾਂਦੇ ਹਨ ਕਿਉਂਕਿ ਗੁਰਾਂ ਦੀ ਆਗਿਆ ਵਿਚ ਚੱਲਣ ਵਾਲੇ ਨੂੰ ਹੀ ਦਾਸ ਜਾਂ ਸੇਵਕ ਕਹਿੰਦੇ ਹਨ। ਗੁਰਾਂ ਦੇ ਉਪਦੇਸ਼ ਦੀ ਕਮਾਈ ਕੈ = ਕਰਕੇ ਐਸਾ ਅਨੁਭਵ ਹੋ ਜਾਂਦਾ ਹੈ ਕਿ ਜੈਸੀ ਬਰਤਮਾਨਿ = ਹੋਣਹਾਰ, ਚੱਲ ਰਹੇ ਸਮੇਂ ਵਿਚ ਘਟਨਾ ਵਾਪਰਦੀ ਹੈ, ਉਸ ਵਿਚ ਭਾਣਾ ਮੰਨਣ ਰੂਪ ਬਰਤੈ = ਵਰਤਿਆ ਕਰਦੇ ਹਨ।

ਹੋਨਹਾਰ ਹੋਇ ਜੋਈ ਜੋਈ, ਸੋਈ ਸੋਈ ਭਲੋ;
ਪੂਰਨ ਬ੍ਰਹਮ ਗਿਆਨ ਧਿਆਨ ਪਰਵੇਸ ਕੈ ॥

ਗੁਰਮੁਖ ਜਨਾਂ ਦਾ ਨਿਸ਼ਚਾ ਪੂਰਨ ਬ੍ਰਹਮ ਸਰੂਪ ਸੱਤਾ ਨੂੰ ਸਾਰਿਆਂ ਵਿਚ ਰਮਿਆ ਜਾਣ ਕੇ ਗੁਰ-ਉਪਦੇਸ਼ ਦੁਆਰਾ ਗਿਆਨ ਦੇ ਧਿਆਨ ਵਿਚ ਪਰਵੇਸ = ਦਾਖ਼ਲ ਹੋ ਕੈ = ਕਰਕੇ ਇਉਂ ਪਰਪੱਕ ਰਹਿੰਦਾ ਹੈ ਕਿ ਜੋਈ ਜੋਈ = ਜਿਹੜੀ ਜਿਹੜੀ ਹੋਨਹਾਰ = ਹੋਣ ਵਾਲੀ ਗੱਲ (ਭਵਿੱਖਤ ਵਾਰਤਾ) ਹੋਇ = ਹੁੰਦੀ ਹੈ, ਸੋਈ ਸੋਈ = ਉਹੋ ਉਹੋ ਹੀ ਭਲੋ = ਚੰਗੀ ਹੁੰਦੀ ਹੈ।

ਨਾਮ ਨਿਹਕਾਮ ਧਾਮ ਸਹਜ ਸੁਭਾਇ ਚਾਇ;
ਪ੍ਰੇਮ ਰਸ ਰਸਿਕ ਹੁਇ ਅੰਮ੍ਰਿਤ ਅਵੇਸ ਕੈ ॥

ਗੁਰ-ਉਪਦੇਸ਼ ਦੁਆਰਾ ਨਾਮ ਜਪ ਕੇ ਨਿਹਕਾਮ = ਕਾਮਨਾ ਤੋਂ ਰਹਿਤ ਹੋ ਕੇ ਸਹਜ = ਸੁਤੇ-ਸਿਧ

ਸੁਭਾਇ = ਸੁਭਾਵਿਕ ਹੀ ਸਰੂਪ ਰੂਪੀ ਧਾਮ = ਘਰ ਦੀ ਪ੍ਰਾਪਤੀ ਦਾ ਚਾਇ = ਉਤਸ਼ਾਹ ਗੁਰਮੁਖ ਜਨਾਂ ਦੇ ਅੰਦਰ ਪ੍ਰਗਟ ਹੋ ਆਉਂਦਾ ਹੈ ਅਤੇ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਅਵਸਥਾ ਵਿਚ ਅਵੇਸ = ਪ੍ਰਵੇਸ਼ ਹੋ ਕੈ = ਕਰਕੇ ਪ੍ਰੇਮ ਰਸ ਦੇ ਰਸਿਕ = ਰਸੀਏ ਹੁਇ = ਹੋ ਜਾਂਦੇ ਹਨ।

ਸਤਿ ਰੂਪ ਸਤਿ ਨਾਮ ਸਤਿਗੁਰ ਗਿਆਨ ਧਿਆਨ;
ਪੂਰਨ ਸਰਬਮਈ ਆਦਿ ਕਉ ਅਦੇਸ ਕੈ ॥੧੦੬॥

ਸਤਿਗੁਰ = ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਸਤਿ ਨਾਮ = ਸੱਚੇ ਨਾਮ ਵਾਹਿਗੁਰੂ **ਵਾ:** ਸਤਿਨਾਮ ਦੀ ਕਮਾਈ ਕਰ ਕੇ ਸਤਿ = ਸੱਚ ਰੂਪ = ਸਰੂਪ ਪਰਮੇਸ਼ਰ ਦੇ ਗਿਆਨ ਧਿਆਨ ਵਿਚ ਉਨ੍ਹਾਂ ਦੀ ਬਿਰਤੀ ਮਸਤ ਹੋ ਜਾਂਦੀ ਹੈ ਅਤੇ ਜੋ ਸਾਰਿਆਂ ਥਾਵਾਂ ਵਿਚ ਪੂਰਨ = ਵਿਆਪਕ ਸਰਬਮਈ = ਸਰਬ ਸਰੂਪੀ ਪਰਮਾਤਮਾ ਸਾਰਿਆਂ ਦਾ ਆਦਿ = ਮੁੱਢ ਰੂਪ ਹੈ, ਕੇਵਲ ਉਸ ਪਰਮੇਸ਼ਰ ਨੂੰ ਹੀ ਉਹ ਅਦੇਸ = ਨਮਸਕਾਰ ਕੈ = ਕਰਦੇ ਹਨ ॥੧੦੬॥

ਸਬਦ ਸੁਰਤਿ ਆਪਾ ਖੋਇ ਗੁਰ ਦਾਸੁ ਹੋਇ;
ਬਾਲ ਬੁਧਿ ਸੁਧਿ ਨ ਕਰਤ ਮੋਹ ਦ੍ਰੋਹ ਕੀ ॥

ਜਿਨ੍ਹਾਂ ਨੇ ਗੁਰ ਸਬਦ = ਉਪਦੇਸ਼ ਵਿਚ ਸੁਰਤਿ = ਬਿਰਤੀ ਲਾਉਣਾ ਕੀਤੀ ਹੈ, ਉਨ੍ਹਾਂ ਨੇ ਆਪਾ ਭਾਵ ਖੋਇ = ਗਵਾਉਣਾ ਕੀਤਾ ਹੈ ਤੇ ਉਹ ਗੁਰੂ ਦੇ ਦਾਸੁ = ਸੇਵਕ ਹੋਇ = ਹੋ ਗਏ ਹਨ ਅਤੇ ਉਨ੍ਹਾਂ ਦੀ ਬੁਧਿ = ਬੁੱਧੀ ਬਾਲ = ਬਾਲਕਾਂ ਸਮਾਨ ਹੋ ਜਾਂਦੀ ਹੈ, ਭਾਵ ਜਿਵੇਂ ਬਾਲਕ ਨੂੰ ਭੋਲੇ ਸੁਭਾਅ ਵਿਚ ਇਹ ਨਹੀਂ ਪਤਾ ਹੁੰਦਾ ਕਿ ਸਾਹਮਣੇ ਵਾਲਾ ਮੈਨੂੰ ਅੰਦਰੋਂ ਸਨੇਹ ਕਰਦਾ ਹੈ ਜਾਂ ਕਪਟ ਵਾਲਾ ਸਨੇਹ ਕਰਦਾ ਹੈ, ਇਸੇ ਤਰ੍ਹਾਂ ਗੁਰਮੁਖ ਜਨ ਮੋਹ = ਸਨੇਹ ਤੇ ਦ੍ਰੋਹ = ਕਪਟ, ਛਲ ਦੀ ਸੁਧਿ = ਗਿਆਤ ਹੀ ਨ = ਨਹੀਂ ਕਰਤ = ਕਰਦੇ, ਭਾਵ ਸਦਾ ਬੇਪਰਵਾਹ ਰਹਿੰਦੇ ਹਨ।

ਸ੍ਰਵਨ ਉਸਤਤਿ ਨਿੰਦਾ ਸਮ ਤੁਲ ਸੁਰਤਿ ਲਿਵ;
ਲੋਚਨ ਧਿਆਨ ਲਿਵ ਕੰਚਨ ਅਉ ਲੋਹ ਕੀ ॥

ਜੋ ਉਨ੍ਹਾਂ ਦੀ ਸ੍ਰਵਨ = ਕੰਨਾਂ ਦੀ ਉਸਤਤਿ = ਕੀਰਤੀ ਤੇ ਨਿੰਦਾ = ਅਪਕੀਰਤੀ ਨੂੰ ਸੁਣਨ ਵਾਲੀ ਸੁਰਤਿ = ਸੁਰਤੀ ਸੀ, ਉਹ ਵੀ ਲਿਵ = ਸੁਰਤੀ ਸਮ = ਬਰਾਬਰਤਾ ਹੀ ਤੁਲ = ਤੋਲਦੀ ਹੈ, ਭਾਵ ਉਨ੍ਹਾਂ ਦਾ ਮਨ ਆਪਣੀ ਕੀਰਤੀ ਸੁਣ ਕੇ ਖਿੜਾਅ ਵਿਚ ਨਹੀਂ ਆਉਂਦਾ ਤੇ ਆਪਣੀ ਅਪਕੀਰਤੀ ਸੁਣ ਕੇ ਮੁਰਝਾਉਂਦਾ ਨਹੀਂ ਹੈ। ਅਜਿਹਾ ਹੀ ਲੋਚਨ = ਨੇਤਰਾਂ ਦਾ ਧਿਆਨ = ਖ਼ਿਆਲ ਹੋ ਜਾਂਦਾ ਹੈ ਕਿਉਂਕਿ ਨੇਤਰਾਂ ਦੀ ਦੇਖਣ ਵਾਲੀ ਲਿਵ = ਬਿਰਤੀ ਕੰਚਨ = ਸੋਨੇ ਅਉ = ਅਤੇ ਲੋਹ = ਲੋਹੇ ਕੀ = ਦੀ ਤਰ੍ਹਾਂ ਇੱਕੋ ਸਮਾਨ ਹੋ ਜਾਂਦੀ ਹੈ, ਭਾਵ ਉਨ੍ਹਾਂ ਦੀ ਬਿਰਤੀ ਸੋਨੇ ਨੂੰ ਵੱਧ ਕੀਮਤੀ ਅਤੇ ਲੋਹੇ ਨੂੰ ਘੱਟ ਕੀਮਤੀ ਨਹੀਂ ਦੇਖਦੀ, ਸਮ ਬਿਰਤੀ ਹੋ ਜਾਂਦੀ ਹੈ।

ਨਾਸਕਾ ਸੁਗੰਧ ਬਿਰਗੰਧ ਸਮਸਰਿ ਤਾ ਕੈ;
ਜਿਹਬਾ ਸਮਾਨਿ ਬਿਖੁ ਅੰਮ੍ਰਿਤ ਨ ਬੋਹ ਕੀ ॥

ਨਾਸਕਾ = ਨਾਸਾਂ ਕਰਕੇ ਸੁਗੰਧ = ਸੁਗੰਧਿਤ ਚੀਜ਼ਾਂ ਤੇ ਬਿਰਗੰਧ = ਦੁਰਗੰਧੀ ਨੂੰ ਪਹਿਚਾਨਣ ਵਾਲੀ

ਜੋ ਬਿਰਤੀ ਸੀ ਇਹ ਤਾ = ਉਨ੍ਹਾਂ ਦੀ ਸਮਸਰਿ = ਬਰਾਬਰ ਹੋ ਜਾਣਾ ਕਰਦੀ ਹੈ ਅਤੇ ਜਿਹਬਾ = ਰਸਨਾ ਵੀ ਬਿਖੁ = ਕੌੜੇ ਤੇ ਅੰਮ੍ਰਿਤ ਵਤ ਮਿੱਠੇ ਪਦਾਰਥਾਂ ਵਿਚ ਸਮਾਨਿ = ਬਰਾਬਰ ਭਾਵ ਵਾਲੀ ਅਵਸਥਾ ਵਿਚ ਰਹਿੰਦੀ ਹੈ, ਇਉਂ ਉਨ੍ਹਾਂ ਨੂੰ ਦੁਬਿਧਾ ਕੀ = ਦੀ ਬੋਹ = ਗੰਧ ਵੀ ਨ = ਨਹੀਂ ਫੁਰਦੀ।

ਕਰ ਚਰ ਕਰਮ ਅਕਰਮ ਅਪਥ ਪਥ;
ਕਿਰਤਿ ਬਿਰਤਿ ਸਮ ਉਕਤਿ ਨ ਦ੍ਰੋਹ ਕੀ ॥੧੦੭॥

ਕਰ = ਹੱਥਾਂ ਦੇ ਨਾਲ ਇਹ ਕਰਮ ਕਰਨੇ ਯੋਗ, ਇਹ ਅਕਰਮ = ਨਾ ਕਰਨੇ ਯੋਗ, ਭਾਵ ਕੰਮ-ਕਾਜ ਕਰਦਿਆਂ ਜਾਂ ਵਿਹਲੇ ਵਕਤ ਵਿਚ ਵਰਤਦਿਆਂ ਅਤੇ ਚਰ = ਚਰਨਾਂ ਨਾਲ ਇਹ ਪਥ = ਮਾਰਗ 'ਤੇ ਜਾਣਾ, ਇਸ ਅਪਥ = ਮਾਰਗ 'ਤੇ ਨਹੀਂ ਜਾਣਾ, ਭਾਵ ਤੁਰਦਿਆਂ ਫਿਰਦਿਆਂ ਜਾਂ ਬੈਠਿਆਂ ਸਮਾਨ ਅਵਸਥਾ ਵਿਚ ਰਹਿੰਦੇ ਹਨ ਅਤੇ ਆਪਣੀ ਬਿਰਤਿ = ਉਪਜੀਵਕਾ ਵਾਲੀ ਜੋ ਕਿਰਤਿ = ਕਮਾਈ ਹੈ, ਉਸ ਵਿਚ ਵੀ ਉਨ੍ਹਾਂ ਦੀ ਉਕਤਿ = ਬਾਣੀ ਦ੍ਰੋਹ = ਠੱਗੀ, ਛਲ ਵਾਲੀ ਨ = ਨਹੀਂ ਹੁੰਦੀ, ਸਮਾਨ ਅਵਸਥਾ ਹੀ ਹੁੰਦੀ ਹੈ **ਵਾ:** ਉਪਜੀਵਕਾ ਸੰਬੰਧੀ ਕਿਰਤ ਕਮਾਈ ਕਰਦਿਆਂ ਉਨ੍ਹਾਂ ਦੀ ਉਕਤਿ = ਬਾਣੀ ਦਲੀਲ ਸਮ = ਬਰਾਬਰ ਹੀ ਰਿਹਾ ਕਰਦੀ ਹੈ, ਕਦੇ ਵੀ ਦ੍ਰੋਹ = ਠੱਗੀ ਕੀ = ਦੀ ਨਹੀਂ ਹੁੰਦੀ, ਭਾਵ ਠੱਗੀ ਵਾਲੀ ਨਹੀਂ ਹੁੰਦੀ ॥੧੦੭॥

ਸਬਦ ਸੁਰਤਿ ਆਪਾ ਖੋਇ ਗੁਰ ਦਾਸੁ ਹੋਇ;
ਸਰਬ ਮੈ ਪੂਰਨ ਬ੍ਰਹਮ ਕਰਿ ਮਾਨੀਐ ॥

ਜਿਨ੍ਹਾਂ ਗੁਰਮੁਖ ਜਨਾਂ ਨੇ ਗੁਰਾਂ ਦੇ ਸਬਦ = ਉਪਦੇਸ਼ ਵਿਚ ਸੁਰਤਿ = ਬਿਰਤੀ ਲਾ ਕੇ ਆਪਾ-ਭਾਵ (ਦੇਹ ਅਧਿਆਸ) ਖੋਇ = ਗਵਾ ਦਿੱਤਾ ਹੈ, ਉਹ ਗੁਰ = ਸਤਿਗੁਰੂ ਸਾਹਿਬ ਜੀ ਦੇ ਦਾਸੁ = ਸੇਵਕ ਹੋਇ = ਹੋ ਜਾਂਦੇ ਹਨ। ਇਸੇ ਕਰਕੇ ਉਹ ਸਰਬ = ਸਾਰਿਆਂ ਮੈ = ਵਿਚ ਪੂਰਨ = ਵਿਆਪਕ ਬ੍ਰਹਮ = ਪਰਮੇਸ਼ਰ ਨੂੰ ਹੀ ਪਰੀਪੂਰਨ ਕਰਿ = ਕਰਕੇ ਮਾਨੀਐ = ਮੰਨਣਾ ਕਰਦੇ ਹਨ, ਭਾਵ ਸਾਰਿਆਂ ਵਿਚ ਪਰਮੇਸ਼ਰ ਨੂੰ ਹੀ ਰਮਿਆ ਦੇਖਦੇ ਹਨ।

ਕਾਸਟ ਅਗਨਿ ਮਾਲਾ ਸੂਤ੍ਰ ਗੋਰਸ ਗੋਬੰਸ;
ਏਕ ਅਉ ਅਨੇਕ ਕੋ ਬਿਬੇਕੁ ਪਹਿਚਾਨੀਐ ॥

ਜਿਸ ਪ੍ਰਕਾਰ ਸਾਰੇ ਬ੍ਰਿਛਾਂ ਦੀਆਂ ਕਾਸਟ = ਲੱਕੜਾਂ ਵਿਚ ਅਗਨਿ = ਅੱਗ ਹੁੰਦੀ ਹੈ, ਭਾਵ ਜੇ ਕਿਸੇ ਵੀ ਬ੍ਰਿਛ ਨੂੰ ਅੱਗ ਲਗਾਉਣਾ ਕਰੀਏ ਤਾਂ ਅੱਗ ਇੱਕੋ ਜਿਹਾ ਸੇਕ ਦਿੰਦੀ ਹੈ ਤੇ ਇੱਕੋ ਜਿਹੀ ਲਾਟ ਹੁੰਦੀ ਹੈ। ਇਸੇ ਤਰ੍ਹਾਂ ਵਾਹਿਗੁਰੂ ਸਾਰਿਆਂ ਜੀਵਾਂ ਰੂਪ ਬ੍ਰਿਛਾਂ ਵਿਚ ਅੱਗ ਦੀ ਤਰ੍ਹਾਂ ਚੇਤਨ ਸੱਤਾ ਹੋ ਕੇ ਪ੍ਰਕਾਸ਼ਵਾਨ ਹੈ। ਦੂਸਰਾ ਜਿਵੇਂ ਮਾਲਾ ਦੇ ਮਣਕਿਆਂ ਵਿਚ ਸੂਤ੍ਰ ਇੱਕੋ ਜਿਹਾ ਹੁੰਦਾ ਹੈ, ਇਸੇ ਤਰ੍ਹਾਂ ਸਾਰਿਆਂ ਵਿਚ ਵਾਹਿਗੁਰੂ ਰਮਿਆ ਹੋਇਆ ਹੈ। ਤੀਸਰਾ ਜਿਵੇਂ ਸਾਰੀਆਂ (ਗੋ + ਬੰਸ) ਗੋ = ਗਊਆਂ ਦੀ ਬੰਸ = ਕੁਲ ਵਿਚ ਇੱਕੋ ਹੀ ਰੰਗ ਰੂਪ ਦਾ ਗੋਰਸ = ਦੁੱਧ ਹੁੰਦਾ ਹੈ, ਇਸੇ ਤਰ੍ਹਾਂ ਸਾਰੇ ਜੀਵਾਂ ਵਿਚ ਏਕ = ਇਕ ਅਉ = ਅਨੇਕ ਰੂਪ ਦੀ, ਭਾਵ ਇਕ ਤੋਂ ਅਨੇਕ ਰੂਪ ਹੋਏ ਪਰਮੇਸ਼ਰ ਦੇ ਬਿਬੇਕੁ = ਵਿਚਾਰ ਦੀ ਪਹਿਚਾਨੀਐ = ਪਹਿਚਾਣ ਗੁਰਮੁਖਾਂ ਨੂੰ ਹੋ ਆਉਂਦੀ ਹੈ।

ਲੋਚਨ ਸ੍ਰਵਨ ਮੁਖ ਨਾਸਕਾ ਅਨੇਕ ਸੋਤ੍ਰ;
ਦੇਖੈ ਸੁਨੈ ਬੋਲੈ ਮਨ ਮੇਕ ਉਰ ਆਨੀਐ ॥

ਲੋਚਨ = ਨੇਤਰਾਂ, ਸ੍ਰਵਨ = ਕੰਨਾਂ, ਮੁਖ = ਮੂੰਹ (ਰਸਨਾ), ਨਾਸਕਾ = ਨਾਸਾਂ ਆਦਿ ਅਨੇਕ = ਬੇਅੰਤ ਸੋਤ੍ਰ = ਇੰਦਰਿਆਂ ਵਿਚ ਜੋ ਦੇਖੈ = ਦੇਖਦਾ, ਸੁਨੈ = ਸੁਣਦਾ, ਬੋਲੈ = ਬੋਲਦਾ **ਵਾ:** ਰਸ ਆਦਿ ਲੈ ਰਿਹਾ ਹੈ, ਉਹੋ ਹੀ ਮਨ ਵਿਚ ਵੀ ਮੇਕ = ਮਿਲਿਆ ਹੋਇਆ ਇਹ ਚੇਤਨ ਬ੍ਰਹਮ ਤੱਤ ਹੀ ਉਰ = ਹਿਰਦੇ ਵਿਚ ਆਨੀਐ = ਲਿਆਉਣਾ ਕਰਦੇ ਹਨ।

ਗੁਰਸਿਖ ਸੰਧਿ ਮਿਲੇ ਸੋਹੰ ਸੋਈ ਓਤਿ ਪੋਤਿ;
ਜੋਤੀ ਜੋਤਿ ਮਿਲਤ ਜੋਤੀ ਸਰੂਪ ਜਾਨੀਐ ॥੧੦੮॥

ਗੁਰੂ ਅਤੇ ਸਿੱਖ ਦਾ ਸੰਧਿ = ਸੰਗ ਮਿਲੇ = ਮਿਲਦਿਆਂ ਗੁਰਸਿੱਖਾਂ ਨੇ (ਸੋ + ਹੰ) ਸੋ = ਉਹ ਹੰ = ਮੈਂ ਹਾਂ ਤੇ ਸੋਈ = ਉਹੋ ਹੀ ਮੇਰਾ ਰੂਪ ਹੈ ਜਾਂ ਉਹੋ ਹੀ ਜਗਤ ਰੂਪ ਹੈ, ਇਉਂ ਉਸੇ ਵਾਹਿਗੁਰੂ ਨੂੰ ਗੁਰਸਿੱਖ ਜਨ ਓਤਿ ਪੋਤਿ = ਤਾਣੇ ਪੇਟੇ ਵਾਂਗ ਅੰਦਰ ਬਾਹਰ ਅਭੇਦ ਰੂਪ ਜਾਣਦੇ ਹਨ, ਇਸ ਕਰਕੇ ਜੋਤੀ = ਪ੍ਰਕਾਸ਼ ਸਰੂਪ ਪਰਮੇਸ਼ਰ ਦੀ ਜੋਤਿ ਵਿਚ ਮਿਲਤ = ਮਿਲਦਿਆਂ ਹੀ ਉਨ੍ਹਾਂ ਨੂੰ ਕੇਵਲ ਜੋਤੀ ਪ੍ਰਕਾਸ਼ ਸਰੂਪ ਹੀ ਜਾਨੀਐ = ਜਾਣਨ ਵਿਚ ਆਇਆ ਹੈ ॥੧੦੮॥

ਗਾਂਡਾ ਮੈ ਮਿਠਾਸ ਭਾਸ ਛਿਲਕਾ ਨ ਲੀਓ ਜਾਇ;
ਦਾਰਮ ਅਉ ਦਾਖ ਬਿਖੈ ਬੀਜ ਗਹਿ ਡਾਰੀਐ ॥

ਗਾਂਡਾ = ਗੰਨੇ ਦੇ ਮੈ = ਵਿਚ ਮਿਠਾਸ = ਮਿੱਠਾਪਣ ਤਾਂ ਹੁੰਦਾ ਹੈ, ਪਰੰਤੂ ਉਸ ਦੇ ਸਾਰੇ ਅੰਗਾਂ ਵਿਚ ਮਿੱਠਾਪਣ ਨਹੀਂ ਹੁੰਦਾ, ਇਸ ਕਰਕੇ ਤਾਸ = ਉਸ ਦਾ ਛਿਲਕਾ = ਛਿੱਲੜ ਨਿਰਸ ਹੋਣ 'ਤੇ ਲੀਓ = ਲਿਆ, ਚੂਸਿਆ ਨ = ਨਹੀਂ ਜਾਇ = ਜਾਂਦਾ, ਅਜਿਹਾ ਹੀ ਦਾਰਮ = ਅਨਾਰ ਅਉ = ਅਤੇ ਦਾਖ = ਸੁੱਕੇ ਹੋਏ ਅੰਗੂਰ, ਇਨ੍ਹਾਂ ਦੋਹਾਂ ਬਿਖੇ = ਵਿੱਚੋਂ ਬੀਜ ਗਹਿ = ਫੜ ਕੇ ਬਾਹਰ ਡਾਰੀਐ = ਸੁੱਟ ਦੇਈਦਾ ਹੈ।

ਆਂਬ ਖਿਰਨੀ[1] ਛੁਹਾਰਾ ਮਾਝ ਗੁਠਲੀ ਕਠੋਰ;
ਖਰਬੂਜਾ ਅਉ ਕਲੀਦਾ ਸਜਲ ਬਿਕਾਰੀਐ ॥

ਇਸ ਤਰੀਕੇ ਆਂਬ = ਅੰਬ ਦੀ ਛਿੱਲੜ ਤੇ ਗਿਟਕ ਸੁੱਟ ਦੇਈਦੀ ਹੈ ਤੇ ਵਿਚਕਾਰੋਂ ਗੁੱਦਾ ਖਾ ਲਈਦਾ ਹੈ, ਖਿਰਨੀ ਇਹ ਵੀ ਇਕ ਫਲ ਹੁੰਦਾ ਹੈ, ਛੁਹਾਰਾ = ਛੁਹਾਰੇ ਦੀ ਛਿੱਲੜ ਉਪਰੋਂ ਖਾ ਲਈਦੀ ਹੈ, ਗਿਟਕ ਸੁੱਟ ਦੇਈਦੀ ਹੈ, ਇਉਂ ਇਨ੍ਹਾਂ ਦੀ ਗੁਠਲੀ = ਗੰਢ ਮਾਝ = ਵਿੱਚੋਂ ਕਠੋਰ = ਸਖ਼ਤ ਹੁੰਦੀ ਹੈ, ਖਰਬੂਜਾ ਅਉ = ਅਤੇ ਕਲੀਦਾ = ਤਰਬੂਜ਼ (ਹਿੰਦਵਾਣਾ) ਇਹ ਵੀ ਮਿਠਾਸ ਵਾਲੇ ਹੁੰਦੇ ਹਨ, ਪਰ ਸਜਲ = ਪਾਣੀ ਛੱਡ ਜਾਣ ਤਾਂ ਬਿਕਾਰੀਐ = ਵਿਗਾੜ ਰੂਪ ਵਾਲੇ ਬਣ ਜਾਂਦੇ ਹਨ, ਭਾਵ ਫੇਰ ਖਾਣ ਤੋਂ ਦੋਸ਼ ਪੈਦਾ ਕਰ

---

੧. ਮੌਲਸਰੀ ਦੀ ਕਿਸਮ ਦਾ ਇਕ ਖੀਰ (ਦੁੱਧ) ਦਾਰ ਬ੍ਰਿਛ, ਜੋ ਕੱਦ ਅਤੇ ਉਮਰ ਵਿਚ ਵੱਡਾ ਹੁੰਦਾ ਹੈ, ਇਸ ਦੇ ਫਲ ਨਿਮੋਲੀ ਦੀ ਸ਼ਕਲ ਦੇ ਬਹੁਤ ਮਿੱਠੇ ਹੁੰਦੇ ਹਨ, ਜਿਸ ਦੀ ਤਸੀਰ ਗਰਮ-ਤਰ ਹੈ।

ਦਿੰਦੇ ਹਨ **ਵਾ:** ਤਰਬੂਜ਼ ਤੇ ਖਰਬੂਜ਼ਾ (ਸ + ਜਲ) ਸ = ਸਹਿਤ ਜਲ = ਪਾਣੀ ਦੇ ਹੁੰਦੇ ਹਨ, ਪਰ ਉਹੋ ਜਲ ਵਿਕਾਰ ਰੂਪ ਹੋ ਜਾਂਦਾ ਹੈ, ਜੇ ਪਾਣੀ ਛੱਡ ਜਾਣ, ਖਾਣ ਵਾਲੇ ਅੰਦਰ ਦੋਸ਼ ਪੈਦਾ ਕਰ ਦਿੰਦੇ ਹਨ।

ਮਧੁ ਮਾਖੀ ਮੈ ਮਲੀਨ ਸਮੈ ਪਾਇ ਸਫਲ ਹੁਇ;
ਰਸ ਬਸ ਭਏ ਨਹੀ ਤ੍ਰਿਸਨਾ ਨਿਵਾਰੀਐ ॥

ਇਸੇ ਤਰ੍ਹਾਂ ਹੀ ਫੇਰ ਸਾਰੇ ਮਿਠਾਸ ਰਸਾਂ ਦਾ ਖ਼ਜ਼ਾਨਾ ਮਧੁ = ਸ਼ਹਿਦ ਦੀ ਮਾਖੀ = ਮੱਖੀ ਨੂੰ ਕਹਿੰਦੇ ਹਨ, ਉਸ ਮੈ = ਵਿਚ ਮਲੀਨ = ਮੈਲ ਹੁੰਦੀ ਹੈ, ਪਰ ਸਮੈ = ਵਕਤ ਪਾਇ = ਪਾ ਕੇ ਸ਼ੁੱਧ ਹੋਣ 'ਤੇ ਸਫਲ ਹੁਇ = ਹੁੰਦਾ ਹੈ, ਭਾਵ ਸ਼ੁੱਧ ਹੋਣ ਤੋਂ ਬਾਅਦ ਸਫਲ = ਸਹਿਤ ਫਲ ਦੇ ਹੁੰਦਾ ਹੈ ਅਰਥਾਤ ਖਾਣ ਦੇ ਲਾਇਕ ਬਣ ਜਾਂਦਾ ਹੈ। ਜਿਹੜੇ ਲੋਕ ਸ਼ਹਿਦ ਦੇ ਰਸ = ਸੁਆਦ ਦੇ ਬਸ = ਅਧੀਨ ਭਏ = ਹੋ ਜਾਂਦੇ ਹਨ, ਭਾਵ ਜਿਨ੍ਹਾਂ ਨੂੰ ਇਸ ਦੇ ਸੁਆਦ ਦਾ ਚਸਕਾ ਪੈ ਜਾਂਦਾ ਹੈ, ਉਨ੍ਹਾਂ ਦੀ ਤ੍ਰਿਸਨਾ ਨਿਵਾਰੀਐ = ਦੂਰ ਨਹੀਂ ਕੀਤੀ ਜਾਂਦੀ, ਭਾਵ ਜਦ ਉਨ੍ਹਾਂ ਨੂੰ ਸ਼ਹਿਦ ਦਾ ਅਨੰਦ ਆਉਂਦਾ ਹੈ ਤਾਂ ਉਨ੍ਹਾਂ ਦੀ ਚਾਹਤ ਨਹੀਂ ਮਿਟਦੀ।

ਸ੍ਰੀ ਗੁਰ ਸਬਦ ਰਸ ਅੰਮ੍ਰਿਤ ਨਿਧਾਨ ਪਾਨ;
ਗੁਰਸਿਖ ਸਾਧਸੰਗਿ ਜਨਮੁ ਸਵਾਰੀਐ ॥੧੦੯॥

ਇਸੇ ਤਰ੍ਹਾਂ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਰੂਪੀ ਰਸ ਵਿਚ ਅੰਮ੍ਰਿਤ ਰੂਪੀ ਨਿਧਾਨ = ਖ਼ਜ਼ਾਨਾ ਹੈ, ਭਾਵ ਅੰਮ੍ਰਿਤਮਈ ਉਪਦੇਸ਼ ਰਸ ਦਾ ਖ਼ਜ਼ਾਨਾ, ਮਿਠਾਸ ਨਾਲ ਭਰਿਆ ਹੋਇਆ ਹੈ, ਜਿਸ ਨੂੰ ਪਾਨ = ਛਕ ਕੇ ਗੁਰਸਿੱਖ ਸਾਧਸੰਗਤ ਦੁਆਰਾ ਆਪਣੇ ਮਨੁੱਖਾ ਜਨਮ ਨੂੰ ਸਵਾਰੀਐ = ਸੁਆਰ ਲੈਣਾ ਕਰਦੇ ਹਨ ॥੧੦੯॥

ਸਲਿਲ ਮੈ ਧਰਨਿ ਧਰਨਿ ਮੈ ਸਲਿਲ ਜੈਸੇ;
ਰੂਪ ਅਨਰੂਪ ਕੈ ਬਿਮਲ ਜਲ ਛਾਏ ਹੈ ॥

ਜੈਸੇ = ਜਿਸ ਪ੍ਰਕਾਰ ਸਲਿਲ = ਪਾਣੀ ਮੈ = ਵਿਚ ਧਰਨਿ = ਧਰਤੀ ਹੈ, ਭਾਵ ਜਲ ਦੇ ਆਸਰੇ ਧਰਤੀ ਹੈ ਤੇ ਧਰਨਿ = ਧਰਤੀ ਦੇ ਥੱਲੇ ਸਲਿਲ = ਪਾਣੀ ਹੀ ਪਾਣੀ ਹੋਣ ਕਰਕੇ ਮਾਨੋ ਧਰਤੀ ਵਿਚ ਪਾਣੀ ਹੈ, ਇਸ ਗੱਲ ਨੂੰ ਹਰ ਕੋਈ ਜਾਣਦਾ ਹੈ ਪਰੰਤੂ ਕੂਪ = ਖੂਹ ਦੇ ਅਨਰੂਪ = ਸਮਾਨ ਕੀਤਿਆਂ, ਭਾਵ ਧਰਤੀ ਵਿਚ ਖੂਹ ਪੁੱਟਿਆਂ ਹੀ ਬਿਮਲ = ਮੈਲ ਤੋਂ ਰਹਿਤ, ਨਿਰਮਲ ਜਲ = ਪਾਣੀ ਛਾਏ = ਫੈਲਿਆ ਕਰਦਾ ਹੈ, ਭਾਵ ਪ੍ਰਾਪਤ ਹੋ ਜਾਂਦਾ ਹੈ।

ਤਾਹੀ ਜਲ ਮਾਟੀ ਕੈ ਬਨਾਈ ਘਟਿਕਾ ਅਨੇਕ;
ਏਕੈ ਜਲੁ ਘਟ ਘਟ ਘਟਿਕਾ ਸਮਾਏ ਹੈ ॥

ਪਰ ਤਾਹੀ = ਉਸੇ ਜਲ = ਪਾਣੀ ਤੇ ਮਾਟੀ = ਮਿੱਟੀ ਕੈ = ਕਰਕੇ ਅਨੇਕ = ਬਹੁਤ ਹੀ ਘਟਿਕਾ = ਘੜੀਆਂ (ਮਟਕੀਆਂ) ਬਨਾਈ = ਬਣਾਈਆਂ ਜਾਂਦੀਆਂ ਹਨ, ਪਰ ਜੇ ਵਿਚਾਰ ਕੇ ਵੇਖਣਾ ਕਰੀਏ ਤਾਂ ਏਕੈ = ਇੱਕੋ ਜਲੁ = ਪਾਣੀ ਹੀ ਜੋ ਘੜਿਆਂ ਦੀ ਰਚਨਾ ਦਾ ਕਾਰਨ ਸੀ, ਉਨ੍ਹਾਂ ਘਟ ਘਟ = ਘੜਿਆਂ ਘੜਿਆਂ ਅਤੇ

ਘਟਿਕਾ = ਘੜੀਆਂ (ਮਟਕੀਆਂ) ਵਿਚ ਵੱਖਰਾ ਵੱਖਰਾ ਹੋ ਕੇ ਸਮਾਏ = ਸਮਾਇਆ ਹੁੰਦਾ ਹੈ **ਵਾ:** ਘਟਿਕਾ = ਘੜਿਆਂ ਦੇ ਘਟ ਘਟ ਵਿਚ ਪਾਣੀ ਸਮਾਇਆ ਹੋਇਆ ਵਿਖਾਈ ਦਿੰਦਾ ਹੈ।

ਜਾਹੀ ਜਾਹੀ ਘਟਿਕਾ ਮੈ ਦ੍ਰਿਸਟਿ ਕੈ ਦੇਖੀਅਤ;
ਪੇਖੀਅਤ ਆਪਾ ਆਪੁ ਆਨ ਨ ਦਿਖਾਏ ਹੈ॥

ਜਾਹੀ ਜਾਹ = ਜਿਸ ਜਿਸ ਘਟਿਕਾ = ਘੜੇ ਮੈ = ਵਿਚ ਦ੍ਰਿਸਟਿ = ਨਜ਼ਰ ਮਾਰ ਕਰਕੇ ਦੇਖੀਅਤ = ਵੇਖੀਦਾ ਹੈ ਅਤੇ ਪੇਖੀਅਤ = ਵੇਖਣ ਵਿਚ ਆਪੇ ਆਪੁ = ਆਪਣਾ ਆਪ, ਭਾਵ ਜਲ ਹੀ ਜਲ ਆਉਂਦਾ ਹੈ, ਆਨ = ਹੋਰ ਕੁਝ ਵੀ ਦਿਖਾਏ = ਦਿਖਾਈ ਨ = ਨਹੀਂ ਦਿੰਦਾ ਹੈ।

ਅਰਥਾਤ ਇਸੇ ਪ੍ਰਕਾਰ ਚੇਤਨ ਬ੍ਰਹਮ ਰੂਪ ਜਲ ਵਿੱਚੋਂ ਮਾਇਆ, ਪ੍ਰਕਿਰਤੀ ਰੂਪ ਧਰਤੀ ਪੈਦਾ ਹੋ ਕੇ ਚੇਤਨ ਪੁਰਖ ਦੇ ਆਧਾਰ ਇਸਥਿਤੀ ਹੋ ਜਾਂਦੀ ਹੈ, ਜਦ ਮੁੜ ਉਕਤ ਚੇਤਨ ਪੁਰਖ ਆਪਣੇ ਕਾਰਨ ਸਰੂਪ ਨਾਲ ਮਿਲਾਪਤਾ ਪ੍ਰਾਪਤ ਹੁੰਦੀ ਹੈ ਤਾਂ ਘੜੇ (ਮਟਕਿਆਂ) ਘੜੀਆਂ ਸਮਾਨ ਬੇਅੰਤ ਸਰੀਰ ਰੂਪ ਹੋ ਭਾਸਦੀ ਹੈ ਅਤੇ ਅਜਿਹੀਆਂ ਬੇਅੰਤ ਸਰੀਰ ਰੂਪ ਉਪਾਧੀਆਂ ਵਿਚ ਜੀਵ ਆਤਮਾ ਰੂਪ ਹੋ ਕੇ ਚੇਤਨ ਸੱਤਾ ਬੇਅੰਤ ਸਰੂਪ ਹੋ ਭਾਸਿਆ ਕਰਦੀ ਹੈ। ਜਦ ਗਿਆਨ ਦ੍ਰਿਸ਼ਟੀ ਦੁਆਰਾ ਦੇਖਿਆ ਜਾਵੇ ਤਾਂ ਅਖ਼ੀਰ ਸਭ ਦਾ ਆਪਣਾ ਆਪ ਰੂਪ ਹੀ ਅਨੁਭਵ ਵਿਚ ਆਇਆ ਕਰਦਾ ਹੈ, ਦੂਸਰਾ ਹੋਰ ਕੁਝ ਦ੍ਰਿਸ਼ਟ ਨਹੀਂ ਆਉਂਦਾ।

ਪੂਰਨ ਬ੍ਰਹਮ ਗੁਰ ਏਕੰਕਾਰ ਕੈ ਅਕਾਰ;
ਬ੍ਰਹਮ ਬਿਬੇਕ ਏਕ ਟੇਕ ਠਹਰਾਏ ਹੈ॥੧੧੦॥

ਇਸੇ ਪ੍ਰਕਾਰ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਏਕੰਕਾਰ = ਪਰਮੇਸ਼ਰ ਕੈ = ਦੇ ਸਰੂਪ ਗੁਰ = ਸਤਿਗੁਰੂ ਜੀ ਨੇ ਗੁਰੂ ਨਾਨਕ ਸਰੂਪ ਵਿਚ ਅਕਾਰ ਧਾਰਨ ਕੀਤਾ ਹੈ, ਭਾਵ ਪਰਮੇਸ਼ਰ ਨੇ ਨਿਰਗੁਣ ਸਰੂਪ ਤੋਂ ਸਰਗੁਣ ਸਰੂਪ ਧਾਰਨ ਕੀਤਾ ਹੈ। ਐਸੇ ਗੁਰੂ ਗੁਰਸਿੱਖ ਨੂੰ ਬ੍ਰਹਮ ਦੀ ਪ੍ਰਾਪਤੀ ਵਾਲਾ ਬਿਬੇਕ = ਗਿਆਨ ਦੇ ਕੇ ਗੁਰਸਿੱਖ ਨੂੰ ਏਕ = ਇਕ ਉਸ ਵਾਹਿਗੁਰੂ ਦੀ ਟੇਕ = ਓਟ ਵਿਚ ਠਹਰਾਏ = ਇਸਥਿਤ ਕਰਾ ਦਿੰਦੇ ਹੈ = ਹਨ॥੧੧੦॥

ਚਰਨ ਸਰਨਿ ਗੁਰ ਏਕ ਪੈਂਡਾ ਜਾਇ ਚਲ;
ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥

ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਜੇ ਕੋਈ ਏਕ = ਇਕ ਪੈਂਡਾ = ਕਦਮ ਚਲ = ਤੁਰ ਕੇ ਜਾਇ = ਜਾਂਦਾ ਹੈ ਤਾਂ ਸਤਿਗੁਰ = ਸੱਚੇ ਗੁਰੂ ਕੋਟਿ = ਕਰੋੜਾਂ ਪੈਂਡਾ = ਕਦਮ ਆਪ ਤੁਰ ਕੇ ਆਗੇ = ਅੱਗੇ ਹੋਇ = ਹੋ ਕੇ ਲੇਤ = ਲੈਣ ਵਾਸਤੇ ਆਉਂਦੇ ਹਨ। ਜਿਵੇਂ ਆਪਣੇ ਸਿੱਖ ਭਾਈ ਲਹਿਣੇ ਨੂੰ ਲੈਣ ਵਾਸਤੇ ਗੁਰੂ ਨਾਨਕ ਸਾਹਿਬ ਜੀ ਆਪ ਆ ਗਏ ਸਨ।

ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ;
ਸਿਮਰਨ ਤਾਹਿ ਬਾਰੰਬਾਰ ਗੁਰ ਹੇਤ ਹੈ॥

ਅੱਠੇ ਪਹਿਰਾਂ ਵਿਚ ਜੋ ਏਕ = ਇਕ ਵਾਰ ਸਤਿਗੁਰ = ਸੱਚੇ ਗੁਰੂ ਨੂੰ **ਵਾ:** ਸੱਚੇ ਗੁਰੂ ਨੂੰ ਉਪਦੇਸ਼ ਦੁਆਰਾ

ਛਿਨ ਮਾਤਰ ਸਿਮਰਨ = ਯਾਦ ਕਰਦਾ ਹੈ, ਤਾਹਿ = ਉਸੇ ਦੇ ਹੇਤ = ਭਲੇ ਲਈ ਗੁਰ = ਸੱਚੇ ਸਤਿਗੁਰੂ ਬਾਰੰਬਾਰ = ਮੁੜ ਮੁੜ ਸਿਮਰਨ = ਯਾਦ ਕਰਦੇ ਰਹਿੰਦੇ ਹੈ = ਹਨ।

ਭਾਵਨੀ ਭਗਤਿ ਭਾਇ ਕਉਡੀ ਅਗ੍ਰ ਭਾਗ ਰਾਖੈ;
ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ॥

ਜੇ ਕੋਈ ਭਾਇ = ਪ੍ਰੇਮਾ ਭਗਤਿ = ਭਗਤੀ ਦੇ ਸਹਿਤ ਤੇ ਭਾਵਨੀ = ਸ਼ਰਧਾ ਨਾਲ ਗੁਰੂ ਦੇ ਅਗ੍ਰਭਾਗ = ਅਗਲੇ ਹਿੱਸੇ, ਭਾਵ ਸਾਹਮਣੇ ਕਉਡੀ ਵੀ ਰਾਖੈ = ਰੱਖ ਦਿੰਦਾ ਹੈ ਤਾਂ ਤਾਹਿ = ਉਸ ਦੇ ਤਾਈਂ ਗੁਰ = ਸਤਿਗੁਰੂ ਸਾਹਿਬ ਜੀ ਸਰਬ = ਸਾਰੇ ਨਿਧਾਨ = ਖ਼ਜ਼ਾਨੇ ਦਾ ਦਾਨ ਬਖ਼ਸ਼ਸ਼ ਦੇਤ = ਦਿੰਦੇ ਹੈ = ਹਨ, ਭਾਵ ਅਜਿਹਾ ਦਾਨ ਦਿੰਦੇ ਹਨ ਕਿ ਦੁਬਾਰਾ ਵਾਪਸ ਲੈਣ ਦਾ ਖ਼ਿਆਲ ਨਹੀਂ ਕਰਦੇ।

ਸਤਿਗੁਰੁ ਦਇਆ ਨਿਧਿ ਮਹਿਮਾ ਅਗਾਧਿ ਬੋਧਿ;
ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ॥੧੧੧॥

ਸਤਿਗੁਰੁ = ਸੱਚੇ ਗੁਰੂ ਜੀ ਦਇਆ = ਮਿਹਰ ਦਾ ਨਿਧਿ = ਸਮੁੰਦਰ ਹਨ, ਉਨ੍ਹਾਂ ਦੀ ਮਹਿਮਾ = ਸ਼ੋਭਾ ਦਾ ਬੋਧਿ = ਗਿਆਤ ਅਗਾਧਿ = ਅਥਾਹ, ਅਤਿਅੰਤ ਡੂੰਘਾ ਹੈ, ਇਸ ਲਈ ਐਸੇ ਗੁਰੂ ਸਾਹਿਬ ਜੀ ਨੂੰ ਸਤਿਜੁਗ ਵਿਚ ਨਮੋ = ਨਮਸਕਾਰ ਸੀ, ਤ੍ਰੇਤੇ ਜੁਗ ਵਿਚ ਵੀ ਨਮੋ = ਨਮਸਕਾਰ ਸੀ, ਦੁਆਪਰ ਜੁਗ ਵਿਚ ਵੀ ਨਮੋ = ਨਮਸਕਾਰ ਸੀ ਤੇ ਹੁਣ ਕਲਿਜੁਗ ਵਿਚ ਵੀ ਨਮੋ = ਨਮਸਕਾਰ ਹੈ ਅਤੇ ਐਸੇ ਗੁਰੂ ਜੀ ਨੇਤਿ = ਅਨੰਤ ਸਰੂਪ ਹਨ, ਨੇਤਿ = ਅਨੰਤ ਸਰੂਪ ਹਨ, ਨੇਤਿ = ਅਨੰਤ ਸਰੂਪ ਹਨ॥੧੧੧॥

ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹੁਇ;
ਉਨਮਨ ਉਨਮਤ ਬਿਸਮ ਬਿਸ੍ਵਾਸ ਹੈ॥

ਜਿਹੜੇ ਗੁਰਾਂ ਦੇ ਉਪਦੇਸ਼ ਰੂਪੀ ਅੰਮ੍ਰਿਤ ਦੇ ਨਿਧਾਨ = ਖ਼ਜ਼ਾਨੇ ਵਿੱਚੋਂ ਪ੍ਰੇਮ ਰੂਪ ਰਸ ਨੂੰ ਪਾਨ = ਪੀ ਕਰਕੇ ਪੂਰਨ ਤ੍ਰਿਪਤ ਹੁਇ = ਹੋ ਗਏ ਹਨ, ਉਹ ਉਨਮਨ = ਉਨਮਨੀ ਅਵਸਥਾ ਵਿਚ ਉਨਮਤ = ਮਸਤ ਰਹਿੰਦੇ ਹਨ ਅਤੇ ਉਨ੍ਹਾਂ ਦਾ ਬਿਸ੍ਵਾਸ = ਨਿਸ਼ਚਾ ਬਿਸਮ = ਅਸਚਰਜ ਸਰੂਪ ਪਰਮੇਸ਼ਰ ਉੱਤੇ ਪਰਪੱਕ ਹੋ ਜਾਂਦਾ ਹੈ।

ਆਤਮ ਤਰੰਗ ਬਹੁ ਰੰਗ ਅੰਗ ਅੰਗ ਛਬਿ;
ਅਨਿਕ ਅਨੂਪ ਰੂਪ ਊਪ ਕੋ ਪ੍ਰਗਾਸ ਹੈ॥

ਬਹੁ = ਬਹੁਤ ਰੰਗਾਂ, ਤਰ੍ਹਾਂ ਦੀਆਂ ਆਤਮ = ਆਤਮਿਕ ਰੂਪੀ ਤਰੰਗ = ਲਹਿਰਾਂ ਦੇ ਅੰਦਰ ਪੈਦਾ ਹੋਣ ਕਰਕੇ ਉਨ੍ਹਾਂ ਦੇ ਅੰਗ ਅੰਗ ਦੀ ਛਬਿ = ਸ਼ੋਭਾ ਦਾ ਅਨਿਕ = ਬੇਅੰਤ ਪ੍ਰਕਾਰ ਕਰਕੇ ਅਨੂਪ = ਉਪਮਾ ਤੋਂ ਰਹਿਤ ਊਪ = ਸ਼ੋਭਾ ਦੇ ਮਾਲਕ ਪਰਮੇਸ਼ਰ ਰੂਪ = ਸਰੂਪ ਦਾ ਪ੍ਰਗਾਸ = ਪ੍ਰਕਾਸ਼ ਰਿਦੇ ਵਿਚ ਹੋ ਆਉਂਦਾ ਹੈ।

ਸ੍ਵਾਦ ਬਿਸਮਾਦ ਬਹੁ ਬਿਬਿਧਿ ਸੁਰਤ ਸਰਬ;
ਰਾਗ ਨਾਦ ਬਾਦ ਬਹੁ ਬਾਸਨਾ ਸੁਬਾਸ ਹੈ॥

ਪਰਮੇਸ਼ਰ ਦਾ ਸਰੂਪ ਪ੍ਰਗਟ ਹੋ ਆਉਣ ਤੋਂ ਉਨ੍ਹਾਂ ਨੂੰ ਆਤਮਿਕ ਸ੍ਵਾਦ = ਰਸ ਆਉਂਦਾ ਹੈ, ਉਹ ਬਿਸਮਾਦ = ਅਸਚਰਜ ਹੁੰਦੇ ਹਨ ਅਤੇ ਬਹੁ = ਬਹੁਤ ਬਿਬਿਧਿ = ਤਰ੍ਹਾਂ ਦੀ ਸਰਬ = ਸਾਰੀ ਸੁਰਤ = ਸੁਰਤੀ ਵਿਚ, ਅਨਹਦ ਧੁਨੀ ਸੁਣਿਆ ਕਰਦੇ ਹਨ ਅਤੇ ਸਾਰੇ ਤਰ੍ਹਾਂ ਦੇ ਹੀ ਰਸ, ਨਾਦ, ਵਾਦ ਦੀ ਧੁਨੀ **ਵਾ:** ਰਾਗ ਅਤੇ ਨਾਦ = ਵਾਜਿਆਂ ਦੀਆਂ ਧੁਨੀਆਂ ਬਾਦ = ਬੇਅਰਥ ਹੀ ਦਿਖਾਈ ਦਿੰਦੀਆਂ ਹਨ ਅਤੇ ਬਹੁ = ਬਹੁਤ ਹੀ ਤਰ੍ਹਾਂ ਦੀ ਸੁਬਾਸ = ਸ੍ਰੇਸ਼ਟ ਸੁਗੰਧੀ ਦੀ ਬਾਸਨਾ = ਮਹਿਕ ਉਨ੍ਹਾਂ ਦੇ ਰਿਦੇ ਵਿਚ ਵਿਸਥਾਰ ਕਰ ਲੈਂਦੀ ਹੈ **ਵਾ:** ਸਤ, ਸੰਤੋਖ ਆਦਿ ਬਹੁ = ਬਹੁਤੇ ਸ਼ੁਭ ਗੁਣਾਂ ਦੀ ਬਾਸਨਾ = ਸੁਗੰਧੀ ਤੇ (ਸੁ + ਬਾਸ) ਸੁ = ਸ੍ਰੇਸ਼ਟ ਭਗਤੀ ਰੂਪੀ ਬਾਸ = ਸੁਗੰਧੀ ਰਿਦੇ ਵਿਚ ਮਹਿਕ ਆਉਂਦੀ ਹੈ।

ਪਰਮਦਭੁਤ ਬ੍ਰਹਮਾਸਨ ਸਿੰਘਾਸਨ ਮੈ;
ਸੋਭਾ ਸਭਾ ਮੰਡਲ ਅਖੰਡਲ ਬਿਲਾਸ ਹੈ॥੧੧੨॥

ਪਰਮਦਭੁਤ = ਅਸਚਰਜ ਸਰੂਪ (ਬ੍ਰਹਮ + ਆਸਨ) ਬ੍ਰਹਮ ਦੀ ਆਸਨ = ਇਸਥਿਤੀ ਦਾ ਜੋ ਦਸਮ ਦੁਆਰ ਵਿਚ ਸਿੰਘਾਸਨ = ਤਖ਼ਤ ਹੈ ਅਤੇ ਦਸਮ ਦੁਆਰ ਵਿਚ ਸਭਾ = ਸਾਰੇ ਮੰਡਲਾਂ ਦੀ ਸੋਭਾ = ਮਹਿਮਾ ਅਸਚਰਜ ਹੀ ਚਮਕਦੀ ਹੈ, ਜਿਥੇ ਬ੍ਰਹਮ ਨਾਲ ਇਕਮਿਕ ਹੋਏ ਪੁਰਖ ਅਖੰਡਲ = ਇਕ-ਰਸ ਬਿਲਾਸ = ਅਨੰਦ ਨੂੰ ਮਾਣਦੇ ਰਹਿੰਦੇ ਹਨ।

ਅਥਵਾ ਜੋ ਪਰਮਦਭੁਤ = ਅਸਚਰਜ ਸਰੂਪ (ਬ੍ਰਹਮ + ਆਸਨ) ਬ੍ਰਹਮ = ਵਿਆਪਕ ਪਰਮੇਸ਼ਰ ਦੀ ਇਸਥਿਤੀ ਦਾ ਸਤਿਸੰਗਤ, ਸੱਚਖੰਡ ਰੂਪੀ ਸਿੰਘਾਸਨ = ਤਖ਼ਤ ਹੈ, ਉਸ ਸੱਚਖੰਡ ਵਿਚ ਪਹੁੰਚਣ ਕਰਕੇ ਗੁਰਮੁਖ ਜਨਾਂ ਦੀ ਸੋਭਾ = ਮਹਿਮਾ ਸਭਾ = ਸਾਰੇ ਮੰਡਲਾਂ ਵਿਚ ਹੋ ਰਹੀ ਹੈ ਅਤੇ ਉਨ੍ਹਾਂ ਨੂੰ ਅਖੰਡਲ = ਇਕ-ਰਸ ਆਤਮਿਕ ਬਿਲਾਸ = ਅਨੰਦ ਪ੍ਰਾਪਤ ਹੁੰਦਾ ਹੈ॥੧੧੨॥

ਬਜਥਾਵੰਤੇ ਜੰਤੈ ਜੈਸੇ ਬੈਦ ਉਪਚਾਰੁ ਕਰੈ;
ਬਜਥਾ ਬਿਰਤਾਂਤ ਸੁਨਿ ਹਰੈ ਦੁਖ ਰੋਗ ਕਉ॥

ਜੈਸੇ = ਜਿਸ ਪ੍ਰਕਾਰ ਬੈਦ = ਹਕੀਮ ਬਜਥਾਵੰਤੇ = ਰੋਗੀ ਜੰਤੈ = ਪੁਰਖ ਦਾ ਦਵਾਈ ਆਦਿ ਦੁਆਰਾ ਉਪਚਾਰੁ = ਇਲਾਜ ਕਰੈ = ਕਰਦਾ ਹੈ, ਪਰੰਤੂ ਉਸ ਬਜਥਾ = ਰੋਗੀ ਪੁਰਖ ਦਾ ਬਿਰਤਾਂਤ = ਹਾਲ ਸੁਨੈ = ਸੁਣ ਕੇ ਦੁਖ ਦੇਣ ਵਾਲੇ ਰੋਗ = ਕਸ਼ਟ ਕਉ = ਨੂੰ ਹਰੈ = ਹਰਨਾ, ਨਾਸ਼ ਕਰਦਾ ਹੈ।

ਜੈਸੇ ਮਾਤਾ ਪਿਤਾ ਹਿਤ ਚਿਤ ਕੈ ਮਿਲਤ ਸੁਤੈ;
ਖਾਨ ਪਾਨ ਪੋਖਿ ਤੋਖਿ ਹਰਤ ਹੈ ਸੋਗ ਕਉ॥

ਜੈਸੇ = ਜਿਸ ਪ੍ਰਕਾਰ ਮਾਤਾ = ਮਾਂ ਤੇ ਪਿਤਾ = ਪਿਉ ਹਿਤ = ਸਨੇਹ ਚਿਤ ਕੈ = ਕਰਕੇ ਸੁਤੈ = ਪੁੱਤਰ ਨੂੰ ਮਿਲਤ = ਮਿਲਦੇ ਹਨ, ਭਾਵ ਪੁੱਤਰ ਨੂੰ ਗਲੇ ਲਗਾ ਕੇ ਮਿਲਦੇ ਹਨ ਅਤੇ ਖਾਨ = ਖਾਣ, ਪਾਨ = ਪੀਣ ਦੇ ਪਦਾਰਥ ਖੁਆ ਪਿਲਾ ਕੇ ਉਸ ਨੂੰ ਪੋਖਿ = ਪਾਲਦੇ ਹੋਏ ਤੋਖਿ = ਪ੍ਰਸੰਨ ਹੁੰਦੇ ਹਨ ਅਤੇ ਪੁੱਤਰ ਦੇ ਸੋਗ = ਗ਼ਮਾਂ ਕਉ = ਨੂੰ ਹਰਤ = ਨਿਵਾਰਨਾ ਕਰਦੇ ਹਨ।

ਬਿਰਹਨੀ ਬਨਿਤਾ ਕਉ ਜੈਸੇ ਭਰਤਾਰੁ ਮਿਲੈ;
ਪ੍ਰੇਮ ਰਸ ਕੈ ਹਰਤ ਬਿਰਹ ਬਿਓਗ ਕਉ ॥

ਜੈਸੇ = ਜਿਸ ਪ੍ਰਕਾਰ ਬਿਰਹਨੀ = ਵਿਛੋੜੇ ਵਾਲੀ ਬਨਿਤਾ = ਇਸਤਰੀ ਕਉ = ਨੂੰ ਉਸ ਦਾ ਭਰਤਾਰੁ = ਪਤੀ ਮਿਲੈ = ਮਿਲਦਾ ਹੈ ਤੇ ਪ੍ਰੇਮ = ਸਨੇਹ ਦੇ ਰਸ ਕੈ = ਕਰਕੇ **ਵਾ:** ਸਨੇਹ ਕਰਕੇ ਰਸ = ਅਨੰਦਤ ਕਰ ਦਿੰਦਾ ਹੈ ਤੇ ਉਸ ਦੇ ਬਿਰਹ = ਵਿਛੋੜੇ ਦੀ ਬਿਓਗ = ਪੀੜਾ ਕਉ = ਨੂੰ ਹਰਤ = ਨਾਸ਼ ਕਰ ਦਿੰਦਾ ਹੈ।

ਤੈਸੇ ਹੀ ਬਿਬੇਕੀ ਜਨ ਪਰਉਪਕਾਰ ਹੇਤ;
ਮਿਲਤ ਸਲਿਲ ਗਤਿ ਸਹਜ ਸੰਜੋਗ ਕਉ ॥੧੧੩॥

ਤੈਸੇ = ਉਸੇ ਪ੍ਰਕਾਰ ਹੀ ਬਿਬੇਕੀ = ਗਿਆਨਵਾਨ, ਵਿਚਾਰਵਾਨ ਜਨ = ਪੁਰਖ ਪਰਉਪਕਾਰ = ਪਰਾਏ ਦਾ ਭਲਾ ਕਰਨ ਹੇਤ = ਵਾਸਤੇ ਮਿਲਤ = ਮਿਲਦੇ ਹਨ ਤੇ ਸਲਿਲ = ਪਾਣੀ ਦੇ ਗਤਿ = ਵਾਂਗ ਸਹਜ = ਸੁਤੇ-ਸਿਧ ਹੀ ਸੰਜੋਗ = ਮਿਲਾਪ ਕਉ = ਕਰਕੇ ਸੁਖ ਦਿੰਦੇ ਹਨ।

ਅਥਵਾ ਜਿਵੇਂ ਸਲਿਲ = ਪਾਣੀ ਗਤਿ = ਚੱਲ ਕੇ ਸਹਜ = ਸੁਤੇ-ਸਿਧ ਹੀ ਪਿਆਸੇ ਆਦਿਕ ਪੁਰਖਾਂ ਦੀ ਪਿਆਸ ਨੂੰ ਮਿਟਾਉਣ ਵਾਸਤੇ ਉਨ੍ਹਾਂ ਦੇ ਸੰਜੋਗ = ਮੇਲੇ ਨੂੰ ਪ੍ਰਾਪਤ ਕਰਦਾ ਹੈ, ਭਾਵ ਜਿਵੇਂ ਨਦੀਆਂ ਨਹਿਰਾਂ ਦਾ ਰੂਪ ਧਾਰ ਕੇ ਪਾਣੀ ਨੇੜੇ ਨਾ ਆ ਸਕਣ ਵਾਲਿਆਂ ਦੇ ਕੋਲ ਪੁੱਜ ਕੇ ਉਨ੍ਹਾਂ ਦੀ ਪਿਆਸ ਬੁਝਾਉਂਦਾ ਹੈ, ਇਸੇ ਤਰ੍ਹਾਂ ਵਿਚਾਰਵਾਨ ਜਨ = ਪੁਰਖ ਸਤਿਸੰਗਤ ਰੂਪੀ ਪਾਣੀ ਦੇ ਨਜ਼ਦੀਕ ਨਾ ਆ ਸਕਣ ਵਾਲਿਆਂ ਦੇ ਕੋਲ ਪੁੱਜ ਕੇ ਉਨ੍ਹਾਂ ਨੂੰ ਸਤਿਸੰਗਤ, ਨਾਮ ਰੂਪੀ ਜਲ ਦੀ ਪ੍ਰਾਪਤੀ ਕਰਾ ਕੇ ਉਨ੍ਹਾਂ ਦੀ ਆਤਮਿਕ ਤ੍ਰਿਪਤੀ ਕਰਦੇ ਹਨ॥੧੧੩॥

ਬਜਥਾਵੰਤੈ ਬੈਦ ਰੂਪ, ਜਾਚਿਕ ਦਾਤਾਰ ਗਤਿ;
ਗਾਹ ਕੈ ਬਿਆਪਾਰੀ ਹੋਇ, ਮਾਤ ਪਿਤਾ ਪੂਤ ਕਉ ॥

ਵਿਚਾਰਵਾਨ ਪੁਰਖ ਬਜਥਾਵੰਤੈ = ਪੀੜਾ ਵਾਲੇ ਰੋਗੀ ਪੁਰਖ ਨੂੰ ਬੈਦ = ਹਕੀਮ ਰੂਪ ਹੋ ਕੇ ਮਿਲਦੇ ਹਨ, ਭਾਵ ਉਸ ਦੇ ਦੁੱਖ ਨਵਿਰਤੀ ਦੇ ਉੱਦਮ ਵਿਚ ਜੁੱਟ ਪੈਂਦੇ ਹਨ ਤੇ ਜੇਕਰ ਜਾਚਿਕ = ਮੰਗਤਾ, ਲੋੜਵੰਦ ਪੁਰਖ ਅੱਗੇ ਆ ਜਾਵੇ ਤਾਂ ਉਸ ਨੂੰ ਦਾਤਾ = ਦਾਨ ਦੇਣ ਵਾਲਿਆਂ ਦੀ ਗਤਿ = ਚਾਲ ਧਾਰ ਕੇ ਉਸ ਨੂੰ ਲੋੜ ਅਨੁਸਾਰ ਪਦਾਰਥ ਦਿੰਦੇ ਹਨ, ਪਰ ਜੇਕਰ ਕੋਈ ਗਾਹ = ਗਾਹਕ, ਖ਼ਰੀਦਦਾਰ ਆਵੇ, ਉਸ ਨੂੰ ਬਿਆਪਾਰੀ = ਸੌਦਾਗਰ ਹੋਇ = ਹੋ ਕੇ ਮਿਲਦੇ ਹਨ, ਭਾਵ ਜੋ ਸੌਦਾ ਵੇਚਣ ਵਾਲਾ ਹੈ, ਉਸ ਨੂੰ ਖ਼ਰੀਦਣ ਵਾਲਾ ਹੋ ਕੇ ਮਿਲਦੇ ਹਨ ਅਤੇ ਪੂਤ = ਪੁੱਤਰ, ਧੀਆਂ ਆਦਿ ਕਉ = ਨੂੰ ਮਾਤ = ਮਾਂ, ਪਿਤਾ = ਪਿਉ ਵਾਂਗ ਲਾਡ ਲਡਾਉਂਦੇ ਹਨ।

ਨਾਰਿ ਭਰਤਾਰਿ ਬਿਧਿ, ਮਿਤ੍ਰ ਮਿਤ੍ਰਾਈ ਰੂਪ;
ਸੁਜਨ ਕੁਟੰਬ ਸਖਾ ਭਾਇ ਚਾਇ ਸੂਤ ਕਉ ॥

ਨਾਰਿ = ਇਸਤਰੀ ਨਾਲ ਭਰਤਾਰਿ = ਪਤੀ ਦੀ ਬਿਧਿ = ਤਰ੍ਹਾਂ ਹੀ ਵਰਤਦੇ ਹਨ, ਮਿਤ੍ਰ = ਦੋਸਤ ਨੂੰ ਮਿਤ੍ਰਾਈ = ਦੋਸਤਾਈ ਦੇ ਰੂਪ ਵਿਚ ਮਿਲਦੇ ਹਨ, ਆਪਣੇ ਸੁਜਨ = ਸੱਜਣ, ਕੁਟੰਬ = ਸੰਬੰਧੀਆਂ,

ਸਖਾ = ਪਿਆਰੇ ਮਿੱਤਰ, ਭਾਇ = ਭਾਈ ਆਦਿ ਜਿਹੋ ਜਿਹੇ ਚਾਉ ਵਾਲੇ ਸੁਭਾਅ ਦੇ ਸਹਿਤ ਹੋ ਕੇ ਸਨਮੁਖ ਆਉਂਦੇ ਹਨ, ਉਹੋ ਜਿਹਾ ਹੀ ਚਾਇ = ਚਾਉ, ਉਤਸ਼ਾਹ ਨਾਲ ਮਿਲਦੇ ਹਨ, ਇਸ ਪ੍ਰਕਾਰ ਸਭ ਨਾਲ ਵੱਖਰੀ ਵੱਖਰੀ ਸੂਤ = ਗੀਤੀ ਕਉ = ਦੇ ਨਾਲ ਮਿਲਦੇ ਹਨ।

ਲੋਗਨ ਮੈ ਲੋਗਾਚਾਰ ਬੇਦ ਕੈ ਬੇਦ ਬੀਚਾਰ;
ਗਿਆਨ ਗੁਰ ਏਕੰਕਾਰ ਅਵਧੂਤ ਅਵਧੂਤ ਕਉ ॥

ਇਸੇ ਤਰ੍ਹਾਂ ਲੋਗਨ = ਲੋਕਾਂ ਮੈ = ਵਿਚ ਲੋਗਾਚਾਰ = ਲੋਕਾਚਾਰ (ਲੋਕਾਂ ਦੇ ਕਰਤੱਵ) ਵਤ ਵਰਤਦੇ ਹਨ, ਬੇਦ ਕੈ = ਦੇ ਜਾਣਨ ਵਾਲਿਆਂ ਨਾਲ ਬੇਦ ਦੀ ਵਿਚਾਰ ਕਰਨ ਵਾਲੇ ਹੋ ਕੇ ਮਿਲਦੇ ਹਨ, ਜੇ ਕੋਈ ਅਵਧੂਤ = ਵਿਰਕਤ ਆਤਮਾ ਵਾਲਾ ਸਾਧੂ ਸੰਤ ਮਿਲ ਜਾਵੇ ਤਾਂ ਅਵਧੂਤ = ਵਿਰਕਤ ਪੁਰਖ ਗੁਰ = ਸਤਿਗੁਰਾਂ ਦੇ ਉਪਦੇਸ਼ ਦੁਆਰਾ ਏਕੰਕਾਰ = ਪਰਮੇਸ਼ਰ ਦੇ ਸਰੂਪ ਦਾ ਗਿਆਨ ਕਰਾਉਣ ਵਾਲੇ ਹੋ ਕੇ ਵਰਤਦੇ ਹਨ।

ਬਿਰਲੋ ਬਿਬੇਕੀ ਜਨ ਪਰਉਪਕਾਰ ਹੇਤ;
ਮਿਲਤ ਸਲਿਲ ਗਤਿ ਸ੍ਵੰਗ ਭੂਤ ਕਉ ॥੧੧੪॥

ਸ੍ਵੰਗ = ਸਾਰਿਆਂ ਭੂਤ = ਜੀਵਾਂ ਕਉ = ਦੇ ਅੰਗਾਂ ਨਾਲ ਜੋ ਸਲਿਲ = ਪਾਣੀ ਗਤਿ = ਵਾਂਗ ਮਿਲਤ = ਮਿਲਣਾ ਹੈ, ਇਹੋ ਪਰਾਏ ਉੱਤੇ ਭਲਾ ਕਰਦੇ ਹਨ, ਪਰ ਇਹੋ ਜਿਹੇ ਬਿਰਲੋ = ਟਾਂਵੇਂ ਹੀ ਬਿਬੇਕੀ = ਵਿਚਾਰਵਾਨ ਜਨ = ਪੁਰਖ ਹਨ, ਜੋ ਪਰਉਪਕਾਰ = ਪਰਾਏ ਦਾ ਭਲਾ ਕਰਨ ਹੇਤ = ਵਾਸਤੇ ਮਿਲਦੇ ਹਨ ਅਤੇ ਪਾਣੀ ਵਤ ਹੋ ਕੇ ਸ਼ੁੱਧ ਚਿੱਤ ਵਾਲੇ, ਆਤਮ ਵਿਸ਼ੈਣੀ ਬੁੱਧ ਵਾਲੇ ਕਰ ਦਿੰਦੇ ਹਨ ॥੧੧੪॥

ਦਰਸਨ ਧਿਆਨ ਦਿਬਿ ਦੇਹ ਕੈ ਬਿਦੇਹ ਭਏ;
ਦ੍ਰਿਗ ਦਿਬਿ ਦ੍ਰਿਸਟਿ ਬਿਖੈ ਭਾਉ ਭਗਤਿ ਚੀਨ ਹੈ ॥

ਜਿਨ੍ਹਾਂ ਨੇ ਗੁਰਾਂ ਦੇ ਦਰਸਨ = ਦੀਦਾਰ ਦੇ ਧਿਆਨ = ਖ਼ਿਆਲ ਵਿਚ ਮਸਤ ਹੋਣਾ ਕੀਤਾ ਹੈ। ਉਹ ਦਿਬਿ = ਪ੍ਰਕਾਸ਼ ਭਾਵ ਸ਼ੁੱਧ ਦੇਹ ਵਾਲੇ ਹੋ ਕੇ = ਕਰਕੇ ਬਿਦੇਹ = ਜੀਵਨ ਮੁਕਤ ਭਏ = ਹੋ ਗਏ ਹਨ **ਵਾ:** ਬਿਦੇਹ = ਦੇਹ ਵਿਚ ਵੱਸਦੇ ਵੀ ਦੇਹ ਤੋਂ ਅਸੰਗ ਹੋਏ ਰਹਿੰਦੇ ਹਨ ਅਤੇ ਦ੍ਰਿਗ = ਨੇਤਰਾਂ ਦੀ ਦ੍ਰਿਸਟਿ ਦਿਬਿ = ਸ਼ੁੱਧ ਹੋ ਕੇ ਗੁਰਾਂ ਦੇ ਉਪਦੇਸ਼ ਬਿਖੈ = ਵਿਚ ਲੱਗੀ ਰਹਿੰਦੀ ਹੈ ਅਤੇ ਉਹ ਜੀਵਨ ਕਾਲ ਵਿਚ ਭਾਉ = ਪ੍ਰੇਮਾ ਭਗਤਿ = ਭਗਤੀ ਨੂੰ ਹੀ ਚੀਨ = ਜਾਣਦੇ ਹੈ = ਹਨ, ਭਾਵ ਨੇਤਰ ਸੰਸਾਰੀ ਦ੍ਰਿਸ਼ਟੀ ਵੱਲੋਂ ਸੰਕੋਚ ਕੇ ਅੰਤਰ ਆਤਮੇ ਵਿਚ ਹੀ ਅੰਤਰ ਮੁਖ ਰਹਿਣਾ ਆਪਣਾ ਧਰਮ ਸਮਝਦੇ ਹਨ।

ਅਧਿਆਤਮ ਕਰਮ ਕਰਿ ਆਤਮ ਪ੍ਰਵੇਸ;
ਪਰਮਾਤਮ ਪ੍ਰਵੇਸ ਸਰਬਾਤਮ ਲਿਉ ਲੀਨ ਹੈ ॥

ਫੇਰ ਐਸੇ ਗੁਰਮੁਖ ਜਨ ਅਧਿਆਤਮ = ਆਤਮਾ ਨੂੰ ਆਸਰੇ ਕਰਨ ਵਾਲੇ **ਵਾ:** ਅਧਿਆਤਮ = ਨਿਸ਼ਕਾਮ ਕਰਮ ਕਰਿ = ਕਰਦੇ ਹਨ, ਭਾਵ ਸਾਰੇ ਕਰਮਾਂ ਨੂੰ ਕਰਾਉਣ ਵਾਲਾ ਅਕਰਤਾ ਸਰੂਪ ਆਪਣੇ ਅੰਦਰ ਜਾਣ

ਕੇ ਤਥਾ ਸੁਖ ਦੁਖ ਮਈ ਫਲ ਭੋਗ ਦਾ ਅਨੁਭਵ ਉਸ ਨੂੰ ਸਮਝ ਕੇ ਹੰਗਤਾ ਤੋਂ ਰਹਿਤ ਹੋ ਕੇ ਕਰਮ ਕਰਦੇ ਹਨ, ਇਸ ਲਈ ਪਹਿਲਾਂ ਤਾਂ ਸ਼ੁੱਧ ਆਤਮਾ ਵਿਚ ਹੀ ਪ੍ਰਵੇਸ = ਦਾਖ਼ਲ ਹੋਣਾ ਕਰਦੇ ਹਨ ਅਤੇ ਫੇਰ ਦੇਹ, ਮਿਥਿਆ ਸੰਸਾਰ, ਮਿਥਿਆ ਪਦਾਰਥਾਂ ਤੋਂ ਅਸੰਗ ਹੋ ਕੇ ਪਰਮਾਤਮਾ = ਪਰਮੇਸ਼ਰ ਦੇ ਸਰੂਪ ਵਿਚ ਪ੍ਰਵੇਸ = ਦਾਖ਼ਲ, ਲੀਨ ਹੋ ਜਾਂਦੇ ਹਨ। ਇਸ ਪ੍ਰਕਾਰ ਆਤਮਾ ਤੇ ਪਰਮਾਤਮਾ ਦੀ ਅਭੇਦਤਾ ਹੋਣ ਨਾਲ ਸਰਬਾਤਮ = ਸਰਬ ਦਾ ਹੀ ਆਤਮਾ ਰੂਪ ਪ੍ਰਤੱਖ ਅਨੁਭਵ ਕਰਦਿਆਂ ਇਸ ਨਿਸ਼ਚੇ ਵਿਚ ਲਿਉ = ਲਿਵ ਲੀਨ ਹੋ ਜਾਂਦੇ ਹਨ।

ਸਬਦ ਗਿਆਨ ਪਰਵਾਨ ਹੁਇ ਨਿਧਾਨ ਪਾਏ;
ਪਰਮਾਰਥ ਸਬਦਾਰਥ ਪ੍ਰਬੀਨ ਹੈ॥

ਗੁਰਾਂ ਦੇ ਸਬਦ = ਉਪਦੇਸ਼ ਦੁਆਰਾ ਬ੍ਰਹਮ ਗਿਆਨ ਨੂੰ ਪ੍ਰਾਪਤ ਕਰ ਕੇ ਗੁਰਮੁਖ ਜਨ ਪਰਵਾਨ = ਪਰਵਾਣਨੀਕ ਹੋ ਜਾਂਦੇ ਹਨ ਤੇ ਨਿਧੀਆਂ ਦੇ ਨਿਧਾਨ = ਖ਼ਜ਼ਾਨੇ ਬ੍ਰਹਮ ਨੂੰ ਪਾਏ = ਪ੍ਰਾਪਤ ਕਰ ਲੈਂਦੇ ਹਨ ਅਤੇ ਗੁਰਾਂ ਦੇ ਸਬਦਾਰਥ (ਸਬਦ + ਅਰਥ) ਸਬਦ = ਉਪਦੇਸ਼ ਦੇ ਅਰਥ ਦਾ ਜੋ ਪਰਮਾਰਥ = ਸਿਧਾਂਤ ਹੁੰਦਾ ਹੈ **ਵਾ:** (ਪਰਮ + ਅਰਥ) ਪਰਮ = ਉੱਤਮ ਅਰਥ = ਪ੍ਰਯੋਜਨ, ਮਤਲਬ ਹੁੰਦਾ ਹੈ, ਉਸ ਨੂੰ ਸਮਝਣ ਵਿਚ ਅਤਿਅੰਤ ਪ੍ਰਬੀਨ = ਲਾਇਕ ਹੋ ਜਾਂਦੇ ਹੈ = ਹਨ।

ਤਤੈ ਮਿਲੈ ਤਤ, ਜੋਤੀ ਜੋਤਿ ਕੈ ਪਰਮ ਜੋਤਿ;
ਪ੍ਰੇਮ ਰਸ ਬਸਿ ਭਏ ਜੈਸੇ ਜਲ ਮੀਨ ਹੈ॥੧੧੫॥

ਉਨ੍ਹਾਂ ਦੇ ਤਤੈ = ਤੱਤ ਨਾਲ ਤੱਤ ਮਿਲੈ = ਮਿਲ ਜਾਂਦੇ ਹਨ, ਭਾਵ ਅਗਨੀ ਨਾਲ ਅਗਨੀ ਤੱਤ, ਮਿੱਟੀ ਨਾਲ ਮਿੱਟੀ, ਪਾਣੀ ਨਾਲ ਪਾਣੀ, ਅਕਾਸ਼ ਨਾਲ ਅਕਾਸ਼, ਹਵਾ ਨਾਲ ਹਵਾ, ਇਉਂ ਸਾਰੇ ਤੱਤਾਂ ਨਾਲ ਤੱਤ ਮਿਲ ਜਾਂਦੇ ਹਨ। ਜੈਸਾ ਕਿ :

ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥

(ਗਉੜੀ ਸੁਖਮਨੀ ਮ: ੫, ਅੰਗ ੨੭੮)

ਵਾ: ਸਾਰੀਆਂ (ਸਥੂਲ, ਸੂਖਮ, ਕਾਰਨ) ਦੇਹਾਂ ਦੇ ਸਾਖੀ ਸਰੂਪ ਸ਼ੁੱਧ ਤਤੈ = ਤੱਤ ਵਸਤੂ ਨੂੰ ਨਿਸਚੇ ਕਰਕੇ ਤਤ = ਸਿਧਾਂਤ ਸਰੂਪ ਬ੍ਰਹਮ ਵਿਚ ਮਿਲੈ = ਮਿਲ ਜਾਂਦੇ ਹਨ ਅਤੇ ਆਪਣੀ ਪਰਤਕ ਜੋਤਿ ਨੂੰ ਜੋਤਿ = ਪ੍ਰਕਾਸ਼ ਸਰੂਪ ਦੀ ਜੋਤਿ ਵਿਚ ਮਿਲਾ ਕੈ = ਕਰਕੇ ਪਰਮ = ਉੱਤਮ ਜੋਤਿ ਸਰੂਪੀ ਹੋ ਕੇ ਇਸ ਪ੍ਰਕਾਰ ਪ੍ਰੇਮ ਰਸ ਦੇ ਬਸਿ = ਅਧੀਨ ਭਏ = ਹੋ ਜਾਂਦੇ ਹਨ, ਜੈਸੇ = ਜਿਸ ਤਰ੍ਹਾਂ ਜਲ = ਪਾਣੀ ਵਿਚ ਮੀਨ = ਮੱਛੀ ਅਧੀਨ ਰਹਿੰਦੀ ਹੈ॥੧੧੫॥ ਜੈਸਾ ਕਿ :

ਜਿਉ ਮੀਨ ਜਲ ਸਿਉ ਹੇਤੁ॥ *(ਅੰਗ ੮੩੮)*

ਅਧਿਆਤਮ ਕਰਮ ਪਰਮਾਤਮ ਪਰਮ ਪਦ;
ਤਤ ਮਿਲਿ ਤਤਹਿ, ਪਰਮ ਤਤ ਵਾਸੀ ਹੈ॥

ਅਧਿਆਤਮ = ਆਤਮਾ ਦੇ ਆਸਰੇ ਕਰਨ ਵਾਲੇ ਕਰਮ ਕਰਨੇ ਕਰਕੇ ਪਰਮਾਤਮ = ਪਰਮੇਸ਼ਰ ਦੀ

ਪ੍ਰਾਪਤੀ ਵਾਲੀ ਪਰਮ = ਵੱਡੀ ਪਦ = ਪਦਵੀ, ਭਾਵ ਕੈਵਲ ਮੋਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਤਤਹਿ = ਤੱਤਾਂ ਨਾਲ ਤੱਤ ਮਿਲ ਜਾਂਦੇ ਹਨ ਅਤੇ ਸਦਾ ਹੀ ਪਰਮਤੱਤ ਪਦ ਪਰਮੇਸ਼ਰ ਦੇ ਸੱਚਖੰਡ ਰੂਪੀ ਦੇਸ਼ ਦਾ ਵਾਸੀ = ਨਿਵਾਸੀ ਹੋ ਜਾਂਦਾ ਹੈ **ਵਾ:** ਤਤ = ਜੀਵ ਤਤਹਿ = ਪੰਜ ਤੱਤਾਂ ਦੇ ਜੀਵਨ ਰੂਪ ਪਰਮੇਸ਼ਰ ਨਾਲ ਮਿਲ ਕੇ ਪਰਮ = ਸ੍ਰੇਸ਼ਟ ਤਤ = ਸਿਧਾਂਤ ਰੂਪ ਪ੍ਰਭੂ ਦੇ ਸੱਚਖੰਡ ਰੂਪੀ ਦੇਸ਼ ਵਿਚ ਵਾਸਾ ਕਰ ਲੈਂਦਾ ਹੈ।

ਸਬਦ ਬਿਬੇਕ ਟੇਕ ਏਕ ਹੀ ਅਨੇਕ ਮੇਕ;
ਜੰਤ੍ਰ ਧੁਨਿ ਰਾਗ ਨਾਦ ਅਨਭੈ ਅਭਿਆਸੀ ਹੈ॥

ਉਨ੍ਹਾਂ ਗੁਰਮੁਖਾਂ ਨੇ ਜਦ ਗੁਰਾਂ ਦੇ ਸਬਦ = ਉਪਦੇਸ਼ ਦੀ ਬਿਬੇਕ = ਵਿਚਾਰ ਦੀ ਟੇਕ = ਓਟ ਲੈਣਾ ਕੀਤੀ, ਤਦ ਏਕ = ਇਕ ਵਾਹਿਗੁਰੂ ਨੂੰ ਹੀ ਅਨੇਕ = ਅਣਗਿਣਤ ਜੀਵਾਂ ਵਿਚ ਮੇਕ = ਮਿਲਿਆ ਹੋਇਆ ਜਾਣਿਆ। ਅੱਗੇ ਦ੍ਰਿਸ਼ਟਾਂਤ ਦਿੰਦੇ ਹਨ—ਜਿਵੇਂ ਜੰਤ੍ਰ = ਵਾਜੇ ਦੀ ਧੁਨਿ = ਅਵਾਜ਼ ਰਾਗ = ਰਾਗੀ, ਗਾਉਣ ਵਾਲੇ ਦੀ ਨਾਦ = ਅਵਾਜ਼, ਵਾਜੇ ਨਾਲ ਮਿਲੀ ਹੁੰਦੀ ਹੈ, ਇਉਂ ਉਨ੍ਹਾਂ ਨੇ ਵਾਹਿਗੁਰੂ ਨੂੰ ਸਾਰਿਆਂ ਵਿਚ ਮਿਲਿਆ ਹੋਇਆ ਜਾਣ ਕੇ ਅਨਭੈ = ਡਰ ਤੋਂ ਰਹਿਤ ਪਰਮੇਸ਼ਰ ਦੇ ਨਾਮ ਦਾ ਅਭਿਆਸ ਕੀਤਾ ਹੈ।

ਦਰਸ ਧਿਆਨ ਉਨਮਾਨ ਪ੍ਰਾਨ ਪ੍ਰਾਨਪਤਿ;
ਅਬਿਗਤਿ ਅਤਿ ਅਲਖ ਬਿਲਾਸੀ ਹੈ॥

ਐਸੇ ਗੁਰਮੁਖ ਜਨ ਪ੍ਰਾਨਪਤਿ = ਪ੍ਰਾਣਾਂ ਦੇ ਪਤੀ, ਪਰਮੇਸ਼ਰ, ਗੁਰਾਂ ਦੇ ਦਰਸ = ਦਰਸ਼ਨਾਂ ਦੇ ਧਿਆਨ = ਖ਼ਿਆਲ ਨੂੰ ਪ੍ਰਾਨ = ਸੁਆਸ ਸੁਆਸ ਉਨਮਾਨ = ਵਿਚਾਰਨਾ ਕਰਦੇ ਹਨ, ਇਸੇ ਕਾਰਨ ਜੋ ਪਰਮੇਸ਼ਰ ਗੁਰੂ ਅਬਿਗਤਿ = ਨਾਸ਼ ਤੋਂ ਰਹਿਤ ਅਤਿ = ਅਤਿਅੰਤ ਡੂੰਘਾ, ਅਲਖ = ਲਖਣ ਤੋਂ ਰਹਿਤ ਤੇ ਬਿਲਾਸੀ = ਕੌਤਕ ਕਰਨ ਵਾਲਾ ਹੈ, ਉਸ ਦੇ ਸਰੂਪ ਵਿਚ ਅਭੇਦ ਹੋ ਜਾਂਦੇ ਹਨ **ਵਾ:** ਉਸ ਦੀ ਪ੍ਰਾਪਤੀ ਦਾ ਬਿਲਾਸੀ = ਆਨੰਦ ਮਾਨਣਾ ਕਰਦੇ ਹਨ।

ਅੰਮ੍ਰਿਤ ਕਟਾਛ ਦਿਬਿ ਦੇਹ ਕੈ ਬਿਦੇਹ ਭਏ;
ਜੀਵਨ ਮੁਕਤਿ ਕੋਊ ਬਿਰਲੋ ਉਦਾਸੀ ਹੈ॥੧੧੬॥

ਗੁਰਾਂ, ਵਾਹਿਗੁਰੂ ਦੇ ਅੰਮ੍ਰਿਤ ਮਈ ਨੇਤਰਾਂ ਦੀ ਕਟਾਛ = ਕ੍ਰਿਪਾ ਦ੍ਰਿਸ਼ਟੀ ਨੂੰ ਪ੍ਰਾਪਤ ਕਰ ਕੇ ਐਸੇ ਗੁਰਮੁਖ ਜਨ ਦਿਬਜ ਸਰੂਪ ਦੀ ਪ੍ਰਾਪਤੀ ਕਰ ਕੇ ਦੇਹ ਕੈ = ਦੇ ਵੱਲੋਂ ਬਿਦੇਹ ਭਏ = ਹੋ ਜਾਂਦੇ ਹਨ, ਭਾਵ ਸਰੀਰ ਦੇ ਹੁੰਦਿਆਂ ਹੀ ਜੀਵਨ ਮੁਕਤ ਹੋ ਜਾਂਦੇ ਹਨ, ਪਰੰਤੂ ਕੋਊ = ਕੋਈ ਬਿਰਲੋ = ਟਾਂਵਾਂ ਹੀ ਸੰਸਾਰ ਵੱਲੋਂ ਉਦਾਸੀ = ਉਪਰਾਮਤਾ ਧਾਰਨ ਕਰ ਕੇ ਜੀਵਨ ਮੁਕਤਿ = ਮੁਕਤੀ ਦੀ ਪ੍ਰਾਪਤੀ ਵਾਲਾ ਹੁੰਦਾ ਹੈ॥੧੧੬॥

ਸੁਪਨ ਚਰਿਤ੍ਰ ਚਿਤ੍ਰ ਜਾਗਤ ਨ ਦੇਖੀਅਤ;
ਤਾਰਕਾ ਮੰਡਲੁ ਪਰਭਾਤ ਨ ਦਿਖਾਈਐ॥

ਗੁਰਮੁਖ ਜਨ ਸੰਸਾਰ ਨੂੰ ਇਉਂ ਮਿਥਿਆ ਦੇਖਦੇ ਹਨ, ਜਿਵੇਂ ਸੁਪਨੇ ਵਿਚ ਚਰਿਤ੍ਰ = ਚਲਿੱਤਰ ਬਿਵਹਾਰ ਵਰਤਦੇ ਹੋਏ ਦਾ ਚਿਤ੍ਰ = ਚਿੱਤਰ, ਨਕਸ਼ਾ ਜਿਉਂ ਦਾ ਤਿਉਂ ਮੂਰਤੀਮਾਨ ਦਿਖਾਈ ਦਿੰਦਾ ਹੈ ਤੇ

ਜਾਗਤ = ਜਾਗਦਿਆਂ ਸਾਰ ਦੇਖੀਅਤ = ਦੇਖਣ ਵਿਚ ਨ = ਨਹੀਂ ਆਉਂਦਾ। ਦੂਸਰਾ ਦ੍ਰਿਸ਼ਟਾਂਤ ਜਿਸ ਤਰ੍ਹਾਂ ਰਾਤ ਦੇ ਸਮੇਂ ਤਾਰਕਾ ਮੰਡਲ = ਸਾਰੇ ਤਾਰਿਆਂ ਦਾ ਘੇਰਾ ਘੱਤਿਆ ਹੁੰਦਾ ਹੈ ਪਰੰਤੂ ਪਰਭਾਤ = ਸਵੇਰ ਹੁੰਦਿਆਂ ਹੀ ਉਹ ਦਿਖਾਈਐ = ਦੇਖਣ ਵਿਚ ਆਇਆ ਨਹੀਂ ਕਰਦਾ ਹੈ। ਅਤੇ :

ਤਰਵਰ ਛਾਇਆ ਲਘੁ ਦੀਰਘੁ ਚਪਲ ਬਲ;
ਤੀਰਥ ਪੁਰਬ ਜਾਤ੍ਰਾ ਥਿਰੁ ਨ ਰਹਾਈਐ ॥

ਜਿਸ ਪ੍ਰਕਾਰ ਤਰਵਰ = ਬ੍ਰਿਛਾਂ ਦਾ ਛਾਇਆ = ਪਰਛਾਵਾਂ ਧੁੱਪ ਦੇ ਵਧਣ ਘਟਣ ਅਨੁਸਾਰ ਕਦੇ ਲਘੁ = ਛੋਟਾ ਕਦੇ ਦੀਰਘੁ = ਵੱਡਾ ਹੁੰਦਾ ਰਹਿੰਦਾ ਹੈ, ਭਾਵ ਇਸਥਿਤ ਨਹੀਂ ਰਹਿੰਦਾ ਅਤੇ ਜਿਸ ਪ੍ਰਕਾਰ ਚਪਲ = ਚੰਚਲ ਤੇ ਬਲ = ਤਾਕਤ ਵਾਲੀ ਬਿਜਲੀ ਦੀ ਧਾਰਾ **ਵਾ:** ਚਪਲ = ਚਪਲਾ, ਬਿਜਲੀ ਦੀ ਚਮਕ (ਧਾਰਾ) ਅਤੇ ਤੀਰਥ ਦੇ ਪੁਰਬ ਸਮੇਂ ਜਾਤ੍ਰਾ = ਯਾਤਰਾ ਥਿਰੁ = ਇਸਥਿਤ ਨ = ਨਹੀਂ ਰਹਾਈਐ = ਰਿਹਾ ਕਰਦੀ, ਭਾਵ ਤੀਰਥਾਂ ਦੇ ਮਹਾਤਮ ਸਮੇਂ ਜ਼ਿਆਦਾ ਯਾਤਰੀ ਹੋਣ ਕਰਕੇ ਇਕ ਥਾਂ ਕੋਈ ਟਿਕ ਨਹੀਂ ਸਕਦਾ।

ਨਦੀ ਨਾਵ ਕੋ ਸੰਜੋਗ ਲੋਗ ਬਹੁਰਿਓ ਨ ਮਿਲੈ;
ਗੰਧ੍ਰਬ ਨਗਰ ਮ੍ਰਿਗ ਤ੍ਰਿਸਨਾ ਬਿਲਾਈਐ ॥

ਇਸ ਤਰ੍ਹਾਂ ਜਿਸ ਪ੍ਰਕਾਰ ਨਦੀ ਪਾਰ ਕਰਨ ਸਮੇਂ ਨਾਵ = ਬੇੜੀ ਵਿਚ ਬੈਠੇ ਲੋਗ = ਲੋਕਾਂ ਕੋ = ਦਾ ਸੰਜੋਗ = ਮਿਲਾਪ ਪਾਰ ਉਰਾਰ ਹੋਣ ਉਪਰੰਤ ਬਹੁਰਿਓ = ਮੁੜ ਉਵੇਂ ਨ = ਨਹੀਂ ਮਿਲੈ = ਮਿਲ ਸਕਦਾ ਅਤੇ ਜਿਵੇਂ ਗੰਧ੍ਰਬ ਨਗਰ = ਹਰਿਚੰਦਉਰੀ ਨਗਰੀ ਭਾਵ ਧੂੰਏਂ ਦਾ ਪਹਾੜ ਬੱਦਲਾਂ ਵਾਂਗ ਬਣਿਆ ਹੁੰਦਾ ਹੈ ਤੇ ਉਹ ਦੇਖਦਿਆਂ ਦੇਖਦਿਆਂ ਅਕਾਸ਼ ਵਿਚ ਅਲੋਪ ਹੋ ਜਾਂਦਾ ਹੈ ਤੇ ਫਿਰ ਜਿਸ ਪ੍ਰਕਾਰ ਮ੍ਰਿਗ ਤ੍ਰਿਸਨਾ = ਮਾਰੂਥਲ ਦੇ ਇਲਾਕੇ ਵਿਚ ਰੇਤ ਦੇ ਕਿਣਕਿਆਂ ਉੱਪਰ ਸੂਰਜ ਦੀਆਂ ਕਿਰਨਾਂ ਪੈਣ ਕਰਕੇ ਪਾਣੀ ਵਤ ਲਿਸ਼ਕਾਰੇ ਮਾਰਦਾ ਹੈ ਪਰੰਤੂ ਬਿਲਾਈਐ = ਛਿਨ ਮਾਤਰ ਵਿਚ ਦੂਰ ਹੋ ਜਾਂਦਾ ਹੈ।

ਤੈਸੇ ਮਾਇਆ ਮੋਹ ਧ੍ਰੋਹ ਕੁਟੰਬ ਸਨੇਹ ਦੇਹ;
ਗੁਰਮੁਖਿ ਸਬਦ ਸੁਰਤਿ ਲਿਵ ਲਾਈਐ ॥੧੧੭॥

ਤੈਸੇ = ਉਸੇ ਤਰ੍ਹਾਂ ਮਾਇਆ ਦੇ ਮੋਹ = ਸਨੇਹ, ਕੁਟੰਬ = ਪਰਿਵਾਰ ਦਾ ਸਨੇਹ = ਮੋਹ, ਦੇਹ = ਸਰੀਰ ਦਾ ਸਨੇਹ ਆਦਿ ਸਭ ਨੂੰ ਧ੍ਰੋਹ = ਛਲ ਰੂਪ ਜਾਣ ਕੇ ਗੁਰਮੁਖ ਜਨ ਗੁਰੂ ਦੇ ਸਬਦ = ਉਪਦੇਸ਼ ਵਿਚ ਸੁਰਤਿ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਲਿਵ = ਬਿਰਤੀ ਲਾਈਐ = ਲਗਾਈ ਰੱਖਦੇ ਹਨ ॥੧੧੭॥

ਨੈਹਰ ਕੁਆਰਿ ਕੰਨਿਆ ਲਾਡਿਲੀ ਕੈ ਮਾਨੀਅਤ;
ਬਿਆਹੇ ਸਸੁਰਾਰ ਜਾਇ ਗੁਨਨ ਕੈ ਮਾਨੀਐ ॥

ਨੈਹਰ = ਪਿਤਾ ਦੇ ਘਰ ਕੁਆਰਿ = ਬਿਨਾਂ ਵਿਆਹੀ ਕੰਨਿਆ = ਲੜਕੀ ਨੂੰ ਲਾਡਿਲੀ = ਪਿਆਰੀ

ਕੈ = ਕਰਕੇ ਮਾਨੀਅਤ = ਮੰਨਣਾ ਕਰੀਦਾ ਹੈ, ਭਾਵ ਪਿਆਰੀ ਹੋਣ ਕਰਕੇ ਸਾਰੇ ਉਸ ਦਾ ਮਾਨ ਸਨਮਾਨ ਕਰਦੇ ਹਨ, ਪਰੰਤੂ ਬਿਆਹੇ = ਵਿਆਹ ਕੀਤੇ ਜਾਣ 'ਤੇ ਸਸੁਰਾਰ = ਸਹੁਰੇ ਘਰ ਜਾਇ = ਜਾ ਕੇ ਗੁਨਨ = ਗੁਣਾਂ ਕੈ = ਕਰਕੇ ਸਤਿਕਾਰ ਮਾਨੀਐ = ਮਾਨਣਾ ਕਰਦੀ ਹੈ।

ਬਨਜ ਬਿਉਹਾਰ ਲਗਿ ਜਾਤ ਹੈ ਬਿਦੇਸਿ ਪ੍ਰਾਨੀ;
ਕਹੀਏ ਸਪੂਤ ਲਾਭ ਲਭਤ ਕੈ ਆਨੀਐ ॥

ਹੋਰ ਦ੍ਰਿਸ਼ਟਾਂਤ ਦਿੰਦੇ ਹਨ—ਜਿਸ ਪ੍ਰਕਾਰ ਬਨਜ = ਵਣਜ ਬਿਉਹਾਰ = ਵਪਾਰ, ਸੌਦੇ ਖ਼ਰੀਦਣ ਅਤੇ ਵੇਚਣ ਆਦਿ ਲਗਿ = ਵਾਸਤੇ ਪ੍ਰਾਨੀ = ਜੀਵ ਬਿਦੇਸਿ = ਪ੍ਰਦੇਸ ਜਾਤ = ਜਾਂਦਾ ਹੈ, ਜੇਕਰ ਉਹ ਲਾਭ = ਨਫ਼ਾ ਲਭਤ = ਪ੍ਰਾਪਤ ਕਰ ਕੇ, ਭਾਵ ਖੱਟੀ ਖੱਟ ਕੈ = ਕਰਕੇ ਆਨੀਐ = ਲਿਆਉਣਾ ਕਰੇ ਤਾਂ ਸਾਰੇ ਸਪੂਤ = ਸਪੁੱਤਰ, ਸਪੁੱਤਰ ਕਹੀਏ = ਆਖਣਾ ਕਰਦੇ ਹਨ।

ਜੈਸੇ ਤਉ ਸੰਗ੍ਰਾਮ ਸਮੈ ਪਰ ਦਲ ਮੈ ਅਕੇਲੋ ਜਾਇ;
ਜੀਤਿ ਆਵੈ ਸੋਈ ਸੂਰੋ ਸੁਭਟੁ ਬਖਾਨੀਐ ॥

ਜੈਸੇ = ਜਿਸ ਤਉ = ਤਰ੍ਹਾਂ ਕੋਈ ਪੁਰਖ ਸੰਗ੍ਰਾਮ = ਯੁੱਧ ਭੂਮੀ ਵਿਚ ਜੰਗ ਦੇ ਸਮੈ = ਵਕਤ ਪਰ = ਪਰਾਈ ਦਲ = ਸੈਨਾ ਮੈ = ਵਿਚ ਅਕੇਲੋ = ਇਕੱਲਾ ਹੀ ਜਾਇ = ਜਾ ਕੇ ਜੀਤਿ = ਜਿੱਤ ਆਵੈ = ਆਉਣਾ ਕਰੇ ਤਾਂ ਸੋਈ = ਉਹੋ ਕੇਵਲ ਸੂਰੋ = ਸੂਰਮਾ ਹੀ ਨਹੀਂ ਬਲਕਿ ਸੁਭਟੁ = ਉੱਤਮ ਸੂਰਮਾ, ਭਾਵ ਬਹਾਦਰ ਸੂਰਮਾ ਬਖਾਨੀਐ = ਕਥਨ ਕਰੀਦਾ ਹੈ।

ਮਾਨਸ ਜਨਮੁ ਪਾਇ ਚਰਨ ਸਰਨਿ ਗੁਰ;
ਸਾਧਸੰਗਿ ਮਿਲੈ ਗੁਰ ਦਵਾਰਿ ਪਹਿਚਾਨੀਐ ॥੧੧੮॥

ਇਸੇ ਪ੍ਰਕਾਰ ਜੋ ਮਾਨਸ = ਮਨੁੱਖਾ ਜਨਮ ਪਾਇ = ਪਾ ਕੇ ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਆਉਣਾ ਕਰਦਾ ਹੈ ਅਤੇ ਗੁਰਾਂ ਦੀ ਸਾਧਸੰਗਿ = ਸਤਿਸੰਗਤ ਵਿਚ ਮਿਲੈ = ਮਿਲਣਾ ਕਰਦਾ ਹੈ, ਉਹੋ ਹੀ ਗੁਰ = ਸਤਿਗੁਰਾਂ ਦੇ ਦਵਾਰਿ = ਦੁਆਰੇ 'ਤੇ ਸ਼੍ਰੋਮਣੀ ਪੁਰਖ ਪਹਿਚਾਨੀਐ = ਪਹਿਚਾਣਿਆ ਜਾਂਦਾ ਹੈ ॥੧੧੮॥

ਨੈਹਰ ਕੁਟੰਬ ਤਜਿ ਬਿਆਹੇ ਸਸੁਰਾਰ ਜਾਇ;
ਗੁਨਨ ਕੈ ਕੁਲਾ-ਬਧੂ ਬਿਰਦ ਕਹਾਵਈ ॥

ਬਿਆਹੇ = ਵਿਆਹ ਤੋਂ ਬਾਅਦ ਲੜਕੀ ਆਪਣੇ ਨੈਹਰ = ਪਿਤਾ ਦੇ ਕੁਟੰਬ = ਪਰਿਵਾਰ ਨੂੰ ਤਜਿ = ਤਿਆਗ ਕੇ ਸਸੁਰਾਰ = ਸਹੁਰੇ ਘਰ ਜਾਇ = ਜਾਂਦੀ ਹੈ ਤਾਂ ਗੁਨਨ = ਗੁਣਾਂ ਕੈ = ਕਰਕੇ ਕੁਲਾ-ਬਧੂ = ਚੰਗੇ ਘਰਾਣੇ ਦੀ ਲੜਕੀ ਜਾਂ ਕੁਲੀਨ ਵਹੁਟੀ ਤੇ ਬਿਰਦ = ਕੀਰਤੀ ਵਾਲੀ ਕਹਾਵਈ = ਕਹਾਉਂਦੀ ਹੈ, ਭਾਵ ਉਹ ਸ੍ਰੇਸ਼ਟ ਕੁਲ ਦੀ ਲੜਕੀ ਹੈ, ਇਹ ਉਸ ਦੀ ਕੀਰਤੀ ਸਾਰੇ ਨਗਰ ਵਿਚ ਹੁੰਦੀ ਹੈ।

ਪੂਰਨ ਪਤਿਬ੍ਰਤਿ ਅਉ ਗੁਰ ਜਨ ਸੇਵਾ ਭਾਇ;
ਗ੍ਰਿਹ ਮੈ ਗ੍ਰਿਹੇਸੁਰਿ ਸੁਜਸੁ ਪ੍ਰਗਟਾਵਈ ॥

ਪਤਿਬ੍ਰਤਿ = ਪਤੀ ਉੱਪਰ ਸ਼ਰਧਾ ਰੱਖਣ ਵਾਲੀ ਇਸਤਰੀ ਪੂਰਨ ਪ੍ਰਤੱਗਿਆ ਪਾਲਦੀ ਹੋਈ ਅਉ = ਅਤੇ ਗੁਰ = ਵੱਡੇ ਜਨ = ਪੁਰਖ ਭਾਵ ਸੱਸ ਸਹੁਰੇ ਆਦਿਕਾਂ ਦੀ ਸੇਵਾ = ਟਹਿਲ ਭਾਇ = ਪ੍ਰੇਮ ਨਾਲ ਕਰਦੀ ਹੈ, ਇਸੇ ਕਰਕੇ ਗ੍ਰਿਹ = ਘਰ ਮੈ = ਵਿਚ (ਗ੍ਰਿਹ + ਈਸੁਰਿ) ਗ੍ਰਿਹ = ਘਰ ਦੀ ਈਸੁਰਿ = ਮਾਲਕਣ ਹੋਣ ਦਾ ਤੇ ਉਸ ਦਾ ਸੁਜਸੁ = ਸ੍ਰੇਸ਼ਟ ਜੱਸ ਸਾਰੇ ਪਾਸੀਂ ਪ੍ਰਗਟਾਈ = ਪ੍ਰਗਟ ਹੋ ਆਉਂਦਾ ਹੈ।

ਅੰਤ ਕਾਲਿ ਜਾਇ ਪ੍ਰਿਅ ਸੰਗਿ ਸਹ-ਗਾਮਿਨੀ ਹੁਇ;
ਲੋਕ ਪਰਲੋਕ ਬਿਖੈ ਊਚ ਪਦ ਪਾਵਈ ॥

ਇਉਂ ਗ੍ਰਿਹਸਤ ਧਰਮ ਦਾ ਪਾਲਣ ਕਰਦੀ ਹੋਈ ਅੰਤ = ਓੜਕ ਦੇ ਕਾਲਿ = ਸਮੇਂ ਆਪਣੇ ਪ੍ਰਿਅ = ਪਿਆਰੇ ਸਹ = ਪਤੀ ਦੇ ਸੰਗਿ = ਨਾਲ ਉਸ ਦਾ ਗਾਮਿਨੀ = ਚੱਲਣਾ ਹੁਇ = ਹੋ ਜਾਇ = ਜਾਇਆ ਕਰਦਾ ਹੈ, ਭਾਵ ਉਸ ਦਾ ਸੁਭਾਅ ਪਤੀ ਦੀ ਆਗਿਆ ਅਨੁਸਾਰ ਐਸਾ ਢਲ ਜਾਂਦਾ ਹੈ ਕਿ ਜਿਵੇਂ ਪਤੀ ਉਸ ਨੂੰ ਕਹਿਣਾ ਕਰਦਾ ਹੈ, ਉਸ ਦਾ ਹਰ ਇਕ ਕਹਿਆ ਹੋਇਆ ਬਚਨ ਮੰਨਦੀ ਹੈ ਤੇ ਉਸ ਦਾ ਦੁਖ ਸੁਖ ਵਿਚ ਸਾਥ ਨਿਭਾਉਂਦੀ ਹੈ ਅਤੇ ਲੋਕ ਪ੍ਰਲੋਕ ਬਿਖੈ = ਵਿਚ ਊਚ = ਉੱਚੀ ਪਦ = ਪਦਵੀ ਪਾਵਈ = ਪਾਉਣਾ ਕਰਦੀ ਹੈ।

ਅਥਵਾ ਅਖ਼ੀਰ ਦੇ ਸਮੇਂ ਨੂੰ ਆਪਣੇ ਪ੍ਰਿਅ = ਪਤੀ ਸੰਗਿ = ਨਾਲ ਉਸ ਦਾ ਗਾਮਿਨੀ = ਚੱਲਣਾ ਹੁੰਦਾ ਹੈ, ਇਸ ਲਈ ਉਹ ਪ੍ਰਲੋਕ ਵਿਚ ਅਸਲੀ ਸਹ = ਸਤੀ ਕਹਾਉਂਦੀ ਹੈ ਅਤੇ ਇਸ ਲੋਕ ਵਿਚ ਰਹਿ ਕੇ ਵੀ ਊਚ = ਸ੍ਰੇਸ਼ਟ ਪਦਵੀ ਭਾਵ ਸ੍ਰੇਸ਼ਟ ਜੱਸ ਨੂੰ ਪਾਉਂਦੀ ਹੈ **ਵਾ:** ਸਹਗਾਮਿਨੀ = ਨਾਲ ਜਾਣ ਵਾਲੀ ਸੱਚੀ ਸਤੀ ਕਹਾਉਂਦੀ ਹੈ, ਭਾਵ ਪਤੀ ਦੇ ਖ਼ਿਆਲਾਂ, ਦੁਖ ਸੁਖ ਵਿਚ ਹਰ ਸਮੇਂ ਨਾਲ ਚੱਲਣ ਵਾਲੀ ਹੁੰਦੀ ਹੈ।

ਗੁਰਮੁਖਿ ਮਾਰਗਿ ਭੈ ਭਾਇ ਨਿਰਬਾਹੁ ਕਰੈ;
ਧੰਨ ਗੁਰਸਿਖ ਆਦਿ ਅੰਤਿ ਠਹਿਰਾਵਈ ॥੧੧੯॥

ਜਿਹੜਾ ਗੁਰਸਿੱਖ ਗੁਰਾਂ ਦੇ ਉਪਦੇਸ਼ ਦੁਆਰਾ ਗੁਰਮੁਖਤਾਈ ਵਾਲੇ ਮਾਰਗਿ = ਰਸਤੇ ਉੱਪਰ ਭਾਇ = ਪ੍ਰੇਮ ਨਾਲ ਅਤੇ ਗੁਰਾਂ ਦੇ ਭੈ = ਡਰ ਦੇ ਸਹਿਤ ਨਿਰਬਾਹੁ = ਚੱਲਣਾ ਕਰੈ = ਕਰਦਾ ਹੈ, ਭਾਵ ਗੁਰਾਂ ਦੇ ਦੱਸੇ ਗੁਰਮੁਖਤਾਈ ਵਾਲੇ ਮਾਰਗ ਦੇ ਨਿਯਮ ਨੂੰ ਪ੍ਰੇਮ ਤੇ ਡਰ ਦੇ ਸਹਿਤ ਪਾਲਣਾ ਕਰਦਾ ਹੈ ਅਤੇ ਆਪਣੇ ਚਿੱਤ ਦੀ ਬਿਰਤੀ ਨੂੰ ਆਦਿ = ਆਰੰਭ ਤੋਂ ਲੈ ਕੇ ਅੰਤਿ = ਅਖ਼ੀਰ ਤਕ ਇਕ ਤਰ੍ਹਾਂ ਠਹਿਰਾਵਈ = ਠਹਿਰਾ ਕੇ ਰੱਖਦਾ ਹੈ, ਭਾਵ ਸਮਦ੍ਰਿਸ਼ਟੀ ਰੱਖਦਾ ਹੈ, ਇਸ ਲਈ ਉਸ ਗੁਰਸਿੱਖ ਨੂੰ ਲੋਕ ਪ੍ਰਲੋਕ ਵਿਚ ਧੰਨ ਧੰਨ ਕਿਹਾ ਜਾਂਦਾ ਹੈ **ਵਾ:** ਉਹ ਗੁਰਸਿੱਖ ਧੰਨ = ਧੰਨਤਾ ਦੇ ਯੋਗ ਹੁੰਦਾ ਹੈ **ਵਾ:** ਉਸ ਗੁਰਸਿੱਖ ਦੀ ਲੋਕ ਪ੍ਰਲੋਕ ਵਿਚ ਧੰਨ = ਉਸਤਤੀ ਹੁੰਦੀ ਹੈ ਅਤੇ ਉਸ ਦਾ ਜੱਸ ਆਦਿ ਅੰਤ ਵਿਚ ਅਟੱਲ ਰਹਿੰਦਾ ਹੈ **ਵਾ:** ਉਸ ਦਾ ਆਦਿ ਅੰਤ ਸਦਾ ਲਈ ਹੀ ਆਤਮ ਸਰੂਪ ਵਿਚ ਠਹਿਰਾਵਈ = ਠਹਿਰਨਾ ਹੁੰਦਾ ਹੈ, ਭਾਵ ਸੱਚ ਸਰੂਪ ਵਿਚ ਅਭੇਦ ਹੋ ਜਾਂਦਾ ਹੈ॥੧੧੯॥

ਜੈਸੇ ਨ੍ਰਿਪ ਧਾਮ ਭਾਮ ਏਕ ਸੈ ਅਧਿਕ ਏਕ;
ਨਾਇਕ ਅਨੇਕ ਰਾਜਾ ਸਭਨ ਲਡਾਵਈ ॥

ਜੈਸੇ = ਜਿਸ ਪ੍ਰਕਾਰ ਨ੍ਰਿਪ = ਰਾਜੇ ਦੇ ਧਾਮ = ਘਰ, ਮਹਿਲਾਂ ਵਿਚ ਭਾਮ = ਇਸਤਰੀਆਂ ਏਕ = ਇਕ ਸੈ = ਤੋਂ ਏਕ = ਇਕ ਅਧਿਕ = ਅਤਿਅੰਤ ਸੁੰਦਰ ਸਰੂਪ ਵਾਲੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਅਨੇਕ = ਬੇਅੰਤ ਇਸਤਰੀਆਂ ਦਾ ਨਾਇਕ = ਮਾਲਕ ਰਾਜਾ ਸਭਨ = ਸਾਰੀਆਂ ਨੂੰ ਹੀ ਲਡਾਵਈ = ਲਾਡ ਲਡਾਉਂਦਾ ਹੈ, ਭਾਵ ਪਿਆਰ ਕਰਦਾ ਹੈ ਤੇ ਸਭ ਨੂੰ ਪ੍ਰਸੰਨ ਕਰ ਦਿੰਦਾ ਹੈ।

ਜਨਮਤ ਜਾ ਕੈ ਸੁਤੁ ਵਾਹੀ ਕੈ ਸੁਹਾਗੁ ਭਾਗੁ;
ਸਕਲ ਰਾਨੀ ਮੈ ਪਟਰਾਨੀ ਸੋ ਕਹਾਵਈ ॥

ਪਰੰਤੂ ਜਾ = ਜਿਸ ਕੈ = ਦੇ ਘਰ ਪਹਿਲਾਂ ਸੁਤੁ = ਪੁੱਤਰ ਜਨਮਤ = ਪੈਦਾ ਹੁੰਦਾ ਹੈ, ਵਾਹੀ = ਉਸ ਕੈ = ਦੇ ਹੀ ਸ੍ਰੇਸ਼ਟ ਭਾਗੁ = ਕਰਮ ਹੁੰਦੇ ਹਨ ਤੇ ਉਹੋ ਹੀ ਸੁਹਾਗੁ = ਖ਼ੁਸ਼ਨਸੀਬ ਹੁੰਦੀ ਹੈ **ਵਾ:** ਉਹੋ ਹੀ ਸੁਹਾਗੁ = ਸੁਹਾਗਣ ਤੇ ਰਾਜ ਦੇ ਭਾਗ = ਹਿੱਸੇ ਵਾਲੀ ਹੁੰਦੀ ਹੈ **ਵਾ:** ਰਾਜ ਭਾਗ ਦਾ ਹਿੱਸਾ ਲੈ ਕੇ ਸੁਹਾਗੁ = ਆਨੰਦ ਪਾਉਂਦੀ ਹੈ ਤੇ ਸਕਲ = ਸਾਰੀਆਂ ਰਾਨੀ = ਰਾਣੀਆਂ ਮੈ = ਵਿਚ ਪਟਰਾਨੀ = ਸ਼ਿਰੋਮਣੀ ਰਾਣੀ ਵੀ ਸੋ = ਉਹੋ ਹੀ ਕਹਾਵਈ = ਕਹਾਉਂਦੀ ਹੈ।

ਅਸਨ ਬਸਨ ਸਿਹਜਾਸਨ ਸੰਜੋਗੀ ਸਬੈ;
ਰਾਜ ਅਧਿਕਾਰੁ ਤਉ ਸਪੂਤੀ ਗ੍ਰਿਹ ਆਵਈ ॥

ਅਸਨ = ਭੋਜਨ, ਖਾਣ ਪੀਣ ਦੇ ਪਦਾਰਥ, ਸੁੰਦਰ ਬਸਨ = ਬਸਤਰ ਤੇ ਸਿਹਜਾਸਨ = ਸੇਜਾ ਦੇ ਆਸਣ ਦਾ ਸੰਜੋਗੀ = ਮਿਲਾਪ ਤਾਂ ਸਬੈ = ਸਾਰੀਆਂ ਦਾ ਹੈ, ਭਾਵ ਸਾਰੀਆਂ ਇਨ੍ਹਾਂ ਸਭਨਾਂ ਦਾ ਆਨੰਦ ਤਾਂ ਮਾਣਦੀਆਂ ਹਨ ਪਰੰਤੂ ਰਾਜਗੱਦੀ ਦਾ ਅਧਿਕਾਰੁ = ਹੱਕ ਤਉ = ਤਾਂ ਜੋ ਸਪੂਤੀ = ਸ੍ਰੇਸ਼ਟ ਪੁੱਤਰ ਵਾਲੀ ਹੁੰਦੀ ਹੈ, ਉਸ ਦੇ ਗ੍ਰਿਹ = ਘਰ ਵਿਚ ਹੀ ਰਾਜਗੱਦੀ ਆਵਈ = ਆਉਂਦੀ ਹੈ, ਭਾਵ ਜਿਸ ਦੀ ਕੁੱਖ ਤੋਂ ਸਭ ਤੋਂ ਪਹਿਲਾਂ ਪੁੱਤਰ ਪੈਦਾ ਹੋਵੇ, ਉਹੋ ਹੀ ਪਟਰਾਣੀ ਕਹਾਉਂਦੀ ਹੈ ਤੇ ਗੱਦੀ ਵੀ ਉਸੇ ਦੇ ਪੁੱਤਰ ਨੂੰ ਹੀ ਮਿਲਦੀ ਹੈ, ਫਿਰ ਪੁੱਤਰ ਨੂੰ ਗੱਦੀ ਮਿਲਣ ਤੋਂ ਰਾਜ-ਮਾਤਾ ਕਹਾਉਂਦੀ ਹੈ।

ਗੁਰਸਿਖ ਸਬੈ ਗੁਰ ਚਰਨ ਸਰਨਿ ਲਿਵ;
ਗੁਰ ਸਿਖ ਸੰਧਿ ਮਿਲੈ ਨਿਜ ਪਦੁ ਪਾਵਈ ॥੧੨੦॥

ਇਸੇ ਤਰ੍ਹਾਂ ਗੁਰਸਿਖ = ਗੁਰੂ ਦੇ ਸਿੱਖ ਤਾਂ ਸਬੈ = ਸਾਰੇ ਹੀ ਕਹਾਉਂਦੇ ਹਨ ਅਤੇ ਸਾਰੇ ਹੀ ਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਲਿਵ = ਬਿਰਤੀ ਲਾਉਣ ਵਾਲੇ ਕਹਾਉਂਦੇ ਹਨ, ਪਰੰਤੂ ਜਿਨ੍ਹਾਂ ਗੁਰੂ ਕੇ ਸਿੱਖਾਂ ਦਾ ਗੁਰੂ **ਵਾ:** ਗੁਰੂ ਦੀ ਸਿੱਖਿਆ ਦੀ ਸੰਧਿ = ਮਿਲਾਉਣੀ ਵਿਚ ਮਿਲੈ = ਮਿਲਣਾ ਹੁੰਦਾ ਹੈ, ਉਹੋ ਹੀ ਨਿਜ = ਆਪਣੀ ਪਦੁ = ਪਦਵੀ, ਭਾਵ ਆਤਮ ਸਰੂਪ ਰੂਪੀ ਪਦਵੀ ਨੂੰ ਪਾਵਈ = ਪਾਉਣਾ ਕਰਦੇ ਹਨ ॥੧੨੦॥

ਤੁਸ ਮੈ ਤੰਦੁਲ ਬੋਏ ਨਿਪਜੈ ਸਹੰਸ੍ਰ ਗੁਨੋ;
ਦੇਹ ਧਾਰਿ ਕਰਤ ਹੈ ਪਰਉਪਕਾਰ ਜੀ॥

ਹੇ ਪਿਆਰੇ ਜੀ! ਜਿਵੇਂ ਤੁਸ = ਤੋਹ, ਛਿਲਕਾ ਤੁਆਂ ਦੇ ਮੈ = ਵਿਚ ਤੰਦੁਲ = ਚਾਵਲ ਹੁੰਦੇ ਹਨ, ਜੇਕਰ ਉਨ੍ਹਾਂ ਨੂੰ ਬੋਏ = ਬੀਜਣਾ ਕਰੀਏ ਤਾਂ ਉਹ ਸਹੰਸ੍ਰ = ਹਜ਼ਾਰ ਗੁਨੋ = ਗੁਣਾਂ ਚੰਗੇ ਨਿਪਜੈ = ਉੱਗਦੇ ਹਨ ਅਤੇ ਫਿਰ ਉਹੋ ਚਾਵਲ ਦੇਹ = ਸਰੀਰ ਧਾਰਿ = ਧਾਰਨ ਕਰ ਕੇ ਭਾਵ ਉੱਗ ਕਰਕੇ ਪਰਉਪਕਾਰ = ਪਰਾਏ ਦਾ ਭਲਾ ਕਰਦੇ ਹਨ, ਭਾਵ ਕੋਈ ਰਿੰਨ੍ਹ ਕੇ ਖਾਂਦਾ ਹੈ, ਕੋਈ ਕੱਚੇ ਤੇ ਕੋਈ ਭੁੰਨ ਕੇ ਚੱਬ ਲੈਂਦਾ ਹੈ, ਇਉਂ ਚਾਵਲ ਸਭ ਦੀ ਭੁੱਖ ਦੂਰ ਕਰਦੇ ਹਨ।

ਤੁਸ ਮੈ ਤੰਦੁਲ ਨਿਰਬਿਘਨ ਨ ਲਾਗੈ ਘੁਨੁ;
ਰਾਖੇ ਰਹੈ ਚਿਰੰਕਾਲ ਹੋਤ ਨ ਬਿਕਾਰ ਜੀ॥

ਹੇ ਪਿਆਰੇ ਜੀ! ਤੁਸ = ਤੋਹਾਂ (ਛਿਲਕੇ) ਦੇ ਮੈ = ਵਿਚ ਤੰਦੁਲ = ਚਾਵਲ ਨਿਰਬਿਘਨ = ਰੁਕਾਵਟ ਤੋਂ ਬਿਨਾਂ ਰਹਿੰਦਾ ਹੈ ਤੇ ਉਸ ਨੂੰ ਘੁਨੁ = ਕੀੜਾ ਨ = ਨਹੀਂ ਲਾਗੈ = ਲੱਗਦਾ, ਭਾਵ ਜੇ ਚਾਵਲ ਰਿੰਨ੍ਹੇ ਜਾਂ ਭੁੱਜੇ ਨਾ ਹੋਣ ਤਾਂ ਕੀੜਾ ਨਹੀਂ ਲੱਗਦਾ, ਫਿਰ ਉਹ ਚਾਵਲ ਛਿਲਕਿਆਂ ਦੇ ਸਹਿਤ ਰਾਖੇ = ਰੱਖੇ ਹੋਏ ਚਿਰੰਕਾਲ = ਬਹੁਤ ਦੇਰ ਰਹੈ = ਰਹਿੰਦੇ ਹਨ ਤੇ ਉਨ੍ਹਾਂ ਨੂੰ ਕੋਈ ਬਿਕਾਰ = ਵਿਗਾੜ ਨ = ਨਹੀਂ ਹੋਤ = ਹੁੰਦਾ।

ਤੁਸ ਮੈ ਨਿਕਸ ਹੋਇ ਭਗਨ ਮਲੀਨ ਰੂਪ;
ਸ੍ਵਾਦ ਕਰਵਾਇ, ਰਾਧੇ ਰਹੈ ਨ ਸੰਸਾਰ ਜੀ॥

ਹੇ ਪਿਆਰੇ ਜੀ! ਜਦ ਤੁਸ = ਤੋਹ (ਛਿਲਕੇ) ਮੈ = ਵਿੱਚੋਂ ਬਾਹਰ ਨਿਕਸ = ਨਿਕਲ ਪਏ ਤਾਂ ਭਗਨ = ਟੁੱਟ-ਭੱਜ ਜਾਂਦਾ ਹੈ ਤੇ ਮਲੀਨ = ਮੈਲੇ ਰੂਪ = ਸਰੂਪ ਵਾਲਾ ਹੋਇ = ਹੋ ਜਾਂਦਾ ਹੈ ਅਤੇ ਸ੍ਵਾਦ = ਸੁਆਦ ਵੀ ਪਏ ਪਏ ਦਾ ਕਰਵਾਇ = ਕੌੜਾ ਜਿਹਾ ਹੋ ਜਾਂਦਾ ਹੈ ਅਤੇ ਰਾਧੇ = ਰਿੰਨ੍ਹਿਆ ਹੋਇਆ ਤਾਂ ਫੇਰ ਸੰਸਾਰ = ਜਗਤ ਉੱਤੇ ਰਹੈ = ਰਹਿ ਹੀ ਨ = ਨਹੀਂ ਸਕਦਾ, ਭਾਵ ਰਿੰਨ੍ਹੇ ਹੋਏ ਨੂੰ ਖਾ ਕੇ ਲੋਕ ਭੁੱਖ ਦੀ ਨਵਿਰਤੀ ਕਰ ਕੇ ਫੇਰ ਵਿਸ਼ਟਾ ਦੇ ਰੂਪ ਵਿਚ ਬਾਹਰ ਕੱਢ ਦਿੰਦੇ ਹਨ ਜਾਂ ਰਿੰਨ੍ਹਿਆ ਹੋਇਆ ਬੇਹਾ ਹੋ ਕੇ ਵਿਗੜ ਜਾਂਦੇ ਹਨ ਤੇ ਲੋਕ ਖਾ ਕੇ ਭ੍ਰਿਸ਼ਟ ਕਰ ਦਿੰਦੇ ਹਨ।

ਗੁਰ ਉਪਦੇਸ ਗੁਰਸਿਖ ਗ੍ਰਿਹ ਮੈ ਬੈਰਾਗੀ;
ਗ੍ਰਿਹ ਤਜਿ ਬਨ ਖੰਡ ਹੋਤ ਨ ਉਧਾਰ ਜੀ॥੧੨੧॥

ਇਸੇ ਤਰ੍ਹਾਂ ਜੇਕਰ ਜਗਿਆਸੂ ਗੁਰ ਉਪਦੇਸ = ਸਿੱਖਿਆ ਨੂੰ ਗ੍ਰਹਿਣ ਕਰ ਕੇ ਗੁਰਸਿੱਖ ਬਣ ਜਾਵੇ ਤਾਂ ਗ੍ਰਿਹ = ਘਰ, ਗ੍ਰਿਹਸਤ (ਸੰਸਾਰ) ਮੈ = ਵਿਚ ਵੱਸਦਾ ਹੋਇਆ ਵੀ ਬੈਰਾਗੀ = ਉਪਰਾਮ ਰਹਿੰਦਾ ਹੈ, ਪਰ ਗੁਰ-ਸਿੱਖਿਆ ਧਾਰਨ ਤੋਂ ਬਗ਼ੈਰ ਭਾਵੇਂ ਗ੍ਰਿਹ = ਘਰ ਨੂੰ ਤਜਿ = ਛੱਡ ਕੇ ਬਨ = ਜੰਗਲ ਵਾਲੇ ਖੰਡ = ਅਸਥਾਨਾਂ ਵਿਚ ਜਾ ਵੱਸੇ ਤਾਂ ਵੀ ਉਸ ਦਾ ਉਧਾਰ = ਪਾਰ ਉਤਾਰਾ ਨ = ਨਹੀਂ ਹੋਤ = ਹੁੰਦਾ ਹੈ। ਜੈਸਾ ਕਿ :

ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ॥
ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ॥ *(ਬਿਲਾਵਲੁ ਭਗਤ ਕਬੀਰ ਜੀ, ਅੰਗ ੮੫੫)*

ਉਪਰੋਕਤ ਕਬਿੱਤ ਵਿਚ ਭਾਈ ਗੁਰਦਾਸ ਜੀ ਨੇ ਜੋ ਚੌਲਾਂ ਤੇ ਚੌਲਾਂ ਦੇ ਛਿਲਕਿਆਂ ਦਾ ਦ੍ਰਿਸ਼ਟਾਂਤ ਦਿੱਤਾ ਹੈ, ਉਸ ਵਿਚ ਅੰਤਰੀਵ ਭਾਵ ਇਹ ਰੱਖਿਆ ਹੈ ਕਿ ਗੁਰੂ ਕੇ ਸਿੱਖ ਨੂੰ ਚੌਲ ਦੀ ਨਿਆਈਂ ਅਤੇ ਗ੍ਰਿਹਸਥੀ ਜੀਵਨ ਨੂੰ ਛਿਲਕਾ ਕਲਪ ਕਰਕੇ ਸਿੱਖਿਆ ਦਿੱਤੀ ਹੈ ਕਿ ਜੋ ਗੁਰੂ ਕੇ ਸਿੱਖ ਗੁਰ-ਸਿੱਖਿਆ ਨੂੰ ਰਿਦੇ ਵਿਚ ਗ੍ਰਹਿਣ ਕਰ ਕੇ ਗ੍ਰਿਹਸਥੀ ਜੀਵਨ ਵਿਚ ਹੀ ਬੈਰਾਗੀਆਂ ਵਾਂਗ ਉਪਰਾਮ ਰਹਿੰਦੇ ਹਨ, ਉਹ ਆਤਮਿਕ ਆਨੰਦ ਤੇ ਪ੍ਰਭੂ ਦੀ ਪ੍ਰਾਪਤੀ ਰੂਪ ਸ਼ੋਭਾ ਨੂੰ ਪਾਉਣਾ ਕਰਦੇ ਹਨ ਅਤੇ ਵਿਸ਼ੇ-ਵਿਕਾਰਾਂ ਤੋਂ ਬਚੇ ਰਹਿੰਦੇ ਹਨ। ਇਸ ਤੋਂ ਉਲਟ ਜੋ ਘਰਾਂ, ਗ੍ਰਿਹਸਥ ਨੂੰ ਛੱਡ ਕੇ ਜੰਗਲਾਂ ਵਿਚ ਚਲੇ ਜਾਂਦੇ ਹਨ, ਉਹ ਬੇਅੰਤ ਪ੍ਰਕਾਰ ਦੀ ਕਾਮਨਾ ਰਿਦੇ ਵਿਚ ਕਰ ਕੇ ਚਿੱਤ ਨੂੰ ਚੰਚਲ ਕਰ ਲੈਂਦੇ ਹਨ ਅਤੇ ਆਤਮਿਕ ਆਨੰਦ ਦੀ ਪ੍ਰਾਪਤੀ ਤੋਂ ਬਗ਼ੈਰ ਰਹਿ ਜਾਂਦੇ ਹਨ। ਇਸ ਲਈ ਉਨ੍ਹਾਂ ਦਾ ਗੁਰ-ਉਪਦੇਸ਼ ਤੋਂ ਬਗ਼ੈਰ ਉੱਧਾਰ ਨਹੀਂ ਹੁੰਦਾ॥੧੨੧॥

ਹਰਦੀ ਅਉ ਚੂਨਾ ਮਿਲਿ ਅਰੁਨ ਬਰਨ ਜੈਸੇ;
ਚਤੁਰ ਬਰਨ ਕੈ ਤੰਬੋਲ ਰਸ ਰੂਪ ਹੈ॥

ਜੈਸੇ = ਜਿਸ ਪ੍ਰਕਾਰ ਹਰਦੀ = ਹਲਦੀ ਅਉ = ਅਤੇ ਚੂਨਾ = ਪੱਥਰ ਦਾ ਚੂਰਨ, ਦੋਨੋਂ ਮਿਲ ਕਰਕੇ ਅਰੁਨ = ਲਾਲ ਬਰਨ = ਰੰਗ ਬਣ ਜਾਂਦਾ ਹੈ ਅਤੇ ਚਤੁਰ = ਚਾਰ ਬਰਨ = ਰੰਗਾਂ[੧] ਦੇ ਮਿਲਣੇ ਕੈ = ਕਰਕੇ ਤੰਬੋਲ ਰਸ, ਭਾਵ ਪਾਨ ਲਾਲ ਗੁਲਾਲ ਰੂਪ ਵਾਲਾ ਹੋ ਜਾਂਦਾ ਹੈ।

ਦੂਧ ਮੈ ਜਾਵਨੁ ਮਿਲੈ ਦਧਿ ਕੈ ਬਖਾਨੀਅਤ;
ਖਾਂਡ ਘ੍ਰਿਤ ਚੂਨ ਮਿਲਿ ਬਿੰਜਨ ਅਨੂਪ ਹੈ॥

ਦੂਧ = ਦੁੱਧ ਮੈ = ਵਿਚ ਜਾਵਨੁ = ਜਾਗ ਦੇ ਮਿਲੈ = ਮਿਲਦਿਆਂ ਹੀ ਦਧਿ = ਦਹੀਂ ਕੈ = ਕਰਕੇ ਉਸ ਨੂੰ ਬਖਾਨੀਅਤ = ਕਹਿਣਾ ਕਰੀਦਾ ਹੈ ਅਤੇ ਖਾਂਡ = ਖੰਡ, ਘ੍ਰਿਤ = ਘਿਉ ਤੇ ਚੂਨ = ਆਟਾ ਮਿਲਿ = ਮਿਲਦਿਆਂ ਬਿੰਜਨ = ਭੋਜਨ ਸ੍ਵਾਦਿਕ ਤੇ ਅਨੂਪ = ਉਪਮਾ ਤੋਂ ਰਹਿਤ ਬਣ ਜਾਂਦਾ ਹੈ।

ਕੁਸਮ ਸੁਗੰਧ ਮਿਲਿ ਤਿਲ ਮੈ ਫੁਲੇਲ ਹੋਤ;
ਸਕਲ ਸੁਗੰਧ ਮਿਲਿ ਅਰਗਜਾ ਧੂਪ ਹੈ॥

ਕੁਸਮ = ਫੁੱਲਾਂ ਦੀ ਸੁਗੰਧ = ਬਾਸਨਾ ਤਿਲਾਂ ਨਾਲ ਮਿਲਿ = ਮਿਲਦਿਆਂ ਹੀ ਉਹ ਤਿਲਾਂ ਸੈ = ਤੋਂ ਫੁਲੇਲ = ਫੁੱਲਾਂ ਦਾ ਤੇਲ ਹੋਤ = ਹੋ ਜਾਂਦੇ ਹਨ, ਭਾਵ ਤਿਲਾਂ ਨਾਲ ਮਿਲ ਕੇ ਫੁੱਲਾਂ ਦੀ ਸੁਗੰਧੀ ਵਾਲਾ ਤੇਲ ਬਣ ਜਾਂਦਾ ਹੈ ਅਤੇ ਜੇ ਸਕਲ = ਸਾਰੀਆਂ ਸੁਗੰਧ = ਸੁਗੰਧਿਤ ਚੀਜ਼ਾਂ ਮਿਲਿ = ਇਕੱਤਰ ਹੋ ਜਾਣ ਤਾਂ ਅਰਗਜਾ ਨਾਮੀ ਧੂਪ ਬਣ ਜਾਂਦੀ ਹੈ।

---

੧. ਚਾਰ ਰੰਗ—ਪਾਨ ਦੇ ਪੱਤੇ ਦਾ ਹਰਾ ਰੰਗ, ਕੱਥੇ ਦਾ ਰੰਗ, ਸੁਪਾਰੀ ਦਾ ਮਿਟਿਆਲਾ ਲਾਲੀ ਦੀ ਭਾ ਮਾਰਨ ਵਾਲਾ ਰੰਗ ਅਤੇ ਚੂਨੇ ਕਲੀ ਦਾ ਚਿੱਟਾ ਰੰਗ—ਇਨ੍ਹਾਂ ਚਾਰ ਰੰਗਾਂ ਦੇ ਮੇਲ ਤੋਂ ਤੰਬੋਲ, ਪਾਨ ਬਣਦਾ ਹੈ।

ਦੋਇ ਸਿਖ ਸਾਧਸੰਗੁ ਪੰਚ ਪਰਮੇਸਰ ਹੈ;
ਦਸ ਬੀਸ ਤੀਸ ਮਿਲੇ ਅਬਿਗਤ ਊਪ ਹੈ॥੧੨੨॥

ਇਸੇ ਪ੍ਰਕਾਰ ਜੇ ਦੋਇ = ਦੋ ਸਿੱਖ ਆਪਸ ਵਿਚ ਮਿਲ ਜਾਣ ਤਾਂ ਸਾਧਸੰਗੁ = ਸਤਿਸੰਗ, ਸ੍ਰੇਸ਼ਟ ਜਨਾਂ ਦੀ ਸੰਗਤ ਆਖੀ ਜਾਂਦੀ ਹੈ ਤੇ ਜੇ ਪੰਚ = ਪੰਜ ਮਿਲ ਜਾਣ ਤਾਂ ਮਾਨੋ ਪਰਮੇਸ਼ਰ ਹੀ ਆ ਵੱਸਦਾ ਹੈ, ਪਰ ਜੇਕਰ ਦਸ ਬੀਸ = ਵੀਹ, ਤੀਸ = ਤੀਹ ਆਦਿ ਮਿਲੇ = ਇਕੱਤਰ ਹੋ ਜਾਣ ਤਾਂ ਅਬਿਗਤ = ਨਾਸ਼ ਤੋਂ ਰਹਿਤ ਊਪ = ਸ਼ੋਭਾ ਬਣ ਜਾਂਦੀ ਹੈ॥੧੨੨॥

ਏਕ ਹੀ ਗੋਰਸ ਮੈ ਅਨੇਕ ਰਸ ਕੋ ਪ੍ਰਗਾਸ;
ਦਹਿਓ ਮਹਿਓ ਮਾਖਨ ਅਉ ਘ੍ਰਿਤ ਉਨਮਾਨੀਐ॥

ਏਕ = ਇੱਕੋ ਹੀ ਗੋਰਸ (ਗੋ + ਰਸ) ਗੋ = ਗਊ ਦੇ ਰਸ ਭਾਵ ਦੁੱਧ ਮੈ = ਵਿਚ ਅਨੇਕ = ਬੇਅੰਤ ਤਰ੍ਹਾਂ ਦੇ ਰਸ ਦੀ ਪ੍ਰਗਟਤਾ ਹੁੰਦੀ ਹੈ **ਵਾ:** ਬੇਅੰਤ ਤਰ੍ਹਾਂ ਦੇ ਰਸ = ਆਨੰਦ ਕੋ = ਦਾ ਪ੍ਰਗਾਸ = ਪ੍ਰਕਾਸ਼ ਹੁੰਦਾ ਹੈ, ਜਿਵੇਂ ਕਿ ਦਹਿਓ = ਦਹੀਂ, ਮਹਿਓ = ਮਿੱਠਾ **ਵਾ:** ਦਹੀਂ ਵਿਚ ਮਿੱਠਾ ਪਾ ਕੇ ਰਿੜਕੀਏ ਤਾਂ ਲੱਸੀ ਉਥੋਂ ਹੀ ਨਿਕਲਦੀ ਹੈ ਤੇ ਮਾਖਨ = ਮੱਖਣ ਅਉ ਘ੍ਰਿਤ = ਘਿਉ ਉਨਮਾਨੀਐ = ਵਿਚਾਰਨਾ, ਵੇਖਣਾ ਕਰੀਦਾ ਹੈ, ਭਾਵ ਇਹ ਦੁੱਧ ਵਿੱਚੋਂ ਪੈਦਾ ਹੋਣ ਵਾਲੀਆਂ ਚੀਜ਼ਾਂ ਹਨ।

ਏਕ ਹੀ ਊਖਾਰੀ ਸੈ ਮਿਠਾਸ ਕੋ ਨਿਵਾਸ ਗੁੜ;
ਖਾਂਡ ਮਿਸਰੀ ਅਉ ਕਲੀਕੰਦ ਪਹਿਚਾਨੀਐ॥

ਹੋਰ ਦ੍ਰਿਸ਼ਟਾਂਤ ਦਿੰਦੇ ਹਨ—ਜਿਸ ਪ੍ਰਕਾਰ ਏਕ = ਇਕ ਹੀ ਊਖਾਰੀ = ਗੰਨੇ ਸੈ = ਤੋਂ ਮਿਠਾਸ = ਮਿੱਠੇ ਪਦਾਰਥਾਂ ਕੋ = ਦਾ ਨਿਵਾਸ = ਵਾਸਾ ਹੁੰਦਾ ਹੈ, ਭਾਵ ਜਿਤਨੇ ਮਿੱਠੇ ਪਦਾਰਥ ਹਨ, ਉਹ ਸਾਰੇ ਗੰਨੇ ਤੋਂ ਹੀ ਨਿਕਲਦੇ ਹਨ ਜਿਵੇਂ ਗੁੜ, ਖਾਂਡ = ਖੰਡ, ਮਿਸਰੀ ਅਉ = ਅਤੇ ਕਲੀਕੰਦ = ਮਿਸਰੀ ਦੀ ਬਣੀ ਮਿਠਾਈ ਬਰਫ਼ੀ ਆਦਿ ਪਹਿਚਾਨੀਐ = ਜਾਨਣ ਵਿਚ ਆਉਂਦੀ ਹੈ।

ਏਕ ਹੀ ਗੇਹੂ ਸੈ ਹੋਤ ਨਾਨਾ ਬਿੰਜਨਾਦ ਸ੍ਵਾਦ;
ਭੂਨੇ ਭੀਜੇ ਪੀਸੇ ਅਉ ਉਸੇਈ ਬਿਬਿਧਾਨੀਐ॥

ਏਕ = ਇੱਕੋ ਹੀ ਗੇਹੂ = ਕਣਕ ਸੈ = ਤੋਂ ਨਾਨਾ = ਬਹੁਤ ਤਰ੍ਹਾਂ ਦੇ ਸੁਆਦਲੇ ਬਿੰਜਨਾਦ = ਭੋਜਨ ਆਦਿ ਪਦਾਰਥ ਹੋਤ = ਹੁੰਦੇ, ਬਣਦੇ ਹਨ, ਕੋਈ ਭੂਨੇ = ਭੁੱਜੇ ਜਾਂ ਸੜੇ ਰੂਪ ਵਿਚ, ਕੋਈ ਭੀਜੇ = ਭਿਉਂ ਕੇ ਖਾਣ ਯੋਗ ਪਦਾਰਥ ਬਣਾਉਂਦੇ ਹਨ ਤੇ ਕੋਈ ਪੀਸੇ = ਪੀਸ ਕੇ ਆਟੇ ਦੇ ਰੂਪ ਵਿਚ ਅਉ = ਅਤੇ ਕੋਈ ਉਸੇਈ = ਉਬਾਲ ਕੇ ਤਿਆਰ ਕੀਤੇ ਭੋਜਨ ਆਦਿ ਇੱਕੋ ਕਣਕ ਬਿਬਿਧਾਨੀਐ = ਬੇਅੰਤ ਪ੍ਰਕਾਰ ਦੇ ਰੂਪ ਧਾਰ ਕੇ ਵੱਖੋ-ਵੱਖ ਸੁਆਦ ਦੇਣ ਵਾਲੀ ਹੋ ਜਾਂਦੀ ਹੈ।

ਪਾਵਕ ਸਲਿਲ ਏਕ ਏਕਹਿ ਗੁਨ ਅਨੇਕ;
ਪੰਚ ਕੈ ਪੰਚਾਮ੍ਰਿਤ, ਸੁ ਸਾਧ ਸੰਗੁ ਜਾਨੀਐ ॥੧੨੩॥

ਪਾਵਕ = ਅਗਨੀ ਤੇ ਸਲਿਲ = ਪਾਣੀ ਨਾਲ ਮਿਲ ਕੇ ਅਨੇਕ = ਬਹੁਤ ਤਰ੍ਹਾਂ ਦੇ ਗੁਣ ਵਾਲੇ (ਉਪਰੋਕਤ ਖੰਡ, ਘਿਉ ਤੇ ਆਟਾ) ਮੁੜ ਏਕ = ਇਕ ਵਿਚ ਹੀ ਏਕਹਿ = ਇਕ ਰੂਪ ਆਦਿ ਬਣ ਜਾਂਦੇ ਹਨ, ਜਿਸ ਕਰਕੇ ਹੁਣ ਪੰਚ = ਪੰਜਾਂ ਦੇ ਇਕੱਤਰ ਹੋਣ ਕੈ = ਕਰਕੇ ਪੰਚਾਮ੍ਰਿਤ = ਕੜਾਹ ਪ੍ਰਸ਼ਾਦ ਬਣ ਜਾਂਦਾ ਹੈ ਅਤੇ ਸੁ = ਉਹ ਸਾਧ = ਸ੍ਰੇਸ਼ਟ ਜਨਾਂ ਦੀ ਸੰਗੁ = ਸੰਗਤ ਵਿਚ ਕੜਾਹ ਪ੍ਰਸ਼ਾਦ ਸਤਿਕਾਰ ਦੇ ਯੋਗ ਜਾਨੀਐ = ਜਾਣਿਆ ਜਾਂਦਾ ਹੈ॥੧੨੩॥

ਖਾਂਡ ਘ੍ਰਿਤ ਚੂਨ ਜਲ ਪਾਵਕ ਇਕਤ੍ਰ ਭਏ;
ਪੰਚ ਮਿਲਿ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ ॥

ਖਾਂਡ = ਖੰਡ, ਘ੍ਰਿਤ = ਘਿਉ, ਚੂਨ = ਆਟਾ, ਜਲ = ਪਾਣੀ ਤੇ ਪਾਵਕ = ਅਗਨੀ ਜੇ ਇਕਤ੍ਰ = ਇਕੱਠੇ ਹੋ ਜਾਣ ਤਾਂ ਪੰਚ = ਪੰਜੇ ਮਿਲ ਕੇ ਇੱਕੋ ਰੂਪ ਹੋ ਜਾਂਦੇ ਹਨ ਅਤੇ ਪ੍ਰਗਟ = ਪ੍ਰਤੱਖ ਹੀ ਪੰਚਾਮ੍ਰਿਤ, ਭਾਵ ਕੜਾਹ ਪ੍ਰਸ਼ਾਦ ਦਾ ਪ੍ਰਗਾਸ = ਪ੍ਰਕਾਸ਼ ਹੋ ਆਉਂਦਾ ਹੈ, ਭਾਵ ਕੜਾਹ ਪ੍ਰਸ਼ਾਦ ਤਿਆਰ ਹੋ ਜਾਂਦਾ ਹੈ।

ਮ੍ਰਿਗ ਮਦ ਗਉਰਾ ਚੋਆ ਚੰਦਨ ਕੁਸਮ ਦਲ;
ਸਕਲ ਸੁਗੰਧਿ ਕੈ ਅਰਗਜਾ ਸੁਬਾਸ ਹੈ ॥

ਇਸੇ ਪ੍ਰਕਾਰ ਮ੍ਰਿਗ ਮਦ[1] = ਕਸਤੂਰੀ, ਗਉਰਾ = ਗੋਰੋਚਨ, ਮੁਸ਼ਕ ਬਿਲਾਈ **ਵਾ:** ਕਪੂਰ, ਚੋਆ = ਅਤਰ, ਚੰਦਨ ਕੁਸਮ = ਫੁੱਲ, ਦਲ = ਫੁੱਲਾਂ ਦੀ ਪਾਂਖੜੀ ਤੇ ਦੋ ਸੁਗੰਧੀਆਂ ਉੱਪਰੋਂ ਇਤਿਆਦਿਕ **ਵਾ:** ਚੋਆ ਚੰਦਨ = ਸੰਦਲ ਦਾ ਅਤਰ, ਭਾਵ ਸੰਦਲ ਰਸ ਟਪਕਾਇਆ ਹੋਇਆ, ਕੁਸਮ ਦਲ = ਕੇਸਰ **ਵਾ:** ਕੁਸਮ = ਫੁੱਲ ਦਲ = ਪੱਤਰ, ਭਾਵ ਫੁੱਲਾਂ ਦੇ ਪੱਤਰ, ਇਨ੍ਹਾਂ ਸਕਲ = ਸਾਰੀਆਂ ਸੁਗੰਧਿ = ਸੁਗੰਧਤਾ ਦੇ ਇਕੱਤਰ ਹੋਣ ਕੈ = ਕਰਕੇ ਅਰਗਜਾ ਨਾਮੀ ਸੁਬਾਸ = ਸ੍ਰੇਸ਼ਟ ਵਾਸ਼ਨਾ ਵਾਲਾ ਪਦਾਰਥ ਤਿਆਰ ਹੁੰਦਾ ਹੈ।

ਚਤੁਰ ਬਰਨ ਪਾਨ ਚੂਨਾ ਅਉ ਸੁਪਾਰੀ ਕਾਥਾ;
ਆਪਾ ਖੋਇ ਮਿਲਤ ਅਨੂਪ ਰੂਪ ਤਾਸ ਹੈ ॥

ਇਸ ਤਰ੍ਹਾਂ ਚਤੁਰ = ਚਾਰ ਬਰਨ = ਰੰਗ—੧. ਪਾਨ, ੨. ਚੂਨਾ ਅਉ = ਅਤੇ ੩. ਸੁਪਾਰੀ, ੪. ਕਾਥਾ = ਕੱਥਾ ਆਦਿ ਇਹ ਵੱਖੋ-ਵੱਖਰੇ ਰੰਗ ਮਿਲ ਕੇ ਜਦ ਆਪਾ = ਆਪਾ-ਭਾਵ (ਹੰਕਾਰ) ਖੋਇ = ਗਵਾ ਦਿੰਦੇ ਹਨ, ਤਦ ਤਾਸ = ਉਨ੍ਹਾਂ ਦਾ ਬੜਾ ਅਨੂਪ = ਸੁੰਦਰ ਰੂਪ = ਸਰੂਪ ਭਾਵ ਲਾਲ ਗਾੜ੍ਹਾ ਰੰਗ ਬਣ ਜਾਂਦਾ ਹੈ।

ਤੈਸੇ ਸਾਧ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ;
ਸਾਵਧਾਨ ਪੂਰਨ ਬ੍ਰਹਮ ਕੋ ਨਿਵਾਸ ਹੈ ॥੧੨੪॥

ਤੈਸੇ = ਉਸੇ ਤਰ੍ਹਾਂ ਹੀ ਸਾਧ = ਸ੍ਰੇਸ਼ਟ ਜਨਾਂ ਦੇ ਸੰਗਤਿ = ਸੰਗ ਅੰਦਰ ਚਾਰੋਂ ਹੀ (ਬ੍ਰਾਹਮਣ, ਖੱਤਰੀ,

---

੧. ਜਿਸ ਨਾਲ (ਮ੍ਰਿਗ + ਮਦ) ਮ੍ਰਿਗ = ਹਿਰਨ ਨੂੰ ਮਦ = ਹੰਕਾਰ ਹੁੰਦਾ ਹੈ।

ਵੈਸ਼, ਸ਼ੂਦਰ) ਬਰਨਾਂ ਦੇ ਮਿਲਾਪ = ਮਿਲਣ ਕੋ = ਦਾ ਪ੍ਰਤਾਪ = ਤੇਜ ਪ੍ਰਭਾਵ ਐਸੋ = ਇਹੋ ਜਿਹਾ ਮਹਾਤਮ ਹੈ, ਇਸ ਵਾਸਤੇ ਸਾਵਧਾਨ = ਇਕਾਗਰ ਚਿੱਤ ਹੋ ਕੇ ਹਰ ਵਕਤ ਸਤਿਸੰਗਤ ਕਰੇ ਕਿਉਂਕਿ ਸਤਿਸੰਗਤ ਵਿਚ ਸਾਖਸ਼ਾਤ ਪੂਰਨ = ਵਿਆਪਕ ਬ੍ਰਹਮ = ਪਰਮੇਸ਼ਰ ਕੋ = ਦਾ ਨਿਵਾਸ = ਵਾਸਾ ਰਹਿੰਦਾ ਹੈ ਅਰਥਾਤ ਸ੍ਰੇਸ਼ਟ ਜਨਾਂ ਦੀ ਸੰਗਤ, ਸਤਿਸੰਗਤ ਵਿਚ ਕਿਸੇ ਵੀ ਬਰਨ ਦਾ ਪੁਰਖ ਆ ਜਾਵੇ ਤਾਂ ਉਹ ਆਉਂਦੇ ਸਾਰ ਹੀ ਸਤਿਸੰਗਤ ਦਾ ਰੂਪ ਬਣ ਜਾਂਦਾ ਹੈ, ਇਸ ਲਈ ਇਕ ਰੂਪਤਾ ਦਾ ਨਿਵਾਸ ਹੀ ਬ੍ਰਹਮ ਦਾ ਨਿਵਾਸ ਹੈ॥੧੨੪॥

ਸਹਜ ਸਮਾਧਿ ਸਾਧ ਸੰਗਤਿ ਮੈ ਸਾਚਖੰਡਿ;
ਸਤਿਗੁਰ ਪੂਰਨ ਬ੍ਰਹਮ ਕੋ ਨਿਵਾਸ ਹੈ॥

ਸਾਧ ਸੰਗਤਿ = ਸ੍ਰੇਸ਼ਟ ਜਨਾਂ ਦੀ ਸੰਗਤ, ਸਤਿਸੰਗਤ ਮੈ = ਵਿਚ ਸਹਜ = ਸੁਤੇ-ਸਿਧ ਹੀ ਗੁਰਮੁਖ ਜਨਾਂ ਦੀ ਸਮਾਧਿ = ਸਮਾਧੀ ਲੱਗ ਜਾਂਦੀ ਹੈ ਕਿਉਂਕਿ ਸਾਧ ਸੰਗਤ ਵੀ ਸਾਚਖੰਡਿ = ਸੱਚਖੰਡ ਦਾ ਅਸਥਾਨ ਹੈ **ਵਾ:** ਸਾਧਸੰਗਤ ਕਰਨ ਵਾਲੇ ਦਾ ਸੱਚਖੰਡ ਵਿਚ ਵਾਸਾ ਹੁੰਦਾ ਹੈ, ਕਿਉਂਕਿ ਸਤਿਸੰਗਤ ਵਿਚ ਪੂਰਨ ਬ੍ਰਹਮ = ਪਰਮੇਸ਼ਰ ਦਾ ਰੂਪ ਸਤਿਗੁਰ = ਸੱਚੇ ਗੁਰੂ ਦਾ **ਵਾ:** ਸੱਚੇ ਗੁਰੂ ਤੇ ਪੂਰਨ ਪਰਮੇਸ਼ਰ ਕੋ = ਦਾ ਨਿਵਾਸ = ਵਾਸਾ ਹੁੰਦਾ ਹੈ। ਜੈਸਾ ਕਿ :

ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥੨॥ *(ਅੰਗ ੯੪)*

ਦਰਸ ਧਿਆਨ ਸਰਗੁਨ ਅਕਾਲ ਮੂਰਤਿ;
ਪੂਜਾ ਫੁਲ ਫਲ ਚਰਨਾਮ੍ਰਿਤ ਬਿਸ੍ਵਾਸ ਹੈ॥

ਜੋ ਅਕਾਲ = ਕਾਲ ਤੋਂ ਰਹਿਤ ਮੂਰਤਿ = ਸਰੂਪ ਪੂਰਨ ਪਰਮੇਸ਼ਰ ਦਾ ਰੂਪ ਸਤਿਗੁਰੂ ਜੀ ਦਾ ਦੀਦਾਰ ਕਰਨਾ ਹੈ, ਇਹ ਤਾਂ ਮਾਨੋ ਪਰਮੇਸ਼ਰ ਦੇ ਸਰਗੁਣ ਸਰੂਪ ਦਾ ਧਿਆਨ ਹੈ ਅਤੇ ਫਲ ਫੁੱਲ ਆਦਿ ਭੇਟਾ ਦੁਆਰਾ ਪੂਜਾ = ਪੂਜਣ ਕਰਨਾ ਤੇ ਚਰਨਾਮ੍ਰਿਤ = ਚਰਨਾਂ ਦਾ ਅੰਮ੍ਰਿਤ ਪਾਨ ਕਰ ਕੇ ਗੁਰਮੁਖ ਨੂੰ ਗੁਰਾਂ ਦੇ ਸਾਖਸ਼ਾਤ ਸਰਗੁਣ ਸਰੂਪ ਵਿਚ ਪਰਮੇਸ਼ਰ ਦਾ ਰੂਪ ਹੋਣ ਦਾ ਬਿਸ੍ਵਾਸ = ਨਿਸ਼ਚਾ ਬੱਝਿਆ ਹੋਇਆ ਹੈ।

ਨਿਰੰਕਾਰ ਚਾਰ ਪਰਮਾਰਥ ਪਰਮਪਦ;
ਸਬਦ ਸੁਰਤਿ ਅਵਗਾਹਨ ਅਭਿਆਸ ਹੈ॥

ਗੁਰਮੁਖ ਜਨ ਗੁਰਾਂ ਦੇ ਸਬਦ = ਉਪਦੇਸ਼ ਦੀ ਸੁਰਤਿ = ਗਿਆਤ ਕਰ ਕੇ **ਵਾ:** ਗੁਰਾਂ ਦੇ ਉਪਦੇਸ਼ ਨੂੰ ਸੁਰਤਿ = ਬਿਰਤੀ ਵਿਚ ਅਵਗਾਹਨ = ਮੰਥਨ ਕਰ ਕੇ ਪੁਨਾ ਪੁਨਾ ਉਪਦੇਸ਼, ਨਾਮ ਦਾ ਅਭਿਆਸ[1] ਕਰਦਾ ਹੈ, ਇਸੇ ਕਰਕੇ ਪਰਮਾਰਥ ਸਿਧਾਂਤ ਰੂਪ ਤੇ ਚਾਰ = ਸੁੰਦਰ ਨਿਰੰਕਾਰ = ਪਰਮੇਸ਼ਰ ਦੀ ਪ੍ਰਾਪਤੀ ਲਈ (ਪਰਮ + ਪਦ) ਪਰਮ = ਵੱਡੀ ਪਦ = ਪਦਵੀ, ਕੈਵਲ ਮੋਖ ਰੂਪ ਪਦਵੀ ਨੂੰ ਪਾ ਲੈਣਾ ਕਰਦਾ ਹੈ।

---

੧. ਕਿਸੇ ਕੰਮ ਨੂੰ ਘੜੀ ਮੁੜੀ ਕਰਨਾ, ਜੋ ਉਸ ਦਾ ਸੁਭਾਵ ਸੁਤੇ ਹੋ ਜਾਵੇ **ਵਾ:** ਕਿਸੇ ਕਾਰਜ ਦੀ ਸਿੱਧੀ ਲਈ ਵਾਰ ਵਾਰ ਕੀਤਾ ਹੋਇਆ ਯਤਨ, ਅਭਿਆਸ ਕਹਾਉਂਦਾ ਹੈ।

ਸਰਬ ਨਿਧਾਨ ਦਾਨ ਦਾਇਕ ਭਗਤਿ ਭਾਇ;
ਕਾਮ ਨਿਹਕਾਮ ਧਾਮ ਪੂਰਨ ਪ੍ਰਗਾਸ ਹੈ॥੧੨੫॥

ਗੁਰਮੁਖ ਜਨ ਸਰਬ = ਸਾਰੀਆਂ ਰਿਧੀਆਂ, ਸਿਧੀਆਂ ਰੂਪ ਨਿਧਾਨ = ਭੰਡਾਰੇ ਦਾਨ = ਦੇਣ ਵਾਲੀ ਭਾਇ = ਪ੍ਰੇਮਾ ਭਗਤਿ = ਭਗਤੀ ਕਰਦਾ ਹੈ **ਵਾ:** ਸਾਰਿਆਂ ਵੈਰਾਗ, ਬਿਬੇਕ ਆਦਿ ਭੰਡਾਰਿਆਂ ਦੇ ਦਾਨ ਦਾਇਕ = ਦੇਣ ਵਾਲੀ ਪ੍ਰੇਮਾ-ਭਗਤੀ ਕਰਦਾ ਹੈ ਅਤੇ ਕਾਮ = ਕਾਮਨਾ ਵੱਲੋਂ ਨਿਹਕਾਮ = ਨਿਸ਼ਕਾਮ ਹੋਇਆ ਰਹਿੰਦਾ ਹੈ ਅਤੇ ਆਪਣੇ ਰਿਦੇ ਰੂਪੀ ਧਾਮ = ਘਰ ਵਿਚ ਪੂਰਨ = ਵਿਆਪਕ ਪਰਮੇਸ਼ਰ ਦੇ ਸਿਧਾਂਤ ਦਾ ਪ੍ਰਗਾਸ = ਪ੍ਰਕਾਸ਼ ਕਰ ਲੈਂਦਾ ਹੈ॥੧੨੫॥

ਸਹਜ ਸਮਾਧਿ ਸਾਧ ਸੰਗਤਿ ਸੁਕ੍ਰਿਤ ਭੂਮਿ;
ਚਿਤ ਚਿਤਵਤ ਫਲ ਪ੍ਰਾਪਤਿ ਉਧਾਰ ਹੈ॥

ਜੋ ਸੁਕ੍ਰਿਤ = ਸ੍ਰੇਸ਼ਟ ਕਰਮਾਂ ਨੂੰ ਪੈਦਾ ਕਰਨ ਵਾਲੀ ਸਾਧਸੰਗਤਿ = ਸਤਿਸੰਗਤ ਰੂਪੀ ਭੂਮਿ = ਧਰਤੀ ਹੈ, ਉਸ ਵਿਚ ਜਾ ਕੇ ਗੁਰਮੁਖ ਜਨ ਦੀ ਸਹਜ = ਸੁਤੇ-ਸਿਧ ਹੀ ਸਮਾਧਿ = ਸਮਾਧੀ ਲੱਗੀ ਰਹਿੰਦੀ ਹੈ **ਵਾ:** ਸਹਜ = ਸੁਤੇ-ਸਿਧ ਹੀ ਮਨ ਦੀ ਭਟਕਣਾ ਦੀ ਨਵਿਰਤੀ ਦੇ ਸਮਾਧਿ = ਇਸਥਿਤੀ ਦਾ ਕਾਰਨ ਸਤਿਸੰਗਤ ਸੁਕ੍ਰਿਤ = ਸ੍ਰੇਸ਼ਟ ਕਰਮਾਂ ਰੂਪੀ ਧਰਤੀ ਹੈ ਅਤੇ ਗੁਰਮੁਖ ਜਨ ਨੂੰ ਹਰ ਵਕਤ ਚਿਤ = ਹਿਰਦੇ ਵਿਚ ਪ੍ਰਭੂ ਨੂੰ ਚਿਤਵਤ = ਯਾਦ ਕਰਨੇ ਕਰਕੇ ਸੰਸਾਰ-ਸਮੁੰਦਰ ਤੋਂ ਉਧਾਰ = ਪਾਰ ਕਰਨ ਵਾਲੇ ਬ੍ਰਹਮਾਨੰਦ ਰੂਪੀ ਫਲ ਦੀ ਪ੍ਰਾਪਤੀ ਹੁੰਦੀ ਹੈ।

ਬਜਰ ਕਪਾਟ ਖੁਲੇ ਹਾਟ ਸਾਧਸੰਗਤ ਮੈ;
ਸਬਦ ਸੁਰਤਿ ਲਾਭ ਰਤਨ ਬਿਉਹਾਰ ਹੈ॥

ਜਿਵੇਂ ਪ੍ਰਤੱਖ ਹਾਟ = ਹੱਟੀ ਦੇ ਦਰਵਾਜ਼ੇ ਖੁਲੇ = ਖੁਲ੍ਹਦਿਆਂ ਹੀ ਖ਼ਰੀਦਣ ਵਾਲਾ ਲੋੜ ਅਨੁਸਾਰ ਸੌਦੇ ਲੈ ਆਉਂਦਾ ਹੈ, ਉਸੇ ਤਰ੍ਹਾਂ ਸਾਧਸੰਗਤਿ = ਸਤਿਸੰਗਤ ਰੂਪੀ ਹੱਟੀ ਮੈ = ਵਿਚ ਗੁਰ-ਉਪਦੇਸ਼ ਨਾਮ ਬਾਣੀ ਨੂੰ ਸੁਣਦਿਆਂ ਹੀ ਬਜਰ = ਸਖ਼ਤ ਪੰਜ ਕੋਸ਼ਾਂ ਰੂਪ ਕਪਾਟ = ਤਖ਼ਤੇ ਖੁਲੇ = ਖੁੱਲ੍ਹ ਜਾਂਦੇ ਹਨ।

ਪ੍ਰਸ਼ਨ—*ਪ੍ਰਤੱਖ ਹੱਟੀ ਉਪਰ ਰਤਨ ਮੋਤੀ ਹੀਰੇ ਆਦਿਕ ਦਾ ਕਾਰੋ-ਵਿਹਾਰ ਵੀ ਹੁੰਦਾ ਹੈ ? ਸਤਿਸੰਗਤ ਰੂਪੀ ਹੱਟੀ ਵਿਚ ਕਿਹੜਾ ਹੁੰਦਾ ਹੈ ?*

ਉੱਤਰ—ਇਸ ਸਤਿਸੰਗਤ ਰੂਪੀ ਹੱਟੀ ਵਿਚ ਸਤਿ, ਸੰਤੋਖ ਆਦਿ ਸ਼ੁਭ ਗੁਣਾਂ ਰੂਪੀ ਰਤਨ ਦਾ ਬਿਉਹਾਰ = ਵਪਾਰ, ਸੌਦਾ ਹੁੰਦਾ ਹੈ ਅਤੇ ਉਸ ਸਾਧਸੰਗਤਿ ਰੂਪੀ ਹੱਟੀ ਵਿੱਚੋਂ ਗੁਰਮੁਖ ਜਨ ਨਾਮ ਬਾਣੀ ਦਾ ਲਾਭ = ਨਫ਼ਾ ਖੱਟਦੇ ਹਨ ਅਤੇ ਹੋਰਨਾਂ ਨੂੰ ਵੀ ਗੁਰਾਂ ਦੇ ਸਬਦ = ਉਪਦੇਸ਼ ਦੀ ਸੁਰਤਿ = ਗਿਆਤ ਕਰਵਾ ਕੇ ਨਾਮ ਬਾਣੀ ਰੂਪ ਸੌਦੇ ਦਾ ਵਪਾਰ ਕਰਨ ਲਈ ਪ੍ਰੇਰਦੇ ਹਨ।

ਸਾਧਸੰਗਿ ਬ੍ਰਹਮ ਸਥਾਨ ਗੁਰਦੇਵ ਸੇਵ;
ਅਲਖ ਅਭੇਵ ਪਰਮਾਰਥ ਆਚਾਰ ਹੈ॥

ਜੋ ਸਾਧਸੰਗਿ = ਸਤਿਸੰਗਤ, ਬ੍ਰਹਮ = ਵਿਆਪਕ ਪਰਮੇਸ਼ਰ ਦੀ ਪ੍ਰਾਪਤੀ ਵਾਲਾ ਸਥਾਨ = ਥਾਂ ਹੈ, ਉਸ

ਸਤਿਸੰਗਤ ਵਿਚ ਜੋ (ਗੁਰ + ਦੇਵ) ਦੇਵ = ਪ੍ਰਕਾਸ਼ ਸਰੂਪ ਗੁਰ = ਗੁਰੂ ਨੂੰ ਸੇਵ = ਸੇਵਨਾ, ਅਰਾਧਨਾ ਕਰਦਾ ਹੈ, ਉਹ ਅਲਖ = ਲਖਣ ਤੋਂ ਰਹਿਤ ਅਭੇਵ = ਭੇਦ ਰਹਿਤ ਪਰਮੇਸ਼ਰ ਦੀ ਪ੍ਰਾਪਤੀ ਵਾਲਾ ਜੋ ਆਤਮਾਨੰਦ ਰੂਪੀ ਪਰਮਾਰਥ = ਉੱਤਮ ਪਦਾਰਥ ਹੈ, ਉਸ ਮੁੱਖ ਆਚਾਰ = ਕਰਤੱਵ ਨੂੰ ਪਾ ਲੈਂਦਾ ਹੈ।

ਸਫਲ ਸੁ ਖੇਤ ਹੇਤ ਬਨਤ ਅਮਿਤਿ ਲਾਭ;
ਸੇਵਕ ਸਹਾਈ ਬਰਦਾਈ ਉਪਕਾਰ ਹੈ ॥੧੨੬॥

ਇਹ ਸਤਿਸੰਗਤ ਰੂਪੀ ਸੁ = ਸ੍ਰੇਸ਼ਟ ਖੇਤ ਸਫਲ (ਸ + ਫਲ) ਸ = ਸਹਿਤ ਗਿਆਨ ਰੂਪੀ ਫਲ ਦੇ ਹੈ, ਇਸ ਵਿਚ ਜੋ ਹੇਤ = ਪ੍ਰੇਮ ਦੇ ਸਹਿਤ ਆਉਂਦਾ ਹੈ, ਉਸ ਨੂੰ ਅਮਿਤਿ = ਗਿਣਤੀ ਮਿਣਤੀ ਤੋਂ ਰਹਿਤ ਲਾਭ = ਨਫ਼ਾ ਬਨਤ = ਬਣ ਆਉਂਦਾ ਹੈ, ਭਾਵ ਜਿਹੜਾ ਪ੍ਰੇਮ ਭਾਵਨਾ ਦੇ ਸਹਿਤ ਸਤਿਸੰਗਤ ਵਿਚ ਆਉਂਦਾ ਹੈ, ਉਸ ਨੂੰ ਗਿਣਤੀ ਮਿਣਤੀ ਤੋਂ ਰਹਿਤ ਬੇਅੰਤ ਨਫ਼ਾ ਪ੍ਰਾਪਤ ਹੁੰਦਾ ਹੈ ਅਤੇ ਜੋ ਗੁਰਮੁਖ ਸਾਧਸੰਗਤਿ ਕਰਨ ਵਾਲੇ ਹਨ, ਗੁਰੂ ਸਾਹਿਬ ਜੀ ਉਨ੍ਹਾਂ ਸੇਵਕਾਂ ਦੀ ਸਹਾਈ = ਸਹਾਇਤਾ ਕਰਨ ਵਾਲੇ ਹਨ, ਬਰਦਾਈ = ਵਰ ਦੇਣ ਵਾਲੇ ਸਤਿਗੁਰੂ ਜੀ ਉਨ੍ਹਾਂ ਨੂੰ ਧਰਮ, ਅਰਥ, ਕਾਮ, ਮੋਖ ਆਦਿ ਦੇ ਵਰ ਦਿੰਦੇ ਹਨ, ਐਸੇ ਉਪਕਾਰ = ਪਰਉਕਾਰੀ ਸਤਿਗੁਰੂ ਜੀ ਹਨ।

ਗੁਰਮੁਖਿ ਸਾਧ ਚਰਨਾਮ੍ਰਿਤ ਨਿਧਾਨ ਪਾਨ;
ਕਾਲ ਮੈ ਅਕਾਲ, ਕਾਲ ਬਿਆਲ ਬਿਖੁ ਮਾਰੀਐ ॥

ਜਿਨ੍ਹਾਂ ਗੁਰਮੁਖ ਜਨਾਂ ਨੇ ਸਾਧ = ਸ੍ਰੇਸ਼ਟ ਗੁਰਾਂ ਦੇ ਚਰਨਾਮ੍ਰਿਤ = ਚਰਨਾਂ ਦੇ ਅੰਮ੍ਰਿਤ ਰੂਪ ਨਿਧਾਨ = ਖ਼ਜ਼ਾਨੇ ਵਿੱਚੋਂ ਚਰਨਾਂ ਦਾ ਅੰਮ੍ਰਿਤ ਪਾਨ = ਛਕਣਾ ਕੀਤਾ ਹੈ, ਉਹ ਗੁਰਮੁਖ ਜਨ ਕਾਲ = ਸਮੇਂ ਦੀਆਂ ਹੱਦਾਂ ਮੈ = ਵਿਚ ਅਕਾਲ = ਕਾਲ ਤੋਂ ਰਹਿਤ ਰਹਿੰਦੇ ਹਨ, ਭਾਵ ਸਮੇਂ ਦੇ ਅਨੁਸਾਰ ਜਿਹੋ ਜਿਹਾ ਸਮਾਂ ਆਣ ਵਰਤੇ, ਉਹੋ ਜਿਹਾ ਸੁਭਾਵ ਰੱਖਦੇ ਹਨ ਅਰਥਾਤ ਦੁੱਖ-ਸੁੱਖ, ਹਰਖ-ਸੋਗ ਆਦਿ ਵਿਚ ਬਿਰਤੀ ਸਮ ਰੱਖਦੇ ਹਨ ਅਤੇ ਜੋ ਕਾਲ = ਸਮੇਂ ਸਮੇਂ ਸਿਰ ਬਿਆਲ = ਸਰਪ ਦੀ ਨਿਆਈਂ ਰਾਗ ਦ੍ਵੈਖ ਆਦਿਕ ਦੀ ਬਿਖੁ = ਜ਼ਹਿਰ ਡੰਗ ਮਾਰੀਐ = ਮਾਰਨ ਵਾਲੀ ਸੀ, ਉਨ੍ਹਾਂ ਨੇ ਉਸ ਨੂੰ ਨਵਿਰਤ ਕਰ ਲਿਆ ਹੈ **ਵਾ:** ਜੋ ਕਾਲ ਰੂਪੀ ਸੱਪ ਸੀ, ਜਿਸ ਵਿਚ ਹੰਗਤਾ ਮਮਤਾ ਰੂਪੀ ਜ਼ਹਿਰ ਸੀ, ਉਸ ਨੂੰ ਗੁਰ-ਉਪਦੇਸ਼ ਦੁਆਰਾ ਨਾਮ ਜਪ ਕੇ ਮਾਰ ਲੈਣਾ ਕੀਤਾ ਹੈ ਅਤੇ ਉਹ ਗੁਰਮੁਖ ਜਨ, ਜੋ ਕਾਲ = ਮੌਤ ਆਉਣੀ ਸੀ, ਉਸ ਅਕਾਲ = ਮੌਤ ਤੋਂ ਰਹਿਤ ਹੋ ਗਏ ਹਨ।

ਗੁਰਮੁਖਿ ਸਾਧ ਚਰਨਾਮ੍ਰਿਤ ਨਿਧਾਨ ਪਾਨ;
ਕੁਲ ਅਕੁਲੀਨ ਭਏ, ਦੁਬਿਧਾ ਨਿਵਾਰੀਐ ॥

ਗੁਰਮੁਖ ਜਨ ਸਾਧ = ਸ੍ਰੇਸ਼ਟ ਗੁਰਾਂ ਦੇ ਚਰਨਾਂ ਦੇ ਅੰਮ੍ਰਿਤ ਨਿਧਾਨ = ਭੰਡਾਰੇ ਵਿੱਚੋਂ ਚਰਨਾਮ੍ਰਿਤ ਨੂੰ ਪਾਨ = ਛਕ ਕਰਕੇ ਕੁਲ = ਵੰਸ਼ ਦੀ ਜਾਤੀ ਦੇ ਅਭਿਮਾਨ ਵੱਲੋਂ ਅਕੁਲੀਨ = ਕੁਲ ਰਹਿਤ ਭਏ = ਹੋ ਜਾਂਦੇ ਹਨ, ਭਾਵ ਸ੍ਰੇਸ਼ਟ ਕੁਲ ਦੀ ਹੰਗਤਾ ਨੂੰ ਤਿਆਗ ਕੇ ਆਪਣੇ ਆਪ ਨੂੰ ਨਿਮਾਣਾ ਦੱਸਣ ਲੱਗ ਜਾਂਦੇ ਹਨ ਅਤੇ ਆਪਣੇ ਅੰਦਰੋਂ ਦੁਬਿਧਾ = ਦੁਚਿੱਤਾਪਣ ਵੀ ਨਿਵਾਰੀਐ = ਨਵਿਰਤ ਕਰ ਦਿੰਦੇ ਹਨ।

ਗੁਰਮੁਖਿ ਸਾਧ ਚਰਨਾਮ੍ਰਿਤ ਨਿਧਾਨ ਪਾਨ;
ਸਹਜ ਸਮਾਧਿ ਨਿਜ ਆਸਨ ਕੀ ਤਾਰੀਐ ॥

ਗੁਰਮੁਖ ਜਨਾਂ ਨੇ ਸਾਧ = ਸ੍ਰੇਸ਼ਟ ਗੁਰਾਂ ਦੇ ਚਰਨਾਂ ਦੇ ਅੰਮ੍ਰਿਤ ਰੂਪ ਨਿਧਾਨ = ਭੰਡਾਰੇ ਵਿੱਚੋਂ ਚਰਨਾਮ੍ਰਿਤ ਨੂੰ ਪਾਨ = ਛਕਣਾ ਕੀਤਾ ਹੈ, ਉਨ੍ਹਾਂ ਨੇ ਸਹਜ = ਸੁਤੇ-ਸਿਧ ਨਿਰਵਿਕਲਪ ਸਮਾਧਿ = ਸਮਾਧੀ ਲਾ ਕੇ ਨਿਜ = ਆਪਣੇ ਸਰੂਪ ਰੂਪੀ ਆਸਨ ਕੀ = ਦੀ ਪ੍ਰਾਪਤੀ ਕਰ ਕੇ ਸੱਚ ਸਰੂਪ ਵਿਚ ਤਾਰੀਐ = ਤਾੜੀ, ਇਸਥਿਤੀ ਪਾਉਣਾ ਕੀਤੀ ਹੈ **ਵਾ:** ਆਪਣੇ ਸਰੂਪ ਦੀ ਪ੍ਰਾਪਤੀ ਵਾਲੀ ਬ੍ਰਹਮਾਨੰਦ ਰੂਪੀ ਤਾਰੀਐ = ਕੁੰਜੀ ਲੈਣਾ ਕੀਤੀ ਹੈ **ਵਾ:** ਆਸਾ ਅੰਦੇਸਾ ਰੂਪੀ ਦਰਵਾਜ਼ੇ ਨੂੰ ਲੱਗੇ ਹੋਏ ਹੰਗਤਾ ਰੂਪੀ ਜਿੰਦਰੇ ਨੂੰ ਖੋਲ੍ਹਣ ਵਾਲੀ ਬ੍ਰਹਮ ਗਿਆਨ ਰੂਪੀ ਕੁੰਜੀ ਲੈ ਕੇ ਸੱਚਖੰਡ ਰੂਪੀ ਦਰਬਾਰ ਵਿਚ ਪਹੁੰਚਣਾ ਕੀਤਾ ਹੈ।

ਗੁਰਮੁਖਿ ਸਾਧ ਚਰਨਾਮ੍ਰਿਤ ਪਰਮ ਪਦ;
ਗੁਰਮੁਖਿ ਪੰਥ ਅਬਿਗਤ ਗਤਿ ਨਿਆਰੀਐ ॥੧੨੭॥

ਗੁਰਮੁਖ ਜਨ ਸਾਧ = ਸ੍ਰੇਸ਼ਟ ਗੁਰਾਂ ਦੇ ਚਰਨਾਮ੍ਰਿਤ = ਚਰਨਾਂ ਦੇ ਅੰਮ੍ਰਿਤ ਨੂੰ ਛਕ ਕਰਕੇ ਪਰਮ = ਵੱਡੀ ਪਦ = ਪਦਵੀ ਕੈਵਲ ਮੋਖ ਨੂੰ ਪ੍ਰਾਪਤ ਹੋ ਜਾਂਦੇ ਹਨ, ਇਸੇ ਕਰਕੇ ਗੁਰਮੁਖ ਜਨਾਂ ਦਾ ਪ੍ਰੇਮਾ-ਭਗਤੀ ਦਾ ਪੰਥ = ਰਸਤਾ ਅਬਿਗਤ = ਨਾਸ਼ ਤੋਂ ਰਹਿਤ ਹੈ ਅਤੇ ਗੁਰਮੁਖ ਜਨਾਂ ਦੀ ਗਤਿ = ਚਾਲ, ਰੀਤੀ ਵੀ ਨਿਆਰੀਐ = ਵੱਖਰੀ ਹੈ **ਵਾ:** ਗੁਰਮੁਖ ਜਨਾਂ ਦੀ ਗੁਰਸਿੱਖੀ ਰੂਪ ਰਸਤੇ ਦੀ ਗਤਿ = ਰੀਤੀ, ਮੁਕਤੀ ਕਰਾਉਣ ਵਾਲੀ ਕੈਵਲ ਮੋਖ ਰੂਪੀ ਅਵਸਥਾ ਅਬਿਗਤ = ਨਾਸ਼ ਤੋਂ ਰਹਿਤ ਤੇ ਸਰੂਪ, ਸਾਯੁਜ ਆਦਿ ਹੋਰਨਾਂ ਮੁਕਤੀਆਂ ਤੋਂ ਵੱਖਰੀ ਹੀ ਹੈ॥੧੨੭॥

ਸਹਜ ਸਮਾਧਿ ਸਾਧ ਸੰਗਤਿ ਸਖਾ ਮਿਲਾਪ;
ਗਗਨ ਘਟਾ ਘਮੰਡ ਜੁਗਤਿ ਕੈ ਜਾਨੀਐ ॥

ਸਾਧ = ਸ੍ਰੇਸ਼ਟ ਜਨਾਂ ਦੀ ਸੰਗਤਿ **ਵਾ:** ਸਤਿਸੰਗਤ ਦਾ ਮਿਲਾਪ = ਮਿਲਣਾ ਸਖਾ = ਮਿੱਤਰ ਵਾਂਗ ਹੁੰਦਾ ਹੈ ਅਤੇ ਸ੍ਰੇਸ਼ਟ ਜਨਾਂ ਦੀ ਸੰਗਤ, ਸਤਿਸੰਗਤ ਵਿਚ ਮਿਲਣੇ ਕਰਕੇ ਸਹਜ = ਸੁਤੇ-ਸਿਧ ਨਿਰਵਿਕਲਪ ਸਮਾਧਿ = ਸਮਾਧੀ ਲੱਗ ਜਾਂਦੀ ਹੈ **ਵਾ:** ਸਤਿਸੰਗਤ ਵਿਚ ਮਿਲਣ ਕਰਕੇ ਸਹਜ = ਗਿਆਨ ਸਰੂਪ ਵਿਚ ਸਮਾਧਿ = ਇਸਥਿਤੀ ਹੋ ਆਉਂਦੀ ਹੈ ਤੇ ਸਖਾ = ਮਿੱਤਰ ਦੀ ਨਿਆਈਂ ਸਹਾਇਤਾ ਕਰਨ ਵਾਲੇ ਪੂਰਨ ਸਤਿਗੁਰੂ ਦਾ ਮਿਲਾਪ ਪ੍ਰਾਪਤ ਹੋ ਆਉਂਦਾ ਹੈ ਅਤੇ ਉਸੇ ਮਿਲਾਪ ਦੀ ਬਰਕਤ ਸਦਕਾ ਨਾਮ, ਬਾਣੀ ਦਾ ਅਭਿਆਸ ਕਰਦਿਆਂ ਦਸਮ ਦੁਆਰ ਰੂਪੀ ਗਗਨ = ਅਕਾਸ਼ ਵਿਚ ਘਮੰਡ = ਬੱਦਲਾਂ ਦੀਆਂ ਘਟਾਵਾਂ ਵਤ ਇਕ-ਰਸ ਜੋਗਾਨੰਦ (ਆਤਮਾਨੰਦ) ਦੀ ਧਾਰਾ ਵਹਿਣ ਲੱਗ ਪੈਂਦੀ ਹੈ ਅਤੇ ਇਸ ਜੁਗਤਿ = ਜੁਗਤੀ ਕੈ = ਕਰਕੇ ਬ੍ਰਹਮ ਸਰੂਪ ਨੂੰ ਜਾਨੀਐ = ਜਾਨਣਾ ਕਰੀਦਾ ਹੈ।

ਸਹਜ ਸਮਾਧਿ ਕੀਰਤਨ ਗੁਰ ਸਬਦ ਕੈ;
ਅਨਹਦ ਨਾਦ ਗਰਜਤ ਉਨਮਾਨੀਐ ॥

ਅਜਿਹਾ ਹੀ ਸਹਜ = ਸੁਤੇ-ਸਿਧ ਸਮਾਧਿ = ਸਮਾਧੀ ਵਿਚ ਇਸਥਿਤ ਹੋ ਕੇ ਗੁਰ = ਸਤਿਗੁਰੂ ਸਾਹਿਬ

ਦੇ ਸਬਦ = ਉਪਦੇਸ਼ ਕੈ = ਦੇ ਤਾਈਂ ਇਕਸੁਰ ਕੀਰਤਨ ਰੂਪ ਗਾਇਨ ਕਰਦਿਆਂ ਅਨਹਦ = ਹੱਦ ਤੋਂ ਰਹਿਤ ਨਾਦ = ਧੁਨੀ, ਬੱਦਲਾਂ ਵਤ ਗਰਜਤ = ਗਰਜਦੀ ਹੋਈ ਉਨਮਾਨੀਐ = ਵਿਚਾਰਨਾ ਕਰੀਦੀ ਹੈ **ਵਾ:** ਅਨੁਭਵ ਕਰੀਦੀ ਹੈ।

ਸਹਜ ਸਮਾਧਿ ਸਾਧ ਸੰਗਤਿ ਜੋਤੀ ਸਰੂਪ;
ਦਾਮਿਨੀ ਚਮਤਕਾਰ ਉਨਮਨ ਮਾਨੀਐ ॥

ਸਾਧ = ਸ੍ਰੇਸ਼ਟ ਜਨਾਂ ਦੀ ਸੰਗਤ **ਵਾ:** ਸਤਿਸੰਗਤ ਵਿਚ ਸਹਜ = ਸੁਤੇ-ਸਿਧ ਨਿਰਵਿਕਲਪ ਸਮਾਧਿ = ਸਮਾਧੀ ਲੱਗਿਆਂ, ਭਾਵ ਅੰਤਰਮੁਖ ਆਤਮ ਵਿਚ ਧਿਆਨ ਲੱਗਦਿਆਂ ਜੋਤੀ = ਪ੍ਰਕਾਸ਼ ਸਰੂਪ = ਵਾਹਿਗੁਰੂ ਦੀ ਗਿਆਤ ਰੂਪ ਦਾਮਿਨੀ = ਬਿਜਲੀ ਦਾ ਚਮਤਕਾਰ = ਪ੍ਰਕਾਸ਼ ਪ੍ਰਗਟ ਹੋ ਆਉਂਦਾ ਹੈ ਅਤੇ ਉਨਮਨ = ਤੁਰੀਆ ਅਵਸਥਾ ਵਿਚ ਅਭੇਦ ਹੋਣ ਦਾ ਆਨੰਦ ਮਾਨੀਐ = ਮਾਨਣਾ ਕਰੀਦਾ ਹੈ।

ਸਹਜ ਸਮਾਧਿ ਲਿਵ ਨਿਝਰ ਅਪਾਰ ਧਾਰ;
ਬਰਖਾ ਅੰਮ੍ਰਿਤ ਜਲ ਸਰਬ ਨਿਧਾਨੀਐ ॥੧੨੮॥

ਸਹਜ = ਸੁਤੇ-ਸਿਧ ਨਿਰਵਿਕਲਪ ਸਮਾਧਿ = ਸਮਾਧੀ ਵਿਚ ਲਿਵ = ਬਿਰਤੀ ਲੱਗਦਿਆਂ ਅਪਾਰ = ਪਾਰਾਵਾਰ ਤੋਂ ਰਹਿਤ ਨਿਝਰ = ਇਕ-ਰਸ ਬ੍ਰਹਮਾਨੰਦ ਰੂਪੀ ਧਾਰਾ ਦਾ ਪ੍ਰਵਾਹ ਚੱਲ ਪੈਂਦਾ ਹੈ, ਜਿਸ ਬ੍ਰਹਮਾਨੰਦ ਰੂਪੀ ਬਰਖਾ ਦਾ ਅੰਮ੍ਰਿਤਮਈ ਜਲ = ਪਾਣੀ ਸਰਬ = ਸਾਰੀਆਂ ਨਿਧੀਆਂ ਸਿਧੀਆਂ ਆਦਿ ਦਾ ਨਿਧਾਨੀਐ = ਖ਼ਜ਼ਾਨਾ ਹੈ॥੧੨੮॥

ਜੈਸੇ ਤਉ ਗੌ-ਬੰਸ ਤ੍ਰਿਣ ਖਾਇ ਦੁਹੇ ਗੌਰਸ ਦੈ;
ਗੌਰਸ ਅਉਟਾਏ ਦਧਿ ਮਾਖਨ ਪ੍ਰਗਾਸ ਹੈ ॥

ਜੈਸੇ = ਜਿਸ ਤਰ੍ਹਾਂ (ਗੌ + ਬੰਸ) ਗੌ = ਗਊ ਬੰਸ = ਜਾਤੀ ਤ੍ਰਿਣ = ਘਾਹ ਖਾਇ = ਖਾਣਾ ਕਰਦੀ ਹੈ ਤੇ ਤਉ = ਤਦ ਦੁਹੇ = ਚੋਇਆਂ ਤੋਂ (ਗੌ + ਰਸ) ਗੌ = ਗਊ ਰਸ **ਵਾ:** ਗੌਰਸ = ਦੁੱਧ ਦੈ = ਦੇਣਾ ਕਰਦੀ ਹੈ ਅਤੇ ਉਸ ਗੌਰਸ = ਦੁੱਧ ਨੂੰ ਅਉਟਾਏ = ਕਾੜ੍ਹਨ ਤੋਂ ਬਾਅਦ ਜਾਗ ਲਗਾਉਣ ਕਰਕੇ ਫੇਰ ਦਧਿ = ਦਹੀਂ ਤੇ ਰਿੜਕਣ ਤੋਂ ਮਾਖਨ = ਮੱਖਣ ਦਾ ਪ੍ਰਗਾਸ = ਪ੍ਰਕਾਸ਼ ਹੁੰਦਾ ਹੈ, ਭਾਵ ਮੱਖਣ ਨਿਕਲਦਾ ਹੈ।

ਊਖ ਮੈ ਪਿਊਖ ਤਨ ਖੰਡ ਖੰਡ ਕੇ ਪਿਰਾਏ;
ਰਸ ਕੇ ਅਉਟਾਏ ਖੰਡ ਮਿਸਰੀ ਮਿਠਾਸ ਹੈ ॥

ਜਿਵੇਂ ਊਖ = ਗੰਨੇ ਮੈ = ਵਿਚ ਪਿਊਖ = ਅੰਮ੍ਰਿਤ ਵਤ ਰਸ ਹੁੰਦਾ ਹੈ, ਪਰ ਜਦ ਗੰਨਾ ਆਪਣੇ ਤਨ = ਸਰੀਰ ਨੂੰ ਪਿਰਾਏ = ਪਿੜਵਾ ਕੇ = ਕਰਕੇ ਖੰਡ ਖੰਡ = ਟੁਕੜੇ ਟੁਕੜੇ ਕਰਵਾ ਸਿੱਟਦਾ ਹੈ, ਭਾਵ ਰਸ ਦੇ ਰੂਪ ਵਿਚ ਬਣ ਜਾਂਦਾ ਹੈ ਅਤੇ ਜਦ ਉਸ ਰਸ ਨੂੰ ਚੰਗੀ ਤਰ੍ਹਾਂ ਕੇ = ਕਰਕੇ ਅਉਟਾਏ = ਕਾੜ੍ਹਨਾ, ਉਬਾਲਣਾ ਕਰੀਏ ਤਾਂ ਫੇਰ ਉਹ ਰਸ ਖੰਡ, ਮਿਸਰੀ ਤੇ ਮਿਠਾਸ = ਮਿੱਠੇ ਵਾਲੇ ਪਦਾਰਥ ਬਣ ਜਾਂਦਾ ਹੈ **ਵਾ:** ਮਿਠਾਸ = ਮਠਿਆਈ ਬਣ ਜਾਂਦਾ ਹੈ।

ਚੰਦਨ ਸੁਗੰਧ ਸਨਬੰਧ ਕੈ ਬਨਾਸਪਤੀ;
ਢਾਕ ਅਉ ਪਲਾਸ ਜੈਸੇ ਚੰਦਨ ਸੁਬਾਸ ਹੈ॥

ਇਸੇ ਤਰ੍ਹਾਂ ਹੀ ਜਿਵੇਂ ਚੰਦਨ ਦੀ ਸੁਗੰਧ (ਸੁ + ਗੰਧ) ਸੁ = ਸ੍ਰੇਸ਼ਟ ਗੰਧ = ਬਾਸਨਾ ਦੇ ਸਨਬੰਧ = ਮੇਲ ਕੈ = ਕਰਕੇ ਬਾਕੀ ਦੀ ਬਨਾਸਪਤੀ, ਢਾਕ = ਢੱਕ ਅਉ = ਅਤੇ ਪਲਾਸ = ਪਲਾਹ[1] ਆਦਿ ਜੈਸੇ = ਵਰਗੇ ਬ੍ਰਿਛ ਵੀ ਚੰਦਨ ਦੀ ਸੁਗੰਧੀ ਵਾਲੇ ਬਣ ਜਾਂਦੇ ਹਨ।

ਸਾਧ ਸੰਗਿ ਮਿਲਤ ਸੰਸਾਰੀ ਨਿਰੰਕਾਰੀ ਹੋਤ;
ਗੁਰਮਤਿ ਪਰਉਪਕਾਰ ਕੈ ਨਿਵਾਸ ਹੈ॥੧੨੯॥

ਇਸੇ ਤਰ੍ਹਾਂ ਸਾਧ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ **ਵਾ:** ਸਾਧ ਸੰਗਿ = ਸਤਿਸੰਗਤ ਵਿਚ ਮਿਲਤ = ਮਿਲਦਿਆਂ ਹੀ ਸੰਸਾਰੀ = ਜਗਤ ਦੇ ਲੋਕ ਵੀ ਨਿਰੰਕਾਰੀ = ਆਕਾਰ ਤੋਂ ਰਹਿਤ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਹੋਤ = ਹੋ, ਬਣ ਜਾਂਦੇ ਹਨ ਅਤੇ ਗੁਰਮਤਿ = ਗੁਰ-ਸਿੱਖਿਆ ਵਿਚ ਪਰਪੱਕ ਹੋ ਜਾਂਦੇ ਹਨ, ਪਰਉਪਕਾਰ = ਪਰਾਏ ਉੱਪਰ ਭਲਾ ਕਰਨ ਕੈ = ਦੇ ਖ਼ਿਆਲ ਵਿਚ ਨਿਵਾਸ = ਵਾਸਾ ਰੱਖਦੇ ਹਨ ਭਾਵ ਹਰ ਵਕਤ ਪਰਾਏ ਉੱਪਰ ਭਲਾ ਕਰਦੇ ਰਹਿੰਦੇ ਹਨ **ਵਾ:** ਗੁਰਮਤਿ (ਗੁਰ + ਮਤਿ) ਗੁਰੂ ਦੀ ਮਤਿ = ਸਿੱਖਿਆ ਦੁਆਰਾ (ਪਰ + ਉਪਕਾਰ) ਪਰ = ਪਰ੍ਹਾਂ, ਦੂਰ ਭਾਵ ਵਿੱਛੜੇ ਹੋਏ ਜੀਵਾਂ ਉੱਪਰ ਉਪਕਾਰ ਕਰ ਕੇ ਪ੍ਰਭੂ ਨਿਕਟੀ ਬਣਾ ਲੈਣ ਵਾਲੇ ਗੁਣਾਂ ਦਾ ਹੀ ਸਦੀਵ ਨਿਵਾਸ = ਵਾਸਾ ਅੰਦਰ ਰੱਖਦੇ ਹਨ॥੧੨੯॥

ਕੋਟਨਿ ਕੋਟਾਨਿ ਮਿਸਟਾਨ ਪਾਨ ਸੁਧਾ ਰਸ;
ਪੁਜਸਿ ਨ ਸਾਧ ਮੁਖ ਮਧੁਰ ਬਚਨ ਕਉ॥

ਕੋਟਨਿ = ਕ੍ਰੋੜਾਂ ਗੁਣਾਂ ਮਠਿਆਈਆਂ ਆਦਿ ਮਿਸ਼ਟਾਨ = ਮਿੱਠੇ ਮਿੱਠੇ ਪਦਾਰਥ ਕੋਟਾਨਿ = ਕਰੋੜਾਂ ਪਾਨ = ਪੀਣ ਯੋਗ ਸੁਧਾ = ਅੰਮ੍ਰਿਤ ਰਸ ਵਰਗੇ ਸ਼ਹਿਦ, ਸ਼ਰਬਤ ਆਦਿ ਮਿੱਠੇ ਪਦਾਰਥ ਆਦਿ ਪ੍ਰਾਪਤ ਹੋ ਜਾਣ, ਪਰੰਤੂ ਸਾਧ = ਸ੍ਰੇਸ਼ਟ ਜਨਾਂ ਦੇ **ਵਾ:** ਸ੍ਰੇਸ਼ਟ ਗੁਰਾਂ **ਵਾ:** ਸਾਧ = ਸੰਤਾਂ ਦੇ ਮੁਖ = ਮੂੰਹੋਂ ਨਿਕਲੇ ਹੋਏ ਮਧੁਰ = ਮਿੱਠੇ ਮਿੱਠੇ ਪਿਆਰ ਭਰੇ ਬਚਨ = ਵਾਕਾਂ ਕਉ = ਦੇ ਬਰਾਬਰ ਇਹ ਸਭ ਪਦਾਰਥ ਪੁਜਸਿ = ਪੁੱਜ ਨ = ਨਹੀਂ ਸਕਦੇ।

ਸੀਤਲ ਸੁਗੰਧ ਚੰਦ ਚੰਦਨ ਕੋਟਾਨਿ ਕੋਟਿ;
ਪੁਜਸਿ ਨ ਸਾਧ ਮਤਿ ਨਿੰਮ੍ਰਤਾ ਸਚਨ ਕਉ॥

ਕੋਟਾਨਿ = ਕਰੋੜਾਂ ਹੀ ਚੰਦ = ਚੰਦਰਮਾ ਦੀਆਂ ਸੀਤਲ = ਠੰਢਤਾਈਆਂ ਤੇ ਕੋਟਿ = ਕਰੋੜਾਂ ਹੀ ਚੰਦਨ ਬ੍ਰਿਛ ਦੀਆਂ ਸੁਗੰਧ = ਸੁਗੰਧੀਆਂ **ਵਾ:** ਸੀਤਲਤਾਈ ਦਾ ਆਸਰਾ ਸੀਤਲ ਚੰਦਰਮਾ ਅਤੇ ਸੀਤਲਤਾ ਤੇ ਸੁਗੰਧੀ ਦਾ ਸੋਮਾ ਚੰਦਨ ਕੋਟਾਨਿ ਕੋਟਿ = ਕਰੋੜ ਕਰੋੜ ਗੁਣਾਂ ਹੋ ਕੇ ਜੇ ਆਪਸ ਵਿਚ ਮਿਲ ਜਾਣ, ਤਦ ਵੀ ਉਹ ਸਾਧ = ਸ੍ਰੇਸ਼ਟ ਪੁਰਖਾਂ ਦੀ ਮਤਿ = ਬੁੱਧੀ ਵਿਚ (**ਵਾ:** ਸ੍ਰੇਸ਼ਟ ਗੁਣਾਂ ਦੀ ਸਿੱਖਿਆ ਵਿੱਚ) ਸਚਨ = ਸੱਚੇ ਭਾਵ ਧਾਰਨ ਕੀਤੀ ਹੋਈ ਨਿਮਰਤਾ ਕਉ = ਦੇ ਬਰਾਬਰ ਪੁਜਸਿ = ਪੁੱਜ ਨਹੀਂ ਸਕਦੀਆਂ।

---

੧. 'ਢੱਕ' ਮਾਦਾ ਅਤੇ 'ਪਲਾਹ' ਨਰ ਕਿਹਾ ਜਾਂਦਾ ਹੈ।

ਕੋਟਨਿ ਕੋਟਾਨਿ ਕਾਮਧੇਨ ਅਉ ਕਲਪਤਰ;
ਪੁਜਸਿ ਨ ਕਿੰਚਤ ਕਟਾਛ ਕੇ ਰਚਨ ਕਉ ॥

ਕੋਟਾਨਿ = ਕਰੋੜਾਂ ਹੀ ਕਾਮਧੇਨ = ਕਾਮਨਾ ਪੂਰੀਆਂ ਕਰਨ ਵਾਲੀਆਂ ਗਾਵਾਂ ਅਉ = ਅਤੇ ਕੋਟਾਨਿ = ਕਰੋੜਾਂ ਹੀ ਕਲਪਤਰ = ਸਵਰਗ ਦੇ ਬ੍ਰਿਛ, ਇਹ ਵੀ ਸ੍ਰੇਸ਼ਟ ਜਨਾਂ, ਗੁਰਾਂ, ਗੁਰਮੁਖ ਜਨਾਂ ਦੀ ਕਿੰਚਤ = ਥੋੜ੍ਹੀ ਜਿਹੀ ਕਟਾਛ = ਕ੍ਰਿਪਾ ਦ੍ਰਿਸ਼ਟੀ ਕੇ = ਦੇ ਰਚਨ = ਰਚਨਾ (ਕਰਨ) ਕਉ = ਦੇ ਬਰਾਬਰ ਪੁੱਜ ਨਹੀਂ ਸਕਦੇ।

ਸਰਬ ਨਿਧਾਨ ਫਲ ਸਕਲ ਕੋਟਾਨਿ ਕੋਟਿ;
ਪੁਜਸਿ ਨ ਪਰਉਪਕਾਰ ਕੇ ਖਚਨ ਕਉ ॥੧੩੦॥

ਇਸੇ ਤਰ੍ਹਾਂ ਕੋਟਾਨਿ = ਕਰੋੜਾਂ ਹੀ ਸਰਬ = ਸਾਰੇ ਨਿਧਾਨ = ਭੰਡਾਰੇ ਅਤੇ ਕੋਟਿ = ਕਰੋੜਾਂ ਹੀ ਸਕਲ = ਸਾਰੇ ਫਲ ਸ੍ਰੇਸ਼ਟ ਜਨਾਂ, ਸੰਤਾਂ, ਗੁਰਾਂ ਦੇ ਕੀਤੇ ਪਰਉਪਕਾਰ = ਦੂਸਰਿਆਂ ਉੱਤੇ ਭਲੇ ਦੇ ਕਾਰਜ ਖਚਨ = ਕਰਨ ਅੱਗੇ ਪੁਜਸਿ = ਪਹੁੰਚ ਨ = ਨਹੀਂ ਸਕਦੇ **ਵਾ:** ਜੋ ਸ੍ਰੇਸ਼ਟ ਜਨ, ਸੰਤ ਜਨ ਪਰਉਪਕਾਰ = ਦੂਸਰਿਆਂ ਉੱਪਰ ਭਲਾ ਕਰਨ ਦੇ ਵਿਚ ਖਚਨ = ਖਚਿਤ ਹੋਏ, ਲੱਗੇ ਹੋਏ ਹਨ, ਉਸ ਬਰਾਬਰ ਸਾਰੇ ਭੰਡਾਰੇ ਤੇ ਸਾਰੇ ਧਰਮ, ਅਰਥ, ਕਾਮ, ਮੋਖ ਆਦਿ ਪਦਾਰਥ ਪੁੱਜ ਨਹੀਂ ਸਕਦੇ ॥੧੩੦॥

ਕੋਟਨਿ ਕੋਟਾਨਿ ਰੂਪ ਰੰਗ ਅੰਗ ਅੰਗ ਛਬਿ;
ਕੋਟਨਿ ਕੋਟਾਨਿ ਸ੍ਵਾਦ ਰਸ ਬਿੰਜਨਾਦਿ ਕੈ ॥

ਜੋ ਕੋਟਨਿ = ਕਰੋੜਾਂ ਹੀ ਅੰਗਾਂ ਦੇ ਰੂਪ ਹਨ, ਕੋਟਾਨਿ = ਕਰੋੜਾਂ ਹੀ ਅੰਗਾਂ ਦੇ ਰੰਗਾਂ ਦੀ ਜੋ ਛਬਿ = ਸ਼ੋਭਾ ਹੈ ਅਤੇ ਕੋਟਨਿ = ਕਰੋੜਾਂ ਹੀ ਰਸਾਂ ਦੇ ਸੁਆਦ ਹਨ ਅਤੇ ਕੋਟਾਨਿ = ਕਰੋੜਾਂ ਹੀ ਮਿੱਠੇ ਸਲੂਣੇ ਆਦਿ ਬਿੰਜਨਾਦਿ = ਭੋਜਨ ਕੈ = ਦੇ ਸੁਆਦ ਹਨ।

ਕੋਟਨਿ ਕੋਟਾਨਿ ਕੋਟਿ ਬਾਸਨਾ ਸੁਬਾਸ ਰਸਿ;
ਕੋਟਨਿ ਕੋਟਾਨਿ ਕੋਟਿ ਰਾਗ ਨਾਦ ਬਾਦ ਕੈ ॥

ਜੋ ਕੋਟਨਿ = ਕਰੋੜਾਂ ਹੀ ਫੁੱਲਾਂ ਦੀਆਂ ਬਾਸਨਾ = ਸੁਗੰਧੀਆਂ, ਕੋਟਾਨਿ = ਕਰੋੜਾਂ ਹੀ ਸੁਬਾਸ (ਸੁ + ਬਾਸ) ਸੁ = ਸ੍ਰੇਸ਼ਟ ਖ਼ੁਸ਼ਬੂ, ਮਹਿਕ ਛੱਡਣ ਵਾਲੇ ਅਤਰ ਆਦਿ ਦੀਆਂ ਬਾਸ = ਸੁਗੰਧੀਆਂ ਕੋਟਿ = ਕਰੋੜਾਂ ਹੀ ਕਾਵਜ ਦੇ ਰਸ ਜਾਂ ਖਾਣ ਯੋਗ ਪਦਾਰਥਾਂ ਦੇ ਰਸ ਅਤੇ ਕੋਟਨਿ = ਕਰੋੜਾਂ ਰਾਗ, ਕੋਟਾਨਿ = ਕਰੋੜਾਂ ਹੀ ਨਾਦ = ਵਾਜਿਆਂ ਦੀ ਆਵਾਜ਼, ਕੋਟਿ = ਕਰੋੜਾਂ ਹੀ ਬੇਅਰਥ ਬਾਦ = ਝਗੜੇ **ਵਾ:** ਕਰੋੜਾਂ ਹੀ ਬਾਦ = ਵਾਜਿਆਂ ਦੀ ਨਾਦ = ਆਵਾਜ਼ ਕੈ = ਦੇ ਸ਼ੋਰ ਸ਼ਰਾਬੇ ਆਦਿ ਹਨ।

ਕੋਟਨਿ ਕੋਟਾਨਿ ਕੋਟਿ ਰਿਧਿ ਸਿਧਿ ਨਿਧਿ ਸੁਧਾ;
ਕੋਟਨਿ ਕੋਟਾਨਿ ਗਿਆਨ ਧਿਆਨ ਕਰਮਾਦਿ ਕੈ ॥

ਕੋਟਨਿ = ਕਰੋੜਾਂ ਹੀ ਰਿਧਿ = ਰਿਧੀਆਂ, ਕੋਟਾਨਿ = ਕਰੋੜਾਂ ਹੀ ਸਿਧਿ = ਸਿਧੀਆਂ ਤੇ ਕੋਟਿ = ਕਰੋੜਾਂ

ਹੀ ਨਿਧਿ = ਨਿਧੀਆਂ ਤੇ ਕਰੋੜਾਂ ਹੀ ਸੁਧਾ = ਅੰਮ੍ਰਿਤ ਵਾਂਗ ਮਿੱਠੇ ਪਦਾਰਥ ਅਤੇ ਕੋਟਨਿ = ਕਰੋੜਾਂ ਗਿਆਨ ਧਿਆਨ ਤੇ ਕੋਟਾਨਿ = ਕਰੋੜਾਂ ਹੀ ਕਰਮਾਦਿ = ਕਰਮ ਧਰਮ ਆਦਿ ਕੈ = ਦੇ ਸੰਮਿਲਤ ਸਾਰੇ ਜਿਤਨੇ ਵੀ ਇਹ ਹਨ।

ਸਕਲ ਪਦਾਰਥ ਹੁਇ ਕੋਟਨਿ ਕੋਟਾਨਿ ਗੁਣ;
ਪੁਜਸਿ ਨ ਸਾਧ ਉਪਕਾਰ ਬਿਸਮਾਦਿ ਕੈ ॥੧੩੧॥

ਸਕਲ = ਸਾਰੇ ਜੋ ਉਪਰੋਕਤ ਪਦਾਰਥ ਕਥਨ ਕੀਤੇ ਹਨ, ਭਾਵੇਂ ਇਹ ਸਾਰੇ ਕੋਟਨਿ ਕੋਟਾਨਿ = ਕਰੋੜਾਂ ਕਰੋੜਾਂ ਹੀ ਗੁਣ = ਗੁਣਾਂ ਹੁਇ = ਹੋ ਜਾਣ, ਬਹੁਤੇ ਹੋ ਜਾਣ, ਫੇਰ ਵੀ ਸਾਧ = ਸ੍ਰੇਸ਼ਟ ਜਨਾਂ, ਸ੍ਰੇਸ਼ਟ ਗੁਰਾਂ **ਵਾ:** ਸਾਧ = ਸੰਤ ਜਨਾਂ ਦੇ ਬਿਸਮਾਦਿ = ਅਸਚਰਜ ਉਪਕਾਰ = ਪਰਾਏ ਦੇ ਭਲੇ ਹਿਤ ਕੀਤੇ ਕਾਰਜਾਂ ਦੇ ਬਰਾਬਰ ਪੁਜਸਿ = ਪੁੱਜ ਨ = ਨਹੀਂ ਸਕਦੇ ਅਰਥਾਤ ਉਪਰੋਕਤ ਕਥਨ ਕੀਤੇ ਸਾਰੇ ਪਦਾਰਥਾਂ ਤੋਂ ਜੀਵ ਉਤਨਾ ਅਨੰਦ ਨਹੀਂ ਲੈ ਸਕਦਾ, ਜਿਤਨਾ ਕਿ ਥੋੜ੍ਹੇ ਸਮੇਂ ਵਿਚ ਇਕਾਗਰ ਚਿੱਤ ਹੋ ਕੇ ਸਤਿਸੰਗਤ ਵਿੱਚੋਂ ਨਿਹਾਲ ਹੋ ਸਕਦਾ ਹੈ। ਇਸ ਲਈ ਜੀਵ ਇਨ੍ਹਾਂ ਮਿਥਿਆ ਪਦਾਰਥਾਂ ਲਈ ਖਚਿਤ ਹੋਣ ਨਾਲੋਂ ਸਤਿਸੰਗਤ ਵਿਚ ਪਰਵਿਰਤ ਹੋਣਾ ਕਰੇ॥੧੩੧॥

ਅਗਲੇ ਕਬਿੱਤ ਵਿਚ ਭਾਈ ਸਾਹਿਬ ਜੀ ਸਤਿਸੰਗਤ ਵਿਚ ਆਉਣ ਵਾਲੇ ਸੱਜਣਾਂ ਦੀ ਮਹਿਮਾ ਤੇ ਸਤਿਸੰਗਤ ਵਿਚ ਨਾ ਆਉਣ ਵਾਲਿਆਂ ਲਈ ਪ੍ਰਮਾਣ ਦੇਣਗੇ ਕਿ ਸਤਿਸੰਗਤ ਵਿਚ ਨਾ ਆਉਣ ਵਾਲਾ ਮਨੁੱਖ ਐਸਾ ਹੁੰਦਾ ਹੈ।

ਅਜਯਾ ਅਧੀਨਤਾ ਤੇ ਪਰਮ ਪਵਿਤ੍ਰ ਭਈ;
ਗਰਬ ਕੈ ਸਿੰਘ ਦੇਹ ਮਹਾਂ ਅਪਵਿਤ੍ਰ ਹੈ ॥

ਅਜਯਾ = ਬੱਕਰੀ ਨੇ ਅਧੀਨਤਾ = ਦੀਨਤਾ (ਗ਼ਰੀਬੀ) ਧਾਰਨ ਕੀਤੀ, ਇਸ ਲਈ ਤੇ = ਉਹ ਪਰਮ = ਬੜੀ ਪਵਿੱਤਰ ਭਈ = ਹੋ ਗਈ ਅਤੇ ਗਰਬ = ਹੰਕਾਰ ਕੈ = ਕਰਕੇ ਸਿੰਘ = ਸ਼ੇਰ ਦੀ ਦੇਹ = ਕਾਂਇਆ ਮਹਾ = ਬੜੀ ਅਪਵਿੱਤ੍ਰ = ਗੰਦੀ ਹੋ ਗਈ ਹੈ, ਭਾਵ ਬੱਕਰੀ ਦਾ ਮਾਸ, ਚੰਮ, ਦੁੱਧ ਆਦਿ ਕੰਮ ਆਉਂਦਾ ਹੈ ਪਰ ਉਸ ਵਿਚ ਉਪਕਾਰ (ਗੁਣ) ਇਹੋ ਹੈ ਕਿ ਉਹ ਦੀਨਤਾ (ਗ਼ਰੀਬੀ) ਨੂੰ ਧਾਰਨ ਕਰਦੀ ਹੈ ਤੇ ਸ਼ੇਰ ਹੰਕਾਰ ਕਰਦਾ ਹੈ, ਇਸ ਲਈ ਉਸ ਦੀ ਦੇਹੀ ਬਹੁਤ ਭੈੜੀ ਹੈ ਕਿਉਂਕਿ ਸ਼ੇਰ ਦੇ ਸਰੀਰ ਤੋਂ ਇਕ ਰੋਮ ਵੀ ਜਿਸ ਦੇ ਅੰਦਰ ਲੰਘ ਜਾਵੇ ਤਾਂ ਉਹ ਉਸ ਨੂੰ ਮਾਰ ਦਿੰਦਾ ਹੈ।[1] ਦੂਸਰਾ ਮਾਸਾਹਾਰੀ ਲੋਕ ਇਹ ਮੰਨਦੇ ਹਨ ਕਿ ਸ਼ੇਰ ਦਾ ਮਾਸ ਨਾ ਖਾਣੇ ਯੋਗ ਹੁੰਦਾ ਹੈ, ਕਿਉਂਕਿ ਇਸ ਨਾਲ ਬੀਮਾਰੀਆਂ ਵੱਧ ਲੱਗਦੀਆਂ ਹਨ ਤੇ ਇਹ ਵਿਕਾਰ (ਵਿਗਾੜ) ਵੀ ਕਰਦਾ ਹੈ।

ਮੋਨ ਬ੍ਰਤ ਗਹੈ ਜੈਸੇ ਊਖ ਮੈ ਪਯੂਖ ਰਸ;
ਬਾਂਸ ਬਕਬਾਨੀ ਕੈ ਸੁਗੰਧਤਾ ਨ ਸਿਤ੍ਰ ਹੈ ॥

ਜੈਸੇ = ਜਿਸ ਪ੍ਰਕਾਰ ਊਖ = ਗੰਨੇ ਮੈ = ਵਿਚ ਪਯੂਖ = ਅੰਮ੍ਰਿਤ ਰਸ ਵਰਗੀ ਮਿੱਠੀ ਮਿੱਠੀ ਰਹੁ ਪ੍ਰਗਟ

---

੧. ਭਾਵੇਂ ਸ਼ੇਰ ਦੀ ਖੱਲ ਕੰਮ ਵੀ ਆਉਂਦੀ ਹੈ, ਪਰੰਤੂ ਇਥੇ ਹੰਕਾਰ ਦਾ ਪ੍ਰਕਰਣ ਹੋਣ ਕਰਕੇ ਸ਼ੇਰ ਦੀ ਸਾਰੀ ਦੇਹ ਨੂੰ ਹੀ ਅਪਵਿੱਤਰ ਕਿਹਾ ਹੈ।

ਹੋ ਆਉਂਦੀ ਹੈ ਕਿਉਂਕਿ ਉਹ ਮੋਨ = ਚੁੱਪ ਦੇ ਬ੍ਰਤ = ਨਿਯਮ ਨੂੰ ਗਹੈ = ਪਕੜਨਾ ਕਰਦਾ ਹੈ ਭਾਵ ਗੰਨਾ ਜ਼ਮੀਨ ਵਿਚ ਚੁੱਪ ਧਾਰ ਕੇ ਖੜਾ ਰਹਿੰਦਾ ਹੈ, ਇਸ ਲਈ ਉਸ ਦੀ ਰਹੁ ਅੰਮ੍ਰਿਤ ਵਾਂਗ ਮਿੱਠੀ ਹੁੰਦੀ ਹੈ, ਪਰੰਤੂ ਬਾਂਸ ਦੇ ਬਕਬਾਨੀ = ਸ਼ੋਰ ਮਚਾਉਣ ਦੀ ਕਿਰਿਆ ਕੈ = ਕਰਕੇ ਨ = ਨਾ ਹੀ ਇਸ ਵਿਚ ਸੁਗੰਧਤਾ = ਚੰਗੀ ਬਾਸਨਾ ਦਾ ਪ੍ਰਵੇਸ਼ ਹੁੰਦਾ ਹੈ ਤੇ ਨਾ ਹੀ ਇਸ ਵਿਚ ਸਿਤ੍ਰ = ਸੀਤਲਤਾ ਹੁੰਦੀ ਹੈ **ਵਾ:** ਨਾ ਹੀ ਇਸ ਵਿੱਚੋਂ ਚੰਦਨ ਵਾਂਗ ਸੁਗੰਧੀ ਸਿਤ੍ਰ = ਫੈਲਦੀ ਹੈ।

ਮੂਲ ਹੁਇ ਮਜੀਠ ਰੰਗ ਸੰਗਮ ਸੰਘਾਤੀ ਭਏ;
ਫੂਲ ਹੋਇ ਕਸੁੰਭ ਰੰਗ ਚੰਚਲ ਚਰਿਤ੍ਰ ਹੈ॥

ਨਿਮਰਤਾ ਦਾ ਪ੍ਰਕਰਣ ਚੱਲ ਰਿਹਾ ਹੈ, ਮਜੀਠ ਮੂਲ = ਮੁੱਢ ਨਾਲ ਹੁਇ = ਹੁੰਦੀ ਹੈ, ਭਾਵ ਮਜੀਠ ਆਪਣੇ ਆਪ ਨੂੰ ਧਰਤੀ ਦੇ ਥੱਲੇ ਜੜ੍ਹ ਦੇ ਰੂਪ ਵਿਚ ਰੱਖਦੀ ਹੈ, ਜਿਸ ਕਰਕੇ ਉਸ ਵਿਚ ਰੰਗ ਪ੍ਰਗਟ ਹੋ ਆਉਂਦਾ ਹੈ ਤੇ ਜਿਹੜਾ ਕੋਈ ਕੱਪੜਾ ਇਸ ਦਾ ਸੰਘਾਤੀ = ਸਾਥੀ ਭਏ = ਹੋ ਜਾਂਦਾ ਹੈ ਅਤੇ ਇਉਂ ਕੱਪੜੇ ਦਾ ਉਸ ਮਜੀਠ ਸੰਗਮ = ਨਾਲ ਰਲਣੇ ਕਰਕੇ ਉਹੋ ਰੰਗ ਹੋ ਆਉਂਦਾ ਹੈ, ਭਾਵ ਜਦ ਮਜੀਠ ਨੂੰ ਕਾੜ੍ਹਨਾ ਕਰੀਏ ਤਾਂ ਗਾੜ੍ਹਾ ਰੰਗ ਦਿੰਦੀ ਹੈ ਤੇ ਕੱਪੜੇ ਮਜੀਠ ਦਾ ਸੰਗ ਕਰ ਕੇ ਗਾੜ੍ਹੇ ਰੰਗ ਵਾਲੇ ਹੋ ਜਾਂਦੇ ਹਨ ਅਤੇ ਜੋ ਕਸੁੰਭੇ ਦੇ ਫੂਲ = ਫੁੱਲ ਦਾ ਰੰਗ ਹੋਇ = ਹੁੰਦਾ ਹੈ, ਉਸ ਦਾ ਰੰਗ ਥੋੜ੍ਹੇ ਦਿਨ ਚੰਚਲਤਾਈ ਵਾਲਾ ਤੇ ਚਰਿਤ੍ਰ = ਤਮਾਸ਼ੇ ਵਤ ਹੁੰਦਾ ਹੈ, ਭਾਵ ਕਸੁੰਭੇ ਦੇ ਫੁੱਲ ਦਾ ਰੰਗ ਬਹੁਤ ਭੜਕੀਲਾ (ਸੂਹਾ ਲਾਲ) ਹੁੰਦਾ ਹੈ ਪਰ ਥੋੜ੍ਹਾ ਜਿਹਾ ਪਾਣੀ ਜਾਂ ਧੁੱਪ ਲੱਗਣ ਤੋਂ ਤੁਰੰਤ ਉੱਡ ਜਾਂਦਾ ਹੈ, ਇਸ ਲਈ ਕਸੁੰਭੇ ਦੇ ਫੁੱਲ ਤੋਂ ਹੰਕਾਰ ਦਾ ਭਾਵ ਲਿਆ ਹੈ।

ਤੈਸੇ ਹੀ ਅਸਾਧ ਸਾਧ ਦਾਦਰ ਅਉ ਮੀਨ ਗਤਿ;
ਗੁਪਤ ਪ੍ਰਗਟ ਮੋਹ ਦ੍ਰੋਹ ਕੈ ਬਚਿਤ੍ਰ ਹੈ॥੧੩੨॥

ਤੈਸੇ = ਉਸੇ ਤਰ੍ਹਾਂ ਹੀ ਅਸਾਧ = ਅਸਿੱਖ, ਅਸੰਤ **ਵਾ:** ਸ੍ਰੇਸ਼ਟਤਾਈ ਤੋਂ ਰਹਿਤ ਖੋਟੇ ਪੁਰਖ ਭਾਵ ਸਤਿਸੰਗਤ ਕਰਨ ਤੋਂ ਵਾਂਝੇ ਦਾਦਰ = ਡੱਡੂ ਦੀ ਨਿਆਈਂ ਹਨ ਅਉ = ਅਤੇ ਸਾਧ = ਸਿੱਖ, ਸੰਤ **ਵਾ:** ਸ੍ਰੇਸ਼ਟ ਪੁਰਖ ਭਾਵ ਸਤਿਸੰਗਤ ਕਰਨ ਵਾਲੇ ਪੁਰਖ ਦੀ ਮੀਨ = ਮੱਛੀ ਵਾਲੀ ਗਤਿ = ਦਸ਼ਾ ਹੈ, ਕਿਉਂਕਿ ਡੱਡੂ ਵਾਂਗ ਅਸੰਤ ਲੋਕ ਬਹੁਤਾ ਬੋਲਣ ਵਾਲਾ ਤੇ ਦ੍ਰੋਹ = ਛਲ ਦੀਆਂ ਗੱਲਾਂ ਉਸ ਦਾ ਪ੍ਰਗਟ ਹੀ ਠੱਗੀ ਵਾਲਾ ਬਚਿਤ੍ਰ = ਸੁੰਦਰ ਤਮਾਸ਼ਾ ਹੈ ਭਾਵ ਉਹ ਹਰ ਵਕਤ ਠੱਗੀਆਂ ਮਾਰਦੇ ਰਹਿੰਦੇ ਹਨ, ਭਾਵ ਅੰਦਰੋਂ ਬਾਹਰੋਂ ਖੋਟ ਹੀ ਖੋਟ ਕਮਾਉਂਦੇ ਹਨ ਅਤੇ ਗੁਰੂ ਕੇ ਸਿੱਖ, ਸੰਤ ਮੱਛੀ ਦੀ ਨਿਆਈਂ ਹੁੰਦੇ ਹਨ। ਜਿਵੇਂ ਮੱਛੀ ਪਾਣੀ ਦੇ ਨਾਲ ਗੁਪਤ ਰੂਪ ਵਿਚ ਸਨੇਹ ਕਰਦੀ ਹੈ ਭਾਵ ਪਾਣੀ ਤੋਂ ਵੱਖਰਾ ਨਾ ਹੋਣ ਰੂਪ ਸਨੇਹ ਪ੍ਰਗਟ ਕਰਦੀ ਹੈ ਕਿ ਪਾਣੀ ਤੋਂ ਬਗ਼ੈਰ ਬਚ ਨਹੀਂ ਸਕਦੀ, ਇਸੇ ਤਰ੍ਹਾਂ ਹੀ ਸਿੱਖ, ਸੰਤ ਜਨ ਅੰਦਰੋਂ ਬਾਹਰੋਂ ਇੱਕੋ ਜਿਹਾ ਪ੍ਰੇਮ ਧਾਰਨ ਕਰਨ ਵਾਲੇ ਹੁੰਦੇ ਹਨ, ਭਾਵ ਮੱਛੀ ਦੀ ਨਿਆਈਂ ਨਾਮ ਰੂਪ ਜਲ ਨਾਲ ਪ੍ਰੇਮ ਕਰਦੇ ਹਨ, ਭਾਵ ਨਾਮ ਤੋਂ ਪਰੇ ਨਹੀਂ ਹੁੰਦੇ। ਇਹੋ ਹੀ ਸਨੇਹ ਪ੍ਰਗਟ ਕਰਦੇ ਹਨ ਕਿ ਉਹ ਨਾਮ ਤੋਂ ਬਗ਼ੈਰ ਬਚ ਨਹੀਂ ਸਕਦੇ। ਜੈਸਾ ਕਿ :

ਮੀਨਾ ਜਲਹੀਨ ਮੀਨਾ ਜਲਹੀਨ ਹੇ ਓਹੁ ਬਿਛੁਰਤ ਮਨ ਤਨ ਖੀਨ ਹੇ ਕਤ ਜੀਵਨੁ ਪ੍ਰਿਅ ਬਿਨੁ ਹੋਤ॥
(ਅੰਗ ੪੬੨)

ਅਰਥਾਤ ਉਪਰੋਕਤ ਦ੍ਰਿਸ਼ਟਾਂਤਾਂ ਵਿਚ ਬੱਕਰੀ, ਊਖ (ਗੰਨਾ) ਮਜੀਠ ਅਤੇ ਮੱਛੀ ਦੁੱਖ ਪਾ ਕੇ ਤੇ ਨਿਮਰਤਾ ਦੇ ਸਹਿਤ ਹੋਣ ਕਰਕੇ ਨੇਕੀ ਪਾਲਣ ਵਾਲੇ ਬਣਦੇ ਹਨ ਅਤੇ ਹੰਗਤਾ ਕਾਰਨ ਸ਼ੇਰ, ਬਾਂਸ, ਕਸੁੰਭਾ ਤੇ ਡੱਡੂ ਦਾ ਕਪਟ ਸੁਭਾਅ ਹੈ, ਜਿਥੇ ਕਿਥੇ ਦੇਖੋ ਇਹ ਵਿਕਾਰ ਹੀ ਕਰਦੇ ਹਨ, ਇਸ ਪ੍ਰਕਾਰ ਨਿਮਰਤਾ ਧਾਰਨ ਕਰ ਕੇ ਸਤਿਸੰਗੀ ਬਣੇ ਅਤੇ ਹੰਗਤਾ ਕਰਕੇ ਮਨਮੁਖ ਨਾ ਬਣੇ।

ਪੂਰਨ ਬ੍ਰਹਮ ਧਿਆਨ, ਪੂਰਨ ਬ੍ਰਹਮ ਗਿਆਨ;
ਪੂਰਨ ਭਗਤਿ ਸਤਿਗੁਰ ਉਪਦੇਸ ਹੈ॥

ਜਿਨ੍ਹਾਂ ਗੁਰਮੁਖ ਜਨਾਂ ਨੇ ਸਤਿਗੁਰ = ਸੱਚੇ ਗੁਰੂ ਦੇ ਦਿੱਤੇ ਉਪਦੇਸ਼ = ਸਿੱਖਿਆ ਅਨੁਸਾਰ ਪੂਰਨ = ਮੁਕੰਮਲ ਰੂਪ ਵਿਚ ਪ੍ਰੇਮਾ ਭਗਤਿ = ਭਗਤੀ ਕੀਤੀ ਹੈ, ਭਾਵ ਪੂਰੀ ਸ਼ਰਧਾ ਦੇ ਸਹਿਤ ਗੁਰ-ਸਿੱਖਿਆ ਨੂੰ ਰਿਦੇ ਵਿਚ ਧਾਰਨ ਕਰ ਕੇ ਪ੍ਰੇਮਾ-ਭਗਤੀ ਕੀਤੀ ਹੈ, ਉਨ੍ਹਾਂ ਨੂੰ ਪੂਰਨ = ਪੂਰਾ ਬ੍ਰਹਮ ਗਿਆਨ ਪ੍ਰਾਪਤ ਹੋ ਆਉਂਦਾ ਹੈ ਅਤੇ ਉਸੇ ਬ੍ਰਹਮ ਗਿਆਨ ਦੇ ਅਨੁਸਾਰ ਉਹ ਪੂਰਨ = ਪਰੀਪੂਰਨ ਬ੍ਰਹਮ = ਪਰਮੇਸ਼ਰ ਦਾ ਹਰ ਵਕਤ ਧਿਆਨ ਲਾਉਂਦੇ ਹਨ।

ਜੈਸੇ ਜਲੁ ਆਪਾ ਖੋਇ ਬਰਨ ਬਰਨ ਮਿਲੈ;
ਤੈਸੇ ਹੀ ਬਿਬੇਕੀ ਪਰਮਾਤਮ ਪ੍ਰਵੇਸ ਹੈ॥

ਜੈਸੇ = ਜਿਸ ਪ੍ਰਕਾਰ ਜਲੁ = ਪਾਣੀ ਆਪਣਾ ਆਪਾ ਖੋਇ = ਗਵਾ ਕੇ ਬਰਨ ਬਰਨ = ਰੰਗਾਂ ਰੰਗਾਂ ਵਿਚ ਮਿਲੈ = ਮਿਲ ਜਾਂਦਾ ਹੈ, ਭਾਵ ਹਰ ਇਕ ਰੰਗ ਵਿਚ ਮਿਲ ਜਾਂਦਾ ਹੈ, ਤੈਸੇ = ਉਸੇ ਤਰ੍ਹਾਂ ਹੀ ਬਿਬੇਕੀ = ਗਿਆਨਵਾਨ, ਵਿਚਾਰਵਾਨ ਗੁਰਮੁਖ ਜਨ ਹੰਗਤਾ, ਮਮਤਾ ਨੂੰ ਤਿਆਗ ਕੇ ਪਰਮਾਤਮ = ਪਰਮੇਸ਼ਰ ਦੇ ਸੱਚਖੰਡ ਰੂਪੀ ਦੁਆਰੇ ਵਿਚ ਪ੍ਰਵੇਸ = ਦਾਖ਼ਲ ਹੋ ਜਾਣਾ ਕਰਦੇ ਹਨ, ਭਾਵ ਪਰਮੇਸ਼ਰ ਦੇ ਨਾਲ ਅਭੇਦ ਹੋ ਜਾਂਦੇ ਹਨ।

ਪਾਰਸ ਪਰਸਿ ਜੈਸੇ ਕਨਿਕ ਅਨਿਕ ਧਾਤੁ;
ਚੰਦਨ ਬਨਾਸਪਤੀ ਬਾਸਨਾ ਆਵੇਸ ਹੈ॥

ਜੈਸੇ = ਜਿਸ ਪ੍ਰਕਾਰ ਪਾਰਸ ਨਾਲ ਪਰਸਿ = ਸਪਰਸ਼ ਹੋ ਕੇ ਤਾਂਬਾ, ਲੋਹਾ ਆਦਿ ਅਨੇਕ = ਬੇਅੰਤ ਧਾਤਾਂ ਇਕ ਸੋਨੇ ਦਾ ਰੂਪ ਹੋ ਜਾਦੀਆਂ ਹਨ ਅਤੇ ਚੰਦਨ ਦੇ ਨੇੜੇ ਖੜੀ ਬਨਾਸਪਤੀ ਚੰਦਨ ਦੀ ਬਾਸਨਾ = ਸੁਗੰਧੀ ਆਪਣੇ ਵਿਚ ਆਵੇਸ = ਪ੍ਰਵੇਸ਼ ਕਰ ਲੈਂਦੀ ਹੈ, ਇਸੇ ਤਰ੍ਹਾਂ ਗੁਰੂ ਰੂਪ ਪਾਰਸ ਨਾਲ ਸਪਰਸ਼ ਹੋ ਕੇ ਅਨੇਕਾਂ ਹੀ ਅਧਮ, ਮਧਮ ਆਦਿ ਜੀਵ ਰੂਪ ਧਾਤਾਂ ਸੋਨੇ ਦੀ ਨਿਆਈਂ ਸ਼ੁੱਧ, ਉੱਤਮ ਹੋ ਜਾਂਦੇ ਹਨ ਅਤੇ ਗੁਰੂ ਰੂਪ ਚੰਦਨ ਦੀ ਸੰਗਤ ਕਰ ਕੇ ਸਾਰੀ ਜਗਤ ਰੂਪ ਬਨਾਸਪਤੀ ਭਗਤੀ ਰੂਪ ਸੁਗੰਧੀ ਵਾਲੀ ਬਣ ਜਾਂਦੀ ਹੈ।

ਘਟਿ ਘਟਿ ਪੂਰਨ ਬ੍ਰਹਮ ਜੋਤਿ ਓਤਿ ਪੋਤਿ;
ਭਾਵਨੀ ਭਗਤਿ ਭਾਇ ਆਦਿ ਕਉ ਅਦੇਸ ਹੈ॥੧੩੩॥

ਇਸੇ ਪ੍ਰਕਾਰ ਗਿਆਨਵਾਨ, ਵਿਚਾਰਵਾਨ ਗੁਰਮੁਖ ਜਨ ਸਾਰਿਆਂ ਸਰੀਰਾਂ ਦੇ ਘਟਿ ਘਟਿ = ਹਿਰਦਿਆਂ,

ਹਿਰਦਿਆਂ ਵਿਚ ਓਤਿ ਪੋਤਿ = ਤਾਣੇ ਪੇਟੇ ਵਤ ਅੰਦਰ ਬਾਹਰ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਦੀ ਜੋਤਿ ਨੂੰ ਹੀ ਜਾਣਦੇ ਹਨ ਅਤੇ ਭਾਵਨੀ = ਸ਼ਰਧਾ ਦੇ ਸਹਿਤ ਗੁਰ-ਉਪਦੇਸ਼ ਦੁਆਰਾ ਭਾਇ = ਪ੍ਰੇਮਾ ਭਗਤਿ = ਭਗਤੀ ਕਰਦੇ ਹੋਏ ਆਦਿ = ਮੁੱਢ ਸਰੂਪ ਪਰਮੇਸ਼ਰ ਕਉ = ਨੂੰ ਬਾਰੰਬਾਰ ਅਦੇਸ = ਨਮਸਕਾਰ ਕਰਦੇ ਰਹਿੰਦੇ ਹੈ = ਹਨ ॥੧੩੩॥

ਜੈਸੇ ਕਰਪੂਰ ਮੈ ਉਡਨ ਕੋ ਸੁਭਾਉ ਤਾ ਤੇ;
ਅਉਰ ਬਾਸਨਾ ਨ ਤਾ ਕੈ ਆਗੈ ਠਹਿਰਾਵਈ ॥

ਜੈਸੇ = ਜਿਸ ਪ੍ਰਕਾਰ ਮੁਸ਼ਕ ਕਰਪੂਰ = ਕਪੂਰ ਮੈ = ਵਿਚ ਉਡਨ = ਉੱਡਣ ਕੋ = ਦਾ ਸੁਭਾਉ = ਸੁਭਾਅ ਹੈ, ਤਾ ਤੇ = ਇਸ ਲਈ ਤਾ = ਉਸ ਮੁਸ਼ਕ ਕਪੂਰ ਕੈ = ਦੇ ਆਗੈ = ਅੱਗੇ ਅਉਰ = ਹੋਰ ਬਾਸਨਾ = ਵਾਸ਼ਨਾ ਠਹਿਰਾਵਈ = ਠਹਿਰਨਾ ਨ = ਨਹੀਂ ਪਾਉਂਦੀ, ਉਸੇ ਤਰ੍ਹਾਂ ਮਨਮੁਖ ਪੁਰਖਾਂ, ਚੰਚਲ ਮਨ ਵਾਲੇ ਪੁਰਖਾਂ ਦੇ ਹਿਰਦੇ ਅੰਦਰ ਗੁਰ-ਉਪਦੇਸ਼ ਨਹੀਂ ਠਹਿਰਦਾ।

ਚੰਦਨ ਸੁਬਾਸ ਕੈ ਸੁਬਾਸਨਾ ਬਨਾਸਪਤੀ;
ਤਾਹੀ ਤੇ ਸੁਗੰਧਤਾ ਸਕਲ ਮੈ ਸਮਾਵਈ ॥

ਚੰਦਨ ਬ੍ਰਿਛ ਦੀ ਸੁਬਾਸ (ਸੁ + ਬਾਸ) ਸੁ = ਸ੍ਰੇਸ਼ਟ ਬਾਸ = ਵਾਸ਼ਨਾ ਕੈ = ਕਰਕੇ ਸੁਬਾਸਨਾ (ਸੁ + ਬਾਸਨਾ) ਸੁ = ਸ੍ਰੇਸ਼ਟ ਵਾਸ਼ਨਾ ਸਾਰੀ ਬਨਾਸਪਤੀ ਵਿਚ ਫੈਲ ਜਾਂਦੀ ਹੈ, ਤਾਹੀ = ਉਸੇ ਤੇ = ਤੋਂ ਸਕਲ = ਸਾਰਿਆਂ ਮੈ = ਵਿਚ ਸੁਗੰਧਤਾ = ਵਾਸ਼ਨਾ ਸਮਾਵਈ = ਸਮਾ ਜਾਂਦੀ ਹੈ। ਇਸੇ ਤਰ੍ਹਾਂ ਗੁਰਮੁਖ ਜਨਾਂ ਦੀ ਸੰਗਤ ਚੰਦਨ ਦੇ ਬ੍ਰਿਛ ਦੀ ਨਿਆਈਂ ਭਗਤੀ ਰੂਪ ਸੁਗੰਧੀ ਵਾਲੀ ਹੈ, ਉਹ ਭਗਤੀ ਰੂਪ ਸੁਗੰਧੀ, ਬਨਾਸਪਤੀ ਦੀ ਨਿਆਈਂ ਸਭਨਾਂ ਦੇ ਰਿਦੇ ਵਿਚ ਸ਼ੁਭ ਗੁਣਾਂ ਰੂਪ ਸੁਗੰਧੀ ਨੂੰ ਫੈਲਾਅ ਦੇਣਾ ਕਰਦੀ ਹੈ ਤੇ ਉਸੇ ਤੋਂ ਹੋਰਨਾਂ ਸਾਰਿਆਂ ਦੇ ਰਿਦੇ ਵਿਚ ਭਗਤੀ, ਸ਼ੁਭ ਗੁਣਾਂ ਰੂਪੀ ਸੁਗੰਧੀ ਫੈਲ ਜਾਂਦੀ ਹੈ, ਭਾਵ ਸਾਰੇ ਹੀ ਗੁਰਮੁਖਾਂ ਦੀ ਸੰਗਤ ਕਰ ਕੇ ਭਗਤੀ ਕਰਨ ਲੱਗ ਜਾਂਦੇ ਹਨ।

ਜੈਸੇ ਜਲ ਮਿਲਤ ਸ੍ਰਬੰਗ ਸੰਗ ਰੰਗ ਰਾਖੈ;
ਅਗਨਿ ਜਰਾਇ ਸਭ ਰੰਗਨ ਮਿਟਾਵਈ ॥

ਜੈਸੇ = ਜਿਸ ਪ੍ਰਕਾਰ ਜਲ = ਪਾਣੀ ਸ੍ਰਬੰਗ = ਸਾਰਿਆਂ ਦੇ ਅੰਗਾਂ ਸੰਗ = ਨਾਲ ਮਿਲਤ = ਮਿਲਣੇ ਕਰਕੇ ਰੰਗ = ਪ੍ਰੇਮ ਰਾਖੈ = ਰੱਖਦਾ ਹੈ, ਭਾਵ ਪਾਣੀ ਸਾਰਿਆਂ ਪੁਰਖਾਂ ਦੇ ਅੰਗਾਂ ਨੂੰ ਚੰਗਾ ਲੱਗਦਾ ਹੈ, ਇਸੇ ਪ੍ਰਕਾਰ ਗੁਰਮੁਖ ਜਨ ਸਾਰਿਆਂ ਦੇ ਨਾਲ ਮੇਲ ਮਿਲਾਪ ਰੱਖਦੇ ਹਨ ਤੇ ਸਭਨਾਂ ਨੂੰ ਪ੍ਰੇਮ ਕਰਦੇ ਹਨ ਤੇ ਭਾਉ-ਭਗਤੀ ਦੇ ਮਾਰਗ 'ਤੇ ਲਾਉਂਦੇ ਹਨ।

ਮਨਮੁਖਾਂ ਬਾਬਤ ਕਥਨ ਕਰਦੇ ਹਨ ਕਿ ਜਿਸ ਪ੍ਰਕਾਰ ਅਗਨਿ = ਅੱਗ ਜਰਾਇ = ਸਾੜ ਕੇ ਸਭ = ਸਾਰਿਆਂ ਰੰਗਾਂ ਨੂੰ ਮਿਟਾਵਈ = ਮਿਟਾ ਦਿੰਦੀ ਹੈ, ਭਾਵ ਸਾਰਾ ਕੁਝ ਸਾੜ ਕੇ ਸੁਆਹ ਕਰ ਦਿੰਦੀ ਹੈ, ਇਸੇ ਤਰ੍ਹਾਂ ਮਨਮੁਖ ਈਰਖਾ ਰੂਪੀ ਅੱਗ ਨਾਲ ਆਪ ਸੜੇ ਰਹਿੰਦੇ ਹਨ ਤੇ ਹੋਰਨਾਂ ਨੂੰ ਕੁਬਚਨ ਬੋਲਣ ਰੂਪ ਸਾੜਦੇ ਰਹਿੰਦੇ ਹਨ ਅਤੇ ਆਪਣੇ ਅੰਦਰੋਂ ਸਾਰੇ ਰੰਗਨ = ਪ੍ਰੇਮ ਆਦਿ ਗੁਣਾਂ ਨੂੰ ਮਿਟਾ ਦਿੰਦੇ ਹਨ, ਭਾਵ ਕਿਸੇ ਨਾਲ ਵੀ ਸਨੇਹ ਨਹੀਂ ਕਰਦੇ।

ਜੈਸੇ ਰਵਿ ਸਸਿ ਸਿਵ ਸਕਤ ਸੁਭਾਵ ਗਤਿ;
ਸੰਜੋਗੀ ਬਿਓਗੀ ਦ੍ਰਿਸਟਾਂਤ ਕੈ ਦਿਖਾਵਈ ॥੧੩੪॥

ਜੈਸੇ = ਜਿਸ ਪ੍ਰਕਾਰ ਰਵਿ = ਸੂਰਜ ਤੇ ਸਸਿ = ਚੰਦਰਮਾ ਸਿਵ ਤੇ ਸਕਤ = ਸ਼ਕਤੀ ਦੇ ਸੁਭਾਵ = ਸੁਭਾਅ ਵਾਲੀ ਗਤਿ = ਦਸ਼ਾ ਰੱਖਦੇ ਹਨ, ਭਾਵ ਸੂਰਜ ਸਿਵ = ਕਲਿਆਣ ਸਰੂਪ ਪਰਮੇਸ਼ਰ ਵਾਂਗ ਜੀਵਨ ਪ੍ਰਦਾਨ ਕਰਨ ਵਾਲਾ ਸੁਭਾਅ ਰੱਖਦਾ ਹੈ ਤੇ ਚੰਦਰਮਾ ਸ਼ਕਤੀ ਵਾਲਾ ਜੀਵਨ ਜੀਵਨ-ਗ੍ਰਾਹੀ ਸੁਭਾਵ ਰੱਖਦਾ ਹੈ, ਭਾਵ ਚੰਦਰਮਾ ਸੂਰਜ ਦੇ ਸਹਾਰੇ ਹੀ ਕਾਇਮ ਰਹਿੰਦਾ ਹੈ, ਇਸ ਲਈ ਇਹ ਦੋਵੇਂ ਸੰਜੋਗੀ = ਮਿਲਾਪੀ ਤੇ ਬਿਓਗੀ = ਵਿਜੋਗੀ ਪ੍ਰਭਾਵ ਵਾਲੇ ਕਬੂਲੇ ਗਏ ਹਨ ਅਰਥਾਤ ਸੂਰਜ ਸਵੇਰੇ ਉਦੈ ਹੋ ਕੇ ਸਭਨਾਂ ਨੂੰ ਮਿਲਾ ਦੇਣ ਵਾਲਾ ਹੈ ਤੇ ਚੰਦਰਮਾ ਰਾਤ ਨੂੰ ਉਦੈ ਹੋ ਕੇ ਸਭ ਨੂੰ ਨੀਂਦ ਲਿਆਉਣ ਵਾਲਾ ਹੈ, ਭਾਵ ਆਪੋ ਵਿਚਦੀ ਵਿਛੋੜਨ ਵਾਲਾ ਹੈ। ਸੋ ਇਹ ਗੱਲ ਦ੍ਰਿਸ਼ਟਾਂਤ = ਉਦਾਹਰਣ ਦੇ ਕੈ = ਕਰਕੇ ਹੀ ਦਿਖਾਵਈ = ਦਿਖਣ ਵਿਚ ਆਉਂਦੀ ਹੈ ਕਿ ਜਿਹੜੇ ਤਾਂ ਮਾਇਆ ਦੇ ਦਾਸ ਹੁੰਦੇ ਹਨ, ਉਹ ਸਤਿਸੰਗਤ ਵਿਚ ਆ ਕੇ ਵੀ ਵਿਜੋਗੀ ਹੀ ਰਹਿੰਦੇ ਹਨ ਅਤੇ ਜੋ ਆਪਣੀ ਦ੍ਰਿਸ਼ਟੀ ਪੂਰਨ ਗੁਰੂ, ਪਰਮੇਸ਼ਰ ਉੱਤੇ ਰੱਖਦੇ ਹਨ ਤੇ ਜਗਿਆਸਾ ਭਾਵ ਧਾਰ ਕੇ ਸਤਿਸੰਗਤ ਵਿਚ ਆਉਂਦੇ ਹਨ, ਉਨ੍ਹਾਂ ਨੂੰ ਵਾਹਿਗੁਰੂ ਆਪਣੇ ਸਰੂਪ ਵਿਚ ਅਭੇਦ ਕਰ ਲੈਂਦਾ ਹੈ ॥੧੩੪॥

ਸ੍ਰੀ ਗੁਰ ਦਰਸ ਧਿਆਨ, ਸ੍ਰੀ ਗੁਰ ਸਬਦ ਗਿਆਨ;
ਸਸਤ੍ਰ ਸਨਾਹ ਪੰਚ ਦੂਤ ਬਸਿ ਆਏ ਹੈ ॥

ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਦਰਸ = ਦੀਦਾਰਾਂ ਦਾ ਧਿਆਨ = ਖ਼ਿਆਲ ਅਤੇ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਦੁਆਰਾ ਜੋ ਬ੍ਰਹਮ ਗਿਆਨ ਦੀ ਪ੍ਰਾਪਤੀ ਕਰ ਲੈਣੀ ਹੈ, ਇਹ ਦੋਹਾਂ ਸਾਧਨਾਂ ਨੂੰ ਸ਼ਸਤਰ ਤੇ ਸਨਾਹ = ਸੰਜੋਅ ਧਾਰਨ ਕਰਨਾ ਕਰੇ ਤਾਂ ਪੰਚ = ਪੰਜ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪ ਦੂਤ ਬਸਿ = ਅਧੀਨਗੀ ਵਿਚ ਆਏ = ਆਉਣਾ ਕਰਦੇ ਹੈ = ਹਨ।

ਭਾਵ—ਗੁਰ-ਉਪਦੇਸ਼ ਦੁਆਰਾ ਪ੍ਰਾਪਤ ਕੀਤੇ ਬ੍ਰਹਮ ਗਿਆਨ ਰੂਪੀ ਸ਼ਸਤਰ ਨਾਲ ਤਾਂ ਪੰਜ ਵਿਕਾਰਾਂ ਰੂਪ ਦੂਤਾਂ ਨੂੰ ਮਾਰਦਾ ਰਹੇ ਤੇ ਗੁਰਾਂ ਦੇ ਦੀਦਾਰ ਰੂਪੀ ਧਿਆਨ ਨੂੰ ਸੰਜੋਅ ਬਣਾ ਕੇ ਵਿਕਾਰਾਂ ਰੂਪ ਦੂਤਾਂ ਵੱਲੋਂ ਕੀਤੇ ਜਾ ਰਹੇ ਵਾਰ ਨੂੰ ਰੋਕਣਾ ਕਰੇ। ਇਉਂ ਪੰਜ ਵਿਕਾਰਾਂ ਰੂਪ ਦੂਤ ਵੱਸ ਆਉਂਦੇ ਹਨ ਭਾਵ ਗੁਰਸਿੱਖ ਗੁਰਮੁਖ ਜਨਾਂ ਦੇ ਹੁਕਮ ਅਨੁਸਾਰ ਕੰਮ ਕਰਨ ਵਾਲੇ ਹੋ ਤੁਰਦੇ ਹਨ।

ਸ੍ਰੀ ਗੁਰ ਚਰਨ ਰੇਨੁ ਸ੍ਰੀ ਗੁਰ ਸਰਨਿ ਧੇਨ;
ਕਰਮ ਭਰਮ ਕਾਟਿ, ਅਭੈ ਪਦ ਪਾਏ ਹੈ ॥

ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਚਰਨਾਂ ਦੀ ਰੇਨੁ = ਧੂੜੀ ਦਾ ਸੇਵਨ ਕਰ ਕੇ ਤੇ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੀ ਸਰਨਿ = ਓਟ ਧੇਨ = ਧਾਰਨ ਕਰ ਕੇ ਸਾਰੇ (ਬਿਧ ਨਿਖੇਧ) ਕਰਮ ਤੇ ਪੰਜ ਪ੍ਰਕਾਰ ਦੇ ਭਰਮ ਆਦਿ ਕਾਟਿ = ਕੱਟੇ ਜਾਂਦੇ ਹਨ ਅਤੇ ਅਭੈ = ਡਰ ਤੋਂ ਰਹਿਤ ਪਦ = ਪਦਵੀ ਭਾਵ ਕੈਵਲ ਮੋਖ ਨੂੰ ਪਾਏ = ਪ੍ਰਾਪਤ ਕਰ ਲਈਦਾ ਹੈ।

ਸ੍ਰੀ ਗੁਰ ਬਚਨ ਲੇਖ, ਸ੍ਰੀ ਗੁਰ ਸੇਵਕ ਭੇਖ;
ਅਛਲ ਅਲੇਖ ਪ੍ਰਭੁ ਅਲਖੁ ਲਖਾਏ ਹੈ॥

ਜਦ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਬਚਨ = ਉਪਦੇਸ਼ ਨੂੰ ਗੁਰਮੁਖ ਜਨਾਂ ਨੇ ਰਿਦੇ ਰੂਪੀ ਕਾਗ਼ਜ਼ ਉੱਪਰ ਲੇਖ = ਲਿਖਣਾ ਕੀਤਾ ਤਾਂ ਅਛਲ = ਫ਼ਰੇਬ ਤੋਂ ਰਹਿਤ ਹੋ ਗਏ ਅਤੇ ਜਦ ਗੁਰਮੁਖ ਜਨਾਂ ਨੇ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਸੇਵਕ = ਦਾਸਾਂ ਵਾਲਾ ਭੇਖ = ਲਿਬਾਸ ਧਾਰਨ ਕੀਤਾ, ਭਾਵ ਗੁਰਸਿੱਖੀ ਵਾਲਾ ਪਹਿਰਾਵਾ ਧਾਰਨ ਕੀਤਾ ਤਾਂ ਉਹ ਜਮਾਂ ਦੇ ਅਲੇਖ = ਹਿਸਾਬ ਕਿਤਾਬ (ਲੇਖਾਂ) ਤੋਂ ਰਹਿਤ ਹੋ ਗਏ ਅਤੇ ਗੁਰਾਂ ਨੇ ਐਸੇ ਗੁਰਮੁਖ ਜਨਾਂ ਨੂੰ ਅਲਖੁ = ਲਖਣ ਤੋਂ ਰਹਿਤ ਪਰਮੇਸ਼ਰ ਦੇ ਸਰੂਪ ਨੂੰ ਲਖਾਏ = ਜਣਾ ਦਿੱਤਾ ਹੈ।

ਗੁਰਸਿਖ ਸਾਧ ਸੰਗ ਗੋਸਟਿ ਪ੍ਰੇਮ ਪ੍ਰਸੰਗ;
ਨਿੰਮ੍ਰਿਤਾ ਨਿਰੰਤਰੀ ਕੈ ਸਹਜ ਸਮਾਏ ਹੈ॥੧੩੫॥

ਜਿਨ੍ਹਾਂ ਗੁਰਮੁਖ ਜਨਾਂ ਨੇ (ਗੁਰ + ਸਿਖ) ਗੁਰ = ਸਤਿਗੁਰੂ ਸਾਹਿਬ ਜੀ ਦੀ ਸਿਖ = ਸਿੱਖਿਆ ਨੂੰ ਰਿਦੇ ਵਿਚ ਧਾਰਨ ਕਰ ਕੇ ਸਾਧ = ਸ੍ਰੇਸ਼ਟ ਜਨਾਂ ਦੀ ਸੰਗ = ਸੰਗਤ ਕੀਤੀ ਹੈ **ਵਾ:** ਗੁਰੂ ਕੇ ਸਿੱਖਾਂ ਦੀ ਸਤਿਸੰਗਤ ਕੀਤੀ ਹੈ, ਉਨ੍ਹਾਂ ਗੁਰਮੁਖ ਜਨਾਂ ਨੇ ਸਤਿਸੰਗਤ ਵਿਚ ਆਪ ਵੀ ਗੁਰਾਂ ਦੇ ਕੀਤੇ ਕੌਤਕਾਂ ਦੇ ਪ੍ਰਸੰਗਾਂ ਦੀ ਪ੍ਰੇਮ = ਸਨੇਹ ਨਾਲ ਗੋਸਟਿ = ਚਰਚਾ, ਕਥਾ ਵਾਰਤਾ ਕੀਤੀ ਹੈ ਅਤੇ ਨਿੰਮ੍ਰਿਤਾ = ਦੀਨਤਾ ਵਾਲੇ ਸੁਭਾਅ ਨੂੰ ਧਾਰਨ ਕੈ = ਕਰ ਕੇ ਨਿਰੰਤਰੀ = ਇਕ-ਰਸ ਗੁਰ-ਉਪਦੇਸ਼ ਦੁਆਰਾ ਨਾਮ ਜਪ ਕੇ ਸਹਜ = ਸੁਤੇ-ਸਿਧ ਵਾਹਿਗੁਰੂ ਦੇ ਵਿਚ ਸਮਾਏ = ਸਮਾਉਣਾ ਕੀਤਾ ਹੈ॥੧੩੫॥

ਜੈਸੇ ਤਉ ਮਜੀਠ ਬਸੁਧਾ ਸੈ ਖੋਦਿ ਕਾਢੀਅਤ;
ਅੰਬਰ ਸੁਰੰਗ ਭਏ, ਸੰਗੁ ਨ ਤਜਤ ਹੈ॥

ਜੈਸੇ = ਜਿਸ ਪ੍ਰਕਾਰ ਮਜੀਠ ਨੂੰ ਬਸੁਧਾ = ਧਰਤੀ ਸੈ = ਤੋਂ, ਵਿੱਚੋਂ ਖੋਦਿ = ਪੁੱਟ ਕੇ ਕਾਢੀਅਤ = ਕੱਢੀਦਾ ਹੈ ਤੇ ਉਹ ਕੁੱਟਣ ਤੇ ਅਵਟਣ ਆਦਿ ਦੀਆਂ ਘਾਲਾਂ ਘਾਲ ਕੇ ਆਪਣੇ ਰੰਗੀਲੇ ਪਣ ਦੇ ਸੁਭਾਅ ਨੂੰ ਪ੍ਰਾਪਤ ਕਰ ਲਿਆ ਕਰਦੀ ਹੈ ਤੇ ਫੇਰ ਐਸੀ ਪਿਆਰੀ ਬਣ ਜਾਂਦੀ ਹੈ ਕਿ ਅੰਬਰ = ਬਸਤਰ ਨੂੰ ਲੱਗਦਿਆਂ ਹੀ ਬਸਤਰ (ਸੁ + ਰੰਗ) ਸੁ = ਸ੍ਰੇਸ਼ਟ ਰੰਗ ਦਾ ਭਏ = ਹੋ ਜਾਂਦਾ ਹੈ, ਬਣ ਜਾਂਦਾ ਹੈ ਤੇ ਜਦ ਤਕ ਬਸਤਰ ਰਹਿੰਦਾ ਹੈ, ਉਸ ਦਾ ਸੰਗ = ਸਾਥ ਨ = ਨਹੀਂ ਤਜਤ = ਤਿਆਗਦਾ, ਭਾਵ ਮਜੀਠ ਦਾ ਰੰਗ ਪੱਕਾ ਹੋਣ ਕਰਕੇ ਕੱਪੜਿਆਂ ਨਾਲੋਂ ਲਹਿੰਦਾ ਨਹੀਂ ਹੈ।

ਜੈਸੇ ਤਉ ਕਸੁੰਭ ਤਜਿ ਮੂਲ ਫੂਲ ਆਨੀਅਤ;
ਜਾਨੀਅਤ ਸੰਗੁ ਛਾਡਿ ਤਾਹੀ ਤੇ ਭਜਤ ਹੈ॥

ਜੈਸੇ = ਜਿਸ ਤਰ੍ਹਾਂ ਕਸੁੰਭੇ ਦਾ ਬੂਟਾ ਮੂਲ = ਮੁੱਢ ਨੂੰ ਤਜਿ = ਛੱਡ ਕੇ ਫੂਲ = ਫੁੱਲ ਨੂੰ ਉੱਤੇ ਆਨੀਅਤ = ਲਿਆਉਂਦਾ ਹੈ **ਵਾ:** ਕਸੁੰਭੇ ਦਾ ਮੁੱਢ ਛੱਡ ਕੇ ਫੁੱਲ ਲੈ ਆਈਦਾ ਹੈ ਤੇ ਉਹ ਆਪਣੇ ਮੁੱਢ ਦਾ ਸਾਥ ਛੱਡ ਆਉਂਦਾ ਹੈ, ਇਸ ਲਈ ਜਾਨੀਅਤ = ਜਾਣਿਆ ਜਾਂਦਾ ਹੈ ਕਿ ਇਹ ਕਸੁੰਭੇ ਦਾ ਰੰਗ ਕੱਪੜੇ

ਦਾ ਸੰਗੁ = ਸਾਥ ਛਾਡਿ = ਤਿਆਗ ਕੇ ਤਾਹੀ = ਉਸੇ ਵੇਲੇ ਹੀ ਤੇ = ਉਹ ਭਜਤ = ਦੌੜ ਜਾਂਦਾ ਹੈ, ਭਾਵ ਅਤਿਅੰਤ ਕੱਚਾ ਹੋਣ ਕਰਕੇ ਕਸੁੰਭੇ ਦਾ ਰੰਗ ਥੋੜ੍ਹੀ ਜਿਹੀ ਧੁੱਪ ਲੱਗੀ ਤੋਂ ਅਤੇ ਥੋੜ੍ਹਾ ਜਿਹਾ ਪਾਣੀ ਲੱਗੇ ਤੋਂ ਲਹਿ ਜਾਂਦਾ ਹੈ, ਅਰਥਾਤ ਇਸ ਕਰਕੇ ਕਾਮ ਕ੍ਰੋਧ ਆਦਿ ਵਿਸ਼ੇ-ਵਿਕਾਰ ਇਹ ਕਸੁੰਭੇ ਦੇ ਰੰਗ ਦੀ ਨਿਆਈਂ ਹਨ ਅਤੇ ਜੋ ਖਿਨ-ਭੰਗਰ ਹਨ। ਮਜੀਠ ਰੰਗ ਦੀ ਨਿਆਈਂ ਭਗਤੀ ਦਾ ਗੂੜ੍ਹਾ ਰੰਗ ਹੈ, ਜਿਸ ਨੂੰ ਇਕ ਵਾਰ ਚੜ੍ਹ ਜਾਏ, ਮੁੜ ਫੇਰ ਲੱਥਦਾ ਨਹੀਂ, ਇਹ ਸਦੀਵੀ ਰੰਗ ਹਨ।

ਅਰਧ ਉਰਧ ਮੁਖ ਸਲਿਲ ਸੂਚੀ ਸੁਭਾਉ;
ਤਾਂ ਤੇ ਸੀਤ ਤਪਤ ਮਲ ਅਮਲ ਸਜਤ ਹੈ॥

ਅਨਵੈ ਅਨੁਸਾਰ—(**ਅਰਧ ਮੁਖ ਸਲਿਲ ਸੁਭਾਉ ਤਾਂ ਤੇ ਸੀਤ ਮਲ ਅਮਲ ਸਜਤ ਹੈ।**)

ਜਿਸ ਪ੍ਰਕਾਰ ਸਲਿਲ = ਪਾਣੀ ਦਾ ਮੁਖ ਅਰਧ = ਨੀਵਾਂ ਰਹਿੰਦਾ ਹੈ, ਭਾਵ ਜਿਸ ਪ੍ਰਕਾਰ ਪਾਣੀ ਨੀਵੇਂ ਥਾਂ ਵੱਲ ਨੂੰ ਚੱਲਦਾ ਹੈ ਅਤੇ ਪਾਣੀ ਦਾ ਸੁਭਾਉ = ਸੁਭਾਅ ਵੀ ਤਾਂ ਤੇ = ਇਸ ਵਾਸਤੇ ਸੀਤ = ਸੀਤਲ ਹੈ ਅਤੇ ਜਿਹੜਾ ਕੋਈ ਪਾਣੀ ਨੂੰ ਪੀਂਦਾ ਹੈ, ਉਹ ਵੀ ਅੰਦਰ ਠੰਢਕ ਮਹਿਸੂਸ ਕਰਦਾ ਹੈ ਅਤੇ ਬਸਤਰਾਂ 'ਤੇ ਲੱਗੀ ਮਲ = ਮੈਲ ਲਾਹੁੰਦਾ ਹੈ ਅਤੇ ਫੇਰ ਵੀ ਆਪ ਅਮਲ = ਮੈਲ ਤੋਂ ਰਹਿਤ ਸਜਤ = ਸਜਿਆ ਹੋਇਆ ਹੈ, ਭਾਵ ਪਾਣੀ ਲੋਕਾਂ ਦੇ ਬਸਤਰ ਤੇ ਸਰੀਰ ਦੀ ਮੈਲ ਲਾਹ ਕੇ ਆਪ ਮੈਲ ਤੋਂ ਰਹਿਤ ਰਹਿੰਦਾ ਹੈ, ਇਹ ਉਸ ਦੇ ਨੀਵੇਂਪਣ ਦਾ ਗੁਣ ਹੈ।

(**ਉਰਧ ਮੁਖ ਸੂਚੀ ਸੁਭਾਉ ਤਾਂ ਤੇ ਤਪਤ ਮਲ ਸਜਤ ਹੈ।**)

ਉਰਧ = ਉੱਚਾ ਮੁਖ = ਮੂੰਹ ਸੂਚੀ = ਅਗਨੀ ਦਾ ਹੈ, ਭਾਵ ਅਗਨੀ ਅਕਾਸ਼ ਵੱਲ ਨੂੰ ਦੌੜਦੀ ਹੈ, ਇਸ ਲਈ ਇਸ ਦਾ ਤਪਤ = ਗਰਮ ਸੁਭਾਅ ਹੈ ਅਤੇ ਹਰੇਕ ਨੂੰ ਤਪਾ ਦਿੰਦੀ ਹੈ ਅਤੇ ਕਾਲਸ ਦੇ ਰੂਪ ਵਿਚ ਮੈਲ ਹੀ ਮੈਲ ਸਜਤ = ਸਜਾ ਦਿੰਦੀ ਹੈ।

ਅਰਥਾਤ ਸਤਿਸੰਗਤ ਵਿਚ ਹਮੇਸ਼ਾਂ ਮਨ ਨੀਵਾਂ ਰੱਖੇ, ਭਾਵ ਨਿਮਰਤਾ ਰੱਖੇ ਤਾਂ ਹੀ ਅਤਿਅੰਤ ਪਰਮਾਰਥੀ ਸੌਦੇ ਦਾ ਨਫ਼ਾ ਹੁੰਦਾ ਹੈ ਤੇ ਹੰਕਾਰ ਵਾਲਿਆਂ ਦੇ ਪੱਲੇ ਕੇਵਲ ਕਲੰਕ ਹੀ ਪੈਂਦਾ ਹੈ।

ਗੁਰਮਤਿ ਦੁਰਮਤਿ ਊਚ ਨੀਚ, ਨੀਚ ਊਚ;
ਜੀਤ ਹਾਰ ਹਾਰ ਜੀਤ ਲਜਾ ਨ ਲਜਤ ਹੈ॥੧੩੬॥

ਜਦੋਂ ਗੁਰਮਤਿ ਦੇ ਵਿਚ ਦੁਰਮਤਿ = ਖੋਟੀ ਮੱਤ ਆ ਜਾਵੇ, ਭਾਵ ਜੇ ਗੁਰਮਤਿ ਨੂੰ ਧਾਰਨ ਕਰਨ ਲਈ ਦੁਰਮਤਿ = ਖੋਟੀ ਮੱਤ ਵਾਲਾ ਸਤਿਸੰਗਤ ਵਿਚ ਆ ਜਾਵੇ ਤਾਂ ਊਚ = ਉੱਚੀ ਹੋ ਕੇ ਵਰਤਣ ਵਾਲੀ ਦੁਰਮਤਿ = ਖੋਟੀ ਮੱਤ ਨੀਚ = ਨੀਵੀਂ, ਭਾਵ ਨਿਮਰਤਾ ਵਾਲੀ ਬਣ ਜਾਂਦੀ ਹੈ। ਇਉਂ ਸਤਿਸੰਗਤ ਹੋਣ 'ਤੇ ਉੱਚੇ ਨੀਵੇਂ ਤੇ ਨੀਵੇਂ ਉੱਚੇ ਹੋ ਜਾਂਦੇ ਹਨ ਭਾਵ ਸਤਿਸੰਗਤ ਕਰ ਕੇ ਹੰਕਾਰ ਰੂਪੀ ਉੱਚੇਪਣ ਵਾਲੇ ਨਿਮਰਤਾ ਰੂਪੀ ਨੀਵੇਂਪਣ ਵਿਚ ਅਤੇ ਨੀਵੇਂ ਭਾਵ ਨਿਮਰਤਾ ਵਾਲੇ ਸ਼ੁਭ ਗੁਣਾਂ ਕਰਕੇ ਉੱਚੇ ਹੋ ਜਾਂਦੇ ਹਨ। ਜੀਤ = ਜਿੱਤੇ ਹੋਏ ਖੋਟੀ ਮੱਤ ਵਾਲੇ ਹਾਰ ਜਾਂਦੇ ਹਨ ਤੇ ਹਾਰੇ ਹੋਏ ਗੁਰਮਤਿ ਨੂੰ ਧਾਰਨ ਕਰ ਕੇ ਅਖ਼ੀਰ ਨੂੰ ਜੀਤ = ਜਿੱਤ ਜਾਂਦੇ ਹਨ। ਇਸ ਪ੍ਰਕਾਰ ਨਾਲ ਸਤਿਸੰਗਤ ਅੰਦਰ ਲਜਾ = ਸ਼ਰਮ ਕਰ ਕੇ ਲਜਤ = ਸਰਮ ਦੇ ਸਹਿਤ ਹੋਣਾ ਕਿਸੇ ਨੂੰ ਵੀ ਦਿਖਦਾ ਨ = ਨਹੀਂ ਹੈ ਭਾਵ ਜੇ ਸਤਿਸੰਗਤ ਵਿਚ ਆਵੇ ਤਾਂ ਨਾਮ ਰੂਪੀ ਸੌਦੇ ਦਾ ਗਾਹਕ ਬਣ ਕੇ ਆਵੇ, ਦਿਖਾਵਾ ਨਾ ਕਰੇ ਕਿ ਮੈਂ ਸਤਿਸੰਗਤ ਵਿਚ ਆਇਆ ਹਾਂ॥੧੩੬॥

ਗੁਰਮੁਖਿ ਸਾਧਸੰਗੁ ਸਬਦ ਸੁਰਤਿ ਲਿਵ;
ਪੂਰਨ ਬ੍ਰਹਮ ਸਰਬਾਤਮ ਕੈ ਜਾਨੀਐ ॥

ਜੋ ਗੁਰਮੁਖ ਜਨ ਸਾਧਸੰਗੁ = ਸਤਿਸੰਗਤ ਵਿਚ ਜਾ ਕੇ ਗੁਰ ਸਬਦ = ਉਪਦੇਸ਼ ਵਿਚ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਚਿੱਤ ਦੀ ਲਿਵ = ਬਿਰਤੀ ਲਾਉਂਦੇ ਹਨ, ਉਹ ਸਰਬਾਤਮ = ਸਾਰਿਆਂ ਵਿਚ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਨੂੰ ਰਮਿਆ ਹੋਇਆ ਜਾਨੀਐ = ਜਾਨਣਾ ਕੈ = ਕਰਦੇ ਹਨ **ਵਾ:** ਪੂਰਨ ਪਰਮੇਸ਼ਰ ਨੂੰ ਸਰਬਾਤਮ = ਸਾਰਿਆਂ ਦਾ ਆਪਣਾ ਆਪ ਰੂਪ ਕੈ = ਕਰਕੇ ਜਾਨੀਐ = ਜਾਣਦੇ ਹਨ।

ਸਹਜ ਸੁਭਾਇ ਰਿਦੈ ਭਾਵਨੀ ਭਗਤਿ ਭਾਇ;
ਬਿਹਸਿ ਮਿਲਨ ਸਮ ਦਰਸ ਧਿਆਨੀਐ ॥

ਉਨ੍ਹਾਂ ਦੇ ਰਿਦੈ = ਚਿੱਤ ਵਿਚ ਭਾਵਨੀ = ਸ਼ਰਧਾ ਦੇ ਸਹਿਤ ਭਾਇ = ਪ੍ਰੇਮਾ ਭਗਤਿ = ਭਗਤੀ ਸਹਜ = ਸੁਤੇ-ਸਿਧ ਸੁਭਾਇ = ਸੁਭਾਵਿਕ ਹੀ ਬਣੀ ਰਹਿੰਦੀ ਹੈ ਅਤੇ ਉਹ ਸਭਨਾਂ ਨੂੰ ਬਿਹਸਿ (ਬਿ + ਹਸਿ) ਬਿ = ਵਿਸ਼ੇਸ਼ ਕਰਕੇ ਹਸਿ = ਹੱਸ ਕੇ ਮਿਲਨ = ਮਿਲਦੇ ਹਨ, ਭਾਵ ਖਿੜੇ ਮੱਥੇ ਪ੍ਰਸੰਨਤਾ ਦੇ ਸਹਿਤ ਮਿਲਦੇ ਹਨ ਅਤੇ ਸਾਰਿਆਂ ਨੂੰ ਸਮ = ਬਰਾਬਰ ਦਰਸ = ਦ੍ਰਿਸ਼ਟੀ ਨਾਲ ਧਿਆਨੀਐ = ਧਿਆਉਣਾ, ਦੇਖਣਾ ਕਰਦੇ ਹਨ **ਵਾ:** ਇਕ-ਰਸ ਵਿਆਪਕ ਪਰਮੇਸ਼ਰ ਦਾ ਸਾਰਿਆਂ ਵਿਚ ਸਮ = ਬਰਾਬਰ ਦਰਸ = ਦੀਦਾਰ ਧਿਆਨੀਐ = ਧਿਆਉਣਾ, ਦੇਖਣਾ ਕਰਦੇ ਹਨ।

ਨਿਮ੍ਰਤਾ ਨਿਵਾਸ ਦਾਸ ਦਾਸਨ ਦਾਸਾਨ ਮਤਿ;
ਮਧੁਰ ਬਚਨ ਮੁਖ ਬੇਨਤੀ ਬਖਾਨੀਐ ॥

ਜੋ ਗੱਲ ਸੁਣਨ ਵਾਲੀ ਤੇ ਸਾਰ ਗ੍ਰਹਿਣ ਕਰ ਲੈਣ ਵਾਲੀ ਵਿਸ਼ੇਸ਼ ਰੂਪ ਮਤਿ = ਬੁੱਧੀ ਹੈ, ਉਸ ਵਿਚ ਉਨ੍ਹਾਂ ਨੇ ਨਿਮ੍ਰਤਾ = ਦੀਨਤਾ ਭਾਵ, ਗ਼ਰੀਬੀ ਵਾਲਾ ਸੁਭਾਅ ਨਿਵਾਸ = ਵਸਾ ਲੈਣਾ ਕੀਤਾ ਹੈ, ਜਿਸ ਕਰਕੇ ਉਹ ਦਾਸ = ਸੇਵਕਾਂ ਦੇ ਦਾਸਨ = ਸੇਵਕ ਤੇ ਇਨ੍ਹਾਂ ਦੇ ਸੇਵਕਾਂ ਦੇ ਵੀ ਦਾਸਨ = ਸੇਵਕ ਬਣੇ ਰਹਿੰਦੇ ਹਨ, ਇਹੋ ਕਾਰਨ ਹੈ ਕਿ ਉਹ ਹਮੇਸ਼ਾਂ ਮੁਖ = ਮੂੰਹੋਂ ਮਧੁਰ = ਮਿੱਠੇ ਤੇ ਬੇਨਤੀ ਪੂਰਵਕ ਬਚਨ = ਬੋਲ ਬਖਾਨੀਐ = ਕਥਨ ਕਰਦੇ ਰਹਿੰਦੇ ਹਨ।

ਪੂਜਾ ਪ੍ਰਾਨ ਗਿਆਨ ਗੁਰ, ਆਗਿਆਕਾਰੀ ਅਗ੍ਰਭਾਗ;
ਆਤਮ ਅਵੇਸ ਪਰਮਾਤਮ ਨਿਧਾਨੀਐ ॥੧੩੭॥

ਜੋ ਗੁਰੂ ਸਾਹਿਬ ਜੀ ਨੇ ਉਪਦੇਸ਼ ਦੁਆਰਾ ਗਿਆਨ ਕਰਵਾਇਆ ਹੈ, ਉਹ ਗਿਆਨ, ਗੁਰਾਂ ਨੂੰ ਪ੍ਰਾਨ = ਸੁਆਸਾਂ ਦੁਆਰਾ ਪੂਜਾ = ਪੂਜਣਾ, ਅਰਾਧਨ ਕਰਦੇ ਰਹਿੰਦੇ ਹਨ ਅਤੇ ਗੁਰੂ ਸਾਹਿਬ ਜੀ ਦੀ ਆਗਿਆਕਾਰੀ = ਆਗਿਆ ਦਾ ਪਾਲਣ ਕਰ ਕੇ ਉਸ ਨੂੰ ਆਪਣੇ ਅਗ੍ਰਭਾਗ = ਸਾਹਮਣੇ ਵਾਲੇ ਹਿੱਸੇ ਰੱਖਦੇ ਹਨ, ਭਾਵ ਉਸ ਉਪਦੇਸ਼ ਨੂੰ, ਉਸ ਆਗਿਆ ਨੂੰ ਆਪਣਾ ਧਰਮ ਸਮਝ ਕੇ ਪੁਨਾ ਪੁਨਾ ਅਭਿਆਸ ਕਰਦੇ ਰਹਿੰਦੇ ਹਨ ਅਤੇ ਇਸੇ ਪ੍ਰਕਾਰ ਗੁਰ-ਉਪਦੇਸ਼ ਨੂੰ ਕਮਾਉਂਦਿਆਂ ਆਤਮ = ਆਪਣੇ ਆਪ ਨੂੰ

ਪਰਮਾਤਮ = ਪਰਮੇਸ਼ਰ ਵਿਚ ਭਲੀ ਪ੍ਰਕਾਰ ਅਵੇਸ = ਪ੍ਰਵੇਸ਼ ਕਰ ਕੇ ਅਨੁਭਵ ਰੂਪ ਨਿਧਾਨੀਐ = ਖ਼ਜ਼ਾਨੇ ਨੂੰ **ਵਾ:** ਆਤਮਿਕ ਸਰੂਪ ਰੂਪੀ ਖ਼ਜ਼ਾਨੇ ਨੂੰ ਪ੍ਰਾਪਤ ਕਰ ਲੈਂਦੇ ਹਨ॥੧੩੭॥

ਸਤਿ ਰੂਪ ਸਤਿ ਨਾਮ ਸਤਿਗੁਰ ਗਿਆਨ ਧਿਆਨ;
ਸਤਿਗੁਰ ਮਤਿ ਸੁਨਿ ਸਤਿ ਕਰਿ ਮਾਨੀ ਹੈ॥

ਜੋ ਸਤਿਗੁਰ = ਸੱਚੇ ਗੁਰੂ ਨੇ ਸਤਿ = ਸੱਚ ਰੂਪ = ਸਰੂਪ ਤੇ ਸਤਿ = ਸੱਚੇ ਨਾਮ ਤੇ ਪ੍ਰਭੂ ਪ੍ਰਾਪਤੀ ਵਾਲੇ ਗਿਆਨ ਧਿਆਨ ਦੀ ਸਿੱਖਿਆ ਦਿੱਤੀ ਹੈ, ਉਸ ਸਤਿਗੁਰੂ ਸਾਹਿਬ ਜੀ ਦੀ ਮਤਿ = ਸਿੱਖਿਆ ਨੂੰ ਸੁਨਿ = ਸ੍ਰਵਣ ਕਰ ਕੇ ਸਤਿ = ਸੱਚ ਸੱਚ ਕਰਿ = ਕਰਕੇ ਮਾਨੀ = ਮੰਨਣਾ ਕੀਤਾ ਹੈ।

ਦਰਸ ਧਿਆਨ ਸਮਦਰਸੀ ਬ੍ਰਹਮ ਧਿਆਨੀ;
ਸਬਦ ਗਿਆਨ ਗੁਰ ਬ੍ਰਹਮ ਗਿਆਨੀ ਹੈ॥

ਦਰਸ = ਦਿਸਣੇ ਯੋਗ ਸੰਸਾਰਕ ਪਸਾਰੇ ਨੂੰ ਧਿਆਨ = ਖ਼ਿਆਲ ਅੰਦਰ ਆਉਂਦਿਆਂ ਉਸ ਵਿਚ ਸਮਦਰਸੀ = ਇਕ-ਰਸ ਵਿਆਪਕ ਹੋਏ ਬ੍ਰਹਮ = ਪਰਮੇਸ਼ਰ ਨੂੰ ਧਿਆਨੀ = ਧਿਆਨ ਵਿਚ ਲਿਆਉਂਦੇ ਹਨ, ਭਾਵ ਸਭ ਜਗ੍ਹਾ ਪਰਮੇਸ਼ਰ ਨੂੰ ਹੀ ਵਿਆਪਕ ਤੱਕਣਾ ਕਰਦੇ ਹਨ। ਇਸ ਕਰਕੇ ਉਹ ਬ੍ਰਹਮ ਪ੍ਰਾਇਣ ਹੀ ਹੋਏ ਰਹਿੰਦੇ ਹਨ ਅਤੇ ਗੁਰ ਸਬਦ = ਉਪਦੇਸ਼ ਦੁਆਰਾ ਆਤਮਿਕ ਗਿਆਨ ਦੀ ਪ੍ਰਾਪਤੀ ਕਰ ਕੇ ਬ੍ਰਹਮ ਗਿਆਨੀ ਬਣ ਜਾਣਾ ਕਰਦੇ ਹਨ **ਵਾ:** ਗੁਰ-ਉਪਦੇਸ਼ ਦੀ ਗਿਆਨ = ਗਿਆਤ ਪ੍ਰਾਪਤੀ ਕਰ ਕੇ ਪੂਰਨ ਬ੍ਰਹਮ ਗਿਆਨੀ ਬਣ ਜਾਂਦੇ ਹਨ।

ਗੁਰਮਤਿ ਨਿਹਚਲ ਪੂਰਨ ਪ੍ਰਗਾਸ ਰਿਦੈ;
ਮਾਨੈ ਮਨ ਮਾਨੇ ਉਨਮਨ ਉਨਮਾਨੀ ਹੈ॥

ਗੁਰਮਤਿ = ਗੁਰ-ਸਿੱਖਿਆ ਵਿਚ ਨਿਹਚਲ = ਅਚੱਲ ਹੋ ਕੇ ਭਾਵ ਮਨ ਨੂੰ ਅਡੋਲ ਕਰ ਕੇ ਉਨ੍ਹਾਂ ਦੇ ਰਿਦੈ = ਚਿੱਤ ਵਿਚ ਪੂਰਨ = ਪਰੀਪੂਰਨ ਪਰਮੇਸ਼ਰ ਦਾ ਪ੍ਰਗਾਸ = ਪ੍ਰਕਾਸ਼ ਹੋ ਆਉਂਦਾ ਹੈ, ਭਾਵ ਪਰਮੇਸ਼ਰ ਸਾਖਿਆਤ ਹੋ ਆਉਂਦਾ ਹੈ ਅਤੇ ਉਨ੍ਹਾਂ ਦਾ ਮਨ ਵੀ ਮਾਨੈ = ਮੰਨ ਜਾਂਦਾ ਹੈ, ਭਾਵ ਸੰਕਲਪਾਂ ਵਿਕਲਪਾਂ ਤੋਂ ਰਹਿਤ ਹੋ ਜਾਂਦਾ ਹੈ ਅਤੇ ਇਸ ਪ੍ਰਕਾਰ ਮਨ ਦੇ ਮਾਨੇ = ਮੰਨਣੇ ਕਰਕੇ (ਉਨ + ਮਾਨੀ) ਉਨ = ਉੱਚ ਮਾਨੀ = ਮਨ, ਭਾਵ ਮਨ ਉੱਚੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ ਤੇ ਉਨਮਨ = ਤੁਰੀਆ ਅਵਸਥਾ ਵਿਚ ਮਨ ਟਿਕਾਅ ਕਰ ਲੈਂਦਾ ਹੈ।

ਬਿਸਮੈ ਬਿਸਮ ਅਸਚਰਜੈ ਅਸਚਰਜ-ਮੈ;
ਅਦਭੁਤ ਪਰਮਦਭੁਤ ਗਤਿ ਠਾਨੀ ਹੈ॥੧੩੮॥

ਬਿਸਮੈ = ਅਸਚਰਜ ਗੁਰੂ ਸਾਹਿਬ ਜੀ ਦਾ ਉਪਦੇਸ਼ ਵੀ ਬਿਸਮ = ਅਸਚਰਜ ਹੈ, ਅਸਚਰਜੈ = ਵਿਸਮਾਦ ਗੁਰਾਂ ਦਾ ਗਿਆਨ ਵੀ ਅਸਚਰਜੈ = ਵਿਸਮਾਦ ਹੈ **ਵਾ:** ਅਸਚਰਜ ਨੂੰ ਵੀ ਅਸਚਰਜ ਕਰਨ ਵਾਲੀ ਤੇ ਅਸਚਰਜ ਨੂੰ ਅਸਚਰਜ ਰੂਪ ਬਣਾਉਣ ਵਾਲੀ ਤੇ ਅਦਭੁਤ = ਅਨੋਖੀ ਤੋਂ ਵੀ ਪਰਮਦਭੁਤ = ਅਤਿਅੰਤ

ਅਨੋਖੀ ਗਤਿ = ਗੀਤੀ ਗੁਰਮੁਖ ਜਨਾਂ ਨੇ ਗੁਰ-ਉਪਦੇਸ਼ ਦੁਆਰਾ ਆਪਣੇ ਰਿਦੇ ਵਿਚ ਠਾਨੀ = ਪਰਪੱਕ ਕੀਤੀ ਹੈ ॥੧੩੮॥

ਪੂਰਨ ਪਰਮ ਜੋਤਿ, ਸਤਿਗੁਰ ਸਤਿ ਰੂਪ;
ਪੂਰਨ ਗਿਆਨ ਸਤਿਗੁਰ ਸਤਿਨਾਮ ਹੈ ॥

ਪੂਰਨ = ਪਰੀਪੂਰਨ ਤੇ ਪਰਮ = ਵੱਡੀ ਜੋਤਿ = ਜੋਤੀ ਵਾਲੇ ਸਤਿਗੁਰੂ ਜੀ ਸਤਿ = ਸੱਚ ਰੂਪ = ਸਰੂਪ ਬ੍ਰਹਮ ਦਾ ਰੂਪ ਹਨ ਅਤੇ ਸਤਿਗੁਰੂ ਸਾਹਿਬ ਦੇ ਉਪਦੇਸ਼ ਦੁਆਰਾ ਸਤਿਨਾਮ = ਸੱਚੇ ਨਾਮ **ਵਾ:** ਸਤਿਨਾਮ ਦਾ ਅਭਿਆਸ ਕਰਦਿਆਂ ਪੂਰਨ = ਪੂਰੇ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ।

ਪੂਰਨ ਜੁਗਤਿ ਸਤਿ ਸਤਿਗੁਰ ਸਤਿ ਰਿਦੈ;
ਪੂਰਨ ਸੁ ਸੇਵ ਸਾਧਸੰਗਤਿ ਬਿਸ੍ਰਾਮ ਹੈ ॥

ਗੁਰਮੁਖ ਜਨਾਂ ਨੇ ਪੂਰਨ = ਪੂਰੀ ਜੁਗਤਿ = ਵਿਉਂਤ ਦੇ ਨਾਲ ਸਤਿ = ਸੱਚੇ ਸਤਿਗੁਰਾਂ ਦੇ ਉਪਦੇਸ਼ ਦੁਆਰਾ ਸਤਿ = ਸੱਚੇ ਨਾਮ ਨੂੰ ਰਿਦੈ = ਚਿੱਤ ਵਿਚ ਵਸਾਇਆ ਹੈ ਅਤੇ ਸਾਧਸੰਗਤਿ = ਸਤਿਸੰਗਤ ਵਿਚ ਜਾ ਕੇ ਪੂਰਨ ਗੁਰਾਂ ਦੀ ਸੁ = ਉਨ੍ਹਾਂ ਗੁਰਮੁਖਾਂ ਨੇ ਸੇਵ = ਟਹਿਲ ਕਰ ਕੇ ਸੱਚ ਸਰੂਪ ਵਿਚ ਬਿਸ੍ਰਾਮ = ਟਿਕਾਅ ਪਾਉਣਾ ਕੀਤਾ ਹੈ **ਅਥਵਾ** ਸਤਿਗੁਰੂ ਸਾਹਿਬ ਦੇ ਰਿਦੈ = ਹਿਰਦੇ ਵਿਚ ਸਤਿ = ਸੱਚ ਸਰੂਪ ਪਰਮੇਸ਼ਰ ਦਾ ਵਾਸਾ ਹੈ ਤੇ ਇਸੇ ਕਰਕੇ ਗੁਰੂ ਸਾਹਿਬ ਜੀ ਪੂਰਨ = ਮੁਕੰਮਲ ਤੌਰ 'ਤੇ ਸਤਿ = ਸੱਚ ਸਰੂਪ ਪਰਮੇਸ਼ਰ **ਵਾ:** ਪਰਮੇਸ਼ਰ ਦੇ ਸੱਚੇ ਨਾਮ ਨਾਲ ਜੁਗਤਿ = ਜੁੜੇ ਹੋਏ ਹਨ, ਇਸੇ ਤਰ੍ਹਾਂ ਗੁਰਮੁਖ ਜਨਾਂ ਨੇ ਜੋ ਪੂਰਨ ਗੁਰਾਂ ਦੀ ਸਾਧਸੰਗਤਿ = ਸਤਿਸੰਗਤ ਵਿਚ ਬਿਸ੍ਰਾਮ = ਇਸਥਿਤੀ ਕਰਨੀ ਹੈ, ਇਹੋ ਹੀ ਸੁ = ਸ੍ਰੇਸ਼ਟ ਸੇਵ = ਸੇਵਾ ਹੈ।

ਪੂਰਨ ਪੂਜਾ ਪਦਾਰਬਿੰਦ ਮਧੁਕਰ ਮਨ;
ਪ੍ਰੇਮ ਰਸ ਪੂਰਨ ਹੁਇ ਕਾਮ ਨਿਹਕਾਮ ਹੈ ॥

ਜੋ ਗੁਰੂ ਸਾਹਿਬ ਜੀ ਦੇ ਪਦਾਰਬਿੰਦ (ਪਦ + ਅਰਬਿੰਦ) ਪਦ = ਚਰਨ ਅਰਬਿੰਦ = ਕਮਲਾਂ ਵਤ ਹਨ, ਉਨ੍ਹਾਂ ਚਰਨ ਕਮਲਾਂ ਉੱਪਰ ਗੁਰਮੁਖ ਜਨਾਂ ਨੇ ਆਪਣੇ ਮਨ ਰੂਪੀ ਮਧੁਕਰ = ਭੌਰੇ ਨੂੰ ਪ੍ਰੇਮੀ ਬਣਾ ਕੇ ਹਰ ਵਕਤ ਲਿਪਟੇ ਰਹਿਣਾ ਕੀਤਾ ਹੈ, ਭਾਵ ਚਰਨਾਂ ਕਮਲਾਂ ਦੇ ਧਿਆਨ ਵਿਚ ਮਸਤ ਰਹਿਣਾ ਕੀਤਾ ਹੈ, ਇਹੋ ਹੀ ਅਸਲ ਵਿਚ ਪੂਰਨ ਪੂਜਾ ਹੈ ਅਤੇ ਇਸੇ ਕਰਕੇ ਪ੍ਰੇਮ ਰਸ ਨਾਲ ਪੂਰਨ = ਪਰੀਪੂਰਨ ਭਾਵ ਤ੍ਰਿਪਤ ਹੋ ਕੇ ਸਾਰੀਆਂ ਕਾਮ = ਕਾਮਨਾਵਾਂ ਤੋਂ ਨਿਹਕਾਮ = ਨਿਸ਼ਕਾਮੀ ਬਣ ਜਾਂਦੇ ਹਨ **ਵਾ:** ਸਾਰੇ ਪ੍ਰਕਾਰ ਦੇ ਕਾਮ = ਕਰਮਾਂ ਤੋਂ ਨਿਹਕਾਮ = ਨਿਹਕਰਮੀ ਬਣ ਜਾਂਦੇ ਹਨ, ਭਾਵ ਜਨਮ ਜਨਮਾਂਤਰਾਂ ਦੇ ਕੀਤੇ ਕਰਮ ਦਗਧ ਹੋ ਜਾਂਦੇ ਹਨ **ਵਾ:** ਇਸੇ ਜਨਮ ਵਿਚ ਹੀ ਸਾਰੇ ਤਰ੍ਹਾਂ ਦੇ ਕੰਮਾਂ ਤੋਂ ਨਿਹ-ਕਾਰਜ ਭਾਵ ਆਜ਼ਾਦ ਹੋ ਜਾਂਦੇ ਹਨ।

ਪੂਰਨ ਬ੍ਰਹਮ ਗੁਰ ਪੂਰਨ ਪਰਮਨਿਧਿ;
ਪੂਰਨ ਪ੍ਰਗਾਸ ਬਿਸਮ ਸਥਲ ਧਾਮ ਹੈ ॥੧੩੯॥

ਪੂਰਨ = ਪੂਰੇ ਗੁਰ = ਸਤਿਗੁਰੂ ਸਾਹਿਬ ਜੀ ਪਰਮਨਿਧਿ = ਵੱਡੇ ਖ਼ਜ਼ਾਨੇ, ਭਾਵ ਬ੍ਰਹਮ ਗਿਆਨ ਦੇ

ਖ਼ਜ਼ਾਨੇ ਹਨ ਅਤੇ ਪੂਰਨ = ਪਰੀਪੂਰਨ ਬ੍ਰਹਮ = ਪਰਮੇਸ਼ਰ ਦਾ ਸਰੂਪ ਹਨ ਤੇ ਬਿਸਮ (ਬਿ + ਸਮ) ਬਿ = ਵਿਸ਼ੇਸ਼ ਕਰਕੇ ਸਮ = ਬਰਾਬਰਤਾਈ ਵਾਲੀ ਅਵਸਥਾ ਦਾ ਟਿਕਾਣਾ ਉਨ੍ਹਾਂ ਦਾ ਪੂਰਨ ਪ੍ਰਗਾਸ = ਪ੍ਰਕਾਸ਼ ਸਰੂਪ ਪਰਮੇਸ਼ਰ ਦੀ ਪ੍ਰਾਪਤੀ ਵਾਲਾ ਧਾਮ = ਅਸਥਾਨ ਹੈ, ਭਾਵ ਜਗਤ ਨੂੰ ਮਿਥਿਆ ਰੂਪ ਨਿਸ਼ਚੇ ਕਰਕੇ ਤੇ ਇਸ ਵੱਲੋਂ ਉਪਰਾਮ ਚਿੱਤ ਹੋ ਕੇ ਸਤਿਗੁਰੂ ਸਾਹਿਬ ਜੀ ਆਪ ਸੱਚ ਸਰੂਪ ਦੀ ਪ੍ਰਾਪਤੀ ਵਾਲੀ ਅਵਸਥਾ ਵਿਚ (ਤੁਰੀਆ ਅਤੀਤ ਅਵਸਥਾ) ਵਿਚ ਇਸਥਿਤ ਰਹਿੰਦੇ ਹਨ **ਵਾ:** ਆਪਣੇ ਉਪਦੇਸ਼ ਦੁਆਰਾ ਗੁਰਸਿੱਖਾਂ ਨੂੰ ਤੁਰੀਆ ਅਵਸਥਾ ਵਿਚ ਇਸਥਿਤ ਕਰ ਦਿੰਦੇ ਹਨ॥੧੩੯॥

ਦਰਸਨ ਜੋਤਿ ਕੋ ਉਦੋਤ ਅਸਚਰਜ-ਮੈ;
ਤਾ ਮੈ ਤਿਲ ਛਬਿ ਪਰਮਦਭੁਤ ਛਕਿ ਹੈ॥

ਗੁਰਾਂ ਦੇ ਦਰਸਨ = ਦੀਦਾਰ ਕਰਨ ਤੋਂ ਇਕ ਅਸਚਰਜ = ਵਿਸਮਾਦਮਈ ਮੈ = ਸਰੂਪ ਦੇ ਜੋਤਿ = ਪ੍ਰਕਾਸ਼ ਕੋ = ਦਾ ਰਿਦੇ ਅੰਦਰ ਉਦੋਤ = ਪ੍ਰਗਟ ਹੁੰਦਾ ਹੈ ਤਾ = ਉਸ ਮੈ = ਵਿਚ ਤਿਲ ਮਾਤਰ ਭਰ ਦੀ ਪਰਮਦਭੁਤ = ਅਸਚਰਜ ਛਬਿ = ਸ਼ੋਭਾ ਦੇ ਕਾਰਨ ਵੀ ਤੱਕਣ ਵਾਲਾ ਛਬਿ = ਰੁਪਤ ਹੋ ਜਾਇਆ ਕਰਦਾ ਹੈ **ਵਾ:** ਗੁਰਾਂ ਦੇ ਦਰਸਨ = ਦੀਦਾਰ ਦੀ ਜੋਤਿ = ਪ੍ਰਕਾਸ਼ਤਾ ਜੋ ਪ੍ਰਗਟ ਹੋਈ ਹੈ ਉਹ ਅਤਿਅੰਤ ਅਸਚਰਜ = ਵਿਸਮਾਦ ਰੂਪ ਹੈ ਜੋ ਗੁਰੂ ਦੇ ਸਿੱਖਾਂ ਨੂੰ ਦੀਦਾਰ ਦੀ ਚਮਕ ਪਈ ਹੈ, ਉਸ ਵਿੱਚੋਂ ਜੋ ਛਬਿ = ਚਮਕ (ਸ਼ੋਭਾ) ਆਪਣੇ ਆਪ ਨੂੰ ਸੁੰਦਰ ਕਹਾਉਂਦੀ ਹੈ, ਉਹ ਵੀ ਗੁਰਾਂ ਦੇ ਦੀਦਾਰ ਦੇ ਪ੍ਰਕਾਸ਼ਤਾ ਦੀ ਸ਼ੋਭਾ ਅੱਗੇ ਤਿਲ ਮਾਤਰ ਹੀ ਹੈ। ਉਹ ਵੀ ਅਸਚਰਜ ਹੋ ਕੇ ਛਕਿ = ਪ੍ਰਸੰਨਤਾ ਨੂੰ ਧਾਰਨ ਕਰ ਕੇ ਚੁੱਪ ਕਰ ਗਈ ਹੈ।

ਦੇਖਬੇ ਕਉ ਦ੍ਰਿਸਟਿ ਨ ਸੁਨਬੇ ਕਉ ਸੁਰਤਿ ਹੈ;
ਕਹਿਬੇ ਕਉ ਜਿਹਬਾ ਨ ਗਿਆਨ ਮੈ ਉਕਤਿ ਹੈ॥

ਇਸ ਦੇ ਦੇਖਬੇ = ਦੇਖਣ ਕਉ = ਵਾਸਤੇ ਇਹ ਦ੍ਰਿਸਟਿ = ਨਿਗ੍ਹਾ ਕੰਮ ਨਹੀਂ ਆ ਸਕਦੀ ਤੇ ਇਸ ਦਾ ਮਹਾਤਮ ਸੁਨਬੇ = ਸੁਣਨ ਕਉ = ਵਾਸਤੇ ਇਹ ਸਾਧਾਰਨ ਸੁਰਤਿ = ਕੰਨ ਨਹੀਂ ਹੋ ਸਕਦੇ ਹਨ। ਇਸ ਦਾ ਤੇਜ ਪ੍ਰਭਾਵ ਕਹਿਬੇ = ਕਥਨ ਕਰਨ ਕਉ = ਲਈ ਇਹ ਜਿਹਬਾ = ਜੀਭ ਸਮਰੱਥ ਨਹੀਂ ਹੈ ਤੇ ਗਿਆਨ = ਜਾਣਨ ਦੀ ਸ਼ਕਤੀ ਮੈ = ਵਿਚ ਵੀ ਉਕਤਿ = ਦਲੀਲ ਦੁਆਰਾ ਸਮਝਣ ਦੀ ਸ਼ਕਤੀ ਨਹੀਂ ਹੈ।

ਸੋਭਾ ਕੋਟਿ ਸੋਭ ਲੋਭ ਲੁਭਿਤ ਹੋਇ ਲੋਟ ਪੋਟ;
ਜਗਮਗ ਜੋਤਿ ਕੋਟਿ ਓਟਿ ਲੈ ਛਿਪਤਿ ਹੈ॥

ਕੋਟਿ = ਕਰੋੜਾਂ ਹੀ ਸੋਭਾ = ਸ਼ੋਭਾਵਾਂ ਇਸ ਦੀ ਸੋਭ = ਮਹਿਮਾ ਦੇ ਲੋਭ = ਲਾਲਸਾ ਵਿਚ ਲੁਭਿਤ = ਲੁਭਾਇਮਾਨ ਹੁਇ = ਹੋ ਕੇ ਲੋਟ ਪੋਟ = ਲੋਟਨ ਪੋਟਨ ਹੋ ਰਹੀਆਂ ਹਨ ਅਤੇ ਜਗਮਗ = ਪ੍ਰਕਾਸ਼ ਹੀ ਪ੍ਰਕਾਸ਼ ਕਰਨ ਵਾਲੀਆਂ ਕੋਟਿ = ਕਰੋੜਾਂ ਬ੍ਰਹਿਮੰਡਾਂ ਦੀਆਂ ਕਰੋੜਾਂ ਹੀ ਜੋਤਿ = ਪ੍ਰਕਾਸ਼ ਵਾਲੀਆਂ ਚੀਜ਼ਾਂ ਓਟਿ ਲੈ = ਓਹਲੇ ਹੋ ਕੇ ਸ਼ਰਮ ਦੀਆਂ ਮਾਰੀਆਂ ਇਸ ਦੇ ਸਾਹਮਣੇ ਹੋਣੋਂ ਛਿਪਤਿ = ਛਿਪਦੀਆਂ, ਲੁਕਦੀਆਂ ਫਿਰਦੀਆਂ ਹਨ।

ਅੰਗ ਅੰਗ ਪੇਖ ਤਨ ਮਨਸਾ ਥਕਤ ਭਈ;
ਨੇਤ ਨੇਤ ਨਮੋ ਨਮੋ ਅਤਿ ਹੂ ਤੇ ਅਤਿ ਹੈ॥੧੪੦॥

ਗੁਰਾਂ ਦੇ ਅੰਗ ਅੰਗ ਦੀ ਮਹਿਮਾ **ਵਾ:** ਅੰਗ ਅੰਗ = ਸਾਰੇ ਅੰਗ ਕਰਕੇ ਹੀ ਮਨ ਦੀਆਂ ਮਨਸਾ = ਸੰਕਲਪ ਬਿਰਤੀਆਂ ਸਭ ਪੇਖ = ਵੇਖ ਕੇ ਥਕਤ ਭਈ = ਹੋ ਜਾਇਆ ਕਰਦੀਆਂ ਹਨ **ਵਾ:** ਅੰਗ ਅੰਗ ਭਾਵ ਅੰਤਸ਼ਕਰਣ ਦੀਆਂ ਜੋ ਮਨ ਤੇ ਮਨਸਾ = ਬੁੱਧੀ ਆਦਿ ਬਿਰਤੀਆਂ ਹਨ, ਉਹ ਵੀ ਵੇਖ ਕੇ ਥਕਤ ਹੋ ਗਈਆਂ ਹਨ ਕਿ ਸਾਡੇ ਕੋਲੋਂ ਅੰਤ ਨਹੀਂ ਪਾਇਆ ਜਾ ਸਕਦਾ। ਇਸ ਲਈ ਨੇਤ ਨੇਤ = ਬੇਅੰਤ ਬੇਅੰਤ ਕਹਿ ਕੇ ਹੂ = ਨਿਸ਼ਚੇ ਕਰ ਕੇ ਅਤਿ = ਅਤਿਅੰਤ ਤੇ = ਤੋਂ ਅਤਿ = ਅਤਿਅੰਤ, ਨਮੋ = ਨਮਸਕਾਰ ਹੀ ਨਮੋ = ਨਮਸਕਾਰ ਕਰਦੀਆਂ ਹੈ = ਹਨ।

ਛਬਿ ਕੈ ਅਨੇਕ ਛਬ ਸੋਭਾ ਕੈ ਅਨੇਕ ਸੋਭਾ;
ਜੋਤਿ ਕੈ ਅਨੇਕ ਜੋਤਿ ਨਮੋ ਨਮੋ ਨਮ ਹੈ॥

ਅਨੇਕ = ਬੇਅੰਤ ਹੀ ਛਬਿ = ਸੁੰਦਰਤਾਵਾਂ ਦੀ ਛਬ = ਸੁੰਦਰਤਾ ਅਤੇ ਅਨੇਕ ਸੋਭਾ = ਮਹਿਮਾਤਾਈਆਂ ਦੀ ਸੋਭਾ = ਮਹਿਮਾ ਅਤੇ ਅਨੇਕ ਜੋਤਿ = ਜੋਤੀਆਂ ਦੀ ਜੋਤਿ = ਜੋਤਨਾ ਉਸ ਵਾਹਿਗੁਰੂ **ਵਾ:** ਸਤਿਗੁਰੂ ਜੀ ਦੇ ਦਿਬਜ ਪ੍ਰਕਾਸ਼ ਨੂੰ ਨਮੋ ਨਮੋ ਨਮ = ਬਾਰੰਬਾਰ ਨਮਸਕਾਰ ਕਰਦੀਆਂ ਹਨ, ਭਾਵ ਅਨੇਕਾਂ ਸੁੰਦਰਤਾਵਾਂ ਇਕ ਰੂਪ ਹੋ ਕੇ ਨਮਸਕਾਰ ਕਰਦੀਆਂ ਹਨ, ਅਨੇਕਾਂ ਸ਼ੋਭਾ ਇਕੱਠੀਆਂ ਹੋ ਕੇ ਨਮਸਕਾਰ ਕਰਦੀਆਂ ਹਨ, ਅਨੇਕਾਂ ਜੋਤੀਆਂ ਇਕ ਰੂਪ ਹੋ ਕੇ ਨਮਸਕਾਰ ਕਰਦੀਆਂ ਹਨ।

ਉਸਤਤਿ ਉਪਮਾ ਮਹਾਤਮ ਮਹਿਮਾ ਅਨੇਕ;
ਏਕ ਤਿਲ ਕਥਾ ਅਤਿ ਅਗਮ ਅਗਮ ਹੈ॥

ਅਨੇਕ ਤਰ੍ਹਾਂ ਦੀ ਉਸਤਤਿ = ਕੀਰਤੀ ਉਪਮਾ = ਜਸ ਤੀਰਥਾਂ ਦੇ ਪੁਰਬ ਸਮੇਂ ਆਦਿ ਦੇ ਸੇਵਨ **ਵਾ:** ਪੁੰਨ ਕਰਮ ਕਰਨ ਦਾ ਮਹਾਤਮ = ਫਲ ਤੇ ਹਰ ਪ੍ਰਕਾਰ ਦੀ ਮਹਿਮਾ = ਵਡਿਆਈ ਆਦਿ ਸਾਰੇ ਇਕੱਤਰ ਹੋ ਆਉਣ ਤਦ ਵੀ ਉਸ ਏਕ = ਇਕ ਪਰਮੇਸ਼ਰ ਦੀ, ਗੁਰਾਂ ਦੀ ਤਿਲ = ਥੋੜ੍ਹੇ ਮਾਤਰ ਕਥਾ = ਵਾਰਤਾ ਅਤਿ = ਅਤਿਸ਼ੈ ਕਰਕੇ ਅਗੰਮ ਹੀ ਅਗੰਮ ਹੈ, ਭਾਵ ਪਹੁੰਚ ਤੋਂ ਪਰੇ ਹੈ।

ਬੁਧਿ ਬਲ ਬਚਨ ਬਿਬੇਕ ਜਉ ਅਨੇਕ ਮਿਲੇ;
ਏਕ ਤਿਲ ਆਦਿ ਬਿਸਮਾਦ ਕੈ ਬਿਸਮ ਹੈ॥

ਜਉ = ਜੇਕਰ ਅਨੇਕ = ਅਨੰਤ ਰੂਪ ਹੋ ਕੇ ਬੁਧਿ = ਬੁੱਧੀ ਦਾ, ਬਚਨ = ਬੋਲਣ ਦਾ ਤੇ ਬਿਬੇਕ = ਸੋਚ ਵਿਚਾਰ ਆਦਿ ਸਾਰੀਆਂ ਦੀ ਬਲ = ਤਾਕਤ ਮਿਲੇ = ਇਕੱਤਰ ਹੋ ਆਵੇ ਤਦ ਵੀ ਇਕ ਤਿਲ = ਥੋੜ੍ਹੇ ਮਾਤਰ ਜੋ ਸਭਨਾਂ ਦਾ ਆਦਿ = ਮੁੱਢ ਰੂਪ ਹੈ, ਬਿਸਮਾਦ ਕੈ ਬਿਸਮ = ਅਸਚਰਜ ਤੋਂ ਅਸਚਰਜ ਰੂਪ ਹੈ, ਉਸ ਵਾਹਿਗੁਰੂ ਦੀ ਪਹੁੰਚ ਨਹੀਂ ਕਰ ਸਕਦੇ।

ਏਕ ਤਿਲ ਕੈ ਅਨੇਕ ਭਾਂਤ ਨਿਹਕ੍ਰਾਂਤ ਭਈ;
ਅਬਿਗਤਿ ਗਤਿ ਗੁਰ ਪੂਰਨ ਬ੍ਰਹਮ ਹੈ ॥੧੪੧॥

ਇਸੇ ਹੀ ਏਕ = ਇਕ ਤਿਲ ਤੋਂ ਅਨੇਕ = ਅਨੰਤ ਭਾਂਤਿ = ਤਰ੍ਹਾਂ ਦਾ ਨਿਹਕ੍ਰਾਂਤ = ਨਿਕਲਿਆ ਹੋਇਆ ਮਾਨੋ ਅਜਿਹੇ ਪ੍ਰਭਾਵ ਵਾਲਾ ਇਕ ਗੁਰ ਦਰਸ਼ਨ ਰੂਪ ਤਿਲ ਹੈ ਤੇ ਇਸ ਤੋਂ ਹੀ ਜਾਣ ਲੈਣਾ ਚਾਹੀਦਾ ਹੈ ਕਿ ਜਿਸ ਪ੍ਰਕਾਸ਼ ਸਰੂਪ ਪੂਰਨ ਬ੍ਰਹਮ ਦਾ ਰੂਪ ਸਤਿਗੁਰੂ ਸਾਹਿਬ ਜੀ ਵਿਚ ਇਹ ਤਿਲ ਇਕ ਅੰਸ਼ ਮਾਤਰ ਤੇ ਇਸਥਿਤ ਹੈ, ਉਨ੍ਹਾਂ ਦੀ ਗਤੀ ਕਿਤਨੀ ਕੁ ਅਬਿਗਤ ਰੂਪ ਹੋਵੇਗੀ, ਜਿਸ ਨੂੰ ਧਿਆਨ ਵਿਚ ਲਿਆ ਕੇ ਭਾਈ ਗੁਰਦਾਸ ਜੀ ਉਚਾਰਨ ਕਰਦੇ ਹਨ ਕਿ ਪੂਰੇ ਗੁਰ = ਸਤਿਗੁਰੂ ਪਰੀਪੂਰਨ ਬ੍ਰਹਮ ਸਰੂਪ ਹਨ ਤੇ ਉਨ੍ਹਾਂ ਦੀ ਗਤੀ ਅਬਿਅਕਤ ਰੂਪ ਹੈ, ਅਰਥਾਤ ਤਿਲ ਨੂੰ ਤਾਂ ਕਿਸੇ ਪ੍ਰਕਾਰ ਮਾਪਿਆ ਜਾ ਸਕਦਾ ਹੈ ਪਰੰਤੂ ਗੁਰੂ ਦੇ ਪ੍ਰਕਾਸ਼ ਦਾ ਵਰਣਨ ਤਾਂ ਆਦਿ ਅੰਤ ਤੋਂ ਰਹਿਤ ਹੈ, ਭਾਵ ਕਿਸੇ ਪ੍ਰਕਾਰ ਵੀ ਸ਼ਬਦਾਂ ਦੁਆਰਾ ਕਥਨ ਨਹੀਂ ਕੀਤਾ ਜਾ ਸਕਦਾ ॥੧੪੧॥

ਅਥਵਾ ਅਬਿਗਤਿ = ਵਿਸਮਾਦ ਗਤਿ = ਗੀਤੀ ਵਾਲੇ ਪੂਰਨ ਬ੍ਰਹਮ = ਪਰਮੇਸ਼ਰ ਦਾ ਸਰੂਪ ਜੋ ਪੂਰੇ ਗੁਰੂ ਸਾਹਿਬ ਜੀ ਹਨ, ਉਨ੍ਹਾਂ ਦੇ ਦੀਦਾਰ ਦੀ ਕ੍ਰਾਂਤੀ (ਸ਼ੋਭਾ) ਅੱਗੇ ਅਨੰਦ ਹੀ ਕ੍ਰਾਂਤੀਆਂ (ਸ਼ੋਭਾ) ਥੋੜ੍ਹੇ ਜਿਹੇ ਚਿਰ ਵਿਚ ਨਿਹਕ੍ਰਾਂਤ = ਸ਼ੋਭਾ ਤੋਂ ਬਗ਼ੈਰ ਹੋ ਕੇ ਸ਼ਰਮਿੰਦਾ ਹੋ ਜਾਂਦੀਆਂ ਹਨ **ਵਾ:** ਵਾਹਿਗੁਰੂ ਦੇ ਸਰੂਪ ਸੱਚੇ ਗੁਰੂ ਦੀ ਅਨੰਤ ਪ੍ਰਕਾਰ ਕਰਕੇ ਮਹਿਮਾ ਹੋ ਰਹੀ ਹੈ ॥੧੪੧॥

ਦਰਸਨ ਜੋਤਿ ਕੋ ਉਦੋਤ ਅਸਚਰਜ-ਮੈ;
ਕਿੰਚਤ ਕਟਾਛ ਕੈ ਬਿਸਮ ਕੋਟਿ ਧਿਆਨ ਹੈ ॥

ਪੂਰਨ ਗੁਰਾਂ ਦੇ ਦਰਸਨ = ਦੀਦਾਰ ਕਰਨ ਤੋਂ ਅਸਚਰਜ ਮੈ = ਵਿਸਮਾਦਮਈ ਜੋਤਿ = ਪ੍ਰਕਾਸ਼ ਕੋ = ਦਾ ਰਿਦੇ ਵਿਚ ਉਦੋਤ = ਪ੍ਰਗਟ ਹੋ ਆਉਂਦਾ ਹੈ ਅਤੇ ਕਿੰਚਤ = ਥੋੜ੍ਹੇ ਮਾਤਰ ਕਟਾਛ = ਕ੍ਰਿਪਾ ਭਰੀ ਦ੍ਰਿਸ਼ਟੀ ਨਾਲ ਗੁਰਾਂ ਕੈ = ਦੇ ਤੱਕਣੇ ਤੋਂ ਕੋਟਿ = ਕਰੋੜਾਂ ਧਿਆਨ ਹੀ ਬਿਸਮ = ਅਸਚਰਜਤਾ ਨੂੰ ਪ੍ਰਾਪਤ ਹੋ ਜਾਣਾ ਕਰਦੇ ਹਨ।

ਮੰਦ ਮੁਸਕਾਨਿ ਬਾਨਿ ਪਰਮਦਭੁਤਿ ਗਤਿ;
ਮਧੁਰ ਬਚਨ ਕੈ ਥਕਤ ਕੋਟਿ ਗਿਆਨ ਹੈ ॥

ਗੁਰਾਂ ਦੀ ਮੰਦ = ਹੌਲੀ ਹੌਲੀ ਤੇ ਮੁਸਕਾਨਿ = ਮੁਸਕਰਾਹਟ ਵਾਲੀ ਬਾਨਿ = ਬਾਣੀ **ਵਾ:** ਬਾਨਿ = ਸੁਭਾਅ ਦੀ ਗਤਿ = ਗਤੀ, ਦਸ਼ਾ ਪਰਮਦਭੁਤਿ = ਬੜੀ ਅਨੋਖੀ ਹੈ ਤੇ ਮਧੁਰ = ਮਿੱਠੇ ਮਿੱਠੇ, ਭਾਵ ਪ੍ਰੇਮ ਵਿਚ ਭਿੱਜੇ ਬਚਨ = ਵਾਕਾਂ ਕੈ = ਦੇ ਅੱਗੇ ਤਾਂ ਕੋਟਿ = ਕਰੋੜਾਂ ਹੀ ਗਿਆਨ = ਬੋਧ ਥਕਤ = ਥੱਕ ਜਾਂਦੇ ਹੈ = ਹਨ।

ਏਕ ਉਪਕਾਰ ਕੇ ਬਿਥਾਰ ਕੋ ਨ ਪਾਰਾਵਾਰੁ;
ਕੋਟਿ ਉਪਕਾਰ ਸਿਮਰਨ ਉਨਮਾਨ ਹੈ ॥

ਪੂਰੇ ਗੁਰਾਂ ਦੇ ਏਕ = ਇਕ ਨਾਮ ਦਾਨ ਰੂਪ ਉਪਕਾਰ = ਭਲਿਆਈ ਕੇ = ਦੇ ਬਿਥਾਰ = ਵਿਸਤਾਰ

ਕੋ = ਦਾ ਪਾਰਾਵਾਰੁ = ਪਾਰ ਉਰਾਰ ਨ = ਨਹੀਂ ਪਾਇਆ ਜਾ ਸਕਦਾ, ਹੋਰ ਕੋਟਿ = ਕਰੋੜਾਂ ਹੀ ਤਰ੍ਹਾਂ ਦੇ ਜੋ ਉਪਕਾਰ = ਭਲਾਈ ਕਰਨ ਦੇ ਕਾਰਜ, ਸਾਧਨ ਹਨ, ਉਹ ਸਿਮਰਨ = ਯਾਦ ਕਰੀਏ ਤਾਂ ਉਨਮਾਨ = ਵਿਚਾਰਨ ਤੋਂ ਤੁੱਛ ਹੀ ਦਿਸਣਾ ਕਰਦੇ ਹਨ।

ਦਇਆ ਨਿਧਿ ਕ੍ਰਿਪਾ ਨਿਧਿ ਸੁਖ ਨਿਧਿ ਸੋਭਾ ਨਿਧਿ;
ਮਹਿਮਾ ਨਿਧਾਨ ਗੰਮਿਤਾ ਨ ਕਾਹੂ ਆਨ ਹੈ॥੧੪੨॥

ਪੂਰਨ ਗੁਰੂ ਸਾਹਿਬ ਜੀ ਦਇਆ = ਮਿਹਰ ਦੇ ਨਿਧਿ = ਖ਼ਜ਼ਾਨੇ ਹਨ, ਭਾਵ ਹਰ ਤਰ੍ਹਾਂ ਕਰਕੇ ਦੁਖੀ ਲੋਕਾਂ ਦੇ ਕਸ਼ਟ ਨਿਵਾਰਨ ਲਈ ਮਾਨੋ ਮਿਹਰ ਦੇ ਭੰਡਾਰ ਖੋਲ੍ਹੇ ਪਏ ਹਨ, ਕ੍ਰਿਪਾ ਨਿਧਿ = ਕ੍ਰਿਪਾਲਤਾ ਦੇ ਖ਼ਜ਼ਾਨੇ ਹਨ, ਸੁਖ ਨਿਧਿ = ਅਨੰਦ ਦੇ ਵੀ ਖ਼ਜ਼ਾਨੇ ਹਨ, ਸੋਭਾ ਨਿਧਿ = ਮਹਿਮਾ ਦੇ ਵੀ ਖ਼ਜ਼ਾਨੇ ਹਨ ਅਤੇ ਮਹਿਮਾ = ਉਪਮਾ ਦੇ ਵੀ ਨਿਧਾਨ = ਖ਼ਜ਼ਾਨੇ ਸਮੁੰਦਰ ਹਨ **ਵਾ:** ਸ਼ਰਣ ਵਿਚ ਆਉਣ ਵਾਲਿਆਂ ਦੀ ਵੀ ਸੰਸਾਰ ਵਿਚ ਵਡਿਆਈ ਕਰਾਉਣ ਵਾਲੇ ਹਨ ਤੇ ਕਾਹੂ = ਕਿਸੇ ਆਨ = ਹੋਰ ਅਵਤਾਰ, ਵਲੀ ਪੀਰ ਪੈਗ਼ੰਬਰ ਨੂੰ ਉਨ੍ਹਾਂ ਦੀ ਸਮਤਾ ਦੀ ਗੰਮਿਤਾ = ਪਹੁੰਚ ਨ = ਨਹੀਂ ਹੈ॥੧੪੨॥

ਕੋਟਨਿ ਕੋਟਾਨਿ ਆਦਿ, ਬਾਦਿ ਪਰਮਾਦਿ ਬਿਧੈ;
ਕੋਟਨਿ ਕੋਟਾਨਿ ਅੰਤ ਬਿਸਮ ਅਨੰਤ ਮੈ॥

ਮਾਇਆ **ਅਥਵਾ** ਪ੍ਰਮਾਣੂਆਂ ਆਦਿ ਤੋਂ ਜਗਤ ਦਾ ਉਤਪੰਨ ਹੋਣਾ ਕਥਨ ਕਰਨ ਵਾਲੇ ਜੋ ਮਾਇਆਵਾਦ **ਵਾ:** ਪ੍ਰਮਾਣੂਵਾਦ ਆਦਿ ਸਿਧਾਂਤ ਹਨ, ਉਨ੍ਹਾਂ ਵਿਚ ਮਾਇਆ **ਵਾ:** ਪ੍ਰਮਾਣੂ ਆਦਿ ਜੋ ਆਰੰਭਕ ਤੱਤ ਇਸ ਸੰਸਾਰ ਦਾ ਆਦਿ ਰੂਪ ਮੰਨੇ ਗਏ ਹਨ, ਉਨ੍ਹਾਂ ਸਭਨਾਂ ਦਾ ਹੀ ਆਦਿ ਸਰੂਪ ਤੱਤਾਂ ਦਾ ਪਰਮ ਅਸਥਾਨ ਜੋ ਪਰਮਾਦਿ = ਪਰਮ ਤੱਤ ਸਰੂਪ ਪਰਮਾਤਮਾ ਹੈ, ਉਸ ਵਿਚ ਉਹ ਬਾਦਿ = ਵਿਅਰਥ ਹਨ, ਭਾਵ ਪਰਮਾਤਮਾ ਦੀ ਸੱਤਾ ਤੋਂ ਬਗ਼ੈਰ ਜੜ੍ਹ ਹੋਣ ਕਾਰਨ ਤੱਤ, ਮਾਇਆ ਆਦਿ ਕੁਝ ਵੀ ਨਹੀਂ ਕਰ ਸਕਦੇ। ਇਸੇ ਪ੍ਰਕਾਰ ਹੀ ਜੋ ਅਵਧੀ ਰੂਪ ਸਮੂਹ ਪਦਾਰਥਾਂ ਦੀ ਪ੍ਰਲਯ ਦੇ ਅਸਥਾਨ ਆਕਾਸ਼, ਪ੍ਰਕਿਰਤੀ ਪੁਰਖ ਆਦਿ ਅੰਤ ਰੂਪ ਮਹਾਨ ਤੱਤ ਮੰਨੇ ਗਏ ਹਨ, ਉਹ ਕਰੋੜਾਂ ਹੀ ਕਰੋੜਾਂ ਸਾਰਿਆਂ ਦੇ ਸਾਰੇ ਹੀ ਅਨੰਤ = ਅੰਤ ਤੋਂ ਰਹਿਤ ਸਰੂਪ ਪਰਮਾਤਮਾ ਦੇ ਮੈ = ਵਿਚ ਬਿਸਮ = ਵਿਖਮ ਭਾਵ ਨੂੰ ਪ੍ਰਾਪਤ ਹੋ ਜਾਣਾ ਕਰਦੇ ਹਨ, ਭਾਵ ਪਰਮੇਸ਼ਰ ਦੀ ਸੱਤਾ ਤੋਂ ਬਗ਼ੈਰ ਉਹ ਕਦਾਚਿਤ ਵੀ ਆਪਣੇ ਅੰਦਰ ਨਾਸ਼ ਹੋ ਰਹੇ ਪਦਾਰਥ ਨੂੰ ਲੀਨ ਨਹੀਂ ਕਰ ਸਕਦੇ।

ਕੋਟਿ ਪਾਰਾਵਾਰ ਪਾਰਾਵਾਰੁ ਨ ਅਪਾਰ ਪਾਵੈ;
ਥਾਹ ਕੋਟਿ ਥਕਤ ਅਥਾਹ ਅਪਰੰਤ ਮੈ॥

ਕੋਟਿ = ਕਰੋੜਾਂ ਹੀ ਪਾਰਾਵਾਰ = ਸਮੁੰਦਰ, ਜਿਨ੍ਹਾਂ ਦਾ ਪਾਰਾਵਾਰੁ = ਪਾਰ ਉਰਾਰ ਕਰਕੇ ਅੰਤ ਨਹੀਂ ਆਉਂਦਾ, ਉਹ ਪੂਰੇ ਗੁਰੂ **ਵਾ:** ਪਰਮੇਸ਼ਰ ਦੇ ਅਪਾਰ ਦਾ ਅੰਤ ਨਹੀਂ ਪਾਵੈ = ਪਾ ਸਕਦੇ **ਵਾ:** ਸਮੁੰਦਰ ਵਤ ਗੁਰੂ **ਵਾ:** ਪਰਮੇਸ਼ਰ ਦਾ ਅੰਤ ਨਹੀਂ ਪਾ ਸਕਦੇ ਅਤੇ (ਅਪਰ + ਜੰਤ) ਅਪਰ = ਹੋਰ ਜੰਤ = ਜੀਵ ਸੰਸਾਰ ਦੇ ਕੋਟਿ = ਕਰੋੜਾਂ ਹੀ ਥਾਹ = ਟਿਕਾਣੇ ਵਾਲੇ ਹਨ, ਜਿਨ੍ਹਾਂ ਦੀ ਥਾਹ ਦਾ ਪਤਾ ਲੱਗ ਜਾਵੇ ਭਾਵ ਅੰਤ ਪਾਇਆ ਜਾਵੇ, ਉਹ ਅਥਾਹ = ਅਤਿਅੰਤ ਡੂੰਘੇ ਵਾਹਿਗੁਰੂ ਦੇ ਸਰੂਪ ਮੈ = ਵਿਚ ਪਹੁੰਚ ਨਹੀਂ ਸਕਦੇ ਤੇ ਥਕਤ = ਥੱਕ ਕੇ ਹਾਰ ਜਾਂਦੇ ਹਨ।

ਅਬਿਗਤਿ ਗਤਿ ਅਤਿ ਅਗਮ ਅਗਾਧਿ ਬੋਧਿ;
ਗੰਮਿਤਾ ਨ ਗਿਆਨ ਧਿਆਨ ਸਿਮਰਨ ਮੰਤ ਮੈ ॥

ਪੂਰੇ ਗੁਰਾਂ ਦੀ ਗਤਿ = ਗਤੀ, ਚਾਲ ਅਤਿ = ਅਤਿਅੰਤ ਅਬਿਗਤਿ = ਨਾਸ਼ ਰਹਿਤ ਹੈ ਤੇ ਉਸ ਦਾ ਬੋਧਿ ਅਗਮ = ਗੰਮਤਾ ਤੋਂ ਰਹਿਤ ਤੇ ਅਗਾਧਿ = ਅਥਾਹ ਹੈ ਅਤੇ ਗੁਰਾਂ ਦੇ ਮੰਤ = ਮੰਤਰ ਤੇ ਸਿਮਰਨ ਵਿਚ ਲੌਕਿਕ ਬੈਦਿਕ ਗਿਆਨ ਧਿਆਨ ਦੀ ਗੰਮਿਤਾ = ਪਹੁੰਚ ਨ = ਨਹੀਂ ਹੋ ਸਕਦੀ।

ਅਲਖ ਅਭੇਵ ਅਪਰੰਪਰ ਦੇਵਾਧਿ ਦੇਵ;
ਐਸੇ ਗੁਰਦੇਵ ਸੇਵ ਗੁਰਸਿਖ ਸੰਤ ਮੈ ॥੧੪੩॥

ਪੁਰੇ ਗੁਰੂ **ਵਾ:** ਪਰਮੇਸ਼ਰ ਅਲਖ = ਜਾਣਨ ਤੋਂ ਪਰੇ ਹੈ, ਕੋਈ ਵੀ ਉਸ ਦਾ ਅਭੇਵ = ਭੇਦ ਨਹੀਂ ਪਾ ਸਕਦਾ, ਅਪਰੰਪਰ = ਪਾਰਾਵਾਰ ਤੋਂ ਰਹਿਤ ਹੈ ਅਤੇ ਦੇਵਾਧਿ ਦੇਵ = ਦੇਵਤਿਆਂ ਦਾ ਵੀ ਵੱਡਾ ਦੇਵਤਾ **ਵਾ:** ਦੇਵਤਿਆਂ ਦਾ ਵੀ ਅਧਪਤੀ ਦੇਵ = ਪ੍ਰਕਾਸ਼ ਰੂਪ ਹੈ। ਐਸੇ = ਅਜਿਹੇ ਗੁਰਦੇਵ = ਗੁਰੂ ਸਾਹਿਬ ਜੀ ਨੂੰ ਗੁਰਸਿੱਖਾਂ ਤੇ ਸੰਤ = ਮਹਾਤਮਾ ਜਨਾਂ ਦੀ ਸੰਗਤ ਮੈ = ਵਿਚ ਮਿਲ ਕੇ ਸੇਵ = ਸੇਵਨਾ, ਆਰਾਧਨ ਕੀਤਾ ਜਾਂਦਾ ਹੈ ॥੧੪੩॥

ਝੂਲਨਾ ਛੰਦ ॥

ਆਦਿ ਧਰਮਾਦਿ ਬਿਸਮਾਦਿ ਗੁਰਏ ਨਮਹ;
ਪ੍ਰਗਟ ਪੂਰਨ ਬ੍ਰਹਮ ਜੋਤਿ ਰਾਖੀ ॥

ਧਰਮਾਦਿ = ਧਰਮ, ਅਰਥ, ਕਾਮ, ਮੋਖ ਰੂਪ ਚਾਰ ਪਦਾਰਥਾਂ ਦੀ ਪ੍ਰਾਪਤੀ ਆਦਿ = ਮੁੱਢ ਸਰੂਪ ਗੁਰਾਂ ਦੁਆਰਾ ਹੀ ਹੁੰਦੀ ਹੈ **ਵਾ:** ਇਨ੍ਹਾਂ ਪਦਾਰਥਾਂ ਦੀ ਆਦਿ = ਉਤਪੱਤੀ, ਪ੍ਰਾਪਤੀ ਗੁਰਾਂ ਦੁਆਰਾ ਹੀ ਹੁੰਦੀ ਹੈ **ਵਾ:** ਗੁਰੂ ਸਾਹਿਬ ਜੀ ਧਰਮ, ਅਰਥ, ਕਾਮ, ਮੋਖ ਆਦਿ ਪਦਾਰਥਾਂ ਦਾ ਆਦਿ = ਮੁੱਢ ਹਨ, ਇਸੇ ਕਰਕੇ ਗੁਰੂ ਸਾਹਿਬ ਜੀ ਬਿਸਮਾਦਿ = ਅਸਚਰਜ ਸਰੂਪ ਹਨ, ਐਸੇ ਗੁਰੂ ਸਾਹਿਬ ਜੀ ਏ = ਤਾਈਂ ਨਮਹ = ਨਮਸਕਾਰ ਹੋਵੇ, ਕਿਉਂਕਿ ਗੁਰੂ ਸਾਹਿਬ ਜੀ ਵਿਚ ਪੂਰਨ = ਪਰੀਪੂਰਨ ਬ੍ਰਹਮ = ਪਰਮੇਸ਼ਰ ਨੇ ਆਪਣੀ ਜੋਤਿ ਪ੍ਰਗਟ = ਪ੍ਰਤੱਖ ਹੀ ਰਾਖੀ = ਰੱਖੀ, ਟਿਕਾਈ ਹੋਈ ਹੈ ਭਾਵ ਗੁਰੂ ਸਾਹਿਬ ਜੀ ਪਰਮੇਸ਼ਰ ਦਾ ਸਰੂਪ ਹੀ ਹਨ।

ਮਿਲਿ ਚਤੁਰ ਬਰਨ ਇਕ ਬਰਨ ਹੁਇ ਸਾਧਸੰਗ;
ਸਹਜ ਧੁਨਿ ਕੀਰਤਨ ਸਬਦ ਸਾਖੀ ॥

ਪੂਰੇ ਗੁਰੂ ਸਾਹਿਬ ਜੀ ਦੀ ਸਾਧਸੰਗ = ਸਤਿਸੰਗਤ ਵਿਚ ਚਤੁਰ = ਚਾਰੋ (ਬ੍ਰਾਹਮਣ, ਖੱਤਰੀ, ਸੂਦ, ਵੈਸ਼) ਬਰਨ ਇਕ ਬਰਨ ਭਾਵ ਸਿੱਖ ਰੂਪ ਵਿਚ ਚਾਰੋਂ ਬਰਨ ਇਕ ਹੀ ਹੁਇ = ਹੋ ਜਾਂਦੇ ਹਨ ਅਤੇ ਗੁਰਾਂ ਦੀ ਸਤਿਸੰਗਤ ਵਿਚ ਸਹਜ = ਸੁਤੇ-ਸਿਧ ਹੀ ਰਸ ਭਿੱਜੀ ਧੁਨਿ = ਧੁਨੀ ਵਿਚ ਬਾਣੀ ਦੇ ਸ਼ਬਦਾਂ ਤੇ ਸਾਖੀ ਪ੍ਰਮਾਣਾਂ ਦਾ ਕੀਰਤਨ = ਜੱਸ ਹੁੰਦਾ ਰਹਿੰਦਾ ਹੈ।

ਨਾਮ ਨਿਹਕਾਮ ਨਿਜ ਧਾਮ ਗੁਰਸਿਖ ਸ੍ਵਨ ਧੁਨਿ;
ਗੁਰਸਿਖ ਸੁਮਤਿ ਅਲਖ ਲਾਖੀ ॥

ਜਿਸ ਅਵਸਥਾ ਦਾ ਨਾਮ ਨਿਹਕਾਮ = ਨਿਸ਼ਕਾਮ ਹੈ ਉਹ ਗੁਰਾਂ ਦਾ ਨਿਜ = ਆਪਣਾ ਸਤਿਸੰਗਤ ਰੂਪੀ ਧਾਮ = ਘਰ ਹੈ, ਉਥੇ ਚਿੱਤ ਦੀ ਬਿਰਤੀ ਲਾ ਕੇ ਅਨਹਦ ਧੁਨਿ = ਧੁਨੀ ਵਾਲੇ ਨਾਮ ਨੂੰ ਗੁਰਸਿੱਖ ਸ੍ਵਨ = ਸੁਣਦੇ ਹਨ, ਜਿਸ ਨੂੰ ਸੁਣਨੇ ਕਰਕੇ ਗੁਰਸਿੱਖ ਨੂੰ ਅਲਖ = ਲਖਣ ਤੋਂ ਰਹਿਤ ਪਰਮੇਸ਼ਰ ਦਾ ਸਰੂਪ ਲਾਖੀ = ਜਣਾਉਣ ਵਾਲੀ ਸੁਮਤਿ = ਸ੍ਰੇਸ਼ਟ ਮੱਤ, ਆਤਮ ਵਿਸ਼ੈਣੀ ਬੁੱਧੀ ਪ੍ਰਾਪਤ ਹੋ ਆਉਂਦੀ ਹੈ।

ਕਿੰਚਤ ਕਟਾਛ ਕਰਿ ਕ੍ਰਿਪਾ ਦੈ ਜਾਂਹਿ;
ਤਾਂਹਿ ਅਵਗਾਹਿ ਪ੍ਰਿਅੈ ਪ੍ਰੀਤਿ ਚਾਖੀ ॥੧੪੪॥

ਜਾਂਹਿ = ਜਿਨ੍ਹਾਂ ਉੱਪਰ ਗੁਰੂ ਸਾਹਿਬ ਜੀ ਕਿੰਚਤ = ਥੋੜ੍ਹੇ ਮਾਤਰ ਕਟਾਛ = ਕਿਰਪਾ ਦ੍ਰਿਸ਼ਟੀ ਕਰ ਦੈ = ਦਿੰਦੇ ਹਨ, ਤਾਂਹਿ = ਉਸ ਕਿਰਪਾ ਦ੍ਰਿਸ਼ਟੀ ਨੂੰ ਉਹ ਗੁਰਸਿੱਖ ਲੈ ਭਾਵ ਪ੍ਰਾਪਤ ਕਰ ਕੇ ਨਾਮ ਰਸ ਰੂਪੀ ਜਲ ਵਿਚ ਅਵਗਾਹਿ = ਟੁੱਭੀ ਲਗਾ ਲਗਾ ਕੇ ਭਾਵ ਉਸ ਨੂੰ ਮੁੜ ਮੁੜ ਆਪਣੇ ਰਿਦੇ ਵਿਚ ਚੇਤੇ ਕਰ ਕਰ ਕੇ ਪ੍ਰਿਅੈ = ਪਿਆਰੇ ਪ੍ਰੀਤਮ ਪਰਮੇਸ਼ਰ, ਗੁਰੂ ਦੀ ਪ੍ਰੀਤਿ = ਪ੍ਰੀਤੀ, ਲਗਨ ਭਾਵ ਮਿਲਾਪ ਦੇ ਆਨੰਦ ਨੂੰ ਚਾਖੀ = ਚੱਖਣਾ, ਮਾਨਣਾ ਕਰਦੇ ਹਨ ॥੧੪੪॥

ਸਬਦ ਕੀ ਸੁਰਤਿ ਅਸਫੁਰਤਿ ਹੁਇ ਤੁਰਤ ਹੀ;
ਜੁਰਤਿ ਹੈ ਸਾਧਸੰਗ ਮੁਰਤ ਨਾਹੀ ॥

ਜਿਹੜਾ ਪੁਰਖ ਸਾਧਸੰਗ = ਸਤਿਸੰਗਤ ਵਿਚ ਆ ਕੇ ਤੁਰਤ = ਸ਼ੀਘਰ ਹੀ ਜੁਰਤਿ = ਜੁੜਦਾ ਹੈ, ਉਸ ਨੂੰ ਗੁਰਾਂ ਦੇ ਸਬਦ = ਉਪਦੇਸ਼ ਕੀ = ਦੀ ਸੁਰਤਿ = ਗਿਆਤ (ਅਸ + ਫੁਰਤਿ) ਅਸ = ਇਸੇ ਪ੍ਰਕਾਰ ਹੀ ਸ਼ੀਘਰ ਫੁਰਤਿ = ਫੁਰ ਪੈਂਦੀ ਹੈ ਅਰਥਾਤ ਗੁਰਾਂ ਦੇ ਉਪਦੇਸ਼ ਦੁਆਰਾ ਨਾਮ ਅਭਿਆਸ ਵਿਚ ਗੁਰਮੁਖ ਜਨ ਦੀ ਸੁਰਤੀ ਜੁੜ ਜਾਂਦੀ ਹੈ, ਜਿਹੜਾ ਕਿ ਫੇਰ ਉਸ ਤਰਫ਼ੋਂ ਮੁਰਤ = ਮੁੜ ਨਾਹੀ = ਨਹੀਂ ਸਕਦਾ।

ਪ੍ਰੇਮ ਪਰਤੀਤ ਕੀ ਰੀਤਿ ਹਿਤ ਚੀਤ ਕਰਿ;
ਜੀਤਿ ਮਨ ਜਗਤ ਮਨ ਦੁਰਤ ਨਾਹੀ ॥

ਗੁਰਮੁਖ ਜਨ ਗੁਰਾਂ ਦੇ ਉਪਦੇਸ਼ ਉੱਤੇ ਪਰਤੀਤ = ਨਿਸ਼ਚਾ ਕਰ ਕੇ ਗੁਰਾਂ ਨਾਲ ਪ੍ਰੇਮ ਕੀ = ਦੀ ਰੀਤਿ = ਮਰਯਾਦਾ ਦੇ ਪਾਲਣ ਵਿਚ ਚੀਤ = ਰਿਦੇ ਕਰਿ = ਕਰਕੇ ਹਿਤ = ਸਨੇਹ ਕਰਦਾ ਹੈ ਤੇ ਆਪਣੇ ਮਨ ਨੂੰ ਵੀ ਜੀਤਿ = ਜਿੱਤ ਲੈਂਦਾ ਹੈ ਤੇ ਜਗਤ = ਸੰਸਾਰ ਨੂੰ ਜਿੱਤ ਲੈਂਦਾ ਹੈ ਭਾਵ ਸੰਸਾਰਕ ਪਦਾਰਥ ਉਸ ਦੇ ਚਿੱਤ ਨੂੰ ਕਾਬੂ ਕਰਨੋਂ ਹਟ ਜਾਂਦੇ ਹਨ ਤੇ ਆਪਣੇ ਵੱਲ ਖਿੱਚਣੋਂ ਅਸਮਰੱਥ ਹੋ ਜਾਂਦੇ ਹਨ ਤੇ ਮਨ ਨੂੰ ਵਿਕਾਰ ਵੱਲੋਂ ਜਿੱਤ ਲੈਂਦਾ ਹੈ, ਇਸ ਕਰਕੇ ਗੁਰਮੁਖ ਜਨ ਦੇ ਮਨ ਵਿਚ ਦੁਰਤ = ਪਾਪ ਨਾਹੀ = ਨਹੀਂ ਰਹਿੰਦਾ।

ਕਾਮ ਨਿਹਕਾਮ ਨਿਹਕਰਮ ਹੁਇ ਕਰਮ ਕਰਿ;
ਆਸ ਨਿਰਾਸ ਹੁਇ ਝਰਤ ਨਾਹੀ ॥

ਕਾਮ = ਕਾਮਨਾ ਦੇ ਅਧੀਨ ਵਰਤਦਿਆਂ ਹੋਇਆਂ ਵੀ ਉਹ ਨਿਹਕਾਮ = ਨਿਸ਼ਕਾਮ, ਨਿਰਸੰਕਲਪ ਹੋ ਕੇ ਵਰਤਦਾ ਰਹਿੰਦਾ ਹੈ ਅਤੇ ਸਾਰੇ ਕਰਮ = ਕਾਰਜਾਂ ਨੂੰ ਕਰਿ = ਕਰਦਾ ਹੋਇਆ ਭਾਵ ਕਾਰਾਂ-ਵਿਹਾਰਾਂ ਨੂੰ ਕਰਦਾ ਹੋਇਆ ਵੀ ਉਹ ਨਿਹਕਾਮ = ਨਿਸ਼ਕਰਮ ਹੁਇ = ਹੋ ਕੇ ਵਿਚਰਣਾ ਕਰਦਾ ਹੈ ਤੇ ਇਸੇ ਕਰਕੇ ਹੀ ਆਸ = ਉਮੀਦ ਭਾਵ ਕਰਮਾਂ ਦੇ ਫਲ ਦੀ ਤਾਂਘ ਵੱਲੋਂ ਨਿਰਾਸ = ਆਸਾ ਤੋਂ ਰਹਿਤ ਹੁਇ = ਹੋ ਕੇ ਮੁੜ ਕਦੇ ਵੀ ਝਰਤ = ਝੜਨਾ ਨਾਹੀ = ਨਹੀਂ ਕਰਦਾ ਭਾਵ ਪਦਾਰਥਾਂ ਪਿੱਛੇ ਨਹੀਂ ਲੱਗਦਾ ਤੇ ਨਾ ਹੀ ਭੁਲੇਖਾ ਖਾਣਾ ਕਰਦਾ ਹੈ।

ਗਿਆਨ ਗੁਰ ਧਿਆਨ ਉਰ ਮਾਨਿ ਪੂਰਨ ਬ੍ਰਹਮ;
ਜਗਤ ਮਹਿ ਭਗਤਿ ਮਤਿ ਛਰਤ ਨਾਹੀ ॥੧੪੫॥

ਇਉਂ ਗੁਰਮੁਖ ਜਨ ਗੁਰ-ਉਪਦੇਸ਼ ਦੁਆਰਾ ਗਿਆਨ ਦੀ ਪ੍ਰਾਪਤੀ ਕਰ ਕੇ ਉਰ = ਹਿਰਦੇ ਵਿਚ ਧਿਆਨ ਦੁਆਰਾ ਵਾਰ ਵਾਰ ਮਾਨਿ = ਮੰਨਣ ਕਰਦੇ ਹਨ ਅਤੇ ਪੂਰਨ = ਪਰੀਪੂਰਨ ਬ੍ਰਹਮ = ਪਰਮੇਸ਼ਰ ਦੀ ਪ੍ਰਾਪਤੀ ਦਾ ਧਿਆਨ = ਖ਼ਿਆਲ ਰਿਦੇ ਵਿਚ ਬੱਝ ਜਾਂਦਾ ਹੈ ਇਉਂ ਪ੍ਰੇਮਾ ਭਗਤਿ = ਭਗਤੀ ਕਰਨ ਵਾਲੇ ਗੁਰਮੁਖ ਜਨ ਦੀ ਮਤਿ = ਅਕਲ ਜਗਤ = ਸੰਸਾਰ ਮਹਿ = ਵਿਚ ਵਰਤਦਿਆਂ ਹੋਇਆਂ ਕਿਸੇ ਪ੍ਰਕਾਰ ਵੀ ਛਰਤ = ਛਲਣਾ ਨਾਹੀ = ਨਹੀਂ ਕਰਦੀ ॥੧੪੫॥

ਕਬਿੱਤ ॥

ਕੋਟਨਿ ਕੋਟਾਨਿ ਗਿਆਨ ਗਿਆਨ ਅਵਗਾਹਨ ਕੈ;
ਕੋਟਿਨ ਕੋਟਾਨਿ ਧਿਆਨ ਧਿਆਨ ਉਰਿ ਧਾਰ ਹੀ ॥

ਕੋਟਨਿ = ਕਰੋੜਾਂ ਤਰ੍ਹਾਂ ਦੇ ਕੋਟਾਨਿ = ਕਰੋੜਾਂ ਹੀ ਗਿਆਨ ਗੁਰੂ ਸਾਹਿਬ ਜੀ ਦੇ ਗਿਆਨ ਨੂੰ ਅਵਗਾਹਨ = ਰਿੜਕਣਾ, ਵਿਚਾਰਨਾ ਕੈ = ਕਰਦੇ ਰਹਿੰਦੇ ਹਨ ਅਰਥਾਤ ਉਸ ਗਿਆਨ ਦੁਆਰਾ ਨਿਰਮਲ ਹੁੰਦੇ ਹਨ **ਵਾ:** ਕੋਟਨਿ = ਕਰੋੜਾਂ ਹੀ ਗਿਆਨ ਤੇ ਗਿਆਨ ਦੀ ਪ੍ਰਾਪਤੀ ਕਰਨ ਵਾਲੇ ਕਰੋੜਾਂ ਗਿਆਨੀ ਜਨ ਗ੍ਰੰਥਾਂ ਨੂੰ ਪੜ੍ਹਨ ਵਾਲੇ ਗਿਆਨ ਨੂੰ ਵਿਚਾਰਨਾ ਕਰਦੇ ਹਨ ਤੇ ਕੋਟਿਨ = ਕਰੋੜਾਂ ਹੀ ਕੋਟਾਨਿ = ਕਰੋੜਾਂ ਧਿਆਨ ਲਾਉਣ ਵਾਲੇ ਧਿਆਨੀ ਧਿਆਨ ਨੂੰ ਉਰਿ = ਰਿਦੇ ਵਿਚ ਧਾਰ = ਧਾਰਦੇ ਹੀ ਰਹਿੰਦੇ ਹਨ। ਕੋਟਿਨ = ਕਰੋੜਾਂ ਤਰ੍ਹਾਂ ਦੇ ਕੋਟਾਨਿ = ਕਰੋੜਾਂ ਹੀ ਧਿਆਨ ਉਸ ਦਾ ਉਰਿ = ਰਿਦੇ ਵਿਚ ਹੀ ਧਿਆਨ ਧਾਰਦੇ ਰਹਿੰਦੇ ਹਨ।

ਕੋਟਿਨ ਕੋਟਾਨਿ ਸਿਮਰਨ ਸਿਮਰਨ ਕਰਿ;
ਕੋਟਿਨ ਕੋਟਾਨਿ ਉਨਮਾਨ ਬਾਰੰਬਾਰ ਹੀ ॥

ਇਸੇ ਤਰ੍ਹਾਂ ਕੋਟਿਨ = ਕਰੋੜਾਂ ਪ੍ਰਕਾਰ ਦੇ ਕੋਟਾਨਿ = ਕਰੋੜਾਂ ਹੀ ਸਿਮਰਨ ਉਸ ਦਾ ਸਿਮਰਨ

ਕਰਿ = ਕਰਦੇ ਰਹਿੰਦੇ ਹਨ ਭਾਵ ਗੁਰੂ ਦੇ ਸਿਮਰਨ ਨੂੰ ਚਿੱਤ ਵਿਚ ਚਿਤਾਰਦੇ ਰਹਿੰਦੇ ਹਨ ਅਤੇ ਇਸੇ ਤਰ੍ਹਾਂ ਕੋਟਿਨ = ਕਰੋੜਾਂ ਤਰ੍ਹਾਂ ਦੇ ਕੋਟਾਨਿ = ਕਰੋੜਾਂ ਹੀ ਉਨਮਾਨ = ਅਨੁਮਾਨ (ਅੰਦਾਜ਼ੇ) ਬਾਰੰਬਾਰ = ਮੁੜ ਮੁੜ ਕੇ ਹੀ ਉਸ ਨੂੰ ਆਪਣੇ ਅੰਦਰ ਬੁੱਧ ਰੂਪ ਤਰਾਜ਼ੂ (ਤੱਕੜੀ) ਨਾਲ ਤੋਲਦੇ ਮਾਪਦੇ ਰਹਿੰਦੇ ਹਨ।

ਕੋਟਿਨ ਕੋਟਾਨਿ ਸੁਰਤਿ ਸਬਦ ਅਉ ਦ੍ਰਿਸਟਿ ਕੈ;
ਕੋਟਿਨ ਕੋਟਾਨਿ ਰਾਗ ਨਾਦ ਝੁਨਕਾਰ ਹੀ ॥

ਕੋਟਿਨ = ਕਰੋੜਾਂ ਹੀ ਤਰ੍ਹਾਂ ਦੀਆਂ ਕੋਟਾਨਿ = ਕਰੋੜਾਂ ਸੁਰਤਿ = ਸੁਣਨ ਸ਼ਕਤੀਆਂ ਗੁਰੂ ਸਾਹਿਬ ਜੀ ਦੇ ਸਬਦ = ਉਪਦੇਸ਼ ਵਿਚ ਅਉ = ਤੇ ਗੁਰਾਂ ਦੀ ਕਿਰਪਾ ਵੱਲ ਦ੍ਰਿਸਟਿ = ਨਿਗ੍ਹਾ ਕਰਦੀਆਂ ਹਨ ਭਾਵ ਗੁਰਾਂ ਦੀ ਦ੍ਰਿਸ਼ਟੀ ਪੈਣ ਵੱਲ ਧਿਆਨ ਰੱਖਦੀਆਂ ਹਨ ਅਤੇ ਕੋਟਿਨ = ਕਰੋੜਾਂ ਤਰ੍ਹਾਂ ਦੇ ਹੀ ਕੋਟਾਨਿ = ਕਰੋੜਾਂ ਰਾਗ ਨਾਦ ਗੁਰੂ ਸਾਹਿਬ ਜੀ ਦੇ ਉਪਦੇਸ਼ ਅੱਗੇ ਆਪਣੇ ਆਪ ਵਿਚ ਝੁਨਕਾਰ = ਝੂਮਦੇ ਰਹਿੰਦੇ ਹਨ।

ਕੋਟਿਨ ਕੋਟਾਨਿ ਪ੍ਰੇਮ ਨੇਮ ਗੁਰ ਸਬਦ ਕੋ;
ਨੇਤਿ ਨੇਤਿ ਨਮੋ ਨਮੋ ਕੈ ਨਮਸਕਾਰ ਹੀ ॥੧੪੬॥

ਕੋਟਿਨ = ਕਰੋੜਾਂ ਤਰ੍ਹਾਂ ਦੇ ਕੋਟਾਨਿ = ਕਰੋੜਾਂ ਪ੍ਰੇਮ = ਸਨੇਹ ਗੁਰੂ ਸਾਹਿਬ ਜੀ ਦੇ ਸਬਦ = ਉਪਦੇਸ਼ ਕੋ = ਦਾ ਨੇਮ = ਨਿਯਮ ਪਾਲਣਾ ਕਰਦੇ ਹਨ ਅਤੇ ਨੇਤਿ ਨੇਤਿ = ਅਨੰਤ ਅਨੰਤ ਕਥਨ ਕੈ = ਕਰ ਕੇ ਮਨ ਕਰਕੇ ਵੀ ਨਮੋ = ਨਮਸਕਾਰ ਕਰਦੇ ਹਨ, ਬਾਣੀ ਕਰਕੇ ਵੀ ਨਮੋ = ਨਮਸਕਾਰ ਕਰਦੇ ਹਨ ਤੇ ਸਰੀਰ ਕਰਕੇ ਵੀ ਨਮਸਕਾਰ ਕਰਦੇ ਹਨ ॥੧੪੬॥

ਸਬਦ ਸੁਰਤਿ ਲਿਵਲੀਨ ਅਕੁਲੀਨ ਭਏ;
ਚਤੁਰ ਬਰਨ ਮਿਲਿ ਸਾਧ ਸੰਗ ਜਾਨੀਐ ॥

ਗੁਰਾਂ ਦੇ ਸਬਦ = ਉਪਦੇਸ਼ ਵਿਚ ਸੁਰਤਿ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਚਿੱਤ ਦੀ ਲਿਵ = ਬਿਰਤੀ ਲਗਾ ਕੇ ਜੋ ਆਤਮ ਸਰੂਪ ਵਿਚ ਲੀਨ = ਅਭੇਦ ਹੋ ਜਾਂਦੇ ਹਨ, ਉਹ ਅਕੁਲੀਨ = ਕੁਲ ਗੋਤ ਆਦਿ ਦੀ ਹੰਗਤਾ ਤੋਂ ਰਹਿਤ ਭਏ = ਹੋ ਜਾਂਦੇ ਹਨ, ਪਰੰਤੂ ਇਹ ਗੱਲ ਸਾਧ = ਸ੍ਰੇਸ਼ਟ ਜਨਾਂ ਦੀ ਸੰਗ = ਸੰਗਤ **ਵਾ:** ਸਤਿਸੰਗਤ ਦੇ ਵਿਚ ਚਤੁਰ = ਚਾਰੋਂ ਹੀ (ਬ੍ਰਾਹਮਣ, ਖੱਤਰੀ, ਸੂਦ, ਵੈਸ਼) ਬਰਨ ਮਿਲਿ = ਮਿਲਣ ਤੇ ਜਾਨੀਐ = ਜਾਣਨ ਵਿਚ ਆਉਂਦੀ ਹੈ।

ਸਬਦ ਸੁਰਤਿ ਲਿਵ ਲੀਨ ਜਲ ਮੀਨ ਗਤਿ;
ਗੁਹਜ ਗਵਨ ਜਲ ਪਾਨ ਉਨਮਾਨੀਐ ॥

ਜਿਹੜੇ ਗੁਰਾਂ ਦੇ ਸਬਦ = ਉਪਦੇਸ਼ ਵਿਚ ਚਿੱਤ ਦੀ ਸੁਰਤਿ = ਬਿਰਤੀ ਨੂੰ ਜਲ = ਪਾਣੀ ਵਿਚ ਮੀਨ = ਮੱਛੀ ਦੇ ਮਸਤ ਰਹਿਣ ਗਤਿ = ਵਾਂਗ ਲਿਵਲੀਨ ਰੱਖਦੇ ਹਨ, ਉਹ ਜਲ = ਪਾਣੀ ਵਿਚ ਮੱਛੀ ਦੇ ਗੁਹਜ = ਗੁਪਤ ਗਵਨ = ਚੱਲਣ ਵਾਂਗ ਸੁਆਸ ਸੁਆਸ ਰਿਦੇ ਅੰਦਰ ਨਾਮ ਦੀ ਤਾਰ ਇਕ-ਰਸ ਲਾਈ ਰੱਖਦੇ ਹਨ ਤੇ ਬਿਰਤੀ ਨੂੰ ਬਾਹਰਮੁਖੀ ਪਾਸਿਓਂ ਉਲਟਾ ਕੇ ਅੰਤਰ ਮੁਖ ਕਰਕੇ ਨਾਮ ਰਸ ਰੂਪੀ ਅੰਮ੍ਰਿਤ ਜਲ ਨੂੰ ਪਾਨ = ਪੀਣਾ ਕਰਦੇ ਹਨ। ਇਸ ਗੱਲ ਨੂੰ ਆਪਣੇ ਰਿਦੇ ਵਿਚ ਉਨਮਾਨੀਐ = ਵਿਚਾਰਨਾ ਕਰੋ।

ਸਬਦ ਸੁਰਤਿ ਲਿਵਲੀਨ ਪਰਬੀਨ ਭਏ;
ਪੂਰਨ ਬ੍ਰਹਮ ਏਕੈ ਏਕ ਪਹਿਚਾਨੀਐ ॥

ਫੇਰ ਇਸ ਪ੍ਰਕਾਰ ਹੀ ਜਿਹੜੇ ਗੁਰਾਂ ਦੇ ਸਬਦ = ਉਪਦੇਸ਼ ਵਿਚ ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਚਿੱਤ ਦੀ ਲਿਵ = ਬਿਰਤੀ ਨੂੰ ਲੀਨ ਕਰ ਲੈਂਦੇ ਹਨ, ਉਹ ਪਰਬੀਨ = ਸੂਝਵਾਨ ਭਏ = ਹੋ ਜਾਂਦੇ ਹਨ ਅਤੇ ਏਕੈ ਏਕ = ਇੱਕੋ ਇਕ ਸਾਰੇ ਥਾਵਾਂ 'ਤੇ ਪੂਰਨ = ਪਰੀਪੂਰਨ ਬ੍ਰਹਮ = ਪਰਮੇਸ਼ਰ ਨੂੰ ਹੀ ਸਾਖਸ਼ਾਤ ਪਹਿਚਾਨੀਐ = ਪਛਾਣ ਲੈਂਦੇ ਹਨ।

ਸਬਦ ਸੁਰਤਿ ਲਿਵਲੀਨ ਪਗ ਰੀਨ ਭਏ;
ਗੁਰਮੁਖਿ ਸਬਦ ਸੁਰਤਿ ਉਰਿ ਆਨੀਐ ॥੧੪੭॥

ਇਸੇ ਪ੍ਰਕਾਰ ਜੋ ਗੁਰ ਸਬਦ = ਉਪਦੇਸ਼ ਵਿਚ ਸੁਰਤਿ = ਬਿਰਤੀ ਨੂੰ ਲਿਵਲੀਨ = ਇਕ-ਮਿਕ ਕਰ ਕੇ ਸਭਨਾਂ ਦੇ ਪਗ = ਚਰਨਾਂ ਦੀ ਰੀਨ = ਧੂੜੀ ਭਏ = ਹੋ ਜਾਂਦੇ ਹਨ ਭਾਵ ਅਤਿਅੰਤ ਨਿਮਰਤਾ, ਗ਼ਰੀਬੀ ਵਾਲੇ ਸੁਭਾਅ ਵਿਚ ਵਰਤਣ ਲੱਗ ਜਾਂਦੇ ਹਨ, ਕਿਉਂਕਿ ਅਜਿਹੇ ਗੁਰਮੁਖ ਜਨ ਗੁਰ ਸਬਦ = ਉਪਦੇਸ਼ ਵਿਚ ਚਿੱਤ ਦੀ ਸੁਰਤਿ = ਬਿਰਤੀ ਜੋੜ ਕੇ ਗੁਰ ਸ਼ਬਦ ਨੂੰ ਆਪਣੇ ਉਰਿ = ਹਿਰਦੇ ਵਿਚ ਆਨੀਐ = ਲਿਆਉਣਾ ਕਰਦੇ ਹਨ ਭਾਵ ਗੁਰਮੁਖ ਜਨ ਗੁਰ-ਉਪਦੇਸ਼ ਦੁਆਰਾ ਨਾਮ ਦਾ ਅਭਿਆਸ ਕਰ ਕੇ ਅੰਦਰੋਂ ਹੀ ਆਤਮ ਸਰੂਪ ਦੀ ਪ੍ਰਾਪਤੀ ਕਰ ਲੈਂਦੇ ਹਨ॥੧੪੭॥

ਗੁਰਮੁਖਿ ਧਿਆਨ ਕੈ ਪਤਿਸਟਾ ਸੁਖੰਬਰ ਲੈ;
ਅਨਿਕ ਪਟੰਬਰ ਕੀ ਸੋਭਾ ਨ ਸੁਹਾਵਈ ॥

ਗੁਰਮੁਖ ਜਨ ਨੂੰ ਗੁਰ-ਉਪਦੇਸ਼ ਦੁਆਰਾ ਪਰਮੇਸ਼ਰ ਦਾ ਹਿਰਦੇ ਵਿਚ ਧਿਆਨ = ਖ਼ਿਆਲ ਧਾਰਨ ਕੈ = ਕਰ ਕੇ ਪਤਿਸਟਾ = ਸਤਿਕਾਰ ਤੇ ਸੁਖੰਬਰ (ਸੁਖ + ਅੰਬਰ) ਸੁਖ = ਅਨੰਦ ਰੂਪੀ ਅੰਬਰ = ਬਸਤਰ ਲੈ = ਪ੍ਰਾਪਤ ਹੁੰਦਾ ਹੈ ਭਾਵ ਧਿਆਨ ਕਰਨ ਕਾਰਨ ਜੋ ਅਨੰਦਮਈ ਅਵਸਥਾ ਵਿਚ ਉਸ ਦੇ ਚਿੱਤ ਦੀ ਬਿਰਤੀ ਮਸਤ ਹੁੰਦੀ ਹੈ, ਉਸ ਨਾਲ ਉਸ ਦੀ ਮਹਿਮਾ ਇਤਨੀ ਉੱਚੀ ਹੋ ਜਾਂਦੀ ਹੈ ਕਿ ਅਨਿਕ = ਬੇਅੰਤ ਹੀ ਤਰ੍ਹਾਂ ਦੇ ਪਟੰਬਰ = ਰੇਸ਼ਮੀ ਬਸਤਰਾਂ ਕੀ = ਦੀ ਸੋਭਾ = ਵਡਿਆਈ ਵੀ ਉਸ ਦੇ ਸਾਹਮਣੇ ਸੁਹਾਵਈ = ਸ਼ੋਭਨੀਕ ਨ = ਨਹੀਂ ਲੱਗਦੀ।

ਗੁਰਮੁਖਿ ਸੁਖ ਫਲ ਗਿਆਨ ਮਿਸਟਾਨ ਪਾਨ;
ਨਾਨਾ ਬਿੰਜਨਾਦਿ ਸ੍ਵਾਦ ਲਾਲਸਾ ਮਿਟਾਵਈ ॥

ਗੁਰਮੁਖ ਜਨ ਨੇ ਜੋ ਗੁਰ-ਉਪਦੇਸ਼ ਦੁਆਰਾ ਸੁਖ = ਆਨੰਦ ਤੇ ਗਿਆਨ ਰੂਪੀ ਮਿਸਟਾਨ = ਮਿੱਠੇ ਫਲ ਦੇ ਆਨੰਦ ਨੂੰ ਪਾਨ = ਪੀਣਾ, ਛਕਣਾ ਕੀਤਾ ਹੈ **ਵਾ:** ਸੁਖ = ਆਨੰਦ ਦੇਣ ਵਾਲੇ ਗਿਆਨ ਰੂਪੀ ਫਲ ਨੂੰ ਪੀਣਾ, ਛਕਣਾ ਕੀਤਾ ਹੈ, ਫੇਰ ਗੁਰਮੁਖ ਜਨਾਂ ਦੇ ਅੰਦਰੋਂ ਜੋ ਨਾਨਾ = ਅਨੇਕ ਤਰ੍ਹਾਂ ਦੇ ਬਿੰਜਨਾਦਿ = ਖੱਟੇ ਮਿੱਠੇ ਸੁਆਦੀ ਪਦਾਰਥਾਂ ਦੇ ਸੁਆਦ ਹੁੰਦੇ ਹਨ, ਉਨ੍ਹਾਂ ਸਭਨਾਂ ਦੀ ਲਾਲਸਾ = ਚਾਹਨਾ ਵੀ ਮਿਟਾਵਈ = ਮਿਟ, ਦੂਰ ਹੋ ਜਾਂਦੀ ਹੈ।

ਪਰਮ ਨਿਧਾਨ ਪ੍ਰਿਅ ਪ੍ਰੇਮ ਪਰਮਾਰਥ ਕੈ;
ਸਰਬ ਨਿਧਾਨ ਕੀ ਇਛਾ ਨ ਉਪਜਾਵਈ ॥

ਜੋ ਪ੍ਰਿਅ = ਪਿਆਰੇ ਪਰਮੇਸ਼ਰ ਕੈ = ਦੇ ਪ੍ਰੇਮ = ਸਨੇਹ ਦਾ ਪਰਮਾਰਥ = ਪਰਮ ਉੱਤਮ ਪਦਾਰਥ ਪਰਮ = ਅਤਿਅੰਤ ਵੱਡਾ ਨਿਧਾਨ = ਖ਼ਜ਼ਾਨਾ ਹੈ, ਗੁਰਮੁਖ ਜਨ ਉਸ ਪ੍ਰੇਮ ਰੂਪੀ ਵੱਡੇ ਖ਼ਜ਼ਾਨੇ ਦੀ ਪ੍ਰਾਪਤੀ ਕਰ ਕੇ ਸੰਸਾਰ ਦੇ ਸਰਬ = ਸਾਰੇ ਪਦਾਰਥਾਂ ਰੂਪ ਨਿਧਾਨ = ਖ਼ਜ਼ਾਨਿਆਂ ਕੀ = ਦੀ ਇਛਾ = ਤਾਂਘ ਆਪਣੇ ਰਿਦੇ ਵਿਚ ਉਪਜਾਵਈ = ਪੈਦਾ ਹੀ ਨ = ਨਹੀਂ ਕਰਦੇ।

ਪੂਰਨ ਬ੍ਰਹਮ ਗੁਰ ਕਿੰਚਤ ਕ੍ਰਿਪਾ ਕਟਾਛਜ;
ਮਨ ਮਨਸਾ ਥਕਤ ਅਨਤ ਨ ਧਾਵਈ ॥੧੪੮॥

ਜਦ ਗੁਰਮੁਖ ਜਨਾਂ ਉੱਪਰ ਪੂਰਨ = ਪਰੀਪੂਰਨ ਬ੍ਰਹਮ = ਪਰਮੇਸ਼ਰ ਦੀ ਤੇ ਗੁਰ = ਸਤਿਗੁਰੂ ਸਾਹਿਬ ਜੀ ਦੀ ਕਿੰਚਤ = ਥੋੜ੍ਹੀ ਜਿਹੀ ਕ੍ਰਿਪਾ = ਮਿਹਰ ਦੀ ਕਟਾਛਜ = ਦ੍ਰਿਸ਼ਟੀ ਹੁੰਦੀ ਹੈ ਤਾਂ ਗੁਰਮੁਖ ਜਨ ਦਾ ਮਨ ਤੇ ਮਨਸਾ = ਬੁੱਧੀ ਸੰਸਾਰਕ ਪਦਾਰਥਾਂ ਦੇ ਸੁਆਦ ਲੈਣ ਵੱਲੋਂ ਥਕਤ = ਥੱਕ ਜਾਂਦੀ ਹੈ ਅਤੇ ਅਨਤ = ਹੋਰ ਦੇਵੀ ਦੇਵਤਿਆਂ ਵਾਲੇ ਪਾਸੇ ਵੱਲ ਧਾਵਈ = ਦੌੜਦੀ ਨ = ਨਹੀਂ ਹੈ ॥੧੪੮॥

ਧੰਨਿ ਧੰਨਿ ਗੁਰ ਸਿਖ ਸੁਨਿ ਗੁਰਸਿਖ ਭਏ;
ਗੁਰ ਸਿਖ ਮਨਿ ਗੁਰਸਿਖ ਮਨ ਮਾਨੇ ਹੈ ॥

ਉਹ ਗੁਰਮੁਖ ਜਨ ਧੰਨਿ ਧੰਨਿ = ਧੰਨਤਾ ਦੇ ਯੋਗ ਹਨ ਜਿਹੜੇ ਗੁਰ = ਸਤਿਗੁਰੂ ਸਾਹਿਬ ਜੀ ਦੀ ਸਿਖ = ਸਿੱਖਿਆ ਨੂੰ ਸੁਨਿ = ਸ੍ਰਵਣ ਕਰ ਕੇ ਗੁਰਸਿੱਖ ਭਏ = ਹੋ, ਬਣ ਗਏ ਹਨ ਅਤੇ ਉਹ ਗੁਰਮੁਖ ਜਨ ਵੀ ਧੰਨਤਾ ਦੇ ਯੋਗ ਹਨ, ਜਿਨ੍ਹਾਂ ਨੇ ਗੁਰ ਸਿੱਖਿਆ ਨੂੰ ਸੁਣ ਕੇ ਮਨਿ = ਮੰਨਣਾ ਕੀਤਾ ਹੈ ਤੇ ਇਸੇ ਕਰਕੇ ਉਨ੍ਹਾਂ ਗੁਰਸਿੱਖਾਂ ਦੇ ਮਨ ਗੁਰ ਸਿੱਖਿਆ **ਵਾ:** ਗੁਰਾਂ ਉੱਪਰ ਮਾਨੇ = ਮੰਨ ਗਏ ਹਨ ਭਾਵ ਗੁਰਾਂ 'ਤੇ ਪੂਰਨ ਨਿਸ਼ਚਾ ਕਰਦੇ ਹਨ **ਵਾ:** ਮਨਿ = ਮੰਨਣ ਵਾਲੀ ਗੁਰ ਸਿੱਖਿਆ ਨੂੰ ਗੁਰਸਿੱਖ ਜਨ ਮਨ ਵਿਚ ਮਾਨੇ = ਮੰਨਦੇ ਹਨ ਭਾਵ ਗੁਰ ਸਿੱਖਿਆ ਨੂੰ ਰਿਦੇ ਵਿਚ ਧਾਰਨ ਕਰਦੇ ਹਨ।

ਗੁਰਸਿਖ ਭਾਇ ਗੁਰਸਿਖ ਭਾਉ ਚਾਉ ਰਿਦੈ;
ਗੁਰ ਸਿਖ ਜਾਨਿ, ਗੁਰਸਿਖ ਜਗ ਜਾਨੇ ਹੈ ॥

ਗੁਰ = ਸਤਿਗੁਰੂ ਸਾਹਿਬ ਜੀ ਦੀ ਸਿਖ = ਸਿੱਖਿਆ ਦੇ ਭਾਇ = ਅਨੁਸਾਰ ਹੀ ਜਿਨ੍ਹਾਂ ਗੁਰਸਿੱਖਾਂ ਦੇ ਰਿਦੈ = ਚਿੱਤ ਵਿਚ ਭਾਉ = ਪ੍ਰੇਮ ਤੇ ਚਾਉ = ਉਤਸ਼ਾਹ ਜਾਗਿਆ ਰਹਿੰਦਾ ਹੈ, ਇਸ ਪ੍ਰਕਾਰ ਜਿਨ੍ਹਾਂ ਨੇ ਉਪਰੋਕਤ ਮਰਯਾਦਾ ਨਾਲ ਗੁਰ ਸਿੱਖਿਆ ਨੂੰ ਸੁਣ ਮੰਨ ਕੇ ਕਮਾਇਆ ਅਤੇ ਗੁਰ ਸਿੱਖਿਆ ਨੂੰ ਜਾਨਿ = ਜਾਣਿਆ ਹੈ ਭਾਵ ਗੁਰ ਸਿੱਖਿਆ ਦੁਆਰਾ ਗਿਆਨ ਹੋ ਗਿਆ ਹੈ, ਉਨ੍ਹਾਂ ਗੁਰਸਿੱਖਾਂ ਨੂੰ ਸਾਰਾ ਜਗ = ਸੰਸਾਰ ਹੀ ਜਾਨੇ = ਜਾਣਨ ਲੱਗ ਪੈਂਦਾ ਹੈ ਭਾਵ ਉਨ੍ਹਾਂ ਦੀ ਸਾਰੇ ਸੰਸਾਰ ਵਿਚ ਵਡਿਆਈ ਹੁੰਦੀ ਹੈ।

ਗੁਰਸਿਖ ਸੰਧਿ ਮਿਲੈ ਗੁਰਸਿਖ ਪੂਰਨ ਹੁਇ;
ਗੁਰਸਿਖ ਪੂਰਨ ਬ੍ਰਹਮ ਪਹਿਚਾਨੇ ਹੈ॥

ਅਜਿਹੇ ਗੁਰਸਿੱਖਾਂ ਦੀ ਸੰਧਿ = ਮਿਲਣੀ ਵਿਚ ਜੋ ਵੀ ਮਿਲੈ = ਮਿਲਣਾ ਕਰਦਾ ਹੈ, ਉਹ ਵੀ ਪੂਰਨ ਗੁਰਸਿੱਖ ਹੁਇ = ਹੋ ਜਾਂਦਾ ਹੈ। ਇਸ ਪ੍ਰਕਾਰ ਗੁਰਸਿਖ = ਗੁਰੂ ਕੇ ਸਿੱਖ ਪੂਰਨ = ਪਰੀਪੂਰਨ ਬ੍ਰਹਮ = ਵਾਹਿਗੁਰੂ ਦਾ ਰੂਪ ਹੀ ਪਹਿਚਾਨੇ = ਪਛਾਣੇ ਜਾਂਦੇ ਹਨ **ਵਾ:** ਗੁਰੂ ਕੇ ਸਿੱਖ ਪੂਰਨ ਪਰਮੇਸ਼ਰ ਦੀ ਸਾਖਿਆਤਕਾਰ ਨੂੰ ਪ੍ਰਾਪਤ ਕਰ ਲੈਂਦੇ ਹਨ।

ਗੁਰਸਿਖ ਪ੍ਰੇਮ ਨੇਮ ਗੁਰਸਿਖ ਸਿਖ ਗੁਰ;
ਸੋਹੰ ਸੋਈ ਬੀਸ ਇਕ-ਈਸ ਉਰਿ ਆਨੇ ਹੈ॥੧੪੯॥

ਇਸ ਤਰ੍ਹਾਂ ਦੇ ਗੁਰੂ ਅਤੇ ਗੁਰਸਿੱਖ ਦੇ ਪ੍ਰੇਮ = ਸਨੇਹ ਦਾ ਇਹ ਨੇਮ = ਨਿਯਮ ਹੈ ਕਿ ਗੁਰੂ ਸਿੱਖ ਵਿਚ ਤੇ ਸਿੱਖ ਗੁਰੂ ਵਿਚ ਅਭੇਦ ਹੋ ਜਾਂਦਾ ਹੈ ਤੇ ਇਸੇ ਨੂੰ ਹੀ ਸੋਹੰ (ਸੋ + ਹੰ) ਸੋ = ਉਹੋ ਹੀ ਮੈਂ ਹੰ = ਹਾਂ, ਐਸਾ ਕਥਨ ਕਰਦਾ ਹੈ ਭਾਵ ਅੰਦਰੋ-ਅੰਦਰ ਜਿਉਂ ਦਾ ਤਿਉਂ ਇਉਂ ਸਮਝਦਾ ਹੋਇਆ ਬੀਸ = ਵੀਹ ਦੇ ਵਰਤਾਰੇ ਵਿਚ ਵਰਤਣ ਵਾਲਾ ਜੀਵ ਤੇ ਈਸ = ਈਸ਼ਵਰ ਇਕ ਰੂਪ ਹੀ ਉਰਿ = ਹਿਰਦੇ ਵਿਚ ਆਨੇ = ਲਿਆਉਂਦਾ ਹੈ **ਅਥਵਾ** ਵੀਹਾਂ ਦੇ ਵਰਤਾਰੇ ਵਾਲਾ ਜੀਵ ਤੇ ਇੱਕੀਸਵੇਂ ਵਰਤਾਰੇ ਵਿਚ ਵਰਤਣ ਵਾਲਾ ਈਸ਼ਰ ਇਕ ਸਰੂਪ ਹੀ ਹਮੇਸ਼ਾਂ ਨਿਸ਼ਚੇ ਵਿਚ ਲਿਆਉਣਾ ਕਰਦਾ ਹੈ॥੧੪੯॥

ਸਤਿਗੁਰ ਸਤਿ, ਸਤਿਗੁਰ ਮਤਿ ਸਤਿ ਰਿਦੈ;
ਭਿਦੈ ਨ ਦੁਤੀਆ ਭਾਉ, ਤ੍ਰਿਗੁਨ ਅਤੀਤ ਹੈ॥

ਸਤਿਗੁਰ = ਸੱਚਾ ਗੁਰੂ ਸਤਿ = ਸੱਚ ਸਰੂਪ ਪਰਮੇਸ਼ਰ ਦਾ ਰੂਪ ਹਨ ਤੇ ਸਤਿਗੁਰ = ਸੱਚੇ ਗੁਰੂ ਦੀ ਮਤਿ = ਸਿੱਖਿਆ ਵੀ ਸਤਿ = ਸੱਚ ਸਰੂਪ ਦੀ ਪ੍ਰਾਪਤੀ ਵਾਲੀ ਹੈ ਅਤੇ ਗੁਰਾਂ ਦੇ ਰਿਦੈ = ਚਿੱਤ ਵਿਚ ਕਿਸੇ ਪ੍ਰਤੀ ਦੁਤੀਆ = ਦ੍ਵੈਤ ਭਾਉ = ਭਾਵਨਾ ਵੀ ਨ = ਨਹੀਂ ਭਿਦੈ = ਮਿਲਦੀ **ਵਾ:** ਗੁਰਾਂ ਦੀ ਸੰਗਤ ਵਿਚ ਮਿਲਣ ਵਾਲੇ ਗੁਰਮੁਖਾਂ ਦੇ ਹਿਰਦੇ ਵਿਚ ਦ੍ਵੈਤ ਭਾਵਨਾ ਵੀ ਨਹੀਂ ਪੋਂਹਦੀ ਅਤੇ ਸਤਿਗੁਰੂ ਸਾਹਿਬ ਜੀ ਤ੍ਰਿਗੁਨ = ਤਿੰਨ ਗੁਣਾਂ ਵਾਲੇ ਸੰਸਾਰ ਤੋਂ ਅਤੀਤ = ਰਹਿਤ ਰਹਿੰਦੇ ਹਨ **ਵਾ:** ਜੋ ਰਜੋ, ਤਮੋ, ਸਤੋ ਗੁਣ ਰੂਪ ਵਾਲਾ ਸੰਸਾਰ ਹੈ, ਇਸ ਦੇ ਜੋ ਜੰਮਣ ਮਰਨ ਰੂਪ ਦੁੱਖ ਹਨ, ਇਨ੍ਹਾਂ ਤੋਂ ਰਹਿਤ ਰਹਿੰਦੇ ਹਨ।

ਪੂਰਨ ਬ੍ਰਹਮ ਗੁਰ ਪੂਰਨ ਸਰਬਮਈ;
ਏਕ ਹੀ ਅਨੇਕ ਮੇਕ ਸਗਲ ਕੇ ਮੀਤ ਹੈ॥

ਪੂਰਨ = ਪਰੀਪੂਰਨ ਬ੍ਰਹਮ = ਪਰਮੇਸ਼ਰ ਦਾ ਸਰੂਪ ਪੂਰਨ = ਪੂਰੇ ਗੁਰ = ਸਤਿਗੁਰੂ ਹੀ ਸਰਬਮਈ = ਸਾਰਿਆਂ ਵਿਚ ਮਿਲੇ ਹੋਏ ਹਨ ਅਤੇ ਏਕ = ਇਕ ਪਰਮੇਸ਼ਰ ਦੀ ਸੱਤਾ ਹੀ ਅਨੇਕਾਂ ਵਿਚ ਮੇਕ = ਮਿਲੀ ਹੋਈ ਹੈ ਅਤੇ ਉਹੋ ਸਗਲ = ਸਭਨਾਂ ਕੇ = ਦੇ ਪਿਆਰੇ ਮੀਤ = ਮਿੱਤਰ ਬਣੇ ਰਹਿੰਦੇ ਹੈ = ਹਨ **ਵਾ:** ਇਕ ਪੂਰਨ ਗੁਰੂ ਜੀ ਹੀ ਅਨੇਕਾਂ ਵਿਚ ਮੇਕ = ਮਿਲੇ ਹੋਏ ਹਨ ਤੇ ਸਾਰੇ ਸੰਸਾਰ ਦੇ ਪਿਆਰੇ ਮਿੱਤਰ ਹਨ।

ਨਿਰਵੈਰ ਨਿਰਲੇਪ ਨਿਰਾਧਾਰ ਨਿਰਲੰਭ;
ਨਿਰੰਕਾਰ ਨਿਰਬਿਕਾਰ ਨਿਹਚਲ ਚੀਤ ਹੈ॥

ਗੁਰੂ ਸਾਹਿਬ ਜੀ **ਵਾ:** ਗੁਰਾਂ ਦੀ ਸੰਗਤ ਕਰਨ ਵਾਲੇ ਗੁਰਮੁਖ ਜਨ ਨਿਰਵੈਰ = ਵੈਰ ਤੋਂ ਰਹਿਤ, ਮੋਹ ਮਮਤਾ ਦੇ ਨਿਰਲੇਪ = ਲੇਪ ਤੋਂ ਰਹਿਤ, ਕਿਸੇ ਹੋਰ ਦੇ (ਨਿਰ + ਅਧਾਰ) ਅਧਾਰ = ਆਸਰੇ ਤੋਂ ਨਿਰ = ਰਹਿਤ **ਵਾ:** ਭੋਜਨ ਆਦਿ ਦੇ ਅਧਾਰ ਤੋਂ ਰਹਿਤ ਤੇ ਹੋਰਨਾਂ ਪੀਰਾਂ, ਫ਼ਕੀਰਾਂ, ਅਵਤਾਰਾਂ ਦੇ ਨਿਰਲੰਭ = ਆਸਰੇ ਤੋਂ ਬ਼ਗ਼ੈਰ ਹਨ ਅਤੇ ਵਾਹਿਗੁਰੂ ਦਾ ਸਰੂਪ ਹੋਣ ਕਰਕੇ ਨਿਰੰਕਾਰ (ਨਿਰ + ਅਕਾਰ) ਅਕਾਰ ਤੋਂ ਨਿਰ = ਰਹਿਤ ਹਨ, ਨਿਰਬਿਕਾਰ = ਵਿਕਾਰਾਂ ਤੋਂ ਰਹਿਤ ਹਨ ਅਤੇ ਜਿਨ੍ਹਾਂ ਦਾ ਚੀਤ = ਚਿੱਤ ਸਦਾ ਹੀ ਨਿਹਚਲ = ਅਚੱਲ, ਅਡੋਲ ਹੈ।

ਨਿਰਮਲ ਨਿਰਮੋਲ ਨਿਰੰਜਨ ਨਿਰਾਹਾਰ;
ਨਿਰਮੋਹ ਨਿਰਭੇਦ ਅਛਲ ਅਜੀਤ ਹੈ॥੧੫੦॥

ਗੁਰੂ ਸਾਹਿਬ ਜੀ ਹੰਗਤਾ ਮਮਤਾ ਰੂਪ ਨਿਰਮਲ = ਮੈਲ ਤੋਂ ਰਹਿਤ ਹਨ, ਨਿਰਮੋਲ = ਮੁੱਲ ਤੋਂ ਰਹਿਤ ਹਨ, ਮਾਇਆ, ਅਵਿੱਦਿਆ ਦੀ (ਨਿਰ + ਅੰਜਨ) ਅੰਜਨ = ਕਾਲਖ ਤੋਂ ਨਿਰ = ਰਹਿਤ ਹਨ, ਖਾਣ ਪਾਨ ਕਰਦੇ ਹੋਏ ਵੀ ਇੰਦਰੀਆਂ ਦੇ ਅਭਿਮਾਨ ਰਹਿਤ ਹੋਣ ਕਾਰਨ ਮਾਨੋ ਨਿਰਾਹਾਰ = ਨਿਰਾਹਾਰੀ ਹਨ **ਵਾ:** ਨਿਰਾਹਾਰ = ਅੰਨ ਆਦਿ ਤੋਂ ਸੰਤੋਖ ਰੱਖਣ ਕਰਕੇ ਨਿਰਾਹਾਰੀ ਹਨ, ਮੋਹਿਤ ਕਰਨ ਵਾਲੇ ਪਦਾਰਥਾਂ ਦੇ ਨਿਰਮੋਹ = ਮੋਹ ਤੋਂ ਰਹਿਤ ਹਨ, ਉਨ੍ਹਾਂ ਦਾ ਹਿਰਦਾ ਭਰਮ ਕਰਕੇ ਨਿਰਭੇਦ = ਵਿੰਨ੍ਹਣ ਤੋਂ ਰਹਿਤ ਹੈ **ਵਾ:** (ਨਿਰ + ਭੇਦ) ਭੇਦ = ਕੱਟਣ ਮਾਰਨ ਤੋਂ ਰਹਿਤ ਹਨ, ਇੰਦਰਜਾਲ ਆਦਿ ਜੋਤਿਸ਼ ਵਿੱਦਿਆ ਦੁਆਰਾ ਅਛਲ = ਛਲਣ ਤੋਂ ਰਹਿਤ ਹਨ ਅਤੇ ਅਜੀਤ = ਜਿੱਤਣ ਤੋਂ ਰਹਿਤ ਹਨ॥੧੫੦॥

ਸਤਿਗੁਰ ਸਤਿ ਸਤਿਗੁਰ ਕੋ ਸਬਦ ਸਤਿ;
ਸਤਿ ਸਾਧਸੰਗਤਿ ਹੈ ਗੁਰਮੁਖਿ ਜਾਨੀਐ॥

ਸਤਿਗੁਰ = ਸੱਚੇ ਗੁਰੂ ਸਾਹਿਬ ਜੀ ਸਤਿ = ਸੱਚ ਸਰੂਪ ਪਰਮੇਸ਼ਰ ਦਾ ਸਰੂਪ ਹਨ ਤੇ ਸਤਿਗੁਰ = ਸੱਚੇ ਗੁਰੂ ਕੋ = ਦੇ ਸਬਦ = ਉਪਦੇਸ਼ ਵਿਚ ਵੀ ਸਤਿ = ਸੱਚ ਸਰੂਪ ਦੀ ਪ੍ਰਾਪਤੀ ਵਾਲੀ ਬਾਣੀ ਹੈ **ਵਾ:** ਗੁਰੂ ਸਾਹਿਬ ਜੀ ਦਾ ਉਪਦੇਸ਼ ਵੀ ਸਤਿ = ਸੱਚਾ ਹੈ ਅਤੇ ਗੁਰੂ ਸਾਹਿਬ ਜੀ ਦੇ ਉਪਦੇਸ਼ ਨੂੰ ਕਮਾਉਣ ਵਾਲੇ ਗੁਰਮੁਖ ਜਨਾਂ ਦੀ ਸਾਧਸੰਗਤਿ = ਸਤਿਸੰਗਤ ਵੀ ਸਤਿ = ਸੱਚੀ ਜਾਨੀਐ = ਜਾਣ ਲੈਣਾ ਕਰੋ।

ਦਰਸਨ ਧਿਆਨ ਸਤਿ, ਸਬਦ ਸੁਰਤਿ ਸਤਿ;
ਗੁਰਸਿਖ ਸੰਗ ਸਤਿ, ਸਤਿ ਕਰਿ ਮਾਨੀਐ॥

ਗੁਰਾਂ ਦੇ ਦਰਸਨ = ਦੀਦਾਰ ਦਾ ਧਿਆਨ = ਖ਼ਿਆਲ ਕਰਨਾ ਵੀ ਸਤਿ = ਸੱਚਾ ਹੈ, ਗੁਰਾਂ ਦੇ ਸਬਦ = ਉਪਦੇਸ਼ ਦੀ ਸੁਰਤਿ = ਸਮਝ, ਗਿਆਤ **ਵਾ:** ਪ੍ਰੀਤੀ ਵੀ ਸਤਿ = ਸੱਚੀ ਹੈ, ਗੁਰੂ ਦੀ ਸੰਗਤ ਕਰਨ ਵਾਲੇ ਗੁਰਸਿੱਖਾਂ ਦਾ ਸੰਗ = ਸਾਥ ਕਰਨਾ ਵੀ ਸਤਿ = ਸੱਚਾ ਹੈ, ਇਉਂ ਇਹ ਤਿੰਨੇ ਸਤਿ = ਸੱਚੇ ਕਰਿ = ਕਰ ਕੇ ਮਾਨੀਐ = ਮੰਨਣਾ ਕਰੋ।

ਦਰਸ ਬ੍ਰਹਮ ਧਿਆਨ, ਸਬਦ ਬ੍ਰਹਮ ਗਿਆਨ;
ਸੰਗਤਿ ਬ੍ਰਹਮ ਥਾਨ ਪ੍ਰੇਮ ਪਹਿਚਾਨੀਐ ॥

ਸੱਚੇ ਗੁਰਾਂ ਦੇ ਦਰਸ = ਦੀਦਾਰ ਕਰਨ ਨਾਲ ਬ੍ਰਹਮ = ਵਿਆਪਕ ਪਰਮੇਸ਼ਰ ਦਾ ਧਿਆਨ ਲਾਉਣ ਦੀ ਵਿਧੀ ਪ੍ਰਾਪਤ ਹੁੰਦੀ ਹੈ ਤੇ ਗੁਰਾਂ ਦੇ ਸਬਦ = ਉਪਦੇਸ਼ ਦੁਆਰਾ ਨਾਮ ਦੀ ਕਮਾਈ ਕਰ ਕੇ ਬ੍ਰਹਮ = ਵਿਆਪਕ ਸਰੂਪ ਪ੍ਰਭੂ ਦੀ ਪ੍ਰਾਪਤੀ ਵਾਲਾ ਗਿਆਨ ਹੋ ਆਉਂਦਾ ਹੈ ਅਤੇ ਗੁਰਾਂ ਦੀ ਸੰਗਤ ਬ੍ਰਹਮ = ਪਰਮੇਸ਼ਰ ਦੇ ਠਹਿਰਨ ਦੀ ਥਾਨ = ਜਗ੍ਹਾ ਹੈ, ਪਰ ਇਹ ਗੱਲ ਰਿਦੇ ਵਿਚ ਪ੍ਰੇਮ = ਸਨੇਹ ਧਾਰਨ ਕਰ ਕੇ ਹੀ ਪਹਿਚਾਨੀਐ = ਜਾਣੀਦੀ ਹੈ।

ਸਤਿ ਰੂਪ ਸਤਿ ਨਾਮ, ਸਤਿਗੁਰ ਗਿਆਨ ਧਿਆਨ;
ਕਾਮ ਨਿਹਕਾਮ ਉਨਮਨ ਉਨਮਾਨੀਐ ॥੧੫੧॥

ਇਸ ਪ੍ਰਕਾਰ ਸਤਿ = ਸੱਚ ਸਰੂਪ ਪਰਮੇਸ਼ਰ ਦਾ ਰੂਪ ਗੁਰਾਂ ਦੇ ਉਪਦੇਸ਼ ਦੁਆਰਾ ਸਤਿਨਾਮ = ਸੱਚੇ ਨਾਮ ਨੂੰ ਅਰਾਧਦੇ ਹੋਏ ਗੁਰਮੁਖ ਜਨ ਸਤਿਗੁਰ = ਸੱਚੇ ਗੁਰੂ ਦੁਆਰਾ ਬ੍ਰਹਮ ਸਰੂਪ ਦੀ ਪ੍ਰਾਪਤੀ ਵਾਲੇ ਗਿਆਨ ਤੇ ਧਿਆਨ ਪ੍ਰਾਪਤ ਕਰ ਲੈਂਦੇ ਹਨ ਅਤੇ ਇਸ ਗਿਆਨ ਧਿਆਨ ਦੀ ਅਵਸਥਾ ਵਿਚ ਵਿਚਰਦੇ ਹੋਏ ਪਦਾਰਥਾਂ ਦੀ ਕਾਮ = ਇੱਛਾ ਤੋਂ ਨਿਹਕਾਮ = ਨਿਸ਼ਕਾਮ ਹੋ ਜਾਂਦੇ ਹਨ ਅਤੇ ਉਨਮਨ = ਉਨਮਨੀ (ਤੁਰੀਆ ਪਦ) ਅਵਸਥਾ ਦੇ ਤਾਈਂ ਉਨਮਾਨੀਐ = ਵਿਚਾਰਨ ਵਾਲੇ ਹੋ ਜਾਂਦੇ ਹਨ ॥੧੫੧॥

ਗੁਰਮੁਖਿ ਪੂਰਨ ਬ੍ਰਹਮ ਦੇਖੇ ਦ੍ਰਿਸਟਿ ਕੈ;
ਗੁਰਮੁਖਿ ਸਬਦ ਕੈ ਪੂਰਨ ਬ੍ਰਹਮ ਹੈ ॥

ਗੁਰਮੁਖ ਜਨ ਗੁਰ-ਉਪਦੇਸ਼ ਦੁਆਰਾ ਕਮਾਈ ਕਰ ਕੇ ਜੋ ਵੀ ਦ੍ਰਿਸਟਿ = ਨਿਗ੍ਹਾ ਕੈ = ਕਰ ਕੇ ਸਾਰੇ ਪਾਸੇ ਦੇਖੇ = ਵੇਖਣਾ ਕਰਦੇ ਹਨ, ਉਹ ਪੂਰਨ = ਪਰੀਪੂਰਨ ਬ੍ਰਹਮ = ਪਰਮੇਸ਼ਰ ਨੂੰ ਹੀ ਰਮਿਆ ਹੋਇਆ ਦੇਖਣਾ ਕਰਦੇ ਹਨ ਅਤੇ ਗੁਰਮੁਖ ਜਨਾਂ ਦੇ ਸਬਦ = ਵਾਕਾਂ ਵਿਚ ਹੀ ਪੂਰਨ = ਪਰੀਪੂਰਨ ਬ੍ਰਹਮ = ਪਰਮੇਸ਼ਰ ਉੱਪਰ ਨਿਸ਼ਚੇ ਦੀਆਂ ਗੱਲਾਂ ਹੁੰਦੀਆਂ ਹੈ = ਹਨ।

ਗੁਰਮੁਖਿ ਪੂਰਨ ਬ੍ਰਹਮ ਸ੍ਰੁਤਿ ਸ੍ਰਵਨ ਕੈ;
ਮਧੁਰ ਬਚਨ ਕਹਿ ਬੇਨਤੀ ਬਿਸਮ ਹੈ ॥

ਗੁਰਮੁਖ ਜਨਾਂ ਨੂੰ ਸ੍ਰਵਨ = ਕੰਨਾਂ ਕੈ = ਕਰਕੇ ਜੋ ਵੀ ਸ੍ਰੁਤਿ = ਸੁਣਦਾ ਹੈ, ਉਹ ਵੀ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਦੇ ਨਾਮ ਬਾਬਤ ਹੀ ਸੁਣਦਾ ਹੈ ਅਤੇ ਇਸੇ ਕਰਕੇ ਹੀ ਉਹ ਨਿਮਰਤਾ ਦੇ ਸਹਿਤ ਮਧੁਰ = ਮਿੱਠੇ ਬਚਨ = ਵਾਕ ਬੇਨਤੀ ਪੂਰਵਕ ਕਹਿ = ਕਹਿੰਦੇ ਹਨ ਜਿਨ੍ਹਾਂ ਨੂੰ ਸੁਣ ਕਰਕੇ ਜਗਿਆਸੂ ਜਨ ਬਿਸਮ = ਹੈਰਾਨ, ਅਸਚਰਜ ਹੁੰਦੇ ਹੈ = ਹਨ।

ਗੁਰਮੁਖਿ ਪੂਰਨ ਬ੍ਰਹਮ ਰਸ ਗੰਧ ਸੰਧਿ;
ਪ੍ਰੇਮ ਰਸ ਚੰਦਨ ਸੁਗੰਧ ਗਮਾਗਮ ਹੈ ॥

ਗੁਰਮੁਖ ਜਨ ਹਰ ਵਕਤ ਪੂਰਨ = ਪਰੀਪੂਰਨ ਬ੍ਰਹਮ = ਪਰਮੇਸ਼ਰ ਦੀ ਰਸ = ਸੁਆਦਲੀ ਪ੍ਰੇਮਾ-ਭਗਤੀ

ਰੂਪ ਗੰਧ = ਸੁਗੰਧੀ ਵਿਚ ਸੰਧਿ = ਮਿਲੇ ਰਹਿੰਦੇ ਹਨ, ਉਹ ਪ੍ਰੇਮਾ-ਭਗਤੀ ਦਾ ਰਸ ਚੰਦਨ ਆਦਿ ਸੁਗੰਧ = ਸੁਗੰਧਿਤ ਬ੍ਰਿਛਾਂ ਦੀ ਗਮਾਗਮ (ਗਮ + ਅਗਮ) ਗਮ = ਪ੍ਰਾਪਤੀ ਤੋਂ ਵੀ ਅਗਮ = ਪਰੇ ਹੈ ਭਾਵ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਪ੍ਰੇਮਾ-ਭਗਤੀ ਦੀ ਸੁਗੰਧੀ ਬਰਾਬਰ ਚੰਦਨ ਆਦਿ ਬ੍ਰਿਛ ਦੀ ਸੁਗੰਧੀ ਵੀ ਨਹੀਂ ਪਹੁੰਚ ਸਕਦੀ।

ਗੁਰਮੁਖਿ ਪੂਰਨ ਬ੍ਰਹਮ ਗੁਰ ਸਰਬ ਮੈ;
ਗੁਰਮੁਖਿ ਪੂਰਨ ਬ੍ਰਹਮ ਨਮੋ ਨਮ ਹੈ॥੧੫੨॥

ਗੁਰਮੁਖ ਜਨ ਪੂਰਨ = ਪਰੀਪੂਰਨ ਬ੍ਰਹਮ = ਪਰਮੇਸ਼ਰ ਨੂੰ ਸਾਰਿਆਂ ਤੋਂ ਗੁਰ = ਵੱਡਾ **ਵਾ:** ਗੁਰ = ਪੂਜਨੀਕ ਤੇ ਸਰਬ = ਸਾਰਿਆਂ ਦਾ ਮੈ = ਸਰੂਪ ਜਾਣਦੇ ਹਨ, ਇਸ ਲਈ ਜੋ ਗੁਰਮੁਖ ਜਨ ਪੂਰਨ ਬ੍ਰਹਮ = ਪਰਮੇਸ਼ਰ ਦਾ ਸਰੂਪ ਹੋ ਗਏ ਹਨ, ਉਨ੍ਹਾਂ ਨੂੰ ਬਾਰੰਬਾਰ ਨਮੋ ਨਮ = ਨਮਸਕਾਰ ਹੈ, ਨਮਸਕਾਰ ਹੈ।

ਦਰਸ ਅਦਰਸ ਦਰਸ ਅਸਚਰਜ-ਮੈ;
ਹੇਰਤ ਹਿਰਾਨੇ ਦ੍ਰਿਗ ਦ੍ਰਿਸਟਿ ਅਗਮ ਹੈ॥

ਦਰਸ = ਦ੍ਰਿਸ਼ਯ ਨੂੰ ਅਦਰਸ = ਅਦ੍ਰਿਸ਼ਯ ਕੀਤਿਆਂ **ਵਾ:** ਦਰਸ = ਦੇਖਣ ਯੋਗ ਸੰਸਾਰਕ ਪਸਾਰੇ ਵੱਲੋਂ ਬਿਰਤੀ ਨੂੰ ਰੋਕ ਕੇ ਜੋ ਗੁਰਮੁਖ ਜਨ ਨੂੰ ਰਿਦੇ ਅੰਦਰ ਦਰਸ = ਦੀਦਾਰ ਹੁੰਦਾ ਹੈ, ਉਹ ਅਸਚਰਜ = ਵਿਸਮਾਦ ਮੈ = ਸਰੂਪ ਹੈ, ਜਿਸ ਨੂੰ ਹੇਰਤ = ਵੇਖਦਿਆਂ ਹੀ ਦ੍ਰਿਗ = ਨੇਤਰ ਹਿਰਾਨੇ = ਹਿਰ ਭਾਵ ਅਨੇਤਰ ਰੂਪ ਹੋ ਜਾਂਦੇ ਹਨ ਕਿਉਂਕਿ ਉਹ ਦ੍ਰਿਸਟਿ = ਨਿਗ੍ਹਾ ਅਗਮ = ਗੰਮਤਾ ਤੋਂ ਰਹਿਤ ਹੈ ਭਾਵ ਇਨ੍ਹਾਂ ਪ੍ਰਤੱਖ ਨੇਤਰਾਂ ਦੁਆਰਾ ਸੱਚ ਸਰੂਪ ਦਾ ਦੀਦਾਰ ਕਦੇ ਵੀ ਵੇਖਿਆ ਨਹੀਂ ਜਾਂਦਾ ਹੈ, ਉਹ ਤਾਂ ਨੇਤਰ ਹੋਰ ਹਨ। ਜੈਸਾ ਕਿ :

ਨਾਨਕ ਸੇ ਅਖੜੀਆਂ ਬਿਅੰਨਿ ਜਿਨ੍ੀ ਡਿਸੰਦੋ ਮਾ ਪਿਰੀ॥੧॥ *(ਅੰਗ ੫੭੮)*

ਸਬਦ ਅਗੋਚਰ ਸਬਦ ਪਰਮਦਭੁਤ;
ਅਕਥ ਕਥਾ ਕੈ ਸ੍ਰੁਤਿ ਸ੍ਰਵਨ ਬਿਸਮ ਹੈ॥

ਜੋ ਗੁਰਾਂ ਦਾ ਸਬਦ = ਉਪਦੇਸ਼ ਨੇਤਰ ਆਦਿ ਅਗੋਚਰ = ਇੰਦਰੀਆਂ ਤੋਂ ਪਰੇ ਸੀ, ਉਹ ਗੁਰ ਸਬਦ = ਉਪਦੇਸ਼ ਗੁਰਾਂ ਦੀ ਕਿਰਪਾ ਸਦਕਾ **ਵਾ:** ਉਹ ਸਬਦ = ਬ੍ਰਹਮ ਪਰਮਦਭੁਤ = ਅਸਚਰਜ ਪ੍ਰਗਟ ਹੋ ਆਇਆ ਅਰਥਾਤ ਗੁਰਾਂ ਦੇ ਛੁਪੇ ਹੋਏ ਗੁੱਝੇ ਉਪਦੇਸ਼ ਨੂੰ ਗੁਰਮੁਖ ਜਨਾਂ ਨੇ ਅੱਗੇ ਹੋਰਨਾਂ ਨੂੰ ਸੁਣਾ ਕੇ ਆਪਣਾ ਜੀਵਨ ਸਫਲਾ ਕੀਤਾ ਅਤੇ ਜੋ ਅਕਥ = ਕਥਨ ਤੋਂ ਰਹਿਤ ਕਥਾ = ਵਾਰਤਾ ਸੀ, ਉਸ ਨੂੰ ਸ੍ਰਵਨ = ਸੁਣ ਕੈ = ਕਰਕੇ ਸ੍ਰੁਤਿ = ਕੰਨ ਵੀ ਬਿਸਮ = ਅਸਚਰਜਤਾਈ ਦੇ ਸਹਿਤ ਹੋ ਗਏ ਭਾਵ ਸਫਲ ਹੋ ਗਏ ਹਨ।

ਸ੍ਵਾਦ ਰਸ ਰਹਿਤ, ਅਪਿਅ ਪੀਆ ਪ੍ਰੇਮ ਰਸ;
ਰਸਨਾ ਥਕਤ ਨੇਤਿ ਨੇਤਿ ਨਮੋ ਨਮ ਹੈ॥

ਗੁਰ-ਉਪਦੇਸ਼ ਦੁਆਰਾ ਪ੍ਰਾਪਤ ਕੀਤਾ ਨਾਮ, ਪ੍ਰੇਮ ਰਸ ਦਾ ਸੁਆਦ ਛੇ ਰਸਾਂ ਤੋਂ ਪੈਦਾ ਹੋਏ ਛੱਤੀ

ਪ੍ਰਕਾਰ ਦੇ ਭੋਜਨਾਂ ਦੇ ਸੁਆਦ ਤੋਂ ਰਹਿਤ = ਪਰੇ ਹੈ ਅਤੇ ਇਸ ਅਪਿਅ = ਅੰਮ੍ਰਿਤ ਵਤ ਪ੍ਰੇਮ ਰਸ ਨੂੰ ਜਿਸ ਸੱਜਣ ਨੇ ਪੀਆ = ਪੀਣਾ ਕੀਤਾ ਹੈ, ਉਸ ਦੀ ਰਸਨਾ = ਜੀਭਾ ਥਕਤ = ਹਾਰ ਕੇ ਨੇਤਿ ਨੇਤਿ = ਅਨੰਤ ਅਨੰਤ ਕਥਨ ਕਰਦੀ ਹੋਈ ਬਾਰੰਬਾਰ ਨਮੋ = ਨਮਸਕਾਰ ਹੀ ਨਮ = ਨਮਸਕਾਰ ਕਰਦੀ ਹੈ।

ਨਿਰਗੁਨ ਸਰਗੁਨ ਅਬਿਗਤਿ ਨ ਗਹਨ ਗਤਿ;
ਸੂਖਮ ਸਥੂਲ ਮੂਲ ਪੂਰਨ ਬ੍ਰਹਮ ਹੈ ॥੧੫੩॥

ਨਿਰਗੁਣ ਤੇ ਸਰਗੁਣ ਭਾਵ ਕਰਕੇ ਅਬਿਗਤਿ = ਅਵਯਕਤ ਸਰੂਪ ਹੈ ਭਾਵ ਉਸ ਪਰਮੇਸ਼ਰ ਨੂੰ ਨਾ ਹੀ ਤਿੰਨ ਨਿਰਗੁਣ = ਗੁਣਾਂ ਤੋਂ ਰਹਿਤ ਕਥਨ ਕੀਤਾ ਜਾ ਸਕਦਾ ਹੈ ਤੇ ਨਾ ਹੀ ਤਿੰਨ ਸਰਗੁਣ = ਗੁਣਾਂ ਦੇ ਸਹਿਤ ਕਥਨ ਕੀਤਾ ਜਾ ਸਕਦਾ ਹੈ, ਅਬਿਗਤਿ = ਕਿਸੇ ਪ੍ਰਕਾਰ ਵੀ ਆਪਣੇ ਆਪ ਉਸ ਨੂੰ ਜਾਣਿਆ ਨਹੀਂ ਜਾ ਸਕਦਾ, ਉਸ ਦੀ ਗਤਿ = ਗਤੀ, ਮਰਯਾਦਾ **ਵਾ:** ਗਿਆਨ ਦੀ ਗੀਤੀ ਤੇ ਪਰਵਿਰਤੀ ਦੀ ਗੀਤੀ ਵੀ ਗਹਨ = ਪਕੜੀ ਨ = ਨਹੀਂ ਜਾ ਸਕਦੀ, ਕੇਵਲ ਸ਼ਬਦਾਂ ਰਾਹੀਂ ਆਖਿਆ ਜਾ ਸਕਦਾ ਹੈ ਕਿ ਉਹ ਸੂਖਮ = ਗੁਪਤ ਰੂਪ ਤੇ ਸਥੂਲ = ਪ੍ਰਗਟ ਰੂਪ ਵਿਚ ਸਾਰੇ ਸੰਸਾਰ ਦੇ ਫੈਲਾਅ ਦਾ ਮੂਲ = ਮੁੱਢ ਰੂਪ ਹੈ ਤੇ ਹੁਣ ਸਾਰਿਆਂ ਥਾਵਾਂ ਵਿਚ ਉਹ ਪਰਮੇਸ਼ਰ ਪਰੀਪੂਰਨ ਹੈ॥੧੫੩॥

ਖੁਲੇ ਸੇ ਬੰਧਨ ਬਿਖੈ ਭਲੋ ਹੈ ਸੀਚਾਨੋ ਜਾ ਤੇ;
ਜੀਵ ਘਾਤ ਕਰੈ ਨ ਬਿਕਾਰੁ ਹੋਇ ਆਵਈ ॥

ਸੀਚਾਨੋ = ਬਾਜ ਨੂੰ ਖੁਲੇ = ਖੁੱਲ੍ਹਿਆਂ ਛੱਡਣ ਸੇ = ਨਾਲੋਂ ਬੰਧਨ = ਬੰਧਨਾਂ, ਬੰਨ੍ਹਣਾ ਬਿਖੇ = ਵਿਚ ਪਾ ਕੇ ਰੱਖਣਾ ਭਾਵ ਪੈਰਾਂ ਵਿਚ ਡੋਰੀਆਂ ਪਾ ਕੇ ਬੰਨ੍ਹਣਾ ਤੇ ਪਿੰਜਰੇ ਵਿਚ ਪਾ ਕੇ ਰੱਖਣਾ ਹੀ ਭਲੋ = ਚੰਗਾ ਹੈ, ਜਾ ਤੇ = ਜਿਸ ਕਰਕੇ ਉਹ ਜੀਵਾਂ ਨੂੰ ਘਾਤ = ਮਾਰਨਾ ਨ = ਨਾ ਕਰੇ, ਜੇਕਰ ਖੁੱਲ੍ਹਾ ਰਹਿ ਗਿਆ ਤਾਂ ਜ਼ਰੂਰ ਮਾਰੇਗਾ ਤੇ ਵਿਕਾਰ ਹੁਇ = ਹੋ ਆਵਈ = ਆਵੇਗਾ, ਭਾਵ ਬਾਜ ਬਹੁਤੇ ਜੀਵ ਮਾਰੇਗਾ।

ਖੁਲੇ ਸੇ ਬੰਧਨ ਬਿਖੈ ਚਕਈ ਭਲੀ ਜਾ ਤੇ;
ਰਾਮ ਰੇਖ ਮੇਟਿ ਨਿਸਿ ਪ੍ਰਿਅ ਸੰਗੁ ਪਾਵਈ ॥

ਚਕਈ = ਚਕਵੀ ਖੁਲੇ = ਖੁੱਲ੍ਹਿਆਂ ਰਹਿਣ ਸੇ = ਨਾਲੋਂ ਬੰਧਨ = ਬੰਨ੍ਹਣਾ, ਪਿੰਜਰੇ ਬਿਖੈ = ਵਿਚ ਪਈ ਹੋਈ ਭਲੀ = ਚੰਗੀ ਹੈ, ਜਾ ਤੇ = ਜਿਸ ਕਰਕੇ ਰਾਮਚੰਦਰ ਜੀ ਦੇ ਮਿਲੇ ਸਰਾਪ ਦੀ ਰੇਖ = ਹੱਦ ਨੂੰ ਮੇਟਿ = ਦੂਰ ਕਰ ਕੇ ਭਾਵ ਨਿਸਿ = ਰਾਤਰੀ ਦੇ ਸਮੇਂ ਨੂੰ ਬਤੀਤ ਕਰ ਕੇ ਸਵੇਰੇ ਆਪਣੇ ਪ੍ਰਿਅ = ਪਿਆਰੇ ਪਤੀ ਚਕਵੇ ਦਾ ਸੰਗੁ = ਸਾਥ ਪਾਵਈ = ਪਾ ਲੈਣਾ ਕਰਦੀ ਹੈ।

ਖੁਲੇ ਸੇ ਬੰਧਨ ਬਿਖੈ ਭਲੋ ਹੈ ਸੂਆ ਪ੍ਰਸਿਧ;
ਸੁਨਿ ਉਪਦੇਸੁ ਰਾਮ ਨਾਮ ਲਿਵ ਲਾਵਈ ॥

ਇਹ ਵਾਰਤਾ ਪ੍ਰਸਿਧ = ਮਸ਼ਹੂਰ ਹੈ ਕਿ ਸੂਆ = ਤੋਤਾ ਵੀ ਖੁਲੇ = ਖੁੱਲ੍ਹਿਆਂ ਉੱਡਣ ਸੇ = ਨਾਲੋਂ ਬੰਧਨ = ਬੰਧਨਾਂ, ਬੰਨ੍ਹਣਾ ਪਿੰਜਰੇ ਬਿਖੈ = ਵਿਚ ਪਿਆ ਹੋਇਆ ਭਲੋ = ਚੰਗਾ ਹੈ, ਕਿਉਂਕਿ ਤੋਤਾ ਆਪਣੇ

ਮਾਲਕ ਪਾਸੋਂ ਰਾਮ = ਰਮੇ ਹੋਏ ਪਰਮੇਸ਼ਰ ਦੇ ਨਾਮ ਦੀ ਉਪਦੇਸ = ਸਿੱਖਿਆ ਸੁਨਿ = ਸ੍ਰਵਨ ਕਰ ਕੇ ਉਸ ਨਾਮ ਵਿਚ ਆਪਣੀ ਲਿਵ = ਬਿਰਤੀ ਲਾਵਈ = ਲਾ ਲੈਂਦਾ ਹੈ ਅਰਥਾਤ ਬਾਹਰ ਉਡਾਰੀਆਂ ਮਾਰ ਰਹੇ ਤੋਤਿਆਂ ਨਾਲੋਂ ਪਿੰਜਰੇ ਵਿਚ ਬੰਦ ਤੋਤਾ ਇਸ ਲਈ ਚੰਗਾ ਲੱਗਦਾ ਹੈ ਕਿ ਉਹ ਵਾਹਿਗੁਰੂ ਦਾ ਨਾਮ ਆਪ ਉਚਾਰਨ ਕਰਦਾ ਹੈ ਤੇ ਹੋਰਨਾਂ ਨੂੰ ਕਰਾਉਂਦਾ ਹੈ।

ਮੋਖ ਪਦਵੀ ਸੈ ਤੈਸੇ ਮਾਨਸ ਜਨਮ ਭਲੋ;
ਗੁਰਮੁਖਿ ਹੋਇ ਸਾਧ ਸੰਗਿ ਪ੍ਰਭ ਧਿਆਵਈ ॥੧੫੪॥

ਮੋਖ = ਮੁਕਤੀ ਦੀ ਪਦਵੀ = ਪੱਧਤੀ **ਵਾ:** ਮੁਕਤੀ ਦੇ ਪਦਵੀ = ਰਾਹ ਸੈ = ਨਾਲੋਂ ਤਾਂ ਤੈਸੇ = ਤਿਹੋ ਜਿਹਾ ਮਾਨਸ = ਮਨੁੱਖਾ ਜਨਮ ਭਲੋ = ਚੰਗਾ ਹੈ ਅਰਥਾਤ ਜੇ ਜੀਵ ਮੁਕਤ ਹੋ ਗਿਆ ਤਾਂ ਸਤਿਸੰਗਤ ਦੀ ਸੇਵਾ ਗੁਰਾਂ ਦੇ ਦਰਸ਼ਨ ਕੌਣ ਕਰੇਗਾ। ਸੋ ਇਸ ਲਈ ਕਥਨ ਕਰਦੇ ਹਨ ਕਿ ਗੁਰਮੁਖ ਹੋਇ = ਹੋ ਕੇ ਸਾਧਸੰਗਿ = ਸਤਿਸੰਗਤ ਵਿਚ ਜਾ ਕੇ ਗੁਰ-ਉਪਦੇਸ਼ ਦੁਆਰਾ ਪ੍ਰਭ = ਪਰਮੇਸ਼ਰ ਨੂੰ ਧਿਆਵਈ = ਅਰਾਧਨਾ ਕਰੇ **ਅਥਵਾ** ਗੁਰਮੁਖ ਜਨਾਂ ਨੂੰ ਤਾਂ ਤੈਸੇ = ਤਿਹੋ ਜਿਹਾ ਮਾਨਸ = ਮਨੁੱਖਾ ਜਨਮ ਭਲੋ = ਚੰਗਾ ਹੈ ਜਿਸ ਵਿਚ ਮੁਕਤੀ ਦਾ ਰਸਤਾ ਤਿਆਗ ਕੇ ਸਤਿਸੰਗਤ ਵਿਚ ਪਰਮੇਸ਼ਰ ਨੂੰ ਅਰਾਧਨਾ ਕਰਦੇ ਹਨ ਕਿਉਂਕਿ ਗੁਰਮੁਖਾਂ ਦਾ ਇਹੋ ਹੀ ਸੁਭਾਅ ਹੋਇ = ਹੁੰਦਾ ਹੈ॥੧੫੪॥

ਜੈਸੇ ਸੂਆ ਉਡਤ ਫਿਰਤ ਬਨ ਬਨ ਪ੍ਰਤਿ;
ਜੈਸੇ ਈ ਬਿਰਖ ਬੈਠੇ, ਤੈਸੋ ਫਲੁ ਚਾਖਈ ॥

ਜੈਸੇ = ਜਿਸ ਪ੍ਰਕਾਰ ਸੂਆ = ਤੋਤਾ ਬਨ ਬਨ = ਜੰਗਲਾਂ ਜੰਗਲਾਂ ਪ੍ਰਤਿ = ਤਾਈਂ ਉਡਤ = ਉਡਾਰੀਆਂ ਮਾਰਦਾ ਫਿਰਤ = ਫਿਰਦਾ ਹੈ ਭਾਵ ਇਕ ਜੰਗਲ ਤੋਂ ਦੂਸਰੇ ਨੂੰ ਤੇ ਫੇਰ ਤੀਸਰੇ ਨੂੰ ਆਦਿ ਉੱਡਦਾ ਫਿਰਦਾ ਹੈ, ਜੈਸੇ = ਜਿਹੋ ਜਿਹੇ ਖੱਟੇ ਮਿੱਠੇ ਬੇਰ, ਅੰਬ ਆਦਿ ਫਲਦਾਰ ਬਿਰਖ = ਬ੍ਰਿਛਾਂ ਉੱਤੇ ਬੈਠੇ = ਬੈਠਣਾ ਕਰਦਾ ਹੈ, ਤੈਸੋ = ਉਹੋ ਜਿਹੇ ਫਲਾਂ ਦੇ ਸੁਆਦ ਨੂੰ ਚਾਖਈ = ਚਖਿਆ, ਖਾਣਾ ਕਰਦਾ ਹੈ।

ਪਰ ਬਸਿ ਹੋਇ ਜੈਸੀ ਜੈਸੀਐ ਸੰਗਤਿ ਮਿਲੈ;
ਸੁਨਿ ਉਪਦੇਸ ਤੈਸੀ ਭਾਖਾ ਲੈ ਸੁ ਭਾਖਈ ॥

ਪਰ = ਪਰਾਏ ਬਸਿ = ਅਧੀਨ ਹੋਇ = ਹੋ ਕੇ ਜੈਸੀ = ਜਿਹੋ ਜਿਹੀ ਸੰਗਤਿ ਤੋਤੇ ਨੂੰ ਮਿਲੈ = ਮਿਲਦੀ ਹੈ, ਤੈਸੀ = ਉਹੋ ਜਿਹੀ ਉਪਦੇਸ = ਸਿੱਖਿਆ ਨੂੰ ਸੁਨਿ = ਸ੍ਰਵਨ ਕਰ ਕੇ ਵੈਸੀ ਹੀ ਸੁ = ਉਹ ਭਾਖਾ = ਭਾਸ਼ਾ ਲੈ ਕੇ ਭਾਖਈ = ਉਚਾਰਨ ਕਰਦਾ ਹੈ।

ਤੈਸੇ ਚਿਤ ਚੰਚਲ ਚਪਲ ਜਲ ਕੋ ਸੁਭਾਉ;
ਜੈਸੇ ਰੰਗ ਸੰਗ ਮਿਲੈ, ਤੈਸੋ ਰੰਗ ਰਾਖਈ ॥

ਤੈਸੇ = ਉਸੇ ਪ੍ਰਕਾਰ ਚਿੱਤ ਦਾ ਚੰਚਲਤਾਈ ਵਾਲਾ ਭਾਵ ਉਡਾਰੀ ਮਾਰਨ ਵਾਲਾ ਸੁਭਾਅ ਹੋ ਜਾਂਦਾ ਹੈ, ਜਿਹੋ ਜਿਹੀ ਇਸ ਮਨ ਨੂੰ ਸੰਗਤ ਮਿਲ ਜਾਵੇ, ਉਹੋ ਜਿਹਾ ਹੋ ਜਾਂਦਾ ਹੈ। ਇਸੇ ਤਰ੍ਹਾਂ ਦਾ ਜਲ = ਪਾਣੀ

ਕੋ = ਦਾ ਚਪਲ = ਚੰਚਲ ਸੁਭਾਉ = ਸੁਭਾਅ ਹੈ, ਜੈਸੇ = ਜਿਹੋ ਜਿਹੇ ਰੰਗ ਸੰਗ = ਨਾਲ ਪਾਣੀ ਮਿਲੈ = ਮਿਲ ਜਾਂਦਾ ਹੈ, ਤੈਸੋ = ਉਹੋ ਜਿਹਾ ਆਪਣਾ ਰੰਗ ਰਾਖਈ = ਰੱਖ, ਕਰ ਲੈਂਦਾ ਹੈ।

ਅਧਮ ਅਸਾਧ ਜੈਸੇ ਬਾਰੁਨੀ ਬਿਨਾਸ ਕਾਲ;
ਸਾਧ ਸੰਗ ਗੰਗ ਮਿਲਿ ਸੁਜਨ ਭਿਲਾਖਈ ॥੧੫੫॥

ਜੈਸੇ = ਜਿਸ ਤਰ੍ਹਾਂ ਅਧਮ = ਨੀਚ ਤੇ ਅਸਾਧ = ਕੁਸੰਗੀ ਪੁਰਖ ਬਿਨਾਸ ਕਾਲ = ਮਰਨ ਦੇ ਸਮੇਂ ਵੀ ਬਾਰੁਨੀ = ਸ਼ਰਾਬ ਨੂੰ ਚਾਹੁੰਦਾ ਹੈ, ਇਸੇ ਤਰ੍ਹਾਂ ਸਾਧ = ਸ੍ਰੇਸ਼ਟ ਜਨਾਂ ਦੀ ਸੰਗ = ਸੰਗਤ ਵਿਚ ਮਿਲਿ = ਮਿਲਣ ਵਾਲੇ ਵੀ ਜਿਵੇਂ ਗੰਗਾ ਦੇ ਨਾਲ ਮਿਲ ਕੇ ਨਦੀ ਨਾਲੇ ਗੰਗਾ ਦਾ ਰੂਪ ਹੋ ਜਾਂਦੇ ਹਨ, ਇਸੇ ਤਰ੍ਹਾਂ ਨੀਚ ਤੇ ਕੁਸੰਗੀ ਪੁਰਖ ਵੀ ਸੁਜਨ (ਸੁ + ਜਨ) ਸੁ = ਸ੍ਰੇਸ਼ਟ ਜਨ = ਪੁਰਖ ਬਣ ਕੇ ਭਿਲਾਖਈ = ਭਲੇ ਬਣ ਜਾਂਦੇ ਹਨ **ਵਾ:** ਅਧਮ = ਪਾਪੀ ਤੇ ਅਸਾਧ = ਅਸੰਤ ਪੁਰਖਾਂ ਦੀ ਸੰਗਤ ਕਰਨੀ ਬਾਰੁਨੀ = ਸ਼ਰਾਬ ਦੀ ਨਿਆਈਂ ਹੈ ਭਾਵ ਜਿਵੇਂ ਸ਼ਰਾਬ ਪੀ ਕੇ ਪੁਰਖ ਭੈੜੇ ਕਰਮ, ਭੈੜੇ ਸੁਭਾਅ ਵਾਲਾ ਬਣ ਜਾਂਦਾ ਹੈ ਤੇ ਮਰਨ ਦਾ ਸਮਾਂ ਨੇੜੇ ਆ ਜਾਂਦਾ ਹੈ, ਇਹੋ ਜਿਹੀ ਅਸੰਤ ਪੁਰਖਾਂ ਦੀ ਸੰਗਤ ਕਰ ਕੇ ਨਰਕਾਂ, ਜਮਾਂ ਦੇ ਅਧੀਨ ਹੋਣ ਦਾ ਅਧਿਕਾਰੀ ਬਣ ਜਾਂਦਾ ਹੈ ਅਤੇ ਇਸੇ ਪ੍ਰਕਾਰ ਸਾਧ = ਸ੍ਰੇਸ਼ਟ ਪੁਰਖਾਂ ਦਾ ਸੰਗ = ਸਾਥ ਗੰਗ = ਗੰਗਾ ਵਤ ਹੈ ਭਾਵ ਜਿਵੇਂ ਗੰਗਾ ਵਿਚ ਆ ਕੇ ਮਿਲੇ ਪਾਣੀ ਨੂੰ ਗੰਗਾ ਆਪਣਾ ਰੂਪ ਬਣਾ ਲੈਂਦੀ ਹੈ, ਇਸੇ ਤਰ੍ਹਾਂ ਸਾਧ = ਸ੍ਰੇਸ਼ਟ ਤੇ ਸੁਜਨ = ਸੁਘੜ ਪੁਰਖਾਂ ਦੀ ਸੰਗਤ ਵਿਚ ਮਿਲਿ = ਮਿਲਣ ਵਾਲੇ ਵੀ ਮੋਖ ਦੀ ਭਿਲਾਖਈ = ਇੱਛਾ ਰੱਖਣ ਵਾਲੇ ਪੁਰਖ ਸ੍ਰੇਸ਼ਟ ਪੁਰਖਾਂ ਦਾ ਰੂਪ ਬਣ ਜਾਂਦੇ ਹਨ ॥੧੫੫॥

ਜੈਸੇ ਜੈਸੇ ਰੰਗ ਸੰਗਿ ਮਿਲਤ ਸੇਤਾਂਬਰ ਹੁਇ;
ਤੈਸੋ ਤੈਸੋ ਰੰਗ ਅੰਗ ਅੰਗ ਲਪਟਾਇ ਹੈ ॥

ਜੈਸੇ ਜੈਸੇ = ਜਿਸ ਜਿਸ ਰੰਗ ਸੰਗ = ਨਾਲ ਸੇਤਾਂਬਰ = ਚਿੱਟਾ ਬਸਤਰ ਮਿਲਤ = ਮਿਲ ਜਾਂਦਾ ਹੈ, ਤੈਸੋ ਤੈਸੋ = ਉਸੇ ਉਸੇ ਰੰਗ ਵਿਚ ਬਸਤਰ ਦਾ ਅੰਗ ਅੰਗ ਲਪਟਾਇ = ਖਚਿਤ ਹੁਇ = ਹੋ ਜਾਂਦਾ ਹੈ ਭਾਵ ਰੰਗ ਬਸਤਰ ਦੇ ਅੰਗ ਅੰਗ ਵਿਚ ਮਿਲ ਜਾਂਦਾ ਹੈ।

ਭਗਵਤ ਕਥਾ ਅਰਾਧਨ ਕਉ ਧਾਰਨੀਕ;
ਲਿਖਤ ਕ੍ਰਿਤਾਸ ਪਤ੍ਰ ਬੰਧ ਮੋਖਦਾਇ ਹੈ ॥

ਭਗਵਤ = ਪਰਮੇਸ਼ਰ ਦੀ ਪ੍ਰਾਪਤੀ ਵਾਲੀ ਕਥਾ = ਵਾਰਤਾ ਜੋ ਅਰਾਧਨ = ਚੇਤੇ ਕਰਨ ਕਉ = ਨੂੰ ਤੇ ਚਿੱਤ ਵਿਚ ਧਾਰਨੀਕ = ਧਾਰਨ ਨੂੰ ਚੰਗੀ ਹੈ ਅਰਥਾਤ ਪਰਮੇਸ਼ਰ ਦੀ ਵਾਰਤਾ ਜੋ ਚੇਤੇ ਕਰਨ ਦੇ ਲਾਇਕ ਹੈ, ਉਹ ਵਾਰਤਾ ਜੇਕਰ ਕ੍ਰਿਤਾਸ[1] = ਕਾਗ਼ਜ਼ ਦੇ ਪਤ੍ਰ = ਪੱਤਰਿਆਂ ਉੱਤੇ ਲਿਖਤ = ਲਿਖ ਦੇਣਾ ਕਰੀਏ ਤਾਂ ਉਹ ਬੰਧ = ਬੰਧਨਾਂ ਨੂੰ ਦੂਰ ਕਰ ਕੇ (ਮੋਖ + ਦਾਇ) ਮੋਖ = ਮੁਕਤੀ ਦਾਇ = ਦਿੰਦੀ ਹੈ ਅਤੇ ਉਹ ਕਾਗ਼ਜ਼ ਵੀ ਪਵਿੱਤਰ ਹੋ ਜਾਂਦਾ ਹੈ ਅਤੇ ਜੇਕਰ ਉਸੇ ਕਾਗ਼ਜ਼ ਦੇ ਪੱਤਰੇ ਉੱਤੇ ਵਿਸ਼ੇ-ਵਿਕਾਰ ਪੈਦਾ ਕਰਨ ਵਾਲੇ

---

੧. ਕ੍ਰਿਤਾਸ = ਕਾਗ਼ਜ਼, ਜੋ ਸਣ ਆਦਿਕ ਪਦਾਰਥਾਂ ਨੂੰ ਗਾਲ ਕੇ ਤਿਆਰ ਕੀਤਾ ਜਾਂਦਾ ਹੈ, ਉਦੋਂ ਬਦਬੂਦਾਰ ਤੇ ਗੰਦਾ ਮੰਨਿਆ ਜਾਂਦਾ ਹੈ। ਸੁੱਕ ਕੇ ਉਸ ਦੀ ਬਦਬੂ ਖ਼ਤਮ ਹੋ ਜਾਂਦੀ ਹੈ।

ਅੱਖਰ ਲਿਖ ਦੇਣਾ ਕਰੀਏ ਤਾਂ ਉਹ ਲਿਖਤ ਬੰਧਨ ਦਾ ਕਾਰਨ ਹੋ ਜਾਂਦੀ ਹੈ ਭਾਵ ਜੇਕਰ ਕਾਗ਼ਜ਼ ਉੱਪਰ ਪਰਮੇਸ਼ਰ ਦਾ ਨਾਮ ਲਿਖ ਦੇਣਾ ਕਰੀਏ ਤਾਂ ਉਸੇ ਕਾਗ਼ਜ਼ ਨੂੰ ਲੋਕੀਂ ਨਮਸਕਾਰ ਕਰਦੇ ਹਨ ਅਤੇ ਜੇਕਰ ਭੈੜੀਆਂ ਗੱਲਾਂ ਲਿਖ ਦੇਈਏ ਤਾਂ ਲੋਕੀਂ ਉਸੇ ਕਾਗ਼ਜ਼ ਦਾ ਨਿਰਾਦਰ ਕਰਦੇ ਹਨ, ਭਾਵ ਪਾੜ ਕੇ ਗੰਦੇ ਮੰਦੇ ਥਾਵਾਂ 'ਤੇ ਸੁੱਟ ਦਿੰਦੇ ਹਨ। ਜੈਸਾ ਕਿ :

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥੨॥

(ਮਲਾਰ ਭਗਤ ਰਵਿਦਾਸ ਜੀ, ਅੰਗ ੧੨੯੩)

ਸੀਤ ਗ੍ਰੀਖਮਾਦਿ ਬਰਖਾ ਤ੍ਰਿਬਿਧਿ ਬਰਖ ਮੈ;
ਨਿਸਿ ਦਿਨ ਹੋਇ ਅਘੁ ਦੀਰਘ ਦਿਖਾਇ ਹੈ॥

ਸੀਤ = ਸਰਦ ਰੁੱਤ, ਜੇਠ ਹਾੜ ਗ੍ਰੀਖਮਾਦਿ = ਗਰਮੀ ਆਦਿ ਦੀ ਰੁੱਤ, ਸਾਉਣ ਭਾਦੋਂ ਵਿਚ ਬਰਖਾ = ਬਰਸਾਤ ਦੇ ਦਿਨ ਇਉਂ ਤ੍ਰਿਬਿਧਿ = ਤਿੰਨ ਤਰ੍ਹਾਂ ਦੀ ਰੁੱਤ ਬਰਖ = ਸਾਲ (ਵਰ੍ਹੇ) ਮੈ = ਵਿਚ ਸੰਗ ਕਰਕੇ ਨਿਸਿ = ਰਾਤ ਦਿਨ ਲਘੁ = ਛੋਟੇ ਤੇ ਦੀਰਘ = ਵੱਡੇ ਆਪਣੇ ਆਪ ਵਿਚ ਹੋਇ = ਹੋ ਕੇ ਦਿਖਾਇ = ਦਿਸ ਆਉਂਦੇ ਹਨ ਅਰਥਾਤ ਸਾਰੇ ਸਾਲ ਵਿਚ ਇਹ ਤਿੰਨ ਰੁੱਤਾਂ (ਗ੍ਰੀਖਮ, ਪਾਵਸ, ਸਰਦ ਰੁੱਤ) ਦੇ ਅੱਸੂ-ਕੱਤਕ, ਜੇਠ-ਹਾੜ ਤੇ ਸਾਉਣ-ਭਾਦਰੋਂ ਇਨ੍ਹਾਂ ਮਹੀਨਿਆਂ ਦੀ ਸੰਗਤ ਕਰ ਕੇ ਦਿਨ ਰਾਤ ਛੋਟੇ ਵੱਡੇ ਹੁੰਦੇ ਰਹਿੰਦੇ ਹਨ।

ਤੈਸੇ ਚਿਤ ਚੰਚਲ ਚਪਲ ਪਉਨ ਗਉਨ ਗਤਿ;
ਸੰਗਮ ਸੁਗੰਧ ਬਿਰਗੰਧ ਪ੍ਰਗਟਾਇ ਹੈ॥੧੫੬॥

ਤੈਸੇ = ਉਸੇ ਪ੍ਰਕਾਰ ਚਿਤ ਚੰਚਲ = ਟਿਕ ਕੇ ਰਹਿਣ ਵਾਲਾ ਨਹੀਂ ਹੈ, ਜਿਸ ਪ੍ਰਕਾਰ ਪਉਨ = ਹਵਾ ਦੇ ਗਉਨ = ਚੱਲਣ ਦੀ ਗਤਿ = ਚਾਲ ਚਪਲ = ਚੰਚਲ ਹੁੰਦੀ ਹੈ ਅਤੇ ਜੇਕਰ ਹਵਾ ਦਾ ਸੰਗਮ = ਮੇਲ ਸੁਗੰਧ = ਸ੍ਰੇਸ਼ਟ ਵਾਸ਼ਨਾ ਨਾਲ ਹੋ ਜਾਵੇ ਤਾਂ ਸ੍ਰੇਸ਼ਟ ਵਾਸ਼ਨਾ ਹਵਾ ਵਿੱਚੋਂ ਪ੍ਰਗਟ ਆਉਣ ਲੱਗ ਪੈਂਦੀ ਹੈ ਤੇ ਜੇਕਰ ਹਵਾ ਦਾ ਮੇਲ ਬਿਰਗੰਧ = ਦੁਰਗੰਧੀ ਨਾਲ ਹੋ ਜਾਵੇ ਤਾਂ ਦੁਰਗੰਧੀ ਪ੍ਰਗਟ ਆਉਣ ਲੱਗ ਪੈਂਦੀ ਹੈ। ਇਸੇ ਪ੍ਰਕਾਰ ਹੀ ਚੰਚਲ ਮਨ ਦੀ ਚਲਾਏਮਾਨ ਦਸ਼ਾ ਦਾ ਸੁਭਾਅ ਹੈ, ਜੇਕਰ ਇਸ ਦਾ ਮੇਲ ਭਗਤੀ ਰੂਪ ਸ੍ਰੇਸ਼ਟ ਸੁਗੰਧੀ ਵਾਲੇ ਪੁਰਖਾਂ ਨਾਲ ਹੋ ਜਾਵੇ ਤਾਂ ਇਸ ਵਿੱਚੋਂ ਵੀ ਭਗਤੀ ਰੂਪ ਸ੍ਰੇਸ਼ਟ ਸੁਗੰਧੀ ਆਉਣ ਲੱਗ ਪੈਂਦੀ ਹੈ, ਜੇਕਰ ਕੁਸੰਗਤ ਰੂਪ ਦੁਰਗੰਧੀ ਨਾਲ ਮੇਲ ਹੋ ਜਾਵੇ ਤਾਂ ਵਿਸ਼ੇ-ਵਿਕਾਰਾਂ ਰੂਪ ਦੁਰਗੰਧੀ ਅੰਦਰ ਪ੍ਰਗਟ ਹੋ ਆਉਂਦੀ ਹੈ॥੧੫੬॥

ਚਤੁਰ ਪਹਰ ਦਿਨ, ਜਗਤਿ ਚਤੁਰ ਜੁਗ;
ਨਿਸਿ ਮਹਾ ਪਰਲੈ ਸਮਾਨਿ ਦਿਨ ਪ੍ਰਤਿ ਹੈ॥

ਦਿਨ ਦੇ ਚਤੁਰ = ਚਾਰ ਪਹਰ ਵਤ ਜਗਤਿ = ਸੰਸਾਰ ਦੇ ਜੋ ਚਤੁਰ = ਚਾਰ ਜੁਗ ਹਨ ਅਤੇ ਨਿੱਤ ਨਮਿੱਤ ਗਿਆਨ ਤੇ ਮਹਾਂ ਪਰਲੋ ਰੂਪ ਇਹ ਨਿਸਿ = ਰਾਤ ਦੇ ਚਾਰ ਪਹਿਰ ਜੋ ਹਨ, ਇਹ ਦਿਨ ਪ੍ਰਤਿ ਦਿਨ ਭਾਵ ਹਰ ਰੋਜ਼ ਦਿਨ ਰਾਤ ਚੌਪੜ ਦੇ ਖ਼ਾਨਿਆਂ ਸਮਾਨ = ਵਤ ਪਸਰੇ (ਫੈਲੇ) ਰਹਿੰਦੇ ਹੈ = ਹਨ।

ਅਥਵਾ ਜਗਤ = ਸੰਸਾਰ ਦੇ ਵਿਚ ਦਿਨ ਪ੍ਰਤਿ = ਹਰ ਰੋਜ਼ ਹੀ ਪੈਦਾਇਸ਼ ਤੇ ਮਹਾਂ ਪਰਲੋ ਦੇ ਸਮਾਨਿ = ਬਰਾਬਰ ਦਿਨ ਰਾਤ ਆਉਂਦੇ ਹਨ ਤੇ ਦਿਨ ਦੇ ਚਾਰ ਪਹਿਰ ਜਾਂ ਚਾਰ ਜੁਗ ਇਹ ਚੌਪੜ ਦੇ ਚਾਰ ਖ਼ਾਨੇ ਹਨ।

ਊਤਮ ਮਧਿਮ ਨੀਚ ਤ੍ਰਿਗੁਣ ਸੰਸਾਰ ਗਤਿ;
ਲੋਗ ਬੇਦ ਗਿਆਨ ਉਨਮਾਨ ਆਸਕਤਿ ਹੈ॥

ਜਿਸ ਪ੍ਰਕਾਰ ਚੌਪੜ ਦੀ ਖੇਡ ਵਿਚ ਬਾਦਸ਼ਾਹ, ਗ਼ੁਲਾਮ (ਵਜ਼ੀਰ) ਤੇ ਪਿਆਦਿਆਂ ਰੂਪ ਗੋਟਾਂ ਦੀ ਖੇਡ ਖੇਡੀਦੀ ਹੈ, ਉਸੇ ਪ੍ਰਕਾਰ ਤ੍ਰਿਗੁਣ = ਤਿੰਨ ਗੁਣਾਂ ਵਾਲੇ ਸੰਸਾਰ = ਜਗਤ ਵਿਚ ਊਤਮ = ਸ੍ਰੇਸ਼ਟ ਭਾਵ ਸਤੋਗੁਣੀ, ਮਧਮ ਵਤ ਰਜੋਗੁਣੀ ਤੇ ਨੀਚ ਭਾਵ ਤਮੋਗੁਣੀ ਜੀਵ ਰੂਪ ਗੋਟਾਂ ਦੀ ਗਤਿ = ਚਾਲ ਹੈ ਅਤੇ ਜਿਸ ਪ੍ਰਕਾਰ ਚੌਪੜ ਦੇ ਸੰਕੇਤੀ ਨਿਯਮਾਂ ਮੂਜਬ **ਵਾ:** ਖਿਲਾੜੀਆਂ ਦੇ ਆਮ ਵਰਤਾਰੇ ਤਥਾ ਉਕਤ ਬਾਜ਼ੀ ਅਨੁਸਾਰ ਸੁੱਟੀਆਂ ਨਰਦਾਂ = ਪਾਸਜਾਂ, ਮੂਜਬ ਉਨ੍ਹਾਂ ਗੋਟਾਂ ਵਿਚ ਉਚ ਨੀਚ ਚਾਲ ਵਾਪਰਦੀ ਰਹਿੰਦੀ ਹੈ, ਇਸੇ ਤਰ੍ਹਾਂ ਲੋਗ = ਲੌਕਿਕ ਗਿਆਨ ਭਾਵ ਸੰਸਾਰਕ ਗੀਤੀ-ਰਿਵਾਜ, ਬੇਦ = ਬੈਦਿਕ ਗਿਆਨ ਭਾਵ ਕਰਮ, ਉਪਾਸਨਾ, ਗਿਆਨ ਆਦਿ ਤੇ ਉਨਮਾਨ = ਅਨੁਮਾਨ, ਦਲੀਲ ਬਾਜ਼ੀ ਅਨੁਸਾਰ ਆਸਕਤਿ = ਰੁਚੀ ਧਾਰਦਿਆਂ ਹੋਇਆਂ ਇਨ੍ਹਾਂ ਜੀਵਾਂ ਦੀ ਲੋਕ-ਪ੍ਰਲੋਕ ਭਾਵੀ ਚਾਲ ਦਾ ਵਰਤਾਰਾ ਵਰਤਦਾ ਰਹਿੰਦਾ ਹੈ।

ਅਥਵਾ ਤ੍ਰਿਗੁਣ = ਤਿੰਨ (ਰਜੋ, ਸਤੋ, ਤਮੋ) ਗੁਣਾਂ ਵਾਲੇ ਜਗਤ ਦੀ ਜੋ ਗਤਿ = ਚਾਲ ਹੈ ਭਾਵ ਜੋ ਜਗਤ ਵਿਚ ਗੁਜ਼ਰ ਰਿਹਾ ਸਮਾਂ ਹੈ, ਇਸ ਵਿਚ ਸਤੋਗੁਣ ਧਾਰਨ ਵਾਲੇ ਊਤਮ = ਸ੍ਰੇਸ਼ਟ ਪੁਰਖ ਆਤਮਿਕ ਗਿਆਨ ਨੂੰ ਉਨਮਾਨ = ਵਿਚਾਰਨ ਲੱਗੇ ਹੋਏ ਹਨ ਤੇ ਰਜੋਗੁਣ ਵਾਲੇ ਮਧਿਮ = ਵਿਚਕਾਰਲੇ ਲੋਕ ਸੰਸਾਰਕ ਗੀਤਾਂ ਦੇ ਵਿਚ ਆਸਕਤਿ = ਖਚਿਤ ਹੋਏ ਰਹਿੰਦੇ ਹਨ, ਤਮੋਗੁਣ ਵਾਲੇ ਨੀਚ = ਮਾੜੇ ਕਰਮ ਕਰਨ ਵਾਲੇ ਲੋਕ ਵਿਸ਼ੇ-ਵਿਕਾਰਾਂ ਵਿਚ ਖਚਿਤ ਰਹਿੰਦੇ ਹਨ ਅਰਥਾਤ ਇਹ ਸੰਸਾਰ ਚੌਪੜ ਦੀ ਖੇਡ ਵਾਂਗ ਹੈ। ਇਸ ਵਿਚ ਸਾਰੇ ਲੋਕੀਂ ਆਪੋ-ਆਪਣੇ ਕੰਮਾਂ-ਕਾਰਾਂ ਵਿਚ ਫਸੇ ਰਹਿੰਦੇ ਹਨ ਤੇ ਇਸੇ ਕਰਕੇ ਸੰਸਾਰੀ ਲੋਕ ਇਸ ਖੇਡ ਵਿੱਚੋਂ ਹਾਰ ਜਾਂਦੇ ਹਨ ਤੇ ਗੁਰਮੁਖ ਜਨ ਗੁਰ-ਉਪਦੇਸ਼ ਦੁਆਰਾ ਪ੍ਰਭੂ ਨਾਮ ਦਾ ਚਿੰਤਨ ਕਰਦੇ ਰਹਿੰਦੇ ਹਨ, ਇਸੇ ਕਰਕੇ ਜਿੱਤ ਕੇ ਜਾਂਦੇ ਹਨ।

ਰਜਿ ਤਮਿ ਸਤਿ ਗੁਨ ਅਉਗਨ ਸਿਮ੍ਰਤ ਚਿਤ;
ਤ੍ਰਿਗੁਨ ਅਤੀਤ ਬਿਰਲੋ ਈ ਗੁਰਮਤਿ ਹੈ॥

ਇਸ ਦਾ ਮਤਲਬ ਹੈ ਕਿ ਰਜਿ = ਰਜੋਗੁਣੀ ਪਰਵਿਰਤੀ, ਤਮਿ = ਤਮੋਗੁਣੀ ਤੇ ਸਤਿ ਗੁਨ = ਸਤੋਗੁਣੀ ਪਰਵਿਰਤੀ ਰੂਪ ਅਉਗਨ = ਗੁਣਾਂ ਤੋਂ ਉਲਟ ਭਾਵ ਔਗੁਣ ਭਰੀ ਖੇਡ (ਸਿ + ਮ੍ਰਤ) ਸਿ = ਨਾਲ ਚਿੱਤ ਹਾਰ ਜਿੱਤ ਵਿਚ ਵੀ ਮ੍ਰਤ = ਮਰਦਾ ਰਹਿੰਦਾ ਹੈ ਭਾਵ ਮੁੜ ਮੁੜ ਜੰਮਣ ਮਰਨ ਰੂਪ ਦਸ਼ਾ ਨੂੰ ਪ੍ਰਾਪਤ ਹੁੰਦਾ ਰਹਿੰਦਾ ਹੈ, ਪਰੰਤੂ ਜੁੱਟ ਵਿਚ ਆ ਕੇ ਨਰਦ ਦੀ ਮਾਰ ਤੋਂ ਬਚੀ ਹੋਈ ਟਾਂਵੀਂ ਗੁੱਟ ਵਾਂਗ ਗੁਰਮਤਿ = ਗੁਰ ਸਿੱਖਿਆ ਅਨੁਸਾਰ ਜੀਵਨ ਬਤੀਤ ਕਰਨ ਵਾਲਾ ਕੋਈ ਬਿਰਲੋ ਈ = ਟਾਂਵਾਂ ਹੀ ਗੁਰਮੁਖ ਹੁੰਦਾ ਹੈ।

ਅਥਵਾ ਗੁਰਮੁਖ ਜਨ ਨੇ ਜਗਤ ਨੂੰ ਮਿਥਿਆ ਸਮਝ ਕੇ ਇਸ ਖੇਡ ਨੂੰ ਜਿੱਤਣਾ ਕੀਤਾ ਹੈ ਤੇ ਰਜੋ ਤਮੋ ਗੁਣ ਵਿਚ ਬਹੁਤਾ ਕ੍ਰੋਧਵਾਨ ਹੋ ਕੇ ਆਪਣੇ ਮਨ ਨੂੰ ਤੜਫ਼ਾਉਣ ਵੱਲੋਂ ਸਤੋ ਗੁਣ ਧਾਰਨ ਕਰ ਕੇ ਸ਼ਾਂਤੀ ਰੱਖਣਾ ਕੀਤੀ ਹੈ ਭਾਵੇਂ ਕੋਈ ਅੱਗੋਂ ਅਪਮਾਨ ਜਨਕ ਬੋਲ ਬੋਲੇ, ਪਰ ਗੁਰਮੁਖ ਜਨਾਂ ਨੇ ਇਨ੍ਹਾਂ ਗੁਣਾਂ

ਨੂੰ ਚਿੱਤ ਵਿਚ ਔਗੁਣ ਰੂਪ ਜਾਣ ਕੇ ਸਿਮ੍ਰਤ = ਯਾਦ ਕਰਨਾ ਛੱਡ ਦਿੱਤਾ ਹੈ, ਭਾਵ ਗੁਰਮੁਖ ਜਨ ਆਪਣੀ ਉਪਮਾ ਸੁਣ ਕੇ ਪ੍ਰਸੰਨ ਨਹੀਂ ਹੁੰਦੇ ਤੇ ਨਿੰਦਿਆ ਸੁਣ ਕੇ ਤੀਖਣ ਬਿਰਤੀ ਨਹੀਂ ਕਰਦੇ, ਐਸੇ ਰਜੋ, ਤਮੋ, ਸਤੋ ਤ੍ਰਿਗੁਨ = ਤਿੰਨ ਗੁਣਾਂ ਵਾਲੇ ਸੰਸਾਰ ਤੋਂ ਅਤੀਤ = ਰਹਿਤ ਤੇ ਗੁਰਮਤਿ ਨੂੰ ਧਾਰਨ ਵਾਲੇ ਟਾਂਵੇ ਹੀ ਗੁਰਮੁਖ ਹਨ।

ਚਤੁਰ ਬਰਨ ਸਾਰ ਚਉਪਰ ਕੋ ਖੇਲੁ ਜਗ;
ਸਾਧਸੰਗਿ ਜੁਗਲ ਹੁਇ ਜੀਵਨ ਮੁਕਤਿ ਹੈ ॥੧੫੭॥

(ਪਾਠਾਂਤ੍ਰ 'ਖੇਲੁ ਜੁਗ')

ਇਹ ਜਗ = ਜਗਤ ਚਉਪਰ = ਚੌਪੜ ਦੀ ਖੇਲੁ = ਖੇਡ ਵਤ ਹੈ, ਇਸ ਵਿਚ ਚਤੁਰ = ਚਾਰ (ਅੰਡਜ, ਜੇਰਜ, ਸੇਤਜ, ਉਤਭੁਜ ਰੂਪ) ਬਰਨ = ਰੰਗ ਦੀਆਂ ਸਾਰ = ਨਰਦਾਂ ਹਨ, ਇਸ ਖੇਡ ਵਿਚ ਜੁਗਲ = ਦੋ ਗੁਰਮੁਖ ਤੇ ਮਨਮੁਖ ਰੂਪ ਖਿਲਾੜੀ ਖੇਡਣ ਲੱਗੇ ਹੋਏ ਹਨ। ਮਨਮੁਖ ਜਗਤ ਵਾਲੇ ਪਾਸੇ ਲੱਗੇ ਹੋਏ ਹਨ ਤੇ ਉਨ੍ਹਾਂ ਦੇ ਤਿੰਨ ਕਾਣੇ (ਜੋ ਹਾਰਨ ਵਾਲੇ ਦਾ ਹੋਵੇ) ਪਏ ਅਤੇ ਉਹ ਹਾਰ ਕੇ ਨਰਕਾਂ ਵਿਚ ਜਾ ਪਏ ਅਤੇ ਗੁਰਮੁਖ ਜਨ ਸਾਧਸੰਗਿ = ਸਤਿਸੰਗਤ ਵਿਚ ਲੱਗ ਕੇ ਸੇਵਾ ਸਿਮਰਨ ਕਰਨ ਲੱਗ ਪਏ, ਜਿਸ ਕਰਕੇ ਉਨ੍ਹਾਂ ਦੇ ਪੌਂ ਬਾਰ੍ਹਾਂ ਪਏ, ਭਾਵ ਉਨ੍ਹਾਂ ਨੇ ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਮਨ ਤੇ ਬੁੱਧ ਨੂੰ ਮਾੜੇ ਪਾਸਿਉਂ ਰੋਕ ਲੈਣਾ ਕੀਤਾ ਹੈ। ਉਨ੍ਹਾਂ ਦੇ ਇਹੋ ਹੀ ਪੌਂ ਬਾਰ੍ਹਾਂ ਪਏ ਹਨ ਤੇ ਉਹ ਜੀਵਨ = ਜਿਉਂਦੇ ਹੀ ਮੁਕਤਿ = ਮੁਕਤੀ ਨੂੰ ਪਾ ਲੈਂਦੇ ਹਨ, ਭਾਵ ਸੰਸਾਰ ਵਿਚ ਰਹਿੰਦੇ ਹੀ ਸੱਚ ਸਰੂਪ ਦੀ ਪ੍ਰਾਪਤੀ ਕਰ ਲੈਂਦੇ ਹਨ॥੧੫੭॥

ਜੈਸੇ ਰੰਗ ਸੰਗ ਮਿਲਤ ਸਲਿਲ ਮਿਲਿ;
ਹੋਇ ਤੈਸੋ, ਤੈਸੋ ਰੰਗ ਜਗਤੁ ਮੈ ਜਾਨੀਐ ॥

ਜੈਸੇ = ਜਿਹੋ ਜਿਹੇ ਰੰਗ ਸੰਗ = ਨਾਲ ਸਲਿਲ = ਪਾਣੀ ਮਿਲਤ = ਮਿਲਣਾ ਕਰਦਾ ਹੈ ਤਾਂ ਪਾਣੀ ਰੰਗ ਨਾਲ ਮਿਲਿ = ਮਿਲਣੇ ਕਰਕੇ ਤੈਸੋ ਤੈਸੋ = ਉਹੋ ਉਹੋ ਜਿਹੇ ਰੰਗ ਦਾ ਹੋਇ = ਹੋ ਜਾਂਦਾ ਹੈ, ਇਹ ਗੱਲ ਸਾਰੇ ਜਗਤੁ = ਸੰਸਾਰ ਮੈ = ਵਿਚ ਜਾਨੀਐ = ਜਾਣੀ ਜਾਂਦੀ ਹੈ।

ਚੰਦਨ ਸੁਗੰਧ ਮਿਲਿ ਪਵਨ ਸੁਗੰਧ;
ਸੰਗਿ ਮਲ ਮੂਤ੍ਰ ਸੂਤ੍ਰ ਬ੍ਰਿਗੰਧ ਉਨਮਾਨੀਐ ॥

ਚੰਦਨ ਬ੍ਰਿਛ ਦੀ ਸੁਗੰਧ = ਵਾਸ਼ਨਾ ਨਾਲ ਮਿਲਿ = ਮਿਲਣੇ ਕਰਕੇ ਪਵਨ = ਹਵਾ ਵੀ ਸੁਗੰਧ = ਸ੍ਰੇਸ਼ਟ ਮਹਿਕ ਵਾਲੀ ਬਣ ਜਾਂਦੀ ਹੈ ਤੇ ਉਹੋ ਹਵਾ ਮਲ = ਗੰਦਗੀ, ਮੂਤ੍ਰ = ਪਿਸ਼ਾਬ ਦੇ ਸੂਤ੍ਰ = ਸੂਤ ਕਾਰਨ ਬ੍ਰਿਗੰਧ = ਭੈੜੀ ਵਾਸ਼ਨਾ ਵਾਲੀ ਦੁਰਗੰਧੀ ਉਨਮਾਨੀਐ = ਵਿਚਾਰਨਾ ਕਰੀਦੀ ਹੈ।

ਜੈਸੇ ਜੈਸੇ ਪਾਕ ਸਾਕ ਬਿੰਜਨ ਮਿਲਤ ਘ੍ਰਿਤ;
ਤੈਸੋ ਤੈਸੋ ਸ੍ਵਾਦ ਰਸੁ ਰਸਨਾ ਕੈ ਮਾਨੀਐ ॥

ਜੈਸੇ ਜੈਸੇ = ਜਿਸ ਜਿਸ ਤਰ੍ਹਾਂ ਦੇ ਪਾਕ = ਰਸੋਈ ਵਿਚ ਪਕਾਏ ਹੋਏ ਸਾਕ = ਸਾਗ ਆਦਿ

ਬਿੰਜਨ = ਖਾਣ ਯੋਗ ਪਦਾਰਥਾਂ ਦੇ ਨਾਲ ਘ੍ਰਿਤ = ਘਿਉ ਮਿਲਤ = ਮਿਲਣਾ ਕਰਦਾ ਹੈ, ਤੈਸੋ ਤੈਸੋ = ਉਸ ਉਸ ਤਰ੍ਹਾਂ ਦੇ ਹੀ ਰਸ ਵਾਲੇ ਸੁਆਦ ਉਹ ਰਸਨਾ = ਜਿਹਬਾ ਕੈ = ਦੇ ਦੁਆਰਾ ਮਾਨੀਐ = ਮੰਨਣ ਵਿਚ ਆਇਆ ਕਰਦੇ ਹਨ।

ਤੈਸੇ ਹੀ ਅਸਾਧ ਸਾਧ ਸੰਗਤਿ ਸੁਭਾਵ ਗਤਿ;
ਮੂਰੀ ਅਉ ਤੰਬੋਲ ਰਸ ਖਾਏ ਤੇ ਪਹਿਚਾਨੀਐ ॥੧੫੮॥

ਤੈਸੇ = ਉਸੇ ਤਰ੍ਹਾਂ ਹੀ ਅਸਾਧ = ਅਸੰਤ ਤੇ ਸਾਧ = ਸ੍ਰੇਸ਼ਟ ਪੁਰਖਾਂ ਦੀ ਸੰਗਤ ਦੀ ਗਤਿ = ਚਾਲ ਦਾ ਸੁਭਾਵ = ਸੁਭਾਅ ਹੈ **ਵਾ:** ਸਾਧ ਸੰਗਤ ਦੇ ਸੁਭਾਅ ਦੀ ਗਤਿ = ਦਸ਼ਾ ਹੁੰਦੀ ਹੈ, ਭਾਵ ਕੁਸੰਗਤ ਵਿਚ ਪੁਰਖ ਭੈੜੇ ਸੁਭਾਵ ਵਾਲਾ ਬਣ ਜਾਂਦਾ ਹੈ ਤੇ ਸਾਧਸੰਗਤ ਵਿਚ ਚੰਗੇ ਸੁਭਾਵ ਵਾਲਾ ਬਣ ਜਾਂਦਾ ਹੈ, ਜਿਵੇਂ ਮੂਰੀ = ਮੂਲੀ ਅਉ = ਅਤੇ ਤੰਬੋਲ = ਪਾਨ ਦਾ ਰਸ ਖਾਏ = ਖਾਣ ਤੋਂ ਹੀ ਪਹਿਚਾਨੀਐ = ਪਛਾਣਿਆ ਜਾ ਸਕਦਾ ਹੈ। ਉਸੇ ਤਰ੍ਹਾਂ ਚੰਗੇ ਤੇ ਮਾੜੇ ਦੀ ਪਹਿਚਾਣ ਸੰਗਤ ਤੋਂ ਹੀ ਹੋ ਜਾਇਆ ਕਰਦੀ ਹੈ, ਇਸ ਲਈ ਕੁਸੰਗਤ ਤੋਂ ਬਚ ਕੇ ਸਤਿਸੰਗਤ ਵਿਚ ਹੀ ਜਾਣਾ ਕਰੇ॥੧੫੮॥

ਬਾਲਕ ਕਿਸ਼ੋਰ ਜੋਬਨਾਦਿ ਅਉ ਜਰਾ ਬਿਵਸਥਾ;
ਏਕ ਹੀ ਜਨਮ ਹੋਤ ਅਨਿਕ ਪ੍ਰਕਾਰ ਹੈ ॥

ਦਸ ਸਾਲ ਦੀ ਉਮਰ ਤਕ ਬਾਲਕ = ਬਾਲ ਅਵਸਥਾ, ਗਿਆਰਾਂ ਤੋਂ ਵੀਹ ਵਰ੍ਹੇ ਤਕ ਕਿਸ਼ੋਰ ਅਵਸਥਾ ਜੋਬਨਾਦਿ = ਜਵਾਨੀ ਆਦਿ ਦੀ ਅਵਸਥਾ (੨੧ ਤੋਂ ੪੦ ਸਾਲ ਤਕ) ਅਉ = ਅਤੇ ਜਰਾ = ਬਿਰਧ (ਬੁਢੇਪੇ) ਆਦਿ ਅਵਸਥਾ ਦੀ ਜੋ ਬਿਵਸਥਾ = ਉਮਰ ਦੀ ਵਿਉਂਤ ਹੈ, ਸੋ ਉਹ ਏਕ = ਇਕ ਹੀ ਜਨਮ ਭਾਵ ਜ਼ਿੰਦਗੀ ਦੀਆਂ ਅਨਿਕ = ਬਹੁਤ ਪ੍ਰਕਾਰ = ਤਰ੍ਹਾਂ ਦੀਆਂ ਵੱਖਰੀਆਂ ਵੱਖਰੀਆਂ ਦਸ਼ਾ ਦਾ ਕਥਨ ਹੋਤ = ਹੁੰਦਾ ਹੈ।

ਜੈਸੇ ਨਿਸਿ ਦਿਨ ਤਿਥਿ ਵਾਰ ਪਛ ਮਾਸ ਰੁਤਿ;
ਚਤੁਰ ਮਾਸ ਤ੍ਰਿਬਿਧਿ ਬਰਖ ਬਿਥਾਰ ਹੈ ॥

ਜੈਸੇ = ਜਿਸ ਪ੍ਰਕਾਰ ਚਾਰ ਪਹਿਰ ਦੀ ਨਿਸਿ = ਰਾਤ, ਚਾਰ ਪਹਿਰ ਦਾ ਦਿਨ ਭਾਵ ਅੱਠ ਪਹਿਰ ਦੇ ਦਿਨ ਤੇ ਰਾਤ ਦੀ ਇਕ ਥਿੱਤ, ਪੰਦਰਾਂ ਥਿਤਿ = ਥਿੱਤਾਂ, ਸੱਤ ਵਾਰ, ਦੋ ਪਛ = ਪੱਖ (ਹਨੇਰਾ ਤੇ ਚਾਨਣਾ), ਬਾਰ੍ਹਾਂ ਮਾਸ = ਮਹੀਨੇ, ਛੇ ਰੁਤਿ = ਰੁੱਤਾਂ (ਬਸੰਤ, ਗ੍ਰੀਖਮ, ਪਾਵਸ, ਸਰਦ, ਹਿਮਕਰ, ਸਿਸੀਅਰ) ਇਨ੍ਹਾਂ ਚਤੁਰ = ਚਾਰ ਮਾਸ = ਮਹੀਨਿਆਂ ਦੀ ਤ੍ਰਿਬਿਧਿ = ਤਿੰਨ ਤਰ੍ਹਾਂ ਦੀ ਵਿਧੀ ਇਹ ਸਭ ਇਕ ਬਰਖ = ਸਾਲ ਦਾ ਬਿਥਾਰ = ਫੈਲਾਅ, ਪਸਾਰਾ ਹੁੰਦਾ ਹੈ।

ਜਾਗ੍ਰਤ ਸੁਪਨ ਅਉ ਸਖੋਪਤਿ ਅਵਸਥਾ ਕੈ;
ਤੁਰੀਆ ਪ੍ਰਗਾਸ ਗੁਰ ਗਿਆਨ ਉਪਕਾਰ ਹੈ ॥

ਜਾਗ੍ਰਤ ਸੁਪਨ ਅਉ = ਅਤੇ ਸਖੋਪਤਿ = ਸਖੋਪਤੀ ਅਵਸਥਾ ਕੈ = ਅਥਵਾ ਤੁਰੀਆ ਪਦ ਰੂਪ ਅਵਸਥਾ ਦਾ ਪ੍ਰਗਾਸ = ਪ੍ਰਕਾਸ਼ ਗੁਰ = ਸਤਿਗੁਰੂ ਸਾਹਿਬ ਜੀ ਉਪਕਾਰ = ਪਰਉਪਕਾਰ ਕਰ ਕੇ ਪਹਿਲਾਂ ਉਪਦੇਸ਼ ਦੇਣਾ

ਕਰਦੇ ਹਨ। ਫੇਰ ਆਤਮਿਕ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਭਾਵ ਜੋ ਜਾਗਰਤ, ਸੁਪਨ ਤੇ ਸੁਖੋਪਤ ਤਿੰਨ ਅਵਸਥਾ ਅਗਿਆਨ ਕਾਲ ਦੀਆਂ ਹਨ, ਇਨ੍ਹਾਂ ਵਿੱਚੋਂ ਚੌਥੀ ਤੁਰੀਆ ਪਦ ਰੂਪੀ ਅਵਸਥਾ (ਗਿਆਨ ਕਾਲ) ਦੀ ਅਵਸਥਾ ਦਾ ਗਿਆਨ ਗੁਰੂ ਸਾਹਿਬ ਜੀ ਉਪਕਾਰ ਕਰ ਕੇ ਗੁਰਮੁਖ ਜਨ ਦੇ ਹਿਰਦੇ ਵਿਚ ਪ੍ਰਗਟ ਕਰਦੇ ਹਨ।

ਮਾਨਸ ਜਨਮ ਸਾਧ ਸੰਗ ਮਿਲਿ ਸਾਧ ਸੰਤ;
ਭਗਤ ਬਿਬੇਕੀ ਜਨ ਬ੍ਰਹਮ ਬੀਚਾਰ ਹੈ॥੧੫੬॥

ਮਾਨਸ = ਮਨੁੱਖਾ ਜਨਮ ਨੂੰ ਪਾ ਕੇ ਜਿਹੜਾ ਜੀਵ ਸਾਧ = ਸ੍ਰੇਸ਼ਟ ਜਨਾਂ ਦੀ ਸੰਗ = ਸੰਗਤ ਵਿਚ ਮਿਲਿ = ਮਿਲਣਾ ਕਰਦੇ ਹਨ, ਉਹ ਵੀ ਸਾਧ = ਸ੍ਰੇਸ਼ਟ ਸੰਤ = ਮਹਾਤਮਾ ਦੀ ਤਰ੍ਹਾਂ ਨਾਮ ਅਭਿਆਸ ਦੀ ਕਮਾਈ ਕਰਨ ਲੱਗ ਜਾਂਦੇ ਹਨ ਅਤੇ ਉਹ ਭਗਤ ਤੇ ਬਿਬੇਕੀ = ਵਿਚਾਰਵਾਨ ਜਨ = ਪੁਰਖ ਬ੍ਰਹਮ = ਪਰਮਾਤਮਾ ਦੀ ਪ੍ਰਾਪਤੀ ਬਾਬਤ ਹੀ ਬੀਚਾਰ = ਨਿਰਣਾ ਕਰਦੇ ਹਨ ਅਰਥਾਤ ਜੋ ਮਨੁੱਖ ਜਨਮ ਦੀ ਪ੍ਰਾਪਤੀ ਕਰ ਕੇ ਸਤਿਸੰਗਤ ਵਿਚ ਮਿਲਣਾ ਕਰਦੇ ਹਨ, ਉਹ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਵਿਚਾਰ ਕਰਨ ਵਾਲੇ ਤੇ ਸਤਿਸੰਗਤ ਦਾ ਰੂਪ ਹੀ ਹੋ ਜਾਂਦੇ ਹਨ॥੧੫੬॥

ਜੈਸੇ ਚਕਈ ਮੁਦਿਤ ਪੇਖਿ ਪ੍ਰਤਿਬਿੰਬ ਨਿਸਿ;
ਸਿੰਘ ਪ੍ਰਤਿਬਿੰਬ ਦੇਖਿ ਕੂਪ ਮੈ ਪਰਤ ਹੈ॥

ਜੈਸੇ = ਜਿਸ ਤਰ੍ਹਾਂ ਚਕਈ = ਚਕਵੀ ਨਿਸਿ = ਰਾਤ ਨੂੰ ਆਪਣੇ ਪ੍ਰਤਿਬਿੰਬ = ਪਰਛਾਵੇਂ ਨੂੰ ਪਾਣੀ ਵਿਚ ਪੇਖਿ = ਦੇਖ ਕੇ ਬਹੁਤ ਮੁਦਿਤ = ਪ੍ਰਸੰਨ ਹੁੰਦੀ ਹੈ, ਭਾਵ ਜਦ ਚੰਦਰਮਾ ਚੜ੍ਹਿਆ ਹੁੰਦਾ ਹੈ ਤਾਂ ਚਕਵੀ ਆਪਣੇ ਪਰਛਾਵੇਂ ਨੂੰ ਵੇਖ ਕੇ ਪਤੀ ਨੂੰ ਆਇਆ ਸਮਝ ਲੈਣਾ ਕਰਦੀ ਹੈ ਅਤੇ ਅਨੰਦਿਤ ਹੁੰਦੀ ਹੈ ਅਤੇ ਸਿੰਘ = ਸ਼ੇਰ ਆਪਣੇ ਪ੍ਰਤਿਬਿੰਬ = ਪਰਛਾਵੇਂ ਨੂੰ ਕੂਪ = ਖੂਹ ਵਿਚ ਦੂਸਰੇ ਸ਼ੇਰ ਦਾ ਭੁਲੇਖਾ ਸਮਝ ਕੇ ਖੂਹ ਮੈ = ਵਿਚ ਜਾ ਪਰਤ = ਪੈਂਦਾ ਹੈ ਭਾਵ ਜਦ ਸ਼ੇਰ ਖੂਹ ਵਿਚ ਝਾਤੀ ਮਾਰ ਕੇ ਗਰਜਣਾ ਕਰਦਾ ਹੈ ਤਾਂ ਆਪਣੇ ਪਰਛਾਵੇਂ ਨੂੰ ਦੂਸਰਾ ਸ਼ੇਰ ਸਮਝ ਕੇ ਖੂਹ ਵਿਚ ਡਿੱਗ ਕੇ ਮਰ ਜਾਂਦਾ ਹੈ।

ਜੈਸੇ ਕਾਚ ਮੰਦਰ ਮੈ ਮਾਨਸ ਅਨੰਦ-ਮਈ;
ਸ੍ਵਾਨ ਪੇਖਿ ਆਪਾ ਆਪੁ ਭੂਸ ਕੈ ਮਰਤ ਹੈ॥

ਜੈਸੇ = ਜਿਸ ਤਰ੍ਹਾਂ ਕਾਚ = ਕੱਚ ਦੇ ਮੰਦਰ = ਘਰ ਭਾਵ ਸ਼ੀਸ਼ ਮਹਿਲ ਮੈ = ਵਿਚ ਜਾ ਕੇ ਸਾਰੇ ਪਾਸੇ ਆਪਣੇ ਹੀ ਸਰੀਰ, ਸਰੂਪ ਨੂੰ ਵੇਖ ਵੇਖ ਕੇ ਮਾਨਸ = ਮਨੁੱਖ ਆਪਣੇ ਆਪ ਨੂੰ ਅਨੰਦ = ਸੁਖ ਮਈ = ਸਰੂਪ ਅਨੁਭਵ ਕਰਦਾ ਹੈ ਅਤੇ ਉਸੇ ਸ਼ੀਸ਼ ਮਹਿਲ ਵਿਚ ਸ੍ਵਾਨ = ਕੁੱਤਾ ਆਪਾ = ਆਪਣੇ ਆਪ ਨੂੰ ਭੁਲੇਖੇ ਨਾਲ ਦੂਸਰਾ ਕੁੱਤਾ ਪੇਖਿ = ਵੇਖ ਕੇ ਭੂਸ = ਭੌਂਕ ਭੌਂਕ ਕੈ = ਕੇ ਹੀ ਮਰਤ = ਮਰ ਜਾਂਦਾ ਹੈ।

ਜੈਸੇ ਰਵਿ ਸੁਤ ਜਮ ਰੂਪ ਅਉ ਧਰਮਰਾਇ;
ਧਰਮ ਅਧਰਮ ਕੈ ਭਾਉ ਭੈ ਕਰਤ ਹੈ॥

ਜੈਸੇ = ਜਿਸ ਤਰ੍ਹਾਂ ਰਵਿ = ਸੂਰਜ ਦਾ ਸੁਤ = ਪੁੱਤਰ ਧਰਮ ਰਾਜਾ, ਪਾਪੀ ਪੁਰਖਾਂ ਨੂੰ ਜਮ ਰੂਪ ਨਜ਼ਰ

ਆਉਂਦਾ ਹੈ ਅਉ = ਅਤੇ ਧਰਮੀ ਪੁਰਖਾਂ ਨੂੰ ਧਰਮਰਾਇ = ਧਰਮ ਕਰਨ ਵਾਲਾ ਭਾਵ ਚੰਗਾ ਨਜ਼ਰ ਆਉਂਦਾ ਹੈ, ਇਉਂ ਧਰਮਰਾਜਾ ਇਕ ਸੀ ਪਰ ਧਰਮ = ਧਰਮੀ ਪੁਰਖਾਂ ਤੇ ਅਧਰਮ = ਅਧਰਮੀ ਪੁਰਖਾਂ ਨੇ ਦੋ ਤਰ੍ਹਾਂ ਕਰਕੇ ਦੇਖਣਾ ਕੀਤਾ, ਪਰ ਧਰਮਰਾਜਾ ਉਨ੍ਹਾਂ ਦੋਨਾਂ ਦੇ ਚੰਗੇ ਮਾੜੇ ਕਰਮਾਂ ਅਨੁਸਾਰ ਧਰਮੀ ਲੋਕਾਂ ਦੇ ਨਾਲ ਭਾਉ = ਪ੍ਰੇਮ ਕਰਦਾ ਹੈ ਤੇ ਅਧਰਮੀ ਲੋਕਾਂ ਨੂੰ ਭੈ = ਡਰ ਦੇਣਾ ਕਰਤ = ਕਰਦਾ ਹੈ।

ਤੈਸੇ ਦੁਰਮਤਿ ਗੁਰਮਤਿ ਕੈ ਅਸਾਧ ਸਾਧ;
ਆਪਾ ਆਪੁ ਚੀਨਤ ਨ ਚੀਨਤ ਚਰਤ ਹੈ ॥੧੬੦॥

ਤੈਸੇ = ਉਸੇ ਤਰ੍ਹਾਂ ਹੀ ਦੁਰਮਤਿ = ਖੋਟੀ ਬੁੱਧੀ ਧਾਰਨ ਕੈ = ਕਰ ਕੇ ਅਸਾਧ = ਅਸੰਤ (ਕੁਸੰਗੀ) ਪੁਰਖ ਆਪਾ ਆਪੁ = ਆਪਣੇ ਆਪ ਨੂੰ (ਆਪਣੇ ਸ੍ਵੈ ਸਰੂਪ ਨੂੰ) ਨ = ਨਹੀਂ ਚੀਨਤ = ਜਾਣਦੇ ਭਾਵ ਆਪਦੇ ਆਪ ਨੂੰ ਇਹ ਨਹੀਂ ਸਮਝਾਉਣਾ ਕਰਦੇ ਕਿ ਅਸੀਂ ਸੰਸਾਰ ਵਿਚ ਕੀ ਕਰਨ ਆਏ ਹਾਂ ਤੇ ਸਾਡਾ ਅਸਲ ਸਰੂਪ ਕੀ ਹੈ, ਪਰ ਇਸ ਤੋਂ ਉਲਟ ਗੁਰਮਤਿ = ਗੁਰ ਸਿੱਖਿਆ ਨੂੰ ਧਾਰਨ ਕਰ ਕੇ ਸਾਧ = ਸੰਤ ਮਹਾਤਮਾ ਲੋਕ ਆਪਣੇ ਆਤਮਿਕ ਸਰੂਪ ਨੂੰ ਚੀਨਤ = ਜਾਣਦੇ ਹਨ ਕਿ ਅਸੀਂ ਸੰਸਾਰ ਵਿਚ ਗੁਰ-ਉਪਦੇਸ਼ ਦੁਆਰਾ ਸਿਮਰਨ ਕਰਨ ਲਈ ਆਏ ਹਾਂ ਅਤੇ ਇਸ ਸੰਸਾਰ ਨੂੰ ਬਾਜ਼ੀਗਰ ਦੇ ਚਰਤ = ਖੇਲ ਵਤ ਮਿਥਿਆ ਜਾਣਦੇ ਹਨ ॥੧੬੦॥

ਜੈਸੇ ਤਉ ਸਲਿਲ ਮਿਲਿ ਬਰਨ ਬਰਨ ਬਿਖੈ;
ਜਾਹੀ ਜਾਹੀ ਰੰਗ ਮਿਲੈ ਸੋਈ ਹੁਇ ਦਿਖਾਵਈ ॥

ਜੈਸੇ = ਜਿਸ ਤਉ = ਤਰ੍ਹਾਂ ਸਲਿਲ = ਪਾਣੀ ਬਰਨ ਬਰਨ = ਰੰਗਾਂ ਰੰਗਾਂ ਬਿਖੈ = ਵਿਚ ਮਿਲਿ = ਮਿਲ ਜਾਣਾ ਕਰਦਾ ਹੈ, ਜਾਹੀ ਜਾਹੀ = ਜਿਹੋ ਜਿਹੇ ਰੰਗ ਨਾਲ ਪਾਣੀ ਮਿਲੈ = ਮਿਲਣਾ ਕਰਦਾ ਹੈ, ਸੋਈ = ਉਹੋ ਜਿਹਾ ਹੀ ਪਾਣੀ ਦਾ ਰੂਪ ਹੁਇ = ਹੋ ਕੇ ਦਿਖਾਵਈ = ਦਿਸਣ ਵਿਚ ਆਉਂਦਾ ਹੈ ਭਾਵ ਜਿਹੋ ਜਿਹੇ ਰੰਗ ਵਿਚ ਪਾਣੀ ਮਿਲਣਾ ਕਰਦਾ ਹੈ, ਉਹੋ ਜਿਹਾ ਹੀ ਹੋ ਜਾਂਦਾ ਹੈ।

ਜੈਸੇ ਘ੍ਰਿਤ ਜਾਹੀ ਜਾਹੀ ਪਾਕ ਸਾਕ ਸੰਗ ਮਿਲੈ;
ਤੈਸੋ ਤੈਸੋ ਸ੍ਵਾਦ ਰਸ ਰਸਨਾ ਚਖਾਵਈ ॥

ਜੈਸੇ = ਜਿਸ ਪ੍ਰਕਾਰ ਘ੍ਰਿਤ = ਘਿਉ ਜਾਹੀ ਜਾਹੀ = ਜਿਹੋ ਜਿਹੇ ਪਾਕ = ਰਸੋਈ ਵਿਚ ਸਾਕ = ਸਾਗ ਆਦਿ ਖਾਣ ਯੋਗ ਪਦਾਰਥਾਂ ਸੰਗ = ਨਾਲ ਮਿਲੈ = ਮਿਲਣਾ ਕਰਦਾ ਹੈ, ਤੈਸੋ ਤੈਸੋ = ਉਹੋ ਉਹੋ ਜਿਹੇ ਹੀ ਰਸਦਾਇਕ ਸੁਆਦ ਉਹ ਰਸਨਾ = ਜੀਭ ਨੂੰ ਚਖਾਵਈ = ਚਖਾਉਣਾ ਕਰਦਾ ਹੈ।

ਜੈਸੇ ਸ੍ਵਾਂਗੀ ਏਕ ਹੁਇ ਅਨੇਕ ਭਾਂਤਿ ਭੇਖ ਧਾਰੈ;
ਜੋਈ ਜੋਈ ਸ੍ਵਾਂਗ ਕਾਛੈ ਸੋਈ ਤਉ ਕਹਾਵਈ ॥

ਜੈਸੇ = ਜਿਸ ਪ੍ਰਕਾਰ ਸ੍ਵਾਂਗੀ = ਨਕਲੀਆ, ਤਮਾਸ਼ਾ ਕਰਨ ਵਾਲਾ ਏਕ = ਇਕ ਹੀ ਹੁਇ = ਹੁੰਦਾ ਹੈ, ਪਰੰਤੂ ਉਹ ਅਨੇਕ = ਬੇਅੰਤ ਭਾਂਤਿ = ਪ੍ਰਕਾਰ ਦੇ ਭੇਖ = ਲਿਬਾਸ, ਸ੍ਵਾਂਗ ਧਾਰੈ = ਧਾਰਨਾ ਕਰਦਾ ਹੈ ਅਤੇ

ਜੋਈ ਜੋਈ = ਜਿਸ ਜਿਸ ਤਰ੍ਹਾਂ ਦੇ ਸ੍ਵਾਂਗ = ਲਿਬਾਸ ਨੂੰ ਕਾਛੈ = ਕੱਛਣਾ, ਪਹਿਨਣਾ ਕਰਦਾ ਹੈ ਸੋਈ ਤਉ = ਉਹੋ ਜਿਹਾ ਹੀ ਕਹਾਵਈ = ਕਹਾਉਣਾ ਕਰਦਾ ਹੈ। ਜੈਸਾ ਕਿ :

ਨਟੂਆ ਭੇਖ ਦਿਖਾਵੈ ਬਹੁ ਬਿਧਿ ਜੈਸਾ ਹੈ ਓਹੁ ਤੈਸਾ ਰੇ॥ *(ਆਸਾ ਮ: ੫, ਅੰਗ ੪੦੩)*

ਜੈਸੇ ਏਕ ਸ੍ਵਾਂਗੀ ਕਹੂੰ ਜੋਗੀਆ ਬੈਰਾਗੀ ਬਨੈ ਕਹੂੰ ਸਨਿਆਸ ਭੇਸ ਬਨ ਕੈ ਦਿਖਾਵਈ॥

(ਅਕਾਲ ਉਸਤਤ, ੯੦/੪)

ਤੈਸੇ ਚਿਤ ਚੰਚਲ ਚਪਲ ਸੰਗ ਦੋਖ ਲੇਪ;
ਗੁਰਮੁਖਿ ਹੋਇ ਏਕ ਟੇਕ ਠਹਿਰਾਵਈ ॥੧੬੧॥

ਤੈਸੇ = ਉਸੇ ਤਰ੍ਹਾਂ ਹੀ ਚੰਚਲ ਚਿੱਤ ਸੰਗਤ ਦੀ ਦੋਖ = ਦੋਸ਼ ਕਰਕੇ ਲੇਪ = ਲੁਭਾਇਮਾਨ ਹੋ ਕੇ ਜਿਸ ਜਿਸ ਵਸਤੂ ਦੇ ਮੇਲ ਨੂੰ ਪ੍ਰਾਪਤ ਹੁੰਦਾ ਹੈ, ਉਸੇ ਉਸੇ ਤਰ੍ਹਾਂ ਦਾ ਹੋ ਕੇ ਦਿਸਣ ਲਈ ਚਪਲ = ਚਲਾਇਮਾਨ ਹੋ ਪਿਆ ਕਰਦਾ ਹੈ ਪਰੰਤੂ ਜਿਹੜੇ ਗੁਰਮੁਖ ਹੋਇ = ਹੁੰਦੇ ਹਨ, ਉਨ੍ਹਾਂ ਨੇ ਆਪਣੇ ਮਨ ਵਿਚ ਏਕ = ਇਕ ਵਾਹਿਗੁਰੂ ਦੀ ਹੀ ਟੇਕ = ਓਟ ਆਪਣੇ ਅੰਦਰ ਠਹਿਰਾਵਈ = ਠਹਿਰਾਉਣਾ, ਟਿਕਾਉਣਾ ਕਰਦੇ ਹਨ ਅਰਥਾਤ ਪਰਮੇਸ਼ਰ ਦਾ ਆਸਰਾ ਲੈ ਕੇ ਆਤਮਿਕ ਸਰੂਪ ਦੀ ਪ੍ਰਾਪਤੀ ਲਈ ਨਾਮ ਜਪਦੇ ਹਨ॥੧੬੧॥

ਸਾਗਰ ਮਥਤ ਜੈਸੇ ਨਿਕਸੇ ਅੰਮ੍ਰਿਤ ਬਿਖੁ;
ਪਰਉਪਕਾਰ ਨ ਬਿਕਾਰ ਸਮਸਰਿ ਹੈ॥

ਜੈਸੇ = ਜਿਸ ਤਰ੍ਹਾਂ ਸਾਗਰ = ਸਮੁੰਦਰ ਦੇ ਮਥਤ = ਰਿੜਕਣ ਨਾਲ ਅੰਮ੍ਰਿਤ ਤੇ ਬਿਖੁ = ਜ਼ਹਿਰ ਨਿਕਸੇ = ਨਿਕਲੇ ਸਨ, ਦੋਨੋਂ ਇੱਕੋ ਥਾਂ ਤੋਂ ਪ੍ਰਗਟ ਹੋ ਕੇ ਅੰਮ੍ਰਿਤ ਪਰਉਪਕਾਰ ਅਤੇ ਜ਼ਹਿਰ ਦੇ ਵਿਕਾਰ ਸਮਸਰਿ = ਇੱਕੋ ਜਿਹੇ ਨ = ਨਹੀਂ ਹੈ = ਹਨ, ਭਾਵ ਅੰਮ੍ਰਿਤ ਪੀਣ ਵਾਲੇ ਨੂੰ ਅੰਮ੍ਰਿਤ ਅਮਰ ਕਰ ਦਿੰਦਾ ਹੈ ਕਿਉਂਕਿ ਉਸ ਦਾ ਕੰਮ ਪਰਉਪਕਾਰ ਕਰਨਾ ਹੈ ਅਤੇ ਜ਼ਹਿਰ ਮਾਰ ਦਿੰਦੀ ਹੈ, ਕਿਉਂਕਿ ਉਸ ਦਾ ਕੰਮ ਵਿਕਾਰ ਹੈ।

ਬਿਖੁ ਅਚਵਤ ਹੋਤ ਰਤਨ ਬਿਨਾਸ ਕਾਲ;
ਅਚਏ ਅੰਮ੍ਰਿਤ ਮੂਏ ਜੀਵਨ ਅਮਰ ਹੈ॥

ਬਿਖੁ = ਜ਼ਹਿਰ ਦੇ ਅਚਵਤ = ਖਾਣ ਨਾਲ ਰਤਨ = ਅਮੋਲਕ ਵਸਤ ਵਤ ਕੀਮਤੀ ਮਨੁੱਖ ਦੇ ਸਰੀਰ ਨੂੰ ਬਿਨਾਸ = ਵਿਸ਼ੇਸ਼ ਕਰਕੇ ਨਾਸ਼ ਕਰਨ ਦਾ ਕਾਲ = ਸਮਾਂ ਨੇੜੇ ਲੈ ਆਉਂਦੀ ਹੈ **ਵਾ:** ਰਤਨ ਰੂਪ ਹੋਤ = ਹੁੰਦਿਆਂ ਵੀ ਜ਼ਹਿਰ ਤਾਂ ਅਚਵਤ = ਖਾਂਦਿਆਂ ਸਾਰ ਹੀ ਮੌਤ ਦਾ ਸਮਾਂ ਨੇੜੇ ਲੈ ਆਉਂਦੀ ਹੈ, ਪਰ ਅੰਮ੍ਰਿਤ ਦੇ ਅਚਏ = ਪੀਤਿਆਂ ਮੂਏ = ਮੋਏ ਹੋਏ ਵੀ ਅਮਰ = ਮਰਨ ਤੋਂ ਰਹਿਤ ਜੀਵਨ = ਜਿਉਂਦੇ ਹੋ ਜਾਂਦੇ ਹਨ।

ਜੈਸੇ ਤਾਰੋ ਤਾਰੀ ਏਕ ਲੋਸਟ ਸੈ ਪ੍ਰਗਟ ਹੁਇ;
ਬੰਧ ਮੋਖ ਪਦਵੀ ਸੰਸਾਰਿ ਬਿਸਥਰ ਹੈ॥

ਜੈਸੇ = ਜਿਸ ਪ੍ਰਕਾਰ ਏਕ = ਇਕ ਲੋਸਟ = ਲੋਹੇ ਸੈ = ਤੋਂ ਤਾਰੋ = ਜਿੰਦਰਾ ਤੇ ਤਾਰੀ = ਕੁੰਜੀ ਪ੍ਰਗਟ = ਜ਼ਾਹਰ ਹੁਇ = ਹੁੰਦੀ ਹੈ, ਭਾਵ ਇਕ ਲੋਹੇ ਤੋਂ ਦੋਨੋਂ ਚੀਜ਼ਾਂ ਬਣਦੀਆਂ ਹਨ, ਜਿੰਦਰਾ ਸੰਸਾਰਿ = ਜਗ

ਵਿਚ ਬੰਧ = ਬੰਧਨਾਂ ਦਾ ਪਦਵੀ = ਰੁਤਬਾ ਬਿਸਥਰ = ਵਿਸਤਾਰਦਾ ਹੈ ਅਤੇ ਕੁੰਜੀ (ਚਾਬੀ) ਮੋਖ = ਛੁਟਕਾਰੇ ਦੇ ਰੁਤਬੇ ਨੂੰ ਪਸਾਰਨਾ ਕਰਦੀ ਹੈ ਅਰਥਾਤ ਜਿੰਦਰਾ ਬੰਧਨ ਪੈਦਾ ਕਰਨ ਦਾ ਕਾਰਨ ਜਗਤ ਵਿਚ ਪ੍ਰਸਿੱਧ ਹੈ ਤੇ ਕੁੰਜੀ ਬੰਧਨਾਂ ਤੋਂ ਮੁਕਤ ਕਰਨ ਦਾ ਕਾਰਨ ਜਗਤ ਵਿਚ ਪ੍ਰਸਿੱਧ ਹੈ।

ਤੈਸੇ ਹੀ ਅਸਾਧ ਸਾਧ ਸਨ ਅਉ ਮਜੀਠ ਗਤਿ;
ਗੁਰਮਤਿ ਦੁਰਮਤਿ ਟੇਵ ਸੈ ਨ ਟਰਿ ਹੈ ॥੧੬੨॥

ਤੈਸੇ = ਉਸੇ ਤਰ੍ਹਾਂ ਹੀ ਸੰਸਾਰ ਵਿਚ ਸਨ = ਸਣ[੧] ਦੀ ਨਿਆਈਂ ਅਸਾਧ = ਅਸੰਤ, ਕੁਸੰਗੀ ਤੇ ਅਉ = ਅਤੇ ਮਜੀਠ ਦੀ ਗਤਿ = ਦਸ਼ਾ ਵਾਂਗ ਸਾਧ = ਸੰਤ, ਸ੍ਰੇਸ਼ਟ ਪੁਰਖ ਨੂੰ ਸਮਝਣਾ ਕਰੋ ਅਰਥਾਤ ਸਣ ਹਰੇਕ ਤਰ੍ਹਾਂ ਨਾਲ ਨਰੜਾਂ ਦਾ ਕਾਰਨ ਹੈ ਤੇ ਮਜੀਠ ਗੂੜ੍ਹੇ ਰੰਗ ਵਾਲੀ ਸ਼ੋਭਾ ਦਾ ਕਾਰਨ ਮੰਨੀ ਹੈ। ਇਸੇ ਪ੍ਰਕਾਰ ਅਸਾਧ = ਅਸੰਤ ਲੋਕ ਦੁੱਖਾਂ ਦਾ ਕਾਰਨ ਤੇ ਸ੍ਰੇਸ਼ਟ ਪੁਰਖ (ਸੰਤ) ਸੁਖਾਂ ਦਾ ਕਾਰਨ ਹੁੰਦੇ ਹਨ ਕਿਉਂਕਿ ਗੁਰਮਤਿ = ਗੁਰ ਸਿੱਖਿਆ ਨੂੰ ਧਾਰਨ ਕਰਨ ਵਾਲਾ ਗੁਰਮੁਖਤਾਈ ਵਾਲੇ ਸੁਭਾਅ ਤੋਂ ਤੇ ਦੁਰਮਤਿ = ਖੋਟੀ ਮੱਤ ਵਾਲਾ ਮਨਮੁਖਤਾਈ ਵਾਲੇ ਟੇਵ = ਸੁਭਾਅ ਸੈ = ਤੋਂ ਨ = ਨਹੀਂ ਟਰਿ = ਟਲਦਾ ਹੈ ॥੧੬੨॥

ਬਰਖਾ ਸੰਜੋਗ ਮੁਕਤਾਹਲ ਓਰਾ ਪ੍ਰਗਾਸ;
ਪਰਉਪਕਾਰੀ ਅਉ ਬਿਕਾਰੀ ਕਹਾਵਈ ॥

ਬਰਖਾ = ਬਰਸਾਤ ਦੇ ਸੰਜੋਗ = ਮਿਲਾਪ ਨਾਲ ਭਾਵ ਸ੍ਵਾਂਤ ਨਛੱਤਰ ਵਿਚ ਮੀਂਹ ਵਰਸਣ 'ਤੇ ਨਿੱਕੀਆਂ ਨਿੱਕੀਆਂ ਬੂੰਦਾਂ ਤੋਂ ਮੁਕਤਾਹਲ = ਮੋਤੀਆਂ ਦਾ ਤੇ ਓਰਾ = ਗੜਿਆਂ ਦਾ ਪ੍ਰਗਾਸ = ਪ੍ਰਕਾਸ਼, ਪ੍ਰਗਟਨਾ ਹੁੰਦਾ ਹੈ, ਮੋਤੀ ਤੇ ਗੜੇ ਦੀ ਸ਼ਕਲ ਭਾਵੇਂ ਇੱਕੋ ਜਿਹੀ ਹੁੰਦੀ ਹੈ ਪਰੰਤੂ ਮੋਤੀ ਨੂੰ ਪਰਉਪਕਾਰੀ = ਪਰਾਏ ਦਾ ਭਲਾ ਕਰਨ ਵਾਲਾ, ਸੁਖਦਾਈ ਕਹਿਆ ਜਾਂਦਾ ਹੈ ਅਉ = ਅਤੇ ਗੜਾ ਬਿਕਾਰੀ = ਵਿਗਾੜ ਕਰਨ ਵਾਲਾ ਭਾਵ ਦੁਖਦਾਈ ਕਹਾਵਈ = ਕਹਾਉਂਦਾ ਹੈ।

ਓਰਾ ਬਰਖਤ ਜੈਸੇ ਧਾਨ ਪਾਨ ਕੋ ਬਿਨਾਸ;
ਮੁਕਤਾ ਅਨੂਪ ਰੂਪ ਸਭਾ ਸੋਭਾ ਪਾਵਈ ॥

ਜੈਸੇ = ਜਿਵੇਂ ਹੀ ਓਰਾ = ਗੜੇ ਦੇ ਬਰਖਤ = ਵਰਸਣੇ ਕਰਕੇ ਧਾਨ = ਅੰਨ ਆਦਿ ਖੇਤਾਂ 'ਤੇ ਪਾਨ = ਪਾਨਾਂ ਦੇ ਪੱਤਿਆਂ (ਤੰਬੋਲਾਂ) ਕੋ = ਦਾ ਬਿਨਾਸ = ਨਾਸ਼ ਹੁੰਦਾ ਹੈ ਅਤੇ ਮੁਕਤਾ = ਮੋਤੀ ਅਨੂਪ = ਉਪਮਾ ਤੋਂ ਰਹਿਤ ਰੂਪ = ਸਰੂਪ ਦੇ ਹੋਣ ਕਾਰਨ ਜੌਹਰੀਆਂ ਦੀ ਸਭਾ = ਇਕੱਤਰਤਾ ਵਿਚ ਸੋਭਾ = ਉਪਮਾ ਨੂੰ ਪਾਵਈ = ਪਾਉਣਾ ਕਰਦਾ ਹੈ।

ਓਰਾ ਤਉ ਬਿਕਾਰ ਧਾਰਿ ਦੇਖਤ ਬਿਲਾਇ ਜਾਇ;
ਪਰਉਪਕਾਰ ਮੁਕਤਾ ਜਿਉ ਠਹਿਰਾਵਈ ॥

ਓਰਾ = ਗੜਾ ਤਉ = ਤਾਂ ਬਿਕਾਰ = ਵਿਗਾੜ ਵਾਲੇ ਸੁਭਾਅ ਨੂੰ ਧਾਰਿ = ਧਾਰਨ ਕਰ ਕੇ

---

੧. ਇਹ ਸਾਉਣੀ ਦੀ ਫ਼ਸਲ ਵਿਚ ਹੁੰਦੀ ਹੈ, ਸਣ ਨੂੰ ਕੱਟ ਕੇ ਪਾਣੀ ਵਿਚ ਦੱਬ ਦਿੰਦੇ ਹਨ, ਅਜਿਹਾ ਕਰਨ ਨਾਲ ਇਸ ਦਾ ਛਿਲਕਾ ਕਾਨੇ ਤੋਂ ਅਲੱਗ ਹੋ ਜਾਂਦਾ ਹੈ।

ਦੇਖਤ = ਦੇਖਦਿਆਂ ਹੀ ਦੇਖਦਿਆਂ ਬਿਲਾਇ = ਗਲ ਜਾਇ = ਜਾਂਦਾ ਹੈ, ਨਸ਼ਟ ਹੋ ਜਾਂਦਾ ਹੈ, ਪਰੰਤੂ ਪਰਉਪਕਾਰ = ਪਰਾਏ ਦਾ ਭਲਾ ਕਰਨ ਵਾਲਾ ਹੋਣ ਕਰਕੇ ਮੁਕਤਾ = ਮੋਤੀ ਜਿਉਂ ਦਾ ਤਿਉਂ ਹੀ ਠਹਿਰਾਵਈ = ਠਹਿਰਨਾ, ਰਹਿਣਾ ਕਰਦਾ ਹੈ।

ਤੈਸੇ ਹੀ ਅਸਾਧ ਸਾਧ ਸੰਗਤਿ ਸੁਭਾਵ ਗਤਿ;
ਗੁਰਮਤਿ ਦੁਰਮਤਿ ਦੁਰੈ ਨ ਦੁਰਾਵਈ ॥੧੬੩॥

ਤੈਸੇ = ਉਸੇ ਤਰ੍ਹਾਂ ਹੀ ਸੰਸਾਰ ਵਿਚ ਅਸਾਧ = ਅਸੰਤ, ਕੁਸੰਗੀ ਪੁਰਖ ਤੇ ਸਾਧ = ਸੰਤ, ਸ੍ਰੇਸ਼ਟ ਪੁਰਖ ਦੇ ਸੁਭਾਅ ਦੀ ਗਤਿ = ਚਾਲ, ਦਸ਼ਾ ਹੁੰਦੀ ਹੈ ਕਿਉਂਕਿ ਸੰਤ ਜਨ ਦੀ ਗੁਰਮਤਿ = ਗੁਰ ਸਿੱਖਿਆ ਨੂੰ ਧਾਰਨ ਕਰਨ ਵਾਲੀ ਤੇ ਦੁਰਮਤਿ = ਖੋਟੀ ਮੱਤ ਵਾਲੇ ਅਸੰਤ ਪੁਰਸ਼ਾਂ ਦੀ ਭੈੜੀ ਮੱਤ ਦੁਰਾਵਈ = ਲੁਕਾਈ ਹੋਈ ਕਦਾਚਿਤ ਵੀ ਦੁਰੈ = ਲੁਕ ਨ = ਨਹੀਂ ਸਕਦੀ ॥੧੬੩॥

ਲਜਾ ਕੁਲ ਅੰਕਸੁ ਅਉ ਗੁਰ ਜਨ ਸੀਲ ਡੀਲ;
ਕੁਲਾ-ਬਧੂ ਬ੍ਰਤਿ ਕੈ ਪਤਿਬ੍ਰਤ ਕਹਾਵਈ ॥

ਆਪਣੀ ਕੁਲ = ਵੰਸ਼ ਦੀ ਲਜਾ = ਇੱਜ਼ਤ ਅਉ = ਅਤੇ ਗੁਰ = ਵੱਡੇ ਜਨ = ਪੁਰਖਾਂ ਭਾਵ ਸਹੁਰੇ, ਜੇਠ, ਜੇਠਾਣੀ, ਸੱਸ ਆਦਿ ਦੇ ਬਚਨ ਪਾਲਣ ਦੇ ਸੰਕੇਤ ਨਿਭਾਉਣ ਦਾ ਪ੍ਰਤਿਸ਼ਟਾ ਰੂਪ ਅੰਕਸੁ = ਕੁੰਡਾ ਸਿਰ ਉੱਪਰ ਰੱਖਣਾ ਇਸ ਤਰ੍ਹਾਂ ਦੇ ਸੀਲ = ਨਰਮ, ਸ੍ਰੇਸ਼ਟ ਸੁਭਾਵ ਦੀ ਡੀਲ = ਵਿਉਂਤ ਦੇ ਬ੍ਰਤਿ = ਨਿਯਮ ਨੂੰ ਧਾਰਨ ਕੈ = ਕਰਕੇ ਕੁਲਾ ਬਧੂ = ਸ੍ਰੇਸ਼ਟ ਕੁਲ ਦੀ ਨੂੰਹ ਤੇ ਪਤਿਬ੍ਰਤ = ਪਤੀ ਦੀ ਆਗਿਆ ਵਿਚ ਚੱਲਣ ਵਾਲੀ ਇਸਤਰੀ ਕਹਾਵਈ = ਕਹਾਉਂਦੀ ਹੈ।

ਦੁਸਟ ਸਭਾ ਸੰਜੋਗ, ਅਧਮ ਅਸਾਧ ਸੰਗੁ;
ਬਹੁ ਬਿਬਿਚਾਰ ਧਾਰਿ ਗਨਕਾ ਬੁਲਾਵਈ ॥

ਦੁਸਟ = ਖੋਟੇ ਪੁਰਖਾਂ ਦੀ ਸਭਾ = ਇਕੱਤਰਤਾ ਦਾ ਸੰਜੋਗ = ਮਿਲਾਪ ਕਰਕੇ ਤੇ ਅਧਮ = ਪਾਪੀ ਤੇ ਅਸਾਧ = ਅਸੰਤ, ਭੈੜੇ ਪੁਰਖਾਂ ਦੀ ਸੰਗ = ਸੰਗਤ ਕਰਕੇ ਅਤੇ ਬਹੁ = ਬਹੁਤ ਬਿਬਿਚਾਰ = ਬਿਭਚਾਰ ਵਿਸ਼ੇ ਆਦਿ ਧਾਰਿ = ਧਾਰਨ ਕਰ ਕੇ ਭਾਵ ਬਹੁਤ ਪੁਰਖਾਂ ਦੀ ਕੁਸੰਗਤ ਕਰਨੇ ਕਰਕੇ ਉਹ ਇਸਤਰੀ ਗਨਕਾ = ਵੇਸਵਾ ਕਰਕੇ ਬੁਲਾਵਈ = ਬੁਲਾਈ ਜਾਂਦੀ ਹੈ, ਭਾਵ ਚੋਰ, ਯਾਰ, ਵਿਭਚਾਰੀ ਪੁਰਖ ਉਸ ਨੂੰ ਵੇਸਵਾ ਕਹਿ ਕੇ ਬੁਲਾਉਂਦੇ ਹਨ।

ਕੁਲਾ-ਬਧੂ ਸੁਤ ਕੋ ਬਖਾਨੀਅਤ ਗੋਤ੍ਰਾਚਾਰ;
ਗਨਿਕਾ ਸੁਅਨ ਪਿਤਾ ਨਾਮੁ ਕੋ ਬਤਾਵਈ ॥

ਕੁਲਾ-ਬਧੂ = ਸ੍ਰੇਸ਼ਟ ਵੰਸ਼ ਦੀ ਨੂੰਹ (ਵਹੁਟੀ) ਦੇ ਸੁਤ = ਪੁੱਤਰ ਕੋ = ਦਾ ਤਾਂ ਗੋਤ੍ਰਾਚਾਰ = ਬੰਸ ਪ੍ਰਣਾਲੀ ਭਾਵ ਕੁਲ ਦੀ ਪਰੰਪਰਾ ਤੋਂ ਪੱਧਤੀ ਬਖਾਨੀਅਤ = ਕਥਨ ਕੀਤੀ ਜਾਂਦੀ ਹੈ ਪਰੰਤੂ ਗਨਿਕਾ = ਵੇਸਵਾ ਦੇ ਸੁਅਨ = ਪੁੱਤਰ ਦੇ ਪਿਤਾ = ਬਾਪ ਦਾ ਨਾਮ ਕੋ = ਕੌਣ ਬਤਾਵਈ = ਦੱਸ ਸਕਦਾ ਹੈ ? ਭਾਵ ਕੋਈ ਵੀ ਦੱਸ ਨਹੀਂ ਸਕਦਾ। ਜੈਸਾ ਕਿ :

ਬੇਸੁਆ ਕੈ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਈਆ ॥੬॥

(ਬਿਲਾਵਲੁ ਮਃ ੪, ਅੰਗ ੮੩੭)

ਦੁਰਮਤਿ ਲਾਗਿ ਜੈਸੇ ਕਾਗ ਬਨ ਬਨ ਫਿਰੈ;
ਗੁਰਮਤਿ ਹੰਸ ਏਕ ਟੇਕ ਜਸੁ ਪਾਵਈ ॥੧੬੪॥

ਜੈਸੇ = ਜਿਵੇਂ ਕਾਗ = ਕਾਂ ਬਨ ਬਨ = ਜੰਗਲ ਜੰਗਲ ਵਿਚ ਵਿਸ਼ਟਾ ਨੂੰ ਲੱਭਦਾ ਫਿਰੈ = ਫਿਰਦਾ ਰਹਿੰਦਾ ਹੈ, ਇਸੇ ਤਰ੍ਹਾਂ ਜੀਵ ਦੁਰਮਤਿ = ਖੋਟੀ ਮੱਤ ਮਗਰ ਲਾਗਿ = ਲੱਗ ਕੇ ਵਿਸ਼ਿਆਂ ਰੂਪੀ ਗੰਦਗੀ ਨੂੰ ਜੰਗਲ ਦੀ ਨਿਆਈਂ ਸੰਸਾਰ ਵਿਚ ਲੱਭਦਾ ਫਿਰਦਾ ਰਹਿੰਦਾ ਹੈ ਅਤੇ ਦੂਸਰੇ ਪਾਸੇ ਗੁਰਮਤਿ = ਗੁਰ ਸਿੱਖਿਆ ਨੂੰ ਧਾਰਨ ਕਰਨ ਵਾਲੇ ਗੁਰਮੁਖ ਜਨ ਏਕ = ਇਕ ਪਰਮੇਸ਼ਰ ਦੀ ਟੇਕ = ਓਟ ਰਿਦੇ ਵਿਚ ਧਾਰਨ ਕਰ ਕੇ ਹੰਸ ਵਤ ਗੁਰ-ਉਪਦੇਸ਼ ਦੁਆਰਾ ਗਿਆਨ ਰੂਪੀ ਮੋਤੀ ਨੂੰ ਚੁਗ ਕੇ ਸੱਚ ਸਰੂਪ ਦੀ ਪ੍ਰਾਪਤੀ ਵਾਲੀ ਜਸੁ = ਕੀਰਤੀ ਨੂੰ ਪਾਵਈ = ਪਾਉਣਾ, ਮਾਨਣਾ ਕਰਦੇ ਹਨ ॥੧੬੪॥

ਮਾਨਸ ਜਨਮ ਧਾਰਿ, ਸੰਗਤਿ ਸੁਭਾਵ ਗਤਿ;
ਗੁਰਮਤਿ ਦੁਰਮਤਿ ਬਿਬਿਧਿ ਬਿਧਾਨੀ ਹੈ ॥

ਮਾਨਸ = ਮਨੁੱਖਾ ਜਨਮ ਧਾਰਿ = ਧਾਰਨ ਕਰ ਕੇ ਜਿਹੋ ਜਿਹੀ ਸੰਗਤ ਦੇ ਸੁਭਾਅ ਦੀ ਗਤਿ = ਚਾਲ ਹੁੰਦੀ ਹੈ, ਭਾਵ ਜਿਹੋ ਜਿਹੀ ਸੰਗਤ ਹੁੰਦੀ ਹੈ, ਤਿਹੋ ਜਿਹਾ ਹੀ ਸੰਗਤ ਕਰਨ ਵਾਲੇ 'ਤੇ ਅਸਰ ਹੁੰਦਾ ਹੈ। ਜੇਕਰ ਗੁਰਮਤਿ = ਗੁਰੂ ਦੀ ਸਿੱਖਿਆ ਨੂੰ ਧਾਰਨ ਕਰ ਲਵੇ ਤਾਂ ਬਿਬਿਧਿ = ਬਹੁਤ ਤਰ੍ਹਾਂ ਦੀ ਚੰਗੀ ਬਿਧਾਨੀ = ਰੀਤੀ ਰਿਦੇ ਵਿਚ ਆ ਜਾਂਦੀ ਹੈ ਅਤੇ ਜੇਕਰ ਦੁਰਮਤਿ = ਖੋਟੀ ਸਿੱਖਿਆ ਨੂੰ ਧਾਰਨ ਕਰ ਲਵੇ ਤਾਂ ਬਹੁਤ ਤਰ੍ਹਾਂ ਦੀ ਖੋਟੀ ਰੀਤੀ ਰਿਦੇ ਵਿਚ ਆ ਜਾਂਦੀ ਹੈ।

ਸਾਧ ਸੰਗਿ ਪਦਵੀ ਭਗਤਿ ਅਉ ਬਿਬੇਕੀ ਜਨ;
ਜੀਵਨ ਮੁਕਤਿ ਸਾਧੂ ਬ੍ਰਹਮ ਗਿਆਨੀ ਹੈ ॥

ਸਾਧ ਸੰਗਿ = ਸ੍ਰੇਸ਼ਟ ਜਨ ਦੀ ਸੰਗਤ ਕਰ ਕੇ **ਵਾ:** ਸਤਿਸੰਗਤ ਕਰ ਕੇ ਅਜਿਹਾ ਉੱਚਾ ਪਦਵੀ = ਰੁਤਬਾ ਪ੍ਰਾਪਤ ਹੁੰਦਾ ਹੈ ਕਿ ਉਸ ਦੇ ਵੱਖਰੇ ਵੱਖਰੇ ਨਾਮ ਪੈ ਜਾਂਦੇ ਹਨ, ਕੋਈ ਭਗਤਿ = ਭਗਤੀ ਕਰਨ ਵਾਲਾ ਕਹਿੰਦਾ ਹੈ ਅਉ = ਅਤੇ ਕੋਈ ਬਿਬੇਕੀ = ਵਿਚਾਰਵਾਨ ਜਨ = ਪੁਰਖ ਕਹਿੰਦਾ ਹੈ, ਕੋਈ ਜੀਵਨ ਮੁਕਤਿ = ਮੁਕਤੀ ਦੀ ਪ੍ਰਾਪਤੀ ਵਾਲਾ, ਕੋਈ ਸਾਧੂ = ਸੰਤ ਤੇ ਕੋਈ ਬ੍ਰਹਮ = ਪਰਮੇਸ਼ਰ ਦੀ ਪ੍ਰਾਪਤੀ ਕਰਨ ਵਾਲਾ ਗਿਆਨੀ = ਗਿਆਨਵਾਨ ਕਹਿੰਦਾ ਹੈ **ਵਾ:** ਕੋਈ ਬ੍ਰਹਮ ਗਿਆਨੀ ਕਹਿੰਦਾ ਹੈ।

ਅਧਮ ਅਸਾਧ ਸੰਗ ਚੋਰ ਜਾਰ ਅਉ ਜੂਆਰੀ;
ਠਗ ਬਟਵਾਰਾ ਮਤਵਾਰਾ ਅਭਿਮਾਨੀ ਹੈ ॥

ਅਧਮ = ਨੀਚ ਤੇ ਅਸਾਧ = ਅਸੰਤ, ਕੁਕਰਮੀ ਪੁਰਖਾਂ ਦੀ ਸੰਗ = ਸੰਗਤ ਕਰ ਕੇ ਅਜਿਹਾ ਨੀਚ ਰੁਤਬਾ ਮਿਲਦਾ ਹੈ ਕਿ ਕੋਈ ਚੋਰ = ਚੋਰੀ ਕਰਨ ਵਾਲਾ, ਕੋਈ ਜਾਰ = ਯਾਰ ਅਉ = ਅਤੇ ਕੋਈ ਜੂਆਰੀ = ਜੂਆ

ਖੇਲਣ ਵਾਲਾ, ਕੋਈ ਠਗ = ਧੋਖਾ ਕਰਨ ਵਾਲਾ, ਕੋਈ ਬਟਵਾਰਾ = ਰਸਤੇ ਵਿਚ ਲੁੱਟਣ ਵਾਲਾ ਭਾਵ ਡਾਕੂ, ਕੋਈ ਮਤਵਾਰਾ = ਸ਼ੌਦਾਈ, ਮੂਰਖ **ਵਾ:** ਸ਼ਰਾਬੀ ਤੇ ਕੋਈ ਅਭਿਮਾਨੀ = ਹੰਕਾਰੀ ਕਹਿੰਦਾ ਹੈ।

ਅਪੁਨੇ ਅਪੁਨੇ ਰੰਗ ਸੰਗ ਸੁਖੁ ਮਾਨੈ ਬਿਸੁ;
ਗੁਰਮਤਿ ਗਤਿ ਗੁਰਮੁਖਿ ਪਹਿਚਾਨੀ ਹੈ॥੧੬੫॥

ਅਪੁਨੇ ਅਪੁਨੇ = ਆਪਣੇ ਆਪਣੇ ਬਿਸੁ = ਵਿਸ਼ਿਆਂ ਦੇ ਰੰਗ = ਅਨੰਦ ਸੰਗ = ਨਾਲ ਸਾਰੇ ਹੀ ਸੁਖੁ = ਆਨੰਦ ਮਾਨੈ = ਮੰਨਦੇ ਹਨ ਭਾਵ ਜੈਸਾ ਕਿਸੇ ਨੂੰ ਵਿਸ਼ਾ ਚੰਗਾ ਲੱਗਦਾ ਹੈ, ਉਹੋ ਜਿਹਾ ਉਸ ਵਿਚ ਸੁਖ ਜਾਣਦਾ ਹੈ ਭਾਵੇਂ ਅੰਤ ਨੂੰ ਦੁਖ ਹੋਵੇ, ਪਰੰਤੂ ਗੁਰਮੁਖ ਜਨਾਂ ਨੇ ਗੁਰਮਤਿ = ਗੁਰ ਸਿੱਖਿਆ ਨੂੰ ਧਾਰਨ ਕਰ ਕੇ ਆਪਣੀ ਗਤਿ = ਕਲਿਆਣ ਪਹਿਚਾਨੀ = ਜਾਣੀ ਹੈ, ਇਸੇ ਨੂੰ ਸੁਖ ਜਾਣਿਆ ਹੈ ਤੇ ਮਨਮੁਖ ਲੋਕਾਂ ਨੇ ਵਿਸ਼ਿਆਂ ਦੇ ਸੁਖ ਨੂੰ ਹੀ ਆਨੰਦ ਜਾਣਿਆ ਹੈ॥੧੬੫॥

ਜੈਸੇ ਤਉ ਅਸਟ ਧਾਤੁ ਡਾਰੀਅਤ ਨਾਉ ਬਿਖੈ;
ਪਾਰਿ ਪਰੈ ਤਾਹਿ, ਤਊ ਵਾਰ ਪਾਰ ਸੋਈ ਹੈ॥

ਜੈਸੇ = ਜਿਸ ਤਰ੍ਹਾਂ ਅਸਟ = ਅੱਠ ਧਾਤਾਂ ਦੇ ਤਾਈਂ ਨਾਉ = ਬੇੜੀ ਬਿਖੈ = ਵਿਚ ਡਾਰੀਅਤ = ਪਾਉਣਾ ਕਰੀਏ ਤਾਂ ਤਾਹਿ = ਉਸ ਬੇੜੀ ਵਿਚ ਪਰੈ = ਪੈ ਕੇ ਜ਼ਰੂਰ ਹੀ ਪਾਰ ਹੋ ਜਾਂਦੀਆਂ ਹਨ, ਭਾਵੇਂ ਉਹ ਵਾਰ = ਉਰਲੇ ਕਿਨਾਰੇ 'ਤੇ ਭਾਵੇਂ ਪਾਰ = ਪਰਲੇ ਕਿਨਾਰੇ ਰਹਿੰਦੀਆਂ ਹਨ, ਤਊ = ਤਾਂ ਵੀ ਸੋਈ = ਉਹ ਧਾਤਾਂ ਹੀ ਰਹਿੰਦੀਆਂ ਹਨ। ਇਸੇ ਪ੍ਰਕਾਰ ਜੇਕਰ ਬਰਨ ਆਸ਼ਰਮ ਵਾਲੇ ਲੋਕ ਜਪ ਤਪ ਰੂਪੀ ਬੇੜੀ ਉੱਤੇ ਚੜ੍ਹ ਵੀ ਜਾਣ ਤਾਂ ਪ੍ਰਲੋਕ ਵਿਚ ਅੱਠ ਧਾਤਾਂ ਵਤ ਸਵਰਗ ਲੋਕ ਦੇ ਭੋਗਾਂ ਨੂੰ ਤਾਂ ਪ੍ਰਾਪਤ ਜ਼ਰੂਰ ਕਰ ਸਕਦੇ ਹਨ, ਪਰ ਮੁਕਤ ਨਹੀਂ ਹੋ ਸਕਦੇ।

ਸੋਈ ਧਾਤੁ ਅਗਨਿ ਮੈ ਹੋਤ ਹੈ ਅਗਨਿ ਰੂਪ;
ਤਊ ਜੋਈ ਸੋਈ ਪੈ ਸੁ ਘਾਟ ਠਾਟ ਹੋਈ ਹੈ॥

ਸੋਈ = ਉਨ੍ਹਾਂ ਅਸਟ ਧਾਤੁ = ਧਾਤਾਂ ਨੂੰ ਜੇਕਰ ਅਗਨਿ = ਅੱਗ ਮੈ = ਵਿਚ ਪਾ ਕੇ ਤਪਾਉਣਾ ਕਰੀਏ ਤਾਂ ਅਗਨਿ = ਅੱਗ ਦਾ ਰੂਪ = ਸਰੂਪ ਹੀ ਹੋਤ = ਹੋ ਜਾਂਦੀਆਂ ਹੈ = ਹਨ ਭਾਵ ਅੱਗ ਦੇ ਅੰਗਿਆਰ ਵਾਂਗ ਗਰਮ ਹੋ ਕੇ ਲਾਲ ਹੋ ਜਾਂਦੀਆਂ ਹਨ, ਪੈ = ਲੇਕਿਨ ਸੁ = ਸ੍ਰੇਸ਼ਟ ਘਾਟ = ਘਾੜਤ ਵਾਲੇ ਠਾਟ = ਬਨਾਵਟ ਰੂਪ ਭੂਖਣ ਜਾਂ ਬਰਤਨ ਆਦਿ ਦਾ ਰੂਪ ਧਾਰ ਲੈਣ 'ਤੇ ਵੀ ਜੋਈ = ਜਿਹੜੇ ਰੂਪ ਦੀਆਂ ਹੋਣ, ਤਊ = ਤਾਂ ਵੀ ਉਹ ਸੋਈ = ਉਹੋ ਹੀ ਰੂਪ ਵਿਚ ਰਹਿੰਦੀਆਂ ਹਨ। ਇਸੇ ਪ੍ਰਕਾਰ ਤਪ-ਰੂਪੀ ਕੁਠਾਲੀ ਵਿਚ ਆਪਣੇ ਆਪ ਨੂੰ ਤਪਾ ਕੇ ਸਾਰੇ ਵਰਨ ਆਸ਼ਰਮ ਤੇਜ ਪ੍ਰਤਾਪ ਵਾਲੇ ਤਥਾ ਰਿਧੀਆਂ ਸਿਧੀਆਂ ਆਦਿ ਵਾਲੇ ਤਾਂ ਬਣ ਜਾਂਦੇ ਹਨ ਪਰ ਮੁਕਤੀ ਦੀ ਪ੍ਰਾਪਤੀ ਨਹੀਂ ਕਰ ਸਕਦੇ।

ਸੋਈ ਧਾਤੁ ਪਾਰਸਿ ਪਰਸ ਪੁਨਿ ਕੰਚਨ ਹੁਇ;
ਮੋਲ ਕੈ ਅਮੋਲਾਨੂਪ ਰੂਪ ਅਵਲੋਈ ਹੈ॥

ਸੋਈ = ਉਹੋ ਧਾਤੁ = ਧਾਤੂਆਂ ਪਾਰਸ ਦੀ ਵੱਟੀ ਨੂੰ ਪਰਸ = ਛੂਹਣ ਕਰਕੇ ਪੁਨਿ = ਫੇਰ ਕੰਚਨ = ਸੋਨਾ

ਰੂਪ ਹੁਇ = ਹੋ ਜਾਂਦੀਆਂ ਹਨ ਤੇ ਮੋਲ = ਕੀਮਤ ਕੈ = ਕਰਕੇ ਅਮੋਲਾਨੂਪ (ਅਮੋਲ + ਅਨੂਪ) ਅਮੋਲ = ਬਹੁਤ ਕੀਮਤੀ ਤੇ ਰੂਪ = ਸਰੂਪ ਵੀ ਅਨੂਪ = ਸੁੰਦਰ ਅਵਲੋਈ = ਵੇਖਣਾ ਕਰੀਦਾ ਹੈ। ਇਸੇ ਤਰ੍ਹਾਂ ਅੱਠਾਂ ਧਾਤਾਂ ਦੀ ਨਿਆਈਂ ਚਾਰ ਵਰਨ ਤੇ ਚਾਰ ਆਸ਼ਰਮ ਪਾਰਸ ਦੀ ਨਿਆਈਂ ਗੁਰਮੁਖ ਜਨਾਂ ਦੀ ਸੰਗਤ ਕਰ ਕੇ ਫਿਰ ਸੋਨਾ ਰੂਪ ਸ਼ੁੱਧ ਸਰੂਪ ਵਾਲੇ ਹੋ ਜਾਂਦੇ ਹਨ, ਭਾਵ ਉਹ ਵੀ ਗੁਰਮੁਖ ਬਣ ਜਾਂਦੇ ਹਨ ਤੇ ਅਮੋਲ = ਮੁੱਲ ਤੋਂ ਰਹਿਤ ਗੁਰਮੁਖਤਾਈ ਵਾਲਾ ਮਾਰਗ ਹੈ, ਇਸ ਉੱਤੇ ਚੱਲਣ ਕਰਕੇ ਉਹ ਵੀ ਸ਼ੁਭ ਗੁਣਾਂ ਰੂਪੀ ਮੋਲ = ਕੀਮਤ ਵਾਲੇ ਬਣ ਜਾਂਦੇ ਹਨ ਤੇ ਸ਼ੁੱਧ ਸਰੂਪ ਦੇ ਨਾਲ ਮਿਲਣੇ ਕਰਕੇ ਅਨੂਪ = ਸੁੰਦਰ ਵੇਖਣਾ ਕਰੀਦੇ ਹਨ।

ਪਰਮ ਪਾਰਸ ਗੁਰ ਪਰਸਿ ਪਾਰਸ ਹੋਤ;
ਸੰਗਤਿ ਹੁਇ ਸਾਧਸੰਗ ਸਤਸੰਗ ਪੋਈ ਹੈ ॥੧੬੬॥

ਪਰਮ = ਵੱਡੇ ਗੁਰੂ ਰੂਪ ਪਾਰਸ ਨਾਲ ਪਰਸਿ = ਸਪਰਸ਼ ਹੋਤ = ਹੋ ਕੇ ਗੁਰਮੁਖ, ਸੰਤ ਜਨ ਵੀ ਪਾਰਸ ਦੀ ਨਿਆਈਂ ਬਣ ਜਾਂਦੇ ਹਨ, ਪਰੰਤੂ ਜੇਕਰ ਗੁਰੂ ਸਾਹਿਬ ਜੀ ਦੀ ਪ੍ਰਾਪਤੀ ਕਰਾਉਣ ਵਾਲੀ ਸਾਧਸੰਗ = ਸ੍ਰੇਸ਼ਟ ਸੰਗਤ, ਸਤਿਸੰਗਤ ਦੀ ਗੁਰਮੁਖ, ਸੰਤ ਜਨ ਨੂੰ ਸੰਗਤ ਹੁਇ = ਹੋ ਜਾਵੇ ਕਿਉਂਕਿ ਸਤਿਸੰਗ = ਸਤਿਸੰਗਤ ਨੂੰ ਪੋਈ = ਪ੍ਰਾਪਤ ਕਰ ਕੇ ਹੀ ਗੁਰੂ ਰੂਪ ਪਾਰਸ ਨਾਲ ਸਪਰਸ਼ ਹੋਣ ਦੀ **ਵਾ:** ਪਾਰਸ ਰੂਪ ਬਣਨ ਦੀ ਪਦਵੀ ਮਿਲਦੀ ਹੈ ਭਾਵ ਗੁਰੂ ਰੂਪ ਪਾਰਸ ਨਾਲ ਮਿਲ ਕੇ ਗੁਰਮੁਖ ਜਨ ਪਾਰਸ ਰੂਪ ਹੋ ਜਾਂਦਾ ਹੈ ਤੇ ਗੁਰਮੁਖ ਜਨ ਰੂਪ ਪਾਰਸ ਨਾਲ ਮਿਲ ਕੇ ਜਗਿਆਸੂ ਜਨ ਵੀ ਪਾਰਸ ਰੂਪ ਹੋ ਜਾਂਦਾ ਹੈ॥੧੬੬॥

ਜੈਸੇ ਘਰ ਲਾਗੈ ਆਗਿ ਭਾਗਿ ਨਿਕਸਤ ਖਾਨ;
ਪ੍ਰੀਤਮ ਪਰੋਸੀ ਧਾਇ ਜਰਤ ਬੁਝਾਵਈ ॥

ਜੈਸੇ = ਜਿਸ ਪ੍ਰਕਾਰ ਘਰ = ਗ੍ਰਿਹ ਨੂੰ ਆਗਿ = ਅਗਨੀ ਲਾਗੈ = ਲੱਗ ਜਾਵੇ ਤਾਂ ਭਾਗਿ = ਦੌੜ ਕੇ ਖਾਨ = ਪਰਿਵਾਰ, ਘਰ ਦੇ ਸਾਰੇ ਜੀਅ ਬਾਹਰ ਨਿਕਸਤ = ਨਿਕਲ ਜਾਂਦੇ ਹਨ ਅਤੇ ਪ੍ਰੀਤਮ = ਪਿਆਰੇ ਪਰੋਸੀ = ਗੁਆਂਢੀ ਧਾਇ = ਦੌੜ ਕੇ ਜਰਤ = ਸੜਦੇ ਹੋਏ ਘਰ ਦੀ ਅੱਗ ਬੁਝਾਵਈ = ਬੁਝਾਉਣਾ ਕਰਦੇ ਹਨ।

ਗੋਧਨ ਹਰਤ ਜੈਸੇ ਕਰਤ ਪੁਕਾਰ ਗੋਪ;
ਗਾਉ ਮੈ ਗੁਹਾਰ ਲਾਗਿ ਟੁਰਤ ਛੁਡਾਵਈ ॥

(ਪਾਠਾਂਤ੍ਰ 'ਤੁਰਤ')

ਜੈਸੇ = ਜਿਸ ਪ੍ਰਕਾਰ ਗੋਧਨ = ਗਊਆਂ ਦੇ ਵੱਗ ਨੂੰ ਕੋਈ ਹਰਤ = ਚੁਰਾ ਕੇ ਲੈ ਜਾਵੇ ਤਾਂ ਗੋਪ = ਗਊਆਂ ਦੀ ਰਖਵਾਲੀ ਕਰਨ ਵਾਲਾ ਪੁਰਖ (ਗਵਾਲਾ) ਗਾਉ = ਨਗਰ ਮੈ = ਵਿਚ ਜਾ ਕੇ ਗੁਹਾਰ = ਵਾਹਰ ਭਾਵ ਮਦਦ ਲਈ ਲੋਕਾਂ ਨੂੰ ਪੁਕਾਰ = ਸੱਦਣਾ ਕਰਦਾ ਹੈ ਅਤੇ ਗਵਾਲੇ ਦੀ ਫ਼ਰਿਆਦ ਸੁਣ ਕੇ ਲੋਕੀਂ ਗਵਾਲੇ ਦੇ ਪਿੱਛੇ ਲਾਗਿ = ਲੱਗ ਟੁਰਤ = ਤੁਰਦੇ ਹਨ ਤੇ ਗਊਆਂ ਛੁਡਾਵਈ = ਛੁਡਾ ਲਿਆਉਂਦੇ ਹਨ **ਵਾ:** ਲੋਕੀਂ ਤੁਰਤ = ਜਲਦੀ ਨਾਲ ਆ ਕੇ ਚੋਰਾਂ ਕੋਲੋਂ ਗਊਆਂ ਛੁਡਾ ਲੈਂਦੇ ਹਨ।

ਬੂਡਤ ਅਥਾਹ ਜੈਸੇ ਪ੍ਰਬਲ ਪ੍ਰਵਾਹ ਬਿਖੈ;
ਪੇਖਤ ਪੈਰਊਆ ਵਾਰ ਪਾਰ ਲੈ ਲਗਾਵਈ ॥

ਜੈਸੇ = ਜਿਸ ਤਰ੍ਹਾਂ ਅਥਾਹ = ਡੂੰਘੇ ਪਾਣੀ ਦੇ ਪ੍ਰਬਲ = ਬਹੁਤ ਬਲ ਵਾਲੇ ਪ੍ਰਵਾਹ = ਵਹਾਅ ਬਿਖੈ = ਵਿਚ ਬੂਡਤ = ਡੁੱਬਦੇ ਹੋਏ ਪੁਰਖ ਨੂੰ ਕੋਈ ਪੈਰਊਆ = ਤਾਰੂ ਪੁਰਖ ਪੇਖਤ = ਦੇਖ ਕੇ ਵਾਰ = ਉਰਲੇ ਬੰਨਿਓਂ ਲੈ ਕੇ ਪਾਰ = ਪਰਲੇ ਬੰਨੇ ਲਗਾਵਈ = ਲਗਾ ਦਿੰਦਾ ਹੈ।

ਤੈਸੇ ਅੰਤ ਕਾਲ ਜਮ ਜਾਲ ਕਾਲ ਬਿਆਲ ਗ੍ਰਸੇ;
ਗੁਰਸਿਖ ਸਾਧ ਸੰਤ ਸੰਕਟ ਮਿਟਾਵਈ ॥੧੬੭॥

ਤੈਸੇ = ਉਸੇ ਤਰ੍ਹਾਂ ਜਮ = ਜਮਦੂਤਾਂ ਦੀ ਜਾਲ = ਫਾਹੀ ਵਿਚ ਫਸਿਆ ਹੋਇਆ, ਕਾਲ = ਮੌਤ ਰੂਪੀ ਬਿਆਲ = ਸੱਪ ਦੇ ਗ੍ਰਸੇ = ਗ੍ਰਸਿਆ, ਫੜਿਆ, ਡੰਗਿਆ **ਵਾ:** ਪਦਾਰਥਾਂ, ਸੰਬੰਧੀਆਂ ਦੇ ਮੋਹ ਵਿਚ ਫਸਿਆਂ ਜੀਵਾਂ ਨੂੰ ਅੰਤ = ਅਖ਼ੀਰ ਭਾਵ ਮਰਨ ਦੇ ਕਾਲ = ਸਮੇਂ ਰੱਬ ਦੇ ਪਿਆਰੇ ਗੁਰਸਿੱਖਾਂ, ਸਾਧ = ਸ੍ਰੇਸ਼ਟ ਪੁਰਖਾਂ, ਸੰਤ = ਮਹਾਤਮਾ ਦੀ ਸੰਗਤ ਵਿਚ ਲੈ ਆਵੇ ਤਾਂ ਗੁਰਸਿੱਖ, ਸੰਤ ਮਹਾਤਮਾ ਸਾਧਸੰਗਤਿ ਦੇ ਪ੍ਰਤਾਪ ਨਾਲ ਉਸ ਦਾ ਜੰਮਣ ਮਰਣ ਦਾ ਸੰਕਟ = ਦੁੱਖ ਮਿਟਾਵਈ = ਮਿਟਾ ਦਿੰਦੇ ਹਨ ॥੧੬੭॥

ਅਗਲੇ ਕਬਿੱਤ ਵਿਚ ਗੁਰਸਿੱਖ ਤੇ ਅਸਲੀ ਸੰਤਾਂ ਬਾਬਤ ਦੱਸਦੇ ਹਨ, ਉਹ ਕਿਹੋ ਜਿਹੇ ਹੁੰਦੇ ਹਨ।

ਨਿਹਕਾਮ ਨਿਹਕ੍ਰੋਧ ਨਿਰਲੋਭ ਨਿਰਮੋਹ;
ਨਿਹਮੇਵ ਨਿਹਟੇਵ ਨਿਰਦੋਖ ਵਾਸੀ ਹੈ ॥

ਗੁਰੂ ਕੇ ਸਿੱਖ, ਸੰਤ ਮਹਾਤਮਾ ਨਿਹਕਾਮ = ਕਾਮਨਾ ਤੋਂ ਰਹਿਤ, ਨਿਹਕ੍ਰੋਧ = ਕ੍ਰੋਧ ਤੋਂ ਰਹਿਤ, ਨਿਰਲੋਭ = ਲੋਭ ਤੋਂ ਰਹਿਤ, ਨਿਰਮੋਹ = ਮੋਹ ਮਮਤਾ ਤੋਂ ਰਹਿਤ, ਨਿਹਮੇਵ = ਹੰਗਤਾ ਤੋਂ ਰਹਿਤ, ਨਿਹਟੇਵ = ਖੋਟੀਆਂ ਆਦਤਾਂ ਤੋਂ ਰਹਿਤ, ਅਵਿੱਦਿਆ ਆਦਿ ਨਿਰਦੋਖ = ਦੋਸ਼ਾਂ ਤੋਂ ਰਹਿਤ ਤੇ ਸੱਚ ਸਰੂਪ ਦੀ ਪ੍ਰਾਪਤੀ ਵਾਲੇ ਤੁਰੀਆ ਪਦ ਰੂਪੀ ਅਸਥਾਨ ਵਿਚ ਵਾਸੀ = ਵੱਸਣ ਵਾਲੇ ਹੁੰਦੇ ਹੈ = ਹਨ।

ਨਿਰਲੇਪ ਨਿਰਬਾਨ ਨਿਰਮਲ ਨਿਰਵੈਰ;
ਨਿਰਬਿਘਨਾਇ ਨਿਰਾਲੰਬ ਅਬਿਨਾਸੀ ਹੈ ॥

('ਨਿਰ-ਬਿਘਨਾਇ' ਬੋਲੋ)

ਮਾਇਆਵੀ ਸੰਸਾਰ ਤੋਂ ਨਿਰਲੇਪ = ਅਲੇਪ, ਬਿਧ ਨਿਖੇਧ, ਸੰਸਾਰਕ ਨਿਰਬਾਨ = ਬੰਧਨਾਂ ਤੋਂ ਰਹਿਤ, ਵਿਸ਼ੇ ਵਾਸ਼ਨਾ ਰੂਪ ਨਿਰਮਲ = ਮੈਲ ਤੋਂ ਰਹਿਤ, ਨਿਰਵੈਰ = ਵੈਰ ਤੋਂ ਰਹਿਤ, ਨਿਰਬਿਘਨਾਇ = ਬਿਘਨਾਂ ਤੋਂ ਰਹਿਤ, ਨਿਰਾਲੰਬ = ਆਸਰੇ ਤੋਂ ਰਹਿਤ ਭਾਵ ਪਰਮੇਸ਼ਰ ਦੇ ਆਸਰੇ ਤੋਂ ਬ਼ਗ਼ੈਰ ਕਿਸੇ ਹੋਰ ਦਾ ਆਸਰਾ ਨਹੀਂ ਲੈਂਦੇ, ਅਬਿਨਾਸ਼ੀ = ਨਾਸ਼ ਤੋਂ ਰਹਿਤ ਪਰਮੇਸ਼ਰ ਦਾ ਰੂਪ ਹੈ = ਹਨ **ਵਾ:** ਅਬਿਨਾਸੀ = ਸਦਾ ਇਕ-ਰਸ ਰਹਿਣ ਵਾਲੇ ਹੁੰਦੇ ਹਨ।

ਨਿਰਾਹਾਰ ਨਿਰਾਧਾਰ ਨਿਰੰਕਾਰ ਨਿਰਬਿਕਾਰ;
ਨਿਹਚਲ ਨਿਹਭ੍ਰਾਂਤਿ ਨਿਰਭੈ ਨਿਰਾਸੀ ਹੈ॥

ਨਿਰਾਹਾਰ = ਭੋਜਨ ਦੇ ਆਸਰੇ ਤੋਂ ਰਹਿਤ ਹੁੰਦੇ ਹਨ, ਭਾਵ ਗੁਰਸਿੱਖਾਂ ਦਾ ਜੀਵਨ ਭੋਜਨ ਦੇ ਅਧੀਨ ਨਹੀਂ ਹੁੰਦਾ, ਸੰਤੋਖੀ ਸੁਭਾਅ ਹੁੰਦਾ ਹੈ, ਲੋਕ ਪ੍ਰਲੋਕ ਦੇ ਪਦਾਰਥਾਂ ਦੇ ਨਿਰਾਧਾਰ = ਆਸਰੇ ਤੋਂ ਰਹਿਤ ਹੁੰਦੇ ਹਨ, ਦੇਵੀ ਦੇਵਤਿਆਂ ਦੇ ਆਸਰੇ ਤੋਂ ਰਹਿਤ ਹੁੰਦੇ ਹਨ, ਨਿਰੰਕਾਰ = ਪਰਮੇਸ਼ਰ ਦਾ ਰੂਪ ਹੁੰਦੇ ਹਨ, ਨਿਰਬਿਕਾਰ = ਵਿਕਾਰਾਂ ਤੋਂ ਰਹਿਤ ਹੁੰਦੇ ਹਨ, ਨਿਹਚਲ = ਅਚੱਲ ਅਵਸਥਾ ਦੇ ਸਹਿਤ ਰਹਿੰਦੇ ਹਨ, ਨਿਹਭ੍ਰਾਂਤਿ = ਭਰਮ ਤੋਂ ਰਹਿਤ ਹੁੰਦੇ ਹਨ, ਜਮ ਆਦਿਕਾਂ ਦੇ ਨਿਰਭੈ = ਡਰ ਤੋਂ ਰਹਿਤ ਹੁੰਦੇ ਹਨ ਤੇ ਨਿਰਾਸੀ (ਨਿਰ + ਆਸੀ) ਆਸੀ = ਆਸਾਂ ਉਮੀਦਾਂ ਤੋਂ ਰਹਿਤ ਹੁੰਦੇ ਹਨ **ਵਾ:** ਸੰਸਾਰ ਤੋਂ ਨਿਰਾਸੀ = ਉਦਾਸ ਰਹਿੰਦੇ ਹਨ।

ਨਿਹਕਰਮ ਨਿਹਭਰਮ ਨਿਹਸਰਮ ਨਿਹਸ੍ਵਾਦ;
ਨਿਰਬਿਵਾਦ ਨਿਰੰਜਨ ਸੁੰਨਿ ਮੈ ਸੰਨਿਆਸੀ ਹੈ॥੧੬੮॥

ਗੁਰੂ ਕੇ ਸਿੱਖ ਸੰਚਤ, ਕਿਰੇਮਾਨ ਆਦਿ ਨਿਹਕਰਮ = ਕਰਮ ਤੋਂ ਰਹਿਤ ਹੁੰਦੇ ਹਨ, ਨਿਹਭਰਮ = ਭਰਮ ਤੋਂ ਰਹਿਤ ਹੁੰਦੇ ਹਨ, ਨਿਹਸਰਮ = ਥਕਾਣ ਰਹਿਤ ਹੁੰਦੇ ਹਨ **ਵਾ:** ਸੁਖ ਤੋਂ ਰਹਿਤ ਭਾਵ ਸੁਖ ਤੇ ਆਰਾਮ ਨਾਲ ਸੁੰਦਰ ਸਿੰਘਾਸਨ 'ਤੇ ਬੈਠਣ ਵਾਲੇ ਨਹੀਂ ਹੁੰਦੇ, ਮਿਹਨਤ ਕਰਨ ਵਾਲੇ ਹੁੰਦੇ ਹਨ, ਭਾਵ ਜਪ ਤਪ ਨਾਮ ਜਪਣ ਵਾਲੇ ਤੇ ਕਠਨ ਅਭਿਆਸੀ ਤੇ ਲੋਕ ਲਾਜ ਦੇ ਤਿਆਗੀ ਹੁੰਦੇ ਹਨ, ਪਦਾਰਥਾਂ ਦੇ ਨਿਹਸ੍ਵਾਦ = ਸੁਆਦ ਤੋਂ ਰਹਿਤ, ਨਿਰਬਿਵਾਦ = ਝਗੜਿਆਂ ਤੋਂ ਰਹਿਤ, ਨਿਰੰਜਨ (ਨਿਰ + ਅੰਜਨ) ਅਵਿੱਦਿਆ ਰੂਪੀ ਅੰਜਨ = ਕਾਲਖ ਤੋਂ ਰਹਿਤ **ਵਾ:** ਮਾਇਆ ਤੋਂ ਰਹਿਤ ਸ਼ੁੱਧ ਸਰੂਪ ਪਰਮੇਸ਼ਰ ਦਾ ਰੂਪ ਅਤੇ ਸੁੰਨ = ਅਫੁਰ ਸਰੂਪ ਪਰਮੇਸ਼ਰ ਵਿਚ ਧਿਆਨ ਲਾਉਣ ਵਾਲੇ ਅਜਿਹੇ ਗੁਰੂ ਕੇ ਸਿੱਖ ਸੰਨਿਆਸੀ = ਤਿਆਗੀ ਬੈਰਾਗੀ ਹੁੰਦੇ ਹੈ = ਹਨ॥੧੬੮॥

ਗੁਰਮੁਖਿ ਸਬਦ ਸੁਰਤਿ ਲਿਵ ਸਾਧ ਸੰਗਿ;
ਪਰਮਦਭੁਤ ਪ੍ਰੇਮ ਪੂਰਨ ਪ੍ਰਗਾਸੇ ਹੈ॥

ਜਿਹੜੇ ਪੁਰਖ ਐਸੇ ਗੁਰਮੁਖ ਜਨਾਂ ਦੀ ਸਾਧਸੰਗਿ = ਸਤਿਸੰਗਤ ਵਿਚ ਆ ਕੇ ਗੁਰਮੁਖਾਂ ਦੇ **ਵਾ:** ਗੁਰਾਂ ਦੇ ਸਬਦ = ਉਪਦੇਸ਼ ਨੂੰ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਸੁਣ ਕੇ ਉਸ ਵਿਚ ਚਿੱਤ ਦੀ ਲਿਵ = ਬਿਰਤੀ ਲਾਉਂਦੇ ਹਨ। ਉਨ੍ਹਾਂ ਦੇ ਹਿਰਦੇ ਵਿਚ ਪਰਮਦਭੁਤ = ਅਤਿਅੰਤ ਅਸਚਰਜ ਸਰੂਪ ਦੀ ਪ੍ਰਾਪਤੀ ਕਰਾਉਣ ਵਾਲਾ ਪੂਰਨ ਪ੍ਰੇਮ = ਸਨੇਹ ਪ੍ਰਗਾਸੇ = ਪ੍ਰਕਾਸ਼ ਹੋ ਆਇਆ ਕਰਦਾ ਹੈ।

ਪ੍ਰੇਮ ਰੰਗ ਮੈ ਅਨੇਕ ਰੰਗ, ਜਿਉ ਤਰੰਗ ਗੰਗ;
ਪ੍ਰੇਮ ਰਸ ਮੈ ਅਨੇਕ ਰਸ ਹੁਇ ਬਿਲਾਸੇ ਹੈ॥

ਐਸੇ ਪ੍ਰੇਮ ਰੰਗ ਮੈ = ਵਿਚ ਅਨੇਕ = ਅਨੰਤ ਰੰਗਾਂ ਦੀਆਂ ਪੂਜਨ, ਸੇਵਨ ਆਦਿ ਲਹਿਰਾਂ (ਕੌਤਕ) ਇਸ ਪ੍ਰਕਾਰ ਰਿਦੇ ਵਿਚ ਉੱਠਦੀਆਂ ਹਨ ਜਿਉ = ਜਿਵੇਂ ਗੰਗ = ਗੰਗਾ ਦੀ ਧਾਰ ਵਿਚ ਅਨੰਤ ਪ੍ਰਕਾਰ

ਦੀਆਂ ਤਰੰਗ = ਲਹਿਰਾਂ ਕਲੋਲਾਂ ਕਰਦੀਆਂ, ਘੁੰਮਣ ਘੇਰੀ ਦੇ ਰੂਪ ਵਿਚ ਪ੍ਰਗਟ ਹੁੰਦੀਆਂ ਹਨ, ਅਜਿਹਾ ਹੀ ਇਸ ਪ੍ਰੇਮ ਰਸ ਮੈ = ਵਿਚ ਅਨੇਕ = ਅਨੰਤ ਰਸਾਂ ਦੇ ਬਿਲਾਸੇ = ਕੌਤਕ ਹੁਇ = ਹੋਇਆ ਕਰਦੇ ਹੈ = ਹਨ ਭਾਵ ਪ੍ਰੇਮ ਰਸ ਵਿਚ ਅਨੇਕ ਤਰ੍ਹਾਂ ਦੇ ਸੁਆਦ ਪ੍ਰਾਪਤ ਹੁੰਦੇ ਹਨ ਜੋ ਵਰਣਨ ਨਹੀਂ ਕੀਤੇ ਜਾ ਸਕਦੇ।

ਪ੍ਰੇਮ ਗੰਧ ਸੰਧਿ ਮੈ ਸੁਗੰਧ ਸਨਬੰਧ ਕੋਟਿ;
ਪ੍ਰੇਮ ਸੂਤਿ ਅਨਿਕ ਅਨਾਹਦ ਉਲਾਸੇ ਹੈ॥

ਪ੍ਰੇਮ ਰੂਪੀ ਗੰਧ = ਸੁਗੰਧੀ ਤੇ ਭਗਤੀ ਦੇ ਸੰਧਿ = ਮਿਲਾਪ ਮੈ = ਵਿਚ ਕੋਟਿ = ਕਰੋੜਾਂ ਹੀ ਸੁਗੰਧ = ਸੁਗੰਧਿਤ ਚੀਜ਼ਾਂ ਦੀ ਵਾਸ਼ਨਾ ਦਾ ਸਨਬੰਧ = ਮਿਲਾਪ ਹੈ ਭਾਵ ਪ੍ਰੇਮਾ-ਭਗਤੀ ਦੇ ਅਨੰਦ ਅੱਗੇ ਕਰੋੜਾਂ ਹੀ ਵਿਸ਼ੇ ਤੇ ਛੱਲਾਂ ਦੀ ਵਾਸ਼ਨਾ ਦੇ ਅਨੰਦ ਨਹੀਂ, ਅਗੰਧਤ ਹਨ। ਪ੍ਰਭੂ ਪ੍ਰਾਪਤੀ ਵਾਲੇ ਪ੍ਰੇਮ ਦੇ ਵਿਚ ਸੂਤਿ = ਬਿਰਤੀ ਦੇ ਮਸਤੀ ਹੋਣ ਤੋਂ ਅਨਿਕ = ਅਨੰਤ ਹੀ ਅਨਾਹਦ = ਇਕ-ਰਸ ਆਨੰਦ ਦੇ ਉਲਾਸੇ = ਉਛਾਲੇ ਅੰਦਰ ਪ੍ਰਗਟ ਹੁੰਦੇ ਹਨ, ਭਾਵ ਵਾਹਿਗੁਰੂ ਦਾ ਆਨੰਦ ਸਭ ਨਾਲੋਂ ਸੁਖਦਾਇਕ ਹੈ।

ਪ੍ਰੇਮ ਅਸਪਰਸ ਕੋਮਲਤਾ ਸੀਤਲਤਾ ਕੈ;
ਅਕਥ ਕਥਾ ਬਿਨੋਦ ਬਿਸਮ ਬਿਸ੍ਵਾਸੇ ਹੈ॥੧੬੯॥

('ਅ-ਸਪਰਸ' ਬੋਲੋ)

ਇਹ ਪ੍ਰਭੂ ਪ੍ਰਾਪਤੀ ਵਾਲਾ ਪ੍ਰੇਮ = ਸਨੇਹ ਸੰਸਾਰਕ ਸੀਤਲਤਾ = ਠੰਢਕ ਤੇ ਕੋਮਲਤਾ = ਮ੍ਰਿਦਤਾ, ਨਰਮ ਵਸਤੂ ਤੋਂ ਵੀ ਅਸਪਰਸ = ਅਛੋਹ ਹੈ **ਵਾ:** ਗੁਰਮੁਖ ਜਨਾਂ ਦੇ ਹਿਰਦੇ ਵਿਚ ਪ੍ਰੇਮ ਅਛੋਹ ਹੈ ਭਾਵ ਗੁਰਮੁਖਾਂ ਦੇ ਪ੍ਰੇਮ ਬਰਾਬਰ ਕੋਈ ਵੀ ਪਹੁੰਚ ਨਹੀਂ ਸਕਦਾ ਅਤੇ ਬਚਨਾਂ ਦੀ ਕੋਮਲਤਾ = ਨਿਮਰਤਾ, ਹਿਰਦੇ ਤੇ ਬਾਣੀ ਦੀ ਸੀਤਲਤਾ = ਸੀਤਲਤਾਈ ਭਾਵ ਸ਼ਾਤੀ ਕਰਕੇ ਅਤੇ ਅਕਥ = ਕਥਨ ਤੋਂ ਰਹਿਤ ਕਥਾ = ਵਾਰਤਾ ਦੇ ਬਿਨੋਦ = ਤਮਾਸ਼ੇ ਅਤੇ ਬਿਸਮ = ਅਸਚਰਜ ਬਿਸ੍ਵਾਸੇ = ਭਰੋਸੇ ਦੇ ਸਹਿਤ ਆਦਿ ਇਨ੍ਹਾਂ ਗੁਣਾਂ ਦੇ ਸਹਿਤ ਗੁਰਮੁਖ ਜਨ ਹੁੰਦੇ ਹਨ, ਇਸ ਕਰਕੇ ਨਾ ਹੀ ਕੋਈ ਗੁਰਮੁਖਾਂ ਦੇ ਪ੍ਰੇਮ ਅੱਗੇ ਤੇ ਨਾ ਹੀ ਉਨ੍ਹਾਂ ਦੇ ਗੁਣਾਂ ਬਰਾਬਰ ਕੋਈ ਪਹੁੰਚ ਸਕਦਾ ਹੈ॥੧੬੯॥

ਪ੍ਰੇਮ ਰੰਗ ਸਮਸਰਿ ਪੁਜਸਿ ਨ ਕੋਊ ਰੰਗੁ;
ਪ੍ਰੇਮ ਰਸ ਪੁਜਸਿ ਨ ਅਨ ਰਸ ਸਮਾਨਿ ਕੈ॥

ਪ੍ਰੇਮ ਰੂਪੀ ਰੰਗ ਦੇ ਸਮਸਰਿ = ਬਰਾਬਰ ਹੋਰ ਕੋਊ = ਕੋਈ ਵੀ ਰੰਗ ਪੁਜਸਿ = ਪਹੁੰਚ ਨ = ਨਹੀਂ ਸਕਦਾ ਅਤੇ ਪ੍ਰੇਮ ਰਸ ਦੇ ਸੁਆਦ ਅੱਗੇ ਅਨ = ਹੋਰ ਕੋਈ ਦੂਸਰਾ ਰਸ ਵੀ ਸਮਾਨਿ = ਬਰਾਬਰਤਾਈ ਕੈ = ਕਰਕੇ ਪੁਜਸਿ = ਪਹੁੰਚ ਨ = ਨਹੀਂ ਸਕਦਾ।

ਪ੍ਰੇਮ ਗੰਧ ਪੁਜਸਿ ਨ ਆਨ ਕੋਊਐ ਸੁਗੰਧ;
ਪ੍ਰੇਮ ਪ੍ਰਭੁਤਾ ਪੁਜਸਿ ਪ੍ਰਭੁਤਾ ਨ ਆਨ ਕੈ॥

ਪ੍ਰੇਮ ਤੇ ਭਗਤੀ ਰੂਪ ਗੰਧ = ਸੁਗੰਧੀ ਦੇ ਬਰਾਬਰ ਆਨ = ਹੋਰ ਕੋਊਐ = ਕੋਈ ਵੀ ਫੁੱਲਾਂ ਆਦਿ ਦੀ

ਸੁਗੰਧ = ਵਾਸ਼ਨਾ ਪੁਜਸਿ = ਪਹੁੰਚ ਨ = ਨਹੀਂ ਸਕਦੀ ਅਤੇ ਪ੍ਰੇਮ ਦੀ ਪ੍ਰਭੁਤਾ = ਵਡਿਆਈ ਕੈ = ਦੇ ਬਰਾਬਰ ਆਨ = ਹੋਰ ਕੋਈ ਪ੍ਰਭੁਤਾ = ਵਡਿਆਈ ਪੁਜਸਿ = ਪਹੁੰਚ ਨ = ਨਹੀਂ ਸਕਦੀ।

ਪ੍ਰੇਮ ਤੋਲੁ ਤੁਲਿ ਨ ਪੁਜਸਿ ਤੋਲ ਤੁਲਾਧਾਰ;
ਮੋਲ ਪ੍ਰੇਮ ਪੁਜਸਿ ਨ ਸਰਬ ਨਿਧਾਨ ਕੈ॥

ਪ੍ਰਭੂ ਪ੍ਰਾਪਤੀ ਵਾਲੇ ਪ੍ਰੇਮ = ਸਨੇਹ ਦੇ ਤੋਲੁ = ਵਿਚਾਰ ਦੇ ਤੁਲਿ = ਬਰਾਬਰ ਤੁਲਾਧਾਰ = ਤੱਕੜੀ ਭਾਵ ਬੁੱਧ ਰੂਪੀ ਤੱਕੜੀ ਵਿਚ ਤੋਲ = ਵਿਚਾਰ ਪੁਜਸਿ = ਪਹੁੰਚ ਨ = ਨਹੀਂ ਸਕਦੀ, ਪ੍ਰਭੂ ਪ੍ਰਾਪਤੀ ਵਾਲੇ ਪ੍ਰੇਮ = ਸਨੇਹ ਦੇ ਮੋਲ = ਮੁੱਲ ਬਰਾਬਰ ਸਰਬ = ਸਾਰੇ ਰਿਧੀਆਂ ਸਿਧੀਆਂ ਆਦਿ ਕੈ = ਦੇ ਨਿਧਾਨ = ਖ਼ਜ਼ਾਨੇ ਪੁਜਸਿ = ਅੱਪੜ ਨ = ਨਹੀਂ ਸਕਦੇ।

ਏਕ ਬੋਲ ਪ੍ਰੇਮ ਕੈ ਪੁਜਸਿ ਨਹੀ ਬੋਲੁ ਕੋਊ;
ਗਿਆਨ ਉਨਮਾਨ ਅਸ ਥਕਤ ਕੋਟਾਨਿ ਕੈ॥੧੭੦॥

ਪ੍ਰੇਮ ਕੈ = ਦੇ ਇਕ ਬੋਲ = ਬਚਨ ਅੱਗੇ ਕੋਊ = ਕੋਈ ਹੋਰ ਸਿਆਣਪ ਵਾਲਾ ਬੋਲੁ = ਬਚਨ ਪੁਜਸਿ = ਅੱਪੜ ਨਹੀਂ ਸਕਦਾ ਅਤੇ ਸ਼ਾਸਤਰਾਂ, ਵੇਦਾਂ, ਪੁਰਾਣਾਂ ਦੇ ਗਿਆਨ ਕੋਟਾਨਿ = ਕਰੋੜਾਂ ਹੀ ਉਨਮਾਨ = ਵਿਚਾਰ ਕੈ = ਕਰ ਕੇ ਅਸ = ਐਸਾ ਥਕਤ = ਥੱਕ ਜਾਂਦੇ ਹਨ ਕਿ ਪ੍ਰੇਮ ਦੇ ਇਕ ਬਚਨ ਬਰਾਬਰ ਪਹੁੰਚ ਨਹੀਂ ਸਕਦੇ॥੧੭੦॥

ਪੂਰਨ ਬ੍ਰਹਮ ਗੁਰ ਚਰਨ ਕਮਲ ਜਸ;
ਆਨਦ ਸਹਜ ਸੁਖ ਬਿਸਮ ਕੋਟਾਨਿ ਹੈ॥

(ਪਾਠਾਂਤ੍ਰ 'ਰਜ')

ਪੂਰਨ = ਪਰੀਪੂਰਨ ਬ੍ਰਹਮ = ਪਰਮੇਸ਼ਰ ਦਾ ਸਰੂਪ ਗੁਰ = ਸਤਿਗੁਰੂ ਸਾਹਿਬ ਜੀ ਦੇ ਚਰਨਾਂ ਕਮਲਾਂ ਦਾ ਪ੍ਰੇਮ ਸਹਿਤ ਪਾਲਣ ਕਰਦਿਆਂ ਹੋਇਆਂ ਪਰਮੇਸ਼ਰ ਦੇ ਜਸ = ਕੀਰਤਨ ਕਰਨ ਤੋਂ ਜੋ ਸਹਜ = ਸੁਤੇ-ਸਿਧ ਆਤਮਿਕ ਆਨਦ = ਸੁਖ ਪ੍ਰਾਪਤ ਹੁੰਦਾ ਹੈ, ਉਸ ਅੱਗੇ ਕੋਟਾਨਿ = ਕਰੋੜਾਂ ਹੀ ਲੋਕ ਪ੍ਰਲੋਕ ਦੇ ਸੁਖ = ਆਨੰਦ ਬਿਸਮ = ਹੈਰਾਨ ਹੋ ਜਾਂਦੇ ਹਨ।

ਨੋਟ : ਪੂਰਨ ਬ੍ਰਹਮ ਗੁਰ ਚਰਨ ਕਮਲ 'ਜਸ'—ਕਈ ਜਗ੍ਹਾ 'ਜਸ' ਦੀ ਥਾਂ 'ਰਜ' ਪਾਠ ਵੀ ਹੁੰਦਾ ਹੈ, ਜਿਸ ਦਾ ਅਰਥ ਇਉਂ ਹੈ—ਪੂਰਨ ਪਰਮੇਸ਼ਰ ਦਾ ਰੂਪ ਸਤਿਗੁਰੂ ਦੇ ਚਰਨਾਂ ਕਮਲਾਂ ਦੀ ਜੋ ਰਜ = ਧੂੜੀ ਦੀ ਪ੍ਰਾਪਤੀ ਦਾ ਜੋ ਆਨੰਦ ਹੈ, ਉਸ ਆਨੰਦ ਦੇ ਬਰਾਬਰ ਹੋਰ ਕਰੋੜਾਂ ਹੀ ਸਹਜ = ਅਡੋਲ ਰਹਿਣ ਵਾਲੇ ਸੁਖ = ਆਨੰਦ ਬਿਸਮ = ਹੈਰਾਨ ਹੁੰਦੇ ਹਨ।

ਕੋਟਨਿ ਕੋਟਾਨਿ ਸੋਭ ਲੋਭ ਕੈ ਲੁਭਿਤ ਹੋਇ;
ਕੋਟਿਨ ਕੋਟਾਨਿ ਛਬਿ ਛਬਿ ਕੈ ਲੁਭਾਨ ਹੈ॥

ਕੋਟਨਿ = ਕਰੋੜਾਂ ਤਰ੍ਹਾਂ ਦੀਆਂ ਕੋਟਾਨਿ = ਕਰੋੜਾਂ ਹੀ ਸੋਭ = ਉਸਤਤਾਂ ਗੁਰਾਂ ਦੇ ਚਰਨਾਂ ਕਮਲਾਂ ਦੇ

ਉੱਪਰੋਂ ਲੁਭਿਤ = ਲੁਭਾਇਮਾਨ ਹੋਇ = ਹੋ ਕੇ ਲੋਭ = ਲਾਲਚ ਕੈ = ਕਰਦੀਆਂ ਰਹਿੰਦੀਆਂ, ਭਾਵ ਗੁਰਾਂ ਦੇ ਚਰਨਾਂ ਕਮਲਾਂ ਦੇ ਦਰਸ਼ਨਾਂ ਦੀ ਇੱਛਾ ਕਰਦੀਆਂ ਰਹਿੰਦੀਆਂ ਹਨ ਅਤੇ ਕੋਟਿਨ = ਕਰੋੜਾਂ ਤਰ੍ਹਾਂ ਦੀਆਂ ਕੋਟਾਨਿ = ਕਰੋੜਾਂ ਛਬਿ = ਸਜਾਵਟਾਂ (ਸੁੰਦਰਤਾਈਆਂ) ਗੁਰਾਂ ਦੇ ਚਰਨਾਂ ਕਮਲਾਂ ਦੀ ਛਬਿ = ਸੁੰਦਰਤਾ ਕੈ = ਦੇ ਉੱਪਰ ਲੁਭਾਨ = ਲੁਭਾਇਮਾਨ ਹੋ ਰਹੀਆਂ ਹਨ **ਵਾ:** ਆਤਮਾਨੰਦ ਰੂਪੀ ਸੁੰਦਰਤਾ ਲਈ ਲੁਭਾਇਮਾਨ ਹੋ ਰਹੀਆਂ ਹਨ।

ਕੋਮਲਤਾ ਕੋਟਿ ਲੋਟ ਪੋਟ ਹੁਇ ਕੋਮਲਤਾ ਕੈ;
ਸੀਤਲਤਾ ਕੋਟਿ ਓਟ ਚਾਹਤ ਹਿਰਾਨਿ ਹੈ॥

ਸੁਗੰਧਿਤ ਫੁੱਲਾਂ ਦੀਆਂ ਕੋਮਲਤਾਈਆਂ ਕੋਟਿ = ਕਰੋੜਾਂ ਹੀ ਲੋਟ ਪੋਟ = ਲੋਟਨ ਪੋਟਨ ਹੁਇ = ਹੋ ਕੇ ਗੁਰਾਂ ਦੇ ਚਰਨਾਂ ਕਮਲਾਂ ਦੀ ਕੋਮਲਤਾਈ ਉੱਪਰ ਜਾ ਪੈਣਾ ਕਰਦੀਆਂ ਹਨ, ਭਾਵ ਫੁੱਲਾਂ ਦੀ ਕੋਮਲਤਾਈ ਵੀ ਗੁਰਾਂ ਦੇ ਚਰਨ ਕਮਲ ਵਾਂਗ ਕੋਮਲ ਨਹੀਂ ਹੈ ਤੇ ਕੋਟਿ = ਕਰੋੜਾਂ ਹੀ ਸੀਤਲਤਾ = ਠੰਢਤਾਈ ਦੇਣ ਵਾਲੀਆਂ ਵਸਤੂਆਂ ਗੁਰਾਂ ਦੇ ਚਰਨਾਂ ਕਮਲਾਂ ਦੀ ਓਟ = ਟੇਕ ਨੂੰ ਹਿਰਾਨਿ = ਅਸਚਰਜ ਹੋ ਕੇ ਚਾਹਤ = ਚਾਹੁੰਦੀਆਂ ਹਨ।

ਅੰਮ੍ਰਿਤ ਕੋਟਾਨਿ ਅਨਹਦ ਗਦ ਗਦ ਹੋਤ;
ਮਨ ਮਧੁਕਰ ਤਿਹ ਸੰਪਟ ਸਮਾਨਿ ਹੈ॥੧੭੧॥

ਕੋਟਾਨਿ = ਕਰੋੜਾਂ ਹੀ ਸਵਰਗਾਂ ਦੇ ਅੰਮ੍ਰਿਤ ਗੁਰਾਂ ਦੇ ਚਰਨਾਂ ਕਮਲਾਂ ਉੱਪਰ ਅਨਹਦ = ਇਕ-ਰਸ ਗਦ ਗਦ = ਬਹੁਤ ਪ੍ਰਸੰਨ ਹੋਤ = ਹੁੰਦੇ ਹਨ। ਸੋ ਐਸੇ ਗੁਰਾਂ ਦੇ ਚਰਨਾਂ ਕਮਲਾਂ ਉੱਤੇ ਸਿੱਖ ਆਪਣਾ ਮਨ ਮਧੁਕਰ = ਭੌਰੇ ਵਾਂਗ ਕਰ ਕੇ ਤਿਹ = ਤਿਸ ਚਰਨ ਕਮਲਾਂ ਦੇ ਅਨੰਦਮਈ ਸੰਪਟ = ਡੱਬੇ ਵਿਚ ਸਮਾਨਿ = ਸਮਾਇਆ ਰਹਿੰਦਾ ਹੈ ਭਾਵ ਜਿਵੇਂ ਭੌਰਾ ਫੁੱਲਾਂ ਦੀ ਓਟ ਲੈਂਦਾ ਹੈ ਤੇ ਸੰਪਟ = ਡੱਬੇ ਸਮਾਨਿ = ਵਾਂਗ ਤਿਹ = ਉਸ ਫੁੱਲ ਨੂੰ ਢੱਕ ਲੈਂਦਾ ਹੈ ਤੇ ਦੁੱਖ ਨਹੀਂ ਹੋਣ ਦਿੰਦਾ, ਇਸੇ ਤਰ੍ਹਾਂ ਗੁਰਾਂ ਦੇ ਚਰਨ ਡੱਬੇ ਵਤ ਹਨ, ਜੋ ਗੁਰਸਿੱਖਾਂ ਦੀ ਸਹਾਇਤਾ ਕਰਦੇ ਹਨ ਅਤੇ ਸਿੱਖਾਂ ਦਾ ਮਨ ਰੂਪੀ ਭੌਰਾ ਗੁਰਾਂ ਦੇ ਚਰਨ ਕਮਲ ਜੋ ਡੱਬੇ ਵਤ ਹਨ, ਉਨ੍ਹਾਂ ਵਿਚ ਸਮਾਇਆ ਰਹਿੰਦਾ ਹੈ॥੧੭੧॥

ਸੋਵਤ ਪੈ ਸੁਪਨ ਚਰਿਤ੍ਰ ਚਿਤ੍ਰ ਦੇਖਿਓ ਚਾਹੈ;
ਸਹਜ ਸਮਾਧਿ ਬਿਖੈ ਉਨਮਨੀ ਜੋਤਿ ਹੈ॥

ਸੋਵਤ = ਸੁੱਤੇ ਪੈ = ਪਿਆਂ ਸੁਪਨੇ ਦੀ ਦਸ਼ਾ ਵਿਚ ਲੰਘੀ ਚਰਿਤ੍ਰ = ਕਿਰਿਆ ਦੀ ਚਿਤ੍ਰ = ਤਸਵੀਰ ਦੀ ਹੂ-ਬ-ਹੂ ਵਾਰਤਾ ਨੂੰ ਜੇਕਰ ਕੋਈ ਜਾਗਣੇ ਤੋਂ ਦੇਖਿਓ = ਦੇਖਣਾ ਚਾਹੈ = ਚਾਹੁਣਾ ਕਰੇ ਤਾਂ ਕਦੇ ਵੀ ਵੇਖ ਨਹੀਂ ਸਕਦਾ। ਇਸੇ ਤਰ੍ਹਾਂ ਹੀ ਸਹਜ = ਸੁਤੇ-ਸਿਧ ਗੁਰ-ਉਪਦੇਸ਼ ਦੁਆਰਾ ਪਰਮੇਸ਼ਰ ਦੇ ਨਾਮ ਵਿਚ ਸਮਾਧਿ = ਇਸਥਿਤੀ ਪਾ ਕੇ ਜੋ ਗੁਰਮੁਖ ਜਨਾਂ ਨੂੰ ਉਨਮਨੀ = ਤੁਰੀਆ ਪਦ ਰੂਪੀ ਚੌਥੀ ਭੂਮਿਕਾ ਦੇ ਜੋਤਿ = ਪ੍ਰਕਾਸ਼ ਦਾ ਅਨੰਦ ਰਿਦੇ ਵਿਚ ਹੁੰਦਾ ਹੈ, ਉਹ ਕਥਨ ਤੋਂ ਰਹਿਤ ਹੁੰਦਾ ਹੈ।

ਸੁਰਾਪਾਨ ਸ੍ਵਾਦ ਮਤਵਾਰਾ ਪ੍ਰਤਿ ਪ੍ਰਸੰਨ ਜਿਉ;
ਨਿਝਰ ਅਪਾਰ ਧਾਰ ਅਨਭੈ ਉਦੋਤ ਹੈ॥

ਜਿਉ = ਜਿਵੇਂ ਸੁਰਾਪਾਨ = ਸ਼ਰਾਬ ਪੀਣ ਵਾਲਾ ਪੁਰਖ ਸ਼ਰਾਬ ਦੇ ਸੁਆਦ ਵਿਚ ਨਸ਼ੇ ਦੇ ਚੜ੍ਹਨ ਪ੍ਰਤਿ = ਤਾਈਂ ਮਤਵਾਰਾ = ਮਸਤ, ਕਮਲਾ ਜਿਹਾ ਹੋ ਕੇ ਆਪਣੇ ਆਪ ਵਿਚ ਆਪ ਹੀ ਪ੍ਰਸੰਨ = ਖ਼ੁਸ਼ ਹੁੰਦਾ ਹੈ, ਭਾਵ ਸ਼ਰਾਬੀ ਸ਼ਰਾਬ ਦੇ ਨਸ਼ੇ ਦੇ ਆਨੰਦ ਨੂੰ ਦੱਸ ਨਹੀਂ ਸਕਦਾ, ਭਾਵੇਂ ਸ਼ਰਾਬ ਵਿਸ਼ੇ-ਵਿਕਾਰ ਪੈਦਾ ਕਰਨ ਦਾ ਕਾਰਨ ਹੈ ਤੇ ਇਹ ਪੀਣੀ ਗੁਰਮਤਿ ਦੇ ਵਿਰੁੱਧ ਹੈ, ਪਰ ਇਥੇ ਦ੍ਰਿਸ਼ਟਾਂਤ ਦਿੱਤਾ ਹੈ ਕਿ ਨਸ਼ਈ ਨੂੰ ਸ਼ਰਾਬ ਪੀ ਕੇ ਆਨੰਦ ਆਉਂਦਾ ਹੈ, ਉਹ ਕਿਸੇ ਨੂੰ ਦੱਸ ਨਹੀਂ ਸਕਦਾ। ਇਥੇ ਕੇਵਲ ਅਰਥ ਲੈਣਾ ਹੈ। ਇਸੇ ਤਰ੍ਹਾਂ ਹੀ ਜੋ ਗੁਰਮੁਖ ਜਨ ਨੂੰ ਨਿਝਰ = ਇਕ-ਰਸ ਅਪਾਰ = ਪਾਰਾਵਾਰ ਤੋਂ ਰਹਿਤ ਬ੍ਰਹਮਾਨੰਦ ਰੂਪੀ ਧਾਰ ਦਾ **ਵਾ:** ਅਨੁਭਵੀ ਰਸ ਦੀ ਧਾਰ ਦਾ ਆਨੰਦ ਜੋ ਅਨਭੈ = ਅਨੁਭਵ ਵਿਚ ਉਦੋਤ = ਪ੍ਰਗਟ ਹੁੰਦਾ ਹੈ, ਉਹ ਦੱਸਣ ਵਿਚ ਨਹੀਂ ਆ ਸਕਦਾ।

ਬਾਲਕ ਪੈ ਨਾਦ ਬਾਦ ਸਬਦ ਬਿਧਾਨ ਚਾਹੈ;
ਅਨਹਦ ਧੁਨਿ ਰੁਨਝੁਨ ਸੁਰਤਿ ਸ੍ਰੋਤ ਹੈ॥

ਜੇਕਰ ਕੋਈ ਬਾਲਕ = ਬੱਚੇ ਦੇ ਪੈ = ਕੋਲੋਂ ਬਾਦ = ਵਾਜੇ ਦੇ ਸ਼ਬਦ ਦੀ ਨਾਦ = ਗੂੰਜ, ਧੁਨੀ ਨੂੰ ਬਿਧਾਨ = ਵਰਣਨ ਕਰਾਉਣੀ ਚਾਹੈ = ਚਾਹੁਣਾ ਕਰੇ ਤਾਂ ਇਹ ਅਸੰਭਵ ਗੱਲ ਹੈ **ਵਾ:** ਜਿਵੇਂ ਕੋਈ ਬੱਚੇ ਦੇ ਕੋਲੋਂ ਨਾਦ = ਵਾਜੇ ਨੂੰ ਬਾਦ = ਵਜਾ ਕੇ ਇਹ ਚਾਹੁਣਾ ਕਰੇ ਕਿ ਬੱਚਾ ਬਿਧਾਨ = ਵਿਧੀ ਅਨੁਸਾਰ ਰਾਗ ਦੀ ਤਾਰ ਨੂੰ ਸਮਝ ਕੇ ਤੇ ਰਾਗ ਅਲਾਪ ਕੇ ਸ਼ਬਦ ਸੁਣਾਉਣਾ ਕਰੇ ਤਾਂ ਇਹ ਅਸੰਭਵ ਗੱਲ ਹੈ, ਇਸੇ ਤਰ੍ਹਾਂ ਸੁਰਤਿ = ਸੁਰਤੀ ਦੁਆਰਾ ਸ੍ਰੋਤ = ਸੁਣੀ ਜਾਣ ਵਾਲੀ ਅਨਹਦ = ਹੱਦ ਤੋਂ ਰਹਿਤ ਸ਼ਬਦ ਦੀ ਧੁਨਿ = ਧੁਨੀ ਦੀ ਰੁਨਝੁਨ = ਹੌਲੀ ਹੌਲੀ (ਮਿੱਠੀ ਮਿੱਠੀ) ਆਵਾਜ਼ ਦੇ ਆਨੰਦ ਨੂੰ ਰਸਨਾ ਦੁਆਰਾ ਦੱਸਣਾ ਅਸੰਭਵ ਗੱਲ ਹੈ ਭਾਵ ਉਸ ਅਨੰਦ ਨੂੰ ਬਾਣੀ ਦੁਆਰਾ ਕਥਨ ਨਹੀਂ ਕੀਤਾ ਜਾ ਸਕਦਾ।

ਅਕਥ ਕਥਾ ਬਿਨੋਦ ਸੋਈ ਜਾਨੈ ਜਾ ਮੈ ਬੀਤੈ;
ਚੰਦਨ ਸੁਗੰਧ ਜਿਉ ਤਰੋਵਰ ਨ ਗੋਤ ਹੈ॥੧੭੨॥

ਇਸ ਅਕਥ = ਕਥਨ ਤੋਂ ਰਹਿਤ ਬ੍ਰਹਮਾਨੰਦ ਦੀ ਪ੍ਰਾਪਤੀ ਰੂਪ ਬਿਨੋਦ = ਕੌਤਕ ਦੀ ਕਥਾ = ਵਾਰਤਾ ਕੇਵਲ ਸੋਈ = ਉਹੋ ਪੁਰਖ ਹੀ ਜਾਨੈ = ਜਾਣ ਸਕਦਾ ਹੈ ਜਾ = ਜਿਸ ਦੇ ਰਿਦੇ ਮੈ = ਵਿਚ ਇਹ ਬੀਤੈ = ਗੁਜ਼ਰਦੀ ਹੈ ਭਾਵ ਗੁਰਮੁਖ ਜਨ ਇਸ ਕੌਤਕਮਈ ਆਨੰਦ ਨੂੰ ਜਾਣਦੇ ਹਨ ਅਤੇ ਉਹ ਸੱਚ ਸਰੂਪ ਦਾ ਰੂਪ ਹੀ ਹੋ ਜਾਂਦੇ ਹਨ। ਜਿਉ = ਜਿਵੇਂ ਚੰਦਨ = ਚੰਨਣ ਦੀ ਸੁਗੰਧ = ਵਾਸ਼ਨਾ ਨਾਲ ਸੁਗੰਧਿਤ ਹੋ ਕੇ ਤਰੋਵਰ = ਬ੍ਰਿਛ ਚੰਦਨ ਦੀ ਗੋਤ = ਜਾਤੀ ਵਾਲਾ ਨ = ਨਹੀਂ ਹੋ ਸਕਦਾ ਹੈ, ਭਾਵ ਸਿਰਫ਼ ਸੁਗੰਧੀ ਦੁਆਰਾ ਆਪਣੇ ਆਪ ਨੂੰ ਚੰਨਣ ਦਾ ਰੂਪ ਹੋ ਜਾਣਾ ਜਣਾ ਸਕਦਾ ਹੈ, ਇਸੇ ਤਰ੍ਹਾਂ ਗੁਰਮੁਖ ਜਨ ਬ੍ਰਹਮਾਨੰਦ ਰੂਪ ਪ੍ਰਾਪਤੀ ਦੇ ਆਨੰਦ ਨੂੰ ਰਸਨਾ ਦੁਆਰਾ ਬਿਆਨ ਕਰ ਕੇ ਕਿਸੇ ਹੋਰ ਨੂੰ ਜਣਾ ਨਹੀ ਸਕਦੇ॥੧੭੨॥

ਪ੍ਰੇਮ ਰਸ ਕੋ ਪ੍ਰਤਾਪੁ ਸੋਈ ਜਾਨੈ ਜਾ ਮੈ ਬੀਤੇ;
ਮਦਨ ਮਦੋਨ ਮਤਿਵਾਰੋ ਜਗ ਜਾਨੀਐ ॥

ਪ੍ਰੇਮ = ਸਨੇਹ ਦੇ ਰਸ = ਸੁਆਦ (ਅਨੰਦ) ਦੇ ਪ੍ਰਤਾਪੁ = ਪ੍ਰਭਾਵ ਕੋ = ਨੂੰ ਸੋਈ = ਉਹੋ ਹੀ ਜਾਨੈ = ਜਾਣਦਾ ਹੈ ਜਾ = ਜਿਸ ਦੇ ਰਿਦੇ ਮੈ = ਵਿਚ ਇਹ ਬੀਤੇ = ਬੀਤਦੀ ਹੈ, ਜਿਵੇਂ ਸ਼ਰਾਬੀ ਮਦਨ = ਸ਼ਰਾਬ ਪੀ ਕੇ ਮਦੋਨ = ਮਸਤ ਹੋ ਜਾਂਦਾ ਹੈ, ਉਹ ਪੁਰਖ ਬੜਾ ਮਤਵਾਰੋ = ਝੱਲਾ ਜਗ = ਸੰਸਾਰ ਵਿਚ ਜਾਨੀਐ = ਜਾਣਨਾ ਕਰੀਦਾ ਹੈ **ਵਾ:** ਜਿਵੇਂ ਮਦਨ = ਕਾਮ ਦੇ ਮਦੋਨ = ਨਸ਼ੇ ਵਿਚ ਮਸਤ ਹੋਏ ਮਤਵਾਰੋ = ਝੱਲੇ ਪੁਰਖ ਨੂੰ ਉਸ ਦੀ ਕਾਮ ਦਸ਼ਾ ਤੋਂ ਸਾਰਾ ਜਗਤ ਜਾਣਿਆ ਕਰਦਾ ਹੈ।

ਘੂਰਮ ਹੁਇ ਘਾਇਲ ਸੋ ਘੂਮਤ ਅਰੁਨ ਦ੍ਰਿਗ;
ਮਿਤ੍ਰ ਸਤ੍ਰੁਤਾ ਨਿਲਜ ਲਜਾ ਹੂ ਲਜਾਨੀਐ ॥

ਜਿਸ ਤਰ੍ਹਾਂ ਸ਼ਸਤਰ ਦੇ ਵਾਰ ਨਾਲ ਜੰਗ ਵਿਚ ਸੂਰਮਾ ਘਾਇਲ = ਫੱਟੜ ਹੋਇਆ ਪੁਰਖ ਘੂਰਮ = ਘੂਰਦਾ ਹੈ, ਸੋ = ਉਹ ਅਰੁਨ = ਲਾਲ ਦ੍ਰਿਗ = ਨੇਤਰ ਕਰ ਕੇ ਘੂਮਤ = ਘੁੰਮਦਾ ਫਿਰਦਾ ਹੈ ਅਤੇ ਉਹ ਮਿਤ੍ਰ = ਸਨੇਹੀ ਤੇ ਸਤ੍ਰੁਤਾ = ਦੁਸ਼ਮਣਤਾਈ ਵਾਲੀ ਨਿਲਜ = ਸ਼ਰਮ ਤੋਂ ਰਹਿਤ, ਨਿਰਲੱਜ ਹੁੰਦਾ ਹੈ ਅਤੇ ਉਸ ਕੋਲੋਂ ਲਜਾ = ਸ਼ਰਮ ਹੂ = ਵੀ ਲਜਾਨੀਐ = ਲੱਜਤ ਹੋ ਜਾਂਦੀ ਹੈ ਭਾਵ ਉਹ ਵੈਰੀ ਤੇ ਮਿੱਤਰ ਦੇ ਮਾਰਨ ਵੱਲੋਂ ਨਿਸ਼ੰਗ ਹੋਇਆ ਹੁੰਦਾ ਹੈ, ਉਸ ਨੂੰ ਕੋਈ ਸ਼ਰਮ ਨਹੀਂ ਆਉਂਦੀ ਭਾਵੇਂ ਕੋਈ ਆਪਣਾ ਹੀ ਭੁਲੇਖੇ ਨਾਲ ਫੱਟ ਲਗ ਕੇ ਮਰ ਜਾਵੇ ਅਤੇ ਉਹ ਆਪਣੇ ਆਪ ਨੂੰ ਜੰਗ ਦੇ ਮੈਦਾਨ ਵਿਚ ਬਹੁਤ ਮਸਤ ਰੱਖਦਾ ਹੈ।

ਰਸਨਾ ਰਸੀਲੀ ਕਥਾ ਅਕਥ ਕੈ ਮੋਨ ਬ੍ਰਤ;
ਅਨ ਰਸ ਰਹਿਤ ਨ ਉਤਰ ਬਖਾਨੀਐ ॥

ਐਸਾ ਹੀ ਗੁਰਮੁਖ ਜਨ ਰਸੀਲੀ = ਰਸ ਲੈਣ ਵਾਲੀ ਰਸਨਾ = ਜਿਹਬਾ ਨਾਲ ਵਾਹਿਗੁਰੂ ਦੀ ਅਕਥ = ਕਥਨ ਤੋਂ ਰਹਿਤ ਆਤਮਾਨੰਦ ਰੂਪੀ ਕਥਾ = ਵਾਰਤਾ ਨੂੰ ਆਖੀ ਕੈ = ਕਰਕੇ ਮੋਨ ਬ੍ਰਤ = ਚੁੱਪ ਕਰ ਜਾਂਦੇ ਹਨ ਅਤੇ ਅਨ = ਹੋਰ ਸੰਸਾਰਕ ਪਦਾਰਥਾਂ ਦੇ ਰਸ = ਸੁਆਦਾਂ ਤੋਂ ਰਹਿਤ = ਬਗ਼ੈਰ ਹੋ ਜਾਣੇ ਕਰਕੇ ਵਾਹਿਗੁਰੂ ਦੀ ਪ੍ਰਾਪਤੀ ਵਾਲੇ ਆਤਮਾਨੰਦ ਦਾ ਕੋਈ ਉਤਰ = ਜਵਾਬ ਬਖਾਨੀਐ = ਕਥਨ ਕਰ ਕੇ ਦੱਸ ਨ = ਨਹੀਂ ਸਕਦੇ ਭਾਵ ਜੋ ਗੁਰਮੁਖਾਂ ਨੂੰ ਆਨੰਦ ਆਉਂਦਾ ਹੈ, ਉਹ ਕਥਨ ਕਰ ਕੇ ਦੱਸ ਨਹੀਂ ਸਕਦੇ।

ਸੁਰਤਿ ਸੰਕੋਚ ਸਮਸਰਿ ਅਸਤੁਤਿ ਨਿੰਦਾ;
ਪਗ ਡਗਮਗ ਜਤ ਕਤ ਬਿਸਮਾਨੀਐ ॥੧੭੩॥

ਗੁਰਮੁਖ ਜਨ ਆਪਣੀ ਸੁਰਤਿ = ਸੁਰਤੀ ਨੂੰ ਬਾਹਰਲੇ ਪਦਾਰਥਾਂ ਵੱਲ ਜਾਣ ਤੋਂ ਸੰਕੋਚ = ਰੋਕ ਕੇ ਰੱਖਦੇ ਹਨ ਤੇ ਆਪਣੀ ਅਸਤੁਤਿ = ਕੀਰਤੀ ਤੇ ਨਿੰਦਾ = ਅਪਕੀਰਤੀ ਨੂੰ ਸਮਸਰਿ = ਬਰਾਬਰ ਰੱਖਦੇ ਹਨ ਅਤੇ ਉਨ੍ਹਾਂ ਦੇ ਚਿੱਤ ਗੁਰਾਂ ਦੇ ਪਗ = ਚਰਨਾਂ ਕਮਲਾਂ ਤੋਂ ਬਗ਼ੈਰ ਜਤ ਕਤ = ਜਿਧਰ ਕਿਧਰ ਵੀ ਡਗਮਗ = ਡਾਵਾਂਡੋਲ ਨਹੀਂ ਹੁੰਦੇ ਤੇ ਬਿਸਮਾਨੀਐ = ਅਸਚਰਜ ਹੁੰਦੇ ਹਨ ਭਾਵ ਸੰਸਾਰ ਵੱਲੋਂ ਬਿਰਤੀ ਨੂੰ ਰੋਕ ਕੇ ਕੀਰਤੀ ਤੇ ਅਪਕੀਰਤੀ ਨੂੰ ਸਮਾਨ ਜਾਣ ਕੇ ਗੁਰਾਂ ਦੇ ਚਰਨਾਂ ਵਿਚ ਮਸਤ ਰਹਿੰਦੇ ਹਨ॥੧੭੩॥

ਤਨਕ ਹੀ ਜਾਮਨ ਕੈ ਦੂਧ ਦਧਿ ਹੋਤ ਜੈਸੇ;
ਤਨਕ ਹੀ ਕਾਂਜੀ ਪਰੈ ਦੂਧ ਫਾਟਿ ਜਾਤ ਹੈ॥

ਜੈਸੇ = ਜਿਸ ਪ੍ਰਕਾਰ ਤਨਕ = ਥੋੜ੍ਹੇ ਮਾਤਰ ਹੀ ਜਾਮਨ = ਜਾਗ ਲਾਉਣ ਕੈ = ਕਰਕੇ ਦੂਧ = ਦੁੱਧ ਦਧਿ = ਦਹੀਂ ਹੋਤ = ਹੋ, ਬਣ ਜਾਂਦਾ ਹੈ ਅਤੇ ਤਨਕ = ਥੋੜ੍ਹੀ ਜਿਹੀ ਹੀ ਕਾਂਜੀ = ਖਟਿਆਈ ਦੀ ਛਿੱਟ ਪਰੈ = ਪੈਣ ਤੋਂ ਦੂਧ = ਦੁੱਧ ਫਾਟਿ = ਫਟ ਜਾਤ = ਜਾਂਦਾ ਹੈ।

ਤਨਕ ਹੀ ਬੀਜ ਬੋਏ ਬਿਰਖ ਬਿਥਾਰ ਹੋਇ;
ਤਨਕ ਹੀ ਚਿਨਗ ਪਰੈ ਭਸਮ ਹੁਇ ਸਮਾਤ ਹੈ॥

ਤਨਕ = ਥੋੜ੍ਹੇ ਭਾਵ ਸੂਖਮ ਜਿਹੇ ਬੀਚ ਨੂੰ ਬੋਏ = ਬੀਜਣੇ ਤੋਂ ਬਿਰਖ = ਬ੍ਰਿਛ ਦਾ ਬਿਥਾਰ = ਵਿਸਤਾਰ ਹੋਇ = ਹੋ ਆਉਂਦਾ ਹੈ ਅਤੇ ਤਨਕ = ਥੋੜ੍ਹੀ ਜਿਹੀ ਹੀ ਚਿਨਗ = ਚੰਗਿਆੜੀ ਦੇ ਪਰੈ = ਪੈਣ ਨਾਲ ਸਾਰਾ ਹੀ ਵਿਸਤਾਰ ਭਸਮ = ਸੁਆਹ ਹੁਇ = ਹੋ ਕੇ ਸਮਾਤ = ਸਮਾਪਤ ਹੋ ਜਾਂਦਾ ਹੈ।

ਤਨਕ ਹੀ ਖਾਏ ਬਿਖੁ ਹੋਤ ਹੈ ਬਿਨਾਸ ਕਾਲ;
ਤਨਕ ਹੀ ਅੰਮ੍ਰਿਤ ਕੈ ਅਮਰੁ ਹੁਇ ਗਾਤ ਹੈ॥

ਤਨਕ = ਥੋੜ੍ਹੀ ਜਿਹੀ ਬਿਖੁ = ਜ਼ਹਿਰ ਦੇ ਖਾਏ = ਖਾਂਦਿਆਂ ਹੀ ਬਿਨਾਸ = ਮੌਤ ਦਾ ਕਾਲ = ਸਮਾਂ ਨੇੜੇ ਆ ਢੁੱਕਦਾ ਹੈ ਅਤੇ ਤਨਕ = ਥੋੜ੍ਹੇ ਜਿਹੇ ਹੀ ਅੰਮ੍ਰਿਤ ਦੇ ਪੀਣੇ ਕੈ = ਕਰਕੇ ਗਾਤ = ਸਰੀਰ ਅਮਰੁ = ਮਿਰਤੂ ਤੋਂ ਰਹਿਤ ਹੋਇ = ਹੋ ਜਾਂਦਾ ਹੈ।

ਸੰਗਤਿ ਅਸਾਧ ਸਾਧ ਗਨਿਕਾ ਬਿਵਾਹਿਤਾ ਜਿਉ;
ਤਨਕ ਮੈ ਉਪਕਾਰ ਅਉ ਬਿਕਾਰ ਘਾਤ ਹੈ॥੧੭੪॥

ਜਿਉ = ਜਿਵੇਂ ਅਸਾਧ = ਕੁਸੰਗੀ ਪੁਰਖਾਂ ਦੀ ਸੰਗਤ ਗਨਿਕਾ = ਵੇਸਵਾ ਵਾਂਗ ਹੈ ਤੇ ਸਾਧ = ਸ੍ਰੇਸ਼ਟ ਪੁਰਖਾਂ ਦੀ ਸੰਗਤ ਬਿਵਾਹਿਤਾ = ਵਿਆਹੀ ਹੋਈ ਇਸਤਰੀ ਵਾਂਗ ਹੈ ਭਾਵ ਵੇਸਵਾ ਔਰਤ ਦੀ ਸੰਗਤ ਵਿਸ਼ੇ-ਵਿਕਾਰਾਂ ਨੂੰ ਪ੍ਰਗਟ ਕਰਨ ਵਾਲੀ ਅਉ = ਅਤੇ ਰੋਗਾਂ ਆਦਿ ਨਾਲ ਘਾਤ = ਨਾਸ਼ ਕਰਨ ਵਾਲੀ ਹੁੰਦੀ ਹੈ ਤੇ ਵਿਆਹੁਤਾ ਔਰਤ ਦੀ ਸੰਗਤ ਉਪਕਾਰ = ਭਲੀ ਸੰਤਾਨ ਨੂੰ ਪ੍ਰਗਟ ਕਰਨ ਵਾਲੀ ਹੁੰਦੀ ਹੈ।

ਅਥਵਾ ਜਿਉ = ਜਿਵੇਂ ਗਨਿਕਾ = ਵੇਸਵਾ ਅਤੇ ਅਸਾਧ = ਅਸੰਤ ਪੁਰਖ ਦੀ ਸੰਗਤ ਤਨਕ = ਥੋੜ੍ਹੇ ਮਾਤਰ ਮੈ = ਵਿਚ ਹੀ ਕੀਤੇ ਉਪਕਾਰ = ਭਲਾਈ ਦੇ ਕਾਰਜ ਨੂੰ ਘਾਤ = ਨਾਸ਼ ਕਰ ਦਿੰਦੀ ਹੈ, ਉਸੇ ਪ੍ਰਕਾਰ ਬਿਵਾਹਿਤਾ = ਵਿਆਹੁਤਾ ਔਰਤ ਤੇ ਸਾਧ = ਸ੍ਰੇਸ਼ਟ ਪੁਰਖ ਦੀ ਸੰਗਤ ਬਿਕਾਰ = ਵਿਸ਼ੇ-ਵਿਕਾਰਾਂ ਦੀ ਪਰਵਿਰਤੀ ਨੂੰ ਨਾਸ਼ ਕਰ ਦਿੰਦੀ ਹੈ ਅਰਥਾਤ ਕੁਆਰਾ ਪੁਰਖ ਵਿਆਹ ਹੋਣ ਤੋਂ ਬਾਅਦ ਆਪਣੀ ਵਿਆਹੁਤਾ ਔਰਤ ਦੇ ਨੇੜੇ ਹੋਣ ਤੋਂ ਹੀ ਬਿਭਚਾਰ ਆਦਿ ਭੈੜੀ ਪਰਵਿਰਤੀ ਤੋਂ ਬਚ ਜਾਂਦਾ ਹੈ। ਇਸੇ ਪ੍ਰਕਾਰ ਸਤਿਸੰਗ ਤੋਂ ਬੰਚਿਤ ਪੁਰਖ ਸਤਿਸੰਗਤ ਦੀ ਪ੍ਰਾਪਤੀ ਹੋਈ ਤੋਂ ਥੋੜ੍ਹੇ ਸਮੇਂ ਦੇ ਵਿਚ ਹੀ ਇਕਦਮ ਕੁਸੰਗਤ ਤੋਂ ਬਚ ਕੇ ਪ੍ਰੇਮੀ ਬਣ ਜਾਣਾ ਕਰਦਾ ਹੈ॥੧੭੪॥

ਸਾਧ ਸੰਗਿ ਦ੍ਰਿਸਟਿ ਦਰਸ ਕੈ ਬ੍ਰਹਮ ਧਿਆਨ;
ਸੋਈ ਤਉ ਅਸਾਧ ਸੰਗਿ ਦ੍ਰਿਸਟਿ ਬਿਕਾਰ ਹੈ॥

ਸਾਧ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ ਵਿਚ ਜਾ ਕੇ ਐਸੀ ਦ੍ਰਿਸਟਿ = ਦ੍ਰਿਸ਼ਟੀ ਹੋ ਜਾਂਦੀ ਹੈ ਕਿ ਸਤਿਸੰਗਤ ਦੇ ਦਰਸ = ਦੀਦਾਰ ਕਰ ਕੇ ਬ੍ਰਹਮ = ਪਰਮੇਸ਼ਰ ਦੇ ਨਾਮ ਵਿਚ ਧਿਆਨ ਲੱਗ ਜਾਂਦਾ ਹੈ **ਵਾ:** ਸਾਧ ਸੰਗਤ ਦੇ ਦ੍ਰਿਸ਼ਟੀ ਨਾਲ ਭਾਵਨਾ ਸਹਿਤ ਦਰਸ = ਦੀਦਾਰ ਕੈ = ਕਰ ਕੇ ਬ੍ਰਹਮ ਦੇ ਵਿਚ ਧਿਆਨ ਲਾਉਣ ਵਾਲੀ ਸ੍ਰੇਸ਼ਟ ਬੁੱਧੀ ਦੀ ਪ੍ਰਾਪਤੀ ਹੁੰਦੀ ਹੈ, ਪਰੰਤੂ ਸੋਈ = ਉਹੋ ਦ੍ਰਿਸ਼ਟੀ ਅਸਾਧ = ਅਸੰਤ ਲੋਕਾਂ ਦੀ ਸੰਗਿ = ਸੰਗਤ ਕਰ ਕੇ ਨੇਤਰਾਂ ਲਈ ਬਿਕਾਰ = ਵਿਗਾੜ ਦਾ ਕਾਰਨ, ਦੋਖ ਰੂਪ ਹੁੰਦੀ ਹੈ, ਭਾਵ ਜਿਹੜੀ ਦ੍ਰਿਸ਼ਟੀ ਸਤਿਸੰਗਤ ਦੇ ਦੀਦਾਰ ਕਰ ਕੇ ਬ੍ਰਹਮ ਦੇ ਨਾਮ ਵਿਚ ਧਿਆਨ ਲਾਉਂਦੀ ਸੀ **ਵਾ:** ਵਾਹਿਗੁਰੂ ਨੂੰ ਵੇਖਦੀ ਹੈ, ਉਹ ਦ੍ਰਿਸ਼ਟੀ ਖੋਟੇ ਪੁਰਖਾਂ ਦੀ ਸੰਗਤ ਕਰਕੇ ਪਰਾਈਆਂ ਇਸਤਰੀਆਂ ਨੂੰ ਵਿਕਾਰ ਦ੍ਰਿਸ਼ਟੀ ਨਾਲ ਵੇਖਦੀ ਹੈ।

ਸਾਧ ਸੰਗਿ ਸਬਦ ਸੁਰਤਿ ਕੈ ਬ੍ਰਹਮ ਗਿਆਨ;
ਸੋਈ ਤਉ ਅਸਾਧ ਸੰਗਿ ਬਾਦ ਅਹੰਕਾਰ ਹੈ॥

ਸਾਧ ਸੰਗਿ = ਸਤਿਸੰਗਤ ਵਿਚ ਗੁਰ ਸਬਦ = ਉਪਦੇਸ਼ ਨੂੰ ਸੁਰਤਿ = ਸ੍ਰਵਣ ਕਰ ਕੇ **ਵਾ:** (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਸੁਣਨ ਨਾਲ ਬ੍ਰਹਮ = ਪਰਮੇਸ਼ਰ ਦੀ ਪ੍ਰਾਪਤੀ ਵਾਲੇ ਅਪਰੋਖ ਗਿਆਨ = ਬੋਧ ਦੀ ਪ੍ਰਾਪਤੀ ਹੁੰਦੀ ਹੈ ਅਤੇ ਸੋਈ = ਉਹੋ ਹੀ ਅਸਾਧ = ਅਸੰਤਾਂ ਦੀ ਸੰਗਿ = ਸੰਗਤ ਵਿਚ ਖੋਟੇ ਬਚਨ ਸੁਣਨ ਕਰਨ ਤਉ = ਤੋਂ ਬਾਦ = ਝਗੜੇ ਤੇ ਅਹੰਕਾਰ = ਹੰਗਤਾ ਦੀ ਬਹੁਲਤਾ ਹੁੰਦੀ ਹੈ।

ਸਾਧੁ ਸੰਗਿ ਅਸਨ ਬਸਨ ਕੈ ਮਹਾ ਪ੍ਰਸਾਦ;
ਸੋਈ ਤਉ ਅਸਾਧ ਸੰਗਿ ਬਿਖਮ ਅਹਾਰ ਹੈ॥

ਸਾਧੁ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ ਵਿਚ ਜਾਣ ਨਾਲ ਪੁਰਖ ਸੰਤੋਖੀ ਹੋ ਜਾਂਦੇ ਹਨ, ਉਨ੍ਹਾਂ ਨੂੰ ਜਿਹੋ ਜਿਹਾ ਰੁੱਖਾ ਮਿੱਸਾ ਅਸਨ = ਭੋਜਨ ਮਿਲੇ, ਉਸ ਨੂੰ ਮਹਾ = ਅਤਿਅੰਤ ਸ੍ਰੇਸ਼ਟ ਪ੍ਰਸਾਦ ਸਮਝ ਕੇ ਛਕਦੇ ਹਨ ਤੇ ਫਟੇ ਪੁਰਾਣੇ ਜਾਂ ਸਾਦਗੀ ਵਾਲੇ ਬਸਨ = ਬਸਤਰਾਂ ਨੂੰ ਚੰਗੇ ਰੇਸ਼ਮੀ ਬਸਤਰ ਸਮਝਣਾ ਕਰਦੇ ਹਨ ਅਤੇ ਸੋਈ = ਉਹੋ ਰੁੱਖਾ ਮਿੱਸਾ ਭੋਜਨ ਤੇ ਫਟੇ ਪੁਰਾਣੇ ਬਸਤਰ ਅਸਾਧ = ਅਸੰਤ ਦੀ ਸੰਗਿ = ਸੰਗਤ ਕਰਨ ਤਉ = ਤੋਂ ਬਿਖਮ = ਕਠਿਨ ਅਹਾਰ = ਭੋਜਨ ਬਣ ਜਾਂਦਾ ਹੈ ਭਾਵ ਕੁਸੰਗੀ ਪੁਰਖ ਰੁੱਖੇ ਮਿੱਸੇ ਭੋਜਨ ਨੂੰ ਨਾ ਖਾਣ ਯੋਗ ਜਾਣ ਕੇ ਸੁਆਦਲੇ ਤੇ ਵਿਸ਼ੇ-ਵਿਕਾਰ ਪੈਦਾ ਕਰਨ ਵਾਲੇ ਅਹਾਰ ਨੂੰ ਖਾਣਾ ਕਰਦੇ ਹਨ।

ਦੁਰਮਤਿ ਜਨਮ ਮਰਨ ਹੁਇ ਅਸਾਧ ਸੰਗਿ;
ਗੁਰਮਤਿ ਸਾਧ ਸੰਗਿ ਮੁਕਤਿ ਦੁਆਰ ਹੈ॥੧੭੫॥

ਅਸਾਧ = ਅਸੰਤ, ਕੁਸੰਗੀ ਪੁਰਖਾਂ ਦੀ ਸੰਗਿ = ਸੰਗਤ ਕਰ ਕੇ ਦੁਰਮਤਿ = ਖੋਟੀ ਬੁੱਧੀ ਪ੍ਰਗਟ ਹੁੰਦੀ

ਹੈ, ਜਿਸ ਕਰਕੇ ਜੰਮਣ ਮਰਨ ਦਾ ਦੁੱਖ ਪ੍ਰਾਪਤ ਹੁਇ = ਹੁੰਦਾ ਹੈ ਅਤੇ ਸਾਧ = ਸ੍ਰੇਸ਼ਟ ਪੁਰਖਾਂ ਦੀ ਸੰਗਿ = ਸੰਗਤ ਕਰ ਕੇ ਗੁਰਮਤਿ = ਗੁਰ ਸਿੱਖਿਆ ਨੂੰ ਧਾਰਨ ਕਰਨ ਵਾਲੀ ਮਤ ਪ੍ਰਗਟ ਹੁੰਦੀ ਹੈ, ਜਿਸ ਕਰਕੇ ਮੁਕਤਿ = ਮੁਕਤੀ ਦੀ ਪ੍ਰਾਪਤੀ ਵਾਲਾ ਗਿਆਨ ਰੂਪ ਦੁਆਰ = ਦਰਵਾਜ਼ਾ ਪ੍ਰਾਪਤ ਹੁੰਦਾ ਹੈ॥੧੭੫॥

ਗੁਰਮਤਿ ਚਰਮ ਦ੍ਰਿਸਟਿ ਦਿਬਿ ਦ੍ਰਿਸਟਿ ਹੁਇ;
ਦੁਰਮਤਿ ਲੋਚਨ ਅਛਤ ਅੰਧ ਕੰਧ ਹੈ॥

ਗੁਰਮਤਿ = ਗੁਰ ਸਿੱਖਿਆ ਉੱਤੇ ਅਮਲ ਕਰਨ ਵਾਲੇ ਪੁਰਖਾਂ ਦੀ ਚਰਮ = ਚੰਮ ਦ੍ਰਿਸਟਿ = ਦ੍ਰਿਸ਼ਟੀ ਭਾਵ ਪ੍ਰਤੱਖ ਨੇਤਰਾਂ ਦੀ ਦ੍ਰਿਸ਼ਟੀ ਜੋ ਸੰਸਾਰੀ ਪਦਾਰਥਾਂ ਨੂੰ ਦੇਖਣਾ ਕਰਦੀ ਹੈ, ਇਹ ਦਿਬਿ = ਸ੍ਰੇਸ਼ਟ ਦ੍ਰਿਸਟਿ = ਦ੍ਰਿਸ਼ਟੀ ਹੁਇ = ਹੋ ਜਾਂਦੀ ਹੈ, ਭਾਵ ਅੰਤਰੀਵ ਚੀਜ਼ਾਂ ਨੂੰ ਵੇਖਣ ਵਾਲੀ ਦ੍ਰਿਸ਼ਟੀ ਬਣ ਜਾਂਦੀ ਹੈ ਅਤੇ ਦੁਰਮਤਿ = ਖੋਟੀ ਮਤਿ = ਅਕਲ ਅਨੁਸਾਰ ਵਰਤਣ ਵਾਲੇ ਪੁਰਖਾਂ ਦੇ ਲੋਚਨਾ = ਅੱਖਾਂ ਦੀ ਦ੍ਰਿਸ਼ਟੀ ਅਛਤ = ਸਾਹਮਣੇ ਵੇਖਣ ਨੂੰ ਸਮਰੱਥ ਹੁੰਦੇ ਹੋਏ ਵੀ ਕੰਧ ਵਤ ਜੜ ਤੇ ਅੰਧ = ਅੰਨ੍ਹੇ ਹੀ ਹੁੰਦੇ ਹਨ ਭਾਵ ਹਰੇਕ ਪਦਾਰਥ ਜਾਂ ਰੂਪ ਨੂੰ ਭੈੜੀ ਦ੍ਰਿਸ਼ਟੀ ਨਾਲ ਹੀ ਵੇਖਦੇ ਹਨ।

ਗੁਰਮਤਿ ਸੁਰਤਿ ਕੈ ਬਜਰ ਕਪਾਟ ਖੁਲੈ;
ਦੁਰਮਤਿ ਕਠਿਨ ਕਪਾੜ ਸਨਬੰਧ ਹੈ॥

ਗੁਰਮਤਿ = ਗੁਰ ਸਿੱਖਿਆ ਨੂੰ ਸੁਰਤਿ = ਸੁਣਨ **ਵਾ:** ਚਿੱਤ ਦੀ ਸੁਰਤਿ = ਬਿਰਤੀ ਲਾ ਕੈ = ਕਰਕੇ ਸੁਣਨ ਨਾਲ ਅਤਿਅੰਤ ਬਜਰ = ਕਰੜੇ ਆਸਾ ਅੰਦੇਸਾ ਰੂਪ ਕਪਾਟ = ਕਿਵਾੜ, ਤਖ਼ਤੇ ਖੁਲੈ = ਖੁੱਲ੍ਹ ਜਾਂਦੇ ਹਨ ਅਤੇ ਦੁਰਮਤਿ = ਖੋਟੀ ਸਿੱਖਿਆ ਨੂੰ ਧਾਰਨ ਕਰਨ ਵਾਲੇ ਜਾਂ ਖੋਟੀ ਸਿੱਖਿਆ ਨੂੰ ਸੁਣਨ ਨਾਲ ਕਠਿਨ = ਸਖ਼ਤ ਜੜਤਾ ਰੂਪ ਕਪਾੜ = ਤਖ਼ਤਿਆਂ ਨਾਲ ਸਨਬੰਧ = ਮੇਲ ਹੋ ਜਾਂਦਾ ਹੈ।

ਗੁਰਮਤਿ ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ;
ਦੁਰਮਤਿ ਮੁਖਿ ਦੁਰਬਚਨ ਦੁਰਗੰਧ ਹੈ॥

ਗੁਰਮਤਿ = ਗੁਰ ਸਿੱਖਿਆ ਨੂੰ ਸੁਣਨ ਕਰਕੇ ਜਾਂ ਗੁਰ ਸਿੱਖਿਆ ਦੁਆਰਾ ਜੀਵਨ ਬਤੀਤ ਕਰਨ ਕਰਕੇ ਪ੍ਰੇਮ = ਸਨੇਹ ਰਸ ਰੂਪੀ ਅੰਮ੍ਰਿਤ ਦਾ ਨਿਧਾਨ = ਖ਼ਜ਼ਾਨਾ ਪਾਨ = ਪੀਣ, ਛਕਣ ਲਈ ਪ੍ਰਾਪਤ ਹੋ ਜਾਂਦਾ ਹੈ, ਪਰੰਤੂ ਦੁਰਮਤਿ = ਖੋਟੀ ਸਿੱਖਿਆ ਅਨੁਸਾਰ ਜੀਵਨ ਬਤੀਤ ਕਰਦਿਆਂ ਮੁਖਿ = ਮੂੰਹੋਂ ਦੁਰਬਚਨ = ਖੋਟੇ ਵਾਕ ਬੋਲਣ ਰੂਪ ਦੁਰਗੰਧ = ਭੈੜੀ ਵਾਸ਼ਨਾ ਆਉਂਦੀ ਹੈ, ਭਾਵ ਹਰ ਵਕਤ ਗੰਦ ਮੰਦ ਹੀ ਬੋਲਦੇ ਰਹਿੰਦੇ ਹਨ।

ਗੁਰਮਤਿ ਸਹਜ ਸੁਭਾਇ ਨ ਹਰਖ ਸੋਗ;
ਦੁਰਮਤਿ ਬਿਗ੍ਰਹ ਬਿਰੋਧ ਕ੍ਰੋਧ ਸੰਧਿ ਹੈ॥੧੭੬॥

ਗੁਰਮਤਿ = ਗੁਰ ਸਿੱਖਿਆ ਨੂੰ ਸੁਣਨ ਕਰਕੇ **ਵਾ:** ਗੁਰ ਸਿੱਖਿਆ ਨੂੰ ਰਿਦੇ ਵਿਚ ਧਾਰਨ ਕਰ ਕੇ ਸਹਜ = ਸ਼ਾਂਤੀ ਦੇਣ ਵਾਲਾ ਸੁਭਾਇ = ਸੁਭਾਅ ਪ੍ਰਾਪਤ ਹੁੰਦਾ ਹੈ ਤੇ ਹਰਖ = ਖ਼ੁਸ਼ੀ ਤੇ ਸੋਗ = ਗ਼ਮ ਵੀ

ਨ = ਨਹੀਂ ਹੁੰਦਾ, ਭਾਵ ਸਮ ਅਵਸਥਾ ਬਣ ਜਾਂਦੀ ਹੈ। ਦੁਰਮਤਿ = ਖੋਟੀ ਸਿੱਖਿਆ ਨੂੰ ਸੁਣ ਕਰਕੇ ਜਾਂ ਖੋਟੀ ਅਕਲ ਕਰਕੇ ਪੁਰਖ ਕਿਸੇ ਨਾਲ ਬਿਗ੍ਰਹ = ਜੰਗ ਭਾਵ ਲੜਨਾ **ਵਾ:** ਬਿਗ੍ਰਹ = ਵਿਗੜ ਜਾਣਾ, ਬਿਰੋਧ = ਵੈਰਤਾਈ ਵਾਲਾ ਸੁਭਾਅ ਧਾਰਨ ਕਰ ਲੈਣਾ ਅਤੇ ਕ੍ਰੋਧ = ਗ਼ੁੱਸੇ ਵਾਲੇ ਸੁਭਾਅ ਨਾਲ ਸੰਧਿ = ਮੇਲ ਹੋ ਜਾਂਦਾ ਹੈ॥੧੭੬॥

ਦੁਰਮਤਿ ਗੁਰਮਤਿ ਸੰਗਤਿ ਅਸਾਧ ਸਾਧ;
ਕਾਮ ਚੇਸ਼ਟਾ ਸੰਜੋਗ ਜਤ ਸਤਵੰਤ ਹੈ॥

ਅਨਵੈ ਅਨੁਸਾਰ ਅਰਥ—ਦੁਰਮਤਿ = ਖੋਟੀ ਮੱਤ ਵਾਲੇ ਸੁਭਾਅ ਕਰਕੇ ਅਸਾਧ = ਅਸੰਤ, ਕੁਸੰਗੀ ਪੁਰਖਾਂ ਦੀ ਭੈੜੀ ਸੰਗਤ ਨਾਲ ਸੰਜੋਗ = ਮਿਲਾਪ ਹੁੰਦਾ ਹੈ **ਵਾ:** ਅਸਾਧ = ਅਸੰਤ, ਕੁਸੰਗੀ ਪੁਰਖਾਂ ਦੀ ਸੰਗਤ ਕਰ ਕੇ ਦੁਰਮਤਿ = ਖੋਟੀ ਮੱਤ ਆਉਂਦੀ ਹੈ ਤੇ ਖੋਟੀ ਮੱਤ ਕਰਕੇ ਕਾਮ = ਮੰਦ ਵਾਸ਼ਨਾ ਦੀ ਚੇਸ਼ਟਾ = ਹਰਕਤ ਦਾ ਸੰਜੋਗ = ਮਿਲਾਪ ਹੁੰਦਾ ਹੈ ਭਾਵ ਪੁਰਖ ਵਿਸ਼ੇ-ਵਿਕਾਰੀ ਹੋ ਜਾਂਦਾ ਹੈ ਅਤੇ ਸਾਧ = ਸ੍ਰੇਸ਼ਟ ਪੁਰਖਾਂ ਦੀ ਸੰਗਤ ਕਰ ਕੇ ਗੁਰਮਤਿ = ਗੁਰ ਸਿੱਖਿਆ ਨੂੰ ਧਾਰਨ ਕਰਨ ਵਾਲੀ ਸ੍ਰੇਸ਼ਟ ਅਕਲ ਦੀ ਪ੍ਰਾਪਤੀ ਹੋ ਆਉਂਦੀ ਹੈ ਅਤੇ ਪੁਰਖ ਜਤ = ਜਤੀ ਸਤਵੰਤ = ਸਤੀ, ਸੱਚ ਨੂੰ ਧਾਰਨ ਕਰਨ ਵਾਲਾ ਹੋ ਜਾਂਦਾ ਹੈ।

ਕ੍ਰੋਧ ਕੇ ਬਿਰੋਧ ਬਿਖੈ, ਸਹਜ ਸੰਤੋਖ ਮੋਖ;
ਲੋਭ ਲਹਰੰਤਰ ਧਰਮ ਧੀਰ ਜੰਤ ਹੈ॥

(ਪਾਠਾਂਤ੍ਰ 'ਕ੍ਰੋਧ ਕੈ')

ਖੋਟੀ ਮੱਤ ਦੇ ਕਾਰਨ ਜਾਂ ਕੁਸੰਗੀ ਪੁਰਖਾਂ ਦੀ ਸੰਗਤ ਕਰਨੇ ਕਰਕੇ ਜੰਤ = ਪੁਰਖ ਕ੍ਰੋਧ = ਗ਼ੁੱਸੇ ਵਾਲੇ ਸੁਭਾਅ ਕੇ = ਕਰਕੇ ਬਿਰੋਧ = ਵੈਰ ਭਾਵਨਾ ਬਿਖੈ = ਵਿਚ ਵਾਸਾ ਕਰਦਾ ਹੈ ਅਤੇ ਪਦਾਰਥਾਂ ਦੇ ਲੋਭ = ਲਾਲਚ ਦੀ ਲਹਰੰਤਰ (ਲਹਰ + ਅੰਤਰ) ਲਹਰ = ਤਰੰਗ ਦੇ ਅੰਤਰ = ਵਿਚ ਪਹੁੰਚਣਾ ਕਰਦਾ ਹੈ ਭਾਵ ਕ੍ਰੋਧੀ ਤੇ ਲਾਲਚੀ ਸੁਭਾਅ ਹੋ ਜਾਂਦਾ ਹੈ ਅਤੇ ਸ੍ਰੇਸ਼ਟ ਜੰਤ = ਪੁਰਖਾਂ ਦੀ ਸੰਗਤ ਕਰਨ ਨਾਲ ਮਨ ਵਿਚ ਸੰਤੋਖ, ਸਬਰ, ਸਹਜ = ਗਿਆਨ ਸਰੂਪ ਦੀ ਪ੍ਰਾਪਤੀ ਵਾਲਾ ਉਪਦੇਸ਼ ਤੇ ਮੋਖ = ਬੰਧਨਾਂ ਤੋਂ ਛੁਟਕਾਰਾ **ਵਾ:** ਮੁਕਤੀ ਤੇ ਧਰਮ ਦੇ ਕਾਰਜ ਕਰਨ ਵਾਲਾ ਸੁਭਾਅ ਤੇ ਧੀਰ = ਧੀਰਜਤਾ ਆਦਿ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ।

ਮਾਇਆ ਮੋਹ ਦ੍ਰੋਹ ਕੈ, ਅਰਥ ਪ੍ਰਮਾਰਥ ਸੈ;
ਅਹੰਮੇਵ ਟੇਵ, ਦਇਆ ਦ੍ਰਵੀਭੂਤ ਸੰਤ ਹੈ॥

ਖੋਟੀ ਮੱਤ ਕਰਕੇ ਜਾਂ ਖੋਟੇ ਪੁਰਖਾਂ ਦੀ ਸੰਗਤ ਕਰਕੇ ਮਨਮੁਖ ਪੁਰਖ ਮਾਇਆ ਦੇ ਮੋਹ = ਸਨੇਹ ਕਰਕੇ ਅਰਥ = ਧਨ ਆਦਿ ਪਦਾਰਥਾਂ ਪਿੱਛੇ ਲੋਕਾਂ ਨਾਲ ਦ੍ਰੋਹ = ਛਲ ਫ਼ਰੇਬ ਕੈ = ਕਰਨਾ ਕਰਦਾ ਹੈ ਅਤੇ ਅਹੰਮੇਵ = ਹੰਕਾਰ ਆਦਿ ਔਗੁਣਾਂ ਕਰਕੇ ਟੇਵ = ਬੁਰੀ, ਭੈੜੀ ਆਦਤ ਪੈ ਜਾਂਦੀ ਹੈ ਭਾਵ ਔਗੁਣਾਂ ਦੇ ਸਹਿਤ ਹੋ ਜਾਂਦਾ ਹੈ। ਦੂਸਰੇ ਪਾਸੇ ਗੁਰ ਸਿੱਖਿਆ ਨੂੰ ਧਾਰਨ ਕਰਨ ਵਾਲੇ ਪੁਰਖ ਨੂੰ ਆਤਮਾਨੰਦ ਰੂਪੀ ਪਰਮਾਰਥ = ਉੱਤਮ ਪਦਾਰਥ ਦੀ ਪ੍ਰਾਪਤੀ ਹੁੰਦੀ ਹੈ, ਰਿਦੇ ਵਿਚ ਦਇਆ = ਤਰਸ ਆਉਂਦਾ ਹੈ ਅਤੇ ਦ੍ਰਵੀਭੂਤ = ਪਾਣੀ ਦੇ ਵਾਂਗ ਢਲ ਜਾਣ ਵਾਲਾ ਸੁਭਾਅ ਨਿਮਰਤਾ ਵਾਲਾ ਸੁਭਾਅ ਹੋ ਜਾਂਦਾ ਹੈ ਤੇ ਸੰਤ = ਸ਼ਾਂਤ ਆਤਮਾ ਵਾਲੇ ਬਣ ਜਾਈਦਾ ਹੈ।

ਦੁਕ੍ਰਿਤ ਸੁਕ੍ਰਿਤ ਚਿਤ, ਮਿਤ੍ਰ ਸਤ੍ਰੁਤਾ ਸੁਭਾਵ;
ਪਰਉਪਕਾਰ ਅਉ ਬਿਕਾਰ ਮੂਲ ਮੰਤ ਹੈ ॥੧੭੭॥

ਖੋਟੀ ਸਿੱਖਿਆ ਨੂੰ ਧਾਰਨ ਕਰ ਕੇ ਪੁਰਖ ਦੇ ਚਿੱਤ ਵਿਚ ਦੁਕ੍ਰਿਤ = ਖੋਟੀ ਕਿਰਤ ਕਰਨ ਵਾਲਾ ਵਿਚਾਰ ਪੈਦਾ ਹੁੰਦਾ ਹੈ ਤੇ ਗੁਰ ਸਿੱਖਿਆ ਨੂੰ ਧਾਰਨ ਕਰਨ ਵਾਲੇ ਪੁਰਖ ਦੇ ਚਿੱਤ ਵਿਚ ਮਿਤ੍ਰ = ਸੱਜਣਤਾਈ ਵਾਲਾ ਸੁਭਾਅ ਆ ਜਾਂਦਾ ਹੈ **ਵਾ:** ਖੋਟੇ ਪੁਰਖਾਂ ਦੀ ਸੰਗਤ ਕਰਨ ਵਾਲੇ ਪੁਰਖ ਦੇ ਚਿਤ = ਮਨ ਵਿਚ ਦੁਕ੍ਰਿਤ = ਖੋਟੀ ਕਿਰਤ, ਪਾਪ ਕਰਮ ਤੇ ਸਤ੍ਰੁਤਾ = ਵੈਰਪੁਣੇ ਵਾਲਾ ਸੁਭਾਵ = ਸੁਭਾਅ ਪ੍ਰਗਟ ਹੁੰਦਾ ਹੈ ਅਤੇ ਵਿਕਾਰਾਂ ਦਾ ਜੋ ਮੂਲ ਮੰਤ = ਮੁੱਖ ਮੁੱਦਾ ਕਾਮ ਹੈ, ਇਸ ਦੇ ਵਿਚ ਹਰ ਵਕਤ ਲੱਗਿਆ ਰਹਿੰਦਾ ਹੈ, ਭਾਵ ਵਿਸ਼ਈ ਹੋ ਜਾਂਦਾ ਹੈ ਅਤੇ ਗੁਰਮਤਿ ਸਿੱਖਿਆ ਨੂੰ ਧਾਰਨ ਕਰਨ ਵਾਲੇ ਪੁਰਖ ਦੇ ਹਿਰਦੇ ਵਿਚ ਸੁਕ੍ਰਿਤ = ਸ੍ਰੇਸ਼ਟ ਕਿਰਤ ਕਰਨ ਦਾ ਚਾਅ ਪ੍ਰਗਟ ਹੁੰਦਾ ਹੈ ਤੇ ਸਭਨਾਂ ਨਾਲ ਮਿੱਤਰਤਾਈ ਕਰਨ ਵਾਲਾ ਸੁਭਾਅ ਪ੍ਰਗਟ ਹੁੰਦਾ ਹੈ ਅਤੇ ਪਰਉਪਕਾਰ = ਪਰਾਏ ਦਾ ਭਲਾ ਕਰਨ ਵਾਲਾ ਸੁਭਾਅ ਪ੍ਰਗਟ ਹੁੰਦਾ ਹੈ। ਇਉਂ ਖੋਟੀ ਮੱਤ ਕਰਕੇ ਔਗੁਣ ਤੇ ਗੁਰ ਸਿੱਖਿਆ ਕਰਕੇ ਸ਼ੁਭ ਗੁਣ ਰਿਦੇ ਵਿਚ ਪ੍ਰਗਟ ਹੁੰਦੇ ਹਨ ॥੧੭੭॥

ਸਤਿਗੁਰ ਸਿਖ ਰਿਦੈ, ਪ੍ਰਥਮ ਕ੍ਰਿਪਾ ਕੈ ਬਸੈ;
ਤਾ ਪਾਛੈ ਕਰਤ ਆਗਿਆ, ਮਇਆ ਕੈ ਮਨਾਵਈ ॥

ਪ੍ਰਥਮ = ਪਹਿਲਾਂ ਸਤਿਗੁਰ = ਸੱਚੇ ਗੁਰੂ ਸਾਹਿਬ ਜੀ ਕ੍ਰਿਪਾ = ਮਿਹਰ ਕੈ = ਕਰਕੇ ਸਿਖ = ਸਿੱਖਿਆ ਲੈਣ ਵਾਲੇ ਪੁਰਖ ਦੇ ਰਿਦੈ = ਚਿੱਤ ਵਿਚ ਬਸੈ = ਵੱਸਣਾ ਕਰਦੇ ਹਨ, ਭਾਵ ਉਸ ਦੇ ਚਿੱਤ ਵਿਚ ਸ਼ਰਧਾ, ਪ੍ਰੇਮ ਤੇ ਭਰੋਸੇ ਦਾ ਅਸਥਾਨ ਬਣਾਉਂਦੇ ਹਨ ਤਾ = ਉਸ ਤੋਂ ਪਾਛੈ = ਪਿੱਛੋਂ ਉਸ ਸਿੱਖਿਆ ਲੈਣ ਵਾਲੇ ਨੂੰ ਆਗਿਆ = ਹੁਕਮ ਕਰਤ = ਕਰਦੇ ਹਨ ਕਿ ਤੂੰ ਫ਼ਲਾਣਾ ਕਾਰਜ ਕਰਨਾ ਹੈ ਜੋ ਗੁਰਮਤਿ ਅਨੁਸਾਰ ਹੈ, ਫ਼ਲਾਣਾ ਕਾਰਜ ਨਹੀਂ ਕਰਨਾ ਜੋ ਗੁਰਮਤਿ ਤੋਂ ਉਲਟ ਹੈ। ਇਉਂ ਹੁਕਮ ਕਰਨ ਤੋਂ ਬਾਅਦ ਫੇਰ ਆਪ ਹੀ ਉਸ ਉਪਰ ਮਇਆ = ਕਿਰਪਾ ਕੈ = ਕਰ ਕੇ ਉਸ ਹੁਕਮ ਨੂੰ ਮਨਾਵਈ = ਮਨਾਉਣਾ ਕਰਦੇ ਹਨ।

ਆਗਿਆ ਮਾਨਿ ਗਿਆਨ ਗੁਰ ਪਰਮ ਨਿਧਾਨ ਦਾਨ;
ਗੁਰਮੁਖਿ ਸੁਖ ਫਲ ਨਿਜ ਪਦ ਪਾਵਈ ॥

ਸੋ ਇਉਂ ਜਦ ਉਹ ਗੁਰੂ ਸਾਹਿਬ ਜੀ ਦੇ ਦੱਸੇ ਗਿਆਨ ਅਨੁਸਾਰ ਗੁਰੂ ਸਾਹਿਬ ਜੀ ਦਾ ਆਗਿਆ = ਹੁਕਮ ਮਾਨਿ = ਮੰਨਣਾ ਕਰਦਾ ਹੈ ਤਾਂ ਗੁਰੂ ਸਾਹਿਬ ਜੀ ਪਰਮ = ਵੱਡੇ ਆਤਮਿਕ ਗਿਆਨ ਰੂਪੀ ਨਿਧਾਨ = ਖ਼ਜ਼ਾਨੇ ਦਾ ਅਨੁਭਵ ਰੂਪ ਦਾਨ ਬਖ਼ਸ਼ਿਸ਼ ਦਿੰਦੇ ਹਨ, ਜਿਸ ਕਰਕੇ ਗੁਰਮੁਖ ਜਨ ਬ੍ਰਹਮਾਨੰਦ ਰੂਪੀ ਸੁਖ = ਆਨੰਦ ਦੇਣ ਵਾਲੇ ਫਲ ਨੂੰ ਤੇ ਨਿਜ = ਆਪਣੀ ਸਰੂਪ ਰੂਪੀ ਪਦ = ਪਦਵੀ ਨੂੰ ਪ੍ਰਾਪਤ ਕਰ ਲੈਂਦਾ ਹੈ।

ਨਾਮ ਨਿਹਕਾਮ ਧਾਮ ਸਹਜ ਸਮਾਧਿ ਲਿਵ;
ਅਗਮ ਅਗਾਧਿ ਕਥਾ ਕਹਤ ਨ ਆਵਈ ॥

ਗੁਰ-ਉਪਦੇਸ਼ ਦੁਆਰਾ ਨਾਮ ਨੂੰ ਜਪ ਕੇ ਪਦਾਰਥਾਂ ਦੀ ਪ੍ਰਾਪਤੀ ਦੀ ਨਿਹਕਾਮ = ਕਾਮਨਾ ਤੋਂ ਰਹਿਤ

ਹੋ ਕੇ ਸਤਿਸੰਗਤ ਰੂਪੀ ਧਾਮ = ਘਰ ਵਿਚ ਚਿੱਤ ਦੀ ਲਿਵ = ਬਿਰਤੀ ਲਾ ਕੇ ਸਹਜ = ਸੁਤੇ-ਸਿਧ ਹੀ ਨਿਰਵਿਕਲਪ ਸਮਾਧਿ = ਸਮਾਧੀ ਵਿਚ ਇਸਥਿਤ ਰਹਿੰਦੇ ਹਨ। ਉਸ ਅਨੰਦ ਦੀ ਕਥਾ = ਵਾਰਤਾ ਅਗਾਧਿ = ਥਾਹ ਨਾ ਪਾਏ ਜਾਣ ਕਰਕੇ ਤੇ ਅਗਮ = ਗੰਮਤਾ ਤੋਂ ਰਹਿਤ ਹੋਣ ਕਰਕੇ ਕਹਤ = ਕਥਨ ਵਿਚ ਨ = ਨਹੀਂ ਆਵਈ = ਆਉਂਦੀ।

ਜੈਸੋ ਜੈਸੋ ਭਾਉ ਕਰਿ ਪੂਜਤ ਪਦਾਰਬਿੰਦ;
ਸਕਲ ਸੰਸਾਰ ਕੈ ਮਨੋਰਥ ਪੁਜਾਵਈ ॥੧੭੮॥

ਇਸ ਤਰ੍ਹਾਂ ਜੈਸੋ ਜੈਸੋ = ਜਿਹੋ ਜਿਹੀ ਭਾਉ = ਭਾਵਨਾ (ਸ਼ਰਧਾ) ਕਰਿ = ਕਰਕੇ **ਵਾ:** ਭਾਉ = ਪ੍ਰੇਮ ਕਰਿ = ਕਰਕੇ ਸਤਿਗੁਰਾਂ ਦੇ (ਪਦ + ਅਰਬਿੰਦ) ਪਦ = ਚਰਨਾਂ ਅਰਬਿੰਦ = ਕਮਲਾਂ ਨੂੰ ਪੂਜਤ = ਪੂਜਣਾ, ਸੇਵਣਾ ਕਰਦਾ ਹੈ **ਵਾ:** ਸ਼ਬਦ ਰੂਪੀ ਚਰਨਾਂ ਕਮਲਾਂ ਨੂੰ ਪੂਜਣਾ ਕਰਦਾ ਹੈ, ਉਹ ਉਸੇ ਪ੍ਰਕਾਰ ਦੇ ਹੀ ਸਕਲ = ਸਾਰੇ ਸੰਸਾਰ = ਜਗਤ ਕੈ = ਦੇ ਮਨੋਰਥ = ਸੰਕਲਪਾਂ ਨੂੰ ਪੁਜਾਵਈ = ਪੂਰਨ ਕਰ ਲੈਣਾ ਕਰਦਾ ਹੈ **ਵਾ:** ਮਨੋਰਥ (ਮਨ + ਅਰਥ) ਮਨ = ਚਿੱਤ ਦੇ ਅਰਥ ਭਾਵ ਜੋ ਕੁਝ ਧਰਮ, ਅਰਥ, ਕਾਮ, ਮੋਖ ਆਦਿ ਪਦਾਰਥ ਚਾਹੁਣ, ਉਹ ਉਨ੍ਹਾਂ ਨੂੰ ਪ੍ਰਾਪਤ ਹੋ ਜਾਂਦੇ ਹਨ ॥੧੭੮॥

ਜੈਸੇ ਪ੍ਰਿਅ ਭੇਟਤ ਅਧਾਨ ਨਿਰਮਾਨ ਹੋਤ;
ਬਾਂਛਤ ਬਿਧਾਨ ਖਾਨ ਪਾਨ ਅਗ੍ਰਭਾਗਿ ਹੈ ॥

ਜੈਸੇ = ਜਿਸ ਪ੍ਰਕਾਰ ਪ੍ਰਿਅ = ਪਿਆਰੇ ਪਤੀ ਦੇ ਭੇਟਤ = ਮਿਲਣ ਤੋਂ ਇਸਤਰੀ ਨੂੰ ਅਧਾਨ = ਗਰਭ ਹੁੰਦਾ ਹੈ ਭਾਵ ਉਹ ਆਸਾਂ ਦੇ ਘਰ ਵਿਚ ਆ ਜਾਂਦੀ ਹੈ **ਵਾ:** ਅਤਿਅੰਤ ਪ੍ਰਸੰਨਤਾ ਦੇ ਸਹਿਤ ਹੁੰਦੀ ਹੈ ਕਿ ਹੁਣ ਮੈਨੂੰ ਔਲਾਦ ਦਾ ਸੁਖ ਮਿਲੇਗਾ। ਜੇਕਰ ਨਿਰਮਾਨ = ਮਾਣ ਤੋਂ ਰਹਿਤ ਭਾਵ ਨਿਮਰਤਾ ਦੇ ਸਹਿਤ ਹੋਤ = ਹੋਵੇ ਤਾਂ ਸ਼ਾਸਤ੍ਰਕ ਬਿਧਾਨ = ਵਿਧੀ ਅਨੁਸਾਰ ਮਨ ਬਾਂਛਤ = ਇੱਛਤ ਖਾਣ, ਪਾਨ = ਪੀਣ ਵਾਲੇ ਪਦਾਰਥ ਤੇ ਪਹਿਨਣ ਵਾਲੇ ਬਸਤਰ ਆਦਿ ਪਤੀ ਉਸ ਦੇ ਅਗ੍ਰਭਾਗਿ = ਸਨਮੁਖ ਲਿਆ ਕੇ ਰੱਖ ਦਿੰਦਾ ਹੈ ਭਾਵ ਪਤੀ ਇਸਤਰੀ ਨੂੰ ਔਲਾਦ ਦਾ ਸੁਖ ਤੇ ਮਨ-ਭਾਉਂਦੇ ਖਾਣ-ਪੀਣ ਵਾਲੇ ਪਦਾਰਥ ਦਿੰਦਾ ਹੈ।

ਜਨਮਤ ਸੁਤ ਖਾਨ ਪਾਨ ਕੋ ਸੰਜਮੁ ਕਰੈ;
ਸੁਤ ਹਿਤ ਰਸ ਕਸ ਸਕਲ ਤਿਆਗਿ ਹੈ ॥

ਜਦ ਕੁਝ ਮਹੀਨਿਆਂ ਬਾਅਦ ਘਰ ਵਿਚ ਸੁਤ = ਪੁੱਤਰ ਜਨਮਤ = ਜੰਮਦਾ ਹੈ ਤਾਂ ਇਸਤਰੀ ਮਸਾਲੇ ਆਦਿ ਵਾਲੇ ਸੁਆਦਲੇ ਭੋਜਨ ਖਾਣ = ਖਾਣ ਤੇ ਪਾਨ = ਪੀਣ ਵਾਲੇ ਪਦਾਰਥਾਂ ਵੱਲੋਂ ਸੰਜਮੁ = ਸਬਰ, ਪਰਹੇਜ਼ ਕਰੈ = ਕਰਦੀ ਹੈ ਭਾਵ ਜੋ ਖਾਣ ਤੇ ਪੀਣ ਵਾਲੇ ਪਦਾਰਥਾਂ ਨਾਲ ਬੱਚੇ ਦੀ ਸਿਹਤ ਨੂੰ ਦੁੱਖ ਹੋਵੇ, ਉਹ ਖਾਣਿਆਂ ਤੋਂ ਪਰਹੇਜ਼ ਕਰਦੀ ਹੈ ਅਤੇ ਸੁਤ = ਪੁੱਤਰ ਦੀ ਸਿਹਤ ਦੇ ਹਿਤ = ਭਲੇ ਵਾਸਤੇ ਰਸਾਂ ਕਸਾਂ ਵਾਲੇ ਸਕਲ = ਸਾਰੇ ਪਦਾਰਥ ਖਾਣੇ ਤਿਆਗਿ = ਛੱਡ ਦਿੰਦੀ ਹੈ **ਵਾ:** ਸਕਲ = ਸਾਰੇ ਕਸ = ਕੱਸਣ, ਜਕੜਨ ਵਾਲੇ **ਵਾ:** ਚਿੱਤ ਨੂੰ ਖਿੱਚਣ ਵਾਲੇ ਰਸ = ਸੁਆਦਲੇ ਪਦਾਰਥਾਂ ਨੂੰ ਛੱਡ ਦਿੰਦੀ ਹੈ।

ਤੈਸੇ ਗੁਰ ਚਰਨ ਸਰਨਿ ਕਾਮਨਾ ਪੁਜਾਇ;
ਨਾਮ ਨਿਹਕਾਮ ਧਾਮ ਅਨਤ ਨ ਲਾਗਿ ਹੈ॥

ਤੈਸੇ = ਉਸੇ ਪ੍ਰਕਾਰ ਹੀ ਗੁਰ = ਸਤਿਗੁਰੂ ਸਾਹਿਬ ਜੀ ਆਪਣੇ ਚਰਨਾਂ ਕਮਲਾਂ ਦੀ ਓਟ ਵਿਚ ਆਏ ਸਿੱਖ ਦੀਆਂ ਪਹਿਲਾਂ ਤਾਂ ਸਾਰੀਆਂ ਕਾਮਨਾ = ਇੱਛਾਵਾਂ ਪੁਜਾਇ = ਪੂਰੀਆਂ ਕਰ ਦਿੰਦੇ ਹਨ ਤੇ ਉਸ ਤੋਂ ਬਾਅਦ ਉਸ ਨੂੰ ਨਾਮ ਦਾ ਉਪਦੇਸ਼ ਦੇ ਕੇ ਨਿਹਕਾਮ = ਨਿਸ਼ਕਾਮੀ ਬਣਾ ਕੇ ਰਿਦੇ ਰੂਪੀ ਧਾਮ = ਘਰ ਵਿਚ ਆਤਮਾਨੰਦ ਰੂਪੀ ਵਸਤੂ ਦਾ ਨਿਵਾਸ ਕਰਾ ਦਿੰਦੇ ਹਨ। ਇਸੇ ਕਰਕੇ ਫੇਰ ਉਸ ਦਾ ਮਨ ਅਨਤ = ਹੋਰਨਾਂ ਪਦਾਰਥਾਂ ਵਿਚ ਨ = ਨਹੀਂ ਲਾਗਿ = ਲੱਗਦਾ ਹੈ।

ਨਿਸਿ ਅੰਧਕਾਰ ਭਵ ਸਾਗਰ ਸੰਸਾਰ ਬਿਖੈ;
ਪੰਚ ਤਸਕਰ ਜੀਤਿ ਸਿਖ ਹੀ ਸੁਜਾਗਿ ਹੈ॥੧੭੬॥

ਜੋ ਅਗਿਆਨ ਰੂਪੀ ਅੰਧਕਾਰ = ਹਨੇਰੀ ਨਿਸਿ = ਰਾਤ ਸੰਸਾਰ = ਜਗਤ ਰੂਪੀ ਸਾਗਰ = ਸਮੁੰਦਰ ਬਿਖੈ = ਵਿਚ ਜੀਵਾਂ ਨੂੰ ਭਵ = ਜੰਮਣ ਮਰਨ ਦੇ ਗੇੜ ਵਿਚ ਪਾਈ ਰੱਖਦੀ ਹੈ ਜਿਹੜੇ ਇਸ ਸੰਸਾਰ-ਸਮੁੰਦਰ ਵਿਚ ਗੁਰ-ਉਪਦੇਸ਼ ਦੁਆਰਾ ਨਾਮ ਜਪ ਕੇ ਪੰਚ = ਪੰਜ ਕਾਮ ਕ੍ਰੋਧ ਆਦਿ ਵਿਕਾਰਾਂ ਰੂਪੀ ਤਸਕਰ = ਚੋਰਾਂ ਨੂੰ ਜੀਤਿ = ਜਿੱਤ ਲੈਂਦੇ ਹਨ, ਕੇਵਲ ਉਹੋ ਸਿਖ = ਸਿਖਿਆਰਥੀ ਹੀ ਗਿਆਨ ਅਵਸਥਾ ਵਿਚ ਸੁਜਾਗਿ = ਜਾਗਣਾ ਕਰਦੇ ਹਨ॥੧੭੬॥

ਸਤਿਗੁਰ ਆਗਿਆ ਪ੍ਰਤਿਪਾਲਕ ਬਾਲਕ ਸਿਖ;
ਚਰਨ ਕਮਲ ਰਜ ਮਹਿਮਾ ਅਪਾਰ ਹੈ॥

ਸਤਿਗੁਰ = ਸੱਚੇ ਗੁਰੂ ਦਾ ਆਗਿਆ = ਹੁਕਮ ਪ੍ਰਤਿਪਾਲਕ = ਪਾਲਣ ਵਾਲੇ ਜਿਹੜੇ ਸਿੱਖ ਦਾ ਸੁਭਾਅ ਬਾਲਕ = ਬੱਚੇ ਵਾਂਗ ਹੁੰਦਾ ਹੈ, ਭਾਵ ਜਿਸ ਦਾ ਸੁਭਾਅ ਬੱਚੇ ਵਾਂਗ ਨਿਸ਼ਕਪਟ ਤੇ ਭੋਲਾ ਹੁੰਦਾ ਹੈ, ਉਸ ਸਿੱਖ ਦੇ ਚਰਨ ਕਮਲਾਂ ਦੀ ਰਜ = ਧੂੜੀ ਦੀ ਮਹਿਮਾ = ਉਪਮਾ ਅਪਾਰ = ਬੇਅੰਤ ਹੁੰਦੀ ਹੈ **ਵਾ:** ਪਾਰਾਵਾਰ ਤੋਂ ਰਹਿਤ ਹੁੰਦੀ ਹੈ।

ਸਿਵ ਸਨਕਾਦਿਕ ਬ੍ਰਹਮਾਦਿਕ ਨ ਗੰਮਿਤਾ ਹੈ;
ਨਿਗਮ ਸੇਖਾਦਿ ਨੇਤਿ ਨੇਤਿ ਕੈ ਉਚਾਰ ਹੈ॥

ਸ਼ਿਵ ਜੀ, ਸਨਕਾਦਿਕ = ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ ਬ੍ਰਹਮਾ ਦੇ ਪੁੱਤਰ ਤੇ ਬ੍ਰਹਮਾਦਿਕ = ਬ੍ਰਹਮਾ, ਵਿਸ਼ਨੂੰ ਆਦਿ ਦੇਵਤੇ ਵੀ ਉਸ ਗੁਰਸਿੱਖ ਦੇ ਚਰਨਾਂ ਕਮਲਾਂ ਦੀ ਧੂੜੀ ਦੇ ਬਰਾਬਰ ਗੰਮਿਤਾ = ਪਹੁੰਚ ਨਹੀਂ ਸਕਦੇ ਹੈ = ਹਨ, ਉਸ ਗੁਰਸਿੱਖ ਦੇ ਚਰਨਾਂ ਕਮਲਾਂ ਦੀ ਧੂੜੀ ਨੂੰ ਨਿਗਮ = ਵੇਦ ਤੇ ਸੇਖਾਦਿ = ਸ਼ੇਸ਼ਨਾਗ ਆਦਿ ਵਰਗੇ ਵੀ ਨੇਤਿ ਨੇਤਿ = ਅਨੰਤ ਅਨੰਤ ਕਥਨ ਕੈ = ਕਰਕੇ ਉਚਾਰ = ਉਚਾਰਨ ਕਰਦੇ ਹੈ = ਹਨ।

ਚਤੁਰ ਪਦਾਰਥ ਤ੍ਰਿਕਾਲ ਤ੍ਰਿਭਵਨ ਚਾਹੈ;
ਜੋਗ ਭੋਗ ਸੁਰਸਰਿ ਸਰਧਾ ਸੰਸਾਰ ਹੈ॥

ਚਤੁਰ = ਚਾਰ ਧਰਮ, ਅਰਥ, ਕਾਮ, ਮੋਖ ਰੂਪ ਪਦਾਰਥ = ਵਸਤੂਆਂ, ਤ੍ਰਿਕਾਲ = ਤਿੰਨੇ ਭੂਤ, ਭਵਿੱਖ, ਵਰਤਮਾਨ ਸਮੇਂ, ਤ੍ਰਿਭਵਨ = ਤਿੰਨੇ (ਸਵਰਗ, ਮਾਤ, ਪਾਤਾਲ) ਲੋਕ ਵੀ ਉਸ ਗੁਰਸਿੱਖ ਦੇ ਚਰਨਾਂ ਕਮਲਾਂ ਦੀ ਧੂੜੀ ਨੂੰ ਚਾਹੈ = ਚਾਹੁੰਦੇ ਹਨ, ਜੋਗ = ਜੋਗ ਸਾਧਨਾ ਕਰਨ ਵਾਲੇ ਜੋਗੀ ਲੋਕ, ਪਦਾਰਥਾਂ ਨੂੰ ਭੋਗ = ਭੋਗਣ ਵਾਲੇ ਭੋਗੀ ਲੋਕ ਸੁਰਸਰਿ = ਗੰਗਾ ਆਦਿ ਤੀਰਥ, ਸਮੂਹ ਦੇਵਤੇ ਅਤੇ ਸਾਰਾ ਹੀ ਸੰਸਾਰ = ਜਗਤ ਉਸ ਗੁਰਸਿੱਖ ਦੇ ਚਰਨਾਂ ਕਮਲਾਂ ਦੀ ਧੂੜੀ ਨੂੰ ਸਰਧਾ = ਭਾਵਨਾ ਨਾਲ ਮਸਤਕ ਉੱਤੇ ਲਾਉਂਦਾ ਹੈ।

ਪੂਜਨ ਕੇ ਪੂਜ ਅਰੁ ਪਾਵਨ ਪਵਿਤ੍ਰ ਕਰੈ;
ਅਕਥ ਕਥਾ ਬੀਚਾਰ ਬਿਮਲ ਬਿਥਾਰ ਹੈ॥੧੮੦॥

ਗੁਰਸਿੱਖਾਂ ਦੇ ਚਰਨਾਂ ਕਮਲਾਂ ਦੀ ਧੂੜੀ ਨੂੰ ਪੂਜਨ = ਪੂਜਣ ਵਾਲੇ ਪੁਰਖਾਂ ਕੇ = ਦੇ ਤਾਈਂ ਉਹ ਧੂੜੀ ਪੂਜ = ਪੂਜਨੀਕ ਕਰਦੀ ਹੈ ਭਾਵ ਗੁਰਸਿੱਖਾਂ ਦੇ ਚਰਨਾਂ ਗਮਲਾਂ ਦੀ ਧੂੜੀ ਨੂੰ ਸੇਵਨ ਵਾਲੇ ਪੁਰਖਾਂ ਦੇ ਚਰਨਾਂ ਦੀ ਧੂੜੀ ਨੂੰ ਅੱਗੇ ਲੋਕ ਸੇਵਣਾ, ਪੂਜਣਾ ਕਰਦੇ ਹਨ ਅਰੁ = ਅਤੇ ਗੁਰਸਿੱਖਾਂ ਦੇ ਚਰਨਾਂ ਕਮਲਾਂ ਦੀ ਧੂੜੀ ਪਾਪੀਆਂ ਨੂੰ ਵੀ ਪਾਵਨ = ਪਵਿੱਤਰ ਤੋਂ ਪਵਿੱਤਰ ਬਣਾ ਦੇਣਾ ਕਰੈ = ਕਰਦੀ ਹੈ। ਉਸ ਚਰਨ ਧੂੜੀ ਦੀ **ਵਾ:** ਗੁਰਸਿੱਖ ਦੀ ਅਕਥ = ਕਥਨ ਤੋਂ ਰਹਿਤ ਕਥਾ = ਵਾਰਤਾ ਹੋਣ ਕਰਕੇ ਬੀਚਾਰ = ਵਿਚਾਰਨ ਤੋਂ ਬਗ਼ੈਰ ਹੈ ਭਾਵ ਵਿਚਾਰੀ ਨਹੀਂ ਜਾ ਸਕਦੀ ਕਿਉਂਕਿ ਉਸ ਧੂੜੀ ਦਾ ਬੜਾ ਬਿਮਲ = ਨਿਰਮਲ ਬਿਥਾਰ = ਫੈਲਾਅ ਹੈ **ਵਾ:** ਉਸ ਧੂੜੀ ਦੀ ਮਹਿਮਾ ਦੇ ਬਿਮਲ = ਉੱਜਲ ਬਿਥਾਰ = ਵਿਸਥਾਰ ਦੇ ਬੀਚਾਰ = ਨਿਰਨੇ ਦੀ ਕਥਾ = ਵਾਰਤਾ ਅਕਥ = ਕਥਨ ਤੋਂ ਰਹਿਤ ਹੈ॥੧੮੦॥

ਗੁਰਮੁਖਿ ਸੁਖ ਫਲ ਚਾਖਤ ਭਈ ਉਲਟੀ;
ਤਨ ਸਨਾਤਨ ਮਨ ਉਨਮਨ ਮਾਨੇ ਹੈ॥

ਗੁਰਮੁਖਿ = ਗੁਰੂ ਕੇ ਪਿਆਰੇ ਸਿੱਖਾਂ ਦੀ ਚਰਨਾਂ ਕਮਲਾਂ ਦੀ ਧੂੜੀ ਨੂੰ ਚਾਖਤ = ਚਖਣੇ ਕਰਕੇ ਜੋ ਸੁਖ = ਆਨੰਦ ਰੂਪੀ ਫਲ ਪ੍ਰਾਪਤ ਹੁੰਦਾ ਹੈ, ਉਸ ਨਾਲ ਪੁਰਖ ਦੀ ਸੰਸਾਰਾਕਾਰ ਬਿਰਤੀ ਉਲਟੀ = ਪਲਟ ਕੇ ਬ੍ਰਹਮਾਕਾਰ ਭਈ = ਹੋ ਜਾਂਦੀ ਹੈ ਅਤੇ ਤਨ = ਸਰੀਰ ਸਨਾਤਨ = ਪ੍ਰਾਚੀਨ ਸਮੇਂ ਤੋਂ, ਧੁਰ ਤੋਂ ਹੀ ਮਨ ਦੇ ਅਧੀਨ ਵਰਤਣ ਵਾਲਾ ਸੀ, ਉਹ ਤਨ ਦੇਹ ਹੰਗਤਾ ਵੱਲੋਂ ਨਵਿਰਤ ਹੋ ਗਿਆ ਤੇ ਮਨ ਉਨਮਨ = ਉਨਮਨੀ ਭਾਵ ਚੌਥੀ ਤੁਰੀਆ ਪਦ ਰੂਪੀ ਭੂਮਿਕਾ ਵਿਚ ਮਾਨੇ = ਮੰਨ ਜਾਂਦਾ ਹੈ।

ਦੁਰਮਤਿ ਉਲਟਿ ਭਈ ਹੈ ਗੁਰਮਤਿ ਰਿਦੈ;
ਦੁਰਜਨ ਸੁਰਜਨ ਕਰਿ ਪਹਿਚਾਨੇ ਹੈ।

ਗੁਰਮਤਿ = ਗੁਰ ਸਿੱਖਿਆ ਰਿਦੈ = ਹਿਰਦੇ ਵਿਚ ਵੱਸਣ ਕਰਕੇ ਦੁਰਮਤਿ = ਖੋਟੀ ਬੁੱਧੀ ਉਲਟਿ = ਪਲਟ ਕੇ ਸ੍ਰੇਸ਼ਟ ਭਈ = ਹੋ ਗਈ ਹੈ **ਵਾ:** ਗੁਰਾਂ ਦੇ ਚਰਨਾਂ ਕਮਲਾਂ ਦੀ ਧੂੜੀ ਦੇ ਪ੍ਰਤਾਪ ਕਰਕੇ ਖੋਟੀ ਬੁੱਧ ਪਲਟ

ਕੇ ਗੁਰ ਸਿੱਖਿਆ ਨੂੰ ਧਾਰਨ ਵਾਲੀ ਬਣ ਗਈ ਹੈ ਕਿਉਂਕਿ ਰਿਦੇ ਵਿਚ ਗੁਰਮਤਿ ਦਾ ਪ੍ਰਕਾਸ਼ ਹੋ ਗਿਆ ਹੈ ਅਤੇ ਦੁਰਜਨ = ਖੋਟੇ ਪੁਰਖ, ਆਸੁਰੀ ਸੰਪਦਾ ਦੇ ਸੁਭਾਅ ਦਾ ਤਿਆਗ ਕਰ ਕੇ ਸੁਰਜਨ = ਸ੍ਰੇਸ਼ਟ ਪੁਰਖ, ਦੈਵੀ ਸੰਪਦਾ ਦੇ ਸੁਭਾਅ ਕਰਿ = ਕਰਕੇ ਪਹਿਚਾਨੇ = ਜਾਨਣ ਵਿਚ ਆਉਣ ਲੱਗ ਜਾਂਦੇ ਹੈ = ਹਨ।

ਸੰਸਾਰੀ ਸੈ ਉਲਟਿ ਪਲਟਿ ਨਿਰੰਕਾਰੀ ਭਏ;
ਬਗ-ਬੰਸ ਹੰਸ ਭਏ ਸਤਿਗੁਰ ਗਿਆਨੇ ਹੈ॥

ਜੋ ਪੁਰਖ ਸੰਸਾਰੀ = ਜਗਤ ਦੇ ਕੰਮਾਂ-ਕਾਰਾਂ ਸੈ = ਤੋਂ ਉਲਟਿ = ਪਲਟਣਾ ਕਰਦਾ ਹੈ ਭਾਵ ਸੰਸਾਰ ਕਾਰੋ-ਵਿਹਾਰਾਂ ਵਿਚ ਰੁਚੀ ਘਟਾ ਦਿੰਦਾ ਹੈ, ਉਹ ਪਲਟਿ = ਉਲਟ ਮੁੜ ਨਿਰੰਕਾਰੀ = ਪਰਮੇਸ਼ਰ ਦੇ ਪ੍ਰਾਇਣ ਭਏ = ਹੋ ਜਾਂਦਾ ਹੈ ਭਾਵ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਪਰਮਾਰਥੀ ਕਾਰਜ ਵਿਚ ਲੱਗ ਜਾਂਦਾ ਹੈ ਅਤੇ ਬਗ = ਬਗਲੇ ਦੀ ਨਿਆਈਂ ਪਾਖੰਡੀ ਪੁਰਖਾਂ ਦੀ ਬੰਸ = ਵੰਸ, ਕੁਲ ਭਾਵ ਖੋਟੇ ਪੁਰਖਾਂ ਦੀ ਕੁਸੰਗਤ ਤੋਂ ਹੰਸ ਵਤ ਸ੍ਰੇਸ਼ਟ ਕੁਲ ਭਾਵ ਸ੍ਰੇਸ਼ਟ ਪੁਰਖਾਂ ਦੀ ਸੰਗਤ ਵਾਲਾ ਭਏ = ਹੋ ਜਾਂਦਾ ਹੈ, ਪਰੰਤੂ ਇਹ ਸਾਰਾ ਪ੍ਰਤਾਪ ਸਤਿਗੁਰ = ਸੱਚੇ ਗੁਰੂ ਦੇ ਉਪਦੇਸ਼ ਦੁਆਰਾ ਗਿਆਨੇ = ਗਿਆਨ ਦੇ ਹੋਣ ਤੋਂ ਹੈ।

ਕਾਰਨ ਅਧੀਨ ਦੀਨ, ਕਾਰਨ ਕਰਨ ਭਏ;
ਹਰਨ ਭਰਨ ਭੇਦ ਅਲਖ ਲਖਾਨੇ ਹੈ॥੧੮੧॥

ਜੋ ਜੀਵ ਪਹਿਲਾਂ ਅਗਿਆਨ ਕਾਲ ਵਿਚ ਕਾਰਨ = ਕਾਰਜ ਰੂਪ ਸੰਸਾਰ ਦੇ ਕਰਨ ਵਾਲੀ ਕਾਇਆ ਦੇ ਅਧੀਨ = ਵੱਸ ਹੋ ਕੇ ਦੀਨ = ਦੁਖੀ ਹੁੰਦੇ ਸੀ **ਵਾ:** ਦੀਨ = ਗ਼ਰੀਬਾਂ ਵਤ ਹੁੰਦੇ ਸੀ, ਭਾਵ ਜੋ ਜੀਵ ਮਾਇਆ, ਅਵਿੱਦਿਆ ਦੇ ਅਧੀਨ ਸਨ, ਉਹ ਗੁਰ-ਉਪਦੇਸ਼ ਦੁਆਰਾ ਪ੍ਰੇਮਾ-ਭਗਤੀ ਕਰ ਕੇ ਕਾਰਨ = ਕਾਰਜ ਰੂਪ ਸੰਸਾਰ ਨੂੰ ਪੈਦਾ ਕਰਨ ਵਾਲੇ ਪਰਮੇਸ਼ਰ ਦਾ ਰੂਪ ਭਏ = ਹੋ ਗਏ ਅਤੇ ਜੋ ਹਰਨ = ਨਾਸ਼ ਕਰਨ ਦਾ ਤੇ ਭਰਨ = ਪਾਲਣ ਦਾ ਭੇਦ = ਭੇਤ ਪਰਮੇਸ਼ਰ ਤੋਂ ਬ਼ਗ਼ੈਰ ਹੋਰ ਕਿਸੇ ਦੇ ਅਲਖ = ਲਖਣ, ਜਾਣਨ ਤੋਂ ਰਹਿਤ ਹੈ, ਉਹ ਗੁਰੂ ਸਾਹਿਬ ਜੀ ਸ਼ਰਨ ਆਏ ਜੀਵ, ਗੁਰਮੁਖ ਨੂੰ ਲਖਾਨੇ = ਜਣਾ, ਦਿਖਾ ਦਿੰਦੇ ਹਨ॥੧੮੧॥

ਗੁਰਮੁਖਿ ਸੁਖ ਫਲ ਚਾਖਤ ਉਲਟੀ ਭਈ;
ਜੋਨਿ ਕੈ ਅਜੋਨਿ ਭਏ ਕੁਲ ਅਕੁਲੀਨ ਹੈ॥

ਜਿਨ੍ਹਾਂ ਗੁਰਮੁਖ ਜਨਾਂ ਨੇ ਗੁਰ-ਉਪਦੇਸ਼ ਦੁਆਰਾ ਆਤਮਿਕ ਸੁਖ = ਆਨੰਦ ਰੂਪੀ ਫਲ ਨੂੰ ਚਾਖਤ = ਚਖਣਾ, ਛਕਣਾ ਕੀਤਾ ਹੈ, ਉਨ੍ਹਾਂ ਦੀ ਬਿਰਤੀ ਸੰਸਾਰਾਕਾਰ ਵੱਲੋਂ ਉਲਟੀ = ਪਲਟ ਕੇ ਬ੍ਰਹਮਾਕਾਰ ਭਈ = ਹੋ ਗਈ ਹੈ ਅਤੇ ਉਨ੍ਹਾਂ ਨੂੰ ਜੋ ਜੰਮਣ ਮਰਨ ਦਾ ਕਾਰਨ ਜੋਨਿ = ਜੂਨਾਂ ਵਿਚ ਜਾਣ ਦਾ ਦੁੱਖ ਸੀ, ਉਸ ਜੂਨੀਆਂ ਕੈ = ਦੇ ਦੁੱਖ ਤੋਂ ਉਹ ਅਜੋਨਿ ਹੋ ਗਏ ਹਨ, ਭਾਵ ਜੂਨੀਆਂ ਵਿਚ ਜਾਣ ਤੋਂ ਰਹਿਤ ਭਏ = ਹੋ ਗਏ ਹਨ ਅਤੇ ਚੰਗੀ ਕੁਲ = ਵੰਸ਼ ਵੱਲੋਂ ਵੀ ਅਕੁਲੀਨ = ਵੰਸ਼ ਦੇ ਅਧਿਆਸ ਤੋਂ ਰਹਿਤ ਹੋ ਜਾਣਾ ਕਰਦੇ ਹਨ।

ਜੰਤਨ ਤੇ ਸੰਤ ਅਉ ਬਿਨਾਸੀ ਅਬਿਨਾਸੀ ਭਏ;
ਅਧਮ ਅਸਾਧ ਭਏ ਸਾਧ ਪ੍ਰਬੀਨ ਹੈ॥

ਇਉਂ ਫੇਰ ਤੁੱਛ ਵਾਸ਼ਨਾ ਵਿਚ ਵਰਤਣ ਵਾਲੇ ਜੰਤਨ = ਜੀਵਾਂ ਤੇ = ਤੋਂ ਸੰਤ = ਸ਼ਾਂਤ ਆਤਮਾ ਵਾਲੇ ਗੁਰਮੁਖ ਪੁਰਖ ਬਣ ਜਾਂਦੇ ਹਨ ਅਉ = ਅਤੇ ਬਿਨਾਸੀ = ਨਾਸ਼ ਤੋਂ ਰਹਿਤ ਹੋ ਕੇ ਅਬਿਨਾਸ਼ੀ = ਅਟੱਲ ਸਰੂਪ ਪਰਮੇਸ਼ਰ ਦਾ ਰੂਪ ਭਏ = ਹੋ ਗਏ ਹਨ। ਐਸੇ ਗੁਰਮੁਖ ਜਨਾਂ ਦੀ ਸੰਗਤ ਦੇ ਪ੍ਰਤਾਪ ਕਰਕੇ ਅਧਮ = ਨੀਚ ਤੇ ਅਸਾਧ = ਅਸੰਤ, ਕੁਸੰਗੀ ਪੁਰਖ ਸਾਧ = ਸ੍ਰੇਸ਼ਟ ਪੁਰਖ ਤੇ ਪ੍ਰਬੀਨ = ਪੂਰਨ ਗਿਆਨਵਾਨ ਹੋ ਜਾਣਾ ਕਰਦੇ ਹਨ **ਵਾ:** ਸ੍ਰੇਸ਼ਟ ਪੁਰਖ ਤੇ ਪ੍ਰਬੀਨ = ਸੂਝਵਾਨ ਹੋ ਜਾਣਾ ਕਰਦੇ ਹਨ।

ਲਾਲਚੀ ਲਲੂ ਜਨ ਤੇ ਪਾਵਨ ਕੈ ਪੂਜ ਕੀਨੇ;
ਅੰਜਨ ਜਗਤ ਸੈ ਨਿਰੰਜਨਈ ਦੀਨ ਹੈ॥

ਜੋ ਲਾਲਚੀ = ਲੋਭੀ ਪੁਰਖ ਸੀ, ਉਹ ਲਲੂ[੧] = ਲਾਲਚੀ ਜਨ = ਪੁਰਖ ਤੇ = ਤੋਂ ਪਾਵਨ = ਪਵਿੱਤਰ ਕੈ = ਕਰਕੇ ਪੂਜ = ਪੂਜਨੀਕ ਬਣਾਉਣਾ ਕੀਨੇ = ਕੀਤੇ ਹਨ ਅਤੇ ਅੰਜਨ = ਮਾਇਆ ਤੇ ਜਗਤ = ਸੰਸਾਰ ਸੈ = ਵਿਚ ਰਹਿੰਦਿਆਂ ਹੋਇਆਂ ਨੂੰ ਹੀ ਨਿਰੰਜਨਈ = ਮਾਇਆ ਦੀ ਕਾਲਖ ਤੋਂ ਰਹਿਤ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਤੁਰੀਆ ਪਦ ਰੂਪ ਪਦਵੀ ਦੀਨ = ਦੇਣਾ ਕੀਤੀ ਹੈ **ਵਾ:** ਗੁਰ-ਉਪਦੇਸ਼ ਦੁਆਰਾ ਨਾਮ ਜਪਣ ਵਾਲੇ ਦੀਨ = ਨਿਮਰਤਾ ਵਾਲੇ ਸੁਭਾਅ ਸਹਿਤ ਕਰ ਦਿੱਤੇ ਹਨ।

ਕਾਟਿ ਮਾਇਆ ਫਾਸੀ ਗੁਰ ਗ੍ਰਿਹ ਮੈ ਉਦਾਸੀ ਕੀਨੋ;
ਅਨਭੈ ਅਭਿਆਸੀ ਪ੍ਰਿਅ ਪ੍ਰੇਮ-ਰਸ ਭੀਨ ਹੈ॥੧੮੨॥

ਐਸੇ ਗੁਰਮੁਖ ਜਨਾਂ ਉੱਪਰ ਗੁਰ = ਸਤਿਗੁਰਾਂ ਨੇ ਕਿਰਪਾ ਕਰ ਕੇ ਮਾਇਆ ਦੀ ਫਾਸੀ = ਫਾਹੀ ਕਾਟਿ = ਕੱਟ ਕੇ ਗ੍ਰਿਹ = ਘਰ ਮੈ = ਵਿਚ ਰਹਿੰਦਿਆਂ ਨੂੰ ਉਦਾਸੀ = ਉਪਰਾਮਤਾ ਦੇ ਸਹਿਤ ਕੀਨੋ = ਕੀਤਾ ਹੈ ਅਤੇ ਅਨਭੈ = ਡਰ ਤੋਂ ਰਹਿਤ ਪਰਮੇਸ਼ਰ ਦੇ ਅਭਿਆਸ ਕਰਨ ਵਾਲੇ ਬਣਾ ਦਿੱਤਾ ਹੈ ਅਤੇ ਉਹ ਪ੍ਰਿਅ = ਪਿਆਰੇ ਪਰਮੇਸ਼ਰ ਦੇ ਪ੍ਰੇਮ ਰੂਪੀ ਰਸ ਵਿਚ ਭੀਨ = ਭਿੱਜੇ ਰਹਿੰਦੇ ਹੈ = ਹਨ॥੧੮੨॥

ਸਤਿਗੁਰ ਦਰਸ ਧਿਆਨ ਅਸਚਰਜ-ਮੈ;
ਦਰਸਨੀ ਹੋਤ ਖਟ ਦਰਸ ਅਤੀਤ ਹੈ॥

ਸਤਿਗੁਰ = ਸੱਚੇ ਗੁਰੂ ਦੇ ਅਸਚਰਜ-ਮੈ = ਵਿਸਮਾਦਮਈ ਸਰੂਪ ਦੇ ਦਰਸ = ਦੀਦਾਰ ਧਿਆਨ = ਖ਼ਿਆਲ ਵਾਲੇ, ਦਰਸਨੀ = ਦੀਦਾਰ ਕਰਨ ਵਾਲੇ ਹੋਤ = ਹੁੰਦੇ ਹੋਏ ਖਟ = ਛੇ ਦਰਸ = ਦਰਸ਼ਨਾਂ ਤੋਂ ਅਤੀਤ = ਰਹਿਤ ਹੋ ਜਾਂਦੇ ਹਨ **ਵਾ:** ਦਰਸਨੀ = ਛੇ ਭੇਖਾਂ (ਜੋਗੀ, ਜੰਗਮ, ਸਰੇਵੜੇ, ਸੰਨਿਆਸੀ, ਦਰਵੇਸ਼, ਬਿਪਰ) ਤੇ ਛੇ

---

੧. ਲਲੂ = ਲਲਾ ਸ਼ਬਦ ਪੂਰਬੀ ਭਾਸ਼ਾ ਵਿਚ ਬੱਚੇ ਦੇ ਵਾਚਕ ਸ਼ਬਦ ਤੋਂ ਬਣਿਆ ਹੋਇਆ ਹੈ, ਜਿਵੇਂ ਬੱਚਾ ਹਰ ਵਸਤੂ ਨੂੰ ਫੜ ਕੇ ਮੂੰਹ ਵਿਚ ਪਾਉਣ ਦਾ ਲਾਲਚੀ ਹੁੰਦਾ ਹੈ, ਇਸੇ ਪ੍ਰਕਾਰ ਸੰਸਾਰੀ ਪਦਾਰਥਾਂ ਵਾਸਤੇ ਲਾਲਚੀ ਪੁਰਖ ਉਨ੍ਹਾਂ ਨੂੰ ਪ੍ਰਾਪਤ ਕਰਨ ਦਾ ਲਾਲਚ ਕਰਦੇ ਹਨ।

ਦਰਸ = ਦਰਸ਼ਨਾਂ ਦੇ ਮੱਤਾਂ ਨੂੰ ਅਤੀਤ = ਤਿਆਗ ਕੇ ਗੁਰੂ ਦਰਸ਼ਨ ਕਰਨ ਵਾਲੇ ਸੁੰਦਰ ਗੁਰਮਤਿ ਪਹਿਰਾਵੇ ਵਾਲੇ ਹੋ ਜਾਂਦੇ ਹਨ।

ਸਤਿਗੁਰ ਚਰਨ ਸਰਨਿ ਨਿਹਕਾਮ ਧਾਮ;
ਸੇਵਕੁ ਨ ਆਨ ਦੇਵ ਸੇਵ ਕੀ ਨ ਪ੍ਰੀਤ ਹੈ॥

ਸਤਿਗੁਰ = ਸੱਚੇ ਗੁਰੂ ਦੇ ਚਰਨਾਂ ਦੀ ਸਰਨਿ = ਓਟ ਵਿਚ ਜਾ ਕੇ ਗੁਰਮੁਖ ਜਨ ਨਿਹਕਾਮ = ਕਾਮਨਾ ਤੋਂ ਰਹਿਤ ਹੋ ਕੇ ਰਿਦੇ ਰੂਪੀ ਧਾਮ = ਘਰ ਵਿਚ ਪਰਮੇਸ਼ਰ ਨੂੰ ਪਾ ਲੈਣਾ ਕਰਦੇ ਹਨ ਅਤੇ ਗੁਰਮੁਖ ਜਨ ਐਸੇ ਗੁਰੂ ਦੇ ਸੇਵਕੁ = ਦਾਸ ਬਣਦੇ ਹਨ ਕਿ ਗੁਰਾਂ ਤੋਂ ਬਗ਼ੈਰ ਆਨ = ਹੋਰ ਕਿਸੇ ਦੇਵ = ਦੇਵੀ ਦੇਵਤੇ ਆਦਿ ਨੂੰ ਸੇਵ = ਸੇਵਨ ਕੀ = ਦੀ ਪ੍ਰੀਤ = ਪ੍ਰੀਤੀ ਨਹੀਂ ਕਰਦੇ ਹਨ ਅਤੇ ਨਾ ਹੀ ਕਿਸੇ ਹੋਰ ਦੇ ਦਾਸ ਬਣਦੇ ਹਨ।

ਸਤਿਗੁਰ ਸਬਦ ਸੁਰਤਿ ਲਿਵ ਮੂਲ ਮੰਤ੍ਰ;
ਆਨ ਤੰਤ੍ਰ ਮੰਤ੍ਰ ਕੀ ਨ ਸਿਖਨ ਪ੍ਰਤੀਤਿ ਹੈ॥

ਐਸੇ ਗੁਰਮੁਖ ਜਨ ਸਤਿਗੁਰ = ਸੱਚੇ ਗੁਰੂ ਦੇ ਸਬਦ = ਉਪਦੇਸ਼ ਵਿਚ ਸੁਰਤਿ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਚਿੱਤ ਦੀ ਲਿਵ = ਬਿਰਤੀ ਲਾ ਕੇ ਮੂਲਮੰਤ੍ਰ = ਸਾਰਿਆਂ ਮੰਤ੍ਰਾਂ ਦਾ ਮੁੱਢ 'ੴ' ਤੋਂ ਲੈ ਕੇ 'ਨਾਨਕ ਹੋਸੀ ਭੀ ਸਚੁ' ਤਕ) ਨੂੰ ਜਪਣਾ ਕਰਦੇ ਹਨ ਅਤੇ ਇਸ ਤੋਂ ਇਲਾਵਾ ਆਨ = ਹੋਰ ਜੰਤਰਾਂ, ਮੰਤਰਾਂ ਵਿਚ ਸਿਖਨ = ਸਿੱਖਾਂ ਕੀ = ਦੀ ਪ੍ਰਤੀਤਿ = ਭਰੋਸਗੀ ਨ = ਨਹੀਂ ਹੁੰਦੀ ਹੈ।

ਸਤਿਗੁਰ ਕ੍ਰਿਪਾ ਸਾਧਸੰਗਤਿ ਪੰਗਤਿ ਸੁਖ;
ਹੰਸ ਬੰਸ ਮਾਨਸਰਿ ਅਨਤ ਨ ਚੀਤ ਹੈ॥੧੮੩॥

ਸਤਿਗੁਰ = ਸੱਚੇ ਗੁਰੂ ਸਾਹਿਬ ਜੀ ਦੀ ਕ੍ਰਿਪਾ = ਮਿਹਰ ਸਦਕਾ ਗੁਰਮੁਖ ਜਨ ਸਾਧਸੰਗਤਿ = ਸਤਿਸੰਗਤ ਰੂਪੀ ਪੰਗਤਿ = ਕਤਾਰ ਵਿਚ ਬੈਠ ਕੇ ਆਤਮਿਕ ਸੁਖ = ਅਨੰਦ ਮਾਣਦੇ ਹਨ ਅਤੇ ਹੰਸ ਵਤ ਬੰਦਗੀ ਵਾਲੇ ਸਤਿਪੁਰਸ਼ਾਂ ਰੂਪੀ ਬੰਸ = ਕੁਲ ਦੇ ਸਤਿਸੰਗਤ ਰੂਪੀ ਮਾਨਸਰਿ = ਮਾਨਸਰੋਵਰ ਵਿਚ ਬ੍ਰਹਮ ਗਿਆਨ ਰੂਪੀ ਮੋਤੀ ਚੁਗਦੇ ਹਨ ਅਤੇ ਆਪਣੇ ਚੀਤ = ਚਿੱਤ ਵਿਚ ਅਨਤ = ਹੋਰ ਕਿਸੇ ਨੂੰ ਵੀ ਅਰਾਧਨਾ ਨਹੀਂ ਕਰਦੇ ਹੈ = ਹਨ ॥੧੮੩॥

ਘੋਸਲਾ ਮੈ ਅੰਡਾ ਤਜਿ ਉਡਤ ਅਕਾਸਚਾਰੀ;
ਸੰਧਿਆ ਸਮੈ ਅੰਡਾ ਹੇਤ ਚੇਤਿ ਫਿਰ ਆਵਈ॥

ਜਿਸ ਪ੍ਰਕਾਰ ਅਕਾਸਚਾਰੀ = ਆਕਾਸ਼ ਵਿਚ ਵਿਚਰਨ ਵਾਲਾ ਪੰਛੀ (ਕੂੰਜ) ਘੋਸਲਾ = ਆਲ੍ਹਣੇ ਮੈ = ਵਿਚ ਅੰਡਾ = ਆਂਡੇ ਜਾਂ ਆਂਡਿਆਂ ਵਿੱਚੋਂ ਨਿਕਲੇ ਬੱਚਿਆਂ ਨੂੰ ਤਜਿ = ਛੱਡ ਕੇ ਸਵੇਰੇ ਉਡਤ = ਉੱਡ ਜਾਂਦੀ ਹੈ ਅਤੇ ਸੰਧਿਆ = ਸ਼ਾਮ ਦੇ ਸਮੈ = ਵਕਤ ਅੰਡਾ = ਆਂਡੇ **ਵਾ:** ਅੰਡੇ ਵਿੱਚੋਂ ਨਿਕਲੇ ਬੱਚਿਆਂ ਦੇ ਹੇਤ = ਪ੍ਰੇਮ ਨੂੰ ਚੇਤਿ = ਯਾਦ ਕਰ ਕੇ ਫਿਰ = ਮੁੜ ਆਪਣੇ ਆਲ੍ਹਣੇ ਵਿਚ ਆਵਈ = ਆ ਜਾਂਦੀ ਹੈ।

ਤਿਰੀਆ ਤਿਆਗ ਸੁਤ ਜਾਤ ਬਨ ਖੰਡ ਬਿਖੈ;
ਸੁਤ ਕੀ ਸੁਰਤਿ ਗ੍ਰਿਹ ਆਇ ਸੁਖ ਪਾਵਈ ॥

ਜਿਸ ਪ੍ਰਕਾਰ ਤਿਰੀਆ = ਇਸਤਰੀ ਆਪਣੇ ਸੁਤ = ਪੁੱਤਰ ਨੂੰ ਘਰ ਵਿਚ ਸੁੱਤਾ ਤਿਆਗ = ਛੱਡ ਕੇ ਕਿਸੇ ਕਾਰਜ ਲਈ ਬਨ = ਜੰਗਲ ਦੇ ਕਿਸੇ ਖੰਡ = ਹਿੱਸੇ ਬਿਖੈ = ਵਿਚ ਭਾਵ ਉਜਾੜ ਵਾਲੇ ਥਾਂ ਲੱਕੜਾਂ ਆਦਿ ਲੈਣ ਲਈ ਜਾਤ = ਜਾਣਾ ਕਰਦੀ ਹੈ, ਉਹ ਕਾਰਜ ਤੋਂ ਵਿਹਲੇ ਹੋ ਕੇ ਆਪਣੇ ਸੁਤ = ਪੁੱਤਰ ਕੀ = ਦੀ ਸੁਰਤਿ = ਗਿਆਤ ਚੇਤੇ ਕਰ ਕੇ ਜਲਦੀ ਜਲਦੀ ਗ੍ਰਿਹ = ਘਰ ਵਿਚ ਆਇ = ਆ ਕੇ ਆਪਣੇ ਪੁੱਤਰ ਨੂੰ ਵੇਖ ਕੇ ਸੁਖ = ਆਨੰਦ ਪਾਵਈ = ਪਾਉਣਾ ਕਰਦੀ ਹੈ।

ਜੈਸੇ ਜਲ ਕੁੰਡ ਕਰਿ ਛਾਡੀਅਤ ਜਲਚਰੀ;
ਜਬ ਚਾਹੇ ਤਬ ਗਹਿ ਲੇਤ ਮਨਿ ਭਾਵਈ ॥

ਜੈਸੇ = ਜਿਸ ਪ੍ਰਕਾਰ ਜਲ = ਪਾਣੀ ਦਾ ਕੁੰਡ = ਚੁਬੱਚਾ ਬਣਾ ਕਰਿ = ਕਰਕੇ ਜਲਚਰੀ = ਮੱਛੀਆਂ ਨੂੰ ਜੀਵਤ ਰੱਖਣ ਲਈ ਵਿਚ ਛਾਡੀਅਤ = ਛੱਡ ਦੇਣਾ ਕਰੀਦਾ ਹੈ ਅਤੇ ਜਬ = ਜਦੋਂ ਚਾਹੇ = ਚਾਹਣਾ ਕਰੀਏ ਤਬ = ਤਦੋਂ ਹੀ ਮਨ ਦੀ ਭਾਵਈ = ਮੌਜ ਅਨੁਸਾਰ ਗਹਿ = ਫੜ ਲੇਤ = ਲੈਣਾ ਕਰੀਦਾ ਹੈ।

ਤੈਸੇ ਚਿਤ ਚੰਚਲ ਭ੍ਰਮਤ ਹੈ ਚਤੁਰ ਕੁੰਟ;
ਸਤਿਗੁਰ ਬੋਹਿਥ ਬਿਹੰਗ ਠਹਿਰਾਵਈ ॥੧੮੪॥

ਤੈਸੇ = ਉਸ ਤਰ੍ਹਾਂ ਚੰਚਲ = ਚਲਾਇਮਾਨ ਚਤੁਰ ਚਿਤ = ਮਨ ਦਾ ਸੁਭਾਅ ਚਤੁਰ = ਚਾਰ ਕੁੰਟ = ਦਿਸ਼ਾਵਾਂ ਵਿਚ ਭ੍ਰਮਤ = ਭਟਕਦਾ ਰਹਿੰਦਾ ਹੈ, ਪਰ ਜੇਕਰ ਸਤਿਗੁਰ = ਸੱਚੇ ਗੁਰੂ ਦੇ ਚਰਨਾਂ ਰੂਪ ਬੋਹਿਥ = ਜਹਾਜ਼ ਦੀ ਓਟ ਵਿਚ ਮਨ ਰੂਪ ਬਿਹੰਗ = ਪੰਛੀ ਆ ਜਾਵੇ ਤਾਂ ਠਹਿਰਾਵਈ = ਟਿਕਾਅ ਵਿਚ ਆ ਜਾਂਦਾ ਹੈ ॥੧੮੪॥

ਚਤੁਰ ਬਰਨ ਮੈ ਨ ਪਾਈਐ ਬਰਨ ਤੈਸੋ;
ਖਟ ਦਰਸਨ ਮੈ ਨ ਦਰਸਨ ਜੋਤਿ ਹੈ ॥

ਗੁਰਮੁਖਾਂ ਵਰਗਾ ਭੇਖ, ਬਾਣਾ, ਚਾਲ ਚੱਲਣ ਚਤੁਰ = ਚਾਰੇ ਬਰਨ = ਰੂਪਾਂ ਮੈ = ਵਿੱਚੋਂ ਤੈਸੋ = ਉਹੋ ਜਿਹਾ ਬਰਨ = ਰੂਪ, ਰੰਗ ਪਾਈਐ = ਪਾਇਆ ਨ = ਨਹੀਂ ਜਾਂਦਾ, ਖਟ = ਛੇ ਜੋਗੀ, ਜੰਗਮ ਰੂਪਾਂ ਆਦਿ ਦਰਸਨ = ਮਤਾਂ ਮੈ = ਵਿਚ ਵੀ ਗੁਰਮੁਖਾਂ ਦੇ ਦਰਸਨ = ਭੇਖ ਮਾਰਗ, ਗੁਰਸਿੱਖੀ ਰੂਪ ਮਾਰਗ ਵਰਗੀ ਜੋਤਿ = ਚਮਕ, ਸੋਭਾ ਨ = ਨਹੀਂ ਹੈ, ਭਾਵ ਜੋ ਗੁਰਮੁਖ ਜਨਾਂ ਨੂੰ ਗੁਰ-ਉਪਦੇਸ਼ ਦੁਆਰਾ ਨਾਮ ਦਾ ਆਨੰਦ ਆਇਆ ਹੈ, ਉਸ ਆਨੰਦ ਬਰਾਬਰ ਹੋਰ ਕੋਈ ਅਨਮੱਤੀਆਂ ਨੂੰ ਆਨੰਦ ਨਹੀਂ ਹੈ।

ਸਿੰਮ੍ਰਿਤਿ ਪੁਰਾਨ ਬੇਦ ਸਾਸਤ੍ਰ ਸਮਾਨ ਖਾਨ;
ਰਾਗ ਨਾਦ ਬਾਦ ਮੈ ਨ ਸਬਦ ਉਦੋਤ ਹੈ ॥

ਸਤਾਈ ਸਿੰਮ੍ਰਿਤਿ = ਸਿੰਮ੍ਰਿਤੀਆਂ, ਅਠਾਰਾਂ ਪੁਰਾਨ, ਚਾਰ ਵੇਦ, ਛੇ ਸ਼ਾਸਤਰ ਅਤੇ ਇਨ੍ਹਾਂ ਦੇ

ਸਮਾਨ = ਵਾਂਗ ਹੀ ਹੀਰੇ ਮੋਤੀਆਂ ਦੀ ਖਾਨ **ਵਾ:** ਚਾਰੇ ਖਾਨ = ਖਾਣੀਆਂ ਅੰਦਰ ਬੋਲੀ ਜਾਣ ਵਾਲੀ ਬੋਲੀ ਜਾਂ ਚਾਰੇ ਖਾਣੀਆਂ ਦੇ ਜੀਵ ਅਤੇ ਛੇ ਰਾਗ, ਨਾਦ = ਸ਼ਬਦ ਤੇ ਉਨ੍ਹਾਂ ਦੇ ਅਨੇਕ ਤਰ੍ਹਾਂ ਦੇ ਬਾਦ = ਵਾਜਿਆਂ ਮੈ = ਵਿਚ ਅਤੇ ਇਨ੍ਹਾਂ ਸਾਰਿਆਂ ਵਿਚ ਕੋਈ ਵੀ ਸ਼ਬਦ ਜਾਂ ਉਪਰੋਕਤ ਵਸਤੂਆਂ ਨਹੀਂ ਹਨ ਜਾਂ ਉਪਰੋਕਤ ਵਸਤੂਆਂ ਨੂੰ ਪੜ੍ਹਨ, ਸੁਣਨ ਵਾਲਿਆਂ ਨੂੰ ਉਤਨਾ ਆਨੰਦ ਨਹੀਂ ਹੈ, ਜਿਤਨਾ ਗੁਰਮੁਖ ਜਨ ਨੂੰ ਗੁਰਾਂ ਦੇ ਸਬਦ = ਉਪਦੇਸ਼ ਨੂੰ ਰਿਦੇ ਵਿਚ ਉਦੋਤ = ਪ੍ਰਗਟ ਕਰਨ ਤੋਂ ਆਨੰਦ, ਸੁਖ ਆਉਂਦਾ ਹੈ **ਵਾ:** ਗੁਰ-ਉਪਦੇਸ਼ ਦੁਆਰਾ ਨਾਮ ਰਿਦੇ ਵਿਚ ਪ੍ਰਗਟ ਹੁੰਦਾ ਹੈ।

ਨਾਨਾ ਬਿੰਜਨਾਦਿ ਸ੍ਵਾਦ ਅੰਤਰਿ ਨ ਪ੍ਰੇਮ-ਰਸ;
ਸਕਲ ਸੁਗੰਧ ਮੈ ਨ ਗੰਧਿ ਸੰਧਿ ਹੋਤ ਹੈ॥

ਨਾਨਾ = ਅਨੇਕ ਤਰ੍ਹਾਂ ਦੇ ਸੁਆਦਲੇ ਬਿੰਜਨਾਦਿ = ਭੋਜਨ ਆਦਿਕਾਂ ਦੇ ਖਾਣ ਵਿਚ ਇਤਨਾ ਸੁਆਦ ਨਹੀਂ ਹੈ, ਜਿਤਨਾ ਪ੍ਰੇਮ ਰੂਪੀ ਰਸ ਦੇ ਚੱਖਣੇ ਦਾ ਸੁਆਦ ਹੈ ਅਤੇ ਸਕਲ = ਸਾਰੇ ਤਰ੍ਹਾਂ ਦੇ ਸੁਗੰਧ = ਮਹਿਕ ਵਾਲੇ ਪਦਾਰਥ ਮੈ = ਵਿਚ ਉਤਨੀ ਗੰਧਿ = ਵਾਸ਼ਨਾ, ਮਹਿਕ ਨਹੀਂ ਹੈ, ਜਿਤਨੀ ਕਿ ਗੁਰੂ ਦੇ ਚਰਨਾਂ ਨਾਲ ਸੰਧਿ = ਮਿਲਣੇ ਤੋਂ ਪ੍ਰੇਮਾ-ਭਗਤੀ ਰੂਪੀ ਸ੍ਰੇਸ਼ਟ ਸੁਗੰਧੀ ਦੀ ਪ੍ਰਾਪਤੀ ਹੋਤ = ਹੁੰਦੀ ਹੈ।

ਉਸਨ ਸੀਤਲਤਾ ਸਪਰਸ ਅਪਰਸ ਨ;
ਗੁਰਮੁਖਿ ਸੁਖ ਫਲ ਤੁਲਿ ਓਤ ਪੋਤ ਹੈ॥੧੮੫॥

ਗੁਰਮੁਖ ਜਨਾਂ ਨੂੰ ਗੁਰ-ਉਪਦੇਸ਼ ਦੁਆਰਾ ਸੁਖ = ਆਨੰਦ ਰੂਪੀ ਫਲ ਜੋ ਓਤ ਪੋਤ = ਤਾਣੇ ਪੇਟੇ ਤੁਲਿ = ਸਮਾਨ ਰਿਦੇ ਵਿਚ ਹੋਇਆ ਹੈ, ਸੋ ਇਸ ਲਈ ਉਨ੍ਹਾਂ ਨੂੰ ਉਸਨ = ਗਰਮੀ ਵੀ ਸਪਰਸ = ਛੋਹ ਨ = ਨਹੀਂ ਸਕਦੀ ਤੇ ਸੀਤਲਤਾ = ਠੰਢ ਵੀ ਅਪਰਸ = ਪਰਸਣੇ ਤੋਂ ਰਹਿਤ ਰਹਿੰਦੀ ਹੈ ਭਾਵ ਗੁਰਮੁਖ ਜਨਾਂ ਨੂੰ ਗੁਰ-ਉਪਦੇਸ਼ ਦੁਆਰਾ ਵਾਹਿਗੁਰੂ ਦੇ ਆਨੰਦ ਵਿਚ ਐਸਾ ਸੁਖ ਪ੍ਰਾਪਤ ਹੁੰਦਾ ਹੈ ਕਿ ਉਨ੍ਹਾਂ ਨੂੰ ਗਰਮੀ ਸਰਦੀ ਕੁਝ ਵੀ ਨਹੀਂ ਕਰਦੀ॥੧੮੫॥

ਲਿਖਨੁ ਪੜ੍ਹਨ ਤਉ ਲਉ ਜਾਨੈ ਦਿਸੰਤਰ ਜਉ ਲਉ;
ਕਹਤ ਸੁਨਤ ਹੈ ਬਿਦੇਸ ਕੇ ਸੰਦੇਸ ਕੈ॥

ਤਉ = ਤਦੋਂ ਲਉ = ਤਕ ਪਤਨੀ (ਔਰਤ) ਆਪਣੇ ਪਤੀ ਵੱਲੋਂ ਭੇਜੀ ਚਿੱਠੀ ਨੂੰ ਪੜ੍ਹਨ = ਪੜ੍ਹਨਾ ਤੇ ਲਿਖਣਾ ਜਾਨੈ = ਜਾਣਦੀ ਹੈ, ਜਉ = ਜਦ ਲਉ = ਤਕ ਉਸ ਦਾ ਪਤੀ ਦਿਸੰਤਰ = ਦੂਜੇ ਦੇਸ਼ ਦੇ ਵਿਚ (ਬਿਗਾਨੇ ਦੇਸ਼ ਵਿਚ) ਗਿਆ ਹੋਵੇ ਕਿਉਂਕ ਬਿਦੇਸ = ਪ੍ਰਦੇਸ ਕੇ = ਦੇ ਵਿਚ ਜਾਣੇ ਕੈ = ਕਰਕੇ ਸੁਨੇਹੇ, ਭਾਵ ਹਾਲ ਚਾਲ ਪੁੱਛਣ ਲਈ ਕਹਤ = ਕਹਿਣ ਤੇ ਸੁਨਤ = ਸੁਣਨ ਦੀ ਲੋੜ ਪਈ ਰਹਿੰਦੀ ਹੈ।

ਦੇਖਤ ਅਉ ਦੇਖੀਅਤ ਇਤ ਉਤ ਦੋਇ ਹੋਇ;
ਭੇਟਤ ਪਰਸਪਰ ਬਿਰਹ ਅਵੇਸ ਕੈ॥

ਇਉਂ ਜਦ ਪਤੀ ਪਰਾਏ ਦੇਸ਼ ਤੋਂ ਆਵੇ ਤਾਂ ਪਤਨੀ (ਇਸਤਰੀ) ਇਤ = ਇਧਰੋਂ ਪਤੀ ਆਉਂਦੇ ਨੂੰ

ਦੇਖਤ = ਦੇਖਣਾ ਕਰਦੀ ਹੈ ਅਤੇ ਉਤ = ਉਧਰੋਂ ਪਤੀ ਇਸਤਰੀ ਨੂੰ ਦੇਖੀਅਤ = ਦੇਖਣਾ ਕਰਦਾ ਹੈ, ਇਉਂ ਦੋਇ = ਦੋਵੇਂ ਪਤੀ ਪਤਨੀ ਭੇਟਤ = ਮਿਲ ਕੇ ਪਰਸਪਰ = ਆਪਸ ਵਿਚ ਇਕ ਰੂਪ ਹੋਇ = ਹੋ ਜਾਂਦੇ ਹਨ ਅਤੇ ਦੋਹਾਂ ਦਾ ਬਿਰਹ = ਵਿਛੋੜੇ ਵਿਚ ਆਵੇਸ = ਪ੍ਰਵੇਸ਼ ਕੈ = ਤਾਈਂ ਕਰਨਾ ਦੂਰ ਹੋ ਜਾਂਦਾ ਹੈ, ਭਾਵ ਜਦ ਪਤੀ ਪ੍ਰਦੇਸ ਤੋਂ ਆ ਜਾਂਦਾ ਹੈ ਤਾਂ ਪਤੀ ਪਤਨੀ ਇਕ ਰੂਪ ਹੋ ਜਾਂਦੇ ਹਨ ਅਤੇ ਵਿਛੋੜਾ ਦੂਰ ਹੋ ਜਾਂਦਾ ਹੈ ਤੇ ਕਿਸੇ ਦੂਸਰੇ ਨੂੰ ਚਿੱਠੀਆਂ ਲਿਖਣਾ ਤੇ ਪੜ੍ਹਨਾ ਦੂਰ ਹੋ ਜਾਂਦਾ ਹੈ।

ਖੋਇ ਖੋਇ ਖੋਜੀ ਹੋਇ ਖੋਜਤ ਚਤੁਰ ਕੁੰਟ;
ਮ੍ਰਿਗ-ਮਦ ਜੁਗਤਿ ਨ ਜਾਨਤ ਪ੍ਰਵੇਸ ਕੈ ॥

ਜਿਵੇਂ ਮ੍ਰਿਗ ਆਪਣੀ ਚੁਸਤ ਰਹਿਣ ਵਾਲੀ ਖੋਇ = ਆਦਤ ਨੂੰ ਖੋਇ = ਨਵਿਰਤ ਕਰ ਕੇ **ਵਾ:** ਖੋਇ ਖੋਇ = ਝਾੜ ਬੂਟਿਆਂ ਦੀਆਂ ਜੂਹਾਂ ਵਿਚ ਖੋਜੀ = ਲੱਭਣ ਵਾਲਾ ਹੋਇ = ਹੋ ਕੇ ਚਤੁਰ = ਚਾਰੋਂ ਕੁੰਟ = ਦਿਸ਼ਾਵਾਂ ਵਿਚ ਮ੍ਰਿਗ-ਮਦ = ਮ੍ਰਿਗ ਆਪਣੇ ਅੰਦਰ ਪਈ ਕਸਤੂਰੀ ਨੂੰ ਖੋਜਤ = ਲੱਭਦਾ ਫਿਰਦਾ ਹੈ ਪਰੰਤੂ ਉਸ ਵਿਚ ਪ੍ਰਵੇਸ = ਦਾਖ਼ਲ ਹੋਣ ਦੀ ਜੁਗਤਿ = ਵਿਧੀ ਨ = ਨਹੀਂ ਜਾਨਤ = ਜਾਣਦਾ ਹੈ ਭਾਵ ਹਿਰਨ ਦੀ ਨਾਭੀ ਵਿਚ ਕਸਤੂਰੀ ਹੁੰਦੀ ਹੈ, ਉਹ ਭਰਮ ਕਰ ਕੇ ਆਪਣੇ ਅੰਦਰੋਂ ਕਸਤੂਰੀ ਦੀ ਖ਼ੁਸ਼ਬੂ ਨਹੀਂ ਲੈ ਸਕਦਾ, ਇਸ ਲਈ ਝਾੜਾਂ ਬੂਟਿਆਂ ਵਿਚ ਲੱਭਦਾ ਫਿਰਦਾ ਰਹਿੰਦਾ ਹੈ। ਜੈਸਾ ਕਿ :

ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥ *(ਅੰਗ ੬੪੪)*

ਗੁਰਸਿਖ ਸੰਧਿ ਮਿਲੇ ਅੰਤਰਿ ਅੰਤਰਜਾਮੀ;
ਸ੍ਵਾਮੀ ਸੇਵ ਸੇਵਕ ਨਿਰੰਤਰਿ ਆਦੇਸ ਕੈ ॥੧੮੬॥

ਇਸੇ ਤਰ੍ਹਾਂ ਹੀ ਅਗਿਆਨ ਵੱਸ ਜੀਵ ਬਹੁਤ ਤਰ੍ਹਾਂ ਦੇ ਜਪ ਤਪ ਤੀਰਥ ਆਦਿ ਸਾਧਨਾਂ ਵਿਚ ਭਰਮਣ ਕਰਦਾ ਰਹਿੰਦਾ ਹੈ ਪਰ ਜਦ ਗੁਰਸਿਖ = ਗੁਰੂ ਕੇ ਸਿੱਖ ਦੇ ਸੰਧਿ = ਜੋੜ ਵਿਚ ਆ ਕੇ ਭਰਮਦਾ ਹੋਇਆ ਜੀਵ ਮਿਲੇ = ਮਿਲਣਾ ਕਰਦਾ ਹੈ **ਵਾ:** ਗੁਰੂ ਅਤੇ ਗੁਰੂ ਕੇ ਸਿੱਖਾਂ ਦੇ ਸੰਧਿ = ਮਿਲਾਪ ਵਿਚ ਮਿਲ ਕੇ ਆਪਣੇ ਰਿਦੇ ਦੇ ਅੰਤਰਿ = ਵਿੱਚੋਂ ਹੀ ਅੰਤਰਜਾਮੀ = ਅੰਦਰ ਦੀ ਜਾਣਨ ਵਾਲੇ ਪਰਮੇਸ਼ਰ ਨੂੰ ਪਾ ਕੇ ਵਾਹਿਗੁਰੂ ਦੇ ਸਰੂਪ ਨੂੰ ਜਾਣ ਲੈਂਦਾ ਹੈ, ਭਾਵ ਹੋਰਨਾਂ ਦੇਵੀ ਦੇਵਤਿਆਂ ਆਦਿ ਦੇ ਦੁਆਰੇ 'ਤੇ ਭਟਕਣੋਂ ਹਟ ਜਾਂਦਾ ਹੈ ਅਤੇ ਆਪਣੇ ਸ੍ਵਾਮੀ = ਮਾਲਕ ਪਰਮੇਸ਼ਰ ਦੀ ਸੇਵ = ਟਹਿਲ ਨੂੰ ਸੇਵਕ = ਦਾਸ ਬਣ ਕੇ ਨਿਰੰਤਰਿ = ਇਕ-ਰਸ ਕਰਦਾ ਰਹਿੰਦਾ ਹੈ ਅਤੇ ਉਨ੍ਹਾਂ ਨੂੰ ਮਨ ਬਾਣੀ ਸਰੀਰ ਕੈ = ਕਰਕੇ ਆਦੇਸ = ਨਮਸਕਾਰ ਕਰਦਾ ਰਹਿੰਦਾ ਹੈ ॥੧੮੬॥

ਦੀਪਕ ਪਤੰਗ ਸੰਗ ਪ੍ਰੀਤ ਇਕ-ਅੰਗੀ ਹੋਇ;
ਚੰਦ੍ਰਮਾ ਚਕੋਰ ਘਨ ਚਾਤ੍ਰਿਕ ਨ ਹੋਤ ਹੈ ॥

ਦੀਪਕ = ਦੀਵੇ ਤੇ ਪਤੰਗ = ਭਮੱਕੜ (ਪਰਵਾਨੇ) ਦੇ ਸੰਗ = ਮਿਲਾਪ ਵਿਚ ਪ੍ਰੀਤ = ਲਗਨ ਇਕ-ਅੰਗੀ = ਪੱਖੀ ਹੋਇ = ਹੁੰਦੀ ਹੈ ਭਾਵ ਭਮੱਕੜ ਦੀ ਦੀਵੇ ਨਾਲ ਹੁੰਦੀ ਹੈ ਪਰੰਤੂ ਦੀਵੇ ਦੀ ਭਮੱਕੜ ਨਾਲ ਨਹੀਂ ਹੁੰਦੀ। ਇਸੇ ਤਰ੍ਹਾਂ ਹੀ ਚੰਦਰਮਾ ਤੇ ਚਕੋਰ ਦੀ ਇਕ-ਪੱਖੀ ਪ੍ਰੀਤੀ ਹੁੰਦੀ ਹੈ, ਚਕੋਰ ਦੀ ਹੁੰਦੀ ਹੈ ਤੇ ਚੰਦਰਮਾ ਦੀ ਨਹੀਂ ਹੁੰਦੀ ਅਤੇ ਘਨ = ਬੱਦਲਾਂ ਨਾਲ ਚਾਤ੍ਰਿਕ = ਪਪੀਹੇ ਦੀ ਪ੍ਰੀਤ ਹੁੰਦੀ ਹੈ ਤੇ ਬੱਦਲ

ਕੋਈ ਪਰਵਾਹ ਨਹੀਂ ਕਰਦਾ ਹੈ ਭਾਵ ਪਪੀਹੇ ਦੀ ਬੱਦਲ ਨਾਲ ਪ੍ਰੀਤੀ ਹੁੰਦੀ ਹੈ ਪਰੰਤੂ ਬੱਦਲ ਦੀ ਪਪੀਹੇ ਨਾਲ ਨ = ਨਹੀਂ ਹੋਤ = ਹੁੰਦੀ ਹੈ।

ਚਕਈ ਅਉ ਸੂਰ ਜਲ ਮੀਨ ਜਿਉ ਕਮਲ ਅਲਿ;
ਕਾਸਟ ਅਗਨਿ ਮ੍ਰਿਗ ਨਾਦ ਕੋ ਉਦੋਤ ਹੈ॥

ਇਸੇ ਤਰ੍ਹਾਂ ਚਕਈ = ਚਕਵੀ ਅਉ = ਅਤੇ ਸੂਰ = ਸੂਰਜ ਦੀ ਇਕ-ਪੱਖੀ ਪ੍ਰੀਤੀ ਹੁੰਦੀ ਹੈ, ਚਕਵੀ ਦੀ ਸੂਰਜ ਨਾਲ ਹੈ, ਪਰ ਸੂਰਜ ਦੀ ਨਹੀਂ। ਇਸੇ ਤਰਾਂ ਮੀਨ = ਮੱਛੀ ਦੀ ਜਲ = ਪਾਣੀ ਨਾਲ ਹੈ, ਪਰ ਪਾਣੀ ਦੀ ਨਹੀਂ। ਜਿਉ = ਜਿਵੇਂ ਕਮਲ = ਕੌਲ ਫੁੱਲ ਨਾਲ ਅਲਿ = ਭੌਰੇ ਦੀ ਪ੍ਰੀਤੀ ਹੈ, ਪਰ ਕੌਲ ਫੁੱਲ ਦੀ ਭੌਰੇ ਨਾਲ ਨਹੀਂ ਹੈ, ਕਾਸਟ = ਲੱਕੜ ਦੀ ਅਗਨਿ = ਅੱਗ ਨਾਲ ਹੈ, ਪਰ ਅੱਗ ਦੀ ਲੱਕੜ ਨਾਲ ਨਹੀਂ ਹੈ। ਮ੍ਰਿਗ = ਹਿਰਨ ਦੀ ਘੰਡੇਹੇੜੇ ਦੇ ਨਾਦ = ਸ਼ਬਦ ਨਾਲ ਪ੍ਰੀਤੀ ਹੈ, ਪਰ ਸ਼ਬਦ ਦੀ ਮਿਰਗ ਨਾਲ ਨਹੀਂ ਹੈ। ਇਸ ਗੱਲ ਕੋ = ਦਾ ਸਭਨਾਂ ਨੂੰ ਉਦੋਤ = ਪ੍ਰਗਟ ਹੀ ਪਤਾ ਹੈ **ਵਾ:** ਇਨ੍ਹਾਂ ਸਭਨਾਂ ਦੀ ਇਕ-ਪੱਖੀ ਪ੍ਰੀਤੀ ਹੀ ਉਦੋਤ = ਪ੍ਰਗਟ ਹੈ।

ਪਿਤ ਸੁਤ ਹਿਤ ਅਰੁ ਭਾਮਨੀ ਭਤਾਰ ਗਤਿ;
ਮਾਇਆ ਅਉ ਸੰਸਾਰ ਦੁਆਰ ਮਿਟਤ ਨ ਛੋਤਿ ਹੈ॥

ਪਿਤ = ਪਿਓ ਦਾ ਸੁਤ = ਪੁੱਤਰ ਨਾਲ ਹਿਤ = ਸਨੇਹ ਹੁੰਦਾ ਹੈ ਪਰੰਤੂ ਪੁੱਤਰ ਦਾ ਉਤਨਾ ਨਹੀਂ ਹੁੰਦਾ ਅਰੁ = ਅਤੇ ਭਾਮਨੀ = ਇਸਤਰੀ ਦਾ ਪਤੀ ਨਾਲ ਹੁੰਦਾ ਹੈ ਪਰ ਭਤਾਰ = ਪਤੀ ਦੀ ਗਤਿ = ਚਾਲ, ਦਸ਼ਾ ਉਤਨੀ (ਪਤਨੀ ਜਿਤਨੀ) ਨਹੀਂ ਹੁੰਦੀ। ਇਸੇ ਤਰ੍ਹਾਂ ਮਾਇਆ ਅਉ = ਅਤੇ ਸੰਸਾਰ = ਜਗਤ ਦੇ ਲੋਕਾਂ ਦਾ ਹੈ ਭਾਵ ਸੰਸਾਰੀ ਲੋਕਾਂ ਦਾ ਮਾਇਆ ਨਾਲ ਸਨੇਹ ਹੈ ਪਰ ਮਾਇਆ ਦਾ ਮੋਹ ਕਿਸੇ ਨਾਲ ਨਹੀਂ ਹੈ। ਇਉਂ ਇਨ੍ਹਾਂ ਦਾ ਇਕ-ਪੱਖੀ ਰੂਪ ਦੁਆਰ = ਦਰ ਹੈ ਭਾਵ ਇੱਕੋ ਜਿਹਾ ਸਭਨਾਂ ਦਾ ਸਨੇਹ ਨਹੀਂ ਹੈ, ਆਪਸ ਵਿਚਦੀ ਮਿਟਤ = ਮਿਟਿਆ ਪਿਆ ਹੈ ਮਾਨੋ ਕਿਤੇ ਛੋਤਿ = ਛੋਹਿਆ ਹੀ ਨ = ਨਹੀਂ ਹੈ **ਵਾ:** ਜੋ ਦ੍ਵੈਤ ਭਾਵਨਾ ਰੂਪੀ ਕੰਧ ਆਪੋ ਵਿਚ ਪੈ ਚੁੱਕੀ ਹੈ, ਇਹ ਮਿਟਦੀ ਨਹੀਂ ਹੈ ਮਾਨੋ ਇਹ ਆਦੋਂ ਹੀ ਛੋਤਿ = ਛੋਹ ਲੱਗੀ ਹੋਈ ਹੈ।

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਸਾਚੋ;
ਲੋਕ ਪਰਲੋਕ ਸੁਖਦਾਈ ਓਤਿ ਪੋਤਿ ਹੈ॥੧੮੭॥

ਗੁਰਸਿੱਖ = (ਗੁਰ + ਸਿਖ) ਗੁਰ ਤੇ ਸਿੱਖਾਂ ਦੀ ਸੰਗਤ ਦੇ ਮਿਲਾਪ = ਸੰਜੋਗ ਕੋ = ਦਾ ਪ੍ਰਤਾਪ = ਪ੍ਰਭਾਵ ਸਾਚੋ = ਸੱਚਾ ਹੈ ਭਾਵ ਇਹ ਦੋ ਅੰਗੀ ਪ੍ਰੀਤੀ ਹੈ ਅਤੇ ਇਹੋ ਹੀ ਲੋਕ ਪ੍ਰਲੋਕ ਵਿਚ ਸੁਖਦਾਈ = ਸੁਖ ਦੇਣ ਵਾਲੀ ਹੈ ਅਤੇ ਓਤਿ ਪੋਤਿ = ਤਾਣੇ ਪੇਟੇ ਵਤ ਅੰਦਰ ਬਾਹਰ ਆਨੰਦ ਪ੍ਰਾਪਤ ਹੁੰਦਾ ਹੈ, ਭਾਵ ਗੁਰੂ ਤੇ ਸਿੱਖਾਂ ਦਾ ਪ੍ਰੇਮ ਦੋਹਾਂ ਤਰਫ਼ਾਂ ਤੋਂ ਹੈ ਅਤੇ ਜੋ ਸੱਚਾ ਤੇ ਅਖ਼ੀਰ ਤਕ ਸਾਥ ਨਿਭਾਉਣ ਵਾਲਾ ਹੈ॥੧੮੭॥

ਲੋਗਨ ਮੈ ਲੋਗਾਚਾਰ ਅਨਿਕ ਪ੍ਰਕਾਰ ਪਿਆਰ;
ਮਿਥਨ ਬਿਉਹਾਰ ਦੁਖਦਾਈ ਪਹਿਚਾਨੀਐ॥

ਲੋਗਨ = ਲੋਕਾਂ ਦੇ ਚਿੱਤ ਮੈ = ਵਿਚ ਲੋਗਾਚਾਰ = ਲੋਕਾਂ ਵਾਲੇ ਕੰਮ, ਲੋਕਾਚਾਰੀ ਵਜੋਂ ਅਨਿਕ = ਬਹੁਤ

ਪ੍ਰਕਾਰ = ਤਰ੍ਹਾਂ ਦਾ ਪਿਆਰ = ਸਨੇਹ ਹੁੰਦਾ ਹੈ, ਪਰੰਤੂ ਇਹ ਮਿਥਨ = ਝੂਠਾ ਬਿਉਹਾਰ = ਕਾਰੋਬਾਰ ਭਾਵ ਆਪਸ ਵਿਚਦੀ ਵਰਤੋਂ ਵਿਹਾਰ ਦੁਖਦਾਈ = ਦੁੱਖ ਦੇਣ ਵਾਲਾ ਹੀ ਪਹਿਚਾਨੀਐ = ਜਾਨਣਾ ਕਰੋ, ਭਾਵ ਜਿਸ ਪ੍ਰਕਾਰ ਖੋਟਾ ਵਣਜ ਘਾਟੇ ਵਾਲਾ ਹੁੰਦਾ ਹੈ, ਉਸੇ ਤਰ੍ਹਾਂ ਹੀ ਪਰਮਾਰਥ ਦੇ ਰਸਤੇ 'ਤੇ ਚੱਲਣ ਲਈ ਸੰਸਾਰਕ ਕੰਮ-ਕਾਰ ਦੁਖਦਾਈ ਤੇ ਘਾਟੇ ਵਾਲੇ ਹੁੰਦੇ ਹਨ।

ਬੇਦ ਮਰਜਾਦ ਮੈ ਕਹਤ ਹੈ ਕਥਾ ਅਨੇਕ;
ਸੁਨੀਐ ਨ ਤੈਸੀ ਪ੍ਰੀਤਿ ਮਨ ਮੈ ਨ ਮਾਨੀਐ ॥

ਬੇਦ ਦੀ ਮਰਜਾਦ = ਰੀਤੀ ਮੈ = ਵਿਚ ਅਨੇਕ = ਬਹੁਤ ਹੀ ਪ੍ਰੇਮ ਸੰਬੰਧੀ ਕਥਾ = ਕਹਾਣੀਆਂ ਕਹਤ = ਕਥਨ ਵਿਚ ਆਉਂਦੀਆਂ ਹਨ, ਪਰੰਤੂ ਹੁਣ ਚੱਲ ਰਹੇ ਸਮੇਂ ਵਿਚ ਤੈਸੀ = ਉਹੋ ਜਿਹੀ ਪ੍ਰੇਮ ਸੰਬੰਧੀ ਕਥਾ ਸੁਨੀਐ = ਸੁਣੀਦੀ ਨ = ਨਹੀਂ ਹੈ ਅਤੇ ਨਾ ਹੀ ਮਨ ਵਿਚ ਮਾਨੀਐ = ਮੰਨਣ ਵਿਚ ਆ ਸਕਦੀ ਹੈ ਭਾਵ ਸਾਖੀ = ਪ੍ਰਮਾਣ ਤੋਂ ਛੁੱਟ ਪ੍ਰਤੱਖ ਪ੍ਰਮਾਣ ਵਜੋਂ ਕੋਈ ਉਦਾਹਰਣ ਨਹੀਂ ਮਿਲਦੀ ਤੇ ਨਾ ਹੀ ਪੂਰਨ ਤੌਰ 'ਤੇ ਨਿਸ਼ਚਾ ਬੱਝਦਾ ਹੈ।

ਅਥਵਾ ਵੇਦ ਦੀ ਮਰਜਾਦ = ਰੀਤੀ ਮੈ = ਵਿਚ ਅਨੇਕ = ਬਹੁਤ ਤਰ੍ਹਾਂ ਦੀਆਂ ਪ੍ਰੇਮ ਦੇ ਮਿਲਾਪ ਸੰਬੰਧੀ ਕਥਾ = ਕਹਾਣੀਆਂ ਕਹਤ = ਕਥਨ ਕੀਤੀਆਂ ਹੈ = ਹਨ, ਪਰੰਤੂ ਗੁਰੂ ਸਾਹਿਬ ਜੀ ਦੇ ਸਿੱਖਾਂ ਦੀ ਮਿਲਾਪ ਜੈਸੀ ਪ੍ਰੀਤੀ, ਪ੍ਰੇਮ ਸੰਬੰਧੀ ਕੋਈ ਕਹਾਣੀ ਨਹੀਂ ਸੁਣੀਦੀ ਅਤੇ ਨਾ ਹੀ ਮਨ ਵਿਚ ਮੰਨੀ ਜਾਂਦੀ ਹੈ।

ਗਿਆਨ-ਉਨਮਾਨ ਮੈ ਨ ਜਗਤ ਭਗਤ ਬਿਖੈ;
ਰਾਗ ਨਾਦ ਬਾਦਿ, ਆਦਿ ਅੰਤਿ ਹੂੰ ਨ ਜਾਨੀਐ ॥

ਗਿਆਨ ਦੇ ਉਨਮਾਨ = ਵਿਚਾਰ ਮੈ = ਵਿਚ ਵੀ ਅਤੇ ਜਗਤ = ਸੰਸਾਰ ਦੇ ਅੰਦਰ ਦਿਖਾਵੇ ਮਾਤਰ ਭਗਤੀ ਕਰਨ ਵਾਲੇ ਜਾਂ ਆਪਣੇ ਆਪ ਨੂੰ ਭਗਤੀ ਬਿਖੈ = ਵਿਚ ਰੰਗਿਆ ਭਗਤ ਅਖਵਾਉਣ ਵਿਚ ਵੀ ਐਸੀ ਗੁਰਸਿੱਖਾਂ ਦੇ ਪ੍ਰੇਮ ਵਰਗੀ ਪ੍ਰੀਤੀ ਨ = ਨਹੀਂ ਹੈ ਅਤੇ ਨਾ ਹੀ ਰਾਗ ਦੇ ਨਾਦ = ਸ਼ਬਦਾਂ ਤੇ ਬਾਦਿ = ਵਾਜਿਆਂ **ਵਾ:** ਚਰਚਾ ਦੇ ਬਾਦਿ = ਝਗੜਿਆਂ ਵਿਚ ਅਤੇ ਨਾ ਹੀ ਆਦਿ = ਮੁੱਢ, ਪਹਿਲੇ ਸਮੇਂ ਵਿਚ ਤੇ ਨਾ ਹੀ ਅੰਤਿ = ਅਖ਼ੀਰ, ਭਵਿੱਖਤ ਸਮੇਂ ਵਿਚ ਤੇ ਨਾ ਹੂੰ = ਹੀ ਹੁਣ ਵਰਤਮਾਨ ਸਮੇਂ ਵਿਚ ਐਸੀ ਪ੍ਰੀਤੀ ਕਿਸੇ ਦੀ ਜਾਨੀਐ = ਜਾਨਣਾ ਕਰੀਦੀ ਹੈ।

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਜੈਸੋ;
ਤੈਸੋ ਨ ਤ੍ਰਿਲੋਕ ਬਿਖੈ ਅਉਰ ਉਰ ਆਨੀਐ ॥੧੮੮॥

ਜੈਸੋ = ਜਿਹੋ ਜਿਹਾ ਗੁਰਸਿਖ (ਗੁਰ + ਸਿਖ) ਗੁਰ = ਸਤਿਗੁਰੂ ਸਾਹਿਬ ਤੇ ਸਿੱਖ ਦੀ ਸੰਗਤ ਦੇ ਮਿਲਾਪ = ਸੰਜੋਗ ਕੋ = ਦਾ ਪ੍ਰਤਾਪੁ = ਤੇਜ, ਪ੍ਰਭਾਵ ਹੈ, ਤੈਸੋ = ਉਹੋ ਜਿਹਾ ਤ੍ਰਿਲੋਕ = ਤਿੰਨੇ ਲੋਕਾਂ ਦੇ ਜੀਵਾਂ ਦੇ ਉਰ = ਹਿਰਦੇ ਵਿਚ ਅਉਰ = ਔਰ, ਹੋਰ ਕਿਸੇ ਦੇ ਵੀ ਆਨੀਐ = ਲਿਆਂਦਾ ਨ = ਨਹੀਂ ਜਾ ਸਕਦਾ, ਭਾਵ ਤਿੰਨੇ ਲੋਕਾਂ ਵਿਚ ਹੋਰ ਕਿਸੇ ਟਿਕਾਣੇ ਨਹੀਂ ਪ੍ਰਾਪਤ ਹੋ ਸਕਦਾ ॥੧੮੮॥

ਪੂਰਨ ਬ੍ਰਹਮ ਗੁਰ ਪੂਰਨ ਕ੍ਰਿਪਾ ਜਉ ਕਰੈ;
ਹਰੈ ਹਉਮੈ ਰੋਗੁ, ਰਿਦੈ ਨਿੰਮ੍ਰਤਾ ਨਿਵਾਸ ਹੈ॥

ਪੂਰਨ = ਪਰੀਪੂਰਨ ਬ੍ਰਹਮ = ਪਰਮੇਸ਼ਰ ਤੇ ਪੂਰਨ = ਪੂਰੇ ਗੁਰ = ਸਤਿਗੁਰੂ ਸਾਹਿਬ ਜੀ ਜਉ = ਜਦ ਪੂਰਨ ਕ੍ਰਿਪਾ = ਮਿਹਰ ਕਰੈ = ਕਰਦੇ ਹਨ ਤਦ ਹਉਮੈ = ਹੰਗਤਾ ਰੂਪੀ ਰੋਗੁ = ਬਿਮਾਰੀ ਹਰੈ = ਨਾਸ਼ ਕਰ ਦਿੰਦੇ ਹਨ ਅਤੇ ਰਿਦੈ = ਹਿਰਦੇ ਵਿਚ ਨਿੰਮ੍ਰਤਾ = ਕੋਮਲ ਸੁਭਾਅ ਦਾ ਨਿਵਾਸ = ਵਾਸਾ ਹੋ ਆਉਂਦਾ ਹੈ। ਅਤੇ :

ਸਬਦ ਸੁਰਤਿ ਲਿਵਲੀਨ ਸਾਧਸੰਗਿ ਮਿਲਿ;
ਭਾਵਨੀ ਭਗਤਿ ਭਾਇ ਦੁਬਿਧਾ ਬਿਨਾਸ ਹੈ॥

ਐਸੇ ਨਿਮਰਤਾ ਵਾਲੇ ਸੁਭਾਅ ਨੂੰ ਧਾਰਨ ਕਰਨ ਵਾਲੇ ਜਾਂ ਪਰਮੇਸ਼ਰ ਤੇ ਗੁਰੂ ਦੀ ਕਿਰਪਾ ਵਾਲੇ ਗੁਰਮੁਖ ਜਨ ਸਾਧਸੰਗਿ = ਸਤਿਸੰਗਤ ਨਾਲ ਮਿਲਿ = ਮਿਲਾਪ ਕਰ ਕੇ ਗੁਰ ਸਬਦ = ਉਪਦੇਸ਼ ਨੂੰ ਸ੍ਰਵਣ ਕਰ ਕੇ ਗੁਰਾਂ, ਪਰਮੇਸ਼ਰ ਵਿਚ ਸੁਰਤਿ = ਬਿਰਤੀ ਲਾਉਣਾ ਕਰਦੇ ਹਨ। ਉਨ੍ਹਾਂ ਦੀ ਸੁਰਤ ਗੁਰ-ਉਪਦੇਸ਼, ਨਾਮ ਵਿਚ ਲੀਨ = ਸਮਾਅ ਜਾਂਦੀ ਹੈ **ਵਾ:** ਗੁਰ-ਉਪਦੇਸ਼ ਵਿਚ ਸੁਰਤਿ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਕਰਕੇ ਪ੍ਰਭੂ ਵਿਚ ਲਿਵਲੀਨ = ਅਭੇਦ ਹੋ ਜਾਂਦੇ ਹਨ ਅਤੇ ਗੁਰ-ਉਪਦੇਸ਼ ਵਿਚ ਭਗਤਿ = ਭਗਤੀ ਭਾਇ = ਭਾਵ ਵਾਲੀ ਭਾਵਨਾ **ਵਾ:** ਗੁਰਾਂ ਦੇ ਸ਼ਬਦ ਦੁਆਰਾ ਭਾਵਨੀ = ਸ਼ਰਧਾ ਨਾਲ ਭਾਇ = ਪ੍ਰੇਮਾ-ਭਗਤੀ ਕਰਨ ਕਰਕੇ ਉਨ੍ਹਾਂ ਅੰਦਰੋਂ ਦੁਬਿਧਾ = ਦੁਚਿੱਤਾਪਣ, ਦ੍ਵੈਤ ਭਾਵਨਾ ਵੀ (ਬਿ + ਨਾਸ) ਬਿ = ਵਿਸ਼ੇਸ਼ ਕਰਕੇ ਨਾਸ = ਨਾਸ਼ ਹੋ ਜਾਂਦੀ ਹੈ।

ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹੁਇ;
ਬਿਸਮ ਬਿਸ੍ਵਾਸ ਬਿਖੈ ਅਨਭੈ ਅਭਿਆਸ ਹੈ॥

ਅੰਮ੍ਰਿਤ ਰੂਪ ਨਿਧਾਨ = ਖ਼ਜ਼ਾਨੇ ਵਿੱਚੋਂ ਪ੍ਰੇਮ = ਸਨੇਹ ਰੂਪੀ ਰਸ ਨੂੰ ਪਾਨ = ਪੀ, ਛਕ ਕਰਕੇ ਪੂਰਨ = ਪੂਰੇ ਤ੍ਰਿਪਤ ਹੁਇ = ਹੋ ਜਾਂਦੇ ਹਨ, ਜਿਸ ਬਿਸ੍ਵਾਸ = ਭਰੋਸੇ ਦਾ ਧਾਰਣਾ ਬਿਸਮ = ਅਸਚਰਜ, ਹੈਰਾਨ ਕਰਨ ਵਾਲਾ **ਵਾ:** ਅਤਿਅੰਤ ਔਖਾ ਹੈ, ਉਸ ਅਵਸਥਾ ਬਿਖੈ = ਵਿਚ ਅਨਭੈ = ਡਰ ਤੋਂ ਰਹਿਤ ਨਾਮ ਦਾ ਅਭਿਆਸ ਕਰਦੇ ਰਹਿੰਦੇ ਹਨ **ਵਾ:** ਉਸ ਪ੍ਰੇਮ ਰੂਪੀ ਰਸ ਨੂੰ ਪੀ ਕੇ ਅਨਭੈ = ਅਨਭਉ ਭਾਵ = ਅਨੁਭਵੀ ਗਿਆਨ ਨੂੰ ਪ੍ਰਾਪਤ ਕਰ ਕੇ ਪੁਨਾ ਪੁਨਾ ਅਭਿਆਸ ਕਰਨ ਲੱਗ ਪੈਂਦੇ ਹਨ। ਅਤੇ :

ਸਹਜ ਸੁਭਾਇ ਚਾਇ, ਚਿੰਤਾ ਮੈ ਅਤੀਤ ਚੀਤ;
ਸਤਿਗੁਰ ਸਤਿ ਗੁਰਮਤਿ ਗੁਰ-ਦਾਸ ਹੈ॥੧੮੯॥

ਐਸੇ ਪੁਰਖ ਸਹਜ = ਸ਼ਾਂਤੀ ਸੁਭਾਇ = ਸੁਭਾਅ ਚਾਇ = ਉਤਸ਼ਾਹ ਵਾਲੇ ਤੇ ਚਿੰਤਾ = ਸੋਚ (ਫ਼ਿਕਰ) ਨੂੰ ਚੀਤ = ਚਿੱਤ ਮੈ = ਵਿੱਚੋਂ ਅਤੀਤ = ਬਾਹਰ, ਦੂਰ ਕਰ ਦਿੰਦੇ ਹਨ ਅਤੇ ਸਤਿਗੁਰ = ਸੱਚੇ ਗੁਰਾਂ ਦੁਆਰਾ ਸਤਿ = ਸੱਚੇ ਨਾਮ ਨੂੰ ਪ੍ਰਾਪਤ ਕਰਦੇ ਹਨ ਅਤੇ ਗੁਰਮਤਿ = ਗੁਰ ਸਿੱਖਿਆ ਨੂੰ ਧਾਰਨ ਕਰਨੇ ਕਰਕੇ ਗੁਰ = ਸਤਿਗੁਰਾਂ ਦੇ ਦਾਸ = ਸੇਵਕ ਆਪਣੇ ਆਪ ਨੂੰ ਅਖਵਾਉਣਾ ਕਰਦੇ ਹੈ = ਹਨ॥੧੮੯॥

ਗੁਰਮੁਖਿ ਸਬਦ ਸੁਰਤਿ ਲਿਵ ਸਾਧਸੰਗਿ;
ਤ੍ਰਿਗੁਨ ਅਤੀਤ ਚੀਤ, ਆਸਾ ਮੈ ਨਿਰਾਸ ਹੈ॥

ਗੁਰਮੁਖ ਜਨ ਸਾਧਸੰਗਿ = ਸਤਿਸੰਗਤ ਵਿਚ ਜਾ ਕੇ ਗੁਰਾਂ ਦੇ ਸਬਦ = ਉਪਦੇਸ਼ ਵਿਚ ਸੁਰਤਿ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਚਿਤ ਦੀ ਲਿਵ = ਬਿਰਤੀ ਲਾਉਂਦੇ ਹਨ। ਇਸੇ ਕਰਕੇ ਉਹ ਤ੍ਰਿਗੁਨ = ਤਿੰਨਾਂ ਗੁਣਾਂ ਵਾਲੇ ਸੰਸਾਰ ਤੋਂ ਆਪਣਾ ਚੀਤ = ਚਿੱਤ ਅਤੀਤ = ਨਿਰਲੇਪ ਰੱਖਦੇ ਹਨ ਅਤੇ ਆਸਾ = ਉਮੀਦਾਂ ਦੇ ਮੰਡਲ ਭਾਵ ਕਾਰੋ-ਵਿਹਾਰਾਂ ਮੈ = ਵਿਚ ਵਰਤਦੇ ਹੋਏ ਵੀ ਨਿਰਾਸ = ਆਸਾ ਤੋਂ ਰਹਿਤ (ਉਪਰਾਮ) ਰਹਿੰਦੇ ਹੈ = ਹਨ।

ਨਾਮ ਨਿਹਕਾਮ ਧਾਮ ਸਹਿਜ ਸੁਭਾਇ ਰਿਦੈ;
ਬਰਤੈ ਬਰਤਮਾਨ ਗਿਆਨ ਕੋ ਪ੍ਰਗਾਸ ਹੈ॥

ਜਿਸ ਪਦਵੀ ਦਾ ਨਾਮ ਨਿਹਕਾਮ = ਨਿਸ਼ਕਾਮਤਾ ਹੈ, ਉਸ ਵਿਚ ਉਨ੍ਹਾਂ ਦਾ ਰਿਦੈ = ਚਿੱਤ ਸਹਿਜ = ਸੁਤੇ-ਸਿਧ ਸੁਭਾਇ = ਸੁਭਾਵਕ ਹੀ ਟਿਕਿਆ ਰਹਿੰਦਾ ਹੈ ਅਤੇ ਬਰਤਮਾਨ = ਜਿਹੜਾ ਸਮਾਂ ਹੁਣ ਚੱਲ ਰਿਹਾ ਹੈ, ਉਸ ਵਿਚ ਆਪ ਬਰਤੈ = ਵਰਤਦੇ ਰਹਿੰਦੇ ਹਨ ਅਤੇ ਇਸੇ ਕਰਕੇ ਗਿਆਨ ਕੋ = ਦਾ ਪ੍ਰਗਾਸ = ਪ੍ਰਕਾਸ਼ ਉਨ੍ਹਾਂ ਦੇ ਰਿਦੇ ਵਿਚ ਰਹਿੰਦਾ ਹੈ।

ਸੂਖਮ ਸਥੂਲ ਏਕ, ਏਕ ਅਉ ਅਨੇਕ ਮੇਕ;
ਬ੍ਰਹਮ ਬਿਬੇਕ ਟੇਕ ਬ੍ਰਹਮ ਬਿਸ੍ਵਾਸ ਹੈ॥

ਉਸ ਗਿਆਨ ਦੇ ਪ੍ਰਤਾਪ ਕਰਕੇ ਗੁਰਮੁਖ ਜਨਾਂ ਨੂੰ ਅਜਿਹਾ ਭਾਸਦਾ ਹੈ ਕਿ ਸੂਖਮ = ਮਨ ਵਿਚ ਫੁਰਨ ਵਾਲੀ ਕਲਪਨਾ ਅਤੇ ਸਥੂਲ = ਦ੍ਰਿਸ਼ਟਮਾਨ ਪਸਾਰਾ ਸਾਰਾ ਏਕ = ਇਕ ਸਰੂਪ ਹੀ ਹੈ ਅਉ = ਅਤੇ ਏਕ = ਇਕ ਹੀ ਅਨੇਕ = ਬਹੁਤੇ, ਭਾਵ ਸਾਰਿਆਂ ਵਿਚ ਮੇਕ = ਮਿਲਿਆ ਹੋਇਆ ਹੈ, ਭਾਵ ਇਕ ਪਰਮੇਸ਼ਰ ਹੀ ਸਾਰੇ ਸੰਸਾਰਕ ਪਸਾਰੇ ਵਿਚ ਵਰਤ ਰਿਹਾ ਹੈ। ਇਸ ਪ੍ਰਕਾਰ ਬ੍ਰਹਮ = ਪਰਮੇਸ਼ਰ ਦੀ ਪ੍ਰਾਪਤੀ ਵਾਲੀ ਬਿਬੇਕ = ਵਿਚਾਰ ਦੀ ਟੇਕ = ਓਟ ਨੂੰ ਰਿਦੇ ਵਿਚ ਧਾਰਨ ਕਰ ਕੇ ਉਹ ਬ੍ਰਹਮ = ਪਰਮੇਸ਼ਰ ਉੱਪਰ ਪੂਰਨ ਬਿਸ੍ਵਾਸ = ਭਰੋਸਾ ਰੱਖਦੇ ਹਨ, ਭਾਵ ਪਰਮੇਸ਼ਰ ਤੋਂ ਬਗ਼ੈਰ ਹੋਰ ਕਿਸੇ ਦੇਵੀ ਦੇਵਤੇ ਆਦਿ ਨੂੰ ਨਹੀਂ ਜਾਣਦੇ।

ਚਰਨ ਸਰਨਿ ਲਿਵ, ਆਪਾ ਖੋਇ ਹੋਇ ਰੇਨ;
ਸਤਿਗੁਰ ਸਤਿ ਗੁਰਮਤਿ ਗੁਰ-ਦਾਸ ਹੈ॥੧੯੦॥

ਐਸੇ ਗੁਰਮੁਖ ਜਨ ਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਰਹਿ ਕੇ ਨਾਮ ਨਾਲ ਚਿੱਤ ਦੀ ਲਿਵ = ਬਿਰਤੀ ਲਾਉਂਦੇ ਹਨ ਅਤੇ ਆਪਾ = ਹੰਗਤਾ ਨੂੰ ਖੋਇ = ਨਵਿਰਤ ਕਰ ਕੇ ਸਭਨਾਂ ਦੇ ਚਰਨਾਂ ਦੀ ਰੇਨ = ਧੂੜੀ ਹੋਇ = ਹੋ ਕੇ ਰਹਿੰਦੇ ਹਨ ਅਤੇ ਸਤਿ = ਸੱਚ ਸਰੂਪ ਪਰਮੇਸ਼ਰ ਦਾ ਰੂਪ ਸਤਿਗੁਰ = ਸੱਚੇ ਗੁਰਾਂ ਕੋਲੋਂ ਗੁਰਮਤਿ = ਗੁਰ ਸਿੱਖਿਆ ਲੈ ਕੇ ਹਰ ਵਕਤ ਨਾਮ ਨੂੰ ਰਿਦੇ ਵਿਚ ਧਾਰੀ ਰੱਖਦੇ ਹਨ, ਇਸੇ ਕਰਕੇ ਉਨ੍ਹਾਂ ਨੂੰ ਗੁਰਾਂ ਦੇ ਦਾਸ = ਸੇਵਕ ਆਖਿਆ ਜਾਂਦਾ ਹੈ॥੧੯੦॥

ਹਉਮੈ ਅਭਿਮਾਨ ਕੈ ਅਗਿਆਨਤਾ ਅਵਗਿਆ ਗੁਰ;
ਨਿੰਦਾ ਗੁਰ ਦਾਸਨ ਕੈ, ਨਾਮ ਗੁਰ-ਦਾਸ ਹੈ॥

ਜੋ ਦੇਹ ਦੀ ਹਉਮੈ = ਹੰਗਤਾ, ਗੁਣਾਂ ਦਾ ਅਭਿਆਨ = ਹੰਕਾਰ **ਵਾ:** ਸਰੀਰ ਗੁਣਾਂ ਆਦਿ ਦੀ ਹਉਮੈ = ਹੰਗਤਾ ਅਭਿਮਾਨ = ਸੂਖਮ ਹੰਗਤਾ ਦੇ ਕੈ = ਕਰਕੇ ਅਗਿਆਨਤਾਈ ਦੇ ਸਹਿਤ ਆਦਿ ਔਗੁਣਾਂ ਕਰਕੇ ਗੁਰ = ਸਤਿਗੁਰਾਂ ਦੀ ਅਵਗਿਆ = ਨਿਰਾਦਰੀ ਕਰੇ ਅਤੇ ਗੁਰ = ਸਤਿਗੁਰਾਂ ਦੇ ਦਾਸਨ = ਸੇਵਕਾਂ ਦੀ ਨਿੰਦਾ = ਅਪਕੀਰਤੀ ਕਰਦਾ ਹੋਇਆ ਜੇਕਰ ਕੋਈ ਆਪਣਾ ਨਾਮ ਗੁਰਾਂ ਦਾ ਦਾਸ = ਸੇਵਕ ਕਹਾਉਣਾ ਕਰਦਾ ਹੈ ਤਾਂ ਉਹ ਗੁਰਾਂ ਦਾ ਸੇਵਕ ਨਹੀਂ ਕਹਾ ਸਕਦਾ।

ਮਹੁਰਾ ਕਹਾਵੈ ਮੀਠਾ, ਗਈ ਸੋ ਕਹਾਵੈ ਆਈ;
ਰੂਠੀ ਕਉ ਕਹਿਤ ਤੂਠੀ, ਹੋਤ ਉਪਹਾਸ ਹੈ॥

ਇਹ ਉਪਰੋਕਤ ਗੱਲ ਉਸੇ ਤਰ੍ਹਾਂ ਹੀ ਉਲਟ ਹੈ ਜਿਵੇਂ ਜਗ ਵਿਚ ਹੈ ਤਾਂ ਮਹੁਰਾ = ਸੰਖੀਆ, ਮਾਰ ਸੁੱਟਣ ਵਾਲਾ ਹੈ, ਪਰ ਗ੍ਰੰਥਾਂ ਵਿਚ ਵੈਦਿਕ ਗ੍ਰੰਥਾਂ ਅੰਦਰ ਰੋਗ ਦੂਰ ਕਰਨੇ ਕਰਕੇ ਮੀਠਾ = ਮਿੱਠਾ ਕਹਾਵੈ = ਕਹਾਉਂਦਾ ਹੈ। ਅੱਖ ਤਾਂ ਗਈ ਵਰਗੀ, ਭਾਵ ਸੁੱਜਣੇ ਕਰਕੇ ਵੇਖਣ ਵਿਚ ਇਸ ਪ੍ਰਕਾਰ ਲੱਗਦੀ ਹੈ ਕਿ ਅੱਖ ਹੁਣ ਰਹੇਗੀ ਨਹੀਂ ਤੇ ਲੋਕੀਂ ਕਹਾਵੈ = ਆਖਦੇ ਹਨ ਕਿ ਸੋ = ਉਸ ਨੂੰ ਆਈ = ਆ ਗਈ, ਭਾਵ ਦੁਖਦੀ ਅੱਖ ਆਈ ਹੋਈ ਆਪਣੇ ਆਪ ਨੂੰ ਆਈ ਹੋਈ ਕਹਾਉਂਦੀ ਹੈ। ਜੇ ਕੋਈ ਉਸ ਅੱਖ ਦੁਖਣ ਵਾਲੇ ਨੂੰ ਪੁੱਛਣਾ ਕਰੇ ਤਾਂ ਉਹ ਅੱਗੋਂ ਆਖਦਾ ਹੈ ਕਿ ਮੇਰੀ ਅੱਖ ਆਈ ਹੋਈ ਹੈ, ਸੀਤਲਾ ਦੇ ਰੂਪ ਵਿਚ ਪ੍ਰਤੱਖ ਰੂਠੀ = ਰੁੱਸੀ ਹੋਈ ਕੁਦਰਤ ਰੂਪ ਮਾਤਾ ਕਉ = ਨੂੰ ਤੂਠੀ = ਪ੍ਰਸੰਨ ਹੋਈ ਕਹਿਤ = ਕਹਿੰਦੇ ਹਨ। ਇਹ ਉਪਹਾਸ = ਹਾਸੋਹੀਣੀ ਗੱਲ ਹੋਤ = ਹੁੰਦੀ ਹੈ, ਭਾਵ ਜਿਵੇਂ ਕੋਈ ਗੁਰੂ ਦੀ ਅਪਕੀਰਤੀ ਨਿਰਾਦਰੀ ਆਦਿ ਕਰੇ ਤੇ ਆਪਣੇ ਆਪ ਨੂੰ ਗੁਰੂ ਦਾ ਸੇਵਕ ਕਹਾਉਣਾ ਕਰੇ ਤਾਂ ਉਸ ਦੀ ਇਹ ਗੱਲ ਹਾਸੋਹੀਣੀ ਹੁੰਦੀ ਹੈ।

ਬਾਂਝ ਕਹਾਵੈ ਸਪੂਤੀ, ਦੁਹਾਗਨਿ ਸੁਹਾਗਨਿ;
ਕੁਰੀਤਿ ਸੁਰੀਤਿ, ਕਾਟਿਓ ਨਕਟਾ ਕੋ ਨਾਸ ਹੈ॥

ਜਿਵੇਂ ਬਾਂਝ = ਨਿਪੁੱਤੀ, ਜਿਸ ਦੇ ਕਦੇ ਪੁੱਤਰ (ਬੱਚਾ) ਪੈਦਾ ਹੀ ਨਾ ਹੋਵੇ, ਉਹ ਸਪੂਤੀ = ਸ੍ਰੇਸ਼ਟ ਪੁੱਤਰਾਂ ਵਾਲੀ ਔਰਤ ਕਹਾਵੈ = ਕਹਾਉਣਾ ਕਰੇ ਤੇ ਜੇਕਰ ਦੁਹਾਗਨਿ = ਛੁੱਟੜ ਇਸਤਰੀ ਸੁਹਾਗਨਿ = ਸੁਹਾਗਵੰਤ ਕਹਾਉਣਾ ਕਰੇ ਤੇ ਕੁਰੀਤਿ = ਖੋਟੀ ਰਸਮ ਸੁਰੀਤਿ = ਚੰਗੀ ਰਸਮ ਕਹਾਉਣਾ ਕਰੇ ਅਤੇ ਕਾਟਿਓ = ਕੱਟੇ ਹੋਏ ਨਕਟਾ = ਨੱਕ ਵਾਲਾ ਆਪਣੇ ਆਪ ਕੋ = ਨੂੰ ਨਾਸ = ਨੱਕ ਵਾਲਾ ਕਹਾਉਣਾ ਕਰੇ ਤਾਂ ਇਹ ਹਾਸੋਹੀਣੀ ਗੱਲ ਹੈ ਅਰਥਾਤ ਜਿਵੇਂ ਇਹ ਆਪਣੇ ਆਪ ਨੂੰ ਉਲਟੇ ਨਾਮ ਕਹਾਉਣ ਤੋਂ ਹਾਸੋਹੀਣੀ ਗੱਲ ਕਹਾਉਂਦੇ ਹਨ। ਇਸੇ ਪ੍ਰਕਾਰ ਆਪਣੇ ਆਪ ਨੂੰ ਗੁਰਾਂ ਦਾ ਸਿੱਖ ਕਹਾਉਣਾ ਕਰੇ ਅਤੇ ਗੁਰਾਂ ਦੀ ਅਪਕੀਰਤੀ ਨਿਰਾਦਰੀ ਆਦਿ ਕਰੇ ਤੇ ਫੇਰ ਆਪਣੇ ਆਪ ਨੂੰ ਸੇਵਕ ਕਹਾਉਣਾ ਕਰੇ ਤਾਂ ਇਹ ਗੱਲ ਹਾਸੋਹੀਣੀ ਹੁੰਦੀ ਹੈ।

ਬਾਵਰੋ ਕਹਾਵੈ ਭੋਰੋ, ਆਂਧਰੇ ਕਹੈ ਸੁਜਾਖੋ;
ਚੰਦਨ ਸਮੀਪ ਜੈਸੇ ਬਾਂਸੁ ਨ ਸੁਬਾਸ ਹੈ॥੧੯੧॥

ਜਿਵੇਂ ਬਾਵਰੋ = ਸ਼ੁਦਾਈ, ਪਾਗਲ ਆਪਣੇ ਆਪ ਨੂੰ ਭੋਰੋ = ਭੋਲਾ, ਚੰਗਾ ਕਹਾਵੈ = ਅਖਵਾਉਣਾ ਕਰੇ, ਆਂਧਰੈ = ਅੰਨ੍ਹਾ ਪੁਰਖ ਆਪਣੇ ਆਪ ਨੂੰ ਸੁਜਾਖੋ = ਉੱਤਮ ਨੇਤਰਾਂ ਵਾਲਾ ਕਹੈ = ਕਹਾਉਣਾ ਕਰੇ ਤਾਂ ਇਹ ਹਾਸੋਹੀਣੀ ਗੱਲ ਹੈ। ਇਸੇ ਪ੍ਰਕਾਰ ਗੁਰਾਂ ਦੀ ਨਿੰਦਿਆ ਕਰਨ ਵਾਲੇ ਤੇ ਆਪਣੇ ਆਪ ਨੂੰ ਗੁਰਾਂ ਦਾ ਸੇਵਕ ਅਖਵਾਉਣ ਵਾਲੇ ਨੂੰ ਸਮਝਣਾ ਕਰੋ। ਇਸੇ ਤਰ੍ਹਾਂ ਜੈਸੇ = ਜਿਵੇਂ ਚੰਦਨ ਦੇ ਬ੍ਰਿਛ ਦੇ ਸਮੀਪ = ਨੇੜੇ ਰਹਿਣ ਕਰਕੇ ਬਾਂਸ ਵਿੱਚੋਂ ਸੁਬਾਸ = ਸੁਗੰਧੀ ਨ = ਨਹੀਂ ਆਉਂਦੀ ਹੈ, ਉਸੇ ਤਰ੍ਹਾਂ ਆਪਣੇ ਆਪ ਨੂੰ ਦਾਸ ਕਹਾਉਣ ਵਾਲੇ ਦੇ ਅੰਦਰੋਂ ਭਗਤੀ ਰੂਪ ਸੁਗੰਧੀ ਨਹੀਂ ਆਉਂਦੀ ਹੈ॥੧੯੧॥

ਉਪਰੋਕਤ ਕਬਿੱਤ ਵਿਚ ਗੁਰੂ ਦੇ ਦਾਸ ਦੇ ਸ਼ਬਦ ਦੀ ਵਿਆਖਿਆ ਕਰ ਕੇ ਅਗਲੇ ਕਬਿੱਤ ਵਿਚ ਭਾਈ ਗੁਰਦਾਸ ਜੀ ਗੁਰੂ ਨਾਲ ਇਕ ਸਰੂਪ ਬਣ ਚੁੱਕੇ ਗੁਰਸਿੱਖਾਂ ਦੀ ਬਾਬਤ ਕਥਨ ਕਰਦੇ ਹਨ।

ਗੁਰ ਸਿਖ ਏਕ-ਮੇਕ ਰੋਮ ਨ ਪੁਜਸਿ ਕੋਟਿ;
ਹੋਮ ਜਗਿ ਭੋਗ ਨਈਬੇਦ ਪੂਜਾਚਾਰ ਹੈ॥

ਜੋ ਗੁਰ = ਸਤਿਗੁਰੂ ਸਾਹਿਬ ਜੀ ਨਾਲ ਸਿਖ ਏਕ ਮੇਕ = ਇਕ-ਮਿਕ **ਵਾ:** ਮੇਕ = ਮਿਲ ਕੇ ਇੱਕੋ ਹੀ ਰੂਪ ਹੋ ਗਏ ਹਨ, ਅਜਿਹੇ ਗੁਰਸਿੱਖ ਦੇ ਇਕ ਰੋਮ = ਵਾਲ ਦੇ ਬਰਾਬਰ ਕੋਟਿ = ਕਰੋੜਾਂ ਹੀ ਹੋਮ = ਹਵਨ, ਯੱਗ, ਠਾਕੁਰਾਂ ਨੂੰ ਭੋਗ ਲਾਉਣੇ, ਨਈਵੇਦ = ਭੋਜਨ ਆਦਿ ਸਮੱਗਰੀ ਪੱਥਰ ਦੀਆਂ ਮੂਰਤੀਆਂ ਨੂੰ ਅਰਪਣ ਕਰਨੇ ਤੇ ਪੂਜਾਚਾਰ = ਪੂਜਾ ਆਦਿ ਕਰਤਬ ਕਰਨੇ ਇਤਿਆਦਿਕ ਕੋਈ ਵੀ ਪੁਜਸਿ = ਪਹੁੰਚ ਨ = ਨਹੀਂ ਸਕਦੇ ਹੈ = ਹਨ।

ਜੋਗ ਧਿਆਨ ਗਿਆਨ ਅਧਿਆਤਮ ਰਿਧਿ ਸਿਧਿ ਨਿਧੋ;
ਜਪ ਤਪ ਸੰਜਮਾਦਿ ਅਨਿਕ ਪ੍ਰਕਾਰ ਹੈ॥

ਜੋਗੀ ਲੋਕਾਂ ਵਾਂਗ ਜੋਗ ਕਰਨਾ, ਗਿਆਨ ਕਰਨਾ, ਧਿਆਨ ਲਾਉਣਾ ਅਤੇ ਅਧਿਆਤਮ = ਨੇਤੀ ਧੋਤੀ ਜੋਗਾ ਅਭਿਆਸ **ਵਾ:** ਬਹੁਤ ਤਰ੍ਹਾਂ ਦੇ ਜੋਗ ਹਠ, ਸਰਗੁਣ, ਨਿਰਗੁਣ ਦਾ ਧਿਆਨ ਤੇ ਅਧਿਆਤਮ = ਆਤਮਾ ਨੂੰ ਆਸ੍ਹੇ ਕਰਨ ਵਾਲਾ ਗਿਆਨ ਅਤੇ ਰਿਧਿ = ਰਿਧੀਆਂ, ਸਿਧਿ = ਸਿਧੀਆਂ ਅਤੇ ਨਿਧੋ = ਨੌਂ ਨਿਧੀਆਂ ਵੀ ਉਸ ਗੁਰਸਿੱਖ ਦੇ ਇਕ ਰੋਮ ਬਰਾਬਰ ਪੁੱਜ ਨਹੀਂ ਸਕਦੀਆਂ। ਜਪ = ਮੰਤ੍ਰਾਂ ਦੇ ਜਾਪ, ਤਪ = ਤਾਮਸੀ ਤਪ, ਸੰਜਮਾਦਿ = ਬਰਤ ਆਦਿ ਇਉਂ ਅਨਿਕ = ਬਹੁਤ ਪ੍ਰਕਾਰ = ਤਰ੍ਹਾਂ ਦੀਆਂ ਵਿਧੀਆਂ ਜਾਂ ਸਾਧਨ ਵੀ ਉਸ ਗੁਰਸਿੱਖ ਦੇ ਇਕ ਰੋਮ ਬਰਾਬਰ ਪਹੁੰਚ ਨਹੀਂ ਸਕਦੇ ਹਨ।

ਸਿੰਮ੍ਰਿਤਿ ਪੁਰਾਨ ਬੇਦ ਸਾਸਤ੍ਰ ਅਉ ਸਾਅੰਗੀਤ;
ਸੁਰਸਰਿ ਦੇਵ-ਸਥਲ ਮਾਇਆ ਬਿਸਥਾਰ ਹੈ॥

ਸਤਾਈ ਸਿੰਮ੍ਰਿਤਿ = ਸਿੰਮ੍ਰਿਤੀਆਂ, ਅਠਾਰਾਂ ਪੁਰਾਨ, ਚਾਰ ਵੇਦ, ਛੇ ਸ਼ਾਸਤਰ ਅਉ = ਅਤੇ ਸਾਅੰਗੀਤ = ਸੰਗੀਤਕ ਗ੍ਰੰਥ, ਰਾਗ ਵਿੱਦਿਆ ਦੇ ਗ੍ਰੰਥ ਸੁਰਸਰਿ = ਗੰਗਾ ਆਦਿ ਦੇਵ = ਦੇਵਤਿਆਂ ਦੇ ਸਥਲ = ਅਸਥਾਨ ਅਤੇ ਜਿਤਨਾ ਮਾਇਆ ਦਾ ਬਿਸਥਾਰ = ਫੈਲਾਅ ਵਾਲਾ ਸੰਸਾਰ ਹੈ, ਇਹ ਸਾਰੇ ਗੁਰਸਿੱਖ ਦੇ ਇਕ ਰੋਮ ਬਰਾਬਰ ਪੁੱਜ ਨਹੀਂ ਸਕਦੇ।

ਕੋਟਨਿ ਕੋਟਾਨਿ ਸਿਖ ਸੰਗਤਿ ਅਸੰਖ ਜਾ ਕੈ;
ਸ੍ਰੀ ਗੁਰ ਚਰਨ ਨੇਤ ਨੇਤ ਨਮਸਕਾਰ ਹੈ॥੧੯੨॥

ਕੋਟਨਿ ਕੋਟਾਨਿ = ਕਰੋੜਾਂ ਹੀ ਕਰੋੜਾਂ ਗੁਰੂ ਕੇ ਸਿੱਖਾਂ ਨਾਲ ਜੁੜੀਆਂ ਸੰਗਤਾਂ ਹਨ, ਜਾ = ਜਿਸ ਅਸੰਖ = ਅਣਗਿਣਤ ਸਿੱਖ ਸੰਗਤ ਕੈ = ਦੇ ਅੰਦਰ ਗੁਰੂ ਉਪਰ ਪੂਰਨ ਨਿਸ਼ਚਾ ਹੈ ਅਤੇ ਲੱਖਾਂ ਕਰੋੜਾਂ ਛੱਡੋ ਅਣਗਣਿਤ ਹੀ ਸੰਗਤਾਂ ਐਸੇ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਚਰਨਾਂ ਨੂੰ ਨੇਤ ਨੇਤ = ਅਨੰਤ ਅਨੰਤ ਕਹਿ ਕੇ ਬਾਰੰਬਾਰ ਨਮਸਕਾਰ = ਬੰਦਨਾ ਕਰਦੀਆਂ ਹਨ॥੧੯੨॥

ਚਰਨ ਕਮਲ ਰਜ ਗੁਰ ਸਿਖ ਮਾਥੈ ਲਾਗੀ;
ਬਾਛਤ ਸਕਲ ਗੁਰਸਿਖ ਪਗ ਰੇਨ ਹੈ॥

ਜਿਨ੍ਹਾਂ ਗੁਰ = ਗੁਰੂ ਕੇ ਸਿੱਖਾਂ ਦੇ ਮਾਥੈ = ਮਸਤਕ ਉੱਪਰ ਗੁਰਾਂ ਦੇ ਚਰਨਾਂ ਕਮਲਾਂ ਦੀ ਰਜ = ਧੂੜੀ ਲਾਗੀ = ਲੱਗੀ ਹੈ, ਉਨ੍ਹਾਂ ਗੁਰਸਿੱਖਾਂ ਦੇ ਪਗ = ਚਰਨਾਂ ਦੀ ਰੇਨ = ਧੂੜੀ ਵੀ ਸਕਲ = ਸਾਰੇ ਮਨ ਬਾਂਛਤ = ਇੱਛਤ ਫਲ ਦੇਣ ਵਾਲੀ ਹੈ।

ਕੋਟਿਨ ਕੋਟਾਨਿ ਕੋਟਿ ਕਮਲਾ ਕਲਪਤਰੁ;
ਪਾਰਸ ਅੰਮ੍ਰਿਤ ਚਿੰਤਾਮਨਿ ਕਾਮਧੇਨ ਹੈ॥

ਕੋਟਿਨ ਕੋਟਾਨਿ = ਕਰੋੜਾਂ ਹੀ ਕਰੋੜਾਂ ਕਮਲਾ = ਲੱਛਮੀਆਂ ਤੇ ਕੋਟਿ = ਕਰੋੜਾਂ ਹੀ ਮਨ ਇੱਛਤ ਕਲਪਤਰੁ = ਦੇਵਤਿਆਂ ਦੇ ਰੁੱਖ, ਪਾਰਸ ਦਾ ਪੱਥਰ, ਚੌਦਾਂ ਰਤਨਾਂ ਵਿੱਚੋਂ ਨਿਕਲਿਆ ਅੰਮ੍ਰਿਤ, ਚਿੰਤਾਮਨਿ = ਮਨੋ ਕਾਮਨਾ ਪੂਰੀ ਕਰਨ ਵਾਲੀ ਮਣੀ ਅਤੇ ਕਾਮਧੇਨ = ਕਾਮਨਾ ਪੂਰੀ ਕਰਨ ਵਾਲੀ ਦੇਵਤਿਆਂ ਦੀ ਗਾਂ ਆਦਿਕ ਇਹ ਸਾਰੇ ਹੀ ਗੁਰਸਿੱਖਾਂ ਦੇ ਚਰਨਾਂ ਦੀ ਧੂੜੀ ਨੂੰ ਚਾਹੁੰਦੇ ਹੈ = ਹਨ।

ਸੁਰਿ ਨਰ ਨਾਥ ਮੁਨਿ ਤ੍ਰਿਭਵਨ ਅਉ ਤ੍ਰਿਕਾਲ;
ਲੋਗ ਬੇਦ ਗਿਆਨ ਉਨਮਾਨ ਜੇਨ ਕੇਨ ਹੈ॥

ਤੇਤੀ ਕਰੋੜ ਸੁਰਿ = ਦੇਵਤੇ, ਸਾਰੇ ਭਵਨਾਂ ਵਾਲੇ ਨਰ = ਮਨੁੱਖ, ਨੌਂ ਨਾਥ, ਨੌਂ ਮੁਨਿ = ਮੁਨੀ ਤੇ ਤ੍ਰਿਭਵਨ = ਤਿੰਨੇ ਸਵਰਗ, ਮਾਤ ਤੇ ਪਤਾਲ ਲੋਕ ਰੂਪੀ ਘਰ ਅਉ = ਅਤੇ ਤ੍ਰਿਕਾਲ = ਤਿੰਨੇ ਭੂਤ, ਭਵਿੱਖਤ, ਵਰਤਮਾਨ ਸਮੇਂ, ਚੌਦਾਂ ਲੋਗ = ਲੋਕ, ਚਾਰ ਵੇਦ, ਲੌਕਿਕ ਬੈਦਿਕ ਗਿਆਨ ਅਤੇ ਜੇਨ ਕੇਨ = ਜਿਸ ਕਿਸ ਤਰ੍ਹਾਂ ਹੋਰ ਜੋ ਕੁਝ ਵੀ ਉਨਮਨ = ਵਿਚਾਰ ਵਿਚ ਲਿਆਂਦਾ ਜਾ ਸਕਦਾ ਹੈ, ਇਹ ਸਾਰੇ ਹੀ ਗੁਰਸਿੱਖਾਂ ਦੇ ਚਰਨਾਂ ਦੀ ਧੂੜੀ ਨੂੰ ਚਾਹੁੰਦੇ ਹਨ।

ਕੋਟਿਨ ਕੋਟਾਨਿ ਸਿਖ ਸੰਗਤਿ ਅਸੰਖ ਜਾ ਕੈ;
ਨਮੋ ਨਮੋ ਗੁਰਮੁਖਿ ਸੁਖ ਫਲ ਦੇਨ ਹੈ॥੧੯੩॥

ਜਾ = ਜਿਸ ਗੁਰੂ ਸਾਹਿਬ ਜੀ ਕੈ = ਦੇ ਚਰਨਾਂ ਕਮਲਾਂ ਦੀ ਧੂੜੀ ਨੂੰ ਲੋਚਨ ਵਾਲੀਆਂ ਕੋਟਿਨ ਕੋਟਾਨਿ = ਕਰੋੜਾਂ ਹੀ ਕਰੋੜਾਂ ਸਿੱਖ ਸੰਗਤਾਂ ਹਨ ਜੋ ਅਸੰਖ = ਗਿਣਤੀ ਤੋਂ ਰਹਿਤ ਹਨ **ਵਾ:** ਜਿਨ੍ਹਾਂ ਗੁਰਾਂ

ਦੀ ਸਤਿਸੰਗਤ ਵਿਚ ਕਰੋੜਾਂ ਹੀ ਕਰੋੜਾਂ ਐਸੇ ਸਿੱਖ ਤੇ ਅਣਗਿਣਤ ਸੰਗਤਾਂ ਹਨ, ਜਿਨ੍ਹਾਂ ਨੂੰ ਗੁਰੂ ਸਾਹਿਬ **ਵਾ:** ਗੁਰਮੁਖ ਜਨ ਆਤਮਿਕ ਸੁਖ = ਅਨੰਦ ਰੂਪੀ ਫਲ ਦੇਨ = ਦਿੰਦੇ ਹਨ, ਐਸੇ ਗੁਰਾਂ **ਵਾ:** ਗੁਰਮੁਖਾਂ ਨੂੰ ਵਾਰ ਵਾਰ ਨਮੋ = ਨਮਸਕਾਰ ਹੈ, ਨਮੋ = ਨਮਸਕਾਰ ਹੈ॥੧੯੩॥

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਅਤਿ;
ਭਾਵਨੀ ਭਗਤਿ ਭਾਇ ਚਾਇ ਕੈ ਚਈਲੇ ਹੈ॥

ਉਪਰੋਕਤ ਗੁਰਸਿੱਖਾਂ ਦੀ ਸੰਗਤ ਦੇ ਮਿਲਾਪ = ਸੰਜੋਗ ਕੋ = ਦਾ ਪ੍ਰਤਾਪੁ = ਪ੍ਰਭਾਵ ਅਤਿ = ਅਤਿਅੰਤ ਸ੍ਰੇਸ਼ਟ ਹੈ ਭਾਵ ਗੁਰਸਿੱਖਾਂ ਦੀ ਸੰਗਤ ਵਿਚ ਮਿਲਣ ਵਾਲੇ ਐਸੇ ਸ੍ਰੇਸ਼ਟ ਹੋ ਜਾਂਦੇ ਹਨ ਕਿ ਉਨ੍ਹਾਂ ਦੇ ਹਿਰਦੇ ਵਿਚ ਭਾਵਨੀ = ਸ਼ਰਧਾ ਤੇ ਭਾਇ = ਪ੍ਰੇਮਾ ਭਗਤਿ = ਭਗਤੀ ਆਦਿ ਸ਼ੁਭ ਗੁਣਾਂ ਦੀ ਪ੍ਰਾਪਤੀ ਲਈ ਚਾਇ = ਖ਼ੁਸ਼ੀ ਕੈ = ਕਰਕੇ ਇਤਨਾ ਚਈਲੇ = ਉਤਸ਼ਾਹ ਜਾਗਦਾ ਹੈ ਕਿ ਉਹ ਹਰ ਵਕਤ ਸ਼ੁਭ ਗੁਣਾਂ ਦੀ ਖੋਜ ਕਰਦੇ ਰਹਿੰਦੇ ਹੈ = ਹਨ **ਵਾ:** ਸ਼ਰਧਾ ਤੇ ਪ੍ਰੇਮਾ-ਭਗਤੀ ਆਦਿ ਦੇ ਚਾਇ = ਉਤਸ਼ਾਹ ਕਰਕੇ ਆਤਮਿਕ ਚਈਲੇ = ਅਨੰਦ ਦੇਣ ਵਾਲੇ ਪਰਮੇਸ਼ਰ ਦੇ ਨਾਮ ਜਪਣ ਵਿਚ ਲੱਗੇ ਰਹਿੰਦੇ ਹਨ।

ਦ੍ਰਿਸਟਿ ਦਰਸ ਲਿਵ, ਅਤਿ ਅਸਚਰਜ-ਮੈ;
ਬਚਨ ਤੰਬੋਲ ਸੰਗ ਰੰਗ ਹੁਇ ਰੰਗੀਲੇ ਹੈ॥

ਐਸੇ ਗੁਰਸਿੱਖਾਂ ਦੀ ਸੰਗਤ ਕਰਨ ਵਾਲੇ ਪੁਰਖਾਂ ਦੀ ਅਤਿ = ਅਤਿਅੰਤ ਅਸਚਰਜ = ਵਿਸਮਾਦ ਮੈ = ਸਰੂਪ ਸਤਿਗੁਰੂ, ਪਰਮੇਸ਼ਰ ਦੇ ਦਰਸ = ਦੀਦਾਰ ਕਰਨ ਵਿਚ ਪ੍ਰਤੱਖ ਦ੍ਰਿਸਟਿ = ਨੇਤਰ ਦੀ ਲਿਵ = ਬਿਰਤੀ ਹਰ ਵਕਤ ਲੱਗੀ ਰਹਿੰਦੀ ਹੈ **ਵਾ:** ਮਨ ਬੁੱਧ ਰੂਪ ਨੇਤਰਾਂ ਦੀ ਦ੍ਰਿਸ਼ਟੀ ਲੱਗੀ ਰਹਿੰਦੀ ਹੈ ਅਤੇ ਗੁਰਾਂ ਦੇ ਬਚਨ = ਉਪਦੇਸ਼ **ਵਾ:** ਗੁਰ-ਉਪਦੇਸ਼ ਦੁਆਰਾ ਨਾਮ ਅਭਿਆਸ ਰੂਪ ਤੰਬੋਲ = ਪਾਨ ਨੂੰ ਚਬਾਉਣ ਸੰਗ = ਨਾਲ ਰੰਗ = ਪ੍ਰੇਮ ਕਰਕੇ ਉਹ ਹਰ ਵਕਤ ਪ੍ਰੇਮ ਰੂਪੀ ਲਾਲ ਗੁਲਾਲ ਰੰਗੀਲੇ = ਰੰਗ ਵਿਚ ਰੱਤੇ ਰਹਿੰਦੇ ਹਨ।

ਸਬਦ ਸੁਰਤਿ ਲਿਵ ਲੀਨ, ਜਲ ਮੀਨ ਗਤਿ;
ਪ੍ਰੇਮ-ਰਸ ਅੰਮ੍ਰਿਤ ਕੈ ਰਸਿਕ ਰਸੀਲੇ ਹੈ॥

ਐਸੇ ਗੁਰਮੁਖ ਜਨ ਗੁਰ ਸਬਦ = ਉਪਦੇਸ਼ ਵਿਚ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਚਿੱਤ ਦੀ ਲਿਵ = ਬਿਰਤੀ ਲਾ ਕੇ ਉਸ ਵਿਚ ਇਉਂ ਲੀਨ = ਸਮਾਏ ਰਹਿੰਦੇ ਹਨ ਜਿਵੇਂ ਜਲ = ਪਾਣੀ ਦੇ ਗਤਿ = ਪ੍ਰਾਪਤ ਕੀਤਿਆਂ ਮੀਨ = ਮੱਛੀ ਪ੍ਰਸੰਨ ਹੋ ਜਾਂਦੀ ਜਾਂ ਪਾਣੀ ਵਿਚ ਸਮਾਈ ਰਹਿੰਦੀ ਹੈ, ਭਾਵ ਜਿਵੇਂ ਮੱਛੀ ਪਾਣੀ ਨਾਲ ਪ੍ਰੀਤੀ ਕਰਦੀ ਹੈ, ਉਸੇ ਤਰ੍ਹਾਂ ਗੁਰਮੁਖ ਜਨ ਗੁਰ-ਉਪਦੇਸ਼ ਨਾਲ ਪ੍ਰੀਤੀ ਕਰਦੇ ਹਨ ਅਤੇ ਜੋ ਪ੍ਰੇਮ ਰੂਪੀ ਰਸ ਵਾਹਿਗੁਰੂ ਦੇ ਨਾਮ ਦਾ ਆਨੰਦ ਅੰਮ੍ਰਿਤ ਹੈ, ਉਸ ਅੰਮ੍ਰਿਤ ਨੂੰ ਪੀ ਕੈ = ਕਰਕੇ ਨਾਮ, ਆਤਮਨੰਦ ਰੂਪੀ ਰਸਿਕ = ਰਸ ਲੈਣ ਵਾਲੇ (ਰਸ + ਈਲੇ) ਰਸਾਂ ਦੇ ਈਲੇ = ਘਰ ਬਣ ਜਾਂਦੇ ਹਨ।

ਸੋਭਾ ਨਿਧਿ ਸੋਭ ਕੋਟਿ ਓਟ ਲੋਭ ਕੈ ਲੁਭਿਤ;
ਕੋਟਿ ਛਬਿ ਛਾਹ ਛਿਪੈ, ਛਬਿ ਕੈ ਛਬੀਲੇ ਹੈ॥੧੯੪॥

ਇਸੇ ਰਹਿਣੀ ਕਰਕੇ ਉਹ ਸੋਭਾ = ਉਪਮਾ ਦੇ ਨਿਧਿ = ਖ਼ਜ਼ਾਨੇ ਬਣ ਜਾਂਦੇ ਹਨ ਤੇ ਕੋਟਿ = ਕਰੋੜਾਂ

ਹੀ ਸੋਭ = ਉਪਮਾਵਾਂ ਲੋਭ = ਲਾਲਚ ਕੈ = ਕਰਕੇ ਲੁਭਿਤ = ਲੁਭਾਇਮਾਨ ਹੋਈਆਂ, ਉਨ੍ਹਾਂ ਦੀ ਓਟ = ਟੇਕ ਨੂੰ ਲੈ ਕੇ ਰਹਿਣਾ ਕਰਦੀਆਂ ਹਨ ਅਤੇ ਉਹ ਸ਼ੁਭ ਗੁਣਾਂ ਦੀ ਛਬਿ = ਸੁੰਦਰਤਾ ਕਰਕੇ ਇਤਨੇ ਛਬੀਲੇ = ਸੁੰਦਰਤਾਈ ਦੇ ਸਹਿਤ ਹੋ ਜਾਂਦੇ ਹਨ ਅਤੇ ਕੋਟਿ = ਕਰੋੜਾਂ ਹੀ ਛਬਿ = ਛਬਾਂ (ਉਪਮਾਵਾਂ) ਉਨ੍ਹਾਂ ਦੀ ਛਾਹ = ਛਾਇਆ ਥੱਲੇ ਛਿਪੈ = ਛਿਪੀਆਂ, ਲੁਕੀਆਂ ਰਹਿੰਦੀਆਂ ਹਨ ॥੧੯੪॥

ਗੁਰਸਿਖ ਏਕ ਮੇਕ ਰੋਮ ਦੀ ਅਕਥ ਕਥਾ;
ਗੁਰਸਿਖ ਸਾਧ ਸੰਗਿ ਮਹਿਮਾ ਕੋ ਪਾਵਈ ॥

ਜਿਹੜੇ ਗੁਰਸਿਖ = ਗੁਰੂ ਕੇ ਸਿੱਖ ਉਪਰੋਕਤ ਪਰੰਪਰਾ ਦੁਆਰਾ ਗੁਰਾਂ ਨਾਲ ਮੇਕ = ਮਿਲ ਕੇ ਏਕ = ਇਕ ਰੂਪ ਹੋ ਗਏ ਹਨ, ਉਨ੍ਹਾਂ ਦੇ ਇਕ ਰੋਮ = ਵਾਲ ਭਰ ਕੀ = ਦੀ ਕਥਾ = ਵਾਰਤਾ ਅਕਥ = ਕਥਨ ਤੋਂ ਰਹਿਤ ਹੈ, ਐਸੇ ਗੁਰਸਿਖ = ਗੁਰੂ ਕੇ ਸਿੱਖਾਂ ਦੀ ਸਾਧਸੰਗਿ = ਸਤਿਸੰਗਤ **ਵਾ:** ਐਸੇ ਸਾਧ = ਸ੍ਰੇਸ਼ਟ ਗੁਰਸਿੱਖਾਂ ਦੀ ਮਹਿਮਾ = ਉਪਮਾ ਦਾ ਅੰਤ ਕੋ = ਕੌਣ ਪਾਵਈ = ਪਾ ਸਕਦਾ ਹੈ, ਭਾਵ ਕੋਈ ਵੀ ਨਹੀਂ ਪਾ ਸਕਦਾ।

ਏਕ ਓਅੰਕਾਰ ਕੇ ਬਿਥਾਰ ਕੋ ਨ ਪਾਰਾਵਾਰੁ;
ਸਬਦ ਸੁਰਤਿ ਸਾਧ ਸੰਗਤਿ ਸਮਾਵਈ ॥

ਜਿਸ ਏਕ = ਇਕ ਓਅੰਕਾਰ = ਪਰਮੇਸ਼ਰ ਕੇ = ਦੇ ਸੰਸਾਰਕ ਬਿਥਾਰ = ਵਿਸਥਾਰ ਕੋ = ਦਾ ਕੋਈ ਵੀ ਪਾਰਾਵਾਰੁ = ਪਾਰ ਉਰਾਰ ਕਰਕੇ ਅੰਤ ਨ = ਨਹੀਂ ਪਾ ਸਕਦਾ, ਉਹ ਐਸਾ ਪਰਮੇਸ਼ਰ ਗੁਰ ਸਬਦ = ਉਪਦੇਸ਼ ਵਿਚ ਸੁਰਤਿ = ਬਿਰਤੀ ਲਾਉਣ ਨਾਲ ਪ੍ਰਾਪਤ ਹੁੰਦਾ ਹੈ **ਵਾ:** ਗੁਰ-ਉਪਦੇਸ਼ ਵਿਚ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਕਰਨ ਨਾਲ ਪ੍ਰਾਪਤ ਹੁੰਦਾ ਹੈ ਅਤੇ ਉਹ ਸਦਾ ਹੀ ਸਾਧਸੰਗਤਿ = ਸਤਿਸੰਗਤ **ਵਾ:** ਸਾਧ = ਸ੍ਰੇਸ਼ਟ ਜਨਾਂ ਦੀ ਸੰਗਤ ਵਿਚ ਸਮਾਵਈ = ਸਮਾਇਆ ਰਹਿੰਦਾ ਹੈ, ਵੱਸਦਾ ਹੈ। ਅਤੇ :

ਪੂਰਨ ਬ੍ਰਹਮ ਗੁਰ ਸਾਧ ਸੰਗ ਮੈ ਨਿਵਾਸ;
ਦਾਸਨ ਦਾਸਾਨ ਮਤਿ ਆਪਾ ਨ ਜਤਾਵਈ ॥

ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਦਾ ਰੂਪ ਗੁਰਾਂ ਦਾ ਵੀ ਸਾਧਸੰਗ = ਸਤਿਸੰਗਤ **ਵਾ:** ਸਾਧ = ਸ੍ਰੇਸ਼ਟ ਜਨਾਂ ਦੀ ਸੰਗ = ਸੰਗਤ ਮੈ = ਵਿਚ ਨਿਵਾਸ = ਵਾਸਾ ਰਹਿੰਦਾ ਹੈ ਐਸੇ ਗੁਰਾਂ ਦੇ ਦਾਸਨ = ਸੇਵਕਾਂ ਦੇ ਵੀ ਜੋ ਦਾਸਾਨ = ਸੇਵਕ ਹਨ ਉਨ੍ਹਾਂ ਸੇਵਕਾਂ ਤੋਂ ਚੰਗੀ ਮਤਿ = ਸਿੱਖਿਆ ਲੈ ਕੇ ਰਿਦੇ ਵਿਚ ਧਾਰਨ ਕਰ ਕੇ ਵਿੱਦਿਆ ਧਨ ਆਦਿਕ ਦੇ ਆਪਾ = ਹੰਕਾਰ ਨੂੰ ਨਾ ਜਤਾਵਈ = ਜਤਾਉਣਾ ਕਰੀਏ **ਵਾ:** ਜਿਹੜੇ ਸਤਿਸੰਗਤ ਵਿਚ ਜਾ ਕੇ ਸੇਵਕਾਂ ਦੇ ਵੀ ਅੱਗੇ ਸੇਵਕ ਹੋਏ ਹਨ, ਉਨ੍ਹਾਂ ਦੀ ਮਤਿ = ਅਕਲ ਕਦੇ ਵੀ ਹੰਕਾਰ ਨੂੰ ਨਹੀਂ ਜਤਾਉਂਦੀ ਭਾਵ ਉਹ ਕਦੇ ਵੀ ਹੰਕਾਰ ਨਹੀਂ ਕਰਦੇ।

ਸਤਿਗੁਰ ਗੁਰ ਗੁਰਸਿਖ ਸਾਧਸੰਗਤਿ ਹੈ;
ਓਤਿ ਪੋਤਿ ਜੋਤਿ ਵਾ ਕੀ ਵਾਹੀ ਬਨਿ ਆਵਈ ॥੧੯੫॥

ਸਤਿਗੁਰ = ਸੱਚੇ ਗੁਰੂ ਸਾਹਿਬ ਜੀ ਆਪ ਹੀ ਗੁਰ = ਗੁਰੂ ਰੂਪ ਹਨ, ਆਪ ਹੀ ਗੁਰਸਿੱਖ ਰੂਪ ਹਨ

ਅਤੇ ਆਪ ਹੀ ਸਾਧਸੰਗਤਿ = ਸਤਿਸੰਗਤ ਵਿਚ ਓਤਿ ਪੋਤਿ = ਤਾਣੇ ਪੇਟੇ ਵਤ ਰਮੇ ਹੋਏ ਹਨ। ਇਸ ਲਈ ਵਾ = ਉਸ ਕੀ = ਦੀ ਜੋਤਿ = ਚਮਕ ਭਾਵ ਪ੍ਰਤਾਪ ਦੀ ਪ੍ਰਭੁਤਾ ਕੇਵਲ ਵਾਹੀ = ਉਸੇ ਨੂੰ ਹੀ ਬਣ ਆਵਈ = ਆ ਸਕਦੀ ਹੈ।

ਅਥਵਾ ਗੁਰ = ਪੂਜਨੀਕ ਸਤਿਗੁਰ = ਸੱਚੇ ਗੁਰੂ ਸਾਹਿਬ ਜੀ ਆਪ ਹੀ ਗੁਰੂ ਰੂਪ ਹਨ ਅਤੇ ਆਪ ਹੀ ਗੁਰੂ ਸਾਹਿਬ ਜੀ ਗੁਰਸਿੱਖ ਰੂਪ ਹਨ ਅਤੇ ਜਿਤਨੇ ਵੀ ਸਿੱਖ ਸਤਿਸੰਗਤ ਵਿਚ ਬੈਠੇ ਹੁੰਦੇ ਹਨ, ਉਹ ਸਾਰੇ ਗੁਰੂ ਰੂਪ ਹੀ ਹੁੰਦੇ ਹਨ। ਇਉਂ ਓਤਿ ਪੋਤਿ = ਤਾਣੇ ਪੇਟੇ ਵਤ ਗੁਰਾਂ ਨਾਲ ਸਿੱਖਾਂ ਦੀ ਅਭੇਦਤਾ ਹੈ ਅਤੇ ਸਾਧਸੰਗਤਿ ਵਿਚ ਜੋ ਗੁਰਸਿੱਖਾਂ ਦੀ ਜੋਤਿ = ਚਮਕ, ਸੋਭਾ ਹੈ **ਵਾ:** ਉਸ ਕੀ = ਦੀ ਉਪਮਾ ਵਾਹੀ = ਉਸੇ ਨੂੰ ਹੀ ਬਣ ਆਵਈ = ਆਉਂਦੀ ਹੈ ਭਾਵ ਗੁਰਸਿੱਖਾਂ ਦੀ ਉਪਮਾ ਗੁਰਸਿੱਖਾਂ ਨੂੰ ਹੀ ਬਣ ਆਉਂਦੀ ਹੈ॥੧੯੫॥

ਪਵਨਹਿ ਪਵਨ ਮਿਲਤ ਨਹੀ ਪੇਖੀਅਤ;
ਸਲਿਲੈ ਸਲਿਲ ਮਿਲਤ ਨਾਹਿ ਪਹਿਚਾਨੀਐ॥

ਪੂਰਬ ਵੱਲ ਵਹਿ ਰਹੀ ਪਵਨਹਿ = ਹਵਾ ਦੀ ਧਾਰ ਪੱਛਮ ਵੱਲੋਂ ਵਹਿ ਰਹੀ ਪਵਨ = ਹਵਾ ਦੀ ਧਾਰਾ ਆਪਸ ਵਿਚਦੀ ਮਿਲਤ = ਮਿਲਦੀ ਹੋਈ ਪੇਖੀਅਤ = ਦੇਖੀ ਨਹੀਂ ਜਾ ਸਕਦੀ ਤੇ ਨਦੀਆਂ ਦੇ ਸਮੁੰਦਰਾਂ ਦਾ ਵੱਖੋ-ਵੱਖਰਾ ਕਹਾਉਂਦਾ ਸਲਿਲੈ = ਪਾਣੀ ਵਿਚ ਦੂਸਰੇ ਸਲਿਲ = ਪਾਣੀ ਵਿਚ ਮਿਲਤ = ਮਿਲਿਆ ਹੋਇਆ ਪਹਿਚਾਨੀਐ = ਪਛਾਣਿਆ ਨਾਹਿ = ਨਹੀਂ ਜਾ ਸਕਦਾ। ਜੈਸਾ ਕਿ :

ਜਲ ਤਰੰਗੁ ਜਿਉ ਜਲਹਿ ਸਮਾਇਆ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ॥ *(ਅੰਗ ੧੦੨)*

ਮਿਲਿ ਜਲੁ ਜਲਹਿ ਖਟਾਨਾ ਰਾਮ॥ ਸੰਗਿ ਜੋਤੀ ਜੋਤਿ ਮਿਲਾਨਾ ਰਾਮ॥ *(ਅੰਗ ੫੭੬)*

ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ॥ *(ਅੰਗ ੧੨੫੨)*

ਆਪੁ ਆਪ ਤੇ ਜਾਨਿਆ ਤੇਜ ਤੇਜੁ ਸਮਾਨਾ॥ *(ਅੰਗ ੬੫੭)*

ਜੋਤੀ ਮਿਲੇ ਜੋਤਿ ਹੋਤ ਭਿੰਨ ਭਿੰਨ ਕੈਸੇ ਕਰਿ;
ਭਸਮਹਿ ਭਸਮ ਸਮਾਨੀ, ਕੈਸੇ ਜਾਨੀਐ॥

ਜਿਵੇਂ ਜੋਤੀ = ਅੱਗ ਨਾਲ ਜੋਤਿ = ਅੱਗ ਮਿਲ ਜਾਂਦੀ ਹੈ, ਫੇਰ ਉਹ ਕੈਸੇ = ਕਿਸ ਪ੍ਰਕਾਰ ਕਰਕੇ ਭਿੰਨ ਭਿੰਨ = ਵੱਖੋ-ਵੱਖ ਹੋਤ = ਹੋ ਸਕਦੀ ਹੈ ਅਤੇ ਧਰਤੀ ਦੀ ਭਸਮਹਿ = ਮਿੱਟੀ ਨਾਲ ਭਸਮ = ਮਿੱਟੀ ਸਮਾਨੀ = ਸਮਾਈ, ਰਲੀ ਹੋਈ ਕੈਸੇ = ਕਿਸ ਪ੍ਰਕਾਰ ਜਾਨੀਐ = ਜਾਣੀ ਜਾਏ, ਭਾਵ ਨਹੀਂ ਜਾਣੀ ਜਾਂਦੀ। ਜੈਸਾ ਕਿ :

ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗਿ ਉਠੈ ਨਿਆਰੇ ਨਿਆਰੇ ਹੁਇ ਕੈ ਫੇਰਿ ਆਗਿ ਮੈ ਮਿਲਾਹਿਂਗੇ॥
ਜੈਸੇ ਏਕ ਧੂਰਿ ਤੇ ਅਨੇਕ ਧੂਰਿ ਪੂਰਤ ਹੈ, ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿਂਗੇ॥
(ਸ੍ਰੀ ਦਸਮ ਗ੍ਰੰਥ, ਅਕਾਲ ਉਸਤਤਿ)

ਕੈਸੇ ਪੰਚ ਤਤ ਮੇਲ ਖੇਲੁ ਹੋਤ ਪਿੰਡ ਪ੍ਰਾਨ;
ਬਿਛੁਰਤ ਪਿੰਡ ਪ੍ਰਾਨ ਕੈਸੇ ਉਨਮਾਨੀਐ॥

ਇਸੇ ਪ੍ਰਕਾਰ ਹੀ ਇਨ੍ਹਾਂ ਬਾਹਰਲੇ ਤੱਤਾਂ ਦੀ ਹਾਲਤ ਵਾਂਗ ਪੰਚ = ਪੰਜ ਤੱਤਾਂ (ਆਕਾਸ਼, ਵਾਯੂ, ਅਗਨੀ,

ਜਲ, ਪ੍ਰਿਥਵੀ) ਦੇ ਮੇਲ = ਮਿਲਾਪ ਹੋਤ = ਹੋਣੇ ਤੋਂ ਕੈਸੇ = ਕਿਸ ਪ੍ਰਕਾਰ ਇਹ ਪਿੰਡ = ਸਰੀਰਾਂ ਤੇ ਪ੍ਰਾਣਾਂ ਦੀ ਮਿਲਾਉਣੀ ਦਾ ਖੇਲੁ = ਖੇਡ ਹੋ ਰਿਹਾ ਹੈ ਅਤੇ ਕੈਸੇ = ਕਿਸ ਪ੍ਰਕਾਰ ਇਹ ਪਿੰਡ = ਸਰੀਰ ਤੇ ਪ੍ਰਾਨ ਆਪਸ ਵਿਚਦੀ ਬਿਛੁਰਤ = ਵਿੱਛੜਦੇ ਉਨਮਾਨੀਐ = ਵਿਚਾਰਨਾ ਕਰੀਦੇ ਹਨ **ਵਾ:** ਜ਼ਿੰਦਗੀ ਅਤੇ ਮੌਤ ਕਿਸ ਤਰ੍ਹਾਂ ਜਗਤ ਵਿਚ ਵਰਤਦੀ ਹੈ, ਇਸ ਦਾ ਅਨੁਮਾਨ ਕਿਸ ਪ੍ਰਕਾਰ ਲਾਇਆ ਜਾ ਸਕਦਾ ਹੈ, ਭਾਵ ਕਿਸੇ ਪ੍ਰਕਾਰ ਵੀ ਨਹੀਂ ਲਾਇਆ ਜਾ ਸਕਦਾ।

ਅਬਿਗਤ ਗਤਿ ਅਤਿ ਬਿਸਮ ਅਸਚਰਜ-ਮੈ;
ਗਿਆਨ ਧਿਆਨ ਅਗਮਿਤਿ ਕੈਸੇ ਉਰ ਆਨੀਐ ॥੧੯੬॥

ਜੋ ਅਬਿਗਤ = ਨਾਸ਼ ਤੋਂ ਰਹਿਤ ਤੇ ਸਾਰੇ ਗਤਿ = ਪ੍ਰਾਪਤ ਹੋ ਰਿਹਾ ਹੈ, ਭਾਵ ਜੋ ਸਾਰਿਆਂ ਵਿਚ ਪਰਮੇਸ਼ਰ ਮਿਲਿਆ ਹੋਇਆ ਹੈ ਅਤੇ ਅਤਿ = ਅਤਿਸ਼ੈ ਕਰਕੇ ਬਿਸਮ = ਅਦਭੁਤ ਤੇ ਅਸਚਰਜ = ਵਿਸਮਾਦ ਮੈ = ਸਰੂਪ ਹੈ, ਉਸ ਪਰਮੇਸ਼ਰ ਨੂੰ ਸ਼ਾਸਤਰ, ਪੁਰਾਣਾਂ ਦੇ ਗਿਆਨ ਧਿਆਨ ਨਾਲ ਅਤੇ ਅਗਮਿਤਿ = ਅਣਗਿਣਤ ਮਰਯਾਦਾ ਨਾਲ ਐਸੇ ਸਮਰੱਥ ਪਰਮੇਸ਼ਰ ਨੂੰ ਕੈਸੇ = ਕਿਸ ਪ੍ਰਕਾਰ ਆਪਣੇ ਉਰ = ਹਿਰਦੇ ਵਿਚ ਆਨੀਐ = ਲਿਆਉਣਾ ਕਰੀਏ ਭਾਵ ਨਹੀਂ ਲਿਆਂਦਾ ਜਾ ਸਕਦਾ **ਵਾ:** ਐਸੇ ਪਰਮੇਸ਼ਰ ਦੀ ਸੰਗਤ ਗਿਆਨ ਧਿਆਨ ਕਰਨ ਵਾਲੀ ਦਾ ਕਿਸ ਪ੍ਰਕਾਰ ਅੰਤ ਪਾਇਆ ਜਾਵੇ, ਭਾਵ ਨਹੀਂ ਪਾਇਆ ਜਾ ਸਕਦਾ ॥੧੯੬॥

ਚਾਰ ਕੁੰਟ ਸਾਤ ਦੀਪ ਮੈ ਨ ਨਵ ਖੰਡ ਬਿਖੈ;
ਦਹ ਦਿਸਿ ਦੇਖੀਐ ਨ ਬਨ ਗ੍ਰਿਹ ਜਾਨੀਐ ॥

ਚਾਰ ਕੁੰਟ = ਦਿਸ਼ਾਵਾਂ, ਸਾਤ = ਸੱਤ ਦੀਪਾਂ ਮੈ = ਵਿਚ ਨਵ = ਨੌਂ ਖੰਡਾਂ ਬਿਖੈ = ਵਿਚ ਸਤਿਸੰਗਤ, ਗੁਰਾਂ ਦੇ ਮਿਲਾਪ, ਪਰਮੇਸ਼ਰ ਦੀ ਪ੍ਰਾਪਤੀ ਦਾ ਆਨੰਦ ਨ = ਨਹੀਂ ਹੈ ਤੇ ਦਹਦਿਸਿ = ਦਸੇ ਦਿਸ਼ਾਵਾਂ ਵਿਚ ਐਸਾ ਆਨੰਦ ਦੇਖੀਐ = ਦੇਖਣ ਵਿਚ ਨਹੀਂ ਆਉਂਦਾ ਅਤੇ ਨਾ ਹੀ ਕਿਸੇ ਬਨ = ਜੰਗਲ ਜਾਂ ਗ੍ਰਿਹ = ਘਰ ਵਿਚ ਐਸਾ ਆਨੰਦ ਜਾਨੀਐ = ਜਾਨਣਾ ਕਰੀਦਾ ਹੈ।

ਲੋਗ ਬੇਦ ਗਿਆਨ ਉਨਮਾਨ ਕੈ ਨ ਦੇਖਿਓ ਸੁਨਿਓ;
ਸੁਰਗ ਪਇਆਲ ਮ੍ਰਿਤ-ਮੰਡਲ ਨ ਮਾਨੀਐ ॥

ਲੋਗ = ਲੋਕ ਪਰੰਪਰਾ ਤੇ ਬੇਦਾਂ ਦੇ ਗਿਆਨ ਜਾਂ ਬੈਦਿਕ ਗਿਆਨ ਦੇ ਉਨਮਾਨ = ਵਿਚਾਰਨੇ ਕੈ = ਕਰਕੇ ਵੀ ਐਸਾ ਆਨੰਦ ਨ = ਨਹੀਂ ਦੇਖਿਓ = ਵੇਖਿਆ ਹੈ ਅਤੇ ਨਾ ਹੀ ਸੁਨਿਓ = ਸੁਣਿਆ ਹੈ, ਸਵਰਗ, ਪਇਆਲ = ਪਤਾਲ ਤੇ ਮ੍ਰਿਤ = ਮਾਤ ਮੰਡਲ = ਲੋਕ ਵਿਚ ਐਸਾ ਅਨੰਦ ਮਾਨੀਐ = ਮਾਨਣਾ ਨ = ਨਹੀਂ ਕਰੀਦਾ, ਭਾਵ ਸੰਸਾਰਕ ਲੋਕਾਂ ਦੇ ਆਨੰਦਾਂ ਤੇ ਵੇਦਾਂ ਸ਼ਾਸਤਰਾਂ ਦੇ ਗਿਆਨ ਵਿਚ ਸਤਿਸੰਗਤ, ਗੁਰਾਂ ਦੇ ਮਿਲਾਪ, ਪਰਮੇਸ਼ਰ ਦੀ ਪ੍ਰਾਪਤ ਵਰਗਾ ਆਨੰਦ ਕਿਸੇ ਵਿਚ ਨਹੀਂ ਹੈ।

ਭੂਤ ਅਉ ਭਵਿਖ ਨ ਬਰਤਮਾਨ ਚਾਰੋ ਜੁਗ;
ਚਤੁਰ ਬਰਨ ਖਟ ਦਰਸ ਨ ਧਿਆਨੀਐ ॥

ਭੂਤ = ਲੰਘੇ ਸਮੇਂ ਅਉ = ਅਤੇ ਭਵਿਖ = ਆਉਣ ਵਾਲੇ ਸਮੇਂ ਤੇ ਬਰਤਮਾਨ = ਹੁਣ ਚੱਲ ਰਹੇ ਸਮੇਂ

ਵਿਚ ਤੇ ਚਾਰੇ ਜੁਗਾਂ ਵਿਚ ਐਸਾ ਸਤਿਸੰਗਤ ਵਰਗਾ ਆਨੰਦ ਨ = ਨਹੀਂ ਹੈ। ਚਤੁਰ = ਚਾਰ ਬਰਨਾਂ ਤੇ ਖਟ = ਛੇ ਦਰਸ = ਦਰਸ਼ਨਾਂ ਦੇ ਧਿਆਨ ਵਿਚ ਕਿਤੇ ਵੀ ਸਤਿਸੰਗਤ ਵਰਗਾ ਆਨੰਦ ਨ = ਨਹੀਂ ਧਿਆਨੀਐ = ਵੇਖਿਆ ਜਾਂਦਾ ਹੈ।

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਜੈਸੋ;
ਤੈਸੋ ਅਉਰ ਠਉਰ ਸੁਨੀਐ ਨ ਪਹਿਚਾਨੀਐ ॥੧੯੭॥

ਜੈਸੋ = ਜਿਹੋ ਜਿਹਾ ਗੁਰਸਿੱਖਾਂ ਦੀ ਸੰਗਤ ਦੇ ਮਿਲਾਪ = ਮਿਲਣ ਦੇ ਆਨੰਦ ਕੋ = ਦਾ ਪ੍ਰਤਾਪ = ਤੇਜ, ਪ੍ਰਭਾਵ ਹੈ, ਤੈਸੋ = ਉਹੋ ਜਿਹਾ ਅਉਰ = ਹੋਰ ਕਿਸੇ ਠਉਰ = ਟਿਕਾਣੇ, ਥਾਂ ਤੇ ਸੁਨੀਐ = ਸੁਣਿਆ ਤੇ ਪਹਿਚਾਨੀਐ = ਜਾਣਿਆ ਨ = ਨਹੀਂ ਹੈ॥੧੯੭॥

ਊਖ ਮੈ ਪਿਊਖ ਰਸ ਰਸਨਾ ਰਹਿਤ ਹੋਇ;
ਚੰਦਨ ਸੁਬਾਸ ਤਾਸ ਨਾਸਕਾ ਨ ਹੋਤ ਹੈ॥

ਊਖ = ਗੰਨੇ ਮੈ = ਵਿਚ ਪਿਊਖ = ਅੰਮ੍ਰਿਤ ਰੂਪੀ ਰਸ ਭਾਵ ਮਿੱਠੀ ਮਿੱਠੀ ਰਹੁ ਹੁੰਦੀ ਹੈ, ਪਰੰਤੂ ਰਸਨਾ = ਜਿਹਬਾ ਦੇ ਚਖਣ ਤੋਂ ਉਹ ਰਹਿਤ = ਹੀਣਾ ਹੋਇ = ਹੁੰਦਾ ਹੈ, ਭਾਵ ਜੀਭ ਤੋਂ ਰਹਿਤ ਹੋਣ ਕਰਕੇ ਗੰਨੇ ਨੂੰ ਆਪਣੇ ਆਪ ਵਿਚ ਕੀ ਆਨੰਦ ਆਉਣਾ ਹੈ ਭਾਵ ਨਹੀਂ ਆਉਂਦਾ ਅਤੇ ਚੰਦਨ ਦੇ ਬ੍ਰਿਛ ਵਿਚ ਸੁਬਾਸ = ਚੰਗੀ ਵਾਸ਼ਨਾ ਹੈ ਪਰ ਤਾਸ = ਉਸ ਦੀਆਂ ਨਾਸਕਾ = ਨਾਸਾਂ ਨ = ਨਹੀਂ ਹੋਤ = ਹੁੰਦੀਆਂ ਹੈ = ਹਨ, ਇਸ ਲਈ ਵਾਸ਼ਨਾ ਦਾ ਚੰਦਨ ਨੂੰ ਕੀ ਸੁਖ ਹੈ, ਭਾਵ ਕੋਈ ਸੁਖ ਨਹੀਂ ਹੈ।

ਨਾਦ ਬਾਦ ਸੁਰਤਿ ਬਿਹੂਨ ਬਿਸਮਾਦ ਗਤਿ;
ਬਿਬਿਧਿ ਬਰਨ ਬਿਨੁ ਦ੍ਰਿਸਟਿ ਸੁ ਜੋਤਿ ਹੈ॥

ਬਾਦ = ਵਾਜੇ ਦੀ ਨਾਦ = ਆਵਾਜ਼ ਬਹੁਤ ਬਿਸਮਾਦ = ਅਸਚਰਜ ਗਤਿ = ਗਤੀ ਵਾਲੀ ਤੇ ਸਭ ਨੂੰ ਮੋਹਿਤ ਕਰਨ ਵਾਲੀ ਹੁੰਦੀ ਹੈ, ਪਰੰਤੂ ਉਹ ਆਪ ਸੁਰਤਿ = ਕੰਨਾਂ ਤੋਂ ਬਿਹੂਨ = ਰਹਿਤ ਹੈ, ਭਾਵ ਆਪ ਸੁਣ ਕੇ ਆਪਣੇ ਅੰਦਰਲੇ ਆਨੰਦ ਨੂੰ ਨਹੀਂ ਮਾਣ ਸਕਦੀ ਅਤੇ ਬਿਬਿਧਿ (ਬਿ + ਬਿਧਿ) ਬਿ = ਵਿਸ਼ੇਸ਼ ਕਰਕੇ ਬਹੁਤ ਬਿਧਿ = ਤਰ੍ਹਾਂ ਦੇ ਬਰਨ = ਰੰਗ ਹਨ, ਪਰੰਤੂ ਸੁ = ਉਨ੍ਹਾਂ ਦੀ ਜੋਤਿ = ਚਮਕ ਦਮਕ ਆਪਣੀ ਦ੍ਰਿਸਟਿ = ਨਜ਼ਰ ਤੋਂ ਬਿਨੁ = ਬਗ਼ੈਰ ਹੁੰਦੀ ਹੈ। ਅਤੇ :

ਪਾਰਸ ਪਰਸ ਨ ਸਪਰਸ ਉਸਨ ਸੀਤ;
ਕਰ ਚਰਨ ਹੀਨ ਧਰ ਅਉਖਧੀ ਉਦੋਤ ਹੈ॥

ਪਾਰਸ ਲੋਹਾ, ਤਾਂਬਾ ਆਦਿ ਧਾਤਾਂ ਨੂੰ ਪਰਸ = ਪਰਸਣਾ ਕਰ ਕੇ ਉਨ੍ਹਾਂ ਨੂੰ ਸੋਨਾ ਬਣਾ ਦਿੰਦਾ ਹੈ ਪਰੰਤੂ ਪਾਰਸ ਨੂੰ ਉਸਨ = ਗਰਮੀ ਤੇ ਸੀਤ = ਸਰਦੀ ਦਾ ਸਪਰਸ = ਛੂਹਣਾ ਨ = ਨਹੀਂ ਲੱਗਦਾ ਹੈ ਅਤੇ ਧਰ = ਧਰਤੀ ਆਪਣੇ ਵਿੱਚੋਂ ਬਹੁਤ ਤਰ੍ਹਾਂ ਦੀਆਂ ਜੜੀਆਂ ਬੂਟੀਆਂ ਅਉਖਧੀ = ਦਵਾਈਆਂ ਲਈ ਉਦੋਤ = ਪ੍ਰਗਟ ਕਰਦੀ ਹੈ ਪਰੰਤੂ ਆਪ ਉਹ ਕਰ = ਹੱਥਾਂ ਚਰਨ = ਪੈਰਾਂ ਤੋਂ ਹੀਨ = ਰਹਿਤ ਹੈ ਭਾਵ ਜੜੀਆਂ

ਬੂਟੀਆਂ ਦੇ ਹੱਥ ਪੈਰ ਨਹੀਂ ਹੁੰਦੇ ਅਰਥਾਤ ਹੱਥਾਂ ਕਰਕੇ ਉਹ ਆਪ ਕੁਝ ਉਸ ਆਪਣੀ ਓਪਤ ਨੂੰ ਭੋਗ ਨਹੀਂ ਸਕਦੀ ਤੇ ਪੈਰਾਂ ਤੋਂ ਹੀਣੀ ਹੋਣ ਕਰਕੇ ਜਿਸ ਆਪਣੇ ਖੱਤੇ ਲਾਇਕ ਕਿਸੇ ਉਪਜ ਨੂੰ ਉਹ ਸਮਝ ਕੇ ਪਹਿਲਾਂ ਥਾਂ ਤੋਂ ਹਟਾ ਕੇ ਕਿਧਰੇ ਹੋਰ ਲਿਜਾਣਾ ਚਾਹੇ ਤਾਂ ਲਿਜਾ ਨਹੀਂ ਸਕਦੀ।

ਜਾਹਿ ਪੰਚ ਦੋਖ, ਨਿਰਦੋਖ ਮੋਖ ਪਾਵੈ ਕੈਸੇ;
ਗੁਰਮੁਖਿ ਸਹਜ ਸੰਤੋਖ ਹੁਇ ਅਛੋਤ ਹੈ॥੧੯੮॥

ਜਾਹਿ = ਜਿਸ ਪੁਰਖ ਦੇ ਅੰਦਰ ਪੰਚ = ਪੰਜ ਕਾਮ, ਕ੍ਰੋਧ, ਲੋਭ ਆਦਿ ਵਿਸ਼ੇ ਰੂਪੀ ਦੋਖ = ਦੋਸ਼, ਔਗੁਣ ਹੋਣ, ਉਹ ਆਪਣੇ ਆਪ ਨੂੰ ਨਿਰਦੋਖ = ਦੋਸ਼ਾਂ ਤੋਂ ਰਹਿਤ ਆਖ ਕੇ ਮੋਖ = ਮੁਕਤੀ ਰੂਪ ਸੁਖ ਨੂੰ ਕੈਸੇ = ਕਿਸ ਪ੍ਰਕਾਰ ਪਾਵੈ = ਪਾ ਸਕਦਾ ਹੈ ਭਾਵ ਨਹੀਂ ਪਾ ਸਕਦਾ। ਮੁਕਤੀ ਰੂਪ ਸੁਖ ਉਹ ਗੁਰਮੁਖ ਜਨ ਹੀ ਪਾ ਸਕਦਾ ਹੈ, ਜੋ ਵਿਸ਼ੇ ਰੂਪ ਦੋਸ਼ਾਂ ਤੋਂ ਅਛੋਤ = ਅਛੋਹ ਭਾਵ ਸਪਰਸ਼ ਕਰਨੋਂ ਬਚਿਆ ਰਹਿੰਦਾ ਹੈ ਤੇ ਜੋ ਸਹਜ = ਸੁਤੇ-ਸਿਧ ਸੰਤੋਖ = ਸਬਰ ਵਾਲੇ ਸੁਭਾਅ ਦੇ ਸਹਿਤ ਹੁਇ = ਹੁੰਦਾ ਹੈ।

ਜਾਹਿ = ਜਿਨ੍ਹਾਂ ਪੰਚ = ਪੰਜਾਂ (ਗੰਨੇ, ਚੰਦਨ, ਵਾਜੇ, ਰੰਗ, ਪਾਰਸ) ਵਿਚ ਆਪ ਐਸੇ ਦੋਖ = ਦੋਸ਼ ਹਨ, ਭਾਵ ਇਹ ਪੰਜੇ ਹੀ ਦੋਸ਼ਾਂ ਵਾਲੇ ਹਨ, ਕਿਉਂਕਿ ਇਨ੍ਹਾਂ ਪੰਜਾਂ ਦੇ ਤਾਂ ਵਿਸ਼ੇ ਹੈ ਨਹੀਂ, ਸਗੋਂ ਗੰਨੇ ਨੂੰ ਜੀਭ, ਚੰਦਨ ਨੂੰ ਨਾਸਕਾ, ਵਾਜੇ ਨੂੰ ਕੰਨ, ਰੰਗ ਨੂੰ ਨੇਤਰ, ਪਾਰਸ ਨੂੰ ਗਰਮੀ-ਸਰਦੀ ਦਾ ਜ਼ੋਰ ਇਤਿਆਦਿਕ ਇੰਦਰੀਆਂ ਨਾ ਹੋਣ ਕਰਕੇ ਇਹ ਫਿਰ ਵੀ ਦੋਸ਼ਾਂ ਵਾਲੇ ਹਨ, ਗੁਰਮੁਖ ਜਨਾਂ ਦੀਆਂ ਇਹ ਰਸਨਾ, ਕੰਨ, ਜਿਹਬਾ ਆਦਿ ਇੰਦਰੀਆਂ ਹਨ ਪਰੰਤੂ ਗੁਰਮੁਖ ਫੇਰ ਵੀ ਪੰਜੇ (ਸ਼ਬਦ, ਸਪਰਸ਼, ਰੂਪ, ਰਸ, ਗੰਧ) ਦੋਸ਼ਾਂ (ਵਿਸ਼ਿਆਂ) ਤੋਂ ਰਹਿਤ ਹਨ ਅਤੇ ਸਹਜ = ਸੁਤੇ-ਸਿਧ ਹੀ ਗਿਆਨ, ਅਚੱਲ ਸੁਖ ਅਤੇ ਸੰਤੋਖ ਦੇ ਸਹਿਤ ਹੁੰਦੇ ਹਨ ਅਤੇ ਹੋਰਨਾਂ ਵਿਸ਼ਿਆਂ ਤੋਂ ਵੀ ਅਛੋਤ = ਅਛੋਹ ਹਨ, ਭਾਵ ਗੁਰਮੁਖ ਜਨਾਂ ਉੱਪਰ ਵਿਸ਼ੇ ਜ਼ੋਰ ਨਹੀਂ ਪਾ ਸਕਦੇ॥੧੯੮॥

ਨਿਹਫਲ ਜਿਹਬਾ ਹੈ ਸਬਦ ਸੁਆਦ ਹੀਨ;
ਨਿਹਫਲ ਸੁਰਤਿ ਨ ਅਨਹਦ ਨਾਦ ਹੈ॥

ਉਹ ਜਿਹਬਾ = ਰਸਨਾ ਨਿਹਫਲ = ਨਿਸਫਲ ਹੈ, ਜੋ ਗੁਰ ਸਬਦ = ਉਪਦੇਸ਼ ਦੇ ਸੁਆਦ ਤੋਂ ਹੀਨ = ਰਹਿਤ ਹੈ ਜਾਂ ਗੁਰ-ਉਪਦੇਸ਼ ਦੁਆਰਾ ਨਾਮ ਰਸ ਦੇ ਸੁਆਦ ਤੋਂ ਹੀਣੀ ਹੈ, ਉਹ ਸੁਰਤਿ = ਕੰਨ ਵੀ ਨਿਹਫਲ = ਨਿਸਫਲ ਹਨ ਜਿਨ੍ਹਾਂ ਨੇ ਅਨਹਦ = ਹੱਦ ਤੋਂ ਰਹਿਤ, ਇਕ-ਰਸ ਗੁਰ-ਉਪਦੇਸ਼ ਨਾਮ ਰੂਪੀ ਨਾਦ = ਧੁਨੀ ਨੂੰ ਸੁਣਿਆ ਨਹੀਂ ਹੈ। ਜੈਸਾ ਕਿ :

ਧ੍ਰਿਗ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ॥

(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੧੦)

ਨਿਹਫਲ ਦ੍ਰਿਸਟਿ ਨ ਆਪਾ ਆਪ ਦੇਖੀਅਤਿ;
ਨਿਹਫਲ ਸੁਆਸ ਨਹੀ ਬਾਸੁ ਪਰਮਾਦਿ ਹੈ॥

ਉਹ ਨੇਤਰਾਂ ਦੀ ਦ੍ਰਿਸਟਿ = ਨਿਗ੍ਹਾ ਵੀ ਨਿਹਫਲ = ਬੇਅਰਥ ਹੈ ਜੋ ਸਭਨਾਂ ਨੂੰ ਆਪਾ = ਆਪਣਾ ਆਪ

ਰੂਪ ਕਰਕੇ ਨ = ਨਹੀਂ ਦੇਖੀਅਤਿ = ਦੇਖਣਾ ਕਰਦੀ, ਭਾਵ ਜਿਹੜੇ ਨੇਤਰ ਗੁਰਾਂ, ਸਤਿਸੰਗਤ ਦੇ ਦਰਸ਼ਨ ਨਹੀਂ ਕਰਦੇ, ਉਹ ਬੇਅਰਥ ਹਨ ਜਾਂ ਬਾਹਰਲੇ ਸੰਸਾਰਕ ਪਸਾਰੇ ਵਿਚ ਪਰਵਿਰਤ ਹਨ, ਅੰਤਰਮੁਖ ਹੋ ਕੇ ਜੋਤੀ ਸਰੂਪ ਦੇ ਵਿਚ ਲਿਵਲੀਨ ਨਹੀਂ ਹੁੰਦੇ। ਜੈਸਾ ਕਿ :

ਧ੍ਰਿਗੁ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ॥ *(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੧੦)*

ਅਤੇ ਉਹ ਪੁਨਾ ਪੁਨਾ ਸੁਆਸ ਆਉਂਦੇ ਵੀ ਨਿਹਫਲ = ਬੇਅਰਥ ਹਨ, ਜੋ ਭਗਤੀ ਰੂਪ ਬਾਸੁ = ਵਾਸ਼ਨਾ ਦਾ ਪਰਮਾਦਿ = ਮਾਇਆ ਆਦਿਕ ਤੋਂ ਪਹਿਲੇ ਦਾ ਸੁਖ ਨਹੀਂ ਲੈਂਦੇ ਹੈ = ਹਨ **ਵਾ:** ਪਰਮਾਦਿ = ਸਭਨਾਂ ਦੇ ਮੁੱਢ ਰੂਪ ਪਰਮੇਸ਼ਰ ਦੇ ਨਾਮ ਦੀ ਬਾਸੁ = ਸੁਗੰਧੀ ਨਹੀਂ ਲੈਂਦੇ ਹਨ।

ਨਿਹਫਲ ਕਰ ਗੁਰ ਪਾਰਸ ਪਰਸ ਬਿਨੁ;
ਗੁਰਮੁਖਿ ਮਾਰਗ ਬਿਹੂਨ ਪਗ ਬਾਦਿ ਹੈ॥

ਉਹ ਕਰ = ਹੱਥ ਨਿਹਫਲ = ਬੇਅਰਥ ਹਨ, ਜਿਹੜੇ ਗੁਰ = ਸਤਿਗੁਰਾਂ ਦੇ ਪਾਰਸ ਰੂਪ ਚਰਨਾਂ ਦੇ ਪਰਸ = ਛੂਹਣ ਤੋਂ ਬਿਨੁ = ਬ਼ਗ਼ੈਰ ਹਨ, ਉਹ ਪਗ = ਪੈਰ ਵੀ ਬਾਦਿ = ਬੇਅਰਥ ਹੈ = ਹਨ, ਜਿਹੜੇ ਗੁਰਮਖਿ = ਮੁਖੀ ਗੁਰਾਂ ਦੇ ਸਤਿਸੰਗਤ ਰੂਪੀ ਮਾਰਗ = ਰਸਤੇ ਉੱਪਰ ਚੱਲਣ ਤੋਂ ਬਿਹੂਨ = ਬ਼ਗ਼ੈਰ ਹਨ। ਜੈਸਾ ਕਿ :

ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ। *(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੧੦)*

ਧ੍ਰਿਗੁ ਸਿਰੁ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ। *(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੧੦)*

ਗੁਰਮੁਖਿ ਅੰਗ ਅੰਗ ਪੰਗ ਸਰਬੰਗ ਲਿਵ;
ਦ੍ਰਿਸਟਿ ਸੁਰਤਿ ਸਾਧ ਸੰਗਤਿ ਪ੍ਰਸਾਦਿ ਹੈ॥੧੯੬॥

(ਪਾਠਾਂਤ੍ਰ 'ਸਬਦ ਸੁਰਤਿ')

ਸਾਧ ਸੰਗਤਿ = ਸਤਿ ਸੰਗਤ **ਵਾ:** ਸਾਧ = ਸ੍ਰੇਸ਼ਟ ਗੁਰਾਂ, ਸੰਤ ਜਨਾਂ ਦੀ ਸੰਗਤ ਦੀ ਪ੍ਰਸਾਦਿ = ਕਿਰਪਾ ਕਰਕੇ ਗੁਰਮੁਖਾਂ ਦੇ ਅੰਗ ਅੰਗ ਭਾਵ ਸਾਰੇ ਸਰੀਰ ਦੇ ਅੰਗ ਕੁਸੰਗਤ ਰੂਪ ਪੰਗ = ਪਿੰਗਲੇਪਨ ਵੱਲੋਂ ਰੁਕਣ ਕਰਕੇ ਸਫਲੇ ਹੋਏ ਹਨ **ਵਾ:** ਪੰਗ = ਸੁੱਧ, ਸਫਲੇ ਹੋਏ ਹਨ ਅਤੇ ਸਰਬੰਗ = ਸਾਰੇ ਦ੍ਰਿਸਟਿ = ਨੇਤਰ, ਸੁਰਤਿ = ਕੰਨ ਆਦਿ ਇੰਦਰੇ ਗੁਰੂ ਵੱਲ ਲਿਵ = ਬਿਰਤੀ ਲਾਈ ਰੱਖਦੇ ਹਨ ਅਰਥਾਤ ਗੁਰਮੁਖ ਜਨਾਂ ਦੇ ਸਾਰੇ ਇੰਦਰੇ ਇਸ ਵਾਸਤੇ ਸਫਲ ਹੋਏ ਹਨ ਕਿ ਸਤਿਸੰਗਤ ਵਿਚ ਜਾ ਕੇ ਨਾਮ ਨਾਲ ਪ੍ਰੀਤੀ ਕਰਦੇ ਹਨ॥੧੯੬॥

ਪਸੂਆ ਮਾਨੁਖ ਦੇਹ ਅੰਤਰਿ ਅੰਤਰੁ ਇਹੈ;
ਸਬਦ ਸੁਰਤਿ ਕੋ ਬਿਬੇਕ ਅਬਿਬੇਕ ਹੈ॥

ਪਸੂਆ = ਡੰਗਰ ਅਤੇ ਮਾਨੁਖ = ਆਦਮੀ ਦੀ ਦੇਹ = ਕਾਂਇਆ ਅੰਤਰਿ = ਵਿਚ ਇਹੈ = ਇਹੋ ਅੰਤਰੁ = ਭੇਦ ਹੈ ਕਿ ਆਦਮੀ ਨੂੰ ਸਬਦ ਦੀ ਸੁਰਤਿ = ਗਿਆਤ ਕੋ = ਦਾ ਬਿਬੇਕ = ਵਿਚਾਰ ਹੈ, ਭਾਵ ਸ਼ਬਦ ਨੂੰ ਠੀਕ ਸੁਣਨ ਦਾ ਵਿਚਾਰ ਹੈ ਜਾਂ ਮਾੜਾ ਚੰਗਾ ਕੰਮ ਸੁਣ ਕੇ ਵਿਚਾਰ ਕਰਦਾ ਹੈ ਅਤੇ ਪਸ਼ੂ ਅਬਿਬੇਕ = ਵਿਚਾਰ ਤੋਂ ਰਹਿਤ ਹੁੰਦਾ ਹੈ ਭਾਵ ਪਸ਼ੂ ਮਾੜਾ ਚੰਗਾ ਨਹੀਂ ਸਮਝ ਸਕਦਾ ਕਿ ਇਹ ਚੰਗਾ ਹੈ ਜਾਂ ਮਾੜਾ ਹੈ।

ਪਸੁ ਹਰਿਆਉ ਕਹਿਓ ਸੁਨਿਓ ਅਨਸੁਨਿਓ ਕਰੈ;
ਮਾਨਸ ਜਨਮ ਉਪਦੇਸ ਰਿਦੈ ਟੇਕ ਹੈ॥

ਜਿਵੇਂ ਪਸੂ = ਡੰਗਰ ਹਰਿਆਉ = ਹਰੇ ਖੇਤ ਨੂੰ ਵੇਖ ਕੇ ਉਸ ਵਿਚ ਵੜ ਜਾਂਦਾ ਹੈ ਅਤੇ ਖੇਤ ਦੇ ਮਾਲਕ ਦੇ ਕਹਿਓ = ਕਹੇ ਹੋਏ ਬੋਲਾਂ (ਅਵਾਜ਼ਾਂ) ਨੂੰ ਸੁਨਿਓ = ਸੁਣ ਕੇ ਅਨਸੁਨਿਓ = ਅਣਸੁਣਿਆ ਕਰੈ = ਕਰ ਦਿੰਦਾ ਹੈ ਪਰੰਤੂ ਮਾਨਸ = ਮਨੁੱਖਾ ਜਨਮ ਵਿਚ ਡੰਗਰ ਨਾਲੋਂ ਇਹ ਵਾਧਾ ਹੈ ਕਿ ਇਹ ਗੁਰ ਉਪਦੇਸ = ਸਿੱਖਿਆ ਨੂੰ ਸੁਣ ਕੇ ਗੁਰ ਸਿੱਖਿਆ ਦੀ ਰਿਦੈ = ਹਿਰਦੇ ਵਿਚ ਟੇਕ = ਓਟ ਲੈ ਲੈਂਦਾ ਹੈ।

ਪਸੂਆ ਸਬਦ ਹੀਨ ਜਿਹਬਾ ਨ ਬੋਲਿ ਸਕੈ;
ਮਾਨਸ ਜਨਮ ਬੋਲੈ ਬਚਨ ਅਨੇਕ ਹੈ॥

ਪਸੂਆ = ਡੰਗਰ ਦੀ ਜੀਭ ਸ਼ਬਦ ਦੀ ਸੁਣਾਈ ਦੇ ਵਿਚਾਰ ਤੋਂ ਹੀਨ = ਰਹਿਤ ਹੋਣ ਕਰਕੇ ਜਿਹਬਾ = ਰਸਨਾ ਕਰਕੇ ਕੋਈ ਬਚਨ ਬੋਲ ਨ = ਨਹੀਂ ਸਕੈ = ਸਕਦਾ, ਪਰੰਤੂ ਮਾਨਸ = ਮਨੁੱਖਾ ਜਨਮ ਧਾਰਨ ਕਰਕੇ ਅਨੇਕ = ਬੇਅੰਤ ਬਚਨ = ਸ਼ਬਦ ਬੋਲੈ = ਬੋਲ ਸਕਦਾ ਹੈ।

ਸਬਦ ਸੁਰਤਿ ਸੁਨਿ ਸਮਝਿ ਬੋਲੈ ਬਿਬੇਕੀ;
ਨਾਤਰੁ ਅਚੇਤ ਪਸੁ ਪ੍ਰੇਤ ਹੂੰ ਮੈ ਏਕ ਹੈ॥੨੦੦॥

ਗੁਰ ਸਬਦ = ਉਪਦੇਸ਼ ਨੂੰ ਸੁਰਤਿ = ਕੰਨਾਂ ਨਾਲ ਪਹਿਲਾਂ ਸੁਨਿ = ਸੁਣਨਾ ਕਰੇ, ਫੇਰ ਉਹੋ ਉਪਦੇਸ਼ ਨੂੰ ਸਮਝ ਕੇ ਤੇ ਬਿਬੇਕੀ = ਵਿਚਾਰ ਵਾਲਾ ਹੋ ਕੇ ਬੋਲੈ = ਬੋਲਣਾ ਕਰੇ ਅਰਥਾਤ ਗੁਰ-ਉਪਦੇਸ਼ ਨੂੰ ਪ੍ਰੇਮ ਨਾਲ ਸੁਣੇ, ਫੇਰ ਸਮਝ ਕੇ ਅੱਗੇ ਹੋਰਨਾਂ ਜਗਿਆਸੂਆਂ ਨੂੰ ਬੋਲ ਕੇ ਸਮਝਾਉਣਾ ਕਰੇ। ਜੇਕਰ ਐਸੇ ਗੁਣਾਂ ਦੇ ਸੰਮਿਲਤ ਪੁਰਖ ਹੈ ਤਾਂ ਉਹ ਮਨੁੱਖ ਕਹਾਉਣ ਦੇ ਯੋਗ ਹੈ, ਨਾਤਰੁ = ਨਹੀਂ ਤਾਂ ਉਹ ਅਚੇਤ = ਅਗਿਆਤ, ਬੇਸਮਝ ਪਸੁ = ਡੰਗਰ ਨਾਲੋਂ ਹੂੰ = ਵੀ ਭੈੜੀ ਜੂਨੀ ਪ੍ਰੇਤ = ਭੂਤਾਂ ਆਦਿ ਮੈ = ਵਿੱਚੋਂ ਇਕ ਭੂਤਾਂ ਦੇ ਤੁਲ ਹੈ ਭਾਵ ਐਸਾ ਮਨੁੱਖ ਪਸ਼ੂਆਂ ਨਾਲੋਂ ਵੀ ਮਾੜਾ ਹੈ॥੨੦੦॥ ਜੈਸਾ ਕਿ :

ਚਿਰੰਕਾਲ ਪਾਈ ਦੁਲਭ ਦੇਹ॥ ਨਾਮ ਬਿਹੂਣੀ ਹੋਈ ਖੇਹ॥
ਪਸੂ ਪਰੇਤ ਮੁਗਧ ਤੇ ਬੁਰੀ॥ ਤਿਸਹਿ ਨ ਬੂਝੈ ਜਿਨਿ ਏਹ ਸਿਰੀ॥੩॥ *(ਰਾਮਕਲੀ ਮਃ ੪, ਅੰਗ ੮੯੦)*

ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ॥ *(ਗੂਜਰੀ ਕੀ ਵਾਰ ਮਃ ੩, ਅੰਗ ੫੧੩)*

ਸਬਦ ਸੁਰਤਿ ਹੀਨ ਪਸੂਆ ਪਵਿਤ੍ਰ ਦੇਹ;
ਖੜ ਖਾਏ ਅੰਮ੍ਰਿਤ ਪ੍ਰਵਾਹ ਕੋ ਸੁਆਉ ਹੈ॥

ਮਨੁੱਖ ਗੁਰ ਸਬਦ = ਉਪਦੇਸ਼ ਦੀ ਸੁਰਤਿ = ਸੁਰਤੋਂ ਹੀਨ = ਰਹਿਤ ਹੈ ਇਸ ਲਈ ਪਸੂਆ = ਡੰਗਰਾਂ ਦੀ ਦੇਹ = ਕਾਂਇਆ ਮਨੁੱਖਾਂ ਨਾਲੋਂ ਚੰਗੀ ਹੈ ਭਾਵ ਜੋ ਮਨੁੱਖਾ ਜਨਮ ਪਾ ਕੇ ਗੁਰ-ਉਪਦੇਸ਼ ਨੂੰ ਚਿੱਤ ਵਿਚ ਨਹੀਂ ਵਸਾਉਂਦਾ, ਉਸ ਨਾਲੋਂ ਡੰਗਰ ਚੰਗੇ ਹਨ ਕਿਉਂਕਿ ਪਸ਼ੂ ਖੜ = ਖਲ੍ਹ, (ਜੋ ਵੜੇਵਿਆਂ ਜਾਂ ਸਰ੍ਹੋਂ ਤੋਂ ਬਣਦੀ ਹੈ) ਘਾਹ ਆਦਿ ਖਾਏ = ਖਾ ਕੇ ਅੰਮ੍ਰਿਤ ਵਤ ਦੁੱਧ ਦੇ ਪ੍ਰਵਾਹ ਕੋ = ਦਾ ਸੁਆਉ = ਪ੍ਰਯੋਜਨ ਹੈ **ਵਾ:** ਅੰਮ੍ਰਿਤ ਵਤ ਦੁੱਧ ਦੇ ਸੁਆਉ = ਸੁਆਦਿਕ ਪ੍ਰਵਾਹ ਨੂੰ ਵਗਾਉਂਦਾ ਹੈ। ਜੈਸਾ ਕਿ :

ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਨ ਕਰਮ ਕਰੇਹਿ॥ *(ਅੰਗ ੪੯੯)*

ਗੋਬਰ ਗੌ-ਮੂਤ੍ਰ ਸੂਤ੍ਰ ਪਰਮ ਪਵਿਤ੍ਰ ਭਏ;
ਮਾਨਸ ਦੇਹੀ ਨਿਖਿਧ ਅੰਮ੍ਰਿਤ ਅਪਿਆਉ ਹੈ॥

ਅੱਗੇ ਪਸ਼ੂਆਂ ਦੀ ਚੰਗਿਆਈ ਬਾਬਤ ਹੋਰ ਦੱਸਦੇ ਹਨ ਕਿ ਜਿਨ੍ਹਾਂ ਪਸ਼ੂਆਂ ਦਾ ਗੋਬਰ = ਗੋਹਾ ਅਤੇ ਗੌ = ਗਊ ਦਾ ਮੂਤ੍ਰ = ਪਿਸ਼ਾਬ ਬਹੁਤ ਚੰਗੀ ਸੂਤ੍ਰ = ਰੀਤੀ ਨਾਲ ਹਿੰਦੂ ਲੋਕ ਪਰਮ = ਬਹੁਤ ਪਵਿੱਤ੍ਰ = ਸ਼ੁੱਧ ਭਏ = ਹੋਇਆ ਮੰਨਦੇ ਹਨ ਅਰਥਾਤ ਹਿੰਦੂ ਘਰ ਵਿਚ ਗੋਹੇ ਦਾ ਪੋਚਾ ਲਾ ਕੇ ਅਤੇ ਗਊ ਮੂਤਰ ਪੀ ਕੇ ਆਖਦੇ ਹਨ ਕਿ ਅਸੀਂ ਬਹੁਤ ਸ਼ੁੱਧ ਹੋ ਗਏ ਹਾਂ। ਇਸ ਪ੍ਰਕਾਰ ਪਸ਼ੂ ਆਪਣੇ ਆਪ ਵਿਚ ਬਹੁਤ ਪਵਿੱਤਰ ਹਨ ਕਿਉਂਕਿ ਉਨ੍ਹਾਂ ਦਾ ਗੋਹਾ ਮੂਤਰ ਵੀ ਕੰਮ ਆ ਜਾਂਦਾ ਹੈ ਅਤੇ ਮਾਨਸ = ਮਨੁੱਖ ਦੀ ਦੇਹੀ = ਕਾਂਇਆ ਨਿਖਿਧ = ਭੈੜੀ ਹੈ ਕਿਉਂਕਿ ਮਨੁੱਖ ਗਊ ਆਦਿ ਦਾ ਅੰਮ੍ਰਿਤ ਵਤ ਦੁੱਧ ਦਾ ਅਪਿਆਉ = ਭੋਜਨ ਕਰ ਕੇ ਭਾਵ ਦੁੱਧ ਨੂੰ ਪੀ ਕੇ ਵਿਸ਼ਟਾ ਤੇ ਅਪਵਿੱਤਰ ਮੂਤਰ ਕਰ ਦਿੰਦਾ ਹੈ **ਵਾ:** ਪਰੰਤੂ ਮਨੁੱਖਾ ਦੇਹੀ ਧਾਰੀ ਨਾਮ ਅੰਮ੍ਰਿਤ ਨੂੰ ਪੀਣ ਦੇ ਅਧਿਕਾਰ ਮਾਨਣੋਂ ਵੰਚਿਤ ਹੋਇਆ ਹੋਣ ਕਰਕੇ ਪਸ਼ੂਆਂ ਨਾਲੋਂ ਨਿੰਦਣ ਯੋਗ ਸਮਝਿਆ ਜਾਂਦਾ ਹੈ।

ਬਚਨ ਬਿਬੇਕ ਟੇਕ ਸਾਧਨ ਕੈ ਸਾਧ ਭਏ;
ਅਧਮ ਅਸਾਧ ਖਲ ਬਚਨ ਦੁਰਾਉ ਹੈ॥

(ਪਾਠਾਂਤ੍ਰ 'ਚਰਨ')

ਬਿਬੇਕ = ਵਿਚਾਰਵਾਨ ਪੁਰਖ ਗੁਰਾਂ ਦੇ ਬਚਨ = ਉਪਦੇਸ਼ ਦੀ **ਵਾ:** ਚਰਨਾਂ ਦੀ ਟੇਕ = ਓਟ ਲੈ ਕੇ ਪ੍ਰਭੂ ਪ੍ਰਾਪਤੀ ਵਾਲੇ ਸਾਧਨ ਕਰਦੇ ਹਨ ਅਤੇ ਉਨ੍ਹਾਂ ਸਾਧਨਾਂ ਕੈ = ਕਰਕੇ ਉਹ ਸਾਧ = ਸ੍ਰੇਸ਼ਟ ਪੁਰਖ ਭਏ = ਹੋਏ ਹਨ ਅਤੇ ਜਿਨ੍ਹਾਂ ਅਧਮ = ਪਾਪੀ ਅਸਾਧ = ਅਸੰਤਾਂ ਤੇ ਖਲ = ਮੂਰਖਾਂ ਨੇ ਗੁਰਾਂ ਦੇ ਬਚਨ = ਉਪਦੇਸ਼ ਨੂੰ ਦੁਰਾਉ = ਦੂਰ ਕੀਤਾ ਹੈ ਭਾਵ ਰਿਦੇ ਵਿਚ ਧਾਰਨ ਨਹੀਂ ਕੀਤਾ, ਉਹ ਮਨਮੁਖ ਬਣ ਗਏ ਹਨ **ਵਾ:** ਜਿਹੜੇ ਗੁਰਾਂ ਦੇ ਬਚਨ = ਉਪਦੇਸ਼ ਤੋਂ ਦੁਰਾਉ = ਦੂਰ ਰਹਿੰਦੇ ਹਨ, ਉਨ੍ਹਾਂ ਪੁਰਖਾਂ ਨੂੰ ਅਧਮ = ਨੀਚ, ਅਸਾਧ = ਭੈੜੇ ਤੇ ਖਲ = ਮੂਰਖ ਆਖਿਆ ਜਾਂਦਾ ਹੈ।

ਰਸਨਾ ਅੰਮ੍ਰਿਤ ਰਸ ਰਸਿਕ ਰਸਾਇਨ ਹੁਇ;
ਮਾਨਸ ਬਿਖੈ ਧਰ ਬਿਖਮ ਬਿਖੁ ਤਾਉ ਹੈ॥੨੦੧॥

ਗੁਰ ਉਪਦੇਸ਼ **ਵਾ:** ਗੁਰਾਂ ਦੇ ਚਰਨਾਂ ਦੀ ਓਟ ਲੈਣ ਵਾਲੇ ਸ੍ਰੇਸ਼ਟ ਪੁਰਖ ਸੰਤਾਂ ਦੀ ਰਸਨਾ = ਜਿਹਬਾ ਅੰਮ੍ਰਿਤ ਰਸ ਭਾਵ ਅੰਮ੍ਰਿਤ ਵਤ ਮਿੱਠੇ ਤੇ ਰਸ ਭਰੇ ਬਚਨ ਬੋਲਣ ਦੀ ਰਸਿਕ = ਰਸੀ, ਪ੍ਰੇਮਣ ਬਣ ਕੇ ਰਸਾਇਨ (ਰਸ + ਆਇਨ) ਰਸ = ਰਸਾਂ ਦੀ ਆਇਨ = ਘਰ ਬਣੀ ਰਹਿੰਦੀ ਹੈ ਅਤੇ ਜਿਹੜੇ ਪੁਰਖ ਗੁਰ-ਉਪਦੇਸ਼ ਤੋਂ ਦੂਰ ਰਹਿੰਦੇ ਹਨ, ਉਨ੍ਹਾਂ ਮਾਨਸ = ਪੁਰਖਾਂ ਦੀ ਰਸਨਾ ਦਾ ਬਿਖੈ = ਜ਼ਹਿਰ ਦੇ ਧਰ = ਧਾਰਨ ਵਾਲੇ ਸੱਪ ਦੀ ਬਿਖੁ = ਜ਼ਹਿਰ ਵਾਂਗ ਬਿਖਮ = ਕਠਿਨ, ਕੌੜਾ ਡੰਗ ਤੇ ਤਾਉ = ਸੇਕ, ਦੁੱਖ ਹੈ ਭਾਵ ਮਨਮੁਖ ਪੁਰਖ ਸੱਪ ਵਾਂਗ ਰਸਨਾ ਨਾਲ ਜ਼ਹਿਰ ਵਤ ਕੌੜੇ ਸ਼ਬਦ ਬੋਲ ਕੇ ਦੂਸਰੇ ਦੇ ਹਿਰਦੇ ਨੂੰ ਸਾੜ ਸੁੱਟਦੇ ਹਨ॥੨੦੧॥

ਪਸੂ ਖੜ ਖਾਤ ਖਲ ਸਬਦ ਸੁਰਤਿ ਹੀਨ;
ਮੋਨ ਕੋ ਮਹਾਤਮ ਪੈ ਅੰਮ੍ਰਿਤ ਪ੍ਰਵਾਹ ਜੀ॥

ਪਸੂ = ਡੰਗਰ ਖੜ = ਘਾਹ ਤੇ ਤੇਲ ਤੋਂ ਰਹਿਤ ਸਰ੍ਹੋਂ ਆਦਿ ਦਾ ਫੋਕ ਰੂਪ ਖਲ੍ਹ ਆਦਿ ਖਾਤ = ਖਾ ਕੇ ਸ਼ਬਦ ਦੀ ਸੁਰਤਿ = ਸ੍ਰੋਤ ਤੋਂ ਹੀਨ = ਰਹਿਤ ਹੁੰਦਾ ਹੈ, ਉਸ ਦੇ ਮੋਨ = ਚੁੱਪ ਰਹਿਣ ਕੋ = ਦਾ ਇਹ ਮਹਾਤਮ = ਫਲ ਹੁੰਦਾ ਹੈ ਕਿ ਉਹ ਅੰਮ੍ਰਿਤ ਵਤ ਸੁਆਦ ਵਾਲੇ ਪੈ = ਦੁੱਧ ਦਾ ਪ੍ਰਵਾਹ = ਵਹਾ ਚਲਾ ਦਿੰਦਾ ਹੈ ਅਰਥਾਤ ਪਸ਼ੂ ਘਾਹ ਤੇ ਖਲ੍ਹ ਆਦਿ ਖਾ ਕੇ ਅੰਮ੍ਰਿਤ ਵਰਗਾ ਦੁੱਧ ਦਿੰਦਾ ਹੈ ਜੀ।

ਨਾਨਾ ਮਿਸਟਾਨ ਖਾਨ ਪਾਨ ਮਾਨਸ ਮੁਖ;
ਰਸਨਾ ਰਸੀਲੀ ਹੋਇ ਸੋਈ ਭਲੀ ਤਾਹਿ ਜੀ॥

ਮਨੁੱਖ ਨਾਨਾ = ਅਨੇਕ ਤਰ੍ਹਾਂ ਦੇ ਮਿਸਟਾਨ = ਮਿੱਠੇ ਮਿੱਠੇ ਮਠਿਆਈਆਂ ਆਦਿ ਪਦਾਰਥ ਖਾਨ = ਖਾਂਦਾ ਹੈ ਅਤੇ ਮਾਨਸ = ਮਨੁੱਖ ਮੁਖ = ਮੂੰਹ ਨਾਲ ਦੁੱਧ, ਸ਼ਰਬਤ ਆਦਿ ਮਿੱਠੇ ਪਦਾਰਥ ਪਾਨ = ਪੀਣਾ ਕਰਦਾ ਹੈ। ਜੇਕਰ ਮਨੁੱਖ ਦੀ ਮਿੱਠੇ ਪਦਾਰਥ ਖਾ-ਪੀ ਕੇ ਰਸਨਾ = ਜਿਹਬਾ ਰਸੀਲੀ = ਮਿੱਠੀ, ਪਿਆਰੀ ਹੋਇ = ਹੋ ਜਾਵੇ ਭਾਵ ਮਿੱਠੇ ਤੇ ਪਿਆਰੇ ਬਚਨ ਬੋਲਣ ਵਾਲੀ ਬਣ ਜਾਵੇ ਤਾਂ ਤਾਹਿ = ਉਸ ਮਨੁੱਖ ਵਾਸਤੇ ਸੋਈ = ਉਹੋ ਰਸਨਾ ਭਲੀ = ਚੰਗੀ ਹੈ ਜੀ।

ਬਚਨ ਬਿਬੇਕ ਟੇਕ ਮਾਨਸ ਜਨਮ ਫਲ;
ਬਚਨ ਬਿਹੂਨ ਪਸੂ ਪਰਮਿਤਿ ਆਹਿ ਜੀ॥

ਮਾਨਸ = ਮਨੁੱਖਾ ਜਨਮ ਦਾ ਫਲ ਇਹੋ ਹੈ ਕਿ ਬਿਬੇਕ = ਵਿਚਾਰ ਵਾਲੀ ਬਚਨ = ਬਾਣੀ ਦੀ ਟੇਕ = ਓਟ ਲੈ ਕੇ ਹਰ ਇਕ ਨੂੰ ਚੰਗੀ ਬਾਣੀ ਬੋਲੇ **ਵਾ:** ਬਾਣੀ ਨੂੰ ਵਿਚਾਰ ਕੇ ਬੋਲਣਾ ਕਰੇ **ਵਾ:** ਬਾਣੀ ਬ੍ਰਹਮ ਗਿਆਨ ਰੂਪੀ ਵਿਚਾਰਾਂ ਦੇ ਸਹਿਤ ਹੋਵੇ ਤੇ ਗੁਰਾਂ ਦੇ ਚਰਨਾਂ ਦੀ ਟੇਕ = ਓਟ ਰੱਖੇ ਤਾਂ ਮਨੁੱਖਾ ਜਨਮ ਸਫਲਾ ਹੈ। ਬਚਨ = ਬਾਣੀ ਵਿਚਾਰ ਦੀ ਓਟ ਲੈਣ ਤੋਂ ਬਿਹੂਨ = ਰਹਿਤ ਹੋਵੇ ਤਾਂ ਮਨੁੱਖ ਨੂੰ ਪਸੂ = ਡੰਗਰ ਦੀ ਪਰਮਿਤਿ = ਮਰਯਾਦਾ ਨਾਲੋਂ ਵੀ ਅੱਗੇ ਲੰਘਿਆ ਹੋਇਆ ਸਮਝਣਾ ਚਾਹੀਦਾ ਆਹਿ = ਹੈ ਜੀ ਭਾਵ ਪਸ਼ੂ ਤੋਂ ਵੀ ਵੱਧ ਪਸ਼ੂ ਹੈ।

ਅੱਗੇ ਕਥਨ ਕਰਦੇ ਹਨ :

ਮਾਨਸ ਜਨਮ ਗਤਿ ਬਚਨ ਬਿਬੇਕ ਹੀਨ;
ਬਿਖ-ਧਰ ਬਿਖਮ ਚਕਤ ਚਿਤ-ਚਾਹਿ ਜੀ॥੨੦੨॥

ਬਚਨ = ਬਾਣੀ ਦੀ ਬਿਬੇਕ = ਵਿਚਾਰ ਤੋਂ ਹੀਨ = ਰਹਿਤ ਮਾਨਸ = ਮਨੁੱਖਾ ਜਨਮ ਦੀ ਗਤਿ = ਦਸ਼ਾ ਬਿਖਮ = ਕਠਿਨ, ਭਿਆਨਕ ਬਿਖ = ਜ਼ਹਿਰ ਧਰ = ਧਾਰਨ ਵਾਲੇ ਸੱਪ ਵਾਂਗ ਹੁੰਦੀ ਹੈ ਜੋ ਚਿਤ = ਮਨ ਦੀਆਂ ਚਾਹਿ = ਚਾਹਨਾਂ ਰੂਪ ਜ਼ਹਿਰ ਨਾਲ ਚਕਤ = ਹੈਰਾਨ ਪਰੇਸ਼ਾਨ ਹੋਇਆ ਰਹਿੰਦਾ ਹੈ ਜੀ ਭਾਵ ਹਰ ਵਕਤ ਡਰਿਆ ਰਹਿੰਦਾ ਹੈ ਤੇ ਚੁਰਾਸੀ ਦੇ ਗੇੜ ਵਿਚ ਮੁੜ ਮੁੜ ਪੈਂਦਾ ਰਹਿੰਦਾ ਹੈ॥੨੦੨॥

ਅੱਗੇ ਭਾਈ ਸਾਹਿਬ ਜੀ ਮਨੁੱਖਾ ਜਨਮ ਨੂੰ ਤੇ ਸਾਰੇ ਅੰਗਾਂ ਨੂੰ ਸਫਲਾ ਕਰਨ ਬਾਬਤ ਕਥਨ ਕਰਦੇ ਹਨ :

ਦਰਸ ਧਿਆਨ ਬਿਰਹਾ ਬਿਆਪੈ ਦ੍ਰਿਗਨ ਹੁਇ;
ਸ੍ਰਵਨ ਬਿਰਹੁ ਬਿਆਪੈ ਮਧੁਰ ਬਚਨ ਕੈ ॥

ਗੁਰਾਂ ਦੇ ਦਰਸ = ਦੀਦਾਰ ਦੇ ਧਿਆਨ = ਖ਼ਿਆਲ ਦੇ ਅੰਦਰ ਦ੍ਰਿਗਨ = ਨੇਤਰਾਂ ਵਿਚ ਬਿਰਹਾ = ਵਿਛੋੜੇ ਦਾ ਪ੍ਰਭਾਵ ਬਿਆਪੈ = ਲੱਗਿਆ ਰਹਿੰਦਾ ਹੈ ਅਤੇ ਗੁਰਾਂ ਦੇ ਕਲਿਆਣ ਭਰੇ ਮਧੁਰ = ਮਿੱਠੇ ਬਚਨ = ਵਾਕਾਂ ਕੈ = ਦੇ ਸੁਣਨ ਤਾਈਂ ਸ੍ਰਵਨ = ਕੰਨਾਂ ਨੂੰ ਬਿਰਹੁ = ਵਿਛੋੜਾ ਬਿਆਪੈ = ਲੱਗਿਆ ਰਹਿੰਦਾ ਹੈ।

ਸੰਗਮ ਸਮਾਗਮ ਬਿਰਹੁ ਬਿਆਪੈ ਜਿਹਬਾ ਕੈ;
ਪਾਰਸ ਪਰਸ ਅੰਕਮਾਲ ਕੀ ਰਚਨ ਕੈ ॥

ਗੁਰੂ ਸਾਹਿਬ ਜੀ ਦੇ ਨਾਲ ਸੰਗਮ = ਮਿਲ ਕੇ ਤੇ ਸੰਗਤਾਂ ਨਾਲ ਸਮਾਗਮ = ਮਿਲ ਕੇ ਪ੍ਰਭੂ ਪ੍ਰਾਪਤੀ ਦੀ ਵਾਰਤਾ ਕਰਨ ਲਈ ਜਿਹਬਾ = ਰਸਨਾ ਕੈ = ਦੇ ਤਾਈਂ ਬਿਰਹੁ = ਵਿਛੋੜਾ ਬਿਆਪੈ = ਲੱਗਿਆ ਰਹਿੰਦਾ ਹੈ ਅਤੇ ਗੁਰਾਂ ਦੇ ਪਾਰਸ ਰੂਪ ਚਰਨਾਂ ਨੂੰ ਪਰਸ = ਸਪਰਸ਼ ਕਰਦਿਆਂ ਭਾਵ ਚਰਨਾਂ ਨੂੰ ਪਲੋਸਦਿਆਂ ਅੰਕਮਾਲ = ਮਾਲਾ ਦੇ ਅੰਗ ਭਾਵ ਸੀਨੇ ਨਾਲ ਚਰਨਾਂ ਨੂੰ ਰਚਨ-ਰਚਾਉਣ ਭਾਵ ਲਗਾਉਣ ਕੈ = ਦੇ ਤਾਈਂ ਵਿਛੋੜਾ ਲੱਗਿਆ ਰਹਿੰਦਾ ਹੈ।

ਸਿਹਜਾ ਗਵਨ ਬਿਰਹਾ ਬਿਆਪੈ ਚਰਨ ਹੁਇ;
ਪ੍ਰੇਮ ਰਸ ਬਿਰਹ ਸ੍ਰਬੰਗ ਹੁਇ ਸਚਨ ਕੈ ॥

ਸਿਹਜਾ = ਸੇਜਾ (ਸੌਣ ਦੇ ਵਕਤ) ਉੱਤੇ ਗਵਨ = ਜਾਣ ਸਮੇਂ ਭਾਵ ਸਤਿਗੁਰਾਂ ਦੇ ਨੇੜੇ ਜਾਣ ਦੀ ਇੱਛਾ, ਇਕਾਂਤ ਬਾਸੀ ਯਾਤਰਾ ਦੀ ਯਾਦ ਚਰਨ = ਪੈਰਾਂ ਵਿਚ ਬਿਰਹਾ = ਵਿਛੋੜੇ ਨੂੰ ਬਿਆਪੈ = ਵਿਆਪਤ ਕਰ ਰਹੀ ਹੈ ਅਤੇ ਗੁਰਾਂ ਦੇ ਸਮੀਪ ਜਾਣ ਦੀ ਇੱਛਾ ਕਾਰਨ ਪ੍ਰੇਮ ਰਸ ਦਾ ਬਿਰਹਾ = ਵਿਛੋੜਾ ਸ੍ਰਬੰਗ = ਸਾਰੇ ਅੰਗਾਂ ਨੂੰ ਸਚਨ = ਲੱਗ ਰਿਹਾ ਹੈ।

ਰੋਮ ਰੋਮ ਬਿਰਹ ਬ੍ਰਿਥਾ ਕੈ ਬਿਹਬਲ ਭਈ;
ਸਸਾ ਜਿਉ ਬਹੀਰ ਪੀਰ ਪ੍ਰਬਲ ਤਚਨ ਕੈ ॥੨੦੩॥

ਇਸ ਪ੍ਰਕਾਰ ਰੋਮ ਰੋਮ = ਵਾਲ ਵਾਲ ਭਾਵ ਸਰੀਰ ਦੀ ਸਾਰੀ ਰੋਮਾਵਲੀ ਵਿਚ ਗੁਰੂ ਦੇ ਬਿਰਹ = ਵਿਛੋੜੇ ਦੇ ਵਿਆਪਨ ਕੈ = ਕਰਕੇ ਗੁਰਮੁਖ ਜਨ ਦੀ (ਮੇਰੀ) ਬ੍ਰਿਥਾ = ਦਸ਼ਾ, ਹਾਲਤ ਬਿਹਬਲ = ਬੇਹਾਲ ਭਈ = ਹੋ ਰਹੀ ਹੈ, ਜਿਉ = ਜਿਵੇਂ ਸਸਾ = ਸਹੇ ਨੂੰ ਚਾਰੇ ਪਾਸਿਆਂ ਤੋਂ ਸ਼ਿਕਾਰੀਆਂ ਦਾ ਬਹੀਰ = ਝੁੰਡ ਇੱਕੋ ਵਾਰ ਹੀ ਆ ਕੇ ਪੈ ਜਾਵੇ ਤਾਂ ਨਿਕਲਣ ਵਾਸਤੇ ਕੋਈ ਪਾਸਾ ਨਾ ਸੁਝਦਾ ਵੇਖ ਕੇ ਉਸ ਨੂੰ ਪ੍ਰਬਲ = ਤੇਜ ਪੀਰ = ਪੀੜਾ ਕੈ = ਕਰਕੇ ਭਾਵ ਅਸਹਿ ਕਸ਼ਟ ਰੂਪ ਤਚਨ = ਤਾੜਨਾ ਕਰਦਾ ਹੈ॥੨੦੩॥

ਕਿੰਚਤ ਕਟਾਛ ਕ੍ਰਿਪਾ ਬਦਨ ਅਨੂਪ ਰੂਪ;
ਅਤਿ ਅਸਚਰਜ-ਮੈ ਨਾਇਕਾ ਕਹਾਈ ਹੈ ॥

ਉਪਰੋਕਤ ਵਿਛੋੜੇ ਵਾਲੇ ਜਗਿਆਸੂ ਉੱਪਰ ਜਦ ਗੁਰੂ ਸਾਹਿਬ ਜੀ ਕਿੰਚਤ = ਥੋੜ੍ਹੇ ਮਾਤਰ

ਕ੍ਰਿਪਾ = ਮਿਹਰ ਭਰੀ ਕਟਾਛ = ਦ੍ਰਿਸ਼ਟੀ ਨਾਲ ਤੱਕਣਾ ਕਰਦੇ ਹਨ ਤਾਂ ਉਸ ਦੇ ਬਦਨ = ਮੁਖ (ਚਿਹਰੇ) ਉੱਤੇ ਅਤਿ = ਅਤਿਸ਼ੈ ਕਰਕੇ ਅਸਚਰਜ-ਮੈ = ਵਿਸਮਾਦ ਸਰੂਪ ਤੇ ਅਨੂਪ = ਉਪਮਾ ਤੋਂ ਰਹਿਤ ਰੂਪ ਚਮਕ ਪ੍ਰਗਟ ਹੋ ਪੈਂਦੀ ਹੈ, ਜਿਸ ਕਰਕੇ ਉਹ ਸਾਰੇ ਸਿੱਖਾਂ ਦਾ ਨਾਇਕਾ = ਸ਼੍ਰੋਮਣੀ ਕਹਾਈ = ਕਹਾਉਣ ਲੱਗ ਪੈਂਦਾ ਹੈ, ਭਾਵ ਜਗਿਆਸੂ ਗੁਰ-ਉਪਦੇਸ਼ ਲੈ ਕੇ ਸਿੱਖ ਬਣਦਾ ਹੈ ਫੇਰ ਗੁਰ-ਉਪਦੇਸ਼ ਦੀ ਕਮਾਈ ਕਰ ਕੇ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਦਾ ਹੈ ਅਤੇ ਪੁਨਾ ਹੋਰਨਾਂ ਨੂੰ ਗਿਆਨ ਦੇਣ ਦੇ ਸਮਰੱਥ ਹੋਣ ਕਰਕੇ ਨਾਮੀ ਸਿੱਖ ਸੇਵਕਾਂ ਦਾ ਮੁਖੀ ਅਖਵਾਉਣ ਲੱਗ ਜਾਂਦਾ ਹੈ।

ਹੁਣ ਅੱਗੇ ਰੂਪਕ ਅਲੰਕਾਰ ਦੁਆਰਾ ਕਥਨ ਕਰਦੇ ਹਨ :

ਲੋਚਨ ਕੀ ਪੁਤਰੀ ਮੈ ਤਨਕ ਤਾਰਕਾ ਸਿਆਮ;
ਤਾ ਕੋ ਪ੍ਰਤਿਬਿੰਬ ਤਿਲ ਬਨਿਤਾ ਬਨਾਈ ਹੈ॥

('ਪੁਤਰੀ' ਪੋਲਾ ਬੋਲੋ)

ਜਗਿਆਸੂ ਰੂਪੀ ਬਨਿਤਾ = ਇਸਤਰੀ ਦਾ ਗੁਰੂ ਰੂਪ ਪਤੀ ਦੇ ਨਾਲ ਪ੍ਰੇਮ ਦਾ ਵਰਣਨ ਹੈ ਕਿ ਗੁਰੂ ਰੂਪ ਪਤੀ ਦੇ ਨਾਲ ਰਹਿਣ ਵਾਲੀ ਤੇ ਪ੍ਰੇਮ ਦਾ ਨਿਵਾਸ ਅਸਥਾਨ ਹੋਣ ਕਾਰਨ ਗੁਰੂ ਸਰੂਪ ਨੇ ਲੋਚਨ = ਨੇਤਰਾਂ ਕੀ = ਦੀ ਪੁਤਰੀ = ਪੁਤਲੀ ਮੈ = ਵਿਚ ਸਿਆਮ = ਕਾਲੇ ਰੰਗ ਦੀ ਤਨਕ = ਥੋੜ੍ਹੀ ਜਿਹੀ ਤਾਰਕਾ = ਧੀਰੀ ਦੇ ਪ੍ਰਤਿਬਿੰਬ = ਪਰਛਾਵੇਂ ਨੂੰ ਤਿਲ = ਥੋੜ੍ਹੀ ਜਿਹੀ ਭਾਵ ਬਿੰਦੀ ਦੇ ਸਮਾਨ ਬਣਾ ਕੇ ਰੱਖਿਆ ਹੈ ਭਾਵ ਨੇਤਰਾਂ ਦੀਆਂ ਪੁਤਲੀਆਂ ਤੋਂ ਪਰੇ ਪਿੱਛੇ ਜੋ ਉਲਟਵਾਂ ਪ੍ਰਕਾਸ਼, ਪ੍ਰਕਾਸ਼ ਦਾ ਸੋਮਾ ਅੰਦਰ ਹੈ, ਗੁਰਮੁਖ ਜਨ ਉਸ ਦੀ ਬਿੰਦੀ ਬਣਾਈ ਰੱਖਦਾ ਹੈ ਭਾਵ ਗੁਰੂ ਸਾਹਿਬ ਜੀ ਦੀ ਅਤਿਅੰਤ ਖ਼ੁਸ਼ੀ ਲੈਣ ਲਈ ਹਮੇਸ਼ਾਂ ਹੀ ਗੁਰੂ ਧਿਆਨ ਵਿਚ ਇਸਥਿਤ ਰਹਿੰਦਾ ਹੈ।

ਕੋਟਿਨ ਕੋਟਾਨਿ ਛਬਿ ਤਿਲ ਛਿਪਤ ਛਾਹ;
ਕੋਟਿਨ ਕੋਟਾਨਿ ਸੋਭ ਲੋਭ ਲਲਚਾਈ ਹੈ॥

ਕੋਟਿਨ ਕੋਟਾਨਿ = ਕਰੋੜਾਂ ਹੀ ਕਰੋੜਾਂ ਛਬਿ = ਸੁੰਦਰਤਾਵਾਂ ਉਸ ਤਿਲ ਦੀ ਛਾਹ = ਛਾਇਆ ਵਿਚ ਛਿਪਤ = ਲੁਕੀਆਂ ਰਹਿੰਦੀਆਂ ਹਨ ਅਤੇ ਕੋਟਿਨ ਕੋਟਾਨਿ = ਕਰੋੜਾਂ ਹੀ ਕਰੋੜਾਂ ਖੰਡਾਂ ਬ੍ਰਹਿਮੰਡਾਂ ਦੀ ਸੋਭ = ਉਪਮਾ ਉਸ ਤਿਲ ਦੀ ਉਪਮਾ ਤੋਂ ਸੁਭਾਇਮਾਨ ਹੋਣ ਲਈ ਲੋਭ = ਲਾਲਚ, ਲੁਭਿਤ ਹੋ ਕੇ ਲਲਚਾਈ = ਲਲਚਾਉਣਾ ਕਰਦੀਆਂ ਹੈ = ਹਨ।

ਕੋਟਿ ਬ੍ਰਹਮੰਡ ਕੇ ਨਾਇਕ ਕੀ ਨਾਇਕਾ ਭਈ;
ਤਿਲ ਕੇ ਤਿਲਕ ਸਰਬ ਨਾਇਕਾ ਮਿਟਾਈ ਹੈ॥੨੦੪॥

ਕੋਟਿ = ਕਰੋੜਾਂ ਹੀ ਬ੍ਰਹਿਮੰਡਾਂ ਕੇ = ਦਾ ਨਾਇਕ = ਮਾਲਕ ਜੋ ਪਰਮੇਸ਼ਰ ਹੈ ਉਸ ਕੀ = ਦੀ ਨਾਇਕਾ = ਸ੍ਵਾਮਿਨੀ ਭਾਵ ਨੂੰ ਭਾਵ ਅਨੰਤ ਸਰੂਪਤਾ ਨੂੰ ਪ੍ਰਾਪਤ ਭਈ = ਹੋ ਜਾਵੇ ਤਾਂ ਉਸ ਤਿਲ ਕੇ = ਦੇ ਤਿਲਕ ਦੀ ਦਮਕ ਅੱਗੇ ਸਰਬ = ਸਭ ਨਾਇਕਾ = ਸ੍ਵਾਮਿਨੀਆਂ ਦੀ ਸੋਭਾ ਮਿਟਾਈ = ਦੂਰ ਹੋ ਜਾਂਦੀ ਹੈ ਭਾਵ ਪਿਛਲੇ ਸਮੇਂ ਵਿਚ ਭਗਤੀ ਕਰ ਕੇ ਸ਼੍ਰੋਮਣੀ ਹੋਣ ਦਾ ਅਭਿਆਸ ਕਰਨ ਵਾਲੇ ਰਿਖੀ ਮੁਨੀ ਜਨ ਆਦਿ ਸਭਨਾਂ ਨੂੰ ਮਾਤ ਪੈ ਜਾਂਦੀ ਹੈ॥੨੦੪॥

ਜਦੋਂ ਭਾਈ ਸਾਹਿਬ ਜੀ ਨੇ ਕਾਸ਼ੀ ਵਿਖੇ ਰਹਿੰਦੇ ਹੋਏ ਅਤਿ ਬਿਰਹੁ ਦੀ ਅਵਸਥਾ ਵਿਚ ਦਿਨ-ਰਾਤ ਬਤੀਤ ਕੀਤੇ, ਤਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੁਪਨੇ ਵਿਚ ਦਰਸ਼ਨ ਦਿੱਤੇ। ਪਪੀਹੇ ਦੀ ਆਵਾਜ਼ ਸੁਣ ਕੇ ਜਾਗ ਆ ਗਈ। ਉਸ ਸੁਪਨੇ ਦੇ ਆਨੰਦ ਨੂੰ ਇਸ ਕਬਿੱਤ ਵਿਚ ਵਰਣਨ ਕੀਤਾ ਹੈ, ਅੰਤਰੀਵ ਭਾਵ ਜਦ ਜਗਿਆਸੂ ਨੂੰ ਨਿਰਾਕਾਰ ਦੀ ਅਨੁਭਵਤਾ ਹੁੰਦੀ ਹੈ, ਉਸ ਦਾ ਆਨੰਦ ਵੀ ਅੰਤਰੀਵ ਅਰਥ ਵਿਚ ਵਰਣਨ ਕੀਤਾ ਹੈ।

ਸੁਪਨ ਚਰਿਤ੍ਰ ਚਿਤ੍ਰ, ਬਾਨਕ ਬਨੇ ਬਚਿਤ੍ਰ[੧];
ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈ॥

ਜਿਨ੍ਹਾਂ ਨੇ ਸੁਪਨੇ ਦੇ ਚਰਿਤ੍ਰ = ਚੇਸ਼ਟਾ (ਸਮਾਨ) ਚਿਤ੍ਰ = ਸਰੂਪ ਵਾਲੀ ਬਾਨਕ = ਵੇਸ, ਬਾਣਾ ਬਣਾਇਆ ਹੋਇਆ ਹੈ ਤੇ ਜਿਨ੍ਹਾਂ ਦਾ ਬਚਿਤ੍ਰ = ਅਦਭੁਤ, ਇਕ ਰੰਗ ਵਿਚ ਬਹੁਤੇ ਰੰਗ ਦਿਖਾਉਣ ਵਾਲਾ ਸਰੂਪ ਹੈ, ਅਜਿਹੇ ਸਭਨਾਂ ਦੇ ਮਿੱਤਰ ਦਿਲ ਲੈ ਕੇ ਦਿਲ ਦੇਣ ਵਾਲੇ ਸਤਿਗੁਰੂ ਜੀ, ਜੋ ਆਪ ਪਾਵਨ ਪਵਿੱਤ੍ਰ = ਸ਼ੁੱਧ ਤੋਂ ਵੀ ਸ਼ੁੱਧ ਸਰੂਪ ਹਨ, ਜੋ ਹੋਰਨਾਂ ਨੂੰ ਵੀ ਨਿਰਮਲ ਜੀਵਨ ਵਾਲੇ ਕਰਨ ਵਾਲੇ ਹਨ, ਉਹ ਬ੍ਰਹਮ ਦਾ ਰੂਪ ਸਤਿਗੁਰੂ ਸਾਹਿਬ ਜੀ ਆਜ = ਅੱਜ ਭਾਵ ਇਸ ਮਨੁੱਖਾ ਜਨਮ ਵਿਚ ਮੋਰੇ = ਮੇਰੇ ਰਿਦੇ ਰੂਪੀ ਘਰ ਵਿਚ ਆਏ ਹੈ = ਹਨ ਭਾਵ ਸੁਪਨੇ ਵਿਚ ਮੈਨੂੰ ਪਰਮਤਾਮਾ, ਗੁਰਾਂ ਦੇ ਦੀਦਾਰ ਹੋਏ ਹਨ।

ਪਰਮ ਦਇਆਲ ਲਾਲ, ਲੋਚਨ ਬਿਸਾਲ ਮੁਖ;
ਬਚਨ ਰਸਾਲ ਮਧੁ ਮਧੁਰ ਪੀਆਏ ਹੈ॥

ਜੋ ਪਰਮ = ਅਤਿਅੰਤ ਦਇਆਲ = ਦਇਆ ਦੇ ਘਰ ਤੇ ਸਭਨਾਂ ਦੇ ਲਾਲ = ਪਿਆਰੇ ਹਨ ਅਤੇ ਜਿਨ੍ਹਾਂ ਦੇ ਲੋਚਨ = ਨੇਤਰ ਬਿਸਾਲ = ਬਹੁਤ ਖਿੜੇ ਹੋਏ ਹਨ ਤੇ ਮੁਖ = ਚਿਹਰਾ ਅਤਿਅੰਤ ਪ੍ਰਫੁੱਲਤ, ਖਿੜਿਆ ਹੋਇਆ ਹੈ ਅਤੇ ਜੋ ਆਪਣੇ ਮੁਖਾਰਬਿੰਦ ਤੋਂ ਮਧੁ ਮਧੁਰ = ਮਿੱਠੇ ਮਿੱਠੇ, ਪਿਆਰੇ ਪਿਆਰੇ ਰਸਾਲ = ਰਸਦਾਇਕ ਬਚਨ ਬੋਲ ਕੇ ਉਪਦੇਸ਼ ਦਿੰਦੇ ਹਨ, ਮਾਨੋ ਉਹ ਬਚਨਾਂ ਰੂਪ ਅੰਮ੍ਰਿਤ ਪੀਆਏ = ਪਿਲਾ ਰਹੇ ਹੈ = ਹਨ।

ਸੋਭਿਤ ਸਿਹਜਾਸਨ ਬਿਲਾਸਨ ਦੈ ਅੰਕਮਾਲ;
ਪ੍ਰੇਮ ਰਸ ਬਿਸਮ ਹੁਇ ਸਹਜ ਸਮਾਏ ਹੈ॥

ਜੋ ਹਿਰਦਾ ਸਿਹਜਾਸਨ = ਸਹਿਜ ਅਵਸਥਾ ਦਾ ਆਸਣ ਹੈ, ਉਸ ਉੱਪਰ ਸੋਭਿਤ = ਸੁਭਾਇਮਾਨ ਹੋ ਕੇ ਆਪਣੀ ਅੰਕਮਾਲ = ਹਿਰਦੇ ਰੂਪੀ ਮਾਲਾ ਭਾਵ ਆਪਣੇ ਸੀਨੇ ਨਾਲ ਲਗਾ ਕੇ ਬਹੁਤ ਤਰ੍ਹਾਂ ਦੇ ਬਿਲਾਸਨ = ਅਨੰਦ ਬਖ਼ਸ਼ਣਾ ਕੀਤੇ ਹਨ। ਇਉਂ ਮੈਨੂੰ ਪ੍ਰੇਮ ਰਸ ਕਰਕੇ ਬਿਸਮ = ਅਸਚਰਜ ਹੁਇ = ਹੋਏ ਨੂੰ ਭਾਵ ਆਮ ਜੀਵਾਂ ਦੀ ਸਮਤਾ ਤੋਂ ਲੰਘੇ ਹੋਏ ਨੂੰ ਆਪਣੇ ਸਰੂਪ ਵਿਚ ਸਹਜ = ਸੁਤੇ-ਸਿਧ ਹੀ ਸਮਾਏ = ਲੀਨ ਕਰ ਲਿਆ ਹੈ।

---

੧. ਕਈ ਥਾਂ 'ਬਾਨਕ ਬਨੇ ਬਚਿਤ੍ਰ' ਪਾਠ ਦੀ ਥਾਂ 'ਤੇ 'ਵਨਕੇ ਬਨੇ ਬਿਚਿਤ੍ਰ' ਪਾਠ ਵੀ ਲਿਖਿਆ ਹੁੰਦਾ ਹੈ, ਜੋ ਅਸ਼ੁੱਧ ਹੈ, ਸਹੀ ਪਾਠ 'ਬਾਨਕ ਬਨੇ ਬਚਿਤ੍ਰ' ਹੀ ਹੈ।

ਅਥਵਾ (ਅੰਕ + ਮਾਲ) ਅੰਕ = ਹਿਰਦੇ ਦੀ ਮਾਲ = ਮਾਲ ਭਾਵ ਛਾਤੀ ਮੇਰੀ ਅੰਤਹਕਰਣ ਰੂਪੀ ਸੇਜਾ ਉੱਤੇ ਆਸਣ ਵਿਛਾ ਕੇ ਸੁਭਾਇਮਾਨ ਹੋਏ ਹਨ ਅਤੇ ਹਿਰਦੇ ਨੂੰ ਆਨੰਦ ਦਿੱਤਾ ਹੈ। ਪ੍ਰੇਮ ਰਸ ਵਿਚ ਅਨੰਦਿਤ ਹੋ ਕੇ ਮੇਰੀ ਬਿਰਤੀ ਬਿਸਮ = ਅਸਚਰਜ ਹੋ ਗਈ ਹੈ ਅਤੇ ਸੁਤੇ-ਸਿਧ ਪਤੀ ਪਰਮੇਸ਼ਰ ਵਿਚ ਅਭੇਦ ਹੋ ਗਈ ਹੈ।

ਚਾਤ੍ਰਿਕ ਸਬਦ ਸੁਨਿ ਅਖੀਆਂ ਉਘਰ ਗਈ,
ਭਈ ਜਲ ਮੀਨ ਗਤਿ, ਬਿਰਹ ਜਗਾਏ ਹੈ ॥੨੦੫॥

ਚਾਤ੍ਰਿਕ = ਪਪੀਹੇ ਦੀ ਇਕ ਸਮ ਰਟ ਵਤ ਅਨਹਦ ਸ਼ਬਦ ਦੀ ਧੁਨੀ ਨੂੰ ਸੁਣਨ ਸਾਰ ਲਿਵਲੀਨ ਦਸ਼ਾ ਵੱਲੋਂ ਅੱਖੀਆਂ ਉਘਰ = ਉਘੜ ਗਈਆਂ ਭਾਵ ਧਿਆਨ ਖੁੱਲ੍ਹ ਗਿਆ, ਬਾਹਰਮੁਖੀ ਹੋ ਗਿਆ ਜਦ ਕਿ ਜਲ = ਪਾਣੀ ਵਿਚ ਲੀਨ ਭਈ = ਹੋਈ ਮੀਨ = ਮੱਛੀ ਦੀ ਗਤਿ = ਦਸ਼ਾ ਵਾਂਗ ਜਿਵੇਂ ਮੱਛੀ ਸੁਆਦਲੇ ਪਦਾਰਥ ਦੀ ਚਾਹ ਕਾਰਨ ਉਸ ਦੇ ਪਾਣੀ ਉੱਪਰ ਆਉਣ ਵਾਂਗ ਮੈਨੂੰ ਵੀ ਬਿਰਹ = ਵਿਛੋੜੇ ਨੇ ਜਗਾਏ = ਜਗਾ ਦਿੱਤਾ ਹੈ ॥੨੦੫॥

ਦੇਖਬੇ ਕਉ ਦ੍ਰਿਸਟਿ ਨ ਦਰਸ ਦਿਖਾਇਬੇ ਕਉ;
ਕੈਸੇ ਪ੍ਰਿਅ ਦਰਸਨੁ ਦੇਖੀਐ ਦਿਖਾਈਐ ॥

ਭਾਈ ਸਾਹਿਬ ਜੀ ਆਪਣੀ ਅਤਿ ਨਿਮਰਤਾ ਪ੍ਰਗਟਾਉਂਦੇ ਹੋਏ ਕਹਿੰਦੇ ਹਨ ਕਿ ਮੇਰੇ ਕੋਲ ਪਰਮੇਸ਼ਰ ਗੁਰਾਂ ਦੇ ਦਰਸ਼ਨ ਦੇਖਬੇ = ਦੇਖਣ ਕਉ = ਦੇ ਵਾਸਤੇ ਯੋਗ ਦ੍ਰਿਸਟਿ = ਨਿਗ੍ਹਾ ਨ = ਨਹੀਂ ਹੈ ਤੇ ਨਾ ਹੀ ਪਰਮੇਸ਼ਰ ਕਉ = ਦੇ ਦਰਸ = ਦੀਦਾਰ ਦਿਖਾਇਬੇ = ਦਿਖਾਲਣ ਯੋਗ ਭਾਵ ਜਗਿਆਸੂ ਰੂਪ ਇਸਤਰੀ ਦੇ ਰੂਪ ਵਿਚ ਭਾਈ ਸਾਹਿਬ ਜੀ ਕਹਿੰਦੇ ਹਨ ਕਿ ਮੈਨੂੰ ਪਤੀ ਪਰਮੇਸ਼ਰ ਦੇ ਦੀਦਾਰ ਦਾ ਆਨੰਦ ਪ੍ਰਾਪਤ ਹੋਇਆ ਹੈ, ਉਹ ਹੁਣ ਮੈਂ ਨਾ ਆਪ ਵੇਖ ਸਕਦਾ ਹਾਂ ਨਾ ਹੀ ਕਿਸੇ ਨੂੰ ਦਿਖਾ ਸਕਦਾ ਹਾਂ ਕਿਉਂਕਿ ਮੈਨੂੰ ਸੁਪਨੇ ਵਿਚ ਦਰਸ਼ਨ ਦੇ ਕੇ ਅਲੋਪ ਹੋ ਗਿਆ ਹੈ।

ਕਹਿਬੇ ਕਉ ਸੁਰਤਿ ਹੈ ਨ ਸ੍ਰਵਨ ਸੁਨਬੇ ਕਉ;
ਕੈਸੇ ਗੁਨ-ਨਿਧਿ ਗੁਨ ਸੁਨੀਐ ਸੁਨਾਈਐ ॥

ਕਹਿਬੇ = ਕਹਿਣ ਕਉ = ਵਾਸਤੇ ਸੁਰਤਿ = ਗਿਆਤ ਨਹੀਂ ਹੈ ਅਤੇ ਉਸ ਦੇ ਅਨਹਦ ਸ਼ਬਦ ਸੁਨਬੇ = ਸੁਣਨ ਕਉ = ਵਾਸਤੇ ਇਹ ਸਾਧਾਰਨ ਸ੍ਰਵਨ = ਕੰਨ ਸਮਰੱਥ ਨ = ਨਹੀਂ ਹਨ, ਫੇਰ ਕੈਸੇ = ਕਿਸ ਪ੍ਰਕਾਰ ਉਸ ਗੁਨ-ਨਿਧਿ = ਗੁਣਾਂ ਦੇ ਖ਼ਜ਼ਾਨੇ, ਸਾਗਰ ਪਰਮੇਸ਼ਰ ਦੇ ਗੁਣ = ਗੁਣਾਂ ਨੂੰ ਆਖ ਸੁਨੀਐ = ਸੁਣ ਸਕੀਏ ਜਾਂ ਕਿਸੇ ਹੋਰ ਨੂੰ ਸੁਨਾਈਐ = ਸੁਣਾ ਸਕੀਏ।

ਮਨ ਮੈ ਨ ਗੁਰਮਤਿ, ਗੁਰਮਤਿ ਮੈ ਨ ਮਨ;
ਨਿਹਚਲ ਹੁਇ ਨ ਉਨਮਨ ਲਿਵ ਲਾਈਐ ॥

ਜੋ ਗੁਰਮਤਿ = ਗੁਰ ਸਿੱਖਿਆ ਨੂੰ ਸੁਣ ਕੇ ਮੰਨਣ ਤੇ ਕਮਾਉਣ ਤੋਂ ਪ੍ਰਾਪਤ ਹੋਣ ਵਾਲੀ ਅਨੁਭਵੀ ਗਿਆਤ ਹੈ, ਉਹ ਮਨ ਮੈ = ਵਿਚ ਨ = ਨਹੀਂ ਆ ਸਕਦੀ, ਕਿਉਂਕਿ ਰਸਨਾ, ਕੰਨ ਆਦਿ ਇੰਦਰੀਆਂ ਤੋਂ

ਅਗੰਮ ਹੋਣ ਵਤ ਉਹ ਮਨ ਤੋਂ ਭੀ ਅਗੋਚਰ ਪਦਵੀ ਹੈ ਅਤੇ ਜਿਥੇ ਗੁਰਮਤਿ = ਗੁਰ ਸਿੱਖਿਆ ਦੁਆਰਾ ਚਿਤ ਮੈ = ਵਿਚ ਅਗੋਚਰ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ, ਉਥੇ ਮਨ ਨ = ਨਹੀਂ ਠਹਿਰ ਸਕਦਾ ਅਰਥਾਤ ਜਦ ਤਕ ਮਨ ਵਿਚ ਸੰਕਲਪ ਵਿਕਲਪ ਚੱਲਦੇ ਰਹਿੰਦੇ ਹਨ ਤਦ ਤਕ ਮਨ ਵਿਚ ਗੁਰਮਤਿ ਨਹੀਂ ਆ ਸਕਦੀ ਤੇ ਜਦ ਗੁਰਮਤਿ ਮਨ ਵਿਚ ਆ ਜਾਂਦੀ ਹੈ ਤਦ ਮਨ ਲੈਅ ਹੋ ਜਾਂਦਾ ਹੈ। ਇਸ ਲਈ ਐਸੀ ਹਾਲਤ ਵਿਚ ਮਨ ਨਿਹਚਲ = ਅਚੱਲ ਹੁਇ = ਹੋ ਕੇ ਉਨਮਨ = ਉਨਮਨੀ ਅਵਸਥਾ ਵਿਚ ਲਿਵ = ਬਿਰਤੀ ਨ = ਨਹੀਂ ਲਾਈਐ = ਲਾਉਂਦਾ ਹੈ ਅਰਥਾਤ ਇਸ ਹਾਲਤ ਵਿਚ ਬਿਰਤੀ ਲਾਉਣ ਦੀ ਕੋਈ ਲੋੜ ਹੀ ਨਹੀਂ ਰਹਿੰਦੀ ਕਿਉਂਕਿ ਮਨ ਦੀ ਅਫੁਰਤਾ ਅਤੇ ਲਿਵ ਸੁਤੇ ਹੀ ਇਸ ਦਸ਼ਾ ਵਿਚ ਲੀਨ ਹੁੰਦੀਆਂ ਹਨ।

ਅੰਗ ਅੰਗ ਭੰਗ, ਰੰਗ ਰੂਪ ਕੁਲ-ਹੀਨ ਦੀਨ;
ਕੈਸੇ ਬਹੁ-ਨਾਇਕ ਕੀ ਨਾਇਕਾ ਕਹਾਈਐ ॥੨੦੬॥

ਮੇਰੇ ਸਰੀਰ ਦਾ ਅੰਗ ਅੰਗ ਭੰਗ = ਟੁੱਟ ਰਿਹਾ ਹੈ, ਰੰਗ ਪੀਲਾ ਹੋ ਗਿਆ ਹੈ, ਰੂਪ ਵੀ ਚੰਗਾ ਨਹੀਂ ਰਿਹਾ, ਸ੍ਰੇਸ਼ਟ ਕੁਲ = ਵੰਸ਼ ਤੋਂ ਵੀ ਹੀਨ = ਰਹਿਤ ਹਾਂ ਤੇ ਅਤਿਅੰਤ ਦੀਨ = ਗ਼ਰੀਬ ਹਾਂ ਇਤਿਆਦਿਕ ਔਗੁਣ ਮੇਰੇ ਵਿਚ ਹਨ ਅਤੇ ਮੇਰੇ ਨਾਲੋਂ ਚੰਗੀਆਂ ਚੰਗੀਆਂ ਜਗਿਆਸੂ ਰੂਪ ਸਖੀਆਂ ਪਤੀ ਪਰਮੇਸ਼ਰ ਦੇ ਕੋਲ ਮਿੰਨਤਾਂ ਤਰਲੇ ਕੱਢ ਰਹੀਆਂ ਹਨ ਤੇ ਪਰਮੇਸ਼ਰ ਜੋ ਬਹੁ = ਬਹੁਤੀਆਂ ਜਗਿਆਸੂ ਰੂਪ ਇਸਤਰੀਆਂ ਦਾ ਨਾਇਕ = ਮਾਲਕ ਹੈ ਐਸੇ ਉਸ ਪਰਮੇਸ਼ਰ ਦੀ ਨਾਇਕਾ = ਮਾਲਕਣ, ਇਸਤਰੀ ਕੈਸੇ = ਕਿਸ ਤਰ੍ਹਾਂ ਕਹਾਈਐ = ਕਹਾ ਸਕਦੀ ਹਾਂ ॥੨੦੬॥

ਬਿਰਹ ਬਿਓਗ ਰੋਗ ਦੁਖਿਤ ਹੁਇ ਬਿਰਹਨੀ;
ਕਹਤ ਸੰਦੇਸ ਪਥਿਕਨ ਪੈ ਉਸਾਸ ਤੇ ॥

ਪਤੀ ਪਰਮੇਸ਼ਰ ਦੇ ਬਿਓਗ = ਵਿਛੋੜੇ ਦੇ ਪ੍ਰੇਮ ਰੂਪ ਰੋਗ ਵਿਚ ਬਿਰਹਨੀ = ਵਿਜੋਗਣ ਗ੍ਰਸੀ ਹੁਇ = ਹੋਈ ਜਗਿਆਸੂ ਰੂਪ ਇਸਤਰੀ ਬਹੁਤ ਦੁਖਿਤ = ਦੁਖੀ ਹੋ ਰਹੀ ਹੈ ਅਤੇ ਤੇ = ਉਹ ਉਸਾਸ = ਉੱਭੇ ਸਾਹ ਭਾਵ ਹੌਕਿਆਂ ਨੂੰ ਲੈਂਦੀ ਹੋਈ ਪ੍ਰਭੂ ਪ੍ਰਾਪਤੀ ਵਾਲੇ ਮਾਰਗ ਉੱਤੇ ਜਾਣ ਵਾਲੇ ਪੂਰਨ ਮਹਾਤਮਾ ਰੂਪ ਪਥਿਕਨ = ਰਾਹੀਆਂ ਪੈ = ਕੋਲ ਜਾ ਕੇ ਸੰਦੇਸ = ਸੁਨੇਹੇ ਕਹਤ = ਕਹਿੰਦੀ ਹੈ। ਜੈਸਾ ਕਿ :

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ ॥
ਤੁਧ ਬਿਨ ਰੋਗ ਰਜਾਈਆ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ ॥
ਸੂਲ ਸੁਰਾਹੀ ਖੰਜਰ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ ॥
ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ ॥ *(ਸ੍ਰੀ ਦਸਮ ਗ੍ਰੰਥ)*

ਦੇਖਹੁ ਤ੍ਰਿਗਦ ਜੋਨਿ ਪ੍ਰੇਮ ਕੈ ਪਰੇਵਾ;
ਪਰ ਕਰ ਨਾਰਿ ਦੇਖਿ ਟੂਟਤ ਅਕਾਸ ਤੇ ॥

ਜਗਿਆਸੂ ਰੂਪ ਇਸਤਰੀ ਮਹਾਤਮਾ ਰੂਪ ਸਖੀ ਨੂੰ ਇਉਂ ਕਹਿੰਦੀ ਹੈ ਕਿ ਹੇ ਮਹਾਤਮਾ ਰੂਪ ਸਖੀਓ ! ਤ੍ਰਿਗਦ = ਟੇਢੀਆਂ ਜੋਨਿ = ਜੂਨਾਂ ਵੱਲ ਦੇਖਹੁ = ਦੇਖਣਾ ਕਰੋ ਕਿਵੇਂ ਪਰੇਵਾ = ਪੰਛੀ ਪ੍ਰੇਮ ਕੈ = ਕਰਕੇ ਆਪਣੀਆਂ ਨਾਰਿ = ਇਸਤਰੀਆਂ ਕੋਲ ਅਕਾਸ਼ੋਂ ਉਤਰ ਆਉਂਦੇ ਹਨ ਤੇ = ਉਨ੍ਹਾਂ ਦੇ ਅਕਾਸ਼ ਵਿੱਚੋਂ ਉਤਰਨ

ਵੇਲੇ ਪਰ = ਖੰਭ ਕੜ ਕੜ ਕਰ ਕੇ ਟੂਟਤ = ਟੁੱਟਦੇ ਹਨ ਪਰ ਆਪਣੀ ਇਸਤਰੀ ਦੇ ਪ੍ਰੇਮ ਵੱਸ ਹੋਏ ਦੁੱਖ ਨਹੀਂ ਮੰਨਦੇ ਭਾਵ ਹਰ ਰੋਜ਼ ਸੈਂਕੜੇ ਕੋਹਾਂ ਖੰਭਾਂ ਨਾਲ ਆਕਾਸ਼ ਵਿਚ ਉਡਾਰੀ ਮਾਰ ਕੇ ਵਾਪਸ ਆਪਣੀਆਂ ਇਸਤਰੀਆਂ ਕੋਲ ਆਉਂਦੇ ਹਨ **ਵਾ:** ਪਰੇਵਾ = ਕਬੂਤਰ ਆਪਣੀ ਨਾਰਿ = ਇਸਤਰੀ (ਕਬੂਤਰੀ) ਨੂੰ ਦੇਖਿ = ਵੇਖਦੇ ਸਾਰ ਅਕਾਸ਼ ਤੇ = ਤੋਂ ਭਾਵ ਅਕਾਸ਼ ਵਿਚ ਪਰ = ਖੰਭਾਂ ਨਾਲ ਉਡਾਰੀ ਮਾਰਦਾ ਹੋਇਆ ਇੱਕੋ ਵਾਰ ਹੀ ਉਸ ਉਪਰ ਆਨ ਟੂਟਤ = ਟੁੱਟਦਾ ਹੈ ਭਾਵ ਆ ਕੇ ਮਿਲਦਾ ਹੈ।

ਤੁਮ ਤੋ ਚਤੁਰਦਸ ਬਿਦਿਆ ਕੇ ਨਿਧਾਨ ਪ੍ਰਿਅ;
ਤ੍ਰਿਅ ਨ ਛਡਾਵਹੁ ਬਿਰਹ ਰਿਪ ਤ੍ਰਾਸ ਤੇ ॥

ਹੇ ਪਤੀ ਪ੍ਰਭੂ ਦੀ ਪ੍ਰਾਪਤੀ ਵਾਲੇ ਰਸਤੇ 'ਤੇ ਜਾਣ ਵਾਲੀਓ ਮਹਾਤਮਾ ਰੂਪ ਸਖੀਓ ! ਤਾਹੀਓਂ ਮੇਰੇ ਪ੍ਰਿਅ = ਪਿਆਰੇ ਪਤੀ ਪਰਮੇਸ਼ਰ ਨੂੰ ਜਾ ਕੇ ਕਹਿਣਾ ਕਿ ਤੁਮ = ਤੁਸੀਂ ਤੋ = ਤਾਂ ਚਤੁਰਦਸ = ਚੌਦਾਂ ਵਿੱਦਿਆ ਕੇ = ਦੇ ਨਿਧਾਨ = ਭੰਡਾਰ ਹੋ ਭਾਵ ਤੁਸੀਂ ਤਾਂ ਸ਼ੁੱਧ ਸਤੋਗੁਣੀ ਸਰੂਪ ਵਾਲੇ ਹੋ, ਤੁਸੀਂ ਕਿਉਂ ਨ = ਨਹੀਂ ਆਪਣੇ ਆਸਰੇ ਜੀਊਣ ਵਾਲੀ ਇਕ ਮਾਤਰ ਆਪ ਦੀ ਹੀ ਕਾਮਨਾ ਪ੍ਰਾਇਣ ਰਹਿਣ ਵਾਲੀ ਜਗਿਆਸੂ ਰੂਪ ਤ੍ਰਿਅ = ਇਸਤਰੀ ਨੂੰ ਬਿਰਹ = ਵਿਛੋੜੇ ਰੂਪ ਰਿਪ = ਦੁਸ਼ਮਣ ਦੇ ਤ੍ਰਾਸ = ਡਰ ਤੇ = ਤੋਂ ਛਡਾਵਹੁ = ਛੁਡਾਉਣਾ ਕਰਦੇ।

ਚਰਨ ਬਿਮੁਖ ਦੁਖ ਤਾਰਿਕਾ ਚਮਤਕਾਰ;
ਹੇਰਤ ਹਿਰਾਹਿ ਰਵਿ ਦਰਸ ਪ੍ਰਗਾਸ ਤੇ ॥੨੦੭॥

ਹੇ ਮਹਾਤਮਾ ਰੂਪ ਸਖੀਓ ! ਮੇਰੇ ਪਿਆਰੇ ਪਤੀ ਪਰਮੇਸ਼ਰ ਨੂੰ ਕਹਿਣਾ ਕਿ ਆਪ ਜੀ ਦੇ ਚਰਨਾਂ ਤੋਂ ਬਿਮੁਖ = ਮੂੰਹ ਦੂਸਰੇ ਪਾਸੇ ਫੇਰਨ ਵਾਲੀ ਹੋਣ ਕਰਕੇ ਮੈਨੂੰ ਜਗਿਆਸੂ ਰੂਪ ਇਸਤਰੀ ਨੂੰ ਤਾਰਿਕਾ = ਤਾਰਿਆਂ ਦੀ ਚਮਤਕਾਰ = ਲਿਸ਼ਕ ਦੁਖ = ਕਸ਼ਟ ਦੇ ਰਹੀ ਹੈ ਭਾਵ ਰਾਤ ਤਾਰੇ ਗਿਣਦੀ ਦੀ ਲੰਘਦੀ ਹੈ ਅਤੇ ਤਾਰਿਆਂ ਦੇ ਹਿਰਾਹਿ = ਛੁਪਿਆਂ 'ਤੇ ਸਵੇਰੇ ਰਵਿ = ਸੂਰਜ ਦੇ ਦਰਸ = ਦੀਦਾਰ ਹੇਰਤ = ਵੇਖ ਕੇ ਭਾਵ ਸੂਰਜ ਨੂੰ ਚੜ੍ਹਦਿਆਂ ਵੇਖ ਕੇ ਹੈਰਾਨ ਹੁੰਦੀ ਹਾਂ ਕਿ ਹੁਣ ਮੈਨੂੰ ਪਿਆਰਾ ਪਤੀ ਆ ਕੇ ਮਿਲੇਗਾ।

ਅਥਵਾ ਆਪ ਜੀ ਦੇ ਚਰਨਾਂ ਤੋਂ ਬਿਮੁਖ ਰਹਿਣ ਕਾਰਨ ਰਾਤਰੀ ਦੇ ਹਨੇਰੇ ਵਿਚ ਤਾਰਿਆਂ ਦੇ ਚਮਤਕਾਰ = ਲਿਸ਼ਕਾਰੇ ਵਾਂਗ ਬਹੁਤ ਦੁੱਖ ਹੀ ਦੁੱਖ ਮੇਰੇ ਅੰਦਰ ਪ੍ਰਗਟ ਹੋ ਰਹੇ ਹਨ ਜੋ ਕੇਵਲ ਆਪ ਜੀ ਦੇ ਦਰਸ਼ਨ ਰੂਪ ਸੂਰਜ ਦੇ ਪ੍ਰਕਾਸ਼ ਨੂੰ ਵੇਖਦਿਆਂ ਸਾਰ ਹੀ ਸਾਰੇ ਦੁੱਖ ਹਿਰਾਹਿ = ਅਲੋਪ ਹੋ ਜਾਣਗੇ, ਨਵਿਰਤ ਹੋ ਜਾਣਗੇ ॥੨੦੭॥

ਜੋਈ ਪ੍ਰਿਅ ਭਾਵੈ ਤਾਹਿ ਦੇਖਿ ਅਉ ਦਿਖਾਵੈ ਆਪ;
ਦ੍ਰਿਸਟਿ ਦਰਸ ਮਿਲਿ ਸੋਭਾ ਦੈ ਸੁਹਾਵਈ ॥

ਜੋਈ = ਜਿਹੜੀ ਜਗਿਆਸੂ ਰੂਪ ਇਸਤਰੀ ਪ੍ਰਿਅ = ਪਿਆਰੇ ਪਤੀ ਪਰਮੇਸ਼ਰ ਨੂੰ ਭਾਵੈ = ਚੰਗੀ ਲੱਗ ਆਉਂਦੀ ਹੈ, ਤਾਹਿ = ਉਸ ਵੱਲ ਉਹ ਮਿਹਰ ਭਰੀ ਦ੍ਰਿਸ਼ਟੀ ਨਾਲ ਦੇਖਿ = ਦੇਖਦਾ ਹੈ ਅਉ = ਅਤੇ ਆਪਣੇ ਆਪ ਨੂੰ ਦਿਖਾਵੈ = ਦਿਖਾਉਂਦਾ ਹੈ ਭਾਵ ਉਸ ਨੂੰ ਦੀਦਾਰ ਦਿੰਦਾ ਹੈ। ਇਉਂ ਜਗਿਆਸੂ ਰੂਪ ਇਸਤਰੀ ਤੇ ਪਤੀ ਪਰਮੇਸ਼ਰ ਆਪਸ ਵਿਚਦੀ ਇਕ ਦੂਜੇ ਦੇ ਦਰਸ਼ਨ ਕਰਦੇ ਹਨ ਅਤੇ ਪਰਸਪਰ ਦ੍ਰਿਸਟਿ = ਨਿਗ੍ਹਾ ਦੇ ਮਿਲਿ = ਮਿਲਾਪ ਵਿਚ ਸੋਭਾ = ਉਪਮਾ ਦੈ = ਦਿੰਦੇ ਹੋਏ ਸੁਹਾਵਈ = ਸੁੰਦਰ ਲੱਗਦੇ ਹਨ।

ਜੋਈ ਪ੍ਰਿਅ ਭਾਵੈ ਮੁਖ ਬਚਨ ਸੁਨਾਵੈ ਤਾਹਿ;
ਸਬਦਿ ਸੁਰਤਿ ਗੁਰ ਗਿਆਨ ਉਪਜਾਵਈ ॥

ਜੋਈ = ਜਿਹੜੀ ਜਗਿਆਸੂ ਰੂਪ ਇਸਤਰੀ ਪ੍ਰਿਅ = ਪਿਆਰੇ ਪਤੀ ਪਰਮੇਸ਼ਰ ਨੂੰ ਭਾਵੈ = ਚੰਗੀ ਲੱਗਦੀ ਹੈ, ਤਾਹਿ = ਉਸ ਨੂੰ ਉਹ ਆਪਣੇ ਮੁਖ = ਮੁਖੜੇ ਤੋਂ ਚੰਗੇ ਚੰਗੇ ਭਾਉ ਭਗਤੀ ਵਾਲੇ ਬਚਨ = ਵਾਕ ਸੁਨਾਵੈ = ਸੁਣਾਉਂਦਾ ਹੈ ਅਤੇ ਸੁਣਾਏ ਹੋਏ ਸਬਦਿ = ਉਪਦੇਸ਼ ਦੀ ਸੁਰਤਿ = ਗਿਆਤ ਤੋਂ ਪੈਦਾ ਹੋਣ ਵਾਲਾ ਗੁਰ = ਵੱਡਾ ਗਿਆਨ ਭਾਵ ਬ੍ਰਹਮ ਗਿਆਨ ਰਿਦੇ ਵਿਚ ਉਪਜਾਵਈ = ਉਤਪੰਨ ਕਰਾਉਂਦਾ ਹੈ **ਵਾ:** ਗੁਰਾਂ ਦੇ ਸਬਦਿ = ਉਪਦੇਸ਼ ਵਿਚ ਚਿੱਤ ਦੀ ਸੁਰਤਿ = ਬਿਰਤੀ ਲਵਾ ਕੇ ਰਿਦੇ ਵਿਚ ਗਿਆਨ ਉਪਜਾਵਈ = ਪੈਦਾ ਕਰਾ ਦਿੰਦਾ ਹੈ।

ਜੋਈ ਪ੍ਰਿਅ ਭਾਵੈ ਦਹ ਦਿਸਿ ਪ੍ਰਗਟਾਵੈ ਤਾਹਿ;
ਸੋਈ ਬਹੁ ਨਾਇਕ ਕੀ ਨਾਇਕਾ ਕਹਾਵਈ ॥

ਜੋਈ = ਜਿਹੜੀ ਜਗਿਆਸੂ ਰੂਪ ਇਸਤਰੀ ਪ੍ਰਿਅ = ਪਿਆਰੇ ਪਤੀ ਪਰਮੇਸ਼ਰ ਨੂੰ ਭਾਵੈ = ਚੰਗੀ ਲੱਗਦੀ ਹੈ ਤਾਹਿ = ਉਸੇ ਨੂੰ ਹੀ ਉਹ ਦਹ = ਦਸਾਂ ਦਿਸਿ = ਦਿਸ਼ਾਵਾਂ ਵਿਚ ਪ੍ਰਗਟਾਵੈ = ਪ੍ਰਗਟ ਕਰ ਦਿੰਦੇ ਹਨ ਭਾਵ ਉਸ ਦੀ ਕੀਰਤੀ ਸਾਰੇ ਥਾਵਾਂ ਵਿਚ ਕਰਾ ਦਿੰਦੇ ਹਨ ਤੇ ਸੋਈ = ਉਹੋ ਹੀ ਬਹੁ = ਬਹੁਤੀਆਂ ਜਗਿਆਸੂ ਰੂਪ ਇਸਤਰੀਆਂ ਦੇ ਨਾਇਕ = ਮਾਲਕ ਪਤੀ ਪਰਮੇਸ਼ਰ ਕੀ = ਦੀ ਨਾਇਕਾ = ਮੁਖੀ ਮਹਾਤਮਾ ਰੂਪ ਇਸਤਰੀ ਕਹਾਵਈ = ਕਹਾਉਂਦੀ ਹੈ।

ਜੋਈ ਪ੍ਰਿਅ ਭਾਵੈ ਸਿਹਜਾਸਨਿ ਮਿਲਾਵੈ ਤਾਹਿ;
ਪ੍ਰੇਮ ਰਸ ਬਸ ਕਰਿ ਅਪਿਉ ਪੀਆਵਈ ॥੨੦੮॥

ਜੋਈ = ਜਿਹੜੀ ਜਗਿਆਸੂ ਰੂਪ ਇਸਤਰੀ ਪ੍ਰਿਅ = ਪਿਆਰੇ ਪਤੀ ਪਰਮੇਸ਼ਰ ਨੂੰ ਭਾਵੈ = ਚੰਗੀ ਲੱਗਦੀ ਹੈ, ਤਾਹਿ = ਉਸੇ ਨੂੰ ਹੀ ਆਪਣੇ ਸਿਹਜਾਸਨਿ = ਸੇਜਾ ਦੇ ਆਸਣ ਨਾਲ ਮਿਲਾਵੈ = ਮਿਲਾ ਲੈਂਦਾ ਹੈ ਭਾਵ ਆਤਮ ਪਦ ਵਿਚ ਮਿਲਾ, ਲੀਨ ਕਰ ਲੈਂਦਾ ਹੈ ਅਤੇ ਇਸ ਪ੍ਰਕਾਰ ਆਪਣੇ ਪ੍ਰੇਮ = ਸਨੇਹ ਰੂਪ ਰਸ = ਆਨੰਦ ਦੇ ਬਸ = ਅਧੀਨ ਕਰਿ = ਕਰ ਕੇ ਉਸ ਨੂੰ ਅਨੁਭਵ ਰਸ ਰੂਪ ਅਪਿਓ = ਅੰਮ੍ਰਿਤ ਨੂੰ ਪੀਆਵਈ = ਪਿਲਾਉਣਾ ਕਰਦਾ ਹੈ ॥੨੦੮॥

ਜੋਈ ਪ੍ਰਿਅ ਭਾਵੈ ਤਾਹਿ ਸੁੰਦਰਤਾ ਕੈ ਸੁਹਾਵੈ;
ਸੋਈ ਸੁੰਦਰੀ ਕਹਾਵੈ ਛਬਿ ਕੈ ਛਬੀਲੀ ਹੈ ॥

ਜੋਈ = ਜਿਹੜੀ ਜਗਿਆਸੂ ਰੂਪ ਇਸਤਰੀ ਪ੍ਰਿਅ = ਪਿਆਰੇ ਪਤੀ ਪਰਮੇਸ਼ਰ ਨੂੰ ਭਾਵੈ = ਚੰਗੀ ਲੱਗਦੀ ਹੈ, ਤਾਹਿ = ਉਸ ਨੂੰ ਉਹ ਆਤਮਿਕ ਅਨੰਦ ਰੂਪੀ ਸੁੰਦਰਤਾ = ਸੁਹੱਪਣਤਾ ਕੈ = ਦੇ ਨਾਲ ਸੁਹਾਵੈ = ਸ਼ੋਭਨੀਕ ਬਣਾ ਦਿੰਦਾ ਹੈ ਅਤੇ ਸੋਈ = ਉਹੋ ਹੀ ਆਤਮਿਕ ਗਿਆਨ ਰੂਪੀ ਸੁੰਦਰਤਾ ਦੇ ਸਹਿਤ **ਵਾ:** ਸ਼ੁਭ ਗੁਣਾਂ ਦੀ ਸੁੰਦਰਤਾ ਦੇ ਸਹਿਤ ਹੋਣ ਕਰਕੇ ਸਭ ਤੋਂ ਸੁੰਦਰੀ = ਸੋਹਣੀ ਕਹਾਵੈ = ਕਹਾਉਂਦੀ ਹੈ ਤੇ ਛਬਿ = ਸ਼ੋਭਾ ਕੈ = ਕਰਕੇ ਛਬੀਲੀ = ਫੱਬਣ ਵਾਲੀ ਅਖਵਾਉਣਾ ਕਰਦੀ ਹੈ।

ਜੋਈ ਪ੍ਰਿਅ ਭਾਵੈ ਤਾਹਿ ਬਾਨਕ ਬਧੂ ਬਨਾਵੈ;
ਸੋਈ ਬਨਿਤਾ ਕਹਾਵੈ ਰੰਗ ਮੈ ਰੰਗੀਲੀ ਹੈ॥

ਜੋਈ = ਜਿਹੜੀ ਜਗਿਆਸੂ ਰੂਪ ਇਸਤਰੀ ਪ੍ਰਿਅ = ਪਿਆਰੇ ਪਤੀ ਪਰਮੇਸ਼ਰ ਨੂੰ ਭਾਵੈ = ਚੰਗੀ ਲੱਗਦੀ ਹੈ, ਤਾਹਿ = ਉਸ ਨੂੰ ਪਤੀ ਪਰਮੇਸ਼ਰ ਬਾਨਕ = ਸੋਹਣੇ ਵੇਸ ਵਾਲੀ ਆਪਣੀ ਬਧੂ = ਇਸਤਰੀ ਬਨਾਵੈ = ਬਣਾ ਲੈਂਦਾ ਹੈ ਭਾਵ ਉਸ ਨੂੰ ਆਪਣੇ ਸਰੂਪ ਦੇ ਨੇੜੇ ਆਉਣ ਵਾਲੀ ਸ੍ਰੇਸ਼ਟ ਮਹਾਤਮਾ ਰੂਪ ਸਖੀ ਬਣਾ ਲੈਂਦਾ ਹੈ ਤੇ ਸੋਈ = ਉਹੋ ਹੀ ਪਤੀ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਮਹਾਤਮਾ ਰੂਪ ਬਨਿਤਾ = ਇਸਤਰੀ ਕਹਾਵੈ = ਕਹਾਉਂਦੀ ਹੈ ਅਤੇ ਪਤੀ ਪਰਮੇਸ਼ਰ ਦੇ ਰੰਗ = ਪ੍ਰੇਮ ਮੈ = ਵਿਚ ਰੰਗੀਲੀ = ਰੰਗੀ ਜਾਂਦੀ ਹੈ।

ਜੋਈ ਪ੍ਰਿਅ ਭਾਵੈ ਤਾ ਕੀ ਸਬੈ ਕਾਮਨਾ ਪੁਜਾਵੈ;
ਸੋਈ ਕਾਮਨੀ ਕਹਾਵੈ ਸੀਲ ਕੈ ਸੁਸੀਲੀ ਹੈ॥

ਜੋਈ = ਜਿਹੜੀ ਜਗਿਆਸੂ ਰੂਪ ਇਸਤਰੀ ਪ੍ਰਿਅ = ਪਿਆਰੇ ਪਤੀ ਪਰਮੇਸ਼ਰ ਨੂੰ ਭਾਵੈ = ਚੰਗੀ ਲੱਗਦੀ ਹੈ, ਤਾ = ਉਸ ਕੀ = ਦੀ ਸਬੈ = ਹਰ ਇਕ (ਲੋਕ ਪ੍ਰਲੋਕ ਦੀ) ਕਾਮਨਾ = ਇੱਛਾ ਪਤੀ ਪਰਮੇਸ਼ਰ ਪੁਜਾਵੈ = ਪੂਰਨ ਕਰਦਾ ਹੈ ਤੇ ਸੋਈ = ਉਹੋ ਹੀ ਜਗਿਆਸੂ, ਮਹਾਤਮਾ ਰੂਪ ਕਾਮਨੀ = ਇਸਤਰੀ ਕਹਾਵੈ = ਕਹਾਉਂਦੀ ਹੈ ਤੇ ਸੀਲ = ਨਿਮਰਤਾ ਦੇ ਸਹਿਤ ਹੋਣ ਕੈ = ਕਰਕੇ ਸੁਸੀਲੀ (ਸੁ + ਸੀਲੀ) ਸੁ = ਸ੍ਰੇਸ਼ਟ ਸੀਲੀ = ਸ਼ਾਂਤੀ, ਨਿਮਰਤਾ ਵਾਲੇ ਸੁਭਾਅ ਵਾਲੀ ਹੁੰਦੀ ਹੈ।

ਜੋਈ ਪ੍ਰਿਅ ਭਾਵੈ ਤਾਹਿ ਪ੍ਰੇਮ ਰਸ ਲੈ ਪੀਆਵੈ;
ਸੋਈ ਪ੍ਰੇਮਨੀ ਕਹਾਵੈ ਰਸਿਕ ਰਸੀਲੀ ਹੈ॥੨੦੬॥

ਜੋਈ = ਜਿਹੜੀ ਜਗਿਆਸੂ ਰੂਪ ਇਸਤਰੀ ਪ੍ਰਿਅ = ਪਿਆਰੇ ਪਤੀ ਪਰਮੇਸ਼ਰ ਨੂੰ ਭਾਵੈ = ਚੰਗੀ ਲੱਗਦੀ ਹੈ ਤਾਹਿ = ਉਸ ਨੂੰ ਪਤੀ ਪਰਮੇਸ਼ਰ ਆਪਣੇ ਰਿਦੇ ਵਿਚ ਪ੍ਰਮਾਣਿਤ ਕਰ ਕੇ ਪ੍ਰੇਮ ਰਸ ਪੀਆਵੈ = ਪਿਲਾ ਲੈ = ਲੈਣਾ ਕਰਦਾ ਹੈ, ਸੋਈ = ਉਹੋ ਹੀ ਪਤੀ ਪਰਮੇਸ਼ਰ ਨੂੰ ਪ੍ਰੇਮਨੀ = ਪ੍ਰੇਮ ਕਰਨ ਵਾਲੀ ਕਹਾਵੈ = ਕਹਾਉਂਦੀ ਹੈ **ਵਾ:** (ਪ੍ਰੇਮ + ਅਨੀ) ਪ੍ਰੇਮ = ਸਨੇਹ ਦੀ ਅਨੀ = ਚੋਭ ਵਾਲੀ ਕਹਾਉਂਦੀ ਹੈ ਅਤੇ ਉਹੋ ਹੀ ਪਤੀ ਪਰਮੇਸ਼ਰ ਦੀ ਪ੍ਰਾਪਤੀ ਦੇ ਰਸਿਕ = ਰਸ ਲੈਣ ਵਾਲੀ ਰਸੀਲੀ = ਰਸਕਣ ਬਣ ਜਾਂਦੀ ਹੈ॥੨੦੬॥

ਬਿਰਹ ਬਿਓਗ ਰੋਗ ਸੇਤ ਰੂਪ ਹੁਇ ਕ੍ਰਿਤਾਸ;
ਟੂਕ ਟੂਕ ਭਏ ਪਾਤੀ ਲਿਖੀਐ ਬਿਦੇਸ ਤੇ॥

ਬਿਰਹ = ਵਿਛੋੜੇ ਵਾਲੀ ਜਗਿਆਸੂ ਰੂਪ ਇਸਤਰੀ ਦਾ ਪਤੀ ਪਰਮੇਸ਼ਰ ਦੇ ਬਿਓਗ = ਵਿਛੋੜੇ ਰੂਪੀ ਰੋਗ ਦੇ ਕਾਰਨ ਰੂਪ = ਰੰਗ ਕ੍ਰਿਤਾਸ = ਕਾਗ਼ਜ਼ ਵਰਗਾ ਸੇਤ = ਚਿੱਟਾ ਹੁਇ = ਹੋ ਜਾਂਦਾ ਹੈ ਭਾਵ ਵਿਛੋੜੇ ਕਰਕੇ ਸਰੀਰ ਦਾ ਰੰਗ ਚਿੱਟਾ ਹੋ ਜਾਂਦਾ ਹੈ, ਕਮਜ਼ੋਰ ਹੋ ਜਾਂਦਾ ਹੈ ਤੇ ਸਰੀਰ ਦੇ ਅੰਗ ਵਿਛੋੜੇ ਕਰਕੇ ਕਾਗ਼ਜ਼ ਦੇ ਵਾਂਗ ਟੂਕ ਟੂਕ = ਟੁਕੜੇ ਟੁਕੜੇ ਭਏ = ਹੋ ਜਾਂਦੇ ਹਨ। ਐਸੀ ਅਬਾਰਤ ਪਾਤੀ = ਪੱਤ੍ਰਿਕਾ ਵਿਚ ਪਤੀ ਵੱਲ ਬਿਦੇਸ = ਪ੍ਰਦੇਸ ਤੇ = ਤੋਂ ਲਿਖੀਐ = ਲਿਖਦੀ ਹੈ ਭਾਵ ਜਿਹੜੇ ਦੇਸ ਵਿਚ ਪਤੀ ਹੈ, ਪਤੀ ਤੋਂ ਬਿਨਾਂ ਜਿਹੜੇ ਦੇਸ਼ ਵਿਚ ਰਹਿੰਦੀ ਹੈ, ਉਸ ਨੂੰ ਪ੍ਰਦੇਸ ਮੰਨਦੀ ਹੋਈ ਪਤੀ ਵੱਲ ਪੱਤ੍ਰਿਕਾ ਲਿਖਦੀ ਹੈ।

ਬਿਰਹ ਅਗਨਿ ਸੇ ਸਵਾਨੀ ਮਾਸੁ ਕ੍ਰਿਸਨ ਹੁਇ;
ਬਿਰਹਨੀ ਭੇਖ ਲੇਖ ਬਿਖਮ ਸੰਦੇਸ ਤੇ ॥

ਬਿਰਹ = ਵਿਛੋੜੇ ਸੇ = ਤੋਂ ਪੈਦਾ ਹੋਣ ਵਾਲੀ ਸੰਤਾਪ ਰੂਪ ਅਗਨਿ = ਅੱਗ ਕਰਕੇ ਸਵਾਨੀ = ਸ੍ਰੇਸ਼ਟ ਕੁਲ ਵਾਲੀ ਜਗਿਆਸੂ ਰੂਪ ਇਸਤਰੀ ਦੇ ਸਰੀਰ ਦਾ ਮਾਸ ਕ੍ਰਿਸਨ = ਕਾਲਾ ਹੁਇ = ਹੋ ਜਾਂਦਾ ਹੈ **ਵਾ:** ਵਿਛੋੜੇ ਤੋਂ ਪੈਦਾ ਹੋਣ ਵਾਲੀ ਸੰਤਾਪ ਰੂਪ ਅੱਗ ਕਰਕੇ ਸਵਾਨੀ (ਸ + ਵਾਨੀ) ਸ = ਉਸ ਦਾ ਵਾਨੀ = ਰੰਗ ਮਾਸੁ = ਸਿਆਹੀ ਵਰਗਾ ਕ੍ਰਿਸਨ = ਕਾਲਾ ਹੁਇ = ਹੋ ਜਾਂਦਾ ਹੈ, ਜਿਸ ਸਿਆਹੀ ਨਾਲ ਬਿਰਹਨੀ = ਵਿਜੋਗਣ ਜਗਿਆਸੂ ਰੂਪ ਇਸਤਰੀ ਆਪਣੇ ਭੇਖ = ਵੇਸ ਦੇ ਬਿਖਮ = ਕਠਿਨ, ਦੁੱਖ ਭਰੇ ਸੰਦੇਸ = ਸੁਨੇਹੇ ਲੇਖ = ਲਿਖਿਆ ਕਰਦੀ ਹੈ।

ਬਿਰਹ ਬਿਓਗ ਰੋਗ ਲੇਖਨਿ ਕੀ ਛਾਤੀ ਫਾਟੀ;
ਰੁਦਨ ਕਰਤ ਲਿਖੈ ਆਤਮ ਅਵੇਸ ਤੇ ॥

ਬਿਰਹ = ਵਿਛੋੜੇ ਤੋਂ ਪੈਦਾ ਹੋਏ ਬਿਓਗ = ਵਿਛੋੜੇ ਰੂਪ ਰੋਗ ਕਾਰਨ ਇਸ ਪ੍ਰਕਾਰ ਛਾਤੀ ਫਟ ਫਟ ਪੈਂਦੀ ਹੈ ਜਿਵੇਂ ਕਿ ਲੇਖਣੀ ਦਾ ਮੂੰਹ ਫਟਿਆ ਹੁੰਦਾ ਹੈ ਤੇ ਉਵੇਂ ਹੀ ਆਤਮ = ਜੀਵਾਤਮਾ ਦਿਆਂ ਉਬਾਲਿਆਂ ਨਾਲ ਭਾਵ ਮਨ ਦੀ ਹਵਾੜ ਕੱਢਦਿਆਂ ਰੋ ਰੋ ਕੇ ਆਪਣੀ ਪਤਿਤ ਦਸ਼ਾ ਨੂੰ ਲਿਖੈ = ਲਿਖ ਕੇ ਪ੍ਰਗਟ ਕਰਦੀ ਹੈ **ਵਾ:** ਪਤੀ ਪਰਮੇਸ਼ਰ ਦੇ ਪ੍ਰੇਮ ਰੂਪੀ ਬਿਓਗ = ਵਿਛੋੜੇ ਦੇ ਦੁੱਖ ਵਿਚ ਗੱਲਾਂ ਲਿਖਾਉਂਦਿਆਂ ਲਿਖਾਉਣ ਵਾਲੀ ਬਿਰਹ = ਵਿਜੋਗਣ ਇਸਤਰੀ ਦੀ ਛਾਤੀ ਫਾਟੀ = ਫਟ ਫਟ ਪੈਂਦੀ ਹੈ। ਅਤੇ ਫਿਰ ਸਾਵਧਾਨ ਹੋ ਕੇ ਆਪਣੇ ਵਿਛੋੜੇ ਦਾ ਦੁੱਖ ਲਿਖਣ ਨੂੰ ਉੱਛਲਦੀ ਹੈ, ਕਦੇ ਰੁਦਨ = ਰੋਣ ਲੱਗ ਪੈਂਦੀ ਹੈ ਤੇ ਕਦੇ ਆਪਣੇ ਆਤਮ = ਮਨ ਵਿਚ ਪਤੀ ਪਰਮੇਸ਼ਰ ਦੀ ਸੁਰਤ ਨੂੰ ਅਵੇਸ = ਪ੍ਰਵੇਸ਼ ਕਰਦੀ ਹੈ, ਵਸਾਉਂਦੀ ਹੈ।

ਬਿਰਹ ਉਸਾਸਨ ਪ੍ਰਗਾਸਨ ਦੁਖਿਤ ਗਤਿ;
ਬਿਰਹਨੀ ਕੈਸੇ ਜੀਐ ਬਿਰਹ ਪਰਵੇਸ ਤੇ ॥੨੧੦॥

ਇਸ ਪ੍ਰਕਾਰ ਬਿਰਹ = ਵਿਛੋੜੇ ਤੋਂ ਹੋ ਰਹੀ ਦੁਖਿਤ = ਦੁਖੀ ਗਤਿ = ਦਸ਼ਾ ਨੂੰ ਉਸਾਸਨ = ਹੌਂਕਿਆਂ ਰਾਹੀਂ ਹਰ ਵਕਤ ਪ੍ਰਗਾਸਨ = ਪ੍ਰਗਾਸ, ਪ੍ਰਗਟ ਕਰਦੀ ਹੈ ਤੇ ਵਿਛੋੜੇ ਦੀ ਮਾਰੀ ਬਿਰਹਨੀ = ਵਿਛੋੜੇ ਦੀ ਚੋਭ ਨਾਲ ਪੀੜਤ ਬਿਰਤੀ ਵਿਛੋੜੇ ਦੇ ਅੰਦਰ ਪਰਵੇਸ ਤੇ = ਦਾਖ਼ਲ ਹੋਣ ਕਾਰਨ ਕੈਸੇ = ਕਿਸ ਪ੍ਰਕਾਰ ਆਤਮਿਕ ਜੀਵਨ ਵੱਲ ਜੀਐ = ਜੀਵਤ ਰਹਿ ਸਕਦੀ ਹੈ ਭਾਵ ਨਹੀਂ ਰਹਿ ਸਕਦੀ ॥੨੧੦॥

ਪੂਰਬ ਸੰਜੋਗ ਮਿਲਿ ਸੁਜਨ ਸਗਾਈ ਹੋਤ;
ਸਿਮਰਤ ਸੁਨਿ ਸੁਨਿ ਸ੍ਰਵਨ ਸੰਦੇਸ ਕੈ ॥

ਪੂਰਬ = ਪੂਰਬਲੇ ਕੀਤੇ ਕਰਮਾਂ ਅਨੁਸਾਰ ਜਿਸ ਨਾਲ ਕੁੜਮਾਈ ਦੇ ਲੇਖ ਲਿਖੇ ਹੁੰਦੇ ਹਨ **ਵਾ:** ਪਹਿਲਾਂ ਸਾਰੇ ਸੰਬੰਧੀ, ਸ਼ਰੀਕ, ਕੁੜਮ ਆਦਿਕ ਮਿਲਿ = ਮਿਲਦੇ ਹਨ ਤੇ ਫੇਰ ਸਭਨਾਂ ਦੇ ਆਪਸ ਵਿਚਦੀ ਸੰਜੋਗ = ਮਿਲਾਪ ਕਰਨ ਨਾਲ ਲੜਕੇ ਲੜਕੀ ਦਾ ਸਗਾਈ = ਰਿਸ਼ਤਾ ਹੋਤ = ਹੁੰਦਾ ਹੈ ਤੇ ਲੜਕੀ ਆਪਣੇ ਪਤੀ ਦੇ ਗੁਣਾਂ ਨੂੰ ਸ੍ਰਵਨ = ਕੰਨਾਂ ਨਾਲ ਸੁਣ ਕੇ ਬਹੁਤ ਪ੍ਰਸੰਨ ਹੁੰਦੀ ਹੈ ਅਤੇ ਉਨ੍ਹਾਂ ਦੇ ਸੰਦੇਸ = ਸੁਨੇਹਿਆਂ

ਨੂੰ ਸਿਮਰਤ = ਚੇਤੇ ਕਰਦੀ ਹੈ ਜੋ ਪਤੀ ਵੱਲੋਂ ਆਉਂਦੇ ਹਨ **ਅਥਵਾ** ਲੜਕਾ ਤੇ ਲੜਕੀ ਦੋਵੇਂ ਹੀ ਇਕ ਦੂਜੇ ਦੇ ਗੁਣਾਂ ਤੇ ਸੁਨੇਹਿਆਂ ਨੂੰ ਸੁਣ ਸੁਣ ਕੇ ਪ੍ਰਸੰਨ ਹੁੰਦੇ ਹਨ ਕਿ ਹੁਣ ਕਿਸ ਦਿਨ ਸਾਡਾ ਆਪਸ ਵਿਚਦੀ ਮਿਲਾਪ ਹੋਵੇਗਾ।

ਇਸੇ ਪ੍ਰਕਾਰ ਜੇਕਰ ਪੂਰਬਲੇ ਨਿਸ਼ਕਾਮ ਕਰਮ ਕੀਤੇ ਹੋਣ ਤਾਂ ਸੁਜਨ = ਸ੍ਰੇਸ਼ਟ ਪੁਰਖਾਂ, ਸੰਤ ਜਨਾਂ ਨਾਲ ਮਿਲਿ = ਮਿਲਣਾ ਹੁੰਦਾ ਹੈ ਅਤੇ ਵਾਹਿਗੁਰੂ ਰੂਪ ਪਤੀ ਨਾਲ ਜਗਿਆਸੂ ਰੂਪ ਇਸਤਰੀ ਦਾ ਸਗਾਈ = ਸੰਬੰਧ ਹੋ ਜਾਂਦਾ ਹੈ ਤੇ ਹਰੀ ਦੇ ਜਸ ਰੂਪ ਗੁਣਾਂ ਤੇ ਪ੍ਰਭੂ ਪਤੀ ਦੀ ਪ੍ਰਾਪਤੀ ਵਾਲੇ ਸੁਨੇਹਿਆਂ ਨੂੰ ਸੁਣ ਸੁਣ ਕੇ ਪ੍ਰਸੰਨ ਹੁੰਦੀ ਹੈ। ਜੈਸਾ ਕਿ :

ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ॥
ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ॥ *(ਅੰਗ ੮੪੬)*

ਬਿਧਿ ਸੇ ਬਿਵਾਹੇ ਮਿਲਿ ਦ੍ਰਿਸਟਿ ਦਰਸ ਲਿਵ;
ਬਿਦਜਮਾਨ ਧਿਆਨ ਰਸ ਰੂਪ ਰੰਗ ਭੇਸ ਕੈ॥

ਬਿਦਜਮਾਨ = ਪ੍ਰਤੱਖ ਸ਼ਰੀਕਾਂ, ਸੰਬੰਧੀਆਂ, ਕੁੜਮਾਂ ਆਦਿ ਦੇ ਇਕੱਠ ਹੋਣ ਕਰਕੇ ਲੜਕੇ ਤੇ ਲੜਕੀ ਦਾ ਬਹੁਤ ਚੰਗੀ ਬਿਧਿ = ਵਿਧੀ ਸੇ = ਨਾਲ ਬਿਵਾਹੇ = ਵਿਆਹ ਹੁੰਦਾ ਹੈ ਤੇ ਲੜਕੀ ਦੇ ਨੇਤਰਾਂ ਦੀ ਦ੍ਰਿਸਟਿ = ਨਿਗ੍ਹਾ ਤੇ ਲਿਵ = ਬਿਰਤੀ ਲੜਕੇ ਦੇ ਦਰਸ = ਦੀਦਾਰ ਦੇ ਧਿਆਨ = ਖ਼ਿਆਲ ਵਿਚ ਪ੍ਰਗਟ ਹੀ ਰਸ = ਪ੍ਰੇਮ ਨਾਲ ਲੱਗ ਜਾਂਦੀ ਹੈ ਅਤੇ ਐਸਾ ਹੀ ਲੜਕੇ ਦਾ ਖ਼ਿਆਲ ਲੜਕੀ ਵੱਲ ਲੱਗ ਜਾਂਦਾ ਹੈ, ਦੋਵੇਂ ਰੂਪ ਰੰਗ ਭੇਸ = ਲਿਬਾਸ ਕੈ = ਕਰਕੇ ਇੱਕੋ ਰੂਪ ਹੀ ਹੋ ਜਾਂਦੇ ਹਨ।

ਰੈਨ ਸੈਨ ਸਮੈ ਸ੍ਰੁਤਿ ਸਬਦ ਬਿਬੇਕ ਟੇਕ;
ਆਤਮ ਗਿਆਨ ਪ੍ਰਮਾਤਮ ਪ੍ਰਵੇਸ ਕੈ॥

ਫੇਰ ਵਿਆਹੁਤਾ ਔਰਤ ਰੈਨ = ਰਾਤ ਨੂੰ ਸੈਨ = ਸੌਣ ਦੇ ਸਮੈ = ਵਕਤ ਆਪਣੇ ਸ੍ਰੁਤਿ = ਕੰਨਾਂ ਵਿਚ ਪਤੀ ਦੇ ਸਬਦ = ਬੋਲਾਂ ਦੀ ਟੇਕ = ਓਟ ਬਿਬੇਕ = ਵਿਚਾਰਨਾ ਕਰਦੀ ਹੈ, ਭਾਵ ਕੰਨ ਲਾ ਕੇ ਸੁਣਦੀ ਹੈ ਕਿ ਕਦੋਂ ਮੈਨੂੰ ਪਤੀ ਆਗਿਆ ਕਰਦਾ ਹੈ ਤੇ ਆਪਣੇ ਆਤਮ = ਮਨ ਨੂੰ ਪਤੀ ਦੇ ਗਿਆਨ ਵਿਚ ਪ੍ਰਵੇਸ = ਦਾਖ਼ਲ ਕਰਨਾ ਕਰਾਂ।

ਗਿਆਨ ਧਿਆਨ ਸਿਮਰਨ ਉਲੰਘਿ ਇਕਤ੍ਰ ਹੋਇ;
ਪ੍ਰੇਮ-ਰਸ ਬਸਿ ਹੋਤ ਬਿਸਮ ਅਵੇਸ ਕੈ॥੨੧੧॥

ਫੇਰ ਜਦੋਂ ਇਸਤਰੀ ਦਾ ਪਤੀ ਨਾਲ ਮਿਲਾਪ ਹੋਇਆ ਤੇ ਉਸ ਦੇ ਪ੍ਰੇਮ ਰਸ ਦੇ ਬਸਿ = ਅਧੀਨ ਹੋਤ = ਹੋ ਗਈ ਤੇ ਪਤੀ ਦੇ ਨਾਲ ਅਵੇਸ = ਇਸਥਿਤ ਹੋਣ ਕੈ = ਕਰਕੇ ਵਿਛੋੜੇ ਦਾ ਦੁੱਖ ਦੂਰ ਹੋ ਗਿਆ ਤੇ ਬਿਸਮ = ਅਸਚਰਜ ਹੋ ਗਈ ਅਤੇ ਜੋ ਪਹਿਲਾ ਗਿਆਨ ਧਿਆਨ ਦੀਆਂ ਗੱਲਾਂ ਸਿਮਰਨ = ਚੇਤੇ ਸੀ, ਉਨ੍ਹਾਂ ਤੋਂ ਉਲੰਘਿ = ਪਾਰ ਹੋ ਕੇ ਇਕਤ੍ਰ = ਇਕੱਠੇ ਹੋ ਗਏ ਭਾਵ ਜੋ ਸੋਚਾਂ ਦੀਆਂ ਨਦੀਆਂ ਤੇ ਹੋਰਨਾਂ ਪਾਸੋਂ ਪਤੀ ਦੀਆਂ ਗੱਲਾਂ ਸੁਣ ਕੇ ਪਤੀ ਬਾਰੇ ਗਿਆਨ ਹੋਇਆ ਸੀ ਅਤੇ ਪਤੀ ਵੱਲ ਧਿਆਨ ਲਾਉਣਾ ਇਤਿਆਦਿਕ

ਸੋਚਾਂ ਦੂਰ ਹੋ ਗਈਆਂ ਅਤੇ ਇੱਕੋ ਰੂਪ ਹੋ ਗਏ। ਇਸੇ ਪ੍ਰਕਾਰ ਜਦੋਂ ਸਾਂਖ ਸ਼ਾਸਤਰ ਆਦਿਕਾਂ ਦੇ ਗਿਆਨ ਅਤੇ ਪਤੰਜਲੀ ਆਦਿਕਾਂ ਦੇ ਧਿਆਨ ਤੇ ਦੇਵੀ ਦੇਵਤਿਆਂ ਦੇ ਸਿਮਰਨ ਤੋਂ ਉਲੰਘਿ = ਟੱਪ ਕੇ ਗੁਰੂ ਦੀ ਕਿਰਪਾ ਦੇ ਨਾਲ ਜਗਿਆਸੂ ਰੂਪੀ ਇਸਤਰੀ ਤੇ ਪਤੀ ਪਰਮੇਸ਼ਰ ਦੋਵੇਂ ਇਕਤ੍ਰ = ਇਕੱਠੇ ਹੋਇ = ਹੋ ਗਏ ਭਾਵ ਦੋਵਾਂ ਦਾ ਪਰਸਪਰ ਮਿਲਾਪ ਹੋਇਆ ਤਾਂ ਜਗਿਆਸੂ ਰੂਪ ਇਸਤਰੀ ਪਤੀ ਪਰਮੇਸ਼ਰ ਦੇ ਪ੍ਰੇਮ ਰਸ ਦੇ ਬਸਿ = ਅਧੀਨ ਹੋਤ = ਹੋ ਗਈ ਤਾਂ ਬਿਸਮ = ਅਸਚਰਜ ਰੂਪ ਪਤੀ ਪਰਮੇਸ਼ਰ ਨੇ ਉਸ ਜਗਿਆਸੂ ਰੂਪ ਇਸਤਰੀ ਨੂੰ ਆਪਣੇ ਸਰੂਪ ਵਿਚ ਅਵੇਸ ਕੈ = ਪ੍ਰਵੇਸ਼ ਭਾਵ ਅਭੇਦ ਕਰ ਲਿਆ ॥੨੧੧॥

ਏਕ ਸੈ ਅਧਿਕ ਏਕ ਨਾਇਕਾ ਅਨੇਕ ਜਾ ਕੈ;
ਦੀਨ ਕੈ ਦਿਆਲ ਹੁਇ ਕ੍ਰਿਪਾਲ ਕ੍ਰਿਪਾ ਧਾਰੀ ਹੈ ॥

ਏਕ = ਇਕ ਸੈ = ਤੋਂ ਏਕ = ਇਕ ਅਧਿਕ = ਬਹੁਤੀਆਂ ਅਨੇਕ = ਅਨੰਤ ਹੀ ਜਾ = ਜਿਸ ਪਤੀ ਪਰਮੇਸ਼ਰ ਕੈ = ਦੇ ਘਰ ਵਿਚ ਮੇਰੇ ਵਰਗੀਆਂ ਨਾਇਕਾ = ਇਸਤਰੀਆਂ ਹਨ ਜਿਸ ਦੀਨ = ਗ਼ਰੀਬਣੀ ਉੱਤੇ ਦਿਆਲ = ਦਇਆ ਦੇ ਘਰ ਮੇਰੇ ਕ੍ਰਿਪਾਲੂ ਪਤੀ ਨੇ ਮਿਹਰ ਕੀਤੀ ਹੈ, ਉਹ ਤਰ ਗਈ ਹੈ **ਵਾ:** ਜਾ = ਜਿਸ ਸਤਿਗੁਰੂ ਕੇ = ਦੇ ਇਕ ਤੋਂ ਇਕ ਚੜ੍ਹਦੀਆਂ ਅਨੇਕਾਂ ਹੀ ਤਨ, ਮਨ, ਧਨ ਕਰਕੇ ਹਰੇਕ ਤਰ੍ਹਾਂ ਹੀ ਉਸ ਦੀ ਆਗਿਆ ਵਿਚ ਚੱਲਣ ਵਾਲੀਆਂ ਸਿੱਖ ਰੂਪ ਇਸਤਰੀਆਂ ਹਨ, ਜਿਨ੍ਹਾਂ ਉੱਤੇ ਦੀਨ = ਗ਼ਰੀਬਾਂ ਕੈ = ਦੇ ਦਿਆਲ = ਦਿਆਲੂ, ਗ਼ਰੀਬ ਨਿਵਾਜ ਸਤਿਗੁਰੂ ਜੀ ਕ੍ਰਿਪਾਲ = ਦਿਆਲੂ ਹੁਇ = ਹੋ ਕੇ ਕ੍ਰਿਪਾ = ਮਿਹਰ ਦੀ ਦ੍ਰਿਸ਼ਟੀ ਧਾਰੀ = ਧਾਰਨ ਕੀਤੀ ਹੈ। ਜੈਸਾ ਕਿ :

ਇਕ ਦੂ ਇਕ ਚੜੰਦੀਆ ਕਉਣ ਜਾਣੈ ਮੇਰਾ ਨਾਉ ਜੀਉ ॥ *(ਸੂਹੀ ਮ: ੧, ਅੰਗ ੭੬੨)*

ਸਜਨੀ ਰਜਨੀ ਸਸਿ, ਪ੍ਰੇਮ ਰਸ ਅਉਸਰ ਮੈ;
ਅਬਲੇ ਅਧੀਨ ਗਤਿ ਬੇਨਤੀ ਉਚਾਰੀ ਹੈ ॥

ਤਦੋਂ ਪਤੀ ਪਰਮੇਸ਼ਰ ਦੇ ਕੋਲ ਮਹਾਤਮਾ ਰੂਪ ਸਜਨੀ = ਸ੍ਰੇਸ਼ਟ ਸਖੀਆਂ ਦੀ ਇਕੱਤਰਤਾ ਹੋਈ ਤੇ ਵੈਰਾਗ ਰੂਪ ਸਸਿ = ਚੰਦਰਮਾ ਅਗਿਆਨ ਰੂਪ ਰਜਨੀ = ਰਾਤ ਵਿਚ ਚੜ੍ਹਿਆ ਵੇਖ ਕੇ ਐਸੇ ਅਉਸਰ = ਸਮੇਂ ਪ੍ਰੇਮ ਰਸ ਦੇ ਅਨੰਦ ਮੈ = ਵਿਚ ਆ ਕੇ ਮੇਰੀ ਗਤਿ = ਦਸ਼ਾ ਗ਼ਰੀਬ ਅਬਲੇ = ਇਸਤਰੀ ਵਾਂਗ ਹੋ ਕੇ ਅਧੀਨ = ਅਧੀਨਗੀ ਨਾਲ ਮਿੱਠੀਆਂ ਮਿੱਠੀਆਂ ਗੱਲਾਂ ਵਾਲੀ ਬੇਨਤੀ = ਅਰਜ਼ ਉਚਾਰੀ = ਕਥਨ ਕੀਤੀ ਹੈ।

ਜੋਈ ਜੋਈ ਆਗਿਆ ਹੋਇ, ਸੋਈ ਸੋਈ ਮਾਨਿ ਜਾਨਿ;
ਹਾਥ ਜੋਰੈ ਅਗ੍ਰਭਾਗਿ ਹੋਇ ਆਗਿਆਕਾਰੀ ਹੈ ॥

ਜੋਈ ਜੋਈ = ਜਿਹੜੀ ਜਿਹੜੀ ਪਤੀ ਪਰਮੇਸ਼ਰ ਦੀ ਆਗਿਆ ਹੋਇ = ਹੋਵੇ, ਸੋਈ ਸੋਈ = ਉਸੇ ਉਸੇ ਪ੍ਰਕਾਰ ਉਹੀ ਮਾਨਿ = ਮੰਨਣ ਲੱਗ ਜਾਨਿ = ਜਾਂਦੀ ਹੈ ਅਤੇ ਦੋਵੇਂ ਹਾਥ = ਹੱਥ ਜੋਰੈ = ਜੋੜ ਕੇ ਹਰ ਵਕਤ ਅਗ੍ਰਭਾਗਿ = ਸਨਮੁਖ ਖੜੀ ਰਹਿੰਦੀ ਹੈ ਤੇ ਹਰ ਵਕਤ ਆਗਿਆਕਾਰੀ = ਬੇਨਤੀ ਮੰਨਣ ਵਾਲੀ ਹੋਇ = ਹੋਈ ਰਹਿੰਦੀ ਹੈ। ਅਤੇ :

ਭਾਵਨੀ ਭਗਤਿ ਭਾਇ ਚਾਇ ਕੈ ਚਈਲੋ ਭਜਉ;
ਸਫਲ ਜਨਮ ਧੰਨਿ ਆਜ ਮੇਰੀ ਬਾਰੀ ਹੈ॥੨੧੨॥

ਭਾਵਨੀ = ਸ਼ਰਧਾ ਤੇ ਚਾਉ = ਉਤਸ਼ਾਹ ਕੈ = ਦੇ ਸਹਿਤ ਭਾਇ = ਪ੍ਰੇਮਾ ਭਗਤਿ = ਭਗਤੀ ਕਰਦੀ ਹੈ ਅਤੇ ਚਈਲੋ = ਉਤਸ਼ਾਹ ਦੇ ਨਾਲ ਪਤੀ ਪਰਮੇਸ਼ਰ ਨੂੰ ਭਜਉ = ਸਿਮਰਨਾ, ਸੇਵਨਾ ਕਰਦੀ ਹੈ ਅਤੇ ਇਉਂ ਕਹਿੰਦੀ ਹੈ ਕਿ ਆਜ = ਅੱਜ ਮੇਰੀ ਮਨੁੱਖਾ ਜਨਮ ਨੂੰ ਸਫਲ ਕਰਨ ਦੀ ਵਾਰੀ ਹੈ। ਮੇਰਾ ਮਨੁੱਖਾ ਜਨਮ ਧੰਨਿ = ਧੰਨਤਾ ਦੇ ਯੋਗ ਹੈ ਭਾਵ ਅੱਜ ਮੇਰਾ ਮਨੁੱਖਾ ਜਨਮ ਸਫਲ ਕਰਨ ਦੀ ਵਾਰੀ ਹੈ, ਐਸਾ ਧੰਨਤਾ ਦੇ ਯੋਗ ਸਮਾਂ ਹੈ॥੨੧੨॥

ਪ੍ਰੀਤਮ ਕੀ ਪੁਤਰੀ ਮੈ ਤਨਿਕ ਤਾਰਿਕਾ ਸਿਆਮ;
ਤਾ ਕੋ ਪ੍ਰਤਿਬਿੰਬੁ ਤਿਲ ਤਿਲਕ ਤ੍ਰਿਲੋਕ ਕੋ॥

('ਪੁਤਰੀ' ਪੋਲਾ ਬੋਲੋ)

ਪ੍ਰੀਤਮ = ਪਿਆਰੇ ਗੁਰਾਂ ਦੇ ਨੇਤਰਾਂ ਕੀ = ਦੀ ਪੁਤਰੀ = ਪੁਤਲੀ, ਧੀਰੀ ਮੈ = ਵਿਚ ਜੋ ਸਿਆਮ = ਕਾਲੀ ਭਾਅ ਮਾਰਦੀ ਹੋਈ ਤਨਿਕ = ਥੋੜ੍ਹੀ ਜਿਹੀ ਤਾਰਿਕਾ = ਚਮਕ ਦੇ ਰਹੀ ਹੈ ਤਾ = ਉਸੇ ਉੱਤਮ ਪੁਤਲੀਆਂ ਕੋ = ਦਾ ਹੀ ਪ੍ਰਤਿਬਿੰਬੁ = ਪਰਛਾਵਾਂ ਤ੍ਰਿਲੋਕ = ਤਿੰਨੇ ਲੋਕਾਂ ਕੋ = ਦਾ ਤਿਲਕ = ਟਿੱਕਾ ਰੂਪ ਤਿਲ ਹੈ **ਵਾ:** (ਤ੍ਰਿ + ਲੋਕ) ਜੋ ਜਾਗ੍ਰਤ, ਸੁਪਨ, ਸੁਖੋਪਤ ਰੂਪ ਤ੍ਰਿ = ਤਿੰਨ ਅਵਸਥਾਵਾਂ ਦਾ ਲੋਕ = ਪ੍ਰਕਾਸ਼ ਹੁੰਦਾ ਹੈ, ਉਹ ਤਿਲ ਕੇਵਲ ਸਤਿਗੁਰਾਂ ਦੀ ਦ੍ਰਿਸ਼ਟੀ ਧਾਰਾ ਦੇ ਪ੍ਰਵਾਹਿਤ ਹੋਣ ਦੇ ਮੂਲ ਸਥਾਨ ਦਾ ਪਰਛਾਵਾਂ ਮਾਤਰ ਹੈ।

ਬਨਿਤਾ ਬਦਨ ਪਰਿ ਪ੍ਰਗਟ ਬਨਾਇ ਰਾਖਿਓ;
ਕਾਮਦੇਵ ਕੋਟਿ ਲੋਟ ਪੋਟ ਅਵਿਲੋਕ ਕੋ॥

ਜਿਵੇਂ ਬਨਿਤਾ = ਇਸਤਰੀ ਆਪਣੇ ਬਦਨ = ਚਿਹਰੇ ਪਰਿ = ਉੱਤੇ ਪਤੀ ਦੀ ਤਾਂਘ ਵਿਚ ਪ੍ਰਗਟ ਹੀ ਕਾਲਾ ਤਿਲ ਬਨਾਇ = ਬਣਾ ਕੇ ਰਾਖਿਓ = ਰੱਖਦੀ ਹੈ, ਉਸੇ ਤਰ੍ਹਾਂ ਗੁਰਸਿੱਖ ਨੇ ਪ੍ਰਗਟ, ਪ੍ਰਤੱਖ ਹੀ ਉਸ ਤਿਲ ਨੂੰ ਸਤਿਗੁਰਾਂ ਦੇ ਵਾਸਤ੍ਵੀ ਦਰਸ਼ਨ ਦੀ ਤਾਂਘ ਦਾ ਅਸਥਾਨ ਬਣਾ ਸੁਆਰ ਕੇ ਰੱਖਿਆ ਹੈ। ਜਿਸ ਤਿਲ ਦੇ ਅਵਿਲੋਕ = ਦੇਖਣ ਦੇ ਲਈ ਕੋਟਿ = ਕਰੋੜਾਂ ਹੀ ਪਰਮ ਸੁੰਦਰ ਕਾਮਦੇਵ ਲੋਟ ਪੋਟ = ਲੋਟਨ ਪੋਟਨ ਹੋ ਰਹੇ ਹਨ।

ਕੋਟਿਨ ਕੋਟਾਨਿ ਰੂਪ ਕੀ ਅਨੂਪ ਰੂਪ ਛਬਿ;
ਸਕਲ ਸਿੰਗਾਰ ਕੋ ਸਿੰਗਾਰ ਸਰਬ ਥੋਕ ਕੋ॥

ਕੋਟਿਨ ਕੋਟਾਨਿ = ਕਰੋੜਾਂ ਕੋਟੀਆਂ ਹੀ ਰੂਪ = ਸਰੂਪ ਸੁੰਦਰ ਹੋ ਆਵੇ ਤਾਂ ਵੀ ਉਸ ਕੀ = ਦੀ ਛਬਿ = ਸੁੰਦਰਤਾ ਵਾਲਾ ਰੂਪ ਉਸ ਤਿਲ ਦੀ ਅਨੂਪ = ਉਪਮਾ ਦੇ ਬਰਾਬਰ ਨਹੀਂ ਹੈ, ਤੇ ਉਹ ਵਾਹਿਗੁਰੂ ਸਕਲ = ਸਾਰੇ ਸ਼ੁਭ ਗੁਣਾਂ ਰੂਪ ਸਿੰਗਾਰ = ਭੂਖਣਾਂ ਦਾ ਸਿੰਗਾਰ = ਸਜਾਵਣ ਵਾਲਾ ਹੈ ਤੇ ਸਰਬ = ਸਾਰੇ ਥੋਕ = ਪਦਾਰਥਾਂ ਕੋ = ਦਾ ਸਿੰਗਾਰ = ਭੂਖਣ ਸ਼ਿਰੋਮਣੀ **ਵਾ:** ਸਿਰਜਨਹਾਰਾ ਹੈ।

ਕਿੰਚਤ ਕਟਾਛ ਕ੍ਰਿਪਾ ਤਿਲ ਕੀ ਅਤੁਲ ਸੋਭਾ;
ਸੁਰਸਤੀ ਕੋਟਿ ਮਾਨ ਭੰਗ ਧਿਆਨ ਕੋਕ ਕੋ ॥੨੧੩॥

ਇਸ ਤਿਲ ਦੀ ਸੋਭਾ = ਉਪਮਾ ਅਤੁਲ = ਤੁਲਨਾ ਤੋਂ ਰਹਿਤ ਹੈ, ਜਿਸ ਦੇ ਕਿੰਚਤ = ਥੋੜ੍ਹੇ ਮਾਤਰ ਕ੍ਰਿਪਾ = ਮਿਹਰ ਭਰੇ ਕਟਾਛ = ਕਟਾਖਜ ਨੂੰ ਪ੍ਰਾਪਤ ਹੋਣ ਵਾਲੇ ਗੁਰਮੁਖ ਦੇ ਸਨਮੁਖ ਕੋਟਿ = ਕਰੋੜਾਂ ਹੀ ਸੁਰਸਤੀ ਆਦਿ ਦੇਵੀਆਂ ਦਾ ਮਾਨ = ਸਨਮਾਨ ਭੰਗ = ਟੁੱਟ, ਮਰਦਨ ਹੋ ਜਾਂਦਾ ਹੈ ਤੇ ਕਰੋੜਾਂ ਹੀ ਕੋਕ = ਚਕਵਿਆਂ ਦਾ ਪਿਆਰਿਆਂ ਦੀ ਯਾਦ ਵਿਚ ਰਾਤਾਂ ਗੁਜ਼ਾਰਨ ਕੋ = ਦਾ ਧਿਆਨ = ਖ਼ਿਆਲ ਮਾਤ ਪੈ ਜਾਂਦਾ ਹੈ ਅਰਥਾਤ ਥੋੜ੍ਹੇ ਭਰ ਵੀ ਇਸ ਤਿਲ ਉੱਪਰ ਦ੍ਰਿਸ਼ਟੀ ਦੇ ਟਿਕ ਜਾਣ ਕਰਕੇ ਆਪ ਤੇ ਆਪ ਸਭ ਵਿੱਦਿਆਵਾਂ ਦਾ ਬਲ ਪ੍ਰਗਟ ਹੋ ਆਉਂਦਾ ਹੈ ਤੇ ਖ਼ਿਆਲ ਵੀ ਐਸਾ ਲੱਗ ਜਾਂਦਾ ਹੈ ਕਿ ਪਰਮਾਦ ਰੂਪ ਨਿੰਦ੍ਰਾ ਵਿਚਲਿਤ ਹੀ ਨਹੀਂ ਕਰ ਸਕਿਆ ਕਰਦੀ ॥੨੧੩॥

ਸ੍ਰੀ ਗੁਰ ਦਰਸ ਧਿਆਨ ਖਟ ਦਰਸ ਨ ਦੇਖੇ;
ਸਕਲ ਦਰਸ ਸਮ ਦਰਸ ਦਿਖਾਏ ਹੈ ॥

ਜਿਸ ਨੇ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਦਰਸ = ਦੀਦਾਰ ਦਾ ਧਿਆਨ = ਖ਼ਿਆਲ ਕਰ ਲਿਆ ਹੈ, ਉਹ ਮੁੜ ਖਟ = ਛੇ ਦਰਸ = ਦਰਸ਼ਨਾਂ (ਮੱਤਾਂ) ਵੱਲ ਕਦੇ ਵੀ ਦੇਖੇ = ਵੇਖਦਾ ਨ = ਨਹੀਂ ਹੈ ਕਿਉਂਕਿ ਸਕਲ = ਸਾਰੇ ਦਰਸ = ਦੀਦਾਰ (ਸਾਰੀ ਦ੍ਰਿਸ਼ਜ) ਹੀ ਉਸ ਨੂੰ ਇਕ ਸਮ = ਬਰਾਬਰ ਦਿਖਾਏ = ਦਿਖਾਈ ਦਿੰਦੇ ਹਨ ਭਾਵ ਸਾਰੇ ਪਾਸੇ ਪਾਰਬ੍ਰਹਮ ਦਾ ਸਰੂਪ ਹੀ ਦਿਖਾਈ ਦੇਣ ਲੱਗ ਜਾਂਦਾ ਹੈ **ਵਾ:** ਜੋ ਗੁਰਾਂ ਦਾ ਦੀਦਾਰ ਉਸ ਨੂੰ ਹੁੰਦਾ ਹੈ, ਉਸ ਦੀਦਾਰ ਵਿਚ ਸਾਰੇ ਦਰਸ਼ਨ ਸਮ = ਸਮਾਏ ਹੋਏ ਹਨ।

ਸ੍ਰੀ ਗੁਰ ਸਬਦ ਪੰਚ ਸਬਦ ਗਿਆਨ ਗੰਮਿ;
ਸਰਬ ਸਬਦ ਅਨਹਦ ਸਮਝਾਏ ਹੈ ॥

ਸ੍ਰੀ = ਸੁਭਾਇਮਾਨ ਗੁਰਾਂ ਦੇ ਸਬਦ = ਉਪਦੇਸ਼ ਪ੍ਰਾਪਤ ਹੋਣ ਕਰਕੇ ਪੰਚ = ਪੰਜਾਂ ਹੀ ਅਗੰਮੀ ਸ਼ਬਦਾਂ ਦੇ ਗਿਆਨ ਦੀ ਗੰਮਿ = ਗੰਮਤਾ ਪ੍ਰਾਪਤ ਹੋ ਆਉਂਦੀ ਹੈ, ਜਿਸ ਕਰਕੇ ਸਰਬ = ਸਾਰੇ ਤਰ੍ਹਾਂ ਦੇ ਹੀ ਅਨਹਦ = ਹੱਦ ਤੋਂ ਰਹਿਤ ਸ਼ਬਦਾਂ ਦੀ ਸਮਝਾਏ = ਗਿਆਤ ਆਪਣੇ ਆਪ ਫੁਰ ਆਇਆ ਕਰਦੀ ਹੈ **ਵਾ:** ਐਸੇ ਅਨਹਦ = ਇਕ-ਰਸ ਧੁਨੀ ਭਾਵੀ ਸਾਰੇ ਸ਼ਬਦ ਹੀ (ਸਮ + ਝਾਏ) ਸਾਰੇ ਸਮ = ਸਮਾਏ ਹੋਏ ਬ੍ਰਹਮ ਦੀ ਝਾਏ = ਛਾਇਆ ਆਭਾਸ ਰੂਪ ਹੋ ਭਾਸਿਆ ਕਰਦੇ ਹਨ, ਹੋਰ ਕੰਨਾਂ ਵਿਚ ਉਂਗਲਾਂ ਦੇ ਕੇ ਅਨਹਦ ਸ਼ਬਦ ਸੁਣਨ ਦੀ ਕੋਈ ਜ਼ਰੂਰਤ ਹੀ ਨਹੀਂ ਰਹਿੰਦੀ ਹੈ।

ਮੰਤ੍ਰ ਉਪਦੇਸ ਪਰਵੇਸ ਕੈ ਅਵੇਸ ਰਿਦੈ;
ਆਦਿ ਕਉ ਅਦੇਸ ਕੈ ਬ੍ਰਹਮ ਬ੍ਰਹਮਾਏ ਹੈ ॥

ਸਤਿਗੁਰਾਂ ਦਾ ਸਤਿਨਾਮ ਰੂਪ ਮੰਤ੍ਰ ਦਾ ਉਪਦੇਸ਼ ਕੰਨਾਂ ਕੈ = ਦੇ ਨਾਲ ਸੁਣਦਿਆਂ ਹੀ ਰਿਦੈ = ਹਿਰਦੇ ਵਿਚ ਅਵੇਸ = ਪ੍ਰਵੇਸ਼ ਹੋ ਜਾਂਦਾ ਹੈ, ਜਿਸ ਕਰਕੇ ਸਭਨਾਂ ਦਾ ਆਦਿ = ਮੁੱਢ ਸਰੂਪ ਵਾਹਿਗੁਰੂ ਨੂੰ

ਅਦੇਸ = ਨਮਸਕਾਰ ਕੈ = ਕਰਦਾ ਤੇ ਅਰਾਧਦਾ ਹੋਇਆ ਸਾਰੇ ਥਾਵਾਂ ਵਿਚ ਬ੍ਰਹਮ ਹੀ (ਬ੍ਰਹਮ + ਆਏ) ਬ੍ਰਹਮ ਪਸਰਿਆ ਦ੍ਰਿਸ਼ਟੀ ਆਏ = ਆਉਣਾ ਕਰਦਾ ਹੈ।

ਗਿਆਨ ਧਿਆਨ ਸਿਮਰਨ ਪ੍ਰੇਮ ਰਸ ਰਸਿਕ ਹੋਇ;
ਏਕ ਅਉ ਅਨੇਕ ਕੇ ਬਿਬੇਕ ਪ੍ਰਗਟਾਏ ਹੈ ॥੨੧੪॥

ਇਸ ਪ੍ਰਕਾਰ ਪ੍ਰੇਮ ਰਸ ਦਾ ਰਸਿਕ = ਰਸੀਆ ਹੋਇ = ਹੋ ਕੇ ਗੁਰ-ਉਪਦੇਸ਼ ਦੁਆਰਾ ਪ੍ਰਭੂ ਨੂੰ ਸਿਮਰਨ = ਯਾਦ ਕਰਦਾ ਹੋਇਆ ਤੇ ਧਿਆਨ ਵਿਚ ਪਰਪੱਕ ਹੁੰਦਾ ਹੈ ਤੇ ਵਾਹਿਗੁਰੂ ਦੇ ਸਰੂਪ ਦੇ ਗਿਆਨ ਨੂੰ ਪ੍ਰਾਪਤ ਕਰ ਕੇ ਏਕ = ਇਕ ਪਰਮਾਤਮਾ ਅਉ = ਅਤੇ ਅਨੇਕ = ਅਨੰਤ ਸੰਸਾਰਕ ਪਸਾਰੇ ਦੇ (ਬਿਬ + ਏਕ) ਬਿਬ = ਦੋ ਵੇਖਦਿਆਂ ਵੀ ਇਕ ਪਰਮੇਸ਼ਰ ਹੀ ਪਰਮੇਸ਼ਰ ਸਾਰੇ ਰਮਿਆ ਹੈ, ਐਸਾ ਪ੍ਰਗਟਾਏ = ਪ੍ਰਗਟ, ਅਨੁਭਵ ਕਰਦਾ ਹੈ ॥੨੧੪॥

ਸਤਿ ਬਿਨੁ ਸੰਜਮ ਨ ਪਤਿ ਬਿਨੁ ਪੂਜਾ ਹੋਇ;
ਸਚ ਬਿਨੁ ਸੋਚ ਨ ਜਨੇਊ ਜਤ ਹੀਨ ਹੈ ॥

ਇਸ ਲਈ ਜਿਸ ਤਰ੍ਹਾਂ ਬਿਨੁ = ਬਗ਼ੈਰ ਸੰਜਮ = ਸੰਤੋਖ ਧਾਰੇ ਤੋਂ ਸਤਿ = ਸੱਚੇ ਧਰਮ ਦੀ ਪਾਲਣਾ ਨ = ਨਹੀਂ ਹੋ ਸਕਦੀ ਤੇ ਬਿਨੁ = ਬਗ਼ੈਰ ਪੂਜਾ = ਪੂਜਣ ਦੇ ਪਤਿ = ਇੱਜ਼ਤ, ਪ੍ਰਤਿਸ਼ਟਾ ਨਹੀਂ ਰਹਿ ਸਕਦੀ ਅਤੇ ਬਿਨੁ = ਬਗ਼ੈਰ ਸੋਚ = ਪਵਿੱਤਰਤਾ, ਸੁੱਚਮਤਾ ਦੇ ਸੱਚ ਨਹੀਂ ਨਿਬਾਹਿਆ ਜਾ ਸਕਦਾ ਅਤੇ ਜਤ = ਬ੍ਰਹਮਚਰਜ ਧਾਰੇ ਤੋਂ ਹੀਨ = ਬਗ਼ੈਰ ਸੱਚ ਰੂਪ ਜਨੇਊ = ਜੰਞੂ ਕਿਸੇ ਕੰਮ ਨਹੀਂ ਹੈ।

ਬਿਨੁ ਗੁਰ-ਦੀਖਿਆ ਗਿਆਨ, ਬਿਨ ਦਰਸਨ ਧਿਆਨ;
ਭਾਉ ਬਿਨੁ ਭਗਤਿ ਨ ਕਥਨੀ ਭੈ ਭੀਨ ਹੈ ॥

ਇਸ ਪ੍ਰਕਾਰ ਵਿਧੀ ਪੂਰਬਕ ਗੁਰ-ਦੀਖਿਆ = ਸਿੱਖਿਆ ਧਾਰੇ ਤੋਂ ਬਿਨੁ = ਬਗ਼ੈਰ ਕਿਸੇ ਨੂੰ ਵੀ ਆਤਮਿਕ ਗਿਆਨ ਨਹੀਂ ਹੋ ਸਕਦਾ ਅਤੇ ਵਾਹਿਗੁਰੂ ਦੇ ਦਰਸਨ = ਦੀਦਾਰਾਂ ਤੋਂ ਬਿਨ = ਬਿਨਾ ਧਿਆਨ ਨਹੀਂ ਬੱਝ ਸਕਦਾ। ਐਸੇ ਭਾਉ = ਪ੍ਰੇਮ ਤੋਂ ਬਿਨੁ = ਬਗ਼ੈਰ ਭਗਤਿ = ਭਗਤੀ ਕਰਨ ਦੀ ਇੱਛਾ ਅੰਦਰ ਪੈਦਾ ਨਹੀਂ ਹੋ ਸਕਦੀ ਅਤੇ ਪਰਮੇਸ਼ਰ ਦੇ ਭੈ = ਡਰ ਵਿਚ ਭੀਨ = ਭਿੱਜਿਆਂ ਤੋਂ ਬਗ਼ੈਰ ਕਥਨੀ = ਕਹਿਣੀ ਸ੍ਰੇਸ਼ਟ ਨਹੀਂ ਹੁੰਦੀ ਹੈ।

ਸਾਂਤਿ ਨ ਸੰਤੋਖ ਬਿਨੁ, ਸੁਖੁ ਨ ਸਹਜ ਬਿਨੁ;
ਸਬਦ ਸੁਰਤਿ ਬਿਨੁ ਪ੍ਰੇਮ ਨ ਪ੍ਰਬੀਨ ਹੈ ॥

ਸਾਂਤਿ = ਟਿਕਾਅ ਵਾਲੇ ਸੁਭਾਅ ਧਾਰਨ ਤੋਂ ਬਿਨੁ = ਬਗ਼ੈਰ ਅੰਦਰ ਸੰਤੋਖ = ਸਬਰ ਨ = ਨਹੀਂ ਆਉਂਦਾ ਤੇ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਸਹਜ = ਗਿਆਨ ਤੋਂ ਬਿਨੁ = ਬਗ਼ੈਰ ਆਤਮਿਕ ਸੁਖੁ = ਆਨੰਦ ਨ = ਨਹੀਂ ਆਉਂਦਾ, ਗੁਰਾਂ ਦੇ ਸਬਦ = ਉਪਦੇਸ਼ ਤੋਂ ਬਿਨੁ = ਬਗ਼ੈਰ ਸ੍ਰੇਸ਼ਟ ਸੁਰਤਿ = ਗਿਆਤ ਨਹੀਂ ਹੁੰਦੀ **ਵਾ:** ਸੁਘੜ, ਸੂਝਵਾਨ ਨ = ਨਹੀਂ ਕਹਾ ਸਕਦਾ।

ਬ੍ਰਹਮ ਬਿਬੇਕ ਬਿਨੁ ਹਿਰਦੈ ਨ ਏਕ ਟੇਕ;
ਬਿਨੁ ਸਾਧ ਸੰਗਤਿ ਨ ਰੰਗ ਲਿਵਲੀਨ ਹੈ॥੨੧੫॥

ਬ੍ਰਹਮ = ਪਰਮੇਸ਼ਰ ਦੇ ਬਿਬੇਕ = ਵਿਚਾਰ **ਵਾ:** ਬ੍ਰਹਮ ਬਿਬੇਕ = ਗਿਆਨ ਤੋਂ ਬਿਨੁ = ਬਗ਼ੈਰ ਹਿਰਦੇ = ਚਿੱਤ ਵਿਚ ਏਕ = ਇਕ ਸੱਚੇ ਗੁਰੂ ਦੀ ਟੇਕ = ਓਟ **ਵਾ:** ਇਕ ਪਰਮੇਸ਼ਰ ਦੀ ਓਟ ਦਾ ਸਹਾਰਾ ਪ੍ਰਾਪਤ ਨ = ਨਹੀਂ ਹੁੰਦਾ ਅਤੇ ਸਾਧਸੰਗਤਿ = ਸਤਿਸੰਗਤ ਵਿਚ ਆਏ ਤੋਂ ਬਿਨੁ = ਬਗ਼ੈਰ ਪ੍ਰਭੂ ਪ੍ਰਾਪਤੀ ਵਾਲੇ ਰੰਗ = ਆਨੰਦ, ਪ੍ਰੇਮ ਵਿਚ ਲਿਵਲੀਨ ਨਹੀਂ ਹੋਣਾ ਕਰੀਦਾ ਹੈ **ਵਾ:** ਪਰਮੇਸ਼ਰ ਦੇ ਰੰਗ = ਪ੍ਰੇਮ ਵਿਚ ਲਿਵ = ਬਿਰਤੀ ਨੂੰ ਲੀਨ = ਸਮਾਉਣਾ ਨ = ਨਹੀਂ ਕਰੀਦਾ ਭਾਵ ਵਾਹਿਗੁਰੂ ਦੇ ਵੱਲ ਬਿਰਤੀ ਨਹੀਂ ਲਾ ਸਕੀਦੀ ॥੨੧੫॥

ਚਰਨ ਕਮਲ ਮਕਰੰਦ ਰਸ ਲੁਭਿਤ ਹੁਇ;
ਚਰਨ ਕਮਲ ਤਾਹਿ ਜਗ ਮਧੁਕਰ ਹੈ॥

ਜਿਹੜਾ ਕੋਈ ਉਪਰੋਕਤ ਜੁਗਤੀ ਨਾਲ ਸਤਿਗੁਰਾਂ ਦੇ ਚਰਨਾਂ ਕਮਲਾਂ ਰੂਪੀ ਮਕਰੰਦ = ਫੁੱਲਾਂ ਦੇ ਰਸ ਦਾ ਪ੍ਰੇਮੀ ਬਣ ਕੇ ਚਰਨਾਂ ਕਮਲਾਂ ਉੱਪਰ ਭੌਰੇ ਵਾਂਗ ਲੁਭਿਤ = ਲੁਭਾਇਮਾਨ ਹੁਇ = ਹੁੰਦਾ ਹੈ, ਤਾਹਿ = ਉਸ ਦੇ ਚਰਨਾਂ ਕਮਲਾਂ ਨੂੰ ਮਧੁਕਰ = ਭੌਰੇ ਵੱਤ ਹੋ ਕੇ ਸਾਰਾ ਜਗ = ਸੰਸਾਰ ਚਾਹੁੰਦਾ ਹੈ।

ਸ੍ਰੀ ਗੁਰ ਸਬਦ ਧੁਨਿ ਸੁਨਿ ਗਦ ਗਦ ਹੋਇ;
ਅੰਮ੍ਰਿਤ ਬਚਨ ਤਾਹਿ ਜਗਤ ਉਧਰਿ ਹੈ॥

ਐਸਾ ਹੀ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਦੀ ਧੁਨਿ = ਧੁਨੀ (ਆਵਾਜ਼) ਸੁਨਿ = ਸ੍ਰਵਨ ਕਰ ਕੇ ਜਿਹੜਾ ਕੋਈ ਗਦ ਗਦ = ਅਤਿਅੰਤ ਪ੍ਰਸੰਨ ਹੋ ਗਿਆ ਭਾਵ ਪ੍ਰਸੰਨਤਾ ਨਾਲ ਭਰੇ ਹੋਏ ਕੰਠ ਵਿੱਚੋਂ ਪਿਆਰ ਭਰੀ ਆਵਾਜ਼ ਨਿਕਲੀ ਹੈ, ਤਾਹਿ = ਉਸ ਦੇ ਬੋਲ ਅੰਮ੍ਰਿਤ ਵਰਗੇ ਮਿੱਠੇ ਬਚਨ ਸੁਣ ਕੇ ਸਾਰਾ ਜਗਤ = ਸੰਸਾਰ ਉਧਰਿ = ਤਰ ਜਾਂਦਾ ਹੈ **ਵਾ:** ਉਹ ਆਪ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ ਅਤੇ ਹੋਰਨਾਂ ਨੂੰ ਤਾਰਦਾ ਹੈ।

ਕਿੰਚਤ ਕਟਾਛ ਕ੍ਰਿਪਾ ਗੁਰ ਦਇਆ ਨਿਧਾਨ;
ਸਰਬ ਨਿਧਾਨ ਦਾਨ ਦੋਖ ਦੁਖ ਹਰਿ ਹੈ॥

ਦਇਆ = ਮਿਹਰ ਦੇ ਨਿਧਾਨ = ਖ਼ਜ਼ਾਨੇ ਗੁਰ = ਸਤਿਗੁਰਾਂ ਦੀ ਕਿੰਚਤ = ਥੋੜ੍ਹੀ ਜਿਹੀ ਕ੍ਰਿਪਾ = ਮਿਹਰ ਭਰੀ ਕਟਾਛ = ਦ੍ਰਿਸ਼ਟੀ ਜਿਸ ਵੱਲ ਹੋ ਗਈ ਹੈ, ਉਸ ਨੂੰ ਗੁਰਾਂ ਨੇ ਸਰਬ = ਸਾਰੀਆਂ ਨਿਧੀਆਂ ਦੇ ਨਿਧਾਨ = ਖ਼ਜ਼ਾਨੇ ਦਾਨ = ਦੇਣਾ ਕੀਤੇ ਹਨ ਤੇ ਉਸ ਦੇ ਜੰਮਣ ਮਰਨ ਆਦਿ ਦੇ ਸਾਰੇ ਦੁਖ = ਕਸ਼ਟ ਤੇ ਮਲ ਵਿਖੇਪ ਆਦਿ ਦੋਖ = ਦੋਸ਼ ਵੀ ਹਰਿ = ਹਰਨ, ਦੂਰ ਕਰ ਦਿੱਤੇ ਹਨ **ਵਾ:** ਉਹ ਹੋਰਨਾਂ ਨੂੰ ਸਾਰੀਆਂ ਨਿਧੀਆਂ ਦੇ ਖ਼ਜ਼ਾਨੇ ਦੇਣ ਤੇ ਆਧੀ, ਬਿਆਧੀ, ਉਪਾਧੀ ਰੂਪ ਦੁੱਖ ਤੇ ਮਲ ਵਿਖੇਪ ਰੂਪ ਦੋਸ਼ ਆਦਿ ਸਭ ਹਰਿ = ਦੂਰ ਕਰਨ ਲਈ ਸਮਰੱਥ ਹੋ ਜਾਂਦਾ ਹੈ।

ਸ੍ਰੀ ਗੁਰ ਦਾਸਨ ਦਾਸ, ਦਾਸਨ ਦਾਸਾਨ ਦਾਸ;
ਤਾਸ ਨ ਇੰਦ੍ਰਾਦਿ ਬ੍ਰਹਮਾਦਿ ਸਮਸਰਿ ਹੈ॥੨੧੬॥

ਇਥੋਂ ਤਕ ਕਿ ਜੋ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਦਾਸਨ = ਸੇਵਕਾਂ ਦੇ ਦਾਸ = ਸੇਵਕ ਹਨ, ਉਨ੍ਹਾਂ ਦਾਸਨ = ਸੇਵਕਾਂ ਦਾ ਦਾਸਾਨ = ਸੇਵਕ ਜੋ ਦਾਸ = ਸੇਵਕ ਬਣ ਜਾਂਦਾ ਹੈ, ਤਾਸ = ਉਸ ਦੇ ਸਮਸਰਿ = ਬਰਾਬਰ ਇੰਦ੍ਰਾਦਿ = ਇੰਦਰ ਆਦਿ ਦੇਵਤੇ, ਬ੍ਰਹਮਾਦਿ = ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿ ਵੀ ਨ = ਨਹੀਂ ਹੋ ਸਕਦੇ ਹੈ = ਹਨ॥੨੧੬॥

ਜਬ ਤੇ ਪਰਮ ਗੁਰ ਚਰਨ ਸਰਨਿ ਆਏ;
ਚਰਨ ਸਰਨਿ ਲਿਵ ਸਕਲ ਸੰਸਾਰ ਹੈ॥

ਜਬ = ਜਦ ਤੇ = ਤੋਂ ਪਰਮ = ਸ੍ਰੇਸ਼ਟ ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਜਿਹੜੇ ਜਗਿਆਸੂ ਜਨ ਸ਼ਰਧਾ ਭਾਵਨਾ ਦੇ ਸਹਿਤ ਆਏ ਹਨ, ਭਾਵ ਗੁਰਾਂ ਦੀ ਸਿੱਖੀ ਧਾਰਨ ਕੀਤੀ ਹੈ, ਤਦ ਤੋਂ ਉਨ੍ਹਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਸਕਲ = ਸਾਰਾ ਸੰਸਾਰ = ਜਗਤ ਹੀ ਚਿੱਤ ਦੀ ਲਿਵ = ਬਿਰਤੀ ਲਾ ਕੇ ਪ੍ਰੀਤੀ ਕਰਦਾ ਹੈ।

ਚਰਨ ਕਮਲ ਮਕਰੰਦ ਚਰਨਾਮ੍ਰਿਤ ਕੈ;
ਚਾਹਤ ਚਰਨ ਰੇਨੁ ਸਕਲ ਆਕਾਰ ਹੈ॥

ਜਦ ਤੋਂ ਸ਼ਰਧਾਵਾਨ ਜਗਿਆਸੂ ਨੇ ਸਤਿਗੁਰਾਂ ਦੇ ਚਰਨਾਂ ਕਮਲਾਂ ਰੂਪੀ ਮਕਰੰਦ = ਫੁੱਲਾਂ ਦੇ ਰਸ ਨੂੰ ਤੇ ਗੁਰਾਂ ਦੇ ਚਰਨਾਮ੍ਰਿਤ = ਚਰਨਾਂ ਕੈ = ਦੇ ਅੰਮ੍ਰਿਤ (ਚਰਨ ਪਾਹੁਲ) ਨੂੰ ਪੀਣਾ ਕੀਤਾ ਹੈ, ਤਦ ਤੋਂ ਸਕਲ = ਸਾਰਾ ਆਕਾਰ = ਸੰਸਾਰ ਹੀ ਐਸੇ ਸ਼ਰਧਾਵਾਨ ਜਗਿਆਸੂ ਦੇ ਚਰਨਾਂ ਦੀ ਰੇਨੁ = ਧੂੜੀ ਚਾਹਤ = ਚਾਹੁੰਦਾ ਹੈ।

ਚਰਨ ਕਮਲ ਸੁਖ ਸੰਪਟ ਸਹਜ ਘਰਿ;
ਨਿਹਚਲ ਮਤਿ ਪਰਮਾਰਥ ਬੀਚਾਰ ਹੈ॥

ਜਿਹੜਾ ਵੀ ਗੁਰੂ ਸਾਹਿਬ ਜੀ ਦੇ ਚਰਨਾਂ ਕਮਲਾਂ ਦੇ ਸੁਖ = ਆਨੰਦ ਰੂਪ ਸੰਪਟ = ਡੱਬੇ ਵਿਚ ਮਿਲੇ ਹਨ **ਵਾ:** ਜਿਸ ਨੇ ਗੁਰਾਂ ਦੇ ਚਰਨਾਂ ਕਮਲਾਂ ਨਾਲ ਸਨੇਹ ਪਾਲਣ ਦੇ ਸੁਖ = ਅਨੰਦ ਨੂੰ ਅਨੁਭਵ ਕੀਤਾ ਹੈ, ਉਹ ਆਤਮਿਕ ਸਹਜ = ਸ਼ਾਂਤੀ ਦੇਣ ਵਾਲੇ ਆਤਮ ਪਦ ਰੂਪ ਸੰਪਟ = ਡੱਬੇ ਵਿਚ ਸਮਾਇਆ ਰਹਿੰਦਾ ਹੈ, ਭਾਵ ਸੰਪਟ (ਡੱਬੇ) ਵਿਚ ਸੰਭਾਲੀ ਵਸਤੂ ਵਾਂਗ ਆਤਮ ਪਦ ਰੂਪੀ ਘਰ ਵਿਚ ਲੀਨ ਰਹਿੰਦਾ ਹੈ ਅਤੇ ਜੋ ਪਰਮਾਰਥ (ਪਰਮ + ਅਰਥ) ਪਰਮ = ਵੱਡੇ ਬ੍ਰਹਮ ਗਿਆਨ ਰੂਪੀ ਅਰਥ ਦੀ ਵਿਚਾਰ ਕਰਦਿਆਂ ਉਨ੍ਹਾਂ ਦੀ ਮਤਿ ਨਿਹਚਲ = ਅਚੱਲ ਭਾਵ ਆਤਮ ਵਿਸ਼ੈਣੀ ਹੋ ਜਾਂਦੀ ਹੈ।

ਚਰਨ ਕਮਲ ਗੁਰ ਮਹਿਮਾ ਅਗਾਧਿ ਬੋਧਿ;
ਨੇਤਿ ਨੇਤਿ ਨਮੋ ਨਮੋ ਕੈ ਨਮਸਕਾਰ ਹੈ॥੨੧੭॥

ਗੁਰ = ਸਤਿਗੁਰ ਦੇ ਚਰਨਾਂ ਕਮਲਾਂ ਦੀ ਮਹਿਮਾ = ਉਪਮਾ ਦਾ ਬੋਧਿ = ਜਾਣਨਾ ਅਗਾਧਿ = ਅਤਿਅੰਤ

ਡੂੰਘਾ ਹੈ **ਵਾ:** ਅਗਾਧਿ = ਗਾਹਿਆ ਨਹੀਂ ਜਾ ਸਕਦਾ, ਇਸ ਲਈ ਸ਼ਰਧਾਵਾਨ ਜਗਿਆਸੂ ਨੇਤਿ ਨੇਤਿ = ਅਨੰਤ ਅਨੰਤ ਕਹਿੰਦਾ ਹੋਇਆ ਮਨ ਕਰਕੇ ਵੀ ਨਮੋ = ਨਮਸਕਾਰ ਕਰਦਾ ਹੈ, ਬਾਣੀ ਕੈ = ਕਰਕੇ ਵੀ ਨਮੋ = ਨਮਸਕਾਰ ਕਰਦਾ ਹੈ ਤੇ ਸਰੀਰ ਕਰਕੇ ਵੀ ਨਮਸਕਾਰ = ਬੰਦਨਾ ਕਰਦਾ ਹੈ॥੨੧੭॥

ਚਰਨ ਕਮਲ ਗੁਰ ਜਬ ਤੇ ਰਿਦੈ ਬਸਾਏ;
ਤਬ ਤੇ ਅਸਥਿਰ ਚਿਤ ਅਨਤ ਨ ਧਾਵਈ॥

ਜਬ = ਜਦ ਤੇ = ਤੋਂ ਗੁਰ = ਸਤਿਗੁਰਾਂ ਦੇ ਚਰਨਾਂ ਕਮਲਾਂ ਨੂੰ ਸ਼ਰਧਾਵਾਨ ਜਗਿਆਸੂ ਨੇ ਰਿਦੈ = ਚਿੱਤ ਵਿਚ ਬਸਾਏ = ਵਸਾਉਣਾ ਕੀਤਾ ਹੈ, ਤਬ = ਤਦ ਤੇ = ਤੋਂ ਸ਼ਰਧਾਵਾਨ ਸਿੱਖ (ਜਗਿਆਸੂ) ਦਾ ਚਿੱਤ ਅਸਥਿਰ = ਇਸਥਿਤ (ਇਕਾਗਰ) ਹੋਣ ਕਰਕੇ ਅਨਤ = ਹੋਰਨਾਂ ਵਿਸ਼ੇ-ਵਿਕਾਰਾਂ ਵੱਲ ਨ = ਨਹੀਂ ਧਾਵਹੀ = ਦੌੜਦਾ। ਅਤੇ :

ਚਰਨ ਕਮਲ ਮਕਰੰਦ ਚਰਨਾਮ੍ਰਿਤ ਕੈ;
ਪ੍ਰਾਪਤਿ ਅਮਰ ਪਦ ਸਹਜਿ ਸਮਾਵਹੀ॥

ਗੁਰਾਂ ਦੇ ਚਰਨਾਂ ਕਮਲਾਂ ਰੂਪੀ ਮਕਰੰਦ = ਫੁੱਲਾਂ ਦੇ ਰਸ ਤੇ ਚਰਨਾਮ੍ਰਿਤ = ਚਰਨਾਂ ਦੇ ਅੰਮ੍ਰਿਤ (ਚਰਨ ਪਾਹੁਲ) ਨੂੰ ਪੀਣ ਕੈ = ਕਰਕੇ ਸ਼ਰਧਾਵਾਨ ਸਿੱਖ (ਜਗਿਆਸੂ) ਸਹਜਿ = ਸੁਤੇ-ਸਿਧ ਹੀ ਅਮਰ = ਮਰਨ ਤੋਂ ਰਹਿਤ ਪਦ = ਪਦਵੀ ਨੂੰ ਪ੍ਰਾਪਤਿ = ਪਾ ਕੇ ਸੱਚ ਸਰੂਪ ਵਿਚ ਸਮਾਵਹੀ = ਲੀਨ ਹੋ ਜਾਂਦਾ ਹੈ।

ਚਰਨ ਕਮਲ ਗੁਰ ਜਬ ਤੇ ਧਿਆਨ ਧਾਰੇ;
ਆਨ ਗਿਆਨ ਧਿਆਨ ਸਰਬੰਗ ਬਿਸਰਾਵਹੀ॥

ਜਬ = ਜਦ ਤੇ = ਤੋਂ ਗੁਰ = ਸਤਿਗੁਰਾਂ ਦੇ ਚਰਨਾਂ ਕਮਲਾਂ ਦਾ ਸ਼ਰਧਾਵਾਨ ਜਗਿਆਸੂ (ਸਿੱਖ) ਨੇ ਆਪਣੇ ਰਿਦੇ ਅੰਦਰ ਧਿਆਨ = ਖ਼ਿਆਲ ਧਾਰੇ = ਧਾਰਨਾ ਕੀਤਾ ਹੈ ਭਾਵ ਆਪਣੀ ਮੋਖਤਾ ਦਾ ਮੁਖ ਮਕਸਦ ਸਮਝ ਕੇ ਚਰਨਾਂ ਕਮਲਾਂ ਉਪਰ ਪੂਰਨ ਨਿਸ਼ਚਾ ਕੀਤਾ ਹੈ ਅਤੇ ਆਨ = ਹੋਰ ਵੇਦਾਂ ਸ਼ਾਸਤਰਾਂ ਦਾ ਗਿਆਨ **ਵਾ:** ਹੋਰਨਾਂ ਗਿਆਨਾਂ ਦਾ ਸਿੱਖਣਾ ਅਤੇ ਅਨਮੱਤੀਆਂ ਲੋਕਾਂ ਦਾ, ਦੇਵੀ ਦੇਵਤਿਆਂ ਦਾ ਧਿਆਨ ਲਾਉਣਾ ਸਰਬੰਗ = ਸਾਰੇ ਅੰਗਾਂ ਵਿੱਚੋਂ ਬਿਸਰਾਵਹੀ = ਵਿਸਾਰ ਦਿੱਤਾ ਹੈ।

ਚਰਨ ਕਮਲ ਗੁਰ ਮਧੁਪ ਅਉ ਕਮਲ ਗਤਿ;
ਮਨ ਮਨਸਾ ਥਕਿਤ ਨਿਜ, ਗ੍ਰਿਹ ਆਵਈ॥੨੧੮॥

ਸ਼ਰਧਾਵਾਨ ਜਗਿਆਸੂ (ਸਿੱਖ) ਨੇ ਗੁਰਾਂ ਦੇ ਚਰਨਾਂ ਕਮਲਾਂ ਉੱਪਰ ਇਉਂ ਸਨੇਹ ਕੀਤਾ ਹੈ ਜਿਵੇਂ ਮਧੁਪ = ਭੌਰਾ ਕਮਲ ਦੇ ਫੁੱਲਾਂ ਉੱਪਰ ਕਰਦਾ ਹੈ ਅਤੇ ਉਸ ਦਾ ਮਨ ਤੇ ਮਨਸਾ = ਬੁੱਧੀ ਦੋਵੇਂ ਬਾਹਰਲੇ ਸੰਸਾਰਕ ਪਦਾਰਥਾਂ ਦੀ ਵਾਸ਼ਨਾ ਤੋਂ ਥਕਿਤ = ਥੱਕ ਕੇ ਨਿਜ = ਆਪਣੇ ਸਰੂਪ ਰੂਪੀ ਗ੍ਰਿਹ = ਘਰ ਵਿਚ ਆਵਈ = ਆ ਜਾਂਦੇ ਹਨ॥੨੧੮॥

ਬਾਰੀ ਬਹੁ ਨਾਇਕ ਕੀ ਨਾਇਕਾ ਪਿਆਰੀ ਕੇਰੀ;
ਘੇਰੀ ਆਨਿ ਪ੍ਰਬਲ ਹੁਇ ਨਿੰਦ੍ਰਾ ਨੈਨ ਛਾਇ ਕੈ॥

ਬਹੁ = ਬਹੁਤ ਜਗਿਆਸੂ ਰੂਪ ਨਾਇਕ = ਇਸਤਰੀਆਂ ਦੇ ਸੁਆਮੀ ਪਤੀ ਪਰਮੇਸ਼ਰ, ਗੁਰੂ ਕੀ = ਦੀ ਪਿਆਰੀ = ਪ੍ਰੇਮਣ ਮੇਰੀ ਜਗਿਆਸੂ ਰੂਪ ਇਸਤਰੀ ਕੇਰੀ = ਦੀ ਉਸ ਦੇ ਨਜ਼ਦੀਕ ਜਾ ਕੇ ਰਸ ਮਾਨਣ ਦੀ ਬਾਰੀ = ਵਾਰੀ ਤਾਂ ਸੀ ਪਰੰਤੂ ਐਨ ਵੇਲੇ ਸਿਰ ਅਵਿੱਦਿਆ ਰੂਪੀ ਨਿੰਦ੍ਰਾ = ਨੀਂਦ ਨੇ ਮੇਰੇ ਬਿਬੇਕ ਵਿਚਾਰ ਰੂਪ ਨੈਨ = ਨੇਤਰਾਂ ਵਿਚ ਛਾਇ = ਫੈਲ, ਪਸਾਰ ਕੈ = ਕਰਕੇ ਤੇ ਮੇਰੇ ਉੱਪਰ ਪ੍ਰਬਲ (ਪ੍ਰ + ਬਲ) ਪ੍ਰ = ਵਿਸ਼ੇਸ਼ ਕਰਕੇ ਬਲ = ਤਾਕਤ ਪਾ ਕੇ ਮੈਨੂੰ ਆਨਿ = ਆ ਕੇ ਘੇਰੀ = ਘੇਰਾ ਲੈਣਾ ਕੀਤਾ।

ਪ੍ਰੇਮਨੀ ਪਤਿਬ੍ਰਤਾ ਚਈਲੀ ਪ੍ਰਿਅ ਆਗਮ ਕੀ;
ਨਿੰਦ੍ਰਾ ਕੋ ਨਿਰਾਦਰ ਕੈ ਸੋਈ ਨ ਭੈ ਭਾਇ ਕੈ॥

ਜਿਹੜੀਆਂ ਤਾਂ ਪ੍ਰੇਮਨੀ = ਪ੍ਰੇਮਣਾਂ ਤੇ ਪਤਿਬ੍ਰਤਾ = ਸਤਵੰਤੀਆਂ ਰੂਪ ਪ੍ਰਿਅ = ਪਿਆਰੇ ਪਤੀ ਪਰਮੇਸ਼ਰ, ਗੁਰੂ ਦੇ ਆਗਮ = ਆਗਮਨ, ਮਿਲਾਪ ਦੇ ਚਈਲੀ = ਚਾਉ ਵਾਲੀਆਂ ਸਨ, ਭਾਵ ਜਗਿਆਸੂ ਰੂਪ ਇਸਤਰੀਆਂ ਅਨਿੰਨ ਪ੍ਰੇਮ ਪਤੀ ਪਰਮੇਸ਼ਰ ਗੁਰੂ ਦਾ ਧਾਰ ਕੇ ਜਿਨ੍ਹਾਂ ਨੂੰ ਗੁਰੂ ਪਤੀ ਪਰਮੇਸ਼ਰ ਦੀ ਪੂਰਨ ਮਿਹਰ ਪ੍ਰਾਪਤ ਕਰਨ ਦੀ ਇੱਛਾ ਲੱਗ ਰਹੀ ਸੀ ਕਿ ਟਹਿਲ ਦਾ ਵਕਤ ਨਾ ਟਲ ਜਾਏ, ਕਿਸੇ ਤਰ੍ਹਾਂ ਆਲਸ ਨਾ ਹੋ ਜਾਵੇ, ਅਜਿਹੇ ਭੈ = ਡਰ ਦੇ ਅਧੀਨ ਹੋ ਕੈ = ਕਰਕੇ ਉਹ ਭਾਇ = ਭਾਵਨਾ ਦੇ ਸਹਿਤ ਹੀ ਰਹੀਆਂ ਤੇ ਅਵਿੱਦਿਆ ਰੂਪ ਨਿੰਦ੍ਰਾ = ਨੀਂਦ ਕੋ = ਦਾ ਨਿਰਾਦਰ = ਅਪਮਾਨ ਕੈ = ਕਰ ਕੇ ਉਹ ਸੋਈ = ਸੁੱਤੀਆਂ ਨ = ਨਹੀਂ।

ਸਖੀ ਹੁਤੀ ਸੋਤ ਥੀ ਭਈ ਗਈ ਸੁਖਦਾਇਕ ਪੈ;
ਜਹਾ ਕੇ ਤਹਾ ਲੇ ਰਾਖੇ ਸੰਗਮ ਸੁਲਾਇ ਕੈ॥

ਸਖੀ = ਸਹੇਲੀ ਬਣਾਈ ਹੁਤੀ = ਹੋਈ ਥੀ = ਤੋਂ ਵੀ ਮੈਂ ਸੋਤ = ਸੁੱਤੀ ਹੀ ਰਹਿ ਗਈ ਸੁਖਦਾਇਕ = ਆਨੰਦ ਦੇ ਦਾਤੇ ਗੁਰਾਂ ਦੇ ਪੈ = ਕੋਲ ਜਿਹੋ ਜਿਹਾ ਸੰਗਮ = ਇਕੱਤਰ ਭਾਵ ਵਿਛੋੜੇ ਦਾ ਕੁਭਾਗ ਵੱਸ ਬਣ ਰਿਹਾ ਸੀ, ਉਸ ਨੇ ਜਹਾ = ਜਿਥੇ ਦਾ ਤਹਾ = ਤਿਥੇ ਹੀ ਸੁਲਾਇ = ਸੁਵਾਈ ਰਾਖੇ = ਰੱਖਿਆ ਸੀ।

ਅਥਵਾ ਹੇ ਸਖੀ! ਇਕ ਤੂੰ ਹੀ ਮੇਰੇ ਕੋਲ ਰਾਖੀ ਹੈ ਸੀ, ਸੋ ਮੈਂ ਤੈਨੂੰ ਕਹਿਆ ਹੋਇਆ ਸੀ ਕਿ ਮੈਨੂੰ ਜਗਾ ਦੇਵੀਂ, ਪਰ ਪਤੀ ਪਰਮੇਸ਼ਰ ਦੇ ਆਉਣ ਵੇਲੇ ਤੂੰ ਵੀ ਸੌਂ ਗਈ। ਸੋ ਇਸ ਲਈ ਸੁਖਦਾਇਕ = ਆਨੰਦ ਦੇਣ ਵਾਲੇ ਪਤੀ ਪਰਮੇਸ਼ਰ ਪੈ = ਕੋਲੋਂ ਮੈਂ ਵਿੱਛੜ ਗਈ ਭਾਵ ਉਸ ਦੀ ਪ੍ਰਾਪਤੀ ਦਾ ਆਨੰਦ ਨਾ ਲੈ ਸਕੀ। ਹੇ ਸਖੀ! ਇਸ ਵਿਛੋੜੇ ਰੂਪ ਕਸਾਈ ਨੇ ਮੈਨੂੰ ਪਤੀ ਪਰਮੇਸ਼ਰ ਕੋਲੋਂ ਵਿਛੋੜ ਦਿੱਤਾ, ਜਿਸ ਥਾਂ ਮੈਂ ਪਤੀ ਕੋਲੋਂ ਵਿੱਛੜ ਕੇ ਰਹਿੰਦੀ ਸੀ, ਇਸ ਵਿਛੋੜੇ ਨੇ ਮੇਰੇ ਨਾਲ ਰਲ ਕੇ ਮੈਨੂੰ ਉਸ ਜਗ੍ਹਾ ਸੁਲਾ ਦਿੱਤਾ।

ਸੁਪਨ ਚਰਿਤ੍ਰ ਮੈ ਨ ਮਿਤ੍ਰਹਿ ਮਿਲਨ ਕੀਨੀ;
ਜਮ ਰੂਪ ਜਾਮਿਨੀ ਨ ਨਿਬਰੈ ਬਿਹਾਇ ਕੈ॥੨੧੬॥

ਇਹ ਸੁਪਨੇ ਦੇ ਚਰਿਤ੍ਰ = ਚਲਿੱਤਰ (ਤਮਾਸ਼ੇ) ਨੇ ਮੈ = ਮੈਨੂੰ ਮਿਤ੍ਰਹਿ = ਸਨੇਹੀ ਪਤੀ ਪਰਮੇਸ਼ਰ, ਗੁਰੂ

ਦੇ ਨਾਲ ਮਿਲਨ = ਮਿਲਣ ਨ = ਨਹੀਂ ਦੀਨੀ = ਦਿੱਤਾ, ਇਹ ਅਵਿੱਦਿਆ ਰੂਪੀ ਜਾਮਿਨੀ = ਰਾਤਰੀ ਮੇਰੇ ਲਈ ਜਮ = ਜਮਦੂਤ ਦੇ ਡਰ ਵਾਂਗ ਭਿਆਨਕ ਰੂਪ ਹੋ ਕੈ = ਕਰਕੇ ਬਿਹਾਇ = ਬਤੀਤ ਹੋ ਰਹੀ ਹੈ, ਜੋ ਅਜੇ ਤਕ ਵੀ ਬਤੀਤ ਹੋ ਕੇ ਮੇਰੇ ਨੇਤਰਾਂ ਅੱਗੋਂ ਨਿਬਰੈ = ਨਵਿਰਤ ਨਹੀਂ ਹੋਣਾ ਪਾਉਂਦੀ ॥੨੧੯॥

ਰੂਪ-ਹੀਨ, ਕੁਲ-ਹੀਨ, ਗੁਨ-ਹੀਨ, ਗਿਆਨ-ਹੀਨ;
ਸੋਭਾ-ਹੀਨ, ਭਾਗ-ਹੀਨ, ਤਪ-ਹੀਨ ਬਾਵਰੀ ॥

ਹੁਣ ਜਗਿਆਸੂ ਰੂਪ ਇਸਤਰੀ ਦੀ ਵਿਛੋੜੇ ਦੀ ਤੜਫ ਅਤੇ ਨਿਮਰਤਾ ਵਿਚ ਜਗਿਆਸੂ ਰੂਪ ਇਸਤਰੀ ਮਹਾਤਮਾ ਰੂਪੀ ਸਖੀ ਨੂੰ ਇਉਂ ਕਹਿੰਦੀ ਹੈ ਕਿ ਮੈਂ ਸੁੰਦਰ ਰੂਪ = ਸਰੂਪ ਤੋਂ ਹੀਨ = ਰਹਿਤ ਹਾਂ, ਸ੍ਰੇਸ਼ਟ ਕੁਲ = ਵੰਸ **ਵਾ:** ਗੁਰੂ ਦੇ ਹੋਣ ਦੇ ਮਾਨ ਰੂਪ ਵੰਸ ਤੋਂ ਹੀਨ = ਰਹਿਤ ਹਾਂ, ਸ਼ੁਭ ਗੁਣਾਂ ਤੋਂ ਹੀਨ = ਰਹਿਤ ਹਾਂ, ਸ੍ਰੇਸ਼ਟ ਮਤ ਰੂਪ ਗਿਆਨ ਤੋਂ ਹੀਨ = ਰਹਿਤ ਹਾਂ, ਸ੍ਰੇਸ਼ਟ ਜਸ ਰੂਪ ਸੋਭਾ = ਉਪਮਾ ਤੋਂ ਹੀਨ = ਰਹਿਤ ਹਾਂ, ਸ਼ੁਭ ਭਾਗ = ਕਰਮਾਂ ਤੋਂ ਹੀਨ = ਰਹਿਤ ਹਾਂ, ਸੇਵਾ ਰੂਪ ਤਪ = ਤਪੱਸਿਆ ਤੋਂ ਹੀਨ = ਰਹਿਤ ਹਾਂ ਤੇ ਬਾਵਰੀ = ਕਮਲੀ ਹਾਂ **ਵਾ:** (ਬ + ਅਵਗੀ) ਬ = ਦ੍ਵੈਤ ਕਰਕੇ ਅਵਗੀ = ਹੋਰਨਾਂ ਪਦਾਰਥਾਂ ਵਿਚ ਲੱਗੀ ਹੋਈ ਹਾਂ।

ਦ੍ਰਿਸਟਿ ਦਰਸ-ਹੀਨ, ਸਬਦ ਸੁਰਤਿ-ਹੀਨ;
ਬੁਧਿ ਬਲ ਹੀਨ, ਸੂਧੇ ਹਸਤ ਨ ਪਾਵ ਰੀ ॥

ਰੀ = ਹੇ ਮਹਾਤਮਾ ਰੂਪ ਸਖੀ ! ਮੈਂ ਨੇਤਰਾਂ ਦੀ ਦ੍ਰਿਸਟਿ = ਦ੍ਰਿਸ਼ਟੀ ਕਰਕੇ ਪਤੀ ਪਰਮੇਸ਼ਰ, ਗੁਰਾਂ ਦੇ ਦਰਸ = ਦੀਦਾਰ ਤੋਂ ਹੀਨ = ਰਹਿਤ ਹਾਂ। ਗੁਰ ਸਬਦ = ਉਪਦੇਸ਼ ਸੁਣਨ ਵੱਲੋਂ ਮੇਰੇ ਸੁਰਤਿ = ਕੰਨ ਹੀਨ = ਰਹਿਤ ਹਨ, ਬੁਧਿ = ਅਕਲ ਦੇ ਬਲ = ਜ਼ੋਰ ਤੋਂ ਹੀਨ = ਰਹਿਤ ਹਾਂ, ਮੇਰੇ ਹਸਤ = ਹੱਥ ਸੂਧੇ = ਸਿੱਧੇ ਭਾਵ ਚੰਗੇ ਕੰਮ ਵੱਲ ਨਹੀਂ ਲੱਗਦੇ ਤੇ ਪਾਵ = ਪੈਰ ਵੀ ਸਿੱਧੇ, ਚੰਗੇ ਨ = ਨਹੀਂ ਹਨ ਭਾਵ ਪੈਰ ਵੀ ਕੁਸੰਗਤ ਵੱਲ ਤੁਰਨ ਵਾਲੇ ਹਨ, ਸਤਿਸੰਗਤ ਵੱਲ ਨਹੀਂ ਜਾਂਦੇ।

ਪ੍ਰੀਤਿ ਹੀਨ, ਰੀਤਿ ਹੀਨ, ਭਾਇ ਭੈ ਪ੍ਰਤੀਤ ਹੀਨ;
ਚਿਤ ਹੀਨ, ਬਿਤ ਹੀਨ, ਸਹਜ ਸੁਭਾਵ ਰੀ ॥

ਰੀ = ਹੇ ਮਹਾਤਮਾ ਰੂਪ ਸਖੀ ! ਮੈਂ ਪਤੀ ਪਰਮੇਸ਼ਰ ਦੀ ਪ੍ਰੀਤਿ = ਲਗਨ ਤੋਂ ਹੀਨ = ਰਹਿਤ ਹਾਂ, ਮੈਂ ਗੁਰਮੁਖੀ ਮਾਰਗ ਰੂਪ ਰੀਤਿ = ਮਰਯਾਦਾ ਤੋਂ ਵੀ ਹੀਨ = ਰਹਿਤ ਹਾਂ, ਭਾਇ = ਪ੍ਰੇਮ ਤੇ ਪਤੀ ਪਰਮੇਸ਼ਰ ਦੇ ਭੈ = ਡਰ ਤੇ ਪ੍ਰਤੀਤ = ਨਿਸ਼ਚੇ ਤੋਂ ਵੀ ਹੀਨ = ਰਹਿਤ ਹਾਂ, ਮੇਰਾ ਚਿੱਤ ਵੀ ਪਤੀ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਸ਼ੁਭ ਗੁਣਾਂ ਤੋਂ ਹੀਨ = ਰਹਿਤ ਹੈ, ਮੈਂ ਨਾਮ ਰੂਪ ਬਿਤ = ਧਨ ਤੋਂ ਹੀਨ = ਰਹਿਤ ਹਾਂ, ਸਹਜ = ਸ਼ਾਂਤੀ ਵਾਲੇ ਸੁਭਾਵ = ਸੁਭਾਅ ਤੋਂ ਵੀ ਰਹਿਤ ਹਾਂ।

ਅੰਗ ਅੰਗ ਹੀਨ, ਦੀਨਾਧੀਨ, ਪਰਾਚੀਨ ਲਗਿ;
ਚਰਨ ਸਰਨਿ ਕੈਸੇ ਪ੍ਰਾਪਤਿ ਹੁਇ ਰਾਵ ਰੀ ॥੨੨੦॥

ਰੀ = ਹੇ ਮਹਾਤਮਾ ਰੂਪ ਸਖੀ ! ਮੇਰਾ ਅੰਗ ਅੰਗ ਪਤੀ ਪਰਮੇਸ਼ਰ ਦੀ ਭਗਤੀ ਰੂਪ ਟਹਿਲ ਤੋਂ

ਹੀਨ = ਰਹਿਤ ਹੈ, ਇਸ ਲਈ (ਦੀਨ + ਅਧੀਨ) ਦੀਨ = ਗ਼ਰੀਬਤਾਈ ਦੇ ਅਧੀਨ = ਵੱਸ ਹੋਈ ਪਈ ਹਾਂ। ਮੇਰਾ ਮਨ ਗੁਰ ਸ਼ਬਦ ਵਿਚ ਪਰਾਚੀਨ = ਪਰਚਣੇ ਤੋਂ ਰਹਿਤ ਹੈ, ਇਸ ਲਈ ਮੈਨੂੰ ਰਾਵ = ਮਾਲਕ ਪਤੀ ਦੇ ਚਰਨਾਂ ਦੀ ਸਰਨਿ = ਓਟ ਕੈਸੇ = ਕਿਸ ਪ੍ਰਕਾਰ ਪ੍ਰਾਪਤ ਹੁਇ = ਹੋਵੇ ॥੨੨੦॥

ਨੋਟ : ਭਾਈ ਸਾਹਿਬ ਜੀ ਨੇ ਆਪਣੀ ਭੁੱਲ ਨੂੰ ਚੇਤੇ ਕਰ ਕੇ ਇਹ ਕਬਿੱਤ ਆਪਣੀ ਬਿਰਤੀ ਗੁਰਾਂ ਦੇ ਸਨਮੁਖ ਕਰ ਕੇ ਉਚਾਰਨ ਕੀਤਾ ਹੈ। ਫੇਰ ਜਦੋਂ ਅਕਾਲ ਤਖ਼ਤ 'ਤੇ ਪੇਸ਼ ਹੋਏ, ਫਿਰ ਕਾਸ਼ੀ ਵਿਚ ਉਚਾਰਿਆ ਹੋਇਆ ਇਹ ਕਬਿੱਤ ਸੁਣਾਇਆ ਤੇ ੩ਪਵੀਂ ਵਾਰ ਦੀ ੨੨ਵੀਂ ਪਉੜੀ ਉਚਾਰਨ ਕੀਤੀ।

ਜਨਨੀ ਸੁਤਹਿ ਬਿਖੁ ਦੇਤ, ਹੇਤੁ ਕਉਨ ਰਾਖੈ;
ਘਰ ਮੂਸੈ ਪਾਹਰੂਆ, ਕਹੋ ਕੈਸੇ ਰਾਖੀਐ ॥

ਜੇਕਰ ਜਨਨੀ = ਮਾਤਾ ਹੀ ਆਪਣੇ ਸੁਤਹਿ = ਪੁੱਤਰ ਨੂੰ ਬਿਖੁ = ਜ਼ਹਿਰ ਦੇਤ = ਦੇਣਾ ਕਰੇ ਤਾਂ ਉਸ ਨਾਲ ਹੇਤੁ = ਪ੍ਰੇਮ ਕਉਨ = ਕਿਹੜਾ ਰਾਖੈ = ਰੱਖੇਗਾ ਭਾਵ ਕੋਈ ਨਹੀਂ। ਜੈਸਾ ਕਿ :

ਕਿਆ ਬਸੁ ਜਉ ਬਿਖੁ ਦੇ ਮਹਤਾਰੀ ॥੩॥੨੨॥ *(ਅੰਗ ੩੨੮)*

ਜੇਕਰ ਪਾਹਰੂਆ = ਪਹਿਰਾ ਦੇਣ ਵਾਲਾ ਹੀ ਘਰ ਨੂੰ ਮੂਸੈ = ਲੁੱਟਣ ਲੱਗ ਪਵੇ ਤਾਂ ਕਹੋ = ਦੱਸੋ ਖ਼ਾਂ ਕੈਸੇ = ਕਿਸ ਪ੍ਰਕਾਰ ਘਰ ਨੂੰ ਰਾਖੀਐ = ਰੱਖਣਾ ਕਰੀਦਾ ਹੈ, ਭਾਵ ਕੋਈ ਵੀ ਸੰਭਾਲ ਨਹੀਂ ਸਕਦਾ। ਜੈਸਾ ਕਿ :

ਜੇ ਮਾਂ ਪੁਤੈ ਵਿਸ ਦੇਇ ਤਿਸ ਤੇ ਕਉਣੁ ਪਿਆਰਾ ॥
ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ ॥ *(ਵਾਰ ੩੫, ਪਉੜੀ ੨੨)*

ਕਰੀਐ ਜਉ ਬੋਰੈ ਨਾਵ, ਕਹੋ ਕੈਸੇ ਪਾਵੈ ਪਾਰੁ;
ਅਗੁਆਉ ਬਾਟ ਪਾਰੈ, ਕਾ ਪੈ ਦੀਨ ਭਾਖੀਐ ॥

ਜਉ = ਜੇਕਰ ਕਰੀਐ = ਮਲਾਹ ਹੀ ਨਾਵ = ਬੇੜੀ ਨੂੰ ਬੋਰੈ = ਡੋਬਣ ਲੱਗ ਪਵੇ ਤਾਂ ਕਹੋ = ਦੱਸੋ ਖ਼ਾਂ ਮੁਸਾਫ਼ਰ ਕੈਸੇ = ਕਿਵੇਂ ਪਾਰ ਹੋਣਾ ਪਾਵੈ = ਪਾਉਣਗੇ। ਜੈਸਾ ਕਿ :

ਬੇੜਾ ਡੋਬੈ ਪਾਤਣੀ ਕਿਉ ਪਾਰ ਉਤਾਰਾ ॥ *(ਵਾਰ ੩੫, ਪਉੜੀ ੨੨)*

ਅਤੇ ਜੇਕਰ ਅਗੁਆਉ = ਆਗੂ ਭਾਵ ਪੇਸ਼ਵਾਈ, ਧਰਮ ਦਾ ਪ੍ਰਚਾਰ ਕਰਨ ਵਾਲਾ ਹੀ ਉਲਟੇ ਬਾਟ = ਰਸਤੇ ਪਰੈ = ਪਾਉਣ ਲੱਗ ਜਾਵੇ **ਵਾ:** ਅੱਗੇ ਚੱਲਣ ਵਾਲਾ ਹੀ ਰਾਹ ਮਾਰ ਹੋ ਕੇ ਰਸਤੇ ਵਿਚ ਲੁੱਟ ਪਾਉਣਾ ਕਰੇ ਤਾਂ ਫੇਰ ਕਾ = ਕਿਸ ਦੇ ਪੈ = ਕੋਲ ਦੀਨ = ਗ਼ਰੀਬ ਹੋ ਕੇ ਭਾਖੀਐ = ਉਚਾਰਨਾ ਕਰੀਏ, ਪੁਕਾਰਾਂ ਕਰੀਏ। ਜੈਸਾ ਕਿ :

ਆਗੂ ਲੈ ਉਝੜਿ ਪਵੈ ਕਿਸੁ ਕਰੈ ਪੁਕਾਰਾ ॥ *(ਵਾਰ ੩੫, ਪਉੜੀ ੨੨)*

ਖੇਤੈ ਜਉ ਖਾਇ ਬਾਰ, ਕਉਨ ਧਾਇ ਰਾਖਨਹਾਰੁ;
ਚਕ੍ਰਵੈ ਕਰੈ ਅਨਿਆਉ, ਪੂਛੈ ਕਉਨੁ ਸਾਖੀਐ ॥

ਜਉ = ਜੇਕਰ ਖੇਤੈ = ਖੇਤ ਨੂੰ ਬਾਰ = ਵਾੜ ਹੀ ਖਾਇ = ਖਾਣ ਲੱਗ ਜਾਵੇ ਤਾਂ ਕਉਨ = ਕੌਣ ਰਾਖਨਹਾਰੁ = ਰਖਵਾਲਾ ਹੋ ਕੇ ਰਾਖੀ ਲਈ ਧਾਇ = ਦੌੜਨਾ ਕਰੇਗਾ ਭਾਵ ਕੋਈ ਨਹੀਂ। ਜੈਸਾ ਕਿ :

ਜੇ ਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ ॥ *(ਵਾਰ ੩੫, ਪਉੜੀ ੨੨)*

ਇਸੇ ਪ੍ਰਕਾਰ ਜੇਕਰ ਚਕ੍ਰਵੈ = ਚੱਕਰਵਰਤੀ ਰਾਜਾ ਹੀ ਅਨਿਆਉ = ਜ਼ੁਲਮ ਕਰੈ = ਕਰਨਾ ਕਰੇ ਤਾਂ ਸਾਖੀਐ = ਉਗਾਹੀ ਦੇਣ ਨੂੰ ਕਉਨੁ = ਕੌਣ ਪੁਛੈ = ਪੁੱਛਣਾ ਕਰੇਗਾ ਭਾਵ ਕੋਈ ਨਹੀਂ।

ਰੋਗੀਐ ਜਉ ਬੈਦ ਮਾਰੈ, ਮਿਤ੍ਰ ਜਉ ਕਮਾਵੈ ਦ੍ਰੋਹੁ;
ਗੁਰ ਨ ਮੁਕਤੁ ਕਰੈ, ਕਾ ਪੈ ਅਭਿਲਾਖੀਐ ॥੨੨੧॥

ਜਉ = ਜੇਕਰ ਰੋਗੀਐ = ਬਿਮਾਰੀ ਵਾਲੇ ਬੰਦੇ ਨੂੰ ਬੈਦ = ਹਕੀਮ ਹੀ ਮਾਰੈ = ਮਾਰ ਦੇਣਾ ਕਰੇ ਅਤੇ ਜਉ = ਜੇਕਰ ਮਿਤ੍ਰ = ਪਿਆਰਾ ਦੋਸਤ ਭਰੋਸੇ ਦੀ ਥਾਂ ਦ੍ਰੋਹੁ = ਛਲ ਕਪਟ ਕਰਨ ਲੱਗ ਪਵੇ ਅਤੇ ਗੁਰ = ਗੁਰੂ ਜੰਮਣ ਮਰਨ ਤੋਂ ਮੁਕਤੁ = ਬੰਧਨਾਂ ਤੋਂ ਛੁਟਕਾਰਾ ਨ = ਨਾ ਕਰੈ = ਕਰੇ ਸਗੋਂ ਉਲਟਾ ਭਰਮ ਵਿਚ ਲਾ ਦੇਵੇ ਤਾਂ ਕਾ = ਕਿਸ ਦੇ ਪੈ = ਕੋਲੋਂ ਮੁਕਤ ਹੋਣ ਦੀ ਮੁਰਾਦ ਅਭਿਲਾਖੀਐ = ਮੰਗਣ ਜਾਈਏ ॥੨੨੧॥

ਮਨ ਮਧੁਕਰ ਗਤਿ ਭ੍ਰਮਤ ਚਤੁਰ ਕੁੰਟ;
ਚਰਨ ਕਮਲ ਸੁਖ ਸੰਪਟ ਸਮਾਈਐ ॥

ਜਿਵੇਂ ਮਧੁਕਰ = ਭੌਰਾ ਚਤੁਰ = ਚਾਰੇ ਕੁੰਟ = ਦਿਸ਼ਾਵਾਂ ਵਿਚ ਭਰਮਦਾ ਫਿਰਦਾ ਹੈ ਤੇ ਦੁੱਖ ਪਾਉਂਦਾ ਹੈ, ਜਦੋਂ ਸੁਖ = ਆਨੰਦ ਦੇਣ ਵਾਲੇ ਫੁੱਲਾਂ ਰੂਪ ਸੰਪਟ = ਡੱਬੇ ਉੱਤੇ ਜਾ ਬੈਠਦਾ ਹੈ ਤਾਂ ਵਾਸ਼ਨਾ ਕਰਕੇ ਸੁਖ ਪਾਉਂਦਾ ਹੈ, ਉਸੇ ਤਰ੍ਹਾਂ ਮਨ ਰੂਪ ਭੌਰੇ ਦੀ ਗਤਿ = ਹਾਲਤ ਹੈ। ਇਹ ਵੀ ਚਾਰੇ ਦਿਸ਼ਾਵਾਂ ਵੱਲ ਉੱਡਦਾ ਫਿਰਦਾ ਹੈ ਅਤੇ ਜਦ ਗੁਰਾਂ ਦੇ ਚਰਨਾਂ ਕਮਲਾਂ ਉੱਪਰ ਜਾ ਬੈਠਦਾ ਹੈ ਤਾਂ ਸੰਸਾਰ ਦੀ ਮਾਇਆ ਰੂਪ ਹਵਾ ਤੇ ਪਦਾਰਥਾਂ ਰੂਪੀ ਪਾਣੀ ਦੇ ਦੁੱਖ ਤੋਂ ਬਚ ਜਾਂਦਾ ਹੈ ਤੇ ਸੁਖ ਪਾਉਂਦਾ ਹੈ। ਇਉਂ ਸੱਚ ਸਰੂਪ ਵਿਚ ਸਮਾਈਐ = ਸਮਾਅ ਜਾਂਦਾ ਹੈ।

ਸੀਤਲ ਸੁਗੰਧ ਅਤਿ ਕੋਮਲ ਅਨੂਪ ਰੂਪ;
ਮਧੁ ਮਕਰੰਦ ਰਸ, ਅਨਤ ਨ ਧਾਈਐ ॥

ਜਦ ਸੀਤਲ = ਸ਼ਾਂਤੀ, ਠੰਢਕ ਦੇਣ ਵਾਲੀ ਸੁਕੀਰਤੀ ਸੰਪੰਨ ਰੂਪ ਸੁਗੰਧ = ਵਾਸ਼ਨਾ ਅਤਿ = ਅਤਿਅੰਤ ਕੋਮਲ = ਨਰਮ ਤੇ ਅਨੂਪ = ਉਪਮਾ ਤੋਂ ਰਹਿਤ ਰੂਪ ਵਾਲੀ ਮਧੁ = ਮਿੱਠੀ ਮਕਰੰਦ ਰਸ ਰੂਪ ਗੁਰੂ ਦੇ ਚਰਨਾਂ ਕਮਲਾਂ ਦੀ ਧੂੜੀ ਨੂੰ ਪ੍ਰਾਪਤ ਕਰ ਲੈਂਦਾ ਹੈ ਤਾਂ ਫੇਰ ਅਨਤ = ਹੋਰ ਕਿਤੇ ਵੀ ਧਾਈਐ = ਦੌੜਨਾ ਨ = ਨਹੀਂ ਕਰਦਾ।

ਸਹਜ ਸਮਾਧਿ ਉਨਮਨ ਜਗਮਗ ਜੋਤਿ;
ਅਨਹਦ ਧੁਨਿ ਰੁਨ ਝੁਨਿ ਲਿਵ ਲਾਈਐ ॥

ਸਹਜ = ਸੁਤੇ-ਸਿਧ ਹੀ ਸਮਾਧਿ = ਇਸਥਿਤ ਹੋਇਆ ਮਨ ਰੂਪ ਭੌਰਾ ਜਗਮਗ = ਪ੍ਰਕਾਸ਼ ਕਰ ਰਹੀ ਜੋਤਿ = ਜੋਤੀ ਵਿਚ ਉਨਮਨ = ਮਗਨ ਹੋਇਆ ਫਿਰ ਰੁਨ = ਸੁੰਦਰ ਝੁਨਿ = ਝੁਨਕਾਰ ਜੋ ਅਨਹਦ = ਹੱਦ ਤੋਂ ਰਹਿਤ ਹੈ, ਉਸ ਧੁਨਿ = ਧੁਨੀ ਵਿਚ ਲਿਵ = ਬਿਰਤੀ ਲਾਈਐ = ਲਗਾਈ ਰੱਖਦਾ ਹੈ।

ਗੁਰਮੁਖਿ ਬੀਸ ਇਕ-ਈਸ ਸੋਹੰ ਸੋਈ ਜਾਨੈ;
ਆਪਾ ਅਪਰੰਪਰ ਪਰਮ ਪਦੁ ਪਾਈਐ ॥੨੨੨॥

ਇਸ ਅਵਸਥਾ ਦੇ ਭੇਦ ਨੂੰ ਸਿਰਫ਼ ਉਹੋ ਗੁਰਮੁਖ ਹੀ ਜਾਨੈ = ਜਾਣਦਾ ਹੈ, ਜਿਸ ਨੂੰ ਬੀਸ = ਜਗਤ ਦੇ ਇਕ-ਈਸ = ਈਸ਼ਵਰ ਅਤੇ (ਸੋ + ਹੰ) ਸੋ = ਪਰਮੇਸ਼ਰ ਤੇ ਹੰ = ਜੀਵ ਆਤਮਾ, ਸਾਰਾ ਕੁਝ ਆਪਾ = ਆਪਣਾ ਆਪ ਅਪਰੰਪਰ = ਹੱਦ ਤੋਂ ਰਹਿਤ ਪਰਮੇਸ਼ਰ ਦਾ ਰੂਪ ਹੀ ਹੈ, ਇਉਂ ਪ੍ਰਤੱਖ ਗਿਆਨ ਰੂਪ ਪਰਮ ਪਦ ਦੀ ਪਾਈਐ = ਪ੍ਰਾਪਤੀ ਹੋ ਆਇਆ ਕਰਦੀ ਹੈ॥੨੨੨॥

ਮਨ-ਮ੍ਰਿਗ ਮ੍ਰਿਗ ਮਦ ਅਛਤ ਅੰਤਰਗਤਿ;
ਭੂਲਿਓ ਭ੍ਰਮ ਖੋਜਤ ਫਿਰਤ ਬਨ ਮਾਹੀ ਜੀ ॥

ਹੇ ਪਿਆਰੇ ਜੀ ! ਜਿਵੇਂ ਮ੍ਰਿਗ = ਹਿਰਨ ਮਨ ਵਿਚ ਪਏ ਭੁਲੇਖੇ ਕਾਰਨ ਮ੍ਰਿਗਮਦ = ਕਸਤੂਰੀ ਦੇ ਅੰਤਰ = ਅੰਦਰ ਅਛਤ = ਹੁੰਦਿਆਂ ਹੀ ਗਤਿ = ਪ੍ਰਾਪਤ ਕਰਨ ਵੱਲੋਂ ਭਰਮ ਕਰਕੇ ਭੂਲਿਓ = ਭੁੱਲਿਆ ਹੋਇਆ ਕਸਤੂਰੀ ਨੂੰ ਬਨ = ਜੰਗਲਾਂ ਦੀਆਂ ਝਾੜੀਆਂ ਮਾਹੀ = ਵਿਚ ਖੋਜਤ = ਢੂੰਡਦਾ ਫਿਰਦਾ ਹੈ, ਇਸੇ ਪ੍ਰਕਾਰ ਮਨ ਰੂਪ ਹਿਰਨ ਬ੍ਰਹਮਾਨੰਦ ਰੂਪੀ ਮ੍ਰਿਗਮਦ = ਕਸਤੂਰੀ ਦੇ (ਅੰਤਰ + ਗਤਿ) ਅੰਤਰ = ਅੰਦਰ ਗਤਿ = ਪ੍ਰਾਪਤ ਅਛਤ = ਹੁੰਦਿਆਂ ਵੀ ਇਸ ਦੇ ਬਾਹਰ ਹੋਣ ਦੇ ਭਾਵ ਵਿਸ਼ਿਆਂ ਵਿਚ ਸੁਖ ਹੋਣ ਦੇ ਭ੍ਰਮ = ਭੁਲੇਖੇ ਕਾਰਨ ਭੂਲਿਓ = ਭੁੱਲਿਆ ਹੋਇਆ ਸੰਸਾਰ ਰੂਪ ਜੰਗਲ ਮਾਹੀ = ਵਿਚ ਖੋਜਤ = ਢੂੰਡਦਾ ਫਿਰਤ = ਫਿਰਦਾ ਰਹਿੰਦਾ ਹੈ।

ਦਾਦਰ ਸਰੋਜ ਗਤਿ ਏਕੈ ਸਰਵਰ ਬਿਖੈ;
ਅੰਤਰਿ ਦਿਸੰਤਰਿ ਹੁਇ ਸਮਝਤ ਨਾਹੀ ਜੀ ॥

ਹੇ ਪਿਆਰੇ ਜੀ ! ਏਕੈ = ਇੱਕੋ ਸਰਵਰ = ਤਲਾਅ ਬਿਖੈ = ਵਿਚ ਦਾਦਰ = ਡੱਡੂ ਅਤੇ ਸਰੋਜ = ਕਮਲ ਫੁੱਲ ਦੀ ਗਤਿ = ਪਰਵਿਰਤੀ, ਵਾਸਾ ਹੁੰਦਾ ਹੈ, ਪਰੰਤੂ ਉਸ ਕਮਲ ਫੁੱਲ ਦੇ ਅੰਤਰਿ = ਵਿਚ ਹੁੰਦਿਆਂ ਵੀ ਉਸ ਡੱਡੂ ਦੇ (ਦਿਸ + ਅੰਤਰਿ) ਦਿਸ = ਦਿਸਣ ਦੇ ਅੰਤਰਿ = ਵਿਚ ਨਾ ਹੋਣ ਕਾਰਨ ਕਿਤੇ ਦੂਰ ਟਿਕਾਣੇ ਹੁਇ = ਹੁੰਦਾ ਹੈ, ਉਸ ਨੂੰ ਸਮਝਤ = ਸੂਝ ਨਾਹੀ = ਨਹੀਂ ਪੈਂਦੀ, ਆਪਣੇ ਅੰਦਰ ਕਮਲ ਫੁੱਲ ਦੀਆਂ ਕੋਮਲ ਪੱਤੀਆਂ **ਵਾ:** ਉਸ ਦੇ ਫਲ ਆਦਿ ਤਿਆਗ ਕੇ ਜਾਲਾ ਖਾਂਦਾ ਫਿਰਦਾ ਹੈ। ਇਸੇ ਤਰ੍ਹਾਂ ਜੀਵ ਆਤਮਾ ਪਰਮਾਤਮਾ ਦੇ ਸਦਾ ਨੇੜੇ ਹੋਣ 'ਤੇ ਵੀ ਪ੍ਰੇਮ ਰਸ ਨੂੰ ਪਰਿਤਿਆਗ ਕਰ ਕੇ ਸੰਸਾਰ ਦਿਆਂ ਬੰਧਨਾਂ ਵਿਚ ਹੀ ਆਨੰਦ ਨੂੰ ਖੋਜਦਾ ਰਹਿੰਦਾ ਹੈ।

ਜੈਸੇ ਬਿਖਿਆਧਰ ਤਜੈ ਨ ਬਿਖਿ ਬਿਖਮ ਕਉ;
ਅਹਿਨਿਸਿ ਬਾਵਨ ਬਿਰਖ ਲਪਟਾਹੀ ਜੀ ॥

ਹੇ ਪਿਆਰੇ ਜੀ ! ਜੈਸੇ = ਜਿਸ ਪ੍ਰਕਾਰ ਬਿਖਿਆਧਰ = ਜ਼ਹਿਰ ਨੂੰ ਧਾਰਨ ਕਰਨ ਵਾਲਾ ਸੱਪ ਅਹਿਨਿਸਿ = ਰਾਤ ਦਿਨ ਬਾਵਨ ਬਿਰਖ = ਚੰਦਨ ਦੇ ਬ੍ਰਿਛ ਨੂੰ ਲਪਟਾਹੀ = ਲਪਟਿਆ ਰਹਿ ਕੇ ਵੀ

ਬਿਖਮ = ਭਿਆਨਕ (ਦੁਖਦਾਈ) ਬਿਖਿ = ਜ਼ਹਿਰ ਕਉ = ਨੂੰ ਤਜੈ = ਤਿਆਗ ਨ = ਨਹੀਂ ਸਕਿਆ ਕਰਦਾ ਕਿਉਂਕਿ ਇਹ ਉਸ ਦੀ ਮੁੱਢੋਂ ਹੀ ਆਦਤ ਹੈ। ਜੈਸਾ ਕਿ :

ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥ *(ਅੰਗ ੪੮੬)*

ਜੈਸੇ ਨਰਪਤਿ ਸੁਪਨੰਤਰਿ ਭੇਖਾਰੀ ਹੋਇ;
ਗੁਰਮੁਖਿ ਜਗਤ ਮੈ ਭਰਮ ਮਿਟਾਹੀ ਜੀ ॥੨੨੩॥

ਹੇ ਪਿਆਰੇ ਜੀ! ਜੈਸੇ = ਜਿਸ ਪ੍ਰਕਾਰ ਸੁਪਨੰਤਰਿ = ਸੁਪਨੇ ਵਿਚ ਰਾਤ ਨੂੰ ਸੁੱਤੇ ਪਿਆਂ ਨਰਪਤਿ = ਰਾਜਾ ਭੇਖਾਰੀ = ਮੰਗਤਾ ਹੋਇ = ਹੋ ਜਾਂਦਾ ਹੈ ਤੇ ਦੁੱਖ ਪਾਉਂਦਾ ਹੈ, ਪਰ ਜਦ ਜਾਗਦਾ ਹੈ ਤਾਂ ਉਹ ਆਪਣੇ ਆਪ ਨੂੰ ਰਾਜਾ ਵੇਖ ਕੇ ਸੁਖ ਪਾਉਂਦਾ ਹੈ। ਜੈਸਾ ਕਿ :

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥

(ਸੋਰਠਿ ਭਗਤ ਰਵਿਦਾਸ ਜੀ, ਅੰਗ ੬੫੯)

ਇਸੇ ਪ੍ਰਕਾਰ ਨਾਸ ਤੋਂ ਰਹਿਤ ਨਿਧੀ ਦਾ ਮਾਲਕ ਹੁੰਦਿਆਂ ਵੀ ਅਸਲ ਵਿਚ ਇਸ ਜੀਵ ਦੀ ਐਸੀ ਹਾਲਤ ਹੋ ਰਹੀ ਹੈ, ਜੇਕਰ ਗੁਰਾਂ ਦੁਆਰਾ ਗੁਰਮੁਖਤਾਈ ਵਾਲਾ ਸੁਭਾਅ ਧਾਰਨ ਕਰ ਲਵੇ ਤਾਂ ਜਗਤ = ਸੰਸਾਰ ਮੈ = ਵਿਚਲਾ ਭਰਮ = ਭੁਲੇਖਾ ਇਸ ਜੀਵ ਦਾ ਮਿਟਾਹੀ = ਮਿਟ ਸਕਦਾ ਹੈ, ਇਸ ਲਈ ਅਵਿੱਦਿਆ ਰੂਪੀ ਨੀਂਦ ਤੇ ਭਰਮ ਭੁਲੇਖਿਆਂ ਤੋਂ ਬਚਣ ਲਈ ਗੁਰਮੁਖ ਵਾਲਾ ਸੁਭਾਅ ਧਾਰਨ ਕਰੇ ॥੨੨੩॥

ਬਾਇ ਹੁਇ ਬਘੂਲਾ ਬਾਇ-ਮੰਡਲ ਫਿਰੈ ਤਉ ਕਹਾ;
ਬਾਸਨਾ ਕੀ ਆਗਿ ਜਾਗਿ ਜੁਗਤਿ ਨ ਜਾਨੀਐ ॥

ਬਾਇ = ਹਵਾ ਦਾ ਬਘੂਲਾ = ਵਾਵਰੋਲਾ ਹੁਇ = ਹੋ ਕੇ ਬਾਇ = ਹਵਾ ਮੰਡਲ = ਅਕਾਸ਼ ਵਿਚ ਫਿਰੈ = ਫਿਰਨਾ ਕਰੇ ਤਉ = ਤਾਂ ਕਹਾ = ਕੀ ਹੋ ਗਿਆ ? ਇਸ ਪ੍ਰਕਾਰ ਜੇਕਰ ਪਦਾਰਥਾਂ ਦੀ ਬਾਸਨਾ = ਵਾਸ਼ਨਾ ਕੀ = ਦੀ ਆਗਿ = ਅੱਗ ਹਿਰਦੇ ਵਿਚ ਭੜਕ ਰਹੀ ਹੈ ਤੇ ਵਾਹਿਗੁਰੂ ਨੂੰ ਮਿਲਣ ਦੀ ਜੁਗਤਿ = ਵਿਧੀ ਨ = ਨਹੀਂ ਜਾਨੀਐ = ਜਾਣਦਾ।

ਅਥਵਾ ਬਾਇ = ਪੌਣ-ਅਹਾਰੀ ਹੋ ਕੇ **ਵਾ:** ਬਘੂਲਾ = ਵਾਵਰੋਲੇ ਵਾਂਗ ਬਾਇ = ਹਵਾ ਮੰਡਲ ਵਿਚ ਜੇ ਹਮੇਸ਼ਾਂ ਚੱਕਰ ਲਾਉਂਦਾ ਰਹੇ ਤਾਂ ਕੀ ਬਣ ਜਾਵੇਗਾ, ਜਦ ਕਿ ਸੁਖਾਂ ਦੀ ਪ੍ਰਾਪਤੀ ਦੀ ਬਾਸਨਾ = ਇੱਛਾ ਰੂਪ ਅੱਗ ਅੰਦਰ ਜਾਗਿ = ਬਲ ਰਹੀ ਹੋਵੇ **ਵਾ:** ਜਦ ਤਕ ਅਵਿੱਦਿਆ ਰੂਪ ਨੀਂਦ ਵਿੱਚੋਂ ਗਿਆਨ ਅਵਸਥਾ ਵਿਚ ਜਾਗਿ = ਜਾਗਣ ਦੀ ਜੁਗਤਿ = ਜੁਗਤੀ ਨਾ ਜਾਣੀਦੀ ਹੋਵੇ **ਵਾ:** ਭਰਮ ਮਿਟਾਉਣ ਦੀ ਜੁਗਤਿ = ਵਿਧੀ ਜਾਣਨ ਵਿਚ ਨਾ ਆਵੇ, ਤਦ ਤਕ ਇਹ ਕਰਮ ਸਭ ਵਿਅਰਥ ਹਨ।

ਕੂਪ ਜਲੁ ਗਰੋ ਬਾਧੇ ਨਿਕਸੈ ਨ ਹੁਇ ਸਮੁੰਦ੍ਰ;
ਚੀਲ ਹੁਇ ਉਡੈ ਨ ਖਗਪਤਿ ਉਨਮਾਨੀਐ ॥

ਢੀਂਗਲੀ ਕੂਪ = ਖੂਹ ਉੱਪਰ ਹੁੰਦੀ ਹੈ, ਉਸ ਦੇ ਗਰੋ = ਗਲ ਨੂੰ ਡੋਲ ਬਾਧੈ = ਬੰਨ੍ਹਿਆ ਹੋਇਆ ਖੂਹ

ਵਿੱਚੋਂ ਜਲੁ = ਪਾਣੀ ਨਿਕਸੈ = ਨਿਕਲੇ ਤੇ ਤਦ ਕੀ ਉਹ ਪਾਣੀ ਸਮੁੰਦਰ ਰੂਪ ਤਾਂ ਨਹੀਂ ਹੁਇ = ਹੋ ਜਾਂਦਾ ਭਾਵ ਸਮੁੰਦਰ ਦੇ ਪਾਣੀ ਵਾਂਗ ਬਹੁਤ ਜ਼ਿਆਦਾ ਨਹੀਂ ਹੁੰਦਾ ਅਤੇ ਜੇਕਰ ਚੀਲ = ਇੱਲ ਹੁਇ = ਹੋ ਕੇ ਆਕਾਸ਼ ਵਿਚ ਉਡੈ = ਉੱਡਣਾ ਕਰੇ ਤਾਂ ਕੀ ਉਸ ਨੂੰ ਖਗਪਤਿ = ਗਰੁੜ ਦਾ ਉਨਮਾਨੀਐ = ਵਿਚਾਰ ਨ = ਨਹੀਂ ਕਰ ਲਈਦਾ ਭਾਵ ਢੀਂਗਲੀ ਦਾ ਪਾਣੀ ਖੂਹ ਵਿੱਚੋਂ ਕੱਢਿਆ ਹੋਇਆ ਸਮੁੰਦਰ ਨਹੀਂ ਬਣ ਜਾਂਦਾ ਅਤੇ ਇੱਲ ਗਰੁੜ ਦੀ ਬਰਾਬਰੀ ਨਹੀਂ ਕਰ ਸਕਦੀ।

ਅਥਵਾ ਜੇਕਰ ਗਰੋ = ਗਲੇ ਆਦਿ ਸਰੀਰ ਦੇ ਅੰਗਾਂ ਨੂੰ ਬਾਧੇ = ਬੰਨ੍ਹ ਕੇ ਕੂਪ = ਖੂਹ ਦੇ ਜਲ = ਪਾਣੀ ਵਿਚ ਲਟਕਣਾ ਕਰੇ ਭਾਵ ਖੂਹ ਵਿਚ ਪੁੱਠਾ ਲਮਕ ਕੇ ਤਪ ਕਰੇ ਤਾਂ ਇਤਨਾ ਜਫਰ ਜਾਲ ਕੇ ਵੀ ਬਾਹਰ ਨਿਕਲਿਆਂ ਕੋਈ ਰਤਨ ਆਦਿ ਸਾਰੀਆਂ ਨਿਧੀਆਂ ਦਾ ਮਾਲਕ ਸਮੁੰਦਰ ਰੂਪ ਨਹੀਂ ਬਣ ਜਾਵੇਗਾ ਭਾਵ ਬੇਅੰਤ ਆਤਮਿਕ ਸੁਖ ਦੀ ਪ੍ਰਾਪਤੀ ਕੋਈ ਹੋ ਨਹੀਂ ਜਾਂਦੀ ਅਤੇ ਜੇਕਰ ਇੱਲ ਵਾਂਗ ਆਕਾਸ਼ਚਾਰੀ ਵੀ ਬਣ ਕੇ ਉਡਾਰੀਆਂ ਲਾਉਣ ਲੱਗ ਪਵੇ ਤਾਂ ਸਮਝ ਲਵੋ ਕਿ ਮੈਲੀਆਂ ਵਾਸ਼ਨਾਂ ਕਾਰਨ ਵਿਸ਼ੇ ਸੁਖਾਂ ਦਾ ਚਾਹਵਾਨ ਇੱਲ ਰੂਪ ਹੁੰਦਾ ਹੋਇਆ ਗਰੁੜ ਵਾਂਗ ਵੈਸ਼ਨਵੀ ਵਿਭੂਤੀ ਦਾ ਆਧਾਰ ਤਾਂ ਨਹੀਂ ਬਣ ਸਕਦਾ।

ਮੂਸਾ ਬਿਲ ਖੋਦਿ ਨ ਜੋਗੀਸੁਰ ਗੁਫਾ ਕਹਾਵੈ;
ਸਰਪ ਹੁਇ ਚਿਰੰਜੀਵ ਬਿਖੁ ਨ ਬਿਲਾਨੀਐ ॥

ਇਸੇ ਪ੍ਰਕਾਰ ਮੂਸਾ = ਚੂਹੇ ਵਾਂਗ ਬਿਲ = ਖੁੱਡ ਪੁੱਟ ਕੇ ਜੇਕਰ ਗੁਫ਼ਾ ਵਾਸੀ ਕਹਾਉਣ ਲੱਗ ਜਾਵੇ ਤਾਂ ਇਤਨੇ ਨਾਲ ਕੋਈ ਈਸ਼ਵਰ ਵਿਚ ਜੁੜਿਆਂ ਜੋਗੀ ਨਹੀਂ ਬਣ ਸਕੇਗਾ ਭਾਵ ਸਰਬ ਸਮਰੱਥਾਵਾਨ ਨਹੀਂ ਬਣ ਸਕੀਦਾ ਅਤੇ ਚਿਰੰਜੀਵ = ਬਹੁਤੀ ਲੰਮੀ ਜ਼ਿੰਦਗੀ ਦੀ ਕਾਮਨਾ ਦੇ ਸਾਧਨ ਸਾਧ ਕੇ ਸਰਪ = ਸੱਪ ਵਾਂਗ ਚਿਰੰਜੀਵ ਹੁਇ = ਹੋ ਕੇ ਬੈਠਣਾ ਕਰੀਏ ਤਾਂ ਉਸ ਵਾਂਗ ਅੰਦਰ ਵਿਸ਼ਿਆਂ ਰੂਪ ਜ਼ਹਿਰ ਤਾਂ ਕਿਸੇ ਪ੍ਰਕਾਰ ਦੂਰ ਨਹੀਂ ਹੋ ਸਕਦੀ।

ਗੁਰਮੁਖਿ ਤ੍ਰਿਗੁਨ ਅਤੀਤ ਚੀਤ ਹੁਇ ਅਤੀਤ;
ਹਉਮੈ ਖੋਇ ਰੇਨੁ ਕਾਮਧੇਨ ਮਾਨੀਐ ॥੨੨੪॥

ਜੇਕਰ ਕੋਈ ਗੁਰ-ਉਪਦੇਸ਼ ਦੁਆਰਾ ਗੁਰਮੁਖ ਬਣ ਕੇ ਤ੍ਰਿਗੁਨ = ਤਿੰਨ ਰਜੋ, ਤਮੋ, ਸਤੋ ਰੂਪ ਗੁਣਾਂ ਦੇ ਵੇਗ ਤੋਂ ਅਤੀਤ = ਰਹਿਤ ਹੋ ਜਾਵੇ ਤੇ ਜਿਸ ਦਾ ਚੀਤ = ਚਿੱਤ ਵੀ ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਵੱਲੋਂ ਅਤੀਤ = ਰਹਿਤ ਹੁਇ = ਹੋ ਜਾਂਦਾ ਹੈ, ਅਜਿਹਾ ਗੁਰਮੁਖ ਜਨ ਹਉਮੈ = ਹੰਗਤਾ ਨੂੰ ਖੋਇ = ਗਵਾ ਕੇ ਗੁਰਸਿੱਖਾਂ ਦੇ ਚਰਨਾਂ ਦੀ ਰੇਨੁ = ਧੂੜੀ ਹੋਇ = ਹੋ ਜਾਂਦਾ ਹੈ ਅਤੇ ਕਾਮਧੇਨ = ਸਭ ਕਾਮਨਾਂ ਪੂਰੀਆਂ ਕਰਨ ਵਾਲੀ ਗਊ ਵਾਂਗ ਉਹ ਸਰਬ ਸ਼ਕਤੀਆਂ ਦਾ ਮਾਲਕ ਮਾਨੀਐ = ਮੰਨਣਾ ਕਰੀਦਾ ਹੈ, ਭਾਵ ਉਸ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ ਤੇ ਉਹ ਹੋਰਨਾਂ ਦੀਆਂ ਵੀ ਇੱਛਾਵਾਂ ਪੂਰੀਆਂ ਕਰਨ ਵਾਲਾ ਹੋ ਜਾਂਦਾ ਹੈ॥੨੨੪॥

ਸਬਦ ਸੁਰਤਿ ਲਿਵ ਗੁਰ ਸਿਖ ਸੰਧਿ ਮਿਲੇ;
ਆਤਮ ਆਵੇਸ ਪ੍ਰਮਾਤਮ ਪ੍ਰਬੀਨ ਹੈ ॥

ਜਦ ਗੁਰ = ਸਤਿਗੁਰੂ ਅਤੇ ਸਿੱਖ ਦੀ ਸੰਧਿ = ਮਿਲਣੀ ਮਿਲੇ = ਮਿਲ ਪਵੇ ਤਦ ਗੁਰ ਸਬਦ = ਉਪਦੇਸ਼

ਵਿਚ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਲਿਵ = ਬਿਰਤੀ ਲੱਗ ਜਾਂਦੀ ਹੈ, ਜਿਸ ਕਰਕੇ ਆਤਮ = ਮਨ ਦਾ ਪ੍ਰਮਾਤਮ = ਪਰਮੇਸ਼ਰ ਵਿਚ ਅਵੇਸ = ਪ੍ਰਵੇਸ਼ ਹੋਣ ਦੀ ਇਕ ਰੂਪਤਾ ਵਾਲੀ ਪ੍ਰਬੀਨ = ਮੁਕੰਮਲ ਸੁੰਦਰ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

ਤਤੈ ਮਿਲਿ ਤਤ ਸ੍ਵਾਂਤ ਬੂੰਦ ਮੁਕਤਾਹਲ ਹੋਇ;
ਪਾਰਸ ਕੈ ਪਾਰਸ ਪਰਸਪਰ ਕੀਨ ਹੈ॥

ਜਿਵੇਂ ਸ੍ਵਾਂਤੀ ਬੂੰਦ ਸਿੱਪ ਵਿਚ ਪੈਣ 'ਤੇ ਮੁਕਤਾਹਲ = ਮੋਤੀ ਰੂਪ ਹੋਇ = ਹੋ ਜਾਂਦੀ ਹੈ, ਇਸੇ ਤਰ੍ਹਾਂ ਇਸ ਸਰੀਰ ਦੇ ਸੂਖਮ ਤਤੈ = ਤੱਤ ਰੂਪ ਸੁਰਤ ਵਿਚ ਗੁਰੂ ਦੇ ਤੱਤ ਰੂਪ ਸ਼ਬਦ ਦੇ ਪ੍ਰਵੇਸ਼ ਹੋਣ ਸਾਰ ਸੱਚ ਸਰੂਪ ਰੂਪੀ ਮੋਤੀ ਦੀ ਪ੍ਰਾਪਤੀ ਵਾਲਾ ਹੋ ਜਾਂਦਾ ਹੈ **ਵਾ:** (ਮੁਕਤ + ਅਹਲ) ਸਭ ਤਰ੍ਹਾਂ ਦੇ ਆਹਰ ਕਰਤੱਵਾਂ ਰੂਪ ਬੰਧਨਾਂ ਤੋਂ ਮੁਕਤ ਹੋ ਕੇ ਨਿਰਬਾਣ ਸਰੂਪ ਹੋ ਜਾਂਦਾ ਹੈ ਜਾਂ ਪਾਰਸ ਰੂਪ ਗੁਰਾਂ ਕੈ = ਦੇ ਨਾਲ ਪਰਸਪਰ = ਪਰਸਣੇ ਕਰਕੇ ਆਪ ਵੀ ਪਾਰਸ ਹੋ ਜਾਂਦਾ ਹੈ ਤੇ ਹੋਰਨਾਂ ਨੂੰ ਪਾਰਸ ਵਤ ਸ਼ੁੱਧ ਹਿਰਦੇ ਵਾਲਾ ਬਣਾਉਣਾ ਕਰਦਾ ਹੈ।

ਜੋਤਿ ਮਿਲਿ ਜੋਤਿ ਜੈਸੇ ਦੀਪਕੈ ਦਿਪਤ ਦੀਪ;
ਹੀਰੈ ਹੀਰਾ ਬੇਧੀਅਤਿ ਆਪੈ ਆਪਾ ਚੀਨ ਹੈ॥

ਜੈਸੇ = ਜਿਸ ਪ੍ਰਕਾਰ ਦੀਪਕੈ = ਦੀਵੇ ਦੇ ਨਾਲ ਦੀਪ = ਦੀਵਾ ਦਿਪਤ = ਪ੍ਰਕਾਸ਼, ਜਗਾ ਲਈਦਾ ਹੈ, ਤਿਵੇਂ ਜੋਤਿ = ਪ੍ਰਕਾਸ਼ ਸਰੂਪ ਗੁਰਾਂ ਨੂੰ ਮਿਲਿ = ਮਿਲਣੇ ਕਰਕੇ ਸਿੱਖ ਵੀ ਜੋਤਿ = ਪ੍ਰਕਾਸ਼ ਸਰੂਪ ਹੀ ਹੋ ਜਾਂਦੇ ਹਨ ਭਾਵ ਗੁਰ-ਉਪਦੇਸ਼ ਦੁਆਰਾ ਆਤਮਿਕ ਗਿਆਨ ਦਾ ਪ੍ਰਕਾਸ਼ ਅੰਦਰ ਹੋ ਆਉਂਦਾ ਹੈ, ਜਿਵੇਂ ਹੀਰੈ = ਹੀਰੇ ਨਾਲ ਹੀਰਾ ਬੇਧੀਅਤਿ = ਵਿੰਨ੍ਹ ਲਈਦਾ ਹੈ, ਤਿਵੇਂ ਗੁਰਾਂ ਦੇ ਉਪਦੇਸ਼ ਦੁਆਰਾ ਗੁਰ-ਸ਼ਬਦ ਦੀ ਕਮਾਈ ਕਰਨ ਤੋਂ ਗੁਰਮੁਖ ਜਨ ਆਪੈ ਆਪਾ = ਆਪਣਾ ਆਪ ਸਰੂਪ ਚੀਨ = ਜਾਣ ਲੈਣਾ ਕਰਦਾ ਹੈ।

ਚੰਦਨ ਬਨਾਸਪਤੀ ਬਾਸਨਾ ਸੁਬਾਸ ਗਤਿ;
ਚਤੁਰ ਬਰਨ ਜਨ ਕੁਲ ਅਕੁਲੀਨ ਹੈ॥੨੨੫॥

ਜਿਸ ਪ੍ਰਕਾਰ ਚੰਦਨ ਬ੍ਰਿਛ ਦੇ ਨੇੜੇ ਆਈ ਸਾਰੀ ਬਨਾਸਪਤੀ ਉਸ ਦੀ ਬਾਸਨਾ = ਸੁਗੰਧੀ ਕਰਕੇ (ਸੁ + ਬਾਸ) ਸੁ = ਸ੍ਰੇਸ਼ਟ ਬਾਸ = ਵਾਸ਼ਨਾ ਨੂੰ ਗਤਿ = ਪ੍ਰਾਪਤ ਹੋ ਜਾਂਦੀ ਹੈ, ਇਸੇ ਤਰ੍ਹਾਂ ਚਤੁਰ = ਚਾਰੋਂ ਬਰਨ = ਵਰਨਾਂ ਦੇ ਜਨ = ਪੁਰਖ ਵੀ ਗੁਰਾਂ ਦੀ ਸੰਗਤ ਵਿਚ ਮਿਲ ਕੇ ਨੀਵੀਂ ਕੁਲ = ਵੰਸ ਵਾਲੇ ਵੀ ਅਕੁਲੀਨ = ਸ੍ਰੇਸ਼ਟ ਗੁਰਮੁਖ ਵੰਸ ਵਾਲੇ ਹੋ ਜਾਂਦੇ ਹਨ, ਭਾਵ ਮਨ ਕਰਕੇ ਨੀਵੀਂ ਵਿਚਾਰ ਰੂਪੀ ਵੰਸ ਵਾਲੇ ਸ੍ਰੇਸ਼ਟ ਵਿਚਾਰ ਰੂਪੀ ਚੰਗੀ ਵੰਸ ਵਾਲੇ ਹੋ ਜਾਂਦੇ ਹਨ॥੨੨੫॥

ਗੁਰਮਤਿ ਸਤਿ ਰਿਦੈ, ਸਤਿ ਰੂਪ ਦੇਖੇ ਦ੍ਰਿਗ;
ਸਤਿ-ਨਾਮ ਜਿਹਬਾ ਕੈ, ਪ੍ਰੇਮ ਰਸ ਪਾਏ ਹੈ॥

ਜਿਨ੍ਹਾਂ ਦੇ ਰਿਦੈ = ਚਿੱਤ ਵਿਚ ਗੁਰਮਤਿ = ਗੁਰ ਸਿੱਖਿਆ ਦੁਆਰਾ ਸਤਿ = ਸੱਚਾ ਨਾਮ ਵੱਸ ਗਿਆ

ਹੈ, ਉਹ ਪ੍ਰਤੱਖ ਦ੍ਰਿਗ = ਨੇਤਰਾਂ ਨਾਲ ਸਾਰੇ ਥਾਵਾਂ ਵਿਚ ਸਤਿ = ਸੱਚ ਰੂਪ = ਸਰੂਪ ਪਰਮੇਸ਼ਰ ਨੂੰ ਰਮਿਆ ਹੋਇਆ ਦੇਖੇ = ਵੇਖਣਾ ਕਰਦੇ ਹਨ ਤੇ ਜਿਹਬਾ = ਰਸਨਾ ਕੈ = ਕਰਕੇ ਹਰ ਵਕਤ ਸਤਿ = ਸੱਚਾ ਨਾਮ ਜਪਦੇ ਹਨ ਤੇ ਨਾਮ ਜਪ ਕੇ ਪ੍ਰਭੂ ਪ੍ਰਾਪਤੀ ਵਾਲੇ ਪ੍ਰੇਮ ਦਾ ਰਸ = ਸੁਆਦ, ਅਨੰਦ ਪਾਏ = ਪਾਉਣਾ ਕਰਦੇ ਹੈ = ਹਨ।

ਸਬਦ ਬਿਬੇਕ ਸਤਿ, ਸ੍ਰਵਨ ਸੁਰਤਿ ਨਾਦ;
ਨਾਸਿਕਾ ਸੁਗੰਧਿ ਸਤਿ, ਆਘ੍ਰਨ ਅਘਾਏ ਹੈ॥

ਐਸੇ ਗੁਰਮੁਖ ਜਨ ਗੁਰ ਸਬਦ = ਉਪਦੇਸ਼ ਦੀ ਬਿਬੇਕ = ਵਿਚਾਰ ਕਰ ਕੇ ਸਤਿ = ਸੱਚੇ ਵਾਹਿਗੁਰੂ ਦੇ ਨਾਮ ਰੂਪ ਨਾਦ = ਸ਼ਬਦ ਸ੍ਰਵਨ = ਕੰਨਾਂ ਨਾਲ ਸੁਰਤਿ = ਸੁਣਦੇ ਹਨ ਅਤੇ ਨਾਸਿਕਾ = ਨੱਕ ਰਾਹੀਂ ਆਘ੍ਰਨ = ਸੁੰਘੀ ਜਾ ਰਹੀ ਸੁਗੰਧਿ = ਵਾਸ਼ਨਾ ਨੂੰ ਵੀ ਸਤਿ = ਸੱਚ ਸਰੂਪ ਕਰਕੇ ਮੰਨਦੇ ਹਨ ਤੇ ਇਉਂ ਉਹ ਪਦਾਰਥਾਂ ਵੱਲੋਂ ਅਘਾਏ = ਤ੍ਰਿਪਤ ਹੋ ਗਏ ਹਨ **ਵਾ:** ਨਾਸਾਂ ਆਦਿ ਇੰਦਰੇ ਸੱਚੇ ਪਰਮੇਸ਼ਰ ਦੀ ਪ੍ਰੇਮਾ-ਭਗਤੀ ਕਰ ਕੇ ਤ੍ਰਿਪਤ ਹੋ ਗਏ ਹਨ।

ਸੰਤ ਚਰਨਾਮ੍ਰਿਤ ਹਸਤ ਅਵਿਲੰਬ ਸਤਿ;
ਪਾਰਸ ਪਰਸਿ ਹੋਇ ਪਾਰਸ ਦਿਖਾਏ ਹੈ॥

ਸੰਤ = ਸ਼ਾਂਤ ਆਤਮਾ ਵਾਲੇ ਗੁਰਾਂ ਦੀ ਚਰਨਾਮ੍ਰਿਤ = ਚਰਨ ਪਾਹੁਲ ਗੁਰਮੁਖ ਜਨ ਲੈ ਕੇ ਆਪਣੇ ਹਸਤ = ਹੱਥ ਮੂੰਹ ਆਦਿ ਸਫਲੇ ਕਰਦੇ ਹਨ ਤੇ ਸਦਾ ਹੀ ਸੱਚੇ ਨਾਮ ਦਾ ਅਵਿਲੰਬ = ਆਸਰਾ ਲੈਂਦੇ ਹਨ ਅਤੇ ਪਾਰਸ ਰੂਪ ਗੁਰਾਂ ਦੇ ਚਰਨਾਂ ਨੂੰ ਪਰਸਿ = ਛੂਹਣ ਵਾਲੇ ਹੋਇ = ਹੋਣੇ ਕਰਕੇ ਆਪ ਵੀ ਪਾਰਸ ਰੂਪ ਦਿਖਾਏ = ਦ੍ਰਿਸ਼ਟੀ ਵਿਚ ਆਉਂਦੇ ਹਨ।

ਸਤਿ ਰੂਪ ਸਤਿ-ਨਾਮ ਸਤਿਗੁਰ ਗਿਆਨ ਧਿਆਨ;
ਗੁਰ ਸਿਖ ਸੰਧਿ ਮਿਲੇ ਅਲਖ ਲਖਾਏ ਹੈ॥੨੨੬॥

ਸਤਿ = ਸੱਚੇ ਪਰਮੇਸ਼ਰ ਦਾ ਰੂਪ = ਸਰੂਪ ਸਤਿਗੁਰ = ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਸਤਿਨਾਮ = ਸੱਚਾ ਨਾਮ ਜਪ ਕੇ ਜੋ ਗਿਆਨ ਤੇ ਧਿਆਨ ਹੁੰਦਾ ਹੈ **ਵਾ:** ਜੋ ਉਪਦੇਸ਼ ਦੁਆਰਾ ਸੱਚਾ ਨਾਮ ਜਪ ਕੇ ਗਿਆਨ ਹੁੰਦਾ ਹੈ ਤੇ ਜੋ ਉਸ ਜਾਣੇ ਹੋਏ ਪਰਮ ਤੱਤ ਵਿਚ ਧਿਆਨ ਜੁੜਦਾ ਹੈ, ਉਹ ਸਤਿ = ਸੱਚ ਰੂਪ = ਸਰੂਪ ਹੀ ਹੁੰਦਾ ਹੈ। ਇਉਂ ਗੁਰੂ ਤੇ ਸਿੱਖ ਦੇ ਸੰਧਿ = ਮਿਲਾਪ ਵਿਚ ਮਿਲੇ = ਮਿਲਣੇ ਤੋਂ ਅਲਖ = ਲੱਖਣ ਤੋਂ ਰਹਿਤ ਤੁਰੀਆ ਪਦ ਰੂਪ ਅਵਸਥਾ ਦਾ ਲਖਾਏ = ਜਾਨਣਾ ਹੁੰਦਾ ਹੈ॥੨੨੬॥

ਆਤਮ ਤ੍ਰਿਬਿਧੀ ਜਤ੍ਰ ਕਤ੍ਰ ਸੈ ਇਕਤ੍ਰ ਭਏ;
ਗੁਰਮਤਿ ਸਤਿ ਨਿਹਚਲ ਮਨ ਮਾਨੇ ਹੈ॥

ਆਤਮ = ਮਨ, ਤ੍ਰਿਬਿਧੀ = ਤਿੰਨ ਤਰ੍ਹਾਂ ਕਰਕੇ (ਮਨਸਾ, ਵਾਚਾ, ਕਰਮਨਾ) ਜਤ੍ਰ ਕਤ੍ਰ = ਜਿਧਰ ਕਿਧਰ ਆਸ ਪਾਸ ਭਰਮਨ ਕਰਨ ਸੈ = ਨਾਲੋਂ ਇਕਤ੍ਰ = ਇਕੱਠਾ ਭਏ = ਹੋ ਆਵੇ, ਭਾਵ ਇਕ ਟਿਕਾਣੇ 'ਤੇ ਆ ਜਾਵੇ ਅਰਥਾਤ ਜੋ ਕੁਝ ਮਨ ਵਿਚ ਸੰਕਲਪ ਹੋਵੇ, ਉਹੋ ਰਸਨਾ ਦੁਆਰਾ ਬਾਣੀ ਰੂਪ ਹੋ ਕੇ ਨਿਕਲੇ ਤੇ ਜਿਹੋ

ਜਿਹਾ ਅੰਦਰੋਂ ਬਾਹਰੋਂ ਆਪਣੇ ਆਪ ਨੂੰ ਕਹਿਣਾ ਕਰੇ, ਉਹੋ ਜਿਹਾ ਹੀ ਵਰਤਨ ਵਰਤੇ, ਫੇਰ ਕਿਤੇ ਜਾ ਕੇ ਮਨ ਗੁਰਮਤਿ = ਗੁਰ ਸਿੱਖਿਆ ਦੁਆਰਾ ਸਤਿ = ਸੱਚਾ ਨਾਮ ਜਪਣ ਵਿਚ ਲੱਗਦਾ ਹੈ ਤੇ ਇਉਂ ਮਨ ਨਿਹਚਲ = ਅਡੋਲ ਹੋ ਕੇ ਮਾਨੇ = ਮੰਨਣਾ ਕਰਦਾ ਹੈ, ਭਾਵ ਕਾਬੂ ਆਉਣਾ ਕਰਦਾ ਹੈ।

ਜਗਜੀਵਨ ਜਗ, ਜਗ ਜਗਜੀਵਨ ਮੈ;
ਪੂਰਨ ਬ੍ਰਹਮ ਗਿਆਨ ਧਿਆਨ, ਉਰ ਆਨੇ ਹੈ॥

ਜਗ = ਸੰਸਾਰ ਦੇ ਜੀਵਾਂ ਵਿਚ ਜਗਜੀਵਨ = ਸੰਸਾਰ ਨੂੰ ਜੀਵਨ ਦੇਣ ਵਾਲਾ ਵਾਹਿਗੁਰੂ ਹੈ **ਵਾ:** ਵਾਹਿਗੁਰੂ ਦੀ ਚੇਤਨ ਸੱਤਾ ਹੈ, ਤੇ ਜਗਜੀਵਨ = ਸੰਸਾਰ ਦੇ ਜੀਵਨ ਰੂਪ ਪਰਮੇਸ਼ਰ ਮੈ = ਵਿਚ ਜਗ = ਸੰਸਾਰ ਦੇ ਜੀਵ ਹਨ, ਇਉਂ ਗੁਰਮੁਖ ਜਨ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਦੇ ਗਿਆਨ ਨੂੰ ਆਪਣੇ ਉਰ = ਹਿਰਦੇ ਵਿਚ ਆਨੇ = ਲਿਆਉਣਾ ਕਰਦਾ ਹੈ।

ਸੂਖਮ ਸਥੂਲ ਮੂਲ ਏਕ ਹੀ ਅਨੇਕ ਮੇਕ;
ਗੋਰਸ ਗੋਬੰਸ ਗਤਿ ਪ੍ਰੇਮ ਪਹਿਚਾਨੇ ਹੈ॥

ਗੁਰਮੁਖ ਜਨ ਸਾਰੇ ਸੂਖਮ ਸਥੂਲ ਸਰੀਰਾਂ ਦਾ ਮੂਲ = ਮੁੱਢ ਏਕ = ਇਕ ਪਰਮੇਸ਼ਰ ਨੂੰ ਹੀ ਅਨੇਕ = ਅਨੰਤ ਵਿਚ ਮੇਕ = ਮਿਲਿਆ ਹੋਇਆ ਇਉਂ ਪ੍ਰੇਮ = ਸਨੇਹ ਪੂਰਬਕ ਪਹਿਚਾਨੇ = ਪਛਾਣਨਾ ਕਰਦਾ ਹੈ, ਜਿਸ ਤਰ੍ਹਾਂ ਗੋਬੰਸ = ਗਊ ਜਾਤੀ ਅੰਦਰ ਗੋਰਸ = ਦੁੱਧ ਗਤਿ = ਰਮਿਆ ਹੁੰਦਾ ਹੈ।

ਅਥਵਾ ਸੂਖਮ ਸਥੂਲ ਸਰੀਰਾਂ ਦਾ ਮੁੱਢ ਇਕ ਪਰਮੇਸ਼ਰ ਹੀ ਅਨੰਤ ਜੀਵਾਂ ਵਿਚ ਹੈ। ਐਸਾ ਕੋਈ ਪ੍ਰੇਮ ਨਾਲ ਮਿਲਿਆ ਪਛਾਣਦਾ ਹੈ, ਜਿਸ ਪ੍ਰਕਾਰ ਗੋਬੰਸ = ਸਾਰੀਆਂ ਗਊਆਂ ਦਾ ਗੋਰਸ = ਦੁੱਧ ਇੱਕੋ ਜਿਹਾ ਚਿੱਟਾ ਗਤਿ = ਪ੍ਰਾਪਤ, ਮਿਲਦਾ ਹੈ।

ਕਾਰਨ ਮੈ ਕਾਰਨ ਕਰਨ ਚਿਤ੍ਰ ਮੈ ਚਿਤੇਰੋ;
ਜੰਤ੍ਰ ਧੁਨਿ ਜੰਤ੍ਰੀ ਜਨ ਕੈ ਜਨਕ ਜਾਨੇ ਹੈ॥੨੨੭॥

ਜਿਸ ਤਰ੍ਹਾਂ ਚਿਤ੍ਰ = ਤਸਵੀਰ ਮੈ = ਵਿਚ ਚਿਤੇਰੋ = ਤਸਵੀਰ ਖਿੱਚਣ ਵਾਲੇ ਦੀ ਸੱਤਾ ਭਰਪੂਰ ਹੁੰਦੀ ਹੈ, ਅਤੇ ਜੰਤ੍ਰ = ਵਾਜੇ ਦੀ ਧੁਨਿ = ਧੁਨੀ (ਅਵਾਜ਼) ਵਿਚ ਜੰਤ੍ਰੀ = ਵਾਜਾ ਵਜਾਉਣ ਵਾਲੇ ਦੀ ਸੱਤਾ ਤੇ ਜਨ ਕੈ = ਪੈਦਾ ਕਰਨ ਵਾਲੇ ਪਦਾਰਥ ਭਾਵ ਪੁੱਤਰ ਆਦਿ ਨੂੰ ਜਨਕ = ਰਚਣ ਵਾਲੇ ਪਿਤਾ ਆਦਿ ਕਰਕੇ ਉਨ੍ਹਾਂ ਦਾ ਰੂਪ ਕਰਕੇ ਜਾਨੇ = ਜਾਣੀਦਾ ਹੈ, ਇਸੇ ਤਰ੍ਹਾਂ ਸਮੂਹ ਕਾਰਨ = ਕਾਰਜ ਰੂਪ ਪਰਪੰਚ ਮੈ = ਵਿਚ ਇਸ ਕਾਰਨ ਦਾ ਕਰਨ ਵਾਲਾ (ਕਰਤਾ) ਪਰਮੇਸ਼ਰ ਰਮਿਆ ਹੋਇਆ ਹੈ॥੨੨੭॥

ਨੋਟ : ਅਗਲੇ ਕਬਿੱਤ ਵਿਚ **ਦ੍ਰਿਸ਼ਟਾਂਤ** ਹੈ ਤੇ ਉਸ ਤੋਂ ਅਗਲੇ ਕਬਿੱਤ (੨੨੯) ਵਿਚ **ਦਾ ਦ੍ਰਿਸ਼ਟਾਂਤ** ਹੈ।

ਨਾਇਕ ਹੈ ਏਕੁ ਅਰੁ ਨਾਇਕਾ ਅਸਟ ਤਾ ਕੈ;
ਏਕ ਏਕ ਨਾਇਕਾ ਕੇ ਪਾਂਚ ਪਾਂਚ ਪੂਤ ਹੈ॥

ਏਕ = ਇਕ ਨਾਇਕ = ਮਾਲਕ ਪਤੀ ਹੈ ਅਰੁ = ਅਤੇ ਤਾ ਕੈ = ਉਸ ਦੀਆਂ ਅੱਗੇ ਅਸਟ = ਅੱਠ

ਨਾਇਕਾ = ਸੁਆਮਨੀਆਂ (ਇਸਤਰੀਆਂ) ਹਨ ਅਤੇ ਫੇਰ ਏਕ ਏਕ ਨਾਇਕਾ = ਸੁਆਮਨੀਆਂ (ਇਸਤਰੀਆਂ) ਕੇ = ਦੇ ਅੱਗੇ ਪਾਂਚ ਪਾਂਚ = ਪੰਜ ਪੰਜ ਪੂਤ = ਪੁੱਤਰ ਹੈ = ਹਨ।

ਏਕ ਏਕ ਪੂਤ ਗ੍ਰਿਹ ਚਾਰਿ ਚਾਰਿ ਨਾਤੀ;
ਏਕੈ ਏਕੈ ਨਾਤੀ ਦੋਇ ਪਤਨੀ ਪ੍ਰਸੂਤ ਹੈ॥

ਉਸ ਏਕ ਏਕ = ਇਕ ਇਕ ਪੂਤ = ਪੁੱਤਰ ਦੇ ਗ੍ਰਿਹ = ਘਰ ਅੱਗੇ ਚਾਰ ਚਾਰ ਉਸ ਦੇ ਨਾਤੀ = ਪੋਤਰੇ ਹਨ ਅਤੇ ਅੱਗੇ ਏਕ ਏਕ = ਇਕ ਇਕ ਨਾਤੀ = ਪੋਤਰੇ ਦੇ ਘਰ ਦੋਇ = ਦੋ ਦੋ ਪਤਨੀ = ਘਰਵਾਲੀਆਂ ਪ੍ਰਸੂਤ = ਪ੍ਰਸੂਤਕਾ ਹੈ = ਹਨ **ਵਾ:** ਦੋ ਦੋ ਪਤਨੀ = ਵਹੁਟੀਆਂ ਫੇਰ ਪ੍ਰਸੂਤ = ਸੰਤਾਨ ਪੈਦਾ ਕਰਨ ਵਾਲੀਆਂ ਹੋਈਆਂ ਹਨ।

ਤਾਹੂ ਤੇ ਅਨੇਕ ਪੁਨਿ ਏਕੈ ਏਕੈ ਪਾਂਚ ਪਾਂਚ;
ਤਾ ਤੈ ਚਾਰਿ ਚਾਰਿ ਸੁਤ ਸੰਤਤਿ ਸਭੂਤ ਹੈ॥

ਪੁਨਿ = ਮੁੜ ਤਾਹੂ = ਤਿਨ੍ਹਾਂ ਇਸਤਰੀਆਂ ਤੇ = ਤੋਂ ਅਨੇਕ = ਅਨੰਤ ਹੀ ਪੁੱਤਰ (ਬੱਚੇ) ਪੈਦਾ ਹੋਏ। ਪਹਿਲਾਂ ਤਾਂ ਏਕੈ ਏਕੈ = ਇਕ ਇਕ ਤੋਂ ਹੋਏ ਪਾਂਚ ਪਾਂਚ = ਪੰਜ ਪੰਜ ਅਤੇ ਫੇਰ ਤਾ = ਉਨ੍ਹਾਂ ਪੰਜਾਂ ਪੰਜਾਂ ਤੈ = ਤੋਂ ਚਾਰ ਚਾਰ ਸੁਤ = ਪੁੱਤਰਾਂ ਦੀ ਸੰਤਤਿ = ਸੰਤਾਨ ਸਭੂਤ = ਪੈਦਾ ਹੋਈ ਹੈ।

ਤਾ ਤੇ ਆਠ ਆਠ ਸੁਤਾ, ਸੁਤਾ ਸੁਤਾ ਆਠ ਸੁਤ;
ਐਸੋ ਪਰਵਾਰੁ ਕੈਸੇ ਹੋਇ ਏਕ ਸੂਤ ਹੈ॥੨੨੮॥

ਤਾ = ਉਨ੍ਹਾਂ ਪੁੱਤਰਾਂ ਤੇ = ਤੋਂ ਆਠ ਆਠ = ਅੱਠ ਅੱਠ ਸੁਤਾ = ਧੀਆਂ ਪੈਦਾ ਹੋਈਆਂ ਤੇ ਉਨ੍ਹਾਂ ਸੁਤਾ ਸੁਤਾ = ਧੀਆਂ ਧੀਆਂ ਦੇ ਘਰ ਆਠ = ਅੱਠ ਅੱਠ ਸੁਤ = ਪੁੱਤਰ ਪੈਦਾ ਹੋਏ **ਵਾ:** ਉਨ੍ਹਾਂ ਅੱਠ ਸੁਤਾ = ਧੀਆਂ ਨੇ ਅਠ ਸੁਤ = ਪੁੱਤਰਾਂ ਨੂੰ ਸੁਤਾ = ਸੂਤਜਾ, ਪੈਦਾ ਕੀਤਾ **ਵਾ:** ਉਨ੍ਹਾਂ ਅੱਠ ਧੀਆਂ ਦੀਆਂ ਅੱਠ ਦੋਹਤੀਆਂ ਤੇ ਅੱਠ ਦੋਹਤਰੇ ਹੋਏ, ਸੋ ਜਿਹੜਾ ਐਸੇ = ਅਜਿਹੇ ਵੱਡੇ ਪਰਵਾਰੁ = ਕੁਟੰਬ ਵਾਲਾ ਹੋਵੇ, ਉਹ ਕੈਸੇ = ਕਿਸ ਤਰ੍ਹਾਂ ਇਕ ਸੂਤ ਭਾਵ ਇਕਾਗਰ ਚਿੱਤ ਵਾਲਾ ਹੋਇ = ਹੋ ਸਕਦਾ ਹੈ॥੨੨੮॥

ਏਕ ਮਨੁ ਆਠ ਖੰਡ, ਖੰਡ ਖੰਡ ਪਾਂਚ ਟੂਕ;
ਟੂਕ ਟੂਕ ਚਾਰਿ ਫਾਰਿ, ਫਾਰਿ ਦੋਇ ਫਾਰ ਹੈ॥

ਏਕ = ਇਕ ਮਨੁ = ਮਣ ਦੇ ਪਹਿਲੇ ਹੋਏ ਆਠ = ਅੱਠ ਖੰਡ = ਭਾਗ (ਜਿਸ ਨੂੰ ਨਾਇਕ ਤੇ ਨਾਇਕਾ ਦੇ ਰੂਪ ਵਿਚ ਉਪਰੋਕਤ ਕਬਿੱਤ ਵਿਚ ਵਰਣਨ ਕੀਤਾ ਹੈ) ਭਾਵ ਅੱਠ ਪਸੇਰੀਆਂ ਤੇ ਉਸ ਖੰਡ ਖੰਡ = ਭਾਗ ਭਾਗ ਭਾਵ ਟੁਕੜੇ ਟੁਕੜੇ ਦੇ ਹਰ ਇਕ ਪੰਜ ਸੇਰ ਰੂਪ ਹਿੱਸੇ ਤੇ ਪੰਜ ਪੰਜ ਟੂਕ = ਟੁਕੜੇ (ਜਿਨ੍ਹਾਂ ਨੂੰ ਪੰਜ ਪੰਜ ਪੁੱਤਰ ਦੇ ਨਾਮ ਨਾਲ ਕਥਨ ਕੀਤਾ ਹੈ) ਅਤੇ ਉਹੋ ਹੀ ਟੂਕ ਟੂਕ = ਟੁਕੜੇ ਟੁਕੜੇ (ਵੱਖੋ-ਵੱਖਰੇ) ਫਾਰਿ = ਫਾਰਿਆਂ (ਪਾੜਿਆਂ) ਵਿਚ ਹੋਏ ਫੇਰ ਸਵਾ ਸਵਾ ਸੇਰ ਦੇ ਚਾਰ ਹਿੱਸੇ (ਜਿਨ੍ਹਾਂ ਨੂੰ ਪੋਤੇ ਰੂਪ ਕਥਨ ਕੀਤਾ ਹੈ) ਤੇ ਅੱਗੇ ਉਨ੍ਹਾਂ ਦੇ ਫੇਰ ਦੋਇ = ਦੋ ਦੋ ਫਾਰ = ਫਾਂਕਾ (ਹਿੱਸੇ) ਕੀਤੇ, ਜੋ ਢਾਈ ਢਾਈ ਪਾਈਆ ਦੀਆਂ (ਨਾਤੀ) ਪਤਨੀਆਂ ਦੋ ਦੋ ਆਖੀਆਂ ਗਈਆਂ।

ਤਾਹੂ ਤੇ ਪਈਸੇ, ਅਉ ਪਈਸਾ ਏਕ ਪਾਂਚ ਟਾਂਕ;
ਟਾਂਕ ਟਾਂਕ ਮਾਸੇ ਚਾਰਿ, ਅਨਿਕ ਪ੍ਰਕਾਰ ਹੈ॥

ਤਾਹੂ = ਉਨ੍ਹਾਂ ਢਾਈ ਢਾਈ ਪਾਈਆ ਤੇ = ਤੋਂ ਅੱਗੇ ਫੇਰ ਪਈਸੇ = ਪਾਈਏ ਬਣੇ ਅਉ = ਅਤੇ ਏਕ = ਇਕ ਇਕ ਪਾਈਸਾ = ਪਾਈਆ ਪਾਂਚ = ਪੰਜ ਪੰਜ ਟਾਂਕ = ਟੁਕੜੇ ਦੀ ਸਿਰਸਾਹੀ ਬਣਿਆ। ਇਕ ਇਕ ਸਿਰਸਾਹੀ ਰੂਪ ਟਾਂਕ ਟਾਂਕ = ਟੁਕੜੇ ਟੁਕੜੇ ਨੂੰ ਜਦ ਪਸਾਰਿਆ, ਉਸ ਦੇ ਮਾਸਿਆਂ ਵਿਚ ਤਾਂ ਚਾਰ ਚਾਰ ਮਾਸੇ ਦੇ ਉਹ ਅਨਿਕ = ਬੇਅੰਤ ਪ੍ਰਕਾਰ = ਤਰ੍ਹਾਂ ਦੇ ਟੁਕੜੇ ਬਣ ਗਏ ਹਨ।

ਮਾਸਾ ਏਕ ਆਠ ਰਤੀ, ਰਤੀ ਆਠ ਚਾਵਰ ਕੀ;
ਹਾਟ ਹਾਟ ਕਨੁ ਕਨੁ ਤੋਲ ਤੁਲਾਧਾਰ ਹੈ॥

(ਦੋਵੇ 'ਰਤੀ' ਕੱਸ ਕੇ ਬੋਲੋ)

ਉਹ ਏਕ = ਇਕ ਇਕ ਮਾਸਾ ਫੇਰ ਆਠ = ਅੱਠ ਅੱਠ ਰੱਤੀ ਦਾ ਹੋਇਆ ਤੇ ਰੱਤੀ ਅੱਗੇ ਮੁੜ ਪਸਰੀ ਆਠ = ਅੱਠ ਚਾਵਰ = ਚੌਲਾਂ ਕੀ = ਦੀ ਅਤੇ ਉਹ ਚੌਲ ਅੱਠ ਦਾਣੇ ਖ਼ਸਖ਼ਸ ਦੇ ਹੁੰਦੇ ਹਨ, ਜੋ ਤੁਲਾਧਾਰ = ਬਾਣੀਏ ਦੁਆਰਾ ਹਾਟ ਹਾਟ = ਹੱਟੀ ਹੱਟੀ ਉੱਪਰ ਤੱਕੜੀ ਵਿਚ ਪਾ ਕੇ ਤੋਲ = ਤੋਲਿਆ ਜਾ ਰਿਹਾ ਹੈ ਭਾਵ ਇਸ ਤਰੀਕੇ ਪੋਤਿਆਂ ਦੀਆਂ ਧੀਆਂ ਦੋਹਤੀਆਂ ਤੇ ਉਨ੍ਹਾਂ ਦੀ ਸੰਤਾਨ ਰੂਪ ਪਸਾਰਾ ਵਰਣਨ ਕੀਤਾ ਹੈ।

ਪੁਰ ਪੁਰ ਪੂਰਿ ਰਹੇ ਸਕਲ ਸੰਸਾਰ ਬਿਖੈ;
ਬਸਿ ਆਵੈ ਕੈਸੇ ਜਾ ਕੋ ਏਤੋ ਬਿਸਥਾਰ ਹੈ॥੨੨੯॥

ਸਕਲ = ਸਾਰੇ ਸੰਸਾਰ = ਜਗਤ ਬਿਖੈ = ਵਿਚ ਪੁਰ ਪੁਰ = ਨਗਰ ਨਗਰ ਅੰਦਰ ਇਸੇ ਪਰਪੰਚ ਦਾ ਪਸਾਰਾ ਪੂਰਿ = ਪੂਰਨ, ਪਸਰ ਰਿਹਾ ਹੈ। ਸੋ ਜਾ = ਜਿਸ ਕੋ = ਦਾ ਏਤੋ = ਇਤਨਾ ਬਿਸਥਾਰ = ਪਸਾਰਾ ਹੈ, ਸੋ ਉਹ ਕੈਸੇ = ਕਿਸ ਪ੍ਰਕਾਰ ਬਸਿ = ਅਧੀਨਗੀ ਵਿਚ ਆਵੈ = ਆਉਣਾ ਕਰੇ, ਭਾਵ ਸਾਰੇ ਸੰਸਾਰ ਦੇ ਜੀਵਾਂ ਦੇ ਅੰਦਰ ਮਨ ਹੈ ਜੋ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪ ਬਿਰਤੀਆਂ ਤੇ ਆਸਾ, ਤ੍ਰਿਸ਼ਨਾ, ਹਿੰਸਾ, ਚੋਰੀ ਯਾਰੀ ਆਦਿ ਅਨੰਤ ਰੂਪ ਹੋ ਪਸਰਿਆ ਹੈ। ਇਸ ਲਈ ਇਹ ਕਿਸ ਤਰ੍ਹਾਂ ਵੱਸ ਵਿਚ ਆਵੇ, ਭਾਵ ਨਹੀਂ ਆ ਸਕਦਾ॥੨੨੯॥

ਖਗਪਤਿ ਪ੍ਰਬਲ ਪਰਾਕ੍ਰਮੀ ਪਰਮਹੰਸ;
ਚਾਤੁਰ ਚਤੁਰ ਮੁਖ ਚੰਚਲਾ ਚਪਲ ਹੈ॥

('ਚਪਲ' ਪੋਲਾ ਬੋਲੋ)

ਇਹ ਮਨ ਅਕਾਸ਼ ਵਿਚ ਉੱਡਣ ਵਾਲੇ ਖਗਪਤਿ = ਗਰੁੜ ਨਾਲੋਂ ਵੀ ਪ੍ਰਬਲ (ਪ੍ਰ + ਬਲ) ਪ੍ਰ = ਵਿਸ਼ੇਸ਼ ਕਰਕੇ ਬਲ = ਤਾਕਤ ਵਾਲਾ ਹੈ, ਪਰਮ ਹੰਸ = ਸ੍ਰੇਸ਼ਟ ਹੰਸ ਨਾਲੋਂ ਵੀ ਉਡਾਰੀ ਮਾਰਨ ਵਿਚ ਪਰਾਕ੍ਰਮੀ = ਬਲਵਾਨ ਹੈ, ਭਾਵ ਹੰਸ ਦੀ ਉਡਾਰੀ ਬਹੁਤ ਲੰਬੀ ਹੁੰਦੀ ਹੈ, ਜੋ ਸਾਗਰਾਂ ਨੂੰ ਵੀ ਤਰ ਜਾਂਦੀ ਹੈ ਪਰੰਤੂ ਮਨ ਹੰਸ ਨਾਲੋਂ ਵੀ ਵੱਧ ਕੇ ਹੈ, ਚਾਤੁਰ = ਚਲਾਕ ਚਤੁਰ ਮੁਖ = ਚਾਰ ਮੂੰਹਾਂ ਵਾਲੇ ਬ੍ਰਹਮਾ ਨਾਲੋਂ ਵੀ ਵੱਧ ਹੈ, ਚੰਚਲ ਚਪਲ = ਵਾਕ ਚਾਲ ਭਾਵ ਬਤੰਗੜ ਬਹੁਤਾ ਹੈ **ਵਾ:** ਚਪਲ = ਬਿਜਲੀ ਨਾਲੋਂ ਵੀ ਚੰਚਲ ਹੈ।

ਭੁਜ ਬਲੀ ਅਸਟ-ਭੁਜਾ, ਤਾ ਕੇ ਚਾਲੀਸ ਕਰ;
ਏਕ ਸਉ ਸਾਠ ਪਾਉ, ਚਾਲ ਚਲਾਚਲ ਹੈ॥

ਜਿਸ ਮਨ ਦੀਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਰਜੋ, ਤਮੋ, ਸਤੋ ਗੁਣ ਰੂਪ ਅਸਟ = ਅੱਠ ਭੁਜਾ = ਬਾਹਵਾਂ ਹਨ ਤੇ ਤਾ = ਉਸ ਮਨ ਦੇ ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੇ, ਪੰਜ ਪ੍ਰਾਣ, ਪੰਜ ਕਲੇਸ਼, ਪੰਜ ਪ੍ਰਕਾਰ ਦਾ ਭਰਮ, ਸੱਤ ਪ੍ਰਕਾਰ ਦਾ ਭੈਅ, ਤਿੰਨ ਪ੍ਰਕਾਰ ਦੇ ਸੰਸੇ, ਤਿੰਨ ਦੋਖ (ਮਲ, ਵਿਖੇਪ, ਆਵਰਨ) ਦੋ ਅਗਿਆਨ ਦੀਆਂ ਸ਼ਕਤੀਆਂ (ਅਭਾਨਪਾਦ, ਅਸਤ੍ਵਪਾਦ) ਇਹ ਕੈ = ਦੇ ਚਾਲੀਸ = ਚਾਲੀ ਕਰ = ਹੱਥ ਹਨ, ਜੋ ਏਕ = ਇਕ ਇਹ ਸਾਠ = ਮੂਰਖ ਮਨ ਹੈ, ਇਸ ਦੇ ਸੰਕਲਪਾਂ, ਵਿਕਲਪਾਂ ਰੂਪੀ ਸਉ = ਸੈਂਕੜੇ ਹੀ ਪਾਉ = ਪੈਰ ਹਨ। ਸੋ ਉਹ ਮਨ ਹੈ ਸਭ ਨੂੰ ਆਪਣੀ ਚਲਾਚਲੀ ਚਾਲ ਨਾਲ ਹਰਾ ਸੁੱਟਦਾ ਹੈ ਅਰਥਾਤ ਸਾਰਾ ਕੁਝ ਹੀ ਆਪਣੇ ਫੁਰਨੇ ਅੰਦਰ ਇਹ ਹਰ ਤਰ੍ਹਾਂ ਕਰਕੇ ਗ੍ਰਹਿਣ ਤੇ ਤਿਆਗ ਕਰਨ ਨੂੰ ਸਮਰੱਥ ਹੈ।

ਜਾਗ੍ਰਤ ਸੁਪਨ ਅਹਿਨਿਸਿ ਦਹਦਿਸ ਧਾਵੈ;
ਤ੍ਰਿਭਵਨ ਪ੍ਰਤਿ ਹੋਇ ਆਵੈ ਏਕ ਪਲ ਹੈ॥

ਇਹ ਮਨ ਜਾਗ੍ਰਤ = ਜਾਗਦਿਆਂ ਹੋਇਆਂ ਸੰਕਲਪਾਂ ਰਾਹੀਂ, ਸੁਪਨ ਅਵਸਥਾ ਵਿਚ ਸੁਪਨਿਆਂ ਰਾਹੀਂ ਅਹਿਨਿਸਿ = ਰਾਤ ਦਿਨ ਦਹਦਿਸ = ਦਸੋਂ ਦਿਸ਼ਾਵਾਂ ਵਿਚ ਧਾਵੈ = ਦੌੜਦਾ (ਭਟਕਦਾ) ਰਹਿੰਦਾ ਹੈ, ਏਕ = ਇਕ ਪਲ ਜਿੰਨੇ ਸਮੇਂ ਵਿਚ ਤ੍ਰਿਭਵਨ = ਤਿੰਨੇ ਲੋਕਾਂ ਪ੍ਰਤਿ = ਤਾਈਂ ਹੋਇ = ਹੋ ਕੇ ਮੁੜ ਵਾਪਸ ਉਸੇ ਟਿਕਾਣੇ ਤੇ ਆਵੈ = ਆ ਜਾਂਦਾ ਹੈ।

ਪਿੰਜਰੀ ਮੈ ਅਛਤ ਉਡਤ ਪਹੁੰਚੈ ਨ ਕੋਊ;
ਪੁਰ ਪੁਰ ਪੂਰ ਗਿਰ ਤਰ ਥਲ ਜਲ ਹੈ॥੨੩੦॥

ਇਹ ਗੱਲ ਬੜੀ ਅਸਚਰਜਮਈ ਹੈ ਕਿ ਸਰੀਰ ਰੂਪ ਪਿੰਜਰੀ = ਪਿੰਜਰੇ (ਸ਼ਿਕੰਜੇ) ਮੈ = ਵਿਚ ਅਛਤ = ਹੁੰਦਿਆਂ ਵੀ ਇਤਨਾ ਉਡਤ = ਉੱਡ ਜਾਂਦਾ ਹੈ ਕਿ ਕੋਊ = ਕੋਈ ਇਸ ਦੇ ਕੋਲ ਪਹੁੰਚੈ = ਅੱਪੜ ਨ = ਨਹੀਂ ਸਕਦਾ ਅਤੇ ਫੇਰ ਸੰਕਲਪਾਂ ਵਿਕਲਪਾਂ ਦੁਆਰਾ ਇਤਨਾ ਤੇਜ਼ ਦੌੜਦਾ ਹੈ ਕਿ ਪੁਰ ਪੁਰ = ਨਗਰ ਨਗਰ, ਗਿਰ = ਪਹਾੜਾਂ, ਤਰ = ਬ੍ਰਿਛਾਂ ਤੇ ਥਲ = ਖ਼ੁਸ਼ਕ ਥਾਵਾਂ ਜਲ = ਤਰਲ ਥਾਵਾਂ ਵਿਚ ਪੂਰ = ਪੂਰਾ ਫੈਲ ਜਾਂਦਾ ਹੈ॥੨੩੦॥ ਜੈਸਾ ਕਿ :

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਹੀ ਫਲੁ ਖਾਇ॥ *(ਅੰਗ ੧੩੬੯)*

ਅੱਗੇ ਭਾਈ ਸਾਹਿਬ ਜੀ ਗੁਰ ਸਿੱਖਿਆ ਦੁਆਰਾ ਮਨ ਦੇ ਅਚੱਲ ਹੋਣ ਬਾਬਤ ਵਰਣਨ ਕਰਦੇ ਹਨ।

ਜੈਸੇ ਪੰਛੀ ਉਡਤ ਫਿਰਤ ਹੈ ਅਕਾਸਚਾਰੀ;
ਜਾਰੀ ਡਾਰਿ ਪਿੰਜਰੀ ਮੈ ਰਾਖੀਅਤਿ ਆਨਿ ਕੈ॥

ਜੈਸੇ = ਜਿਸ ਪ੍ਰਕਾਰ ਅਕਾਸਚਾਰੀ = ਅਕਾਸ਼ ਵਿਚ ਵਿਚਰਨ ਵਾਲਾ ਪੰਛੀ ਅਕਾਸ਼ ਵਿਚ

ਉਡਤ = ਉੱਡਦਾ ਫਿਰਤ = ਫਿਰਦਾ ਰਹਿੰਦਾ ਹੈ, ਉਸ ਪੰਛੀ ਨੂੰ ਜਾਗੀ = ਜਾਲੀ ਡਾਰਿ = ਤਾਣ ਕੇ ਫੜ ਆਨਿ = ਲਿਆਈਦਾ ਹੈ ਤੇ ਪਿੰਜਰੀ = ਪਿੰਜਰੇ ਮੈ = ਵਿਚ ਪਾ ਰਾਖੀਅਤਿ = ਰੱਖੀਦਾ ਹੈ।

ਜੈਸੇ ਗਜਰਾਜ ਗਹਿਬਰ ਬਨ ਮੈ ਮਦੌਨ;
ਬਸਿ ਹੁਇ ਮਹਾਵਤ ਕੇ ਅੰਕੁਸਹਿ ਮਾਨਿ ਕੈ॥

ਜੈਸੇ = ਜਿਸ ਪ੍ਰਕਾਰ ਗਹਿਬਰ = ਸੰਘਣੇ ਬਨ = ਜੰਗਲ ਮੈ = ਵਿਚ ਕਾਮ ਦੇ ਅਧੀਨ ਹੋ ਕੇ ਮਦੌਨ = ਮਸਤਿਆ ਹੋਇਆ ਗਜਰਾਜ = ਹਾਥੀ ਮਹਾਵਤ = ਹਾਥੀ ਹੱਕਣ ਵਾਲੇ ਕੇ = ਦੇ ਅੰਕੁਸਹਿ = ਕੁੰਡੇ ਨੂੰ ਆਪਣੇ ਸਿਰ ਉੱਤੇ ਮਾਨਿ = ਮੰਨਣਾ (ਸਹਾਰਨਾ) ਕੈ = ਕਰਦਾ ਹੈ ਤੇ ਉਸ ਦੇ ਬਸਿ = ਅਧੀਨ ਹੁਇ = ਹੋ ਜਾਂਦਾ ਹੈ।

ਜੈਸੇ ਬਿਖਿਆਧਰ ਬਿਖਮ ਬਿਲ ਮੈ ਪਾਤਾਲ;
ਗਹੇ ਸਾਪਹੇਰਾ ਤਾਹਿ ਮੰਤ੍ਰਨ ਕੀ ਕਾਨਿ ਕੈ॥

ਜੈਸੇ = ਜਿਸ ਪ੍ਰਕਾਰ ਬਿਖਿਆਧਰ = ਜ਼ਹਿਰ ਨੂੰ ਧਾਰਨ ਕਰਨ ਵਾਲਾ ਸੱਪ ਬਿਖਮ = ਕਠਿਨ ਭਾਵ ਵਿੰਗ ਤੜਿੰਗੀ ਬਿਲ = ਖੁੱਡ ਮੈ = ਵਿਚ ਵੜ ਕੇ ਪਾਤਾਲ ਅੰਦਰ ਬੈਠਾ ਹੁੰਦਾ ਹੈ, ਤਾਹਿ = ਉਸ ਨੂੰ ਸਾਪਹੇਰਾ = ਸੱਪ ਵੇਖਣ ਵਾਲਾ ਭਾਵ ਸਪੇਰਾ, ਸੱਪ ਫੜਨ ਵਾਲਾ ਬੰਗਾਲੀ ਬੀਨ ਦੁਆਰਾ ਮੰਤ੍ਰਨ = ਮੰਤਰਾਂ ਕੀ = ਦੀ ਕਾਨਿ = ਕਾਣ ਮਨਾ ਕੈ = ਕਰਕੇ ਗਹਿ = ਪਕੜ ਲੈਂਦਾ ਹੈ।

ਤੈਸੇ ਤ੍ਰਿਭਵਨ ਪ੍ਰਤਿ ਭ੍ਰਮਤ ਚੰਚਲ ਚਿਤ;
ਨਿਹਚਲ ਹੋਤ ਮਤਿ ਸਤਿਗੁਰ ਗਿਆਨ ਕੈ॥੨੩੧॥

ਤੈਸੇ = ਉਸੇ ਤਰ੍ਹਾਂ ਤ੍ਰਿਭਵਨ = ਤਿੰਨੇ ਲੋਕਾਂ ਪ੍ਰਤਿ = ਤਾਈਂ ਭ੍ਰਮਤ = ਭਟਕਦਾ ਹੋਇਆ ਚੰਚਲ ਚਿਤ = ਮਨ ਸਤਿਗੁਰ = ਸੱਚੇ ਗੁਰਾਂ ਦੇ ਗਿਆਨਮਈ ਉਪਦੇਸ਼ ਨੂੰ ਸੁਣ ਕੈ = ਕਰਕੇ ਨਿਹਚਲ = ਅਚੱਲ ਹੋਤ = ਹੋ ਜਾਂਦਾ ਹੈ॥੨੩੧॥

ਰਚਨ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰ ਪਨ;
ਏਕ ਮੈ ਅਨੇਕ ਭਾਂਤਿ ਅਨਿਕ ਪ੍ਰਕਾਰ ਹੈ॥

ਇਸ ਸੰਸਾਰ ਦੀ ਰਚਨ = ਬਣਾਵਟ ਦੇ ਚਰਿਤ੍ਰ = ਕੌਤਕ ਦਾ ਚਿਤ੍ਰ = ਨਕਸ਼ਾ ਜੋ ਪ੍ਰਤੱਖ ਦਿਖਾਈ ਦੇ ਰਿਹਾ ਹੈ, ਇਸ ਦਾ ਬਚਿਤ੍ਰਪਨ = ਅਦਭੁਤ ਅਨੋਖਾਪਣ ਬਿਸਮ = ਹੈਰਾਨ ਕਰਨ ਵਾਲਾ ਹੈ, ਕਿਉਂਕਿ ਏਕ = ਇਕ ਦੇ ਮੈ = ਵਿਚ ਅਨਿਕ = ਬੇਅੰਤ ਪ੍ਰਕਾਰ = ਤਰ੍ਹਾਂ ਦੀ ਅਨੇਕ ਭਾਂਤਿ = ਤਰੀਕਿਆਂ ਵਾਲੀ ਸ੍ਰਿਸ਼ਟੀ ਉਸ ਪਰਮੇਸ਼ਰ ਨੇ ਬਣਾਈ ਹੋਈ ਹੈ।

ਲੋਚਨ ਮੈ ਦ੍ਰਿਸਟਿ, ਸ੍ਰਵਨ ਮੈ ਸੁਰਤਿ ਰਾਖੀ;
ਨਾਸਕਾ ਸੁਬਾਸ, ਰਸ ਰਸਨਾ ਉਚਾਰ ਹੈ॥

ਲੋਚਨ = ਨੇਤਰਾਂ ਮੈ = ਵਿਚ ਦ੍ਰਿਸਟਿ = ਦੇਖਣ ਦੀ ਸ਼ਕਤੀ ਪਾਈ ਹੋਈ ਹੈ, ਸ੍ਰਵਨ = ਕੰਨਾਂ ਮੈ = ਵਿਚ

ਸੁਰਤਿ = ਸੁਣਨ ਦੀ ਗਿਆਤ ਪਾ ਰਾਖੀ = ਰੱਖੀ ਹੈ, ਨਾਸਕਾ = ਨੱਕ ਵਿਚ ਸੁਬਾਸ = ਸੁਗੰਧੀ ਲੈਣ ਦੀ ਸ਼ਕਤੀ ਪਾਈ ਹੋਈ ਹੈ, ਰਸਨਾ = ਜਿਹਬਾ ਵਿਚ ਰਸ = ਸੁਆਦ ਗ੍ਰਹਿਣ ਕਰਨ ਅਤੇ ਬਚਨ ਉਚਾਰਨ ਕਰਨ ਦੀ ਸ਼ਕਤੀ ਪਾਈ ਹੋਈ ਹੈ।

ਅੰਤਰ ਹੀ ਅੰਤਰ ਨਿਰੰਤਰੀਨ ਸ੍ਰੋਤਨ ਮੈ;
ਕਾਹੂ ਕੀ ਨ ਕੋਊ ਜਾਨੈ, ਬਿਖਮ ਬੀਚਾਰ ਹੈ॥

ਇਨ੍ਹਾਂ ਸ੍ਰੋਤਨ = ਇੰਦਰੀਆਂ ਦੇ ਮੈ = ਵਿਚ ਅੰਤਰ = ਅੰਦਰ ਹੀ ਅੰਤਰ = ਅੰਦਰ ਨਿਰੰਤਰੀਨ = ਲਗਾਤਾਰ ਅੰਤਰਾ ਪਾ ਰੱਖਿਆ ਹੈ **ਵਾ:** (ਨਿਰ + ਅੰਤਰੀਨ) ਅੰਤਰੀਨ = ਅੰਤਰੇ, ਪੜਦੇ ਤੋਂ ਨਿਰ = ਰਹਿਤ ਕੋਈ ਇੱਕੋ ਹੀ ਇਕ-ਰਸ ਸਮਾਨ ਸੱਤਾ ਰਮੀ ਹੋਈ ਸ਼ਕਤੀ, ਨਿਰੰਤਰ ਕੰਮ ਕਰ ਰਹੀ ਹੈ, ਪਰ ਬੀਚਾਰ = ਨਿਰਨਾ ਉਸ ਦਾ ਬਿਖਮ = ਕਠਿਨ ਹੈ, ਉਹ ਇਕ ਹੁੰਦੀ ਵੀ ਅਨੇਕਾਂ ਹੋ ਰਹੀ ਹੈ, ਕਿਉਂਕਿ ਕੋਊ = ਕੋਈ ਇਕ ਇੰਦਰੀ ਕਾਹੂ = ਕਿਸੇ ਦੂਸਰੀ ਇੰਦਰੀ ਕੀ = ਦੀ ਪੀੜਾ **ਵਾ:** ਇਕ ਦੂਜੇ ਦੇ ਰਸ ਨੂੰ ਨ = ਨਹੀਂ ਜਾਨੈ = ਜਾਣ ਸਕਦੀ। ਜੈਸਾ ਕਿ :

ਕਾਨ ਕੋ ਕਾਮ ਨ ਨਾਕ ਕਰੈ, ਅਰੁ ਨਾਕ ਕੋ ਕਾਮ ਨ ਕਾਨ ਤੇ ਹੋਈ॥
ਆਂਖ ਕੋ ਕਾਮ ਨ ਜੀਭ ਕਰੈ, ਜੀਭ ਕੋ ਕਾਮ ਨਾ ਆਂਖਨ ਸੋਈ॥
ਹਾਥ ਕੋ ਕਾਮ ਨ ਪਾਵ ਕਰੈ, ਅਰੁ ਪਾਂਵ ਕੋ ਕਾਮ ਨ ਹਾਥਨ ਜੋਈ। ।
ਜਾਨਤ ਆਪਨੇ ਸ੍ਵਾਦਨ ਕੋ, ਦਸ ਇੰਦ੍ਰਨ ਮਹੁ ਨਹਿ ਚੈਤਨ ਕੋਈ॥੧੦੩॥ *(ਅਧਯਾਤਮ ਪ੍ਰਕਾਸ਼)*

ਅਗਮ ਚਰਿਤ੍ਰ ਚਿਤ੍ਰ ਜਾਨੀਐ ਚਿਤੇਰੋ ਕੈਸੋ;
ਨੇਤ ਨੇਤ ਨੇਤ ਨਮੋ ਨਮੋ ਨਮਸਕਾਰਿ ਹੈ॥੨੩੨॥

ਭਾਈ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਚਿਤ੍ਰ ਮਈ ਸੰਸਾਰ ਦੇ ਚਰਿਤ੍ਰ = ਕੌਤਕਾਂ ਦਾ ਜਾਨੀਐ = ਜਾਣਨਾ ਹੀ ਜਦੋਂ ਅਗਮ = ਗੰਮਤਾ ਤੋਂ ਰਹਿਤ, ਪਹੁੰਚ ਤੋਂ ਰਹਿਤ ਹੈ ਤਾਂ ਇਸ ਦੇ ਚਿਤੇਰੋ = ਚਿਤਰਨ ਵਾਲੇ (ਪ੍ਰਭੂ) ਨੂੰ ਕੋਈ ਕੈਸੋ = ਕਿਸ ਪ੍ਰਕਾਰ ਜਾਣ ਸਕਦਾ ਹੈ ਭਾਵ ਕੋਈ ਨਹੀਂ ਜਾਣ ਸਕਦਾ, ਇਸ ਲਈ ਉਸ ਨੂੰ ਮਨ, ਬਾਣੀ, ਸਰੀਰ ਕਰ ਕੇ ਨੇਤ ਨੇਤ ਨੇਤ = ਬੇਅੰਤ, ਬੇਅੰਤ, ਬੇਅੰਤ ਕਥਨ ਕਰਦਾ ਹੋਇਆ ਮਨ, ਬਾਣੀ, ਸਰੀਰ ਕਰਕੇ ਨਮੋ ਨਮੋ ਨਮਸਕਾਰਿ = ਨਮਸਕਾਰ ਕਰਦਾ ਹਾਂ, ਨਮਸਕਾਰ ਕਰਦਾ ਹਾਂ, ਨਮਸਕਾਰ ਕਰਦਾ ਹਾਂ॥੨੩੨॥

ਮਾਇਆ ਛਾਇਆ ਪੰਚ ਦੂਤ ਭੂਤ ਉਦਮਾਦ ਠਟ;
ਘਟ ਘਟ ਘਟਿਕਾ ਮੈ ਸਾਗਰ ਅਨੇਕ ਹੈ॥

ਮਾਇਆ ਦੇ ਅਵਿੱਦਿਆ ਰੂਪ ਛਾਇਆ = ਪਰਛਾਵੇਂ ਦੀ ਪਰਤ ਅੰਦਰ ਪੰਚ = ਪੰਜ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪ ਦੂਤ ਇਹ ਭੂਤ = ਭੂਤਨਿਆਂ ਦੀ ਨਿਆਈਂ ਉਦਮਾਦ = ਮਸਤੀ ਦੇ ਸਹਿਤ ਠਟ = ਬਣੇ ਹੋਏ ਹਨ ਭਾਵ ਪੰਜੇ ਵਿਕਾਰਾਂ ਨੇ ਜੀਵਾਂ ਨੂੰ ਭੂਤਨਿਆਂ ਦੀ ਨਿਆਈਂ ਝੱਲੇ ਬਣਾ ਰੱਖਿਆ ਹੈ। ਜਿਵੇਂ ਘਟ ਘਟ = ਘੜਿਆਂ ਘੜਿਆਂ ਤੇ ਘਟਿਕਾ = ਘੜੀਆਂ (ਮਟਕੀਆਂ) ਦੇ ਮੈ = ਵਿਚ ਸਾਗਰ = ਸਮੁੰਦਰ ਦਾ ਪਾਣੀ ਅਨੇਕ ਰੂਪ ਹੋ ਕੇ ਦਿਸ ਰਿਹਾ ਹੈ, ਇਸੇ ਤਰ੍ਹਾਂ ਘਟ ਘਟ = ਹਿਰਦਿਆਂ ਹਿਰਦਿਆਂ ਵਿਚ ਤੇ ਘਟਿਕਾ ਰੂਪੀ

ਸਰੀਰਾਂ ਦੇ ਮੈ = ਵਿਚ ਚੇਤਨ ਬ੍ਰਹਮ ਰੂਪ ਸਾਗਰ = ਸਮੁੰਦਰ ਦੀ ਇੱਕੋ ਪਰਤਕ ਜੋਤ ਅਨੇਕਾਂ ਸਰੀਰਾਂ ਵਿਚ ਵਿਆਪਕ ਹੋ ਰਹੀ ਹੈ।

ਅਉਧ ਪਲ ਘਟਿਕਾ ਜੁਗਾਦਿ ਪਰਜੰਤ ਆਸਾ;
ਲਹਿਰ ਤਰੰਗ ਮੈ ਨ ਤ੍ਰਿਸਨਾ ਕੀ ਟੇਕ ਹੈ॥

ਇਹ ਅਉਧ = ਉਮਰ ਤਾਂ ਪਲ = ਛਿਨ ਭਰ ਜਾਂ ਘਟਿਕਾ = ਘੜੀ, ਅੱਧੀ ਘੜੀ ਦੀ ਹੈ ਅਤੇ ਜੀਵ ਦੀ ਆਸਾ = ਉਮੀਦ ਜੁਗਾਦਿ = ਜੁਗਾਂ ਜੁਗੰਤਰਾਂ ਪਰਜੰਤ = ਤਕ ਲੱਗੀ ਹੋਈ ਹੈ, ਸੰਕਲਪਾਂ ਰੂਪੀ ਲਹਿਰਾਂ ਤੇ ਵਿਕਲਪਾਂ ਰੂਪੀ ਤਰੰਗਾਂ ਮੈ = ਵਿਚ ਤ੍ਰਿਸਨਾ ਕੀ = ਦੀ ਟੇਕ = ਓਟ ਨ = ਨਹੀਂ ਹੈ ਭਾਵ ਤ੍ਰਿਸ਼ਨਾ ਕਾਬੂ ਹੋਣ ਵਿਚ ਨਹੀਂ ਆਉਂਦੀ।

ਮਨ ਮਨਸਾ ਪ੍ਰਸੰਗ ਧਾਵਤ ਚਤੁਰ ਕੁੰਟ;
ਛਿਨਕ ਮੈ ਖੰਡ ਬ੍ਰਹਮੰਡ ਜਾਵਦੇਕ ਹੈ॥

ਜਾਵਦੇਕ = ਜਿਸ ਕਦਰ ਤਕ ਇਹ ਇਕ ਤ੍ਰਿਸ਼ਨਾ ਮਾਇਆ ਹੈ, ਜਦੋਂ ਤਕ ਇਹ ਮਨ ਮਨਸਾ = ਇੱਛਾਵਾਂ ਦੇ ਪ੍ਰਸੰਗ = ਸੰਬੰਧ, ਸਾਥ ਵਿਚ ਚਤੁਰ = ਚਾਰੇ ਕੁੰਟ = ਦਿਸ਼ਾਵਾਂ ਅੰਦਰ ਇਕ ਛਿਨਕ = ਖਿਨ ਮਾਤਰ ਮੈ = ਵਿਚ ਖੰਡਾਂ ਬ੍ਰਹਿਮੰਡਾਂ ਵਿਚ ਧਾਵਤ = ਦੌੜਦਾ, ਭਟਕਦਾ ਰਹਿੰਦਾ ਹੈ।

ਆਧਿ ਕੈ ਬਿਆਧਿ ਕੈ ਉਪਾਧਿ ਕੈ ਅਸਾਧ ਮਨ;
ਸਾਧਬੇ ਕਉ ਚਰਨ ਸਰਨਿ ਗੁਰ ਏਕ ਹੈ॥੨੩੩॥

ਇਸ ਕਰਕੇ ਮਨ ਆਧਿ = ਮਾਨਸੀ ਦੁੱਖਾਂ ਕੈ = ਕਰਕੇ, ਬਿਆਧਿ = ਸਰੀਰਕ ਰੋਗਾਂ ਕੈ = ਕਰਕੇ ਤੇ ਉਪਾਧਿ = ਲੌਕਿਕ ਬਖੇੜਿਆਂ ਕੈ = ਕਰਕੇ ਅਸਾਧ ਹੈ **ਵਾ:** ਅਸਾਧ = ਸਾਧਣ ਤੋਂ ਰਹਿਤ ਹੋ ਰਿਹਾ ਹੈ। ਇਸ ਦੇ ਸਾਧਬੇ = ਸਾਧਣ, ਵੱਸ ਕਰਨ ਕਉ = ਨੂੰ ਭਾਵ ਭਰਮਣ ਤੋਂ ਬਚਾਉਣ ਵਾਸਤੇ ਜੇ ਕੋਈ ਉਪਾਵ ਹੈ ਤਾਂ ਉਹ ਕੇਵਲ ਏਕ = ਇਕ ਗੁਰੂ ਸਾਹਿਬ ਜੀ ਦੇ ਚਰਨਾਂ ਦੀ ਸਰਨਿ = ਓਟ ਹੀ ਹੈ॥੨੩੩॥

ਜੈਸੇ ਮਨੁ ਲਾਗਤ ਹੈ ਲੇਖਕ ਕੋ ਲੇਖੈ ਬਿਖੈ;
ਹਰਿ ਜਸੁ ਲਿਖਤ ਨ ਤੈਸੋ ਠਹਿਰਾਵਈ॥

ਜੈਸੇ = ਜਿਸ ਪ੍ਰਕਾਰ ਲੇਖਕ = ਲਿਖਣ ਵਾਲੇ (ਲਿਖਾਰੀ) ਦਾ ਮਨ ਸੰਸਾਰਕ ਗੱਲਾਂ ਲੇਖੈ = ਲਿਖਣ ਬਿਖੈ = ਵਿਚ ਲਾਗਤ = ਲੱਗਿਆ ਰਹਿੰਦਾ ਹੈ, ਤੈਸੋ = ਉਹੋ ਜਿਹਾ ਮਨ ਹਰਿ = ਪਰਮੇਸ਼ਰ ਦੀ ਜਸੁ = ਕੀਰਤੀ ਵਾਲੀ ਲਿਖਤ = ਲੇਖਣੀ ਲਿਖਣ ਵਿਚ ਠਹਿਰਾਵਈ = ਠਹਿਰਦਾ, ਲੱਗਦਾ ਨ = ਨਹੀਂ ਹੈ।

ਜੈਸੋ ਮਨੁ ਬਨਜ ਬਿਉਹਾਰ ਕੇ ਬਿਥਾਰ ਬਿਖੈ;
ਸਬਦ ਸੁਰਤਿ ਅਵਗਾਹਨ ਨ ਭਾਵਈ॥

ਜੈਸੋ = ਜਿਸ ਪ੍ਰਕਾਰ ਫੇਰ ਮਨ ਬਨਜ = ਵਣਜ ਬਿਉਹਾਰ = ਵਪਾਰ ਕੇ = ਦੇ ਬਿਥਾਰ = ਪਸਾਰੇ

ਬਿਖੈ = ਵਿਚ ਲੱਗਦਾ ਹੈ, ਪਰ ਉਹੋ ਜਿਹਾ ਇਸ ਮਨ ਨੂੰ ਗੁਰ ਸਬਦ = ਉਪਦੇਸ਼ ਦੀ ਸੁਰਤਿ = ਗਿਆਤ ਨੂੰ ਅਵਗਾਹਨ = ਮੰਥਨ, ਵਿਚਾਰਨਾ ਨ = ਨਹੀਂ ਭਾਵਈ = ਭਾਉਂਦਾ।

ਜੈਸੋ ਮਨੁ ਕਨਿਕ ਅਉ ਕਾਮਨੀ ਸਨੇਹ ਬਿਖੈ;
ਸਾਧ ਸੰਗਿ ਤੈਸੋ ਨੇਹੁ ਪਲ ਨ ਲਗਾਵਈ ॥

ਜੈਸੋ = ਜਿਸ ਤਰ੍ਹਾਂ ਮਨ ਕਨਿਕ = ਸੋਨੇ ਅਉ = ਅਤੇ ਕਾਮਨੀ = ਇਸਤਰੀ ਦੇ ਸਨੇਹ = ਪਿਆਰ ਬਿਖੈ = ਵਿਚ ਮਸਤ ਹੁੰਦਾ ਹੈ, ਤੈਸੋ = ਉਹੋ ਜਿਹਾ ਸਾਧਸੰਗਿ = ਸਤਿਸੰਗਤ ਵਿਚ ਪਲ ਭਰ ਵੀ ਨੇਹੁ = ਸਨੇਹ ਨ = ਨਹੀਂ ਲਗਾਵਈ = ਲਗਾਉਂਦਾ।

ਮਾਇਆ ਬੰਧ ਧੰਧ ਬਿਖੈ ਆਵਧ ਬਿਹਾਇ ਜਾਇ;
ਗੁਰ-ਉਪਦੇਸ ਹੀਨ ਪਾਛੇ ਪਛੁਤਾਵਈ ॥੨੩੪॥

ਇਉਂ ਇਸ ਮਨ ਦੀ ਮਾਇਆ ਦੇ ਧੰਧ = ਧੰਧਿਆਂ **ਵਾ:** ਕਾਰੋ-ਵਿਹਾਰਾਂ ਦੇ ਬੰਧ = ਬੰਧਨਾਂ ਬਿਖੈ = ਵਿਚ ਫਸੇ ਦੀ ਆਵਧ = ਉਮਰ ਬਿਹਾਇ = ਬਤੀਤ ਹੁੰਦੀ ਜਾਇ = ਜਾਂਦੀ ਹੈ, ਪਰ ਇਹ ਮਨ (ਜੀਵ) ਗੁਰ-ਉਪਦੇਸ਼ ਧਾਰਨ ਕਰੇ ਤੋਂ ਹੀਨ = ਬਗ਼ੈਰ ਫੇਰ ਪਾਛੇ = ਪਿੱਛੋਂ ਪਛੁਤਾਵਈ = ਪਛਤਾਏਗਾ ॥੨੩੪॥

ਜੈਸੋ ਮਨੁ ਧਾਵੈ ਪਰ-ਤਨ ਧਨ ਦੂਖਨ ਲਉ;
ਸ੍ਰੀ ਗੁਰ ਸਰਨਿ ਸਾਧਸੰਗਿ ਲਉ ਨ ਆਵਈ ॥

ਜੈਸੋ = ਜਿਸ ਪ੍ਰਕਾਰ ਮਨ ਪਰ = ਪਰਾਏ ਤਨ = ਸਰੀਰ (ਇਸਤਰੀ) ਪਰ = ਪਰਾਏ ਧਨ ਤੇ ਪਰਾਏ ਉਪਰ ਦੂਖਨ = ਦੂਸ਼ਣ ਲਾਉਣ ਲਉ = ਤਕ ਹਰ ਵਕਤ ਧਾਵੈ = ਦੌੜਦਾ ਰਹਿੰਦਾ ਹੈ, ਉਸ ਤਰ੍ਹਾਂ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੀ ਸਰਨਿ = ਓਟ ਤੇ ਸਾਧਸੰਗਿ = ਸਤਿਸੰਗਤ ਵੱਲ ਜਾਣ ਲਉ = ਤਕ ਨ = ਨਹੀਂ ਆਵਈ = ਆਉਂਦਾ।

ਜੈਸੋ ਮਨੁ ਲਾਗੈ ਪਰਾਧੀਨ ਹੀਨ ਦੀਨਤਾ ਮੈ;
ਸਾਧ ਸੰਗਿ ਸਤਿਗੁਰ ਸੇਵਾ ਨ ਲਗਾਵਈ ॥

ਜੈਸੋ = ਜਿਸ ਪ੍ਰਕਾਰ ਮਨ ਪਰਾਧੀਨ = ਪਰਾਈ ਅਧੀਨਗੀ ਭਾਵ ਦੂਸਰਿਆਂ ਦੀ ਤਾਬਿਆਦਾਰੀ ਵਿਚ ਤੇ ਹੀਨ = ਹੀਣਤਾ ਵਾਲੀ ਦਸ਼ਾ ਤੇ ਦੀਨਤਾ = ਗ਼ਰੀਬਤਾਈ ਮੈ = ਵਿਚ ਲਾਗੈ = ਲੱਗਦਾ ਹੈ, ਉਹੋ ਜਿਹਾ ਸਾਧਸੰਗਿ = ਸਤਿਸੰਗਤ ਤੇ ਸਤਿਗੁਰ = ਸੱਚੇ ਗੁਰੂ ਦੀ ਸੇਵਾ = ਟਹਿਲ ਵਿਚ ਨ = ਨਹੀਂ ਲਗਾਵਈ = ਲੱਗਦਾ।

ਜੈਸੋ ਮਨੁ ਕਿਰਤਿ ਬਿਰਤਿ ਮੈ ਮਗਨ ਹੋਇ;
ਸਾਧ ਸੰਗਿ ਕੀਰਤਨ ਮੈ ਨ ਠਹਿਰਾਵਈ ॥

ਜੈਸੋ = ਜਿਸ ਪ੍ਰਕਾਰ ਮਨ ਕਿਰਤਿ = ਕੰਮ-ਕਾਰ ਤੇ ਬਿਰਤਿ = ਉਪਜੀਵਕਾ **ਵਾ:** ਰੋਜ਼ੀ ਕਮਾਉਣ

ਮੈ = ਵਿਚ ਮਗਨ = ਮਸਤ ਹੋਇ = ਹੁੰਦਾ ਹੈ, ਉਹੋ ਜਿਹਾ ਸਾਧਸੰਗਿ = ਸਤਿਸੰਗਤ ਅੰਦਰ ਵਾਹਿਗੁਰੂ ਦੇ ਕੀਰਤਨ = ਜਸ ਗਾਉਣ **ਵਾ:** ਕੀਰਤਨ ਭਜਨ ਸੁਣਨ ਮੈ = ਵਿਚ ਨ = ਨਹੀਂ ਠਹਿਰਾਵਈ = ਠਹਿਰਦਾ, ਟਿਕਦਾ।

ਕੂਕਰ ਜਿਉ ਚਉਚ ਕਾਢਿ, ਚਾਕੀ ਚਾਟਿਬੇ ਕਉ ਜਾਇ;
ਜਾ ਕੇ ਮੀਠੀ ਲਾਗੀ ਦੇਖੈ, ਤਾਹੀ ਪਾਛੇ ਧਾਵਈ ॥੨੩੫॥

ਜਿਉ = ਜਿਵੇਂ ਕੂਕਰ = ਕੁੱਤਾ ਲਾਲਚ ਵੱਸ ਹੋਇਆ ਚਉਚ = ਜੀਭ ਕਾਢਿ = ਕੱਢ ਕੇ ਚਾਕੀ = ਚੱਕੀ ਚਾਟਿਬੇ = ਚੱਟਣ ਕਉ = ਵਾਸਤੇ ਦੌੜਿਆ ਜਾਇ = ਜਾਂਦਾ ਹੈ ਤੇ ਜਾ = ਜਿਸ ਕੈ = ਦੇ ਘਰ ਮੀਠੀ = ਮਿੱਠੀ ਚੱਕੀ ਲਾਗੀ = ਲੱਗੀ ਦੇਖੈ = ਦੇਖਦਾ ਹੈ, ਭਾਵ ਜਿਸ ਦੇ ਘਰ ਪੀਸਿਆ ਹੋਇਆ ਆਟਾ, ਮਿੱਠਾ ਸੁਆਦ ਲੱਗਦਾ ਹੈ, ਤਾਹੀ = ਉਸ ਬੰਦੇ ਦੇ ਪਾਛੇ = ਪਿੱਛੇ ਪਿੱਛੇ ਧਾਵਈ = ਦੌੜਦਾ ਹੈ, ਉਸੇ ਤਰ੍ਹਾਂ ਲਾਲਚੀ ਮਨ ਦੀ ਦਸ਼ਾ ਹੈ। ਜੈਸਾ ਕਿ :

ਕੁਤਾ ਰਾਜ ਬਹਾਲੀਐ ਫਿਰ ਚਕੀ ਚਟੈ...। *(ਵਾਰ ੩, ਪਉੜੀ ੧)*

ਸਰਵਰ ਮੈ ਨ ਜਾਨੀ ਦਾਦਰ ਕਮਲ ਗਤਿ;
ਮ੍ਰਿਗ ਮ੍ਰਿਗ-ਮਦ ਗਤਿ ਅੰਤਰਿ ਨ ਜਾਨੀ ਹੈ ॥

ਜਿਸ ਪ੍ਰਕਾਰ ਦਾਦਰ = ਡੱਡੂ ਨੇ ਸਰਵਰ = ਤਲਾਅ ਮੈ = ਵਿਚ ਹੁੰਦਿਆਂ ਵੀ ਕਮਲ ਫੁੱਲ ਦੀ ਗਤਿ = ਗਤੀ, ਦਸ਼ਾ ਭਾਵ ਕਮਲ ਫੁੱਲ ਦੀ ਮਹਿਮਾ ਨ = ਨਹੀਂ ਜਾਨੀ = ਜਾਨਣਾ ਕੀਤੀ ਤੇ ਮ੍ਰਿਗ = ਹਿਰਨ ਨੇ ਆਪਣੇ ਅੰਦਰ ਨਾਭੀ ਵਿਚ ਮ੍ਰਿਗ-ਮਦ = ਕਸਤੂਰੀ ਦੀ ਗਤਿ = ਗਤੀ (ਪ੍ਰਾਪਤੀ) ਨ = ਨਹੀਂ ਜਾਨੀ = ਜਾਨਣਾ ਕੀਤੀ।

ਮਣਿ ਮਹਿਮਾ ਨ ਜਾਨੀ ਅਹਿ ਬਿਖੁ ਬਿਖਮ ਕੈ;
ਸਾਗਰ ਮੈ ਸੰਖ ਨਿਧਿ ਹੀਨ ਬਕ ਬਾਨੀ ਹੈ ॥

ਜਿਸ ਪ੍ਰਕਾਰ ਮਣਿ = ਮਣੀ ਦੀ ਮਹਿਮਾ = ਉਪਮਾ ਅਹਿ = ਸੱਪ ਬਿਖਮ = ਭਿਆਨਕ ਬਿਖੁ= ਜ਼ਹਿਰ ਕੈ = ਦੇ ਵੇਗ ਕਾਰਨ ਨ = ਨਹੀਂ ਜਾਨੀ = ਜਾਨਣ ਕਰਦਾ ਅਤੇ ਸੰਖ = ਸਮੁੰਦਰ ਵਿੱਚੋਂ ਇਕ ਸਿੱਪ ਜਾਤੀ ਦਾ ਵੱਡਾ ਗੋਲ ਮੋਲ ਘੋਗਾ, ਜੋ ਸਾਗਰ = ਸਮੁੰਦਰ ਮੈ = ਵਿਚ ਹੁੰਦਿਆਂ ਵੀ ਸਮੁੰਦਰ ਵਿਚ ਪਏ ਰਤਨ ਆਦਿ ਨਿਧਿ = ਖ਼ਜ਼ਾਨਿਆਂ ਤੋਂ ਹੀਨ = ਖ਼ਾਲੀ ਰਹਿੰਦਾ ਹੈ ਤੇ ਬਾਨੀ = ਬਚਨ ਬਚ = ਬੋਲਦਾ ਹੈ ਅਰਥਾਤ ਬਕਬਾਨੀ = ਬਕਵਾਸ ਭਾਵ ਧਾਹਾਂ ਮਾਰਦਾ ਰਹਿੰਦਾ ਹੈ।

ਚੰਦਨ ਸਮੀਪ ਜੈਸੇ ਬਾਂਸ ਨਿਰਗੰਧ ਕੰਧ;
ਉਲੂਐ ਅਲਖ ਦਿਨ ਦਿਨਕਰ ਧਿਆਨੀ ਹੈ ॥

ਜੈਸੇ = ਜਿਸ ਪ੍ਰਕਾਰ ਚੰਦਨ ਦੇ ਸਮੀਪ = ਨੇੜੇ ਹੁੰਦਿਆਂ ਵੀ ਬਾਂਸ ਦਾ ਕੰਧ = ਸਰੀਰ ਭਾਵ ਬੂਟਾ ਨਿਰਗੰਧ = ਸੁਗੰਧ ਤੋਂ ਰਹਿਤ ਰਹਿੰਦਾ ਹੈ, ਉਲੂਐ = ਉੱਲੂ ਲਈ ਦਿਨ ਵੇਲੇ ਵੀ ਦਿਨਕਰ = ਸੂਰਜ

ਅਲਖ = ਲੱਖਣ ਤੋਂ ਰਹਿਤ ਬਣਿਆ ਰਹਿੰਦਾ ਹੈ, ਜਿਸ ਕਰਕੇ ਉਹ ਧਿਆਨੀ ਹੋਇਆ ਰਹਿੰਦਾ ਹੈ ਭਾਵ ਦਿਨ ਵੇਲੇ ਅੱਖਾਂ ਬੰਦ ਰੱਖਦਾ ਹੈ।

ਤੈਸੇ ਬਾਂਝ ਬਧੂ ਮਮ, ਸ੍ਰੀ ਗੁਰ ਪੁਰਖ ਭੇਟਿ;
ਨਿਹਫਲ ਸੇਂਬਲ ਜਿਉ ਹਉਮੈ ਅਭਿਮਾਨੀ ਹੈ ॥੨੩੬॥

ਤੈਸੇ = ਉਸੇ ਤਰ੍ਹਾਂ ਮਮ = ਮੈਂ ਸ੍ਰੀ = ਸੁਭਾਇਮਾਨ ਪੁਰਖ = ਪੂਰਨ ਗੁਰ = ਸਤਿਗੁਰੂ ਸਾਹਿਬ ਜੀ ਨੂੰ ਭੇਟਿ = ਮਿਲ ਕੇ ਵੀ ਬਾਂਝ = ਔਲਾਦ ਤੋਂ ਹੀਣੀ ਬਧੂ = ਇਸਤਰੀ ਵਾਂਗ ਗਿਆਨ ਰੂਪੀ ਫਲ ਤੋਂ ਅਫਲ ਰਿਹਾ। ਇਸੇ ਪ੍ਰਕਾਰ ਜਿਉ = ਜਿਵੇਂ ਸੇਂਬਲ = ਸਿੰਮਲ ਬ੍ਰਿਛ ਉਚਾਈ ਦੇ ਹਉਮੈ = ਹੰਕਾਰ ਕਰਕੇ ਨਿਹਫਲ = ਫਲ ਤੋਂ ਖ਼ਾਲੀ ਰਹਿੰਦਾ ਹੈ, ਇਸੇ ਤਰ੍ਹਾਂ ਮੈਂ ਦੇਹ, ਗੁਣਾਂ ਦੀ ਹਉਮੈ = ਹੰਗਤਾ ਕਾਰਨ ਗੁਰੂ ਸਾਹਿਬ ਜੀ ਦੀ ਸੰਗਤ ਕਰਨ ਵੱਲੋਂ ਖ਼ਾਲੀ ਰਿਹਾ **ਵਾ:** ਗੁਰ-ਉਪਦੇਸ਼ ਨੂੰ ਰਿਦੇ ਅੰਦਰ ਧਾਰਨ ਕਰਨ ਤੋਂ ਖ਼ਾਲੀ, ਅਫਲ ਰਿਹਾ ॥੨੩੬॥

ਬਰਖਾ ਚਤੁਰ-ਮਾਸ ਭਿਦੈ ਨ ਪਖਾਨ ਸਿਲਾ;
ਨਿਪਜੈ ਨ ਧਾਨ ਪਾਨ ਅਨਿਕ ਉਪਾਵ ਕੈ ॥

ਜਿਸ ਪ੍ਰਕਾਰ ਚਤੁਰ ਮਾਸ = ਚਾਰ ਮਹੀਨੇ ਦੀ ਮੋਹਲੇਧਾਰ ਬਰਖਾ = ਬਰਸਾਤ ਹੋਣ ਨਾਲ ਵੀ ਪਖਾਨ = ਪੱਥਰ ਦੀ ਸਿਲਾ ਭਿਦੈ = ਭਿੱਜਦੀ ਨ = ਨਹੀਂ ਹੈ ਤੇ ਨ = ਨਾ ਹੀ ਉਸ ਉਪਰ ਅਨਿਕ = ਬੇਅੰਤ ਉਪਾਵ = ਯਤਨ ਕੈ = ਕਰਕੇ ਧਾਨ = ਅੰਨ ਆਦਿ ਦਾ ਖੇਤ ਨਿਪਜੈ = ਉੱਗਦਾ ਹੈ ਨਾ ਹੀ ਪਾਨ = ਤੰਬੋਲ ਆਦਿ ਜੰਮਦਾ ਹੈ।

ਉਦਿਤ ਬਸੰਤ ਪਰਫੁਲਿਤ ਬਨਾਸਪਤੀ;
ਮਉਲੈ ਨ ਕਰੀਰੁ ਆਦਿ ਬੰਸ ਕੇ ਸੁਭਾਵ ਕੈ ॥

ਬਸੰਤ ਰੁੱਤ ਦੇ ਉਦਿਤ = ਪ੍ਰਗਟ ਹੋਣ ਨਾਲ ਸਾਰੀ ਬਨਾਸਪਤੀ ਪ੍ਰਫੁੱਲਤ (ਪ੍ + ਫੁਲਿਤ) ਪ੍ = ਵਿਸ਼ੇਸ਼ ਕਰਕੇ ਫੁਲਿਤ = ਖਿੜ ਆਉਂਦੀ ਹੈ, ਪਰੰਤੂ ਆਦਿ = ਧੁਰੋਂ ਬੰਸ = ਵੰਸ ਕੇ = ਦੇ ਸੁਭਾਵ = ਸੁਭਾਅ ਕੈ = ਕਰਕੇ ਕਰੀਰ ਦਾ ਬੂਟਾ ਮਉਲੈ = ਖਿੜਿਆ ਨ = ਨਹੀਂ ਕਰਦਾ।

ਸਿਹਜਾ ਸੰਜੋਗ ਭੋਗ ਨਿਸਫਲ ਬਾਂਝ ਬਧੂ;
ਹੋਇ ਨ ਅਧਾਨ, ਦੁਖੋ ਦੁਬਿਧਾ ਦੁਰਾਵ ਕੈ ॥

ਸਿਹਜਾ = ਸੇਜਾ ਉੱਪਰ ਪਤੀ ਦਾ ਸੰਜੋਗ = ਮਿਲਾਪ ਤੇ ਭੋਗ = ਹਾਸ ਬਿਲਾਸ (ਕਾਮ-ਕ੍ਰੀੜਾ) ਦੇ ਹੁੰਦਿਆਂ ਵੀ ਬਾਂਝ = ਬੰਧਜ ਬਧੂ = ਇਸਤਰੀ ਪੁੱਤ ਧੀ ਆਦਿ ਤੋਂ ਨਿਸਫਲ = ਵਿਅਰਥ, ਖ਼ਾਲੀ ਰਹਿੰਦੀ ਹੈ ਅਤੇ ਭਾਵੇਂ ਉਹ ਕਿਤਨਾ ਵੀ ਯਤਨ ਕਰੇ, ਪਰ ਉਸ ਨੂੰ ਅਧਾਨ = ਗਰਭ ਨ = ਨਹੀਂ ਹੋਇ = ਹੁੰਦਾ ਤੇ ਦੁਖੋ = ਦੁਖੀ ਹੁੰਦੀ ਹੈ, ਦੁਬਿਧਾ = ਦੁਚਿੱਤੀਪਨ ਨੂੰ ਦੁਰਾਵ = ਛੁਪਾਉਣਾ ਕੈ = ਕਰਦੀ ਹੈ ਭਾਵ ਜ਼ਾਹਰ ਨਹੀਂ ਕਰਦੀ ਕਿ ਮੈਂ ਦੁਖੀ ਹਾਂ।

ਤੈਸੇ ਮਮ ਕਾਗ ਸਾਧਸੰਗਤਿ ਮਰਾਲ ਸਭਾ;
ਰਹਿਓ ਨਿਰਾਹਾਰ ਮੁਕਤਾਹਲ ਅਪਿਆਵ ਕੈ ॥੨੩੭॥

ਜਿਵੇਂ ਕਾਗ = ਕਾਂ ਮਰਾਲ = ਹੰਸਾਂ ਦੀ ਸਭਾ = ਇਕੱਤਰਤਾ ਵਾਲੇ ਥਾਂ ਤਲਾਅ ਵਿਚ ਜਾ ਕੈ = ਕਰਕੇ ਮੁਕਤਾਹਲ = ਮੋਤੀਆਂ ਵਾਲੇ ਅਪਿਆਵ = ਭੋਜਨ ਖਾਣ ਤੋਂ ਨਿਰਾਹਾਰ = ਭੁੱਖਾ ਆਉਂਦਾ ਹੈ, ਤੈਸੇ = ਉਸੇ ਪ੍ਰਕਾਰ ਮਮ = ਮੈਂ ਸਾਧਸੰਗਤਿ = ਸਤਿਸੰਗਤ ਵਿੱਚੋਂ ਸ਼ੁਭ ਗੁਣਾਂ ਰੂਪੀ ਭੋਜਨ ਪਾਉਣ ਤੋਂ ਖ਼ਾਲੀ ਰਿਹਾ ਹਾਂ **ਵਾ:** ਉਸੇ ਪ੍ਰਕਾਰ ਮੈਂ ਕਾਂ ਵਤ ਵਿਸ਼ੇ ਰੂਪ ਗੰਦਗੀ ਨਾਲ ਸਨੇਹ ਕਰਨ ਵਾਲਾ ਹੰਸਾਂ ਦੀ ਨਿਆਈਂ ਤਤ ਬੇਤੇ ਮਹਾਤਮਾ ਦੀ ਸਤਿਸੰਗਤ ਦੀ ਸਭਾ = ਇਕੱਤਰਤਾ ਵਿਚ ਬੈਠ ਕੇ ਨਾਮ ਰੂਪ ਭੋਜਨ ਮੋਤੀ ਆਦਿ ਦੇ ਚਖਣ ਵੱਲੋਂ ਭੁੱਖਾ ਹੀ ਰਿਹਾ ਹਾਂ ॥੨੩੭॥

ਕਪਟ ਸਨੇਹ ਜੈਸੇ ਢੇਕੁਲੀ ਨਿਵਾਵੈ ਸੀਸ;
ਤਾ ਕੈ ਬਸਿ ਹੋਇ ਜਲੁ ਬੰਧਨ ਮੈ ਆਵਈ ॥

ਜੈਸੇ = ਜਿਸ ਪ੍ਰਕਾਰ ਢੇਕੁਲੀ = ਢੀਂਗੁਲੀ ਕਪਟ = ਛਲ ਫ਼ਰੇਬ ਵਾਲਾ ਸਨੇਹ = ਪ੍ਰੇਮ ਧਾਰ ਕੇ ਪਾਣੀ ਵੱਲ ਆਪਣਾ ਸੀਸ = ਸਿਰ ਨਿਵਾਏ = ਨਿਵਾਉਂਦੀ ਹੈ, ਫੇਰ ਤਾ = ਉਸ ਢੀਂਗੁਲੀ ਕੈ = ਦੇ ਬਸਿ = ਅਧੀਨ ਜਲੁ = ਪਾਣੀ ਹੋਇ = ਹੋ ਕੇ ਡੋਲ ਆਦਿਕ ਦੇ ਬੰਧਨ = ਬੰਨ੍ਹਣ ਮੈ = ਵਿਚ ਆਵਈ = ਆ ਜਾਂਦਾ ਹੈ। ਜੈਸਾ ਕਿ :

ਸੀਸ ਨਿਵਾਏ ਢੀਂਗੁਲੀ ਗਲਿ ਬੰਧੇ ਜਲੁ ਉਚਾ ਆਵੈ। *(ਵਾਰ ੬, ਪਉੜੀ ੨੦)*

ਡਾਰਿ ਦੇਤ ਖੇਤ, ਹੁਇ ਪ੍ਰਫੁਲਿਤ ਸਫਲ ਤਾ ਤੇ;
ਆਪਿ ਨਿਹਫਲ ਪਾਛੈ ਬੋਝ ਉਕਤਾਵਈ ॥

ਫੇਰ ਉਹ ਡੋਲ ਆਦਿਕ ਵਿਚ ਬੰਨ੍ਹਿਆ ਹੋਇਆ ਪਾਣੀ ਜਦੋਂ ਆੜ ਵਿਚ ਡਾਰਿ = ਰੋੜ੍ਹ ਦੇਤ = ਦੇਣ ਕਰੀਏ ਤਾਂ ਖੇਤ = ਜ਼ਮੀਨ ਵਿਚ ਜਾ ਪੈਂਦਾ ਹੈ ਤੇ ਖੇਤੀ ਪ੍ਰਫੁਲਿਤ (ਪ੍ਰ + ਫੁਲਿਤ) ਪ੍ਰ = ਵਿਸ਼ੇਸ਼ ਕਰਕੇ ਫੁਲਿਤ = ਖਿੜ ਆਉਂਦੀ ਹੈ ਤੇ ਤਾ = ਉਹ ਸਫਲ (ਸ + ਫਲ) ਸ = ਸਹਿਤ ਫਲਾਂ ਦੇ ਹੋ ਜਾਂਦੀ ਹੈ, ਪਰੰਤੂ ਆਪ ਢੀਂਗੁਲੀ ਨਿਹਫਲ = ਬੇਫਲ ਰਹਿ ਕੇ ਐਵੇਂ ਹੀ ਬੋਝ = ਭਾਰ ਨੂੰ ਪਾਛੈ = ਪਿੱਛੋਂ ਉਕਤਾਵਈ = ਚੁੱਕਦੀ ਰਹਿੰਦੀ ਹੈ।

ਅਰਧ ਉਰਧ ਹੁਇ ਅਨੁਕ੍ਰਮ ਕੈ;
ਪਰਉਪਕਾਰ ਅਬਿਕਾਰ ਨ ਮਿਟਾਵਈ ॥

ਢੀਂਗੁਲੀ ਪਹਿਲੀ ਅਨੁਕ੍ਰਮ = ਤਰਤੀਬ ਕੈ = ਦੇ ਤਰ੍ਹਾਂ ਅਰਧ = ਥੱਲੇ ਉਰਧ = ਉੱਪਰ ਨੂੰ ਹੁਇ = ਹੁੰਦੀ ਰਹਿੰਦੀ ਹੈ, ਪਾਣੀ ਤਾਂ ਪਰਉਪਕਾਰ = ਪਰਾਏ ਦਾ ਭਲਾ ਕਰਦਾ ਹੈ ਤੇ ਢੀਂਗੁਲੀ ਆਪਣੀ (ਉਪ੍ਰੋਥਲੀ) ਅਬਿਕਾਰ = ਭੈੜੀ ਕਾਰ, ਖੋਟੇਪਣ ਨੂੰ ਨ = ਨਹੀਂ ਮਿਟਾਵਈ = ਮਿਟਾਉਂਦੀ।

ਤੈਸੇ ਹੀ ਅਸਾਧ ਸਾਧ ਸੰਗਤਿ ਸੁਭਾਵ ਗਤਿ;
ਗੁਰਮਤਿ ਦੁਰਮਤਿ ਸੁਖ ਦੁਖ ਪਾਵਈ ॥੨੩੮॥

ਤੈਸੇ = ਉਸੇ ਤਰ੍ਹਾਂ ਹੀ ਅਸਾਧ = ਅਸੰਤ ਆਪਣੇ ਸੁਭਾਵ = ਸੁਭਾਅ ਦੀ ਗਤਿ = ਦਸ਼ਾ ਅਨੁਸਾਰ ਸੰਗਤ ਵਿਚ ਜਾ ਕੇ ਦੁਰਮਤਿ = ਖੋਟੀ ਸਿੱਖਿਆ ਦਾ ਜ਼ਿਆਦਾ ਪ੍ਰਭਾਵ ਅੰਦਰ ਹੋਣ ਕਰਕੇ ਜਾਂ ਸੰਗਤ ਵਿਚ ਜਾ ਕੇ ਵੀ ਖੋਟੀ ਸਿੱਖਿਆ ਵਾਲੇ ਬਚਨ ਬੋਲ ਕੇ ਦੁਖ = ਕਸ਼ਟ ਪਾਵਈ = ਪਾਉਂਦਾ ਹੈ ਅਤੇ ਸਾਧ = ਸੰਤ ਜਨ ਆਪਣੇ ਸੁਭਾਅ ਦੀ ਹਾਲਤ ਕਾਰਨ ਸੰਗਤ ਵਿੱਚੋਂ ਗੁਰਮਤਿ = ਗੁਰ ਸਿੱਖਿਆ ਨੂੰ ਗ੍ਰਹਿਣ ਕਰ ਕੇ ਆਤਮਿਕ ਸੁਖ = ਅਨੰਦ ਨੂੰ ਪਾਵਈ = ਪਾਉਣਾ ਕਰਦਾ ਹੈ।

ਅਥਵਾ ਤੈਸੇ = ਉਸੇ ਤਰ੍ਹਾਂ ਹੀ ਅਸਾਧ = ਅਸੰਤ ਦੁਰਮਤਿ = ਖੋਟੀ ਮੱਤ ਵਾਲੇ ਸੁਭਾਅ ਨੂੰ ਗਤਿ = ਪ੍ਰਾਪਤ ਹੋਣ ਕਰਕੇ ਦੁਖ = ਕਸ਼ਟ ਪਾਉਂਦਾ ਹੈ ਤੇ ਸਾਧ = ਸੰਤ ਜਨ ਸੰਗਤ ਵਿਚ ਜਾ ਕੇ ਗੁਰਮਤਿ = ਗੁਰ ਸਿੱਖਿਆ ਨੂੰ ਧਾਰਨ ਕਰਨ ਵਾਲੇ ਸੁਭਾਅ ਕਾਰਨ ਆਤਮਿਕ ਸੁਖ = ਆਨੰਦ ਪਾਉਂਦਾ ਹੈ॥੨੩੮॥

ਜੈਸੇ ਤਉ ਕੁਚੀਲ ਪਵਿਤ੍ਰਤਾ-ਅਤੀਤ ਮਾਖੀ;
ਰਾਖੀ ਨ ਰਹਿਤ, ਜਾਇ ਬੈਠੇ ਇਛਾਚਾਰੀ ਹੈ ॥

ਜੈਸੇ = ਜਿਸ ਪ੍ਰਕਾਰ ਤਉ = ਤਾਂ ਮਾਖੀ = ਮੱਖੀ ਪਵਿੱਤ੍ਰਤਾ = ਸ਼ੁੱਧਤਾ ਤੋਂ ਅਤੀਤ = ਰਹਿਤ ਕੁਚੀਲ = ਗੰਦੀ ਹੁੰਦੀ ਹੈ, ਉਹ ਰਾਖੀ = ਰੱਖੀ, ਹਟਾਈ ਹੋਈ ਰਹਿਤ = ਰਹਿੰਦੀ ਨ = ਨਹੀਂ ਹੈ, ਸਗੋਂ ਫਿਰ ਆਪਣੀ ਇਛਾਚਾਰੀ = ਚਾਹਨਾ ਅਨੁਸਾਰ ਭਾਵ ਆਪ-ਹੁਦਰੀ ਹੋ ਕੇ ਮੱਲੋ-ਮੱਲੀ ਉਥੇ ਜਾਇ = ਜਾ ਕੇ ਬੈਠੇ = ਬੈਠ ਜਾਂਦੀ ਹੈ। ਇਸੇ ਪ੍ਰਕਾਰ ਅਨਅਧਿਕਾਰੀ ਛਲ-ਫ਼ਰੇਬ ਕਰਨ ਵਾਲੇ ਲੋਕ ਵੀ ਦਿਖਾਵੇ ਲਈ ਬਦੋਬਦੀ ਸਤਿਸੰਗਤ ਵਿਚ ਆ ਜਾਂਦੇ ਹਨ ਤੇ ਰੋਕੇ ਹੋਏ ਮੰਦ ਕਰਮ ਕਰਨ ਵੱਲੋਂ ਹਟਦੇ ਨਹੀਂ ਹਨ।

ਪੁਨਿ ਜਉ ਅਹਾਰ ਸਨਬੰਧ ਪਰਵੇਸੁ ਕਰੈ;
ਜਰੈ ਨ ਅਜਰ ਉਕਲੇਦੁ ਖੇਦੁ ਭਾਰੀ ਹੈ ॥

ਪੁਨਿ = ਫੇਰ ਜਉ = ਜੇਕਰ ਅਹਾਰ = ਭੋਜਨ ਸਨਬੰਧ = ਵਿਚ ਪੈ ਕੇ ਕਿਤੇ ਭੋਜਨ ਖਾਣ ਵਾਲੇ ਦੇ ਅੰਦਰ ਪਰਵੇਸੁ = ਦਾਖ਼ਲ ਕਰੈ = ਕਰ ਜਾਵੇ ਭਾਵ ਅੰਦਰ ਲੰਘ ਜਾਵੇ ਤਾਂ ਉਹ ਮੱਖੀ ਅਜਰ = ਸਹਾਰਨ ਤੋਂ ਰਹਿਤ ਹੋ ਜਾਂਦੀ ਹੈ **ਵਾ:** ਅਜਰ = ਪਚਣ ਤੋਂ ਰਹਿਤ ਹੋਣ ਕਾਰਨ ਜਰੈ = ਪਚ ਨ = ਨਹੀਂ ਸਕਦੀ ਸਗੋਂ ਉਲਟਾ ਉਸ ਦੇ ਭੋਜਨ ਖਾਧਿਆਂ ਨੂੰ ਵੀ ਉਕਲੇਦੁ = ਬਾਹਰ ਉਛਾਲ ਕੇ ਭਾਰੀ ਖੇਦੁ = ਦੁੱਖ ਹੀ ਹੁੰਦਾ ਹੈ। ਇਸੇ ਪ੍ਰਕਾਰ ਕਪਟੀ ਛਲੀ ਪੁਰਖ ਸਤਿਸੰਗਤ ਵਿਚ ਉਪਦੇਸ਼ ਸੁਣ ਕੇ ਕਦੇ ਵੀ ਕ੍ਰਿਪਾ ਦੇ ਪਾਤਰ ਅਧਿਕਾਰੀਆਂ ਕੋਲ ਆ ਜਾਣ ਤਾਂ ਵੀ ਈਰਖਾ ਬਖੀਲੀ ਆਦਿ ਹੀ ਕਰਦੇ ਹਨ ਭਾਵ ਕ੍ਰਿਪਾ ਦੇ ਪਾਤਰ ਅਧਿਕਾਰੀਆਂ ਨੂੰ ਪਾਖੰਡੀ ਆਦਿ ਹੀ ਦੱਸਦੇ ਹਨ।

ਬਧਿਕ ਬਿਧਾਨ ਜਿਉ ਉਦਿਆਨ ਮੈ ਟਾਟੀ ਦਿਖਾਇ;
ਕਰੈ ਜੀਵ-ਘਾਤ ਅਪਰਾਧ ਅਧਿਕਾਰੀ ਹੈ ॥

ਬਧਿਕ = ਸ਼ਿਕਾਰੀ ਬਿਧਾਨ = ਰੀਤੀ ਅਨੁਸਾਰ ਜਿਉ = ਜਿਵੇਂ ਉਦਿਆਨ = ਉਜਾੜ ਮੈ = ਵਿਚ ਧੋਖੇ

ਦੀ ਟਾਟੀ[1] ਦਿਖਾਇ = ਦਿਖਾ ਕੇ ਉਹ ਜੀਵਾਂ ਨੂੰ ਘਾਤ = ਮਾਰਨਾ ਕਰੈ = ਕਰਦਾ ਹੈ ਤੇ ਅਪਰਾਧ = ਗੁਨਾਹਾਂ ਦਾ ਅਧਿਕਾਰੀ = ਹੱਕਦਾਰ ਬਣਦਾ ਹੈ, ਇਸੇ ਪ੍ਰਕਾਰ ਪਾਖੰਡੀ ਪੁਰਖ ਆਪਣੇ ਆਪ ਨੂੰ ਗੁਰਮੁਖ ਵਾਲਾ ਲਿਬਾਸ ਪਾ ਕੇ ਗੁਰਮੁਖ ਜਾਂ ਸੰਤ ਦਿਖਾਉਂਦਾ ਹੈ ਪਰ ਉਹ ਕੇਵਲ ਲੋਕਾਂ ਨਾਲ ਠੱਗੀ ਹੀ ਮਾਰਦਾ ਹੈ। ਇਸੇ ਕਰਕੇ ਉਹ ਅਪਰਾਧ ਕਾਰਨ ਜਮਦੂਤਾਂ ਦੇ ਵੱਸ ਪੈ ਕੇ ਸਜ਼ਾ ਦਾ ਹੱਕਦਾਰ ਹੁੰਦਾ ਹੈ। ਜੈਸਾ ਕਿ :

ਭੇਖ ਦਿਖਾਏ ਜਗਤ ਕੌ ਲੋਗਨ ਕੌ ਬਸਿ ਕੀਨ॥
ਅੰਤਿ ਕਾਲਿ ਕਾਤੀ ਕਟਿਯੋ ਬਾਸੁ ਨਰਕ ਮੋ ਲੀਨ॥੫੬॥ *(ਸ੍ਰੀ ਦਸਮ ਗ੍ਰੰਥ)*

ਹਿਰਦੈ ਬਿਲਾਉ ਅਰੁ ਨੈਨ ਬਗ ਧਿਆਨੀ ਪ੍ਰਾਨੀ;
ਕਪਟ ਸਨੇਹੀ ਦੇਹੀ ਅੰਤ ਹੁਇ ਦੁਖਾਰੀ ਹੈ॥੨੩੯॥

ਇਸੇ ਤਰ੍ਹਾਂ ਪਾਖੰਡੀ, ਮਨਮੁਖ, ਕਪਟੀ ਮਨੁੱਖ ਦੇ ਹਿਰਦੈ = ਚਿੱਤ ਵਿਚ ਬਿਲਾਉ = ਬਿੱਲੀ ਵਾਂਗ ਛਲ ਹੈ ਅਰੁ = ਅਤੇ ਨੈਨ = ਨੇਤਰਾਂ ਕਰਕੇ ਬਗ = ਬਗੁਲੇ ਵਾਂਗ ਪਾਖੰਡੀ ਪ੍ਰਾਨੀ = ਪੁਰਖ ਸਮਾਧੀ ਦਾ ਧਿਆਨੀ = ਧਿਆਨ ਲਾਉਣ ਵਾਲਾ ਬਣਿਆ ਰਹਿੰਦਾ ਹੈ। ਐਸੇ ਕਪਟ = ਛਲ ਫ਼ਰੇਬ ਤੇ ਖੋਟੇ ਸਨੇਹੀ = ਪ੍ਰੇਮ ਵਾਲੇ ਮਨੁੱਖ ਦੀ ਦੇਹੀ = ਕਾਂਇਆ ਅੰਤ = ਓੜਕ ਨੂੰ ਦੁਖਾਰੀ = ਦੁਖੀ ਹੁਇ = ਹੁੰਦੀ ਹੈ।

ਗਊ ਮੁਖ ਬਾਘੁ ਜੈਸੇ ਬਸੇ ਮ੍ਰਿਗ-ਮਾਲ ਬਿਖੈ;
ਕੰਗਨਾ ਪਹਿਰਿ ਜਿਉ ਬਿਲਈਆ ਖਗ ਮੋਹਈ॥

ਜੈਸੇ = ਜਿਸ ਪ੍ਰਕਾਰ ਬਾਘੁ = ਬਘਿਆੜ ਗਊ = ਗਾਂ ਵਾਂਗ ਮੁਖ = ਮੂੰਹ ਬਣਾ ਕੇ ਮ੍ਰਿਗ-ਮਾਲ = ਬਹੁਤਿਆਂ ਹਿਰਨਾਂ ਬਿਖੈ = ਵਿਚ ਬਸੈ = ਵੱਸਣਾ ਕਰੇ ਅਤੇ ਜਿਉ = ਜਿਵੇਂ ਬਿਲਈਆ = ਬਿੱਲੀ ਹੱਥਾਂ ਪੈਰਾਂ ਵਿਚ ਕੰਗਨਾ = ਗਾਨਾ ਪਹਿਰਿ = ਪਹਿਨ ਕੇ ਖਗ = ਪੰਛੀਆਂ ਨੂੰ ਮਹੋਈ = ਮੋਹਿਤ ਕਰੇ।

ਜੈਸੇ ਬਗ ਧਿਆਨ ਧਾਰਿ ਕਰਤ ਅਹਾਰ ਮੀਨ;
ਗਨਿਕਾ ਸਿੰਗਾਰ ਸਾਜਿ, ਬਿਭਚਾਰ ਜੋਹਈ॥

ਜੈਸੇ = ਜਿਸ ਪ੍ਰਕਾਰ ਬਗ = ਬਗਲਾ ਧਿਆਨ ਧਾਰ ਕੇ ਭਾਵ ਸਮਾਧੀ ਲਾ ਕੇ ਛਲ ਨਾਲ ਮੀਨ = ਮੱਛੀਆਂ ਨੂੰ ਆਪਣਾ ਅਹਾਰ = ਭੋਜਨ ਬਣਾਉਣਾ ਕਰਤ = ਕਰਦਾ ਹੈ ਅਤੇ ਜਿਵੇਂ ਗਨਿਕਾ = ਵੇਸਵਾ ਸਿੰਗਾਰ = ਸੁਹੱਪਣ ਸਮੱਗਰੀ ਨਾਲ ਸਾਜਿ = ਸਜ-ਧਜ ਕੇ ਬਿਭਚਾਰ = ਪਾਪ ਕਰਮ ਨੂੰ ਹੀ ਜੋਹਈ = ਤੱਕਦੀ ਰਹਿੰਦੀ ਹੈ **ਵਾ:** ਪਰਾਏ ਪੁਰਖਾਂ ਨਾਲ ਰਮਨ ਕਰਨ ਲਈ ਚਿਤਵਦੀ ਰਹਿੰਦੀ ਹੈ।

ਪੰਚ ਬਟਵਾਰੋ ਭੇਖਧਾਰੀ ਜਿਉ ਸਘਾਤੀ ਹੋਇ;
ਅੰਤ ਫਾਸੀ ਡਾਰਿ ਮਾਰੈ ਦ੍ਰੋਹ ਕਰ ਦ੍ਰੋਹਈ॥

ਜਿਉ = ਜਿਵੇਂ ਕੋਈ ਦਿਖਾਵੇ ਮਾਤਰ ਪੰਚ = ਪੈਂਚ (ਚੌਧਰੀ) ਵਾਲਾ ਭੇਖਧਾਰੀ = ਲਿਬਾਸ ਧਾਰ ਕੇ ਸਾਂਗੀ ਬਣਿਆ ਹੋਵੇ, ਅਸਲ ਵਿਚ ਉਹ ਬਟਵਾਰੋ = ਰਾਹ-ਮਾਰ, ਧਾੜਵੀ ਹੁੰਦਾ ਹੈ ਤੇ ਛਲੀਆ ਕਪਟੀ ਤੇ

---

੧. ਖਸ ਬਾਂਸ ਅਥਵਾ ਸਰਕੁੜੇ ਆਦਿ ਦੀ ਕੰਧ, ਪੜਦਾ, ਟਟਿਯਾ।

ਸਘਾਤੀ = ਹਤਿਆਰਾ ਹੋਇ = ਹੁੰਦਾ ਹੈ, ਐਸੇ ਦ੍ਰੋਹ = ਛਲ ਕਰਨ ਵਾਲੇ ਤੋ ਦ੍ਰੋਹਈ = ਕਪਟੀ ਪੁਰਖ ਨੂੰ ਅੰਤਿ = ਅਖ਼ੀਰ ਸਰਕਾਰ ਦੇ ਸਿਪਾਹੀ ਗਲ ਵਿਚ ਫਾਸੀ = ਫਾਹੀ ਪਾ ਕੇ ਮਾਰੈ = ਮਾਰ ਡਾਰਿ = ਸੁੱਟਦੇ ਹਨ।

ਕਪਟ ਸਨੇਹ ਕੈ ਮਿਲਤ ਸਾਧ ਸੰਗਤਿ ਮੈ;
ਚੰਦਨ ਸੁਗੰਧ ਬਾਂਸੁ ਗਠੀਲੋ ਨ ਬੋਹਈ ॥੨੪੦॥

ਇਸੇ ਪ੍ਰਕਾਰ ਜਿਹੜਾ ਕੋਈ ਕਪਟ = ਛਲ ਵਾਲਾ ਸਨੇਹ = ਪ੍ਰੇਮ ਧਾਰ ਕੈ = ਕਰਕੇ ਸਾਧ = ਸ੍ਰੇਸ਼ਟ ਜਨਾਂ ਦੀ ਸੰਗਤ ਮੈ = ਵਿਚ ਆ ਕੇ ਮਿਲਤ = ਮਿਲਣਾ ਕਰਦਾ ਹੈ, ਉਹ ਬਾਂਸ ਦੀ ਨਿਆਈਂ ਕਪਟੀ ਅੰਦਰ ਪਾਪ ਵਾਸ਼ਨਾ ਰੂਪ ਗਠੀਲੋ = ਗੰਢਾਂ ਨਾਲ ਗ੍ਰਸਿਆ ਹੋਣ ਕਾਰਨ ਵਿਨਾਹ ਕਰਨ ਵਾਲਾ ਹੀ ਰਹਿੰਦਾ ਹੈ। ਕੋਈ ਉਸ ਵਿਚ ਚੰਦਨ ਵਾਲੀ ਸੁਗੰਧੀ ਨ = ਨਹੀਂ ਬੋਹਈ = ਮਹਿਕਣ ਲੱਗਦੀ ਭਾਵ ਉਸ ਨੂੰ ਸਤਿਸੰਗਤ ਦਾ ਰੰਗ ਨਹੀਂ ਲੱਗਦਾ।

ਅਥਵਾ ਉਸੇ ਤਰ੍ਹਾਂ ਜਿਹੜਾ ਕੋਈ ਕਪਟੀ ਪੁਰਖ ਕਪਟ = ਛਲ, ਖੋਟੇ ਸਨੇਹ = ਪ੍ਰੇਮ ਕੈ = ਕਰਕੇ ਸਾਧਸੰਗਤਿ = ਸਤਿਸੰਗਤ ਮੈ = ਵਿਚ ਆ ਕੇ ਮਿਲਤ = ਮਿਲਣਾ ਕਰਦਾ ਹੈ, ਉਸ ਦੇ ਚਿੱਤ ਅੰਦਰ ਇਉਂ ਭਗਤੀ ਰੂਪ ਸ੍ਰੇਸ਼ਟ ਸੁਗੰਧੀ ਪ੍ਰਵੇਸ਼ ਨਹੀਂ ਕਰਦੀ, ਜਿਵੇਂ ਗਠੀਲੋ = ਗੰਢ ਵਾਲੇ ਬਾਂਸ ਵਿਚ ਚੰਦਨ ਬ੍ਰਿਛ ਦੀ ਸੁਗੰਧੀ ਨਹੀਂ ਹੁੰਦੀ ॥੨੪੦॥

ਆਦਿ ਹੀ ਅਧਾਨ ਬਿਖੈ ਹੋਇ ਨਿਰਮਾਨ ਪ੍ਰਾਣੀ;
ਮਾਸ ਦਸ ਗਨਤ ਹੀ ਗਨਤ ਬਿਹਾਤ ਹੈ ॥

ਆਦਿ = ਪਹਿਲਾਂ ਪ੍ਰਾਣੀ = ਜੀਵ ਦਾ ਮਾਤਾ ਦੇ ਅਧਾਨ = ਗਰਭ (ਪੇਟ) ਬਿਖੈ = ਵਿਚ ਨਿਰਮਾਨ = ਨਿੰਮਣਾ ਹੋਇ = ਹੁੰਦਾ ਹੈ ਤੇ ਇਕ ਇਕ ਦਿਨ ਗਨਤ = ਗਿਣਦਿਆਂ ਹੀ ਗਨਤ = ਗਿਣਦਿਆਂ ਦਸ ਮਾਸ = ਮਹੀਨੇ ਬਿਹਾਤ = ਬਤੀਤ ਕਰ ਲੈਂਦਾ ਹੈ **ਵਾ:** ਮਾਤਾ ਦਾ ਦਸ ਮਾਸ = ਮਹੀਨਿਆਂ ਦੀਆਂ ਗਿਣਤੀਆਂ ਹੀ ਗਿਣਤੀਆਂ ਕਰਦਿਆਂ ਦਾ ਸਮਾਂ ਬਿਹਾਤ = ਬਤੀਤ ਹੁੰਦਾ ਹੈ ਕਿ ਘਰ ਪੁੱਤਰ ਜਨਮੇਗਾ ਤੇ ਸਾਡੇ ਲਈ ਵੱਡਾ ਹੋ ਕੇ ਧਨ ਕਮਾ ਕੇ ਲਿਆਵੇਗਾ। ਜੈਸਾ ਕਿ :

ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ ॥
ਵਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ ॥ *(ਅੰਗ ੧੬੬)*

ਜਨਮਤ ਸੁਤ ਸਭ ਕੁਟੰਬ ਅਨੰਦ-ਮਈ;
ਬਾਲ ਬੁਧਿ ਗਨਤ ਬਿਤੀਤ ਨਿਸਿ ਪ੍ਰਾਤ ਹੈ ॥

ਜਦ ਉਹ ਸੁਤ = ਪੁੱਤਰ ਰੂਪ ਹੋ ਕੇ ਜਨਮਤ = ਜੰਮ ਪੈਂਦਾ ਹੈ ਤਾਂ ਸਭ = ਸਾਰਾ ਕੁਟੰਬ = ਪਰਿਵਾਰ ਹੀ ਅਨੰਦ = ਅਨੰਦ ਮਈ = ਰੂਪ ਵਾਲਾ ਹੁੰਦਾ ਹੈ ਭਾਵ ਅਤਿਅੰਤ ਪ੍ਰਸੰਨ ਹੁੰਦਾ ਹੈ ਅਤੇ ਜੀਵ ਇਸ ਤਰ੍ਹਾਂ ਫੇਰ ਨਿਸਿ = ਰਾਤ ਪ੍ਰਾਤ = ਦਿਨ ਗਨਤ = ਗਿਣਦਿਆਂ ਬਾਲ ਬੁਧਿ = ਬਾਲਪੁਣੇ ਦੀ ਅਵਸਥਾ ਬਿਤੀਤ = ਬਿਤਾ ਲਿਆ ਕਰਦਾ ਹੈ।

ਪਢਤ ਬਿਵਾਹੀਅਤ ਜੋਬਨ ਮੈ ਭੋਗ ਬਿਖੈ;
ਬਨਜ ਬਿਉਹਾਰ ਕੇ ਬਿਥਾਰ ਲਪਟਾਤ ਹੈ॥

ਫੇਰ ਪਢਤ = ਪੜ੍ਹਨ ਤੋਂ ਬਾਅਦ ਬਿਵਾਹੀਅਤ = ਵਿਆਹ ਕਰ ਦੇਈਦਾ ਹੈ ਜਦ ਕਿ ਜੋਬਨ = ਯੁਵਾ ਅਵਸਥਾ ਮੈ = ਵਿਚ ਭੋਗ = ਵਿਸ਼ੇ ਭੋਗਣ ਤੇ ਬਨਜ = ਵਣਜ ਬਿਉਹਾਰ = ਵਪਾਰ ਕੇ = ਦੇ ਬਿਥਾਰ = ਪਸਾਰੇ ਵਿਚ ਲਪਟਾਤ = ਲੰਪਟ ਹੋਇਆ ਰਹਿੰਦਾ ਹੈ।

ਬਢਤਾ ਬਿਆਜ ਕਾਜ ਗਨਤ ਅਵਧ ਬੀਤੀ;
ਗੁਰ ਉਪਦੇਸ ਬਿਨੁ ਜਮਪੁਰ ਜਾਤ ਹੈ॥੨੪੧॥

ਇਸੇ ਤਰ੍ਹਾਂ ਕਾਜ = ਕੰਮਾਂ-ਕਾਰਾਂ ਨੂੰ ਗਨਤ = ਗਿਣਦਿਆਂ, ਕਰਦਿਆਂ ਜੀਵ ਦੀ ਅਵਧ = ਉਮਰ ਬੀਤੀ = ਗੁਜ਼ਰਦੀ ਜਾਂਦੀ ਹੈ ਤੇ ਪੂਰਬਲੇ ਜਨਮਾਂ ਜਨਮਾਂਤਰਾਂ ਦੇ ਕੀਤੇ ਹੋਏ ਸੰਚਤ ਕਰਮਾਂ ਦੇ ਮੂਲ ਵਿਚ ਇਸ ਜਨਮ ਦੇ ਕੀਤੇ ਹੋਏ ਕਿਰੇਮਾਨ ਕਰਮਾਂ ਦੇ ਫਲ ਭੁਗਤਣ ਰੂਪ ਵਿਆਜ ਵਿਚ ਬਢਤਾ = ਵਾਧਾ ਹੋ ਜਾਂਦਾ ਹੈ ਅਤੇ ਅਖ਼ੀਰ ਗੁਰ ਉਪਦੇਸ = ਸਤਿਗੁਰੂ ਸਾਹਿਬ ਜੀ ਦੀ ਸਿੱਖਿਆ ਨੂੰ ਰਿਦੇ ਵਿਚ ਧਾਰਨ ਕਰਨ ਤੋਂ ਬਿਨ = ਬ਼ਗ਼ੈਰ ਜੀਵ ਜਮਪੁਰ = ਜਮਾਂ ਦੀ ਨਗਰੀ ਵਿਚ ਜਾਤ = ਜਾਂਦਾ ਹੈ॥੨੪੧॥

ਜੈਸੇ ਚਕਈ ਚਕਵਾ ਬੰਧਿਕ ਇਕਤ੍ਰ ਕੀਨੇ;
ਪਿੰਜਰੀ ਮੈ ਬਸੇ ਨਿਸਿ ਦੁਖ ਸੁਖ ਮਾਨੇ ਹੈ॥

ਜੈਸੇ = ਜਿਸ ਤਰ੍ਹਾਂ ਚਕਈ = ਚਕਵੀ ਤੇ ਚਕਵੇ ਨੂੰ ਬੰਧਿਕ = ਫੰਧਕ ਫੜ ਕੇ ਪਿੰਜਰੀ = ਪਿੰਜਰੇ ਮੈ = ਵਿਚ ਇਕਤ੍ਰ = ਇਕੱਠੇ ਕੀਨੇ = ਕਰ ਦਿੰਦਾ ਹੈ ਤਾਂ ਉਹ ਚਕਵਾ ਤੇ ਚਕਵੀ ਨਿਸਿ = ਰਾਤ ਨੂੰ ਪਿੰਜਰੇ ਵਿਚ ਇਕੱਠੇ ਬਸੇ = ਵੱਸਦੇ ਹੋਏ ਦੁਖ ਸੁਖ ਨੂੰ ਸਮ ਰੂਪ ਮਾਨੇ = ਮੰਨਦੇ ਹੈ = ਹਨ।

ਕਹਤ ਪਰਸਪਰ ਕੋਟਿ ਸੁਰ-ਜਨ ਵਾਰਉ;
ਓਟ ਦੁਰਜਨ ਪਰ ਜਾਹਿ ਗਹਿ ਆਨੇ ਹੈ॥

ਚਕਵਾ ਅਤੇ ਚਕਵੀ ਪਰਸਪਰ = ਆਪਸ ਵਿਚਦੀ ਕਹਤ = ਕਹਿੰਦੇ ਹਨ ਕਿ ਅਸੀਂ ਕੋਟਿ = ਕਰੋੜਾਂ ਸੁਰ = ਸ੍ਰੇਸ਼ਟ ਜਨ = ਪੁਰਖਾਂ ਨੂੰ ਵਾਰਉ = ਵਾਰਨੇ (ਕੁਰਬਾਨ) ਕਰਦੇ ਹਾਂ, ਉਸ ਦੁਰਜਨ = ਖੋਟੇ ਪੁਰਖ ਭਾਵ ਸ਼ਿਕਾਰੀ ਪਰ = ਉੱਪਰੋਂ ਜਿਸ ਦੀ ਓਟ = ਟੇਕ ਕਰਕੇ ਅਸੀਂ ਇਹ ਸੁਖ ਦੇਖਿਆ ਹੈ ਤੇ ਜਿਸ ਨੇ ਸਾਨੂੰ ਗਹਿ = ਪਕੜ ਕੇ ਆਨੇ = ਲਿਆਂਦਾ ਹੈ **ਵਾ:** ਉਸ ਸ਼ਿਕਾਰੀ ਦੇ ਓਟ = ਓਹਲੇ (ਪਿੰਜਰੇ) ਉੱਪਰੋਂ ਅਸੀਂ ਵਾਰਨੇ ਜਾਂਦੇ ਹਾਂ ਜਿਸ ਪਿੰਜਰੇ ਵਿਚ ਸਾਨੂੰ ਫੜ ਕੇ ਲਿਆਂਦਾ ਹੈ।

ਸਿਮਰਨ ਮਾਤ੍ਰ ਕੋਟਿ ਆਪਦਾ ਸੰਪਦਾ ਕੋਟਿ;
ਸੰਪਦਾ ਆਪਦਾ ਕੋਟਿ ਪ੍ਰਭੁ ਬਿਸਰਾਨੇ ਹੈ॥

ਪਰਮੇਸ਼ਰ ਦਾ ਮਾਤ੍ਰ = ਥੋੜ੍ਹਾ ਸਮਾਂ ਵੀ ਸਿਮਰਨ = ਚੇਤੇ ਕਰਨ ਵਿਚ ਜੇਕਰ ਪੂਰਬਲੇ ਕਰਮਾਂ ਦਾ ਫਲ

ਰੂਪ ਹੋ ਕੇ ਕੋਟਿ = ਕਰੋੜਾਂ ਆਪਦਾ = ਬਿਪਤਾ (ਦੁੱਖ) ਸਿਰ 'ਤੇ ਆਣ ਪਵੇ ਤਾਂ ਉਹ ਮਾਨੋ ਕੋਟਿ = ਕਰੋੜਾਂ ਹੀ ਸੰਪਦਾ = ਸੁਖ ਰੂਪ ਹਨ ਅਤੇ ਜੇਕਰ ਪ੍ਰਭੂ = ਪਰਮੇਸ਼ਰ ਬਿਸਰਾਨੇ = ਭੁੱਲ ਜਾਂਦਾ ਹੈ ਤਾਂ ਕੋਟਿ = ਕਰੋੜਾਂ ਸੁਖਾਂ ਵਾਲੀਆਂ ਸੰਪਦਾ = ਵਿਭੂਤੀਆਂ ਮਾਨੋ ਆਪਦਾ = ਦੁੱਖ ਰੂਪ ਹਨ ਅਰਥਾਤ ਜਗਤ ਦੇ ਪਦਾਰਥਾਂ ਦੀ ਭਟਕਨਾ ਅੰਦਰ ਜੀਵ ਦਾ ਮਨ ਦਿਨ ਰਾਤ ਪਚ ਪਚ ਮਰਦਾ ਰਹਿੰਦਾ ਹੈ ਜਦ ਨਾਮ ਸਿਮਰਨ ਦੇ ਪਰਮ ਆਨੰਦ ਨੂੰ ਮਾਨਣਾ ਕਰਦਾ ਹੈ ਤਾਂ ਨਾਮ ਸਿਮਰਨ ਦੇ ਸਹਾਇਕ ਸਾਧਨਾਂ ਦੇ ਸੰਜਮ ਸਾਧਨ ਆਦਿ ਵਿਚ ਜੋ ਦੁੱਖ ਗੁਰਮੁਖ ਜਨ ਨੂੰ ਸਹਿਣੇ ਪੈਂਦੇ ਹਨ, ਉਨ੍ਹਾਂ ਨੂੰ ਪਰਮ ਸੁਖ ਰੂਪ ਕਰਕੇ ਮੰਨਿਆ ਕਰਦਾ ਹੈ ਅਤੇ ਆਪਣੇ ਵਿਚ ਪਰਚਾ ਕੇ ਵਾਹਿਗੁਰੂ ਨੂੰ ਭੁਲਾਉਣ ਦਾ ਕਾਰਨ ਹੋ ਕੇ ਉਸ ਰੱਬੀ ਸੁਖ ਦੀ ਪ੍ਰਾਪਤੀ ਤੋਂ ਵੰਚਿਤ ਰੱਖਣ ਵਾਲੀਆਂ ਸੰਸਾਰਕ ਸੁਖ ਵਿਭੂਤੀਆਂ ਨੂੰ ਦੁੱਖ ਰੂਪ ਅਤੇ ਤੁੱਛ ਮੰਨਣਾ ਕਰਦਾ ਹੈ।

ਸਤਿ ਰੂਪ ਸਤਿ ਨਾਮੁ ਸਤਿਗੁਰ ਗਿਆਨ ਧਿਆਨ;
ਸਤਿਗੁਰ ਮਤਿ ਸਤਿ ਸਤਿ ਕਰਿ ਜਾਨੇ ਹੈ ॥੨੪੨॥

ਐਸਾ ਗੁਰਮੁਖ ਜਨ ਫੇਰ ਇਹ ਸਮਝਦਾ ਹੈ ਕਿ ਸਤਿ = ਸੱਚ ਰੂਪ = ਸਰੂਪ ਸਤਿਗੁਰ = ਸੱਚੇ ਗੁਰਾਂ ਦਾ ਮੂਲਮੰਤਰ ਰੂਪ ਸਤਿਨਾਮੁ = ਸੱਚਾ ਨਾਮ ਹੀ ਗੁਰਾਂ ਦਾ ਸ੍ਰੇਸ਼ਟ ਗਿਆਨ ਤੇ ਧਿਆਨ ਹੈ **ਵਾ:** ਗੁਰਾਂ ਦੇ ਉਪਦੇਸ਼ ਦੁਆਰਾ ਪ੍ਰਾਪਤ ਕੀਤੇ ਸੱਚੇ ਨਾਮ ਦੁਆਰਾ ਪ੍ਰਭੂ ਪ੍ਰਾਪਤੀ ਵਾਲਾ ਗਿਆਨ ਤੇ ਪ੍ਰਭੂ ਵਿਚ ਧਿਆਨ ਲਾਉਂਦਾ ਹੈ ਅਤੇ ਸਤਿਗੁਰ = ਸੱਚੇ ਗੁਰਾਂ ਦੀ ਮਤਿ = ਸਿੱਖਿਆ ਦੁਆਰਾ ਸਤਿ = ਸੱਚੇ ਨਾਮ ਨੂੰ ਜਪ ਕੇ ਸਤਿ = ਸੱਚ ਸਰੂਪ ਨੂੰ ਆਪਣੇ ਅੰਦਰ ਹੀ ਜਾਨੇ = ਜਾਨਣਾ ਕਰਿ = ਕਰਦਾ ਹੈ ॥੨੪੨॥

ਪੁਨਿ ਕਤ ਪੰਚ ਤਤ ਮੇਲੁ ਖੇਲੁ ਹੋਇ ਕੈਸੇ;
ਭ੍ਰਮਤ ਅਨੇਕ ਜੋਨਿ ਕੁਟੰਬ ਸੰਜੋਗ ਹੈ ॥

ਪੁਨਿ = ਫੇਰ ਕਤ = ਕਿਤੇ ਪੰਚ = ਪੰਜ ਤੱਤਾਂ ਦੇ ਮੇਲੁ = ਮਿਲਾਪ ਤੋਂ ਸੰਸਾਰ ਦਾ, ਮਨੁੱਖਾ ਸਰੀਰ ਦਾ ਖੇਲੁ = ਤਮਾਸ਼ਾ ਕੈਸੇ = ਕਿਸ ਤਰ੍ਹਾਂ ਹੋਇ = ਹੋਵੇਗਾ ਭਾਵ ਮੁੜ ਮਨੁੱਖਾ ਜਨਮ ਵਿਚ ਆਉਣਾ ਨਹੀਂ ਹੋਵੇਗਾ, ਕਿਉਂਕਿ ਅਨੇਕ = ਅਨੰਤ ਹੀ ਜੋਨਿ = ਜੂਨੀਆਂ ਵਿਚ ਭ੍ਰਮਤ = ਭਰਮਨ ਕਰਦੇ ਹੋਏ ਇਸ ਮਨੁੱਖਾ ਜਨਮ ਵਿਚ ਆਏ ਹਾਂ ਤੇ ਇਸ ਜਨਮ ਵਿਚ ਪੁੱਤਰ, ਧੀਆਂ ਆਦਿ ਮਿਥਿਆ ਕੁਟੰਬ = ਪਰਿਵਾਰ ਦਾ ਸੰਜੋਗ = ਮਿਲਾਪ ਹੋਇਆ ਹੈ **ਵਾ:** ਆਸੁਰੀ ਸੰਪਦਾ ਰੂਪ ਪਰਿਵਾਰ ਦਾ ਮਿਲਾਪ ਹੋਇਆ ਹੈ।

ਪੁਨਿ ਕਤ ਮਾਨਸ ਜਨੰਮ ਨਿਰਮੋਲ ਹੋਇ;
ਦ੍ਰਿਸਟਿ ਸਬਦ ਸੁਰਤਿ ਰਸ ਕਸ ਭੋਗ ਹੈ ॥

ਪੁਨਿ = ਮੁੜ ਕਤ = ਕਿਥੇ ਨਿਰਮੋਲ = ਅਮੋਲਕ ਮਾਨਸ = ਮਨੁੱਖਾ ਜਨੰਮ = ਜਨਮ ਪ੍ਰਾਪਤ ਹੋਇ = ਹੋਣਾ ਹੈ ਅਤੇ ਇਸ ਦੇ ਜੋ ਸੁੰਦਰ ਦ੍ਰਿਸਟਿ = ਦ੍ਰਿਸ਼ਟੀ **ਵਾ:** ਨੇਤਰਾਂ ਦੀ ਸੁੰਦਰ ਦ੍ਰਿਸ਼ਟੀ, ਸਬਦ = ਬਚਨ ਬੋਲਣ ਵਾਲੀ ਰਸਨਾ, ਨਾਮ ਸਿਮਰਨ ਸੁਣਨ ਵਾਲੇ ਸੁਰਤਿ = ਕੰਨ ਤੇ ਨਾਨਾ ਤਰ੍ਹਾਂ ਦੇ ਰਸਾਂ ਕਸਾਂ ਦਾ ਸੁਆਦ ਚੱਖਣ ਵਾਲੀ ਰਸਨਾ ਜਾਂ ਨਾਨਾ ਤਰ੍ਹਾਂ ਦੇ ਰਸਾਂ ਕਸਾਂ ਵਾਲੇ ਪਦਾਰਥਾਂ ਦੇ ਆਨੰਦ ਮਿਲਣੇ ਹਨ ਭਾਵ ਇਸ ਮਨੁੱਖਾ ਜਨਮ ਵਰਗੇ ਸੁੰਦਰ ਅੰਗ ਕਿਸ ਜੂਨ ਵਿਚ ਮਿਲਣੇ ਹਨ ਭਾਵ ਨਹੀਂ ਮਿਲਣੇ। ਇਸ ਲਈ ਇਨ੍ਹਾਂ ਅੰਗਾਂ ਨਾਲ ਸਤਿਸੰਗਤ ਦੀ ਸੇਵਾ ਕਰੀਏ।

ਪੁਨਿ ਕਤ ਸਾਧ-ਸੰਗੁ ਚਰਨ ਸਰਨਿ ਗੁਰ;
ਗਿਆਨ ਧਿਆਨ ਸਿਮਰਨ ਪ੍ਰੇਮ ਮਧੁ ਪ੍ਰਜੋਗ ਹੈ॥

ਪੁਨਿ = ਫੇਰ ਕਤ = ਕਿਥੇ ਸਾਧ-ਸੰਗੁ = ਸਤਿਸੰਗਤ, ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਆ ਕੇ ਮਿਲਣਾ ਹੈ ਅਤੇ ਗੁਰਾਂ ਦੇ ਉਪਦੇਸ਼ ਦੁਆਰਾ ਗਿਆਨ ਧਿਆਨ ਤੇ ਪਰਮੇਸ਼ਰ ਨੂੰ ਪ੍ਰੇਮ ਨਾਲ ਸਿਮਰਨ = ਯਾਦ ਕਰਨ ਦਾ ਆਨੰਦ ਮਧੁ = ਅੰਮ੍ਰਿਤ ਨਾਲੋਂ ਵੀ ਮਿੱਠਾ ਹੈ, ਇਸ ਦਾ ਪ੍ਰਜੋਗ = ਮੇਲ ਕਿਥੋਂ ਹੋਣਾ ਹੈ, ਭਾਵ ਫੇਰ ਨਹੀਂ ਮਿਲਣਾ।

ਸਫਲੁ ਜਨਮੁ ਗੁਰਮੁਖ ਸੁਖਫਲ ਚਾਖ;
ਜੀਵਨ ਮੁਕਤਿ ਹੋਇ ਲੋਗ ਮੈ ਅਲੋਗ ਹੈ॥੨੪੩॥

ਇਸ ਲਈ ਜਲਦੀ ਹੀ ਮਨੁੱਖਾ ਜਨਮ ਨੂੰ ਸਫਲ = ਸਫਲਾ ਕਰਨ ਲਈ **ਵਾ:** (ਸ + ਫਲ) ਸ = ਸਹਿਤ ਗਿਆਨ ਰੂਪੀ ਫਲ ਨੂੰ ਪ੍ਰਾਪਤ ਕਰਨ ਲਈ ਗੁਰਮੁਖਤਾਈ ਧਾਰਨ ਕਰ ਕੇ ਸੁਖ = ਆਨੰਦ ਰੂਪੀ ਫਲ ਨੂੰ ਚਾਖ = ਚੱਖਣਾ ਕਰੋ ਅਤੇ ਜੀਵਨ ਮੁਕਤ ਹੋਇ = ਹੋ ਕੇ ਲੋਗ = ਲੋਕਾਂ ਦੀ ਗੀਤੀ ਮੈ = ਵਿਚ ਰਹਿੰਦੇ ਹੋਏ ਅਲੋਗ = ਲੋਕ-ਰੀਤੀ ਤੋਂ ਰਹਿਤ ਹੋਣਾ ਕਰੋ **ਵਾ:** ਜੀਵਨ ਮੁਕਤ ਹੋ ਕੇ ਸੰਸਾਰੀ ਲੋਗ = ਲੋਕਾਂ ਮੈ = ਵਿਚ ਰਹਿੰਦੇ ਹੋਏ ਵੀ ਸੰਸਾਰੀ ਅਲੋਗ = ਲੋਕਾਂ ਤੋਂ ਰਹਿਤ ਹੋ ਕੇ ਰਹਿਣਾ ਕਰੋ॥੨੪੩॥

ਰਚਨ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰਪਨ;
ਚਿਤ੍ਰਹਿ ਚਿਤੈ ਚਿਤੈ ਚਿਤੇਰਾ ਉਰ ਆਨੀਐ॥

ਇਹ ਸੰਸਾਰਕ ਰਚਨ = ਬਣਾਵਟ ਦਾ ਚਿਤ੍ਰ = ਨਕਸ਼ਾ ਰੂਪ ਜੋ ਚਰਿਤ੍ਰ = ਚਲਿੱਤਰ ਹੈ, ਉਹ ਬਿਸਮ = ਹੈਰਾਨ ਕਰ ਦੇਣ ਵਾਲੇ ਬਚਿਤ੍ਰਪਨ = ਅਸਚਰਜ ਭਾਵ ਵਾਲਾ ਹੈ, ਇਸ ਤਰ੍ਹਾਂ ਇਸ ਸੰਸਾਰ ਰੂਪ ਚਿਤ੍ਰਹਿ = ਨਕਸ਼ੇ ਨੂੰ ਚਿਤੈ ਚਿਤੈ = ਯਾਦ ਕਰਦਿਆਂ ਕਰਦਿਆਂ ਭਾਵ ਵੇਖਦਿਆਂ ਵੇਖਦਿਆਂ ਗੁਰਮੁਖ ਜਨ ਇਸ ਦੇ ਚਿਤੇਰਾ = ਚਿਤਰਨ ਵਾਲੇ ਪਰਮੇਸ਼ਰ ਨੂੰ ਉਰ = ਹਿਰਦੇ ਵਿਚ ਆਨੀਐ = ਲਿਆਉਂਦੇ ਹਨ।

ਬਚਨ ਬਿਬੇਕ ਟੇਕ ਏਕ ਹੀ ਅਨੇਕ ਮੇਕ;
ਸੁਨਿ ਧੁਨਿ ਜੰਤ੍ਰ ਜੰਤ੍ਰਧਾਰੀ ਉਨਮਾਨੀਐ॥

ਬਚਨ = ਬਾਣੀ ਦੇ ਬਿਬੇਕ ਦੀ ਟੇਕ = ਓਟ ਵਿਚ ਏਕ = ਇਕ ਚੇਤਨ ਸੱਤਾ ਮਾਤਰ ਹੀ ਅਨੇਕ = ਬਹੁਤਿਆਂ ਵਿਚ ਮੇਕ = ਮਿਲੀ ਹੋਈ ਜਾਣ ਕੇ ਹਰ ਧੁਨਿ = ਧੁਨੀ ਨੂੰ ਸੁਨਿ = ਸੁਣ ਕੇ ਇਸ ਪ੍ਰਕਾਰ ਇਕ ਰੂਪ ਉਨਮਾਨੀਐ = ਵਿਚਾਰੀਦੇ, ਮੰਨੀਦੇ ਹਨ ਜਿਵੇਂ ਜੰਤ੍ਰ = ਵਾਜੇ ਦੀ ਤੇ ਜੰਤ੍ਰਧਾਰੀ = ਵਾਜਾ ਵਜਾਉਣ ਵਾਲੇ ਦੀ ਧੁਨੀ ਨੂੰ ਸੁਣ ਕੇ ਇਕ ਰੂਪ ਹੀ ਵਿਚਾਰਨਾ (ਮੰਨਣਾ) ਕਰੀਦਾ ਹੈ।

ਅਸਨ ਬਸਨ ਧਨ ਸਰਬ ਨਿਧਾਨ ਦਾਨ;
ਕਰੁਨਾ-ਨਿਧਾਨ ਸੁਖਦਾਈ ਪਹਿਚਾਨੀਐ॥

ਅਸਨ = ਭੋਜਨ, ਬਸਨ = ਬਸਤਰ, ਧਨ = ਰੋਕੜੀ ਤੇ ਸਰਬ = ਸਾਰੇ ਨਿਧਾਨ = ਖ਼ਜ਼ਾਨੇ ਦਾ ਦਾਨ ਕਰਨ

ਵਾਲਾ ਦਾਤਾ, ਕਰੁਨਾ = ਕ੍ਰਿਪਾ ਦੇ ਨਿਧਾਨ = ਖ਼ਜ਼ਾਨੇ ਸੁਖਦਾਈ = ਸੁਖਾਂ ਦੇ ਦਾਤੇ ਪਰਮੇਸ਼ਰ ਨੂੰ ਹੀ ਪਹਿਚਾਨੀਐ = ਪਛਾਣਦੇ ਹਨ ਭਾਵ ਇਕ ਪਰਮੇਸ਼ਰ ਤੋਂ ਬਗ਼ੈਰ ਹੋਰ ਕਿਸੇ ਦੀ ਓਟ ਨਹੀਂ ਧਾਰਦੇ।

ਕਥਤਾ ਬਕਤਾ ਸੋ੍ਤਾ ਦਾਤਾ ਭੁਗਤਾ ਸ੍ਬਗਿ;
ਪੂਰਨ ਬ੍ਹਮ ਗੁਰ ਸਾਧ ਸੰਗਿ ਜਾਨੀਐ ॥੨੪੪॥

ਕਥਤਾ = ਕਥਨ ਕਰਨ ਵਾਲਾ, ਬਕਤਾ = ਵਖਿਆਨ ਕਰਨ ਵਾਲਾ, ਸੋ੍ਤਾ = ਸੁਣਨ ਵਾਲਾ, ਦਾਤਾ = ਦਾਤਾਂ ਦੇਣ ਵਾਲਾ, ਭੁਗਤਾ = ਭੋਗਣ ਵਾਲਾ, ਸ੍ਬਗਿ = ਸਰਬ-ਵਿਆਪੀ, ਪੂਰਨ = ਪਰੀਪੂਰਨ ਬ੍ਹਮ = ਵਿਆਪਕ ਪਰਮੇਸ਼ਰ ਦਾ ਸਰੂਪ ਗੁਰ = ਸਤਿਗੁਰੂ ਸਾਹਿਬ ਨੂੰ ਸਾਧਸੰਗਿ = ਸਤਿਸੰਗਤ ਵਿਚ ਮਿਲ ਕੇ ਗੁਰਮੁਖ ਜਨ ਜਾਨੀਐ = ਜਾਨਣਾ ਕਰਦੇ ਹਨ ॥੨੪੪॥

ਲੋਚਨ ਸ੍ਵਨ ਮੁਖ ਨਾਸਿਕਾ ਹਸਤ ਪਗ;
ਚਿਹਨ ਅਨੇਕ, ਮਨ ਮੇਕ ਜੈਸੇ ਜਾਨੀਐ ॥

ਲੋਚਨ = ਨੇਤਰ, ਸ੍ਵਨ = ਕੰਨ, ਮੁਖ = ਮੂੰਹ, ਨਾਸਿਕਾ = ਨਾਸਾਂ, ਹਸਤ = ਹੱਥ ਤੇ ਪਗ = ਪੈਰ ਆਦਿਕ ਚਿਹਨ = ਚਿੰਨ੍ਹ ਅੰਗ ਅਨੇਕ = ਅਨੰਤ ਹੀ ਹਨ, ਪਰੰਤੂ ਇਨ੍ਹਾਂ ਅਨੇਕਾਂ ਵਿਚ ਜੈਸੇ = ਜਿਸ ਪ੍ਰਕਾਰ ਹੀ ਮੇਕ = ਮਿਲਿਆ ਹੋਇਆ ਜਾਨੀਐ = ਜਾਣੀਦਾ ਹੈ।

ਅੰਗ ਅੰਗ ਪੁਸ਼ਟ ਤੁਸ਼ਟਮਾਨ ਹੋਤ ਜੈਸੇ;
ਏਕ ਮੁਖ ਸ੍ਵਾਦ ਰਸ ਅਰਪਤਿ ਮਾਨੀਐ ॥

ਜੈਸੇ = ਜਿਸ ਪ੍ਰਕਾਰ ਏਕ = ਇੱਕੋ ਹੀ ਮੁਖ = ਮੂੰਹ ਵਿਚ ਸ੍ਵਾਦ = ਸਵਾਦਿਕ ਰਸਾਂ ਵਾਲੇ ਪਦਾਰਥਾਂ ਦੇ ਅਰਪਤਿ = ਅਰਪਨਾ ਮਾਨੀਐ = ਮੰਨਣਾ ਕਰੀਦਾ ਹੈ ਤਾਂ ਅੰਗ ਅੰਗ ਭਾਵ ਸਰੀਰ ਦੇ ਹਰੇਕ ਅੰਗਾਂ ਨੂੰ ਪੁਸ਼ਟ = ਪਾਲਣਾ ਕਰਦਾ ਹੈ ਤੇ ਸਰੀਰ ਤੁਸ਼ਟਮਾਨ = ਪ੍ਰਸੰਨ ਹੋਤ = ਹੁੰਦਾ ਹੈ।

ਮੂਲ ਏਕ ਸਾਖਾ ਪਰ ਸਾਖਾ ਜਲ ਜਿਉ ਅਨੇਕ;
ਬ੍ਹਮ ਬਿਬੇਕ ਜਾਵਦੇਕ ਉਰ ਆਨੀਐ ॥

ਜਿਉ = ਜਿਵੇਂ ਏਕ = ਇਕ ਮੂਲ = ਮੁੱਢ ਨੂੰ ਜਲ = ਪਾਣੀ ਦਿੱਤਿਆਂ ਅਨੇਕ = ਅਨੰਤ ਹੀ ਸਾਖਾ = ਟਾਹਣੀਆਂ ਪਰ = ਉੱਤੇ ਹੋਰ ਸਾਖਾ = ਟਾਹਣੀਆਂ ਸੁਤੇ-ਸਿਧ ਹੀ ਪੈਦਾ ਹੋ ਜਾਇਆ ਕਰਦੀਆਂ ਹਨ, ਜਿਹੜਾ ਸਾਰਾ ਸੰਸਾਰਕ ਪਸਾਰਾ ਦਿਸ ਰਿਹਾ ਹੈ, ਇਹ ਜਾਵਦੇਕ = ਇਕ ਬ੍ਹਮ = ਪਰਮੇਸ਼ਰ ਹੀ (ਬਿਬ + ਏਕ) ਬਿਬ = ਦੋ ਭਾਵ ਅਨੇਕਤਾ ਵਿਚ ਏਕ = ਇਕ ਰੂਪ ਰਮਿਆ ਹੋਇਆ ਉਰ = ਹਿਰਦੇ ਵਿਚ ਆਨੀਐ = ਲਿਆਉਣਾ ਚਾਹੀਦਾ ਹੈ।

ਗੁਰਮੁਖਿ ਦਰਪਨ ਦੇਖੀਅਤ ਆਪਾ ਆਪੁ;
ਆਤਮ ਅਵੇਸ ਪਰਮਾਤਮ ਗਿਆਨੀਐ ॥੨੪੫॥

ਇਉਂ ਜਿਨ੍ਹਾਂ ਗੁਰਮੁਖ ਜਨਾਂ ਨੇ ਗੁਰ-ਉਪਦੇਸ਼ ਰੂਪ ਦਰਪਨ = ਸ਼ੀਸ਼ੇ ਵਿਚ ਆਪਾ ਆਪੁ = ਆਪਣਾ

ਆਪ (ਸ੍ਵੈ ਸਰੂਪ) ਦੇਖੀਅਤ = ਦੇਖਣਾ ਕੀਤਾ ਹੈ, ਉਨ੍ਹਾਂ ਨੇ ਆਪਣੇ ਆਪ ਦਾ ਵਿਚਾਰ ਕੀਤਾ ਹੈ ਤੇ ਉਨ੍ਹਾਂ ਦਾ ਆਤਮ = ਮਨ ਪਰਮਾਤਮ = ਪਰਮੇਸ਼ਰ ਦੇ ਗਿਆਨੀਐ = ਗਿਆਨ ਵਿਚ ਅਵੇਸ = ਦਾਖ਼ਲ, ਇਸਥਿਤ ਰਹਿੰਦਾ ਹੈ॥੨੪੫॥

ਜਤ ਸਤ ਸਿੰਘਾਸਨ, ਸਹਜ ਸੰਤੋਖ ਮੰਤ੍ਰੀ;
ਧਰਮ ਧੀਰਜ ਧੁਜਾ ਅਬਿਚਲ ਰਾਜ ਹੈ॥

ਗੁਰਮੁਖ ਜਨਾਂ ਦਾ ਜਤ = ਇੰਦਰੀਆਂ ਨੂੰ ਕਾਬੂ ਕਰਨ ਤੇ ਸਤ = ਸੱਚ ਪ੍ਰਤੱਗੀ ਹੋਣ ਰੂਪ ਸਿੰਘਾਸਨ = ਤਖ਼ਤ ਹੁੰਦਾ ਹੈ, ਸਹਜ = ਸ਼ਾਂਤੀ ਤੇ ਸੰਤੋਖ = ਸਬਰ ਰੂਪ ਮੰਤ੍ਰੀ = ਸਲਾਹਕਾਰ (ਵਜ਼ੀਰ) ਹੁੰਦਾ ਹੈ, ਧਰਮ ਨੂੰ ਧਾਰਨ ਕਰ ਕੇ ਰੱਖਣਾ ਤੇ ਧੀਰਜ = ਚਿੱਤ ਦਾ ਟਿਕਾਉ ਕਰਨ ਰੂਪ ਧੁਜਾ = ਝੰਡਾ ਹੁੰਦਾ ਹੈ, ਇਹੋ ਗੁਰਮੁਖ ਜਨਾਂ ਦਾ ਅਬਿਚਲ = ਅਚੱਲ ਰਾਜ ਹੈ।

ਸਿਵ ਨਗਰੀ ਨਿਵਾਸ, ਦਇਆ ਦੁਲਹਨੀ ਮਿਲੀ;
ਭਾਗ ਤਉ ਭੰਡਾਰੀ, ਭਾਉ ਭੋਜਨ ਸਕਾਜ ਹੈ॥

ਸਿਵ = ਕਲਿਆਨ ਸਰੂਪ ਦੀ ਪ੍ਰਾਪਤੀ ਕਰਾਉਣ ਵਾਲੀ ਸਤਿਸੰਗਤ ਰੂਪੀ ਨਗਰੀ ਵਿਚ ਗੁਰਮੁਖ ਹਰ ਵਕਤ ਨਿਵਾਸ = ਵਾਸਾ ਕਰਦੇ ਹਨ, ਉਨ੍ਹਾਂ ਨੂੰ ਦਇਆ = ਤਰਸ ਕਰਨ ਰੂਪ ਦੁਲਹਨੀ = ਲਾੜੀ ਮਿਲੀ = ਪ੍ਰਾਪਤ ਹੋਈ ਹੈ, ਪ੍ਰਾਲਬਧ ਭਾਗ = ਕਰਮ ਰੂਪ ਭੰਡਾਰੀ = ਖ਼ਜ਼ਾਨਚੀ ਹੈ **ਵਾ:** ਜੋ ਪੂਰਬਲੇ ਚੰਗੇ ਕਰਮ ਕੀਤੇ ਹਨ ਇਹ ਭੰਡਾਰੀ = ਲਾਂਗਰੀ ਹੈ, ਭਾਉ = ਪ੍ਰੇਮ ਰੂਪੀ ਭੋਜਨ ਹੈ, ਇਉਂ ਗੁਰਮੁਖ ਜਨਾਂ ਦਾ ਉਪਰੋਕਤ ਸਕਾਜ (ਸ + ਕਾਜ) ਸ = ਸਾਰਾ ਕਾਜ = ਕਾਰਜ ਹੈ।

ਅਰਥ ਬੀਚਾਰ ਪਰਮਾਰਥ ਕੈ ਰਾਜਨੀਤਿ;
ਛਤ੍ਰਪਤਿ ਛਿਮਾ ਛੰਤ੍ਰ ਛਾਇਆ ਛਬਿ ਛਾਜ ਹੈ॥

ਪਰਮਾਰਥ = ਸਾਰ ਵਸਤੂ ਕੈ = ਦੇ ਅਰਥ = ਸਿਧਾਂਤ ਅਨੁਸਾਰ ਬੀਚਾਰ = ਵਿਚਾਰਨਾ ਗੁਰਮੁਖ ਜਨਾਂ ਦੀ ਇਹੋ ਰਾਜਨੀਤੀ ਹੈ **ਵਾ:** ਪਰਮਾਰਥ = ਸ੍ਰੇਸ਼ਟ ਨਿਰਨਾ ਕਰਨਾ ਅਰਥ = ਪਦਾਰਥ ਹੈ, ਪਰਮੇਸ਼ਰ ਨੂੰ ਸਾਖੀ ਚੇਤਨ ਜਾਣ ਕੇ ਨਿਆਏਂ ਕਰਨਾ ਇਹ ਰਾਜਨੀਤੀ ਹੈ, ਸਾਰਿਆਂ ਨੂੰ ਛਿਮਾ = ਖਿਮਾ ਕਰਨ ਰੂਪ ਛਤ੍ਰ ਹੈ, ਇਉਂ ਗੁਰਮੁਖ ਜਨ ਉਪਰੋਕਤ ਸ਼ੁਭ ਗੁਣਾਂ ਦੀ ਛਾਜ = ਸਜਾਵਟ ਰੂਪੀ ਛਾਇਆ ਕਰ ਕੇ ਲੋਕ-ਪ੍ਰਲੋਕ ਵਿਚ ਛਬਿ = ਸੋਭਾ ਪਾਉਂਦੇ ਹਨ।

ਆਨਦ ਸਮੂਹ ਸੁਖ ਸਾਂਤਿ ਪਰਜਾ ਪ੍ਰਸੰਨ;
ਜਗਮਗ ਜੋਤਿ ਅਨਹਦ-ਧੁਨਿ ਬਾਜ ਹੈ॥੨੪੬॥

ਸਮੂਹ = ਸਾਰੀ ਸਿੱਖ ਸੰਗਤ ਪਰਜਾ = ਰਈਅਤ ਦੀ ਨਿਆਈਂ ਹੈ, ਅਤਿਅੰਤ ਆਨਦ = ਆਨੰਦ ਵਿਚ ਤੇ ਸਾਂਤਿ = ਸ਼ਾਂਤੀ ਵਾਲੇ ਸੁਭਾਅ ਵਿਚ ਪਰਜਾ ਨੂੰ ਪ੍ਰਸੰਨ = ਖ਼ੁਸ਼ ਰੱਖਣਾ ਇਹੋ ਹੀ ਸੁਖ = ਆਨੰਦ ਹੈ, ਚਿੱਤ ਵਿਚ ਸੱਚ ਸਰੂਪ ਦਾ ਜੋਤਿ = ਪ੍ਰਕਾਸ਼ ਹੋਣਾ ਇਹ ਸਾਰੀ ਰਾਜ ਭਾਗ ਦੀ ਸਜਾਵਟ ਦਾ ਜਗਮਗ = ਪ੍ਰਕਾਸ਼

ਹੈ, ਅਨਹਦ = ਇਕ-ਰਸ ਕੀਰਤਨ ਦੀ ਧੁਨਿ = ਧੁਨੀ ਨੂੰ ਉਚਾਰਨ ਕਰਨਾ ਇਹੋ ਨਗਾਰਿਆਂ ਦਾ ਬਾਜ = ਵੱਜਣਾ ਹੈ ॥੨੪੬॥

ਪਾਂਚੋ ਮੁੰਦ੍ਰਾ ਚਕ੍ਰ ਖਟ ਭੇਦਿ ਚਕ੍ਰਵੈ ਕਹਾਏ;
ਉਲੰਘਿ ਤ੍ਰਿਬੇਨੀ ਤ੍ਰਿਕੁਟੀ ਤ੍ਰਿਕਾਲ ਜਾਨੇ ਹੈ ॥

ਪਾਂਚੋ = ਪੰਜ (ਖੇਚਰੀ, ਭੂਚਰੀ, ਚਰਚਰੀ, ਅਗੋਚਰੀ, ਉਨਮਨੀ) ਮੁੰਦ੍ਰਾ ਨੂੰ ਸਾਧਨਾ ਦੁਆਰਾ ਤੇ ਖਟ = ਛੇ ਚੱਕਰਾਂ ਨੂੰ ਭੇਦਿ = ਬੇਧਨ ਕਰ ਕੇ ਗੁਰਮੁਖ ਚਕ੍ਰਵੈ = ਚੱਕਰਵਰਤੀ ਰਾਜੇ ਵਾਂਗ ਅਚੱਲ ਪ੍ਰਤਾਪ ਵਾਲੇ ਕਹਾਏ = ਕਹਾਉਂਦੇ ਹਨ ਤੇ ਤ੍ਰਿਬੇਨੀ = ਤਿੰਨਾਂ ਨਦੀਆਂ ਵਤ ਇੜਾ, ਪਿੰਗਲਾ, ਸੁਖਮਨਾ ਤ੍ਰਿਕੁਟੀ = ਗਿਆਤਾ, ਗਿਆਨ, ਗੇਯ ਰੂਪ ਆਦਿ ਦੇ ਕਠਿਨ ਅਭਿਆਸ ਨੂੰ ਉਲੰਘਿ = ਟੱਪ ਕੇ ਤ੍ਰਿਕਾਲ = ਤਿੰਨਾਂ (ਭੂਤ, ਭਵਿੱਖਤ, ਵਰਤਮਾਨ) ਸਮਿਆਂ ਵਿਚ ਹੋਣ ਵਾਲੇ ਵਰਤਾਰੇ ਨੂੰ ਜਾਨੇ = ਜਾਣ ਲੈਣਾ ਕਰਦੇ ਹਨ।

ਨਵ ਘਰ ਜੀਤਿ ਨਿਜ ਆਸਨ ਸਿੰਘਾਸਨ ਮੈ;
ਨਗਰ ਅਗਮ-ਪੁਰ ਜਾਇ ਠਹਿਰਾਨੇ ਹੈ ॥

ਐਸੇ ਗੁਰਮੁਖ ਜਨ ਜੋ ਨਵ = ਨੌਂ ਗੋਲਕਾਂ (ਦੋ ਨੇਤਰ, ਦੋ ਨਾਸਾਂ, ਕੋ ਕੰਨ, ਮੁਖ, ਲਿੰਗ ਤੇ ਗੁਦਾ) ਵਾਲਾ ਘਰ = ਸਰੀਰ ਹੈ, ਇਸ ਨੂੰ ਵਿਸ਼ੇ-ਵਿਕਾਰਾਂ ਵੱਲੋਂ ਜੀਤਿ = ਜਿੱਤ ਕੇ ਨਿਜ = ਆਪਣੇ ਸਰੂਪ ਰੂਪੀ ਸਿੰਘਾਸਨ = ਤਖ਼ਤ ਉੱਤੇ ਆਸਨ = ਇਸਥਿਤ, ਬੈਠਣਾ ਕਰਦੇ ਹਨ **ਵਾ:** ਸਤਿਸੰਗਤ ਰੂਪੀ ਅਸਥਾਨ ਮੈ = ਵਿਚ ਆਸਣ ਲਾ ਕੇ ਬੈਠਣਾ ਕਰਦੇ ਹਨ, ਉਹ ਐਸਾ ਨਗਰ ਹੈ ਕਿ ਜਿਥੇ ਅਗਮ-ਪੁਰ = ਗ਼ਮ, ਸ਼ੋਕ, ਡਰ ਆਦਿ ਨਹੀਂ ਹੈ, ਉਸ ਪੁਰੀ ਵਿਚ ਜਾਇ = ਜਾ ਕੇ ਠਹਿਰਾਨੇ = ਇਸਥਿਤ ਹੋਏ ਹੈ = ਹਨ। ਜੈਸਾ ਕਿ :

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥ *(ਅੰਗ ੩੪੫)*

ਆਨ ਸਰ ਤਿਆਗਿ ਮਾਨਸਰ ਨਿਹਚਲ ਹੰਸ;
ਪਰਮ ਨਿਧਾਨ ਬਿਸਮਾਹਿ ਬਿਸਮਾਨੇ ਹੈ ॥

ਜਿਵੇਂ ਹੰਸ ਆਨ = ਹੋਰ ਸਰ = ਤਲਾਵਾਂ ਨੂੰ ਤਿਆਗਿ = ਛੱਡ ਕੇ ਮਾਨਸਰ ਤਲਾਅ ਉੱਤੇ ਨਿਹਚਲ = ਅਡੋਲ ਹੋ ਕੇ ਬੈਠ ਜਾਂਦਾ ਹੈ ਤੇ ਪਰਮ = ਉੱਤਮ ਰਤਨ, ਮੋਤੀ ਰੂਪ ਨਿਧਾਨ = ਖ਼ਜ਼ਾਨੇ ਨੂੰ ਪ੍ਰਾਪਤ ਕਰਦਾ ਹੈ ਤੇ ਉਹ ਉਸ ਨੂੰ ਖਾ ਕੇ ਬਿਸਮਾਹਿ = ਅਸਚਰਜ ਤੋਂ ਬਿਸਮਾਨੇ = ਅਸਚਰਜਮਈ ਅਨੰਦ ਦੇ ਸਹਿਤ ਹੁੰਦਾ ਹੈ, ਇਸੇ ਪ੍ਰਕਾਰ ਹੰਸ ਦੀ ਨਿਆਈਂ ਗੁਰਮੁਖ ਜਨ ਹੋਰਨਾਂ ਮੱਤਾਂ ਵਾਲੇ, ਕੁਸੰਗਤ ਰੂਪ ਤਲਾਵਾਂ ਨੂੰ ਛੱਡ ਕੇ ਸਤਿਸੰਗਤ ਰੂਪ ਮਾਨਸਰੋਵਰ ਉੱਪਰ ਨਿਹਚਲ = ਅਡੋਲ ਆ ਕੇ ਬੈਠਦਾ ਹੈ ਅਤੇ ਸਤਿਸੰਗ ਰੂਪੀ ਪਰਮ = ਸ੍ਰੇਸ਼ਟ ਨਿਧਾਨ = ਖ਼ਜ਼ਾਨੇ ਵਿੱਚੋਂ ਪ੍ਰੇਮ ਰੂਪੀ ਰਤਨ, ਭਗਤੀ ਰੂਪ ਮੋਤੀ ਨੂੰ ਧਾਰਨ ਕਰ ਕੇ, ਖਾ ਕੇ ਬਿਸਮਾਹਿ = ਅਸਚਰਜ ਤੋਂ ਬਿਸਮਾਨੇ = ਅਸਚਰਜ ਸੱਚ ਸਰੂਪ ਦੀ ਪ੍ਰਾਪਤੀ ਦੇ ਅਨੰਦ ਨੂੰ ਪਾਉਣਾ ਕਰਦਾ ਹੈ।

ਉਨਮਨ ਮਗਨ ਗਗਨ ਅਨਹਦ ਧੁਨਿ;
ਬਾਜਤ ਨੀਸਾਨ ਗਿਆਨ ਧਿਆਨ ਬਿਸਰਾਨੇ ਹੈ ॥੨੪੭॥

ਜਿਸ ਉਨਮਨੀ ਅਵਸਥਾ ਵਿਚ ਗੁਰਮੁਖ ਜਨ ਮਗਨ = ਮਸਤ ਹੋ ਜਾਂਦਾ ਹੈ ਤੇ ਉਸਦੇ ਗਗਨ = ਦਸਮ

ਦੁਆਰ ਵਿਚ ਅਨਹਦ = ਹੱਦ ਤੋਂ ਰਹਿਤ ਧੁਨਿ = ਧੁਨੀ ਦੇ ਨੀਸਾਨ = ਨਗਾਰੇ ਬਾਜਤ = ਵੱਜਣ ਲੱਗ ਪੈਂਦੇ ਹਨ, ਜਿਨ੍ਹਾਂ ਵਾਜਿਆਂ ਦੀ ਧੁਨੀ ਅੱਗੇ ਸਾਰੇ ਗਿਆਨ ਧਿਆਨ ਮੁੱਢੋਂ ਹੀ ਬਿਸਰਾਨੇ = ਭੁੱਲ ਜਾਂਦੇ ਹਨ ॥੨੪੭॥

ਅਵਘਟ ਉਤਰਿ ਸਰੋਵਰਿ ਮਜਨੁ ਕਰੈ;
ਜਪਤ ਅਜਪਾ ਜਾਪੁ, ਅਨਭੈ ਅਭਿਆਸੀ ਹੈ ॥

ਕਾਮ, ਕ੍ਰੋਧ ਆਦਿ ਅਵਘਟ = ਕਠਿਨ ਘਾਟ ਉਤਰ ਕੇ ਸਤਿਸੰਗਤ ਰੂਪ ਸਰੋਵਰਿ = ਤਲਾਅ ਵਿਚ ਮਜਨੁ = ਟੁੱਭੀ ਮਾਰ ਕੇ ਇਸ਼ਨਾਨ ਕਰੈ = ਕਰਦੇ ਹਨ ਅਤੇ ਅਜਪਾ[੧] ਜਾਪ ਜਪਤ = ਜਪਦਿਆਂ ਹੋਇਆਂ, ਅਨਭੈ = ਅਨੁਭਵੀ ਅਵਸਥਾ ਦੇ ਅਭਿਆਸੀ ਬਣ ਜਾਂਦੇ ਹਨ **ਵਾ:** ਅਨਭੈ = ਡਰ ਤੋਂ ਰਹਿਤ ਵਾਹਿਗੁਰੂ ਦੇ ਨਾਮ ਦਾ ਅਭਿਆਸ ਕਰਨ ਵਾਲੇ ਬਣ ਜਾਂਦੇ ਹਨ।

ਨਿਝਰ ਅਪਾਰ ਧਾਰ ਬਰਖਾ ਅਕਾਸ ਬਾਸ;
ਜਗਮਗ ਜੋਤਿ, ਅਨਹਦ ਅਬਿਨਾਸੀ ਹੈ ॥

ਜਦੋਂ ਨਿਝਰ = ਇਕ-ਰਸ ਅਪਾਰ = ਅਤਿਅੰਤ ਨਾਮ ਅੰਮ੍ਰਿਤ ਰੂਪ ਵਰਖਾ ਦੀ ਧਾਰ = ਧਾਰਾ ਵਰਸਣ ਲੱਗ ਪੈਂਦੀ ਹੈ ਤਾਂ ਗੁਰਮੁਖ ਜਨ ਪ੍ਰਾਣ, ਸਰੀਰ ਰੂਪ ਧਰਤੀ ਦੇ ਨਿਵਾਸ ਨੂੰ ਛੱਡ ਕੇ ਅਕਾਸ = ਬ੍ਰਹਿਮੰਡੀ ਮੰਡਲਾਂ ਦੇ ਬਾਸ = ਨਿਵਾਸੀ ਹੋ ਜਾਂਦੇ ਹਨ **ਵਾ:** ਇਸ ਸਰੀਰ, ਲੋਕ ਦੀਆਂ ਵਾਸ਼ਨਾ ਨੂੰ ਤਿਆਗ ਕੇ ਪ੍ਰਲੋਕ ਸੰਬੰਧੀ ਪ੍ਰਭੂ ਪ੍ਰਾਪਤੀ ਵਾਲੀ ਭਗਤੀ ਰੂਪੀ ਬਾਸ = ਵਾਸ਼ਨਾ ਵਾਲੇ ਬਣ ਜਾਂਦੇ ਹਨ, ਜਿਥੇ ਪਰਮੇਸ਼ਰ ਦੀ ਜੋਤ ਜਗਮਗ = ਪ੍ਰਕਾਸ਼ ਕਰਦੀ ਰਹਿੰਦੀ ਹੈ ਅਤੇ ਅਨਹਦ = ਹੱਦ ਤੋਂ ਰਹਿਤ ਤੇ ਅਬਿਨਾਸ਼ੀ ਧੁਨੀ ਇਕ-ਰਸ ਵੱਜਦੀ ਰਹਿੰਦੀ ਹੈ **ਵਾ:** ਅਨਹਦ = ਹੱਦ ਤੋਂ ਰਹਿਤ ਤੇ ਅਬਿਨਾਸੀ = ਨਾਸ਼ ਤੋਂ ਰਹਿਤ ਪਰਮੇਸ਼ਰ ਦੀ ਪ੍ਰਾਪਤੀ ਦਾ ਅਨੰਦ ਆ ਜਾਂਦਾ ਹੈ।

ਆਤਮ ਅਵੇਸ ਪਰਮਾਤਮ ਪ੍ਰਵੇਸ ਕੈ;
ਅਧਿਆਤਮ ਗਿਆਨ ਧਿਆਨ ਰਿਧਿ ਸਿਧਿ ਨਿਧਿ ਦਾਸੀ ਹੈ ॥

ਗੁਰਮੁਖ ਜਨ ਆਪਣੇ ਆਪ ਵਿਚ ਅਵੇਸ = ਸਮਾਈ ਪਾ ਕੇ ਭਾਵ ਨਿਜ ਸਰੂਪ ਵਿਚ ਬਿਰਤੀ ਲਾਉਂਦੇ ਹੋਏ ਪਰਮਾਤਮ = ਪਰਮੇਸ਼ਰ ਵਿਚ ਪ੍ਰਵੇਸ = ਦਾਖ਼ਲ ਪਾ ਲੈਣਾ ਕੈ = ਕਰਦੇ ਹਨ, ਇਸੇ ਨੂੰ ਹੀ ਆਤਮਾ ਨੂੰ ਆਸਰੇ ਕਰਨ ਵਾਲਾ ਅਧਿਆਤਮ ਗਿਆਨ ਕਹਿੰਦੇ ਹਨ ਤੇ ਇਸ ਦੇ ਧਿਆਨ ਵਿਚ ਆ ਜਾਣ ਕਰਕੇ ਸਾਰੀਆਂ ਰਿਧਿ = ਰਿਧੀਆਂ, ਸਿਧਿ = ਸਿਧੀਆਂ ਅਤੇ ਨਿਧਿ = ਨਿਧੀਆਂ ਦਾਸੀ = ਗੋਂਲੀਆਂ ਬਣ ਜਾਇਆ ਕਰਦੀਆਂ ਹਨ।

---

੧. ਅਜਪਾ = ਜੋ ਉਚਾਰਨ ਤੋਂ ਬਗ਼ੈਰ ਜਪਿਆ ਜਾਵੇ **ਵਾ:** ਜੋ ਸੁਆਸ ਦੇ ਆਉਣ ਜਾਣ ਨਾਲ ਜਪਿਆ ਜਾਏ, ਉਸ ਨੂੰ ਵੀ 'ਅਜਪਾ' ਕਹਿੰਦੇ ਹਨ **ਵਾ:** ਸਿਮਰਨ ਕਰਦਿਆਂ ਜੋ ਆਤਮਾ ਵਿਚ ਇਕ-ਰਸ ਭਾਵ ਤੇ ਸੰਗੀਤ ਵਤ ਇਕ-ਰਸ ਦੀ ਲਹਿਰ ਮਾਤਰ ਦੀ ਪ੍ਰਤੀਤੀ ਹੁੰਦੀ ਹੈ, ਨਾਮ ਅਭਿਆਸੀ ਉਸ ਨੂੰ 'ਅਜਪਾ' ਜਾਪ ਦੀ ਅਵਸਥਾ ਕਹਿੰਦੇ ਹਨ।

ਜੀਵਨ ਮੁਕਤਿ ਜਗਜੀਵਨ ਜੁਗਤਿ ਜਾਨੀ;
ਸਲਿਲ ਕਮਲ ਗਤਿ ਮਾਇਆ ਮੈ ਉਦਾਸੀ ਹੈ ॥੨੪੮॥

ਐਸੇ ਗੁਰਮੁਖ ਜਨਾਂ ਨੇ ਜਗਜੀਵਨ = ਸੰਸਾਰ ਦੇ ਜੀਵਨ ਰੂਪ ਪਰਮੇਸ਼ਰ ਨਾਲ ਇਸ ਪ੍ਰਕਾਰ ਜੁਗਤਿ = ਜੁੜਨ ਦੀ ਰੀਤੀ ਜਾਨੀ = ਜਾਣ ਲੈਣਾ ਕੀਤੀ ਹੈ, ਉਹ ਜੀਵਨ = ਜਿਉਂਦੇ ਹੀ ਜੰਮਣ ਮਰਨ ਦੇ ਬੰਧਨਾਂ ਤੋਂ ਮੁਕਤਿ = ਛੁੱਟ ਗਏ ਹਨ ਅਤੇ ਉਹ ਮਾਇਆ ਮੈ = ਵਿਚ ਵਰਤਦੇ ਹੋਏ ਵੀ ਸਲਿਲ = ਪਾਣੀ ਵਿਚ ਕਮਲ = ਕੌਲ ਫੁੱਲ ਗਤਿ = ਵਾਂਗ ਉਦਾਸੀ = ਅਲੇਪ ਰਹਿੰਦੇ ਹੈ = ਹਨ ॥੨੪੮॥

ਚਰਨ ਕਮਲ ਸਰਨਿ ਗੁਰ, ਕੰਚਨ ਭਏ ਮਨੂਰ;
ਕੰਚਨ ਪਾਰਸ ਭਏ, ਪਾਰਸੁ ਪਰਸ ਕੈ ॥

ਗੁਰ = ਸਤਿਗੁਰੂ ਸਾਹਿਬ ਜੀ ਦੇ ਚਰਨ ਕਮਲਾਂ ਦੀ ਸਰਨਿ = ਓਟ ਵਿਚ ਆਇਆਂ ਮਨੂਰ = ਜੰਗਾਲ ਦੇ ਖਾਧੇ ਲੋਹੇ ਵਤ ਵਿਕਾਰਾਂ ਕਰਕੇ ਮਲੀਨ ਹੋਇਆ ਚਿੱਤ ਵੀ ਕੰਚਨ = ਸੋਨੇ ਵਾਂਗ ਸ਼ੁੱਧ, ਨਿਰਮਲ ਭਏ = ਹੋ ਜਾਂਦਾ ਹੈ ਭਾਵ ਜੀਵ ਸ੍ਰੇਸ਼ਟ ਚਿਤ ਵਾਲਾ ਪੁਰਖ ਬਣ ਜਾਂਦਾ ਹੈ ਤੇ ਫੇਰ ਕੰਚਨ = ਸੋਨੇ ਵਤ ਨਿਰਮਲ ਮਨ ਵਾਲਾ ਗੁਰਾਂ ਦੇ ਉਪਦੇਸ਼ ਨੂੰ ਕਮਾ ਕੇ ਪਾਰਸ ਰੂਪ ਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਸਦਕਾ ਗੁਰਾਂ ਨੂੰ ਪਰਸ = ਸਪਰਸ਼ ਕਰ ਲੈਂਦਾ ਹੈ ਭਾਵ ਪ੍ਰਾਪਤ ਕਰ ਲੈਂਦਾ ਹੈ ਅਤੇ ਫੇਰ ਉਹ ਆਪ ਵੀ ਪਾਰਸ ਰੂਪ ਹੋ ਜਾਂਦਾ ਹੈ ਤੇ ਅੱਗੇ ਹੋਰਨਾਂ ਨੂੰ ਵੀ ਪਾਰਸ ਬਣਾ ਦੇਣਾ ਕਰਦਾ ਹੈ।

ਬਾਇਸ ਭਏ ਹੈ ਹੰਸ, ਹੰਸ ਤੇ ਪਰਮ-ਹੰਸ;
ਚਰਨ ਕਮਲ ਚਰਨਾਮ੍ਰਿਤ ਸੁ-ਰਸ ਕੈ ॥

ਇਉਂ ਕਹਿਣਾ ਕਰੋ ਕਿ ਗੁਰਾਂ ਦੇ ਚਰਨਾਂ ਕਮਲਾਂ ਦੇ ਚਰਨਾਮ੍ਰਿਤ ਦੇ ਸੁਰਸ (ਸੁ + ਰਸ) ਸੁ = ਸ੍ਰੇਸ਼ਟ ਰਸ ਨੂੰ ਪਾਨ ਕੈ = ਕਰ ਕੇ ਇਉਂ ਬਣ ਜਾਂਦਾ ਹੈ, ਜਿਵੇਂ ਗੰਦਗੀ ਖਾਣ ਵਾਲਾ ਬਾਇਸ = ਕਾਂ ਪਰਮਾਤਮਾ ਦੀ ਕਿਰਪਾ ਨਾਲ ਹੰਸ ਭਏ = ਹੋ ਜਾਵੇ, ਜਿਵੇਂ ਅੰਮ੍ਰਿਤਸਰ ਦੇ ਸਰੋਵਰ ਵਿਚ ਕਾਂ ਨਹਾ ਕੇ ਹੰਸ ਬਣ ਗਏ ਸੀ। ਇਸੇ ਪ੍ਰਕਾਰ ਜੀਵ ਦਾ ਮਨ ਰੂਪ ਕਾਂ ਜੋ ਵਿਸ਼ੇ ਰੂਪ ਗੰਦਗੀ ਖਾਂਦਾ ਹੈ, ਇਹ ਹੰਸ ਵਤ ਨਾਮ ਰੂਪੀ ਮੋਤੀ, ਭਗਤੀ ਰੂਪ ਰਤਨ ਖਾਣ ਲੱਗ ਜਾਂਦਾ ਹੈ ਤੇ ਫੇਰ ਹੰਸ = ਮਹਾਤਮਾ ਤੇ = ਤੋਂ ਪਰਮ = ਸ੍ਰੇਸ਼ਟ ਹੰਸ = ਮਹਾਤਮਾ ਬਣ ਜਾਂਦਾ ਹੈ ਭਾਵ ਅਪ੍ਰੋਖ ਬ੍ਰਹਮਗਿਆਨੀ ਬਣ ਜਾਂਦਾ ਹੈ।

ਸੇਂਬਲ ਸਕਲ ਫਲ, ਸਕਲ ਸੁਗੰਧ ਬਾਂਸ;
ਸੂਕਰੀ ਸੈ ਕਾਮਧੇਨ ਕਰੁਨਾ ਬਰਸ ਕੈ ॥

(ਜਿਵੇਂ ਸਿੰਮਲ ਬ੍ਰਿਛ ਦਾ ਕੋਈ ਫਲ, ਫੁੱਲ, ਪੱਤੇ ਕੰਮ ਨਹੀਂ ਆਉਂਦੇ, ਪਰ) ਗੁਰਾਂ ਦੀ ਕਰੁਨਾ = ਕਿਰਪਾ ਦ੍ਰਿਸ਼ਟੀ ਬਰਸ = ਵਰਸਣ ਕੈ = ਕਰਕੇ ਸੇਂਬਲ = ਸਿੰਮਲ ਦੀ ਨਿਆਈਂ ਸਾਕਤ ਪੁਰਸ਼ ਵਿਚ ਵੀ ਸ਼ੁਭ ਗੁਣਾਂ ਦੇ ਪੱਤੇ, ਧਰਮ ਰੂਪੀ ਫੁੱਲ, ਗਿਆਨ ਰੂਪ ਸਕਲ = ਸਾਰੇ ਫਲਾਂ ਦੇ ਸਹਿਤ ਹੋ ਜਾਂਦਾ ਹੈ ਅਤੇ ਸਕਲ = ਸਾਰੇ ਬਾਂਸਾਂ ਵਿਚ ਸੁਗੰਧੀ ਪੈਦਾ ਨਹੀਂ ਹੁੰਦੀ, ਪਰ ਬਾਂਸ ਰੂਪ ਸਾਕਤ ਪੁਰਸ਼ ਵਿਚ ਵੀ ਗੁਰੂ ਸਾਹਿਬ ਜੀ ਭਗਤੀ ਰੂਪੀ ਸੁਗੰਧੀ ਪਾ ਦਿੰਦੇ ਹਨ ਅਤੇ ਜਿਵੇਂ ਸੂਕਰੀ = ਸੂਰੀ ਗੰਦਗੀ ਫਰੋਲਦੀ ਰਹਿੰਦੀ ਹੈ, ਇਸੇ ਪ੍ਰਕਾਰ ਮਨਮੁਖ ਦੀ ਬੁੱਧ ਰੂਪ ਸੂਰੀ ਹਰ ਵਕਤ ਵਿਸ਼ੇ ਰੂਪ ਗੰਦਗੀ ਫਰੋਲਦੀ ਰਹਿੰਦੀ ਹੈ ਪਰ ਗੁਰੂ ਦੀ ਕਿਰਪਾ ਸਦਕਾ

ਵਿਸ਼ੇ-ਵਿਕਾਰਾਂ ਵਾਲੀ ਬੁੱਧੀ ਕਾਮਧੇਨ = ਕਾਮਨਾ ਪੂਰੀ ਕਰਨ ਵਾਲੀ ਗਊ ਵਤ ਦੂਸਰਿਆਂ ਉੱਪਰ ਪਰਉਪਕਾਰ ਕਰਨ ਵਾਲੀ ਬਣ ਜਾਂਦੀ ਹੈ **ਵਾ:** ਆਤਮ ਵਿਸ਼ੈਣੀ ਬਣ ਜਾਂਦੀ ਹੈ।

ਸ੍ਰੀ ਗੁਰ ਚਰਨ ਰਜ ਮਹਿਮਾ ਅਗਾਧ ਬੋਧ;
ਲੋਗ ਬੇਦ ਗਿਆਨ ਕੋਟਿ ਬਿਸਮ ਨਮਸ ਕੈ ॥੨੪੯॥

ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਚਰਨਾਂ ਦੀ ਰਜ = ਧੂੜੀ ਦੀ ਮਹਿਮਾ = ਉਪਮਾ ਅਗਾਧ ਬੋਧ ਹੈ **ਵਾ:** ਬੋਧ = ਜਾਣਨਾ ਬਹੁਤ ਕਠਿਨ ਹੈ, ਕਿਉਂਕਿ ਲੋਗ = ਲੋਕ ਤੇ ਬੇਦ ਸ਼ਾਸਤਰਾਂ ਦੇ ਕੋਟਿ = ਕਰੋੜਾਂ ਗਿਆਨ ਬਿਸਮ = ਹੈਰਾਨ ਹੋ ਕੇ ਗੁਰਾਂ ਦੀ ਚਰਨ ਧੂੜੀ ਨੂੰ ਨਮਸ = ਨਮਸਕਾਰ ਕੈ = ਕਰਦੇ ਹਨ ॥੨੪੯॥

ਕੋਟਿਨ ਕੋਟਾਨਿ ਅਸਚਰਜ ਅਸਚਰਜ-ਮੈ;
ਕੋਟਿਨ ਕੋਟਾਨਿ ਬਿਸਮਾਦ ਬਿਸਮਾਦ ਹੈ ॥

ਕੋਟਿਨ = ਕਰੋੜਾਂ ਦੇਵੀ ਦੇਵਤੇ ਕੋਟਾਨਿ = ਕਰੋੜਾਂ ਹੀ ਵਾਰ ਅਸਚਰਜ ਅਸਚਰਜ = ਵਿਸਮਾਦ ਤੋਂ ਵਿਸਮਾਦ ਮੈ = ਸਰੂਪ ਵਾਹਿਗੁਰੂ ਦੇ ਉੱਪਰੋਂ ਕੁਰਬਾਨ ਜਾਂਦੇ ਹਨ, ਕੋਟਿਨ = ਕਰੋੜਾਂ ਹੀ ਮਾਤ ਲੋਕ ਤੇ ਕੋਟਾਨਿ = ਕਰੋੜਾਂ ਹੀ ਪ੍ਰਲੋਕ ਆਦਿ ਬਿਸਮਾਦ = ਅਸਚਰਜ ਸਰੂਪ ਪਰਮੇਸ਼ਰ ਨੂੰ ਵੇਖ ਕੇ ਬਿਸਮਾਦ = ਹੈਰਾਨ ਹੁੰਦੇ ਹਨ।

ਅਦਭੁਤ ਪਰਮਦਭੁਤ ਹੁਇ ਕੋਟਾਨਿ ਕੋਟਿ;
ਗਦ ਗਦ ਹੋਤ ਕੋਟਿ ਅਨਹਦ ਨਾਦ ਹੈ ॥

ਕੋਟਾਨਿ = ਕਰੋੜਾਂ ਹੀ ਅਦਭੁਤ = ਅਨੋਖੇ ਪਦਾਰਥ ਕੋਟਿ = ਕਰੋੜਾਂ ਵਾਗੀ ਪਰਮਦਭੁਤ = ਅਤਿਅੰਤ ਅਸਚਰਜ ਸਰੂਪ ਪਰਮੇਸ਼ਰ ਉੱਪਰੋਂ ਵਾਰਨੇ ਹੁਇ = ਹੁੰਦੇ ਹਨ। ਕੋਟਿ = ਕਰੋੜਾਂ ਹੀ ਅਨਹਦ = ਹੱਦ ਤੋਂ ਰਹਿਤ, ਇਕ-ਰਸ ਨਾਦ = ਵਾਜਿਆਂ ਦੁਆਰਾ ਸ਼ਬਦ ਨੂੰ ਉਚਾਰਨ ਵਾਲੇ ਗਦ ਗਦ = ਅਤਿਅੰਤ ਪ੍ਰਸੰਨ ਹੋਤ = ਹੁੰਦੇ ਹਨ।

ਕੋਟਿਨ ਕੋਟਾਨਿ ਉਨਮਨੀ ਗਨੀ ਜਾਤ ਨਹੀ;
ਕੋਟਿਨ ਕੋਟਾਨਿ ਕੋਟਿ ਸੁੰਨ ਮੰਡਲਾਦਿ ਹੈ ॥

ਕੋਟਿਨ = ਕਰੋੜਾਂ ਕੋਟਾਨਿ = ਕਰੋੜਾਂ ਹੀ ਉਨਮਨੀ = ਤੁਰੀਆ ਪਦ ਦੀਆਂ ਮਸਤੀਆਂ ਗਨੀ = ਗਿਣੀਆਂ ਨਹੀਂ ਜਾਤ = ਜਾਂਦੀਆਂ, ਭਾਵ ਉਨਮਨੀ (ਤੁਰੀਆ) ਅਵਸਥਾ ਵਿਚ ਪਹੁੰਚ ਵਾਲੇ ਵੀ ਪਰਮੇਸ਼ਰ ਦਾ ਅੰਤ ਨਹੀਂ ਪਾ ਸਕਦੇ ਅਤੇ ਕੋਟਿਨ = ਕਰੋੜਾਂ ਹੀ ਮੰਡਲਾਦਿ = ਦੇਸ ਪ੍ਰਦੇਸ ਆਦਿ ਵਿਚ ਰਹਿਣ ਵਾਲੇ ਕੋਟਾਨਿ = ਕਰੋੜਾਂ ਲੋਕ ਤੇ ਸੁੰਨ = ਅਫੁਰ ਅਵਸਥਾ ਵਿਚ ਰਹਿਣ ਵਾਲੇ ਕੋਟਿ = ਕਰੋੜਾਂ ਲੋਕ ਵੀ ਪਰਮੇਸ਼ਰ ਤੋਂ ਵਾਰਨੇ ਬਲਿਹਾਰਨੇ ਜਾਂਦੇ ਹਨ।

ਗੁਰਮੁਖਿ ਸਬਦ ਸੁਰਤਿ ਲਿਵ ਸਾਧ ਸੰਗਿ;
ਅੰਤ ਕੈ ਅਨੰਤ ਪ੍ਰਭੁ ਆਦਿ ਪਰਮਾਦਿ ਹੈ ॥੨੫੦॥

ਜੋ ਪ੍ਰਭੁ = ਪਰਮੇਸ਼ਰ ਅੰਤ = ਅਖ਼ੀਰ ਪਾਉਣ ਕੈ = ਕਰਕੇ ਅਖ਼ੀਰ ਪਾਉਣ ਤੋਂ ਅਨੰਤ = ਬੇਅੰਤ ਸਰੂਪ

ਹੈ ਤੇ ਜੋ ਸਾਰੀ ਸ੍ਰਿਸ਼ਟੀ ਦਾ ਆਦਿ = ਮੁੱਢ ਤੇ ਪਰਮਾਦਿ = ਮਾਇਆ ਆਦਿਕ ਤੋਂ ਵੀ ਪਹਿਲਾਂ ਹੈ, ਐਸੇ ਪਰਮੇਸ਼ਰ ਵਿਚ ਗੁਰਮੁਖ ਜਨ ਸਾਧਸੰਗਿ = ਸਤਿਸੰਗਤ ਵਿਚ ਜਾ ਕੇ ਗੁਰ ਸ਼ਬਦ = ਉਪਦੇਸ਼ ਨੂੰ ਸੁਣ ਕੇ ਸੁਰਤਿ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਚਿੱਤ ਦੀ ਲਿਵ-ਬਿਰਤੀ ਲਾਉਂਦੇ ਹਨ॥੨੫੦॥

ਗੁਰਮੁਖਿ ਸਬਦ ਸੁਰਤਿ ਲਿਵ ਸਾਧ ਸੰਗਿ;
ਉਲਟਿ ਪਵਨ ਮਨ ਮੀਨ ਕੀ ਚਪਲ ਹੈ॥

ਗੁਰਮੁਖ ਜਨ ਸਾਧਸੰਗਿ = ਸਤਿਸੰਗਤ ਵਿਚ ਜਾ ਕੇ ਗੁਰ ਸਬਦ = ਉਪਦੇਸ਼ ਵਿਚ ਸੁਰਤਿ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਚਿੱਤ ਦੀ ਲਿਵ = ਬਿਰਤੀ ਲਾਉਂਦੇ ਹਨ ਅਤੇ ਚਪਲ = ਚੰਚਲ ਮੀਨ = ਮੱਛੀ ਕੀ = ਦੀ ਤਰ੍ਹਾਂ ਜੋ ਮਨ ਦਾ ਸੰਕਲਪ ਸੀ ਤੇ ਪਵਨ = ਹਵਾ ਵਾਂਗ ਉੱਡਦੇ ਹੋਏ ਮਨ ਨੂੰ ਉਲਟਿ = ਉਲਟਾਉਂਦਿਆਂ ਨਾਮ ਵਿਚ ਲਾਉਂਦੇ ਹਨ ਭਾਵ ਆਉਂਦੇ ਜਾਂਦੇ ਸੁਆਸਾਂ ਨਾਲ ਪਰਮੇਸ਼ਰ ਦਾ ਨਾਮ ਜਪਦੇ ਹਨ।

ਸੋਹੰ ਸੋ ਅਜਪਾ ਜਾਪ ਚੀਨੀਅਤ ਆਪਾ ਆਪ;
ਉਨਮਨੀ ਜੋਤਿ ਕੋ ਉਦੋਤ ਹੁਇ ਪ੍ਰਬਲ ਹੈ॥

ਫੇਰ ਸੋਹੰ (ਸੋ + ਹੰ) ਸੋ = ਉਹ ਮੈਂ ਹੰ = ਹਾਂ ਤੇ ਸੋ = ਉਸ ਪਰਮੇਸ਼ਰ ਦੇ ਅਜਪਾ ਜਾਪ ਨੂੰ ਜਪਦਿਆਂ ਗੁਰਮੁਖ ਜਨ ਆਪਾ ਆਪ = ਆਪਣੇ ਨਿਜ ਸਰੂਪ ਦੀ ਚੀਨੀਅਤ = ਪਛਾਣ ਕਰ ਲੈਂਦੇ ਹਨ ਅਤੇ ਉਨਮਨੀ = ਤੁਰੀਆ ਪਦ ਰੂਪ ਅਵਸਥਾ ਦੀ ਜੋਤਿ = ਪ੍ਰਕਾਸ਼ ਕੋ = ਦਾ ਪ੍ਰਬਲ = ਤੇਜ ਰਿਦੇ ਵਿਚ ਉਦੋਤ = ਪ੍ਰਗਟ ਹੁਇ = ਹੋ ਆਉਂਦਾ ਹੈ।

ਅਨਹਦ ਨਾਦ ਬਿਸਮਾਦ ਰੁਨ ਝੁਨ ਸੁਨਿ;
ਨਿਝਰ ਝਰਨਿ ਬਰਖਾ ਅੰਮ੍ਰਿਤ ਜਲ ਹੈ॥

ਫੇਰ ਦਸਮ ਦੁਆਰ ਵਿਚ ਅਨਹਦ = ਹੱਦ ਤੋਂ ਰਹਿਤ ਨਾਦ = ਧੁਨੀ (ਵਾਜਿਆਂ) ਦੀ ਬਿਸਮਾਦ = ਅਸਚਰਜ ਮਈ ਰੁਨ ਝੁਨ = ਰਿਮਝਿਮ ਕਰਦੀ ਹੋਈ ਅੰਮ੍ਰਿਤ ਜਲ ਦੀ ਨਿਝਰ = ਇਕ-ਰਸ ਬਰਸਦੀ ਬਰਖਾ ਦੀ ਆਵਾਜ਼ ਸੁਨਿ = ਸੁਣਨ ਵਿਚ ਆਇਆ ਕਰਦੀ ਹੈ।

ਅਥਵਾ ਜਿਵੇਂ ਪਹਾੜਾਂ ਦੇ ਵਿਚ ਚਸ਼ਮਿਆਂ ਰਾਹੀਂ ਜਾਂ ਬਰਸਾਤ ਰਾਹੀਂ ਪਾਣੀ ਵਗਦਾ ਹੈ, ਇਸੇ ਪ੍ਰਕਾਰ ਗੁਰਮੁਖ ਜਨ ਬਿਸਮਾਦ = ਅਸਚਰਜ ਤੁਰੀਆ ਅਵਸਥਾ ਦੇ ਨਾਦ = ਵਾਜਿਆਂ ਦੀ ਇਕ-ਰਸ ਆਵਾਜ਼ ਸੁਣ ਕੇ ਆਪਣੇ ਮੁੱਖ ਰੂਪ ਝਰਨੇ ਤੋਂ ਇਕ-ਰਸ ਅੰਮ੍ਰਿਤ ਜਲ ਦੀ ਵਰਖਾ ਕਰਦੇ ਹਨ ਭਾਵ ਆਪ ਆਤਮਿਕ ਆਨੰਦ ਲੈ ਕੇ ਫੇਰ ਹੋਰਨਾਂ ਨੂੰ ਉਪਦੇਸ਼ ਦੇ ਕੇ ਨਾਮ ਨਾਲ ਜੋੜਦੇ ਹਨ।

ਅਨਭੈ ਅਭਿਆਸ ਕੋ ਪ੍ਰਗਾਸ ਅਸਚਰਜ-ਮੈ;
ਬਿਸਮ ਬਿਸ੍ਵਾਸ ਬਾਸ ਬ੍ਰਹਮ ਸਥਲ ਹੈ॥੨੫੧॥

ਇਉਂ ਅਨਭੈ = ਡਰ ਤੋਂ ਰਹਿਤ ਪਰਮੇਸ਼ਰ ਦੇ ਨਾਮ ਦਾ ਅਭਿਆਸ ਕਰਨ ਕਰਕੇ ਗੁਰਮੁਖ ਜਨ ਦੇ

ਹਿਰਦੇ ਮੈ = ਵਿਚ ਅਸਚਰਜ = ਅਸਚਰਜਮਈ ਪ੍ਰਗਾਸ = ਪ੍ਰਕਾਸ਼ ਹੋ ਆਉਂਦਾ ਹੈ **ਵਾ:** ਇਸ ਪ੍ਰਕਾਰ ਪ੍ਰਭੂ ਨਾਮ ਦਾ ਅਭਿਆਸ ਕਰਦਿਆਂ ਅਸਚਰਜ-ਮੈ = ਵਿਸਮਾਦਮਈ ਅਨਭੈ = ਅਨੁਭਵ ਕੋ = ਦਾ ਪ੍ਰਕਾਸ਼ ਰਿਦੇ ਵਿਚ ਪ੍ਰਗਟ ਹੋ ਆਉਂਦਾ ਹੈ ਅਤੇ ਫੇਰ ਬ੍ਰਹਮ = ਵਿਆਪਕ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਸੱਚਖੰਡ ਰੂਪ ਸਥਲ = ਅਸਥਾਨ ਵਿਚ ਬਾਸ = ਨਿਵਾਸ ਪ੍ਰਾਪਤ ਹੋਣ ਦਾ ਬਿਸਮ = ਵਿਸਮਾਦਮਈ ਬਿਸ੍ਵਾਸ = ਨਿਸ਼ਚਾ ਬੱਝ ਜਾਂਦਾ ਹੈ॥੨੫੧॥

ਦ੍ਰਿਸਟਿ ਦਰਸ ਸਮ-ਦਰਸ ਧਿਆਨ ਧਾਰਿ;
ਦੁਬਿਧਾ ਨਿਵਾਰਿ ਏਕ ਟੇਕ ਗਹਿ ਲੀਜੀਐ॥

ਗੁਰ-ਉਪਦੇਸ਼ ਦੁਆਰਾ ਨਾਮ ਜਪ ਕੇ ਦ੍ਰਿਸਟਿ = ਦ੍ਰਿਸ਼ਟੀ ਵਿਚ ਜੋ ਵੀ ਦਰਸ = ਦਿਖਾਈ ਦਿੰਦਾ ਹੈ, ਉਸ ਨੂੰ ਸਮ ਸਰੂਪੀ ਬ੍ਰਹਮ ਹੀ ਦਰਸ = ਦੇਖਣਾ ਕਰੇ ਤੇ ਪਰਮੇਸ਼ਰ ਦਾ ਧਿਆਨ ਰਿਦੇ ਵਿਚ ਧਾਰਿ = ਧਾਰਨ ਕਰੇ **ਵਾ:** ਗੁਰਾਂ ਦੇ ਦਰਸ = ਦਰਸ਼ਨ ਵਿਚ ਦ੍ਰਿਸ਼ਟੀ ਦਾ ਧਿਆਨ ਧਾਰਨ ਕਰਨ ਨਾਲ ਭਾਵ ਗੁਰਾਂ ਦਾ ਚੰਗੀ ਤਰ੍ਹਾਂ ਦਰਸ਼ਨ ਕਰਨ ਤੇ ਚਰਨਾਂ ਦਾ ਧਿਆਨ ਕਰਨ ਨਾਲ ਐਸੀ ਕਿਰਪਾ ਹੁੰਦੀ ਹੈ ਕਿ ਸਮ ਦਰਸ = ਸਮਾਨ ਦ੍ਰਿਸ਼ਟੀ ਹੋ ਜਾਂਦੀ ਹੈ ਭਾਵ ਸਭ ਇੱਕੋ ਜਿਹੇ ਹੀ ਦ੍ਰਿਸ਼ਟੀ ਆਉਂਦੇ ਹਨ ਭਾਵ ਕੋਈ ਵੀ ਮਨੁੱਖ ਭੈੜਾ ਨਹੀਂ ਲੱਗਦਾ ਅਤੇ ਗੁਰ-ਉਪਦੇਸ਼ ਦੁਆਰਾ ਦੁਬਿਧਾ = ਦ੍ਵੈਤ ਭਾਵਨਾ ਨੂੰ ਨਿਵਾਰਿ = ਨਵਿਰਤ ਕਰ ਕੇ ਏਕ = ਇਕ ਗੁਰਾਂ, ਪਰਮੇਸ਼ਰ ਦੀ ਟੇਕ = ਓਟ ਗਹਿ = ਗ੍ਰਹਿਣ ਕਰ ਲੀਜੀਐ = ਲਈਦੀ ਹੈ।

ਸਬਦ ਸੁਰਤਿ ਲਿਵ ਅਸਤੁਤਿ ਨਿੰਦਾ ਛਾਡਿ;
ਅਕਥ ਕਥਾ ਬੀਚਾਰਿ ਮੌਨ ਬ੍ਰਤ ਕੀਜੀਐ॥

ਗੁਰ ਸਬਦ = ਉਪਦੇਸ਼ ਵਿਚ ਸੁਰਤਿ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਸਹਿਤ ਚਿਤ ਦੀ ਲਿਵ = ਬਿਰਤੀ ਲਾਉਣ ਕਰਕੇ ਅਸਤੁਤਿ = ਕੀਰਤੀ ਤੇ ਨਿੰਦਾ = ਅਪਕੀਰਤੀ ਛਾਡਿ = ਤਿਆਗ ਦੇਣਾ ਕਰੀਦੀ ਹੈ ਅਤੇ ਅਕਥ = ਕਥਨ ਤੋਂ ਰਹਿਤ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਕਥਾ = ਵਾਰਤਾ ਨੂੰ ਬੀਚਾਰ = ਵਿਚਾਰ ਕਰਕੇ ਮੌਨ = ਚੁੱਪ ਰਹਿਣ ਰੂਪ ਬ੍ਰਤ = ਪ੍ਰਣ (ਨਿਯਮ) ਰੱਖਣਾ ਕੀਜੀਐ = ਕਰੀਦਾ ਹੈ ਭਾਵ ਬੇਅਰਥ ਬੋਲਣਾ ਮੂਲੋਂ ਹੀ ਤਿਆਗ ਦੇਣਾ ਕਰੀਦਾ ਹੈ।

ਜਗ-ਜੀਵਨ ਮੈ ਜਗੁ, ਜਗ ਜਗਜੀਵਨ ਕੈ;
ਜਾਨੀਐ ਜੀਵਨ-ਮੂਲ ਜੁਗ ਜੁਗ ਜੀਜੀਐ॥

ਜਗਜੀਵਨ = ਜਗਤ ਦੇ ਜੀਵਨ ਰੂਪ ਪਰਮੇਸ਼ਰ ਮੈ = ਵਿਚ ਜਗੁ = ਸੰਸਾਰ ਨੂੰ ਤੇ ਜਗ = ਸੰਸਾਰ ਵਿਚ ਜਗਜੀਵਨ = ਜਗਤ ਦੇ ਜੀਵਨ ਰੂਪ ਪਰਮੇਸ਼ਰ ਕੈ = ਦੇ ਤਾਈਂ ਜਾਣ ਲੈਣਾ ਕਰੋ ਅਤੇ ਇਸ ਪ੍ਰਕਾਰ ਜਾਨੀਐ = ਜਾਣ ਕਰਕੇ ਜੀਵਨ ਮੂਲ = ਜ਼ਿੰਦਗੀ ਦੇ ਮੁੱਢ ਪਰਮੇਸ਼ਰ ਨੂੰ ਗੁਰ-ਉਪਦੇਸ਼ ਦੁਆਰਾ ਜਾਨੀਐ = ਜਾਣ ਲੈਣਾ ਕਰੀਦਾ ਹੈ ਅਤੇ ਫੇਰ ਜੁਗ ਜੁਗ = ਜੁਗਾਂ ਜੁਗਾਂਤਰਾਂ ਤਕ ਅਬਿਨਾਸ਼ੀ ਪਦ ਦੀ ਪ੍ਰਾਪਤੀ ਵਾਲੇ ਗੁਰਮੁਖ ਜਨ ਬਣ ਜੀਜੀਐ = ਜਾਣਾ ਕਰੀਦਾ ਹੈ।

ਏਕ ਹੀ ਅਨੇਕ ਅਉ ਅਨੇਕ ਏਕ ਸਰਬ ਮੈ;
ਬ੍ਰਹਮ ਬਿਬੇਕ ਟੇਕ ਪ੍ਰੇਮ ਰਸੁ ਪੀਜੀਐ ॥੨੫੨॥

ਏਕ = ਇਕ ਬ੍ਰਹਮ ਹੀ ਅਨੇਕ = ਅਨੰਤ ਰੂਪ ਹੋ ਕੇ ਫੈਲਿਆ ਹੋਇਆ ਹੈ ਅਉ = ਅਤੇ ਅਨੇਕ = ਅਨੰਤ ਜੀਵਾਂ ਵਿਚ ਵੀ ਉਹ ਏਕ = ਇਕ ਬ੍ਰਹਮ ਹੀ ਸਰਬ ਮੈ = ਸਰੂਪ ਬਣਿਆ ਹੋਇਆ ਹੈ, ਐਸੇ ਬ੍ਰਹਮ = ਪਰਮੇਸ਼ਰ ਦੀ ਪ੍ਰਾਪਤੀ ਦਾ ਬਿਬੇਕ = ਵਿਚਾਰ **ਵਾ:** ਪਰਮੇਸ਼ਰ ਦੀ ਪ੍ਰਾਪਤੀ ਵਾਲੇ ਬਿਬੇਕ = ਗਿਆਨ ਦੀ ਟੇਕ = ਓਟ ਲੈ ਕੇ ਪ੍ਰੇਮ ਰਸ ਨੂੰ ਗੁਰਮੁਖ ਜਨ ਪੀਜੀਐ = ਪੀਣਾ ਕਰਦੇ ਹਨ ॥੨੫੨॥

ਅਬਿਗਤਿ ਗਤਿ ਕਤ ਆਵਤ ਅੰਤਰਿ ਗਤਿ;
ਅਕਥ ਕਥਾ ਸੁ ਕਹਿ, ਕੈਸੇ ਕੈ ਸੁਨਾਈਐ ॥

ਜੋ ਪ੍ਰੇਮ ਰਸ ਅਬਿਗਤਿ = ਜਾਨਣ ਤੋਂ ਰਹਿਤ ਗਤਿ = ਦਸ਼ਾ ਵਾਲਾ ਹੈ **ਵਾ:** ਜਿਸ ਅਬਿਗਤ ਪਰਮੇਸ਼ਰ ਦੀ ਗਤਿ = ਪ੍ਰਾਪਤੀ ਕਰਨੀ ਅਤਿਅੰਤ ਕਠਿਨ ਹੈ, ਉਹ ਕਤ = ਕਿਸ ਪ੍ਰਕਾਰ ਰਿਦੇ ਅੰਤਰਿ = ਵਿਚ ਆਵਤ = ਆ ਕੇ ਗਤਿ = ਪ੍ਰਾਪਤ ਹੁੰਦਾ ਹੈ ਅਤੇ ਸੁ = ਉਸ ਅਕਥ = ਕਥਨ ਤੋਂ ਰਹਿਤ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਕਥਾ = ਵਾਰਤਾ ਕਹਿ = ਕਥਨ ਕੈਸੇ = ਕਿਸ ਤਰ੍ਹਾਂ ਕੈ = ਕਰਕੇ ਸੁਨਾਈਐ = ਸੁਣਾਉਣਾ ਕਰੀਏ ਭਾਵ ਨਹੀਂ ਸੁਣਾ ਸਕਦੇ।

ਅਲਖ ਅਪਾਰ ਕਿਧੌਂ, ਪਾਈਅਤਿ ਪਾਰੁ ਕੈਸੇ;
ਦਰਸ ਅਦਰਸ ਕੋ, ਕੈਸੇ ਕੈ ਦਿਖਾਈਐ ॥

ਕਿਧੌਂ = ਜਾਂ **ਅਥਵਾ** ਜੋ ਪ੍ਰਭੂ ਅਲਖ = ਲਖਣ ਤੋਂ ਰਹਿਤ ਹੈ ਤੇ ਜਿਸ ਦਾ ਅਪਾਰ = ਪਾਰਾਵਾਰ ਕਰ ਕੇ ਅੰਤ ਨਹੀਂ ਪਾਇਆ ਜਾ ਸਕਦਾ, ਇਸ ਲਈ ਉਸ ਪਰਮੇਸ਼ਰ ਦਾ ਕੈਸੇ = ਕਿਸ ਪ੍ਰਕਾਰ ਪਾਰ ਪਾਈਅਤਿ = ਪਾਇਆ ਜਾਵੇ, ਜਿਸ ਪਰਮੇਸ਼ਰ ਕੋ = ਦਾ ਦਰਸ = ਦੀਦਾਰ ਅਦਰਸ = ਦੇਖਣ ਤੋਂ ਰਹਿਤ ਹੈ, ਉਸ ਦਾ ਦੀਦਾਰ ਕੈਸੇ = ਕਿਸ ਪ੍ਰਕਾਰ ਕੈ = ਕਰਕੇ ਦਿਖਾਈਐ = ਦਿਖਣ ਵਿਚ ਆਵੇ।

ਅਗਮ ਅਗੋਚਰ ਅਗਹੁ ਗਹੀਐ ਧੌਂ ਕੈਸੇ;
ਨਿਰਾਲੰਬੁ ਕਉਨ ਅਵਲੰਬ ਠਹਿਰਾਈਐ ॥

ਜੋ ਪਰਮੇਸ਼ਰ ਅਗਮ = ਗੰਮਤਾ ਤੋਂ ਰਹਿਤ ਹੈ, ਅਗੋਚਰ = ਇੰਦਰੀਆਂ ਦੇ ਅਵਿਸ਼ੇ ਹੈ, ਅਗਹੁ = ਪਕੜਨ ਤੋਂ ਰਹਿਤ ਹੈ, ਉਸ ਨੂੰ ਕੈਸੇ = ਕਿਸ ਪ੍ਰਕਾਰ ਗਹੀਐ = ਪਕੜਨਾ ਕਰੀਏ, ਜੋ ਪਰਮੇਸ਼ਰ ਨਿਰਾਲੰਬੁ = ਆਸਰੇ ਤੋਂ ਰਹਿਤ ਹੈ, ਉਸ ਨੂੰ ਅਵਲੰਬ = ਆਸਰੇ ਵਾਲਾ ਕਉਨ = ਕਿਸ ਤਰ੍ਹਾਂ ਠਹਿਰਾਈਐ = ਠਹਿਰਾਉਣਾ ਕਰੀਏ ਭਾਵ ਨਹੀਂ ਠਹਿਰਾਇਆ ਜਾ ਸਕਦਾ।

ਗੁਰਮੁਖਿ ਸੰਧਿ ਮਿਲੈ ਸੋਈ ਜਾਨੈ ਜਾ ਮੈ ਬੀਤੈ;
ਬਿਸਮ ਬਿਦੇਹ ਜਲ ਬੂੰਦ ਹੁਇ ਸਮਾਈਐ ॥੨੫੩॥

ਜਿਹੜਾ ਪੁਰਖ ਗੁਰਮੁਖਾਂ ਦੇ ਸੰਧਿ = ਮਿਲਾਪ ਵਿਚ ਮਿਲੈ = ਮਿਲਣਾ ਕਰਦਾ ਹੈ, ਉਹ ਪੁਰਖ ਲਖਣਾ

ਬਿਰਤੀ ਦੁਆਰਾ ਪਰਮੇਸ਼ਰ ਨੂੰ ਜਾਨੈ = ਜਾਣ ਲੈਂਦਾ ਹੈ, ਪਰੰਤੂ ਇਹ ਗੱਲ ਜਾ = ਜਿਸ ਦੇ ਹਿਰਦੇ ਮੈ = ਵਿਚ ਬੀਤੈ = ਬੀਤਦੀ ਹੈ, ਉਹੋ ਹੀ ਜਾਣਦਾ ਹੈ। ਇਸ ਲਈ ਜੋ ਬਿਸਮ = ਅਸਚਰਜ ਸਰੂਪ ਤੇ ਬਿਦੇਹ = ਸਰੀਰ ਤੋਂ ਰਹਿਤ ਪਰਮੇਸ਼ਰ ਪਾਣੀ ਦੀ ਤਰ੍ਹਾਂ ਸੀਤਲ ਹੈ, ਉਸ ਵਿਚ ਜਲ = ਪਾਣੀ ਦੀ ਬੂੰਦ ਵਾਂਗ ਹੁਇ = ਹੋ ਕੇ ਸਮਾਈਐ = ਸਮਾਉਣਾ ਕਰੀਏ ॥੨੫੩॥

ਗੁਰਮੁਖਿ ਸਬਦ ਸੁਰਤਿ ਸਾਧ ਸੰਗਿ ਮਿਲਿ;
ਪੂਰਨ ਬ੍ਰਹਮ ਪ੍ਰੇਮ-ਭਗਤਿ ਬਿਬੇਕ ਹੈ ॥

ਗੁਰਮੁਖ ਜਨ ਸਾਧ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ ਨਾਲ ਮਿਲਿ = ਮਿਲਾਪ ਕਰ ਕੇ ਗੁਰ ਸਬਦ = ਉਪਦੇਸ਼ ਵਿਚ ਚਿਤ ਦੀ ਸੁਰਤਿ = ਸੁਰਤੀ ਲਾਉਂਦੇ ਹਨ ਅਤੇ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਦੀ ਪ੍ਰਾਪਤੀ ਕਰਾਉਣ ਲਈ ਪ੍ਰੇਮਾ ਭਗਤਿ = ਭਗਤੀ ਨੂੰ ਬਿਬੇਕ = ਵਿਚਾਰਨਾ ਕਰਦੇ ਹੈ = ਹਨ।

ਰੂਪ ਕੈ ਅਨੂਪ ਰੂਪ, ਅਤਿ ਅਸਚਰਜ-ਮੈ;
ਦ੍ਰਿਸਟਿ ਦਰਸ ਲਿਵ ਟਰਤ ਨ ਟੇਕ ਹੈ ॥

ਉਸ ਅਤਿ = ਅਤਿਅੰਤ ਹੀ ਅਸਚਰਜ-ਮੈ = ਵਿਸਮਾਦ ਸਰੂਪ ਵਾਲੇ ਪਰਮੇਸ਼ਰ ਵਿਚ ਗੁਰਮੁਖ ਜਨ ਦੀ ਬਿਰਤੀ ਲੱਗਣ ਕਰਕੇ ਗੁਰਮੁਖ ਜਨ ਸੁੰਦਰ ਰੂਪ = ਸਰੂਪ ਕਰਕੇ ਬਹੁਤ ਹੀ ਅਨੂਪ = ਉਪਮਾ ਤੋਂ ਰਹਿਤ ਰੂਪ ਵਾਲੇ ਹੋ ਜਾਂਦੇ ਹਨ ਅਤੇ ਇਸ ਲਈ ਗੁਰਮੁਖ ਜਨਾਂ ਦੀ ਪਰਮੇਸ਼ਰ ਦੇ ਦਰਸ = ਦੀਦਾਰ ਵਿਚ ਨੇਤ੍ਰਾਂ ਦੀ ਦ੍ਰਿਸਟਿ = ਨਿਗ੍ਹਾ ਅਤੇ ਚਿੱਤ ਦੀ ਲਿਵ = ਬਿਰਤੀ ਉਸ ਦੀ ਟੇਕ = ਓਟ ਲੈਣ ਤੋਂ ਟਰਤ = ਟਲਦੀ ਨ = ਨਹੀਂ ਹੈ।

ਰਾਗ ਨਾਦ ਬਾਦ, ਬਿਸਮਾਦ ਕੀਰਤਨ ਸਮੈ;
ਸਬਦ ਸੁਰਤਿ ਗਿਆਨ ਗੋਸਟਿ ਅਨੇਕ ਹੈ ॥

ਗੁਰਮੁਖ ਜਨ ਪ੍ਰਭੂ ਕੀਰਤਨ = ਜਸ ਸਮੈ = ਵੇਲੇ ਬਾਦ = ਵਾਜਿਆਂ ਦੀ ਨਾਦ = ਧੁਨੀ ਨਾਲ ਰਾਗ ਦੁਆਰਾ ਬਿਸਮਾਦ = ਅਸਚਰਜ ਮਈ ਜੱਸ ਕਰਦੇ ਹਨ ਅਤੇ ਅੱਗੇ ਹੋਰਨਾਂ ਨੂੰ ਗੁਰ ਸਬਦ = ਉਪਦੇਸ਼ ਵਿਚ ਚਿੱਤ ਦੀ ਸੁਰਤਿ = ਬਿਰਤੀ ਲਾਉਣ ਵਾਸਤੇ ਗਿਆਨ ਦੀ ਗੋਸਟਿ = ਚਰਚਾ ਕਰਦੇ ਹੈ = ਹਨ।

ਭਾਵਨੀ ਭੈ ਭਾਇ ਚਾਇ ਚਾਹ ਚਰਨਾਮ੍ਰਿਤ ਕੀ;
ਆਸ ਪ੍ਰਿਅ ਸਦੀਵ, ਅੰਗ ਅੰਗ ਜਾਵਦੇਕ ਹੈ ॥੨੫੪॥

ਜਿਹੜੇ ਗੁਰਮੁਖ ਜਨ ਭਾਵਨੀ = ਸ਼ਰਧਾ, ਭੈ = ਡਰ, ਭਾਇ = ਪ੍ਰੇਮ ਤੇ ਚਾਇ = ਉਤਸ਼ਾਹ ਨਾਲ ਗੁਰਾਂ ਦੇ ਚਰਨਾਮ੍ਰਿਤ = ਚਰਨਾਂ ਦੇ ਅੰਮ੍ਰਿਤ ਕੀ = ਦੀ ਚਾਹ = ਚਾਹਨਾ, ਇੱਛਾ ਕਰਦੇ ਹਨ ਅਤੇ ਸਰੀਰ ਦੇ ਅੰਗ ਅੰਗ ਭਾਵ ਸਰੀਰ ਦੇ ਜਾਵਦੇਕ = ਹਰੇਕ ਨੇਤਰ ਕੰਨ ਆਦਿ ਅੰਗ ਅੰਗ ਨੂੰ ਸਦੀਵ = ਸਦਾ ਹੀ ਪ੍ਰਿਅ = ਪਿਆਰੇ ਪਰਮੇਸ਼ਰ ਦੀ ਪ੍ਰਾਪਤੀ ਦੀ ਆਸ = ਉਮੀਦ ਵਿਚ ਰੱਖਦੇ ਹਨ, ਭਾਵ ਪਰਮੇਸ਼ਰ ਦੇ ਮਿਲਣ ਦੀ ਉਮੀਦ ਰੱਖਦੇ ਹਨ ॥੨੫੪॥

ਹੋਮ ਜਗ ਨਈਬੇਦ ਕੈ ਪੂਜਾ ਅਨੇਕ;
ਜਪ ਤਪ ਸੰਜਮ ਅਨੇਕ ਪੁੰਨ ਦਾਨ ਕੈ ॥

ਹੋਮ = ਹਵਨ ਕਰਨੇ, ਯੱਗ ਕਰਨੇ, ਨਈਬੇਦ = ਦੇਵਤਿਆਂ ਨੂੰ ਪਦਾਰਥ ਚੜ੍ਹਾਉਣੇ, ਅਨੇਕ = ਅਨੰਤ ਪ੍ਰਕਾਰ ਦਾ ਪੂਜਾ = ਪੂਜਣ ਕੈ = ਕਰਕੇ ਭੋਗ ਲਵਾਉਣੇ, ਇਹ ਜੋ ਬੇਦ ਗੀਤੀ ਅਨੁਸਾਰ ਕਰਮ ਚਲੇ ਆ ਰਹੇ ਹਨ, ਜਪ ਤਪ ਕਰਨਾ, ਸੰਜਮ = ਇੰਦਰੀਆਂ ਦਾ ਦਮਨ ਕਰਨਾ ਤੇ ਹੋਰ ਅਨੇਕ = ਅਨੰਤ ਹੀ ਤਰ੍ਹਾਂ ਕੈ = ਦੇ ਪੁੰਨ ਦਾਨ ਕਰਨੇ।

ਜਲ ਥਲ ਗਿਰਿ ਤਰੁ ਤੀਰਥ ਭਵਨ ਭੂਅ;
ਹਿਮਾਚਲ ਧਾਰਾ ਅਗ੍ਰ ਅਰਪਨ ਪ੍ਰਾਨ ਕੈ ॥

ਜਲ = ਤਰਲ ਥਾਵਾਂ, ਥਲ = ਖ਼ੁਸ਼ਕ ਥਾਵਾਂ, ਗਿਰਿ = ਪਹਾੜ, ਤਰੁ = ਬ੍ਰਿਛਾਂ, ਤੀਰਥ ਅਸਥਾਨਾਂ, ਤਿੰਨੇ ਭਵਨ = ਲੋਕਾਂ, ਸਾਰੀ ਭੂਅ = ਪ੍ਰਿਥਵੀ ਉਪਰ ਵਿਚਰਨਾ, ਹਿਮਾਚਲ (ਹਿਮ + ਅਚਲ) ਹਿਮ = ਬਰਫ਼ ਦੇ ਅਚਲ = ਪਹਾੜਾਂ ਦੀਆਂ ਧਾਰਾਂ ਦੇ ਅਗ੍ਰ = ਪਹਿਲਾਂ ਭਾਵ ਬਰਫ਼ ਦੇ ਪਹਾੜਾਂ ਦੀਆਂ ਧਾਰਾਂ ਵਿਚ ਆਪਣੇ ਪ੍ਰਾਣਾਂ ਨੂੰ ਹੀ ਅਰਪਨ = ਭੇਟਾ ਕੈ = ਕਰਨਾ ਜਾਂ ਗੰਗਾ ਦੀ ਧਾਰਾ ਵਿਚ ਪ੍ਰਾਣ ਅਰਪਨ ਕਰਨੇ ਇਤਿਆਦਿਕ ਕਠਿਨ ਸਾਧਨ ਕਰਨੇ।

ਰਾਗ ਨਾਦ ਬਾਦ ਸਾਅੰਗੀਤ ਬੇਦ ਪਾਠ ਬਹੁ;
ਸਹਜ ਸਮਾਧਿ ਸਾਧਿ ਕੋਟਿ ਜੋਗ ਧਿਆਨ ਕੈ ॥

ਭਾਵੇਂ ਕੋਈ ਬਾਦ = ਵਾਜਿਆਂ ਆਦਿ ਦੀ ਸਾਜਨਾ ਸਾਜ ਕੇ ਰਾਗ ਨਾਦ ਭਾਵ ਰਾਗਾਂ ਦੀਆਂ ਸੁਰਾਂ ਵਿਚ ਪਾ ਪਾ ਕੇ ਭਜਨ ਬਿਸਨਪਦੇ ਗਾਇਨ ਕਰਨ ਵਿਚ ਰਾਤ ਦਿਨ ਜੁਟਿਆ ਰਹੇ ਅਤੇ ਭਾਵੇਂ ਕੋਈ ਸਾਅੰਗੀਤ = ਸੰਗੀਤਕ ਤਰੀਕੇ ਨਾਲ ਬੇਦਾਂ ਦੇ ਪਾਠ ਕਰਨ ਵਿਚ ਬਹੁ = ਬਹੁਤਾ ਪਰਚਿਆ ਰਹੇ, ਭਾਵੇਂ ਕੋਈ ਕੋਟਿ = ਕਰੋੜਾਂ ਹੀ ਜੋਗ ਸੰਬੰਧੀ ਧਿਆਨਾਂ ਨੂੰ ਧਾਰਦਾ ਹੋਇਆ ਸਹਿਜ ਸਮਾਧੀਆਂ ਨੂੰ ਸਾਧਿ = ਸਾਧਨਾ ਕੈ = ਕਰੇ।

ਚਰਨ ਸਰਨ ਗੁਰ ਸਿਖ ਸਾਧ ਸੰਗਿ ਪਰਿ;
ਵਾਰਿ ਡਾਰਉ ਨਿਗ੍ਰਹ ਹਠ ਜਤਨ ਕੋਟਾਨਿ ਕੈ ॥੨੫੫॥

ਗੁਰ = ਸਤਿਗੁਰੂ ਸਾਹਿਬ ਜੀ ਦੇ ਚਰਨਾਂ ਦੀ ਸਰਨ = ਓਟ ਵਿਚ ਪਰਿ = ਪੈਣੇ ਕਰਕੇ ਤੇ ਸਿੱਖਾਂ ਦੀ ਸਾਧਸੰਗਿ = ਸਤਿਸੰਗਤ ਵਿਚ ਮਿਲਦਿਆਂ ਇਹ ਹਰ ਤਰ੍ਹਾਂ ਦੇ ਹਠ-ਜੋਗ ਦੇ ਨਾਲ ਨਿਗ੍ਰਹ = ਇੰਦਰੀਆਂ ਨੂੰ ਰੋਕਣਾ ਆਦਿ ਹਠ ਸਾਧਨ ਹੀ ਕਰੋੜਾਂ ਉਨ੍ਹਾਂ ਗੁਰੂ **ਵਾ:** ਗੁਰਮੁਖਾਂ ਉੱਪਰੋਂ ਵਾਰ ਕੇ ਸੁੱਟ ਦੇਣਾ ਕਰੀਏ **ਵਾ:** ਸਾਧਸੰਗਤਿ ਦੀ ਧੂੜੀ ਦੇ ਪਰਿ = ਉੱਪਰੋਂ ਦੀ ਉਪਰੋਕਤ ਹਠ ਕਰ ਕੇ ਨਿਗ੍ਰਹ = ਇੰਦਰੀਆਂ ਨੂੰ ਰੋਕਣਾ ਐਸੇ, ਜੋ ਕੋਟਾਨਿ = ਕਰੋੜਾਂ ਹੀ ਜਤਨ = ਉਪਾਅ ਹਨ, ਉਨ੍ਹਾਂ ਨੂੰ ਵਾਰ ਡਾਰਉ = ਸੁੱਟ ਦੇਣਾ ਕਰੀਏ ॥੨੫੫॥

ਮਧੁਰ ਬਚਨ ਸਮਸਰਿ ਨ ਪੁਜਸ ਮਧ;
ਕਰਕ ਸਬਦਿ ਸਰਿ ਬਿਖ ਨ ਬਿਖਮ ਹੈ ॥

ਮਧੁਰ = ਮਿੱਠੇ ਬਚਨ = ਬੋਲਾਂ ਦੇ ਸਮਸਰਿ = ਬਰਾਬਰ ਮਧੁ = ਅੰਮ੍ਰਿਤ ਵਤ ਸ਼ਹਿਦ ਵੀ ਨ = ਨਹੀਂ

ਪੁਜਸ = ਪਹੁੰਚ ਸਕਦਾ ਅਤੇ ਕਰਕ = ਕੌੜੇ ਸਬਦਿ = ਬੋਲਾਂ ਦੇ ਸਰਿ = ਬਰਾਬਰ ਬਿਖਮ = ਕਠਿਨ, ਭਿਆਨਕ ਬਿਖ = ਜ਼ਹਿਰ ਵੀ ਨ = ਨਹੀਂ ਹੈ।

ਮਧੁਰ ਬਚਨ ਸੀਤਲਤਾ ਮਿਸਟਾਨ ਪਾਨ;
ਕਰਕ ਸਬਦ ਸ-ਤਪਤ ਕਟੁ ਕਮ ਹੈ॥

ਮਧੁਰ = ਮਿੱਠੇ ਬਚਨ = ਬੋਲ ਸੀਤਲਤਾ = ਠੰਢਕ, ਸ਼ਾਂਤੀ ਦੇਣ ਵਾਲੇ ਹੁੰਦੇ ਹਨ, ਐਸੇ ਮਿਸਟਾਨ = ਮਿੱਠੇ ਬੋਲਾਂ ਨੂੰ ਪਾਨ = ਪੀਣ ਕਰਕੇ ਸ਼ਾਂਤੀ ਆਉਂਦੀ ਹੈ ਭਾਵ ਮਿੱਠੇ, ਪਿਆਰੇ ਬਚਨ ਬੋਲਣ ਨਾਲ ਆਪਣਾ ਹਿਰਦਾ ਤੇ ਹੋਰਨਾਂ ਦਾ ਹਿਰਦਾ ਠੰਢਾ ਹੁੰਦਾ ਹੈ ਅਤੇ ਕਰਕ = ਕੌੜੇ ਸਬਦ = ਬਚਨ ਸ-ਤਪਤ (ਸ + ਤਪਤ) ਸ = ਸਹਿਤ ਤਪਤ = ਸੰਤਾਪ, ਦਾਹ ਦੇ ਕਰਨ ਵਾਲੇ ਤੇ ਕਟੁ = ਕੌੜੱਤਣ ਵਰਗੇ ਹੁੰਦੇ ਹਨ **ਵਾ:** ਕਟਕ = ਕੌੜੇ ਸਬਦ = ਬੋਲ (ਸ + ਤਪਤ) ਸ = ਸਹਿਤ ਤਪਤ = ਤਪਸ਼ ਦੇ ਹੁੰਦੇ ਹਨ ਜਿਸ ਕੌੜੇ ਸ਼ਬਦਾਂ ਦੇ ਅੱਗੇ ਕਟੁ = ਕੌੜੇ ਪਦਾਰਥ ਵੀ ਕਮ = ਘੱਟ, ਨਿਊਨਤਾਈ ਵਾਲੇ ਹੁੰਦੇ ਹਨ।

ਮਧੁਰ ਬਚਨ ਕੈ ਤ੍ਰਿਪਤਿ ਅਉ ਸੰਤੋਖ ਸਾਂਤਿ;
ਕਰਕ ਸਬਦ ਅਸੰਤੋਖ ਦੋਖ ਸ੍ਰਮ ਹੈ॥

ਮਧੁਰ = ਮਿੱਠੇ ਬਚਨ = ਬੋਲ ਸੁਣ ਕੈ = ਕਰਕੇ ਤ੍ਰਿਪਤਿ = ਰੱਜ ਆ ਜਾਂਦਾ ਹੈ ਅਉ = ਅਤੇ ਸੰਤੋਖ = ਸਬਰ ਤੇ ਸਾਂਤਿ = ਸ਼ਾਂਤੀ ਪ੍ਰਾਪਤ ਹੋ ਆਉਂਦੀ ਹੈ ਪਰੰਤੂ ਕਰਕ = ਕੌੜੇ ਸਬਦ = ਬਚਨ ਮਨ ਅੰਦਰ ਅਸੰਤੋਖ = ਅਸੰਤੁਸ਼ਟਤਾ ਪੈਦਾ ਕਰਦੇ ਹਨ ਤੇ ਦੋਖ = ਦੋਸ਼, ਦੁਖੀ ਕਰਦੇ ਹਨ ਤੇ ਸੁਣਨ ਵਾਲੇ ਨੂੰ ਸ੍ਰਮ = ਖੇਦ ਹੁੰਦਾ ਹੈ, ਭਾਵ ਦੁੱਖ ਹੁੰਦਾ ਹੈ।

ਮਧੁਰ ਬਚਨ ਲਗਿ ਅਗਮ ਸੁਗਮ ਹੋਇ;
ਕਰਕ ਸਬਦ ਲਗਿ ਸੁਗਮ ਅਗਮ ਹੈ॥੨੫੬॥

ਮਧੁਰ = ਮਿੱਠੇ ਬਚਨ = ਬੋਲਾਂ ਪਿੱਛੇ ਲੱਗ ਕੇ ਤਾਂ ਅਗਮ = ਨਾ ਹੋ ਸਕਣ ਵਾਲਾ ਕਠਿਨ ਕਾਰਜ ਵੀ ਸੁਗਮ = ਸੌਖਾ ਹੋਇ = ਹੋ ਜਾਂਦਾ ਹੈ ਅਤੇ ਕਰਕ = ਕੌੜੇ ਸਬਦ = ਬਚਨਾਂ ਪਿੱਛੇ ਲੱਗ ਕੇ ਸੁਗਮ = ਸੌਖਾ ਕਾਰਜ ਵੀ ਅਗਮ = ਕਠਿਨ ਹੋ ਜਾਂਦਾ ਹੈ॥੨੫੬॥

ਗੁਰਮੁਖਿ ਸਬਦ ਸੁਰਤਿ ਸਾਧ ਸੰਗਿ ਮਿਲਿ;
ਭਾਨੁ ਗਿਆਨ ਜੋਤਿ ਕੋ ਉਦੋਤ ਪ੍ਰਗਟਾਇਓ ਹੈ॥

ਸਤਿਸੰਗਤ ਵਿਚ ਮਿਲਿ = ਮਿਲਣੇ ਕਰਕੇ ਜਗਿਆਸੂ ਗੁਰਮੁਖ ਜਨਾਂ ਦੀ ਗੁਰ ਸਬਦ = ਉਪਦੇਸ਼ ਵਿਚ ਸੁਰਤਿ = ਬਿਰਤੀ ਲੱਗ ਜਾਂਦੀ ਹੈ ਅਤੇ ਗੁਰ-ਉਪਦੇਸ਼ ਦੁਆਰਾ ਨਾਮ ਦਾ ਅਭਿਆਸ ਕਰ ਕੇ ਗਿਆਨ ਰੂਪ ਭਾਨੁ = ਸੂਰਜ ਦੀ ਜੋਤਿ = ਜੋਤੀ ਕੋ = ਦਾ ਰਿਦੇ ਵਿਚ ਉਦੋਤ = ਉਦੈ ਹੋ ਪ੍ਰਗਟਾਇਓ = ਪ੍ਰਗਟਿਆ ਕਰਦੀ ਹੈ।

ਨਾਭ ਸਰਵਰ ਬਿਖੈ ਬ੍ਰਹਮ ਕਮਲ ਦਲ;
ਹੋਇ ਪ੍ਰਫੁਲਿਤ ਬਿਮਲ ਜਲ ਛਾਇਓ ਹੈ॥

ਜਿਵੇਂ ਜਦ ਸੂਰਜ ਚੜ੍ਹਦਾ ਹੈ ਤਾਂ ਸਰਵਰ = ਤਲਾਅ ਦੇ ਬਿਮਲ = ਉੱਜਲ ਜਲ = ਪਾਣੀ ਵਿਚ ਕਮਲ = ਕੌਲ ਦੇ ਦਲ = ਪੱਤੇ ਪ੍ਰਫੁਲਿਤ = ਫੁੱਲਦੇ ਹਨ, ਇਸੇ ਪ੍ਰਕਾਰ ਜਦ ਗੁਰੂ ਰੂਪ ਸੂਰਜ ਦਾ ਗਿਆਨ ਰੂਪ ਪ੍ਰਕਾਸ਼ ਹੁੰਦਾ ਹੈ ਤਾਂ ਨਾਭ = ਹਿਰਦੇ ਵਿਚ ਬ੍ਰਹਮ = ਪਰਮੇਸ਼ਰ ਦਾ ਨਾਮ ਪ੍ਰਗਟ ਹੁੰਦਾ ਹੈ ਤੇ ਰਿਦਾ ਕੌਲ ਫੁੱਲ ਵਤ ਖਿੜ ਜਾਂਦਾ ਹੈ ਤੇ ਅਨੰਦ ਨਾਲ ਛਾਇਓ = ਛਾ ਜਾਂਦਾ ਹੈ।

ਮਧੁ ਮਕਰੰਦ ਰਸ ਪ੍ਰੇਮ ਪਰਿਪੂਰਨ ਕੈ;
ਮਨੁ ਮਧੁਕਰ ਸੁਖ ਸੰਪਟ ਸਮਾਇਓ ਹੈ॥

ਜਿਸ ਦੀ ਮਧੁ = ਅੰਮ੍ਰਿਤ ਮਈ ਮਕਰੰਦ = ਰਸ ਰੂਪ ਲਪਟ (ਲਹਿਰ) ਦੇ ਪ੍ਰੇਮ ਵਿਚ ਪਰਿਪੂਰਨ = ਅਤਿਅੰਤ ਰੱਜ ਜਾਂਦਾ ਹੈ ਅਤੇ ਮਨ ਰੂਪ ਮਧੁਕਰ = ਭੌਰਾ ਮਾਨੋ ਸੁਖ = ਆਨੰਦ ਰੂਪ ਸੰਪਟ = ਡੱਬੇ ਵਿਚ ਮਸਤ ਹੋ ਕੇ ਉਸ ਅਨੰਦ ਵਿਚ ਸਮਾਇਓ = ਲੀਨ ਹੋ ਜਾਂਦਾ ਹੈ।

ਅਕਥ ਕਥਾ ਬਿਨੋਦ ਮੋਦ ਅਮੋਦ ਲਿਵ;
ਉਨਮਨ ਹੋਇ ਮਨੋਦ, ਅਨਤ ਨ ਧਾਇਓ ਹੈ॥੨੫੭॥

ਜੋ ਗੁਰਮੁਖ ਜਨਾਂ ਨੂੰ ਨਾਮ ਵਿਚ ਲਿਵ = ਬਿਰਤੀ ਲਾ ਕੇ ਅੰਤਰ ਆਤਮੇ ਅਮੋਦ = ਆਨੰਦ ਪ੍ਰਾਪਤ ਹੋਇਆ ਹੈ, ਉਸ ਆਨੰਦ ਦੇ ਬਰਾਬਰ ਸੰਸਾਰੀ ਮੋਦ = ਆਨੰਦ ਪਹੁੰਚ ਨਹੀਂ ਸਕਦੇ ਅਤੇ ਉਨ੍ਹਾਂ ਦੇ ਕੌਤਕਾਂ ਦੀ ਕਥਾ = ਵਾਰਤਾ ਵੀ ਅਕਥ = ਕਥਨ ਤੋਂ ਰਹਿਤ ਹੈ ਤੇ ਉਨ੍ਹਾਂ ਨੂੰ ਜੋ ਤੁਰੀਆ ਅਵਸਥਾ ਦਾ ਮਨੋਦ (ਮਨ + ਓਦ) ਮਨ ਵਿਚ ਆਨੰਦ ਓਦ = ਪ੍ਰਗਟ ਹੋ ਆਇਆ ਹੈ, ਉਸ ਕਰਕੇ ਫਿਰ ਚਿੱਤ ਮੁੜ ਕਿਸੇ ਅਨਤ = ਹੋਰ ਪਾਸੇ ਨ = ਨਹੀਂ ਧਾਇਓ = ਦੌੜਦਾ ਹੈ॥੨੫੭॥

ਜੈਸੇ ਕਾਚੋ ਪਾਰੋ ਮਹਾ ਬਿਖਮ ਖਾਇਓ ਨ ਜਾਇ;
ਮਾਰੇ ਨਿਹਕਲੰਕ ਹੁਇ, ਕਲੰਕਨ ਮਿਟਾਵਈ॥

ਜੈਸੇ = ਜਿਸ ਪ੍ਰਕਾਰ ਕਾਚੋ = ਕੱਚਾ ਪਾਰੋ = ਪਾਰਾ ਮਹਾ = ਬਹੁਤ ਬਿਖਮ = ਕਠਿਨ, ਦੁਖਦਾਇਕ ਹੁੰਦਾ ਹੈ ਤੇ ਖਾਇਓ = ਖਾਧਾ ਨ = ਨਹੀਂ ਜਾਇ = ਜਾਂਦਾ, ਜੇਕਰ ਕੋਈ ਖਾ ਲਵੇ ਤਾਂ ਉਸ ਨੂੰ ਐਸਾ ਕਲੰਕ, ਦੋਸ਼, ਰੋਗ ਲਾ ਦਿੰਦਾ ਹੈ ਕਿ ਜਿਹੜਾ ਕਿਸੇ ਵੈਦ, ਹਕੀਮ ਕੋਲੋਂ ਵੀ ਦੂਰ ਨਹੀਂ ਕੀਤਾ ਜਾ ਸਕਦਾ ਅਤੇ ਜੇਕਰ ਉਸੇ ਪਾਰੇ ਨੂੰ ਕਿਸੇ ਚੰਗੇ ਹਕੀਮ ਕੋਲੋਂ ਵਿਧੀ ਪੂਰਵਕ ਮਾਰੇ = ਮਾਰ ਕੇ ਨਿਹਕਲੰਕ = ਕਲੰਕ, ਦੋਖ ਤੋਂ ਰਹਿਤ ਕਰ ਕੇ ਖਾਣਾ ਕਰੀਏ ਤਾਂ ਅਨੇਕਾਂ ਰੋਗਾਂ ਦੇ ਕਲੰਕ = ਦੋਸ਼ਾਂ ਨੂੰ ਮਿਟਾਵਈ = ਮਿਟਾਉਣ ਵਾਲਾ ਹੁਇ = ਹੋ ਜਾਇਆ ਕਰਦਾ ਹੈ।

ਤੈਸੇ ਮਨ ਸਬਦ ਬੀਚਾਰਿ ਮਾਰਿ ਹਉਮੈ ਮੇਟਿ;
ਪਰਉਪਕਾਰੀ ਹੁਇ ਬਿਕਾਰਨ ਘਟਾਵਈ॥

ਤੈਸੇ = ਉਸੇ ਤਰ੍ਹਾਂ ਮਨ ਨੂੰ ਗੁਰ ਸਬਦ = ਉਪਦੇਸ਼ ਵਿਚ ਵਿਚਾਰ ਕੇ ਭਾਵ ਪਰਵਿਰਤ ਕਰ ਕੇ

ਮਾਰਿ = ਮਾਰਨਾ ਕਰੀਏ, ਭਾਵ ਮਨ ਦੀਆਂ ਵਾਸ਼ਨਾਵਾਂ ਨਵਿਰਤ ਕਰ ਦੇਈਏ ਤਾਂ ਹਉਮੈ = ਹੰਗਤਾ ਵੀ ਨਾਲ ਹੀ ਮੇਟਿ = ਨਵਿਰਤ ਹੋ ਜਾਂਦੀ ਹੈ ਅਤੇ ਐਸੇ ਮਨ ਵਾਲਾ ਗੁਰਮੁਖ ਜਨ ਪਰਉਪਕਾਰੀ = ਪਰਾਏ ਉੱਪਰ ਭਲਾ ਕਰਨ ਵਾਲਾ ਹੁੰਦਾ ਹੈ ਤੇ ਬਿਕਾਰਨ = ਵਿਕਾਰਾਂ ਨੂੰ ਘਟਾਵਈ = ਘਟਾ, ਦੂਰ ਕਰ ਦਿੰਦਾ ਹੈ।

ਸਾਧ ਸੰਗਿ ਅਧਮੁ ਅਸਾਧ ਹੁਇ ਮਿਲਤ;
ਚੂਨਾ ਜਿਉ ਤੰਬੋਲ ਰਸ ਰੰਗੁ ਪ੍ਰਗਟਾਵਈ ॥

ਅੱਗੇ ਹੋਰ ਦ੍ਰਿਸ਼ਟਾਂਤ ਦੇ ਕੇ ਭਾਈ ਸਾਹਿਬ ਜੀ ਚੱਲ ਰਹੀ ਵਿਚਾਰ ਨੂੰ ਸਪੱਸ਼ਟ ਕਰਦੇ ਹਨ ਕਿ ਜਿਵੇਂ ਕਿਸੇ ਅਧਮੁ = ਪਾਪੀ ਤੇ ਅਸਾਧ = ਅਸੰਤ ਪੁਰਖ ਦਾ ਸਾਧਸੰਗਿ = ਸਤਿਸੰਗਤ ਵਿਚ ਆ ਕੇ ਮਿਲਤ = ਮਿਲਾਪ ਹੁਇ = ਹੋਵੇ, ਤਾਂ ਉਸ ਨੂੰ ਵੀ ਸਾਧਸੰਗਤਿ ਦਾ ਐਸਾ ਰੰਗ ਚੜ੍ਹਦਾ ਹੈ ਕਿ ਉਹ ਵੀ ਨਾਮ ਰੰਗ ਵਿਚ ਇਉਂ ਰੰਗਿਆ ਜਾਂਦਾ ਹੈ, ਜਿਉ = ਜਿਵੇਂ ਚੂਨਾ ਤੰਬੋਲ = ਪਾਨਾਂ ਦੇ ਪੱਤਿਆਂ ਦੇ ਰਸ ਨਾਲ ਮਿਲ ਕੇ ਲਾਲ ਰੰਗ ਨੂੰ ਪ੍ਰਗਟਾਵਈ = ਪ੍ਰਗਟ ਕਰਦਾ ਹੈ।

ਤੈਸੇ ਹੀ ਚੰਚਲ ਚਿਤ ਭ੍ਰਮਤ ਚਤੁਰ ਕੁੰਟ;
ਚਰਨ ਕਮਲ ਸੁਖ-ਸੰਪਟ ਸਮਾਵਈ ॥੨੫੮॥

ਤੈਸੇ = ਉਸੇ ਤਰ੍ਹਾਂ ਹੀ ਚਤੁਰ = ਚਾਰੇ ਕੁੰਟ = ਦਿਸ਼ਾਵਾਂ ਵਿਚ ਭ੍ਰਮਤ = ਭਟਕਦੇ ਚੰਚਲ ਚਿਤ = ਮਨ ਨੂੰ ਸਮਝਣਾ ਕਰੋ ਕਿ ਗੁਰਾਂ ਦੇ ਚਰਨਾਂ ਕਮਲਾਂ ਵਿਚ ਆਉਣ ਸਾਰ ਹੀ ਸੁਖ = ਅਨੰਦ ਰੂਪ ਸੰਪਟ = ਡੱਬੇ ਵਿਚ ਸਮਾਵਈ = ਲੀਨ ਹੋ ਜਾਂਦਾ ਹੈ॥੨੫੮॥

ਗੁਰਮੁਖਿ ਮਾਰਗ ਹੁਇ ਧਾਵਤ ਬਰਜਿ ਰਾਖੈ;
ਸਹਜਿ ਬਿਸ੍ਰਾਮ ਧਾਮ ਨਿਹਚਲ ਬਾਸੁ ਹੈ ॥

ਜੋ ਗੁਰਮੁਖ ਬਣ ਕੇ ਭਗਤੀ ਰੂਪ ਮਾਰਗ = ਰਸਤੇ ਨੂੰ ਆਨ ਪ੍ਰਾਪਤ ਹੁਇ = ਹੁੰਦੇ ਹਨ, ਉਹ ਆਪਣੇ ਮਨ ਨੂੰ ਸੰਕਲਪਾਂ ਵਿਕਲਪਾਂ ਵਿਚ ਧਾਵਤ = ਦੌੜਦੇ ਨੂੰ ਬਰਜਿ = ਰੋਕ ਕੇ ਰਾਖੈ = ਰੱਖਦੇ ਹਨ, ਇਸੇ ਕਰਕੇ ਉਨ੍ਹਾਂ ਗੁਰਮੁਖ ਜਨਾਂ ਦੀ ਸਹਜਿ = ਗਿਆਨ, ਸੁਤੇ-ਸਿਧ ਹੀ ਤੁਰੀਆ ਪਦ ਰੂਪ ਧਾਮ = ਘਰ ਵਿਚ ਬਿਸ੍ਰਾਮ = ਇਸਥਿਤੀ ਹੋ ਜਾਂਦੀ ਹੈ ਤੇ ਉਨ੍ਹਾਂ ਦਾ ਨਿਹਚਲ = ਅਚੱਲ ਘਰ ਵਿਚ ਬਾਸੁ = ਨਿਵਾਸ ਹੋ ਜਾਂਦਾ ਹੈ।

ਚਰਨ ਸਰਨਿ ਰਜ, ਰੂਪ ਕੈ ਅਨੂਪ ਊਪ;
ਦਰਸੁ ਦਰਸਿ ਸਮ ਦਰਸਿ ਪ੍ਰਗਾਸੁ ਹੈ ॥

('ਰਜ' ਪੋਲਾ ਪੜ੍ਹੋ)

ਗੁਰਮੁਖ ਜਨ ਗੁਰੂ ਸਾਹਿਬ ਜੀ ਦੇ ਚਰਨਾਂ ਕਮਲਾਂ ਦੀ ਸਰਨਿ = ਓਟ ਵਿਚ ਪੈ ਕੇ ਗੁਰਾਂ ਦੀ ਚਰਨ ਕਮਲ ਰੂਪ ਰਜ = ਧੂੜੀ ਨੂੰ ਪ੍ਰਾਪਤ ਕਰਦੇ ਹਨ, ਉਹ ਅਨੂਪ = ਉਪਮਾ ਤੋਂ ਰਹਿਤ ਸੁੰਦਰ ਰੂਪ = ਸਰੂਪ ਵਾਲੇ ਹੋਣ ਕੈ = ਕਰਕੇ ਊਪ = ਉਪਮਾ ਦੇ ਲਾਇਕ ਬਣ ਜਾਂਦੇ ਹਨ **ਵਾ:** ਸ਼ੁਭ ਗੁਣਾਂ ਰੂਪ ਸੁੰਦਰ ਸਰੂਪ ਵਾਲੇ ਹੋਣ ਕਰਕੇ ਅਨੂਪ = ਬੇਮਿਸਾਲ ਊਪ = ਮਹਿਮਾ ਵਾਲੇ ਬਣ ਜਾਂਦੇ ਹਨ **ਵਾ:** ਗੁਰਾਂ ਦੇ ਚਰਨਾਂ ਦੀ ਓਟ ਲੈਣ ਰੂਪ ਧੂੜੀ ਕਰਕੇ ਗੁਰਮੁਖ ਜਨਾਂ ਨੂੰ ਅਨੂਪ = ਬੇਮਿਸਾਲ ਊਪ = ਉਪਮਾ ਵਾਲੇ ਸੱਚ ਰੂਪ = ਸਰੂਪ ਦੀ ਪ੍ਰਾਪਤੀ

ਵਾਲਾ ਗਿਆਨ ਪ੍ਰਾਪਤ ਹੋ ਆਉਂਦਾ ਹੈ ਅਤੇ ਗੁਰਾਂ ਦੇ ਦਰਸੁ = ਦੀਦਾਰ ਨੂੰ ਦਰਸਿ = ਦੇਖਣੇ ਕਰਕੇ ਗੁਰਮੁਖ ਜਨਾਂ ਦੇ ਰਿਦੇ ਅੰਦਰ ਸਮ = ਸਮਾਨ ਦਰਸਿ = ਦ੍ਰਿਸ਼ਟੀ ਦਾ ਪ੍ਰਗਾਸੁ = ਪ੍ਰਕਾਸ਼ ਹੋ ਆਉਂਦਾ ਹੈ, ਭਾਵ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਕੇ ਬ੍ਰਹਮ ਸਰੂਪ ਦਾ ਸਾਖਿਆਤਕਾਰ ਹੋਣ ਰੂਪ ਪ੍ਰਕਾਸ਼ ਹੋ ਆਉਂਦਾ ਹੈ।

ਸਬਦ ਸੁਰਤਿ ਲਿਵ ਬਜਰ ਕਪਾਟ ਖੁਲੇ;
ਅਨਹਦ ਨਾਦ ਬਿਸਮਾਦ ਕੋ ਬਿਸਵਾਸੁ ਹੈ॥

ਗੁਰ ਸਬਦ = ਉਪਦੇਸ਼ ਵਿਚ ਸੁਰਤਿ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਲਿਵ = ਬਿਰਤੀ ਲਾਉਣੇ ਕਰਕੇ ਬਜਰ = ਸਖ਼ਤ ਆਸਾ ਅੰਦੇਸਾ ਰੂਪ ਕਪਾਟ = ਤਖ਼ਤੇ ਖੁਲੇ = ਖੁੱਲ੍ਹ ਜਾਂਦੇ ਹਨ ਅਤੇ ਫੇਰ ਅਨਹਦ = ਹੱਦ ਤੋਂ ਰਹਿਤ ਨਾਮ ਦੀ ਧੁਨੀ ਵਾਲੀ ਨਾਦ = ਅਵਾਜ਼ ਸੁਣ ਕੇ ਬਿਸਮਾਦ = ਅਸਚਰਜ ਮਈ ਤੁਰੀਆ ਅਵਸਥਾ ਦੀ ਪ੍ਰਾਪਤੀ ਕੋ = ਦਾ ਬਿਸਵਾਸੁ = ਭਰੋਸਾ ਰਿਦੇ ਵਿਚ ਆ ਜਾਂਦਾ ਹੈ **ਵਾ:** ਬਿਸਮਾਦ = ਅਸਚਰਜ ਸਰੂਪ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਅਨਹਦ = ਇਕ-ਰਸ ਨਾਮ ਰੂਪ ਸਬਦ ਕੋ = ਦਾ ਬਿਸਵਾਸੁ = ਨਿਸ਼ਚਾ ਅੰਦਰ ਪ੍ਰਗਟ ਹੋ ਆਉਂਦਾ ਹੈ।

ਅੰਮ੍ਰਿਤ ਬਾਨੀ ਅਲੇਖ ਲੇਖ ਕੈ ਅਲੇਖ ਭਏ;
ਪਰਦਛਨਾ ਕੈ ਸੁਖ ਦਾਸਨ ਕੇ ਦਾਸ ਹੈ॥੨੫੯॥

ਉਹ ਗੁਰਮੁਖ ਜਨ ਗੁਰੂ ਸਾਹਿਬ ਜੀ ਦੀ ਅੰਮ੍ਰਿਤਮਈ ਬਾਣੀ ਦੇ ਅਲੇਖ ਨੂੰ ਲੇਖ = ਲਿਖ ਕੈ = ਕਰਕੇ ਜਮਾਂ ਦੇ ਅਲੇਖ = ਲੇਖੇ ਤੋਂ ਰਹਿਤ ਭਏ = ਹੋਏ ਹਨ ਅਤੇ ਗੁਰਾਂ ਦੀ ਪਰਦਛਨਾ = ਪਰਿਕਰਮਾ ਕੈ = ਕਰ ਕੇ ਸੁਖ = ਅਨੰਦਿਤ ਹੋਏ ਹਨ ਅਤੇ ਫੇਰ ਨਿਮਰਤਾ ਵਿਚ ਐਸਾ ਰਹਿੰਦੇ ਹਨ ਕਿ ਦਾਸਨ = ਸੇਵਕਾਂ ਕੇ = ਦੇ ਦਾਸੁ = ਸੇਵਕ ਹੋਏ ਰਹਿੰਦੇ ਹੈ = ਹਨ॥੨੫੯॥

ਗੁਰਸਿਖ ਸਾਧ ਰੂਪ ਰੰਗ ਅੰਗ ਅੰਗ ਛਬਿ;
ਦੇਹਿ ਕੈ ਬਿਦੇਹ ਅਉ ਸੰਸਾਰੀ ਨਿਰੰਕਾਰੀ ਹੈ॥

ਗੁਰਸਿੱਖਾਂ ਨੇ ਜਦ ਸਾਧ = ਸ੍ਰੇਸ਼ਟ ਰੂਪ = ਸਰੂਪ ਗੁਰਾਂ ਨਾਲ ਰੰਗ = ਪ੍ਰੇਮ ਕੀਤਾ, ਤਦ ਸਰੀਰ ਦਾ ਅੰਗ ਅੰਗ ਛਬਿ = ਸ਼ੋਭਾ ਦੇ ਸਹਿਤ ਹੋ ਗਿਆ, ਸਫਲਾ ਹੋ ਗਿਆ ਤੇ ਫੇਰ ਗੁਰਸਿੱਖ ਦੇਹ = ਸਰੀਰ ਦੀ ਹੰਗਤਾ ਵੱਲੋਂ ਬਿਦੇਹ ਹੋ ਜਾਂਦਾ ਹੈ ਅਉ = ਅਤੇ ਸੰਸਾਰੀ = ਜਗਤ ਵਿਚ ਰਹਿੰਦਾ ਹੋਇਆ ਵੀ ਨਿਰੰਕਾਰੀ = ਪਰਮੇਸ਼ਰ ਨਾਲ ਜੁੜਿਆ ਰਹਿੰਦਾ ਹੈ **ਵਾ:** ਨਿਰੰਕਾਰੀ = ਪਰਮੇਸ਼ਰ ਦਾ ਸਰੂਪ ਗੁਰਾਂ ਦੇ ਨਾਲ ਜੁੜਿਆ ਰਹਿੰਦਾ ਹੈ।

ਦਰਸ ਦਰਸਿ ਸਮਦਰਸਿ ਬ੍ਰਹਮ ਗਿਆਨ;
ਸਬਦ ਸੁਰਤਿ ਗੁਰ ਬ੍ਰਹਮ ਬੀਚਾਰੀ ਹੈ॥

ਦਰਸ = ਦੇਖਣ ਯੋਗ ਜੋ ਕੁਝ ਵੀ ਐਸੇ ਗੁਰਸਿੱਖ ਦੇ ਦਰਸਿ = ਦ੍ਰਿਸ਼ਟੀ ਵਿਚ ਆਉਂਦਾ ਹੈ, ਉਹ ਸਮੂਹ ਦਰਸ਼ਨ ਵਿਚ ਸਮਦਰਸਿ = ਸਮਾਨ ਦ੍ਰਿਸ਼ਟੀ ਹੋਣ ਕਰਕੇ ਬ੍ਰਹਮ ਹੀ ਦਿਖਾਈ ਦਿੰਦਾ ਹੋਇਆ ਧਿਆਨ ਵਿਚ ਲਿਆਉਂਦਾ ਹੈ ਅਤੇ ਜੋ ਕੁਝ ਗੁਰ ਸਬਦ = ਉਪਦੇਸ਼ ਦੁਆਰਾ ਸੁਰਤਿ = ਕੰਨਾਂ ਵਿਚ ਸੁਣਾਈ ਦਿੰਦਾ ਹੈ, ਉਸ ਨੂੰ ਗੁਰ ਬ੍ਰਹਮ = ਸ਼ਬਦ ਸਰੂਪ ਹੀ ਬੀਚਾਰੀ = ਵਿਚਾਰਦਾ ਹੈ **ਵਾ:** ਉਸ ਨੂੰ ਗੁਰਾਂ ਦੀ ਕਿਰਪਾ ਸਦਕਾ ਬ੍ਰਹਮ = ਵਿਆਪਕ ਪਰਮੇਸ਼ਰ ਦੀ ਪ੍ਰਾਪਤੀ ਵਾਲਾ ਹੀ ਬੀਚਾਰੀ = ਵਿਚਾਰਨਾ ਕਰਦਾ ਹੈ।

ਗੁਰ ਉਪਦੇਸ ਪਰਵੇਸ ਲੇਖ ਕੈ ਅਲੇਖ;
ਚਰਨ ਸਰਨਿ ਕੈ ਬਿਕਾਰੀ ਉਪਕਾਰੀ ਹੈ॥

ਗੁਰ = ਸਤਿਗੁਰਾਂ ਦੀ ਉਪਦੇਸ = ਸਿੱਖਿਆ ਵਿਚ ਪਰਵੇਸ = ਦਾਖ਼ਲ ਹੋ ਕੈ = ਕਰਕੇ ਸੰਸਾਰ, ਜਮਾਂ ਦੇ ਲੇਖ = ਲੇਖੇ ਤੋਂ ਅਲੇਖ ਹੋ ਜਾਂਦਾ ਹੈ **ਵਾ:** ਲੇਖਾਂ ਤੋਂ ਰਹਿਤ ਹੋ ਜਾਂਦਾ ਹੈ ਅਤੇ ਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਪੈ ਕੈ = ਕਰਕੇ ਬਿਕਾਰੀ = ਵਿਸ਼ੇ-ਵਾਸ਼ਨਾ ਤੋਂ ਛੁੱਟ ਉਪਕਾਰੀ = ਭਲਿਆਈ ਕਰਨ ਵਾਲਾ ਹੋ ਜਾਂਦਾ ਹੈ।

ਪ੍ਰਦਛਨਾ ਕੈ ਬ੍ਰਹਮਾਦਿਕ ਪਰਿਕ੍ਰਮਾਦਿ;
ਪੂਰਨ ਬ੍ਰਹਮ ਅਗ੍ਰਭਾਗ ਅਗਿਆਕਾਰੀ ਹੈ॥੨੬੦॥

ਪੂਰਨ = ਵਿਆਪਕ ਬ੍ਰਹਮ = ਪਰਮੇਸ਼ਰ ਦਾ ਸਰੂਪ ਜੋ ਗੁਰੂ ਸਾਹਿਬ ਜੀ ਹਨ, ਉਨ੍ਹਾਂ ਦੇ ਅਗ੍ਰਭਾਗ = ਸਾਹਮਣੇ ਤੋਂ ਗੁਰਸਿੱਖ ਆਗਿਆਕਾਰੀ = ਹੁਕਮ ਮੰਨਣ ਵਾਲਾ ਹੋਇਆ ਹੈ ਅਤੇ ਐਸੇ ਗੁਰਾਂ ਦੇ ਦੁਆਲੇ ਜੋ ਪ੍ਰਦਛਨਾ = ਪ੍ਰਦੱਖਣਾ ਕੈ = ਕਰਦਾ ਹੈ, ਉਸ ਦੀ ਪਰਿਕ੍ਰਮਾਦਿ = ਪਰਿਕਰਮਾ, ਬ੍ਰਹਮਾਦਿਕ = ਬ੍ਰਹਮਾ ਆਦਿ ਦੇਵਤੇ ਵੀ ਕਰਦੇ ਹਨ **ਵਾ:** ਪੂਰਨ ਪਰਮੇਸ਼ਰ ਦਾ ਸਰੂਪ ਗੁਰਾਂ ਦੀ ਪਰਿਕਰਮਾ ਕਰਨ ਨਾਲ ਬ੍ਰਹਮਾ ਆਦਿ ਤੋਂ ਲੈ ਕੇ ਸਾਰੇ ਦੇਵਤੇ ਅਤੇ ਹੋਰ ਪਰਿਕ੍ਰਮਾਦਿ (ਪਰਿ + ਕ੍ਰਮਾਦਿ) ਪਰਿ = ਭਲੀ ਪ੍ਰਕਾਰ ਕ੍ਰਮਾਦਿ = ਕੀੜੇ ਪਤੰਗੇ ਆਦਿ ਅਗ੍ਰਭਾਗ = ਅੱਗੇ ਖੜੋ ਕੇ ਆਗਿਆਕਾਰੀ = ਹੁਕਮ ਮੰਨਣ ਵਾਲੇ ਹੋ ਜਾਂਦੇ ਹਨ॥੨੬੦॥

ਗੁਰਮੁਖਿ ਮਾਰਗ ਹੁਇ ਭ੍ਰਮਨ ਕੋ ਭ੍ਰਮ ਖੋਇਓ;
ਚਰਨ ਸਰਨਿ ਗੁਰ ਏਕ ਟੇਕ ਧਾਰੀ ਹੈ॥

ਗੁਰਮੁਖਤਾਈ ਵਾਲੇ ਮਾਰਗ ਵਿਚ ਪ੍ਰਵੇਸ਼ ਹੁਇ = ਹੁੰਦਿਆਂ ਹੀ ਸਭਨਾਂ ਭ੍ਰਮਨ = ਭਰਮਣ ਕੋ = ਦਾ ਮੁੱਢ ਅਗਿਆਨ ਰੂਪ ਭਰਮ ਖੋਇਓ = ਨਵਿਰਤ ਹੋ ਜਾਂਦਾ ਹੈ **ਵਾ:** ਗੁਰਮੁਖਤਾਈ ਵਾਲੇ ਰਸਤੇ ਵਿਚ ਪ੍ਰਵੇਸ਼ ਹੋ ਕੇ ਹੋਰਨਾਂ ਦੇਵੀ ਦੇਵਤਿਆਂ ਦੇ ਭਰਮ ਵਿਚ ਭਰਮਿਆ ਹੋਇਆ ਜੋ ਜੀਵ ਦੌੜਦਾ ਫਿਰਦਾ ਸੀ, ਉਸ ਨੇ ਭਰਮ ਨੂੰ ਦੂਰ ਕਰ ਲਿਆ ਹੈ ਅਤੇ ਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਜਾ ਕੇ ਕੇਵਲ ਏਕ = ਇਕ ਅਕਾਲ ਪੁਰਖ ਦੀ ਟੇਕ = ਓਟ ਧਾਰੀ = ਧਾਰਨਾ ਕੀਤੀ ਹੈ।

ਦਰਸ ਦਰਸਿ ਸਮਦਰਸਿ ਧਿਆਨ ਧਾਰਿ;
ਸਬਦ ਸੁਰਤਿ ਕੈ ਸੰਸਾਰੀ ਨਿਰੰਕਾਰੀ ਹੈ॥

ਜੋ ਗੁਰਸਿੱਖ ਗੁਰਮੁਖ ਜਨਾਂ, ਗੁਰਾਂ ਦਾ ਦਰਸ = ਦਰਸ਼ਨ ਦਰਸਿ = ਦ੍ਰਿਸ਼ਟੀ ਨਾਲ ਦੇਖ ਕੇ ਆਪਣੀ ਸਮਦਰਸਿ = ਸਮਾਨ ਦ੍ਰਿਸ਼ਟੀ ਬਣਾ ਕੇ ਗੁਰਾਂ, ਪਰਮੇਸ਼ਰ ਦਾ ਧਿਆਨ = ਖ਼ਿਆਲ ਰਿਦੇ ਵਿਚ ਧਾਰਿ = ਧਾਰਨ ਕਰਨ ਵਾਲਾ ਹੋ ਜਾਂਦਾ ਹੈ ਅਤੇ ਉਹ ਗੁਰ ਸਬਦ = ਉਪਦੇਸ਼ ਵਿਚ ਚਿੱਤ ਦੀ ਸੁਰਤਿ = ਬਿਰਤੀ ਲਾ ਕੈ = ਕਰਕੇ **ਵਾ:** (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਕਰ ਕੇ ਸੰਸਾਰੀ = ਸੰਸਾਰਕ ਕਾਰੋ-ਵਿਹਾਰ ਨੂੰ ਕਰਦਾ ਹੋਇਆ ਨਿਰੰਕਾਰੀ = ਵਾਹਿਗੁਰੂ ਦਾ ਪਿਆਰਾ ਬਣ ਜਾਂਦਾ ਹੈ।

ਸਤਿਗੁਰ ਸੇਵਾ ਕਰਿ ਸੁਰਿ ਨਰ ਸੇਵਕ ਹੈ;
ਮਾਨਿ ਗੁਰ ਆਗਿਆ ਸਭ ਜਗੁ ਆਗਿਆਕਾਰੀ ਹੈ॥

ਸਤਿਗੁਰ = ਸੱਚੇ ਗੁਰੂ ਦੀ ਸੇਵਾ = ਟਹਿਲ ਕਰਨੇ ਕਰਿ = ਕਰਕੇ ਐਸੇ ਗੁਰਮੁਖ ਜਨ ਦੇ ਸੁਰਿ = ਦੇਵਤੇ, ਨਰ = ਮਨੁੱਖ ਸੇਵਕ = ਦਾਸ ਬਣ ਜਾਂਦੇ ਹੈ = ਹਨ ਅਤੇ ਜਿਸ ਐਸੇ ਗੁਰਮੁਖ ਜਨ ਨੇ ਗੁਰ = ਸਤਿਗੁਰਾਂ ਦਾ ਆਗਿਆ = ਹੁਕਮ ਮਾਨਿ = ਮੰਨਣਾ ਕੀਤਾ ਹੈ, ਉਸ ਦਾ ਸਭ = ਸਾਰਾ ਜਗੁ = ਸੰਸਾਰ ਹੀ ਆਗਿਆਕਾਰੀ = ਹੁਕਮ ਮੰਨਣ ਵਾਲਾ ਹੋ ਜਾਂਦਾ ਹੈ।

ਪੂਜਾ ਪ੍ਰਾਨ ਪ੍ਰਾਨਪਤਿ ਸਰਬ ਨਿਧਾਨ ਦਾਨ;
ਪਾਰਸ ਪਰਸਿ ਗਤਿ ਪਰਉਪਕਾਰੀ ਹੈ॥੨੬੧॥

ਐਸਾ ਗੁਰਮੁਖ ਜਨ ਸਰਬ = ਸਾਰੀਆਂ ਨਿਧਾਨ = ਨਿਧੀਆਂ **ਵਾ:** ਸਾਰੇ ਖ਼ਜ਼ਾਨਿਆਂ ਨੂੰ ਦਾਨ = ਦੇਣ ਵਾਲੇ ਪ੍ਰਾਨਪਤਿ = ਪ੍ਰਾਣਾਂ ਦੇ ਪਤੀ ਪਰਮੇਸ਼ਰ, ਗੁਰਾਂ ਦਾ ਪ੍ਰਾਨ = ਪ੍ਰਾਣਾਂ ਨੂੰ ਅਰਪਣ ਰੂਪ ਪੂਜਾ = ਪੂਜਣ ਕਰਦਾ ਹੈ ਭਾਵ ਸੁਆਸ ਸੁਆਸ ਗੁਰਾਂ, ਵਾਹਿਗੁਰੂ ਨੂੰ ਅਰਾਧਦਾ ਰਹਿੰਦਾ ਹੈ ਅਤੇ ਪਾਰਸ ਰੂਪ ਗੁਰਾਂ ਨਾਲ ਪਰਸਿ = ਸਪਰਸ਼ ਹੋ ਕੇ ਪਰਉਪਕਾਰੀ = ਪਰਾਏ ਦਾ ਭਲਾ ਕਰਨ ਵਾਲਾ ਸੁਭਾਅ ਗਤਿ = ਪ੍ਰਾਪਤ ਹੋ ਜਾਂਦਾ ਹੈ **ਵਾ:** ਜਿਵੇਂ ਪਾਰਸ ਨਾਲ ਪਰਸਿ = ਛੋਹ ਕੇ ਲੋਹਾ, ਚਾਂਦੀ ਆਦਿ ਧਾਤਾਂ ਸੋਨਾ ਬਣ ਜਾਂਦੀਆਂ ਹਨ, ਇਸੇ ਪ੍ਰਕਾਰ ਐਸੇ ਗੁਰਮੁਖਾਂ ਦੀ ਸੰਗਤ ਕਰ ਕੇ ਹੋਰ ਜਗਿਆਸੂ ਵੀ ਪਰਉਪਕਾਰ ਕਰਨ ਵਾਲਾ ਸੁਭਾਅ ਪ੍ਰਾਪਤ ਕਰ ਲੈਂਦੇ ਹਨ॥੨੬੧॥

ਪੂਰਨ ਬ੍ਰਹਮ ਗੁਰ, ਮਹਿਮਾ ਕਹੈ ਸੁ ਥੋਰੀ;
ਕਥਨੀ ਬਦਨੀ ਬਾਦਿ, ਨੇਤਿ ਨੇਤਿ ਨੇਤਿ ਹੈ॥

ਪੂਰਨ = ਵਿਆਪਕ ਬ੍ਰਹਮ = ਪਰਮੇਸ਼ਰ ਦਾ ਸਰੂਪ ਗੁਰ = ਸਤਿਗੁਰਾਂ ਦੀ ਮਹਿਮਾ = ਉਪਮਾ ਜਿਤਨੀ ਵੀ ਕਹੈ = ਆਖਣਾ ਕਰੀਏ, ਸੁ = ਉਹ ਉਤਨੀ ਹੀ ਥੋਰੀ = ਥੋੜ੍ਹੀ ਹੈ, ਕਿਉਂਕਿ ਉਹ ਉਪਮਾ ਕਥਨੀ = ਵਾਰਤਾ, ਬਦਨੀ = ਕਵੀਸ਼ਰੀ ਬਾਦਿ = ਚਰਚਾ ਕਰ ਕੇ ਕਥਨ ਨਹੀਂ ਕੀਤੀ ਜਾ ਸਕਦੀ ਭਾਵ ਇਹੋ ਹੀ ਕਿਹਾ ਜਾ ਸਕਦਾ ਹੈ ਕਿ ਸਤਿਗੁਰਾਂ ਦੀ ਮਹਿਮਾ ਨੇਤਿ ਨੇਤਿ ਨੇਤਿ = ਅਨੰਤ ਹੈ, ਅਨੰਤ ਹੈ, ਅਨੰਤ ਹੈ।

ਪੂਰਨ ਬ੍ਰਹਮ ਗੁਰੁ, ਪੂਰਨ ਸਰਬ-ਮਈ,
ਨਿੰਦਾ ਕਰੀਐ ਸੁ ਕਾਂ ਕੀ, ਨਮੋ ਨਮੋ ਹੇਤ ਹੈ॥

ਪੂਰਨ = ਵਿਆਪਕ ਬ੍ਰਹਮ = ਪਰਮੇਸ਼ਰ ਦਾ ਸਰੂਪ ਗੁਰੁ = ਸਤਿਗੁਰੂ ਸਰਬ-ਮਈ = ਸਰਬ ਸਰੂਪੀ ਤੇ ਸਾਰਿਆਂ ਥਾਵਾਂ ਵਿਚ ਪੂਰਨ = ਪਰੀਪੂਰਨ ਹਨ, ਸੋ ਇਸ ਲਈ ਕਾਂ = ਕਿਸ ਕੀ = ਦੀ ਨਿੰਦਾ = ਅਪਕੀਰਤੀ ਕਰੀਐ = ਕਰਨਾ ਕਰੀਏ ਭਾਵ ਨਹੀਂ ਕੀਤੀ ਜਾ ਸਕਦੀ, ਸਗੋਂ ਐਸੇ ਗੁਰਾਂ ਨੂੰ ਮਨ, ਬਾਣੀ ਦੁਆਰਾ ਹੇਤ = ਪ੍ਰੇਮ ਸਹਿਤ ਨਮੋ = ਨਮਸਕਾਰ ਹੈ, ਨਮੋ = ਨਮਸਕਾਰ ਹੈ।

ਤਾਹੀ ਤੇ ਬਿਵਰਜਿਤ ਅਸਤੁਤਿ ਨਿੰਦਾ ਦੋਊ;
ਅਕਥ ਕਥਾ ਬੀਚਾਰਿ ਮੋਨਿ ਬ੍ਰਤ ਲੇਤ ਹੈ॥

ਤਾਹੀ = ਉਸੇ ਕਰਕੇ ਹੀ ਗੁਰਮੁਖ ਜਨ ਅਸਤੁਤਿ = ਕੀਰਤੀ ਤੇ ਨਿੰਦਾ = ਅਪਕੀਰਤੀ ਦੋਊ = ਦੋਨਾਂ ਨੂੰ ਬਿਵਰਜਿਤ = ਤਿਆਗ ਦਿੰਦੇ ਹਨ ਅਤੇ ਅਕਥ = ਕਥਨ ਤੋਂ ਰਹਿਤ ਪਰਮੇਸ਼ਰ ਦੀ ਕਥਾ = ਵਾਰਤਾ ਨੂੰ ਬੀਚਾਰ = ਵਿਚਾਰ ਕੇ ਮੋਨਿ = ਚੁੱਪ ਕਰਨ ਵਾਲਾ ਬ੍ਰਤ = ਪ੍ਰਣ ਧਾਰਨ ਕਰ ਲੇਤ = ਲੈਂਦੇ ਹੈ = ਹਨ **ਵਾ:** ਅਕਥ = ਕਥਨ ਤੋਂ ਰਹਿਤ ਕਥਾ = ਵਾਰਤਾ ਦੇ ਭੇਦ ਨੂੰ ਸਮਝ ਕੇ ਮੋਨਿ = ਚੁੱਪ ਸਾਧਨਾ ਦੇ ਵਰਤ ਰੂਪ ਪ੍ਰਤਿੱਗਿਆ ਨੂੰ ਧਾਰੀ ਰੱਖਦੇ ਹਨ।

ਬਾਲ ਬੁਧਿ ਸੁਧਿ ਕਰਿ, ਦੇਹ ਕੈ ਬਿਦੇਹ ਭਏ;
ਜੀਵਨ ਮੁਕਤਿ ਗਤਿ, ਬਿਸਮ ਸੁਚੇਤ ਹੈ॥੨੬੨॥

ਇਸ ਤਰ੍ਹਾਂ ਗੁਰਮੁਖ ਜਨ ਉਪਰੋਂ ਤਾਂ ਬਾਲ = ਬਾਲਕਾਂ ਵਾਲੀ ਬੁਧਿ = ਅਕਲ ਵਾਂਗ ਬਿਰਤੀ ਰੱਖਦੇ ਹਨ ਭਾਵ ਦਿਖਾਵਾ ਨਹੀਂ ਕਰਦੇ ਅਤੇ ਅੰਦਰੋਂ ਪਰਮੇਸ਼ਰ ਦੀ ਸੁਧਿ = ਗਿਆਤ ਕਰਿ = ਕਰ ਕੇ ਆਪਣੇ ਚਿੱਤ ਵਿਚ ਦੇਹ = ਸਰੀਰ ਕੈ = ਦੇ ਵੱਲੋਂ ਬਿਦੇਹ ਭਏ = ਹੋ ਜਾਂਦੇ ਹਨ, ਭਾਵ ਦੇਹ ਅਧਿਆਸ ਦਾ ਤਿਆਗ ਕਰ ਦਿੰਦੇ ਹਨ ਤੇ ਇਸ ਪ੍ਰਕਾਰ ਜੀਵਨ ਮੁਕਤਿ = ਮੁਕਤੀ ਵਾਲੀ ਤੁਰੀਆ ਪਦ ਰੂਪ ਅਵਸਥਾ ਨੂੰ ਗਤਿ = ਪ੍ਰਾਪਤ ਕਰ ਲੈਂਦੇ ਹਨ ਅਤੇ ਉੱਪਰੋਂ ਬਾਲਕ ਵੱਤ ਵਰਤਦੇ ਹੋਏ ਅੰਦਰੋਂ ਬਿਸਮ = ਹੈਰਾਨ ਕਰ ਦੇਣ ਵਾਲਾ ਸੁਚੇਤ = ਸਾਵਧਾਨ ਵਾਲਾ ਸੁਭਾਅ ਬਣਾਈ ਰੱਖਦੇ ਹਨ **ਵਾ:** ਜੀਵਨ ਮੁਕਤੀ ਨੂੰ ਗਤਿ = ਪ੍ਰਾਪਤ ਕਰ ਕੇ ਫੇਰ ਵੀ ਬਿਸਮ = ਅਸਚਰਜ ਪਰਮੇਸ਼ਰ ਦਾ ਨਾਮ ਜਪਣ ਵਿਚ ਸੁਚੇਤ = ਸਾਵਧਾਨ ਰਹਿੰਦੇ ਹਨ॥੨੬੨॥

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਅਤਿ;
ਪ੍ਰੇਮ ਕੈ ਪਰਸਪਰ ਬਿਸਮ ਸਥਾਨ ਹੈ॥

ਗੁਰਸਿੱਖਾਂ ਦੀ ਸੰਗਤ ਮਿਲਾਪ = ਮਿਲਣ ਕੋ = ਦਾ ਅਤਿ = ਅਤਿਅੰਤ ਪ੍ਰਤਾਪੁ = ਤੇਜ, ਪ੍ਰਭਾਵ ਹੈ, ਫੇਰ ਐਸੇ ਸਿੱਖ ਪਰਸਪਰ = ਆਪਸ ਵਿਚਦੀ ਪ੍ਰੇਮ = ਸਨੇਹ ਕੈ = ਕਰਕੇ ਬਿਸਮ = ਅਸਚਰਜ ਸਤਿਸੰਗਤ, ਸੱਚਖੰਡ ਰੂਪੀ ਸਥਾਨ = ਅਸਥਾਨ ਵਿਚ ਨਿਵਾਸ ਕਰਦੇ ਹਨ।

ਦ੍ਰਿਸਟਿ ਦਰਸ ਕੈ, ਦਰਸ ਕੈ ਦ੍ਰਿਸਟਿ ਹਰੀ;
ਹੇਰਤ ਹਿਰਾਤ ਸੁਧਿ, ਰਹਤ ਨ ਧਿਆਨ ਹੈ॥

ਐਸੇ ਗੁਰਮੁਖ ਜਨ ਨੇ ਗੁਰਾਂ, ਗੁਰਸਿੱਖਾਂ ਦਾ ਦਰਸ = ਦੀਦਾਰ ਦ੍ਰਿਸਟਿ = ਨੇਤਰਾਂ ਦੀ ਨਜ਼ਰ ਨਾਲ ਦਰਸ = ਦੀਦਾਰ ਵੇਖ ਕੈ = ਕਰ ਕੇ ਹੋਰ ਮੰਦ ਦ੍ਰਿਸਟਿ = ਦ੍ਰਿਸ਼ਟੀ ਹਰੀ = ਦੂਰ ਕੀਤੀ ਹੈ ਅਤੇ ਹੋਰਨਾਂ ਦੇਵੀ ਦੇਵਤਿਆਂ ਦੇ ਧਿਆਨ ਹੇਰਤ = ਦੇਖਣ ਹਿਰਾਤ = ਦਿਖਾਉਣ ਦੀ ਸੁਧਿ = ਖ਼ਬਰ ਐਸੇ ਗੁਰਮੁਖ ਜਨ ਨੂੰ ਰਹਤ = ਰਹਿੰਦੀ ਨ = ਨਹੀਂ ਹੈ।

ਸਬਦ ਕੈ ਸੁਰਤਿ, ਸੁਰਤਿ ਕੈ ਸਬਦ ਹਰੇ;
ਕਹਤ ਸੁਨਤ ਗਤਿ ਰਹਤ ਨ ਗਿਆਨ ਹੈ ॥

ਐਸੇ ਗੁਰਮੁਖ ਜਨ ਗੁਰ ਸਬਦ = ਉਪਦੇਸ਼ ਨੂੰ ਸੁਰਤਿ = ਸੁਣ ਕੈ = ਕਰਕੇ ਹੋਰਨਾਂ ਵਿਸ਼ੇ ਪੈਦਾ ਕਰਨ ਵਾਲੇ ਸ਼ਬਦ ਨੂੰ ਸੁਰਤਿ = ਸੁਣਨੇ ਕੈ = ਦੇ ਵੱਲੋਂ ਹਰੇ = ਦੂਰ, ਟਲ ਜਾਂਦੇ ਹਨ, ਆਪਣੇ ਮੁੱਖੋਂ ਮੰਦੇ ਸ਼ਬਦ ਕਹਤ = ਕਹਿਣ ਤੇ ਸੁਨਤ = ਸੁਣਨ ਦੀ ਗਤਿ = ਗੀਤੀ ਵੀ ਨਵਿਰਤ ਹੋ ਜਾਂਦੀ ਹੈ ਅਤੇ ਬਾਹਰਲੇ ਗਿਆਨ ਤੋਂ ਵੀ ਰਹਿਤ ਹੋ ਜਾਂਦੇ ਹਨ, ਭਾਵ ਆਪਣੇ ਮੁੱਖੋਂ ਮੰਦਾ ਆਖਣਾ ਤੇ ਮੰਦਾ ਸੁਣਨ ਦੀ ਗੀਤੀ ਦੂਰ ਹੋ ਜਾਂਦੀ ਹੈ ਤੇ ਸੰਸਾਰਕ ਗੱਲਾਂ ਦਾ ਗਿਆਨ ਵੀ ਨਹੀਂ ਰਹਿੰਦਾ ਹੈ।

ਅਸਨ ਬਸਨ ਤਨ ਮਨ ਬਿਸਿਮਰਨ ਹੁਇ;
ਦੇਹ ਕੈ ਬਿਦੇਹ, ਉਨਮਤ ਮਧੁ-ਪਾਨ ਹੈ ॥੨੬੩॥

ਐਸੇ ਗੁਰਮੁਖ ਜਨਾਂ ਨੂੰ ਤਨ = ਸਰੀਰ ਤੋਂ ਅਸਨ = ਅੰਨ, ਖਾਣ ਪੀਣ ਤੇ ਬਸਨ = ਬਸਤਰ ਪਹਿਨਣ, ਮਨ = ਚਿੱਤ ਤੋਂ ਬਿਸਿਮਰਨ = ਵਿਕਾਰ ਭੁੱਲ ਜਾਂਦੇ ਹਨ **ਵਾ:** ਚੰਗੇ ਪਦਾਰਥ ਖਾਣੇ ਸਰੀਰ ਉੱਪਰ ਚੰਗੇ ਬਸਤਰ ਪਹਿਨਣੇ ਆਦਿ ਵੱਲੋਂ ਸਰੀਰ ਹਟ ਜਾਂਦਾ ਹੈ ਤੇ ਮਨ ਵਿਕਾਰਾਂ ਵੱਲੋਂ ਰੁਕ ਜਾਂਦਾ ਹੈ। ਐਸਾ ਦੇਹ = ਸਰੀਰ ਦਾ ਪਾਲਣਾ ਪੋਸ਼ਣਾ ਤਿਆਗ ਕੇ ਨਾਮ ਮਧੁ = ਅੰਮ੍ਰਿਤ ਦੇ ਪਾਨ = ਪੀਣ ਵਿਚ ਹੀ ਉਨਮਤ = ਮਸਤਾਨੇ ਰਹਿੰਦੇ ਹਨ।

ਅਥਵਾ ਅਸਨ = ਖਾਣ-ਪੀਣ ਵਾਲੇ ਪਦਾਰਥ, ਬਸਨ = ਬਸਤਰ ਪਹਿਨਣੇ ਆਦਿ ਦੇਹ = ਸਰੀਰ ਦੀ ਦੇਖਭਾਲ ਤੇ ਮਨ ਦੀਆਂ ਕਲਪਨਾ ਆਦਿ ਸਭ ਭੁੱਲ ਜਾਂਦੀਆਂ ਹਨ ਅਤੇ ਸੁਭਾਵਿਕ ਹੀ ਸੰਸਾਰਕ ਕਾਰ-ਵਿਹਾਰਾਂ ਵਿਚ ਵਰਤਦਾ ਹੈ ਅਤੇ ਤੁਰੀਆ ਪਦ ਦੀ ਪ੍ਰਾਪਤੀ, ਗੁਰ-ਉਪਦੇਸ਼ ਦੁਆਰਾ ਨਾਮ ਰੂਪ ਅੰਮ੍ਰਿਤ-ਪਾਨ ਕਰ ਕੇ ਉਨਮਤ = ਮਸਤ ਹੋਇਆ, ਆਪਣੀ ਦੇਹ = ਕਾਂਇਆ ਵੱਲੋਂ ਬਿਦੇਹ ਹੋਇਆ ਰਹਿੰਦਾ ਹੈ।

ਜੈਸੇ ਲਗ ਮਾਤ੍ਰ-ਹੀਨ ਪੜਤ ਅਉਰ ਕਉ ਅਉਰ;
ਪਿਤਾ ਪੂਤ, ਪੂਤ ਪਿਤਾ, ਸਮਸਰਿ ਜਾਨੀਐ ॥

ਜੈਸੇ = ਜਿਸ ਪ੍ਰਕਾਰ ਕੰਨਾ ਸਿਹਾਰੀ ਆਦਿ ਲਗ = ਲਗਾਂ ਮਾਤਰਾਂ ਤੋਂ ਹੀਨ = ਬਗ਼ੈਰ ਸ਼ਬਦ ਅਉਰ = ਹੋਰ ਕਉ = ਦਾ ਅਉਰ = ਹੋਰ ਹੀ ਪੜਤ = ਪੜਨ ਵਿਚ ਆਇਆ ਕਰਦਾ ਹੈ ਭਾਵ ਪਿਤਾ ਦੀ ਥਾਂ ਪੂਤ = ਪੁੱਤਰ ਤੇ ਪੂਤ = ਪੁੱਤਰ ਦੀ ਥਾਂ ਪਿਤਾ ਸਮਸਰਿ = ਇਕ-ਸਮਾਨ ਹੀ ਜਾਨੀਐ = ਜਾਨਣ ਵਿਚ ਆਉਂਦਾ ਹੈ।

ਸੁਰਤਿ ਬਿਹੂਨ ਜੈਸੇ ਬਾਵਰੋ ਬਖਾਨੀਅਤ;
ਅਉਰ ਕਹੇ ਅਉਰ ਕਛੁ ਹਿਰਦੈ ਮੈ ਆਨੀਐ ॥

ਜੈਸੇ = ਜਿਸ ਤਰ੍ਹਾਂ ਸੁਰਤਿ = ਅਕਲ ਤੋਂ ਬਿਹੂਨ = ਬਗ਼ੈਰ ਪੁਰਖ ਨੂੰ ਬਾਵਰੋ = ਝੱਲਾ, ਕਮਲਾ ਬਖਾਨੀਅਤ = ਕਹੀਦਾ ਹੈ ਤੇ ਬੋਲਣ ਵਿਚ ਉਹ ਅਉਰ = ਹੋਰ ਕੁਝ ਕਹੇ = ਕਹਿੰਦਾ ਹੈ ਤੇ ਹਿਰਦੈ = ਚਿੱਤ ਮੈ = ਵਿਚ ਕਛੁ = ਕੁਝ ਅਉਰ = ਹੋਰ ਆਨੀਐ = ਲਿਆਉਂਦਾ ਹੈ।

ਜੈਸੇ ਗੂੰਗ ਸਭਾ ਮਧਿ ਕਹਿ ਨ ਸਕਤ ਬਾਤ;
ਬੋਲਤ ਹਸਾਇ ਹੋਇ ਬਚਨ ਬਿਧਾਨੀਐ ॥

ਜੈਸੇ = ਜਿਸ ਪ੍ਰਕਾਰ ਗੂੰਗ = ਗੂੰਗਿਆਂ (ਬੋਲ ਨਾ ਸਕਣ ਵਾਲਿਆਂ) ਦੀ ਇਕੱਤਰਤਾ ਮਧਿ = ਵਿਚ ਬਾਤ = ਗੱਲ ਨ = ਨਹੀਂ ਕਹਿ = ਆਖ ਸਕਤ = ਸਕਦਾ ਪਰੰਤੂ ਜੇਕਰ ਬੋਲਤ = ਬੋਲਦਾ ਵੀ ਹੈ ਤਾਂ ਉਸ ਦੇ ਬੋਲਣ 'ਤੇ ਉਲਟਾ ਲੋਕਾਂ ਵਿਚ ਹਸਾਇ = ਹਾਸਾ ਹੀ ਹੋਇ = ਹੁੰਦਾ ਹੈ ਕਿਉਂਕਿ ਉਸ ਦਾ ਬਚਨ = ਬੋਲਣਾ (ਬਿਧ + ਆਨੀਐ) ਆਨੀਐ = ਹੋਰ ਹੀ ਬਿਧ = ਤਰੀਕੇ ਦਾ ਹੁੰਦਾ ਹੈ, ਭਾਵ ਬੇਪ੍ਰਸੰਗਾ, ਬੇਵਾਦ, ਉਲਟਾ ਪੁਲਟਾ ਹੁੰਦਾ ਹੈ।

ਗੁਰਮੁਖਿ ਮਾਰਗ ਮੈ ਮਨਮੁਖ ਥਕਤ ਹੁਇ;
ਲਗਨ ਸਗਨ ਮਾਨੇ ਕੈਸੇ ਮਨ ਮਾਨੀਐ ॥੨੬੪॥

ਗੁਰਮੁਖਤਾਈ ਵਾਲੇ ਮਾਰਗ = ਰਸਤੇ ਮੈ = ਵਿਚ ਮਨਮੁਖ ਪੁਰਖ ਥਕਤ = ਥਕਾਨ ਦੇ ਸਹਿਤ ਹੁਇ = ਹੋ ਜਾਂਦਾ ਹੈ ਭਾਵ ਭੰਬਲ-ਭੂਸੇ ਖਾਣ ਲੱਗ ਜਾਂਦਾ ਹੈ ਕਿਉਂਕਿ ਇਥੇ ਬੇਪ੍ਰਵਾਹੀ ਦਾ ਹਿਸਾਬ ਕਿਤਾਬ ਹੁੰਦਾ ਹੈ ਤੇ ਉਹ ਮਨਮੁਖ ਪੁਰਖ ਲਗਨਾਂ ਸਗਨਾਂ ਨੂੰ ਮਾਨੇ = ਮੰਨਦਾ ਹੈ, ਸੋ ਕੈਸੇ = ਕਿਸ ਪ੍ਰਕਾਰ ਉਸ ਦਾ ਮਨ ਸਤਿਸੰਗਤ ਵਿਚ ਆਉਣ ਲਈ ਮਾਨੀਐ = ਮੰਨਣਾ ਕਰੇਗਾ, ਭਾਵ ਨਹੀਂ ਕਰੇਗਾ ॥੨੬੪॥

ਕੋਟਿਨ ਕੋਟਾਨਿ ਛਬਿ ਰੂਪ ਰੰਗ ਸੋਭਾ-ਨਿਧਿ;
ਕੋਟਿਨ ਕੋਟਾਨਿ ਕੋਟਿ ਜਗਮਗ ਜੋਤਿ ਕੈ ॥

ਗੁਰਮੁਖਤਾਈ ਵਾਲੇ ਮਾਰਗ ਵਿਚ ਪਰਵਿਰਤ ਹੋਏ ਗੁਰਮੁਖਾਂ ਨੂੰ ਕੋਟਿਨ ਕੋਟਾਨਿ = ਕਰੋੜਾਂ ਹੀ ਕਰੋੜਾਂ ਸ਼ਕਤੀਆਂ ਰੂਪ ਰੰਗ ਅਤੇ ਸੋਭਾ = ਉਪਮਾ ਦੀ ਨਿਧਿ = ਭੰਡਾਰ ਰੂਪ ਛਬਿ = ਸੁੰਦਰਤਾ ਪ੍ਰਾਪਤ ਹੁੰਦੀ ਹੈ ਅਤੇ ਕਰੋੜਾਂ ਤਰ੍ਹਾਂ ਦੀਆਂ ਜੋਤੀਆਂ ਕੋਟਿਨ = ਕਰੋੜਾਂ ਪ੍ਰਕਾਰ ਦੇ ਜਗਮਗ = ਚਮਤਕਾਰ ਕੈ = ਕਰਦੀਆਂ ਹਨ।

ਅਥਵਾ ਇਸ ਗੁਰਮੁਖਤਾਈ ਵਾਲੇ ਰਸਤੇ ਵਿਚ ਪਰਮੇਸ਼ਰ ਦੀ ਜੋਤਿ ਦਾ ਸਾਖਿਆਤਕਾਰ ਹੁੰਦਾ ਹੈ, ਜਿਸ ਦੇ ਰੂਪ ਰੰਗ ਅੱਗੇ ਕੋਟਿ = ਕਰੋੜਾਂ ਪ੍ਰਕਾਰ ਦੀਆਂ ਹੀ ਕਰੋੜਾਂ ਹੀ ਛਬਿ = ਛਬਾਂ ਫਿੱਕੀਆਂ ਪੈ ਜਾਂਦੀਆਂ ਹਨ ਅਤੇ ਕਰੋੜਾਂ ਤਰ੍ਹਾਂ ਦੇ ਕਰੋੜਾਂ ਹੀ ਸੋਭਾ = ਉਪਮਾ ਦੇ ਨਿਧਿ = ਭੰਡਾਰ (ਪਦਾਰਥ) ਫਿੱਕੇ ਪੈ ਜਾਂਦੇ ਹਨ **ਵਾ:** ਜੋਤੀ ਦੇ ਜਗਮਗ ਹੋ ਆਉਣ 'ਤੇ ਕਰੋੜਾਂ ਛਬਾਂ, ਕਰੋੜਾਂ ਹੀ ਰੰਗ ਅਤੇ ਸੋਭਾ ਰੂਪ ਨਿਧੀਆਂ ਪ੍ਰਾਪਤ ਹੋ ਜਾਂਦੀਆਂ ਹਨ।

ਕੋਟਿਨ ਕੋਟਾਨਿ ਰਾਜ ਭਾਗ ਪ੍ਰਭੁਤਾ ਪ੍ਰਤਾਪੁ;
ਕੋਟਿਨ ਕੋਟਾਨਿ ਸੁਖ ਆਨੰਦ ਉਦੋਤ ਕੈ ॥

ਇਸ ਗੁਰਮੁਖਤਾਈ ਵਾਲੇ ਮਾਰਗ ਵਿਚ ਅਜਿਹਾ ਅਨੰਦ ਤੇ ਸੁਖ ਉਦੋਤ = ਪ੍ਰਗਟ ਹੋਣਾ ਕੈ = ਕਰਦਾ ਹੈ, ਪ੍ਰਾਪਤ ਹੁੰਦਾ ਹੈ, ਜਿਸ ਅੱਗੇ ਕੋਟਿਨ = ਕਰੋੜਾਂ ਤਰ੍ਹਾਂ ਦੇ ਕੋਟਾਨਿ = ਕਰੋੜਾਂ ਹੀ ਰਾਜ ਭਾਗ ਦੀ ਪ੍ਰਭੁਤਾ = ਉਪਮਾ ਤੇ ਕਰੋੜਾਂ ਹੀ ਕਰੋੜਾਂ ਐਸੇ ਪ੍ਰਤਾਪੁ = ਤੇਜ, ਪ੍ਰਭਾਵ ਇਹ ਸਭ ਬਰਾਬਰ ਨਹੀਂ ਪਹੁੰਚ ਸਕਦੇ ਹਨ **ਅਥਵਾ** ਕਰੋੜਾਂ ਹੀ ਕਰੋੜਾਂ ਰਾਜ ਭਾਗ ਤੇ ਪ੍ਰਭੁਤਾ = ਵਡਿਆਈ ਦਾ ਪ੍ਰਤਾਪ ਹੋ ਆਉਂਦਾ ਹੈ ਅਤੇ ਕਰੋੜਾਂ ਹੀ ਕਰੋੜਾਂ ਪਾਰਾਵਾਰ ਤੋਂ ਰਹਿਤ ਵਾਹਿਗੁਰੂ ਦਾ ਸੁਖ ਆਨੰਦ ਉਦੋਤ = ਪ੍ਰਗਟ ਹੋ ਜਾਂਦਾ ਹੈ।

ਕੋਟਿਨ ਕੋਟਾਨਿ ਰਾਗ ਨਾਦ ਬਾਦ ਗਿਆਨ ਗੁਨ;
ਕੋਟਿਨ ਕੋਟਾਨਿ ਜੋਗ ਭੋਗ ਓਤਿ ਪੋਤਿ ਹੈ॥

ਕੋਟਿਨ = ਕਰੋੜਾਂ ਹੀ ਕੋਟਾਨਿ = ਕਰੋੜਾਂ ਰਾਗ ਦੀ ਨਾਦ = ਧੁਨੀ ਦਾ ਗਿਆਨ = ਗਿਆਤ ਸ਼ੁਭ ਗੁਣ ਅਤੇ ਬਾਜ = ਵਾਜਿਆਂ ਦੀ ਤਾਰ, ਸਰੋਦ ਇਸ ਗੁਰਮੁਖਤਾਈ ਵਾਲੇ ਮਾਰਗ ਵਿਚ ਪ੍ਰਾਪਤ ਹੋ ਜਾਇਆ ਕਰਦੀ ਹੈ ਅਤੇ ਪਰਮੇਸ਼ਰ ਦੇ ਅਨੰਤ ਨਾਮਾਂ ਵਿਚ ਜੋਗ = ਜੁੜਨ ਦੀ ਜੁਗਤੀ ਦੇ ਸਾਧਨ ਅਤੇ ਇਨ੍ਹਾਂ ਦੇ ਸਾਧਨੇ ਤੋਂ ਪ੍ਰਾਪਤ ਹੋਣ ਵਾਲੀਆਂ ਰਿਧੀਆਂ ਸਿਧੀਆਂ ਆਦਿ ਵਿਭੂਤੀਆਂ ਰੂਪ ਭੋਗ ਵੀ ਓਤਿ ਪੋਤਿ = ਤਾਣੇ ਪੇਟੇ ਵਤ ਤਣੇ ਹੋਏ ਹਨ, ਭਾਵ ਤਾਣੇ ਪੇਟੇ ਵਤ ਮਿਲ ਜਾਂਦੇ ਹਨ।

ਕੋਟਿਨ ਕੋਟਾਨਿ ਤਿਲ ਮਹਿਮਾ, ਅਗਾਧਿ ਬੋਧ;
ਨਮੋ ਨਮੋ ਦ੍ਰਿਸਟਿ ਦਰਸ, ਸਬਦ ਸੋ੍ਤ ਕੈ॥੨੬੫॥

ਜਿਸ ਅਗਾਧਿ ਬੋਧ ਅੱਗੇ ਕੋਟਿਨ = ਕਰੋੜਾਂ ਤੋਂ ਹੀ ਕੋਟਾਨਿ = ਕਰੋੜਾਂ ਮਹਿਮਾ = ਉਪਮਾ ਤਿਲ = ਤੁੱਛ ਮਾਤਰ ਹਨ, ਜੋ ਕੇਵਲ ਦ੍ਰਿਸਟਿ = ਦ੍ਰਿਸ਼ਟੀ ਵਿਚ ਦਰਸ = ਦੀਦਾਰ ਦੇ ਅਤੇ ਗੁਰ ਸਬਦ = ਉਪਦੇਸ਼ ਵਿਚ ਸੋ੍ਤ = ਸੁਰਤ ਦੇ ਲੀਨ ਕੈ = ਕੀਤਿਆਂ ਹੀ ਪ੍ਰਾਪਤ ਹੁੰਦਾ ਹੈ। ਐਸੇ ਗੁਰਮੁਖਾਂ ਦੇ ਤਾਈਂ ਨਮੋ = ਨਮਸਕਾਰ ਹੈ, ਨਮੋ = ਨਮਸਕਾਰ ਹੈ॥੨੬੫॥

ਅਹਿਨਿਸਿ ਭ੍ਰਮਤ ਕਮਲ ਕੁਮਦਨੀ ਕੋ ਸਸਿ;
ਮਿਲਿ ਬਿਛੁਰਤ ਸੋਗ ਹਰਖ ਬਿਆਪਹੀ॥

ਜਿਵੇਂ ਕਮਲ ਕੋ = ਦਾ ਫੁੱਲ ਨਿਸਿ = ਰਾਤ ਵੇਲੇ ਸੂਰਜ ਦੇ ਦਰਸ਼ਨਾਂ ਲਈ ਭਟਕਦਾ ਹੈ ਤੇ ਕੁਮਦਨੀ = ਕੰਮੀਆਂ ਅਹਿ = ਦਿਨ ਵੇਲੇ ਸਸਿ = ਚੰਦਰਮਾ ਦੇ ਦਰਸ਼ਨਾਂ ਲਈ ਭ੍ਰਮਤ = ਭਟਕਦੀਆਂ ਹਨ, ਪਰ ਜਦੋਂ ਸੂਰਜ ਉਦੇ ਹੁੰਦਾ ਹੈ ਭਾਵ ਦਿਨ ਚੜ੍ਹੇ ਤੋਂ ਕਮਲ ਦਾ ਫੁੱਲ ਸੂਰਜ ਨਾਲ ਮਿਲ ਕੇ ਖਿੜ ਜਾਂਦਾ ਹੈ ਤੇ ਰਾਤ ਨੂੰ ਬਿਛੁਰਤ = ਵਿੱਛੜ ਕੇ ਦੁਖੀ ਹੁੰਦਾ ਹੈ ਅਤੇ ਚੰਦਰਮਾ ਦੇ ਉਦੇ ਹੋਣ ਤੋਂ ਭਾਵ ਰਾਤ ਦੇ ਸਮੇਂ ਕੰਮੀਆਂ ਚੰਦਰਮਾ ਨੂੰ ਮਿਲ ਕੇ ਹਰਖ = ਖ਼ੁਸ਼ੀ ਦੇ ਸਹਿਤ ਹੁੰਦੀਆਂ ਹਨ ਤੇ ਦਿਨ ਸਮੇਂ ਵਿੱਛੜ ਕੇ ਸੋਗ = ਗ਼ਮੀ ਦੇ ਸਹਿਤ ਬਿਆਪਹੀ = ਵਿਰਲਾਪ ਕਰਦੀਆਂ ਹਨ।

ਰਵਿ ਸਸਿ ਉਲੰਘਿ ਸਰਨਿ ਸਤਿਗੁਰ ਗਹੀ;
ਚਰਨ ਕਮਲ ਸੁਖ ਸੰਪਟ ਮਿਲਾਪਹੀ॥

ਪਰ ਰਵਿ = ਸੂਰਜ ਤੇ ਸਸਿ = ਚੰਦਰਮਾ ਦੀ ਮਿਲਣ ਤੇ ਵਿੱਛੜਨ ਵਾਲੀ ਇਕ ਅੰਗੀ ਪ੍ਰੀਤੀ ਨੂੰ ਉਲੰਘਿ = ਟੱਪ ਕੇ ਗੁਰਮੁਖ ਜਨਾਂ ਨੇ ਸਤਿਗੁਰ = ਸੱਚੇ ਗੁਰਾਂ ਦੀ ਸਰਨਿ = ਓਟ ਗਹੀ = ਗ੍ਰਹਿਣ ਕੀਤੀ ਹੈ।

ਅਥਵਾ ਸੂਰਜ ਚੰਦਰਮਾ ਦੇ ਅਧੀਨ ਨਿਭਣ ਵਾਲੀਆਂ ਸਰੀਰਕ (ਸੰਸਾਰੀ) ਪ੍ਰੀਤੀਆਂ ਵਾਲੇ ਰਸਤੇ ਨੂੰ ਤਿਆਗ ਕੇ ਸੱਚੇ ਗੁਰਾਂ ਦੀ ਓਟ ਹੀ ਗ੍ਰਹਿਣ ਕੀਤੀ ਹੈ, ਜਿਸ ਕਰਕੇ ਗੁਰਾਂ ਦੇ ਚਰਨਾਂ ਕਮਲਾਂ ਦੇ ਮਿਲਾਪਹੀ = ਮਿਲਾਪ ਦੇ ਸੁਖ ਰੂਪ ਸੰਪਟ = ਡੱਬੇ ਵਿਚ ਮਸਤ ਹੋਏ ਰਹਿੰਦੇ ਹਨ।

ਸਹਜ ਸਮਾਧਿ ਨਿਜ ਆਸਨ ਸੁਬਾਸਨ ਕੈ;
ਮਧੁ ਮਕਰੰਦ ਰਸੁ ਲੁਭਿਤ ਅਜਾਪਹੀ ॥

ਇਸੇ ਤਰ੍ਹਾਂ ਗੁਰਮੁਖ ਜਨ ਨਿਜ = ਆਪਣੇ ਆਤਮ ਪਦ ਰੂਪੀ ਆਸਨ = ਸਿੰਘਾਸਨ ਉੱਤੇ ਸਹਜ = ਸੁਤੇ ਹੀ ਸਮਾਧਿ = ਇਸਥਿਤ ਹੋ ਕੇ ਮਧੁ = ਅੰਮ੍ਰਿਤ ਵਤ ਪ੍ਰੇਮ ਰਸ ਰੂਪ ਮਕਰੰਦ ਨੂੰ ਪ੍ਰਾਪਤ ਕਰ ਕੇ ਸੁਬਾਸਨ (ਸੁ + ਬਾਸਨ) ਸੁ = ਸ੍ਰੇਸ਼ਟ ਕੀਰਤੀ ਰੂਪ ਬਾਸਨ = ਸੁਗੰਧੀ ਕੈ = ਕਰਕੇ ਭਾਵ ਅੰਤਰਮੁਖ ਕੀਰਤਨ ਵਿਚ ਮਗਨ ਹੋਇਆਂ ਅਜਾਪਹੀ = ਅਜਪਾ ਜਾਪ ਵਿਚ ਲੁਭਿਤ = ਲੁਭਾਇਮਾਨ ਹੋਏ ਰਹਿੰਦੇ ਹਨ।

ਤ੍ਰਿਗੁਨ ਅਤੀਤ ਹੁਇ, ਬਿਸ੍ਰਾਮ ਨਿਹਕਾਮ ਧਾਮ;
ਉਨਮਨ ਮਗਨ ਅਨਾਹਦ ਅਲਾਪਹੀ ॥੨੬੬॥

ਗੁਰਮੁਖ ਜਨ ਨਿਹਕਾਮ = ਕਾਮਨਾ ਤੋਂ ਰਹਿਤ ਰੂਪ ਧਾਮ = ਘਰ, ਪਦ ਵਿਚ ਬਿਸ੍ਰਾਮ = ਟਿਕਾਅ ਕਰ ਕੇ ਤ੍ਰਿਗੁਨ = ਤਿੰਨਾਂ ਗੁਣਾਂ ਤੋਂ ਅਤੀਤ = ਰਹਿਤ ਹੋ ਜਾਂਦੇ ਹਨ ਅਤੇ ਉਨਮਨ = ਉਨਮਨੀ, ਤੁਰੀਆ ਅਵਸਥਾ ਵਿਚ ਮਗਨ = ਮਸਤ ਹੋ ਕੇ ਅਨਾਹਦ = ਹੱਦ ਤੋਂ ਰਹਿਤ ਧੁਨੀ ਦੁਆਰਾ ਇਕ-ਰਸ ਨਾਮ ਨੂੰ ਅਲਾਪਹੀ = ਉਚਾਰਨ ਕਰਦੇ ਰਹਿੰਦੇ ਹਨ ਤੇ ਗੁਰ-ਸ਼ਬਦ ਦੀ ਅਗੰਮੀ ਤਾਰ ਲਾਈ ਰੱਖਦੇ ਹਨ ॥੨੬੬॥

ਰਵਿ ਸਸਿ ਦਰਸ ਕਮਲ ਕੁਮਦਨੀ ਹਿਤ;
ਭ੍ਰਮਤ ਭ੍ਰਮਤ ਮਨੁ ਸੰਜੋਗੀ ਬਿਓਗੀ ਹੈ ॥

ਕਮਲ ਫੁੱਲ ਰਵਿ = ਸੂਰਜ ਤੇ ਕੁਮਦਨੀ = ਕੰਮੀਆਂ ਸਸਿ = ਚੰਦਰਮਾ ਦੇ ਦਰਸ਼ਨਾਂ ਹਿਤ = ਵਾਸਤੇ ਦੋਹਾਂ ਦੇ ਮਨ ਭ੍ਰਮਤ ਭ੍ਰਮਤ = ਭਟਕਦੇ ਹੀ ਭਟਕਦੇ ਰਹਿੰਦੇ ਹਨ ਅਤੇ ਕਮਲ ਤੇ ਕੰਮੀਆਂ ਇਨ੍ਹਾਂ ਦੋਹਾਂ ਦੀ ਪ੍ਰੀਤੀ ਕਦੇ ਸੰਜੋਗੀ = ਮਿਲਣ ਵਾਲੀ ਤੇ ਕਦੇ ਬਿਓਗੀ = ਵਿਛੜਨ ਵਾਲੀ ਹੈ, ਭਾਵ ਝੂਠੀ ਪ੍ਰੀਤੀ ਹੈ।

ਤ੍ਰਿਗੁਨ ਅਤੀਤ ਗੁਰ ਚਰਨ ਕਮਲ ਰਸ;
ਮਧੁ ਮਕਰੰਦ ਰੋਗ ਰਹਤ ਅਰੋਗੀ ਹੈ ॥

ਪਰ ਗੁਰ = ਸਤਿਗੁਰਾਂ ਦੇ ਚਰਨ ਕਮਲਾਂ ਰੂਪ ਮਕਰੰਦ = ਰਸ ਦੀ ਪ੍ਰੀਤੀ ਮਧੁ = ਅੰਮ੍ਰਿਤ ਵਤ ਹੈ ਅਤੇ ਤ੍ਰਿਗੁਨ = ਤਿੰਨ ਗੁਣਾਂ ਦੇ ਪ੍ਰਭਾਵ ਤੋਂ ਅਤੀਤ = ਰਹਿਤ ਹੋਣ ਕਰਕੇ ਨਾਸ ਹੋਣ ਜਾਂ ਵਧਣ ਘਟਣ ਰੂਪ ਰੋਗ = ਵਿਕਾਰਾਂ ਤੋਂ ਰਹਿਤ ਅਰੋਗੀ ਹੈ, ਭਾਵ ਇਕ-ਰਸ ਨਿਰ ਵਿਕਾਰ ਹੈ **ਵਾ:** ਇਸ ਚਰਨਾਂ ਕਮਲਾਂ ਦੀ ਪ੍ਰੀਤੀ ਕਰਕੇ ਗੁਰਮੁਖ ਜਨ ਵੀ ਤਿੰਨਾਂ ਗੁਣਾਂ ਤੋਂ ਅਤੀਤ ਹਨ ਤੇ ਰੋਗ = ਵਿਸ਼ੇ-ਵਿਕਾਰਾਂ ਤੋਂ ਰਹਿਤ ਹੈ ਭਾਵ ਅਰੋਗੀ ਹਨ।

ਨਿਹਚਲ ਮਕਰੰਦ ਸੁਖ ਸੰਪਟ ਸਹਜ ਧੁਨਿ;
ਸਬਦ ਅਨਾਹਦ ਕੈ ਲੋਗ ਮੈ ਅਲੋਗੀ ਹੈ ॥

ਇਸ ਕਰਕੇ ਨਿਹਚਲ = ਅਚੱਲ ਕਰਨ ਵਾਲੇ ਸਤਿਗੁਰਾਂ ਦੇ ਚਰਨਾਂ ਕਮਲਾਂ ਰੂਪ ਮਕਰੰਦ ਰਸ ਦੇ ਸੁਖ

ਰੂਪ ਸੰਪਟ = ਡੱਬੇ ਵਿਚ ਗੁਰਮੁਖ ਜਨ ਦਾ ਮਨ ਰੂਪ ਭੌਰਾ ਅਨਾਹਦ = ਹੱਦ ਤੋਂ ਰਹਿਤ ਸਬਦ ਦੀ ਧੁਨਿ = ਧੁਨੀ ਵਿਚ ਸਹਜ = ਸੁਤੇ-ਸਿਧ ਇਕਮਿਕ ਹੋਏ ਰਹਿੰਦੇ ਹਨ ਤੇ ਲੋਗ = ਲੋਕਾਂ ਭਾਵ ਸੰਸਾਰ ਵਿਚ ਵੱਸਦੇ ਹੋਏ ਵੀ ਅਲੋਗੀ = ਲੋਕਾਂ ਤੋਂ ਰਹਿਤ, ਅਸੰਸਾਰੀ, ਜੀਵਨ ਮੁਕਤ ਹੋ ਕੇ ਵਿਚਰਨਾ ਕੈ = ਕਰਦੇ ਹਨ।

ਗੁਰਮੁਖਿ ਸੁਖ-ਫਲ ਮਹਿਮਾ ਅਗਾਧ ਬੋਧ;
ਜੋਗ ਭੋਗ ਅਲਖ ਨਿਰੰਜਨ ਪ੍ਰਜੋਗੀ ਹੈ ॥੨੬੭॥

ਇਸ ਕਰਕੇ ਗੁਰਮੁਖ ਜਨਾਂ ਨੂੰ ਪ੍ਰਾਪਤ ਹੋਏ ਸੁਖ = ਅਨੰਦ ਰੂਪੀ ਫਲ ਦੀ ਮਹਿਮਾ = ਉਪਮਾ ਅਗਾਧ ਬੋਧ ਹੈ ਭਾਵ ਮਨ ਬਾਣੀ ਤੋਂ ਪਰ੍ਹੇ ਹੈ ਅਤੇ ਧਰਮ, ਅਰਥ, ਕਾਮ, ਮੋਖ ਭੋਗ = ਪਦਾਰਥਾਂ ਦਾ ਦਾਤਾ ਤੇ ਅਲਖ = ਲਖਣ ਤੋਂ ਰਹਿਤ ਨਿਰੰਜਨ (ਨਿਰ + ਅੰਜਨ) ਮਾਇਆ ਦੀ ਅੰਜਨ = ਕਾਲਖ ਤੋਂ ਨਿਰ = ਰਹਿਤ ਜੋ ਵਾਹਿਗੁਰੂ ਹੈ, ਗੁਰਮੁਖ ਜਨ ਉਸ ਵਾਹਿਗੁਰੂ ਦੇ ਨਾਮ ਵਿਚ ਜੋਗ = ਜੁੜ ਕਰਕੇ ਪ੍ਰਜੋਗੀ (ਪ੍ + ਜੋਗੀ) ਪ੍ = ਵਿਸ਼ੇਸ਼ ਕਰਕੇ ਪਰਮੇਸ਼ਰ ਵਿਚ ਜੋਗੀ = ਜੁੜ ਜਾਂਦੇ ਹਨ ਭਾਵ ਅਭੇਦ ਹੋ ਜਾਂਦੇ ਹਨ **ਵਾ:** ਜੋ ਐਸਾ ਅਲਖ = ਲਖਣ ਤੋਂ ਰਹਿਤ ਤੇ ਨਿਰੰਜਨ = ਸ਼ੁੱਧ ਸਰੂਪ ਵਾਹਿਗੁਰੂ ਹੈ, ਉਸ ਵਿਚ ਪ੍ਰਜੋਗੀ = ਵਿਸ਼ੇਸ਼ ਤੌਰ 'ਤੇ ਜੁੜਨ ਕਰਕੇ ਗੁਰਮੁਖ ਜਨ ਵੀ ਭੋਗ = ਨਾਮ ਰੂਪ ਪਦਾਰਥ ਦੇ ਜੋਗ = ਲਾਇਕ ਬਣ ਜਾਂਦੇ ਹਨ, ਭਾਵ ਹੋਰਨਾਂ ਜਗਿਆਸੂਆਂ ਨੂੰ ਨਾਮ ਬਾਣੀ ਦਾ ਉਪਦੇਸ਼ ਦ੍ਰਿੜ੍ਹ ਕਰਵਾਉਣ ਦੇ ਯੋਗ ਹੋ ਜਾਂਦੇ ਹਨ ॥੨੬੭॥

ਜੈਸੇ ਦਰਪਨ ਬਿਖੈ ਬਦਨੁ ਬਿਲੋਕੀਅਤ;
ਐਸੇ ਸਰਗੁਨ ਸਾਖੀ ਭੂਤ ਗੁਰ ਧਿਆਨ ਹੈ ॥

ਜੈਸੇ = ਜਿਸ ਪ੍ਰਕਾਰ ਦਰਪਨ = ਸ਼ੀਸ਼ੇ ਬਿਖੈ = ਵਿਚ ਬਦਨੁ = ਮੂੰਹ ਬਿਲੋਕੀਅਤ = ਵੇਖਣਾ ਕਰੀਦਾ ਹੈ, ਤਾਂ ਉਸ ਵਿਚ ਅਸਲੀ ਚਿਹਰਾ ਪ੍ਰਤਿਬਿੰਬ ਰੂਪ ਹੋ ਕੇ ਦਿਸਣ ਲੱਗ ਪੈਂਦਾ ਹੈ, ਐਸੇ = ਉਸੇ ਤਰ੍ਹਾਂ ਹੀ ਸ਼ੀਸ਼ੇ ਵਾਂਗ ਸਾਖੀ ਭੂਤ ਭਾਵ ਸ਼ੁੱਧ ਚੇਤਨ ਪਰਮਾਤਮਾ ਤੱਤ ਰੂਪੀ ਨਿਰਗੁਣ ਸਰੂਪ ਦਾ ਸਰਗੁਣ ਸਰੂਪ ਪੂਰੇ ਗੁਰ = ਸਤਿਗੁਰੂ ਜੀ ਦਾ ਧਿਆਨ ਹੈ, ਜਿਸ ਵਿਚ ਗੁਰਮੁਖ ਜਨ ਨਿਰਗੁਣ ਵਾਹਿਗੁਰੂ ਦਾ ਸਰੂਪ ਦੇਖਦੇ ਹਨ।

ਜੈਸੇ ਜੰਤ੍ਰ ਧੁਨਿ ਬਿਖੈ ਬਾਜਤ ਜੰਤ੍ਰੀ ਕੋ ਮਨੁ;
ਤੈਸੇ ਘਟ ਘਟ ਗੁਰ ਸਬਦ ਗਿਆਨ ਹੈ ॥

ਜੈਸੇ = ਜਿਸ ਤਰ੍ਹਾਂ ਜੰਤ੍ਰ = ਵਾਜਾ, ਸਤਾਰ ਆਦਿ ਦੀ ਧੁਨਿ = ਧੁਨੀ ਬਿਖੈ = ਵਿਚ ਜੰਤ੍ਰੀ = ਵਾਜਾ ਵਜਾਉਣ ਵਾਲੇ ਕੋ = ਦਾ ਮਨ ਇਕਾਗਰ ਹੋਇਆ ਅੰਦਰੋਂ ਬਾਹਰੋਂ ਸ਼ਬਦ ਧੁਨੀ ਨਾਲ ਇਕ-ਰਸ ਹੋਇਆ ਰਹਿੰਦਾ ਹੈ, ਤੈਸੇ = ਉਸੇ ਤਰ੍ਹਾਂ ਹੀ ਘਟ ਘਟ = ਰਿਦੇ ਰਿਦੇ ਅੰਦਰ ਨਿਵਾਸ ਰੱਖਣ ਵਾਲੇ ਗੁਰ = ਸਤਿਗੁਰੂ ਸਾਹਿਬ ਦੇ ਸਬਦ = ਉਪਦੇਸ਼ ਦੁਆਰਾ ਗੁਰਮੁਖ ਜਨ ਗਿਆਨ ਦੀ ਪ੍ਰਾਪਤੀ ਕਰ ਕੇ ਇਕ-ਰਸ ਨਾਮ ਦਾ ਅਭਿਆਸ ਕਰਦੇ ਰਹਿੰਦੇ ਹਨ।

ਮਨ ਬਚ ਕ੍ਰਮ ਜਤ੍ਰ ਕਤ੍ਰ ਸੈਂ ਇਕਤ੍ਰ ਭਏ;
ਪੂਰਨ ਪ੍ਰਗਾਸ ਪ੍ਰੇਮ ਪਰਮ ਨਿਧਾਨ ਹੈ ॥

ਇਸ ਪ੍ਰਕਾਰ ਮਨ ਬਚ = ਬਾਣੀ, ਕ੍ਰਮ = ਸਰੀਰ ਕਰਕੇ ਜਤ੍ਰ = ਜਿਧਰੋਂ ਕਤ੍ਰ = ਕਿਧਰੋਂ ਜਾਣ ਵੱਲੋਂ ਇਸ

ਸੈਂ = ਨੂੰ ਸਮੇਟ ਕੇ ਇਕਤ੍ਰ = ਇਕੱਠੇ ਭਏ = ਹੋ ਜਾਣ ਤਾਂ ਪਰਮ = ਸ੍ਰੇਸ਼ਟ ਪ੍ਰੇਮ = ਸਨੇਹ ਰੂਪ ਨਿਧਾਨ = ਭੰਡਾਰ ਦਾ ਪੂਰਨ ਪ੍ਰਗਾਸ = ਪ੍ਰਕਾਸ਼ ਉਦੇ ਹੋ ਜਾਂਦਾ ਹੈ।

ਉਨਮਨ ਮਗਨ ਗਗਨ ਅਨਹਦ ਧੁਨਿ;
ਸਹਜ ਸਮਾਧਿ ਨਿਰਾਲੰਬ ਨਿਰਬਾਨ ਹੈ॥੨੬੮॥

ਇਸ ਪ੍ਰਕਾਰ ਗੁਰਮੁਖ ਜਨਾਂ ਨੂੰ ਉਨਮਨ = ਉਨਮਨੀ ਭਾਵ ਤੁਰੀਆ ਅਵਸਥਾ ਵਿਚ ਮਗਨ = ਮਸਤ ਹੋਣ ਕਰਕੇ ਗਗਨ = ਜੋ ਚਿਦਾਕਸ਼ ਰੂਪੀ ਬ੍ਰਹਮ ਹੈ, ਉਸ ਦੀ ਅਨਹਦ = ਹੱਦ ਤੋਂ ਰਹਿਤ ਧੁਨਿ = ਧੁਨੀ ਪ੍ਰਗਟ ਹੋ ਆਉਂਦੀ ਹੈ, ਜਿਸ ਵਿਚ ਸਹਜ = ਸੁਤੇ-ਸਿਧ ਸਮਾਧਿ = ਇਸਥਿਤ ਹੋ ਕਰਕੇ ਧਿਆਨ, ਉਪਾਸਨਾ ਆਦਿ ਦੇ ਸਾਰਿਆਂ ਨਿਰਾਲੰਬ = ਆਸਰਿਆ ਤੋਂ ਰਹਿਤ ਹੋ ਕੇ ਨਿਰਬਾਨ = ਬੰਧਨਾਂ ਤੋਂ ਰਹਿਤ ਭਾਵ ਜੀਵਨ ਮੁਕਤ ਬਣ ਜਾਂਦੇ ਹਨ **ਵਾ:** ਯਮ ਨੇਮ ਆਦਿ ਸਾਧਨਾਂ ਦੀ ਜਕੜ ਤੋਂ ਰਹਿਤ ਤੇ ਜੰਮਣ ਮਰਨ ਦੇ ਨਿਰਬਾਨ = ਬੰਧਨਾਂ ਤੋਂ ਰਹਿਤ ਹੋ ਜਾਂਦੇ ਹਨ॥੨੬੮॥

ਕੋਟਿਨ ਕੋਟਾਨਿ ਧਿਆਨ ਦ੍ਰਿਸਟਿ ਦਰਸ ਮਿਲਿ;
ਅਤਿ ਅਸਚਰਜ-ਮੈ ਹੇਰਤ ਹਿਰਾਏ ਹੈ॥

ਜਦੋਂ ਦ੍ਰਿਸਟਿ = ਨਜ਼ਰ ਅੰਤਰਮੁਖ ਹੋ ਕੇ ਅਤਿ = ਅਤਿਅੰਤ ਅਸਚਰਜ = ਵਿਸਮਾਦ ਮੈ = ਸਰੂਪ ਦੇ ਦਰਸ = ਦੀਦਾਰ ਵਿਚ ਮਿਲਿ = ਮਿਲਾਪ ਕਰ ਲਵੇ, ਤਦੋਂ ਉਸ ਅਨੁਭਵੀ ਦਸ਼ਾ ਨੂੰ ਹੇਰਤ = ਵੇਖ ਕੇ ਕੋਟਿਨ = ਕਰੋੜਾਂ ਤਰ੍ਹਾਂ ਦੇ ਕੋਟਾਨਿ = ਕਰੋੜਾਂ ਧਿਆਨ ਹਿਰਾਏ = ਹਰਣ, ਨਾਸ਼ ਹੋ ਜਾਂਦੇ ਹੈ = ਹਨ।

ਕੋਟਿਨ ਕੋਟਾਨਿ ਗਿਆਨ ਸਬਦ ਸੁਰਤਿ ਮਿਲਿ;
ਮਹਿਮਾ ਮਹਾਤਮ ਨ ਅਲਖ ਲਖਾਏ ਹੈ॥

ਇਸੇ ਤਰ੍ਹਾਂ ਜਦ ਸੁਰਤਿ = ਕੰਨ ਬਾਹਰਮੁਖੀ ਪਰਵਿਰਤੀ ਵਿਚ ਪਰਵਿਰਤ ਹੋਣੋਂ ਰੁਕ ਕੇ ਅੰਤਰਮੁਖ ਹੋ ਕੇ ਗੁਰ-ਸ਼ਬਦ ਨਾਲ ਮਿਲਿ = ਮਿਲਾਪ ਕਰ ਲੈਣ ਤਾਂ ਕੋਟਿਨ = ਕਰੋੜਾਂ ਤਰ੍ਹਾਂ ਦੇ ਕੋਟਾਨਿ = ਕਰੋੜਾਂ ਹੀ ਗਿਆਨ ਉਸ ਦੇ ਅਲਖ = ਲਖਣ ਤੋਂ ਰਹਿਤ ਮਹਾਤਮ = ਪ੍ਰਭਾਵ ਦੀ ਮਹਿਮਾ = ਉਪਮਾ ਲਖਾਏ = ਜਾਣ ਨ = ਨਹੀਂ ਸਕਦੇ ਹਨ।

ਤਿਲ ਕੀ ਅਤੁਲ ਸੋਭਾ ਤੁਲਤ ਨ ਤੁਲਾਧਾਰ;
ਪਾਰ ਕੈ ਅਪਾਰ ਨ ਅਨੰਤ ਅੰਤ ਪਾਏ ਹੈ॥

ਉਸ ਅਨੁਭਵ ਦੇ ਪ੍ਰਤਾਪ ਦੀ ਉਪਮਾ ਨੂੰ ਪੂਰਨ ਰੂਪ ਵਿਚ ਜਾਨਣਾ ਤਾਂ ਇਕ ਪਾਸੇ ਰਿਹਾ, ਉਸ ਵਿੱਚੋਂ ਤਿਲ = ਥੋੜ੍ਹੇ ਮਾਤਰ ਕੀ = ਦੀ ਸੋਭਾ = ਉਪਮਾ ਐਸੀ ਅਤੁਲ = ਤੋਲਣ ਤੋਂ ਰਹਿਤ ਹੈ ਕਿ ਉਸ ਦੀ ਤੁਲਨਾ ਕਰਨ ਵਾਲਾ ਨਾ ਤਾਂ ਕੋਈ ਸ਼ਾਸਤਰ ਪ੍ਰਮਾਣ ਰੂਪੀ ਤੁਲਤ = ਵੱਟਾ ਹੀ ਹੈ ਅਤੇ ਨਾ ਹੀ ਤੁਲਾਧਾਰ = ਤੋਲਣ ਵਾਲਾ ਜਾਂ ਕੰਡਾ ਤੱਕੜੀ (ਸੋਚ ਵਿਚਾਰ) ਹੀ ਹੈ, ਉਸ ਦੀ ਪਾਰ ਉਰਾਰ ਕੈ = ਕਰਕੇ ਪਰਲੀ ਹੱਦ ਨਹੀਂ ਜਾਣੀ ਜਾ ਸਕਦੀ ਤੇ ਉਸ ਅਨੰਤ ਦੀ ਅੰਤ = ਓੜਕ ਥਾਹ ਦਾ ਕੋਈ ਵੀ ਅੰਤ ਨਹੀਂ ਪਾ ਸਕਦਾ ਹੈ।

ਕੋਟਿਨ ਕੋਟਾਨਿ ਚੰਦ੍ ਭਾਨ ਜੋਤਿ ਕੋ ਉਦੋਤ;
ਹੋਤ ਬਲਿਹਾਰ ਬਾਰੰਬਾਰ ਨ ਅਘਾਏ ਹੈ ॥੨੬੯॥

ਇਸ ਅਨੁਭਵੀ ਅਵਸਥਾ ਵਿਚ ਐਸੇ ਜੋਤਿ = ਪ੍ਰਕਾਸ਼ ਕੋ = ਦਾ ਉਦੇ ਹੁੰਦਾ ਹੈ, ਜਿਸ ਤੋਂ ਮਾਨੋ ਕੋਟਿਨ = ਕਰੋੜਾਂ ਹੀ ਚੰਦ੍ = ਚੰਦਰਮਾ ਤੇ ਕੋਟਾਨਿ = ਕਰੋੜਾਂ ਹੀ ਭਾਨ = ਸੂਰਜ ਬਾਰੰਬਾਰ = ਮੁੜ ਮੁੜ ਬਲਿਹਾਰ = ਵਾਰਨੇ ਜਾਂਦੇ ਹੋਏ ਅਘਾਏ = ਤ੍ਰਿਪਤ ਨ = ਨਹੀਂ ਹੋਤ = ਹੁੰਦੇ ॥੨੬੯॥

ਕੋਟਿ ਬ੍ਰਹਮਾਂਡ ਜਾਂ ਕੇ ਏਕ ਰੋਮ ਅਗ੍ਰਭਾਗਿ;
ਪੂਰਨ ਪ੍ਰਗਾਸ ਤਾਸ ਕਹਾ ਧੌਂ ਸਮਾਵਈ ॥

ਜਾਂ = ਜਿਸ ਪਰਮੇਸ਼ਰ ਕੇ = ਦੇ ਏਕ = ਇਕ ਰੋਮ = ਵਾਲ ਦੇ ਅਗ੍ਰਭਾਗਿ = ਅਗਲੇ ਹਿੱਸੇ ਵਿਚ ਕੋਟਿ = ਕਰੋੜਾਂ ਬ੍ਰਹਮਾਂਡ = ਬ੍ਰਹਿਮੰਡਾਂ ਦਾ ਨਿਵਾਸ ਰਹਿੰਦਾ ਹੈ, ਤਾਸ = ਤਿਸ ਪਰਮੇਸ਼ਰ ਦਾ ਪੂਰਨ ਪ੍ਰਗਾਸ = ਪ੍ਰਕਾਸ਼ ਹੈ, ਉਸ ਦੀ ਕਹਾ = ਕਿਸ ਜਗ੍ਹਾ ਸਮਾਵਈ = ਸਮਾਈ ਹੋਈ ਧੌਂ = ਜਾਣੀਏ ਭਾਵ ਉਹ ਸਾਰੀ ਜਗ੍ਹਾ ਸਮਾਇਆ ਹੋਇਆ ਹੈ।

ਜਾਂ ਕੇ ਏਕ ਤਿਲ ਕੋ ਮਹਾਤਮ ਅਗਾਧਿ ਬੋਧ;
ਪੂਰਨ ਬ੍ਰਹਮ ਜੋਤਿ ਕੈਸੇ ਕਹਿ ਆਵਈ ॥

ਜਾਂ = ਜਿਸ ਪਰਮੇਸ਼ਰ ਕੇ = ਦੇ ਏਕ = ਇਕ ਤਿਲ ਮਾਤਰ ਬੋਧ = ਜਾਨਣੇ ਕੋ = ਦਾ ਮਹਾਤਮ ਅਤਿਅੰਤ ਅਗਾਧਿ = ਡੂੰਘਾ ਹੈ, ਉਸ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਦੀ ਜੋਤਿ = ਜੋਤੀ ਦਾ ਪ੍ਰਕਾਸ਼ ਕੈਸੇ = ਕਿਸ ਪ੍ਰਕਾਰ ਕਹਿ = ਕਥਨ ਵਿਚ ਆਵਈ = ਆ ਸਕਦਾ ਹੈ ਭਾਵ ਨਹੀਂ ਆ ਸਕਦਾ।

ਜਾ ਕੇ ਓਅੰਕਾਰ ਕੇ ਬਿਥਾਰ ਕੀ ਅਪਾਰ ਗਤਿ;
ਸਬਦ ਬਿਬੇਕ ਏਕ ਜੀਹ ਕੈਸੇ ਗਾਵਈ ॥

ਜਾ = ਜਿਸ ਪਰਮੇਸ਼ਰ ਕੇ = ਦੇ ਓਅੰਕਾਰ ਭਾਵ ਇਕ ਫੁਰਨੇ ਦੁਆਰਾ ਰਚੇ ਜਗਤ ਕੇ = ਦੇ ਬਿਥਾਰ = ਫੈਲਾਅ ਕੀ = ਦੀ ਅਪਾਰ = ਅਨੰਤ ਗਤਿ = ਲੀਲ੍ਹਾ, ਰੀਤੀ ਹੈ, ਉਸ ਦੇ ਸਬਦ = ਫੁਰਨੇ **ਵਾ:** ਸਾਖਸ਼ਾਤ ਅਗੰਮੀ ਬਾਣੀ ਦੇ ਬਿਬੇਕ = ਵਿਚਾਰ ਨੂੰ ਏਕ = ਇਕ ਜੀਹ = ਰਸਨਾ ਕੈਸੇ = ਕਿਸ ਪ੍ਰਕਾਰ ਗਾਵਈ = ਗਾਇਨ ਕਰ ਸਕੇ ਭਾਵ ਨਹੀਂ ਕਰ ਸਕਦੀ।

ਪੂਰਨ ਬ੍ਰਹਮ ਗੁਰ ਮਹਮਾ ਅਕਥ ਕਥਾ;
ਨੇਤਿ ਨੇਤਿ ਨੇਤਿ, ਨਮੋ ਨਮੋ ਕਰਿ ਆਵਈ ॥੨੭੦॥

ਐਸੇ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਦਾ ਸਰੂਪ ਗੁਰ = ਸਤਿਗੁਰੂ ਸਾਹਿਬ ਜੀ ਦੀ ਮਹਮਾ = ਉਪਮਾ ਅਕਥ = ਕਥਨ ਤੋਂ ਰਹਿਤ ਕਥਾ = ਵਾਰਤਾ ਹੈ ਜੋ ਨੇਤਿ ਨੇਤਿ ਨੇਤਿ = ਬੇਅੰਤ ਬੇਅੰਤ ਬੇਅੰਤ ਆਦਿ ਸ਼ਬਦਾਂ ਦੁਆਰਾ ਵੀ ਅਕੱਥ ਸਰੂਪ ਹੈ। ਇਸ ਲਈ ਉਸ ਗੁਰਾਂ ਨੂੰ ਮਨ ਕਰਕੇ ਨਮੋ = ਨਮਸਕਾਰ ਹੈ, ਬਾਣੀ ਕਰਕੇ ਵੀ ਨਮਸਕਾਰ ਹੋਵੇ। ਇਉਂ ਹੀ ਕਰਿ = ਕਰਕੇ ਬਣ ਆਵਈ = ਆਉਂਦੀ ਹੈ ॥੨੭੦॥

ਚਰਨ ਕਮਲ ਮਕਰੰਦ ਰਸ ਲੁਭਿਤ ਹੁਇ;
ਮਨੁ ਮਧੁਕਰ ਸੁਖ ਸੰਪਟ ਸਮਾਨੇ ਹੈ॥

ਸਤਿਗੁਰਾਂ ਦੇ ਚਰਨਾਂ ਕਮਲਾਂ ਰੂਪ ਮਕਰੰਦ ਰਸ ਉੱਪਰ ਲੁਭਿਤ = ਲੁਭਾਇਮਾਨ ਹੁਇ = ਹੁੰਦਿਆਂ ਸਾਰ ਹੀ ਗੁਰਮੁਖ ਜਨ ਦਾ ਮਨ ਰੂਪ ਮਧੁਕਰ = ਭੌਰਾ ਆਤਮਿਕ ਸੁਖ = ਆਨੰਦ ਰੂਪੀ ਸੰਪਟ = ਡੱਬੇ ਵਿਚ ਸਮਾਨੇ = ਸਮਾਅ ਜਾਂਦਾ ਹੈ।

ਪਰਮ ਸੁਗੰਧ ਅਤਿ ਕੋਮਲ ਸੀਤਲਤਾ ਕੈ;
ਬਿਮਲ ਸਥਲ ਨਿਹਚਲ ਨ ਡੁਲਾਨੇ ਹੈ॥

ਵਿਸ਼ੇ-ਵਾਸ਼ਨਾ ਤੋਂ ਰਹਿਤ ਹੋ ਜਾਣ ਰੂਪ ਪਰਮ = ਸ੍ਰੇਸ਼ਟ ਸੁਗੰਧ = ਵਾਸ਼ਨਾ ਅਤੇ ਕਰੂਰਤਾ ਵਾਲੇ ਸੁਭਾਅ ਦੀ ਅਤਿ = ਅਤਿਅੰਤ ਨਵਿਰਤੀ ਕੋਮਲ = ਨਰਮਤਾ ਤੇ ਨਾਮ ਰੂਪ ਸੀਤਲਤਾ ਕੈ = ਕਰਕੇ ਗੁਰਮੁਖ ਜਨਾਂ ਨੂੰ ਬਿਮਲ = ਉੱਜਲ ਪਦਵੀ ਵਿਚ ਅਜਿਹੀ ਨਿਹਚਲ = ਅਚੱਲਤਾ ਪ੍ਰਾਪਤ ਹੁੰਦੀ ਹੈ ਕਿ ਕਿਸੇ ਤਰ੍ਹਾਂ ਵੀ ਚਲਾਇਮਾਨ ਕੀਤਾ ਗਿਆ ਉਨ੍ਹਾਂ ਦਾ ਮਨ ਫਿਰ ਡੁਲਾਨੇ = ਡੋਲਣਾ ਨ = ਨਹੀਂ ਕਰਦਾ ਹੈ।

ਸਹਜ ਸਮਾਧਿ ਅਤਿ ਅਗਮ ਅਗਾਧਿ ਲਿਵ;
ਅਨਹਦ ਰੁਨਝੁਨ ਧੁਨਿ ਉਰ ਗਾਨੇ ਹੈ॥

ਇਉਂ ਗੁਰਮੁਖ ਜਨ ਅਤਿ = ਅਤਿਅੰਤ ਅਗਮ = ਗੰਮਤਾ ਤੋਂ ਰਹਿਤ ਅਗਾਧਿ = ਅਥਾਹ ਲਿਵ = ਬਿਰਤੀ ਦੁਆਰਾ ਸਹਜ ਸਮਾਧਿ = ਸਮਾਧੀ ਭਾਵ ਨਿਰਵਿਕਲਪ ਸਮਾਧੀ ਵਿਚ ਇਸਥਿਤ ਹੋ ਕਰਕੇ ਅਨਹਦ = ਹੱਦ ਤੋਂ ਰਹਿਤ ਨਾਮ ਦੀ ਧੁਨਿ = ਧੁਨੀ ਉਰ = ਹਿਰਦੇ ਅੰਦਰ ਰੁਨਝੁਨ = ਸੁੰਦਰ ਝੁਨਕਾਰ ਭਾਵ ਇਕ-ਰਸ ਗਾਨੇ = ਗਾਉਂਦੇ ਭਾਵ ਅਲਾਪਦੇ ਰਹਿੰਦੇ ਹਨ।

ਪੂਰਨ ਪਰਮ ਜੋਤਿ ਪਰਮ ਨਿਧਾਨ ਦਾਨ;
ਆਨ ਗਿਆਨ ਧਿਆਨ ਸਿਮਰਨ ਬਿਸਰਾਨੇ ਹੈ॥੨੭੧॥

ਇਸ ਪ੍ਰਕਾਰ ਪੂਰਨ = ਵਿਆਪਕ ਜੋਤਿ = ਪ੍ਰਕਾਸ਼ ਸਰੂਪ ਤੇ ਪਰਮ = ਸ੍ਰੇਸ਼ਟ ਨਿਧਾਨ = ਖ਼ਜ਼ਾਨੇ ਦੇ ਮਾਲਕ ਪਰਮੇਸ਼ਰ ਨੂੰ ਦਾਨ = ਜਾਨਣੇ ਕਰਕੇ **ਵਾ:** ਪੂਰਨ ਪਰਮ = ਸ੍ਰੇਸ਼ਟ ਜੋਤਿ = ਪ੍ਰਕਾਸ਼ ਵਾਲੇ ਪਰਮ = ਸ੍ਰੇਸ਼ਟ ਨਾਮ ਰੂਪ ਭੰਡਾਰ = ਖ਼ਜ਼ਾਨੇ ਦੀ ਦਾਨ = ਦਾਤ ਨੂੰ ਪ੍ਰਾਪਤ ਕਰ ਕੇ ਗੁਰਮੁਖ ਜਨ ਆਨ = ਹੋਰਨਾਂ ਗਿਆਨ ਧਿਆਨ ਅਤੇ ਦੇਵੀ-ਦੇਵਤਿਆਂ ਦੇ ਸਿਮਰਨ ਆਦਿ ਸਾਧਨਾਂ ਨੂੰ ਬਿਸਰਾਨੇ = ਭੁਲਾ ਦੇਣਾ ਕਰਦੇ ਹਨ॥੨੭੧।

ਰਜ ਤਮ ਸਤ, ਕਾਮ ਕ੍ਰੋਧ ਲੋਭ ਮੋਹ ਹੰਕਾਰ;
ਹਾਰਿ ਗੁਰ ਗਿਆਨ ਬਾਨ ਕ੍ਰਾਂਤਿ ਨਿਹਕ੍ਰਾਂਤਿ ਹੈ॥

ਗੁਰ = ਸੱਚੇ ਸਤਿਗੁਰੂ ਦੇ ਗਿਆਨ ਮਈ ਉਪਦੇਸ਼ ਰੂਪ ਬਾਨ = ਤੀਰ ਦੀ ਕ੍ਰਾਂਤਿ = ਦਮਕ ਅੱਗੇ

ਰਜ = ਰਜੋ, ਤਮ = ਤਮੋ ਸਤ = ਸਤੋ ਤਿੰਨੇ ਗੁਣ, ਕਾਮ = ਮੰਦ ਵਾਸ਼ਨਾ, ਕ੍ਰੋਧ = ਗ਼ੁੱਸਾ, ਲੋਭ = ਲਾਲਚ, ਮੋਹ = ਸਨੇਹ, ਹੰਕਾਰ = ਹੰਗਤਾ ਆਦਿ ਵਿਕਾਰ ਹਾਰਿ = ਥੱਕ ਕੇ ਨਿਹਕ੍ਰਾਂਤਿ = ਦਮਕ ਰਹਿਤ, ਤੇਜ ਰਹਿਤ ਹੋ ਜਾਂਦੇ ਹੈ = ਹਨ **ਅਥਵਾ** ਤਿੰਨ ਗੁਣ ਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਪਣੀ ਬਾਨ = ਵਾਦੀ (ਆਦਤ) ਨੂੰ ਹਾਰਿ = ਛੱਡ ਕੇ ਗੁਰੂ ਦੇ ਗਿਆਨ ਦੇ ਪ੍ਰਭਾਵ ਕਰਕੇ ਨਿਹਕ੍ਰਾਂਤਿ = ਸ਼ੋਭਾ ਰਹਿਤ ਕਰਨ ਵਾਲੇ ਵਿਸ਼ੇ-ਵਿਕਾਰ ਸਭ ਕ੍ਰਾਂਤਿ = ਲੈਅ, ਭਾਵ ਨਾਸ਼ ਹੋ ਗਏ।

ਕਾਮ ਨਿਹਕਾਮ, ਨਿਹਕਰਮ ਕਰਮ ਗਤਿ;
ਆਸਾ ਕੈ ਨਿਰਾਸ ਭਏ, ਭ੍ਰਾਂਤਿ ਨਿਹਭ੍ਰਾਂਤਿ ਹੈ॥

ਗੁਰੂ ਦੇ ਗਿਆਨ ਦੀ ਪ੍ਰਾਪਤੀ ਕਰ ਕੇ ਸਭ ਕਾਮ = ਕਾਮਨਾਵਾਂ ਨਿਹਕਾਮ = ਨਿਸ਼ਕਾਮਤਾ ਵਾਲੀ ਭਾਵਨਾ ਵਿਚ ਬਦਲ ਜਾਂਦੀਆਂ ਹਨ ਤੇ ਕਰਮਾਂ ਦੀ ਗਤਿ = ਗਤੀ, ਪਰਵਿਰਤੀ ਨਿਹਕਰਮ = ਨਿਸ਼ਕਾਮਤਾ ਵਾਲੀ ਭਾਵਨਾ ਵਿਚ ਬਦਲ ਜਾਂਦੀ ਹੈ ਅਤੇ ਆਸਾ = ਉਮੀਦਾਂ ਕੈ = ਦੇ ਵੱਲੋਂ ਨਿਰਾਸਤਾ ਦੇ ਸਹਿਤ ਭਏ = ਹੋ ਜਾਈਦਾ ਹੈ ਅਰਥਾਤ ਕਾਰਾਂ-ਵਿਹਾਰਾਂ ਜਾਂ ਪਾਪ ਪੁੰਨ ਮਈ ਪਰਵਿਰਤੀ ਦੇ ਫਲ ਦੀ ਉਮੀਦ ਜੋ ਲੱਗੀ ਰਹਿੰਦੀ ਸੀ, ਉਹ ਹੁਣ ਉਧਰੋਂ ਸੰਕਲਪਾਂ ਦੇ ਟੁੱਟ ਜਾਣ ਕਾਰਨ ਨਿਰਾਸਤਾ ਦਾ ਰੂਪ ਧਾਰ ਲਿਆ ਕਰਦੀ ਹੈ ਅਤੇ ਭਰਮ ਕਰਕੇ ਭ੍ਰਾਂਤਿ = ਭੁੱਲਿਆ ਹੋਇਆ ਨਿਹਭ੍ਰਾਂਤਿ = ਭਰਮ ਤੋਂ, ਭੁੱਲਣ ਤੋਂ ਰਹਿਤ ਹੋ ਜਾਂਦਾ ਹੈ।

ਸ੍ਵਾਦ ਨਿਹਸ੍ਵਾਦ ਅਰੁ ਬਾਦ ਨਿਹਬਾਦ ਭਏ;
ਅਸੰਪ੍ਰੇਹ ਨਿਸਪ੍ਰੇਹ ਦੇਹ ਗੇਹ ਪਾਂਤਿ ਹੈ॥

ਗੁਰੂ ਦੇ ਗਿਆਨ ਕਰਕੇ ਇੰਦਰੀਆਂ ਦੇ ਭੋਗਾਂ ਦਾ ਸ੍ਵਾਦ = ਰਸ ਮਾਨਣਾ ਇਸ ਵੱਲੋਂ ਨਿਹਸ੍ਵਾਦ = ਬੇ-ਰਸ ਹੋ ਜਾਂਦਾ ਹੈ, ਫਿੱਕਾ ਪੈ ਜਾਂਦਾ ਹੈ ਅਰਥਾਤ ਹੁਣ ਸ਼ਬਦ, ਸਪਰਸ਼, ਰੂਪ, ਰਸ, ਗੰਧ ਆਪਣੇ ਆਪਣੇ ਇੰਦਰੇ ਕੰਨ, ਤੁਚਾ, ਨੇਤਰ, ਰਸਨਾ ਤੇ ਨਾਸਿਕਾ ਨੂੰ ਖਿੱਚ ਨਹੀਂ ਪਾ ਸਕਦੇ ਅਰੁ = ਅਤੇ ਬਾਦ = ਝਗੜੇ ਵੀ ਨਿਹਬਾਦ = ਅਝਗੜੇ ਰੂਪ ਭਏ = ਹੋ ਜਾਂਦੇ ਹਨ, ਅਸੰਪ੍ਰੇਹ = ਇੱਛਾ ਵੱਲੋਂ ਨਿਸਪ੍ਰੇਹ = ਇੱਛਾ ਰਹਿਤ ਹੋ ਜਾਈਦਾ ਹੈ ਕਿਉਂਕਿ ਗੁਰਮੁਖ ਜਨ ਦੇਹ = ਸਰੀਰ ਤੇ ਗੇਹ = ਘਰ ਆਦਿ ਸਾਰੇ ਪਦਾਰਥਾਂ ਨੂੰ ਪਾਂਤਿ = ਨਾਸ਼ਵੰਤ ਜਾਣਨਾ ਕਰਦੇ ਹਨ।

ਗੁਰਮੁਖਿ ਪ੍ਰੇਮ ਰਸ ਬਿਸਮ ਬਿਦੇਹ ਸਿਖ;
ਮਾਇਆ ਮੈ ਉਦਾਸ ਬਾਸ ਏਕਾਕੀ ਏਕਾਂਤਿ ਹੈ॥੨੭੨॥

ਗੁਰਮੁਖ ਜਨ ਐਸੇ ਪ੍ਰੇਮ = ਸਨੇਹ ਰਸ ਦੀ ਪ੍ਰਾਪਤੀ ਕਰ ਕੇ ਅਤਿਅੰਤ ਬਿਸਮ = ਵਿਸਮਾਦਤਾ ਦੇ ਸਹਿਤ ਬਿਦੇਹ = ਸਰੀਰ ਦੀ ਹੰਗਤਾ ਤੋਂ ਰਹਿਤ ਨਾਮਵਰ ਸਿੱਖ ਹੋਏ ਹਨ **ਵਾ:** ਗੁਰਮੁਖ ਜਨ ਗੁਰ ਸਿਖ = ਸਿੱਖਿਆ ਦੁਆਰਾ ਪ੍ਰੇਮ ਰਸ ਨੂੰ ਪ੍ਰਾਪਤ ਹੋ ਕੇ ਬਿਸਮ = ਅਸਚਰਜਤਾ ਨੂੰ ਪ੍ਰਾਪਤ ਹੋ ਜਾਂਦੇ ਹਨ ਅਤੇ ਇਸੇ ਹੀ ਬਿਸਮਾਦਤਾ ਕਾਰਨ ਦੇਹ ਦੀ ਸੁਰਤ ਨੂੰ ਵਿਸਾਰ ਕੇ ਮਾਨੋ ਬਿਦੇਹ = ਦੇਹੀ ਦੀ ਹੰਗਤਾ ਤੋਂ ਰਹਿਤ ਹੋ ਜਾਂਦੇ ਹਨ ਤੇ ਮਾਇਆ ਮੈ = ਵਿਚ ਵਰਤਦੇ ਹੋਏ ਵੀ ਉਦਾਸ = ਉਪਰਾਮ ਰਹਿੰਦੇ ਹਨ ਅਤੇ ਏਕਾਕੀ = ਅਦ੍ਵੈਤ ਸਰੂਪ ਪਰਮੇਸ਼ਰ ਦੀ ਬੰਦਗੀ ਕਰਨ ਲਈ ਇਕਾਂਤ ਵਿਚ ਬਾਸ = ਵੱਸਣਾ ਕਰਦੇ ਹਨ **ਵਾ:** (ਏਕ + ਅੰਤਿ) ਜਿਥੇ ਏਕ = ਇੱਕੋ

'ਤੇ ਹੀ ਅੰਤਿ = ਅਖ਼ੀਰ ਹੋ ਜਾਂਦਾ ਹੈ ਭਾਵ ਜਿਥੇ ਅਦੁੱਤੀ ਪਦ ਵਿਚ ਏਕਾਕੀ = ਇਕੱਲਾ ਹੀ ਬਾਸ = ਵੱਸਣਾ, ਰਹਿਣਾ ਕਰਦਾ ਹੈ॥੨੭੨॥

ਪ੍ਰਿਥਮ ਹੀ ਤਿਲ ਬੋਏ ਧੂਰਿ ਮਿਲਿ ਬੂਟੁ ਬਾਧੈ;
ਏਕ ਸੈ ਅਨੇਕ ਹੋਤ ਪ੍ਰਗਟ ਸੰਸਾਰ ਮੈ॥

ਪ੍ਰਿਥਮ = ਪਹਿਲਾਂ ਇਕ ਤਿਲ ਭਾਵ ਸੂਖਮ ਮਾਤਰ ਬੀਜ ਹੀ ਹੁੰਦਾ ਹੈ, ਜਿਸ ਨੂੰ ਧੂਰਿ = ਧੂੜੀ, ਮਿੱਟੀ ਵਿਚ ਮਿਲਿ = ਮਿਲਾ ਕੇ ਬੋਏ = ਬੀਜਣਾ ਕਰੀਦਾ ਹੈ ਤੇ ਫੇਰ ਉਹ ਬੂਟੁ = ਬੂਟਾ ਬਾਧੈ = ਵੱਧਦਾ ਹੈ ਅਤੇ ਇਉਂ ਏਕ = ਇਕ ਤਿਲ ਸੈ = ਤੋਂ ਅਨੇਕ = ਬੇਅੰਤ ਤਿਲ ਬਣ ਕੇ ਸੰਸਾਰ = ਜਗਤ ਮੈ = ਵਿਚ ਪ੍ਰਗਟ ਹੋਤ = ਹੁੰਦਾ ਹੈ।

ਕੋਊ ਲੈ ਚਬਾਇ ਕੋਊ ਖਾਲ ਕਾਢੈ ਰੇਵਰੀ ਕੈ;
ਕੋਊ ਕਰੈ ਤਿਲਵਾ ਮਿਲਾਇ ਗੁਰ ਬਾਰ ਮੈ॥

ਕੋਊ = ਕੋਈ ਤਾਂ ਤਿਲਾਂ ਨੂੰ ਲੈ ਕੇ ਚਬਾਇ = ਚੱਬਣਾ ਕਰਦਾ ਹੈ ਭਾਵ ਚੱਬ ਕੇ ਖਾਣਾ ਕਰਦਾ ਹੈ, ਕੋਊ = ਕੋਈ ਡੰਗਰਾਂ ਨੂੰ ਪਾਉਣ ਲਈ ਖਾਲ = ਖਲ੍ਹ ਕਾਢੈ = ਕੱਢਦਾ ਹੈ, ਕੋਈ ਰੇਵਰੀ = ਰਿਉੜੀਆਂ ਬਣਾਉਣਾ ਕੈ = ਕਰਦਾ ਹੈ, ਕੋਊ = ਕੋਈ ਗੁਰ = ਗੁੜ ਨੂੰ ਬਾਰ = ਪਾਣੀ ਮੈ = ਵਿਚ ਮਿਲਾਇ = ਮਿਲਾ ਕੇ ਤਿਲਵਾ = ਤਿਲੌਂਡੇ (ਤਿਲ ਮਰੁੰਡੇ) ਬਣਾਉਣਾ ਕਰੈ = ਕਰਦਾ ਹੈ।

ਕੋਊ ਉਖਲੀ ਡਾਰਿ ਕੁਟਿ ਤਿਲ-ਕੁਟ ਕਰੈ;
ਕੋਊ ਕੋਲੂ ਪੀਰਿ ਦੀਪ ਦਿਪਤਿ ਅੰਧਿਆਰ ਮੈ॥

ਕੋਊ = ਕੋਈ ਉਖਲੀ ਵਿਚ ਤਿਲਾਂ ਨੂੰ ਡਾਰਿ = ਸੁੱਟ ਕੇ ਕੁਟਿ = ਕੁੱਟਣਾ ਕਰੈ = ਕਰਦਾ ਹੈ **ਵਾ:** ਕੋਈ ਉਖਲੀ ਵਿਚ ਪਾ ਕੇ ਇਨ੍ਹਾਂ ਤਿਲਾਂ ਦੀ ਕੁੱਟ ਕੁੱਟ ਕੇ ਤਿਲ ਕੁਟ (ਭੁੱਗਾ) ਬਣਾਉਣਾ ਕਰਦਾ ਹੈ ਅਤੇ ਕੋਊ ਕੋਈ ਕੋਹਲੂ ਵਿਚ ਪੀਰਿ = ਪੀੜ ਪੀੜ ਕੇ ਇਨ੍ਹਾਂ ਤਿਲਾਂ ਦਾ ਤੇਲ ਕੱਢ ਕੇ ਅੰਧਿਆਰ ਹਨੇਰੇ ਮੈ = ਵਿਚ ਦੀਪ = ਦੀਵੇ ਦਿਪਤਿ = ਜਗਾਉਂਦਾ ਹੈ।

ਜਾ ਕੇ ਏਕ ਤਿਲ ਕੋ ਬੀਚਾਰੁ ਨ ਕਹਿਤ ਆਵੈ;
ਅਬਿਗਤਿ ਗਤਿ ਕਤ ਆਵਤ ਬੀਚਾਰ ਮੈ॥੨੭੩॥

ਜਾ = ਜਿਸ ਪਰਮੇਸ਼ਰ ਕੇ = ਦੇ ਪੈਦਾ ਕੀਤੇ ਹੋਏ ਏਕ = ਇਕ ਛੋਟੇ ਜਿਹੇ ਤਿਲ ਕੋ = ਦਾ ਬੀਚਾਰ = ਨਿਰਨਾ ਕਹਿਤ = ਕਥਨ ਵਿਚ ਨ = ਨਹੀਂ ਆਵੈ = ਆਉਂਦਾ ਹੈ ਤਾਂ ਫਿਰ ਉਹ ਅਬਿਗਤ = ਨਾਸ਼ ਤੋਂ ਰਹਿਤ ਗਤਿ = ਗਤੀ ਵਾਲਾ ਪਰਮੇਸ਼ਰ ਕਤ = ਕਿਵੇਂ ਬੀਚਾਰ = ਨਿਰਨੇ ਮੈ = ਵਿਚ ਆਵਤ = ਆਉਣਾ ਕਰੇ ਭਾਵ ਨਹੀਂ ਆ ਸਕਦਾ॥੨੭੩॥

ਰਚਨਾ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰ ਪਨ;
ਏਕ ਚੀਟੀ ਕੋ ਚਰਿਤ੍ਰ ਕਹਤ ਨ ਆਵਈ॥

ਜਿਸ ਪਰਮੇਸ਼ਰ ਦੀ ਰਚਨਾ = ਰਚੀ ਸ੍ਰਿਸ਼ਟੀ ਦੇ ਚਰਿਤ੍ਰ = ਚਲਿੱਤਰ ਦਾ ਚਿੱਤਰ ਬਹੁਤ ਹੀ

ਬਿਸਮ = ਅਸਚਰਜ ਤੇ ਬਚਿਤ੍ਰ ਪਨ = ਸੁਹੱਪਣ ਦੇ ਸਹਿਤ ਹੈ, ਉਸ ਵਿੱਚੋਂ ਏਕ = ਇਕ ਚੀਟੀ = ਕੀੜੀ ਕੋ = ਦਾ ਚਰਿਤ੍ਰ = ਤਮਾਸ਼ਾ ਕਹਤ = ਆਖਣ ਵਿਚ ਨ = ਨਹੀਂ ਆਵਈ = ਆਉਂਦਾ।

ਪ੍ਰਥਮ ਹੀ ਚੀਟੀ ਕੇ ਮਿਲਾਪ ਕੋ ਪ੍ਰਤਾਪੁ ਦੇਖੋ;
ਸਹਸ ਅਨੇਕ ਏਕ ਬਿਲ ਮੈ ਸਮਾਵਈ ॥

ਪ੍ਰਥਮ = ਪਹਿਲਾਂ ਤਾਂ ਹੀ = ਅਤਿਸ਼ੈ ਕਰ ਕੇ ਇਸ ਚੀਟੀ = ਕੀੜੀ ਕੇ = ਦੇ ਮਿਲਾਪ ਕੋ = ਦਾ ਪ੍ਰਤਾਪੁ = ਤੇਜ ਦੇਖੋ = ਵੇਖਣਾ ਕਰੋ ਕਿ ਕਿਸ ਤਰੀਕੇ ਨਾਲ ਸਹਸ = ਹਜ਼ਾਰਾਂ ਤੋਂ ਜ਼ਿਆਦਾ ਅਨੇਕ = ਅਨੰਤ ਹੀ ਏਕ = ਇਕ ਬਿਲ = ਖੁੱਡ ਮੈ = ਵਿਚ ਸਮਾਵਈ = ਸਮਾ, ਵੜ ਜਾਂਦੀਆਂ ਹਨ।

ਅਗ੍ਰਭਾਗੀ ਪਾਛੈ ਏਕੈ ਮਾਰਗਿ ਚਲਤ ਜਾਤ;
ਪਾਵਤ ਮਿਠਾਸ ਬਾਸੁ, ਤਹੀ ਮਿਲਿ ਧਾਵਈ ॥

ਫੇਰ ਅਗ੍ਰਭਾਗੀ = ਅਗਲੇ ਹਿੱਸੇ ਭਾਵ ਅੱਗੇ ਜਾਣ ਵਾਲੀ ਕੀੜੀ ਦੇ ਪਾਛੈ = ਪਿੱਛੇ ਪਿੱਛੇ ਏਕੈ = ਇਕ ਮਾਰਗਿ = ਰਸਤੇ ਹੀ ਚਲਤ = ਤੁਰੀਆਂ ਜਾਤ = ਜਾਂਦੀਆਂ ਹਨ ਅਤੇ ਸੁੰਘਣ ਦੀ ਸਮਰੱਥਾ ਵੀ ਵਿਚਾਰਨਾ ਕਰੋ ਕਿ ਜਿਥੋਂ ਕਿਤੋਂ ਮਿਠਾਸ = ਮਿੱਠੇ ਪਦਾਰਥ ਦੀ ਬਾਸੁ = ਵਾਸ਼ਨਾ ਪਾਵਤ = ਪਾਉਂਦੀਆਂ ਹਨ, ਤਹੀ = ਉਸੇ ਪਾਸੇ ਹੀ ਸਾਰੀਆਂ ਮਿਲ ਕੇ ਧਾਵਈ = ਦੌੜ ਪੈਂਦੀਆਂ ਹਨ।

ਭ੍ਰਿੰਗੀ ਮਿਲਿ ਤਾਤਕਾਲ ਭ੍ਰਿੰਗੀ ਰੂਪ ਹੁਇ ਦਿਖਾਵੈ;
ਚੀਟੀ ਚਿਤ੍ਰ ਅਲਖ ਚਿਤੇਰੈ ਕਤ ਪਾਵਈ ॥੨੭੪॥

ਜੇਕਰ ਕੀੜੀ ਭ੍ਰਿੰਗੀ[1] = ਬਿਲਨੀ ਨੂੰ ਮਿਲਿ = ਮਿਲਣੇ ਕਰਕੇ ਤਾਤਕਾਲ = ਜਲਦੀ ਨਾਲ ਭ੍ਰਿੰਗੀ ਵਰਗਾ ਰੂਪ ਹੁਇ = ਬਣਾ ਕੇ ਦਿਖਾਵੈ = ਵਿਖਾਉਣਾ ਕਰਦੀ ਹੈ, ਇਸ ਲਈ ਚੀਟੀ = ਕੀੜੀ ਦੀ ਚਿਤ੍ਰ = ਕਲਾਕਾਰੀ ਅਲਖ = ਲਖਣ ਤੋਂ ਰਹਿਤ ਹੈ, ਜਿਸ ਪਰਮੇਸ਼ਰ ਨੇ ਇਹ ਸਾਰਾ ਪਸਾਰਾ ਪਸਾਰਨਾ ਕੀਤਾ ਹੈ, ਉਸ ਦਾ ਅੰਤ ਕਤ = ਕਿਸ ਪ੍ਰਕਾਰ ਪਾਵਈ = ਪਾਉਣਾ ਕਰੀਏ, ਭਾਵ ਪਾਇਆ ਨਹੀਂ ਜਾਂਦਾ **ਵਾ:** ਉਸ ਪਰਮੇਸ਼ਰ ਦਾ ਜੋ ਇਕ ਕੀੜੀ ਰੂਪ ਦਾ ਚਿੱਤਰ ਤਿਆਰ ਕੀਤਾ ਹੋਇਆ ਹੈ, ਉਹ ਜਦ ਅਲਖ = ਲਖਣ ਤੋਂ ਰਹਿਤ ਹੈ ਤਾਂ ਉਸ ਦੇ ਆਪਣੇ ਵਿਚ ਅਭੇਦ ਕੀਤੇ ਗੁਰਮੁਖ ਦੀ ਮਹਿਮਾ ਕਾਰਨ ਉਸ ਦੇ ਓੜਕ ਨੂੰ ਕਿਸ ਤਰ੍ਹਾਂ ਪਾਇਆ ਜਾ ਸਕਦਾ ਹੈ ਭਾਵ ਗੁਰਮੁਖ ਜਨਾਂ ਦੀ ਮਹਿਮਾ ਸਾਖਸ਼ਾਤ ਉਸੇ ਦੀ ਹੀ ਬੇਅੰਤ ਮਹਿਮਾ ਹੈ॥੨੭੪॥

ਰਚਨਾ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰ-ਪਨ;
ਘਟ ਘਟ ਏਕ ਹੀ ਅਨੇਕ ਹੁਇ ਦਿਖਾਏ ਹੈ ॥

ਰਚਨਾ = ਸ੍ਰਿਸ਼ਟੀ ਦੀ ਚਿਤ੍ਰ = ਚਿੱਤਰਕਾਰੀ ਦਾ ਚਰਿਤ੍ਰ = ਤਮਾਸ਼ਾ, ਚਲਿੱਤਰ ਬਚਿਤ੍ਰਪਨ = ਬਹੁਤ ਤਰ੍ਹਾਂ ਕਰਕੇ ਬਿਸਮ = ਅਸਚਰਜ ਹੈ, ਏਕ = ਇਕ ਪਰਮੇਸ਼ਰ ਹੀ ਅਨੇਕ = ਅਨੰਤ ਜੀਵਾਂ ਦੇ ਘਟ ਘਟ = ਹਿਰਦਿਆਂ ਹਿਰਦਿਆਂ ਵਿਚ ਹੁਇ = ਹੋ ਕੇ ਆਪਣਾ ਆਪ ਦਿਖਾਏ = ਵਿਖਾਉਂਦਾ ਹੈ।

---

੧. ਭ੍ਰਿੰਗੀ ਇਕ ਪ੍ਰਕਾਰ ਦੀ ਤਿਤਲੀ, ਬਿਲਨੀ ਹੈ, ਜੋ ਅਨੇਕ ਤਰ੍ਹਾਂ ਦੇ ਕੀੜੇ, ਪਤੰਗਿਆਂ ਨੂੰ ਆਪਣਾ ਰੂਪ ਬਣਾ ਲੈਂਦੀ ਹੈ।

ਅਥਵਾ ਪਰਮੇਸ਼ਰ ਦੀ ਰਚਨਾ = ਰਚੀ ਸ੍ਰਿਸ਼ਟੀ ਦੇ ਚਰਿਤ੍ਰ = ਚਲਿੱਤਰ, ਤਮਾਸ਼ੇ ਦੇ ਚਿਤ੍ਰ = ਅਕਾਰਾਂ ਵਿਚ ਬਿਸਮ = ਹੈਰਾਨ ਕਰਨ ਵਾਲੀ ਬਚਿਤ੍ਰਪਨ = ਅਸਚਰਜਤਾ ਭਰੀ ਪਈ ਹੈ ਕਿ ਕਿਸ ਪ੍ਰਕਾਰ ਘਟ ਘਟ = ਸਰੀਰਾਂ ਸਰੀਰਾਂ ਅੰਦਰ ਏਕ = ਇਕ ਪਰਮੇਸ਼ਰ ਆਪ ਹੀ ਸਾਰਿਆਂ ਵਿਚ ਰਮਿਆ ਹੋਣ ਕਰਕੇ ਅਨੇਕ ਸਰੂਪੀ ਹੁਇ = ਹੋ ਕੇ ਦਿਖਾਏ = ਵਿਖਾ ਰਿਹਾ ਹੈ।

ਉਤ ਤੇ ਲਿਖਤ, ਇਤ ਪਢਤ ਅੰਤਰਗਤਿ;
ਇਤ ਹੂੰ ਤੇ ਲਿਖਿ ਪ੍ਰਤਿ-ਉਤਰ ਪਠਾਏ ਹੈ॥

ਉਤ = ਉਸ ਤਰਫ਼ ਤੇ = ਤੋਂ ਆਪ ਹੀ ਲਿਖਾਰੀ ਬਣ ਕੇ ਲਿਖਤ = ਲਿਖਦਾ ਹੈ ਤੇ ਇਤ = ਇਧਰ ਅੰਤਰਗਤਿ = ਅੰਤਰੀਵੀ ਭਾਵ ਵਾਲੀ ਭਾਵ ਗਿਆਨ, ਭੇਦ ਦੀ ਗੱਲ ਸਮਝ ਕੇ ਪਢਤ = ਪੜ੍ਹਦਾ ਹੈ ਅਤੇ ਫੇਰ ਇਤ = ਇਸ ਤਰਫ਼ ਤੇ = ਤੋਂ ਹੂੰ = ਨਿਸ਼ਚੇ ਕਰ ਕੇ ਉਸ ਪਾਸੇ ਪ੍ਰਤਿ = ਤਾਈਂ ਉਤਰ = ਜਵਾਬ ਲਿਖ ਕੇ ਪਠਾਏ = ਭੇਜ ਦਿੰਦਾ ਹੈ।

ਉਤ ਤੇ ਸਬਦ ਰਾਗ ਨਾਦ ਕੋ ਪ੍ਰਸੰਨੁ ਕਰਿ;
ਇਤ ਸੁਨਿ ਸਮਝ ਕੈ ਉਤ ਸਮਝਾਏ ਹੈ॥

ਉਤ = ਉਸ ਤਰਫ਼ ਤੇ = ਤੋਂ ਆਪ ਹੀ ਰਾਗ ਵਿਚ ਅਲਾਪ ਕੇ ਸ਼ਬਦ ਨੂੰ ਨਾਦ = ਅਵਾਜ਼ ਰਾਹੀਂ ਗਾ ਕੇ ਹੋਰਨਾਂ ਨੂੰ ਪ੍ਰਸੰਨੁ = ਖ਼ੁਸ਼ ਕਰਿ = ਕਰਦਾ ਹੈ ਤੇ ਇਤ = ਇਸ ਤਰਫ਼ ਸ੍ਰੋਤਾ ਬਣ ਕੇ ਸੁਨਿ = ਸ੍ਰਵਨ ਕਰ ਕੇ ਫੇਰ ਸਮਝ = ਸਮਝਣਾ ਕੈ = ਕਰਦਾ ਹੈ ਤੇ ਉਤ = ਉਧਰ ਫੇਰ ਅਣਜਾਣ ਸ੍ਰੋਤਿਆਂ ਨੂੰ ਸਮਝਾਏ = ਸਮਝਾਉਣਾ ਕਰਦਾ ਹੈ।

ਰਤਨ ਪਰੀਖਜਾ ਪੇਖਿ ਪਰਮਿਤਿ ਕੈ ਸੁਨਾਵੈ;
ਗੁਰਮੁਖਿ ਸੰਧਿ ਮਿਲੇ ਅਲਖ ਲਖਾਏ ਹੈ॥੨੭੫॥

ਇਸੇ ਪ੍ਰਕਾਰ ਹੀ ਕਿਤੇ ਜੌਹਰੀ ਬਣ ਕੇ ਰਤਨਾਂ ਦੀ ਪਰੀਖਜਾ = ਪਰਖਣਾ ਕਰ ਕੇ ਤੇ ਰਤਨਾਂ ਨੂੰ ਪੇਖਿ = ਵੇਖ ਕੇ ਸਮਝ ਕੇ (ਪਰਮ + ਇਤਿ) ਪਰਮ = ਸ੍ਰੇਸ਼ਟ ਹੈ, ਬਸ ਠੀਕ ਹੈ। ਇਉਂ ਇਤਿ = ਅਖ਼ੀਰ ਤਕ ਇਸ ਤਰ੍ਹਾਂ ਕੈ = ਕਰ ਕੇ ਸੁਨਾਵੈ = ਸੁਣਾਉਂਦਾ ਹੈ ਭਾਵ ਆਪਣੀ ਪੂਰੀ ਸਮਝ ਦਾ ਨਿਸ਼ਚਾ ਕਰਾਉਂਦਾ ਹੈ **ਵਾ:** ਰਤਨਾਂ ਨੂੰ ਪਰੀਖਜਾ = ਪਰਖ ਕੇ ਚੰਗੀ ਤਰ੍ਹਾਂ ਪੇਖਿ = ਵੇਖ ਕੇ (ਪਰ + ਮਿਤਿ) ਪਰ = ਪਰਾਏ (ਹੋਰ ਪੁਰਖ) ਪੁਰਖ ਨੂੰ ਮਿਤਿ = ਮਰਯਾਦਾ ਅਨੁਸਾਰ ਭਾਵ ਚੱਲ ਰਹੇ ਭਾਅ ਅਨੁਸਾਰ ਮੁਲ ਕੈ = ਕਰ ਕੇ ਸੁਨਾਵੈ = ਸੁਣਾਉਂਦਾ ਹੈ, ਉਸੇ ਤਰ੍ਹਾਂ ਜੋ ਗੁਰਮੁਖ ਜਨ ਦੀ ਸੰਧਿ = ਮਿਲਾਉਣੀ ਵਿਚ ਮਿਲੇ = ਮਿਲਣਾ ਕਰਦਾ ਹੈ, ਉਸ ਨੂੰ ਗੁਰਮੁਖ ਜਨ ਅਲਖ = ਲਖਣ ਤੋਂ ਰਹਿਤ ਪਰਮੇਸ਼ਰ ਦਾ ਸਰੂਪ ਲਖਣਾ ਬਿਰਤੀ ਦੁਆਰਾ ਲਖਾਏ = ਜਣਾ ਦਿੰਦੇ ਹਨ॥੨੭੫॥

ਪੂਰਨ ਬ੍ਰਹਮ ਗੁਰ ਪੂਰਨ ਕ੍ਰਿਪਾ ਕੈ ਦੀਨੋ;
ਸਾਚ ਉਪਦੇਸ ਰਿਦੈ, ਨਿਹਚਲ ਮਤਿ ਹੈ॥

ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਦਾ ਸਰੂਪ ਪੂਰਨ = ਪੂਰੇ ਗੁਰ = ਸਤਿਗੁਰੂ ਸਾਹਿਬ

ਜੀ ਨੇ ਅਤਿਅੰਤ ਕ੍ਰਿਪਾ = ਮਿਹਰ ਕੈ = ਕਰ ਕੇ ਸਾਚ = ਸੱਚਾ ਉਪਦੇਸ਼ ਰਿਦੇ = ਹਿਰਦੇ ਵਿਚ ਦੀਨੋ = ਦੇਣਾ ਕੀਤਾ ਤਦ ਤੋਂ ਮਤਿ = ਬੁੱਧੀ ਨਿਹਚਲ = ਅਚੱਲ ਹੋ ਗਈ ਹੈ। ਅਤੇ

ਸਬਦ ਸੁਰਤਿ ਲਿਵ ਲੀਨ ਜਲ ਮੀਨ ਭਏ;
ਪੂਰਨ ਸਰਬ-ਮਈ ਪੈ ਘ੍ਰਿਤ ਜੁਗਤਿ ਹੈ॥

ਜਿਵੇਂ ਜਲ = ਪਾਣੀ ਵਿਚ ਮੀਨ = ਮੱਛੀ ਮਸਤ ਭਏ = ਹੋਈ ਰਹਿੰਦੀ ਹੈ, ਇਸੇ ਤਰ੍ਹਾਂ ਮੱਛੀ ਦੀ ਨਿਆਈਂ ਗੁਰਮੁਖ ਜਨ ਗੁਰ ਸਬਦ = ਉਪਦੇਸ਼ ਰੂਪ ਜਲ ਵਿਚ ਸੁਰਤਿ = ਚਿੱਤ ਦੀ ਲਿਵ = ਬਿਰਤੀ ਲਾ ਕਰਕੇ ਲੀਨ = ਸਮਾਅ ਜਾਂਦੇ ਹਨ ਭਾਵ ਗੁਰ-ਉਪਦੇਸ਼ ਵਿਚ ਇਕ-ਰਸ ਜੁੜ ਕਰਕੇ ਵਾਹਿਗੁਰੂ ਵਿਚ ਲੀਨ ਹੋ ਜਾਂਦੇ ਹਨ ਤੇ ਜਿਵੇਂ ਪੈ = ਦੁੱਧ ਵਿਚ ਘ੍ਰਿਤ = ਘਿਉ ਜੁਗਤਿ = ਮਿਲਿਆ ਹੁੰਦਾ ਹੈ, ਇਸੇ ਤਰ੍ਹਾਂ ਹੀ ਜੋ ਪੂਰਨ = ਪਰੀਪੂਰਨ ਪਰਮੇਸ਼ਰ ਵਾਹਿਗੁਰੂ ਸਰਬ = ਸਾਰਿਆਂ ਮਈ = ਵਿਚ ਸਮਾਇਆ ਹੋਇਆ ਹੈ, ਗੁਰਮੁਖ ਜਨਾਂ ਨੂੰ ਉਹ ਵਾਹਿਗੁਰੂ ਗੁਰ-ਉਪਦੇਸ਼ ਦੁਆਰਾ ਸਾਖਸ਼ਾਤ ਹੋ ਜਾਂਦਾ ਹੈ।

ਸਾਚੁ ਰਿਦੈ ਸਾਚੁ ਦੇਖੈ ਸੁਨੈ ਬੋਲੈ ਗੰਧ ਰਸ;
ਪੂਰਨ ਪਰਸਪਰ ਭਾਵਨੀ ਭਗਤਿ ਹੈ॥

ਅਜਿਹੇ ਗੁਰਮੁਖ ਜਨਾਂ ਦੇ ਰਿਦੈ = ਹਿਰਦੇ ਵਿਚ ਸਾਚੁ = ਸੱਚਾ ਨਾਮ ਵੱਸਦਾ ਹੈ, ਸਾਚੁ = ਸੱਚ ਦੀ ਪ੍ਰਾਪਤੀ ਵਾਲੇ ਹੀ ਸ਼ਬਦ ਨੂੰ ਕੰਨਾਂ ਦੁਆਰਾ ਸੁਨੈ = ਸੁਣਦੇ ਹਨ, ਸੱਚੇ ਸਰੂਪ ਨੂੰ ਹੀ ਸਾਰੇ ਪਾਸੇ ਰਮਿਆ ਹੋਇਆ ਦੇਖੈ = ਵੇਖਦੇ ਹਨ ਤੇ ਸੱਚੇ ਹੀ ਬਚਨ ਰਸਨਾ ਦੁਆਰਾ ਬੋਲੈ = ਬੋਲਦੇ ਹਨ ਅਤੇ ਸੱਚੀ ਭਗਤੀ ਰੂਪ ਗੰਧ = ਸੁਗੰਧੀ ਦਾ ਰਸ = ਸੁਆਦ ਲੈਂਦੇ ਹਨ ਅਤੇ ਸਾਰੇ ਹੀ ਪਰਸਪਰ = ਆਪਸ ਵਿਚਦੀ ਮਿਲ ਕੇ ਭਾਵਨੀ = ਸ਼ਰਧਾ ਦੇ ਨਾਲ ਪੂਰਨ = ਪੂਰੇ ਪਰਮੇਸ਼ਰ ਦੀ ਭਗਤਿ = ਭਗਤੀ ਕਰਦੇ ਹੈ = ਹਨ।

ਪੂਰਨ ਬ੍ਰਹਮ ਦ੍ਰੁਮ ਸਾਖਾ ਪਤ੍ਰ ਫੂਲ ਫਲ;
ਏਕ ਹੀ ਅਨੇਕ ਮੇਕ ਸਤਿਗੁਰ ਸਤਿ ਹੈ॥੨੭੬॥

ਜਿਵੇਂ ਸਾਖਾ = ਟਾਹਣੀਆਂ, ਪਤ੍ਰ = ਪੱਤੇ, ਫੂਲ = ਫੁੱਲ ਤੇ ਫਲਾਂ ਇਨ੍ਹਾਂ ਸਾਰਿਆਂ ਵਿਚ ਦ੍ਰੁਮ = ਬ੍ਰਿਛ ਦੀ ਹੀ ਸੱਤਾ ਪਰੀਪੂਰਨ ਹੁੰਦੀ ਹੈ, ਉਸੇ ਪ੍ਰਕਾਰ ਹੀ ਏਕ = ਇਕ ਪੂਰਨ ਬ੍ਰਹਮ = ਪਰਮੇਸ਼ਰ ਦੀ ਚੇਤਨ ਸੱਤਾ ਹੀ ਅਨੇਕ = ਅਨੰਤ ਜੀਵਾਂ ਵਿਚ ਮੇਕ = ਮਿਲੀ, ਰਮੀ ਹੋਈ ਹੈ ਤੇ ਐਸਾ ਜੋ ਸਤਿ = ਨਾਸ ਤੋਂ ਰਹਿਤ ਬ੍ਰਹਮ ਹੈ, ਉਹੋ ਹੀ ਸਰਗੁਣ ਸਰੂਪ ਵਿਚ ਸਤਿਗੁਰੂ ਸਰੂਪ ਹੈ।

ਪੂਰਨ ਬ੍ਰਹਮ ਗੁਰ ਪੂਰਨ ਪਰਮ ਜੋਤਿ;
ਓਤਿ ਪੋਤਿ ਸੂਤ੍ਰ ਗਤਿ ਏਕ ਹੀ ਅਨੇਕ ਹੈ॥

ਪੂਰਨ = ਵਿਆਪਕ ਬ੍ਰਹਮ = ਪਰਮੇਸ਼ਰ ਹੀ ਪਰਮ = ਸ੍ਰੇਸ਼ਟ ਜੋਤਿ = ਪ੍ਰਕਾਸ਼ ਸਰੂਪ ਗੁਰੂ ਹੈ, ਉਹੋ ਏਕ = ਇਕ ਹੀ ਅਨੇਕ = ਅਨੰਤ ਰੂਪ ਹੋ ਕੇ ਰਮਿਆ ਹੋਇਆ ਹੈ, ਜਿਸ ਪ੍ਰਕਾਰ ਬਸਤਰ ਵਿਚ ਸੂਤ੍ਰ = ਸੂਤ ਦੇ ਓਤਿ ਪੋਤਿ = ਤਾਣੇ ਪੇਟੇ ਦੀ ਗਤਿ = ਰੀਤੀ ਹੈ **ਅਥਵਾ** ਏਕ = ਅਦ੍ਵੈਤ ਸਰੂਪ ਪਰਮੇਸ਼ਰ ਪੂਰਨ = ਪੂਰੇ

ਪਰਮ = ਸ੍ਰੇਸ਼ਟ ਜੋਤਿ = ਪ੍ਰਕਾਸ਼ ਵਾਲਾ ਹੀ ਅਨੇਕ = ਅਨੰਤ ਜੀਵਾਂ ਵਿਚ ਰਮਿਆ ਹੋਇਆ ਹੈ ਤੇ ਉਸ ਪੂਰਨ ਵਾਹਿਗੁਰੂ ਦੀ ਤੇ ਪੂਰੇ ਗੁਰੂ ਦੀ ਅਭੇਦਤਾ ਸੂਤ ਦੇ ਤਾਣੇ ਪੇਟੇ ਦੀ ਗਤਿ = ਰੀਤੀ ਵਾਂਗ ਹੈ।

ਲੋਚਨ ਸ੍ਰਵਨ ਸੋ੍ਤ ਏਕ ਹੀ ਦਰਸ ਸਬਦ;
ਵਾਰ ਪਾਰ ਕੂਲ ਗਤਿ ਸਰਿਤਾ ਬਿਬੇਕ ਹੈ॥

ਲੋਚਨ = ਨੇਤਰ, ਸ੍ਰਵਨ = ਕੰਨ ਆਦਿ ਇੰਦਰਿਆਂ ਤੇ ਇਨ੍ਹਾਂ ਇੰਦਰੀਆਂ ਦੇ ਸੋ੍ਤ = ਵਿਸ਼ੇ, ਗੋਲਕਾਂ ਆਦਿ ਵਿਚ ਏਕ = ਇਕ ਗੁਰਾਂ ਦੇ ਹੀ ਦਰਸ = ਦਰਸ਼ਨ ਕਰ ਕੇ ਗੁਰ ਸਬਦ = ਉਪਦੇਸ਼ ਨੂੰ ਕਮਾਉਣਾ ਕਰੀਦਾ ਹੈ, ਉਸ ਗੁਰਾਂ ਦੇ ਉਪਦੇਸ਼ ਵਿਚ ਪਰਮੇਸ਼ਰ ਇਉਂ ਮਿਲਿਆ ਹੋਇਆ ਹੈ ਜਿਵੇਂ ਸਰਿਤਾ = ਨਦੀ ਦੇ ਦੋ ਕੂਲ = ਕਿਨਾਰਿਆਂ ਦਾ ਗਤਿ = ਰੀਤੀ ਅਨੁਸਾਰ ਬਿਬੇਕ = ਵਿਚਾਰ ਹੁੰਦਾ ਹੈ ਭਾਵ ਜਿਵੇਂ ਨਦੀ ਦੇ ਦੋਵੇਂ ਕਿਨਾਰੇ ਨਦੀ ਦਾ ਇਕ ਹੀ ਰੂਪ ਹੁੰਦੇ ਹਨ, ਉਸੇ ਤਰ੍ਹਾਂ ਹੀ ਗੁਰੂ ਤੇ ਪਰਮੇਸ਼ਰ ਇਕ ਰੂਪ ਹਨ। ਜੈਸਾ ਕਿ :

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥ *(ਸਿਰੀਰਾਗੁ ਮਃ ੫, ਅੰਗ ੫੩)*

ਚੰਦਨ ਬਨਾਸਪਤੀ ਕਨਿਕ ਅਨਿਕ ਧਾਤੁ;
ਪਾਰਸ ਪਰਸਿ ਜਾਨੀਅਤ ਜਾਵਦੇਕ ਹੈ॥

ਜਿਸ ਤਰ੍ਹਾਂ ਚੰਦਨ ਦੀ ਸੁਗੰਧੀ ਨਾਲ ਸਾਰੀ ਬਨਾਸਪਤੀ ਸੁਗੰਧੀ ਦੇ ਸਹਿਤ ਹੋ ਜਾਂਦੀ ਹੈ, ਇਸੇ ਤਰ੍ਹਾਂ ਹੀ ਗੁਰੂ ਰੂਪ ਚੰਦਨ ਦੀ ਭਗਤੀ ਰੂਪੀ ਸੁਗੰਧੀ ਨਾਲ ਸਾਰੀ ਬਨਾਸਪਤੀ ਦੀ ਨਿਆਈਂ ਸਿੱਖ ਭਗਤੀ ਰੂਪੀ ਸੁਗੰਧੀ ਸਹਿਤ ਹੋ ਜਾਂਦੇ ਹਨ ਭਾਵ ਗੁਰ-ਉਪਦੇਸ਼ ਦੁਆਰਾ ਪ੍ਰੇਮਾ ਭਗਤੀ ਕਰਕੇ ਪੂਰਨ ਗੁਰਮੁਖ ਬਣ ਜਾਂਦੇ ਹਨ ਅਤੇ ਜਾਵਦੇਕ = ਜਿਤਨੀਆਂ ਵੀ ਲੋਹਾ, ਚਾਂਦੀ ਆਦਿ ਅਨਿਕ = ਅਨੰਤ ਹੀ ਧਾਤੁ = ਧਾਤੂਆਂ ਹਨ, ਉਹ ਸਾਰੀਆਂ ਹੀ ਪਾਰਸ ਨਾਲ ਪਰਸਿ = ਸਪਰਸ਼ ਹੋ ਕੇ ਕਨਿਕ = ਸੋਨਾ ਰੂਪ ਜਾਨੀਅਤ = ਜਾਣੀਆਂ ਜਾਂਦੀਆਂ ਹਨ, ਇਸੇ ਤਰ੍ਹਾਂ ਅੱਠਾਂ ਧਾਤਾਂ ਦੀ ਨਿਆਈਂ ਚਾਰ ਵਰਨ, ਚਾਰ ਮਜ਼ਹਬ, ਇਹ ਸਭ ਗੁਰੂ ਰੂਪ ਪਾਰਸ ਨਾਲ ਪਰਸਿ = ਸਪਰਸ਼ ਕਰ ਕੇ ਕਨਿਕ = ਸੋਨੇ ਦੀ ਨਿਆਈਂ ਅਨਿਕ = ਅਨੰਤ ਸ਼ੁਭ ਗੁਣਾਂ ਵਾਲੇ ਸ਼ੁੱਧ ਸਰੂਪ ਗੁਰਮੁਖ ਜਨ ਬਣ ਜਾਂਦੇ ਹਨ।

ਗਿਆਨ ਗੁਰ ਅੰਜਨ ਨਿਰੰਜਨ ਅੰਜਨ ਬਿਖੈ;
ਦੁਬਿਧਾ ਨਿਵਾਰਿ ਗੁਰਮਤਿ ਏਕ ਟੇਕ ਹੈ॥੨੭੭॥

ਪਰੰਤੂ ਇਹ ਏਕ = ਏਕਤਾ ਵਾਲੀ ਟੇਕ = ਓਟ ਤਦ ਪ੍ਰਾਪਤ ਹੁੰਦੀ ਹੈ, ਜਦ ਗੁਰੂ ਸਾਹਿਬ ਜੀ ਗੁਰਮਤਿ = ਗੁਰ ਸਿੱਖਿਆ ਰੂਪ ਅੰਜਨ = ਸੁਰਮਾ ਜਗਿਆਸੂ ਸਿੱਖ ਦੇ ਨੇਤਰਾਂ ਵਿਚ ਪਾ ਕੇ ਦੁਬਿਧਾ = ਦੁਚਿੱਤੇਪਨ ਨੂੰ ਨਿਵਾਰਿ = ਦੂਰ ਕਰ ਕੇ ਅੰਜਨ = ਮਾਇਆ ਵਿਚ ਹੀ ਨਿਰੰਜਨ = ਮਾਇਆ ਰੂਪੀ ਕਾਲਖ ਤੋਂ ਰਹਿਤ ਪਰਮੇਸ਼ਰ ਦੀ ਪ੍ਰਾਪਤੀ ਕਰਾਉਣ ਵਾਲਾ ਗਿਆਨ ਦੇ ਦੇਣਾ ਕਰਨ॥੨੭੭॥

ਦਰਸ ਧਿਆਨ ਲਿਵ ਦ੍ਰਿਸਟਿ ਅਚਲ ਭਈ;
ਸਬਦ ਬਿਬੇਕ ਸ੍ਰੁਤਿ ਸ੍ਰਵਨ ਅਚਲ ਹੈ॥

ਪੂਰੇ ਗੁਰਾਂ ਦੇ ਦਰਸ = ਦਰਸ਼ਨ ਦਾ ਧਿਆਨ ਕਰ ਕੇ ਚਿੱਤ ਦੀ ਲਿਵ = ਬਿਰਤੀ ਤੇ ਨੇਤਰਾਂ ਦੀ

ਦ੍ਰਿਸਟਿ = ਨਿਗ੍ਹਾ ਅਚਲ = ਅਡੋਲ ਭਈ = ਹੋ ਗਈ ਹੈ ਭਾਵ ਹੋਰਨਾਂ ਸੁੰਦਰ ਸਰੂਪਾਂ ਜਾਂ ਚੰਗੇ ਪਦਾਰਥਾਂ, ਤਮਾਸ਼ਿਆਂ ਨੂੰ ਤੱਕਣ ਤੋਂ ਭਟਕਣਾ ਰਹਿਤ ਹੋ ਗਈ ਹੈ ਅਤੇ ਗੁਰਾਂ ਦੇ ਸਬਦ = ਉਪਦੇਸ਼ ਦੀ ਬਿਬੇਕ = ਵਿਚਾਰ ਸ੍ਰਵਨ = ਸੁਣ ਕੇ ਸ੍ਰੁਤਿ = ਕੰਨ ਵੀ ਅਚਲ = ਅਡੋਲ ਹੋ ਗਏ ਹਨ, ਭਾਵ ਹੋਰਨਾਂ ਗੀਤਾਂ ਨਾਦਾਂ ਨੂੰ ਸੁਣਨਾ ਛੱਡ ਗਏ ਹਨ।

ਸਿਮਰਨ ਮਾਤ੍ਰ ਸੁਧਾ ਜਿਹਬਾ ਅਚਲ ਭਈ;
ਗੁਰ-ਮਤਿ ਅਚਲ ਉਨਮਨ ਅਸਥਲ ਹੈ॥

ਗੁਰ-ਉਪਦੇਸ਼ ਦੁਆਰਾ ਸੁਧਾ = ਅੰਮ੍ਰਿਤ ਨਾਮ ਨੂੰ ਥੋੜ੍ਹੇ ਮਾਤਰ ਸਿਮਰਨ = ਚੇਤੇ ਕਰਨ ਨਾਲ ਜਿਹਬਾ = ਰਸਨਾ ਵੀ ਅਚਲ = ਅਡੋਲ ਭਈ = ਹੋ ਗਈ ਹੈ ਭਾਵ ਬੇਰਸੇ, ਨਿੰਦਿਆ, ਚੁਗ਼ਲੀ ਤੇ ਫਿੱਕੇ ਬਚਨ ਬੋਲਣ ਵੱਲੋਂ ਹਟ ਗਈ ਹੈ ਅਤੇ ਗੁਰਮਤਿ = ਗੁਰ ਸਿੱਖਿਆ ਨੂੰ ਧਾਰਨ ਕਰ ਕੇ ਬੁੱਧੀ ਉਨਮਨ = ਉਨਮਨੀ ਤੁਰੀਆ ਪਦ ਦੀ ਪ੍ਰਾਪਤੀ ਕਰ ਕੇ ਸੱਚ ਸਰੂਪ ਦੀ ਪ੍ਰਾਪਤੀ ਵਾਲੀ ਅਸਥਲ = ਥਾਂ ਵਿਚ ਅਚਲ = ਅਡੋਲ, ਇਸਥਿਤ ਹੋ ਗਈ ਹੈ।

ਨਾਸਿਕਾ ਸੁਬਾਸੁ, ਕਰ ਕੋਮਲਤਾ ਸੀਤਲਤਾ ਕੈ;
ਪੂਜਾ ਪ੍ਰਣਾਮ ਪਰਸ ਚਰਨ ਕਮਲ ਹੈ॥

ਗੁਰਾਂ ਦੇ ਚਰਨਾਂ ਕਮਲਾਂ ਦੀ ਸੁਬਾਸੁ = ਸੋ੍ਰਸ਼ਟ ਵਾਸ਼ਨਾ ਲੈ ਕੇ ਨਾਸਿਕਾ = ਨਾਸਾਂ ਵੀ ਇਸਥਿਤ, ਅਡੋਲ ਹੋ ਗਈਆਂ ਹਨ ਤੇ ਗੁਰਾਂ ਦੇ ਚਰਨਾਂ ਕਮਲਾਂ ਦੀ ਕੋਮਲਤਾ = ਨਰਮਤਾ ਤੇ ਸੀਤਲਤਾ ਦੇ ਕੈ = ਕਰਕੇ ਕਰ = ਹੱਥ ਵੀ ਮਾੜੇ ਪਾਸੇ ਜਾਣ ਵੱਲੋਂ ਇਸਥਿਤ ਹੋ ਗਏ ਹਨ ਅਤੇ ਗੁਰਾਂ ਦੇ ਚਰਨਾਂ ਕਮਲਾਂ ਦਾ ਪੂਜਾ = ਪੂਜਣ ਕਰਕੇ ਤੇ ਗੁਰਾਂ ਦੇ ਚਰਨਾਂ ਨੂੰ ਪਰਸ = ਸਪਰਸ਼ ਹੋ ਕੇ ਤੇ ਗੁਰਾਂ ਨੂੰ ਪ੍ਰਣਾਮ = ਨਮਸਕਾਰ ਕਰ ਕੇ ਪੈਰ, ਸਿਰ ਆਦਿ ਵੀ ਇਸਥਿਤ, ਅਡੋਲ ਹੋ ਗਏ ਹਨ।

ਗੁਰਮੁਖਿ ਪੰਥ ਚਰ ਅਚਰ ਹੁਇ ਅੰਗ ਅੰਗ;
ਪੰਗ ਸਰਬੰਗ ਬੂੰਦ ਸਾਗਰ ਸਲਿਲ ਹੈ॥੨੭੮॥

ਗੁਰਮੁਖਤਾਈ ਵਾਲੇ ਪੰਥ = ਰਸਤੇ ਵਿਚ ਚਰ = ਤੁਰਨ ਵਾਲੇ ਪੈਰ ਆਦਿ ਅੰਗ ਅਚਰ = ਜੜ੍ਹ, ਨਾ ਚੱਲਣ ਵਾਲੇ ਹੁਇ = ਹੋ ਜਾਂਦੇ ਹਨ ਭਾਵ ਕੁਸੰਗਤ ਵੱਲ ਜਾਣ ਤੋਂ ਹਟ ਜਾਂਦੇ ਹਨ ਤੇ ਸਰੀਰ ਦੇ ਹੋਰ ਅੰਗ ਵੀ ਅਚੱਲ ਹੋ ਜਾਂਦੇ ਹਨ। ਜਿਸ ਪ੍ਰਕਾਰ ਸਲਿਲ = ਪਾਣੀ ਦੀ ਬੂੰਦ ਪਾਣੀ ਵਿਚ ਮਿਲ ਕੇ ਸਰਬੰਗ = ਸਾਰਾ ਹੀ ਸਾਗਰ = ਸਮੁੰਦਰ ਰੂਪ ਬਣ ਜਾਣਾ ਕਰਦੀ ਹੈ, ਇਸੇ ਤਰ੍ਹਾਂ ਹੀ ਪਾਣੀ ਦੀ ਬੂੰਦ ਦੀ ਨਿਆਈਂ ਗੁਰਮੁਖ ਜਨ ਪਾਪਾਂ ਰੂਪੀ ਪੰਗ = ਮੈਲ ਤੋਂ ਰਹਿਤ ਹੋ ਕੇ ਪਾਣੀ ਦੀ ਨਿਆਈਂ ਗੁਰਮੁਖਤਾਈ ਵਾਲੇ ਮਾਰਗ ਵਿਚ ਮਿਲ ਕੇ ਭਾਵ ਚੱਲ ਕੇ ਜੋ ਸਰਬੰਗ = ਸਾਰਿਆਂ ਅੰਗਾਂ, ਸਰੀਰਾਂ ਵਿਚ ਰਮਿਆ ਹੋਇਆ ਬ੍ਰਹਮ ਰੂਪ ਸਾਗਰ = ਸਮੁੰਦਰ ਹੈ, ਉਸ ਦਾ ਰੂਪ ਹੋ ਜਾਂਦੇ ਹਨ ਭਾਵ ਅਭੇਦ ਹੋ ਜਾਂਦੇ ਹਨ।

ਦਰਸਨ ਸੋਭਾ ਦ੍ਰਿਗ, ਦ੍ਰਿਸਟਿ ਗਿਆਨ ਗੰਮਿ;
ਦ੍ਰਿਸਟਿ ਧਿਆਨ ਪ੍ਰਭ, ਦਰਸ ਅਤੀਤ ਹੈ॥

ਜਦੋਂ ਦ੍ਰਿਗ = ਨੇਤਰਾਂ ਦੀ ਦ੍ਰਿਸਟਿ = ਨਜ਼ਰ ਗਿਆਨ ਦੀ ਗੰਮਿ = ਪਹੁੰਚ ਵਾਲੀ ਬਣ ਜਾਂਦੀ ਹੈ, ਤਦੋਂ

ਦ੍ਰਿਸਟਿ = ਨਿਗ੍ਹਾ ਅੰਦਰ ਇਕ ਪ੍ਰਭ = ਪਰਮੇਸ਼ਰ ਹੀ ਧਿਆਨ = ਖ਼ਿਆਲ ਵਿਚ ਆਉਂਦਾ ਹੈ, ਜਦੋਂ ਕਿ ਦਰਸ = ਦਰਸ਼ਨ ਕਰਨੇ ਯੋਗ ਪਦਾਰਥ ਉਹ ਸਮੂਹ ਪਰਪੰਚ ਦਿਖਾਵੇ ਮਾਤਰ ਸ਼ੋਭਾ ਤੋਂ ਅਤੀਤ = ਰਹਿਤ ਹੋ ਜਾਂਦਾ ਹੈ, ਭਾਵ ਸੁਰਤਿ ਦੇ ਗਿਆਨ ਗਾਮੀ ਹੋ ਕਰਕੇ ਉਸ ਦੀ ਬਿਰਤੀ ਸੰਸਾਰਾਕਾਰ ਨਹੀਂ ਰਹਿੰਦੀ ਸਗੋਂ ਐਸੀ ਦ੍ਰਿਸ਼ਟੀ ਬ੍ਰਹਮਾਕਾਰ ਹੋ ਕਰਕੇ ਸਾਰਿਆਂ ਥਾਵਾਂ ਵਿਚ ਪਰਮੇਸ਼ਰ ਨੂੰ ਹੀ ਰਮਿਆ ਹੋਇਆ ਵੇਖਣਾ ਕਰਦੀ ਹੈ। ਜੈਸਾ ਕਿ :

ਜਤ੍ਰ ਜਤ੍ਰ ਮਨੋ ਜਾਤੀ ਤਤ੍ਰ ਤਤ੍ਰ ਬ੍ਰਹਮ ਦ੍ਰਿਸਟਾਤੀ।

ਸਬਦ ਸੁਰਤਿ ਪਰੈ, ਸੁਰਤਿ ਸਬਦ ਪਰੈ;
ਜਾਸ ਬਾਸੁ ਅਲਖ, ਸੁਬਾਸੁ ਨਾਸ ਰੀਤ ਹੈ॥

ਗੁਰ ਸਬਦ = ਉਪਦੇਸ਼ ਦੀ ਸੁਰਤਿ = ਸੋਝੀ ਪੈ ਆਵੇ ਤਦ ਕੰਨ ਹੋਰਨਾਂ ਨਿੰਦਿਆ ਉਸਤਤੀ ਭਰੇ ਸਬਦ = ਬੋਲ ਸੁਰਤਿ = ਸੁਣਨ ਤੋਂ ਪਰੈ = ਪਰ੍ਹੇ ਹੋ ਜਾਂਦੇ ਹਨ, ਹਟ ਜਾਂਦੇ ਹਨ ਅਤੇ ਜਾਸ = ਜਿਸ ਗੁਰਮੁਖ ਜਨ ਦੇ ਅੰਦਰ ਅਲਖ = ਲਖਣ ਤੋਂ ਰਹਿਤ ਪਰਮੇਸ਼ਰ ਦੀ ਭਗਤੀ ਰੂਪ ਬਾਸੁ = ਸੁਗੰਧੀ ਆ ਵੱਸਦੀ ਹੈ, ਫਿਰ ਉਸ ਦੀਆਂ ਨਾਸ = ਨਾਸਕਾਂ ਅਤਰ ਫੁਲੇਲ ਆਦਿ ਸੁਬਾਸੁ = ਸੁਗੰਧੀਆਂ ਵੱਲੋਂ ਰੀਤ = ਖ਼ਾਲੀ ਹੋ ਜਾਂਦੀਆਂ ਹਨ, ਭਾਵ ਫਿਰ ਭਗਤੀ ਰੂਪ ਸੁਗੰਧੀ ਤੋਂ ਬਗ਼ੈਰ ਹੋਰ ਦੁਨੀਆਵੀ ਸੁਗੰਧੀਆਂ ਨਹੀਂ ਭਾਉਂਦੀਆਂ।

ਰਸ ਰਸਨਾ ਰਹਿਤ, ਰਸਨਾ ਰਹਿਤ ਰਸ;
ਕਰ ਅਸਪਰਸ, ਪਰਸਨ ਕਰਾਜੀਤ ਹੈ॥

ਇਸੇ ਪ੍ਰਕਾਰ ਜਿਸ ਗੁਰਮੁਖ ਜਨ ਦੀ ਰਸਨਾ = ਜਿਹਬਾ ਨਾਮ ਜਪਣ ਦੇ ਰਸ = ਸੁਆਦ **ਵਾ:** ਪ੍ਰੇਮ ਰਸ ਵਿਚ ਮਗਨ ਰਹਿਤ = ਰਹਿੰਦੀ ਹੈ, ਉਸ ਦੀ ਰਸਨਾ = ਜਿਹਬਾ ਹੋਰਨਾਂ ਵਿਸ਼ੇ-ਵਿਕਾਰਾਂ ਨੂੰ ਪੈਦਾ ਕਰਨ ਵਾਲੇ ਰਸਾਂ ਕਸਾਂ ਤੋਂ ਰਹਿਤ ਹੋ ਜਾਂਦੀ ਹੈ ਅਤੇ ਇਸੇ ਤਰ੍ਹਾਂ ਹੀ ਗੁਰਮੁਖ ਜਨਾਂ ਦੇ ਕਰ = ਹੱਥ ਪਰਾਏ ਪਦਾਰਥ ਆਦਿਕਾਂ ਦੇ ਪਰਸਨ = ਛੂਹਣ ਵੱਲੋਂ ਕਰਾਜੀਤ = ਹੱਥਾਂ ਨੂੰ ਜਿੱਤ ਲਿਆ ਹੈ ਭਾਵ ਪਰਾਏ ਪਦਾਰਥ, ਪਰਾਏ ਧਨ ਤੇ ਪਰਾਈ ਇਸਤਰੀ ਦੇ ਪਕੜਨ ਵੱਲੋਂ ਅਸਪਰਸ਼ ਹੋ ਜਾਂਦੇ ਹਨ, ਇਉਂ ਕਾਮ ਅਧੀਨ ਹੋ ਕੇ ਪਾਪ ਕਰਮ ਨਹੀਂ ਕਰਦੇ।

ਚਰਨ ਗਵਨ ਗੰਮਿ, ਗਵਨ ਚਰਨ ਗੰਮਿ;
ਆਸ ਪਿਆਸ ਬਿਸਮ ਬਿਸ੍ਵਾਸ ਪ੍ਰਿਅ ਪ੍ਰੀਤ ਹੈ॥੨੭੬॥

ਗੁਰ-ਉਪਦੇਸ਼ ਦੀ ਵਿਚਾਰ ਕਰਨ ਲਈ ਸਤਿਸੰਗਤ ਵਿਚ ਗੁਰਮੁਖ ਜਨ ਦੇ ਚਰਨ = ਪੈਰ ਗਵਨ = ਤੁਰ ਕੇ ਗੰਮਿ = ਪਹੁੰਚਣਾ ਕਰਦੇ ਹਨ, ਇਸ ਲਈ ਗੁਰਮੁਖ ਜਨ ਦੇ ਚਰਨ = ਪੈਰ ਹੋਰ ਕੁਸੰਗਤ ਵਾਲੇ ਪਾਸੇ ਗਵਨ = ਤੁਰ ਕੇ ਗੰਮਿ = ਪਹੁੰਚਣ ਵੱਲੋਂ ਸੰਕੋਚ ਕਰਦੇ ਹਨ, ਗੁਰਮੁਖਾਂ ਜਨਾਂ ਨੂੰ ਪ੍ਰਿਅ = ਪਿਆਰੇ ਗੁਰੂ ਨਾਲ ਪ੍ਰੀਤ = ਲਗਨ, ਸਨੇਹ ਕਰਨ ਦਾ ਬਿਸਮ = ਅਸਚਰਜ ਬਿਸ੍ਵਾਸ = ਭਰੋਸਾ ਕਰਨ ਰੂਪ ਪਿਆਸ = ਤ੍ਰੇਹ ਲੱਗੀ ਰਹਿੰਦੀ ਹੈ, ਇਉਂ ਗੁਰੂ ਦੀ ਪ੍ਰਾਪਤੀ ਰੂਪ ਆਸ = ਉਮੀਦ ਗੁਰਮੁਖ ਜਨ ਦੇ ਹਿਰਦੇ ਵਿਚ ਲੱਗੀ ਰਹਿੰਦੀ ਹੈ **ਵਾ:** ਪਿਆਰੇ ਗੁਰੂ ਦੀ ਪ੍ਰਾਪਤੀ ਰੂਪ ਤੇਹ ਲੱਗੀ ਰਹਿੰਦੀ ਹੈ, ਇਸ ਲਈ ਅਤਿਅੰਤ ਪ੍ਰੀਤੀ ਦੇ ਸਹਿਤ ਗੁਰੂ ਤੇ ਅਸਚਰਜ ਭਰੋਸਾ ਕਰਦੇ ਹਨ॥੨੭੬॥

ਗੁਰਮੁਖਿ ਸਬਦ ਸੁਰਤਿ, ਹਉਮੈ ਮਾਰਿ ਮਰੈ;
ਜੀਵਨ ਮੁਕਤਿ, ਜਗਜੀਵਨ ਕੈ ਜਾਨੀਐ ॥

ਐਸਾ ਗੁਰਮੁਖ ਜਨ ਗੁਰ ਸਬਦ = ਉਪਦੇਸ਼ ਵਿਚ ਚਿੱਤ ਦੀ ਸੁਰਤਿ = ਬਿਰਤੀ ਨੂੰ ਜੋੜ ਕੇ ਦੇਹ ਹਉਮੈ = ਹੰਗਤਾ ਨੂੰ ਮਾਰਿ = ਨਵਿਰਤ ਕਰ ਕੇ ਜੀਵਤ ਭਾਵ ਵੱਲੋਂ ਮਰੈ = ਮਰ ਜਾਂਦਾ ਹੈ, ਇਉਂ ਜੀਵਤ ਭਾਵ ਵੱਲੋਂ ਮਰ ਕੇ ਉਹ ਜੀਵਨ ਮੁਕਤ ਭਾਵ ਜਿਉਂਦੇ-ਜੀ ਹੀ ਸੰਸਾਰਕ ਜੰਜਾਲਾਂ ਤੋਂ ਛੁੱਟ ਕੇ ਬ੍ਰਹਮ ਗਿਆਨ ਦੀ ਅਵਸਥਾ ਵਾਲਾ ਬਣ ਜਾਂਦਾ ਹੈ, ਸੋ ਐਸਾ ਗੁਰਮੁਖ ਜਨ ਜਗਜੀਵਨ = ਜਗਤ ਦੇ ਜੀਵਨ ਰੂਪ ਪਰਮੇਸ਼ਰ ਦਾ ਸਰੂਪ ਕੈ = ਕਰਕੇ ਜਾਨੀਐ = ਜਾਨਣਾ ਕਰੀਦਾ ਹੈ।

ਅੰਤਰਿ ਨਿਰੰਤਰਿ, ਅੰਤਰ ਪਟ ਘਟਿ ਗਏ;
ਅੰਤਰਜਾਮੀ ਅੰਤਰਾਗਤਿ ਉਨਮਾਨੀਐ ॥

ਜਿਸ ਨੇ ਨਿਰੰਤਰਿ = ਇਕ-ਰਸ ਆਪਣੇ ਹਿਰਦੇ ਅੰਤਰਿ = ਵਿਚ ਪਰਮੇਸ਼ਰ ਦਾ ਧਿਆਨ ਲਾਉਣਾ ਕੀਤਾ ਹੈ, ਉਸ ਦੇ ਅੰਤਰ ਜੋ ਪਰਮੇਸ਼ਰ ਨਾਲੋਂ ਵਿਛੋੜਾ ਪਾਉਣ ਵਾਲੇ ਆਸਾ ਅੰਦੇਸਾ **ਵਾ:** ਭਰਮ ਰੂਪ ਪਟ = ਤਖ਼ਤੇ ਲੱਗੇ ਹੋਏ ਸੀ, ਉਹ ਘਟਿ ਭਾਵ ਨਾਸ ਹੋ ਗਏ ਅਤੇ ਉਸ ਗੁਰਮੁਖ ਜਨ ਨੇ ਆਪਣੇ ਅੰਤਰਾਗਤਿ (ਅੰਤਰ + ਆਗਤਿ) ਹਿਰਦੇ ਦੇ ਅੰਤਰ = ਵਿਚ ਹੀ ਅੰਤਰਜਾਮੀ = ਅੰਦਰ ਦੀ ਜਾਨਣ ਵਾਲੇ ਪਰਮੇਸ਼ਰ ਨੂੰ ਆਗਤਿ = ਆਇਆ ਹੋਇਆ ਉਨਮਾਨੀਐ = ਵਿਚਾਰ ਲੈਣਾ ਕੀਤਾ ਹੈ।

ਬ੍ਰਹਮ-ਮਈ ਹੈ ਮਾਇਆ, ਮਾਇਆ ਮਈ ਹੈ ਬ੍ਰਹਮ;
ਬ੍ਰਹਮ ਬਿਬੇਕ ਟੇਕ ਏਕੈ ਪਹਿਚਾਨੀਐ ॥

ਗੁਰਮੁਖ ਜਨ ਦੀ ਦ੍ਰਿਸ਼ਟੀ ਵਿਚ ਬ੍ਰਹਮ ਮਈ = ਵਾਹਿਗੁਰੂ ਦਾ ਸਰੂਪ ਹੀ ਮਾਇਆ ਹੈ **ਵਾ:** ਸੰਸਾਰ ਹੈ ਅਤੇ ਮਾਇਆ ਦਾ ਸਰੂਪ **ਵਾ:** ਸੰਸਾਰ ਦਾ ਸਰੂਪ ਬ੍ਰਹਮ = ਵਿਆਪਕ ਪਰਮੇਸ਼ਰ ਹੈ, ਇਸ ਪ੍ਰਕਾਰ ਬ੍ਰਹਮ = ਵਿਆਪਕ ਪਰਮੇਸ਼ਰ ਦੇ ਬਿਬੇਕ = ਵਿਚਾਰ ਦੀ **ਵਾ:** ਬ੍ਰਹਮ ਬਿਬੇਕ = ਗਿਆਨ ਦੀ ਟੇਕ = ਓਟ ਲੈ ਕੇ ਏਕੈ = ਇਕ ਪਰਮੇਸ਼ਰ ਨੂੰ ਹੀ ਪਹਿਚਾਨੀਐ = ਜਾਨਣਾ ਕਰਦਾ ਹੈ।

ਪਿੰਡ ਬ੍ਰਹਮੰਡ, ਬ੍ਰਹਮੰਡ ਪਿੰਡ ਓਤਿ ਪੋਤਿ;
ਜੋਤੀ ਮਿਲਿ ਜੋਤਿ, ਗੋਤ ਬ੍ਰਹਮ-ਗਿਆਨੀਐ ॥੨੮੦॥

ਪਿੰਡ = ਸਰੀਰ ਵਿਚ ਬ੍ਰਹਮੰਡ = ਗੋਲਾਕਾਰ ਜਗਤ ਨੂੰ ਤੇ ਬ੍ਰਹਮੰਡ = ਗੋਲਾਕਾਰ ਜਗਤ ਵਿਚ ਪਿੰਡ = ਸਰੀਰ ਨੂੰ ਓਤਿ ਪੋਤਿ = ਤਾਣੇ ਪੇਟੇ ਵਤ ਮਿਲਿਆ ਜਾਣਦਾ ਹੈ, ਉਸ ਗੁਰਮੁਖ ਜਨ ਦੀ ਪਰਤਕ ਜੋਤੀ = ਜੋਤ ਬ੍ਰਹਮ ਚੇਤਨ ਦੀ ਜੋਤ ਨਾਲ ਮਿਲਿ = ਅਭੇਦ ਹੋਈ ਰਹਿੰਦੀ ਹੈ, ਐਸੇ ਗੁਰਮੁਖ ਜਨ ਦੀ ਗੋਤ = ਸੰਗਿਆ ਬ੍ਰਹਮ ਗਿਆਨੀਐ = ਗਿਆਨੀ ਹੈ **ਵਾ:** ਐਸੇ ਗੁਰਮੁਖ ਜਨ ਦੀ ਅਸਲ ਗੋਤ = ਵੰਸ਼ ਬ੍ਰਹਮ ਗਿਆਨ ਹੀ ਹੈ ॥੨੮੦॥

ਚਰਨ ਸਰਨਿ ਗੁਰ ਧਾਵਤ ਬਰਜਿ ਰਾਖੈ;
ਨਿਹਚਲ ਚਿਤ, ਸੁਖ ਸਹਜਿ ਨਿਵਾਸ ਹੈ॥

ਐਸਾ ਗੁਰਮੁਖ ਜਨ ਗੁਰ = ਸਤਿਗੁਰੂ ਸਾਹਿਬ ਜੀ ਦੇ ਚਰਨਾਂ ਦੀ ਸਰਨਿ = ਓਟ ਲੈਣ ਕਰਕੇ ਵਿਸ਼ਿਆਂ ਵੱਲ ਧਾਵਤ = ਦੌੜਦੀਆਂ ਇੰਦਰੀਆਂ ਨੂੰ ਬਰਜਿ = ਰੋਕ ਕੇ ਰਾਖੈ = ਰੱਖਣਾ ਕਰਦਾ ਹੈ ਅਤੇ ਉਸ ਦਾ ਚਿੱਤ ਮਾੜੀਆਂ ਚਿਤਵਨੀਆਂ ਛੱਡ ਕੇ ਨਿਹਚਲ = ਅਚੱਲ ਹੋ ਜਾਂਦਾ ਹੈ ਅਤੇ ਉਹ ਸਹਜਿ = ਸੁਤੇ-ਸਿਧ ਆਤਮਿਕ ਸੁਖ = ਆਨੰਦ ਦੇਣ ਵਾਲੇ ਤੁਰੀਆ ਪਦ ਰੂਪ ਅਸਥਾਨ ਵਿਚ ਨਿਵਾਸ = ਵਾਸਾ ਕਰ ਲੈਂਦਾ ਹੈ।

ਜੀਵਨ ਕੀ ਆਸਾ ਅਰੁ ਮਰਨ ਕੀ ਚਿੰਤਾ ਮਿਟੀ;
ਜੀਵਨ ਮੁਕਤਿ ਗੁਰਮਤਿ ਕੋ ਪ੍ਰਗਾਸ ਹੈ॥

ਗੁਰਮੁਖ ਜਨਾਂ ਦੀ ਬਹੁਤੀ ਜੀਵਨ = ਜੀਊਣ (ਜ਼ਿੰਦਗੀ) ਕੀ = ਦੀ ਆਸਾ = ਉਮੀਦ ਅਰੁ = ਅਤੇ ਮਰਨ = ਮੌਤ ਕੀ = ਦੀ ਚਿੰਤਾ = ਸੋਚ ਮਿਟੀ = ਨਵਿਰਤ ਹੋ ਜਾਂਦੀ ਹੈ, ਜੈਸਾ ਕਿ :

ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ॥ *(ਅੰਗ ੨੧)*

ਕਿਉਂਕਿ ਗੁਰਮੁਖ ਜਨ ਦੇ ਹਿਰਦੇ ਵਿਚ ਗੁਰਮਤਿ = ਗੁਰ ਸਿੱਖਿਆ ਕੋ = ਦਾ ਪ੍ਰਗਾਸ = ਪ੍ਰਕਾਸ਼ ਹੋ ਆਉਂਦਾ ਹੈ ਅਤੇ ਉਸ ਨੂੰ ਜੀਵਨ ਮੁਕਤੀ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ।

ਆਪਾ ਖੋਇ, ਹੋਨਹਾਰੁ ਹੋਇ ਸੋਈ ਭਲੋ ਮਾਨੈ;
ਸੇਵਾ ਸਰਬਾਤਮ ਕੈ ਦਾਸਨ ਕੋ ਦਾਸ ਹੈ॥

ਆਪਾ = ਹੰਗਤਾ ਨੂੰ ਖੋਇ = ਨਵਿਰਤ ਕਰ ਕੇ ਜੋ ਹੋਨਹਾਰੁ = ਪਰਮੇਸ਼ਰ ਦਾ ਭਾਣਾ ਹੋਇ = ਹੁੰਦਾ ਹੈ, ਸੋਈ = ਉਸ ਨੂੰ ਹੀ ਗੁਰਮੁਖ ਜਨ ਭਲੋ = ਚੰਗਾ ਕਰ ਕੇ ਮਾਨੈ = ਮੰਨਣਾ ਕਰਦਾ ਹੈ ਅਤੇ ਸਰਬਾਤਮ = ਸਾਰਿਆਂ ਅੰਦਰ ਵਾਹਿਗੁਰੂ ਦੀ ਜੋਤ ਜਾਣ ਕੇ = ਕਰਕੇ ਸਭਨਾਂ ਦੀ ਸੇਵਾ = ਟਹਿਲ ਕਰਦਾ ਹੈ ਅਤੇ ਸਾਰਿਆਂ ਦਾਸਨ = ਸੇਵਕਾਂ ਕੋ = ਦਾ ਦਾਸ = ਸੇਵਕ ਬਣ ਕੇ ਰਹਿੰਦਾ ਹੈ।

ਸ੍ਰੀ ਗੁਰ ਦਰਸ ਸਬਦ ਬ੍ਰਹਮ ਗਿਆਨ ਧਿਆਨ;
ਪੂਰਨ ਸਰਬ-ਮਈ ਬ੍ਰਹਮ ਬਿਸ੍ਵਾਸ ਹੈ॥੨੮੧॥

ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਦਰਸ = ਦੀਦਾਰ ਕਰਨ ਨਾਲ ਤੇ ਉਨ੍ਹਾਂ ਦੇ ਸਬਦ = ਉਪਦੇਸ਼ ਨੂੰ ਸੁਣ ਕਰਕੇ ਬ੍ਰਹਮ = ਵਿਆਪਕ ਪਰਮੇਸ਼ਰ ਦੀ ਪ੍ਰਾਪਤੀ ਵਾਲਾ ਗਿਆਨ ਹੁੰਦਾ ਹੈ ਤੇ ਉਸ ਦਾ ਧਿਆਨ ਲਾਉਣ ਦੀ ਜਾਚ ਆਉਂਦੀ ਹੈ ਅਤੇ ਉਸ ਪੂਰਨ = ਪਰੀਪੂਰਨ, ਸਰਬ ਮਈ = ਸਰਬ ਸਰੂਪੀ ਬ੍ਰਹਮ = ਪਰਮੇਸ਼ਰ ਉੱਪਰ ਪੂਰਨ ਬਿਸ੍ਵਾਸ = ਭਰੋਸਾ ਬੱਝਦਾ ਹੈ॥੨੮੧॥

ਗੁਰਮੁਖਿ ਸੁਖਫਲ ਕਾਮ ਨਿਹਕਾਮ ਕੀਨੇ;
ਗੁਰਮੁਖਿ ਉਦਮ ਨਿਰੁਦਮ ਉਕਤਿ ਹੈ॥

ਗੁਰਮੁਖ ਜਨ ਦੀ ਉਕਤਿ = ਬਾਣੀ, ਬਚਨਾਂ ਦਾ ਮੁੱਖ ਇਹੋ ਸਿਧਾਂਤ ਹੁੰਦਾ ਹੈ ਕਿ ਹੋਰਨਾਂ ਪੁਰਖਾਂ ਨੂੰ

ਤਦੋਂ ਹੀ ਗੁਰਮੁਖਿ = ਮੁਖੀ ਗੁਰਾਂ ਦੇ ਉਪਦੇਸ਼ ਦੁਆਰਾ ਆਤਮਿਕ ਸੁਖ = ਆਨੰਦ ਰੂਪੀ ਫਲ ਦੀ ਪ੍ਰਾਪਤੀ ਹੋ ਸਕਦੀ ਹੈ, ਜਦ ਉਸ ਨੇ ਕਾਮ = ਕਾਮਨਾਂ ਵੱਲੋਂ ਰਹਿਤ ਹੋ ਕੇ ਨਿਹਕਾਮ = ਨਿਸਕਾਮਨਾ ਦੇ ਸਹਿਤ ਕਰਮ ਕੀਨੇ = ਕੀਤੇ ਹੋਣ ਅਤੇ ਉਦਮ = ਜਤਨ ਕਰਦਿਆਂ ਭਾਵ ਸਾਰੇ ਕਾਰੋ-ਵਿਹਾਰਾਂ ਵਿਚ ਵਰਤਦਿਆਂ ਜਦੋਂ ਪਰਮੇਸ਼ਰ ਦੀ ਪ੍ਰਾਪਤੀ ਲਈ ਆਪਣੇ ਆਪ ਨੂੰ ਸੰਸਾਰਕ ਕਾਰੋ-ਵਿਹਾਰਾਂ ਤੋਂ ਨਿਰੁਦਮ = ਜਤਨ ਕਰਨ ਵੱਲੋਂ ਰਹਿਤ ਹੋ ਜਾਂਦਾ ਹੈ, ਤਦੋਂ ਆਤਮਿਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ।

ਗੁਰਮੁਖਿ ਮਾਰਗ ਹੁਇ ਦੁਬਿਧਾ ਭਰਮ ਖੋਏ;
ਚਰਨ ਸਰਨਿ ਗਹੇ ਨਿਹਚਲ ਮਤਿ ਹੈ॥

ਗੁਰਮੁਖਿ = ਮੁਖੀ ਗੁਰਾਂ ਦੇ ਉਪਦੇਸ਼ ਦੁਆਰਾ ਭਗਤੀ ਰੂਪ ਮਾਰਗ = ਰਸਤੇ **ਵਾ:** ਗੁਰਮੁਖਤਾਈ ਵਾਲੇ ਮਾਰਗ = ਰਸਤੇ ਵਿਚ ਪ੍ਰਵੇਸ਼ ਹੁਇ = ਹੋ ਕੇ ਦੁਬਿਧਾ = ਦੁਚਿੱਤਾਪਣ ਤੇ ਪੰਜ ਪ੍ਰਕਾਰ ਦਾ ਭਰਮ = ਭੁਲੇਖਾ ਖੋਏ = ਨਵਿਰਤ ਹੋ ਜਾਂਦਾ ਹੈ ਅਤੇ ਗੁਰਾਂ ਦੇ ਚਰਨਾਂ ਕਮਲਾਂ ਦੀ ਸਰਨਿ = ਓਟ ਗਹੇ = ਗ੍ਰਹਿਣ ਕਰ ਕੇ ਮਤਿ = ਬੁੱਧੀ ਨਿਹਚਲ = ਅਚੱਲ ਹੋ ਜਾਂਦੀ ਹੈ, ਭਾਵ ਆਤਮ ਵਿਸ਼ੈਣੀ ਬੁੱਧ ਹੋ ਜਾਂਦੀ ਹੈ।

ਦਰਸਨ ਪਰਸਤ ਆਸਾ ਮਨਸਾ ਥਕਿਤ;
ਸਬਦ ਸੁਰਤਿ ਗਿਆਨ ਪ੍ਰਾਨ ਪ੍ਰਾਨਪਤਿ ਹੈ॥

ਗੁਰਾਂ ਦੇ ਦਰਸਨ = ਦੀਦਾਰ ਪਰਸਤ = ਪਰਸਨੇ ਕਰਕੇ ਸੰਸਾਰਕ ਪਦਾਰਥਾਂ ਦੀ ਆਸਾ = ਉਮੀਦ ਤੇ ਮਨ ਦੀਆਂ ਮਨਸਾ = ਵਾਸ਼ਨਾਵਾਂ ਥਕਿਤ = ਥੱਕ ਜਾਂਦੀਆਂ ਹਨ ਭਾਵ ਨਵਿਰਤ ਹੋ ਜਾਂਦੀਆਂ ਹਨ ਅਤੇ ਗੁਰ ਸਬਦ = ਉਪਦੇਸ਼ ਸੁਰਤਿ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਸੁਣਦਿਆਂ ਸਾਰ ਹੀ ਪ੍ਰਾਨਪਤਿ = ਪ੍ਰਾਣਾਂ ਦੇ ਪਤੀ ਪਰਮੇਸ਼ਰ ਦਾ ਪ੍ਰਾਣਾਂ ਵਿਚ ਗਿਆਨ ਪ੍ਰਾਪਤ ਹੋ ਆਉਂਦਾ ਹੈ।

ਰਚਨਾ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰ-ਪਨ;
ਚਿਤ੍ਰ ਮੈ ਚਿਤੇਰਾ ਕੋ ਬਸੇਰਾ ਸਤਿ ਸਤਿ ਹੈ॥੨੮੨॥

ਗੁਰਮੁਖ ਜਿਸ ਗਿਆਨ ਦੀ ਪ੍ਰਾਪਤੀ ਕਰ ਕੇ ਰਚਨਾ = ਸ੍ਰਿਸ਼ਟੀ ਦੇ ਚਰਿਤ੍ਰ = ਚਲਿੱਤਰ ਦੀ ਇਹ ਪ੍ਰਤੱਖ ਚਿਤ੍ਰ = ਤਸਵੀਰ ਖਿੱਚਿਆਂ ਆਪਣੇ ਬਚਿਤ੍ਰ-ਪਨ = ਨਾਨਾਪੁਣੇ ਤੇ ਬਿਸਮ = ਹੈਰਾਨ ਕਰਨ ਵਾਲੇ ਸੁਭਾਅ ਵਿਚ ਸੱਚਮੁੱਚ ਚਿਤੇਰਾ = ਚੇਤੇ ਕਰਨ ਵਾਲੇ ਸਤਿ = ਸੱਚ ਸਰੂਪ ਪਰਮੇਸ਼ਰ ਕੋ = ਦਾ ਹੀ ਸਤਿ = ਸੱਚਾ ਬਸੇਰਾ = ਨਿਵਾਸ ਵੇਖਣਾ ਕਰਦਾ ਹੈ॥੨੮੨॥

ਸ੍ਰੀ ਗੁਰ ਸਬਦ ਸੁਨਿ ਸ੍ਰਵਨ ਕਪਾਟ ਖੁਲੈ;
ਨਾਦੈ ਮਿਲਿ ਨਾਦ ਅਨਹਦ ਲਿਵ ਲਾਈ ਹੈ॥

ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਨੂੰ ਸੁਨਿ = ਸੁਣਦੇ ਸਾਰ ਹੀ ਸ੍ਰਵਨ = ਕੰਨਾਂ ਦੇ ਕਪਾਟ = ਕਵਾੜ ਖੁਲੈ = ਖੁੱਲ੍ਹ ਆਉਂਦੇ ਹਨ **ਵਾ:** ਕੰਨਾਂ ਨਾਲ ਸੁਣਦਿਆਂ ਹੀ ਜੜਤਾ ਰੂਪ ਤਖ਼ਤੇ ਖੁੱਲ੍ਹ ਜਾਂਦੇ ਹਨ ਅਤੇ ਗੁਰਾਂ ਦੇ ਉਪਦੇਸ਼ ਦੀ ਨਾਦੈ = ਆਵਾਜ਼ ਨਾਲ ਆਪਣੀ ਨਾਦ = ਆਵਾਜ਼ ਨੂੰ ਮਿਲਿ = ਮਿਲਾਉਂਦਿਆਂ ਹੀ ਅਨਹਦ = ਇਕ-ਰਸ ਪਰਮੇਸ਼ਰ ਵਿਚ ਲਿਵ = ਬਿਰਤੀ ਲਾਈ = ਲੱਗ ਆਉਂਦੀ ਹੈ।

ਗਾਵਤ ਸਬਦ ਰਸੁ ਰਸਨਾ ਰਸਾਇਨ ਕੈ;
ਨਿਝਰ ਅਪਾਰ ਧਾਰ ਭਾਠੀ ਕੈ ਚੁਆਈ ਹੈ॥

ਜੋ ਰਸਾਇਨ (ਰਸ + ਆਇਨ) ਰਸਾਂ ਦਾ ਆਇਨ = ਘਰ ਰਸਨਾ = ਜਿਹਬਾ ਹੈ, ਉਸ ਰਸਨਾ ਦੇ ਕੈ = ਕਰਕੇ ਜੋ ਰਸੁ = ਪ੍ਰੇਮ ਨਾਲ ਗੁਰਾਂ ਦੇ ਸਬਦ = ਉਪਦੇਸ਼ ਨੂੰ ਗਾਵਤ = ਗਾਉਣਾ ਕਰਦਾ ਹੈ, ਉਸ ਨੂੰ ਨਿਝਰ = ਇਕ-ਰਸ ਅਪਾਰ = ਅਨੰਤ ਸਰੂਪ ਪਰਮੇਸ਼ਰ ਦੀ ਪ੍ਰਾਪਤੀ ਦੇ ਆਨੰਦ ਦੀ ਸਾਰੀ ਧਾਰਾ ਬੁੱਧ ਰੂਪ ਭੱਠੀ ਵਿਚ ਚੁਆਈ = ਚੋਅ ਆਉਂਦੀ ਹੈ ਭਾਵ ਉਸਨੂੰ ਆਤਮਿਕ ਆਨੰਦ ਪ੍ਰਾਪਤ ਹੋ ਆਉਂਦਾ ਹੈ।

ਹਿਰਦੈ ਨਿਵਾਸ ਗੁਰ ਸਬਦ ਨਿਧਾਨ ਗਿਆਨ;
ਧਾਵਤ ਬਰਜਿ ਉਨਮਨਿ ਸੁਧਿ ਪਾਈ ਹੈ॥

ਇਸੇ ਤਰ੍ਹਾਂ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਦੁਆਰਾ ਗਿਆਨ ਰੂਪ ਨਿਧਾਨ = ਭੰਡਾਰੇ ਨੂੰ ਹਿਰਦੈ = ਚਿੱਤ ਵਿਚ ਨਿਵਾਸ = ਇਸਥਿਤ ਕਰ ਕੇ ਸੰਕਲਪਾਂ ਵਿਕਲਪਾਂ ਵਿਚ ਧਾਵਤ = ਦੌੜਦਾ ਹੋਇਆ ਮਨ ਸੁਭਾਵਿਕ ਹੀ ਬਰਜਿ = ਰੁਕਿਆ ਰਹਿੰਦਾ ਹੈ ਜਿਸ ਕਰਕੇ ਉਨਮਨਿ = ਉਨਮਨੀ (ਤੁਰੀਆ) ਅਵਸਥਾ ਦੀ ਸੁਧਿ = ਗਿਆਤ ਪਾਈ = ਪ੍ਰਾਪਤ ਹੋ ਆਉਂਦੀ ਹੈ।

ਸਬਦ ਅਵੇਸ ਪਰਮਾਰਥ ਪ੍ਰਵੇਸ ਧਾਰਿ;
ਦਿਬਿ ਦੇਹ ਦਿਬਿ ਜੋਤਿ ਪ੍ਰਗਟ ਦਿਖਾਈ ਹੈ॥੨੮੩॥

ਇਸ ਤਰ੍ਹਾਂ ਗੁਰਮੁਖ ਜਨ ਗੁਰ ਸਬਦ = ਉਪਦੇਸ਼ ਵਿਚ ਅਵੇਸ = ਇਸਥਿਤੀ (ਸਮਾਈ) ਪਾ ਕੇ ਪਰਮਾਰਥ = ਸਾਰ ਵਸਤੂ, ਆਤਮਿਕ ਸਰੂਪ ਦੀ ਪ੍ਰਾਪਤੀ ਵਾਲੇ ਤੁਰੀਆ ਪਦ ਰੂਪ ਮਹੱਲ ਵਿਚ ਪ੍ਰਵੇਸ = ਦਾਖ਼ਲ ਧਾਰ ਲੈਣਾ ਕਰਦਾ ਹੈ ਅਤੇ ਗੁਰਮੁਖ ਜਨ ਦੀ ਦੇਹ = ਕਾਂਇਆ ਦਿਬ ਜੋਤ ਵਾਲੀ ਅਤਿਅੰਤ ਪ੍ਰਕਾਸ਼ ਵਾਲੀ ਪ੍ਰਗਟ = ਪ੍ਰਤੱਖ ਹੀ ਦਿਖਾਈ = ਦਿਸਣ ਲੱਗ ਪੈਂਦੀ ਹੈ **ਵਾ:** ਉਸ ਦੀ ਦੇਹ ਵੀ ਦਿਬਿ = ਸੁੰਦਰ ਪ੍ਰਕਾਸ਼ ਵਾਲੀ ਹੋ ਜਾਇਆ ਕਰਦੀ ਹੈ ਤੇ ਉਸ ਦੇ ਅੰਦਰ ਵਾਹਿਗੁਰੂ ਦੀ ਜੋਤਿ ਦਾ ਪ੍ਰਕਾਸ਼ ਸਾਖਸ਼ਾਤ ਪ੍ਰਗਟ ਹੋ ਆਉਂਦਾ ਹੈ॥੨੮੩॥

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਅਤਿ;
ਪ੍ਰੇਮ ਕੈ ਪਰਸਪਰ ਪੂਰਨ ਪ੍ਰਗਾਸ ਹੈ॥

ਗੁਰਸਿੱਖ = ਗੁਰੂ ਕੇ ਸਿੱਖਾਂ ਦੀ ਸੰਗਤਿ = ਇਕਾਗਰਤਾ ਵਿਚ ਜੋ ਮਿਲਾਪ = ਆਪਸ ਵਿਚ ਮਿਲ ਕੇ ਬੈਠਣ ਕੋ = ਦਾ ਸਮਾਂ ਪ੍ਰਾਪਤ ਹੋਣਾ ਹੈ, ਉਸ ਦਾ ਪ੍ਰਤਾਪੁ = ਮਹਾਤਮ ਅਤਿ = ਅਤਿਅੰਤ ਹੈ ਕਿਉਂਕਿ ਪਰਸਪਰ = ਆਪਸ ਵਿਚਦੀ ਇਕ ਦੂਸਰੇ ਨੂੰ ਗੁਰੂ ਦੀ ਕਿਰਪਾ ਵਾਲਾ ਜਾਣ ਕੇ ਪ੍ਰੇਮ = ਸਨੇਹ ਕਰਦੇ ਹਨ, ਇਸੇ ਕਰਕੇ ਪੂਰਨ = ਪੂਰੇ ਗੁਰੂ ਦੇ ਸਨੇਹ ਦਾ ਪ੍ਰਗਾਸ = ਪ੍ਰਕਾਸ਼ ਸਭਨਾਂ ਦੇ ਰਿਦੇ ਵਿਚ ਪ੍ਰਗਟ ਹੋ ਆਉਂਦਾ ਹੈ।

ਦਰਸ ਅਨੂਪ ਰੂਪ ਰੰਗ ਅੰਗ ਅੰਗ ਛਬਿ;
ਹੇਰਤ ਹਿਰਾਨੇ ਦ੍ਰਿਗ ਬਿਸਮ ਬਿਸ੍ਵਾਸ ਹੈ॥

ਐਸੇ ਗੁਰਸਿੱਖ ਜੋ ਆਪਸ ਵਿਚ ਮਿਲ ਕੇ ਗੁਰ-ਉਪਦੇਸ਼ ਦੁਆਰਾ ਪ੍ਰਭੂ ਦਾ ਜੱਸ ਕਰਦੇ ਹਨ, ਉਨ੍ਹਾਂ

ਦੇ ਪ੍ਰੇਮਾ-ਭਗਤੀ ਵਿਚ ਰੰਗੇ ਹੋਏ ਚਿਹਰਿਆਂ ਦੇ ਅਨੂਪ = ਉਪਮਾ ਰਹਿਤ ਦਰਸ = ਦੀਦਾਰ ਕਰ ਕੇ ਤੇ ਉਨ੍ਹਾਂ ਦੇ ਰੂਪ = ਸਰੂਪ ਰੰਗ ਤੇ ਅੰਗ ਅੰਗ ਦੀ ਛਬਿ = ਸੁਹੱਪਣਤਾ **ਵਾ:** ਦਮਕ ਨੂੰ ਹੇਰਤ = ਵੇਖ ਕੇ ਹੋਰਨਾਂ ਅਧਿਕਾਰੀਆਂ ਦੇ ਦ੍ਰਿਗ = ਨੇਤਰ ਵੀ ਹਿਰਾਨੇ = ਹੈਰਾਨੀ ਵਿਚ ਥਕਤ ਹੋ ਜਾਂਦੇ ਹਨ ਅਤੇ ਉਨ੍ਹਾਂ ਦਾ ਬਿਸਮ = ਅਸਚਰਜ ਸਰੂਪ ਗੁਰਾਂ ਦੇ ਉੱਪਰ, ਪਰਮੇਸ਼ਰ ਉੱਪਰ ਪੱਕਾ ਬਿਸ੍ਵਾਸ = ਨਿਸ਼ਚਾ ਬੱਝ ਜਾਂਦਾ ਹੈ।

ਸਬਦ ਨਿਧਾਨ ਅਨਹਦ ਰੁਨ-ਝੁਨ ਧੁਨਿ;
ਸੁਨਤ ਸੁਰਤਿ ਮਤਿ ਹਰਨ ਅਭਿਆਸ ਹੈ॥

ਗੁਰਮੁਖ ਜਨ ਗੁਰ ਸਬਦ = ਉਪਦੇਸ਼ ਰੂਪ ਨਿਧਾਨ = ਖ਼ਜ਼ਾਨੇ ਦੀ ਪ੍ਰਾਪਤੀ ਕਰ ਕੇ ਅਨਹਦ = ਹੱਦ ਤੋਂ ਰਹਿਤ ਨਾਮ ਦੀ ਰੁਨ-ਝੁਨ = ਸੁੰਦਰ ਝੁਨਕਾਰ ਭਾਵ ਨਾਮ ਦੀ ਇਕ-ਰਸ ਧੁਨੀ ਵਿਚ ਸੁਰਤਿ = ਚਿੱਤ ਜੋੜਦੇ ਹਨ, ਇਉਂ ਨਾਮ ਨੂੰ ਸੁਨਤ = ਸੁਣਦਿਆਂ ਮਤਿ = ਅਕਲ **ਵਾ:** ਖੋਟੀ ਮਤਿ = ਸਿੱਖਿਆ ਹਰਨ = ਨਾਸ਼ ਹੋ ਜਾਂਦੀ ਹੈ ਅਤੇ ਗੁਰਬਾਣੀ ਦਾ ਅਭਿਆਸ ਕਰਦਾ ਰਹਿੰਦਾ ਹੈ।

ਦ੍ਰਿਸਟਿ ਦਰਸ ਅਰੁ ਸਬਦ ਸੁਰਤਿ ਮਿਲਿ;
ਪਰਮਦਭੁਤ ਗਤਿ ਪੂਰਨ ਬਿਲਾਸ ਹੈ॥੨੮੪॥

ਇਸ ਪ੍ਰਕਾਰ ਜਦ ਗੁਰਮੁਖ ਜਨਾਂ ਦੀ ਦ੍ਰਿਸਟਿ = ਨਿਗ੍ਹਾ ਗੁਰਾਂ ਦੇ ਦਰਸ = ਦਰਸ਼ਨਾਂ ਵਿਚ ਅਰੁ = ਅਤੇ ਗੁਰ ਸਬਦ = ਉਪਦੇਸ਼ ਵਿਚ ਚਿੱਤ ਦੀ ਸੁਰਤਿ = ਬਿਰਤੀ ਦਾ ਮਿਲਿ = ਮਿਲਣਾ ਹੁੰਦਾ ਹੈ ਤਦ ਹੀ ਪਰਮਦਭੁਤ = ਅਸਚਰਜ ਸਰੂਪ ਪਰਮੇਸ਼ਰ ਦੀ ਗਤਿ = ਪ੍ਰਾਪਤੀ ਦਾ ਪੂਰਨ = ਪੂਰਾ ਬਿਲਾਸ = ਆਨੰਦ ਪ੍ਰਾਪਤ ਹੁੰਦਾ ਹੈ॥੨੮੪॥

ਗੁਰਮੁਖਿ ਸੰਗਤਿ ਮਿਲਾਪ ਕੋ ਪ੍ਰਤਾਪ ਅਤਿ;
ਪੂਰਨ ਪ੍ਰਗਾਸ ਪ੍ਰੇਮ ਨੇਮ ਕੈ ਪਰਸਪਰ ਹੈ॥

ਗੁਰਮੁਖਿ = ਮੁਖੀ ਗੁਰਾਂ **ਵਾ:** ਗੁਰਮੁਖਾਂ ਦੀ ਸੰਗਤਿ = ਇਕੱਤਰਤਾ ਵਿਚ ਮਿਲਾਪ = ਮਿਲਣ ਕੋ = ਦਾ ਪ੍ਰਤਾਪ = ਮਹਾਤਮ ਅਤਿ = ਬਹੁਤ ਹੀ ਸ੍ਰੇਸ਼ਟ ਹੈ, ਕਿਉਂਕਿ ਪਰਸਪਰ = ਆਪਸ ਵਿਚਦੀ ਪ੍ਰੇਮ = ਸਨੇਹ ਦਾ ਨੇਮ = ਨਿਯਮ ਪਾਲਣੇ ਕੈ = ਕਰਕੇ ਸਭਨਾਂ ਦੇ ਹਿਰਦੇ ਵਿਚ ਪੂਰਨ = ਵਿਆਪਕ ਪਰਮੇਸ਼ਰ ਦਾ ਪ੍ਰਗਾਸ = ਪ੍ਰਕਾਸ਼ ਹੋ ਆਇਆ ਕਰਦਾ ਹੈ।

ਚਰਨ ਕਮਲ ਰਜ ਬਾਸਨਾ ਸੁਭਾਸ ਰਸਿ;
ਸੀਤਲਤਾ ਕੋਮਲ, ਪੂਜਾ ਕੋਟਿ ਨ ਸਮਸਰਿ ਹੈ॥

ਗੁਰਾਂ **ਵਾ:** ਗੁਰਮੁਖ ਜਨਾਂ ਦੇ ਚਰਨਾਂ ਕਮਲਾਂ ਦੀ ਰਜ = ਧੂੜੀ ਇਤਨੀ ਪਵਿੱਤਰ ਹੈ ਕਿ ਅੰਗਾਂ ਨੂੰ ਛੁਹਾਉਣ ਨਾਲ ਰਿਦੇ ਵਿਚ ਭਗਤੀ ਰੂਪ ਬਾਸਨਾ = ਸੁਗੰਧੀ ਦੇ ਰਸਿ = ਪ੍ਰੇਮ ਦਾ ਖਿੜਾਅ ਹੋ ਜਾਂਦਾ ਹੈ ਅਤੇ ਗੁਰਮੁਖ ਜਨ ਹੋਰਨਾਂ ਦੇ ਰਿਦੇ ਵਿਚ ਵੀ ਭਗਤੀ ਰੂਪ (ਸੁ + ਬਾਸ) ਸੁ = ਸ੍ਰੇਸ਼ਟ ਬਾਸ = ਵਾਸ਼ਨਾ ਖਿੜਾਅ ਦਿੰਦੇ ਹਨ, ਭਗਤੀ ਰੂਪ ਸੁਗੰਧੀ ਸੁਭਾਅ ਵਿਚ ਸੀਤਲਤਾ = ਠੰਢਕ, ਸ਼ਾਂਤੀ ਤੇ ਰਿਦੇ ਵਿਚ ਤੇ ਰਸਨਾ ਉੱਤੇ

ਕੋਮਲ = ਕੋਮਲਤਾ ਨੂੰ ਵਸਾ ਦਿੰਦੀ ਹੈ, ਇਸ ਕਰਕੇ ਇਸ ਧੂੜੀ ਦੇ ਸਮਸਰਿ = ਬਰਾਬਰ ਕੋਟਿ = ਕਰੋੜਾਂ ਪੂਜਾ ਵੀ ਨ = ਨਹੀਂ ਪਹੁੰਚ ਸਕਦੀਆਂ ਹੈ = ਹਨ **ਵਾ:** ਉਸ ਭਗਤੀ ਰੂਪ ਸੁਗੰਧੀ ਦੇ ਬਰਾਬਰ ਕੋਟਿ = ਕਰੋੜਾਂ ਸੀਤਲਤਾਈਆਂ ਤੇ ਕੋਮਲਤਾਈਆਂ ਦੀ ਪੂਜਾ ਨਹੀਂ ਹੋ ਸਕਦੀ ਹੈ।

ਰੂਪ ਹੈ ਅਨੂਪ ਰੂਪ, ਅਤਿ ਅਸਚਰਜ-ਮੈ;
ਨਾਦ ਬਿਸਮਾਦ, ਰਾਗ ਰਾਗਨੀ ਨ ਪਟੰਤਰ ਹੈ॥

ਸੁੰਦਰ ਰੂਪ = ਸਰੂਪ ਕੈ = ਕਰਕੇ ਜੋ ਅਨੂਪ = ਉਪਮਾ ਤੋਂ ਰਹਿਤ ਰੂਪ = ਸਰੂਪ ਵਾਲਾ ਤੇ ਅਤਿ = ਅਤਿਅੰਤ ਅਸਚਰਜ-ਮੈ = ਵਿਸਮਾਦ ਸਰੂਪ ਪਰਮੇਸ਼ਰ ਹੈ, ਐਸੇ ਪਰਮੇਸ਼ਰ ਦਾ ਰੂਪ ਜੋ ਗੁਰਮੁਖ ਜਨ ਹਨ, ਉਸ ਦੇ ਬਿਸਮਾਦ = ਅਸਚਰਜ ਨਾਦ = ਸ਼ਬਦ ਦੇ ਆਨੰਦ ਪਟੰਤਰ = ਬਰਾਬਰ ਰਾਗ ਰਾਗਨੀਆਂ ਵੀ ਨ = ਨਹੀਂ ਹੈ = ਹਨ।

ਨਿਝਰ ਅਪਾਰ ਧਾਰ ਅੰਮ੍ਰਿਤ ਨਿਧਾਨ ਪਾਨ;
ਪਰਮਦਭੁਤ ਗਤਿ, ਆਨ ਨਾਹੀ ਸਮਸਰਿ ਹੈ॥੨੮੫॥

ਅਪਾਰ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦੇ ਨਾਮ ਅੰਮ੍ਰਿਤ ਦੇ ਨਿਧਾਨ = ਖ਼ਜ਼ਾਨੇ ਦੀ, ਜੋ ਨਿਝਰ = ਇਕ-ਰਸ ਧਾਰ = ਧਾਰਾ ਵਗਦੀ ਹੈ, ਉਸ ਨੂੰ ਗੁਰਮੁਖ ਜਨ ਜਪਣ ਰੂਪ ਪਾਨ = ਪੀਣਾ ਕਰਦੇ ਹਨ ਅਤੇ ਪਰਮਦਭੁਤ = ਅਸਚਰਜ ਗਤਿ = ਗੀਤੀ ਵਾਲੇ ਹੋ ਜਾਂਦੇ ਹਨ। ਫੇਰ ਉਨ੍ਹਾਂ ਦੇ ਸਮਸਰਿ = ਬਰਾਬਰ ਉਪਮਾ ਦੇਣ ਨੂੰ ਆਨ = ਹੋਰ ਕੋਈ ਨਾਹੀ = ਨਹੀਂ ਹੈ॥੨੮੫॥

ਨਵਨ ਗਵਨ ਜਲ ਸੀਤਲ ਅਮਲ ਜੈਸੇ;
ਅਗਨਿ ਉਰਧ ਮੁਖ ਤਪਤ ਮਲੀਨ ਹੈ॥

ਜੈਸੇ = ਜਿਸ ਤਰ੍ਹਾਂ ਜਲ = ਪਾਣੀ ਨਵਨ = ਨੀਵੀਂ ਜਗ੍ਹਾ ਵੱਲ ਗਵਨ = ਜਾਣ ਕਰਕੇ ਸੀਤਲ = ਠੰਢਾ ਤੇ ਅਮਲ = ਮੈਲ ਤੋਂ ਰਹਿਤ ਹੁੰਦਾ ਹੈ। ਜੈਸਾ ਕਿ :

ਜਿਉ ਪਾਣੀ ਨਿਵਿ ਚਲਦਾ ਨੀਵਾਣਿ ਚਲਾਇਆ। *(ਭਾਈ ਗੁਰਦਾਸ ਜੀ, ਵਾਰ ੯, ਪਉੜੀ ੨੦)*

ਇਸੇ ਪ੍ਰਕਾਰ ਪਾਣੀ ਦੀ ਨਿਆਈਂ ਗੁਰਮੁਖ ਜਨ ਨੀਵੇਂ ਭਾਵ ਨਿਮਰਤਾ ਤੇ ਸ਼ਾਂਤ ਸੁਭਾਅ ਵਾਲੇ ਹੁੰਦੇ ਹਨ ਤੇ ਵਿਸ਼ੇ-ਵਿਕਾਰਾਂ ਰੂਪੀ ਮੈਲ ਤੋਂ ਰਹਿਤ ਹੁੰਦੇ ਹਨ ਅਤੇ ਜਿਸ ਪ੍ਰਕਾਰ ਅਗਨਿ = ਅੱਗ ਉਰਧ = ਉੱਚਾ ਮੁਖ = ਮੂੰਹ ਕਰ ਕੇ ਸਦਾ ਤਪਤ = ਸੜਦੀ ਹੈ ਤੇ ਮਲੀਨ = ਮੈਲੀ ਹੁੰਦੀ ਹੈ। ਜੈਸਾ ਕਿ :

ਅਗ ਤਤੀ ਜਲ ਸੀਅਲਾ ਕਿਤ ਅਵਗੁਣ ਕਿਤ ਗੁਣ ਵਿਚਾਰਾ।

(ਭਾਈ ਗੁਰਦਾਸ ਜੀ, ਵਾਰ ੪, ਪਉੜੀ ੫)

ਇਸੇ ਤਰ੍ਹਾਂ ਮਨਮੁਖ ਪੁਰਖ ਹੰਗਤਾ ਸਹਿਤ ਹੋਣ ਕਰਕੇ ਸਦਾ ਹੀ ਈਰਖਾ ਰੂਪ ਅਗਨੀ ਵਿਚ ਤਪਦੇ ਰਹਿੰਦੇ ਹਨ ਤੇ ਵਿਸ਼ੇ-ਵਿਕਾਰਾਂ ਰੂਪ ਗੰਦਗੀ ਕਰਕੇ ਮਲੀਨ ਰਹਿੰਦੇ ਹਨ।

ਬਰਨ ਬਰਨ ਮਿਲਿ ਸਲਿਲ ਬਰਨ ਸੋਈ;
ਸਿਆਮ ਅਗਨਿ ਸਰਬ ਬਰਨ ਛਬਿ ਛੀਨ ਹੈ॥

ਜਿਵੇਂ ਬਰਨ ਬਰਨ = ਰੰਗ ਰੰਗ ਨਾਲ ਮਿਲਿ = ਮਿਲਣੇ ਕਰਕੇ ਸਲਿਲ = ਪਾਣੀ ਸੋਈ = ਉਹੋ ਜਿਹੇ

ਬਰਨ = ਰੰਗ ਦਾ ਹੀ ਹੋ ਜਾਂਦਾ ਹੈ ਅਤੇ ਅਗਨਿ = ਅੱਗ ਸਰਬ = ਸਾਰਿਆਂ ਬਰਨ = ਰੰਗਾਂ ਦੀ ਛਬਿ = ਚਮਕ, ਸੋਭਾ ਨੂੰ ਛੀਨ = ਨਾਸ਼ ਕਰ ਕੇ ਸਿਆਮ = ਕਾਲਾ ਕਰ ਦਿੰਦੀ ਹੈ।

ਜਲ ਪ੍ਰਤਿਬਿੰਬ ਪਾਲਕ ਪ੍ਰਫੁਲਿਤ ਬਨਾਸਪਤੀ;
ਅਗਨਿ ਪ੍ਰਦਗਧ ਕਰਤ ਸੁਖ ਹੀਨ ਹੈ॥

ਜਲ = ਪਾਣੀ ਦਾ ਪ੍ਰਤਿਬਿੰਬ = ਪਰਛਾਵਾਂ (ਅਕਸ) ਬਨਾਸਪਤੀ ਨੂੰ ਪਾਲਕ = ਪਾਲਣ ਤੇ ਪ੍ਰਫੁਲਿਤ = ਖਿੜਾਉਣ ਵਾਲਾ ਹੁੰਦਾ ਹੈ ਅਤੇ ਅਗਨਿ = ਅੱਗ ਬਨਾਸਪਤੀ ਨੂੰ ਪ੍ਰਦਗਧ (ਪ੍ + ਦਗਧ) ਪ੍ = ਵਿਸ਼ੇਸ਼ ਕਰਕੇ ਦਗਧ = ਸਾੜ ਕੇ ਸੁਖਾਂ ਤੋਂ ਹੀਨ = ਰਹਿਤ ਭਾਵ ਹਰਿਆਵਲਤਾ ਤੋਂ ਰਹਿਤ ਕਰਤ = ਕਰਨ ਵਾਲੀ ਹੁੰਦੀ ਹੈ।

ਤੈਸੇ ਹੀ ਅਸਾਧ ਸਾਧ ਸੰਗਤ ਸੁਭਾਵ ਗਤਿ;
ਗੁਰਮਤਿ ਦੁਰਮਤਿ ਸੁਖ ਦੁਖ ਹੀਨ ਹੈ॥੨੮੬॥

ਤੈਸੇ = ਉਸੇ ਤਰ੍ਹਾਂ ਹੀ ਸਾਧ = ਸ੍ਰੇਸ਼ਟ ਗੁਰਮੁਖ ਜਨਾਂ ਦਾ ਸੰਗਮ = ਸਾਥ ਕਰਨ ਨਾਲ ਗੁਰਮਤਿ = ਗੁਰ ਸਿੱਖਿਆ ਤੇ ਸੁਖ = ਅਨੰਦਿਤ ਸੁਭਾਵ = ਸੁਭਾਅ ਦੀ ਗਤਿ = ਪ੍ਰਾਪਤੀ ਹੁੰਦੀ ਹੈ ਅਤੇ ਦੁੱਖਾਂ ਤੋਂ ਹੀਨ = ਰਹਿਤ ਹੋਈਦਾ ਹੈ ਅਤੇ ਦੂਸਰੇ ਪਾਸੇ ਅਸਾਧ = ਅਸੰਤ ਪੁਰਖਾਂ ਦਾ ਸਾਥ ਕਰਨ ਨਾਲ ਦੁਰਮਤਿ = ਖੋਟੀ ਸਿੱਖਿਆ, ਜੰਮਣ ਮਰਨ ਦਾ ਦੁਖ = ਕਸ਼ਟ ਤੇ ਸੁਖਾਂ ਤੋਂ ਹੀਨ = ਰਹਿਤ ਹੋਈਦਾ ਹੈ॥੨੮੬॥

ਕਾਮ ਕ੍ਰੋਧ ਲੋਭ ਮੋਹ ਅਹੰਮੇਵ ਕੈ ਅਸਾਧ;
ਸਾਧ ਸਤ ਧਰਮ ਦਇਆਰਥ ਸੰਤੋਖ ਕੈ॥

ਕਾਮ = ਮੰਦ ਵਾਸ਼ਨਾ, ਕ੍ਰੋਧ = ਤੀਖਣ ਬਿਰਤੀ, ਪਦਾਰਥਾਂ ਦਾ ਲੋਭ = ਲਾਲਚ, ਸੰਬੰਧੀਆਂ ਦਾ ਮੋਹ = ਸਨੇਹ, ਦੇਹ, ਗੁਣਾਂ ਦੀ ਅਹੰਮੇਵ = ਹੰਗਤਾ ਕੈ = ਕਰਕੇ ਅਸਾਧ = ਅਸੰਤ (ਮਨਮੁਖ) ਆਖਿਆ ਜਾਂਦਾ ਹੈ ਅਤੇ ਸਤ = ਸੱਚ ਬੋਲਣਾ, ਧਰਮ = ਆਪਣੇ ਧਰਮ ਵਿਚ ਪਰਪੱਕ ਰਹਿਣਾ ਭਾਵ ਆਪਣੇ ਗੁਰੂ ਵੱਲੋਂ ਮੁਖ ਨਾ ਮੋੜਨਾ, ਦਇਆਰਥ (ਦਇਆ + ਅਰਥ) ਦਇਆ = ਤਰਸ ਤੇ ਸੰਤੋਖ = ਸਬਰ ਨਾਲ ਵਿਸ਼ੇਸ਼ ਕੈ = ਕਰਕੇ ਅਰਥ = ਵਾਸਤਾ, ਪ੍ਰਯੋਜਨ ਰੱਖਣਾ, ਐਸੇ ਸ਼ੁਭ ਗੁਣਾਂ ਵਾਲੇ ਪੁਰਖ ਨੂੰ ਸਾਧ = ਸੰਤ ਆਖਿਆ ਜਾਂਦਾ ਹੈ।

ਗੁਰਮਤਿ ਸਾਧ ਸੰਗਿ ਭਾਵਨੀ ਭਗਤਿ ਭਾਇ;
ਦੁਰਮਤਿ ਕੈ ਅਸਾਧ ਸੰਗਿ ਦੁਖ ਦੋਖ ਕੈ॥

ਗੁਰਮਤਿ = ਗੁਰ ਸਿੱਖਿਆ ਨੂੰ ਧਾਰਨ ਕਰ ਕੇ ਸਾਧਸੰਗਿ = ਸਤਿਸੰਗਤ ਵਿਚ ਜਾ ਕੇ ਭਾਵਨੀ = ਸ਼ਰਧਾ ਤੇ ਭਾਇ = ਪ੍ਰੇਮਾ ਭਗਤਿ = ਭਗਤੀ ਦੀ ਪ੍ਰਾਪਤੀ ਹੁੰਦੀ ਹੈ **ਵਾ:** ਗੁਰਮਤਿ = ਗੁਰ ਸਿੱਖਿਆ ਵਿਚ ਵਰਤਣ ਵਾਲਾ ਸਾਧ, ਸ੍ਰੇਸ਼ਟ ਪੁਰਖ ਹੁੰਦਾ ਹੈ ਤੇ ਉਸ ਦੀ ਸੰਗਿ = ਸੰਗਤ ਕਰਨ ਨਾਲ ਰਿਦੇ ਵਿਚ ਭਾਵਨੀ = ਸ਼ਰਧਾ ਤੇ ਪ੍ਰੇਮਾ-ਭਗਤੀ ਦੀ ਪ੍ਰਾਪਤੀ ਹੁੰਦੀ ਹੈ, ਪਰੰਤੂ ਦੁਰਮਤਿ = ਖੋਟੀ ਸਿੱਖਿਆ ਵਿਚ ਵਰਤਣ ਵਾਲਾ ਪੁਰਖ

ਮਨਮੁਖ, ਅਸਾਧ ਹੁੰਦਾ ਹੈ, ਉਸ ਦੀ ਸੰਗਿ = ਸੰਗਤ ਕੈ = ਕਰ ਕੇ ਦੁੱਖਾਂ ਦੇ ਦੋਖ = ਦੋਸ਼ਾਂ ਦੀ ਰਿਦੇ ਦੇ ਅੰਦਰ ਪੈਦਾਇਸ਼ ਹੁੰਦੀ ਹੈ।

ਜਨਮ ਮਰਨ ਗੁਰ ਚਰਨ ਸਰਨਿ ਬਿਨੁ;
ਮੋਖ ਪਦ ਚਰਨ ਕਮਲ ਚਿਤ ਚੋਖ ਹੈ॥

ਪੂਰੇ ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਬਿਨੁ = ਬਗ਼ੈਰ ਅਸਾਧ (ਅਸੰਤ, ਮਨਮੁਖ) ਪੁਰਖ ਨੂੰ ਤਾਂ ਜੰਮਣ ਮਰਨ ਦਾ ਦੁੱਖ ਪ੍ਰਾਪਤ ਹੁੰਦਾ ਹੈ ਅਤੇ ਗੁਰਾਂ ਦੇ ਚਰਨਾਂ ਕਮਲਾਂ ਵਿਚ ਚਿੱਤ ਚੋਖ = ਚੁਸ, ਲਾਉਣੇ ਕੈ = ਕਰਕੇ ਮੋਖ = ਮੁਕਤ ਰੂਪ ਪਦ = ਪਦਵੀ ਦੀ ਪ੍ਰਾਪਤੀ ਹੁੰਦੀ ਹੈ।

ਗਿਆਨ ਅੰਸ ਹੰਸ ਗਤਿ ਗੁਰਮੁਖਿ ਬੰਸ ਬਿਖੈ;
ਦੁਕ੍ਰਿਤ ਸੁਕ੍ਰਿਤ ਖੀਰ ਨੀਰ ਸੋਖ ਪੋਖ ਕੈ॥੨੮੭॥

ਗੁਰਮੁਖ ਜਨਾਂ ਦੀ ਬੰਸ = ਕੁਲ ਬਿਖੈ = ਵਿਚ ਤਾਂ ਹੰਸ ਵਤ ਗਿਆਨ ਰੂਪੀ ਮੋਤੀ ਦੀ ਅੰਸ = ਵੰਸ ਲੈਣ ਦੀ ਗਤਿ = ਗੀਤੀ ਹੁੰਦੀ ਹੈ ਅਰਥਾਤ ਜਿਵੇਂ ਹੰਸ ਨੀਰ = ਪਾਣੀ ਤੋਂ ਖੀਰ = ਦੁੱਧ ਵੱਖਰਾ ਕਰ ਲੈਂਦਾ ਹੈ, ਉਸੇ ਪ੍ਰਕਾਰ ਗੁਰਮੁਖ ਜਨਾਂ ਦੀ ਕੁਲ ਦੁਕ੍ਰਿਤ = ਪਾਪਾਂ ਨੂੰ ਦੂਰ ਕਰ ਕੇ ਸੁਕ੍ਰਿਤ = ਪੁੰਨਾਂ ਦੀ ਪੋਖ = ਪਾਲਨਾ ਕੈ = ਕਰਦੀ ਹੈ॥੨੮੭॥

ਹਾਰਿ ਮਾਨੀ ਝਗਰੋ ਮਿਟਤ, ਰੋਸ ਮਾਰੈ ਸੈ ਰਸਾਇਨ ਹੁਇ;
ਪੋਟ ਡਾਰੇ ਲਾਗਤ ਨ ਡੰਡੁ ਜਗ ਜਾਨੀਐ॥

ਜਿਵੇਂ ਹਾਰ ਮਾਨੀ = ਮੰਨਣ ਨਾਲ ਝਗਰੋ = ਝਗੜਾ ਮਿਟਤ = ਮਿਟ ਜਾਂਦਾ ਹੈ ਅਤੇ ਰੋਸ = ਗ਼ੁੱਸਾ ਮਾਰੇ = ਮਾਰਨ ਸੈ = ਨਾਲ ਰਸਾਇਨ (ਰਸ + ਆਇਨ) ਰਸਾਂ ਦੇ ਆਇਨ = ਘਰ ਹੁਇ = ਹੋ ਜਾਈਦਾ ਹੈ ਅਤੇ ਪੋਟ = ਮਸੂਲ ਵਾਲੀ ਪੋਟ = ਪੰਡ ਡਾਰੇ = ਸੁੱਟ ਦੇਣਾ ਕਰੀਏ ਤਾਂ ਮਸੂਲੀਏ ਦਾ ਡੰਡੁ = ਟੈਕਸ (ਮਸੂਲ) ਨ = ਨਹੀਂ ਲਾਗਤ = ਲੱਗਦਾ, ਇਸ ਗੱਲ ਨੂੰ ਪ੍ਰਗਟ ਹੀ ਜਗ = ਸੰਸਾਰ ਜਾਨੀਐ = ਜਾਣਦਾ ਹੈ।

ਹਉਮੈ ਅਭਿਮਾਨ ਅਸਥਾਨ ਊਚੇ ਨਾਹਿ ਜਲੁ;
ਨਿਮਤ ਨਵਨ ਥਲਿ ਜਲੁ ਪਹਿਚਾਨੀਐ॥

ਦੇਹ ਦੀ ਹਉਮੈ = ਹੰਗਤਾ, ਗੁਣਾਂ ਦਾ ਅਭਿਮਾਨ = ਹੰਕਾਰ **ਵਾ:** ਸਥੂਲ ਹਉਮੈ = ਹੰਕਾਰ ਤੇ ਸੂਖਮ ਹੰਕਾਰ ਦਾ ਅਸਥਾਨ = ਟਿਕਾਣਾ ਜਿਸ ਪੁਰਖ ਦੇ ਰਿਦੇ ਵਿਚ ਹੁੰਦਾ ਹੈ, ਉਹ ਇਉਂ ਹੈ ਜਿਵੇਂ ਊਚੇ = ਉੱਚੇ (ਟਿੱਬੇ) ਥਾਂ ਉੱਪਰ ਜਲੁ = ਪਾਣੀ ਨਾਹਿ = ਨਹੀਂ ਟਿਕਦਾ ਅਤੇ ਉਹ ਜਲੁ = ਪਾਣੀ ਨਿਮਤ ਨਵਨ = ਨੀਵੀਂ ਜਗ੍ਹਾ ਦੇ ਥਲ = ਖ਼ੁਸ਼ਕ ਥਾਂ ਵਿਚ ਆਇਆ ਪਹਿਚਾਨੀਐ = ਜਾਣੀਦਾ ਹੈ **ਵਾ:** ਸੂਖਮ ਸਥੂਲ ਰੂਪ ਹੰਗਤਾ ਦੇ ਸਹਿਤ ਉੱਚੇ ਰਿਦੇ ਰੂਪ ਟਿਕਾਣੇ ਉੱਪਰ ਪਰਮੇਸ਼ਰ ਦਾ ਨਾਮ ਰੂਪ ਪਾਣੀ ਟਿਕਦਾ ਨਹੀਂ ਹੈ। ਜੈਸਾ ਕਿ :

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥ *(ਅੰਗ ੫੬੦)*

ਕਿਉਂਕਿ ਇਹ ਗੱਲ ਸੰਸਾਰ ਵਿਚ ਮੰਨੀ-ਪ੍ਰਮੰਨੀ ਹੈ ਕਿ ਜਲੁ = ਪਾਣੀ ਨੀਵੇਂ ਵਾਲੇ ਪਾਸੇ ਵੱਲ ਹੀ ਵਗਦਾ ਜਾਣਨਾ ਕਰੀਦਾ ਹੈ।

ਅੰਗ ਸਰਬੰਗ ਤਰਹਰ ਹੋਤ ਹੈ ਚਰਨ;
ਤਾ ਤੇ ਚਰਨਾਮ੍ਰਿਤ ਚਰਨ-ਰੇਨੁ ਮਾਨੀਐ ॥

ਜਿਸ ਪ੍ਰਕਾਰ ਸਰੀਰ ਦੇ ਸਰਬੰਗ = ਸਾਰੇ ਅੰਗਾਂ ਵਿੱਚੋਂ ਤਰਹਰ = ਅਤਿਅੰਤ ਥੱਲੇ ਇਕ ਸਰੀਰ ਦਾ ਅੰਗ ਚਰਨ = ਪੈਰ ਹੋਤ = ਹੁੰਦੇ ਹਨ, ਤਾ ਤੇ = ਇਸ ਕਰਕੇ ਚਰਨਾਮ੍ਰਿਤ = ਚਰਨਾਂ ਦਾ ਅੰਮ੍ਰਿਤ ਭਾਵ ਚਰਨਾਂ ਦਾ ਧੋਣ ਤੇ ਚਰਨਾਂ ਦੀ ਰੇਨੁ = ਧੂੜੀ ਨੂੰ ਸ੍ਰੇਸ਼ਟ ਮਾਨੀਐ = ਮੰਨਣਾ ਕਰੀਦਾ ਹੈ।

ਤੈਸੇ ਹਰਿ ਭਗਤ ਜਗਤ ਮੈ ਨਿੰਮਰੀ-ਭੂਤ;
ਜਗ ਪਗ ਲਗਿ ਮਸਤਕਿ ਪਰਵਾਨੀਐ ॥੨੮੮॥

ਤੈਸੇ = ਉਸੇ ਤਰ੍ਹਾਂ ਹੀ ਜਗਤ = ਸੰਸਾਰ ਮੈ = ਵਿਚ ਹਰਿ = ਪਰਮੇਸ਼ਰ ਦੇ ਭਗਤ = ਪਿਆਰੇ (ਭਗਤ) ਨਿੰਮਰੀ = ਨਿਮਰਤਾ ਦਾ ਭੂਤ = ਸਰੂਪ ਹੋਏ ਰਹਿੰਦੇ ਹਨ ਤੇ ਇਸੇ ਕਰਕੇ ਹੀ ਜਗ = ਸੰਸਾਰ ਆਪਣਾ ਮਸਤਕਿ = ਮੱਥਾ ਪਰਮੇਸ਼ਰ ਦੇ ਪਿਆਰੇ ਭਗਤਾਂ, ਗੁਰਮੁਖਾਂ ਦੇ ਪਗ = ਚਰਨਾਂ ਉੱਤੇ ਲਗਿ = ਲਗਾਉਣਾ ਪਰਵਾਨੀਐ = ਪ੍ਰਵਾਨ ਕਰ ਰਿਹਾ ਹੈ॥੨੮੮॥

ਪੂਜੀਐ ਨ ਸੀਸੁ ਈਸ ਊਚੋ ਦੇਹੀ ਮੈ ਕਹਾਵੈ;
ਪੂਜੀਐ ਨ ਲੋਚਨ ਦ੍ਰਿਸਟਿ ਦ੍ਰਿਸਟਾਂਤ ਕੈ ॥

ਈਸ = ਇਸ ਕਰਕੇ ਹੀ ਸੀਸੁ = ਸਿਰ ਨ = ਨਹੀਂ ਪੂਜੀਐ = ਪੂਜਣਾ ਕਰੀਦਾ ਕਿਉਂਕਿ ਦੇਹੀ = ਸਰੀਰ ਮੈ = ਅੰਦਰ ਇਹ ਊਚੋ = ਉੱਚਾ ਕਹਾਵੈ = ਕਹਾਉਂਦਾ ਹੈ ਅਤੇ ਇਸ ਕਰਕੇ ਹੀ ਦ੍ਰਿਸਟਿ = ਨਿਗ੍ਹਾ ਨਾਲ ਦ੍ਰਿਸਟਾਂਤ = ਵੇਖਣ ਕੈ = ਕਰਕੇ ਲੋਚਨ = ਨੇਤਰ ਵੀ ਨ = ਨਹੀਂ ਪੂਜੀਐ = ਪੂਜੀਦੇ।

ਪੂਜੀਐ ਨ ਸ੍ਰਵਨ ਸੁਰਤਿ ਸਨਬੰਧ ਕਰਿ;
ਪੂਜੀਐ ਨ ਨਾਸਿਕਾ ਸੁਬਾਸ ਸ੍ਵਾਸ ਕ੍ਰਾਂਤ ਕੈ ॥

ਸ੍ਰਵਨ = ਕੰਨ ਵੀ ਜੋ ਸੁਰਤਿ = ਸੁਣਨ ਲਾਇਕ ਵਸਤੂਆਂ ਨਾਲ ਸਨਬੰਧ = ਮੇਲ ਖਾਣਾ ਕਰਿ = ਕਰਦੇ ਹਨ, ਉਹ ਵੀ ਪੂਜੀਐ = ਪੂਜਣਾ ਨ = ਨਹੀਂ ਕਰੀਦੇ, ਨਾਸਿਕਾ = ਨੱਕ ਵੀ ਜੋ ਸ੍ਵਾਸ = ਸੁਆਸ ਦੁਆਰਾ ਸੁਬਾਸ = ਸ੍ਰੇਸ਼ਟ ਵਾਸ਼ਨਾ ਨੂੰ ਕ੍ਰਾਂਤ = ਖਿੱਚਣਾ ਕੈ = ਕਰਦਾ ਹੈ, ਉਹ ਵੀ ਪੂਜੀਐ = ਪੂਜਣਾ ਨ = ਨਹੀਂ ਕਰੀਦਾ।

ਪੂਜੀਐ ਨ ਮੁਖ ਸ੍ਵਾਦ ਸਬਦ ਸੰਜੁਗਤਿ ਕੈ;
ਪੂਜੀਐ ਨ ਹਸਤ ਸਕਲ ਅੰਗ ਪਾਂਤ ਕੈ ॥

ਮੁਖ = ਮੂੰਹ ਵੀ ਜੋ ਸ੍ਵਾਦ = ਸੁਆਦ ਅਤੇ ਸਬਦ = ਬਚਨ ਬੋਲਣ ਨਾਲ ਸੰਜੁਗਤਿ = ਸੰਬੰਧ ਪਾਉਣਾ ਕੈ = ਕਰਦਾ ਹੈ, ਉਹ ਵੀ ਪੂਜੀਐ = ਪੂਜਣਾ ਨ = ਨਹੀਂ ਕਰੀਦਾ ਅਤੇ ਹਸਤ = ਹੱਥ ਵੀ ਜੋ ਸਰੀਰ ਦੇ

ਸਕਲ = ਸਾਰਿਆਂ ਅੰਗਾਂ ਉੱਤੇ ਪਾਂਤ = ਕਤਾਰ ਭਾਵ ਲਟਕਦੇ ਫਿਰਦੇ ਹਨ, ਭਾਵ ਸਾਰੇ ਕੰਮ ਹੱਥ ਹੀ ਕਰਦੇ ਹਨ, ਉਹ ਵੀ ਪੂਜੀਐ = ਪੂਜਣਾ ਨ = ਨਹੀਂ ਕਰੀਦੇ।

ਦ੍ਰਿਸਟਿ ਸਬਦ ਸੁਰਤਿ ਗੰਧ ਰਸ ਰਹਿਤ ਹੁਇ;
ਪੂਜੀਐ ਪਦਾਰਬਿੰਦ ਨਵਨ ਮਹਾਂਤ ਕੈ ॥੨੮੯॥

ਦ੍ਰਿਸਟਿ = ਦ੍ਰਿਸ਼ਟੀ, ਨੇਤਰ, ਸਬਦ = ਆਵਾਜ਼ ਦਾ ਆਸਰਾ ਸੁਰਤਿ = ਕੰਨ **ਵਾ:** ਸੁਰਤਿ = ਸ੍ਰੋਤ, ਗੰਧ = ਸੁਗੰਧੀ ਲੈਣ ਵਾਲਾ ਨੱਕ, ਰਸ = ਰਸਨਾ ਆਦਿ ਉੱਚੇ ਹੁੰਦੇ ਵੀ ਰਹਿਤ = ਹੀਣੇ ਹੁਇ = ਹੁੰਦੇ ਹਨ ਭਾਵ ਪੂਜਾ ਦੇ ਅਧਿਕਾਰੀ ਨਹੀਂ ਬਣ ਸਕਦੇ, ਪਰ ਨਵਨ = ਨੀਵੇਂਪਣ ਦੇ ਮਹਾਂਤ = ਮਹਾਤਮ (ਪ੍ਰਤਾਪ) ਕੈ = ਕਰਕੇ ਪਦਾਰਬਿੰਦ = ਚਰਨ ਕਮਲ ਪੂਜੀਐ = ਪੂਜਣਾ ਕਰੀਦੇ ਹਨ ॥੨੮੯॥

ਨਵਨ ਗਵਨ ਜਲ, ਨਿਰਮਲ ਸੀਤਲ ਹੈ;
ਨਵਨ ਬਸੁੰਧਰਾ ਸਰਬ ਰਸ ਰਾਸਿ ਹੈ ॥

ਨਵਨ = ਨੀਵੇਂ ਪਾਸੇ ਵੱਲ ਗਵਨ = ਚੱਲਣ ਕਰਕੇ ਜਲ = ਪਾਣੀ ਨਿਰਮਲ = ਉੱਜਲ ਤੇ ਸੀਤਲ = ਠੰਢਾ ਰਹਿੰਦਾ ਹੈ ਅਤੇ ਨਵਨ = ਨੀਵੀਂ ਬਸੁੰਧਰਾ = ਧਰਤੀ ਸਰਬ = ਸਾਰੇ ਰਸਾਂ ਦੀ ਰਾਸਿ = ਰਾਸ਼ੀ (ਖਾਣੀ) ਬਣੀ ਹੋਈ ਹੈ।

ਉਰਧ ਤਪਸਿਆ ਕੈ ਸ੍ਰੀਖੰਡ ਬਾਸੁ ਬੋਹੈ ਬਨ;
ਨਵਨ ਸਮੁੰਦ੍ਰ ਹੋਤ ਰਤਨ ਪ੍ਰਗਾਸ ਹੈ ॥

ਉਰਧ = ਊਂਧਾ (ਉਲਟਾ) ਭਾਵ ਟਾਹਣੀਆਂ, ਪੱਤੇ ਆਦਿ ਦੇ ਭਾਰ ਕਰਕੇ ਉਂਧੇ ਸਿਰ ਹੋ ਕੇ ਤਪਸਿਆ = ਤਪ ਕਰਨ ਕੈ = ਕਰਕੇ ਸ੍ਰੀਖੰਡ = ਬਾਵਨ ਚੰਦਨ ਛੋਟਾ ਜਿਹਾ ਹੁੰਦਾ ਹੈ, ਫਿਰ ਵੀ ਸਾਰੇ ਬਨ = ਜੰਗਲ ਨੂੰ ਆਪਣੀ ਬਾਸੁ = ਵਾਸ਼ਨਾ ਨਾਲ ਬੋਹੈ = ਮਹਿਕਾ ਦਿੰਦਾ ਹੈ ਅਤੇ ਸਮੁੰਦ੍ਰ = ਸਾਗਰ ਨਵਨ = ਨੀਵਾਂ ਹੋਤ = ਹੋਣ ਕਰਕੇ ਰਤਨ ਆਦਿ ਕੀਮਤੀ ਪਦਾਰਥਾਂ ਦਾ ਪ੍ਰਗਾਸ = ਪ੍ਰਕਾਸ਼ ਕਰਦਾ ਹੈ।

ਨਵਨ ਗਵਨ ਪਗ ਪੂਜੀਅਤ ਜਗਤ ਮੈ;
ਚਾਹੇ ਚਰਨਾਮ੍ਰਿਤ ਚਰਨ-ਰਜ ਤਾਸ ਹੈ ॥

ਸਰੀਰ ਦੇ ਸਾਰੇ ਅੰਗਾਂ ਵਿੱਚੋਂ ਪਗ = ਪੈਰ ਨਵਨ = ਨੀਵੇਂ ਹੋ ਕੇ ਗਵਨ = ਚੱਲਣਾ ਕਰਦੇ ਹਨ, ਇਸ ਕਰਕੇ ਸਾਰੇ ਜਗਤ = ਸੰਸਾਰ ਮੈ = ਵਿਚ ਪੂਜੀਅਤ = ਪੂਜੇ ਜਾਂਦੇ ਹਨ ਅਤੇ ਹਰੇਕ ਪ੍ਰੇਮ ਮਾਰਗ ਦਾ ਪਾਂਧੀ ਜਗਿਆਸੂ ਜਨ ਤਾਸ = ਤਿਨ੍ਹਾਂ ਪੈਰਾਂ ਦੇ ਚਰਨਾਮ੍ਰਿਤ **ਵਾ:** ਚਰਨਾਮ੍ਰਿਤ = ਚਰਨਾਂ ਦੇ ਧੋਣ ਰੂਪ ਅੰਮ੍ਰਿਤ ਜਲ ਤੇ ਚਰਨ-ਰਜ = ਧੂੜੀ ਨੂੰ ਚਾਹੇ = ਚਾਹੁੰਦਾ ਹੈ।

ਤੈਸੇ ਹਰਿ ਭਗਤ ਜਗਤ ਮੈ ਨਿੰਮਰੀਭੂਤ;
ਕਾਮ ਨਿਹਕਾਮ ਧਾਮ ਬਿਸਮ ਬਿਸ੍ਵਾਸ ਹੈ ॥੨੯੦॥

ਤੈਸੇ = ਉਸੇ ਪ੍ਰਕਾਰ ਹੀ ਹਰਿ = ਪਰਮੇਸ਼ਰ ਦੇ ਪਿਆਰੇ ਭਗਤ ਜਗਤ = ਸੰਸਾਰ ਮੈ = ਵਿਚ

ਨਿੰਮਰੀਭੂਤ = ਨਿਮਰਤਾ, ਗ਼ਰੀਬੀ ਵਾਲਾ ਸਰੂਪ ਧਾਰਨ ਕਰ ਕੇ ਰਹਿੰਦੇ ਹਨ ਅਤੇ ਪਦਾਰਥਾਂ ਦੀ ਕਾਮ = ਇੱਛਾ ਤੋਂ ਨਿਹਕਾਮ = ਨਿਸ਼ਕਾਮ ਹੋ ਕੇ ਤੁਰੀਆ ਪਦ ਰੂਪ ਧਾਮ = ਘਰ ਵਿਚ ਇਸਥਿਤ ਹੋ ਕੇ ਬਿਸਮ = ਅਸਚਰਜ ਬਿਸ੍ਵਾਸ = ਭਰੋਸੇ ਵਾਲੇ ਹੋ ਜਾਂਦੇ ਹੈ = ਹਨ **ਵਾ:** ਬਿਸਮ = ਬਿਸਮਾਦ ਸਰੂਪ ਦੀ ਪ੍ਰਾਪਤੀ ਵਾਲੇ ਸੱਚਖੰਡ ਰੂਪ ਘਰ ਵਿਚ ਬਿਸ੍ਵਾਸ = ਨਿਸਚਾ ਧਾਰੀ ਰੱਖਦੇ ਹਨ॥੨੯੦॥

ਸਬਦ ਸੁਰਤਿ ਲਿਵ-ਲੀਨ ਜਲ ਮੀਨ ਗਤਿ;
ਸੁਖਮਨਾ ਸੰਗਮ ਹੁਇ ਉਲਟ ਪਵਨ ਕੈ॥

ਜਿਸ ਪ੍ਰਕਾਰ ਜਲ = ਪਾਣੀ ਵਿਚ ਮੀਨ = ਮੱਛੀ ਪਾਣੀ ਦੇ ਉਲਟੇ ਪ੍ਰਵਾਹ ਵਿਰੁੱਧ ਗਤਿ = ਚੱਲਣੇ ਵਾਲੀ ਚਾਲ ਵਿਚ ਲੀਨ = ਜੁਟੀ ਹੋਈ ਮਸਤ ਰਹਿੰਦੀ ਹੈ, ਇਸੇ ਤਰ੍ਹਾਂ ਗੁਰਮੁਖ ਜਨ ਚਿੱਤ ਦੀ ਪਵਨ = ਵਾਸ਼ਨਾ ਨੂੰ ਉਲਟ = ਪਲਟਾ ਕੇ ਭਾਵ ਪਰਮੇਸ਼ਰ ਵਾਲੇ ਪਾਸੇ ਲਾਉਂਦੇ ਹਨ ਅਤੇ ਇੜਾ, ਪਿੰਗਲਾ ਤੇ ਸੁਖਮਨਾ ਨਾੜੀਆਂ ਦਾ ਜੋ ਸੰਗਮ = ਮਿਲਾਪ ਹੁਇ = ਹੁੰਦਾ ਹੈ ਭਾਵ ਜੋ ਇਨ੍ਹਾਂ ਨਾੜੀਆਂ ਦੁਆਰਾ ਪ੍ਰਾਣ ਚੜ੍ਹਾਉਣੇ, ਉਤਾਰਨੇ, ਠਹਿਰਾਉਨੇ ਹਨ। ਗੁਰਮੁਖ ਜਨ ਇਨ੍ਹਾਂ ਤਿੰਨਾਂ ਤੋਂ ਲੰਘ ਕੇ ਗੁਰ ਸਬਦ = ਉਪਦੇਸ਼ ਵਿਚ ਸੁਰਤਿ = ਚਿੱਤ ਦੀ ਲਿਵ = ਬਿਰਤੀ ਲਾ ਕੇ ਲੀਨ ਰਹਿੰਦੇ ਹਨ **ਵਾ:** ਹਠ ਜੋਗ ਨੂੰ ਤਿਆਗ ਕਰਕੇ ਸਹਿਜ ਜੋਗ ਦੁਆਰਾ ਸਬਦ = ਬ੍ਰਹਮ ਵਿਚ ਸੁਰਤਿ = ਚਿੱਤ ਦੀ ਲਿਵ = ਬਿਰਤੀ ਲਗਾ ਕਰਕੇ ਲੀਨ = ਅਭੇਦ ਹੋ ਜਾਂਦੇ ਹਨ।

ਬਿਸਮ ਬਿਸ੍ਵਾਸ ਬਿਖੈ ਅਨਭੈ ਅਭਿਆਸ ਰਸ;
ਪ੍ਰੇਮ ਮਧੁ ਅਪਿਉ ਪੀਵੈ ਗੁਹਜ ਗਵਨ ਕੈ॥

ਇਸ ਪ੍ਰਕਾਰ ਉਪਰੋਕਤ ਰੀਤੀ ਅਨੁਸਾਰ ਗੁਰਮੁਖ ਗੁਹਜ = ਗੁਪਤ ਚਾਲ ਗਵਨ = ਚੱਲਣ ਕੈ = ਦੇ ਅਭਿਆਸ ਬਿਖੈ = ਵਿਚ ਮਗਨ ਹੋਏ ਮਧੁ = ਸ਼ਹਿਦ ਵਤ ਮਿੱਠੇ ਪ੍ਰੇਮ ਰੂਪ ਅਪਿਉ = ਅੰਮ੍ਰਿਤ ਦੇ ਰਸ = ਸੁਆਦ ਨੂੰ ਪੀਵੈ = ਪੀਣਾ ਕਰਦੇ ਹਨ ਤਾਂ ਫੇਰ ਅਨਭੈ = ਡਰ ਤੋਂ ਰਹਿਤ ਪਦਵੀ ਨੂੰ ਪ੍ਰਾਪਤ ਕਰ ਕੇ ਬਿਸਮ = ਅਸਚਰਜ ਬਿਸ੍ਵਾਸ = ਭਰੋਸੇ ਨੂੰ ਪਾਉਣਾ ਕਰਦੇ ਹਨ।

ਅਥਵਾ ਬਿਸਮ = ਵਿਸਮਾਦ ਬਿਸ੍ਵਾਸ = ਭਰੋਸੇ ਦੇ ਸਹਿਤ ਅਨਭੈ = ਡਰ ਤੋਂ ਰਹਿਤ ਹੋ ਕੇ ਗੁਰ-ਉਪਦੇਸ਼ ਦੁਆਰਾ ਨਾਮ ਦਾ ਅਭਿਆਸ ਕਰ ਕੇ ਜੋ ਪ੍ਰੇਮ ਅਪਿਉ = ਅੰਮ੍ਰਿਤ ਰੂਪ ਰਸ ਗੁਹਜ = ਗੁਪਤ ਸੀ, ਉਸ ਦੇ ਮਧੁ = ਵਿਚ ਗਵਨ = ਇਸਥਿਤ ਹੋ ਕੇ ਉਸ ਨੂੰ ਪੀਣਾ ਕਰਦੇ ਹਨ।

ਸਬਦ ਕੈ ਅਨਹਦ ਸੁਰਤਿ ਕੈ ਉਨਮਨੀ;
ਪ੍ਰੇਮ ਕੈ ਨਿਝਰ ਧਾਰ, ਸਹਜ ਰਵਨ ਕੈ॥

ਇਉਂ ਗੁਰਮੁਖ ਜਨ ਗੁਰ ਸਬਦ = ਉਪਦੇਸ਼ ਨੂੰ ਧਾਰਨੇ ਕੈ = ਕਰਕੇ ਅਨਹਦ = ਹੱਦ ਤੋਂ ਰਹਿਤ, ਇਕ-ਰਸ ਸੁਰਤਿ = ਸੁਰਤੀ ਦੇ ਵਿਚ ਪ੍ਰੇਮ-ਮਈ ਅਵਸਥਾ ਦੀ ਗਿਆਤ ਪ੍ਰਾਪਤ ਕਰਦੇ ਹਨ ਤੇ ਫੇਰ ਇਸ ਕੈ = ਕਰਕੇ ਉਨਮਨੀ = ਗਿਆਨ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦੇ ਹਨ ਅਤੇ ਇਉਂ ਪ੍ਰੇਮ = ਸਨੇਹ ਕੈ = ਕਰਕੇ ਨਿਝਰ = ਇਕ-ਰਸ ਬ੍ਰਹਮਾਨੰਦ ਰੂਪ ਅੰਮ੍ਰਿਤ ਦੀ ਧਾਰ = ਧਾਰਾ ਨੂੰ ਸਹਜ = ਸੁਤੇ-ਸਿਧ ਹੀ ਰਵਨ = ਭੋਗਣਾ, ਮਾਨਣਾ ਕੈ = ਕਰਦੇ ਹਨ।

ਤ੍ਰਿਕੁਟੀ ਉਲੰਘਿ, ਸੁਖ ਸਾਗਰ ਸੰਜੋਗ ਭੋਗ;
ਦਸਮ ਸਥਲ, ਨਿਹਕੇਵਲ ਭਵਨ ਕੈ ॥੨੬੧॥

ਜੋ ਸੁਖ = ਆਨੰਦ ਦਾ ਸਾਗਰ = ਸਮੁੰਦਰ ਸਤਿਸੰਗਤ, ਗੁਰਮੁਖ ਜਨ, ਪੂਰਨ ਗੁਰੂ ਸਾਹਿਬ ਜੀ ਹਨ, ਉਨ੍ਹਾਂ ਦੇ ਸੰਜੋਗ = ਮਿਲਾਪ ਦਾ ਆਨੰਦ ਭੋਗ = ਮਾਣ ਕੇ ਅਤੇ ਤ੍ਰਿਕੁਟੀ = ਤਿੰਨੇ ਗੁਣਾਂ ਦੀ ਗੁੰਝਲ **ਵਾ:** ਇੜਾ, ਪਿੰਗਲਾ, ਸੁਖਮਨਾ ਰੂਪ ਤ੍ਰਿਕੁਟੀ **ਵਾ:** ਤਿੰਨੇ ਨਦੀਆਂ ਗੰਗਾ, ਜਮੁਨਾ, ਸਰਸੁਤੀ ਦੀ ਨਿਆਈਂ ਇੜਾ, ਪਿੰਗਲਾ, ਸੁਖਮਨਾ ਦੀ ਕਠਿਨ ਥਾਂ ਉਲੰਘਿ = ਟੱਪ ਕੇ ਅਤੇ ਦਸਮ = ਦਸਵੇਂ ਨਿੱਜ ਸਰੂਪ ਰੂਪੀ ਸਥਲ = ਥਾਂ ਵਿਚ ਪ੍ਰਵੇਸ਼ ਹੋ ਕੇ ਨਿਹਕੇਵਲ = ਸ਼ੁੱਧ ਸਰੂਪ ਦੀ ਪ੍ਰਾਪਤੀ ਵਾਲੇ ਤੁਰੀਆ ਪਦ ਰੂਪ ਭਵਨ = ਘਰ ਵਿਚ ਪ੍ਰਵੇਸ਼ ਹੋਣਾ ਕੈ = ਕਰੀਦਾ ਹੈ ॥੨੬੧॥ ਜੈਸਾ ਕਿ :

ਇੜਾ ਪਿੰਗਲਾ ਸੁਖਮਨਾ ਲੰਘ ਤ੍ਰਿਬੇਣੀ ਨਿਜ ਘਰ ਆਵੈ। *(ਭਾਈ ਗੁਰਦਾਸ ਜੀ, ਵਾਰ ੬, ਪਉੜੀ ੧੧)*

ਜੈਸੇ ਜਲ ਜਲਜ ਅਉ ਜਲ ਦੁਧ, ਸੀਲ ਮੀਨ;
ਚਕਈ ਕਮਲ ਦਿਨਕਰ ਪ੍ਰਤਿ ਪ੍ਰੀਤਿ ਹੈ ॥

ਜੈਸੇ = ਜਿਸ ਪ੍ਰਕਾਰ (ਜਲ + ਜ) ਜਲ = ਪਾਣੀ ਤੋਂ ਜ = ਪੈਦਾ ਹੋਏ ਕਮਲ ਫੁੱਲ ਦੀ ਜਲ = ਪਾਣੀ ਨਾਲ ਅਉ = ਅਤੇ ਜਲ = ਪਾਣੀ ਦੀ ਦੁੱਧ ਨਾਲ, ਮੀਨ = ਮੱਛੀ ਦੀ ਸੀਲ = ਠੰਢੇ ਪਾਣੀ ਨਾਲ ਅਤੇ ਚਕਈ = ਚਕਵੀ ਤੇ ਕਮਲ = ਕੌਲ ਫੁੱਲ ਦੀ ਦਿਨਕਰ = ਸੂਰਜ ਦੇ ਪ੍ਰਤਿ = ਤਾਈਂ ਪ੍ਰੀਤਿ = ਲਗਨ ਹੈ। ਜੈਸਾ ਕਿ :

ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।
ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।
ਨੇਹੁ ਕਵਲ ਜਲ ਜਾਣੀਐ ਖਿੜਿ ਮੁਹੇ ਵੇਖਾਲੇ। *(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੪)*

ਦੀਪਕ ਪਤੰਗ ਅਲਿ ਕਮਲ, ਚਕੋਰ ਸਸਿ;
ਮ੍ਰਿਗ ਨਾਦ ਬਾਦ ਘਨ ਚਾਤ੍ਰਿਕ ਸੁਚੀਤ ਹੈ ॥

ਇਸੇ ਤਰ੍ਹਾਂ ਪਤੰਗ = ਪਤੰਗੇ ਦੀ ਦੀਪਕ = ਦੀਵੇ ਨਾਲ, ਅਲਿ = ਭੌਰੇ ਦੀ ਕਮਲ = ਕੌਲ ਫੁੱਲ ਨਾਲ, ਚਕੋਰ ਦੀ ਸਸਿ = ਚੰਦਰਮਾ ਨਾਲ, ਮ੍ਰਿਗ = ਹਿਰਨ ਦੀ ਬਾਦ = ਵਾਜੇ ਦੀ ਨਾਦ = ਆਵਾਜ਼, ਘੰਡੇਹੇੜੇ ਦੀ ਧੁਨੀ ਨਾਲ ਅਤੇ ਚਾਤ੍ਰਿਕ = ਪਪੀਹੇ ਦੀ ਚੀਤ = ਮਨ ਕਰਕੇ ਸੁ = ਸ਼ੁਭ ਪ੍ਰੀਤੀ ਘਨ = ਬੱਦਲ ਨਾਲ ਹੈ **ਵਾ:** ਇਨ੍ਹਾਂ ਸਾਰਿਆਂ ਦੀ ਮਨ ਕਰਕੇ ਪ੍ਰੀਤੀ ਹੈ। ਜੈਸਾ ਕਿ :

ਭਵਰੈ ਵਾਸੁ ਵਿਣਾਸੁ ਹੈ ਫਿਰਦਾ ਫੁਲਵਾੜੀ।
ਜਲੈ ਪਤੰਗੁ ਨਿਸੰਗੁ ਹੁਇ ਕਰਿ ਅਖਿ ਉਘਾੜੀ।
ਮਿਰਗ ਨਾਦਿ ਬਿਸਮਾਦੁ ਹੋਇ ਫਿਰਦਾ ਉਜਾੜੀ॥ *(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੩)*

ਤਥਾ **ਮੋਰ ਪਪੀਹੇ ਬੋਲਦੇ ਵੇਖਿ ਬਦਲ ਕਾਲੇ॥** *(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੪)*

ਨਾਰਿ ਅਉ ਭਤਾਰ, ਸੁਤ ਮਾਤ, ਜਲ ਤ੍ਰਿਖਾਵੰਤ;
ਖੁਧਿਆਰਥੀ ਭੋਜਨ, ਦਾਰਿਦ੍ ਧਨ ਮੀਤ ਹੈ ॥

ਨਾਰਿ = ਇਸਤਰੀ ਅਉ = ਅਤੇ ਭਤਾਰ = ਪਤੀ ਦੀ ਆਪਸ ਵਿਚ ਪ੍ਰੀਤੀ ਹੁੰਦੀ ਹੈ, ਸੁਤ = ਪੁੱਤਰ ਨਾਲ

ਮਾਤ = ਮਾਂ ਦੀ, ਤ੍ਰਿਖਾਵੰਤ = ਪਿਆਸੇ ਪੁਰਖ ਦੀ ਜਲ = ਪਾਣੀ ਨਾਲ, ਖੁਧਿਆਰਥੀ = ਭੁੱਖੇ ਪੁਰਖ ਦੀ ਭੋਜਨ ਨਾਲ ਦਾਰਿਦ੍ = ਕੰਗਾਲ ਦੀ ਧਨ = ਦੌਲਤ ਨਾਲ ਮੀਤ = ਮਿੱਤਰਤਾ ਹੁੰਦੀ ਹੈ **ਵਾ:** ਇਨ੍ਹਾਂ ਉਪਰੋਕਤ ਸਾਰਿਆਂ ਦੀ ਮਿੱਤਰਾਂ ਵਾਂਗ ਪ੍ਰੀਤ ਹੈ। ਜੈਸਾ ਕਿ :

ਨਾਰਿ ਭਤਾਰ ਪਿਆਰ ਹੈ ਮਾਂ ਪੁੱਤ ਸਮਾਲੇ। *(ਭਾਈ ਗੁਰਦਾਸ ਜੀ, ਵਾਰ ੭, ਪਉੜੀ ੪)*

ਮਾਇਆ ਮੋਹ ਦ੍ਰੋਹ ਦੁਖਦਾਈ ਨ ਸਹਾਈ ਹੋਤ;
ਗੁਰਸਿਖ ਸੰਧਿ ਮਿਲੇ ਤ੍ਰਿਗੁਨ ਅਤੀਤ ਹੈ॥੨੯੨॥

ਇਸੇ ਪ੍ਰਕਾਰ ਮਾਇਆ ਦਾ ਮੋਹ = ਸਨੇਹ ਦ੍ਰੋਹ = ਛਲ ਰੂਪ ਤੇ ਦੁਖਦਾਈ = ਦੁੱਖ ਦੇਣ ਵਾਲਾ ਹੈ, ਜੋ ਅੰਤ ਨੂੰ ਸਹਾਈ = ਸਹਾਇਕ ਹੋਤ = ਹੋਣ ਵਾਲਾ ਨ = ਨਹੀਂ ਹੁੰਦਾ, ਇਸ ਲਈ ਗੁਰ = ਸਤਿਗੁਰੂ ਸਾਹਿਬ ਜੀ ਦੀ ਸੰਧਿ = ਮਿਲਾਉਣੀ ਵਿਚ ਗੁਰਸਿੱਖ (ਗੁਰਮੁਖ) ਮਿਲੇ = ਮਿਲਣਾ ਕਰਦਾ ਹੈ ਅਤੇ ਗੁਰ-ਉਪਦੇਸ਼ ਦੁਆਰਾ ਨਾਮ ਜਪ ਕੇ ਤ੍ਰਿਗੁਨ = ਤਿੰਨ ਰਜੋ, ਤਮੋ, ਸਤੋ ਗੁਣਾਂ ਤੋਂ ਅਤੀਤ = ਰਹਿਤ ਹੋ ਜਾਂਦਾ ਹੈ **ਵਾ:** ਤਿੰਨ ਗੁਣਾਂ ਵਾਲੇ ਸੰਸਾਰ ਤੋਂ ਰਹਿਤ ਹੋ ਜਾਂਦਾ ਹੈ॥੨੯੨॥

ਚਰਨ ਕਮਲ ਮਕਰੰਦ ਰਸ ਲੁਭਿਤ ਹੁਇ;
ਅੰਗ ਅੰਗ ਬਿਸਮ ਸ੍ਰਬੰਗ ਮੈ ਸਮਾਨੇ ਹੈ॥

ਜੋ ਗੁਰਮੁਖ ਜਨ ਗੁਰਾਂ ਦੇ ਚਰਨਾਂ ਕਮਲਾਂ ਰੂਪ ਮਕਰੰਦ ਰਸ ਵਿਚ ਲੁਭਿਤ = ਲੁਭਾਇਮਾਨ ਹੁਇ = ਹੋ ਜਾਂਦੇ ਹਨ, ਉਨ੍ਹਾਂ ਦਾ ਅੰਗ ਅੰਗ ਬਿਸਮ = ਅਸਚਰਜ ਤੇ ਜੋ ਸ੍ਰਬੰਗ = ਸਾਰਿਆਂ ਜੀਵਾਂ ਮੈ = ਵਿਚ ਵਿਆਪਕ ਪਰਮੇਸ਼ਰ ਹੈ, ਉਸ ਵਿਚ ਸਮਾਨੇ = ਲੀਨ ਹੋ ਜਾਂਦਾ ਹੈ।

ਦ੍ਰਿਸਟਿ ਦਰਸ ਲਿਵ ਦੀਪਕ ਪਤੰਗ ਸੰਗ;
ਸਬਦ ਸੁਰਤਿ ਮ੍ਰਿਗ ਨਾਦ ਹੁਇ ਹਿਰਾਨੇ ਹੈ॥

ਜਿਸ ਪ੍ਰਕਾਰ ਦੀਪਕ = ਦੀਵੇ ਸੰਗ = ਨਾਲ ਪਤੰਗੇ ਦੀ ਪ੍ਰੀਤੀ ਹੁੰਦੀ ਹੈ, ਇਸੇ ਤਰ੍ਹਾਂ ਗੁਰਮੁਖ ਜਨਾਂ ਦੀ ਗੁਰ ਦਰਸ = ਦਰਸ਼ਨ ਵਿਚ ਹਰ ਵਕਤ ਨੇਤਰਾਂ ਦੀ ਦ੍ਰਿਸਟਿ = ਦ੍ਰਿਸ਼ਟੀ ਤੇ ਲਿਵ = ਬਿਰਤੀ ਲੱਗੀ ਰਹਿੰਦੀ ਹੈ, ਜਿਵੇਂ ਮ੍ਰਿਗ = ਹਿਰਨ ਵਾਜੇ ਦੀ ਨਾਦ = ਆਵਾਜ਼ ਭਾਵ ਘੰਡੇਹੇੜੇ ਦੇ ਸ਼ਬਦ ਨੂੰ ਸੁਣ ਕੇ ਹਿਰਾਨੇ = ਹੈਰਾਨ ਹੁਇ = ਹੁੰਦਾ ਹੈ, ਉਸੇ ਤਰ੍ਹਾਂ ਗੁਰ ਸਬਦ = ਉਪਦੇਸ਼ ਵਿਚ ਸੁਰਤਿ = ਸੁਰਤੀ ਲਾ ਕੇ ਗੁਰਮੁਖ ਜਨ ਮਸਤ ਰਹਿੰਦੇ ਹਨ।

ਕਾਮ ਨਿਹਕਾਮ, ਕ੍ਰੋਧਾਕ੍ਰੋਧ ਨਿਰਲੋਭ ਲੋਭ;
ਮੋਹ ਨਿਰਮੋਹ ਅਹੰਮੇਵ ਹੂੰ ਲਜਾਨੇ ਹੈ॥

ਗੁਰਮੁਖ ਜਨ ਕਾਮ = ਕਾਮਨਾ ਵੱਲੋਂ ਨਿਹਕਾਮ = ਨਿਸ਼ਕਾਮ ਹੋਣ ਦੀ, ਕ੍ਰੋਧਾਕ੍ਰੋਧ (ਕ੍ਰੋਧ + ਅਕ੍ਰੋਧ) ਕ੍ਰੋਧ = ਗ਼ੁੱਸੇ ਵੱਲੋਂ ਅਕ੍ਰੋਧ = ਅਗ਼ੁੱਸੇ (ਗੁੱਸੇ ਤੋਂ ਰਹਿਤ) ਹੋਣ ਦੀ, ਪਦਾਰਥਾਂ ਦੇ ਖਾਣ ਪੀਣ ਦੇ ਲੋਭ = ਲਾਲਚ ਵੱਲੋਂ ਨਿਰਲੋਭ = ਲਾਲਚੋਂ ਰਹਿਤ ਹੋਣ ਦੀ, ਸੰਬੰਧੀ ਆਦਿ ਦੇ ਮੋਹ = ਸਨੇਹ ਤੋਂ

ਨਿਰਮੋਹ = ਸਨੇਹ ਰਹਿਤ ਹੋਣ ਦੀ ਅਤੇ ਦੇਹ, ਗੁਣਾਂ ਦੀ ਅਹੰਮੇਵ = ਹੰਗਤਾ ਹੂੰ = ਤੋਂ ਲਜਾਨੇ = ਸ਼ਰਮ ਕਰਦੇ ਹਨ, ਭਾਵ ਪੰਜੇ ਵਿਕਾਰਾਂ ਨੂੰ ਜਿੱਤ ਲੈਂਦੇ ਹਨ।

ਬਿਸਮੈ ਬਿਸਮ ਅਸਚਰਜੈ ਅਸਚਰਜ-ਮੈ;
ਅਦਭੁਤ ਪਰਮਦਭੁਤ ਅਸਥਾਨੇ ਹੈ॥੨੯੩॥

ਜੋ ਬਿਸਮੈ = ਹੈਰਾਨ ਕਰਨ ਤੋਂ ਵੀ ਬਿਸਮ = ਹੈਰਾਨ ਸਰੂਪ ਹੈ, ਅਸਚਰਜੈ = ਵਿਸਮਾਦ ਸਰੂਪ ਤੋਂ ਵੀ ਅਸਚਰਜ-ਮੈ = ਵਿਸਮਾਦ ਸਰੂਪ ਹੈ, ਅਦਭੁਤ = ਅਜੀਬ ਤੋਂ ਵੀ ਪਰਮਦਭੁਤ = ਅਤਿਅੰਤ ਅਜੀਬ ਸਰੂਪ ਵਾਲੇ ਅਸਥਾਨੇ = ਅਸਥਾਨ ਦਾ ਮਾਲਕ ਹੈ, ਉਸ ਪਰਮੇਸ਼ਰ ਦੀ ਪ੍ਰਾਪਤੀ ਕਰਾਉਣ ਵਾਲੀ ਸਤਿਸੰਗਤ **ਵਾ:** ਤੁਰੀਆ ਪਦ ਵਿਚ ਗੁਰਮੁਖ ਜਨਾਂ ਨੇ ਇਸਥਿਤੀ ਕੀਤੀ ਹੈ॥੨੯੩॥

ਦਰਸਨ ਜੋਤਿ ਕੋ ਉਦੋਤ ਸੁਖ ਸਾਗਰ ਮੈ;
ਕੋਟਿਕ ਉਸਤਤਿ ਛਬਿ ਤਿਲ ਕੋ ਪ੍ਰਗਾਸ ਹੈ॥

ਸੁਖ = ਅਨੰਦ ਦੇ ਸਾਗਰ = ਸਮੁੰਦਰ ਗੁਰਾਂ ਦੇ ਦਰਸਨ = ਦੀਦਾਰ ਦੀ ਜੋਤਿ = ਜੋਤੀ ਮੈ = ਵਿਚ ਜੋ ਪ੍ਰਕਾਸ਼ ਉਦੋਤ = ਪ੍ਰਗਟ ਹੈ, ਉਸ ਪ੍ਰਕਾਸ਼ ਦੇ ਅੱਗੇ ਕੋਟਿਕ = ਕਰੋੜਾਂ ਹੀ ਉਸਤਤਿ = ਕੀਰਤੀਆਂ ਤੇ ਛਬਿ = ਦਮਕਾਂ ਕੋ = ਦਾ ਪ੍ਰਗਾਸ = ਪ੍ਰਕਾਸ਼ ਤਿਲ = ਥੋੜ੍ਹਾ ਜਿਹਾ ਹੈ।

ਕਿੰਚਤ ਕ੍ਰਿਪਾ ਕੋਟਿਕਾ ਕਮਲਾ ਕਲਪਤਰੁ;
ਮਧੁਰ ਬਚਨ ਮਧੁ ਕੋਟਿਕ ਬਿਲਾਸ ਹੈ॥

ਗੁਰਾਂ ਦੀ ਕਿੰਚਤ = ਥੋੜ੍ਹੀ ਜਿਹੀ ਕ੍ਰਿਪਾ = ਮਿਹਰ ਭਰੀ ਦ੍ਰਿਸ਼ਟੀ ਅੱਗੇ ਕੋਟਿਕਾ = ਕਰੋੜਾਂ ਕਮਲਾ = ਲੱਛਮੀਆਂ ਤੇ ਕਰੋੜਾਂ ਕਲਪਤਰੁ = ਕਾਮਨਾ ਪੂਰੀ ਕਰਨ ਵਾਲੇ ਬ੍ਰਿਛ ਤਿਲ ਮਾਤਰ ਹਨ ਅਤੇ ਗੁਰਾਂ ਦੇ ਮਧੁਰ = ਮਿੱਠੇ ਬਚਨ = ਵਾਕਾਂ (ਬੋਲਾਂ) ਅੱਗੇ ਕੋਟਿਕ = ਕਰੋੜਾਂ ਮਧੁ = ਸ਼ਹਿਦ ਵਤ ਮਿੱਠੇ ਪਦਾਰਥ ਤੇ ਬਿਲਾਸ = ਆਨੰਦ ਤੁਛ ਹੈ = ਹਨ।

ਮੰਦ ਮੁਸਕਾਨਿ ਬਾਨਿ ਖਾਨਿ ਹੈ ਕੋਟਾਨਿ ਸਸਿ;
ਸੋਭਾ ਕੋਟਿ ਲੋਟ ਪੋਟ ਕੁਮਦਨੀ ਤਾਸੁ ਹੈ॥

ਜਿਵੇਂ ਸਸਿ = ਚੰਦਰਮਾ ਦੀ ਚਾਨਣੀ ਵੇਖ ਕੇ ਕੁਮਦਨੀ = ਕੰਮੀਆਂ ਪਾਣੀ ਵਿਚ ਲੋਟ ਪੋਟ = ਡਿੱਗੀਆਂ ਹੋਈਆਂ ਖਿੜ ਪੈਂਦੀਆਂ ਹਨ, ਤਾਸੁ = ਉਸੇ ਤਰ੍ਹਾਂ ਹੀ ਗੁਰਾਂ ਦਾ ਜੋ ਮੰਦ = ਹੌਲੀ ਹੌਲੀ ਮੁਸਕਾਨਿ = ਮੁਸਕਰਾਉਣ ਵਾਲਾ ਬਾਨਿ = ਸੁਭਾਅ ਸੋਭਾ = ਉਪਮਾ ਦੀ ਖਾਨਿ = ਖਾਣੀ ਹੈ ਅਤੇ ਉਸ ਗੁਰਾਂ ਦੇ ਉੱਪਰੋਂ ਦੀ ਕੋਟਾਨਿ = ਕਰੋੜਾਂ ਚੰਦਰਮਾ ਦੀਆਂ ਚਾਨਣੀਆਂ ਤੇ ਕੰਮੀਆਂ ਲੋਟ ਪੋਟ ਹੋ ਰਹੀਆਂ ਹਨ ਭਾਵ ਕ੍ਰਿਤ ਕ੍ਰਿਤ ਹੋ ਰਹੀਆਂ ਹਨ।

ਮਨ ਮਧੁਕਰ ਮਕਰੰਦ ਰਸ ਲੁਭਿਤ ਹੁਇ;
ਸਹਜ ਸਮਾਧਿ ਲਿਵ ਬਿਸਮ ਬਿਸ੍ਵਾਸ ਹੈ ॥੨੯੪॥

ਜਿਵੇਂ ਮਧੁਕਰ = ਭੌਰਾ ਫੁੱਲਾਂ ਉੱਪਰ ਬੈਠ ਕੇ ਮਕਰੰਦ = ਫੁੱਲਾਂ ਦੇ ਰਸ = ਸੁਆਦ ਨੂੰ ਚਖ ਕੇ ਲੁਭਿਤ = ਲੁਭਾਇਮਾਨ ਹੁਇ = ਹੁੰਦਾ ਹੈ ਤੇ ਮਸਤ ਹੋ ਕੇ ਉਸ ਉੱਪਰ ਟਿਕ ਜਾਂਦਾ ਹੈ, ਉਸੇ ਤਰ੍ਹਾਂ ਗੁਰਮੁਖ ਜਨ ਦਾ ਮਨ ਗੁਰਾਂ ਦੇ ਚਰਨਾਂ ਕਮਲਾਂ ਰੂਪ ਮਕਰੰਦ ਦਾ ਪ੍ਰੇਮੀ ਬਣਿਆ ਰਹਿੰਦਾ ਹੈ ਅਤੇ ਸਹਜ = ਸੁਤੇ-ਸਿਧ ਸਮਾਧਿ = ਸਮਾਧੀ ਨੂੰ ਲਾ ਕੇ ਚਿੱਤ ਦੀ ਲਿਵ = ਬਿਰਤੀ ਨੂੰ ਟਿਕਾ ਕੇ ਬਿਸਮ = ਅਸਚਰਜ ਸਰੂਪ ਪਰਮੇਸ਼ਰ ਉੱਪਰ ਬਿਸ੍ਵਾਸ = ਭਰੋਸਾ ਕਰਦਾ ਹੈ ॥੨੯੪॥

ਚਰਨ ਸਰਨਿ ਰਜ ਮਜਨ ਮਲੀਨ ਮਨ;
ਦਰਪਨ ਗਤਿ ਗੁਰਮਤਿ ਨਿਹਚਲ ਹੈ ॥

ਗੁਰਾਂ ਦੇ ਚਰਨਾਂ ਦੀ ਸਰਨਿ = ਓਟ ਤੇ ਚਰਨਾਂ ਦੀ ਰਜ = ਧੂੜੀ ਵਿਚ ਮਜਨ = ਇਸ਼ਨਾਨ ਕਰ ਕੇ ਮਲੀਨ = ਮੈਲਾ ਮਨ ਇਉਂ ਸਾਫ਼ ਹੋ ਜਾਂਦਾ ਹੈ ਜਿਵੇਂ ਦਰਪਨ = ਸ਼ੀਸ਼ਾ ਮਾਂਜਿਆ ਹੋਇਆ ਸਾਫ਼ ਹੋ ਜਾਂਦਾ ਹੈ **ਵਾ:** ਗੁਰਾਂ ਦੇ ਚਰਨਾਂ ਦੀ ਓਟ ਵਿਚ ਪੈਣ ਕਰਕੇ ਤੇ ਚਰਨਾਂ ਦੀ ਧੂੜੀ ਨੂੰ ਮੱਥੇ ਉੱਪਰ ਲਗਾਉਂਦਿਆਂ ਹੀ ਵਿਕਾਰਾਂ ਨਾਲ ਮਲੀਨ ਹੋਇਆ ਮਨ ਦਰਪਨ = ਸ਼ੀਸ਼ੇ ਗਤਿ = ਵਾਂਗ ਮਜਨ = ਉੱਜਲਾ ਹੋ ਜਾਂਦਾ ਹੈ ਅਤੇ ਗੁਰਮਤਿ = ਗੁਰ ਸਿੱਖਿਆ ਨੂੰ ਧਾਰਨ ਕਰ ਕੇ ਨਿਹਚਲ = ਅਚੱਲ ਹੋ ਜਾਂਦਾ ਹੈ।

ਗਿਆਨ ਗੁਰ ਅੰਜਨ ਦੈ ਚਪਲ ਖੰਜਨ ਦ੍ਰਿਗ;
ਅਕੁਲ ਨਿਰੰਜਨ ਧਿਆਨ ਜਲ ਥਲ ਹੈ ॥

ਜੋ ਦ੍ਰਿਗ = ਨੇਤਰ ਖੰਜਨ = ਮਮੋਲੇ ਪੰਛੀ[੧] ਵਾਂਗ ਚਪਲ = ਚੰਚਲ ਸੀ, ਉਨ੍ਹਾਂ ਨੇਤਰਾਂ ਵਿਚ ਗੁਰ = ਸਤਿਗੁਰਾਂ ਨੇ ਗਿਆਨ ਰੂਪ ਅੰਜਨ = ਸੁਰਮਾ ਪਾ ਦੈ = ਦੇਣਾ ਕੀਤਾ ਹੈ, ਫੇਰ ਉਹ ਨੇਤਰ ਅਕੁਲ = ਚੰਗੀ ਮਾੜੀ ਕੁਲ ਤੋਂ ਰਹਿਤ, ਨਿਰੰਜਨ = ਮਾਇਆ ਤੋਂ ਰਹਿਤ ਪਰਮੇਸ਼ਰ ਨੂੰ ਧਿਆਨ ਦੁਆਰਾ ਜਲ = ਤਰਲ ਥਾਵਾਂ ਥਲ = ਖ਼ੁਸ਼ਕ ਥਾਵਾਂ ਵਿਚ ਵੇਖਣਾ ਕੀਤਾ ਹੈ।

ਭੰਜਨ ਭੈ ਭਰਮ ਅਰਿ ਗੰਜਨ ਕਰਮ ਕਾਲ;
ਪਾਂਚ ਪਰਪੰਚ ਬਲਬੰਚ ਨਿਰਦਲ ਹੈ ॥

ਸੱਤ ਪ੍ਰਕਾਰ ਦੇ ਭੈ = ਡਰ ਤੇ ਪੰਜ ਪ੍ਰਕਾਰ ਦੇ ਭਰਮ = ਭੁਲੇਖੇ ਨੂੰ ਭੰਜਨ = ਨਾਸ਼ ਕਰਨ ਵਾਲੇ ਅਉ = ਅਤੇ ਕਰਮ ਕਾਂਡ, ਜਨਮ ਮਰਨ ਦੇ ਕਾਲ = ਸਮੇਂ ਨੂੰ ਗੰਜਨ = ਤ੍ਰਿਸਕਾਰ ਕਰਨ ਵਾਲੇ ਅਤੇ ਪਾਂਚ = ਪੰਜ ਕਾਮ ਆਦਿ ਵਿਕਾਰਾਂ ਤੇ ਪਰਪੰਚ (ਪਰ + ਪੰਚ) ਪਰ = ਵਿਸ਼ੇਸ਼ ਕਰਕੇ ਪੰਚ = ਪੰਜ ਤੱਤਾਂ ਦੇ ਨਾਲ ਰਚੇ ਸੰਸਾਰਕ ਪਸਾਰੇ, ਬਲਬੰਚ = ਵਲ-ਛਲ ਕਰਨ ਵਾਲੀ ਮਾਇਆ **ਵਾ:** ਵਲ-ਛਲ ਵਾਲੇ

---

੧. ਖੰਜਨ = ਮਮੋਲਾ, ਖੰਜਰੀਟ, ਕਵਾਟੀਰ, ਚਿੜੀ ਦੇ ਆਕਾਰ ਦਾ ਇਕ ਪੰਛੀ, ਜੋ ਬਹੁਤ ਚੰਚਲ ਹੁੰਦਾ ਹੈ। ਕਵੀਜਨ ਇਸ ਦੀ ਉਪਮਾ ਨੇਤਰ ਤੇ ਮਨ ਨਾਲ ਦਿੰਦੇ ਹਨ।

ਪਰਪੰਚ = ਸੰਸਾਰਕ ਪਸਾਰੇ ਨੂੰ ਗੁਰਮੁਖ ਜਨਾਂ ਨੇ ਨਿਰਦਲ (ਨਿਰ + ਦਲ) ਨਿਰ = ਨਿਸ਼ਚੇ ਕਰਕੇ ਚੰਗੀ ਤਰ੍ਹਾਂ ਦਲ = ਦਲਣਾ (ਕੁਚਲਣਾ) ਕੀਤਾ ਹੈ **ਵਾ:** ਗੁਰਮੁਖ ਜਨਾਂ ਨੇ ਆਪਣੇ ਆਪ ਨੂੰ ਆਸੁਰੀ ਸੰਪਦਾ ਰੂਪ (ਨਿਰ + ਦਲ) ਦਲ = ਫ਼ੌਜ ਤੋਂ ਨਿਰ = ਰਹਿਤ ਕੀਤਾ ਹੈ।

ਸੇਵਾ ਕਰੰਜਨ ਸਰਬਾਤਮ ਨਿਰੰਜਨ ਭਏ;
ਮਾਇਆ ਮੈ ਉਦਾਸ, ਕਲਿਮਲ ਨਿਰਮਲ ਹੈ॥੨੯੫॥

ਗੁਰਮੁਖ ਜਨ ਭਗਤੀ ਰੂਪ ਸੇਵਾ = ਟਹਿਲ ਕਰੰਜਨ = ਕਰਨੇ ਕਰਕੇ ਸਰਬਾਤਮ = ਸਾਰਿਆਂ ਦਾ ਆਤਮਾ ਸਰੂਪ ਨਿਰੰਜਨ = ਮਾਇਆ ਦੀ ਕਾਲਖ ਤੋਂ ਰਹਿਤ ਪਰਮੇਸ਼ਰ ਦਾ ਰੂਪ ਹੀ ਭਏ = ਹੋ ਜਾਂਦੇ ਹਨ **ਵਾ:** (ਸਰਬ + ਆਤਮ) ਸਰਬ = ਸਾਰਿਆਂ ਨੂੰ ਆਤਮ = ਆਪਣਾ ਆਪ ਰੂਪ ਜਾਣ ਕੇ ਸੇਵਾ = ਟਹਿਲ ਕਰੰਜਨ = ਕਰਦੇ ਹਨ ਅਤੇ ਗ੍ਰਿਹਸਥ ਵਿਚ ਭਾਵ ਮਾਇਆਵੀ ਸੰਸਾਰ ਮੈ = ਵਿਚ ਰਹਿੰਦਿਆਂ ਵੀ ਉਦਾਸ = ਉਪਰਾਮ ਰਹਿੰਦੇ ਹਨ ਅਤੇ ਕਲਿ = ਕਲਾਹਟ ਮਚਾਉਣ ਵਾਲੇ ਪਾਪਾਂ ਦੀ ਮਲ = ਮਲੀਨਤਾ ਤੋਂ ਨਿਰਮਲ = ਉੱਜਲ ਰਹਿੰਦੇ ਹੈ = ਹਨ **ਵਾ:** ਕਲਿਮਲ = ਪਾਪਾਂ ਰੂਪ ਨਿਰਮਲ = ਮੈਲ ਤੋਂ ਰਹਿਤ ਹੋ ਕੇ ਪਰਮੇਸ਼ਰ ਦਾ ਰੂਪ ਹੋ ਜਾਂਦੇ ਹਨ॥੨੯੫॥

ਚੰਦ੍ਰਮਾ ਅਛਤ ਰਵਿ ਰਾਹੁ ਨ ਸਕਤ ਗ੍ਰਸਿ;
ਦ੍ਰਿਸਟਿ ਅਗੋਚਰੁ ਹੁਇ ਸੂਰਜ ਗ੍ਰਹਨ ਹੈ॥

ਚੰਦ੍ਰਮਾ = ਚੰਦ ਦੇ ਮੌਜੂਦ ਅਛਤ = ਹੁੰਦਿਆਂ ਰਵਿ = ਸੂਰਜ ਨੂੰ ਰਾਹੁ = ਰਾਹੂ (ਦੈਂਤ) ਗ੍ਰਸਿ = ਪਕੜ ਨ = ਨਹੀਂ ਸਕਤ = ਸਕਦਾ ਪਰ ਜਦ ਚੰਦ ਸੂਰਜ ਦੀਆਂ ਦ੍ਰਿਸਟਿ = ਨਜ਼ਰਾਂ ਤੋਂ ਮੱਸਿਆ ਨੂੰ ਅਗੋਚਰ = ਓਹਲੇ ਹੁਇ = ਹੋ ਜਾਂਦਾ ਹੈ ਭਾਵ ਮੂਲੋਂ ਹੀ ਲੋਪ ਹੋ ਜਾਂਦਾ ਹੈ ਤਾਂ ਗ੍ਰਹਿਣ ਲਗਨ ਦੇ ਨਛੱਤਰ ਵਿਚ ਸੂਰਜ ਨੂੰ ਗ੍ਰਹਿਣ ਲੱਗ ਜਾਂਦਾ ਹੈ।

ਪਛਮ ਉਦੋਤ ਹੋਤ ਚੰਦ੍ਰਮੈ ਨਮਸਕਾਰ;
ਪੂਰਬ ਸੰਜੋਗ ਸਸਿ ਕੇਤੁ ਖੇਤ ਹਨਿ ਹੈ॥

ਜਦ ਚੰਦ੍ਰਮੈ = ਚੰਦ ਪਛਮ = ਪਸ਼ਚਮ, ਪਿੱਛੋਂ, ਲਹਿੰਦੇ ਵਾਲੇ ਪਾਸੇ ਵੱਲੋਂ ਉਦੋਤ = ਪ੍ਰਗਟ, ਚੜ੍ਹਦਾ ਹੋਤ = ਹੁੰਦਾ ਹੈ ਤਦ ਹਿੰਦੂ ਲੋਕੀਂ ਚੰਦਰਮਾ ਨੂੰ ਨਮਸਕਾਰ = ਬੰਦਨਾ ਕਰਦੇ ਹਨ, ਪਰ ਜਦ ਸਸਿ = ਚੰਦਰਮਾ ਪੂਰਨਮਾਸ਼ੀ ਵਾਲੇ ਦਿਨ, ਪੂਰਬ ਦਿਸ਼ਾ ਵਿਚ ਸੂਰਜ ਨਾਲ ਸੰਜੋਗ = ਮਿਲਣਾ ਕਰਦਾ ਹੈ ਤਾਂ ਚੰਦਰਮਾ ਨੂੰ ਕੇਤੁ = ਕੇਤੂ ਹਨਿ = ਮਾਰਨਾ ਕਰਦਾ ਹੈ ਭਾਵ ਆਪਣਾ ਘਰ ਛੱਡ ਕੇ ਪਰਾਏ ਘਰ ਵਿਚ ਵਧਣੇ ਕਰਕੇ ਮੈਦਾਨ ਵਿਚ ਹੀ ਮਾਰਿਆ ਜਾਂਦਾ ਭਾਵ ਭਰੇ ਪ੍ਰਕਾਸ਼ ਵਿਚ ਇਸ ਨੂੰ ਗ੍ਰਹਿਣ ਲੱਗ ਜਾਂਦਾ ਹੈ।

ਕਾਸਟ ਮੈ ਅਗਨਿ ਮਗਨਿ ਚਿਰੰਕਾਲ ਰਹੈ;
ਅਗਨਿ ਮੈ ਕਾਸਟ ਪਰਤ ਹੀ ਦਹਨ ਹੈ॥

ਇਸੇ ਤਰ੍ਹਾਂ ਜਦ ਤਕ ਤਾਂ ਕਾਸਟ = ਲੱਕੜ ਮੈ = ਵਿਚ ਅਗਨਿ = ਅੱਗ ਮਗਨਿ = ਮਸਤ ਭਾਵ ਲੋਪ

ਰਹਿਣਾ ਕਰੇ ਤਦ ਚਿਰੰਕਾਲ = ਬਹੁਤ ਸਮੇਂ ਤਕ ਰਹੈ = ਰਹਿੰਦੀ ਹੈ, ਪਰ ਜਿਉਂ ਹੀ ਅਗਨਿ = ਅੱਗ ਮੈ = ਵਿਚ ਕਾਸਟ = ਲੱਕੜ ਆ ਪਵੇ ਤਾਂ ਪਰਤ = ਪੈਂਦਿਆਂ ਸਾਰ ਹੀ ਦਹਨ = ਦਗਧ ਹੋ ਜਾਂਦੀ ਹੈ।

ਤੈਸੇ ਸਿਵ ਸਕਤਿ ਅਸਾਧ ਸਾਧ ਸੰਗਮ ਕੈ;
ਦੁਰਮਤਿ ਗੁਰਮਤਿ ਦੁਸਹ ਸਹਨ ਹੈ ॥੨੯੬॥

ਤੈਸੇ = ਉਸੇ ਤਰ੍ਹਾਂ ਸਾਧ = ਸ੍ਰੇਸ਼ਟ ਪੁਰਖਾਂ ਦੇ ਨਾਲ ਸੰਗਮ = ਮਿਲ ਕੈ = ਕਰਕੇ ਗੁਰਮਤਿ = ਗੁਰ ਸਿੱਖਿਆ ਨੂੰ ਰਿਦੇ ਵਿਚ ਧਾਰਨ ਕਰਨ 'ਤੇ ਸਿਵ = ਕਲਿਆਣ ਸਰੂਪ ਦੀ ਪ੍ਰਾਪਤੀ ਵਾਲੀ ਤੁਰੀਆ ਪਦ ਨੂੰ ਸਹਨ = ਸਹਾਰਨ ਵਾਲੀ ਅਜਰ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ, ਪਰੰਤੂ ਜਦ ਅਸਾਧ = ਅਸੰਤ ਖੋਟੇ ਪੁਰਖਾਂ ਦੇ ਸੰਗਮ ਨਾਲ ਮਿਲਣੇ ਕਰਕੇ ਤੇ ਦੁਰਮਤਿ = ਖੋਟੀ ਸਿੱਖਿਆ ਕਰਕੇ ਅਤੇ ਸਕਤਿ = ਮਾਇਆ ਵਿਚ ਲੱਗਣ ਕਰਕੇ ਦੁਸਹ = ਨਾ ਸਹਾਰੇ ਜਾ ਸਕਣ ਵਾਲੇ ਜੰਮਣ ਮਰਨ ਦੇ ਦੁਖ ਨੂੰ ਸਹਨ = ਸਹਾਰਨਾ ਪੈਂਦਾ ਹੈ।

ਸਾਧ ਕੀ ਸੁਜਨਤਾਈ ਪਾਹਨ ਦੀ ਰੇਖ ਪ੍ਰੀਤਿ;
ਬੈਰ ਜਲ ਰੇਖ ਹੁਇ, ਬਿਸੇਖ ਸਾਧ ਸੰਗ ਮੈ ॥

ਸਾਧ = ਸ੍ਰੇਸ਼ਟ ਪੁਰਖ ਕੀ = ਦੀ ਸੁਜਨਤਾਈ = ਮਿਤ੍ਰਾਈ (ਭਲਿਆਈ) ਅਜਿਹੀ ਹੁੰਦੀ ਹੈ ਕਿ ਉਸ ਦੀ ਪ੍ਰੀਤਿ = ਲਗਨ ਤਾਂ ਪਾਹਨ = ਪੱਥਰ ਦੀ ਰੇਖ = ਲਕੀਰ ਭਾਵ ਪੱਥਰ ਉੱਪਰ ਲਕੀਰ ਵਤ ਅਮਿੱਟ ਹੁੰਦੀ ਹੈ ਅਤੇ ਬੈਰ = ਵੈਰਪੁਣਾ ਜਲ = ਪਾਣੀ ਦੀ ਰੇਖ = ਲਕੀਰ ਵਤ ਹੁਇ = ਹੁੰਦਾ ਹੈ, ਬਿਸੇਖ = ਵਿਸ਼ੇਸ਼ ਕਰਕੇ ਸਾਧ = ਸ੍ਰੇਸ਼ਟ ਪੁਰਖਾਂ ਦੀ ਸੰਗ = ਸੰਗਤ ਮੈ = ਵਿਚ ਐਸਾ ਹੁੰਦਾ ਹੈ ਭਾਵ ਜੇਕਰ ਕਿਸੇ ਗੱਲ ਤੋਂ ਵੈਰ ਹੋ ਵੀ ਜਾਵੇ ਤਾਂ ਪਾਣੀ ਦੀ ਲਕੀਰ ਵਾਂਗ ਜਲਦੀ ਹੀ ਹਟ ਜਾਂਦਾ ਹੈ।

ਦੁਰਜਨਤਾ ਅਸਾਧ ਪ੍ਰੀਤਿ ਜਲ ਰੇਖ ਅਰੁ;
ਬੈਰ ਤਉ ਪਖਾਨ ਰੇਖ, ਸੇਖ ਅੰਗ ਅੰਗ ਮੈ ॥

ਅਸਾਧ = ਅਸੰਤ ਮਨਮੁਖ ਪੁਰਖਾਂ ਦੀ ਅਜਿਹੀ ਦੁਰਜਨਤਾ = ਖੋਟੀ ਆਦਤ, ਬੁਰਿਆਈ ਹੈ ਕਿ ਉਸ ਦੀ ਪ੍ਰੀਤਿ = ਲਗਨ ਜਲ = ਪਾਣੀ ਦੀ ਰੇਖ = ਲਕੀਰ ਵਾਂਗ ਹੁੰਦੀ ਹੈ ਭਾਵ ਜਲਦੀ ਹੀ ਦੂਰ ਹੋ ਜਾਂਦੀ ਹੈ ਅਰੁ = ਅਤੇ ਬੈਰ = ਵੈਰਪੁਣਾ ਤਉ = ਤਾਂ ਪਖਾਨ = ਪੱਥਰ ਦੀ ਰੇਖ = ਲਕੀਰ ਵਾਂਗ ਉਸਦੇ ਛੋਟੇ ਅੰਗ ਤੋਂ ਲੈ ਕੇ ਸਰੀਰ ਦੇ ਹਰੇਕ ਸੇਖ = ਵੱਡੇ ਅੰਗ ਮੈ = ਵਿਚ ਵੱਸਿਆ ਹੁੰਦਾ ਹੈ ਭਾਵ ਵੈਰਪੁਣਾ ਸਾਰੀ ਜ਼ਿੰਦਗੀ ਭੁਲਾਉਂਦਾ ਹੀ ਨਹੀਂ ਭਾਵੇਂ ਝਗੜੇ ਦਾ ਸਮਾਂ ਦੂਰ ਵੀ ਹੋ ਜਾਵੇ, ਫੇਰ ਵੀ ਯਾਦ ਰੱਖ ਕੇ ਅੰਤ ਨੂੰ ਮਾਰ ਹੀ ਦਿੰਦਾ ਹੈ। ਜੈਸਾ ਕਿ :

ਦੁਸਟ ਕ੍ਰਿਯਾ ਦਰਸੇ ਨਹੀਂ ਜੈਸ ਜਲ ਮਹਿੰ ਰੇਖ।
ਸੰਤ ਕਿਰਿਆ ਅਤਿ ਅਲਪ ਭੀ ਸਿਲਾ ਰੇਖ ਜਿਉਂ ਦੇਖ ॥੧੦॥ *(ਸਾਰਕੁਤਾਵਲੀ, ਅਧਿ. ੧੧)*

ਕਾਸਟ ਅਗਨਿ ਗਤਿ ਪ੍ਰੀਤਿ ਬਿਪ੍ਰੀਤਿ;
ਸੁਰਸਰੀ ਜਲ ਬਾਰੁਨੀ ਸਰੂਪ ਜਲ ਗੰਗ ਮੈ ॥

ਕਾਸਟ = ਲੱਕੜ ਤੇ ਅਗਨਿ = ਅੱਗ ਦੀ ਪ੍ਰੀਤਿ = ਪ੍ਰੀਤੀ ਅਤੇ ਬਿਪ੍ਰੀਤਿ = ਵੈਰਪੁਣੇ ਗਤਿ = ਵਾਂਗ

ਠੀਕ ਸਮਝਣਾ ਕਰੋ ਕਿ ਲੱਕੜ ਤਾਂ ਸਦਾ ਹੀ ਅੱਗ ਨੂੰ ਆਪਣੇ ਵਿਚ ਲੁਕਾ ਕੇ ਸੰਭਾਲੀ ਰੱਖਦੀ ਹੈ ਭਾਵ ਲੱਕੜ ਸਦਾ ਅੱਗ 'ਤੇ ਉਪਕਾਰ ਕਰਦੀ ਹੈ, ਪਰੰਤੂ ਅੱਗ ਨਾਲ ਲੱਕੜੀ ਦਾ ਥੋੜ੍ਹਾ ਜਿਹਾ ਮਿਲਾਪ ਹੁੰਦਿਆਂ ਹੀ ਸਾੜ ਕੇ ਸੁਆਹ ਬਣਾ ਦਿੰਦੀ ਹੈ। ਇਸੇ ਤਰ੍ਹਾਂ ਸੰਤ ਸਦਾ ਉਪਕਾਰ ਕਰਦਾ ਹੈ ਤੇ ਅਸੰਤ ਉਪਕਾਰ ਨੂੰ ਭੁਲਾ ਕੇ ਉਲਟਾ ਨਿਰਾਦਰ ਕਰਦਾ ਹੈ। ਇਸੇ ਤਰ੍ਹਾਂ ਜੇਕਰ ਬਾਰੁਨੀ = ਸ਼ਰਾਬ ਸੁਰਸਰੀ = ਗੰਗਾ ਦੇ ਜਲ = ਪਾਣੀ ਨਾਲ ਮੇਲ ਪਾ ਲਵੇ ਤਾਂ ਉਹ ਪਾਣੀ ਉਸ ਨੂੰ ਆਪਣੇ ਵਿਚ ਅਭੇਦ ਕਰ ਲੈਂਦਾ ਹੈ, ਪਰੰਤੂ ਇਸ ਦੇ ਉਲਟ ਜੇ ਸ਼ਰਾਬ ਮੈ = ਵਿਚ ਗੰਗਾ ਦਾ ਪਾਣੀ ਆ ਕੇ ਮਿਲ ਪਵੇ ਤਾਂ ਉਹ ਸ਼ਰਾਬ ਉਸ ਗੰਗਾ ਦੇ ਪਾਣੀ ਨੂੰ ਆਪਣਾ ਸਰੂਪ ਹੀ ਬਣਾ ਲੈਂਦੀ ਹੈ।

ਦੁਰਮਤਿ ਗੁਰਮਤਿ ਅਜਯਾ ਸਰਪ ਗਤਿ;
ਉਪਕਾਰੀ ਅਉ ਬਿਕਾਰੀ ਢੰਗ ਹੀ ਕੁਢੰਗ ਮੈ ॥੨੯੭॥

ਦੁਰਮਤਿ = ਖੋਟੀ ਮੱਤ ਕਰਕੇ ਅਸੰਤ ਪੁਰਖ ਤਾਂ ਸਰਪ = ਸੱਪ ਗਤਿ = ਵਾਂਗ ਕੁਢੰਗ = ਭੈੜੇ ਤਰੀਕੇ, ਕਰੂਰ ਸੁਭਾਅ ਮੈ = ਵਿਚ ਹੀ ਬਿਕਾਰੀ = ਵਿਗਾੜ ਕਰਨ ਵਾਲਾ ਹੁੰਦਾ ਹੈ ਅਉ = ਅਤੇ ਸਾਧ ਸੰਤ ਜਨ ਗੁਰਮਤਿ = ਗੁਰ ਸਿੱਖਿਆ ਨੂੰ ਧਾਰਨੇ ਕਰਕੇ ਅਜਯਾ = ਬੱਕਰੀ ਵਾਂਗ ਉਪਕਾਰੀ = ਭਲਿਆਈ ਵਾਲੇ ਢੰਗ = ਤਰੀਕੇ ਵਿਚ ਹੀ ਸਦਾ ਵਰਤਦੇ ਹਨ ॥੨੯੭॥

ਦੁਰਮਤਿ ਗੁਰਮਤਿ ਸੰਗਤਿ ਅਸਾਧ ਸਾਧ;
ਕਾਸਟ ਅਗਨਿ ਗਤਿ ਟੇਵ ਨ ਟਰਤ ਹੈ ॥

ਸਾਧ = ਸ੍ਰੇਸ਼ਟ ਪੁਰਖਾਂ ਦੀ ਸੰਗਤ ਵਿਚ ਸਦਾ ਹੀ ਗੁਰਮਤਿ = ਗੁਰ ਸਿੱਖਿਆ ਦਾ ਪ੍ਰਵਾਹ ਚੱਲਦਾ ਹੈ ਅਤੇ ਅਸਾਧ = ਅਸੰਤ, ਖੋਟੇ ਪੁਰਖਾਂ ਦੀ ਸੰਗਤ ਵਿਚ ਸਦਾ ਹੀ ਦੁਰਮਤਿ = ਖੋਟੀ ਸਿੱਖਿਆ ਦਾ ਵਰਤਾਰਾ ਵਰਤਦਾ ਹੈ, ਕਾਸਟ = ਲੱਕੜ ਤੇ ਅਗਨਿ = ਅੱਗ ਗਤਿ = ਵਾਂਗ ਆਪੋ-ਆਪਣੇ ਸੁਭਾਅ ਵਾਲੀ ਟੇਵ = ਆਦਤ ਤੋਂ ਟਰਤ = ਟਲਦੇ ਨ = ਨਹੀਂ ਹੈ = ਹਨ, ਭਾਵ ਜਿਵੇਂ ਲੱਕੜ ਦਾ ਸੁਭਾਅ ਉਪਕਾਰ ਵਾਲਾ ਹੁੰਦਾ ਹੈ ਤੇ ਅੱਗ ਦਾ ਸੁਭਾਅ ਅਪਕਾਰ (ਸਾੜਨ) ਵਾਲਾ ਹੁੰਦਾ ਹੈ, ਇਸੇ ਤਰ੍ਹਾਂ ਅੱਗ ਵਤ ਮਨਮੁਖ ਦਾ ਤੇ ਲੱਕੜ ਵਤ ਗੁਰਮੁਖ ਦਾ ਸੁਭਾਅ ਹੁੰਦਾ ਹੈ।

ਅਜਯਾ ਸਰਪ, ਜਲ ਗੰਗ ਬਾਰੁਨੀ ਬਿਧਾਨ;
ਸਨ ਅਉ ਮਜੀਠ ਖਲ ਪੰਡਿਤ ਲਰਤ ਹੈ ॥

ਅਜਯਾ = ਬੱਕਰੀ ਦੀ ਉਪਕਾਰ ਕਰਨ ਵਾਲੀ ਤੇ ਸਰਪ = ਸੱਪ ਦੀ ਡੰਗ ਮਾਰਨ ਵਾਲੀ ਦੁਖਦਾਈ, ਗੰਗ = ਗੰਗਾ ਦੇ ਜਲ = ਪਾਣੀ ਦੀ ਸ਼ਰਾਬ ਨੂੰ ਆਪਣੇ ਵਿਚ ਮਿਲਾ ਕੇ ਪਵਿੱਤਰ ਕਰਨ ਦੀ ਤੇ ਬਾਰੁਨੀ = ਸ਼ਰਾਬ ਵਿਚ ਗੰਗਾ ਦਾ ਜਲ ਆ ਪਵੇ ਤਾਂ ਸ਼ਰਾਬ ਦੀ ਪਾਣੀ ਨੂੰ ਅਪਵਿੱਤਰ ਕਰਨ ਦੀ ਬਿਧਾਨ = ਰੀਤੀ ਹੈ ਅਤੇ ਇਸੇ ਤਰ੍ਹਾਂ ਸਨ = ਸਣ ਦੀ ਬੰਧਨ ਪਾਉਣ ਵਾਲੀ ਅਉ = ਅਤੇ ਮਜੀਠ = ਪੱਕਾ ਰੰਗ ਚੜ੍ਹਾਉਣ ਵਾਲੀ ਖਲ = ਮੂਰਖ ਤੇ ਪੰਡਿਤ = ਵਿਦਵਾਨ, ਸੂਝਵਾਨ ਦੀ ਰੀਤੀ ਜਿਵੇਂ ਆਪਸ ਵਿਚ ਦੀ ਲਰਤ = ਲੜਨ ਵਾਲੀ ਹੁੰਦੀ ਹੈ, ਇਸੇ ਪ੍ਰਕਾਰ ਮਨਮੁਖ ਤੇ ਗੁਰਮੁਖ ਦੇ ਸੁਭਾਅ ਦੀ ਰੀਤੀ ਹੈ। ਜੈਸਾ ਕਿ :

ਭਲਾ ਸੁਭਾਉ ਮਜੀਠ ਦਾ ਸਹੈ ਅਵਟਣੁ ਰੰਗੁ ਚੜਾਏ। *(ਭਾਈ ਗੁਰਦਾਸ ਜੀ, ਵਾਰ ੩੧, ਪਉੜੀ ੧੫)*

ਸਣ ਜਿਉ ਕੂੜ ਸੁਭਾਉ ਹੈ ਖਲ ਕਢਾਇ ਵਟਾਇ ਬਨਾਏ। *(ਭਾਈ ਗੁਰਦਾਸ ਜੀ, ਵਾਰ ੩੦, ਪਉੜੀ ੨੦)*

ਗੋਸਟਿ ਗਾਂਗੇ ਤੇਲੀਐ ਪੰਡਿਤ ਨਾਲਿ ਹੋਵੈ ਜਗੁ ਦੇਖੈ। *(ਭਾਈ ਗੁਰਦਾਸ ਜੀ, ਵਾਰ ੩੨, ਪਉੜੀ ੧੮)*

ਕੰਟਕ ਪੁਹਪ, ਸੈਲ ਘਟਿਕਾ, ਸਨਾਹ ਸਸਤ੍ਰ;
ਹੰਸ ਕਾਗ ਬਗ, ਬਿਆਧ ਮ੍ਰਿਗ ਹੁਇ ਨਿਬਰਤ ਹੈ॥

ਕੰਟਕ = ਕੰਡਾ ਦੁੱਖ ਦੇਣ ਵਾਲਾ, ਪੁਹਪ = ਫੁੱਲ ਸੁਗੰਧੀ ਦੇਣ ਵਾਲਾ, ਸੈਲ = ਪੱਥਰ ਵੱਜ ਕੇ ਦੁੱਖ ਦੇਣ ਵਾਲਾ ਤੇ ਘਟਿਕਾ = ਘੜਾ ਠੰਢਾ ਜਲ ਦੇਣ ਵਾਲਾ, ਸਨਾਹ = ਸੰਜੋਅ ਮੌਤ ਤੋਂ ਰੱਖਿਆ ਕਰਨ ਵਾਲੀ ਤੇ ਸ਼ਸਤਰ ਪ੍ਰਾਣ ਘਾਤ ਕਰਨ ਵਾਲਾ, ਹੰਸ ਨਿਰਮਲ ਬੁੱਧ ਵਾਲਾ, ਕਾਗ = ਕਾਂ ਗੰਦਗੀ ਖਾਣ ਵਾਲਾ ਤੇ ਬਗ = ਬਗਲਾ ਡੱਡੀਆਂ, ਮੱਛੀਆਂ ਖਾਣ ਵਾਲਾ, ਬਿਆਧ = ਸ਼ਿਕਾਰੀ, ਹਿਰਨ ਨੂੰ ਮਾਰਨ ਵਾਲਾ ਤੇ ਮ੍ਰਿਗ = ਹਿਰਨ ਆਪਣੀ ਕਸਤੂਰੀ ਤੇ ਖੱਲ ਦੇ ਕੇ ਸੁਖ ਦੇਣ ਵਾਲਾ ਹੁਇ = ਹੋ ਕੇ ਇਹ ਸਾਰੇ ਬੁਰਾ ਤੇ ਭਲਾ ਹੋਣ ਦਾ ਨਿਬਰਤ = ਨਿਬੇੜਾ ਕਰਦੇ ਹਨ ਕਿ ਦੁਰਮਤਿ ਨੂੰ ਧਾਰਨ ਕਰਨ ਵਾਲੇ ਮਨਮੁਖ ਦੁੱਖ ਦੇਣ ਵਾਲੇ ਤੇ ਗੁਰਮਤਿ ਨੂੰ ਧਾਰਨ ਕਰਨ ਵਾਲੇ ਗੁਰਮੁਖ ਸੁਖ ਦੇਣ ਵਾਲੇ ਹੁੰਦੇ ਹਨ। ਜੈਸਾ ਕਿ :

ਕੂੜ ਕਪਟ ਹਥਿਆਰ ਜਿਉਂ ਸਚ ਰਖਵਾਲਾ ਮਿਲਹ ਸੰਜੋਆ।

(ਭਾਈ ਗੁਰਦਾਸ ਜੀ, ਵਾਰ ੩੦, ਪਉੜੀ ੧੦)

ਬਧਿਕ ਨਾਦ ਸੁਣਾਇ ਕੈ ਜਿਉ ਮਿਰਗ ਵਿਣਾਹੈ। *(ਭਾਈ ਗੁਰਦਾਸ ਜੀ, ਵਾਰ ੩੬, ਪਉੜੀ ੬)*

ਬਗਲੇ ਹੰਸ ਬਰਾਬਰੀ ਕਿਉ ਮਿਕਨਿ ਮਿਕੈ। *(ਭਾਈ ਗੁਰਦਾਸ ਜੀ, ਵਾਰ ੩੬, ਪਉੜੀ ੮)*

ਲੋਸਟ ਕਨਿਕ ਸੀਪ ਸੰਖ ਮਧੁ ਕਾਲਕੂਟ;
ਸੁਖ ਦੁਖਦਾਇਕ ਸੰਸਾਰ ਬਿਚਰਤ ਹੈ॥੨੬੮॥

ਜਿਵੇਂ ਲੋਸਟ = ਲੋਹਾ ਸ਼ਸਤਰ, ਪੈਰਾਂ ਵਿਚ ਪੈਣ ਵਾਲੀਆਂ ਬੇੜੀਆਂ ਆਦਿ ਬਣ ਕੇ ਦੁਖਦਾਇਕ = ਦੁੱਖ ਦੇਣ ਵਾਲਾ ਹੁੰਦਾ ਹੈ ਤੇ ਕਨਿਕ = ਸੋਨਾ ਗ਼ਰੀਬੀ ਦੇ ਸਮੇਂ ਦੁੱਖਾਂ ਤੋਂ ਬਚਾ ਕੇ ਸੁਖ = ਆਨੰਦ ਦੇਣ ਵਾਲਾ ਹੁੰਦਾ ਹੈ ਅਤੇ ਸੀਪ = ਸਿੱਪ ਰਤਨਾਂ ਦੀ ਖਾਣ ਸਮੁੰਦਰ ਵਿਚ ਰਹਿ ਕੇ ਆਪਣੇ ਸੁਭਾਅ ਅਨੁਸਾਰ ਮੋਤੀ ਪੈਦਾ ਕਰਨ ਵਾਲਾ ਹੁੰਦਾ ਹੈ ਤੇ ਸੰਖ ਬੇਚੈਨ ਕਰਨ ਵਾਲਾ ਹੁੰਦਾ ਹੈ, ਮਧੁ = ਅੰਮ੍ਰਿਤ ਅਮਰ ਕਰਨ ਵਾਲਾ ਤੇ ਕਾਲਕੂਟ = ਜ਼ਹਿਰ ਮਾਰਨ ਵਾਲੀ ਹੁੰਦੀ ਹੈ, ਇਸੇ ਪ੍ਰਕਾਰ ਸੰਸਾਰ = ਜਗਤ ਵਿਚ ਗੁਰਮੁਖ ਜਨ ਸੁਖ ਦੇਣ ਵਾਲੇ ਹੋ ਕੇ ਬਿਚਰਤ = ਵਿਚਰਦੇ ਹੈ = ਹਨ ਤੇ ਮਨਮੁਖ ਸੰਸਾਰ ਵਿਚ (ਦੁਖ + ਦਾਇਕ) ਦੁਖ ਦਾਇਕ = ਦੇਣ ਵਾਲੇ ਹੋ ਕੇ ਵਿਚਰਦੇ ਹਨ॥੨੬੮॥

ਦਾਦਰ ਸਰੋਜ, ਬਾਂਸ ਬਾਵਨ, ਮਰਾਲ ਬਗ;
ਪਾਰਸ ਪਖਾਨ, ਬਿਖੁ ਅੰਮ੍ਰਿਤ ਸੰਜੋਗ ਹੈ॥

ਦਾਦਰ = ਡੱਡੂ ਨੂੰ ਸਰੋਜ = ਕਮਲ ਫੁੱਲ ਦਾ, ਬਾਂਸ ਨੂੰ ਬਾਵਨ = ਬਵੰਜਾ ਉਂਗਲ ਦੇ ਚੰਦਨ ਬ੍ਰਿਛ ਦਾ, ਬਗ = ਬਗਲੇ ਨੂੰ ਮਰਾਲ = ਹੰਸ ਦਾ, ਪਖਾਨ = ਪੱਥਰ ਨੂੰ ਪਾਰਸ ਦਾ, ਬਿਖੁ = ਜ਼ਹਿਰ ਨੂੰ ਅੰਮ੍ਰਿਤ ਦਾ ਭਾਵੇਂ

ਇਨ੍ਹਾਂ ਸਭਨਾਂ ਦਾ ਆਪਸ ਵਿਚਦੀ ਸੰਜੋਗ = ਮਿਲਾਪ ਹੋ ਜਾਵੇ, ਫੇਰ ਵੀ ਇਹ ਆਪੋ-ਆਪਣਾ ਸੁਭਾਅ ਨਹੀਂ ਛੱਡਦੇ ਹੈ = ਹਨ। ਜੈਸਾ ਕਿ :

੧. **ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਬੂਡਹੁ ਕੋਇ॥**
ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥ *(ਭਗਤ ਕਬੀਰ ਜੀ, ਅੰਗ ੧੩੬੫)*

੨. **ਵਾਸ ਨ ਆਵੈ ਵਾਂਸ ਨੋ ਹਉਮੈ ਅਗ ਨ ਚੰਨਣ ਵਾੜੀ।** *(ਭਾਈ ਗੁਰਦਾਸ ਜੀ, ਵਾਰ ੩੨, ਪਉੜੀ ੪)*

੩. **ਸਾਕਤ ਦਾਦਰ ਜਲ ਮਹਿੰ ਬਾਸਾ। ਗੁਰ ਗੁਨ ਕਮਲ ਸਾਰ ਨਹਿੰ ਤਾਸਾ।**
(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੨)

ਮ੍ਰਿਗ ਮ੍ਰਿਗਮਦ, ਅਹਿ ਮਨਿ, ਮਧੁ ਮਾਖੀ ਸਾਖੀ;
ਬਾਂਝ ਬਧੂ ਨਾਹ ਨੇਹ ਨਿਹਫਲ ਭੋਗ ਹੈ॥

ਮ੍ਰਿਗ = ਹਿਰਨ ਦੀ ਨਾਭੀ, ਧੁਨੀ ਵਿਚ ਮ੍ਰਿਗਮਦ = ਕਸਤੂਰੀ ਹੈ, ਅਹਿ = ਸੱਪ ਕੋਲ ਮਨਿ = ਮਣੀ ਹੈ, ਮਾਖੀ = ਮੱਖੀ ਹਰ ਵਕਤ ਸਾਖੀ = ਪ੍ਰਤੱਖ ਹੀ ਮਧੁ = ਸ਼ਹਿਦ ਕੋਲ ਹੈ, ਬਾਂਝ = ਪੁੱਤਰ, ਔਲਾਦ ਤੋਂ ਹੀਣੀ ਬਧੂ = ਇਸਤਰੀ ਦਾ ਨਾਹ = ਪਤੀ ਨਾਲ ਨੇਹ = ਪ੍ਰੇਮ ਹੁੰਦਾ ਹੈ, ਪਰੰਤੂ ਮੱਧਰਾਤਰੀ ਦੇ ਆਨੰਦ ਦਾ ਥੋੜ੍ਹੇ ਮਾਤਰ ਵੀ ਪੁੱਤਰ ਆਦਿਕ ਨਿਹਫਲ = ਫਲ ਤੋਂ ਰਹਿਤ ਹੁੰਦੀ ਹੈ ਭਾਵ ਔਲਾਦ ਦੀ ਪ੍ਰਾਪਤੀ ਰੂਪ ਫਲ ਨਹੀਂ ਮਿਲਦਾ ਅਰਥਾਤ ਜੇ ਇਕੱਠਿਆਂ ਰਹਿਣ ਕਰਕੇ ਔਲਾਦ ਰੂਪ ਫਲ ਦੀ ਪ੍ਰਾਪਤੀ ਹੋਵੇ ਤਾਂ ਇਸਤਰੀ ਨੂੰ ਪਤੀ ਕੋਲੋਂ ਪੁੱਤਰ ਦੀ ਪ੍ਰਾਪਤੀ ਹੋਵੇ, ਹਿਰਨ ਨੂੰ ਕਸਤੂਰੀ ਦੀ ਸੁਗੰਧੀ ਆਵੇ, ਸੱਪ ਨੂੰ ਮਣੀ ਦਾ ਸੁਖ ਹੋਵੇ ਤੇ ਮੱਖੀ ਨੂੰ ਸ਼ਹਿਦ ਦਾ ਸੁਖ ਹੋਵੇ ਪਰ ਐਸਾ ਹੋ ਨਹੀਂ ਸਕਦਾ ਭਾਵ ਇਨ੍ਹਾਂ ਸਾਰਿਆਂ ਨੂੰ, ਜੋ ਇਨ੍ਹਾਂ ਕੋਲ ਵਸਤੂਆਂ ਹਨ, ਉਨ੍ਹਾਂ ਦਾ ਸੁਖ ਨਹੀਂ ਮਿਲਦਾ। ਜੈਸਾ ਕਿ :

ਨਾਭਿ ਕਥੂਰੀ ਮਿਰਗ ਦੈ ਫਿਰਦਾ ਹੈਰਾਣੈ॥ *(ਭਾਈ ਗੁਰਦਾਸ ਜੀ, ਵਾਰ ੩੪, ਪਉੜੀ ੪)*

ਦਿਨਕਰ ਜੋਤਿ ਉਲੂ, ਬਰਖੈ ਸਮੈ ਜਵਾਸੋ;
ਅਸਨ ਬਸਨ ਜੈਸੇ ਬ੍ਰਿਥਾਵੰਤ ਰੋਗ ਹੈ॥

ਅਜਿਹਾ ਹੀ ਦਿਨਕਰ = ਸੂਰਜ ਦਾ ਜੋਤਿ = ਪ੍ਰਕਾਸ਼ ਉੱਲੂ ਨੂੰ, ਬਰਖੈ = ਬਰਸਾਤ ਦੇ ਸਮੈ = ਵਕਤ ਜਵਾਸੋ = ਜਵਾਹਾਂ ਨੂੰ ਅਤੇ ਜੈਸੇ = ਜਿਸ ਪ੍ਰਕਾਰ ਅਸਨ = ਅੰਨ, ਬਸਨ = ਬਸਤਰ ਰੋਗ = ਬਿਮਾਰ ਪੁਰਖ ਨੂੰ ਬ੍ਰਿਥਾਵੰਤ = ਦੁੱਖ ਦੇਣ ਵਾਲੇ ਹਨ। ਜੈਸਾ ਕਿ :

ਸਚ ਸੂਰਜ ਪ੍ਰਕਾਸ਼ ਹੈ ਕੂੜਹੁ ਘੁਘੂ ਕੁਝ ਨ ਸੁਝੈ। *(ਭਾਈ ਗੁਰਦਾਸ ਜੀ, ਵਾਰ ੩੦, ਪਉੜੀ ੧੧)*

ਸੁਝਹੁੰ ਸੁਝਨ ਤਿੰਨ ਲੋਅ ਅੰਨੇ ਘੁਘੂ ਸੁਝ ਨ ਸੁਝੈ। *(ਭਾਈ ਗੁਰਦਾਸ ਜੀ, ਵਾਰ ੩੧, ਪਉੜੀ ੨)*

ਸਾਵਣ ਵਣ ਹਰੀਆਵਲੇ ਸੁਕੈ ਜਾਵਾਹਾ। *(ਭਾਈ ਗੁਰਦਾਸ ਜੀ, ਵਾਰ ੩੪, ਪਉੜੀ ੫)*

ਤੈਸੇ ਗੁਰਮਤਿ ਬੀਜ ਜਮਤ ਨ ਕਾਲਰ ਮੈ;
ਅੰਕੁਰ ਉਦੋਤ ਹੋਤ ਨਾਹਿਨ, ਬਿਓਗ ਹੈ॥੨੯੯॥

ਤੈਸੇ = ਉਸੇ ਤਰ੍ਹਾਂ ਗੁਰਮਤਿ = ਗੁਰ ਸਿੱਖਿਆ ਰੂਪ ਬੀਜ ਕੱਲਰੀ ਜ਼ਮੀਨ ਵਤ ਨਿਸ਼ਰਧਕ ਹਿਰਦੇ

ਮੈ = ਵਿਚ ਜਮਤ = ਉੱਗਦਾ ਨ = ਨਹੀਂ ਹੈ, ਇਥੋਂ ਤਕ ਕਿ ਅੰਕੁਰ = ਅੰਗੂਰ (ਕਰੂਮਲ) ਵੀ ਉਦੋਤ = ਪ੍ਰਗਟ ਨਾਹਿਨ = ਨਹੀਂ ਹੋਤ = ਹੁੰਦਾ, ਇਸੇ ਕਰਕੇ ਮਨਮੁਖ ਪੁਰਖ ਦਾ ਸਦਾ ਹੀ ਪਰਮੇਸ਼ਰ ਨਾਲੋਂ ਬਿਓਗ = ਵਿਛੋੜਾ ਪਿਆ ਰਹਿੰਦਾ ਹੈ। ਜੈਸਾ ਕਿ :

ਕਲਰ ਖੇਤ ਨ ਜੰਮਈ ਘਨਹਰ ਵਰਸੰਤੈ। *(ਭਾਈ ਗੁਰਦਾਸ ਜੀ, ਵਾਰ ੩੫, ਪਉੜੀ ੭)*

ਸੰਗਮ ਸੰਜੋਗ ਪ੍ਰੇਮ ਨੇਮ ਕਉ ਪਤੰਗੁ ਜਾਨੈ;
ਬਿਰਹ ਬਿਓਗ ਸੋਗ ਮੀਨ ਭਲ ਜਾਨਈ ॥

ਪ੍ਰੇਮ = ਸਨੇਹ ਦੇ ਨੇਮ = ਨਿਯਮ ਕਉ = ਨੂੰ ਦੀਵੇ ਸੰਗਮ = ਨਾਲ ਸੰਜੋਗ = ਮਿਲ ਕਰਕੇ ਸੜ ਮਰਨਾ ਪਤੰਗਾ ਜਾਨੈ = ਜਾਣਦਾ ਹੈ ਅਤੇ ਪਾਣੀ ਨਾਲੋਂ ਬਿਰਹ = ਵਿੱਛੜ ਕੇ ਬਿਓਗ = ਵਿਛੋੜੇ ਦੇ ਸੋਗ = ਗ਼ਮ ਨੂੰ ਮੀਨ = ਮੱਛੀ ਭਲ = ਚੰਗੀ ਤਰ੍ਹਾਂ ਜਾਨਈ = ਜਾਣਦੀ ਹੈ।

ਇਕ ਟਕ ਦੀਪਕ ਧਿਆਨ ਪ੍ਰਾਨ ਪਰਹਰੈ;
ਸਲਿਲ ਬਿਓਗ ਮੀਨ ਜੀਵਨ ਨ ਮਾਨਈ ॥

ਪਤੰਗਾ ਇਕ ਆਪਣੀ ਟਕ = ਆਦਤ ਅਨੁਸਾਰ ਦੀਪਕ = ਦੀਵੇ ਦੇ ਵਿਚ ਧਿਆਨ = ਖ਼ਿਆਲ ਲਾਉਣ ਕਰਕੇ ਆਪਣੇ ਪ੍ਰਾਨ = ਪ੍ਰਾਣਾਂ ਨੂੰ ਪਰਹਰੈ = ਤਿਆਗ ਦਿੰਦਾ ਹੈ ਅਤੇ ਸਲਿਲ = ਪਾਣੀ ਦੇ ਬਿਓਗ = ਵਿਛੋੜੇ ਕਰਕੇ ਮੀਨ = ਮੱਛੀ ਆਪਣੀ ਜੀਵਨ = ਜ਼ਿੰਦਗੀ ਨੂੰ ਚੰਗਾ ਨ = ਨਹੀਂ ਮਾਨਈ = ਮੰਨਦੀ। ਜੈਸਾ ਕਿ :

ਦੀਪਕ ਜੋਤਿ ਪਤੰਗਨੋ ਦੁਰਜਨ ਜਿਉ ਦਾਹੈ। *(ਭਾਈ ਗੁਰਦਾਸ ਜੀ, ਵਾਰ ੩੬, ਪਉੜੀ ੬)*

ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥ *(ਸੋਰਠਿ ਰਵਿਦਾਸ ਜੀ, ਅੰਗ ੬੫੯)*

ਚਰਨ ਕਮਲ ਮਿਲਿ ਬਿਛੁਰੈ ਮਧੁਪ-ਮਨ;
ਕਪਟ ਸਨੇਹ ਧ੍ਰਿਗੁ ਜਨਮ ਅਗਿਆਨਈ ॥

ਉਪਰੋਕਤ ਤੁਕਾਂ ਵਿਚ ਪਤੰਗੇ ਦੀ ਦੀਵੇ ਨਾਲ ਤੇ ਮੱਛੀ ਦੀ ਪਾਣੀ ਨਾਲ ਪ੍ਰੇਮ ਦੀ ਦਸ਼ਾ ਕਥਨ ਕੀਤੀ ਹੈ, ਪਰ ਅਫ਼ਸੋਸ ਹੈ ਉਸ ਪੁਰਖ ਲਈ ਜਿਸ ਨੇ ਆਪਣੇ ਮਨ ਨੂੰ ਮਧੁਪ = ਭੌਰਾ ਬਣਾ ਕੇ ਗੁਰਾਂ ਦੇ ਚਰਨਾਂ ਕਮਲਾਂ ਦੇ ਮਿਲਿ = ਮਿਲਾਪ ਨੂੰ ਪ੍ਰਾਪਤ ਕਰ ਕੇ ਭਾਵ ਗੁਰਾਂ ਦੇ ਚਰਨਾਂ ਕਮਲਾਂ ਦਾ ਪ੍ਰੇਮੀ ਬਣ ਕੇ ਫੇਰ ਵੀ ਬੇਮੁਖਤਾ ਧਾਰ ਕਰਕੇ ਬਿਛੁਰੈ = ਵਿੱਛੜ ਜਾਵੇ। ਐਸੇ ਅਗਿਆਨਈ = ਅਗਿਆਤ, ਬੇਸਮਝ ਪੁਰਖ ਦਾ ਮਨੁੱਖ ਜਨਮ ਵਿਚ ਆਉਣਾ ਧ੍ਰਿਗੁ = ਧ੍ਰਿਕਾਰ ਯੋਗ ਹੈ ਕਿਉਂਕਿ ਉਸ ਦਾ ਸਨੇਹ = ਪ੍ਰੇਮ ਕੇਵਲ ਕਪਟ = ਛਲ ਮਾਤਰ ਹੀ ਸੀ।

ਨਿਹਫਲ ਜੀਵਨ ਮਰਨ ਗੁਰ ਬਿਮੁਖ ਹੁਇ;
ਪ੍ਰੇਮ ਅਰੁ ਬਿਰਹ ਨ ਦੋਊ ਉਰ ਆਨਈ ॥੩੦੦॥

ਗੁਰ = ਸਤਿਗੁਰੂ ਸਾਹਿਬ ਤੋਂ ਬੇਮੁਖ ਪੁਰਖ ਦਾ ਜੀਵਨ = ਜ਼ਿੰਦਗੀ ਦੇ ਸ਼ੁਰੂ ਹੋਣ ਤੋਂ ਲੈ ਕੇ ਮਰਨ ਤਕ

ਸਾਰਾ ਹੀ ਜੀਵਨ ਨਿਹਫਲ = ਅਫਲ, ਫਲ ਤੋਂ ਰਹਿਤ ਹੁਇ = ਹੁੰਦਾ ਹੈ, ਕਿਉਂਕਿ ਮਨਮੁਖ ਪੁਰਖ ਪ੍ਰੇਮ = ਸਨੇਹ ਅਰੁ = ਅਤੇ ਬਿਰਹ = ਵਿਛੋੜੇ ਦੋਊ = ਦੋਹਾਂ ਵਿੱਚੋਂ ਕਿਸੇ ਵੀ ਅਵਸਥਾ ਨੂੰ ਆਪਣੇ ਉਰ = ਹਿਰਦੇ ਵਿਚ ਨ = ਨਹੀਂ ਆਨਈ = ਲਿਆਉਂਦਾ ॥੩੦੦॥

ਦ੍ਰਿਸਟਿ ਦਰਸ ਲਿਵ ਦੇਖੈ ਅਉ ਦਿਖਾਵੈ ਸੋਈ;
ਸਰਬ ਦਰਸ ਏਕ ਦਰਸ ਕੈ ਜਾਨੀਐ ॥

ਗੁਰਮੁਖ ਜਨ ਪਰਮੇਸ਼ਰ, ਗੁਰਾਂ ਦੇ ਦਰਸ = ਦਰਸ਼ਨ ਵਿਚ ਆਪਣੀ ਦ੍ਰਿਸਟਿ = ਦ੍ਰਿਸ਼ਟੀ ਦੀ ਲਿਵ = ਬਿਰਤੀ ਨੂੰ ਇਸਥਿਤ ਕਰਦੇ ਹਨ ਅਤੇ ਸੋਈ = ਉਸ ਪਰਮੇਸ਼ਰ ਦੇ ਆਪ ਦ੍ਰਿਸ਼ਟੀ ਨਾਲ ਦਰਸਨ ਦੇਖੈ = ਵੇਖਣਾ ਕਰਦੇ ਹਨ ਅਉ = ਅਤੇ ਹੋਰਨਾਂ ਨੂੰ ਦਿਖਾਵੈ = ਦਿਖਾਉਣਾ ਕਰਦੇ ਹਨ ਅਤੇ ਸਰਬ = ਸਾਰਿਆਂ ਦਰਸ = ਦਰਸ਼ਨਾਂ ਨੂੰ ਏਕ = ਇਕ ਪਰਮੇਸ਼ਰ, ਗੁਰਾਂ ਦਾ ਦਰਸ = ਦਰਸ਼ਨ ਕੈ = ਕਰਕੇ ਜਾਨੀਐ = ਜਾਨਣਾ ਕਰਦੇ ਹਨ
ਵਾ: ਗੁਰਮੁਖ ਜਨਾਂ ਨੇ ਸਰਬ = ਸਾਰੇ ਦਰਸ਼ਨ ਇਕ ਪਰਮੇਸ਼ਰ ਦੇ ਦਰਸ਼ਨ ਵਿਚ ਹੀ ਲੀਨ ਜਾਣ ਲਏ ਹਨ।

ਸਬਦ ਸੁਰਤਿ ਲਿਵ ਕਹਤ ਸੁਨਤ ਸੋਈ;
ਸਰਬ ਸਬਦ ਏਕ ਸਬਦ ਕੈ ਮਾਨੀਐ ॥

ਗੁਰਮੁਖ ਜਨ ਗੁਰ ਸਬਦ = ਉਪਦੇਸ਼ ਨੂੰ ਕਮਾ ਕੇ ਸੋਈ = ਉਸ ਵਾਹਿਗੁਰੂ ਦੀ ਪ੍ਰਾਪਤੀ ਵਾਲੇ ਉਪਦੇਸ਼ ਨੂੰ ਹੋਰਨਾਂ ਤਾਈਂ ਕਹਤ = ਕਥਨ ਕਰ ਕੇ ਸੁਣਾਉਂਦੇ ਹਨ ਤੇ ਅਧਿਕਾਰੀ ਜਨ ਚਿੱਤ ਦੀ ਲਿਵ = ਬਿਰਤੀ ਲਾ ਕੇ ਉਸ ਉਪਦੇਸ਼ ਨੂੰ ਸੁਰਤਿ = ਕੰਨਾਂ ਨਾਲ ਸੁਨਤ = ਸੁਣਦੇ ਹਨ। ਇਉਂ ਗੁਰਮੁਖ ਜਨ ਸਰਬ = ਸਾਰਿਆਂ ਸਬਦ = ਉਪਦੇਸ਼ਾਂ ਨੂੰ ਇਕ ਸਬਦ = ਉਪਦੇਸ਼ ਕੈ = ਕਰਕੇ ਮਾਨੀਐ = ਮੰਨਣਾ ਕਰਦੇ ਹਨ **ਵਾ:** ਜੋ ਏਕ = ਅਦੁੱਤੀ ਸਬਦ = ਬ੍ਰਹਮ ਹੈ, ਗੁਰਮੁਖ ਜਨ ਉਸ ਸਬਦ = ਬ੍ਰਹਮ ਨੂੰ ਸਰਬ = ਸਾਰੇ ਰਮਿਆ ਹੋਇਆ ਮਾਨੀਐ = ਮੰਨਣਾ ਕੈ = ਕਰਦੇ ਹਨ।

ਕਾਰਨ ਕਰਨ ਕਰਤਗਿ ਸਰਬਗਿ ਸੋਈ;
ਕਰਮ ਕਰਤੂਤਿ ਕਰਤਾਰੁ ਪਹਿਚਾਨੀਐ ॥

ਗੁਰਮੁਖ ਜਨਾਂ ਨੂੰ ਐਸਾ ਨਿਸ਼ਚਾ ਹੈ ਕਿ ਸੋਈ = ਉਹ ਪਰਮੇਸ਼ਰ ਸਰਬਗਿ = ਸਾਰਿਆਂ ਕਰਤਗਿ = ਕਾਰਜਾਂ ਦੇ ਕਰਨ ਵਾਲਾ ਕਾਰਨ = ਕਾਰਜ ਰੂਪ ਆਪ ਹੀ ਹੈ ਤੇ ਸ੍ਰਿਸ਼ਟ ਕਰਮ = ਕਾਰਜਾਂ ਦੀ ਕਰਤੂਤਿ = ਕਰਣੀ ਵੀ ਕਰਤਾਰੁ = ਪਰਮੇਸ਼ਰ ਨੂੰ ਹੀ ਪਹਿਚਾਨੀਐ = ਜਾਨਣਾ ਕਰਦੇ ਹਨ।

ਸਤਿਗੁਰ ਗਿਆਨ ਧਿਆਨ ਏਕ ਹੀ ਅਨੇਕ ਮੇਕ;
ਬ੍ਰਹਮ ਬਿਬੇਕ ਟੇਕ ਏਕੈ ਉਰਿ ਆਨੀਐ ॥੩੦੧॥

ਸਤਿਗੁਰ = ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਗਿਆਨ ਤੇ ਧਿਆਨ ਦੀ ਪ੍ਰਾਪਤੀ ਕਰ ਕੇ ਏਕ = ਇਕ ਪਰਮੇਸ਼ਰ ਨੂੰ ਹੀ ਅਨੇਕ = ਅਨੰਤ ਜੀਵਾਂ ਵਿਚ ਮੇਕ = ਮਿਲਿਆ ਹੋਇਆ ਜਾਣਦੇ ਹਨ ਅਤੇ ਬ੍ਰਹਮ = ਪਰਮੇਸ਼ਰ ਦੇ ਬਿਬੇਕ = ਵਿਚਾਰ ਦੀ ਟੇਕ = ਓਟ ਏਕੈ = ਇੱਕੋ ਹੀ ਆਪਣੇ ਉਰਿ = ਹਿਰਦੇ ਵਿਚ ਆਨੀਐ = ਲਿਆਉਣਾ ਕਰਦੇ ਹਨ ॥੩੦੧॥

ਕਿੰਚਤ ਕਟਾਛ ਮਾਇਆ ਮੋਹੇ ਬ੍ਰਹਮੰਡ ਖੰਡ;
ਸਾਧ ਸੰਗ ਰੰਗ ਮੈ ਬਿਮੋਹਿਤ ਮਗਨ ਹੈ॥

ਜਿਸ ਪ੍ਰਭੂ ਦੀ ਕਿੰਚਤ = ਥੋੜ੍ਹੀ ਜਿਹੀ ਕਟਾਛ = ਮਿਹਰ ਭਰੀ ਦ੍ਰਿਸ਼ਟੀ ਨਾਲ ਮਾਇਆ ਨੇ ਸਾਰੇ ਬ੍ਰਹਿਮੰਡਾਂ ਖੰਡਾਂ ਨੂੰ ਮੋਹੇ = ਮੋਹਿਤ ਕਰ ਲਿਆ ਹੈ, ਪਰ ਉਹ ਵਾਹਿਗੁਰੂ ਸਾਧ = ਸ੍ਰੇਸ਼ਟ ਗੁਰਮੁਖ ਜਨਾਂ ਦੀ ਸੰਗ = ਸੰਗਤ ਦੇ ਰੰਗ = ਪ੍ਰੇਮ ਮੈ = ਵਿਚ ਬਿਮੋਹਿਤ (ਬਿ + ਮੋਹਿਤ) ਬਿ = ਵਿਸ਼ੇਸ਼ ਕਰਕੇ ਮੋਹਿਤ ਹੋ ਕੇ ਮਗਨ = ਲੀਨ ਰਹਿੰਦਾ ਹੈ ਭਾਵ ਸਾਧਸੰਗਤ ਵਿਚ ਸਮਾਇਆ ਰਹਿੰਦਾ ਹੈ।

ਜਾ ਕੈ ਓਅੰਕਾਰ ਕੈ ਅਕਾਰ ਹੈ ਨਾਨਾ ਪ੍ਰਕਾਰ;
ਕੀਰਤਨ ਸਮੈ ਸਾਧ ਸੰਗਿ ਸੌ ਲਗਨ ਹੈ॥

ਜਾ = ਜਿਸ ਪਰਮੇਸ਼ਰ ਕੈ = ਦੇ ਓਅੰਕਾਰ ਸ਼ਬਦ ਕੈ = ਦੇ ਉਚਾਰਨ ਕਰਨੇ ਕਰਕੇ ਨਾਨਾ = ਬਹੁਤ ਪ੍ਰਕਾਰ = ਤਰ੍ਹਾਂ ਦੇ ਅਕਾਰ ਵਾਲੇ ਜੀਵਾਂ ਵਾਲੀ ਸ੍ਰਿਸ਼ਟੀ ਪੈਦਾ ਹੋਈ ਹੈ, ਉਹ ਪਰਮੇਸ਼ਰ ਸਾਖਸ਼ਾਤ ਆਪ ਕੀਰਤਨ = ਜੱਸ ਕਰਨ ਦੇ ਸਮੈ = ਵਕਤ ਸਾਧ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ ਸੌ = ਨਾਲ ਲਗਨ = ਪ੍ਰੀਤੀ ਕਰਦਾ ਹੈ **ਵਾ:** ਸਾਧਸੰਗਤ ਨਾਲ ਪਰਚਿਆ ਹੋਇਆ ਹੁੰਦਾ ਹੈ। ਜੈਸਾ ਕਿ :

ਸਾਧਸੰਗਤਿ ਮਹਿ ਬਸੇ ਗੁਪਾਲ॥ *(ਪ੍ਰਭਾਤੀ ਮ: ੫, ਅੰਗ ੧੩੩੭)*

ਸਿਵ ਸਨਕਾਦਿ ਬ੍ਰਹਮਾਦਿ ਆਗਿਆਕਾਰੀ ਜਾ ਕੇ;
ਅਗ੍ਰਭਾਗ ਸਾਧ ਸੰਗ ਗੁਨਨੁ ਅਗਨ ਹੈ॥

ਜਾ = ਜਿਸ ਪਰਮੇਸ਼ਰ ਕੇ = ਦੇ ਸਿਵ = ਰੁਦਰ, ਸਨਕਾਦਿ = ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ ਤੇ ਬ੍ਰਹਮਾਦਿ = ਬ੍ਰਹਮਾ ਆਦਿ ਵਰਗੇ ਹੋਰ ਦੇਵਤੇ ਆਗਿਆਕਾਰੀ = ਆਗਿਆ ਮੰਨਣ ਵਾਲੇ ਅਗ੍ਰਭਾਗ = ਅਗਲੇ ਹਿੱਸੇ ਭਾਵ ਸਨਮੁਖ ਖੜੇ ਰਹਿੰਦੇ ਹਨ, ਉਨ੍ਹਾਂ ਪਾਸੋਂ ਵੀ ਸਾਧ ਸੰਗ = ਸਤਿਸੰਗਤ ਦੇ ਗੁਨਨੁ = ਗੁਣ ਅਗਨ = ਗਿਣਤੀ ਤੋਂ ਰਹਿਤ ਕਰ ਕੇ ਗਿਣੇ ਨਹੀਂ ਜਾਂਦੇ ਹੈ = ਹਨ।

ਅਗਮ ਅਪਾਰ, ਸਾਧ ਮਹਿਮਾ ਅਪਾਰ ਬਿਖੈ;
ਅਤਿ ਲਿਵਲੀਨ ਜਲ ਮੀਨ ਅਭਗਨ ਹੈ॥੩੦੨॥

ਜਿਵੇਂ ਮੀਨ = ਮੱਛੀ ਜਲ = ਪਾਣੀ ਵਿਚ ਲਿਵਲੀਨ ਰਹਿੰਦੀ ਹੈ, ਇਸੇ ਤਰ੍ਹਾਂ ਹੀ ਸਾਧਸੰਗਤਿ ਅਗਮ = ਗੰਮਤਾ ਤੋਂ ਰਹਿਤ ਅਪਾਰ = ਬੇਅੰਤ ਪਰਮੇਸ਼ਰ ਵਿਚ ਬਿਰਤੀ ਲਾ ਕੇ ਅਭਗਨ = ਇਕ-ਰਸ ਮਗਨ ਰਹਿੰਦੀ ਹੈ, ਇਸ ਲਈ ਸਾਧਸੰਗਤਿ ਦੀ ਮਹਿਮਾ = ਉਪਮਾ ਅਤਿ = ਅਤਿਅੰਤ ਹੈ॥੩੦੨॥

ਅੱਗੇ ਭਾਈ ਸਾਹਿਬ ਜੀ ਪੌਰਾਣਿਕ ਪ੍ਰਸੰਗ ਅਨੁਸਾਰ ਕਥਨ ਕਰਦੇ ਹਨ ਕਿ ਇਕ ਵਾਰ ਵਿਸ਼ਨੂੰ ਭਗਵਾਨ ਨੂੰ ਨਾਰਦ ਮੁਨੀ ਨੇ ਪੁੱਛਿਆ ਕਿ ਤੁਹਾਡਾ ਰਹਿਣ ਦਾ ਅਸਲ ਟਿਕਾਣਾ ਕਿਹੜਾ ਹੈ ਤਾਂ ਵਿਸ਼ਨੂੰ ਜੀ ਨੇ ਅੱਗੇ ਨਾਰਦ ਨੂੰ ਕਿਹਾ ਸੀ ਕਿ ਮੇਰਾ ਅਸਲੀ ਘਰ ਸਤਿਸੰਗਤ ਹੈ। ਮੇਰਾ ਸਤਿਸੰਗਤ ਵਿਚ ਹੀ ਸਦਾ ਵਾਸਾ ਰਹਿੰਦਾ ਹੈ, ਇਹ ਪੁਰਾਣਾਂ ਵਿਚ ਪ੍ਰਸੰਗ ਕਥਨ ਹੈ, ਉਸੇ ਦੀ ਪੁਸ਼ਟੀ ਕਰਦੇ ਹੋਏ ਭਾਈ ਸਾਹਿਬ ਜੀ ਕਥਨ ਕਰਦੇ ਹਨ :

ਨਿਜ ਘਰ ਮੇਰੋ ਸਾਧ ਸੰਗਤਿ, ਨਾਰਦ ਮੁਨਿ;
ਦਰਸਨ ਸਾਧ ਸੰਗ ਮੇਰੋ ਨਿਜਰੂਪ ਹੈ॥

ਹੇ ਨਾਰਦ ਮੁਨੀ ਜੀ! ਸਾਧਸੰਗਤਿ = ਸਤਿਸੰਗਤ ਹੀ ਮੇਰੋ = ਮੇਰਾ ਨਿਜ = ਆਪਣਾ ਘਰ = ਗ੍ਰਿਹ ਹੈ ਅਤੇ ਸਾਧ ਸੰਗ = ਸਤਿਸੰਗਤ ਦਾ ਦਰਸਨ = ਦੀਦਾਰ ਹੀ ਮੇਰੋ = ਮੇਰਾ ਨਿਜਰੂਪ = ਆਪਣਾ ਸਰੂਪ ਹੈ।

ਸਾਧਸੰਗਿ ਮੇਰੋ ਮਾਤਾ ਪਿਤਾ ਅਉ ਕੁਟੰਬ ਸਖਾ;
ਸਾਧਸੰਗਿ ਮੇਰੋ ਸੁਤੁ ਸ੍ਰੇਸਟ ਅਨੂਪੁ ਹੈ॥

ਹੇ ਨਾਰਦ ਮੁਨੀ! ਸਾਧਸੰਗਿ = ਸਤਿਸੰਗਤ ਹੀ ਮੇਰੋ = ਮੇਰੀ ਮਾਤਾ = ਮਾਂ, ਪਿਤਾ = ਪਿਉ ਅਉ = ਅਤੇ ਕੁਟੰਬ = ਪਰਿਵਾਰ ਤੇ ਸਖਾ = ਮਿੱਤਰ ਹੈ, ਸਾਧਸੰਗਿ = ਸਤਿਸੰਗਤ ਹੀ ਮੇਰੋ = ਮੇਰਾ ਸ੍ਰੇਸਟ = ਉੱਤਮ ਤੇ ਅਨੂਪ = ਉਪਮਾ ਤੋਂ ਰਹਿਤ ਸੁਤੁ = ਪੁੱਤਰ ਹੈ।

ਸਾਧ ਸੰਗ ਸਰਬ ਨਿਧਾਨ ਪ੍ਰਾਨ ਜੀਵਨ ਮੈ;
ਸਾਧ ਸੰਗ ਨਿਜ ਪਦ ਸੇਵਾ ਦੀਪ ਧੂਪ ਹੈ॥

ਸਾਧ = ਸ੍ਰੇਸ਼ਟ ਜਨਾਂ ਦੀ ਸੰਗ = ਸੰਗਤ **ਵਾ:** ਸਤਿਸੰਗਤ ਹੀ ਮੈ = ਮੇਰੇ ਸਰਬ = ਸਾਰੇ ਨਿਧਾਨ = ਖ਼ਜ਼ਾਨਿਆਂ ਦਾ ਅਸਥਾਨ ਹੈ ਤੇ ਮੇਰੀ ਜੀਵਨ = ਜ਼ਿੰਦਗੀ ਦਾ ਮੁੱਢ ਰੂਪ ਪ੍ਰਾਣ ਹੈ **ਵਾ:** ਮੇਰੀ ਪ੍ਰਾਣ = ਜਾਨ ਹੈ ਅਤੇ ਸਾਧ ਸੰਗ = ਸਤਿਸੰਗਤ ਹੀ ਧੂਪ ਦੀਪ ਆਦਿ ਸੇਵਾ = ਟਹਿਲ ਦਾ ਮੇਰਾ ਨਿਜ = ਆਪਣਾ ਪਦ (ਅਸਥਾਨ) ਹੈ। ਜੈਸਾ ਕਿ :

ਕਹੁ ਕਬੀਰ ਇਹ ਕਹੀਐ ਕਾਹਿ॥ ਸਾਧਸੰਗਤਿ ਬੈਕੁੰਠੈ ਆਹਿ॥

(ਗਉੜੀ ਭਗਤ ਕਬੀਰ ਜੀ, ਅੰਗ ੩੨੫)

ਸਤਸੰਗਤ ਨਿਜ ਕਲਪਤਰੁ ਸਕਲ ਕਾਮਨਾ ਦੇਤ।
ਅੰਮ੍ਰਿਤ ਰੂਪੀ ਬਚਨ ਕਹਿ; ਤਿਹੂੰ ਤਾਪ ਹਰਿ ਲੇਤ॥੧੦॥
ਕਾਮਧੇਨ ਅਰੁ ਕਲਪਤਰੁ, ਜੋ ਸੇਵਤ ਫਲ ਹੋਇ।
ਸਤਸੰਗਤਿ ਛਿਨ ਏਕ ਮੈਂ, ਪ੍ਰਾਣੀ ਪਾਵੈ ਸੋਇ॥੧੫॥ *(ਵਿਚਾਰਮਾਲਾ, ਬਿਸਰਾਮ ਦੂਜਾ)*

ਸਾਧ ਸੰਗ ਰੰਗ ਰਸ ਭੋਗ ਸੁਖ ਸਹਜ ਮੈ;
ਸਾਧ ਸੰਗ ਸੋਭਾ ਅਤਿ ਉਪਮਾ ਅਉ ਊਪ ਹੈ॥੩੦੩॥

ਸਾਧ ਸੰਗ = ਸਤਿਸੰਗਤ ਦਾ ਰੰਗ = ਪ੍ਰੇਮ ਹੀ ਮੈ = ਮੇਰਾ ਖੱਟੇ ਮਿੱਠੇ ਰਸਾਂ ਨੂੰ ਭੋਗ = ਭੋਗਣ, ਮਾਨਣ ਦਾ ਸਹਜ = ਅਚੱਲ ਸੁਖ ਹੈ ਅਤੇ ਸਾਧ ਸੰਗ = ਸਤਿਸੰਗਤ ਦੀ ਸੋਭਾ = ਵਡਿਆਈ ਅਤਿ = ਅਤਿਅੰਤ ਉਪਮਾ = ਮਹਿਮਾ ਦਾ ਸਾਗਰ ਅਉ = ਅਤੇ ਊਪ = ਤਾਰੀਫ਼, ਅਨੂਪ ਹੈ **ਵਾ:** ਸਾਧਸੰਗਤਿ ਦੀ ਅਤਿ = ਅਤਿਅੰਤ ਸੋਭਾ = ਵਡਿਆਈ ਕਰਨੇ ਕਰਕੇ ਪਰਮੇਸ਼ਰ ਦੀ ਉਪਮਾ ਅਉ = ਅਤੇ ਪੂਰੇ ਗੁਰੂ ਦੀ ਊਪ = ਵਡਿਆਈ ਹੁੰਦੀ ਹੈ॥੩੦੩॥

ਅਗਮ ਅਪਾਰ ਦੇਵ ਅਲਖ ਅਭੇਵ ਅਤਿ;
ਅਨਿਕ ਜਤਨ ਕਰਿ ਨਿਗ੍ਰਹ ਨ ਪਾਈਐ ॥

ਅਤਿ = ਅਤਿਸ਼ੈ ਕਰਕੇ ਜੋ ਮਨ ਬੁੱਧੀ ਦੀ ਅਗਮ = ਗੰਮਤਾ ਤੋਂ ਰਹਿਤ, ਅਪਾਰ = ਪਾਰਾਵਾਰ ਤੋਂ ਰਹਿਤ, ਅਲਖ = ਲਖਣ ਤੋਂ ਰਹਿਤ, ਅਭੇਵ = ਭੇਦ ਪਾਉਣ ਤੋਂ ਰਹਿਤ, ਦੇਵ = ਪ੍ਰਕਾਸ਼ ਸਰੂਪ ਪਰਮੇਸ਼ਰ ਹੈ, ਉਹ ਪਰਮੇਸ਼ਰ ਅਨਿਕ = ਅਨੰਤ ਜਤਨ = ਕੋਸ਼ਿਸ਼ ਕਰਿ = ਕਰ ਕੇ ਜਾਂ ਕੇਵਲ ਵਿਖਾਵੇ ਮਾਤਰ ਨਿਗ੍ਰਹ = ਇੰਦਰੀਆਂ ਨੂੰ ਰੋਕ ਕਰਕੇ **ਵਾ:** ਨਿਗ੍ਰਹ = ਹਠ ਜੋਗ ਆਦਿ ਕਰ ਕੇ ਪਾਈਐ = ਪਾਇਆ ਨ = ਨਹੀਂ ਜਾ ਸਕਦਾ।

ਪਾਈਐ ਨ ਜਗ ਭੋਗ, ਪਾਈਐ ਨ ਰਾਜ ਜੋਗ;
ਨਾਦ ਬਾਦ ਬੇਦ ਕੈ ਅਗਹੁ ਨ ਗਹਾਈਐ ॥

ਜਗ = ਯੱਗ ਭੋਗ ਕਰ ਕੇ **ਵਾ:** ਭੋਗ = ਭੋਜਨ ਯੱਗ ਪਦਾਰਥ ਅਰਪਣੇ ਕਰਕੇ ਵੀ ਪਰਮੇਸ਼ਰ ਨੂੰ ਨ = ਨਹੀਂ ਪਾਈਐ = ਪਾਉਣਾ ਕਰੀਦਾ, ਰਾਜ ਜੋਗ ਕਰਕੇ ਵੀ ਪਰਮੇਸ਼ਰ ਨ = ਨਹੀਂ ਪਾਈਐ = ਪਾਉਣਾ ਕਰੀਦਾ, ਬਾਦ = ਵਾਜਿਆਂ ਦੀ ਨਾਦ = ਧੁਨੀ ਤੇ ਬੇਦ ਦੇ ਉਚਾਰਨ ਕੈ = ਕਰਕੇ ਅਗਹੁ = ਗ੍ਰਹਿਣੋਂ, ਫੜਨੋਂ ਰਹਿਤ ਪਰਮੇਸ਼ਰ ਨੂੰ ਗਹਾਈਐ = ਗ੍ਰਹਿਣ, ਫੜਿਆ ਨ = ਨਹੀਂ ਜਾ ਸਕਦਾ।

ਤੀਰਥ ਪੁਰਬ ਦੇਵ ਦੇਵ ਸੇਵ ਕੈ ਨ ਪਾਈਐ;
ਕਰਮ ਧਰਮ ਬ੍ਰਤਿ ਨੇਮ ਲਿਵ ਲਾਈਐ ॥

ਪੁਰਬ ਦੇ ਸਮੇਂ ਤੀਰਥ ਯਾਤਰਾ ਕਰਨੇ ਕਰਕੇ ਜਾਂ ਪ੍ਰਯਾਗ ਆਦਿ ਤੀਰਥਾਂ ਉੱਪਰ ਜਾਣ ਕਰਕੇ ਪੁਰਬਾਂ ਦੇ ਸਮੇਂ ਦੇਵ = ਦੇਵੀ ਦੇਵ = ਦੇਵਤਿਆਂ **ਵਾ:** ਦੇਵ ਦੇਵ = ਦੇਵਤਿਆਂ ਦੇ ਦੇਵ ਭਾਵ ਮਹਾਂਦੇਵ (ਸ਼ਿਵਜੀ) ਨੂੰ ਸੇਵ ਕੈ = ਸੇਵਣੇ, ਅਰਾਧਨੇ ਕਰਕੇ ਵੀ ਪਰਮੇਸ਼ਰ ਨੂੰ ਨ = ਨਹੀਂ ਪਾਈਐ = ਪਾਉਣਾ ਕਰੀਦਾ। ਕਰਮ-ਕਾਂਡਾਂ ਕਰਕੇ, ਦਿਖਾਵੇ ਮਾਤਰ ਧਰਮ ਦੇ ਕਾਰਜਾਂ ਨਾਲ ਜਾਂ ਪੁੰਨ ਦਾਨ ਆਦਿ ਕਰਨੇ ਕਰਕੇ ਤੇ ਇਕਾਦਸ਼ੀ ਆਦਿ ਦੇ ਬ੍ਰਤਿ = ਵਰਤਾਂ ਦੇ ਨੇਮ = ਪ੍ਰਣ ਵਿਚ ਲਿਵ = ਬਿਰਤੀ ਲਾਈਐ = ਲਾਉਣੇ ਕਰਕੇ ਵੀ ਪਰਮੇਸ਼ਰ ਨੂੰ ਨਹੀਂ ਪਾਉਣਾ ਕਰੀਦਾ।

ਨਿਹਫਲ ਅਨਿਕ ਪ੍ਰਕਾਰ ਕੈ ਅਚਾਰ ਸਬੈ;
ਸਾਵਧਾਨ ਸਾਧ ਸੰਗ ਹੁਇ ਸਬਦ ਸੁ ਗਾਈਐ ॥੩੦੪॥

ਉਪਰੋਕਤ ਅਨਿਕ = ਅਨੰਤ ਪ੍ਰਕਾਰ = ਤਰ੍ਹਾਂ ਦੇ ਸਬੈ = ਸਾਰੇ ਅਚਾਰ = ਕਰਤਬ ਨਿਹਫਲ = ਫਲ ਤੋਂ ਰਹਿਤ, ਨਿਸਫਲ ਹਨ, ਇਸ ਲਈ ਸਾਵਧਾਨ = ਤਿਆਰ-ਬਰ-ਤਿਆਰ ਹੁਇ = ਹੋ ਕੇ ਸਾਧ ਸੰਗ = ਸਤਿਸੰਗਤ ਵਿਚ ਗੁਰਾਂ ਦੇ ਸਬਦ = ਉਪਦੇਸ਼ ਦੁਆਰਾ ਸੁ = ਉਸ ਪਰਮੇਸ਼ਰ ਦੇ ਗੁਣਾਂ ਨੂੰ ਗਾਈਐ = ਗਾਉਣਾ ਕਰੀਏ ਤਾਂ ਪਰਮੇਸ਼ਰ ਨੂੰ ਪਾ ਲੈਣਾ ਕਰੀਦਾ ਹੈ ॥੩੦੪॥

ਸੁਫਨ ਚਰਿਤ੍ਰ ਚਿਤ੍ਰ ਜੋਈ ਦੇਖੈ ਸੋਈ ਜਾਨੈ;
ਦੂਸਰੋ ਨ ਦੇਖੈ ਪਾਵੈ ਕਹੁ ਕੈਸੇ ਜਾਨੀਐ ॥

ਜਿਸ ਪ੍ਰਕਾਰ ਸੁਫਨ = ਸੁਪਨੇ ਦੀ ਚੇਸ਼ਟਾ ਰੂਪ ਚਰਿਤ੍ਰ = ਚਲਿੱਤਰ ਦੇ ਚਿਤ੍ਰ = ਨਕਸ਼ੇ ਨੂੰ ਜੋਈ = ਜਿਹੜਾ ਸੁਪਨਾ ਵੀ ਪੁਰਖ ਦੇਖੈ = ਵੇਖਣਾ ਕਰਦਾ ਹੈ ਸੋਈ = ਉਹੋ ਹੀ ਕੇਵਲ ਜਾਨੈ = ਜਾਣਦਾ ਹੈ, ਦੂਸਰੋ = ਦੂਜਾ ਹੋਰ ਕੋਈ ਵੀ ਦੇਖੈ = ਵੇਖਣਾ ਨ = ਨਹੀਂ ਪਾਉਂਦਾ ਕਹੁ = ਦੱਸੋ ਥਾਂ ਭਲਾ ਉਸ ਸੁਪਨੇ ਦੇ ਕੌਤਕ ਨੂੰ ਕੈਸੇ = ਕਿਸ ਪ੍ਰਕਾਰ ਕੋਈ ਜਾਨੀਐ = ਜਾਣ ਸਕਦਾ ਹੈ ਭਾਵ ਕੋਈ ਨਹੀਂ ਜਾਣ ਸਕਦਾ **ਵਾ:** ਇਸੇ ਪ੍ਰਕਾਰ ਨਾਮ ਅਭਿਆਸੀ ਨੂੰ ਜੋ ਕੌਤਕ ਜਾਂ ਅਨੁਭਵ ਹੁੰਦਾ ਹੈ, ਉਸ ਨੂੰ ਦੂਸਰਾ ਹੋਰ ਕੌਣ ਦੇਖ ਸਕਦਾ ਹੈ ਤੇ ਕਿਸ ਪ੍ਰਕਾਰ ਜਾਣ ਸਕਦਾ ਹੈ ਭਾਵ ਕੋਈ ਵੀ ਜਾਣ ਨਹੀਂ ਸਕਦਾ। ਜੈਸੇ ਕਿ :

ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥੩॥

(ਸੋਰਠਿ ਭਗਤ ਨਾਮਦੇਵ ਜੀ, ਅੰਗ ੬੫੭)

ਨਾਲ ਬਿਖੈ ਬਾਤ ਕੀਏ ਸੁਨੀਅਤ ਕਾਨ ਦੀਏ;
ਬਕਤਾ ਅਉ ਸੋ੍ਤਾ ਬਿਨੁ ਕਾ ਪੈ ਉਨਮਾਨੀਐ ॥

ਨਾਲ = ਨਲਕੀ ਬਿਖੈ = ਵਿਚ ਬਾਤ = ਗੱਲ ਕੀਏ = ਕੀਤੀ ਹੋਈ ਕਾਨ = ਕੰਨ ਦੇ ਕੇ ਸੁਨੀਅਤ = ਸੁਣੀਂਦੀ ਹੈ, ਉਹ ਗੱਲ ਬਕਤ = ਕਹਿਣ ਵਾਲੇ ਅਉ = ਅਤੇ ਸੋ੍ਤਾ = ਸੁਣਨ ਵਾਲੇ ਤੋਂ ਬਿਨੁ = ਬਗ਼ੈਰ ਭਲਾਂ ਕਾ = ਕਿਸੇ ਦੂਸਰੇ ਪੈ = ਕੋਲੋਂ ਉਨਮਾਨੀਐ = ਵਿਚਾਰੀ ਜਾਂਦੀ ਹੈ ਭਾਵ ਵਿਚਾਰੀ, ਜਾਣੀ ਨਹੀਂ ਜਾਂਦੀ।

ਪਘੂਲਾ ਕੇ ਮੂਲ ਬਿਖੈ ਜੈਸੇ ਜਲ ਪਾਨ ਕੀਜੈ;
ਲੀਜੀਐ ਜਤਨ ਕਰਿ ਪੀਏ ਮਨ ਮਾਨੀਐ ॥

ਜੈਸੇ = ਜਿਸ ਪ੍ਰਕਾਰ ਪਘੂਲਾ = ਪੰਨੀ ਜਾਂ ਘਾਸ ਦੇ ਮੂਲ = ਮੁੱਢ ਬਿਖੈ = ਵਿੱਚੋਂ ਜਤਨ = ਉਪਾਅ ਕਰਿ = ਕਰ ਕੇ ਜਲ = ਪਾਣੀ ਲੀਜੀਐ = ਲੈਣਾ ਕਰੀਏ ਤੇ ਫੇਰ ਪਾਨ = ਪੀਣਾ ਕੀਜੈ = ਕਰੀਏ ਤਾਂ ਪੀਏ = ਪੀਂਦਿਆਂ ਸਾਰ ਹੀ ਮਨ ਮਾਨੀਐ = ਮੰਨ, ਪ੍ਰਸੰਨ ਹੋ ਜਾਂਦਾ ਹੈ। ਜੈਸਾ ਕਿ :

ਅਲਉਤੀ ਕਾ ਜੈਸੇ ਭਇਆ ਬਰੇਡਾ ਜਿਨਿ ਪੀਆ ਤਿਨਿ ਜਾਨਿਆ ॥੨॥

(ਗਉੜੀ ਭਗਤ ਕਬੀਰ ਜੀ, ਅੰਗ ੩੩੩)

ਗੁਰ ਸਿਖ ਸੰਧਿ ਮਿਲੇ ਗੁਹਜ ਕਥਾ ਬਿਨੋਦ;
ਗਿਆਨ ਧਿਆਨ ਪ੍ਰੇਮ ਰਸ ਬਿਸਮ ਬਿਧਾਨੀਐ ॥੩੦੫॥

ਇਸੇ ਪ੍ਰਕਾਰ ਗੁਰ = ਸਤਿਗੁਰੂ ਸਾਹਿਬ ਤੇ ਸਿੱਖ ਦੀ ਸੰਧਿ = ਸੰਧੀ ਮਿਲੇ = ਮਿਲਣੇ ਤੋਂ ਜੋ ਗਿਆਨ ਧਿਆਨ, ਪ੍ਰੇਮ ਰੂਪੀ ਰਸ ਬਿਸਮ = ਵਿਸਮਾਦ ਬਿਧਾਨੀਐ = ਤਰ੍ਹਾਂ ਦਾ ਬਿਨੋਦ = ਆਨੰਦ ਪ੍ਰਾਪਤ ਹੁੰਦਾ ਹੈ, ਉਸ ਦੀ ਕਥਾ = ਵਾਰਤਾ ਗੁਹਜ = ਗੁੱਝੀ ਹੈ ਜੋ ਵੱਖਰੀ ਵਿਧੀ ਦਾ ਹੈ ॥੩੦੫॥

ਨਵਨ ਗਵਨ ਜਲ ਸੀਤਲ ਅਮਲ ਜੈਸੇ;
ਅਗਨਿ ਉਰਧ ਮੁਖ ਤਪਤ ਮਲੀਨ ਹੈ॥

ਜੈਸੇ = ਜਿਸ ਪ੍ਰਕਾਰ ਜਲ = ਪਾਣੀ ਨਵਨ = ਨੀਵੇਂ ਥਾਂ ਵੱਲ ਗਵਨ = ਚੱਲਣ ਕਰਕੇ ਸੀਤਲ = ਠੰਢਾ ਤੇ ਅਮਲ = ਮੈਲ ਤੋਂ ਰਹਿਤ, ਉੱਜਲ ਹੁੰਦਾ ਹੈ ਅਤੇ ਅਗਨਿ = ਅੱਗ ਉਰਧ = ਉੱਪਰ, ਉਤਾਹਾਂ ਵੱਲ ਨੂੰ ਮੁਖ = ਮੂੰਹ ਕਰ ਕੇ ਤਪਤ = ਬਲਦੀ ਹੈ, ਇਸ ਲਈ ਤੱਤੀ ਤੇ ਮਲੀਨ = ਮੈਲੀ ਹੁੰਦੀ ਹੈ ਭਾਵ ਉੱਚੀ ਲਾਟ ਕੱਢ ਕੇ ਬਲਣ ਵਾਲੀ ਹੋਣ ਕਾਰਨ ਤੱਤੀ ਤੇ ਮੈਲੀ ਹੁੰਦੀ ਹੈ। ਜੈਸਾ ਕਿ :

੧. **ਧਰਤੀ ਅੰਦਰ ਜਲੁ ਵਸੈ ਜਲੁ ਬਹੁ ਰੰਗੀ ਰਸੀ ਮਿਲੰਦਾ।**
ਜਿਉਂ ਜਿਉਂ ਕੋਈ ਚਲਾਇਦਾ ਨੀਵਾਂ ਹੁਇ ਨੀਵਾਣ ਚਲੰਦਾ।
(ਭਾਈ ਗੁਰਦਾਸ ਜੀ, ਵਾਰ ੧੬, ਪਉੜੀ ੨)

੨. **ਜਿਉ ਪਾਣੀ ਨਿਵਿ ਚਲਦਾ ਨਿਵਾਣਿ ਚਲਾਇਆ।** *(ਭਾਈ ਗੁਰਦਾਸ ਜੀ, ਵਾਰ ੪, ਪਉੜੀ ੫)*

੩. **ਅਗ ਤਤੀ ਜਲੁ ਸੀਅਲਾ ਕਿਤੁ ਅਵਗੁਣਿ ਕਿਤੁ ਗੁਣ ਵੀਚਾਰਾ।**
ਅਗੀ ਧੁੰਆ ਧਉਲਹਰ ਜਲੁ ਨਿਰਮਲ ਗੁਰ ਗਿਆਨ ਸੁਚਾਰਾ।
(ਭਾਈ ਗੁਰਦਾਸ ਜੀ, ਵਾਰ ੪, ਪਉੜੀ ੫)

ਸਫਲ ਹੋਇ ਆਂਬ ਝੁਕੇ, ਰਹਿਤ ਹੈ ਚਿਰੰਕਾਲ;
ਨਿਵੈ ਨ ਅਰਿੰਡ, ਤਾਂ ਤੇ ਆਰਬਲਾ ਛੀਨ ਹੈ॥

ਆਂਬ = ਅੰਬ ਦੇ ਬੂਟੇ ਸਫਲ = ਸਹਿਤ ਫਲ ਦੇ ਹੋਇ = ਹੋ ਕੇ ਝੁਕੇ = ਝੁਕਦੇ ਹਨ, ਇਸ ਲਈ ਚਿਰੰਕਾਲ = ਬਹੁਤ ਸਮੇਂ ਤਕ ਰਹਿਤ = ਰਹਿੰਦੇ ਹੈ = ਹਨ ਅਤੇ ਅਰਿੰਡ ਦਾ ਬੂਟਾ ਨਿਵੈ = ਨਿਵਦਾ ਨ = ਨਹੀਂ ਹੈ, ਤਾਂ ਤੇ = ਇਸ ਕਰਕੇ ਉਸ ਦੀ ਸਾਰੀ ਆਰਬਲਾ = ਉਮਰ ਛੀਨ = ਨਾਸ ਹੋ ਜਾਂਦੀ ਹੈ।

ਚੰਦਨ ਸੁਬਾਸ ਜੈਸੇ ਬਾਸੀਐ ਬਨਾਸਪਤੀ;
ਬਾਂਸ ਤਉ ਬਡਾਈ ਬੂਡਿਓ ਸੰਗ ਲਿਵਲੀਨ ਹੈ॥

ਜੈਸੇ = ਜਿਸ ਪ੍ਰਕਾਰ ਬਵੰਜਾ ਉਂਗਲ ਦੇ ਅਕਾਰ ਵਾਲਾ ਛੋਟਾ ਹੋਣ ਕਾਰਨ ਚੰਦਨ = ਚੰਨਣ ਦਾ ਬੂਟਾ ਸੁਬਾਸ (ਸੁ + ਬਾਸ) ਸੁ = ਸ੍ਰੇਸ਼ਟ ਬਾਸ = ਵਾਸ਼ਨਾ ਦੇ ਸਹਿਤ ਹੋ ਕੇ ਸਾਰੀ ਬਨਾਸਪਤੀ ਨੂੰ ਬਾਸੀਐ = ਮਹਿਕਣ ਵਾਲਾ ਬਣਾ ਦਿੰਦਾ ਹੈ ਅਤੇ ਤਉ = ਤੈਸੇ ਹੀ ਬਾਂਸ ਆਪਣੀ ਬਡਾਈ = ਵਡਿਆਈ, ਉੱਚੇਪਣ ਵਿਚ ਭਾਵ ਹੰਗਤਾ ਸੰਗ = ਨਾਲ ਲਿਵਲੀਨ = ਮਸਤੀ ਸਹਿਤ ਡੁੱਬਿਆ ਹੋਇਆ ਰਹਿੰਦਾ ਹੈ ਭਾਵ ਚੰਦਨ ਹੋਣ ਵਾਲੀ ਸੱਚੀ ਉੱਨਤੀ ਤੋਂ ਵਾਂਝਾ ਰਹਿੰਦਾ ਹੈ।

ਤੈਸੇ ਹੀ ਅਸਾਧ ਸਾਧ ਅਹੰਬੁਧਿ ਨਿਮ੍ਰਤਾ ਕੈ;
ਸਨ ਅਉ ਮਜੀਠ ਗਤਿ ਪਾਪ ਪੁੰਨ ਕੀਨ ਹੈ॥੩੦੬॥

ਤੈਸੇ = ਉਸੇ ਪ੍ਰਕਾਰ ਹੀ ਸਾਧ = ਸ੍ਰੇਸ਼ਟ ਪੁਰਖ ਨਿਮ੍ਰਤਾ = ਨਰਮ ਸੁਭਾਅ ਕੈ = ਕਰਕੇ ਮਜੀਠ ਰੰਗ

ਗਤਿ = ਵਾਂਗ ਪੁੰਨ = ਚੰਗੇ ਕਰਮ ਕੀਨ = ਕਰਦੇ ਹਨ ਤੇ ਉਸ ਨੂੰ ਭੈੜੇ ਕਰਮ ਦੀ ਗੱਲ ਫੁਰਦੀ ਹੀ ਨਹੀਂ ਹੈ ਅਉ = ਅਤੇ ਅਸਾਧ = ਅਸੰਤ, ਮਨਮੁਖ ਪੁਰਖ ਸਨ = ਸਣ ਗਤਿ = ਵਾਂਗ ਅਹੰਬੁਧਿ = ਹੰਗਤਾ ਕਰਕੇ ਪਾਪ = ਭੈੜੇ ਕਰਮ ਕਰਦੇ ਹਨ, ਉਸ ਨੂੰ ਚੰਗੇ ਕਰਮ ਦੀ ਕੋਈ ਗਿਆਤ ਹੀ ਨਹੀਂ ਹੁੰਦੀ ਹੈ॥੩੦੬॥

ਸਕਲ ਬਨਾਸਪਤੀ ਬਿਖੈ ਦ੍ਰੁਮ ਦੀਰਘ ਦੁਇ;
ਨਿਹਫਲ ਭਏ ਬ੍ਰੂਡੇ ਬਹੁਤ ਬਡਾਈ ਕੈ॥

ਸਕਲ = ਸਾਰੀ ਬਨਾਸਪਤੀ ਬਿਖੈ = ਵਿੱਚੋਂ ਦੁਇ = ਦੋ (ਸਿੰਬਲ ਤੇ ਵਾਂਸ) ਦ੍ਰੁਮ = ਬ੍ਰਿਛ ਦੀਰਘ = ਬਹੁਤ ਵੱਡੇ (ਲੰਮੇ) ਹਨ, ਪਰੰਤੂ ਇਹ ਆਪਣੀ ਬਹੁਤ = ਅਤਿਅੰਤ ਬਡਾਈ = ਵਡਿਆਈ, ਉੱਚੇਪਣ ਵਿਚ ਬ੍ਰੂਡੇ = ਡੁੱਬੇ ਭਏ = ਹੋਏ ਹੋਣ ਕੈ = ਕਰਕੇ ਦੋਵੇਂ ਹੀ ਨਿਹਫਲ = ਫਲ ਤੋਂ ਰਹਿਤ ਹੁੰਦੇ ਹਨ।

ਚੰਦਨ ਸੁਬਾਸਨਾ ਕੈ ਸੇਂਬਲ ਸੁਬਾਸੁ ਹੋਤ;
ਬਾਂਸ ਨਿਰਗੰਧ ਬਹੁ ਗਾਂਠਨ ਢਿਠਾਈ ਕੈ॥

ਚੰਦਨ ਬ੍ਰਿਛ ਦੀ ਸੁਬਾਸਨਾ = ਸ੍ਰੇਸ਼ਟ ਸੁਗੰਧੀ ਕੈ = ਕਰਕੇ ਸੇਂਬਲ = ਸਿੰਮਲ ਬ੍ਰਿਛ ਤਾਂ ਸੁਬਾਸੁ = ਸੁਗੰਧੀ ਵਾਲਾ ਹੋਤ = ਹੋ ਜਾਂਦਾ ਹੈ ਪਰੰਤੂ ਬਾਂਸ ਬਹੁ = ਬਹੁਤੀਆਂ ਗਾਂਠਨ = ਗੰਢਾਂ ਦੀ ਢਿਠਾਈ = ਢੀਠਤਾ (ਦ੍ਰਿੜ੍ਹਤਾ) ਕੈ = ਕਰਕੇ ਨਿਰਗੰਧ = ਸੁਗੰਧੀ ਤੋਂ ਰਹਿਤ ਹੀ ਰਹਿੰਦਾ ਹੈ।

ਸੇਂਬਲ ਕੇ ਫਲ ਤੂਲ ਖਗ ਮ੍ਰਿਗ ਛਾਇਆ ਤਾ ਕੈ;
ਬਾਂਸ ਤਉ ਬਰਨ ਦੋਖੀ ਜਾਰਤ ਬੁਰਾਈ ਕੈ॥

ਸੇਂਬਲ = ਸਿੰਮਲ ਕੇ = ਦੇ ਫਲ ਵਿੱਚੋਂ ਤੂਲ = ਰੂੰ ਨਿਕਲਦੀ ਹੈ, ਤਾ ਕੈ = ਉਸ ਸਿੰਮਲ ਦੀ ਛਾਇਆ = ਛਾਂ ਨੂੰ ਖਗ = ਪੰਛੀ ਤੇ ਮ੍ਰਿਗ = ਹਿਰਨ ਆਦਿ ਚਾਹੁੰਦੇ ਹਨ ਅਤੇ ਬਾਂਸ ਤਉ = ਤਾਂ ਆਪਣੀ ਬਰਨ = ਵੰਸ ਦਾ ਹੀ ਦੋਖੀ = ਦੋਸ਼ੀ ਹੈ ਜੋ ਬੁਰਾਈ = ਬੁਰੇ ਸੁਭਾਅ ਕੈ = ਕਰਕੇ ਆਪਣੇ ਸਜਾਤੀਆਂ ਨੂੰ ਜਾਰਤ = ਸਾੜ ਦਿੰਦਾ ਹੈ।

ਤੈਸੇ ਹੀ ਅਸਾਧ ਸਾਧ ਹੋਤ ਸਾਧ ਸੰਗਤਿ ਕੈ;
ਤ੍ਰਿਸਟੈ ਨ ਗੁਰ ਗੋਪਿ ਦ੍ਰੋਹ ਗੁਰ ਭਾਈ ਕੈ॥੩੦੭॥

ਤੈਸੇ = ਉਸੇ ਤਰ੍ਹਾਂ ਹੀ ਅਸਾਧ = ਅਸੰਤ, ਖੋਟੇ ਪੁਰਖ ਸਾਧ ਸੰਗਤਿ = ਸਤਿਸੰਗਤ ਕੈ = ਕਰਕੇ ਸਾਧ = ਸੰਤ, ਸ੍ਰੇਸ਼ਟ ਪੁਰਖ ਹੋਤ = ਹੋ ਜਾਂਦੇ ਹਨ, ਪਰੰਤੂ ਜੋ ਗੁਰ = ਸਤਿਗੁਰੂ ਸਾਹਿਬ ਦਾ ਸਿੱਖ ਹੁੰਦਾ ਹੋਇਆ ਵੀ ਆਪਣੇ ਆਪ ਨੂੰ ਗੋਪਿ = ਛੁਪਾਉਣਾ ਕਰਦਾ ਹੈ ਭਾਵ ਦਿਖਾਵੇ ਮਾਤਰ ਸਿੱਖ ਹੁੰਦਾ ਹੈ ਤੇ ਅੰਦਰੋਂ ਅਸਿੱਖ ਹੁੰਦਾ ਹੋਇਆ ਵੀ ਗੁਰ-ਭਾਈਆਂ ਨਾਲ ਦ੍ਰੋਹ = ਧਰੋਹ, ਛਲ ਕਮਾਉਣਾ ਕੈ = ਕਰਦਾ ਹੈ, ਉਹ ਤ੍ਰਿਸਟੈ = ਟਿਕਿਆ ਨ = ਨਹੀਂ ਰਹਿੰਦਾ, ਭਾਵ ਚੌਰਾਸੀ ਦੇ ਚੱਕਰ (ਗੇੜ) ਵਿਚ ਪਿਆ ਰਹਿੰਦਾ ਹੈ॥੩੦੭॥

ਬਿਰਖ ਬਲੀ ਮਿਲਾਪ ਸਫਲ ਸਘਨ ਛਾਇਆ;
ਬਾਂਸ ਤਉ ਬਰਨ ਦੋਖੀ ਮਿਲੈ ਜਰੈ ਜਾਰਿ ਹੈ॥

ਹੋਰਨਾਂ ਬਿਰਖ = ਬ੍ਰਿਛਾਂ ਨਾਲ ਬਲੀ = ਵੇਲ ਮਿਲਾਪ = ਮਿਲ ਕਰਕੇ ਮਾਨੋਂ ਬ੍ਰਿਛ ਰੂਪ ਹੋ ਕੇ ਸਫਲ = ਸਹਿਤ ਫਲ ਵਾਲੀ ਤੇ ਸਘਨ = ਸੰਘਣੀ ਛਾਇਆ = ਛਾਂ ਵਾਲੀ ਕਹਾਉਣ ਲੱਗ ਪੈਂਦੀ ਹੈ **ਵਾ:** ਹੋਰ ਬ੍ਰਿਛ ਵੇਲਾਂ ਦੇ ਮਿਲਾਪ ਕਰਕੇ ਅਤੇ ਸਹਿਤ ਫਲਾਂ ਫੁੱਲਾਂ ਦੇ ਹੋਣ ਕਰਕੇ ਸੰਘਣੀ ਛਾਂ ਵਾਲੇ ਹੁੰਦੇ ਹਨ ਅਤੇ ਬਾਂਸ ਤਉ = ਤਾਂ ਆਪਣੀ ਬਰਨ = ਕੁਲ ਦਾ ਦੋਖੀ = ਦੋਸ਼ੀ ਹੋਣ ਕਰਕੇ ਹੋਰਨਾਂ ਮਿਲੈ = ਮਿਲਣ ਵਾਲੇ ਬੂਟਿਆਂ ਨੂੰ ਵੀ ਜਰੈ = ਸਾੜਦਾ ਹੈ ਤੇ ਆਪ ਵੀ ਜਾਰਿ = ਸੜਨਾ ਕਰਦਾ ਹੈ।

ਸਫਲ ਹੁਇ ਤਰਹਰਿ ਝੁਕਤਿ ਸਕਲ ਤਰੁ;
ਬਾਂਸ ਤਉ ਬਡਾਈ ਬੁਡਿਓ ਆਪਨੁ ਸੰਮਾਰਿ ਹੈ॥

ਸਕਲ = ਸਾਰੇ ਤਰੁ = ਬ੍ਰਿਛ ਤਰਹਰਿ = ਹਰਿਆਵਲਤਾ ਤੇ ਸਫਲ = ਸਹਿਤ ਫਲ ਦੇ ਹੁਇ = ਹੋ ਕੇ ਹੇਠਾਂ ਵੱਲ ਨੂੰ ਝੁਕਤਿ = ਝੁਕਦੇ ਹਨ, ਪਰੰਤੂ ਬਾਸ ਤਉ = ਤਾਂ ਲੰਮੇਪਣ ਦੀ ਬਡਾਈ = ਵਡਿਆਈ ਵਿਚ ਬੁਡਿਓ = ਡੁੱਬਿਆ ਰਹਿੰਦਾ ਹੈ ਤੇ ਆਪਣੇ ਆਪ ਨੂੰ ਭਾਵ ਹੰਕਾਰ ਨੂੰ ਸੰਮਾਰਿ = ਸੰਮਾਲਣਾ ਕਰਦਾ ਹੈ **ਵਾ:** (ਆਪ ਨ ਸੰਮਾਰ ਹੈ) ਆਪ = ਆਪਣੇ ਆਪ ਨੂੰ ਤੇ ਆਪਣੀ ਵੰਸ਼ ਨੂੰ ਵੀ ਸੰਮਾਰਿ = ਸੰਭਾਲ ਨਹੀਂ ਸਕਦਾ ਹੈ ਭਾਵ ਆਪਣੇ ਸਮੇਤ ਸਾਰਿਆਂ ਨੂੰ ਸਾੜ ਦੇਂਦਾ ਹੈ।

ਸਕਲ ਬਨਾਸਪਤੀ ਸੁਧਿ ਰਿਦੈ ਮੋਨਿ ਗਹੇ;
ਬਾਂਸ ਤਉ ਰੀਤੋ ਗਠੀਲੋ ਬਾਜੇ ਧਾਰ ਮਾਰਿ ਹੈ॥

ਸਕਲ = ਸਾਰੀ ਬਨਾਸਪਤੀ = ਬਨਰਾਉ ਸੁਧਿ = ਉੱਜਲ ਰਿਦੈ = ਚਿੱਤ ਹੋਣ ਕਰਕੇ ਮੋਨਿ = ਚੁੱਪ ਗਹੇ = ਗ੍ਰਹਿਣ (ਧਾਰੀ) ਕਰ ਰੱਖਦੀ ਹੈ ਭਾਵ ਅੰਦਰੋਂ ਬਾਹਰੋਂ ਇਕ ਸਾਰ ਸਰਲ ਸੁਭਾਅ ਵਾਲੀ ਹੋਣ ਕਰਕੇ ਚੁੱਪ ਧਾਰੀ ਰੱਖਦੀ ਹੈ ਪਰ ਬਾਂਸ ਤਉ = ਤਾਂ ਅੰਦਰੋਂ ਰੀਤੋ = ਖ਼ਾਲੀ ਤੇ ਗਠੀਲੋ = ਗੰਢਾਂ ਵਾਲਾ ਹੋਣ ਕਰਕੇ ਬਾਜੇ = ਵਾਜਿਆਂ ਵਾਂਗ ਧਾਰ = ਧਾੜ, ਧਾਹਾਂ ਮਾਰਿ = ਮਾਰਦਾ ਹੈ **ਵਾ:** ਵਾਂਸ ਅੰਦਰੋਂ ਖ਼ਾਲੀ ਤੇ ਗੰਢਾਂ ਦਾ ਮਾਰਿਆ ਹੋਇਆ ਧਾਰ = ਧਾੜ ਮਾਰ ਭਾਵ ਸਰਰ-ਸਰਰ ਦੇ ਵਾਜੇ ਵਜਾਉਂਦਾ ਹਾਏ ਹਾਏ ਕਰਦਾ ਰਹਿੰਦਾ ਹੈ।

ਚੰਦਨ ਸਮੀਪ ਹੀ ਅਛਤ ਨਿਰਗੰਧ ਰਹੇ;
ਗੁਰਸਿਖ ਦੋਖੀ ਬਜਰ ਪ੍ਰਾਨੀ ਨ ਉਧਾਰਿ ਹੈ॥੩੦੮॥

ਇਸੇ ਕਰਕੇ ਹੀ ਇਹ ਬਾਂਸ ਚੰਦਨ ਦੇ ਬੂਟੇ ਦੇ ਸਮੀਪ = ਨਜ਼ਦੀਕ ਹੀ = ਭੀ ਅਛਤ = ਹੁੰਦਿਆਂ ਨਿਰਗੰਧ = ਸੁਗੰਧੀ ਤੋਂ ਰਹਿਤ ਰਹੇ = ਰਹਿੰਦਾ ਹੈ, ਬੱਸ ਇਹੋ ਹੀ ਹਾਲ ਸਿੱਖੀ ਮੰਡਲ ਵਿਚ ਵੱਸਦੇ ਹੋਏ ਗੁਰਸਿੱਖਾਂ ਦੇ ਵਿਚ ਦੋਖੀ = ਦੂਸ਼ਣ ਲਾਉਣ ਵਾਲੇ ਪੁਰਖ ਦਾ ਹੁੰਦਾ ਹੈ ਅਤੇ ਉਸ ਬਜਰ = ਪੱਥਰ ਵਰਗੇ ਕਠੋਰ ਰਿਦੇ ਵਾਲੇ ਪ੍ਰਾਨੀ = ਜੀਵ ਦਾ ਕਦੇ ਵੀ ਉਧਾਰਿ = ਨਿਸਤਾਰਾ ਨ = ਨਹੀਂ ਹੁੰਦਾ॥੩੦੮॥

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ;
ਪ੍ਰੇਮ ਕੈ ਪਰਸਪਰ ਪਗ ਲਪਟਾਵਹੀ ॥

ਗੁਰਸਿੱਖਾਂ ਦੀ ਸੰਗਤ ਵਿਚ ਮਿਲਾਪ = ਮਿਲਣ ਕੋ = ਦਾ ਪ੍ਰਤਾਪ = ਮਹਾਤਮ ਐਸੋ = ਅਜਿਹਾ ਹੈ ਕਿ ਜਦੋਂ ਕਦੇ ਵੀ ਗੁਰੂ ਕੇ ਸਿੱਖ ਮਿਲਦੇ ਹਨ ਤਾਂ ਪ੍ਰੇਮ = ਸਨੇਹ ਕੈ = ਕਰਕੇ ਪਰਸਪਰ = ਆਪਸ ਵਿਚਦੀ ਇਕ ਦੂਸਰੇ ਦੇ ਪਗ = ਚਰਨਾਂ ਨੂੰ ਲਪਟਾਵਹੀ = ਲਪਟਣ ਲਈ ਆਉਂਦੇ ਹਨ, ਭਾਵ ਪੈਰੀਂ ਲੱਗਦੇ ਹਨ। ਅਤੇ :

ਦ੍ਰਿਸਟਿ ਦਰਸ ਅਰੁ ਸਬਦ ਸੁਰਤਿ ਮਿਲਿ;
ਪੂਰਨ ਬ੍ਰਹਮ ਗਿਆਨ ਧਿਆਨ ਲਿਵ ਲਾਵਹੀ ॥

ਇਸ ਪ੍ਰਕਾਰ ਮਿਲਣ ਤੋਂ ਬਾਅਦ ਆਪਸ ਵਿਚ ਇਕ ਦੂਸਰੇ ਦੇ ਦ੍ਰਿਸਟਿ = ਨਜ਼ਰਾਂ ਨਾਲ ਦਰਸ = ਦਰਸ਼ਨ ਕਰਦੇ ਹਨ ਅਰੁ = ਅਤੇ ਗੁਰ ਸਬਦ = ਉਪਦੇਸ਼ **ਵਾ:** ਗੁਰੂ ਮਹਿਮਾ ਦੇ ਸਬਦ = ਬਚਨ ਇਕ ਦੂਸਰੇ ਦੀ ਰਸਨਾ ਤੋਂ ਸੁਰਤਿ = ਕੰਨਾਂ ਦੁਆਰਾ ਸੁਣਦੇ ਹਨ ਅਤੇ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਦਾ ਸਰੂਪ ਪੂਰੇ ਗੁਰਾਂ ਦੇ ਯਥਾਰਥ ਗਿਆਨ ਨੂੰ ਪ੍ਰਾਪਤ ਕਰ ਕੇ ਉਸੇ ਦੇ ਧਿਆਨ = ਖ਼ਿਆਲ ਵਿਚ ਫੇਰ ਚਿੱਤ ਦੀ ਲਿਵ = ਬਿਰਤੀ ਲਾਵਹੀ = ਲਾਉਣਾ ਕਰਦੇ ਹਨ।

ਏਕ ਮਿਸਟਾਨ ਪਾਨ ਲਾਵਤ ਮਹਾ ਪ੍ਰਸਾਦਿ;
ਏਕ ਗੁਰਪੁਰਬ ਕੈ ਸਿਖਨੁ ਬੁਲਾਵਹੀ ॥

ਏਕ = ਇਕ ਤਾਂ ਗੁਰਸਿੱਖ ਗੁਰਸਿੱਖਾਂ ਲਈ ਮਿਸਟਾਨ = ਮਿੱਠੇ ਮਿੱਠੇ ਸੁਆਦਿਕ ਭੋਜਨ, ਪਾਨ = ਪੀਣ ਵਾਲੇ ਸ਼ਰਬਤ ਆਦਿ ਪਦਾਰਥ ਲਾਵਤ = ਲੈ ਕੇ ਆਉਂਦੇ ਹਨ ਤੇ ਕੋਈ ਮਹਾ ਪ੍ਰਸਾਦਿ = ਕੜਾਹ ਪ੍ਰਸ਼ਾਦ ਲਿਆਉਂਦੇ ਹਨ ਅਤੇ ਏਕ = ਇਕ ਗੁਰਪੁਰਬ = ਗੁਰਾਂ ਦੇ ਅਵਤਾਰ ਦਿਹਾੜੇ ਦੇ ਸੰਬੰਧ ਵਿਚ ਸਮਾਗਮ ਰੱਖ ਕੈ = ਕਰਕੇ ਸਿਖਨੁ = ਸਿੱਖਾਂ ਨੂੰ ਗੁਰ-ਸ਼ਬਦ ਦੀ ਵਿਚਾਰ ਕਰਨ ਲਈ ਬੁਲਾਵਹੀ = ਬੁਲਾਉਂਦੇ ਹਨ।

ਸਿਵ ਸਨਕਾਦਿ ਬਾਛੈ ਤਿਨ ਕੇ ਉਚਿਸਟ ਕਉ;
ਸਾਧਨ ਕੀ ਦੂਖਨਾ ਕਵਨ ਫਲ ਪਾਵਹੀ ॥੩੦੯॥

ਸ਼ਿਵ ਜੀ, ਸਨਕਾਦਿ = ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ ਆਦਿਕ ਤਿਨ = ਉਨ੍ਹਾਂ ਗੁਰਸਿੱਖਾਂ ਕੇ = ਦੇ ਉਚਿਸਟ = ਜੂਠੇ ਪ੍ਰਸ਼ਾਦ ਕਉ = ਨੂੰ ਬਾਛੈ = ਚਾਹੁੰਦੇ ਹਨ ਭਾਵ ਸਤਿਸੰਗਤ ਵਿਚ ਬੈਠੇ ਗੁਰਸਿੱਖਾਂ ਅੰਦਰ ਜੋ ਪ੍ਰਸ਼ਾਦ ਵਰਤਦਾ ਹੈ, ਉਸ ਵਿੱਚੋਂ ਡਿੱਗੇ ਹੋਏ ਕਿਣਕੇ ਨੂੰ ਸ਼ਿਵ ਜੀ, ਸਨਤ, ਸਨੰਦਨ ਆਦਿ ਦੇਵਤੇ ਵੀ ਚਾਹੁੰਦੇ ਹਨ, ਪਰੰਤੂ ਐਸੇ ਸਾਧਨ ਕਰਨ ਵਾਲੇ ਗੁਰਸਿੱਖਾਂ ਉੱਪਰ ਦੂਖਨਾ = ਦੂਸ਼ਣ ਲਾਉਣ ਵਾਲੇ ਪੁਰਖ ਕਵਨ = ਕਿਹੜਾ ਫਲ ਪਾਵਹੀ = ਪਾਉਣਾ ਕਰਨਗੇ ਭਾਵ ਪਤਾ ਨਹੀਂ ਕਿਹੜਾ ਨੀਚ ਫਲ ਪਾਉਣਗੇ ॥੩੦੯॥

ਜੈਸੇ ਬੋਝ ਭਰੀ ਨਾਵ, ਆਂਗੁਰੀ ਦੁਇ ਬਾਹਰਿ ਹੁਇ;
ਪਾਰਿ ਪਰੈ ਪੂਰ, ਸਬੈ ਕੁਸਲ ਬਿਹਾਤ ਹੈ॥

ਜੈਸੇ = ਜਿਸ ਪ੍ਰਕਾਰ ਬੋਝ = ਵਜ਼ਨ (ਰਾਹੀਆਂ) ਦੀ ਭਰੀ = ਲੱਦੀ ਹੋਈ ਨਾਵ = ਬੇੜੀ ਕੇਵਲ ਦੁਇ = ਦੋ ਆਂਗੁਰੀ = ਉਂਗਲੀਆਂ ਪਾਣੀ ਤੋਂ ਬਾਹਰ ਹੁਇ = ਹੁੰਦੀ ਹੈ ਤੇ ਪਾਰ ਪਰੈ = ਪੈਣ ਤੋਂ ਭਾਵ ਕਿਨਾਰੇ ਦੇ ਨਾਲ ਲੱਗ ਜਾਣ ਤੋਂ ਸਾਰਾ ਪੂਰ ਮੁਸਾਫ਼ਰਾਂ ਦਾ ਪਾਰ ਹੋ ਜਾਂਦਾ ਹੈ ਤੇ ਸਬੈ = ਸਾਰੇ ਕੁਸਲ = ਅਨੰਦ ਦੇ ਸਹਿਤ ਬਿਹਾਤ = ਬੀਤਦੇ ਹੈ = ਹਨ ਭਾਵ ਸਾਰੇ ਆਪਣੇ ਆਪਣੇ ਘਰਾਂ ਨੂੰ ਖ਼ੁਸ਼ੀ ਦੇ ਸਹਿਤ ਗੁਜ਼ਰਨਾ, ਜਾਣਾ ਕਰਦੇ ਹਨ।

ਜੈਸੇ ਏਕਾਹਾਰੀ ਏਕ ਘਰੀ ਪਾਕਸਾਲਾ ਬੈਠਿ;
ਭੋਜਨ ਕੈ ਬਿੰਜਨਾਦਿ ਸ੍ਵਾਦਿ ਕੈ ਅਘਾਤ ਹੈ॥

ਜੈਸੇ = ਜਿਸ ਪ੍ਰਕਾਰ ਏਕਾਹਾਰੀ = ਇਕ ਵਕਤ ਅੰਨ ਖਾਣ ਵਾਲਾ ਪੁਰਖ ਏਕ = ਇਕ ਘਰੀ = ਘੜੀ ਭਰ ਕੰਮਾਂ-ਕਾਰਾਂ ਤੋਂ ਵਿਹਲਾ ਹੋ ਕੇ ਪਾਕਸਾਲਾ = ਰਸੋਈ ਵਿਚ ਬੈਠਿ = ਇਸਥਿਤ ਹੋ ਕੇ ਬਹੁਤ ਤਰ੍ਹਾਂ ਦੇ ਬਿੰਜਨਾਦਿ = ਖੱਟੇ ਮਿੱਠੇ ਸਲੂਣੇ ਸ੍ਵਾਦਿ = ਸੁਆਦਿਸ਼ਟ ਭੋਜਨ ਨੂੰ ਖਾ ਕੈ = ਕਰਕੇ ਅਘਾਤ = ਰੱਜ ਜਾਣਾ ਕੈ = ਕਰਦਾ ਹੈ।

ਜੈਸੇ ਰਾਜ ਦੁਆਰਿ ਜਾਇ ਕਰਤ ਜੁਹਾਰ ਜਨ;
ਏਕ ਘਰੀ ਪਾਛੈ ਦੇਸ-ਭੋਗਤਾ ਹੁਇ ਖਾਤ ਹੈ॥

ਜੈਸੇ = ਜਿਸ ਪ੍ਰਕਾਰ ਰਾਜ = ਰਾਜੇ ਦੇ ਦੁਆਰਿ = ਦਰਵਾਜ਼ੇ 'ਤੇ ਜਾਇ = ਜਾ ਕੇ ਕੋਈ ਜਨ = ਪੁਰਖ ਏਕ = ਇਕ ਘਰੀ = ਘੜੀ ਜੁਹਾਰ = ਪ੍ਰਣਾਮ ਕਰਤ = ਕਰਦਾ ਹੈ ਤਾਂ ਫੇਰ ਪਾਛੈ = ਪਿੱਛੋਂ ਦੇਸ਼ ਦਾ ਭੋਗਤਾ = ਭੋਗਣ ਵਾਲਾ ਬਣ ਕੇ ਭਾਵ ਰਾਜਾ ਖ਼ੁਸ਼ ਹੋ ਕੇ ਕਿਸੇ ਦੇਸ਼ ਦੀ ਜਾਗੀਰ ਬਖ਼ਸ਼ ਦਿੰਦਾ ਹੈ ਤੇ ਉਹ ਜਾਗੀਰਦਾਰ ਬਣ ਕੇ ਬਖ਼ਸ਼ੀ ਹੁਇ = ਹੋਈ ਜਾਗੀਰ ਨੂੰ ਖਾਤ = ਖਾਣਾ ਕਰਦਾ ਹੈ।

ਆਠ ਹੀ ਪਹਰ ਸਾਠ ਘਰੀ ਮੈ ਜਉ ਏਕ ਘਰੀ;
ਸਾਧ ਸਮਾਗਮੁ ਕਰੈ, ਨਿਜ ਘਰ ਜਾਤ ਹੈ॥੩੧੦॥

ਉਸੇ ਤਰ੍ਹਾਂ ਆਠ = ਅੱਠਾਂ ਹੀ ਪਹਿਰਾਂ ਦੀਆਂ ਸਾਠ = ਸੱਠ ਘਰੀ = ਘੜੀਆਂ ਮੈ = ਵਿੱਚੋਂ ਜਉ = ਜੇਕਰ ਏਕ = ਇਕ ਘਰੀ = ਘੜੀ ਭਰ ਵੀ ਸਾਧ = ਸ੍ਰੇਸ਼ਟ ਜਨਾਂ ਦੀ ਸਮਾਗਮੁ = ਇਕੱਤਰਤਾ ਵਿਚ ਕੋਈ ਪੁਰਖ ਜਾਣਾ ਕਰੈ = ਕਰਦਾ ਹੈ ਤਾਂ ਨਿਜ = ਆਪਣੇ ਸਰੂਪ ਰੂਪੀ ਘਰ ਨੂੰ ਪ੍ਰਾਪਤ ਹੋ ਜਾਤ = ਜਾਇਆ ਕਰਦਾ ਹੈ॥੩੧੦॥

ਕਾਰਤਿਕ ਜੈਸੇ ਦੀਪਮਾਲਿਕਾ ਰਜਨੀ ਸਮੈ;
ਦੀਪ ਜੋਤਿ ਕੋ ਉਦੋਤ ਹੋਤ ਹੀ ਬਿਲਾਤ ਹੈ॥

ਜੈਸੇ = ਜਿਸ ਪ੍ਰਕਾਰ ਕਾਰਤਿਕ = ਕੱਤਕ ਦੇ ਮਹੀਨੇ ਦੀਪਮਾਲਿਕਾ = ਦੀਪਮਾਲਾ (ਦੀਵਾਲੀ) ਦੇ

ਰਜਨੀ = ਰਾਤ ਸਮੈ = ਵਕਤ ਦੀਪ = ਦੀਵਿਆਂ ਕੋ = ਦਾ ਜੋਤਿ = ਪ੍ਰਕਾਸ਼ ਉਦੋਤ = ਪ੍ਰਗਟ ਹੋਤ = ਹੋ ਕੇ ਭਾਵ ਜਗ ਕੇ ਥੋੜ੍ਹੇ ਸਮੇਂ ਬਾਅਦ ਹੀ ਬਿਲਾਤ = ਬੁਝ ਜਾਂਦਾ ਹੈ।

ਬਰਖਾ ਸਮੈ ਜੈਸੇ ਤਉ ਬੁਦਬੁਦਾ ਕੋ ਪ੍ਰਗਾਸ;
ਤਾਸ ਨਾਮ ਪਲਕ ਮੈ ਨ ਠਹਿਰਾਤ ਹੈ॥

ਜੈਸੇ = ਜਿਸ ਪ੍ਰਕਾਰ ਬਰਖਾ = ਬਰਸਾਤ ਦੇ ਸਮੈ = ਵਕਤ ਤਉ = ਤਾਂ ਬੁਦਬੁਦਾ = ਪਾਣੀ ਦੇ ਬੁਲਬੁਲਿਆਂ ਕੋ = ਦਾ ਪ੍ਰਗਾਸ = ਪ੍ਰਕਾਸ਼ ਹੁੰਦਾ ਹੈ, ਪਰ ਤਾਸ = ਤਿਨ੍ਹਾਂ ਬੁਲਬੁਲਿਆਂ ਦਾ ਨਾਮ = ਨਾਉਂ ਪਲਕ = ਅੱਖ ਦੇ ਝਮਕਣੇ ਜਿਤਨੇ ਸਮੇਂ ਮੈ = ਵਿਚ ਵੀ ਠਹਿਰਾਤ = ਟਿਕਣਾ ਨਹੀਂ ਕਰਦਾ ਹੈ ਭਾਵ ਝੱਟ ਹੀ ਨਾਸ਼ ਹੋ ਜਾਂਦਾ ਹੈ।

ਗ੍ਰੀਖਮ ਸਮੈ ਜੈਸੇ ਤਉ ਮ੍ਰਿਗ ਤ੍ਰਿਸਨਾ ਚਰਿਤ੍ਰ;
ਝਾਈ ਸੀ ਦਿਖਾਈ ਦੇਤ ਉਪਜਿ ਸਮਾਤ ਹੈ॥

ਜੈਸੇ = ਜਿਸ ਤਰ੍ਹਾਂ ਗ੍ਰੀਖਮ = ਗਰਮੀ ਦੀ ਰੁੱਤ, ਜੇਠ-ਹਾੜ ਦੇ ਸਮੈ = ਵਕਤ ਤਉ = ਤਾਂ ਮਾਰੂਥਲ ਦੇ ਇਲਾਕੇ ਵਿਚ ਮ੍ਰਿਗ = ਹਿਰਨਾਂ ਨੂੰ ਭੁਲੇਖਾ ਪੈ ਜਾਂਦਾ ਹੈ ਭਾਵ ਰੇਤ ਚਮਕਦੀ ਨੂੰ ਪਾਣੀ ਸਮਝ ਲੈਂਦਾ ਹੈ, ਜੋ ਇਕ ਚਰਿਤ੍ਰ = ਚਲਿੱਤਰ, ਤਮਾਸ਼ਾ, ਝੂਠਾ ਹੁੰਦਾ ਹੈ, ਪਰ ਉਹ ਰੇਤ ਪਾਣੀ ਦੀ ਝਾਈ = ਝਲਕੀ ਸੀ = ਜਿਹੀ ਦਿਖਾਈ ਦੇਤ = ਦੇ ਕੇ ਉਪਜਿ = ਉਤਪੰਨ ਹੁੰਦਿਆਂ ਸਾਰ ਹੀ ਸਮਾਤ = ਸਮਾਅ ਜਾਂਦੀ ਹੈ ਭਾਵ ਉਹ ਰੇਤ ਪਾਣੀ ਦੇ ਰੂਪ ਵਿਚ ਇਕ ਚਮਕ ਦਿਖਾਈ ਦਿੰਦੀ ਹੈ ਅਤੇ ਪੈਦਾ ਹੋ ਕੇ ਥੋੜ੍ਹੇ ਸਮੇਂ ਬਾਅਦ ਨਾਸ਼ ਹੋ ਜਾਂਦੀ ਹੈ ਤੇ ਹਿਰਨ ਪਿਆਸਾ ਹੀ ਰਹਿ ਜਾਂਦਾ ਹੈ। ਜੈਸੇ ਕਿ :

ਸੀਤਲ ਜਲ ਮ੍ਰਿਗ ਤ੍ਰਿਸ਼ਨ ਕੋ; ਗਗਨ ਕਮਲ ਕੀ ਬਾਸ।
ਸੁੰਦਰ ਅਤਿ ਬੰਧਜਾ ਸੁਵਨ, ਐਸੋ ਜਗਤ ਪ੍ਰਕਾਸ॥੨॥ *(ਵਿਚਾਰਮਾਲਾ, ਛੇਵਾਂ ਬਿਸ੍ਰਾਮ)*

ਤੈਸੇ ਮੋਹ ਮਾਇਆ ਛਾਇਆ ਬਿਰਖ ਚਪਲ ਛਲ;
ਛਲੈ ਛੈਲ ਸ੍ਰੀ ਗੁਰ ਚਰਨ ਲਪਟਾਤ ਹੈ॥੩੧੧॥

ਤੈਸੇ = ਉਸੇ ਪ੍ਰਕਾਰ ਹੀ ਬਿਰਖ = ਬ੍ਰਿਛ ਦੀ ਚਪਲ = ਚੰਚਲ ਛਾਇਆ = ਛਾਂ ਵਤ ਮਾਇਆ ਦਾ ਮੋਹ = ਸਨੇਹ ਸਾਰੇ ਸੰਸਾਰ ਨੂੰ ਛਲ = ਛਲਦਾ ਰਹਿੰਦਾ ਹੈ, ਉਹ ਛਲੈ = ਕਪਟ ਭਰੀ ਛੈਲ = ਸੁੰਦਰ ਸਰੂਪ ਵਾਲੀ ਮਾਇਆ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਚਰਨਾਂ ਉੱਪਰ ਲਪਟਾਤ = ਲੰਪਟ, ਪਈ ਰਹਿੰਦੀ ਹੈ **ਵਾ:** ਜੋ ਗੁਰਮੁਖ ਜਨ ਸ੍ਰੀ = ਸੁਭਾਇਮਾਨ ਗੁਰ = ਸਤਿਗੁਰੂ ਜੀ ਦੇ ਚਰਨਾਂ ਨਾਲ ਲਪਟਾਤ = ਲੰਪਟ ਰਹਿੰਦੇ ਹਨ ਭਾਵ ਨਾਮ ਦੁਆਰਾ ਸੁਰਤਿ ਜੋੜੀ ਰੱਖਦੇ ਹਨ, ਉਹ ਇਸ ਮਾਇਆ ਨੂੰ ਆਪਣੇ ਵੱਸ ਵਿਚ ਕਰ ਲੈਂਦੇ ਹਨ॥੩੧੧॥

ਜੈਸੇ ਤਉ ਬਸਨ ਅੰਗ ਸੰਗ ਮਿਲਿ ਹੋਇ ਮਲੀਨ;
ਸਲਿਲ ਸਾਬੁਨ ਮਿਲਿ ਨਿਰਮਲ ਹੋਤ ਹੈ॥

ਜੈਸੇ = ਜਿਸ ਪ੍ਰਕਾਰ ਬਸਨ = ਬਸਤਰ ਸਰੀਰ ਦੇ ਅੰਗਾਂ ਸੰਗ = ਨਾਲ ਮਿਲਿ = ਲੱਗ ਕੇ (ਪਹਿਨਣ 'ਤੇ)

ਮਲੀਨ = ਮੈਲੇ ਹੋਇ = ਹੋ ਜਾਂਦਾ ਹੈ, ਤਉ = ਤਾਂ ਉਹ ਮੈਲਾ ਬਸਤਰ ਸਲਿਲ = ਪਾਣੀ ਤੇ ਸਾਬੁਨ = ਸਾਬਣ ਨਾਲ ਮਿਲ ਕੇ ਭਾਵ ਪਾਣੀ ਤੇ ਸਾਬਣ ਨਾਲ ਧੋਤਿਆਂ ਨਿਰਮਲ = ਉੱਜਲਾ ਹੋਤ = ਹੋ ਜਾਂਦਾ ਹੈ। ਜੈਸਾ ਕਿ :

੧. **ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰ ਸੁ ਖੇਹ॥**
ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥ *(ਜਪੁ ਜੀ ਸਾਹਿਬ, ਅੰਗ ੪)*

੨. **ਜਿਉ ਸਾਬੁਨਿ ਕਾਪਰ ਊਜਲ ਹੋਤ॥** *(ਰਾਮਕਲੀ ਮਃ ੫, ਅੰਗ ੯੧੫)*

ਜੈਸੇ ਤਉ ਸਰੋਵਰ ਸਿਵਾਲ ਕੈ ਅਛਾਦਿਓ ਜਲੁ;
ਝੋਲਿ ਪੀਏ ਨਿਰਮਲ ਦੇਖੀਐ ਅਛੋਤ ਹੈ॥

ਜੈਸੇ = ਜਿਸ ਪ੍ਰਕਾਰ ਸਰੋਵਰ = ਤਲਾਅ ਦਾ ਜਲ = ਪਾਣੀ ਸਿਵਾਲ = ਜਾਲੇ (ਬੂਰ) ਕੈ = ਕਰਕੇ ਅਛਾਦਿਓ = ਢੱਕਿਆ ਹੋਇਆ ਹੁੰਦਾ ਹੈ ਅਤੇ ਜੇ ਉਸ ਦਿਖਾਈ = ਦਿਸਣ ਵਾਲੇ ਅਛੋਤ = ਅਪਵਿੱਤਰ ਬੂਰ (ਜਾਲੇ) ਨੂੰ ਉੱਪਰੋਂ ਝੋਲਿ = ਹਟਾ ਦੇਣਾ ਕਰੀਏ ਤਾਂ ਨਿਰਮਲ = ਉੱਜਲ ਪਾਣੀ ਪੀਏ = ਪੀ ਲੈਣਾ ਕਰੀਦਾ ਹੈ।

ਜੈਸੇ ਨਿਸ ਅੰਧਕਾਰ ਤਾਰਕਾ ਚਮਤਕਾਰ;
ਹੋਤ ਉਜੀਆਰੋ ਦਿਨਕਰ ਕੇ ਉਦੋਤ ਹੈ॥

ਜੈਸੇ = ਜਿਸ ਪ੍ਰਕਾਰ ਅੰਧਕਾਰ = ਅੰਧੇਰੀ ਨਿਸ = ਰਾਤ ਵਿਚ ਤਾਰਕਾ = ਤਾਰਿਆਂ ਦਾ ਚਮਤਕਾਰ = ਪ੍ਰਕਾਸ਼ ਵੀ ਹੁੰਦਾ ਹੈ, ਪਰ ਦਿਨਕਰ = ਸੂਰਜ ਕੇ = ਦੇ ਉਦੋਤ = ਉਦੇ, ਪ੍ਰਗਟ ਹੋਤ = ਹੁੰਦਿਆਂ ਸਾਰ ਹੀ ਪੂਰਾ ਉਜੀਆਰੋ = ਚਾਨਣਾ ਹੋਤ = ਹੁੰਦਾ ਹੈ। ਜੈਸਾ ਕਿ :

ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।

(ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੭)

ਤੈਸੇ ਮਾਇਆ ਮੋਹ ਭ੍ਰਮ ਹੋਤ ਹੈ ਮਲੀਨ ਮਤਿ;
ਸਤਿਗੁਰ ਗਿਆਨ ਧਿਆਨ ਜਗਮਗ ਜੋਤਿ ਹੈ॥੩੧੨॥

ਤੈਸੇ = ਉਸੇ ਪ੍ਰਕਾਰ ਮਾਇਆ ਦੇ ਮੋਹ = ਸਨੇਹ ਕਰਕੇ ਭ੍ਰਮ = ਭੁਲੇਖੇ ਵਿਚ ਪਈ ਹੋਤ = ਹੋਈ ਮਤਿ = ਬੁੱਧੀ ਵਿਸ਼ੇ-ਵਿਕਾਰਾਂ ਕਰਕੇ ਮਲੀਨ = ਮੈਲੀ ਹੋਈ ਰਹਿੰਦੀ ਹੈ, ਪਰ ਸਤਿਗੁਰ = ਸੱਚੇ ਗੁਰਾਂ ਦੇ ਗਿਆਨ ਧਿਆਨ ਦੇ ਪ੍ਰਤਾਪ ਕਰਕੇ ਆਤਮਿਕ ਜੋਤਿ = ਜੋਤੀ ਦਾ ਜਗਮਗ = ਪ੍ਰਕਾਸ਼ ਜੀਵ ਦੇ ਰਿਦੇ ਵਿਚ ਪ੍ਰਕਾਸ਼ ਹੋ ਆਉਂਦਾ ਹੈ॥੩੧੨॥ ਜੈਸਾ ਕਿ :

ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ॥
ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ॥੨॥

(ਗਉੜੀ ਭਗਤ ਰਵਿਦਾਸ ਜੀ, ਅੰਗ ੩੪੬)

ਅੰਤਰ ਅਛਿਤ ਹੀ ਦਿਸੰਤਰਿ ਗਵਨ ਕਰੈ;
ਪਾਛੈ ਪਰੇ ਪਹੁਚੈ ਨ ਪਾਇਕ ਜਉ ਧਾਵਈ॥

ਇਹ ਮਨ ਸਰੀਰ ਦੇ ਅੰਦਰ = ਵਿਚ **ਵਾ:** ਅੰਤਹਕਰਣ ਵਿਚ ਅਛਿਤ = ਹੁੰਦਿਆਂ ਹੀ ਹੋਰਨਾਂ

ਦਿਸੰਤਰਿ = ਦੇਸ਼ਾਂ ਦਿਸਾਂਤਰਾਂ ਵੱਲ ਗਵਨ = ਫਿਰਨਾ ਕਰੈ = ਕਰਦਾ ਹੈ, ਜਉ = ਜੇਕਰ ਪਾਇਕ = ਪਿਆਦਾ (ਹਰਕਾਰਾ) ਭਾਵ ਤੇਜ਼ ਤੁਰਨ ਵਾਲਾ ਪਿਆਦਾ ਇਸ ਦੇ ਪਾਛੈ = ਮਗਰ ਪਰੇ = ਪੈ ਕੇ ਧਾਵਈ = ਦੌੜਨਾ ਵੀ ਕਰੇ ਤਾਂ ਵੀ ਇਸ ਤਕ ਪਹੁਚੈ = ਪਹੁੰਚ ਨ = ਨਹੀਂ ਸਕਦਾ। ਜੈਸਾ ਕਿ :

ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ ਦਹਦਿਸਿ ਚਲਿ ਚਲਿ ਹਾਢੇ ॥ *(ਅੰਗ ੧੭੧)*

ਪਹੁਚੈ ਨ ਰਥ, ਪਹੁਚੈ ਨ ਗਜ ਰਾਜ ਬਾਜੁ;
ਪਹੁਚੈ ਨ ਖਗ ਮ੍ਰਿਗ ਫਾਂਧਤ ਉਡਾਵਈ ॥

ਰੱਥ ਉੱਤੇ ਅਸਵਾਰ ਹੋ ਕੇ ਵੀ ਕੋਈ ਪੁਰਖ ਮਨ ਦੇ ਬਰਾਬਰ ਪਹੁਚੈ = ਪਹੁੰਚ ਨ = ਨਹੀਂ ਸਕਦਾ, ਗਜ ਰਾਜ = ਹਾਥੀ, ਬਾਜ਼ = ਘੋੜਿਆਂ ਉੱਪਰ ਵੀ ਅਸਵਾਰ ਹੋ ਕੇ ਕੋਈ ਮਨ ਦੇ ਬਰਾਬਰ ਪਹੁਚੈ = ਅੱਪੜ ਨ = ਨਹੀਂ ਸਕਦਾ ਅਤੇ ਖਗ = ਪੰਛੀ ਉਡਾਵਈ = ਉਡਾਰੀਆਂ ਮਾਰ ਕੇ ਤੇ ਮ੍ਰਿਗ = ਹਿਰਨ ਫਾਂਧਤ = ਛਾਲ ਮਾਰ ਕੇ ਮਨ ਦੇ ਬਰਾਬਰ ਪਹੁਚੈ = ਅੱਪੜ ਨ = ਨਹੀਂ ਸਕਦੇ।

ਪਹੁਚੈ ਨ ਪਵਨ ਗਵਨ ਤ੍ਰਿਭਵਨ ਪ੍ਰਤਿ;
ਅਰਧ ਉਰਧ ਅੰਤਰੀਛ ਹੁਇ ਨ ਪਾਵਈ ॥

ਪਵਨ = ਹਵਾ ਵੀ ਮਨ ਦੇ ਬਰਾਬਰ ਪਹੁਚੈ = ਅੱਪੜ ਨ = ਨਹੀਂ ਸਕਦੀ, ਜਿਸ ਦੇ ਗਵਨ = ਚੱਲਣ ਦੀ ਸਮਰੱਥਾ ਤ੍ਰਿਭਵਨ = ਤਿੰਨਾਂ ਲੋਕਾਂ ਪ੍ਰਤਿ = ਤਾਈਂ ਹੈ, ਅਰਧ = ਹੇਠਾਂ, ਪਤਾਲ ਗਾਮੀ ਹੋ ਕੇ ਤੇ ਉਰਧ = ਉੱਪਰ, ਅਕਾਸ਼ ਗਾਮੀ ਹੋ ਕੇ ਅਤੇ ਅੰਤਰੀਛ = ਅੰਤ੍ਰਾਲਿਕ ਮੰਡਲ ਵਿਚ ਪਹੁੰਚ ਕਰਨ ਵਾਲਾ ਹੋ ਕੇ ਜੀਵ ਇਸ ਮਨ ਨੂੰ ਪਾਵਈ = ਪ੍ਰਾਪਤ ਨ = ਨਹੀਂ ਕਰ ਸਕਦਾ ਭਾਵ ਫੜ ਨਹੀਂ ਸਕਦਾ।

ਪੰਚ ਦੂਤ ਭੂਤ ਲਗਿ ਅਧਮੁ ਅਸਾਧੁ ਮਨੁ;
ਗਹੇ ਗੁਰ ਗਿਆਨ ਸਾਧ ਸੰਗਿ ਬਸਿ ਆਵਈ ॥੩੧੩॥

ਪੰਚ = ਪੰਜ ਕਾਮ, ਕ੍ਰੋਧ ਆਦਿ ਦੂਤ = ਦੂਤਾਂ ਰੂਪ ਭੂਤ = ਭੂਤਨਿਆਂ ਦੇ ਪਿੱਛੇ ਲੱਗ ਕੇ ਅਧਮੁ = ਨੀਚ ਤੇ ਅਸਾਧੁ = ਨਾ ਸਾਧਿਆ ਜਾਣ ਵਾਲਾ ਮਨ ਹੈ ਤੇ ਐਸੇ ਮਨ ਨੂੰ ਸਾਧ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ ਵਿਚ **ਵਾ:** ਸਤਿਸੰਗਤ ਵਿਚ ਗੁਰੂ ਦੇ ਉਪਦੇਸ਼ ਨੂੰ ਸੁਣ ਕੇ ਗਿਆਨ ਦੀ ਪ੍ਰਾਪਤੀ ਕਰ ਕੇ ਗਹੇ = ਪਕੜਨ ਦਾ ਯਤਨ ਕਰੀਏ ਤਾਂ ਮਨ ਬਸਿ = ਅਧੀਨਗੀ ਵਿਚ ਆਵਈ = ਆਉਂਦਾ ਹੈ **ਵਾ:** ਸਤਿਸੰਗਤ ਵਿਚ ਜਾ ਕੇ ਗੁਰੂ ਦੇ ਚਰਨਾਂ ਨੂੰ ਗਹੇ = ਫੜਨਾ ਕਰੇ ਤਾਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਤੇ ਫਿਰ ਮਨ ਵੱਸ ਵਿਚ ਆਉਂਦਾ ਹੈ ॥੩੧੩॥ ਜੈਸਾ ਕਿ :

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥
ਗਿਆਨ ਕਾ ਬਧਾ ਮਨ ਰਹੈ ਗੁਰ ਬਿਨੁ ਗਿਆਨੁ ਨ ਹੋਇ ॥੫॥ *(ਅੰਗ ੪੬੯)*

ਆਂਧਰੇ ਕਉ ਸਬਦ ਸੁਰਤਿ ਕਰ ਚਰ ਟੇਕ;
ਬਹਰੈ ਚਰਨ ਕਰ ਦ੍ਰਿਸਟਿ ਸਬਦ ਹੈ ॥

ਆਂਧਰੇ = ਅੰਨ੍ਹੇ ਪੁਰਖ ਕਉ = ਨੂੰ ਸਬਦ = ਬਾਣੀ ਬੋਲਣ ਦੀ ਸਾਧਨ ਰਸਨਾ, ਸੁਰਤਿ = ਕੰਨਾਂ,

ਕਰ = ਹੱਥਾਂ ਤੇ ਚਰ = ਪੈਰਾਂ ਦੀ ਟੇਕ = ਓਟ ਹੁੰਦੀ ਹੈ ਅਤੇ ਬਹਰੈ = ਬੋਲੇ (ਜਿਸ ਨੂੰ ਸੁਣਾਈ ਨਾ ਦੇਵੇ) ਪੁਰਖ ਨੂੰ ਚਰਨ = ਪੈਰਾਂ, ਕਰ = ਹੱਥਾਂ ਤੇ ਨੇਤਰਾਂ ਦੀ ਦ੍ਰਿਸਟਿ = ਨਿਗ੍ਹਾ ਤੇ ਸਬਦ = ਬਾਣੀ ਬੋਲਣ ਦਾ ਆਸਰਾ ਹੁੰਦਾ ਹੈ।

ਗੂੰਗੇ ਟੇਕ ਚਰ ਕਰ ਦ੍ਰਿਸਟਿ ਸਬਦ ਸੁਰਤਿ ਲਿਵ;
ਲੂਲੇ ਟੇਕ ਦ੍ਰਿਸਟਿ ਸਬਦ ਸ੍ਰੁਤਿ ਪਦ ਹੈ॥

ਗੂੰਗੇ = ਬੋਲ ਨਾ ਸਕਣ ਵਾਲੇ ਪੁਰਖ ਨੂੰ ਚਰ = ਪੈਰਾਂ, ਕਰ = ਹੱਥਾਂ, ਦ੍ਰਿਸਟਿ = ਦ੍ਰਿਸ਼ਟੀ (ਨਿਗ੍ਹਾ), ਸਬਦ = ਆਵਾਜ਼, ਸੁਰਤਿ = ਕੰਨ ਤੇ ਲਿਵ = ਬਿਰਤੀ ਦੀ ਟੇਕ = ਓਟ ਹੁੰਦੀ ਹੈ ਅਤੇ ਲੂਲੇ = ਲੁੰਜੇ, ਹੱਥਾਂ ਤੋਂ ਰਹਿਤ ਪੁਰਖ ਨੂੰ ਸਬਦ = ਆਵਾਜ਼ (ਬਾਣੀ) ਸ੍ਰੁਤਿ = ਕੰਨ ਤੇ ਪਦ = ਪੈਰਾਂ ਦੀ ਟੇਕ = ਓਟ ਹੁੰਦੀ ਹੈ।

ਪਾਂਗੁਰੇ ਕਉ ਟੇਕ ਦ੍ਰਿਸਟਿ ਸਬਦ ਸੁਰਤਿ ਕਰ;
ਟੇਕ ਏਕ ਏਕ ਅੰਗ ਹੀਨ ਦੀਨਤਾ ਅਛਦ ਹੈ॥

ਪਾਂਗੁਰੇ = ਪਿੰਗਲੇ ਪੁਰਖ ਕਉ = ਨੂੰ ਦ੍ਰਿਸਟਿ = ਨਿਗ੍ਹਾ, ਸਬਦ = ਬਾਣੀ, ਸੁਰਤਿ = ਕੰਨ ਤੇ ਕਰ = ਹੱਥਾਂ ਦੀ ਟੇਕ = ਓਟ ਹੁੰਦੀ ਹੈ, ਇਸੇ ਕਰਕੇ ਹੀ ਇਨ੍ਹਾਂ ਸਾਰਿਆਂ ਦੀ ਏਕ ਏਕ = ਇਕ ਇਕ ਅੰਗ ਤੋਂ ਹੀਨ = ਹੀਣਿਆਂ ਹੋਣ ਕਾਰਨ ਦੂਜੇ ਅੰਗਾਂ ਦੇ ਸਹਾਰੇ ਦੀਨਤਾ = ਗ਼ਰੀਬਤਾਈ ਮੁਥਾਜਗੀ ਅਛਦ = ਅਛਾਦੀ, ਢਕੀ ਢਕਾਈ ਰਹਿੰਦੀ ਹੈ।

ਅੰਧ ਗੁੰਗ ਸੁੰਨ ਪੰਗ ਲੁੰਜ ਦੁਖ-ਪੁੰਜ ਮਮ;
ਅੰਤਰ ਕੇ ਅੰਤਰਜਾਮੀ ਪਰਬੀਨ ਸਦ ਹੈ॥੩੧੪॥

ਅੰਧ = ਅੰਨ੍ਹੇ, ਗੁੰਗ = ਬੋਲ ਨਾ ਸਕਣ ਵਾਲੇ, ਸੁੰਨ = ਬੋਲ਼ੇ, ਪੰਗ = ਪਿੰਗਲੇ, ਲੁੰਜ = ਲੂਲ੍ਹੇ ਆਦਿ ਇਨ੍ਹਾਂ ਪੁੰਜ = ਸਾਰਿਆਂ ਦੁਖ = ਕਸ਼ਟਾਂ ਵਾਲਿਆਂ ਤੋਂ ਜ਼ਿਆਦਾ ਮਮ = ਮੈਂ ਦੁਖੀ ਹਾਂ **ਵਾ:** ਮੈਂ ਅੰਧ = ਅੰਨ੍ਹਾ, ਗੁੰਗ = ਗੂੰਗਾ, ਸੁੰਨ = ਬੋਲ਼ਾ, ਪੰਗ = ਪਿੰਗਲਾ, ਲੁੰਜ = ਲੂਲ੍ਹਾ ਇਨ੍ਹਾਂ ਸਾਰਿਆਂ ਅੰਗਾਂ ਤੋਂ ਹੀਣਾ ਦੁੱਖਾਂ ਦਾ ਪੁੰਜ ਹਾਂ ਭਾਵ ਹੇ ਗੁਰੂ ਜੀ! ਨੇਤਰ ਆਪ ਜੀ ਦੇ ਦਰਸ਼ਨਾਂ ਤੋਂ ਵਿਹੂਣੇ ਹਨ, ਜੀਭ ਗੁਰਬਾਣੀ ਪੜ੍ਹਨ ਤੋਂ ਵਿਹੂਣੀ ਹੈ, ਕੰਨ ਸਬਦ = ਸੁਰਤਿ ਦੀ ਸੋ੍ਰਤ ਤੋਂ ਹੀਣੇ ਹਨ, ਪੈਰ ਆਪ ਜੀ ਦੇ ਮਾਰਗ ਭਾਵ ਸਤਿਸੰਗਤ ਵਿਚ ਜਾਣ ਤੋਂ ਹੀਣੇ ਹਨ ਅਤੇ ਹੱਥ ਸੇਵਾ ਤੋਂ ਵਿਹੂਣੇ ਹਨ। ਇਨ੍ਹਾਂ ਸਾਧਨਾਂ ਤੋਂ ਮੈਂ ਵਿਹੂਣਾ ਹਾਂ। ਹੇ ਸਤਿਗੁਰੂ ਜੀ! ਤੁਸੀਂ ਸਦ = ਸਦਾ ਹੀ ਸਭ ਕੇ = ਦੇ ਅੰਤਰ = ਅੰਦਰ ਦੀ ਜਾਨਣ ਵਾਲੇ ਅੰਤਰਜਾਮੀ ਪਰਬੀਨ = ਸੂਝਵਾਨ, ਸਰਬ ਗੁਣ ਸੰਪੰਨ ਹੋ, ਇਸ ਕਰਕੇ ਆਪ ਜੀ ਮੇਰੀ ਇਹ ਪੀੜਾ ਨਵਿਰਤ ਕਰੋ॥੩੧੪॥

ਆਂਧਰੇ ਕਉ ਸਬਦ ਸੁਰਤਿ ਕਰ ਚਰ ਟੇਕ;
ਅੰਧ ਗੁੰਗ ਸਬਦ ਸੁਰਤਿ ਕਰ ਚਰ ਹੈ॥

ਆਂਧਰੇ = ਅੰਨ੍ਹੇ ਪੁਰਖ ਕਉ = ਨੂੰ ਸਬਦ = ਆਵਾਜ਼, ਸੁਰਤਿ = ਕੰਨਾਂ, ਕਰ = ਹੱਥਾਂ, ਚਰ = ਪੈਰਾਂ ਦੀ

ਟੇਕ = ਓਟ ਹੈ ਅਤੇ ਜੋ ਅੰਧ = ਅੰਨ੍ਹਾ ਤੇ ਗੁੰਗਾ ਹੈ, ਉਸ ਨੂੰ ਸਬਦ = ਬਾਣੀ, ਸੁਰਤਿ = ਕੰਨਾਂ, ਕਰ = ਹੱਥਾਂ ਤੇ ਚਰ = ਪੈਰਾਂ ਦੀ ਟੇਕ ਹੈ।

ਅੰਧ ਗੁੰਗ ਸੁੰਨ ਕਰ ਚਰ ਅਵਿਲੰਬ ਟੇਕ;
ਅੰਧ ਗੁੰਗ ਸੁੰਨ ਪਗ ਟੇਕ ਏਕ ਕਰ ਹੈ॥

ਜੋ ਅੰਧ = ਅੰਨ੍ਹਾ ਤੇ ਗੁੰਗ = ਗੂੰਗਾ ਤੇ ਸੁੰਨ = ਬੋਲ਼ਾ, ਸੁਣਨ ਤੋਂ ਰਹਿਤ ਪੁਰਖ ਹੈ, ਉਸ ਨੂੰ ਕਰ = ਹੱਥਾਂ, ਚਰ = ਪੈਰਾਂ ਦੇ ਅਵਿਲੰਬ = ਆਸਰੇ ਦੀ ਟੇਕ = ਓਟ ਹੈ ਅਤੇ ਜੋ ਅੰਧ = ਅੰਨ੍ਹਾ ਤੇ ਗੁੰਗ = ਗੂੰਗਾ, ਸੁੰਨ = ਬੋਲ਼ਾ ਤੇ ਪਗ = ਪੈਰਾਂ ਤੋਂ ਬਿਨਾਂ (ਪਿੰਗਲਾ) ਪੁਰਖ ਹੈ, ਉਸ ਨੂੰ ਏਕ = ਇਕ ਕਰ = ਹੱਥਾਂ ਦੀ ਹੀ ਟੇਕ = ਓਟ ਹੈ।

ਅੰਧ ਗੁੰਗ ਸੁੰਨ ਪੰਗੁ ਲੁੰਜ ਦੁਖ-ਪੁੰਜ ਮਮ;
ਸਰਬੰਗ ਹੀਨ ਦੀਨ ਦੁਖਿਤ ਅਧਰ ਹੈ॥

ਅੰਧ = ਅੰਨ੍ਹੇ, ਗੁੰਗ = ਗੂੰਗੇ, ਸੁੰਨ = ਬੋਲ਼ੇ, ਪੰਗੁ = ਪਿੰਗਲੇ, ਲੁੰਜ = ਲੂਲ੍ਹੇ (ਲੁੰਜੇ) ਆਦਿ ਪੁੰਜ = ਸਾਰੇ ਦੁਖ = ਕਸ਼ਟਾਂ ਵਾਲੇ ਪੁਰਖਾਂ ਤੋਂ ਮਮ = ਮੈਂ ਅਤਿਅੰਤ ਦੁਖੀ ਪੁਰਖ ਹਾਂ, ਸਰਬੰਗ = ਸਰੀਰ ਦੇ ਸਾਰੇ ਅੰਗਾਂ ਤੋਂ ਹੀਨ = ਹੀਣਾ, ਦੀਨ = ਗ਼ਰੀਬ, ਦੁਖਿਤ = ਦੁਖੀਆ, ਅਧਰ = ਆਸਰੇ ਤੋਂ ਬਗ਼ੈਰ ਕੇਵਲ ਮੈਂ ਹੀ ਹਾਂ।

ਅੰਤਰ ਕੀ ਅੰਤਰਜਾਮੀ ਜਾਨੈ ਅੰਤਰਗਤਿ;
ਕੈਸੇ ਨਿਰਬਾਹੁ ਕਰੈ ਸਰੈ ਨਰਹਰ ਹੈ॥੩੧੫॥

ਹੇ ਨਰਹਰ = ਨਰਸਿੰਘ ਸਰੂਪ ਧਾਰਨ ਵਾਲੇ, ਮੇਰੇ ਅੰਤਰ = ਅੰਦਰ ਕੀ = ਦੀ ਹਰੇਕ ਗੱਲ ਜਾਨੈ = ਜਾਨਣ ਵਾਲੇ, ਅੰਤਰਜਾਮੀ = ਸਭਨਾਂ ਦੇ ਦਿਲਾਂ ਦੀ ਜਾਨਣ ਵਾਲੇ ਅੰਤਰਗਤਿ = ਅੰਤਰਮੁਖੀ ਪਰਮੇਸ਼ਰ ! ਮੈਂ ਜੋ ਦੁੱਖਾਂ, ਕਲੇਸ਼ਾਂ ਤੇ ਈਰਖਾ ਰੂਪੀ ਅੱਗ ਵਿਚ ਸਰੈ = ਸੜ ਰਿਹਾ ਹਾਂ। ਮੈਂ ਕੈਸੇ = ਕਿਸ ਪ੍ਰਕਾਰ ਜ਼ਿੰਦਗੀ ਨਿਰਬਾਹੁ = ਬਤੀਤ ਕਰਾਂ **ਵਾ:** ਕਿਸ ਤਰ੍ਹਾਂ ਆਪ ਜੀ ਨਾਲ ਨਿਭ ਆਵੇ ਤੇ ਸਰ = ਬਣ ਸਕੇ ਜਿਸ ਕਰਕੇ ਮੁਕਤ ਰੂਪ ਰਸਤੇ ਤੋਂ ਮੈਂ ਵਾਂਝਾ ਨਾ ਰਹਿ ਜਾਵਾਂ॥੩੧੫॥

ਚਕਈ ਚਕੋਰ ਮ੍ਰਿਗ, ਮੀਨ ਭ੍ਰਿੰਗ ਅਉ ਪਤੰਗ;
ਪ੍ਰੀਤਿ ਇਕ-ਅੰਗੀ ਬਹੁ ਰੰਗੀ ਦੁਖਦਾਈ ਹੈ॥

ਚਕਈ = ਚਕਵੀ ਦੀ ਇਕ ਅੰਗੀ ਪ੍ਰੀਤੀ ਸੂਰਜ ਨਾਲ ਹੈ, ਚਕੋਰ ਦੀ ਇਕ ਅੰਗੀ ਪ੍ਰੀਤੀ ਚੰਦਰਮਾ ਨਾਲ ਹੈ, ਮ੍ਰਿਗ = ਹਿਰਨ ਦੀ ਘੰਡੇਹੇੜੇ ਦੇ ਸ਼ਬਦ ਨਾਲ ਹੈ, ਮੀਨ = ਮੱਛੀ ਦੀ ਜਲ ਨਾਲ ਪ੍ਰੀਤੀ ਹੈ, ਭ੍ਰਿੰਗ = ਭੌਰੇ ਦੀ ਕਮਲ ਫੁੱਲ ਨਾਲ ਪ੍ਰੀਤੀ ਹੈ ਅਉ = ਅਤੇ ਪਤੰਗ = ਪਤੰਗੇ ਦੀ ਦੀਵੇ ਦੀ ਲਾਟ ਨਾਲ ਪ੍ਰੀਤੀ ਹੈ। ਇਨ੍ਹਾਂ ਉਪਰੋਕਤ ਜਾਨਵਰਾਂ ਦੀ ਪ੍ਰੀਤੀ ਇਕ ਅੰਗੀ = ਪੱਖੀ ਆਖੀ ਜਾਂਦੀ ਹੈ। ਬਹੁ = ਬਹੁਤ ਰੰਗੀ = ਰੰਗਾਂ ਵਾਲੀ ਪ੍ਰੀਤੀ ਦੁਖਦਾਈ = ਕਸ਼ਟ ਦੇਣ ਵਾਲੀ ਹੁੰਦੀ ਹੈ ਕਿਉਂਕਿ ਬਹੁਤਿਆਂ ਨੂੰ ਇੱਕੋ ਵਾਰ ਹੀ ਇਕ ਸਮੇਂ ਰਿਝਾਇਆਂ (ਪ੍ਰਸੰਨ) ਨਹੀਂ ਕੀਤਾ ਜਾ ਸਕਦਾ **ਵਾ:** ਇਕ ਪਾਸੇ ਵਾਲੀ ਪ੍ਰੀਤੀ ਬਹੁ = ਬਹੁਤ ਰੰਗ ਭਾਵ ਤਰ੍ਹਾਂ ਕਰਕੇ ਦੁਖਦਾਈ = ਦੁੱਖਾਂ ਨੂੰ ਦੇਣ ਵਾਲੀ ਹੈ।

ਏਕ ਏਕ ਟੇਕ ਸੈ ਟਰਤ ਨ, ਮਰਤ ਸਬੈ;
ਆਦਿ ਅੰਤਿ ਕੀ ਸੁ ਚਾਲ ਚਲੀ ਜਗ ਆਈ ਹੈ॥

ਏਕ ਏਕ = ਇਕ ਇਕ ਦੀ ਟੇਕ = ਓਟ ਇਨ੍ਹਾਂ ਸਭਨਾਂ ਨੇ ਲਈ ਹੋਈ ਹੈ, ਉਸ ਸੈ = ਤੋਂ ਇਹ ਟਰਤ = ਟਲਦੇ ਨ = ਨਹੀਂ ਹਨ, ਭਾਵੇਂ ਸਬੈ = ਸਾਰੇ ਹੀ ਮਰਤ = ਮਰ ਜਾਣ। ਇਸ ਗੱਲ ਕੀ = ਦੀ ਆਦਿ = ਪਹਿਲਾਂ ਤੋਂ ਹੀ ਜਗ = ਸੰਸਾਰ ਵਿਚ ਸੁ = ਭਲੀ ਪ੍ਰਕਾਰ ਕਰਕੇ ਚਾਲ = ਰੀਤੀ ਚਲੀ ਆਈ = ਆ ਰਹੀ ਹੈ, ਜੋ ਅੰਤਿ = ਅਖ਼ੀਰ ਤਕ ਚੱਲਦੀ ਰਹੇਗੀ।

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਐਸੋ;
ਲੋਗ ਪਰਲੋਗ ਸੁਖਦਾਇਕ ਸਹਾਈ ਹੈ॥

ਗੁਰਸਿੱਖਾਂ ਦੀ ਸੰਗਤ ਦੇ ਨਾਲ ਮਿਲਾਪ = ਮਿਲਣ ਕੋ = ਦਾ ਪ੍ਰਤਾਪੁ = ਮਹਾਤਮ ਐਸੋ = ਅਜਿਹਾ ਹੈ ਕਿ ਇਸ ਲੋਗ = ਲੋਕ ਵਿਚ ਸੁਖਦਾਇਕ = ਸੁਖ ਦੇਣ ਵਾਲਾ ਹੈ ਤੇ ਪਰਲੋਗ = ਪਰਲੋਕ ਵਿਚ ਵੀ ਮੁਕਤੀ ਦਾ ਕਾਰਨ ਹੋਣ ਕਰਕੇ ਸਹਾਈ = ਸਹਾਇਕ ਹੈ **ਵਾ:** ਲੋਕ ਪਰਲੋਕ ਵਿਚ ਸਹਾਇਕ ਹੋ ਕੇ ਸੁਖ ਦੇਣ ਵਾਲਾ ਹੈ।

ਗੁਰਮਤਿ ਸੁਨਿ ਦੁਰਮਤਿ ਨ ਮਿਟਤ ਜਾ ਕੀ;
ਅਹਿ ਮਿਲਿ ਚੰਦਨ ਜਿਉ ਬਿਖੁ ਨ ਮਿਟਾਈ ਹੈ॥੩੧੬॥

ਗੁਰਮਤਿ = ਗੁਰ ਸਿੱਖਿਆ ਨੂੰ ਸੁਨਿ = ਸ੍ਰਵਨ ਕਰਕੇ ਜਾ = ਜਿਸ ਕੀ = ਦੀ ਦੁਰਮਤਿ = ਖੋਟੀ ਮੱਤ ਮਿਟਤ = ਦੂਰ ਨ = ਨਹੀਂ ਹੁੰਦੀ ਭਾਵ ਫੇਰ ਵੀ ਥਾਂ ਥਾਂ ਭਟਕਣ ਦੀ ਆਦਤ ਨਹੀਂ ਹਟਦੀ ਤਾਂ ਉਸਨੂੰ ਚੰਦਨ ਦੇ ਬੂਟੇ ਨਾਲ ਮਿਲਿ = ਮਿਲੇ, ਚਿੰਬੜੇ ਅਹਿ = ਸੱਪ ਜਿਉ = ਵਾਂਗ ਹੀ ਸਮਝਣਾ ਕਰੋ, ਜੋ ਠੰਢਕ ਦੇਣ ਵਾਲੇ ਚੰਨਣ ਦੇ ਹਰ ਵਕਤ ਕੋਲ ਵੱਸਦਿਆਂ ਹੋਇਆਂ ਵੀ ਆਪਣੀ ਬਿਖੁ = ਜ਼ਹਿਰ ਮਿਟਾਈ = ਮਿਟਾ, ਨਿਵਾਰਣ ਨ = ਨਹੀਂ ਕਰ ਸਕਦਾ ਹੈ॥੩੧੬॥

ਮੀਨ ਕਉ ਨ ਸੁਰਤਿ ਜਲ ਕਉ ਨ ਸਬਦ ਗਿਆਨ;
ਦੁਬਿਧਾ ਮਿਟਾਇ ਨ ਸਕਤ ਜਲ ਮੀਨ ਕੀ॥

ਮੀਨ = ਮੱਛੀ ਕਉ = ਨੂੰ ਇਤਨੀ ਵੀ ਸੁਰਤਿ = ਗਿਆਤ ਨ = ਨਹੀਂ ਹੈ ਕਿ ਪਾਣੀ ਮੇਰੀ ਸਹਾਇਤਾ ਕਰੇਗਾ ਅਤੇ ਜਲ = ਪਾਣੀ ਕਉ = ਨੂੰ ਮੱਛੀ ਦੇ ਸਬਦ = ਬੋਲਣ ਦਾ ਗਿਆਨ ਨ = ਨਹੀਂ ਹੈ ਭਾਵ ਮੱਛੀ ਦੀ ਆਵਾਜ਼ ਨਹੀਂ ਸੁਣ ਸਕਦਾ ਅਤੇ ਨਾ ਹੀ ਬਚਾ ਸਕਦਾ ਹੈ ਅਤੇ ਨਾ ਹੀ ਜਲ = ਪਾਣੀ ਮੀਨ = ਮੱਛੀ ਕੀ = ਦੀ ਦੁਬਿਧਾ = ਦੁਚਿੱਤੀ, ਚਿੰਤਾ ਨੂੰ ਮਿਟਾਇ = ਨਵਿਰਤ ਕਰ ਸਕਦਾ ਹੈ।

ਸਰ ਸਰਿਤਾ ਅਥਾਹ ਪ੍ਰਬਲ ਪ੍ਰਵਾਹ ਬਸੈ;
ਗ੍ਰਸੈ ਲੋਹ, ਰਾਖਿ ਨ ਸਕਤਿ ਮਤਿ-ਹੀਨ ਕੀ॥

ਅਥਾਹ = ਅਤਿਅੰਤ ਡੂੰਘੇ ਸਰ = ਸਰੋਵਰ ਵਿਚ ਤੇ ਸਰਿਤਾ = ਨਦੀਆਂ ਦੇ ਪ੍ਰਬਲ = ਤੇਜ਼ ਪ੍ਰਵਾਹ = ਵਹਿਣ ਵਿਚ ਮੱਛੀ ਬਸੈ = ਵੱਸੀ ਰਹਿੰਦੀ ਹੈ, ਸਰੋਵਰਾਂ ਨਦੀਆਂ ਦਾ ਪਾਣੀ ਮਤਿ = ਅਕਲ ਤੋਂ

ਹੀਨ = ਰਹਿਤ ਹੋਣ ਕਰਕੇ ਫੰਧਕ ਕੀ = ਦੀ ਲੋਹ = ਲੋਹੇ ਦੀ ਕੁੰਡੀ ਦੇ ਗ੍ਰਸੈ = ਪਕੜਨ ਤੋਂ ਰਾਖਿ = ਰੱਖਿਆ ਨ = ਨਹੀਂ ਕਰ ਸਕਤ = ਸਕਦਾ **ਵਾ:** ਪਾਣੀ ਦੇ ਤੇਜ਼ ਪ੍ਰਵਾਹ ਵਿਚ ਵੱਸਦੀ ਹੋਈ ਮੱਛੀ ਜਦੋਂ ਲੋਹ = ਲੋਹੇ ਦੀ ਕੁੰਡੀ ਨੂੰ ਗ੍ਰਸੈ = ਨਿਗਲ ਲੈਂਦੀ ਹੈ ਤਾਂ ਉਸ ਮਤਿ = ਅਕਲ ਤੋਂ ਹੀਨ = ਹੀਣੀ ਮੱਛੀ ਕੀ = ਦੀ ਪਾਣੀ ਰੱਖਿਆ ਨਹੀਂ ਕਰ ਸਕਦਾ।

ਜਲ ਬਿਨੁ ਤਰਫਿ ਤਜਤ ਪ੍ਰਿਅ ਪ੍ਰਾਨ ਮੀਨ;
ਜਾਨਤ ਨ ਪੀਰ ਨੀਰ ਦੀਨਤਾਈ ਦੀਨ ਕੀ॥

ਇਸ ਪ੍ਰਕਾਰ ਕੁੰਡੀ (ਜਾਲ) ਵਿਚ ਫਸੀ ਮੱਛੀ ਜਦੋਂ ਆਪਣੇ ਪਿਆਰੇ ਪ੍ਰਾਨ = ਪ੍ਰਾਣਾਂ ਨੂੰ ਤਜਤ = ਤਿਆਗਦੀ ਹੈ ਤਾਂ ਪ੍ਰਿਅ = ਪਿਆਰੇ ਜਲ = ਪਾਣੀ ਤੋਂ ਬਿਨੁ = ਬਗ਼ੈਰ ਤਰਫਿ = ਤੜਫ਼ ਤੜਫ਼ ਕੇ ਮੀਨ = ਮੱਛੀ ਪ੍ਰਾਣ ਦੇ ਦਿੰਦੀ ਹੈ, ਪਰੰਤੂ ਉਸ ਦੀਨ = ਗ਼ਰੀਬਣੀ ਮੱਛੀ ਦੀ ਦੀਨਤਾਈ = ਗ਼ਰੀਬਤਾਈ, ਆਤੁਰਤਾ ਭਰੀ ਪੀਰ = ਪੀੜ ਨੂੰ ਨੀਰ = ਪਾਣੀ ਜਾਨਤ = ਜਾਣਦਾ ਨ = ਨਹੀਂ ਹੈ।

ਦੁਖਦਾਈ ਪ੍ਰੀਤਿ ਕੀ ਪ੍ਰਤੀਤਿ ਮੀਨ ਕੁਲ ਦ੍ਰਿੜ;
ਗੁਰਸਿਖ ਬੰਸ ਧ੍ਰਿਗ ਪ੍ਰੀਤਿ ਪਰਧੀਨ ਕੀ॥੩੧੭॥

ਇਸ ਲਈ ਅਜਿਹੀ ਦੁਖਦਾਈ = ਦੁੱਖ ਦੇਣ ਵਾਲੀ ਪ੍ਰੀਤਿ = ਲਗਨ ਕੀ = ਦੀ ਜੋ ਪ੍ਰਤੀਤਿ = ਭਰੋਸਗੀ ਮੀਨ = ਮੱਛੀ ਦੀ ਕੁਲ = ਵੰਸ ਵਿਚ ਦ੍ਰਿੜ = ਪਰਪੱਕ ਹੋਈ ਹੈ, ਐਸੀ ਪਰਧੀਨ = ਪਰਾਏ ਦੇ ਅਧੀਨ ਵਾਲੀ ਪ੍ਰੀਤਿ = ਲਗਨ ਨੂੰ ਗੁਰਸਿੱਖਾਂ ਕੀ = ਦੀ ਬੰਸ = ਕੁਲ ਭਾਵ ਸਿੱਖ ਸੰਗਤ ਵਿਚ ਧ੍ਰਿਗ = ਧ੍ਰਿਕਾਰ ਹੈ **ਵਾ:** ਐਸੇ ਦਿਖਾਵੇ ਮਾਤਰ ਗੁਰੂ ਦੇ ਸਿੱਖ ਕਹਾਉਣ ਵਾਲਿਆਂ ਦੀ ਬੰਸ = ਕੁਲ ਨੂੰ ਧ੍ਰਿਗ = ਧ੍ਰਿਕਾਰ ਹੈ ਜੋ ਪਰਾਏ ਦੇਵੀ ਦੇਵਤਿਆਂ ਦੇ ਅਧੀਨ ਹੋ ਕੇ ਭਾਵ ਉਨ੍ਹਾਂ ਦਾ ਪੂਜਣ ਕਰ ਕੇ ਉਨ੍ਹਾਂ ਨਾਲ ਪ੍ਰੀਤੀ ਕਰਦੇ ਹਨ॥੩੧੭॥

ਦੀਪਕ ਪੈ ਆਵਤ ਪਤੰਗ ਪ੍ਰੀਤਿ ਰੀਤਿ ਲਗਿ;
ਦੀਪਕਹਿ ਮਹਾਂ ਬਿਪਰੀਤਿ ਮਿਲੇ ਜਾਰਿ ਹੈ॥

ਦੀਪਕ = ਦੀਵੇ ਦੇ ਪੈ = ਕੋਲ ਪਤੰਗਾ ਰੀਤਿ = ਮਰਯਾਦਾ ਅਨੁਸਾਰ ਪ੍ਰੀਤਿ = ਲਗਨ ਲਗਿ = ਲਗਾ ਕੇ ਆਵਤ = ਆਉਂਦਾ ਹੈ, ਪਰੰਤੂ ਅੱਗੋਂ ਦੀਪਕਹਿ = ਦੀਵਾ ਮਹਾ = ਬਹੁਤ, ਬੜੀ ਬਿਪਰੀਤਿ = ਉਲਟੀ ਮਰਯਾਦਾ ਕਰਦਾ ਹੈ ਕਿ ਆਪਣੇ ਨਾਲ ਮਿਲੇ = ਮਿਲਣ ਵਾਲੇ ਨੂੰ ਹੀ ਜਾਰਿ = ਸਾੜ ਸੁੱਟਦਾ ਹੈ।

ਅਲਿ ਚਲਿ ਆਵਤ ਕਮਲ ਪਹਿ ਸਨੇਹ ਕਰਿ;
ਕਮਲ ਸੰਪੁਟਿ ਬਾਂਧਿ ਪ੍ਰਾਨ ਪਰਹਾਰਿ ਹੈ॥

ਅਲਿ = ਭੌਰਾ ਸਨੇਹ = ਪ੍ਰੇਮ ਕਰਿ = ਕਰਕੇ ਕਮਲ = ਕੌਲ ਫੁੱਲ ਦੇ ਪੈ = ਕੋਲ ਚੱਲ ਕੇ ਆਵਤ = ਆਉਂਦਾ ਹੈ ਅਤੇ ਅੱਗੋਂ ਉਲਟਾ ਕਮਲ = ਕੌਲ ਫੁੱਲ ਸੰਪੁਟਿ = ਡੱਬੇ ਵਾਂਗ ਸੂਰਜ ਦੇ ਅਸਤ ਹੋਣ ਵੇਲੇ ਮੀਟਿਆ ਜਾਂਦਾ ਹੈ ਅਤੇ ਕੌਲ ਫੁੱਲ ਭੌਰੇ ਨੂੰ ਆਪਣੇ ਵਿਚ ਬਾਂਧਿ = ਬੰਨ੍ਹ ਭਾਵ ਸਮੇਟ ਕੇ ਉਸ ਦੇ ਪ੍ਰਾਨ ਪਰਹਰਿ = ਨਾਸ਼ ਕਰ ਦਿੰਦਾ ਹੈ।

ਮਨ ਬਚ ਕ੍ਰਮ ਜਲ ਮੀਨ ਲਿਵਲੀਨ ਗਤਿ;
ਬਿਛੁਰਤਿ ਰਾਖਿ ਨ ਸਕਤ ਗਹਿ ਡਾਰਿ ਹੈ॥

ਮਨ, ਬਚ = ਬਾਣੀ, ਕ੍ਰਮ = ਸਰੀਰ ਤੇ ਚਿੱਤ ਦੀ ਲਿਵਲੀਨ = ਬਿਰਤੀ ਨੂੰ ਮਸਤ ਕਰ ਕੇ ਮੀਨ = ਮੱਛੀ ਜਲ = ਪਾਣੀ ਨੂੰ ਗਤਿ = ਪ੍ਰਾਪਤ ਕਰਦੀ ਹੈ ਅਤੇ ਜਦੋਂ ਫੰਧਕ ਕੁੰਡੀ ਨਾਲ ਪਕੜ ਲੈਂਦਾ ਹੈ ਤਦੋਂ ਮੱਛੀ ਨੂੰ ਬਿਛੁਰਤਿ = ਵਿੱਛੜਨ ਲੱਗਿਆਂ ਪਾਣੀ ਰਾਖਿ = ਰੱਖ, ਬਚਾਅ ਨ = ਨਹੀਂ ਸਕਤ = ਸਕਦਾ, ਸੁ ਉਸੇ ਵਕਤ ਹੀ ਫੰਧਕ ਮੱਛੀ ਨੂੰ ਗਹਿ = ਫੜ ਕੇ ਬਾਹਰ ਡਾਰਿ = ਸੁੱਟ ਦਿੰਦਾ ਹੈ।

ਦੁਖਦਾਈ ਪ੍ਰੀਤਿ ਕੀ ਪ੍ਰਤੀਤਿ ਕੈ ਮਰੈ, ਨ ਟਰੈ;
ਗੁਰ ਸਿਖ ਸੁਖਦਾਈ ਪ੍ਰੀਤਿ ਕਿਉ ਬਿਸਾਰਿ ਹੈ॥੩੧੮॥

ਉਪਰੋਕਤ ਸਾਰੇ ਜਾਨਵਰ ਦੁਖਦਾਈ = ਦੁੱਖ ਦੇਣ ਵਾਲੀ ਇਕ ਪੱਖੀ ਪ੍ਰੀਤਿ = ਲਗਨ ਕੀ = ਦੀ ਪ੍ਰਤੀਤਿ = ਭਰੋਸਗੀ ਕੈ = ਕਰਕੇ ਮਰੈ = ਮਰ ਜਾਂਦੇ ਹਨ, ਟਲਦੇ ਹੋਏ ਟਰੈ = ਟਲਦੇ ਨ = ਨਹੀਂ ਹਨ, ਪਰ ਅਫ਼ਸੋਸ ਹੈ ਕਿ ਗੁਰੂ ਕੇ ਸਿੱਖ ਸੁਖਦਾਈ = ਸੁਖ ਦੇਣ ਵਾਲੀ ਗੁਰਾਂ ਦੀ ਪ੍ਰੀਤਿ = ਲਗਨ ਨੂੰ ਕਿਉ = ਕਿਸ ਲਈ ਬਿਸਾਰਿ = ਭੁਲਾ ਦਿੰਦੇ ਹੈ = ਹਨ॥੩੧੮॥

ਦੀਪਕ ਪਤੰਗ ਦਿਬਿ ਦ੍ਰਿਸਟਿ ਦਰਸ-ਹੀਨ;
ਸ੍ਰੀ ਗੁਰ ਦਰਸ-ਧਿਆਨ ਤ੍ਰਿਭਵਨ ਗੰਮਿਤਾ॥

ਦੀਪਕ = ਦੀਵੇ ਦੇ ਪ੍ਰਕਾਸ਼ ਤੋਂ ਪਤੰਗੇ ਨੂੰ ਦਿਬਿ ਦ੍ਰਿਸਟਿ = ਸੁਖ ਸਰੂਪ ਵੇਖਣ ਵਾਲੀ ਦ੍ਰਿਸ਼ਟੀ ਦੀ ਪ੍ਰਾਪਤੀ ਤਾਂ ਕੀ ਹੋਣੀ ਹੈ, ਸਗੋਂ ਉਸ ਦੇ ਦਰਸ = ਦਰਸ਼ਨਾਂ ਤੋਂ ਵੀ ਹੀਨ = ਰਹਿਤ ਰਹਿੰਦਾ ਹੈ ਭਾਵ ਦੀਵੇ ਦੇ ਸਾਖਸ਼ਾਤ ਦਰਸ਼ਨ ਤੋਂ ਹੀਣਾ ਰਹਿੰਦਾ ਹੈ ਕਿਉਂਕਿ ਦੀਵੇ ਦੀ ਲਾਟ ਦੇ ਸਾਹਮਣੇ ਆਉਂਦੇ ਸਾਰ ਹੀ ਸੜ ਕੇ ਮਰ ਜਾਂਦਾ ਹੈ ਪਰੰਤੂ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਦਰਸ = ਦੀਦਾਰ ਤੋਂ ਜੀਵ ਨੂੰ ਧਿਆਨ ਦੁਆਰਾ **ਵਾ:** ਗੁਰਾਂ ਦੇ ਦਰਸ਼ਨਾਂ ਦਾ ਧਿਆਨ ਧਰ ਕੇ ਤ੍ਰਿਭਵਨ = ਤਿੰਨੇ ਲੋਕਾਂ ਦੇ ਗਿਆਨ ਦੀ ਗੰਮਿਤਾ = ਪ੍ਰਾਪਤੀ ਹੋ ਆਇਆ ਕਰਦੀ ਹੈ।

ਬਾਸਨਾ ਕਮਲ ਅਲਿ ਭ੍ਰਮਤ ਨ ਰਾਖਿ ਸਕੈ;
ਚਰਨ ਸਰਨਿ ਗੁਰ, ਅਨਤ ਨ ਰੰਮਿਤਾ॥

ਕਮਲ = ਕੌਲ ਫੁੱਲ ਬਾਸਨਾ = ਸੁਗੰਧੀ ਦੇ ਕੇ ਅਲਿ = ਭੌਰੇ ਨੂੰ ਭ੍ਰਮਤ = ਭਟਕਣ ਤੋਂ ਰਾਖਿ = ਰੱਖ, ਬਚਾਅ ਨ = ਨਹੀਂ ਸਕੈ = ਸਕਦਾ ਅਤੇ ਗੁਰ = ਸਤਿਗੁਰੂ ਜੀ ਆਪਣੇ ਚਰਨਾਂ ਦੀ ਸਰਨਿ = ਓਟ ਦੇ ਕੇ ਅਨਤ = ਹੋਰ ਥਾਂ (ਦੇਵੀ ਦੇਵਤਿਆਂ ਆਦਿ) ਵੱਲ ਰੰਮਿਤਾ = ਫਿਰਨ ਨ = ਨਹੀਂ ਦਿੰਦੇ, ਭਾਵ ਭਟਕਣ ਤੋਂ ਬਚਾਅ ਲੈਂਦੇ ਹਨ।

ਮੀਨ ਜਲ ਪ੍ਰੇਮ ਨੇਮ ਅੰਤ ਨ ਸਹਾਈ ਹੋਤ;
ਗੁਰ ਸੁਖ ਸਾਗਰ ਹੈ ਇਤ ਉਤ ਸੰਮਿਤਾ॥

(ਪਾਠਾਂਤ੍ਰ 'ਗੁਰ ਸਿਖ ਸਾਗਰ ਹੈ')

ਮੀਨ = ਮੱਛੀ ਜਲ = ਪਾਣੀ ਨਾਲ ਪ੍ਰੇਮ = ਸਨੇਹ ਦੇ ਨੇਮ = ਨਿਯਮ ਵਿਚ ਅੰਤ ਤਕ ਪਰਪੱਕ ਰਹਿੰਦੀ

ਹੈ ਪਰ ਪਾਣੀ ਅੰਤ = ਅਖ਼ੀਰ ਫੰਧਕ ਕੋਲੋਂ ਛੁਡਾਉਣ ਲਈ ਸਹਾਈ = ਸਹਾਇਕ ਨ = ਨਹੀਂ ਹੋਤ = ਹੁੰਦਾ, ਪਰੰਤੂ ਗੁਰੂ ਸਾਹਿਬ ਜੀ ਇਤ ਉਤ = ਲੋਕ-ਪ੍ਰਲੋਕ ਵਿਚ ਇਕ ਸੰਮਿਤਾ = ਸਮਾਨ ਹੀ ਸਿੱਖ ਦੀ ਸਹਾਇਤਾ ਕਰਨ ਵਾਲੇ ਸੁਖਾਂ ਦੇ ਸਾਗਰ = ਸਮੁੰਦਰ ਹੁੰਦੇ ਹਨ।

ਏਕ ਏਕ ਟੇਕ ਸੈ ਟਰਤ ਨ ਮਰਤ ਸਬੈ;
ਸ੍ਰੀ ਗੁਰ ਸਰਬੰਗੀ ਸੰਗੀ ਮਹਾਤਮ ਅੰਮ੍ਰਿਤਾ ॥੩੧੯॥

ਉਪਰੋਕਤ ਜਾਨਵਰ ਏਕ ਏਕ = ਇਕ ਇਕ ਦੀ ਟੇਕ = ਓਟ ਲੈ ਕੇ ਉਸ ਵੱਲੋਂ ਟਰਤ = ਟਲਦੇ ਨ = ਨਹੀਂ ਤੇ ਅਖ਼ੀਰ ਨੂੰ ਸਬੈ = ਸਾਰੇ ਮਰਤ = ਮਰ ਜਾਂਦੇ ਹਨ ਪਰੰਤੂ ਸ੍ਰੀ = ਸੁਭਾਇਮਾਨ ਗੁਰੂ ਸਾਹਿਬ ਜੀ ਐਸੇ ਸਰਬੰਗੀ = ਸਰਬ ਪੱਖੀ, ਸਰਬ ਸਰੂਪੀ ਹਨ ਕਿ ਇਨ੍ਹਾਂ ਦਾ ਅਸਲ ਮਹਾਤਮ ਆਪਣੇ ਸੰਗੀ = ਸਾਥੀਆਂ ਨੂੰ ਅੰਮ੍ਰਿਤਾ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਹੈ ॥੩੧੯॥

ਦੀਪਕ ਪਤੰਗ ਮਿਲਿ ਜਰਤ ਨ ਰਾਖਿ ਸਕੈ;
ਜਰੇ ਮਰੇ ਆਗੇ ਨ ਪਰਮ-ਪਦ ਪਾਏ ਹੈ ॥

ਦੀਪਕ = ਦੀਵੇ ਨਾਲ ਮਿਲਿ = ਮਿਲਣੇ ਕਰਕੇ ਪਤੰਗ = ਪਰਵਾਨਾ ਜਰਤ = ਸੜਣਾ ਕਰਦਾ ਹੈ ਤਾਂ ਉਸ ਨੂੰ ਦੀਵਾ ਰਾਖਿ = ਰੱਖ, ਬਚਾਅ ਨ = ਨਹੀਂ ਸਕੈ = ਸਕਦਾ, ਇਹ ਘਾਟਾ ਪਤੰਗਾ ਇਕ ਪੱਖੀ ਪ੍ਰੀਤ ਵਿਚ ਜੀਊਂਦੇ-ਜੀਅ ਪਾਉਂਦਾ ਹੈ ਅਤੇ ਫੇਰ ਉਹ ਪਤੰਗਾ ਜਦ ਜਰੇ = ਸੜ ਕੇ ਮਰੇ = ਮਰ ਜਾਂਦਾ ਹੈ ਤਾਂ ਆਗੇ = ਅੱਗੇ ਕਿਹੜਾ ਪਰਮ-ਪਦ = ਸ੍ਰੇਸ਼ਟ ਪਦਵੀ ਨੂੰ ਪਾਏ = ਪ੍ਰਾਪਤ ਕਰ ਲੈਂਦਾ ਹੈ।

ਮਧੁਪ ਕਮਲ ਮਿਲਿ ਭ੍ਰਮਤ ਨ ਰਾਖਿ ਸਕੈ;
ਸੰਪੁਟ ਮੈ ਮੂਏ ਸੈ ਨ ਸਹਜਿ ਸਮਾਏ ਹੈ ॥

ਜਦ ਮਧੁਪ = ਭੌਰਾ ਕਮਲ = ਕੌਲ ਫੁੱਲ ਨੂੰ ਮਿਲਿ = ਮਿਲਣਾ ਕਰਦਾ ਹੈ ਤਾਂ ਉਹ ਕੌਲ ਫੁੱਲ ਭੌਰੇ ਨੂੰ ਭ੍ਰਮਤ = ਭਰਮਣੋਂ ਭਾਵ ਫੁੱਲ ਉੱਪਰ ਭਟਕਣ ਤੋਂ ਰਾਖਿ = ਰੱਖ, ਰੋਕ ਨ = ਨਹੀਂ ਸਕੈ = ਸਕਦਾ ਅਤੇ ਜਦ ਸੁਗੰਧੀ ਦੀ ਲਪਟ ਉੱਤੇ ਮਸਤ ਹੋਇਆ ਕਮਲ ਫੁੱਲ ਵਿਚ ਸੰਧਿਆ ਦੇ ਵਕਤ ਸੰਪੁਟ = ਡੱਬੇ ਵਤ ਭਾਵ ਸਮੀਟ ਕੇ ਮੈ = ਵਿਚੇ ਹੀ ਮੂਏ = ਮਰ ਜਾਂਦਾ ਹੈ ਤਾਂ ਇਸ ਮੌਤ ਸੈ = ਤੋਂ ਉਹ ਸਹਜਿ = ਸ਼ਾਂਤੀ ਰੂਪ ਪਦਵੀ ਵਿਚ ਸਮਾਏ = ਲੀਨ ਨ = ਨਹੀਂ ਹੋ ਸਕਦਾ ਹੈ।

ਜਲ ਮਿਲਿ ਮੀਨ ਕੀ ਨ ਦੁਬਿਧਾ ਮਿਟਾਇ ਸਕੀ;
ਬਿਛੁਰਿ ਮਰਤ ਹਰਿ-ਲੋਕ ਨ ਪਠਾਏ ਹੈ ॥

ਜਲ = ਪਾਣੀ ਨਾਲ ਮਿਲਿ = ਮਿਲਣੇ ਤੋਂ ਮੀਨ = ਮੱਛੀ ਕੀ = ਦੀ ਪਾਣੀ ਤੋਂ ਦੁਬਿਧਾ = ਦੁਚਿੱਤੀ ਮਿਟਾਇ = ਮਿਟਾਈ, ਨਵਿਰਤ ਨ = ਨਹੀਂ ਕੀਤੀ ਜਾ ਸਕੀ = ਸਕਦੀ ਅਤੇ ਪਾਣੀ ਨਾਲੋਂ ਬਿਛੁਰਿ = ਵਿੱਛੜ ਕੇ ਮਰਤ = ਮਰੀ ਮੱਛੀ ਨੂੰ ਪਾਣੀ ਹਰਿ = ਪਰਮੇਸ਼ਰ ਦੇ ਲੋਕ = ਦੇਸ਼ ਭਾਵ ਬੈਕੁੰਠ ਵਿਚ ਨ = ਨਹੀਂ ਪਠਾਏ = ਭੇਜ ਸਕਦਾ ਹੈ।

ਇਤ ਉਤ ਸੰਗਮ ਸਹਾਈ ਸੁਖਦਾਈ ਗੁਰ;
ਗਿਆਨ ਧਿਆਨ ਪ੍ਰੇਮ ਰਸ ਅੰਮ੍ਰਿਤ ਪੀਆਏ ਹੈ ॥੩੨੦॥

ਪਰੰਤੂ ਪੂਰੇ ਗੁਰ = ਸਤਿਗੁਰੂ ਦਾ ਸੰਗਮ = ਮਿਲਾਪ ਇਤ = ਇਸ ਲੋਕ ਵਿਚ ਸੁਖਦਾਈ = ਸੁਖ ਦੇਣ ਵਾਲਾ ਹੈ ਅਤੇ ਸਰੀਰ ਛੱਡਣ ਤੋਂ ਬਾਅਦ ਉਤ = ਪ੍ਰਲੋਕ ਵਿਚ ਸਹਾਈ = ਸਹਾਇਤਾ ਕਰਨ ਵਾਲਾ ਹੈ ਕਿਉਂਕਿ ਗੁਰੂ ਸਾਹਿਬ ਜੀ ਆਪਣੇ ਉਪਦੇਸ਼ ਦੁਆਰਾ ਗਿਆਨ ਧਿਆਨ ਵਿਚ ਪ੍ਰੇਮ = ਸਨੇਹ ਲਵਾ ਕੇ ਨਾਮ ਅੰਮ੍ਰਿਤ ਰਸ ਨੂੰ ਪੀਆਏ = ਪਿਲਾ ਦੇਣਾ ਕਰਦੇ ਹਨ **ਵਾ:** ਗਿਆਨਮਈ ਉਪਦੇਸ਼ ਨੂੰ ਧਿਆਨ = ਧਾਰਨ ਕਰਾ ਕੇ ਪ੍ਰੇਮ ਰਸ ਰੂਪ ਅੰਮ੍ਰਿਤ ਪਿਲਾ ਦਿੰਦੇ ਹਨ, ਜਿਸ ਕਰਕੇ ਗੁਰਮੁਖ ਜਨ ਸਦਾ ਲਈ ਜੀਵਨ-ਮੁਕਤ ਹੋ ਜਾਂਦੇ ਹਨ ॥੩੨੦॥

ਦੀਪਕ ਪਤੰਗ ਅਲਿ ਕਮਲ, ਸਲਿਲ ਮੀਨ;
ਚਕਈ ਚਕੋਰ ਮ੍ਰਿਗ, ਰਵਿ ਸਸਿ ਨਾਦ ਹੈ ॥

ਦੀਪਕ = ਦੀਵੇ ਨਾਲ ਪਤੰਗ = ਪਰਵਾਨੇ ਦੀ, ਅਲਿ = ਭੌਰੇ ਦੀ ਕਮਲ = ਕੌਲ ਫੁੱਲ ਨਾਲ, ਮੀਨ = ਮੱਛੀ ਦੀ ਸਲਿਲ = ਪਾਣੀ ਨਾਲ, ਚਕਈ = ਚਕਵੀ ਦੀ ਰਵਿ = ਸੂਰਜ ਨਾਲ, ਚਕੋਰ ਦੀ ਸਸਿ = ਚੰਦਰਮਾ ਨਾਲ ਅਤੇ ਮ੍ਰਿਗ = ਹਿਰਨ ਦੀ ਨਾਦ = ਧੁਨੀ **ਵਾ:** ਘੰਡੇਹੇੜੇ ਦੇ ਸ਼ਬਦ ਨਾਲ ਪ੍ਰੀਤ ਹੁੰਦੀ ਹੈ।

ਪ੍ਰੀਤਿ ਇਕ-ਅੰਗੀ ਬਹੁ ਰੰਗੀ, ਨਹੀ ਸੰਗੀ ਕੋਊ;
ਸਬੈ ਦੁਖਦਾਈ, ਨ ਸਹਾਈ ਅੰਤਿ ਆਦਿ ਹੈ ॥

ਇਹ ਪ੍ਰੀਤਿ = ਲਗਨ, ਪ੍ਰੀਤੀ ਇਕ ਅੰਗੀ = ਪੱਖੀ ਹੈ ਅਤੇ ਨਾਲ ਹੀ ਬਹੁ = ਬਹੁਤ ਰੰਗੀ ਵੀ ਹੈ, ਜਿਸ ਕਰਕੇ ਕੋਊ = ਕੋਈ ਸੰਗੀ = ਸਾਥੀ ਨਹੀਂ ਬਣ ਸਕਦਾ ਭਾਵ ਸਾਥ ਨਹੀਂ ਨਿਭਾ ਸਕਦਾ ਕਿਉਂਕਿ ਇਹ ਸਬੈ = ਸਾਰੀਆਂ ਪ੍ਰੀਤਾਂ ਇਕ-ਤਰਫ਼ੀਆਂ ਹੋਣ ਕਰਕੇ ਦੁਖਦਾਈ = ਦੁੱਖ ਦੇਣ ਵਾਲੀਆਂ ਹਨ ਤੇ ਇਸ ਲਈ ਨ = ਨਾ ਹੀ ਕੋਈ ਆਦਿ = ਪਹਿਲਾਂ ਤੇ ਨਾ ਹੀ ਕੋਈ ਅੰਤਿ = ਅਖ਼ੀਰ ਨੂੰ ਸਹਾਈ = ਸਹਾਇਤਾ ਕਰਨ ਵਾਲਾ ਹੈ।

ਜੀਵਤ ਨ ਸਾਧ ਸੰਗ, ਮੂਏ ਨ ਪਰਮ ਗਤਿ;
ਗਿਆਨ ਧਿਆਨ ਪ੍ਰੇਮ ਰਸ ਪ੍ਰੀਤਮ ਪ੍ਰਸਾਦਿ ਹੈ ॥

ਸੋ ਇਸ ਕਰਕੇ ਅਜਿਹੀਆਂ ਇਕ-ਪੱਖੀ ਸੰਸਾਰੀ ਪ੍ਰੀਤੀਆਂ ਵਾਲੇ ਉਪਰੋਕਤ ਜਾਨਵਰ ਨ = ਨਾ ਤਾਂ ਜੀਵਤ = ਜੀਊਂਦੇ-ਜੀਅ ਸਾਧ = ਸ੍ਰੇਸ਼ਟ ਜਨਾਂ ਦੀ ਸੰਗ = ਸੰਗਤ ਪ੍ਰਾਪਤ ਕਰ ਸਕਦੇ ਹਨ ਤੇ ਨ = ਨਾ ਹੀ ਮੂਏ = ਮਰਨ ਤੋਂ ਬਾਅਦ ਪਰਮ = ਸ੍ਰੇਸ਼ਟ ਗਤਿ = ਕਲਿਆਣ ਪਾ ਸਕਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਪ੍ਰੀਤਮ = ਪਿਆਰੇ ਸਤਿਗੁਰੂ ਜੀ ਦੀ ਪ੍ਰਸਾਦਿ = ਕਿਰਪਾ ਦੁਆਰਾ ਗਿਆਨ ਧਿਆਨ ਅਤੇ ਪ੍ਰੇਮ ਰਸ ਪ੍ਰਾਪਤ ਹੋ ਸਕਦਾ ਹੈ **ਵਾ:** ਇਨ੍ਹਾਂ ਉਪਰੋਕਤ ਜਾਨਵਰਾਂ ਵਤ ਜਿਸ ਮਨੁੱਖ ਨੂੰ ਜੀਵਤ = ਜਿਊਂਦੇ-ਜੀਅ ਸਾਧਸੰਗਤ ਪ੍ਰਾਪਤ ਨਹੀਂ ਹੁੰਦੀ ਤੇ ਮਰਨ ਤੋਂ ਬਾਅਦ ਪਰਮ = ਸ੍ਰੇਸ਼ਟ ਗਤਿ = ਕਲਿਆਣ ਨਹੀਂ ਪਾ ਸਕਦਾ ਹੈ, ਜੋ ਗਿਆਨ

ਧਿਆਨ ਤੋਂ ਪ੍ਰਾਪਤ ਹੋਣ ਵਾਲਾ ਪ੍ਰੇਮ ਰਸ ਹੈ, ਉਹ ਪ੍ਰੀਤਮ = ਪਿਆਰੇ ਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ ਜੋ ਮੁਕਤ ਕਰ ਦਿੰਦਾ ਹੈ, ਉਨ੍ਹਾਂ ਨੂੰ ਇਹ ਵੀ ਪ੍ਰਾਪਤ ਨਹੀਂ ਹੁੰਦਾ।

ਮਾਨਸ ਜਨਮੁ ਪਾਇ ਸ੍ਰੀ ਗੁਰ ਦਇਆ-ਨਿਧਾਨ;
ਚਰਨ ਸਰਨਿ ਸੁਖ ਫਲ ਬਿਸਮਾਦ ਹੈ ॥੩੨੧॥

ਮਾਨਸ = ਮਨੁੱਖਾ ਜਨਮ ਪਾਇ = ਪਾ ਕੇ ਜੋ ਸ੍ਰੀ = ਸੁਭਾਇਮਾਨ ਤੇ ਦਇਆ = ਮਿਹਰ ਦੇ ਨਿਧਾਨ = ਖ਼ਜ਼ਾਨੇ ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਆਉਣਾ ਕਰਦਾ ਹੈ, ਉਹ ਬਿਸਮਾਦ = ਅਸਚਰਜ ਰੂਪ ਸੁਖ = ਆਨੰਦ ਫਲ ਨੂੰ ਪਾ ਲੈਣਾ ਕਰਦਾ ਹੈ ॥੩੨੧॥

ਗੁਰਮੁਖਿ ਪੰਥ ਗੁਰ ਧਿਆਨ ਸਾਵਧਾਨ ਰਹੈ;
ਲਹੈ ਨਿਜੁ ਘਰੁ ਅਰੁ ਸਹਜ ਨਿਵਾਸ ਜੀ ॥

ਜੋ ਗੁਰਮੁਖਤਾਈ ਵਾਲੇ ਪੰਥ = ਰਸਤੇ ਵਿਚ ਚੱਲ ਕੇ ਗੁਰਾਂ ਦੇ ਉਪਦੇਸ਼ ਦੁਆਰਾ ਗਿਆਨ ਤੇ ਗੁਰਾਂ ਦੇ ਧਿਆਨ = ਖ਼ਿਆਲ ਵਿਚ ਹਰ ਵਕਤ ਸਾਵਧਾਨ = ਸੁਚੇਤ ਰਹੈ = ਰਹਿੰਦਾ ਹੈ, ਉਹ ਨਿਜੁ = ਆਪਣੇ ਸਰੂਪ ਰੂਪੀ ਘਰ ਨੂੰ ਲਹੈ = ਪ੍ਰਾਪਤ ਕਰ ਲੈਂਦਾ ਹੈ ਅਰੁ = ਅਤੇ ਸਹਜ = ਸੁਤੇ-ਸਿਧ ਸੱਚਖੰਡ ਰੂਪ ਦਰਬਾਰ ਵਿਚ ਨਿਵਾਸ = ਵਾਸਾ ਕਰਦਾ ਹੈ ਜੀ।

ਸਬਦ ਬਿਬੇਕ ਏਕ ਟੇਕ ਨਿਹਚਲ ਮਤਿ;
ਮਧੁਰ ਬਚਨ ਗੁਰ ਗਿਆਨ ਕੋ ਪ੍ਰਗਾਸ ਜੀ ॥

ਹੇ ਪਿਆਰੇ ਜੀ! ਜੋ ਗੁਰਮੁਖ ਜਨ ਗੁਰਾਂ ਦੇ ਸਬਦ = ਉਪਦੇਸ਼ ਦੀ ਬਿਬੇਕ = ਵਿਚਾਰ ਨੂੰ ਚੰਗੀ ਤਰ੍ਹਾਂ ਸਮਝਣਾ ਕਰਦਾ ਹੈ, ਉਹ ਏਕ = ਇਕ ਗੁਰਾਂ ਦੀ ਟੇਕ = ਓਟ ਲੈ ਕੇ ਨਿਹਚਲ = ਅਚੱਲ ਮਤਿ = ਬੁੱਧੀ ਨੂੰ ਪ੍ਰਾਪਤ ਕਰ ਲੈਂਦੇ ਹਨ ਅਤੇ ਗੁਰਾਂ ਦੇ ਮਧੁਰ = ਮਿੱਠੇ ਬਚਨ = ਉਪਦੇਸ਼ ਦੁਆਰਾ ਉਨ੍ਹਾਂ ਦੇ ਰਿਦੇ ਵਿਚ ਬ੍ਰਹਮ ਗਿਆਨ ਕੋ = ਦਾ ਪ੍ਰਗਾਸ = ਪ੍ਰਕਾਸ਼ ਹੋ ਜਾਂਦਾ ਹੈ।

ਚਰਨ ਕਮਲ ਚਰਨਾਮ੍ਰਿਤ ਨਿਧਾਨ ਪਾਨ;
ਪ੍ਰੇਮ ਰਸ ਬਸਿ ਭਏ, ਬਿਸਮ ਬਿਸ੍ਵਾਸ ਜੀ ॥

ਹੇ ਪਿਆਰੇ ਜੀ! ਗੁਰਾਂ ਦੇ ਚਰਨਾਂ ਕਮਲਾਂ ਦਾ ਜੋ ਚਰਨਾਮ੍ਰਿਤ = ਚਰਨਾਂ ਦਾ ਅੰਮ੍ਰਿਤ ਰੂਪ ਨਿਧਾਨ = ਖ਼ਜ਼ਾਨਾ ਹੈ, ਜਿਸ ਕਿਸੇ ਨੇ ਵੀ ਇਸ ਅੰਮ੍ਰਿਤ ਨੂੰ ਪਾਨ = ਪੀਣਾ ਕੀਤਾ ਹੈ, ਉਹ ਪੀ ਕੇ ਬਿਸਮ = ਅਸਚਰਜ ਬਿਸ੍ਵਾਸ = ਭਰੋਸੇ ਕਰਕੇ ਪ੍ਰੇਮ ਰਸ ਦੇ ਬਸਿ = ਅਧੀਨ ਭਏ = ਹੋਏ ਹਨ।

ਗਿਆਨ ਧਿਆਨ ਪ੍ਰੇਮ ਨੇਮ ਪੂਰਨ ਪ੍ਰਤੀਤਿ ਚੀਤਿ;
ਬਨ ਗ੍ਰਿਹ ਸਮਸਰਿ ਮਾਇਆ ਮੈ ਉਦਾਸ ਜੀ ॥੩੨੨॥

ਹੇ ਪਿਆਰੇ ਜੀ! ਉਪਰੋਕਤ ਕਥਨ ਕੀਤੇ ਗਿਆਨ ਧਿਆਨ ਤੇ ਪ੍ਰੇਮ = ਸਨੇਹ ਦੇ ਨੇਮ = ਨਿਯਮ ਦਾ

ਚੰਗੀ ਤਰ੍ਹਾਂ ਪਾਲਣ ਕਰਦਿਆਂ ਜਿਸ ਦੇ ਚੀਤਿ = ਹਿਰਦੇ ਵਿਚ ਪੂਰਨ = ਪੂਰਾ ਪ੍ਰਤੀਤਿ = ਭਰੋਸਾ ਆ ਜਾਂਦਾ ਹੈ, ਉਹ ਭਾਵੇਂ ਬਨ = ਜੰਗਲਾਂ ਵਿਚ ਰਹਿੰਦਾ ਹੋਵੇ ਭਾਵੇਂ ਗ੍ਰਿਹ = ਘਰ ਵਿਚ ਰਹੇ, ਦੋਨਾਂ ਨੂੰ ਸਮਸਰਿ = ਬਰਾਬਰ ਜਾਣ ਕੇ ਮਾਇਆਵੀ ਸੰਸਾਰ ਮੈ = ਵਿਚ ਰਹਿੰਦਾ ਹੋਇਆ ਉਦਾਸ = ਉਪਰਾਮ ਰਹਿੰਦਾ ਹੈ॥੩੨੨॥

ਮਾਰਬੇ ਕੋ ਤ੍ਰਾਸ ਦੇਖਿ ਚੋਰ ਨ ਤਜਤ ਚੋਰੀ;
ਬਟਵਾਰਾ ਬਟਵਾਰੀ ਸੰਗਿ ਹੁਇ ਤਕਤ ਹੈ॥

ਚੋਰ ਮਾਰਬੇ = ਮਰਨ ਕੋ = ਦਾ ਤ੍ਰਾਸ = ਡਰ ਦੇਖਿ = ਵੇਖਦਾ ਹੋਇਆ ਵੀ ਚੋਰੀ ਨੂੰ ਤਜਤ = ਤਿਆਗਦਾ ਨ = ਨਹੀਂ ਹੈ ਅਤੇ ਬਟਵਾਰਾ = ਰਾਹ ਮਾਰ (ਧਾੜਵੀ) ਪੁਰਖਾਂ ਦਾ ਸੰਗ = ਸਾਥੀ ਬਣ ਕੇ ਉਨ੍ਹਾਂ ਬਟਵਾਰੀ = ਰਾਹ ਵਿਚ ਲੁੱਟਣ ਵਾਲੇ ਧਾੜਵੀਆਂ ਦੇ ਨਾਲ ਮਿਲ ਕੇ ਹੋਰਨਾਂ ਨੂੰ ਲੁੱਟਣ ਦੀ ਤਰਤੀਬ ਦੇ ਨਾਲ ਹੁਇ = ਹੋ ਕੇ ਤਕਤ = ਵੇਖਦਾ ਹੈ।

ਬੇਸ੍ਵਾ-ਰਤਿ ਬ੍ਰਿਥਾ ਭਏ, ਮਨ ਮੈ ਨ ਸੰਕਾ ਮਾਨੈ;
ਜੁਆਰੀ ਨ ਸਰਬਸੁ ਹਾਰੇ ਸੈ ਥਕਤ ਹੈ॥

ਬੇਸ੍ਵਾ = ਵੇਸਵਾ ਨਾਲ ਰਤਿ = ਪ੍ਰੀਤਿ ਕਰਨ ਵਾਲਾ ਗਰਮੀ, ਸੁਜ਼ਾਕ ਆਦਿ ਬ੍ਰਿਥਾ = ਪੀੜਾ ਦੇ ਸਹਿਤ ਭਏ = ਹੋ ਜਾਵੇਗਾ ਭਾਵ ਕਿਸੇ ਰੋਗ ਦਾ ਸ਼ਿਕਾਰ ਹੋ ਜਾਵੇਗਾ। ਇਹ ਮਨ = ਚਿੱਤ ਮੈ = ਵਿਚ ਸੰਕਾ = ਸੰਸਾ ਨ = ਨਹੀਂ ਮਾਨੈ = ਮੰਨਦਾ, ਮੁੜ ਮੁੜ ਬੇਸ਼ਰਮ ਹੋਇਆ ਵੇਸਵਾ ਦੇ ਦੁਆਰੇ ਵੱਲ ਜਾਣ ਦੀ ਇੱਛਾ ਰੱਖਦਾ ਹੈ ਅਤੇ ਜੁਆਰੀ = ਜੂਆ ਖੇਲਣ ਵਾਲਾ ਆਪਣਾ ਸਰਬਸੁ = ਸਰਬੰਸ ਭਾਵ ਸਭ ਕੁਝ ਹਾਰ ਕੇ ਵੀ ਮੁੜ ਮੁੜ ਦਾਅ ਲਾਉਣ ਵੱਲੋਂ ਥਕਤ = ਥੱਕਦਾ ਨ = ਨਹੀਂ ਹੈ।

ਅਮਲੀ ਨ ਅਮਲ ਤਜਤ ਜਿਉ ਧਿਕਾਰ ਕੀਏ;
ਦੋਖ ਦੁਖ ਲੋਗ ਬੇਦ ਸੁਨਤ ਛਕਤ ਹੈ॥

ਜਿਉ = ਜਿਸ ਤਰ੍ਹਾਂ ਅਮਲੀ = ਨਸ਼ਈ ਬੰਦਾ ਅਮਲ = ਨਸ਼ਾ ਨ = ਨਹੀਂ ਤਜਤ = ਛੱਡਦਾ ਭਾਵੇਂ ਉਸ ਨੂੰ ਮਿੱਤਰ, ਸਕੇ ਸਾਕ-ਸੰਬੰਧੀ ਧਿਕਾਰ = ਲਾਹਨਤਾਂ ਪਾਉਣਾ ਕਰਕੇ ਭਾਵ ਅਨੇਕਾਂ ਵਾਰ ਲੱਜਿਤ ਕੀਏ = ਕੀਤਿਆਂ ਅਤੇ ਨਸ਼ੇ ਦੇ ਬਾਬਤ ਦੋਖ = ਦੂਸ਼ਣ ਸੁਣਾਉਣ ਵਾਲੇ ਲੋਗ = ਲੋਕਾਂ ਕੋਲੋਂ ਤੇ ਵੇਦਾਂ ਸ਼ਾਸਤਰਾਂ ਦੁਆਰਾ ਨਸ਼ੇ ਦੇ ਦੂਸ਼ਣ ਸੁਣ ਕੇ ਵੀ ਮੁੜ ਮੁੜ ਛਕਤ = ਛਕਦਾ ਰਹਿੰਦਾ ਹੈ।

ਅਧਮ ਅਸਾਧ ਸੰਗ ਛਾਡਤ ਨ ਅੰਗੀਕਾਰ;
ਗੁਰਸਿਖ ਸਾਧ ਸੰਗਿ ਛਾਡਿ ਕਿਉ ਸਕਤ ਹੈ॥੩੨੩॥

ਜਦ ਉਪਰੋਕਤ ਕਥਨ ਕੀਤੇ ਅਧਮ = ਨੀਚ ਪੁਰਖ ਅਸਾਧ = ਅਸੰਤ ਦੀ ਸੰਗਤ ਨੂੰ ਅੰਗੀਕਾਰ = ਪ੍ਰਵਾਨ ਕਰ ਕੇ ਛਾਡਤ = ਛੱਡਦੇ ਨ = ਨਹੀਂ ਹਨ ਭਾਵ ਉਸ ਤਰਫ਼ ਦੀ ਹੀ ਖਿੱਚ ਧਾਰਦੇ ਹਨ, ਇਸੇ ਤਰ੍ਹਾਂ ਗੁਰਸਿਖ = ਗੁਰੂ ਕਾ ਸਿੱਖ ਜੋ ਸਾਧ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ (ਸਾਧਸੰਗਤਿ) ਵਿਚ ਜਾਣਾ ਕਰਦਾ

ਹੈ, ਉਹ ਸਤਿਸੰਗਤ, ਸ੍ਰੇਸ਼ਟ ਜਨਾਂ ਦੀ ਸੰਗਤ ਨੂੰ ਛਾਡਿ = ਛੱਡ ਕੇ ਕਿਉ = ਕਿਸ ਤਰ੍ਹਾਂ ਹੋਰ ਪਾਸੇ ਜਾ ਸਕਤ = ਸਕਦਾ ਹੈ ਭਾਵ ਨਹੀਂ ਜਾ ਸਕਦਾ ॥੩੨੩॥

ਦਮਕ ਦੈ ਦੋਖ ਦੁਖ, ਅਪਜਸ ਲੈ ਅਸਾਧ;
ਲੋਕ ਪਰਲੋਕ ਮੁਖ ਸਿਆਮਤਾ ਲਗਾਵਹੀ ॥

ਅਸਾਧ = ਅਸੰਤ, ਮਨਮੁਖ ਪੁਰਖ ਦਮਕ = ਦਾਮ, ਧਨ ਨੂੰ ਦੈ = ਦੇ ਕੇ ਭਾਵ ਖ਼ਰਚ ਕਰਕੇ ਦੋਖ = ਦੂਸ਼ਣ, ਦੁਖ = ਕਸ਼ਟ ਨੂੰ ਅਪਜਸ = ਅਪਕੀਰਤੀ, ਨਿੰਦਿਆ ਨੂੰ ਇਸ ਲੋਕ ਵਿਚ ਲੈ = ਲੈਂਦੇ, ਸਹੇੜਦੇ ਹਨ, ਜਿਸ ਕਰਕੇ ਲੋਕ-ਪ੍ਰਲੋਕ ਵਿਚ ਉਨ੍ਹਾਂ ਦੇ ਮੁਖ = ਮੂੰਹ 'ਤੇ ਸਿਆਮਤਾ = ਕਾਲਕ ਹੀ ਲਗਾਵਹੀ = ਲੱਗਣਾ ਕਰਦੀ ਹੈ ਭਾਵ ਉਨ੍ਹਾਂ ਦੀ ਜ਼ਿੰਦਗੀ ਲੋਕ-ਪ੍ਰਲੋਕ ਵਿਚ ਕਲੰਕੀ ਮੰਨੀ ਜਾਂਦੀ ਹੈ।

ਚੋਰ ਜਾਰ ਅਉ ਜੂਆਰ ਮਦਪਾਨੀ ਦੁਕ੍ਰਿਤ ਸੈਂ;
ਕਲਹ ਕਲੇਸ ਭੇਸ, ਦੁਬਿਧਾ ਕਉ ਧਾਵਹੀ ॥

ਇਸੇ ਤਰ੍ਹਾਂ ਚੋਰ = ਪਰਾਏ ਧਨ ਨੂੰ ਚੋਰੀ ਕਰਨ ਵਾਲੇ ਪੁਰਖ, ਜਾਰ = ਯਾਰ ਭਾਵ ਪਰਾਈ ਔਰਤ ਨਾਲ ਪ੍ਰੇਮ ਲਗਾਉਣ ਵਾਲੇ ਵਿਭਚਾਰੀ ਪੁਰਖ ਅਉ = ਅਤੇ ਜੂਆਰ = ਜੂਆ ਖੇਡਣ ਵਾਲੇ ਤੇ ਮਦਪਾਨੀ = ਸ਼ਰਾਬ ਪੀਣ ਵਾਲੇ ਪੁਰਖ ਆਦਿ ਇਹ ਸਭ ਦੁਕ੍ਰਿਤ = ਖੋਟੀ ਕ੍ਰਿਤ, ਭੈੜੀਆਂ ਕਰਤੂਤਾਂ ਦੇ ਕਰਨ ਸੈਂ = ਤੋਂ ਕਲਹ = ਲੜਾਈ ਤੇ ਕਲੇਸ = ਦੁੱਖ ਰੂਪ ਤੇ ਦੁਬਿਧਾ = ਦ੍ਵੈਤ ਭਾਵਨਾ ਨੂੰ ਪੈਦਾ ਕਰਨ ਵਾਲੇ ਭੇਸ = ਲਿਬਾਸਾਂ ਕਉ = ਨੂੰ ਧਾਰਨ ਕਰਨ ਵੱਲ ਧਾਵਹੀ = ਦੌੜਦਾ ਹੈ।

ਮਤਿ ਪਤਿ ਮਾਨ ਹਾਨਿ ਕਾਨਿ ਮੈ ਕਨੌਡੀ ਸਭਾ;
ਨਾਕ ਕਾਨ ਖੰਡ ਡੰਡ ਹੋਤ ਨ ਲਜਾਵਹੀ ॥

ਅਜਿਹੇ ਕਲੰਕੀ ਪੁਰਖ ਆਪਣੀ ਮਤਿ = ਅਕਲ, ਪਤਿ = ਇੱਜ਼ਤ, ਮਾਨ = ਆਦਰ ਆਦਿ ਹਾਨਿ = ਹਾਨੀ ਗਵਾ ਲੈਂਦੇ ਹਨ ਅਤੇ ਸਭਾ = ਸਾਰਿਆਂ ਦੇ ਕਾਨਿ = ਅਹਿਸਾਨਮੰਦ ਹੋ ਕੇ ਹਰ ਵਕਤ ਕਨੌਡੀ = ਖ਼ੁਸ਼ਾਮਦ ਕਰਦੇ ਹਨ ਅਤੇ ਨਾਕ = ਨੱਕ, ਕਾਨ = ਕੰਨ ਦੇ ਖੰਡ = ਟੁਕੜੇ ਵਤ ਡੰਡ = ਦੰਡੇ ਹੋਏ ਲਜਾਵਹੀ = ਲੱਜਾ, ਸ਼ਰਮ ਦੇ ਸਹਿਤ ਨ = ਨਹੀਂ ਹੋਤ = ਹੁੰਦੇ।

ਸਰਬ ਨਿਧਾਨ ਦਾਨ ਦਾਇਕ ਸੰਗਤਿ ਸਾਧ;
ਗੁਰਸਿਖ ਸਾਧੂ ਜਨ ਕਿਉ ਨ ਚਲਿ ਆਵਹੀ ॥੩੨੪॥

ਉਪਰੋਕਤ ਅਸਾਧ ਪੁਰਖ ਆਪਣੀਆਂ ਮਨ-ਮਰਜ਼ੀਆਂ ਨੂੰ ਨਹੀਂ ਛੱਡਦੇ ਤਾਂ ਸਰਬ = ਸਾਰਿਆਂ ਨਿਧਾਨ = ਖ਼ਜ਼ਾਨਿਆਂ ਨੂੰ ਦਾਨ = ਦੇਣ ਵਾਲੀ ਸਾਧ = ਸ੍ਰੇਸ਼ਟ ਜਨਾਂ ਦੀ ਸੰਗਤ **ਵਾ:** ਸਤਿਸੰਗਤ ਦੇ ਪੱਖੀ ਹੋ ਕੇ ਗੁਰਸਿੱਖ ਸਾਧੂ = ਸੰਤ ਜਨ, ਗੁਰਮੁਖ ਜਨ ਕਿਉਂ ਨਾ ਉਤਸ਼ਾਹ ਦੇ ਸਹਿਤ ਹੋ ਕੇ ਚਲਿ = ਚੱਲ ਚੱਲ ਆਵਹੀ = ਆਉਣ ਕਿਉਂਕਿ ਸਤਿਸੰਗਤ ਸਾਰੇ ਖ਼ਜ਼ਾਨਿਆਂ ਦੀ ਬਖ਼ਸ਼ਣਹਾਰੀ ਹੈ ਭਾਵ ਜਦ ਬੁਰੇ ਖੋਟੇ ਮਨਮੁਖ ਪੁਰਖ ਮਾੜੇ ਕੰਮਾਂ ਵੱਲੋਂ ਸ਼ਰਮ ਨਹੀਂ ਕਰਦੇ ਤਾਂ ਗੁਰਮੁਖ ਜਨ ਸਤਿਸੰਗਤ ਵਿਚ ਆਉਣ 'ਤੇ ਸ਼ਰਮ ਕਿਉਂ ਕਰਨ ?

ਜੈਸੇ ਤਉ ਅਕਸਮਾਤ ਬਾਦਰ ਉਦੋਤ ਹੋਤ;
ਗਗਨ ਘਟਾ ਘਮੰਡ ਕਰਤ ਬਿਥਾਰ ਜੀ ॥

ਹੇ ਪਿਆਰੇ ਜੀ! ਜੈਸੇ ਤਉ = ਜਿਸ ਤਰ੍ਹਾਂ ਅਕਸਮਾਤ = ਅਚਨਚੇਤ ਹੀ ਬਾਦਰ = ਬੱਦਲ ਉਦੋਤ = ਪ੍ਰਗਟ ਹੋਤ = ਹੁੰਦਾ ਹੈ ਅਤੇ ਗਗਨ = ਅਕਾਸ਼ ਵਿਚ ਘਟਾ = ਬੱਦਲੀਆਂ ਦਾ ਘਮੰਡ = ਇਕੱਠ ਚਾਰੇ ਪਾਸੇ ਬਿਥਾਰ = ਪਸਾਰਾ ਹੋਣਾ ਕਰਤ = ਕਰਦਾ ਹੈ।

ਤਾਹੀ ਤੇ ਸਬਦ-ਧੁਨਿ ਘਨ ਗਰਜਤ ਅਤਿ;
ਚੰਚਲ ਚਰਿਤ੍ਰ ਦਾਮਨੀ ਚਮਤਕਾਰ ਜੀ ॥

ਹੇ ਪਿਆਰੇ ਜੀ! ਤਾਹੀ = ਉਸ ਝੜੀ ਤੇ = ਤੋਂ ਉੱਚੀ ਸਬਦ = ਆਵਾਜ਼ ਦੀ ਧੁਨਿ = ਧੁਨੀ ਵਾਲਾ ਘਨ = ਬੱਦਲ ਪ੍ਰਗਟ ਹੋ ਕੇ ਅਤਿ = ਅਤਿਅੰਤ ਗਰਜਤ = ਗਰਜਦਾ ਹੈ ਅਤੇ ਚੰਚਲ ਚਰਿਤ੍ਰ = ਚਲਿੱਤਰਾਂ ਵਾਲੀ ਦਾਮਨੀ = ਬਿਜਲੀ ਵੀ ਚਮਤਕਾਰ = ਲਿਸ਼ਕਾਰੇ ਮਾਰਦੀ ਹੈ।

ਬਰਖਾ ਅੰਮ੍ਰਿਤ ਜਲ ਮੁਕਤਾ ਕਪੂਰ ਤਾ ਤੇ;
ਅਉਖਧੀ ਉਪਾਰਜਨਾ ਅਨਿਕ ਪ੍ਰਕਾਰ ਜੀ ॥

ਤਾ = ਤਿਸ ਬੱਦਲ ਤੇ = ਤੋਂ ਅੰਮ੍ਰਿਤ ਵਰਗਾ ਬਰਖਾ = ਬਰਸਾਤ ਰੂਪ ਵਿਚ ਜਲ = ਪਾਣੀ, ਮੀਂਹ ਵਰ੍ਹਦਾ ਹੈ, ਜਿਸ ਦੁਆਰਾ ਮੁਕਤਾ = ਮੋਤੀ, ਕਪੂਰ ਆਦਿ ਅਨਿਕ = ਅਨੰਤ ਪ੍ਰਕਾਰ = ਤਰ੍ਹਾਂ ਦੀਆਂ ਅਉਖਧੀ = ਜੜ੍ਹੀਆਂ ਬੂਟੀਆਂ **ਵਾ:** ਅੰਨ ਫਲ ਆਦਿ ਉਪਾਰਜਨਾ = ਪੈਦਾ ਹੁੰਦਾ ਹੈ ਜੀ।

ਦਿਬਿ ਦੇਹ ਸਾਧ, ਜਨਮ ਮਰਨ ਰਹਿਤ ਜਗਿ;
ਪ੍ਰਗਟਤ ਕਰਬੇ ਕਉ ਪਰ-ਉਪਕਾਰ ਜੀ ॥੩੨੫॥

ਹੇ ਪਿਆਰੇ ਜੀ ! ਸਾਧ = ਸ੍ਰੇਸ਼ਟ ਪੁਰਖਾਂ ਦੀ ਦੇਹ = ਕਾਂਇਆ ਦਿਬਿ = ਪ੍ਰਕਾਸ਼ ਸਰੂਪ ਪਰਮੇਸ਼ਰ ਦੇ ਹੁਕਮ ਅਨੁਸਾਰ ਹੀ ਪ੍ਰਗਟ ਹੁੰਦੀ ਹੈ। ਉਂਜ ਉਹ ਜਗਿ = ਸੰਸਾਰ ਵਿਚ ਜਨਮ ਮਰਨ ਤੋਂ ਰਹਿਤ = ਬਗ਼ੈਰ ਹਨ, ਉਹ ਤਾਂ ਸੰਸਾਰ ਵਿਚ ਕੇਵਲ ਪਰ-ਉਪਕਾਰ = ਪਰਾਏ ਪੁਰਖਾਂ ਉੱਪਰ ਭਲਾ ਕਰਨ ਵਾਸਤੇ ਹੀ ਪ੍ਰਗਟਤ = ਆਉਣਾ ਕਰਬੇ = ਕਰਦੇ ਹਨ।

ਸਫਲ ਬਿਰਖ ਫਲ ਦੇਤ ਜਿਉ ਪਾਖਾਨ ਮਾਰੇ;
ਸਿਰਿ ਕਰਵਤ ਸਹਿ ਗਹਿ ਪਾਰਿ ਪਾਰਿ ਹੈ ॥

ਜਿਉ = ਜਿਵੇਂ ਪਾਖਾਨ = ਪੱਥਰ ਮਾਰੇ = ਮਾਰਨ ਤੋਂ ਜੋ ਬਿਰਖ = ਬ੍ਰਿਛ ਸਫਲ = ਸਹਿਤ ਫਲ ਦੇ ਹੁੰਦਾ ਹੈ, ਉਹ ਖਾਣ ਲਈ ਫਲ ਦੇਤ = ਦਿੰਦਾ ਹੈ ਅਰਥਾਤ ਭਾਵੇਂ ਕੋਈ ਬ੍ਰਿਛ ਨੂੰ ਦੁਖ ਦੇਵੇ, ਫੇਰ ਵੀ ਉਹ ਉਲਟਾ ਭਲਾ ਕਰਦਾ ਹੈ ਤੇ ਖਾਣ ਲਈ ਫਲ ਦਿੰਦਾ ਹੈ ਅਤੇ ਫੇਰ ਬ੍ਰਿਛ ਆਪਣੇ ਸਿਰਿ = ਸੀਸ ਉੱਤੇ ਕਰਵਤ = ਆਰੇ ਦਾ ਚੀਰ ਸਹਿ = ਸਹਾਰ ਕੇ ਭਾਵ ਚੀਰਨ ਵਾਲੇ ਲੋਹੇ ਨੂੰ ਅਤੇ ਮਨੁੱਖਾਂ ਨੂੰ ਗਹਿ = ਫੜ, ਲੈ ਕੇ ਬੇੜੀ ਰੂਪ ਵਿਚ ਆਪਣੇ ਉੱਪਰ ਚੜ੍ਹਾਅ ਕੇ ਨਦੀ ਤੋਂ ਪਾਰ ਲੰਘਾ ਕੇ ਪਾਰਿ = ਪਰਲੇ ਕਿਨਾਰੇ 'ਤੇ ਪਾਰ ਕਰ ਦਿੰਦਾ ਹੈ।

ਸਾਗਰ ਮੈ ਕਾਢਿ ਮੁਖ ਫੋਰੀਅਤਿ ਸੀਪ ਕੋ ਜਿਉ;
ਦੇਹ ਮੁਕਤਾਹਲ ਅਵਗਿਆ ਨ ਬੀਚਾਰ ਹੈ॥

ਜਿਉ = ਜਿਵੇਂ ਸਾਗਰ = ਸਮੁੰਦਰ ਮੈ = ਵਿੱਚੋਂ ਸਿਪ ਨੂੰ ਕਾਢਿ = ਕੱਢ ਕੇ ਤੈਰਾਕੀ ਲੋਕ ਸੀਪ = ਸਿੱਪ ਕੋ = ਦਾ ਮੁਖ = ਮੂੰਹ ਫੋਰੀਅਤ = ਫੋੜਦਾ ਹੈ ਤੇ ਅੱਗੋਂ ਸਿੱਪ ਆਪਣਾ ਮੂੰਹ ਤੋੜਨ ਦਾ ਅਵਗਿਆ = ਨਿਰਾਦਰ ਨ = ਨਹੀਂ ਵਿਚਾਰਦਾ ਸਗੋਂ ਉਸ ਨੂੰ ਮੁਕਤਾਹਲ = ਮੋਤੀ ਦੇਤ = ਦਿੰਦਾ ਹੈ।

ਜੈਸੇ ਖਨਵਾਰਾ ਖਾਨਿ ਖਨਤ ਹਨਤ ਘਨ;
ਮਾਨਿਕ ਹੀਰਾ ਅਮੋਲ ਪਰਉਪਕਾਰ ਹੈ॥

ਜੈਸੇ = ਜਿਸ ਤਰ੍ਹਾਂ ਖਨਵਾਰਾ = ਖਾਣਾਂ ਨੂੰ ਪੁੱਟਣ ਵਾਲਾ ਖਾਨਿ = ਖਾਣ ਨੂੰ ਖਨਤ = ਪੁੱਟਦਾ ਹੋਇਆ ਘਨ = ਹਥੌੜੇ 'ਤੇ ਹਥੌੜਾ ਹਨਤ = ਮਾਰਦਾ ਹੈ, ਉਹ ਖਾਣ ਸਗੋਂ ਪਰਉਪਕਾਰ ਕਰਦੀ ਹੋਈ ਅਮੋਲ = ਬੇਕੀਮਤੀ ਹੀਰੇ ਮਾਣਕ ਆਦਿ ਪਦਾਰਥ ਦਿੰਦੀ ਹੈ।

ਊਖ ਮੈ ਪਿਊਖ ਜਿਉ ਪਰਗਾਸ ਹੋਤ ਕੋਲੂ ਪਚੈ;
ਅਵਗੁਨ ਕੀਏ ਗੁਨ ਸਾਧਨ ਕੈ ਦੁਆਰ ਹੈ॥੩੨੬॥

ਜਿਉ = ਜਿਸ ਪ੍ਰਕਾਰ ਕੋਹਲੂ ਵਿਚ ਪਚੈ = ਪੀਚਿਆਂ, ਪੀੜਿਆਂ ਊਖ = ਗੰਨੇ ਵਿੱਚੋਂ ਪਿਊਖ = ਅੰਮ੍ਰਿਤ ਵਤ ਮਿੱਠਾ ਰਸ (ਰਹੁ) ਦਾ ਪਰਗਾਸ = ਪ੍ਰਕਾਸ਼ ਹੋਤ = ਹੁੰਦਾ ਹੈ ਤੇ ਗੰਨਾ ਪੀਟਣ ਵਾਲੇ ਜੱਟ ਦੇ ਔਗੁਣ ਨਹੀਂ ਚਿਤਾਰਦਾ ਸਗੋਂ ਉਸ ਨੂੰ ਗੁੜ, ਸ਼ੱਕਰ ਆਦਿ ਪਦਾਰਥ ਦਿੰਦਾ ਹੈ। ਇਸੇ ਤਰ੍ਹਾਂ ਅਵਗੁਨ = ਔਗੁਣ ਕੀਏ = ਕੀਤਿਆਂ ਗੁਣ ਕਰਨਾ ਭਾਵ ਭੈੜਾ ਕਰਨ ਵਾਲੇ ਦਾ ਚੰਗਾ ਕਰਨਾ ਸਾਧਨ = ਸਾਧਾਂ ਸੰਤਾ ਕੈ = ਦੇ ਦੁਆਰ = ਦਰਵਾਜ਼ੇ (ਦਰ) 'ਤੇ ਹੀ ਪਾਇਆ ਜਾਂਦਾ ਹੈ॥੩੨੬॥ ਜੈਸਾ ਕਿ :

ਬੁਰੇ ਨਾਲ ਸਭ ਕਰਨ ਬੁਰਾਈ। ਮਾਫ ਕਰਨ ਕਈ ਸਿਆਣੇ॥
ਬੁਰੇ ਨਾਲ ਫਿਰ ਨੇਕੀ ਕਰਨੀ। ਇਹ ਗੁਰੂ ਨਾਨਕ ਜਾਣੇ॥

ਸਾਧਸੰਗਿ ਦਰਸਨ ਕੋ ਹੈ ਨਿਤਨੇਮ ਜਾ ਕੋ;
ਸੋਈ ਦਰਸਨੀ ਸਮਦਰਸ ਧਿਆਨੀ ਹੈ॥

ਜਾ = ਜਿਸ ਕੋ = ਦਾ ਹਰ ਰੋਜ਼ ਸਾਧਸੰਗਿ = ਸਤਿਸੰਗਤ ਦੇ ਦਰਸ਼ਨ = ਦੀਦਾਰ ਕਰਨ ਕੋ = ਦਾ ਨਿਤਨੇਮ = ਹਰ ਰੋਜ਼ ਨਿਯਮ ਹੈ, ਸੋਈ = ਉਹੋ ਗੁਰਮੁਖ ਹੀ ਦਰਸਨੀ = ਦੀਦਾਰ ਕਰਨੇ ਯੋਗ ਪਰਮੇਸ਼ਰ ਦੀ ਸਮਦਰਸ = ਸਮਾਨ ਦ੍ਰਿਸ਼ਟੀ ਦਾ ਧਿਆਨੀ ਹੁੰਦਾ ਹੈ।

ਸਬਦ ਬਿਬੇਕ ਏਕ ਟੇਕ ਜਾ ਕੈ ਮਨਿ ਬਸੈ;
ਮਾਨਿ ਗੁਰ ਗਿਆਨ ਸੋਈ ਬ੍ਰਹਮ ਗਿਆਨੀ ਹੈ॥

ਜਾ = ਜਿਸ ਕੈ = ਦੇ ਮਨਿ ਵਿਚ ਏਕ = ਇਕ ਗੁਰ ਸਬਦ = ਉਪਦੇਸ਼ ਦੀ ਬਿਬੇਕ = ਵਿਚਾਰ ਦੀ

ਟੇਕ = ਓਟ ਬਸੈ = ਵੱਸਦੀ ਹੈ ਅਤੇ ਗੁਰ-ਉਪਦੇਸ਼ ਦੁਆਰਾ ਗਿਆਨ ਦੀ ਪ੍ਰਾਪਤੀ ਮਾਨਿ = ਮੰਨਦਾ ਹੈ **ਵਾ:** ਗੁਰੂ ਦੇ ਗਿਆਨ ਨੂੰ ਮੰਨਦਾ ਹੈ ਸੋਈ = ਉਹੋ ਹੀ ਬ੍ਰਹਮ = ਪਰਮੇਸ਼ਰ ਦੇ ਗਿਆਨੀ = ਜਾਨਣ ਵਾਲਾ ਹੈ **ਵਾ:** ਉਹੋ ਹੀ ਅਸਲੀ ਬ੍ਰਹਮ ਗਿਆਨੀ ਹੈ।

ਦ੍ਰਿਸਟਿ ਦਰਸ ਅਰੁ ਸਬਦ ਸੁਰਤਿ ਮਿਲਿ;
ਪ੍ਰੇਮੀ ਪ੍ਰਿਅ ਪ੍ਰੇਮ ਉਨਮਨ ਉਨਮਾਨੀ ਹੈ॥

ਜਿਸ ਦੀ ਦ੍ਰਿਸਟਿ = ਦ੍ਰਿਸ਼ਟੀ ਗੁਰਾਂ ਦੇ ਦਰਸ = ਦੀਦਾਰ ਕਰਨ ਵਿਚ ਅਰੁ = ਅਤੇ ਗੁਰਾਂ ਦੇ ਸਬਦ = ਉਪਦੇਸ਼ ਵਿਚ ਸੁਰਤਿ = ਸੁਰਤੀ **ਵਾ:** ਸੁਰਤਿ = ਕੰਨ ਮਿਲਿ = ਮਿਲੇ ਹਨ, ਉਹ ਪ੍ਰਿਅ = ਪਿਆਰੇ ਪਰਮੇਸ਼ਰ ਦੇ ਪ੍ਰੇਮ = ਸਨੇਹ ਕਰਕੇ ਅਸਲੀ ਪ੍ਰੇਮੀ = ਸਨੇਹੀ ਹੈ ਅਤੇ ਉਹੋ ਹੀ ਉਨਮਨ = ਤੁਰੀਆ ਪਦ, ਚੌਥੀ ਭੂਮਿਕਾ ਦੇ ਉਨਮਾਨੀ = ਵਿਚਾਰਨ ਵਾਲਾ ਹੈ।

ਸਹਜ ਸਮਾਧਿ ਸਾਧ ਸੰਗਿ ਇਕ ਰੰਗ ਜੋਈ;
ਸੋਈ ਗੁਰਮੁਖਿ ਨਿਰਮਲ ਨਿਰਬਾਨੀ ਹੈ॥੩੨੭॥

ਜੋਈ = ਜਿਹੜਾ ਗੁਰਮੁਖ ਜਨ ਇਕ ਪਰਮੇਸ਼ਰ ਦੇ ਰੰਗ = ਪ੍ਰੇਮ ਵਿਚ ਸਾਧ ਸੰਗਿ = ਸਤਿਸੰਗਤ ਵਿਚ ਜਾ ਕੇ ਸਹਜ = ਸੁਤੇ-ਸਿਧ ਸਮਾਧਿ = ਸਮਾਧੀ ਲਾਉਂਦਾ ਹੈ, ਸੋਈ = ਉਹੋ ਗੁਰਮੁਖ ਜਨ ਨਿਰਮਲ = ਉੱਜਲ ਚਿੱਤ ਵਾਲਾ ਤੇ ਨਿਰਬਾਨੀ = ਬੰਧਨਾਂ ਤੋਂ ਰਹਿਤ ਹੁੰਦਾ ਹੈ॥੩੨੭॥

ਦਰਸ ਧਿਆਨ ਧਿਆਨੀ, ਸਬਦ ਗਿਆਨ ਗਿਆਨੀ;
ਚਰਨ ਸਰਨਿ ਦ੍ਰਿੜ ਮਾਇਆ ਮੈ ਉਦਾਸੀ ਹੈ॥

ਗੁਰਾਂ ਦੇ ਦਰਸ = ਦੀਦਾਰ ਦਾ ਧਿਆਨ = ਖ਼ਿਆਲ ਕਰਨ ਵਾਲਾ ਹੀ ਧਿਆਨੀ ਹੁੰਦਾ ਹੈ ਤੇ ਗੁਰ ਸਬਦ = ਉਪਦੇਸ਼ ਦੁਆਰਾ ਗਿਆਨ ਦੀ ਪ੍ਰਾਪਤੀ ਕਰਨ ਵਾਲਾ ਗਿਆਨੀ = ਗਿਆਨਵਾਨ ਹੈ ਤੇ ਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਦ੍ਰਿੜ = ਪਰਪੱਕ ਭਰੋਸਾ ਕਰਨ ਵਾਲਾ ਪੁਰਖ ਮਾਇਆ ਮੈ = ਵਿਚ ਉਦਾਸੀ = ਉਪਰਾਮ ਰਹਿੰਦਾ ਹੈ।

ਹਉਮੈ ਤਿਆਗਿ ਤਿਆਗੀ, ਬਿਸਮਾਦ ਕੈ ਬੈਰਾਗੀ ਭਏ;
ਤ੍ਰਿਗੁਨ ਅਤੀਤ ਚੀਤ ਅਨਭੈ ਅਭਿਆਸੀ ਹੈ॥

ਹਉਮੈ = ਹੰਗਤਾ ਮਮਤਾ ਨੂੰ ਤਿਆਗਿ = ਤਿਆਗਣ ਵਾਲਾ ਹੀ ਅਸਲ ਵਿਚ ਤਿਆਗੀ ਹੈ। ਜੈਸਾ ਕਿ :

ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ॥

ਤੇ ਬਿਸਮਾਦ = ਅਸਚਰਜ ਪਰਮੇਸ਼ਰ ਕੈ = ਦੇ ਬਿਸਮਾਦ ਰੰਗਾਂ ਵਿਚ ਵਿਚਰਨ ਵਾਲੇ ਬੈਰਾਗੀ ਭਏ = ਹੋਏ ਹਨ। ਜੈਸਾ ਕਿ :

ਬਿਨੁ ਬੈਰਾਗ ਕਹਾ ਬੈਰਾਗੀ॥ *(ਅੰਗ ੧੧੪੦)*

ਤੇ ਉਹ ਤ੍ਰਿਗੁਨ = ਤਿੰਨੇ ਰਜੋ, ਤਮੋ, ਸਤੋ ਗੁਣਾਂ ਤੋਂ ਅਤੀਤ = ਰਹਿਤ ਜਾਗ੍ਰਤ, ਸੁਪਨ, ਸੁਖੋਪਤੀ ਅੰਦਰ ਵਰਤ ਰਹੀ ਚੀਤ = ਚਿੱਤ ਦੀ ਬਿਰਤੀ ਨੂੰ ਅਤੇ ਅਨਭੈ = ਡਰ ਤੋਂ ਰਹਿਤ ਪਰਮੇਸ਼ਰ ਦੇ ਨਾਮ ਦਾ ਅਭਿਆਸ ਕਰਨ ਵਾਲੇ ਹੋਏ ਹੈ = ਹਨ।

ਦੁਬਿਧਾ ਅਪਰਸ, ਅਉ ਸਾਧ ਇੰਦ੍ਰੀ ਨਿਗ੍ਰਹ ਕੈ;
ਆਤਮ ਪੂਜਾ ਬਿਬੇਕੀ ਸੁੰਨ ਮੈ ਸੰਨਿਆਸੀ ਹੈ॥

ਦੁਬਿਧਾ = ਦ੍ਵੈਸ਼ ਭਾਵਨਾ ਨੂੰ ਅਪਰਸ = ਛੁਹਣ ਤੋਂ ਰਹਿਤ ਹੋ ਕੇ ਅਉ = ਅਤੇ ਇੰਦਰੀਆਂ ਆਪੋ-ਆਪਣੇ ਵਿਸ਼ਿਆਂ ਵੱਲ ਦੌੜਨ ਤੋਂ ਨਿਗ੍ਰਹ = ਰੋਕ ਕੈ = ਕਰਕੇ ਆਪਣੇ ਮਨ ਨੂੰ ਸਾਧ = ਸਾਧਨਾ ਕਰੇ ਅਤੇ ਆਤਮ = ਮਨ ਅੰਦਰ ਗੁਰ-ਉਪਦੇਸ਼ ਨੂੰ ਬਿਬੇਕੀ = ਵਿਚਾਰ ਕਰ ਕੇ ਸੁੰਨ = ਅਫੁਰ ਸਰੂਪ ਪਰਮੇਸ਼ਰ ਦੇ ਪੂਜਾ = ਪੂਜਣ ਕਰਨ ਮੈ = ਵਿਚ ਸੰਨਿਆਸੀ = ਵਿਰਕਤਪੁਣਾ ਰੱਖਣਾ ਕਰੇ **ਵਾ:** ਆਤਮ = ਮਨ ਵਿਚ ਸਾਖੀ ਚੇਤਨ ਦਾ ਪਰਪੱਕ ਨਿਸਚਾ ਧਾਰਨ ਰੂਪ ਪੂਜਾ ਕਰਨ ਵਾਲਾ ਬਿਬੇਕੀ ਅਤੇ ਸੁੰਨ = ਅਫੁਰ ਭਾਵ ਸਾਰੇ ਸੰਕਲਪਾਂ ਤੋਂ ਰਹਿਤ ਹੋਣ ਵਾਲਾ ਗੁਰਮੁਖ ਅਸਲੀ ਸੰਨਿਆਸੀ ਵਤ ਹੈ।

ਸਹਜ ਸੁਭਾਵ ਕਰਿ ਜੀਵਨ-ਮੁਕਤਿ ਭਏ;
ਸੇਵਾ ਸਰਬਾਤਮ ਕੈ ਬ੍ਰਹਮ ਬਿਸ੍ਵਾਸੀ ਹੈ॥੩੨੮॥

ਜਦ ਗੁਰਮੁਖ ਜਨ ਸਹਜ = ਸ਼ਾਂਤੀ ਸੁਭਾਵ = ਸੁਭਾਅ ਨੂੰ ਧਾਰਨ ਕਰਿ = ਕਰਦੇ ਹਨ ਤਦ ਜੀਵਨ ਮੁਕਤਿ = ਮੁਕਤ ਭਏ = ਹੋਣਾ ਕਰਦੇ ਹਨ ਅਤੇ ਜਦ ਸਰਬਾਤਮ = ਸਾਰਿਆਂ ਜੀਵਾਂ ਦੇ ਅੰਦਰ ਪਰਮੇਸ਼ਰ ਕੈ = ਦੇ ਸਰੂਪ ਨੂੰ ਤੱਕਣਾ ਕਰਦੇ ਹਨ ਤਾਂ ਸ੍ਰਿਸ਼ਟੀ ਦੇ ਜੀਵਾਂ ਉੱਪਰ ਪਰਉਕਾਰ ਕਰਨ ਰੂਪ ਸੇਵਾ = ਟਹਿਲ ਕਰਦੇ ਹਨ ਤੇ ਤਦ ਹੀ ਉਹ ਬ੍ਰਹਮ = ਪਰਮੇਸ਼ਰ ਉੱਪਰ ਪੂਰਨ ਬਿਸ੍ਵਾਸੀ = ਭਰੋਸਾ ਰੱਖਣ ਵਾਲੇ ਹੋਏ ਹਨ॥੩੨੮॥

ਜੈਸੇ ਜਲ ਅੰਤਰਿ ਜੁਗੰਤਰਿ ਬਸੈ ਪਾਖਾਨ;
ਭਿਦੈ ਨ ਰਿਦੈ ਕਠੋਰ, ਬੂਡੈ ਬਜਰ ਭਾਰ ਕੈ॥

ਜੈਸੇ = ਜਿਸ ਪ੍ਰਕਾਰ ਜਲ = ਪਾਣੀ ਅੰਤਰਿ = ਵਿਚ ਪਾਖਾਨ = ਪੱਥਰ ਜੁਗੰਤਰਿ = ਜੁਗਾਂ ਜੁਗਾਂਤਰਾਂ ਭਾਵ ਕਈ ਜੁਗਾਂ ਤਕ ਬਸੈ = ਵੱਸਦਾ, ਟਿਕਿਆ ਰਹੇ, ਪਰ ਰਿਦੈ = ਚਿੱਤ ਕਰਕੇ ਅੰਦਰੋਂ ਕਠੋਰ = ਸਖ਼ਤ ਹੁੰਦਾ ਹੈ ਤੇ ਕਦੇ ਵੀ ਭਿਦੈ = ਭਿੱਜਦਾ ਨ = ਨਹੀਂ ਹੈ, ਸਗੋਂ ਬਜਰ ਭਾਰ = ਬਹੁਤੇ ਵਜ਼ਨ ਕੈ = ਕਰਕੇ ਬੂਡੈ = ਡੁੱਬਿਆ ਹੀ ਰਹਿੰਦਾ ਹੈ। ਜੈਸਾ ਕਿ :

ਪਾਥਰ ਕਉ ਬਹੁ ਨੀਰੁ ਪਵਾਇਆ॥ ਨਹ ਭੀਗੈ ਅਧਿਕ ਸੂਕਾਇਆ॥੨॥

(ਭੈਰਉ ਮ: ੫, ਅੰਗ ੧੧੩੭)

ਅਠਸਠਿ ਤੀਰਥ ਮਜਨ ਕਰੈ ਤੋਂਬਰੀ;
ਤਊ ਮਿਟਤ ਨ ਕਰਵਾਈ ਧੋਏ ਵਾਰ ਪਾਰ ਕੈ॥

ਇਸੇ ਤਰ੍ਹਾਂ ਅਠਸਠਿ = ਅਠਾਹਠ ਤੀਰਥਾਂ ਉੱਪਰ ਤੋਂਬਰੀ = ਤੂੰਬੀ ਨੂੰ ਮਜਨ = ਇਸ਼ਨਾਨ ਕਰੈ = ਕਰਾ

ਲਿਆਈਏ ਤਉ = ਤਦ ਵੀ ਉਸ ਦੀ ਕਰਵਾਈ = ਕੌੜੱਤਣਤਾਈ ਮਿਟਤ = ਦੂਰ ਨ = ਨਹੀਂ ਹੁੰਦੀ ਭਾਵੇਂ ਉਸ ਨੂੰ ਨਦੀ ਦੇ ਉਰਲੇ ਕਿਨਾਰੇ ਜਾਂ ਨਦੀ ਤੋਂ ਪਾਰ = ਪਰਲੇ ਕਿਨਾਰੇ ਉੱਤੇ ਜਾ ਕੈ = ਕਰਕੇ ਵਾਰ ਵਾਰ ਧੋਏ = ਧੋਣਾ ਕਰੀਏ ਤਾਂ ਵੀ ਉਸ ਦੀ ਕੁੜੱਤਣਤਾਈ ਨਹੀਂ ਜਾਂਦੀ। ਜੈਸਾ ਕਿ :

ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥ *(ਵਾਰ ਸੂਹੀ, ਮ: ੩, ਅੰਗ ੭੮੯)*

ਤੁੰਮੇ ਅੰਮ੍ਰਿਤੁ ਸਿੰਜੀਐ ਕਉੜਤਣ ਦੀ ਬਾਣਿ ਨ ਜਾਏ॥

(ਭਾਈ ਗੁਰਦਾਸ ਜੀ, ਵਾਰ ੩੧, ਪਉੜੀ ੧੫)

ਅਹਿਨਿਸਿ ਅਹਿ ਲਪਟਾਨੋ ਰਹੈ ਚੰਦਨਹਿ;
ਤਜਤ ਨ ਬਿਖੁ ਤਉ ਹਉਮੈ ਅਹੰਕਾਰ ਕੈ॥

ਭਾਵੇਂ ਅਹਿ = ਸੱਪ ਅਹਿਨਿਸਿ = ਰਾਤ ਦਿਨੇ ਚੰਦਨਹਿ = ਚੰਨਣ ਦੇ ਬ੍ਰਿਛ ਨੂੰ ਲਪਟਾਨੋ = ਚਿੰਬੜਿਆ ਰਹੈ = ਰਹਿੰਦਾ ਹੈ ਪਰ ਤਉ = ਤਦ ਵੀ ਵੱਡੀ ਉਮਰ ਦੀ ਹੰਗਤਾ ਦੇ ਕਾਰਨ ਤੇ ਅਹੰਕਾਰ ਸਹਿਤ ਹੋਣ ਕੈ = ਕਰਕੇ ਬਿਖੁ = ਜ਼ਹਿਰ ਨੂੰ ਤਜਤ = ਛੱਡਦਾ ਨ = ਨਹੀਂ ਹੈ।

ਕਪਟ ਸਨੇਹ ਦੇਹ ਨਿਹਫਲ ਜਗਤ ਮੈ;
ਸੰਤਨ ਕੋ ਹੈ ਦੋਖੀ ਦੁਬਿਧਾ ਬਿਕਾਰ ਕੈ॥੩੨੯॥

ਇਸੇ ਤਰ੍ਹਾਂ ਹੀ ਜੋ ਕਪਟ = ਛਲ ਵਾਲਾ ਸਨੇਹ = ਪ੍ਰੇਮ ਕਰਦੇ ਹਨ, ਸੰਤਨ = ਮਹਾਤਮਾ ਜਨਾਂ ਦੇ ਉੱਪਰ ਦੋਖੀ = ਦੂਸ਼ਣ ਲਾਉਣ ਵਾਲੇ ਹਨ ਅਤੇ ਦੁਬਿਧਾ = ਦ੍ਵੈਤ ਭਾਵਨਾ ਤੇ ਕਾਮ ਕ੍ਰੋਧ ਆਦਿ ਵਿਕਾਰਾਂ ਨੂੰ ਚਿਤਵਣ ਕੈ = ਕਰਨ ਵਾਲੇ ਪੁਰਖ ਹਨ, ਉਨ੍ਹਾਂ ਦੀ ਦੇਹ = ਕਾਂਇਆ ਜਗਤ = ਸੰਸਾਰ ਮੈ = ਵਿਚ ਨਿਹਫਲ = ਨਿਸਫਲ ਹੈ॥੩੨੯॥

ਜੈਸੇ ਨਿਰਮਲ ਦਰਪਨ ਮੈ ਨ ਚਿਤ੍ਰ ਕਛੁ;
ਸਕਲ ਚਰਿਤ੍ਰ ਚਿਤ੍ਰ ਦੇਖਤ ਦਿਖਾਵਈ॥

ਜੈਸੇ = ਜਿਸ ਤਰ੍ਹਾਂ ਨਿਰਮਲ = ਉੱਜਲ, ਸਾਫ਼ ਦਰਪਨ = ਸ਼ੀਸ਼ੇ ਮੈ = ਵਿਚ ਵਾਸਤਵ ਵਿਚ ਤਾਂ ਕਛੁ = ਕੁਝ, ਥੋੜ੍ਹੇ ਮਾਤਰ ਵੀ ਚਿਤ੍ਰ = ਤਸਵੀਰ ਦਾ ਪ੍ਰਤਿਬਿੰਬ ਨ = ਨਹੀਂ ਹੁੰਦਾ **ਵਾ:** ਸ਼ੀਸ਼ੇ ਵਿਚ ਕੁਝ ਲਿਖੀਆਂ ਹੋਈਆਂ ਮੂਰਤਾਂ ਨਹੀਂ ਹੁੰਦੀਆਂ, ਪਰ ਉਸ ਵਿਚ ਦੇਖਤ = ਵੇਖਦਿਆਂ ਉਸ ਚਿਤ੍ਰ = ਤਸਵੀਰ ਦਾ ਸਕਲ = ਸਾਰਾ ਚਰਿੱਤਰ ਦਿਖਾਵਈ = ਦਿਖਾ ਦਿੰਦਾ ਹੈ।

ਜੈਸੇ ਨਿਰਮਲ ਜਲ ਬਰਨ ਅਤੀਤ ਰੀਤਿ;
ਸਕਲ ਬਰਨ ਮਿਲਿ ਬਰਨ ਬਨਾਵਈ॥

ਜੈਸੇ = ਜਿਸ ਪ੍ਰਕਾਰ ਨਿਰਮਲ = ਉੱਜਲ ਜਲ = ਪਾਣੀ ਰੀਤਿ = ਰੀਤੀ, ਚਾਲ ਬਰਨ = ਰੰਗਾਂ ਤੋਂ ਅਤੀਤ = ਰਹਿਤ ਹੁੰਦਾ ਹੈ, ਪਰੰਤੂ ਪਾਣੀ ਸਕਲ = ਸਾਰੇ ਬਰਨ = ਰੰਗਾਂ ਨੂੰ ਆਪਣੇ ਨਾਲ ਮਿਲਿ = ਮਿਲਾ ਕੇ ਉਹੋ ਜਿਹੇ ਬਰਨ = ਰੰਗ ਨੂੰ ਹੀ ਬਨਾਵਈ = ਬਣਾ ਲੈਣਾ ਕਰਦਾ ਹੈ।

ਜੈਸੇ ਤਉ ਬਸੁੰਧਰਾ ਸੁਆਦ ਬਾਸਨਾ ਰਹਿਤ;
ਅਉਖਧੀ ਅਨੇਕ ਰਸ ਗੰਧ ਉਪਜਾਵਈ ॥

ਜੈਸੇ ਤਉ = ਜਿਸ ਤਰ੍ਹਾਂ ਬਸੁੰਧਰਾ = ਧਰਤੀ ਸੁਆਦ ਤੇ ਬਾਸਨਾ = ਸੁਗੰਧੀ ਤੋਂ ਰਹਿਤ = ਬ਼ਗ਼ੈਰ ਹੈ, ਪਰੰਤੂ ਅਨੇਕ = ਅਨੰਤ ਤਰ੍ਹਾਂ ਦੀਆਂ ਅਉਖਧੀ = ਦਵਾਈਆਂ, ਰਸ = ਸੁਆਦਿਸ਼ਟ ਫਲ, ਸੁਗੰਧਿਤ ਪਦਾਰਥਾਂ ਨੂੰ ਉਪਜਾਵਈ = ਪੈਦਾ ਕਰਦੀ ਹੈ।

ਤੈਸੇ ਗੁਰਦੇਵ ਸੇਵ ਅਲਖ ਅਭੇਵ ਗਤਿ;
ਜੈਸੋ ਜੈਸੋ ਭਾਉ ਤੈਸੀ ਕਾਮਨਾ ਪੁਜਾਵਈ ॥੩੩੦॥

ਤੈਸੇ = ਉਸੇ ਤਰ੍ਹਾਂ ਅਲਖ = ਲਖਣ ਤੋਂ ਰਹਿਤ, ਅਭੇਵ = ਭੇਦ ਪਾਉਣ ਤੋਂ ਰਹਿਤ (ਗੁਰ + ਦੇਵ) ਦੇਵ = ਪ੍ਰਕਾਸ਼ ਸਰੂਪ ਪਰਮੇਸ਼ਰ ਦਾ ਰੂਪ ਪੂਰੇ ਗੁਰ = ਸਤਿਗੁਰੂ **ਵਾ:** ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੀ ਸੇਵ = ਟਹਿਲ ਦਾ ਗਤਿ = ਤਰੀਕਾ ਹੈ ਭਾਵ ਮਰਯਾਦਾ ਹੈ ਜੈਸੋ ਜੈਸੋ = ਜਿਹੋ ਜਿਹੀ ਭਾਉ = ਭਾਵਨਾ ਦੇ ਸਹਿਤ ਕੋਈ ਗੁਰਾਂ ਦੀ ਸੇਵ = ਟਹਿਲ ਕਰਦਾ ਹੈ, ਤੈਸੀ = ਉਹੋ ਜਿਹੀ ਕਾਮਨਾ = ਇੱਛਾ ਗੁਰੂ ਸਾਹਿਬ ਜੀ ਪੁਜਾਵਈ = ਪੂਰੀ ਕਰ ਦਿੰਦੇ ਹਨ ॥੩੩੦॥

ਸੁਖ ਦੁਖ ਹਾਨਿ ਮ੍ਰਿਤ ਪੂਰਬ ਲਿਖਤ ਲੇਖ;
ਜੰਤ੍ਰਨ ਕੈ ਨ ਬਸਿ ਕਛੁ ਜੰਤ੍ਰੀ ਜਗਦੀਸ ਹੈ ॥

ਗੁਰਮੁਖ ਜਨ ਇਸ ਪ੍ਰਕਾਰ ਜਾਣਦੇ ਹਨ ਕਿ ਸੁਖ ਦੁਖ ਤੇ ਕਿਸੇ ਪਦਾਰਥ ਦੀ ਹਾਨਿ = ਹਾਨੀ ਹੋ ਜਾਣੀ ਤੇ ਕਿਸੇ ਮਿੱਤਰ, ਸੰਬੰਧੀ ਦੀ ਮ੍ਰਿਤ = ਮੌਤ ਹੋ ਜਾਣੀ ਇਹ ਪੂਰਬ = ਪੂਰਬਲੇ ਲੇਖ ਲਿਖਤ = ਲਿਖਿਆਂ ਹੋਇਆਂ ਅਨੁਸਾਰ ਇਉਂ ਹੈ ਜਿਵੇਂ ਜੰਤ੍ਰਨ = ਵਾਜੇ ਨੂੰ ਵਜਾਉਣ ਵਾਲੇ ਦੇ ਵਾਜਾ ਬਸਿ = ਅਧੀਨ ਹੁੰਦਾ ਹੈ, ਵਾਜਾ ਆਪਣੇ ਆਪ ਕੁਝ ਨਹੀਂ ਕਰ ਸਕਦਾ, ਭਾਵ ਜਿਵੇਂ ਵਾਜੇ ਨੂੰ ਵਜਾਉਣ ਵਾਲਾ ਵਾਜੇ ਨੂੰ ਵਜਾਉਂਦਾ ਹੈ, ਉਸੇ ਤਰ੍ਹਾਂ ਵੱਜਦਾ ਹੈ, ਇਸੇ ਤਰ੍ਹਾਂ ਹੀ ਸੰਸਾਰ ਦੇ ਜੀਵ ਰੂਪ ਵਾਜੇ ਸੰਸਾਰ ਨੂੰ ਵਜਾਉਣ ਵਾਲੇ ਭਾਵ ਪੈਦਾ ਕਰਨ ਵਾਲੇ ਜਗਦੀਸ = ਜਗਤ ਦੇ ਈਸ਼ਰ ਪਰਮੇਸ਼ਰ ਦੇ ਬਸਿ = ਅਧੀਨ ਹਨ, ਆਪਣੇ ਆਪ ਜੀਵ ਕੁਝ ਵੀ ਨਹੀਂ ਕਰ ਸਕਦੇ।

ਭੋਗਤ ਬਿਵਸਿ ਮੇਵ ਕਰਮ ਕਿਰਤ ਗਤਿ;
ਜਸਿ ਕਰ ਤਸਿ ਲੇਪ ਕਾਰਨ ਕੋ ਈਸ ਹੈ ॥

ਜਿਸ ਤਰ੍ਹਾਂ ਦੇ ਜੀਵ ਇਥੇ ਚੰਗੇ ਮੰਦੇ ਕਰਮ = ਕਾਰਜ ਕਰਦਾ ਹੈ, ਉਹੋ ਜਿਹੇ ਕਿਰਤ = ਕਾਰਜਾਂ ਦਾ ਫਲ ਅੱਗੇ ਜਾ ਕੇ ਜੀਵ ਨੂੰ ਗਤਿ = ਪ੍ਰਾਪਤ ਹੁੰਦਾ ਹੈ ਅਤੇ ਉਨ੍ਹਾਂ ਚੰਗੇ ਮੰਦੇ ਕਰਮਾਂ ਦੇ ਫਲ ਨੂੰ ਬਿਵਸਿ ਮੇਵ = ਅਵਸ਼ਜ ਕਰਕੇ, ਜ਼ਰੂਰ ਬਰ ਜ਼ਰੂਰ ਭੋਗਤ = ਭੋਗਣਾ ਕਰਦਾ ਹੈ, ਜਸਿ = ਜਿਸ ਤਰ੍ਹਾਂ ਦੇ ਕਰਦਾ ਹੈ, ਤਸਿ = ਉਸੇ ਤਰ੍ਹਾਂ ਦੇ ਕਰਮਾਂ ਵਿਚ ਲੇਖ = ਲੁਭਾਇਮਾਨ ਹੁੰਦਾ ਹੈ ਭਾਵ ਉਹੋ ਜਿਹੇ ਕਰਮਾਂ ਨੂੰ ਲਿਖਿਆ ਜਾਂਦਾ ਹੈ ਪਰੰਤੂ ਉਪਰੋਕਤ ਕਾਰਨ = ਕਾਰਜਾਂ ਕੋ = ਦਾ ਪ੍ਰੇਰਕ ਈਸ = ਈਸ਼ਰ ਹੈ।

ਕਰਤਾ ਪ੍ਰਧਾਨ, ਕਿਧੌਂ ਕਰਮ, ਕਿਧੌਂ ਹੈ ਜੀਉ;
ਘਾਟਿ ਬਾਢਿ ਕਉਨ, ਕਉਨ ਮਤਿ ਬਿਸ੍ਵਾਬੀਸ ਹੈ॥

ਜਦ ਸਭ ਕੁਝ ਕਰਨ ਕਰਾਉਣ ਵਾਲਾ ਈਸ਼ਰ ਹੈ ਤਦ ਕਰਤਾ = ਕਰਨ ਵਾਲਾ ਤੇ ਪ੍ਰਧਾਨ = ਪ੍ਰਕਿਰਤੀ ਭਾਵ ਮਾਇਆ ਕਿਧੌਂ = ਕਿਥੇ ਰਹੀ, ਕਰਮ ਕਰਨ ਵਾਲਾ ਜੀਉ = ਜੀਵ ਕਿਧੌਂ = ਕਿਥੇ ਰਿਹਾ ਹੈ, ਪੰਜਾਂ ਤੱਤਾਂ ਦੇ ਸਰੀਰ ਦਾ ਘਾਟਿ = ਘਟਣਾ, ਬਾਢਿ = ਵਧਣਾ ਕਉਨ = ਕਿਹੜਾ ਕਥਨ ਕਰ ਸਕਦਾ ਹੈ ਅਤੇ ਹੋਰ ਗ੍ਰੰਥਾਂ ਵੇਦਾਂਤ ਦਿਆਂ ਮੱਤ ਉੱਤੇ ਕਉਨ = ਕਿਹੜਾ ਬਿਸ੍ਵਾਬੀਸ = ਭਰੋਸਾ ਕਰ ਸਕਦਾ ਹੈ ਭਾਵ ਜਦੋਂ ਪਰਮੇਸ਼ਰ ਹੀ ਸਭ ਕੁਝ ਕਰਨ ਕਰਾਉਣ ਵਾਲਾ ਨਿਸ਼ਚੇ ਕਰ ਲਿਆ।

ਅਸਤੁਤਿ ਨਿੰਦਾ ਕਹਾ ਬਿਆਪਤ ਹਰਖ ਸੋਗ;
ਹੋਨਹਾਰ ਕਹੌਂ, ਕਹਾ ਗਾਰਿ ਅਉ ਅਸੀਸ ਹੈ॥੩੩੧॥

ਅਸਤੁਤਿ = ਕੀਰਤੀ, ਨਿੰਦਾ = ਅਪਕੀਰਤੀ ਹਰਖ = ਖ਼ੁਸ਼ੀ ਸੋਗ = ਗ਼ਮ ਫੇਰ ਕਹਾ = ਕੀ ਬਿਆਪਤ = ਲੱਗ ਸਕਦਾ ਹੈ ਅਤੇ ਹੋਨਹਾਰ = ਅੱਗੇ ਆਉਣ ਵਾਲੀ ਗੱਲ ਭਾਵ ਹੋਣੀ ਤੇ ਗਾਰਿ = ਗਾਲ੍ਹਾਂ ਅਉ = ਅਤੇ ਅਸੀਸ = ਦੁਆਵਾਂ ਕਹੌਂ = ਦੱਸੋ ਖ਼ਾਂ ਫੇਰ ਕਹਾ = ਕਿਸ ਪ੍ਰਕਾਰ ਲੱਗ ਸਕਦੀਆਂ ਹਨ॥੩੩੧॥

ਮਾਨਸਰ ਪਰ ਜਉ ਬੈਠਾਈਐ ਲੇ ਜਾਇ ਬਗ;
ਮੁਕਤਾ ਅਮੋਲ ਤਜਿ ਮੀਨ ਬੀਨਿ ਖਾਤ ਹੈ॥

ਜਉ = ਜੇਕਰ ਮਾਨਸਰ = ਮਾਨਸਰੋਵਰ ਪਰ = ਉੱਤੇ ਬਗ = ਬਗਲੇ ਨੂੰ ਲੇ ਜਾਇ = ਲਿਜਾ ਕਰਕੇ ਬੈਠਾਈਐ = ਬਿਠਾਉਣਾ ਕਰੀਏ ਤਾਂ ਉਹ ਅਮੋਲ = ਬੇਕੀਮਤੀ ਮੁਕਤਾ = ਮੋਤੀਆਂ ਨੂੰ ਤਜਿ = ਤਿਆਗ ਕੇ ਮੀਨ = ਮੱਛੀਆਂ ਨੂੰ ਬੀਨਿ = ਚੁਣ ਚੁਣ ਕੇ ਖਾਤ = ਖਾਣਾ ਕਰਦਾ ਹੈ।

ਅਸਥਨ ਪਾਨ ਕਰਬੇ ਕਉ ਜਉ ਲਗਾਈਐ ਜੋਕ;
ਪੀਅਤ ਨ ਪੈ, ਲੈ ਲੋਹੂ ਅਚਏ ਅਘਾਤ ਹੈ॥

ਜਉ = ਜੇਕਰ ਜੋਕ ਕਉ = ਨੂੰ ਦੁੱਧ ਪਾਨ = ਪੀਣ ਲਈ ਅਸਥਨ = ਥਣਾਂ ਨਾਲ ਲਗਾਈਐ = ਲਗਾਉਣਾ ਕਰਬੇ = ਕਰੀਏ ਤਾਂ ਉਹ ਪੈ = ਦੁੱਧ ਨ = ਨਹੀਂ ਪੀਅਤ = ਪੀਣਾ ਕਰਦੀ ਸਗੋਂ ਲੋਹੂ = ਲਹੂ ਲੈ ਕੇ ਉਸ ਨੂੰ ਅਚਏ = ਪੀ ਕੇ ਅਘਾਤ = ਰੱਜਣਾ ਕਰਦੀ ਹੈ। ਜੈਸਾ ਕਿ :

ਚੀਚੜ ਜੋਕ ਲਗੈਂ ਥਨ ਮਾਂਹੀ। ਰੁਧਰ ਪਾਨ, ਪੈ ਗੁਨ ਲਖਿ ਨਾਂਹੀ॥...॥੨੪॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ਪੰਜਵੀਂ, ਅੰਸੁ ੨)

ਪਰਮ ਸੁਗੰਧ ਪਰਿ ਮਾਖੀ ਨ ਰਹਿਤ ਰਾਖੀ;
ਮਹਾਂ ਦੁਰਗੰਧ ਪਰਿ ਬੇਗ ਚਲਿ ਜਾਤ ਹੈ॥

ਜਿਸ ਪ੍ਰਕਾਰ ਪਰਮ = ਉੱਤਮ ਸੁਗੰਧ = ਸੁਗੰਧਿਤ ਪਦਾਰਥ ਪਰਿ = ਉੱਤੇ ਮਾਖੀ = ਮੱਖੀ ਰਾਖੀ = ਰੱਖੀ

ਹੋਈ ਵੀ ਰਹਿਤ = ਰਹਿੰਦੀ ਨ = ਨਹੀਂ ਹੈ, ਉਹ ਜਿਥੇ ਮਹਾਂ = ਬਹੁਤ ਦੁਰਗੰਧ = ਗੰਦਗੀ ਵਾਲੀ ਥਾਂ ਹੁੰਦੀ ਹੈ, ਉਸ ਪਰਿ = ਉੱਤੇ ਉਹ ਬੇਗ = ਜਲਦੀ ਨਾਲ ਚੱਲ ਕੇ ਜਾਤ = ਜਾ ਕੇ ਬਹਿੰਦੀ ਹੈ। ਜੈਸਾ ਕਿ :

ਮਾਖੀ ਰਾਮ ਕੀ ਤੂ ਮਾਖੀ ॥
ਜਹ ਦੁਰਗੰਧ ਤਹਾ ਤੂ ਬੈਸਹਿ ਮਹਾ ਬਿਖਿਆ ਮਦ ਚਾਖੀ ॥੧॥ਰਹਾਉ॥

(ਸਾਰਗ ਮ: ੫, ਅੰਗ ੧੨੨੭)

ਜੈਸੇ ਗਜ ਮਜਨ ਕੈ ਡਾਰਤ ਹੈ ਛਾਰੁ ਸਿਰਿ;
ਸੰਤਨ ਕੈ ਦੋਖੀ ਸੰਤ ਸੰਗੁ ਨ ਸੁਹਾਤ ਹੈ ॥੩੩੨॥

ਜੈਸੇ = ਜਿਸ ਪ੍ਰਕਾਰ ਗਜ = ਹਾਥੀ ਮਜਨ = ਇਸ਼ਨਾਨ ਕੈ = ਕਰ ਕੇ ਆਪਣੇ ਸਿਰਿ = ਸੀਸ ਵਿਚ ਛਾਰੁ = ਸੁਆਹ ਡਾਰਤ = ਪਾ ਲੈਂਦਾ ਹੈ। ਜੈਸਾ ਕਿ :

ਜਿਉ ਹਾਥੀ ਦਾ ਨ੍ਹਾਵਣਾ ਬਾਹਰਿ ਨਿਕਲਿ ਖੇਹ ਉਡਾਵੈ।

(ਭਾਈ ਗੁਰਦਾਸ ਜੀ, ਵਾਰ ੩੨, ਪਉੜੀ ੧੦)

ਉਸੇ ਤਰ੍ਹਾਂ ਸੰਤਨ = ਮਹਾਤਮਾ ਜਨਾਂ ਕੈ = ਦੇ ਦੋਖੀ = ਦੋਸ਼ੀਆਂ ਭਾਵ ਬੰਦਗੀ ਵਾਲੇ ਸੰਤਾਂ ਉੱਪਰ ਦੂਸ਼ਣ ਲਾਉਣ ਵਾਲੇ ਪੁਰਖਾਂ ਨੂੰ ਸੰਤ = ਮਹਾਤਮਾ ਜਨਾਂ ਦੀ ਸੰਗੁ = ਸੰਗਤ ਸੁਹਾਤ = ਚੰਗੀ ਨ = ਨਹੀਂ ਲੱਗਦੀ ਹੈ ॥੩੩੨॥

ਗੁਰਮਤਿ ਸਤਿ ਏਕ ਟੇਕ, ਦੁਤੀਆ ਨਾਸਤਿ;
ਸਿਵ ਨ ਸਕਤਿ ਗਤਿ, ਅਨਭੈ ਅਭਿਆਸੀ ਹੈ ॥

ਜਿਸ ਨੇ ਗੁਰਮਤਿ = ਗੁਰ ਸਿੱਖਿਆ ਦੁਆਰਾ ਸਤਿ = ਸੱਚ ਸਰੂਪ ਪਰਮੇਸ਼ਰ ਦੀ ਹੀ ਏਕ = ਇਕ ਟੇਕ = ਓਟ ਹਿਰਦੇ ਵਿਚ ਲੈ ਕੇ ਦੁਤੀਆ = ਦ੍ਵੈਤ-ਭਾਵ ਨੂੰ ਨਾਸਤਿ = ਨਾਸ਼ ਕਰ ਲਿਆ ਹੈ, ਉਸ ਦੇ ਹਿਰਦੇ ਵਿਚ ਸਿਵ = ਸ਼ਿਵਜੀ ਦੀ ਉਪਾਸਨਾ ਕਰਨ ਦੀ ਤੇ ਸਕਤ = ਸ਼ਕਤੀ, ਮਾਇਆ ਦੀ ਗਤਿ = ਪ੍ਰਾਪਤੀ ਦੀ ਇੱਛਾ ਥੋੜ੍ਹੇ ਮਾਤਰ ਵੀ ਨ = ਨਹੀਂ ਆਉਂਦੀ, ਉਹ ਤਾਂ ਕੇਵਲ ਅਨਭੈ = ਡਰ ਤੋਂ ਰਹਿਤ ਪਰਮੇਸ਼ਰ ਦੇ ਨਾਮ ਦਾ ਅਭਿਆਸ ਕਰਦਾ ਰਹਿੰਦਾ ਹੈ।

ਤ੍ਰਿਗੁਨ ਅਤੀਤ, ਜੀਤ ਹਾਰ ਨ ਹਰਖ ਸੋਗ;
ਸੰਜੋਗ ਬਿਓਗ ਮੇਟਿ, ਸਹਜ ਨਿਵਾਸੀ ਹੈ ॥

ਉਹ ਨਾਮ ਅਭਿਆਸੀ ਗੁਰਮੁਖ ਜਨ ਤ੍ਰਿਗੁਨ = ਤਿੰਨ ਰਜੋ, ਤਮੋ, ਸਤੋ ਰੂਪ ਗੁਣਾਂ ਤੋਂ ਅਤੀਤ = ਰਹਿਤ ਰਹਿੰਦਾ ਹੈ ਤੇ ਉਸ ਨੂੰ ਨਾ ਹੀ ਜੀਤ = ਜਿੱਤ, ਹਾਰ ਤੇ ਨਾ ਹੀ ਹਰਖ = ਖ਼ੁਸ਼ੀ ਤੇ ਸੋਗ = ਗ਼ਮੀ ਹੁੰਦੀ ਹੈ। ਉਹ ਸੰਜੋਗ = ਮਿਲਾਪ ਤੇ ਬਿਓਗ = ਵਿਛੋੜੇ ਨੂੰ ਮੇਟਿ = ਦੂਰ ਕਰ ਕੇ ਸਹਜ = ਸੁਤੇ-ਸਿਧ ਹੀ ਤੁਰੀਆ ਪਦ ਰੂਪ ਅਵਸਥਾ ਵਿਚ ਨਿਵਾਸੀ = ਵਾਸਾ ਕਰਦਾ ਹੈ।

ਚਤੁਰ ਬਰਨ ਇਕ ਬਰਨ ਹੁਇ ਸਾਧ ਸੰਗਿ;
ਪੰਚ ਪਰਪੰਚ ਤਿਆਗਿ ਬਿਸਮ ਬਿਸ੍ਵਾਸੀ ਹੈ ॥

ਸਾਧ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ ਵਿਚ ਚਤੁਰ = ਚਾਰੋਂ ਹੀ (ਬ੍ਰਾਹਮਣ, ਖੱਤਰੀ, ਸੂਦ, ਵੈਸ਼)

ਬਰਨਾਂ ਵਿੱਚੋਂ ਭਾਵੇਂ ਕੋਈ ਹੋਵੇ, ਉਹ ਇਕ ਸਤਿਸੰਗੀ ਰੂਪ ਬਰਨ ਵਾਲਾ **ਵਾ:** ਇਕ ਗੁਰਸਿੱਖੀ ਰੂਪ ਬਰਨ ਵਾਲਾ ਹੁਇ = ਹੋ ਜਾਂਦਾ ਹੈ ਅਤੇ ਪੰਚ = ਪੰਜ ਤੱਤਾਂ ਦੇ ਰਚਿਤ ਸਰੀਰ ਤੇ ਪਰਪੰਚ = ਸੰਸਾਰਕ ਪਸਾਰੇ ਨੂੰ ਤਿਆਗਿ = ਛੱਡ ਕੇ **ਵਾ:** ਪੰਚ = ਪੰਜੇ ਕਾਮ ਕ੍ਰੋਧ ਆਦਿਕ ਪਰਪੰਚ = ਠੱਗਾਂ ਨੂੰ ਛੱਡ ਕੇ ਬਿਸਮ = ਅਸਚਰਜ ਸਰੂਪ ਪਰਮੇਸ਼ਰ ਉੱਪਰ ਪੂਰਨ ਬਿਸ੍ਵਾਸੀ = ਭਰੋਸਾ ਕਰਨ ਵਾਲਾ ਬਣ ਜਾਂਦਾ ਹੈ।

ਖਟ ਦਰਸਨ ਪਰੈ ਪਾਰ ਹੁਇ ਸਪਤ-ਸਰ;
ਨਵ ਦੁਆਰ ਉਲੰਘਿ ਦਸਮਈ ਉਦਾਸੀ ਹੈ ॥੩੩੩॥

ਉਹ ਖਟ = ਛੇ ਦਰਸ਼ਨਾਂ ਦੇ ਭੇਖ ਤੋਂ ਪਰੈ = ਲਾਂਭੇ ਹੋ ਜਾਂਦਾ ਹੈ ਤੇ ਸਪਤ-ਸਰ = ਸੱਤ ਤਲਾਵਾਂ ਭਾਵ ਵਿਸ਼ਿਆਂ ਦੇ ਆਨੰਦ ਤੋਂ ਵੀ ਪਾਰ ਹੁਇ = ਹੋ ਜਾਂਦਾ ਹੈ ਅਤੇ ਨਵ = ਨੌਂ ਦੁਆਰ = ਬੂਹਿਆਂ ਵਾਲੇ ਸਰੀਰ ਨੂੰ ਉਲੰਘਿ = ਟੱਪ ਕੇ ਦਸਮਈ = ਦਸਮ ਦੁਆਰ ਵਿਚ ਪਹੁੰਚ ਜਾਂਦਾ ਹੈ ਤੇ ਸੰਸਾਰ ਵੱਲੋਂ ਉਦਾਸੀ = ਉਪਰਾਮ ਹੋ ਜਾਂਦਾ ਹੈ।

ਅਥਵਾ ਖਟ = ਛੇ ਭਾਵ ਪੰਜ ਗਿਆਨ ਇੰਦਰੇ ਤੇ ਛੇਵਾਂ ਮਨ, ਇਨ੍ਹਾਂ ਛੇਆਂ ਵਿਚ ਜੋ ਗਿਆਨ ਰੂਪ ਪਦਾਰਥ ਦਾ ਦਰਸਨ = ਦੀਦਾਰ ਹੁੰਦਾ ਹੈ, ਉਸ ਤੋਂ ਪਰੈ = ਪਰੇ ਹੋਣਾ ਕਰਦਾ ਹੈ ਤੇ ਪਾਰ = ਪਰਲੀ ਹੱਦ ਸਪਤ = ਸੱਤਵੇਂ ਸਰ = ਸਰੋਵਰ ਵਿਚ ਜੋ ਸਾਰੇ ਗਿਆਨਾਂ ਦਾ ਗਿਆਨ ਬ੍ਰਹਮ ਗਿਆਨ ਹੈ, ਉਸ ਨੂੰ ਪ੍ਰਾਪਤ ਕਰਨ ਵਾਲਾ ਹੁਇ = ਹੋ ਜਾਂਦਾ ਹੈ ਭਾਵ ਜੋ ਚੇਤਨ ਸਰੂਪ ਸ੍ਵਯੰ ਗਿਆਨ ਸਰੂਪ ਸੱਤਵਾਂ ਸਰੋਵਰ ਹੈ, ਸਭ ਦਾ ਸ੍ਰੋਤ ਰੂਪ ਹੈ ਉਸ ਦਾ ਸਾਖਸ਼ਾਤ ਸਰੂਪ ਰਿਦੇ ਵਿਚ ਪ੍ਰਗਟ ਹੋ ਆਉਣਾ ਕਰਦਾ ਹੈ ਅਤੇ ਗੁਰਮੁਖ ਜਨ ਨਵ = ਨੌਂ ਦੁਆਰ = ਬੂਹਿਆਂ ਵਾਲੀ ਦੇਹੀ, ਇੰਦਰੀਆਂ ਤੋਂ ਉਲੰਘਿ = ਟੱਪ ਕੇ ਭਾਵ ਇਨ੍ਹਾਂ ਵਿੱਚੋਂ ਆਤਮ ਭਾਵਨਾ ਦੂਰ ਕਰ ਕੇ ਦਸਮਈ = ਦਸਵੇਂ ਨਿਜ ਸਰੂਪ ਰੂਪੀ ਘਰ ਵਿਚ ਵਾਸਾ ਕਰ ਲੈਂਦਾ ਹੈ ਤੇ ਸੰਸਾਰ ਵੱਲੋਂ ਉਦਾਸੀ = ਉਪਰਾਮ ਹੋ ਜਾਂਦਾ ਹੈ॥੩੩੩॥

ਨਦੀ ਨਾਵ ਕੋ ਸੰਜੋਗ ਸੁਜਨ ਕੁਟੰਬ ਲੋਗੁ;
ਹੋਇਗੋ ਜੋ ਦੀਓ, ਸੋਈ ਮਿਲੈ ਆਗੈ ਜਾਇ ਕੈ ॥

ਜਿਸ ਪ੍ਰਕਾਰ ਨਦੀ ਤੋਂ ਪਾਰ ਹੋਣ ਵੇਲੇ ਨਾਵ = ਬੇੜੀ ਵਿਚ ਬੈਠੇ ਪੁਰਖਾਂ ਕੋ = ਦਾ ਆਪਸ ਵਿਚ ਸੰਜੋਗ = ਮਿਲਾਪ ਹੁੰਦਾ ਹੈ, ਇਸੇ ਤਰ੍ਹਾਂ ਹੀ ਸੁਜਨ (ਸੁ + ਜਨ) ਸੁ = ਸ੍ਰੇਸ਼ਟ ਜਨ = ਪੁਰਖ, ਕੁਟੰਬ = ਪਰਿਵਾਰ ਤੇ ਹੋਰਨਾਂ ਲੋਗੁ = ਲੋਕਾਂ ਦਾ ਮੇਲ ਹੁੰਦਾ ਹੈ, ਇਸੇ ਪ੍ਰਕਾਰ ਨਦੀ ਬੇੜੀ ਦੇ ਵਿਜੋਗ ਵਤ ਮਰਨ ਸਮੇਂ ਦੇ ਵਿਛੋੜੇ ਵੀ ਆਣ ਹੁੰਦੇ ਹਨ ਅਤੇ ਜੋ ਵਰਤਮਾਨ ਸਰੀਰ ਵਿਚ ਇਸ ਜੀਵਨ ਵਿਚ ਲੋੜਵੰਦਾਂ ਦੀ ਲੋੜ ਅਨੁਸਾਰ ਮਦਦ ਕਰਨ ਲਈ ਜੋ = ਜਿਹੜਾ ਪਦਾਰਥ ਧਨ ਆਦਿ ਕੋਲ ਹੋਇਗੋ = ਹੋਵੇ, ਉਹੋ ਦੀਓ = ਦਿੱਤਾ ਜਾਂਦਾ ਹੈ, ਸੋਈ = ਉਹੋ ਹੀ ਆਗੈ = ਅੱਗੇ ਹੋਰਨਾਂ ਜੂਨਾਂ ਵਿਚ ਜਾਇ = ਜਾ ਕੈ = ਕਰਕੇ ਮਿਲੈ = ਮਿਲਦਾ ਹੈ **ਵਾ:** ਜੋ ਕੁਝ ਇਸ ਸੰਸਾਰ ਵਿਚ ਲੋੜਵੰਦਾਂ ਨੂੰ ਦਿੱਤਾ ਹੋਵੇਗਾ, ਉਹੋ ਅੱਗੇ ਜਾ ਕੇ ਪ੍ਰਲੋਕ ਵਿਚ ਮਿਲੇਗਾ ਭਾਵ ਉਸ ਦਾ ਫਲ ਅੱਗੇ ਪ੍ਰਲੋਕ ਵਿਚ ਜਾ ਕੇ ਮਿਲੇਗਾ।

ਅਸਨ ਬਸਨ ਧਨ ਸੰਗ ਨ ਚਲਤ ਚਲੇ;
ਅਰਪੇ ਦੀਜੈ ਧਰਮਸਾਲਾ ਪਹੁਚਾਇ ਕੈ ॥

ਅਸਨ = ਅੰਨ, ਬਸਨ = ਬਸਤਰ, ਧਨ = ਦੌਲਤ ਆਦਿਕ ਕੁਝ ਵੀ ਅੰਤ ਦੇ ਸਮੇਂ ਨੂੰ ਪ੍ਰਲੋਕ ਵੱਲ

ਚਲਤ = ਚੱਲਦਿਆਂ ਸੰਗ = ਨਾਲ ਨ = ਨਹੀਂ ਚਲੇ = ਚੱਲਦਾ, ਪ੍ਰਲੋਕ ਵੱਲ ਕੇਵਲ ਉਹੋ ਹੀ ਜਾਵੇਗਾ, ਜੋ ਕੁਝ ਧਰਮਸਾਲਾ (ਗੁਰਦੁਆਰੇ) ਵਿਚ ਪਹੁਚਾਇ = ਪਹੁੰਚਾ ਕੈ = ਕਰਕੇ ਅਰਪੇ = ਅਰਪ, ਭੇਟਾ ਕਰ ਦੀਜੈ = ਦੇਣਾ ਕੀਤਾ ਹੈ।

ਆਠੋ ਜਾਮ ਸਾਠੋ ਘਰੀ ਨਿਹਫਲ ਮਾਇਆ ਮੋਹ;
ਸਫਲ ਪਲਕ ਸਾਧ ਸੰਗਤਿ ਸਮਾਇ ਕੈ ॥

ਆਠੋ = ਅੱਠ ਜਾਮ = ਪਹਿਰ ਤੇ ਸਾਠੋ = ਸੱਠ ਘਰੀ = ਘੜੀਆਂ ਨਿਹਫਲ = ਬੇਅਰਥ ਹਨ ਜੋ ਮਾਇਆ ਦੇ ਮੋਹ = ਸਨੇਹ ਵਿਚ ਲੱਗ ਕੇ ਬਤੀਤ ਹੁੰਦੀਆਂ ਹਨ ਅਤੇ ਉਹੋ ਇਕ ਪਲਕ = ਛਿਨ ਜਿਤਨਾ ਸਮਾਂ ਹੀ ਸਫਲ = ਪ੍ਰਮਾਣਿਤ (ਸਫਲਾ) ਹੈ ਜੋ ਸਾਧ = ਸ੍ਰੇਸ਼ਟ ਜਨਾਂ ਦੀ ਸੰਗਤ ਵਿਚ ਸਮਾਇ = ਸਮਾਅ, ਇਸਥਿਤ ਹੋ ਕੈ = ਕਰਕੇ ਗੁਜ਼ਰਦਾ ਹੈ।

ਮਲ ਮੂਤ੍ਰ-ਧਾਰੀ ਅਉ ਬਿਕਾਰੀ ਨਿਰੰਕਾਰੀ ਹੋਤ;
ਸਬਦ ਸੁਰਤਿ ਸਾਧ ਸੰਗਿ ਲਿਵ ਲਾਇ ਕੈ ॥੩੩੪॥

ਮਲ ਮੂਤ੍ਰ-ਧਾਰੀ = ਮੂਤਰ ਨੂੰ ਧਾਰਨ ਵਾਲੇ ਮਲੀਨ ਪੁਰਖ ਅਉ = ਅਤੇ ਬਿਕਾਰੀ = ਵਿਸ਼ੇ-ਵਿਕਾਰਾਂ ਦੀ ਅਸ਼ੁੱਧਤਾ ਵਾਲੇ ਪੁਰਖ ਵੀ ਨਿਰੰਕਾਰੀ = ਪਰਮੇਸ਼ਰ ਦਾ ਨਾਮ ਜਪਣ ਵਾਲੇ ਪਿਆਰੇ ਹੋਤ = ਹੋ ਜਾਂਦੇ ਹਨ ਅਤੇ ਸਾਧ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ ਦੁਆਰਾ ਗੁਰ ਸਬਦ = ਉਪਦੇਸ਼ ਵਿਚ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਕਰਕੇ ਪਰਮੇਸ਼ਰ ਦੇ ਨਾਲ ਚਿੱਤ ਦੀ ਲਿਵ = ਬਿਰਤੀ ਲਾਇ = ਲਾਉਣਾ ਕੈ = ਕਰਦੇ ਹਨ ਅਤੇ ਉਸ ਦੇ ਸਰੂਪ ਵਿਚ ਅਭੇਦ ਹੋ ਜਾਂਦੇ ਹਨ ॥੩੩੪॥

ਹਉਮੈ ਅਭਿਮਾਨ ਅਸਥਾਨ ਤਜਿ ਬੰਝ ਬਨ;
ਚਰਨ ਕਮਲ ਗੁਰ-ਸੰਪਟ ਸਮਾਏ ਹੈ ॥

ਬੰਝ = ਵਾਸਾਂ ਦਾ ਬਨ = ਜੰਗਲ ਜੋ ਦੂਰੋਂ ਉੱਚਾ ਹੋਣ ਕਰਕੇ ਦਿੱਸਣ ਵਾਲਾ ਹੈ ਤੇ ਜੇ ਨਜ਼ਦੀਕ ਆ ਕੇ ਦੇਖੀਏ ਤਾਂ ਗੰਢਾਂ, ਸਿਲਤਾਂ ਅਤੇ ਖ਼ਾਲੀਪਣ ਦਾ ਮਾਰਿਆ ਹੋਇਆ ਦਿੱਸਦਾ ਹੈ, ਉਸੇ ਦੀ ਨਿਆਈਂ ਜੋ ਸੰਸਾਰ ਦਾ ਟਿਕਾਣਾ ਹੈ ਇਹ ਬਾਹਰੋਂ ਦੇਹ ਦੀ ਹਉਮੈ = ਹੰਗਤਾ ਤੇ ਅੰਦਰੋਂ ਸੂਖਮ (ਗੁਣਾ) ਅਭਿਮਾਨ = ਹੰਕਾਰ ਦਾ ਗ੍ਰਸਿਆ ਹੋਇਆ ਹੈ ਭਾਵ ਬਾਹਰੋਂ ਮੈਂ-ਮੇਰੀ ਵਿਚ ਵਰਤਣ ਵਾਲਾ ਤੇ ਅੰਦਰੋਂ ਮਾਨ ਮੱਤੀ ਦਾ ਗ੍ਰਸਿਆ ਹੋਇਆ ਹੈ ਅਤੇ ਜੋ ਸ਼ੁਭ ਗੁਣ ਤੋਂ ਖ਼ਾਲੀ ਹੈ, ਇਹੋ ਹੀ ਖ਼ਾਲੀਪਣ ਹੈ ਅਤੇ ਈਰਖਾ ਆਦਿ ਦੀਆਂ ਸਿਲਤਾਂ ਹਨ ਤੇ ਵਰਨਾਂ-ਆਸ਼ਰਮਾਂ ਦੀਆਂ ਗੰਢਾਂ ਹਨ, ਇਸ ਕਰਕੇ ਇਸ ਨੂੰ ਸੁਗੰਧੀ ਤੋਂ ਖ਼ਾਲੀ ਸਮਝ ਕੇ ਤਜਿ = ਤਿਆਗ ਕੇ ਸ੍ਰੇਸ਼ਟ ਪੁਰਖਾਂ ਦੀ ਸੰਗਤ ਵਿਚ ਜਾ ਕੇ ਜੀਵ ਦਾ ਮਨ ਰੂਪੀ ਭੌਰਾ ਗੁਰਾਂ ਦੇ ਚਰਨਾਂ ਕਮਲਾਂ ਰੂਪ ਸੰਪਟ = ਡੱਬੇ ਵਿਚ ਸਮਾਏ = ਸਮਾਅ (ਲੀਨ) ਹੋ ਜਾਂਦਾ ਹੈ।

ਅਤਿ ਹੀ ਅਨੂਪ ਰੂਪ, ਹੇਰਤ ਹਿਰਾਨੇ ਦ੍ਰਿਗ;
ਅਨਹਦ ਗੁੰਜਤ ਸ੍ਰਵਨ ਹੂ ਸਿਰਾਏ ਹੈ ॥

ਗੁਰਾਂ ਦੇ ਚਰਨਾਂ ਕਮਲਾਂ ਵਿਚ ਪਰਚਦਿਆਂ ਸਾਰ ਅਤਿ = ਅਤਿਸ਼ੈ ਕਰਕੇ ਹੀ ਅਨੂਪ = ਉਪਮਾ ਤੋਂ

ਰਹਿਤ ਰੂਪ = ਪ੍ਰਕਾਸ਼ ਨੂੰ ਹੇਰਤ = ਵੇਖਦਿਆਂ ਦ੍ਰਿਗ = ਨੇਤਰ ਵੀ ਹਿਰਾਨੇ = ਹੈਰਾਨ, ਥਕਿਤ ਹੋ ਜਾਂਦੇ ਹਨ ਅਤੇ ਅਨਹਦ = ਹੱਦ ਤੋਂ ਰਹਿਤ ਧੁਨੀ ਦੀ ਗੁੰਜਤ = ਗੂੰਜ ਨਾਲ ਸ੍ਰਵਨ = ਕੰਨ ਵੀ ਹੋਰਨਾਂ ਸ਼ਬਦਾਂ ਦੇ ਸੁਣਨ ਵੱਲੋਂ ਸ਼ਾਂਤ ਰਹਿੰਦੇ ਹੈ = ਹਨ।

ਰਸਨਾ ਬਿਸਮ ਅਤਿ ਮਧੁ ਮਕਰੰਦ ਰਸ;
ਨਾਸਿਕਾ ਚਕਿਤ ਹੀ ਸੁਬਾਸ ਮਹਿਕਾਏ ਹੈ॥

ਗੁਰੂ ਦੇ ਚਰਨਾਂ ਕਮਲਾਂ ਰੂਪੀ ਮਕਰੰਦ ਰਸ ਜੋ ਅਤਿ = ਅਤਿਸ਼ੈ ਕਰਕੇ ਸ਼ਹਿਦ ਵਤ ਮਧੁ = ਮਿੱਠਾ ਹੈ, ਉਸ ਨੂੰ ਛਕ ਕਰਕੇ ਰਸਨਾ = ਜਿਹਬਾ ਵੀ ਬਿਸਮ = ਅਸਚਰਜ ਸੁਆਦ ਨੂੰ ਚੱਖਣਾ ਕਰਦੀ ਹੈ **ਵਾ:** ਜਿਹਬਾ ਹੋਰਨਾਂ ਰਸਾਂ ਵੱਲ ਭਟਕਣੋਂ ਬਿਸਮ = ਵਿਸਮਤਾ ਨੂੰ ਧਾਰਨ ਕਰ ਲੈਂਦੀ ਹੈ **ਵਾ:** ਬਿਸਮ = ਅਸਚਰਜ ਹੋ ਜਾਂਦੀ ਹੈ ਅਤੇ ਅਜਿਹੀ ਉਪਰੋਕਤ ਸੁਗੰਧੀ ਦੀ ਮਹਿਕ ਆਉਂਦੇ ਸਾਰ ਹੀ ਨਾਸਿਕਾ = ਨਾਸਾਂ ਚਕਿਤ = ਹੈਰਾਨ ਹੋ ਜਾਂਦੀਆਂ ਹਨ।

ਕੋਮਲਤਾ ਸੀਤਲਤਾ ਪੰਗ ਸਰਬੰਗ ਭਏ;
ਮਨ ਮਧੁਕਰ ਪੁਨਿ ਅਨਤ ਨ ਧਾਏ ਹੈ॥੩੩੫॥

ਇਸੇ ਤਰ੍ਹਾਂ ਗੁਰਾਂ ਦੇ ਚਰਨਾਂ ਕਮਲਾਂ ਦੀ ਕੋਮਲਤਾ = ਨਰਮਾਈ ਨੂੰ ਅਨੁਭਵ ਕਰਦਿਆਂ ਸਾਰ ਹੀ ਗੁਰਮੁਖ ਜਨ ਦੇ ਮਨ ਰੂਪ ਮਧੁਕਰ = ਭੌਰੇ ਨੂੰ ਸੀਤਲਤਾ = ਠੰਢ, ਸ਼ਾਂਤੀ ਆ ਜਾਂਦੀ ਹੈ ਤੇ ਉਸ ਦੇ ਸਰਬੰਗ = ਸਾਰੇ ਸਰੀਰ ਦੇ ਅੰਗ ਪੰਗ = ਪਿੰਗਲੇ ਭਏ = ਹੋ ਜਾਂਦੇ ਹਨ ਭਾਵ ਬੁਰੇ ਪਾਸੇ ਜਾਣ ਵੱਲੋਂ ਹਟ ਜਾਂਦੇ ਹਨ, ਜਿਸ ਕਰਕੇ ਪੁਨਿ = ਫੇਰ ਉਹ ਅਨਤ = ਹੋਰ ਕਿਸੇ ਰਸਾਂ ਕਸਾਂ ਵੱਲ **ਵਾ:** ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਲਈ **ਵਾ:** ਦੇਵੀ ਦੇਵਤਿਆਂ ਦੀ ਉਪਾਸਨਾ ਵੱਲ ਧਾਏ = ਦੌੜ ਕੇ ਨ = ਨਹੀਂ ਜਾਣਾ ਕਰਦੇ ਹੈ = ਹਨ॥੩੩੫॥

ਬਾਸਨਾ ਕੋ ਬਾਸੁ, ਦੂਤ ਸੰਗਤਿ ਬਿਨਾਸ ਕਾਲ;
ਚਰਨ ਕਮਲ ਗੁਰ ਏਕ ਟੇਕ ਪਾਈ ਹੈ॥

ਜਿਸ ਦਿਨ ਤੋਂ ਗੁਰਮੁਖ ਜਨ ਨੇ ਗੁਰਾਂ ਦੇ ਚਰਨਾਂ ਕਮਲਾਂ ਦੀ ਏਕ = ਇਕ ਟੇਕ = ਓਟ ਪਾਈ = ਪ੍ਰਾਪਤ ਕੀਤੀ ਹੈ, ਉਸ ਦਿਨ ਤੋਂ ਸੰਸਾਰਕ ਪਦਾਰਥਾਂ ਦੀ ਵਾਸ਼ਨਾ ਵਿਚ ਬਾਸੁ = ਵੱਸਣਾ ਭਾਵ ਜ਼ਿੰਦਗੀ ਬਤੀਤ ਕਰਨੀ, ਕਾਮ ਕ੍ਰੋਧ ਆਦਿਕ ਦੂਤਾਂ ਦੀ ਸੰਗਤ ਤੇ ਚੰਗੇ ਮਾੜੇ ਕਾਲ = ਸਮੇਂ ਦੀ ਵਿਚਾਰ ਕਰਨੀ ਆਦਿ ਸਭ ਕੁਝ ਗੁਰਮੁਖ ਜਨਾਂ ਦਾ ਬਿਨਾਸ = ਨਾਸ਼ ਹੋ ਜਾਂਦਾ ਹੈ।

ਭੈਜਲ ਭਇਆਨਕ ਲਹਰਿ ਨ ਬਿਆਪਿ ਸਕੈ;
ਨਿਜ ਘਰ ਸੰਪਟ ਕੈ ਦੁਬਿਧਾ ਮਿਟਾਈ ਹੈ॥

ਜੋ ਜੰਮਣ ਮਰਨ ਦੇ (ਭੈ + ਜਲ) ਭੈ = ਡਰ ਰੂਪ ਜਲ = ਪਾਣੀ ਨਾਲ ਭਰਿਆ ਹੋਇਆ ਅਤਿਅੰਤ ਭਇਆਨਕ = ਡਰਾਉਣਾ ਸੰਸਾਰ-ਸਮੁੰਦਰ ਹੈ, ਉਹ ਸੰਸਾਰ-ਸਮੁੰਦਰ ਤੇ ਉਸ ਦੀਆਂ ਆਸਾ ਤ੍ਰਿਸ਼ਨਾ ਰੂਪ ਲਹਰਿ = ਤਰੰਗਾਂ ਉਪਰੋਕਤ ਗੁਰਮੁਖ ਜਨ ਨੂੰ ਬਿਆਪਿ = ਪੋਹ, ਲੱਗ ਨ = ਨਹੀਂ ਸਕੈ = ਸਕਦੀਆਂ ਅਤੇ

ਨਿਜ = ਆਪਣੇ ਸਰੂਪ ਰੂਪੀ ਘਰ ਜੋ ਸੰਪਟ = ਡੱਬੇ ਵਤ ਸੁਖ ਦੇਣ ਵਾਲਾ ਹੈ, ਉਸ ਵਿਚ ਪ੍ਰਵੇਸ਼ ਕੈ = ਕਰ ਕੇ ਦੁਬਿਧਾ = ਦ੍ਵੈਤ-ਭਾਵਨਾ, ਦੁਚਿੱਤੀ ਵੀ ਮਿਟਾਈ = ਦੂਰ ਹੋ ਜਾਂਦੀ ਹੈ।

ਆਨ ਗਿਆਨ ਧਿਆਨ ਸਿਮਰਨ ਬਿਸਿਮਰਨ ਕੈ;
ਪ੍ਰੇਮ ਰਸਿ ਬਸਿ, ਆਸਾ ਮਨਸਾ ਨ ਪਾਈ ਹੈ॥

ਪਰਮਾਰਥ ਗਿਆਨ ਤੋਂ ਬਗ਼ੈਰ ਆਨ = ਹੋਰ ਗਿਆਨ ਤੇ ਦੇਵੀ ਦੇਵਤਿਆਂ ਦਾ ਧਿਆਨ ਲਾਉਣਾ ਅਤੇ ਹੋਰ ਜਪ ਤਪ ਮੰਤਰ ਆਦਿ ਦੇ ਸਿਮਰਨ = ਚੇਤੇ ਨੂੰ ਬਿਸਿਮਰਨ = ਚੇਤਾ ਭੁਲਾ ਕੈ = ਕਰਕੇ ਪ੍ਰੇਮ ਰਸ ਦੇ ਬਸਿ = ਅਧੀਨ ਹੋ ਜਾਂਦੇ ਹਨ ਅਤੇ ਉਸ ਦੇ ਰਿਦੇ ਵਿਚ ਸੰਸਾਰਕ ਪਦਾਰਥਾਂ ਦੀ ਆਸਾ = ਉਮੀਦ ਤੇ ਹੋਰ ਮਨਸ਼ਾ = ਕਾਮਨਾਵਾਂ ਅੰਦਰੋਂ ਪਾਈ = ਪ੍ਰਾਪਤ ਨ = ਨਹੀਂ ਹੁੰਦੀ ਹੈ, ਭਾਵ ਸਭ ਕਾਮਨਾਵਾਂ ਮਿਟ ਜਾਦੀਆਂ ਹਨ।

ਦੁਤੀਆ ਨਾਸਤਿ, ਏਕ ਟੇਕ ਨਿਹਚਲ ਮਤਿ;
ਸਹਜ ਸਮਾਧਿ ਉਨਮਨਿ ਲਿਵ ਲਾਈ ਹੈ॥੩੩੬॥

ਦੁਤੀਆ = ਦ੍ਵੈਤ-ਭਾਵਨਾ ਨਾਸਤਿ = ਨਾਸ਼ ਹੋ ਜਾਂਦੀ ਹੈ ਤੇ ਏਕ = ਇਕ ਪਰਮੇਸ਼ਰ ਦੀ ਟੇਕ = ਓਟ ਲੈਣ ਕਰਕੇ ਮਤਿ = ਬੁੱਧੀ ਨਿਹਚਲ = ਅਚੱਲ ਹੋ ਜਾਂਦੀ ਹੈ ਅਤੇ ਸਹਜ = ਸੁਤੇ-ਸਿਧ ਸਮਾਧਿ = ਸਮਾਧੀ ਲਾ ਕੇ ਉਨਮਨਿ = ਉਨਮਨੀ, ਤੁਰੀਆ ਪਦ ਰੂਪ ਅਵਸਥਾ ਵਿਚ ਇਸਥਿਤੀ ਪਾ ਕੇ ਪਰਮੇਸ਼ਰ ਦੇ ਨਾਲ ਲਿਵ = ਬਿਰਤੀ ਲਾਈ = ਲਾਉਣਾ ਕੀਤੀ ਹੈ॥੩੩੬॥

ਚਰਨ ਕਮਲ ਰਜ ਮਸਤਕਿ ਲੇਪਨ ਕੈ;
ਭਰਮ ਕਰਮ ਲੇਖ ਸਿਆਮਤਾ ਮਿਟਾਈ ਹੈ॥

ਗੁਰਾਂ ਦੇ ਚਰਨਾਂ ਕਮਲਾਂ ਦੀ ਰਜ = ਧੂੜ ਆਪਣੇ ਮਸਤਕਿ = ਮੱਥੇ ਉੱਤੇ ਲੇਪਨ = ਲਿਪ, ਲਗਾ ਕੈ = ਕਰਕੇ ਪੂਰਬਲੇ ਜਨਮਾਂ ਵਿਚ ਕੀਤੇ ਕਰਮਾਂ ਦੀ ਲੇਖ = ਲਿਖਤ ਦੇ ਭਰਮ = ਭੁਲੇਖੇ ਦੀ ਸਿਆਮਤਾ = ਕਾਲਖ ਮਿਟਾਈ = ਮਿਟ ਜਾਂਦੀ ਹੈ **ਵਾ:** ਸੰਸਾਰ ਵਿਚ ਭਰਮਾਉਣ ਵਾਲੇ ਕਰਮਾਂ ਦੀ ਕਲੰਕਤਾ ਮਿਟ ਜਾਂਦੀ ਹੈ।

ਚਰਨ ਕਮਲ ਚਰਨਾਮ੍ਰਿਤ ਮਲੀਨ ਮਨਿ;
ਕਰਿ ਨਿਰਮਲ ਦੂਤ ਦੁਬਿਧਾ ਮਿਟਾਈ ਹੈ॥

ਗੁਰਾਂ ਦੇ ਚਰਨਾਂ ਕਮਲਾਂ ਦਾ ਚਰਨਾਮ੍ਰਿਤ ਛਕ ਕਰਕੇ ਵਿਸ਼ੇ-ਵਿਕਾਰਾਂ ਦੀ ਮੈਲ ਨਾਲ ਮਲੀਨ = ਮੈਲਾ ਹੋਇਆ ਮਨ ਨਿਰਮਲ = ਉੱਜਲ (ਸ਼ੁੱਧ) ਹੋ ਜਾਣਾ ਕਰਿ = ਕਰਦਾ ਹੈ ਅਤੇ ਪੰਜ ਕਾਮ ਕ੍ਰੋਧ ਆਦਿ ਵਿਕਾਰਾਂ ਰੂਪ ਦੂਤ ਤੇ ਦੁਬਿਧਾ = ਦ੍ਵੈਤ-ਭਾਵਨਾ ਵੀ ਮਿਟਾਈ = ਨਵਿਰਤ ਹੋ ਜਾਂਦੀ ਹੈ।

ਚਰਨ ਕਮਲ ਸੁਖ ਸੰਪਟ ਸਹਜ ਘਰਿ;
ਨਿਹਚਲ ਮਤਿ ਏਕ ਟੇਕ ਠਹਿਰਾਈ ਹੈ॥

ਗੁਰਾਂ ਦੇ ਚਰਨਾਂ ਕਮਲਾਂ ਦੀ ਧੂੜੀ ਦੇ ਮਹਾਤਮ ਨਾਲ ਸਹਜ = ਸੁਤੇ-ਸਿਧ ਹੀ ਸਰੂਪ ਰੂਪੀ ਘਰ ਦਾ

ਆਨੰਦ ਦੇਣ ਵਾਲੇ ਪਰਮੇਸ਼ਰ ਦੇ ਸੁਖ = ਆਨੰਦ ਰੂਪ ਸੰਪਟ = ਡੱਬੇ ਵਿਚ ਇਸਥਿਤ ਹੋ ਜਾਈਦਾ ਹੈ ਅਤੇ ਮਤਿ = ਬੁੱਧੀ ਨਿਹਚਲ = ਅਚੱਲ ਹੋ ਜਾਂਦੀ ਹੈ ਤੇ ਏਕ = ਇਕ ਪਰਮੇਸ਼ਰ ਦੀ ਟੇਕ = ਓਟ ਹੀ ਚਿੱਤ ਵਿਚ ਠਹਿਰਾਈ = ਠਹਿਰਾਉਣਾ ਕਰੀਦੀ ਹੈ।

ਚਰਨ ਕਮਲ ਗੁਰ ਮਹਿਮਾ ਅਗਾਧਿ ਬੋਧਿ;
ਸਰਬ ਨਿਧਾਨ ਅਉ ਸਕਲ ਫਲਦਾਈ ਹੈ ॥੩੩੭॥

ਇਸ ਲਈ ਗੁਰ = ਸਤਿਗੁਰਾਂ ਦੇ ਚਰਨਾਂ ਕਮਲਾਂ ਦੀ ਮਹਿਮਾ = ਉਪਮਾ ਬਾਬਤ ਬੋਧਿ = ਜਾਨਣਾ ਅਗਾਧਿ = ਅਤਿਅੰਤ ਡੂੰਘਾ ਹੈ ਕਿਉਂਕਿ ਗੁਰੂ ਦੇ ਚਰਨ ਹੀ ਸਰਬ = ਸਾਰੇ ਨਿਧਾਨ = ਖ਼ਜ਼ਾਨੇ ਅਉ = ਅਤੇ ਸਕਲ = ਸਾਰੇ ਧਰਮ ਅਰਥ ਕਾਮ ਮੋਖ ਆਦਿ ਫਲਦਾਈ = ਫਲਾਂ ਦੇ ਦੇਣ ਵਾਲੇ ਹੈ = ਹਨ ॥੩੩੭॥

ਚਰਨ ਕਮਲ ਰਜ ਮਜਨ ਕੈ ਦਿਬਿ ਦੇਹ;
ਮਹਾ ਮਲ ਮੂੜ੍ ਧਾਰੀ ਨਿਰੰਕਾਰੀ ਕੀਨੇ ਹੈ ॥

ਗੁਰਾਂ ਦੇ ਚਰਨਾਂ ਕਮਲਾਂ ਦੀ ਰਜ = ਧੂੜੀ ਵਿਚ ਮਜਨ = ਇਸ਼ਨਾਨ ਕੈ = ਕਰ ਕੇ ਅਤਿਅੰਤ ਦਿਬਿ = ਪ੍ਰਕਾਸ਼ ਵਾਲੀ ਦੇਹ = ਕਾਂਇਆ **ਵਾ:** ਦੇਵਤਿਆਂ ਵਤ ਸ਼ੁੱਧ ਦੇਹੀ ਹੋ ਜਾਂਦੀ ਹੈ ਅਤੇ ਮਹਾ = ਬਹੁਤ ਮਲ ਮੂੜ੍ ਧਾਰੀ = ਧਾਰਨ ਵਾਲੀ ਦੇਹ ਗੁਰਾਂ ਦੀ ਚਰਨ ਧੂੜ ਨੇ ਨਿਰੰਕਾਰੀ = ਪਵਿੱਤਰ ਕੀਨੇ = ਕਰ ਦਿੱਤੀ ਹੈ **ਵਾ:** ਅਤਿਅੰਤ ਮਲ ਮੂਤਰ ਵਾਲੀ ਭਾਵ ਅੰਦਰ ਮਲ ਮੂਤਰ ਤੇ ਬਾਹਰੋਂ ਚਮੜੀ ਮਾਸ ਨਾਲ ਪੋਚਾ ਪਾਚੀ ਕਰ ਕੇ ਸ਼ਿੰਗਾਰੀ ਹੋਈ ਪਰਵਿਰਤੀ ਵਿਚ ਦੇਹੀ = ਕਾਂਇਆ ਉਮਰ ਬਤੀਤ ਕਰਨ ਵਾਲੀ ਗੁਰਾਂ ਦੀ ਚਰਨ ਧੂੜੀ ਕਰਕੇ ਨਿਰੰਕਾਰੀ = ਪਰਮੇਸ਼ਰ ਦੀ ਪ੍ਰਾਪਤੀ ਲਈ ਬਣਾਉਣਾ ਕੀਨੇ = ਕੀਤੀ ਹੈ।

ਚਰਨ ਕਮਲ ਚਰਨਾਮ੍ਰਿਤ ਨਿਧਾਨ ਪਾਨ;
ਤ੍ਰਿਗੁਨ ਅਤੀਤ ਚੀਤ ਆਪਾ ਆਪ ਚੀਨੇ ਹੈ ॥

ਗੁਰਾਂ ਦੇ ਚਰਨਾਂ ਕਮਲਾਂ ਦੇ ਚਰਨਾਮ੍ਰਿਤ = ਚਰਨਾਂ ਦੇ ਅੰਮ੍ਰਿਤ ਰੂਪ ਨਿਧਾਨ = ਭੰਡਾਰੇ ਵਿੱਚੋਂ ਥੋੜ੍ਹਾ ਜਿਹਾ ਪਾਨ = ਪੀ (ਛਕ) ਕਰਕੇ ਗੁਰਮੁਖ ਜਨ ਦਾ ਚੀਤ = ਚਿੱਤ ਤ੍ਰਿਗੁਨ = ਤਿੰਨੇ ਗੁਣਾਂ ਤੋਂ ਅਤੀਤ = ਰਹਿਤ ਹੋ ਕੇ ਆਪਾ ਆਪ = ਆਪਣੇ ਆਪ ਨੂੰ **ਵਾ:** ਸੈ ਸਰੂਪ ਨੂੰ ਚੀਨੇ = ਪਛਾਣਨਾ ਕਰਦੇ ਹੈ = ਹਨ।

ਚਰਨ ਕਮਲ ਨਿਜ ਆਸਨ ਸਿੰਘਾਸਨ ਕੈ;
ਤ੍ਰਿਭਵਨ ਅਉ ਤ੍ਰਿਕਾਲ ਗੰਮਿਤਾ ਪ੍ਰਬੀਨੇ ਹੈ ॥

ਜਿਸ ਗੁਰਮੁਖ ਨੇ ਗੁਰਾਂ ਦੇ ਚਰਨਾਂ ਕਮਲਾਂ ਨੂੰ ਹੀ ਸਿੰਘਾਸਨ = ਸ਼ਾਹੀ ਤਖ਼ਤ (ਰਾਜ ਸਿੰਘਾਸਨ) ਜਾਣ ਕੈ = ਕਰਕੇ ਨਿਜ = ਆਪਣੇ ਸਰੂਪ ਰੂਪੀ ਆਸਨ ਦੀ ਗੁਰਾਂ ਦੇ ਚਰਨਾਂ ਕਮਲਾਂ ਰੂਪ ਰਾਜ ਸਿੰਘਾਸਨ ਵਿਚ ਇਸਥਿਤੀ ਕੀਤੀ ਹੈ, ਉਹ ਤ੍ਰਿਭਵਨ = ਤਿੰਨੇ ਲੋਕਾਂ ਅਉ = ਅਤੇ ਤ੍ਰਿਕਾਲ = ਤਿੰਨਾਂ ਸਮਿਆਂ ਵਿਚ ਵਰਤ ਰਹੇ ਵਰਤਾਰੇ ਦੀ ਗੰਮਿਤਾ = ਪਹੁੰਚਤਾ, ਜਾਣਕਾਰੀ, ਗਿਆਤ ਨੂੰ ਜਾਣਨ ਵਿਚ ਪ੍ਰਬੀਨੇ = ਸੂਝਵਾਨ ਹੋ ਜਾਂਦਾ ਹੈ।

ਚਰਨ ਕਮਲ ਰਸ ਗੰਧ ਰੂਪ ਸੀਤਲਤਾ;
ਦੁਤੀਆ ਨਾਸਤਿ ਏਕ ਟੇਕ ਲਿਵ ਲੀਨੇ ਹੈ॥੩੩੮॥

ਗੁਰਮੁਖ ਦਾ ਮਨ ਰੂਪੀ ਭੌਰਾ ਗੁਰਾਂ ਦੇ ਚਰਨਾਂ ਕਮਲਾਂ ਦੀ ਧੂੜੀ ਦੇ ਰਸ = ਸੁਆਦ ਦੀ ਗੰਧ = ਸੁਗੰਧੀ ਨੂੰ ਸੀਤਲਤਾ = ਸ਼ਾਂਤ ਰੂਪ = ਸਰੂਪ ਵਾਲਾ ਹੋ ਜਾਂਦਾ ਹੈ ਭਾਵ ਸ਼ਾਂਤੀ ਸੁਭਾਅ ਤੇ ਭਗਤੀ ਰੂਪ ਸੁਗੰਧੀ ਵਾਲਾ ਹੋ ਜਾਂਦਾ ਹੈ। ਇਸੇ ਕਰਕੇ ਉਸ ਦੇ ਮਨ ਵਿੱਚੋਂ ਦੁਤੀਆ = ਦ੍ਵੈਤ-ਭਾਵਨਾ ਨਾਸਤਿ = ਨਾਸ਼ ਹੋ ਜਾਂਦੀ ਹੈ ਅਤੇ ਉਹ ਏਕ = ਇਕ ਗੁਰਾਂ ਦੇ ਚਰਨਾਂ ਕਮਲਾਂ ਦੀ ਟੇਕ = ਓਟ ਲੈ ਕੇ ਪਰਮੇਸ਼ਰ ਦੇ ਨਾਮ ਵਿਚ ਆਪਣੇ ਚਿੱਤ ਦੀ ਲਿਵ = ਬਿਰਤੀ ਨੂੰ ਲੀਨੇ = ਲਾਉਣਾ ਕਰਦਾ ਹੈ॥੩੩੮॥

ਚਰਨ ਕਮਲ ਰਜ ਮਜਨ ਪ੍ਰਤਾਪ ਅਤਿ;
ਪੁਰਬ ਤੀਰਥ ਕੋਟਿ ਚਰਨ ਸਰਨਿ ਹੈ॥

ਗੁਰਾਂ ਦੇ ਚਰਨਾਂ ਕਮਲਾਂ ਦੀ ਰਜ = ਧੂੜੀ ਦੇ ਮਜਨ = ਇਸ਼ਨਾਨ ਦਾ ਪ੍ਰਤਾਪ = ਮਹਾਤਮ ਅਤਿ = ਬਹੁਤ ਹੈ ਕਿਉਂਕਿ ਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਕੋਟਿ = ਕਰੋੜਾਂ ਹੀ ਤੀਰਥਾਂ ਦੇ ਪੁਰਬ ਆਉਂਦੇ ਹਨ **ਵਾ:** ਉਸ ਗੁਰਸਿੱਖ ਦੇ ਚਰਨਾਂ ਦੀ ਓਟ ਵਿਚ ਆਉਂਦੇ ਹਨ, ਜਿਸ ਨੇ ਗੁਰਾਂ ਦੇ ਚਰਨਾਂ ਕਮਲਾਂ ਦੀ ਧੂੜੀ ਵਿਚ ਇਸ਼ਨਾਨ ਕੀਤਾ ਹੈ।

ਚਰਨ ਕਮਲ ਰਜ ਮਜਨ ਪ੍ਰਤਾਪ ਅਤਿ;
ਦੇਵੀ ਦੇਵ ਸੇਵਕ ਹੁਇ ਪੂਜਤ ਚਰਨ ਹੈ॥

ਗੁਰਾਂ ਦੇ ਚਰਨਾਂ ਕਮਲਾਂ ਦੀ ਰਜ = ਧੂੜੀ ਦੇ ਮਜਨ = ਇਸ਼ਨਾਨ ਦਾ ਪ੍ਰਤਾਪ = ਮਹਾਤਮ ਅਤਿ = ਬਹੁਤਾ ਹੈ, ਕਿਉਂਕਿ ਸਾਰੇ ਦੇਵੀ, ਦੇਵ = ਦੇਵਤੇ ਦਾਸ = ਸੇਵਕ ਹੁਇ = ਹੋ ਕੇ ਗੁਰਾਂ ਦੇ ਚਰਨਾਂ ਨੂੰ ਪੂਜਤ = ਪੂਜਣਾ ਕਰਦੇ ਹੈ = ਹਨ।

ਚਰਨ ਕਮਲ ਰਜ ਮਜਨ ਪ੍ਰਤਾਪ ਅਤਿ;
ਕਾਰਨ ਅਧੀਨ ਕੀਨ, ਕਾਰਨ ਕਰਨ ਹੈ॥

ਗੁਰਾਂ ਦੇ ਚਰਨਾਂ ਕਮਲਾਂ ਦੀ ਰਜ = ਧੂੜੀ ਦਾ ਪ੍ਰਤਾਪ = ਮਹਾਤਮ ਅਤਿ = ਬਹੁਤਾ ਹੈ ਕਿ ਜੋ ਜਗਿਆਸੂ ਜਨ ਪਹਿਲਾਂ ਕਾਰਨ = ਕਾਰਜ ਰੂਪ ਮਾਇਆ ਦੇ ਅਧੀਨ = ਵੱਸ ਕੀਨ = ਕੀਤਾ ਸੀ, ਉਹ ਗੁਰਾਂ ਦੇ ਚਰਨਾਂ ਕਮਲਾਂ ਦੀ ਧੂੜੀ ਦੇ ਮਹਾਤਮ ਕਰਕੇ ਸਾਰੇ ਕਾਰਨ = ਕਾਰਜਾਂ ਨੂੰ ਕਰਨ ਦੇ ਸਮਰੱਥ ਬਣਾ ਦੇਣਾ ਕਰਦੀ ਹੈ।

ਚਰਨ ਕਮਲ ਰਜ ਮਜਨ ਪ੍ਰਤਾਪ ਅਤਿ;
ਪਤਿਤ ਪੁਨੀਤ ਭਏ ਤਾਰਨ ਤਰਨ ਹੈ॥੩੩੯॥

ਗੁਰਾਂ ਦੇ ਚਰਨਾਂ ਕਮਲਾਂ ਦੀ ਰਜ = ਧੂੜੀ ਦੇ ਮਜਨ = ਇਸ਼ਨਾਨ ਦਾ ਪ੍ਰਤਾਪ = ਮਹਾਤਮ ਅਤਿ = ਬਹੁਤਾ ਹੈ ਕਿਉਂਕਿ ਗੁਰੂ ਦੀ ਚਰਨ ਧੂੜੀ ਵਿਚ ਇਸ਼ਨਾਨ ਕਰਨ ਵਾਲੇ ਪਤਿਤ = ਪਾਪੀ ਪੁਰਖ

ਵੀ ਪੁਨੀਤ = ਪਵਿੱਤਰ ਭਏ = ਹੋ ਜਾਂਦੇ ਹਨ ਅਤੇ ਸੰਸਾਰ-ਸਮੁੰਦਰ ਤੋਂ ਜੀਵਾਂ ਨੂੰ ਤਾਰਨ = ਪਾਰ ਕਰਨ ਵਾਸਤੇ ਤਰਨ = ਜਹਾਜ਼ ਰੂਪ ਬਣ ਜਾਂਦੇ ਹੈ = ਹਨ ॥੩੩੯॥

ਮਾਨਸਰ ਹੰਸ, ਸਾਧਸੰਗਤਿ ਪਰਮ-ਹੰਸ;
ਧਰਮ ਧੁਜਾ ਧਰਮਸਾਲਾ ਚਲਿ ਆਵਹੀ ॥

ਜਿਵੇਂ ਮਾਨਸਰ = ਮਾਨਸਰੋਵਰ ਉੱਤੇ ਹੰਸ ਦੂਰ ਦੁਰਾਡੇ ਤੋਂ ਚੱਲ ਕੇ ਆਵਹੀ = ਆਉਂਦੇ ਹਨ ਤੇ ਇਹੋ ਹੀ ਹੰਸਾਂ ਦੇ ਧਰਮ = ਨਿਯਮ ਦੀ ਧੁਜਾ = ਨਿਸ਼ਾਨ ਰੂਪ ਹੁੰਦੇ ਹਨ, ਉਸੇ ਤਰ੍ਹਾਂ ਹੀ ਸਾਧਸੰਗਤਿ = ਸਤਿਸੰਗਤ ਕਰਨ ਲਈ ਪਰਮ ਹੰਸ = ਬ੍ਰਹਮ ਗਿਆਨੀ **ਵਾ:** ਤੱਤ ਮਿਥਿਆ ਦੀ ਵਿਚਾਰ ਵਾਲੇ ਗੁਰਮੁਖ ਜਨ ਜੋ ਧਰਮ ਦੀ ਧੁਜਾ ਰੂਪ ਹਨ, ਉਹ ਧਰਮਸਾਲਾ = ਗੁਰਾਂ ਦੇ ਦੁਆਰੇ 'ਤੇ ਦੂਰ ਦੁਰਾਡੇ ਤੋਂ ਚਲਿ = ਤੁਰ ਕੇ ਆਵਹੀ = ਆਉਂਦੇ ਹਨ।

ਉਤ ਮੁਕਤਾਹਲ ਅਹਾਰ ਦੁਤੀਆ ਨਾਸਤਿ;
ਇਤ ਗੁਰ ਸਬਦ ਸੁਰਤਿ ਲਿਵ ਲਾਵਹੀ ॥

ਉਤ = ਉਥੇ (ਉਧਰ) ਮਾਨਸਰੋਵਰ ਉੱਤੇ ਤਾਂ ਹੰਸ ਮੁਕਤਾਹਲ = ਮੋਤੀਆਂ ਦਾ ਅਹਾਰ = ਭੋਜਨ ਖਾ ਕੇ ਦੁਤੀਆ = ਦੂਸਰੇ ਅੰਨ ਦੀ ਕਾਮਨਾ ਨੂੰ ਨਾਸਤਿ = ਨਾਸ਼ ਕਰਦੇ ਹਨ ਅਤੇ ਇਤ = ਇਥੇ (ਇਧਰ) ਗੁਰਮੁਖ ਜਨ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਰੂਪੀ ਮੋਤੀ ਵਿਚ ਸੁਰਤਿ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਕਰ ਕੇ ਚਿੱਤ ਦੀ ਲਿਵ = ਬਿਰਤੀ ਲਾਵਹੀ = ਲਾਉਂਦੇ ਹਨ।

ਉਤ ਖੀਰ ਨੀਰ ਨਿਰਵਾਰੋ ਕੈ ਬਖਾਨੀਅਤ;
ਇਤ ਗੁਰਮਤਿ ਦੁਰਮਤਿ ਸਮਝਾਵਹੀ ॥

ਉਤ = ਉਧਰ ਹੰਸ ਖੀਰ = ਦੁੱਧ ਤੋਂ ਨੀਰ = ਪਾਣੀ ਦੇ ਨਿਰਵਾਰੋ = ਵੱਖਰਾ ਕੈ = ਕਰਨੇ ਦੀ ਗੀਤੀ ਬਖਾਨੀਅਤ = ਕਥਨ ਵਿਚ ਆਉਂਦੀ ਹੈ ਅਤੇ ਇਤ = ਇਧਰ ਗੁਰਮੁਖ ਜਨ ਸਤਿਸੰਗਤ ਵਿਚ ਗੁਰਮਤਿ = ਗੁਰ ਸਿੱਖਿਆ ਦੁਆਰਾ ਦੁਰਮਤਿ = ਖੋਟੀ ਸਿੱਖਿਆ ਰੂਪ ਪਾਣੀ ਵਿਚ ਦੋਸ਼ ਵਿਖਾ ਕੇ ਗੁਰ ਸਿੱਖਿਆ ਨੂੰ ਸ੍ਰੇਸ਼ਟ ਕਥਨ ਕਰ ਕੇ ਹੋਰਨਾਂ ਜਗਿਆਸੂਆਂ ਨੂੰ ਸਮਝਾਵਹੀ = ਸਮਝਾਉਂਦੇ ਹਨ।

ਉਤ ਬਗ ਹੰਸ ਬੰਸ ਦੁਬਿਧਾ ਨ ਮੇਟਿ ਸਕੈ;
ਇਤ ਕਾਗ ਪਾਗਿ ਸਮ ਰੂਪ ਕੈ ਮਿਲਾਵਹੀ ॥੩੪੦॥

ਉਤ = ਉਧਰ ਮਾਨਸਰੋਵਰ ਉੱਤੇ ਹੰਸ = ਹੰਸਾਂ ਦੀ ਬੰਸ = ਕੁਲ ਬਗ = ਬਗਲਿਆਂ ਦੀ ਦੁਬਿਧਾ = ਦ੍ਵੈਤ-ਭਾਵਨਾ ਭਾਵ ਮੱਛੀਆਂ ਨੂੰ ਖਾਣ ਦੀ ਆਦਤ ਨਹੀਂ ਮਿਟਾ ਸਕਦੀ, ਪਰੰਤੂ ਇਤ = ਇਧਰ ਗੁਰਮੁਖ ਜਨ ਸਾਧਸੰਗਤਿ ਵਿਚ ਕਾਗ = ਕਾਵਾਂ ਵਤ ਵਿਸ਼ੇ ਰੂਪੀ ਗੰਦਗੀ ਖਾਣ ਵਾਲੇ ਮਨਮੁਖ ਪੁਰਖਾਂ ਨੂੰ ਸਾਧਸੰਗਤਿ ਵਿਚ ਪਾਗਿ = ਪਰਚਾ ਕੇ ਸਮ = ਸਮਾਨ ਰੂਪ = ਸਰੂਪ ਕੈ = ਕਰਕੇ ਆਪਣੇ ਨਾਲ ਮਿਲਾਵਹੀ = ਮਿਲਾ ਲੈਂਦੇ ਹਨ, ਭਾਵ ਸਾਧਸੰਗਤਿ ਵਿਚ ਮਿਲਾ ਕੇ ਵਾਹਿਗੁਰੂ ਦੇ ਨਾਮ ਜਪਣ ਵਿਚ ਲਾ ਦਿੰਦੇ ਹਨ ॥੩੪੦॥

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਛਿਨ;
ਸਿਵ ਸਨਕਾਦਿ ਬ੍ਰਹਮਾਦਿਕ ਨ ਪਾਵਹੀ ॥

ਅਜਿਹੇ ਗੁਰਸਿਖ = ਗੁਰੂ ਕੇ ਸਿੱਖਾਂ (ਗੁਰਮੁਖਾਂ) ਦੀ ਸੰਗਤ ਦੇ ਮਿਲਾਪ = ਸੰਜੋਗ ਕੋ = ਦਾ ਪ੍ਰਤਾਪ = ਮਹਾਤਮ (ਫਲ) ਇਕ ਛਿਨ = ਖਿਨ ਜਿਤਨਾ ਸਮਾਂ ਸ਼ਿਵ ਜੀ, ਸਨਕਾਦਿ, ਸਨਕ ਸਨੰਦਨ ਆਦਿ ਬ੍ਰਹਮਾਦਿਕ = ਬ੍ਰਹਮਾ ਤੋਂ ਲੈ ਕੇ ਸਾਰੇ ਦੇਵਤੇ ਵੀ ਚਾਹੁਣ ਦੇ ਬਾਵਜੂਦ ਵੀ ਪਾਵਹੀ = ਪਾ ਨ = ਨਹੀਂ ਸਕਦੇ।

ਸਿਮ੍ਰਿਤਿ ਪੁਰਾਨ ਬੇਦ ਸਾਸਤ੍ਰ ਅਉ ਨਾਦ ਬਾਦ;
ਰਾਗ ਰਾਗਨੀ ਹੂ ਨੇਤਿ ਨੇਤਿ ਕਰਿ ਗਾਵਹੀ ॥

ਸਤਾਈ ਸਿਮ੍ਰਿਤਿ = ਸਿੰਮ੍ਰਿਤੀਆਂ, ਅਠਾਰਾਂ ਪੁਰਾਣ, ਚਾਰ ਬੇਦ, ਛੇ ਸ਼ਾਸਤਰ ਅਉ = ਅਤੇ ਬਾਦ = ਵਾਜਿਆਂ ਦੇ ਨਾਦ = ਸ਼ਬਦ ਨੂੰ ਉਚਾਰਨ ਵਾਲੇ ਰਾਗ ਵਿੱਦਿਆ ਦੇ ਜਾਣਕਾਰ ਪੁਰਖ ਰਾਗ ਰਾਗਨੀਆਂ ਨੇਤਿ ਨੇਤਿ = ਅਨੰਤ ਅਨੰਤ ਕਰ ਕੇ ਗੁਰਸਿੱਖਾਂ (ਗੁਰਮੁਖਾਂ) ਦੇ ਜੱਸ ਨੂੰ ਗਾਵਹੀ = ਗਾਉਣਾ ਕਰਿ = ਕਰਦੇ ਹਨ।

ਦੇਵੀ ਦੇਵ ਸਰਬ ਨਿਧਾਨ ਅਉ ਸਕਲ ਫਲ;
ਸੁਰਗ ਸਮੂਹ ਸੁਖ ਧਿਆਨ ਧਰਿ ਧਿਆਵਹੀ ॥

ਦੇਵ = ਦੇਵਤੇ, ਦੇਵੀ = ਦੇਵੀਆਂ, ਸਰਬ = ਸਾਰੇ ਨਿਧਾਨ = ਖ਼ਜ਼ਾਨੇ ਅਉ = ਅਤੇ ਸਕਲ = ਸਾਰੇ ਧਰਮ, ਅਰਥ, ਕਾਮ, ਮੋਖ ਰੂਪ ਫਲ (ਪਦਾਰਥ) ਸੁਰਗ = ਸਵਰਗ ਲੋਕ ਵਿਚ ਵੱਸਣ ਵਾਲੇ, ਸਮੂਹ = ਸਾਰੇ ਤਰ੍ਹਾਂ ਦੇ ਸੁਖ = ਆਨੰਦ ਆਦਿ ਸਾਰੇ ਹੀ ਧਿਆਨ ਧਰ ਕੇ ਗੁਰਸਿੱਖਾਂ, ਗੁਰਮੁਖਾਂ ਦੀ ਸੰਗਤ (ਸਤਿਸੰਗਤ) ਨੂੰ ਧਿਆਵਹੀ = ਧਿਆਉਣਾ ਕਰਦੇ ਹਨ।

ਪੂਰਨ ਬ੍ਰਹਮ ਸਤਿਗੁਰ ਸਾਵਧਾਨ ਜਾਨਿ;
ਗੁਰਸਿਖ ਸਬਦ ਸੁਰਤਿ ਲਿਵ ਲਾਵਹੀ ॥੩੪੧॥

ਇਸੇ ਕਰਕੇ ਸਤਿਸੰਗਤ ਵਿਚ ਇਕੱਤਰ ਹੋ ਕੇ ਗੁਰਸਿਖ = ਗੁਰੂ ਕੇ ਸਿੱਖ ਪੂਰਨ = ਵਿਆਪਕ ਬ੍ਰਹਮ = ਪਰਮੇਸ਼ਰ ਦਾ ਸਰੂਪ ਸਤਿਗੁਰ = ਸੱਚੇ ਗੁਰਾਂ ਨੂੰ ਸਾਵਧਾਨ = ਸਚੇਤਨ, ਹਾਜ਼ਰ ਨਾਜ਼ਰ ਜਾਣ ਕੇ ਗੁਰ ਸਬਦ = ਉਪਦੇਸ਼ ਵਿਚ ਸੁਰਤਿ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਰੀਤੀ ਦੇ ਸਹਿਤ ਚਿੱਤ ਦੀ ਲਿਵ = ਬਿਰਤੀ ਲਾਵਹੀ = ਲਾਉਂਦੇ ਹਨ ॥੩੪੧॥

ਰਚਨਾ ਚਰਿਤ੍ਰ ਚਿਤ੍ਰ, ਬਿਸਮ ਬਚਿਤ੍ਰ-ਪਨ;
ਕਾਹੂ ਸੋ ਨ ਕੋਊ ਕੀਨੋ, ਏਕ ਹੀ ਅਨੇਕ ਹੈ ॥

ਪਰਮੇਸ਼ਰ ਦੀ ਚਿਤ੍ਰ = ਚਿੱਤਰਕਾਰੀ ਭਾਵ ਸ੍ਰਿਸ਼ਟੀ ਦੀ ਰਚਨਾ = ਬਨਾਵਟ ਦਾ ਚਿਤ੍ਰ = ਕੌਤਕ ਬਚਿਤ੍ਰ-ਪਨ = ਅਤਿਅੰਤ ਹੀ ਬਿਸਮ = ਅਸਚਰਜ ਹੈ ਕਿਉਂਕਿ ਕਾਹੂ = ਕਿਸੇ ਸੋ = ਜਿਹਾ ਕੋਊ = ਕੋਈ ਵੀ

ਬਣਾਉਣਾ ਨ = ਨਹੀਂ ਕੀਨੋ = ਕੀਤਾ ਅਤੇ ਏਕ = ਇਕ ਪਰਮੇਸ਼ਰ ਹੀ ਅਨੇਕ = ਅਨੰਤ ਰੂਪ ਹੋ ਕੇ ਵਿਚਰ ਰਿਹਾ ਹੈ।

ਨਿਪਟ ਕਪਟ, ਘਟਿ ਘਟਿ ਨਟ ਵਟ ਨਟ;
ਗੁਪਤ ਪ੍ਰਗਟ ਅਟ-ਪਟ ਜਾਵਦੇਕ ਹੈ॥

ਨਟ = ਮਦਾਰੀ ਦੇ ਨਿਪਟ = ਕੇਵਲ ਕਪਟ = ਛਲ ਵਤ ਪਰਮੇਸ਼ਰ ਰੂਪ ਨਟ = ਮਦਾਰੀ ਆਪ ਹੀ ਘਟਿ ਘਟਿ = ਸਰੀਰ ਸਰੀਰ ਭਾਵ ਅਨੇਕਾਂ ਆਕਾਰਾਂ ਦੇ ਰੂਪ ਵਿਚ ਭੇਸ ਵਟ = ਬਦਲ ਬਦਲ ਕੇ ਜਾਵਦੇਕ = ਜਿਥੋਂ ਤਕ ਵੀ ਗੁਪਤ = ਸੂਖਮ ਸਰੂਪ ਵਿਚ ਅਤੇ ਪ੍ਰਗਟ = ਪ੍ਰਤੱਖ, ਸਥੂਲ ਸਰੂਪ ਵਿਚ ਸਾਰੇ ਇਕ ਆਪਣੇ ਤੋਂ ਹੀ ਅਟ-ਪਟ = ਉਲਝਣ ਭਰਿਆ ਖੇਲ ਵਰਤਾ ਰਿਹਾ ਹੈ ਭਾਵ ਮਨ, ਬਾਣੀ, ਸਰੀਰ ਕਰਕੇ ਗੰਮਤਾ ਤੋਂ ਰਹਿਤ ਹੈ।

ਦ੍ਰਿਸਟਿ ਸੀ ਦ੍ਰਿਸਟਿ ਨ ਦਰਸਨ ਸੋ ਦਰਸੁ;
ਬਚਨ ਸੋ ਬਚਨ ਨ ਸੁਰਤਿ ਸਮੇਕ ਹੈ॥

ਨੇਤਰਾਂ ਦੀ ਦ੍ਰਿਸਟਿ = ਨਿਗ੍ਹਾ ਸੀ = ਵਰਗੀ ਨੇਤਰਾਂ ਦੀ ਦ੍ਰਿਸਟਿ = ਦ੍ਰਿਸ਼ਟੀ ਨਹੀਂ ਹੈ, ਇਕ ਦੂਸਰੇ ਦੇ ਚਿਹਰੇ ਦੇ ਦਰਸਨ = ਦੀਦਾਰਾਂ ਸੋ = ਵਰਗਾ ਦਰਸੁ = ਦੀਦਾਰ ਨਹੀਂ ਹੈ, ਕਿਸੇ ਦੂਸਰੇ ਦੇ ਬਚਨ = ਬੋਲ ਸੋ = ਵਰਗਾ ਬਚਨ = ਬੋਲ ਨ = ਨਹੀਂ ਹੈ ਪਰੰਤੂ ਸੁਰਤਿ = ਸੁਰਤੀ ਸਭ ਦੀ ਸਮੇਕ = ਇੱਕੋ ਸਮਾਨ ਹੈ ਭਾਵ ਸਭ ਜਾਣਦੇ ਹਨ ਕਿ ਪਾਪ ਬੁਰਾ ਤੇ ਪੁੰਨ ਚੰਗੇ ਹਨ **ਵਾ:** ਪਰੰਤੂ ਸੁਰਤਿ = ਗਿਆਤ ਕੀਤਿਆਂ ਵੇਖਿਆ ਜਾਏ ਤਾਂ ਸਭਨਾਂ ਵਿਚ ਇਕ ਪਰਮੇਸ਼ਰ ਹੀ ਸਮੇਕ = ਸਮਾਇਆ ਹੋਇਆ ਹੈ। ਜੈਸਾ ਕਿ :

ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸਹੀ ਜੇਹਾ॥੨॥ *(ਸੋਰਠਿ ਮ: ੧, ਅੰਗ ੫੯੬)*

ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥ ਕੋਇ ਨ ਕਿਸ ਹੀ ਜੇਹਾ ਉਪਾਇਆ॥

(ਮਾਰੂ ਸੋਲਹੇ ਮ: ੧, ਅੰਗ ੧੦੫੭)

ਰੂਪ ਰੇਖ ਲੇਖ ਭੇਖ ਨਾਦ ਬਾਦ ਨਾਨਾ ਬਿਧਿ;
ਅਗਮ ਅਗਾਧਿ ਬੋਧ ਬ੍ਰਹਮ ਬਿਬੇਕ ਹੈ॥੩੪੨॥

ਰੂਪ = ਸਰੂਪ, ਹੱਥਾਂ ਪੈਰਾਂ ਆਦਿ ਦੇ ਰੇਖ = ਚਿੰਨ੍ਹ, ਮੱਥੇ ਦੇ ਲੇਖ ਜਾਂ ਦੁੱਖ ਸੁੱਖ ਭੋਗਣ ਦੀ ਲੇਖ = ਲਿਖਤ, ਭੇਖ = ਪਹਿਰਾਵਾ, ਨਾਦ ਬਾਦ = ਸੁਰ ਤਾਲ **ਵਾ:** ਨਾਦ ਬਾਦ = ਇਕ ਦੂਸਰੇ ਨਾਲ ਆਵਾਜ਼ ਆਦਿ ਸਭ ਕੁਝ ਨਾਨਾ = ਅਨੇਕ ਬਿਧਿ = ਤਰ੍ਹਾਂ ਦਾ ਦਿਖਾਈ ਦਿੰਦਾ ਹੈ **ਵਾ:** ਪਰਮੇਸ਼ਰ ਨੇ ਸ੍ਰਿਸ਼ਟੀ ਨਾਨਾ = ਬਹੁਤ ਬਿਧਿ = ਤਰ੍ਹਾਂ ਦੀ ਬਣਾਈ ਹੈ, ਜਿਸ ਬ੍ਰਹਮ = ਪਰਮੇਸ਼ਰ ਦੀ ਬਿਬੇਕ = ਵਿਚਾਰ ਨੂੰ ਬੋਧ = ਜਾਨਣਾ ਅਗਮ = ਗੰਮਤਾ ਤੋਂ ਰਹਿਤ ਤੇ ਅਗਾਧਿ = ਅਤਿਅੰਤ ਡੂੰਘਾ ਹੈ॥੩੪੨॥

ਸਤਿ ਰੂਪ ਸਤਿਗੁਰ ਪੂਰਨ ਬ੍ਰਹਮ ਧਿਆਨ;
ਸਤਿ ਨਾਮੁ ਸਤਿਗੁਰ ਤੇ ਪਾਰਬ੍ਰਹਮ ਹੈ॥

ਸਤਿ = ਸੱਚ ਰੂਪ = ਸਰੂਪ ਪਰਮੇਸ਼ਰ ਦਾ ਰੂਪ ਸਤਿਗੁਰ = ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਹੀ ਗੁਰਮੁਖ

ਜਨ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਦਾ ਧਿਆਨ ਲਾਉਂਦੇ ਹਨ ਅਤੇ ਸਤਿਗੁਰ = ਸੱਚੇ ਗੁਰਾਂ ਤੇ = ਤੋਂ ਸਤਿ = ਸੱਚਾ ਨਾਮ ਪ੍ਰਾਪਤ ਕਰ ਕੇ ਪਾਰਬ੍ਰਹਮ = ਪਾਪਾਂ ਪੁੰਨਾਂ ਤੋਂ ਪਰੇ ਵਿਆਪਕ ਪ੍ਰਭੂ ਦੀ ਪ੍ਰਾਪਤੀ ਕਰਦੇ ਹਨ।

ਸਤਿਗੁਰ ਸਬਦ ਅਨਾਹਦ ਬ੍ਰਹਮ ਗਿਆਨ;
ਗੁਰਮੁਖਿ ਪੰਥ ਸਤਿ ਗੰਮਿਤਾ ਅਗੰਮ ਹੈ॥

ਸਤਿਗੁਰ = ਸੱਚੇ ਗੁਰਾਂ ਦੇ ਸਬਦ = ਉਪਦੇਸ਼ ਨੂੰ ਅਨਾਹਦ = ਇਕ-ਰਸ ਸ੍ਰਵਨ ਕਰ ਕੇ ਗੁਰਮੁਖ ਜਨ ਬ੍ਰਹਮ = ਪਰਮੇਸ਼ਰ ਨੂੰ ਗਿਆਨ = ਜਾਨਣਾ ਕਰਦੇ ਹਨ **ਵਾ:** ਅਨਾਹਦ = ਹੱਦ ਤੋਂ ਰਹਿਤ ਆਨੰਦ ਦੇਣ ਵਾਲੇ ਬ੍ਰਹਮ ਗਿਆਨ ਨੂੰ ਪ੍ਰਾਪਤ ਕਰਦੇ ਹਨ, ਇਸ ਲਈ ਗੁਰਮੁਖ ਜਨਾਂ ਦਾ ਭਗਤੀ ਰੂਪ ਪੰਥ = ਮਾਰਗ ਸਤਿ = ਸੱਚਾ ਹੈ, ਜਿਸ ਮਾਰਗ ਉੱਪਰ ਆਮ ਜੀਵ ਗੰਮਿਤਾ = ਪਹੁੰਚਣਾ ਕਰ ਕੇ ਅਗੰਮ = ਪਹੁੰਚਣ ਤੋਂ ਰਹਿਤ ਹੀ ਰਹਿੰਦਾ ਹੈ **ਵਾ:** ਗੁਰਮੁਖਿ = ਮੁਖੀ ਗੁਰਾਂ ਦਾ ਚਲਾਇਆ ਹੋਇਆ ਸਿੱਖੀ ਰੂਪ ਪੰਥ = ਰਸਤਾ ਸਤਿ = ਸੱਚਾ ਹੈ **ਵਾ:** ਸੱਚ ਦੀ ਪ੍ਰਾਪਤੀ ਕਰਾਉਣ ਵਾਲਾ ਹੈ। ਇਸ ਮਾਰਗ ਵਿਚ ਮਿਲਦਿਆਂ ਅਗੰਮ = ਗੰਮਤਾ ਤੋਂ ਰਹਿਤ, ਤੁਰੀਆ ਪਦ ਦੀ ਗੰਮਿਤਾ = ਪਹੁੰਚਤਾ ਹੋ ਆਇਆ ਕਰਦੀ ਹੈ।

ਗੁਰ ਸਿਖ ਸਾਧ ਸੰਗ ਬ੍ਰਹਮ ਸਥਾਨ ਸਤਿ;
ਕੀਰਤਨ ਸਮੈ ਹੁਇ ਸਾਵਧਾਨ ਸਮ ਹੈ॥

ਗੁਰ ਸਿਖ = ਗੁਰੂ ਕੇ ਸਿੱਖਾਂ ਦੀ ਸਾਧ ਸੰਗ = ਸਤਿਸੰਗਤ ਸਤਿ = ਸੱਚੇ ਬ੍ਰਹਮ = ਪਰਮੇਸ਼ਰ ਦੀ ਪ੍ਰਾਪਤੀ ਵਾਲਾ ਸਥਾਨ = ਅਸਥਾਨ ਹੈ ਕਿਉਂਕਿ ਜਦੋਂ ਸਤਿਸੰਗਤ ਵਿਚ ਗੁਰਾਂ ਦੀ ਰਸਦਾਇਕ ਬਾਣੀ ਦੇ ਕੀਰਤਨ = ਜੱਸ ਦਾ ਸਮੈ = ਵਕਤ ਹੁਇ = ਹੁੰਦਾ ਹੈ, ਉਦੋਂ ਗੁਰਮੁਖ ਜਨ ਸਾਵਧਾਨ = ਸੁਚੇਤ ਤੇ ਸਮ = ਸਮਾਨ ਦ੍ਰਿਸ਼ਟੀ ਵਾਲੇ ਆਪ ਹੁੰਦੇ ਹਨ ਤੇ ਹੋਰਨਾਂ ਨੂੰ ਵੀ ਸਮਾਨ ਦ੍ਰਿਸ਼ਟੀ ਵਾਲੇ ਕਰ ਦਿੰਦੇ ਹਨ।

ਗੁਰਮੁਖਿ ਭਾਵਨੀ ਭਗਤਿ ਭਾਉ ਚਾਉ ਸਤਿ;
ਸਹਜ ਸੁਭਾਉ ਗੁਰਮੁਖਿ ਨਮੋ ਨਮ ਹੈ॥੩੪੩॥

ਗੁਰਮੁਖ ਜਨ ਭਾਵਨੀ = ਸ਼ਰਧਾ, ਭਾਉ = ਪ੍ਰੇਮਾ ਭਗਤਿ = ਭਗਤੀ, ਸਤਿ = ਸੱਚੇ ਪ੍ਰਭੂ ਦੀ ਪ੍ਰਾਪਤੀ ਦੇ ਚਾਉ = ਉਤਸ਼ਾਹ ਵਾਲੇ **ਵਾ:** ਸਤਿ = ਸੱਚੇ ਮਾਰਗ ਉੱਤੇ ਚੱਲਣ ਵਾਲੇ ਹੁੰਦੇ ਹਨ ਅਤੇ ਸਹਜ = ਸ਼ਾਂਤੀ ਸੁਭਾਉ = ਸੁਭਾਅ ਵਾਲੇ ਹੁੰਦੇ ਹਨ। ਐਸੇ ਗੁਰਮੁਖ ਜਨਾਂ ਨੂੰ ਸੰਸਾਰੀ ਲੋਕ ਵਾਰ ਵਾਰ ਨਮੋ ਨਮ = ਨਮਸਕਾਰ, ਨਮਸਕਾਰ ਕਰਦੇ ਹਨ॥੩੪੩॥

ਨਿਰੰਕਾਰ ਨਿਰਾਧਾਰ ਨਿਰਾਹਾਰ ਨਿਰ-ਬਿਕਾਰ;
ਅਜੋਨੀ ਅਕਾਲ ਅਪਰੰਪਰ ਅਭੇਵ ਹੈ॥

ਉਹ ਪਰਮੇਸ਼ਰ ਨਿਰੰਕਾਰ = ਅਕਾਰ ਤੋਂ ਰਹਿਤ ਹੈ, ਨਿਰਾਧਾਰ = ਆਸਰੇ ਤੋਂ ਰਹਿਤ ਹੈ, ਨਿਰਾਹਾਰ = ਭੋਜਨ ਤੋਂ ਰਹਿਤ ਹੈ, ਨਿਰ-ਬਿਕਾਰ = ਵਿਕਾਰਾਂ ਤੋਂ ਰਹਿਤ ਹੈ, ਅਜੋਨੀ = ਜੂਨਾਂ ਤੋਂ ਰਹਿਤ

ਹੈ, ਅਕਾਲ = ਕਾਲ ਤੋਂ ਰਹਿਤ ਹੈ, ਅਪਰੰਪਰ = ਪਾਰਾਵਾਰ ਤੋਂ ਰਹਿਤ ਹੈ, ਅਭੇਵ = ਭੇਦ ਪਾਉਣ ਤੋਂ ਰਹਿਤ ਹੈ।

ਨਿਰਮੋਹ ਨਿਰਵੈਰ ਨਿਰਲੇਪ ਨਿਰਦੋਖ;
ਨਿਰਭੈ ਨਿਰੰਜਨ ਅਤਹ ਪਰ ਅਤੇਵ ਹੈ॥

ਨਿਰਮੋਹ = ਮੋਹ ਤੋਂ ਰਹਿਤ ਹੈ, ਨਿਰਵੈਰ = ਵੈਰ-ਭਾਵ ਤੋਂ ਰਹਿਤ ਹੈ, ਨਿਰਲੇਪ = ਲੇਪਣ ਤੋਂ ਰਹਿਤ ਹੈ ਭਾਵ ਸਾਰਿਆਂ ਦੇ ਅੰਦਰ ਸਰਬ ਰੂਪ ਹੋਣ ਕਰਕੇ **ਵਾ:** ਸੰਪੂਰਨ ਅਵਸਥਾ ਵਿਚ ਵਰਤਮਾਨ ਹੋ ਕੇ ਵੀ ਲਪਾਇਮਾਨ ਨਹੀਂ ਹੁੰਦਾ, ਨਿਰਦੋਖ = ਦੋਸ਼ਾਂ ਤੋਂ ਰਹਿਤ ਹੈ, ਨਿਰਭੈ = ਡਰ ਤੋਂ ਰਹਿਤ ਹੈ, ਨਿਰੰਜਨ = ਕਲੰਕ ਤੋਂ ਰਹਿਤ ਹੈ **ਵਾ:** ਮਾਇਆ, ਅਵਿੱਦਿਆ ਰੂਪ ਅੰਜਨ = ਕਾਲਖ ਤੋਂ ਰਹਿਤ ਹੈ, ਅਤੇਵ = ਅਤਿਸ਼ੈ ਕਰਕੇ ਅਤਹ = ਅਤਿਅੰਤ ਤੋਂ ਅਤਿਅੰਤ ਪਰਮੇਸ਼ਰ ਪਰ = ਪਰੇ, ਦੂਰ ਹੈ।

ਅਬਿਗਤਿ ਅਗਮ ਅਗੋਚਰ ਅਗਾਧਿ ਬੋਧਿ;
ਅਚੁਤ ਅਲਖ ਅਤਿ ਅਛਲ ਅਛੇਵ ਹੈ॥

ਅਬਿਗਤਿ = ਅਬਿਨਾਸ਼ੀ ਹੈ, ਅਗਮ = ਗੰਮਤਾ ਤੋਂ ਰਹਿਤ ਹੈ, ਅਗੋਚਰ = ਇੰਦਰੀਆਂ ਦੇ ਅਵਿਸ਼ੈ ਹੈ, ਅਗਾਧਿ = ਅਤਿਅੰਤ ਡੂੰਘਾ ਹੋਣ ਕਰਕੇ ਬੋਧਿ = ਜਾਨਣ ਤੋਂ ਰਹਿਤ ਹੈ **ਵਾ:** ਪ੍ਰਤੱਖ ਅਨੁਮਾਨ ਸ਼ਬਦ ਆਦਿ ਪ੍ਰਮਾਣਾਂ ਦੁਆਰਾ ਬੋਧਿ = ਜਾਨਣ ਤੋਂ ਰਹਿਤ ਹੈ, ਅਚੁਤ = ਅਟੱਲ ਸਰੂਪ ਹੈ, ਅਲਖ = ਲੱਖਣ ਤੋਂ ਰਹਿਤ ਹੈ, ਅਤਿ = ਅਤਿਸ਼ੈ ਕਰਕੇ ਅਛਲ = ਛਲਣ ਤੋਂ ਰਹਿਤ ਹੈ ਅਤੇ ਅਛੇਵ = ਅਛੇਦ੍ਯ ਸਰੂਪ ਹੈ।

ਬਿਸਮੈ ਬਿਸਮ ਅਸਚਰਜੈ ਅਸਚਰਜ ਮੈ;
ਅਦਭੁਤ ਪਰਮਦਭੁਤ ਗੁਰਦੇਵ ਹੈ॥੩੪੪॥

ਬਿਸਮੈ = ਵਿਸਮਾਦ ਤੋਂ ਬਿਸਮ = ਵਿਸਮਾਦ ਸਰੂਪ, ਅਸਚਰਜੈ = ਅਚੰਭੇ ਤੋਂ ਅਸਚਰਜ = ਅਚੰਭੇ ਵਾਲਾ ਸਰੂਪ ਅਦਭੁਤ = ਅਨੋਖੇ ਤੋਂ ਵੀ ਪਰਮਦਭੁਤ = ਅਨੋਖੇਪਨ ਵਾਲੇ ਐਸੇ ਗੁਰਦੇਵ = ਗੁਰੂ ਨਾਨਕ ਦੇਵ ਜੀ ਹਨ **ਵਾ:** (ਗੁਰ + ਦੇਵ) ਦੇਵ = ਪ੍ਰਕਾਸ਼ ਸਰੂਪ ਤੇ ਗੁਰ = ਪੂਜਨੀਕ ਪਰਮੇਸ਼ਰ ਹੈ॥੩੪੪॥

ਅਗਲੀ ਪੰਕਤੀ ਵਿਚ ਭਾਈ ਸਾਹਿਬ ਜੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਦਿਹਾੜੇ ਬਾਰੇ ਕਥਨ ਕਰਦੇ ਹਨ ਕਿ :

ਕਾਰਤਕ ਮਾਸ ਰੁਤਿ ਸਰਦ ਪੂਰਨਮਾਸੀ;
ਆਠ ਜਾਮ ਸਾਠਿ ਘਰੀ ਆਜ ਤੇਰੀ ਬਾਰੀ ਹੈ॥

ਹੇ ਗੁਰਮੁਖ ਰੂਪ ਸਖੀ ! ਕਾਰਤਕ = ਕੱਤਕ ਦਾ ਮਾਸ = ਮਹੀਨਾ ਹੈ, ਸਰਦ ਰੁੱਤ ਹੈ ਅਤੇ ਪੰਦਰਾਂ ਥਿੱਤਾਂ ਵਿੱਚੋਂ ਪੂਰਨਮਾਸ਼ੀ ਦੀ ਥਿੱਤ ਹੈ ਤੇ ਇਨ੍ਹਾਂ ਦਿਨ ਰਾਤ ਦੇ ਆਠ = ਅੱਠਾਂ ਪਹਿਰਾਂ ਦੇ ਸਾਠਿ = ਸੱਠ ਘਰੀ = ਘੜੀਆਂ ਵਿਚ ਸਤਿਗੁਰਾਂ ਨੂੰ ਮਿਲਣ ਦੀ ਆਜ = ਅੱਜ ਤੇਰੀ ਵਾਰੀ ਹੈ ਭਾਵ ਅੱਜ ਦੇ ਦਿਨ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ ਹਨ, ਇਹ ਕਬਿੱਤ ਭਾਈ ਸਾਹਿਬ ਜੀ ਨੇ ਕੱਤਕ ਸੁਦੀ ਪੂਰਨਮਾਸ਼ੀ,

ਗੁਰੂ ਸਾਹਿਬ ਜੀ ਦੇ ਗੁਰਪੁਰਬ ਵਾਲੇ ਦਿਨ ਉਚਾਰਨ ਕੀਤਾ ਹੋਇਆ ਹੈ, ਕਿਉਂਕਿ ਉਨ੍ਹਾਂ ਦੀ ਲੇਖਣੀ ਤੋਂ ਸਪੱਸ਼ਟ ਹੈ।

(ਉੱਤਮ ਸਖੀ ਵੱਲੋਂ) ਹੇ ਸਖੀ ! ਤੂੰ ਆਪਣੇ ਪਤੀ ਨਾਲ ਰੁੱਸੀ ਕਿਉਂ ਹੋਈ ਹੈਂ ? ਵੇਖ ਕਾਰਤਕ = ਕੱਤਕ ਦਾ ਮਾਸ = ਮਹੀਨਾ ਹੈ, ਸਰਦ ਰੁੱਤ ਹੈ, ਪੂਰਨਮਾਸ਼ੀ ਦਾ ਦਿਹਾੜਾ ਹੈ, ਦਿਨ ਰਾਤ ਦੇ ਆਠ = ਅੱਠ ਜਾਮ = ਪਹਿਰਾਂ ਤੇ ਸਾਠਿ = ਸੱਠ ਘਰੀ = ਘੜੀਆਂ ਵਿਚ ਪਤੀ ਨੂੰ ਮਿਲਣ ਦੀ ਆਜ = ਅੱਜ ਤੇਰੀ ਬਾਰੀ = ਵਾਰੀ ਹੈ।

ਅਥਵਾ ਇਸੇ ਪ੍ਰਕਾਰ ਹੇ ਸ੍ਰੇਸ਼ਟ ਜਗਿਆਸੂ ਰੂਪ ਇਸਤਰੀ ! ਤੂੰ ਆਪਣੇ ਪਤੀ ਪਰਮੇਸ਼ਰ ਨਾਲੋਂ ਵਿੱਛੜੀ ਕਿਉਂ ਹੋਈ ਹੈਂ ? ਵੇਖ ਮਨੁੱਖਾ ਜਨਮ ਰੂਪੀ ਕੱਤਕ ਦਾ ਮਹੀਨਾ ਤੈਨੂੰ ਪਤੀ ਪਰਮੇਸ਼ਰ ਨਾਲ ਮਿਲਣ ਲਈ ਮਿਲਿਆ ਹੈ। ਇਸ ਲਈ ਤੂੰ ਸਰਦ = ਠੰਢੇ, ਸ਼ਾਂਤੀ ਸੁਭਾਅ ਰੂਪ ਰੁੱਤ ਨੂੰ ਧਾਰਨ ਕਰਨਾ ਕਰ, ਜਿਸ ਕਰਕੇ ਗਿਆਨ ਰੂਪ ਪੂੰਨਿਆ ਦਾ ਦਿਹਾੜਾ ਆਵੇ ਅਤੇ ਤੇਰਾ ਦਿਨ ਰਾਤ ਦੇ ਅੱਠ ਪਹਿਰਾਂ ਤੇ ਸੱਠ ਘੜੀਆਂ ਵਾਲਾ ਸਾਰਾ ਸਮਾਂ ਸਫਲਾ ਹੋਵੇ। ਇਸ ਲਈ ਤੂੰ ਉੱਦਮ ਕਰ ਕੇ ਗੁਰ-ਉਪਦੇਸ਼ ਦੁਆਰਾ ਪਤੀ ਪਰਮੇਸ਼ਰ ਨੂੰ ਮਿਲਣਾ ਕਰ ਕਿਉਂਕਿ ਅੱਜ ਭਾਵ ਹੁਣ ਇਸ ਮਨੁੱਖਾ ਜਨਮ ਵਿਚ ਹੀ ਤੇਰਾ ਪਤੀ ਪਰਮੇਸ਼ਰ ਨੂੰ ਮਿਲਣ ਦਾ ਅਸਲ ਵਾਰੀ = ਸਮਾਂ ਹੈ।

ਅਉਸਰ ਅਭੀਚ ਬਹੁ ਨਾਇਕ ਕੀ ਨਾਇਕਾ ਹੁਇ;
ਰੂਪ ਗੁਨ ਜੋਬਨ ਸਿੰਗਾਰ ਅਧਿਕਾਰੀ ਹੈ॥

ਹੇ ਜਗਿਆਸੂ ਰੂਪ ਸਖੀ! ਵੇਖਣਾ ਕਰ (ਪਤੀ ਪਰਮੇਸ਼ਰ) ਨੂੰ ਮਿਲਣ ਦਾ ਕਿਤਨਾ ਸੋਹਣਾ ਅਭੀਚ = ਅਭਿਜਤਿ ਨਛੱਤਰ ਦਾ ਅਉਸਰ = ਸਮਾਂ ਹੈ। ਇਸ ਲਈ ਤੂੰ ਹੁਣ ਬਹੁ = ਬਹੁਤ ਇਸਤਰੀਆਂ ਦੇ ਨਾਇਕ = ਮਾਲਕ ਕੀ = ਦੀ ਨਾਇਕਾ = ਮਾਲਕਣ, ਸ੍ਵਾਮਿਨੀ ਹੁਇ = ਹੋ ਜਾਣਾ ਕਰ, ਕਿਉਂਕਿ ਤੇਰਾ ਰੂਪ = ਸਰੂਪ ਸੁੰਦਰ ਹੈ, ਤੇਰੇ ਵਿਚ ਸ਼ੁਭ ਗੁਣ ਹਨ ਤੇ ਜੋਬਨ = ਯੁਵਾ ਅਵਸਥਾ ਦੇ ਸਹਿਤ ਹੈਂ, ਸਿੰਗਾਰ = ਸੁਹੱਪਣ ਸਮੱਗਰੀ ਦੇ ਸਹਿਤ ਹੈਂ। ਇਉਂ ਹੁਣ ਤੂੰ ਪਤੀ ਪਰਮੇਸ਼ਰ ਦੀ ਪ੍ਰਾਪਤੀ ਦੀ ਅਧਿਕਾਰੀ = ਹੱਕਦਾਰ ਹੈਂ।

ਨੋਟ : ਜੋਤਿਸ਼ ਦੇ ਗ੍ਰੰਥਾਂ ਵਿਚ ਲਿਖਿਆ ਹੈ ਕਿ ਜਿਹੜਾ ਪੁਰਖ ਅਭਿਜਿਤ ਨਛੱਤਰ ਸਮੇਂ ਪ੍ਰਗਟ ਹੋਵੇ, ਉਹ ਅਤਿਅੰਤ ਸੁੰਦਰ ਕਾਂਤੀ ਵਾਲਾ (ਪਰਮ ਮਨੋਹਰ), ਸਾਰਿਆਂ ਦੇ ਮਨ ਨੂੰ ਭਾਉਣ ਵਾਲਾ ਅਤੇ ਸੱਜਣਾਂ ਮਿੱਤਰਾਂ ਕਰਕੇ ਸਨਮਾਨਿਤ ਹੁੰਦਾ ਹੈ, ਸੁਭਾਅ ਦਾ ਨਿਮਰਤਾ ਵਾਲਾ, ਉੱਜਲ ਕੀਰਤੀ ਵਾਲਾ, ਸੁਲੱਖਣ ਭਾਵ ਸੁੰਦਰ ਵੇਸ ਵਾਲਾ ਹੁੰਦਾ ਹੈ। ਇਸੇ ਤਰ੍ਹਾਂ ਸਪੱਸ਼ਟ ਬਾਣੀ ਬੋਲਣ ਵਾਲਾ ਅਤੇ ਦੇਹ ਦੇ ਬਹੁਤ ਵਿਸਤਾਰ ਵਾਲਾ ਹੁੰਦਾ ਹੈ, ਇਵੇਂ ਹੀ ਹਮੇਸ਼ਾਂ ਸੁਖੀ ਅਤੇ ਅਰੋਗਤਾ ਦਾ ਧਨੀ, ਬਲ ਵਾਲਾ, ਸੰਗਰਾਮ ਦਾ ਜਿੱਤਣ ਵਾਲਾ ਅਤੇ ਕ੍ਰਿਤਗਯ ਭਾਵ ਕੀਤੇ ਨੂੰ ਜਾਨਣ ਵਾਲਾ, ਲਖਮੀ ਸੰਪੰਨ ਹੁੰਦਾ ਹੈ। ਧਰਤੀ ਭਰ ਦੇ ਭੋਗਣ ਵਾਲਾ, ਸਰਦ ਰੁੱਤ, ਕੱਤਕ ਪੂੰਨਿਆ ਦੇ ਦਿਹਾੜੇ ਤਥਾ ਸ਼ੁਭ ਲਗਨ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਅਵਤਾਰ ਹੋਇਆ।

ਚਾਤਿਰ ਚਤੁਰ ਪਾਠ, ਸੇਵਕ ਸਹੇਲੀ ਸਾਠਿ;
ਸੰਪਦਾ ਸਮਗ੍ਰੀ ਸੁਖ ਸਹਜ ਸੁਚਾਰੀ ਹੈ॥

ਹੇ ਸਖੀ ! ਤੂੰ ਵਿੱਦਿਆ ਪਾਠ = ਪੜ੍ਹਨ ਵਿਚ ਚਾਤਿਰ = ਸੂਝਵਾਨ ਤੇ ਚਤੁਰ = ਹੁਸ਼ਿਆਰ ਹੈਂ ਅਤੇ

ਤੇਰੀਆਂ ਸਾਠਿ = ਸੱਠ ਸਹੇਲੀ = ਸਖੀਆਂ ਤੇ ਸੇਵਕ = ਦਾਸੀਆਂ ਹਨ, ਸੰਪਦਾ = ਧਨ ਪਦਾਰਥ ਆਦਿ ਵਿਭੂਤੀ ਦਾ ਸਾਰੀਆਂ ਸਮਗ੍ਰੀ = ਵਸਤੂਆਂ ਤੇਰੇ ਕੋਲ ਹਨ ਤੂੰ ਸਹਜ = ਸੁਤੇ-ਸਿਧ ਸੁਖ = ਆਨੰਦ ਦੀ ਸੁਚਾਰੀ = ਸਹਿਚਾਰੀ ਹੈਂ।

ਹੇ ਸ੍ਰੇਸ਼ਟ ਸਖੀ ! ਚਾਤਿਰ = ਸ੍ਰੇਸ਼ਟ ਅਤੇ ਚਤੁਰ = ਆਲਸ ਤੋਂ ਰਹਿਤ ਭਾਵ ਸਦਾ ਹੀ ਸੁਚੇਤ ਰਹਿਣ ਵਾਲੇ ਪਤੀ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਜੋ ਬ੍ਰਹਮ ਪਾਠ = ਵਿੱਦਿਆ ਨੂੰ ਪੜ੍ਹਾਉਣ ਵਾਲਾ ਗੁਰੂ ਹੈ, ਉਹ ਗੁਰਮੁਖ ਰੂਪ ਸਹੇਲੀਆਂ ਤੇ ਦਾਸੀਆਂ ਨੂੰ ਸਾਠਿ = ਜੋੜ ਭਾਵ ਇਕੱਤਰ ਕਰਨ ਕਰਕੇ ਬ੍ਰਹਮ ਵਿੱਦਿਆ ਦਾ ਪਾਠ ਪੜ੍ਹਾਉਣ ਵਾਲਾ ਹੈ ਅਤੇ ਦੈਵੀ ਸੰਪਦਾ ਰੂਪ ਸਮੱਗਰੀ ਦੇ ਸਹਿਤ ਕਰਕੇ ਸਹਜ = ਸੁਤੇ-ਸਿਧ ਆਤਮਿਕ ਸੁਖ = ਆਨੰਦ ਦਾ ਸੁਚਾਰੀ = ਸਹਿਚਾਰੀ, ਸਾਥੀ ਬਣਾਉਣ ਵਾਲਾ ਹੈ।

ਸੁੰਦਰ ਮੰਦਰ, ਸੁਭ ਲਗਨ ਸੰਜੋਗ ਭੋਗ;
ਜੀਵਨ ਜਨਮ ਧੰਨਿ, ਪ੍ਰੀਤਮ ਪਿਆਰੀ ਹੈ ॥੩੪੫॥

ਹੇ ਸਖੀ ! ਸੁੰਦਰ = ਸੋਹਣੇ ਮਕਾਨ = ਘਰ ਤੇ ਸੁਭ = ਸ੍ਰੇਸ਼ਟ ਲਗਨ ਵਿਚ ਤੇਰਾ ਪਤੀ ਨਾਲ ਸੰਜੋਗ = ਮਿਲਾਪ ਹੋਇਆ ਹੈ ਤੇ ਉਸ ਦੇ ਨਾਲ ਸੇਜਾ ਨੂੰ ਭੋਗ = ਭੋਗਣਾ ਕੀਤਾ ਹੈ **ਵਾ:** ਜਿਸ ਕਰਕੇ ਤੈਨੂੰ ਸਾਰੇ ਭੋਗ ਪਦਾਰਥ ਮਿਲੇ ਹਨ, ਇਸ ਲਈ ਤਦ ਤੇਰੀ ਜੀਵਨ = ਜ਼ਿੰਦਗੀ ਤੇ ਮਨੁੱਖਾ ਜਨਮ ਧੰਨਿ = ਧੰਨਤਾ ਦੇ ਯੋਗ ਹੈ, ਜਦ ਤੂੰ ਪ੍ਰੀਤਮ = ਪਿਆਰੇ ਪਤੀ ਦੀ ਪਿਆਰੀ = ਪ੍ਰੇਮਣ ਹੋਵੇਂਗੀ **ਵਾ:** ਉਸ ਨੂੰ ਪਿਆਰੀ ਹੋਵੇਂਗੀ।

ਅਥਵਾ ਹੇ ਸ੍ਰੇਸ਼ਟ ਜਗਿਆਸੂ ਰੂਪ ਸਖੀ ! ਸ਼ੁਭ ਗੁਣਾਂ ਦੀ ਸੁੰਦਰ = ਸੁਹੱਪਣਾ ਦੇ ਸਹਿਤ ਹੋਣ ਕਰਕੇ ਤੇਰੇ ਰਿਦੇ ਰੂਪ ਘਰ ਵਿਚ ਪਤੀ ਪਰਮੇਸ਼ਰ ਦਾ ਸੰਜੋਗ = ਮਿਲਾਪ ਹੋਇਆ ਹੈ, ਜਿਸ ਕਰਕੇ ਤੂੰ ਉਸ ਦੀ ਪ੍ਰਾਪਤੀ ਦੇ ਆਨੰਦ ਨੂੰ ਭੋਗ = ਭੋਗਣਾ, ਮਾਨਣਾ ਕੀਤਾ ਹੈ। ਇਹੋ ਸ੍ਰੇਸ਼ਟ ਲਗਨ ਹੈ। ਤੇਰੀ ਜੀਵਨ = ਜ਼ਿੰਦਗੀ ਤੇ ਮਨੁੱਖਾ ਜਨਮ ਤਦ ਹੀ ਧੰਨਤਾ ਦੇ ਯੋਗ ਹੈ, ਜਦ ਤੂੰ ਆਪਣੇ ਪਿਆਰੇ ਪਤੀ ਪਰਮੇਸ਼ਰ ਨੂੰ ਪਿਆਰੀ = ਚੰਗੀ ਲੱਗੇਂਗੀ ॥੩੪੫॥

ਦਿਨਕਰ ਕਿਰਨਿ ਸੁਹਾਤ ਸੁਖਦਾਈ ਅੰਗ;
ਰਚਤ ਸਿੰਗਾਰ ਅਭਰਨ ਸਖੀ ਆਇ ਕੈ ॥

ਹੇ ਸਖੀ ! ਸਰਦ ਰੁੱਤ ਵਿਚ ਦਿਨਕਰ = ਸੂਰਜ ਦੀਆਂ ਕਿਰਨਾਂ ਸੁਖਦਾਈ = ਸੁਖ ਦੇਣ ਵਾਲੀਆਂ ਅੰਗਾਂ ਨੂੰ ਸੁਹਾਤ = ਸੁਹੰਦੀਆਂ ਹਨ **ਵਾ:** ਸੂਰਜ ਦੀਆਂ ਕਿਰਨਾਂ ਸੁਹਾਤ = ਸੁਹੌਂਦੇ ਭਾਵ ਚੜ੍ਹਦਿਆਂ ਸਾਰ ਸਖੀ = ਸਹੇਲੀ ਆਇ = ਆਣ ਕੈ = ਕਰਕੇ ਤੇਰੇ ਸੁਖਦਾਈ ਅੰਗਾਂ ਨੂੰ ਅਭਰਨ = ਗਹਿਣਿਆਂ ਨਾਲ ਰਚਤ = ਰਚਾ ਕੇ ਸਿੰਗਾਰ = ਸੁਹੱਪਣਤਾ ਦੇ ਸਹਿਤ ਕਰ ਦਿੰਦੀ ਹੈ **ਵਾ:** ਕਰ ਦਿੰਦੀ ਸੀ।

ਪ੍ਰਿਥਮ ਉਬਟਨਾ ਕੈ, ਸੀਸ ਮੈ ਮਲਉਨੀ ਮੇਲਿ;
ਮਜਨ ਉਸਨ ਜਲ, ਨਿਰਮਲ ਭਾਇ ਕੈ ॥

ਇਉਂ ਪ੍ਰਿਥਮ = ਪਹਿਲਾਂ ਉਬਟਨਾ = ਵੱਟਣਾ, ਸਰੀਰ 'ਤੇ ਮਲ ਕੈ = ਕਰਕੇ ਅਤੇ ਸੀਸ = ਸਿਰ

ਮੈ = ਵਿਚ ਮੈਲ ਨਿਵਾਰਨੀ ਨਾਲ ਮੇਲ ਕੇ ਭਾਵ ਉਸ ਸਮੇਂ ਅਨੁਸਾਰ ਦਹੀਂ ਸਾਬਣ ਵਤ ਕੇਸਾਂ ਵਿਚ ਪਾਉਣ ਯੋਗ ਚੀਜ਼ ਪਾ ਕੇ ਉਸਨ = ਗਰਮ ਜਲ = ਪਾਣੀ ਨਾਲ ਭਾਇ = ਪ੍ਰੇਮ ਪੂਰਬਕ ਨਿਰਮਲ = ਸ਼ੁੱਧ ਭਾਉਣੀ ਦੇ ਸਹਿਤ ਹੋ ਕੈ = ਕਰਕੇ ਮਜਨ = ਇਸ਼ਨਾਨ ਕਰਾਉਂਦੀ ਹੈ **ਵਾ:** ਕਰਾਉਂਦੀ ਸੀ।

ਕੁਸਮ ਅਵੇਸ ਕੇਸ ਬਾਸਤ ਫੁਲੇਲ ਮੇਲਿ;
ਅੰਗ ਅਰਗਜਾ ਲੇਪ ਹੇਤ ਉਪਜਾਇ ਕੈ ॥

ਕੁਸਮ = ਫੁੱਲ ਤੇਲ ਆਦਿ ਵਿਚ ਅਵੇਸ = ਪ੍ਰਵੇਸ਼, ਮਿਲਾ ਕੇ ਤਿਆਰ ਹੋਏ ਬਾਸਤ = ਸੁਗੰਧਿਤ ਫੁਲੇਲ ਮੇਲਿ = ਮੇਲਿਆ ਹੋਇਆ ਹੈ, ਜਿਸ ਨੂੰ ਅਰਗਜਾ ਕਹਿੰਦੇ ਹਨ, ਉਹ ਹੇਤ = ਪਿਆਰੀਆਂ ਪਿਆਰੀਆਂ ਗੱਲਾਂ ਕਰਦਿਆਂ ਕੇਸਾਂ ਅਤੇ ਸਰੀਰ ਦੇ ਅੰਗਾਂ ਉੱਪਰ ਲਗਾਉਂਦੀ ਹੈ।

ਚੀਰ ਚਾਰੁ ਦਰਪਨ ਮਧਿ ਆਪਾ ਆਪੁ ਚੀਨਿ;
ਬੈਠੀ ਪਰਜੰਕ ਪਰਿ ਧਾਵਰੀ ਨ ਧਾਇ ਕੈ ॥੩੪੬॥

ਇਸੇ ਤਰ੍ਹਾਂ ਫੇਰ ਚਾਰੁ = ਸੁੰਦਰ ਚੀਰ = ਬਸਤਰ ਪਹਿਨਾ ਕੇ ਅਤੇ ਦਰਪਨ = ਸ਼ੀਸ਼ੇ ਮਧਿ = ਵਿਚ ਆਪਾ ਆਪੁ = ਆਪਣਾ ਆਪ ਭਾਵ ਆਪਣਾ ਚਿਹਰਾ ਦਿਖਾ ਕੇ ਜਦ ਤੂੰ ਪਰਜੰਕ = ਪ੍ਰਯੰਕ ਭਾਵ ਉਸ ਤੋਂ ਬਾਅਦ ਪਲੰਘ ਉੱਪਰ ਬੈਠੀ = ਬਿਠਾਈ ਜਾਂਦੀ ਸੀ ਤਾਂ ਦੂਜੀਆਂ ਦਾਸੀਆਂ ਧਾਵਰੀ = ਦੌੜ ਕੇ ਆ ਜਾਂਦੀਆਂ ਸਨ **ਵਾ:** ਤਾਂ ਦੂਜੀਆਂ ਦਾਸੀਆਂ ਤੇਰੇ ਕੋਲ ਧਾਇ = ਦੌੜ ਕੈ = ਕਰਕੇ ਆ ਨ = ਨਹੀਂ ਸਕਦੀਆਂ ਸਨ ॥੩੪੬॥

ਦੂਸਰਾ ਅਰਥ

ਦਿਨਕਰ ਕਿਰਨਿ ਸੁਹਾਤ ਸੁਖਦਾਈ ਅੰਗ; ਰਚਤ ਸਿੰਗਾਰ ਅਭਰਨ ਸਖੀ ਆਇ ਕੈ ॥

ਜਦ ਨਿੱਜ ਸਰੂਪ ਰੂਪੀ ਘਰ ਵਿਚ ਚੇਤਨ ਬ੍ਰਹਮ ਦੀ ਆਤਮ ਜੋਤੀ ਰੂਪ ਦਿਨਕਰ = ਸੂਰਜ ਦੀ ਕਿਰਨ ਸੁਹਾਤ = ਸਾਖਿਆਤਕਾਰਤਾ ਨੂੰ ਪ੍ਰਾਪਤ ਹੁੰਦੀ ਹੈ ਤਦ ਅੰਦਰ ਦੀ ਦਸ਼ਾ ਅਤਿਅੰਤ ਸੁਖਦਾਈ = ਅਨੰਦਮਈ ਹੋਇਆ ਕਰਦੀ ਹੈ ਅਤੇ ਫੇਰ ਕਰੁਣਾ, ਮੈਤ੍ਰੀ, ਮੁੱਦਤਾ ਰੂਪ ਸਖੀਆਂ ਰਿਦੇ ਅੰਦਰ ਆਣ, ਪ੍ਰਗਟ ਹੋ ਕੇ ਸਰੀਰ ਦੇ ਅੰਗ ਅੰਗ **ਵਾ:** ਰੋਮ ਰੋਮ ਵਿਚ ਸੋਹਣੀ ਉਪਮਾ ਵਾਲੀ ਚਮਤਕਾਰੀ ਭਾਵਾਂ ਰੂਪ ਗਹਿਣਿਆਂ ਨੂੰ ਸਜਾ ਦਿੰਦੀਆਂ ਹਨ।

ਪ੍ਰਿਥਮ ਉਬਟਨਾ ਕੈ, ਸੀਸ ਮੈ ਮਲਉਨੀ ਮੇਲਿ; ਮਜਨ ਉਸਨ ਜਲ, ਨਿਰਮਲ ਭਾਇ ਕੈ ॥

ਪਰੰਤੂ ਇਸ ਉਪਰੋਕਤ ਅਵਸਥਾ ਦੀ ਪ੍ਰਾਪਤੀ ਲਈ ਕੁਝ ਇਉਂ ਉੱਦਮ ਕਰਨਾ ਪੈਂਦਾ ਹੈ ਕਿ ਪ੍ਰਿਥਮ = ਪਹਿਲਾਂ ਸੀਸ = ਸਿਰ ਦੇ ਕੇਸਾਂ ਮੈ = ਵਿੱਚੋਂ ਉਲਟੀ ਚੀਰਨੀ ਕੱਢਣ ਦੀ ਨਿਆਈਂ ਸੰਸਾਰ ਵੱਲੋਂ ਬਿਰਤੀ ਉਲਟਾਉਣੀ ਭਾਵ ਸੰਸਾਰਾਕਾਰ ਬਿਰਤੀ ਤੋਂ ਬ੍ਰਹਮਕਾਰ ਬਿਰਤੀ ਬਣਾਉਣੀ ਅਤੇ ਸੀਸ = ਸ਼ਿਰੋਮਣੀ ਪਰਮਾਤਮਾ ਨਾਲ ਬਿਰਤੀ ਮੇਲਣ ਵਾਲੇ ਹੋ ਕੇ ਮਿਲਾਉਣੀ। ਉਸਨ = ਉਸ ਬ੍ਰਹਮ ਗਿਆਨ ਰੂਪੀ ਜਲ ਵਿਚ ਮਜਨ = ਇਸ਼ਨਾਨ ਕਰਨਾ, ਉਸ ਵਿਚ ਬਾਰੰਬਾਰ ਮਗਨ ਹੋਣ ਰੂਪ ਮਜਨ = ਇਸ਼ਨਾਨ ਕਰ ਕੇ ਗੁਰਮੁਖ ਜਨ ਨਿਰਮਲ ਉੱਜਲ ਭਾਇ ਕੈ = ਭਾਵ ਵਾਲਾ ਬਣ ਜਾਣਾ ਕਰਦਾ ਹੈ।

ਕੁਸਮ ਅਵੇਸ ਕੇਸ ਬਾਸਤ ਫੁਲੇਲ ਮੇਲਿ; ਅੰਗ ਅਰਗਜਾ ਲੇਪ ਹੇਤ ਉਪਜਾਇ ਕੈ ॥

ਕੇਸ ਜਿਸ ਟਿਕਾਣੇ ਵੱਸਦੇ ਹੋਏ ਸਮੇਟੇ ਜਾਂਦੇ ਹਨ, ਉਸ ਟਿਕਾਣੇ ਵਾਲੇ ਕੁਸਮ = ਕਮਲ ਵਿਚ ਭਾਵ ਧਿਆਨ ਦੇ ਕੇਂਦਰ ਵਿਚ ਪ੍ਰਵੇਸ਼ ਪਾ ਕੇ ਜਦ ਵੱਸਦਾ (ਟਿਕਦਾ) ਹੈ ਤਾਂ ਪ੍ਰੇਮ-ਮਈ ਸਨੇਹ ਫੁਲੇਲ ਸਮਾਨ ਨਿੱਜ ਸਰੂਪ ਨੂੰ ਖਿੜਾਉਣ ਵਾਲੇ ਵਿਗਾਸ ਦਾ ਮੇਲ ਹੋ ਆਉਂਦਾ ਹੈ, ਜਿਸ ਦੇ ਪ੍ਰਭਾਵ ਕਰਕੇ ਸਰੀਰ ਵਿਚ ਵੱਸਦਾ ਹੀ ਅਲੱਗ (ਅਸੰਗ) ਜਾ ਹੁੰਦਾ ਹੈ ਭਾਵ ਪਰਮੇਸ਼ਰ ਵਿਚ ਲੇਪ = ਲੇਪਣ ਭਾਵ ਲਿਵਲੀਨ ਹੋਇਆ ਉਸ ਦਾ (ਉਪ + ਜਾਇ ਕੈ) ਉਪ = ਸਮੀਪੀ, ਨਜ਼ਦੀਕ ਹੋ ਕੈ = ਕਰਕੇ ਸੱਚਮੁੱਚ ਹੀ ਉਸ ਦਾ ਰੂਪ ਹੋ ਜਾਇ = ਜਾਣਾ ਕਰਦਾ ਹੈ।

ਚੀਰ ਚਾਰ ਦਰਪਨ ਮਧਿ ਆਪਾ ਆਪੁ ਚੀਨਿ; ਬੈਠੀ ਪਰਜੰਕ ਪਰਿ ਧਾਵਰੀ ਨ ਧਾਇ ਕੈ ॥੩੪੬॥

ਚਾਰ = ਸੁੰਦਰ ਭਾਵ ਸ਼ੁਭ ਗੁਣਾਂ ਰੂਪ ਚੀਰ = ਬਸਤਰ ਨੂੰ ਪਹਿਨ ਕੇ ਦਸਮ ਦੁਆਰ ਰੂਪ ਦਰਪਨ = ਸ਼ੀਸ਼ੇ ਵਿਚਦੀ ਆਪਾ ਆਪੁ = ਆਪਣੇ ਆਪ ਨੂੰ ਚੀਨਿ = ਪਹਿਚਾਨਣਾ ਕਰੇ। ਇਸ ਤੋਂ ਪਰਜੰਕ = ਉਪਰੰਤ ਤੁਰੀਆ ਪਦ ਰੂਪ ਸਿੰਘਾਸਨ ਪਰਿ = ਉੱਤੇ ਬੈਠੀ = ਇਸਥਿਤ ਹੋਣਾ ਕਰੇ ਤਾਂ ਫੇਰ ਧਾਵਰੀ = ਦੌੜਨ ਵਾਲੀ ਬਿਰਤੀ ਹੋਰ ਕਿਸੇ ਪਾਸੇ ਵੱਲ ਧਾਇ = ਦੌੜ ਕੇ ਜਾਣਾ ਨ = ਨਹੀਂ ਕਰਦੀ ਹੈ॥੩੪੬॥

ਕਕਹੀ ਦੈ ਮਾਂਗ ਉਰਝਾਏ ਸੁਰਝਾਏ ਕੇਸ;
ਕੁੰਕਮ ਚੰਦਨ ਕੋ ਤਿਲਕ ਦੈ ਲਿਲਾਰ ਮੈ ॥

ਜਿਵੇਂ ਇਸਤਰੀ ਕਕਹੀ = ਕੰਘੀ ਨਾਲ ਉਰਝਾਏ = ਉਲਝੇ ਹੋਏ ਕੇਸ = ਵਾਲ ਸੁਰਝਾਏ = ਸੁਲਝਾ, ਵਾਹ ਸੁਆਰ ਕੇ ਮਾਂਗ = ਮੀਡੀਆਂ, ਚੀਰਣੀਆਂ ਕੱਢਦੀ ਹੈ **ਵਾ:** ਸੁਆਰਨੀ ਕਰਦੀ ਹੈ ਅਤੇ ਕੁੰਕਮ = ਕੇਸਰ ਤੇ ਚੰਦਨ ਕੋ = ਦਾ ਤਿਲਕ = ਟਿੱਕਾ ਲਿਲਾਰ = ਮੱਥੇ ਦੇ ਉੱਪਰ ਲਾਉਣਾ ਕਰਦੀ ਹੈ, ਇਸੇ ਪ੍ਰਕਾਰ ਜਗਿਆਸੂ ਰੂਪ ਇਸਤਰੀ ਸੱਤ ਅਸੱਤ ਵਿਚਾਰ ਰੂਪੀ ਕਕਹੀ = ਕੰਘੀ ਦੇ ਨਾਲ ਮਨ ਰੂਪੀ ਕੇਸ ਨੂੰ ਵਿਹਾਰਾਂ ਵਿਚ ਉਲਝੇ ਹੋਏ ਨੂੰ ਗੁਰ-ਉਪਦੇਸ਼ ਦੁਆਰਾ ਸੁਲਝਾ ਕੇ ਬੁੱਧ ਰੂਪ ਚੀਰਣੀ ਨੂੰ ਸੁਆਰਨਾ ਕਰਦੀ ਹੈ ਅਤੇ ਪ੍ਰੇਮ ਰੂਪ ਕੇਸਰ ਤੇ ਭਗਤੀ ਰੂਪ ਚੰਦਨ ਦਾ ਟਿੱਕਾ ਰਿਦੇ ਰੂਪੀ ਮੱਥੇ ਦੇ ਉੱਪਰ ਲਾਉਣਾ ਕਰਦੀ ਹੈ **ਵਾ:** ਨਿਮਰਤਾ ਰੂਪੀ ਟਿੱਕਾ ਅੰਤਹਕਰਣ ਰੂਪੀ ਮੱਥੇ ਦੇ ਉੱਪਰ ਲਾਉਣਾ ਕਰਦੀ ਹੈ।

ਅੰਜਨ ਖੰਜਨ ਦ੍ਰਿਗ, ਬੇਸਰਿ ਕਰਨ-ਫੂਲ;
ਬਾਰੀ ਸੀਸ-ਫੂਲ ਦੈ, ਤਮੋਲ ਮੁਖ ਦੁਆਰ ਮੈ ॥

ਜਿਵੇਂ ਇਸਤਰੀ ਆਪਣੇ ਦ੍ਰਿਗ = ਨੇਤਰਾਂ ਵਿਚ ਅੰਜਨ = ਸੁਰਮਾ ਪਾ ਕੇ ਖੰਜਨ = ਮਮੋਲੇ ਵਾਂਗ ਚੰਚਲ ਕਰਦੀ ਹੈ ਅਤੇ ਨੱਕ ਵਿਚ ਬੇਸਰਿ = ਨੱਥ ਤੇ ਕਰਨ = ਕੰਨਾਂ ਵਿਚ ਫੂਲ = ਝੁਮਕੇ (ਵਾਲ਼ੀਆਂ) ਪਾਉਂਦੀ ਹੈ **ਵਾ:** ਕੰਨਾਂ ਵਿਚ ਫੂਲ = ਫੁੱਲ ਦੇ ਅਕਾਰ ਵਰਗੇ ਗਹਿਣੇ ਪਾਉਂਦੀਆਂ ਹਨ ਜਾਂ ਬਾਰੀ = ਵਾਲ਼ੀਆਂ ਪਾਉਂਦੀਆਂ ਹਨ, ਸੀਸ = ਸਿਰ ਦੇ ਉੱਪਰ ਚੌਕ ਫੂਲ = ਫੁੱਲ ਪਾਉਂਦੀਆਂ ਹਨ ਤੇ ਕਈ ਮੁਖ = ਮੂੰਹ ਰੂਪ ਦੁਆਰ = ਬੂਹੇ ਮੈ = ਵਿਚ ਤਮੋਲ = ਪਾਨ ਨੂੰ ਚਬਾਉਣਾ ਕਰਦੀਆਂ ਹਨ।

ਇਸੇ ਪ੍ਰਕਾਰ ਅੰਤਰੀਵ ਭਾਵ ਵਿਚ ਜਗਿਆਸੂ ਰੂਪ ਸ੍ਰੇਸ਼ਟ ਸਖੀਆਂ ਆਪਣੇ ਮਨ ਬੁੱਧ ਰੂਪ ਨੇਤਰਾਂ ਵਿਚ ਗਿਆਨ ਰੂਪੀ ਸੁਰਮਾ ਪਾ ਕੇ ਖੰਜਨ = ਮਮੋਲੇ ਵਤ ਚੰਚਲ ਮਨ ਉੱਤੇ ਕਾਬੂ ਪਾ ਲੈਂਦੀਆਂ ਹਨ, ਰਿਦੇ ਰੂਪ ਨੱਕ ਵਿਚ ਨਾਮ ਦਾ ਸ੍ਵਾਸ ਕਰਨ ਰੂਪ ਬੇਸਰਿ = ਨੱਥ ਪਾਉਣਾ ਕਰਦੀਆਂ ਹਨ ਅਤੇ ਵਿਚਾਰ ਰੂਪ

ਕੰਨਾਂ ਵਿਚ ਮੰਨਣ ਰੂਪ ਫੁੱਲ ਵਤ ਗਹਿਣੇ ਪਾਉਣਾ ਕਰਦੀਆਂ ਹਨ। ਹਰੇਕ ਨਾਲ ਮਿਲ ਕੇ ਪ੍ਰਸੰਨ ਰਹਿਣ ਰੂਪ ਬਾਰੀ = ਵਾਲ਼ੀਆਂ ਪਾਉਣਾ ਕਰਦੀਆਂ ਹਨ, ਅੰਤਹਕਰਣ ਰੂਪ ਸਿਰ ਉੱਤੇ ਸਤ-ਸੰਤੋਖ ਰੂਪੀ ਚੌਕ ਫੁੱਲ ਪਾਉਂਦੀਆਂ ਹਨ ਅਤੇ ਚਿੱਤ ਰੂਪ ਮੁੱਖ ਰਾਹੀਂ ਦ੍ਵੈਤ ਰੂਪ ਪਾਨ ਚਬਾਉਣਾ ਭਾਵ ਤਿਆਗ ਦਿੰਦੀਆਂ ਹਨ।

ਕੰਠ ਸਰੀ ਕਪੋਤਿ ਮਰਕਤ ਅਉ ਮੁਕਤਾਹਲ;
ਬਰਨ ਬਰਨ ਫੂਲ ਸੋਭਾ ਉਰ ਹਾਰ ਮੈ ॥

ਜਿਸ ਪ੍ਰਕਾਰ ਇਸਤਰੀ ਕੰਠ ਸਰੀ = ਕੰਠ ਮਾਲਾ, ਜਿਸ ਦੇ ਥੱਲੇ ਕਪੋਤਿ = ਕਬੂਤਰ ਦੇ ਆਕਾਰ ਵਰਗੀ ਇਨਾਮੀ ਪਰੁੱਚੀ ਪਾਈ ਹੁੰਦੀ ਹੈ, ਮਰਕਤ = ਸਬਜ਼ ਰੰਗੀ ਨਗੀਨੇ ਅਉ = ਅਤੇ ਮੁਕਤਾਹਲ = ਮੋਤੀ ਆਦਿ ਪਹਿਨੇ ਹੁੰਦੇ ਹਨ ਅਤੇ ਬਰਨ ਬਰਨ = ਰੰਗਾਂ ਰੰਗਾਂ ਦੇ ਫੂਲ = ਫੁੱਲਾਂ ਦੇ ਨਾਲ ਜੜੇ ਹੋਏ ਹਾਰ ਉਰ = ਗਲ ਮੈ = ਵਿਚ ਸੋਭਾ = ਦਮਕ ਦਿੰਦੇ ਹਨ **ਵਾ:** ਉਰ = ਛਾਤੀ ਨਾਲ ਲੱਗੇ ਹੋਏ ਸੋਭਾ ਦਿੰਦੇ ਹਨ।

ਇਸੇ ਪ੍ਰਕਾਰ ਅੰਤਰੀਵ ਭਾਵ ਵਿਚ ਸ੍ਰੇਸ਼ਟ ਸਖੀਆਂ ਨੇ ਸੁਆਸ ਸੁਆਸ ਨਾਮ ਜਪਣ ਰੂਪ ਕੰਠ ਮਾਲਾ ਪਹਿਨੀ ਹੋਈ ਹੈ ਜਿਵੇਂ ਕਬੂਤਰ ਦੇ ਅਕਾਰ ਵਰਗੀ ਇਨਾਮੀ ਪਰੁੱਚੀ ਹੁੰਦੀ ਹੈ, ਉਸੇ ਤਰ੍ਹਾਂ ਆਉਂਦੇ ਜਾਂਦੇ ਸੁਆਸ ਦੀ ਗੰਢ ਦੇ ਟਿਕਾਣੇ ਦਾ ਟਿਕਾਉ ਰੂਪ ਅਨਾਮ ਹੋਵੇ ਅਤੇ ਐਸੇ ਹੀ ਸਬਜ਼ ਮਣੀਆਂ ਤੇ ਮੋਤੀਆਂ ਆਦਿ ਆਬ ਸਮਾਨ ਰੰਗਾ ਰੰਗੀ ਦਮਕਾਂ ਮਾਰਦੀਆਂ ਚਮਤਕਾਰੀ ਵਿਭੂਤੀਆਂ ਸਹਿਤ ਰਿਦੇ ਕਮਲ ਸੰਬੰਧੀ ਸਾਖਜਾਤ ਪ੍ਰਕਾਸ਼ ਪ੍ਰਾਪਤੀ ਦਾ ਮਾਨੋ ਪੁਸ਼ਪ ਹਾਰ ਸੀਨੇ ਉੱਪਰ ਸ਼ੋਭਾ ਨੂੰ ਪ੍ਰਾਪਤ ਹੋਵੇ।

ਚਚਰ-ਚਰੀ ਕੰਕਨ ਮੁੰਦ੍ਰਿਕਾ ਮਹਦੀ ਬਨੀ;
ਅੰਗੀਆ ਅਨੂਪ ਛੁਦ੍ਰਪੀਠਿ ਕਟਿ ਧਾਰ ਮੈ ॥੩੪੭॥

ਚਚਰ-ਚਰੀ = ਆਰਸੀ ਕੰਕਨ = ਕੰਗਣ, ਮੁੰਦ੍ਰਿਕਾ = ਮੁੰਦ੍ਰੀਆਂ ਤੇ ਮਹਦੀ = ਮਹਿੰਦੀ (ਮਹਿੰਦੀ ਨਾਮ ਦਾ ਇਕ ਗਹਿਣਾ ਜੜਾਊ ਜਾਲੀਦਾਰ ਸ਼ਕਲ ਦਾ ਹੁੰਦਾ ਹੈ ਜੋ ਚਾਰੋਂ ਉਂਗਲਾਂ ਦੇ ਅੰਦਰਲੇ ਪਪੋਟਿਆਂ ਉੱਤੇ ਪਾਇਆ ਹੋਇਆ ਫੈਲਿਆ ਹੁੰਦਾ ਹੈ) ਬਨੀ = ਫਬੀ ਹੁੰਦੀ ਹੈ, ਅਨੂਪ = ਉਪਮਾ ਦੋਂ ਰਹਿਤ ਅੰਗੀਆ = ਅੰਗ-ਰੱਖੀ ਪਹਿਨੀ ਹੁੰਦੀ ਹੈ ਅਤੇ ਕਟਿ = ਲੱਕ ਦੇ ਆਲੇ ਦੁਆਲੇ ਛੁਦ੍ਰਪੀਠਿ = ਸੁੰਦਰ ਤੜਾਗੀ ਧਾਰ = ਧਾਰੀ, ਕੱਸੀ ਹੁੰਦੀ ਹੈ।

ਇਸੇ ਤਰ੍ਹਾਂ ਹੇ ਜੀਵ ਰੂਪ ਸਖੀ! ਮਨ ਰੂਪ ਆਰਸੀ ਸ਼ੀਸ਼ੇ ਵਿਚ ਗੁਰਾਂ, ਪਰਮੇਸ਼ਰ ਦਾ ਦਰਸ਼ਨ ਦੇਖਣ ਦਾ ਉਤਸ਼ਾਹ ਹੋਵੇ, ਭਗਤੀ ਕਰਨੀ ਰੂਪ ਕੰਗਨ ਪਹਿਣਾ ਕਰ, ਹੱਥਾਂ ਦੀਆਂ ਉਂਗਲਾਂ ਨਾਲ ਸੇਵਾ ਕਰਨ ਰੂਪ ਮੁੰਦਰੀਆਂ ਪਾਉਣਾ ਕਰ ਅਤੇ ਹੱਥ ਮਾੜਾ ਕਰਮ, ਹਰਾਮ ਦਾ ਖਾਣ ਵੱਲੋਂ ਹਟਾਉਣ ਰੂਪ ਮਹਿੰਦੀ ਧਾਰਨਾ ਕਰ, ਰਿਦੇ, ਬੁੱਧ ਆਦਿ ਅੰਗਾਂ ਨੂੰ ਅੰਤਰਮੁਖੀ ਲਪੇਟ ਵਿਚ ਸਮੇਟੀ ਰੱਖਣ ਰੂਪ ਛੁਦ੍ਰਪੀਠਿ = ਸੁੰਦਰ ਅੰਗੀ ਪਹਿਨਣਾ ਕਰ ਅਤੇ ਬ੍ਰਹਮਚਰਜ ਦੀ ਧਾਰਨਾ ਵਿਚ ਪੀੜੀ ਰੱਖਣ ਦੀ ਕਟਿ = ਲੱਕ ਨੂੰ ਤੜਾਗੀ ਧਾਰਨਾ ਕਰ, ਫਿਰ ਤੂੰ ਪਿਆਰੇ ਪਤੀ ਪਰਮੇਸ਼ਰ ਦੀ ਪਿਆਰੀ ਹੋਵੇਂਗੀ ॥੩੪੭॥

ਸੋਭਿਤ ਸਰਦ ਨਿਸਿ ਜਗਮਗ ਜੋਤਿ ਸਸਿ;
ਪ੍ਰਥਮ ਸਹੇਲੀ ਕਹੈ, ਪ੍ਰੇਮ ਰਸੁ ਚਾਖੀਐ ॥

ਸੋਭਿਤ = ਸ਼ੋਭਨੀਕ ਸਰਦ = ਠੰਢੀ ਨਿਸਿ = ਰਾਤਰੀ ਦੇ ਵਿਚ ਸਸਿ = ਚੰਦਰਮਾ ਦੀ ਜੋਤ ਦਾ

ਜਗਮਗ = ਅਤਿਅੰਤ ਪ੍ਰਕਾਸ਼ ਹੁੰਦਾ ਹੈ। ਪ੍ਰਥਮ = ਪਹਿਲੀ ਮਹਾਤਮਾ ਰੂਪ ਸਹੇਲੀ = ਸਖੀ ਦੂਸਰੀ ਜਗਿਆਸੂ ਰੂਪ ਸਖੀ ਨੂੰ ਕਹੈ = ਆਖਦੀ ਹੈ ਕਿ ਹੇ ਸਖੀ! ਆਉਣਾ ਕਰ ਆਪਾਂ ਪਤੀ ਪਰਮੇਸ਼ਰ ਦੇ ਪ੍ਰੇਮ ਰਸ ਨੂੰ ਚਾਖੀਐ = ਚੱਖਣਾ ਕਰੀਏ **ਵਾ:** ਪਤੀ ਪਰਮੇਸ਼ਰ ਦੀ ਪ੍ਰਾਪਤੀ ਦੇ ਪ੍ਰੇਮ = ਸਨੇਹ ਆਨੰਦ ਦਾ ਰਸੁ = ਸੁਆਦ ਚੱਖਣਾ ਕਰੀਏ।

ਪੂਰਨ ਕ੍ਰਿਪਾ ਕੈ ਤੇਰੈ ਆਏ ਹੈ ਕ੍ਰਿਪਾ ਨਿਧਾਨ;
ਮਿਲੀਐ ਨਿਰੰਤਰ ਹੁਇ, ਅੰਤਰੁ ਨ ਰਾਖੀਐ ॥

ਪੂਰਨ = ਮੁਕੰਮਲ ਕ੍ਰਿਪਾ = ਮਿਹਰ ਕੈ = ਕਰਕੇ ਕ੍ਰਿਪਾ = ਮਿਹਰ ਦੇ ਨਿਧਾਨ = ਖ਼ਜ਼ਾਨੇ ਪਤੀ ਪਰਮੇਸ਼ਰ ਜੀ ਤੇਰੈ = ਤੇਰੇ ਰਿਦੇ ਰੂਪ ਘਰ ਵਿਚ ਆਏ = ਆ ਕੇ ਪ੍ਰਗਟ ਹੋਏ ਹੈ = ਹਨ, ਇਸ ਲਈ ਤੂੰ ਨਿਰੰਤਰ = ਇਕ-ਰਸ ਹੁਇ = ਹੋ ਕੇ ਆਪਣੇ ਪਤੀ ਪਰਮੇਸ਼ਰ ਨਾਲ ਮਿਲੀਐ = ਮਿਲਣਾ ਕਰ, ਆਪਣੇ ਰਿਦੇ ਵਿਚ ਪਤੀ ਪਰਮੇਸ਼ਰ ਪ੍ਰਤੀ ਕਿਸੇ ਪ੍ਰਕਾਰ ਦਾ ਅੰਤਰੁ = ਭੇਦ ਨਾ ਰਾਖੀਐ = ਰੱਖਣਾ ਕਰ।

ਚਰਨ ਕਮਲ ਮਕਰੰਦ ਰਸ ਲੁਭਿਤ ਹੁਇ;
ਮਨ ਮਧੁਕਰ ਸੁਖ ਸੰਪਟ ਭਿਲਾਖੀਐ ॥

ਜਿਸ ਪ੍ਰਕਾਰ ਮਧੁਕਰ = ਭੌਰਾ ਸੰਪਟ = ਡੱਬੇ ਵਤ ਕਮਲਾਂ ਦੀ ਮਕਰੰਦ = ਫੁੱਲਾਂ ਦੇ ਰਸ = ਸੁਆਦ ਉੱਪਰ ਲੁਭਿਤ = ਲੁਭਾਇਮਾਨ ਹੁਇ = ਹੁੰਦਾ ਹੈ, ਇਸੇ ਤਰ੍ਹਾਂ ਤੂੰ ਵੀ ਗੁਰਾਂ ਦੇ ਚਰਨਾਂ ਕਮਲਾਂ ਰੂਪ ਮਕਰੰਦ ਰਸ ਉੱਪਰ ਲੁਭਾਇਮਾਨ ਹੋ ਕੇ ਮਨ ਰੂਪ ਭੌਰੇ ਨੂੰ ਸੰਪਟ = ਡੱਬੇ ਵਤ ਸੁਖ = ਆਨੰਦ ਦੀ ਭਿਲਾਖੀਐ = ਚਾਹਤ ਵਾਲੀ ਬਣਨਾ ਕਰ **ਅਥਵਾ** ਗੁਰਾਂ ਦੇ ਚਰਨਾਂ ਕਮਲਾਂ ਰੂਪ ਮਕਰੰਦ ਰਸ ਲਈ ਲੁਭਿਤ = ਲੁਭਾਇਮਾਨ ਹੁਇ = ਹੋਏ ਮਨ ਰੂਪੀ ਮਧੁਕਰ = ਭੌਰੇ ਨੂੰ ਸੰਪਟ = ਡੱਬੇ ਵਤ ਸੁਖ ਵਿਚ ਮਸਤ ਹੋਣ ਦੇ ਲਈ ਭਿਲਾਖੀਐ = ਇੱਛਾਵਾਨ ਬਣਾਉਣਾ ਕਰ।

ਜੋਈ ਲਜਾਇ, ਪਾਈਐ ਨ ਪੁਨਿ ਪਦਮ ਦੈ;
ਪਲਕ ਅਮੋਲ ਪ੍ਰਿਅ ਸੰਗ ਮੁਖ ਸਾਖੀਐ ॥੩੪੮॥

ਹੇ ਸਖੀ! ਜੋਈ = ਜਿਹੜਾ ਇਸ ਵਕਤ ਨੂੰ ਸੰਭਾਲਣ ਵੱਲੋਂ ਲਜਾਇ = ਸ਼ਰਮ ਕਰੇਗਾ ਭਾਵ ਸਿੱਖੀ ਧਾਰਨ ਤੋਂ ਸੰਕੋਚ ਕਰੇਗਾ, ਪੁਨਿ = ਫੇਰ ਉਹ ਪਦਮ = ਇਕ ਨੀਲ ਭਾਵ ਬੇਅੰਤ ਧਨ ਦੇ ਕੇ ਵੀ ਪਤੀ ਪਰਮੇਸ਼ਰ ਪਾਈਐ = ਪਾ ਨਹੀਂ ਸਕਦਾ। ਜੋ ਪਲਕ = ਪਲ ਮਾਤਰ ਪ੍ਰਿਅ = ਪਿਆਰੇ ਸਾਖੀਐ = ਸਾਖੀ ਚੇਤਨ ਪਰਮੇਸ਼ਰ ਦੇ ਮੁਖ = ਚਿਹਰੇ ਦਾ ਅਮੋਲਕ ਦਰਸ਼ਨ ਕਰਨ ਦਾ ਸੰਗ = ਸਾਥ ਪ੍ਰਾਪਤ ਹੁੰਦਾ ਹੈ, ਉਸ ਵਰਗਾ ਹੋਰ ਕੋਈ ਵੀ ਨਹੀਂ ਹੈ **ਵਾ:** ਇਥੋਂ ਤਕ ਕਿ ਅਸੰਖ ਧਨ ਖ਼ਰਚਿਆਂ ਵੀ ਪ੍ਰਿਅ = ਪਿਆਰੇ ਪਰਮੇਸ਼ਰ ਦੇ ਸੰਗ = ਨਾਲ ਅਮੋਲ = ਅਮੋਲਕ ਇਕ ਪਲਕ = ਛਿਨ ਵੀ ਨਹੀਂ ਮਿਲੇਗਾ, ਮੁਖ = ਮੁਖੀ, ਪ੍ਰਧਾਨ, ਸ੍ਰੇਸ਼ਟ ਲੋਕ ਇਸ ਭਾਵ ਸਮੇਂ ਸਮੇਂ ਦੇ ਮੁਖੀ ਮਹਾਤਮਾ ਜਨ ਇਸ ਦੇ ਸਾਖੀਐ = ਗਵਾਹ ਹਨ, ਸਾਖੀ ਹਨ **ਵਾ:** ਮੁਖ ਸਾਖੀਐ (ਮੁਖ + ਸ + ਆਖੀਐ) ਸ = ਉਸ ਪਲ, ਘੜੀ ਨੂੰ ਮੁਖ = ਮੂੰਹੋਂ ਧੰਨਤਾ ਦੇ ਯੋਗ ਆਖੀਐ = ਕਹਿਣਾ ਕਰੀਏ, ਜਿਸ ਵਿਚ ਉਸ ਅਮੋਲਕ ਪਿਆਰੇ ਪਰਮੇਸ਼ਰ ਦੀ ਸੰਗ = ਸੰਗਤ ਪ੍ਰਾਪਤ ਹੋਵੇ ॥੩੪੮॥

ਕੰਚਨ ਅਸੁਧ ਜੈਸੇ ਭ੍ਰਮਤ ਕੁਠਾਲੀ ਬਿਖੈ;
ਸੁਧ ਭਏ ਭ੍ਰਮਤ ਨ ਪਾਵਕ ਪ੍ਰਗਾਸ ਹੈ॥

ਜੈਸੇ = ਜਿਸ ਪ੍ਰਕਾਰ ਕੁਠਾਲੀ = ਕੁਠਾਰੀ ਬਿਖੈ = ਵਿਚ ਅਸੁੱਧ = ਖੋਟਾ ਕੰਚਨ = ਸੋਨਾ ਤਪਾਇਆਂ ਭ੍ਰਮਤ = ਭਰਮਣ, ਚੱਕਰ ਲਾਉਣ ਲੱਗ ਪੈਂਦਾ ਹੈ ਅਤੇ ਖੋਟ ਦੇ ਸੜਨ ਤੋਂ ਬਾਅਦ ਸੁਧ = ਪਵਿੱਤਰ ਭਏ = ਹੋ ਜਾਂਦਾ ਹੈ ਅਤੇ ਪਾਵਕ = ਅੱਗ ਦੇ ਪ੍ਰਗਾਸ = ਪ੍ਰਕਾਸ਼ ਵਾਂਗ ਚਮਕਣ ਲੱਗ ਪੈਂਦਾ ਹੈ ਤੇ ਮੁੜ ਭ੍ਰਮਤ = ਭਰਮਣ ਨ = ਨਹੀਂ ਕਰਦਾ **ਵਾ:** ਜਦੋਂ ਸੁਨਿਆਰਾ ਪਾਵਕ = ਅੱਗ ਦਾ ਪ੍ਰਕਾਸ਼ ਕਰ ਕੇ ਭਾਵ ਅੱਗ ਨੂੰ ਬਾਲ ਕੇ ਸ਼ੁੱਧ ਕਰ ਦੇਵੇ ਤਦ ਭੌਂਦਾ ਨਹੀਂ ਹੈ। ਜੈਸਾ ਕਿ :

ਜਿਉ ਕਨਿਕੋ ਕੋਠਾਰੀ ਚੜਿਓ ਕਬਹੋ ਹੋਤ ਫਿਰੋ॥
ਜਬ ਤੇ ਸੁਧ ਭਏ ਹੈ ਬਾਰਹਿ ਤਬ ਤੇ ਥਾਨ ਥਿਰੋ॥ *(ਸਾਰਗ ਮ: ੫, ਅੰਗ ੧੨੦੩)*

ਜੈਸੇ ਕਰ ਕੰਕਨ ਅਨੇਕ ਸੈ ਪ੍ਰਗਟ ਧੁਨਿ;
ਏਕੈ ਏਕ ਟੇਕ ਪੁਨਿ ਧੁਨਿ ਕੋ ਬਿਨਾਸ ਹੈ॥

ਜੈਸੇ = ਜਿਸ ਪ੍ਰਕਾਰ ਜਦ ਪਹਿਲਾਂ ਕਰ = ਹੱਥਾਂ ਵਿਚ ਪਾਉਣ ਵਾਲੇ ਸੋਨੇ ਦੇ ਕੰਕਨ = ਕੜੇ ਆਦਿ ਗਹਿਣੇ ਬਣਾਏ ਜਾਂਦੇ ਸਨ, ਤਦ ਉਹ ਪ੍ਰਗਟ = ਪ੍ਰਤੱਖ ਹੀ ਅਨੇਕ = ਬੇਅੰਤ ਗਹਿਣਿਆਂ ਸੈ = ਤੋਂ ਵੱਖਰੀਆਂ ਵੱਖਰੀਆਂ ਧੁਨਿ = ਧੁਨੀ, ਆਵਾਜ਼ਾਂ ਸੋਨਾ ਦਿੰਦਾ ਹੈ ਅਤੇ ਜਦ ਉਹ ਏਕੈ ਏਕ = ਇਕ ਇਕ ਗਹਿਣਿਆਂ ਨੇ ਢਲ ਕੇ ਇਕ ਸੋਨੇ ਦੀ ਟੇਕ = ਓਟ ਲੈਣਾ ਕੀਤੀ ਭਾਵ ਸਾਰੇ ਗਹਿਣੇ ਢਲ ਕੇ ਇਕ ਰੂਪ ਹੋ ਗਏ, ਤਦ ਪੁਨਿ = ਫੇਰ ਸਾਰੇ ਗਹਿਣਿਆਂ ਦੀ ਧੁਨਿ = ਧੁਨੀ, ਆਵਾਜ਼ ਕੋ = ਦਾ ਬਿਨਾਸ = ਨਾਸ਼ ਹੋ ਜਾਂਦਾ ਹੈ ਭਾਵ ਸਾਰੀਆਂ ਧੁਨੀਆਂ ਦੂਰ ਹੋ ਜਾਂਦੀਆਂ ਹਨ। ਜੈਸਾ ਕਿ :

ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ॥੩॥
(ਸੋਰਠਿ ਭਗਤ ਰਵਿਦਾਸ, ਅੰਗ ੬੫੯)

ਖੁਧਿਆ ਕੈ ਬਾਲਕ ਬਿਲਲਾਤ ਅਕੁਲਾਤ ਅਤਿ;
ਅਸਥਨ ਪਾਨ ਕਰਿ ਸਹਜਿ ਨਿਵਾਸ ਹੈ॥

ਜਿਸ ਪ੍ਰਕਾਰ ਬਾਲਕ = ਬੱਚਾ ਖੁਧਿਆ = ਭੁੱਖ ਦੇ ਕੈ = ਕਰਕੇ ਅਤਿ = ਅਤਿਅੰਤ ਅਕੁਲਾਤ = ਵਿਆਕੁਲ ਹੋਇਆ ਬਿਲਲਾਤ = ਰੋਂਦਾ ਰਹਿੰਦਾ ਹੈ, ਪਰ ਜਦ ਬੱਚੇ ਦੀ ਮਾਂ ਆਪਣਾ ਅਸਥਨ = ਦੁੱਧ ਦਾ ਚਸ਼ਮਾ ਉਸ ਦੇ ਮੂੰਹ ਵਿਚ ਪਾ ਦੇਵੇ ਤਾਂ ਬੱਚਾ ਦੁੱਧ ਪਾਨ = ਪੀ ਕਰਿ = ਕਰਕੇ ਸਹਜਿ = ਸੁਤੇ-ਸਿਧ (ਸਹਿਜੇ) ਹੀ ਆਰਾਮ ਨਾਲ ਨਿਵਾਸ = ਵਾਸਾ ਕਰ ਲੈਂਦਾ ਹੈ ਭਾਵ ਆਰਾਮ ਨਾਲ ਸੌਂ ਜਾਂਦਾ ਹੈ **ਵਾ:** ਸਹਜਿ = ਸ਼ਾਂਤੀ ਸੁਭਾਅ ਵਿਚ ਨਿਵਾਸ = ਵਾਸਾ ਕਰ ਲੈਂਦਾ ਹੈ ਭਾਵ ਰੋਣੋਂ ਹਟ ਜਾਂਦਾ ਹੈ।

ਤੈਸੇ ਮਾਇਆ ਭ੍ਰਮਤ ਭ੍ਰਮਤ ਚਤੁਰ ਕੁੰਟ ਧਾਵੈ;
ਗੁਰ ਉਪਦੇਸ ਨਿਹਚਲ ਗ੍ਰਿਹਿ ਪਦ ਬਾਸ ਹੈ॥੩੪੯॥

ਤੈਸੇ = ਉਸੇ ਪ੍ਰਕਾਰ ਇਸ ਜੀਵ ਦਾ ਮਨ ਮਾਇਆ = ਧਨ ਦੌਲਤ ਆਦਿ ਦੇ ਅਧੀਨ ਭ੍ਰਮਤ = ਭਰਮਿਆ

ਹੋਇਆ ਭ੍ਰਮਤ = ਭਟਕਦਾ ਚਤੁਰ = ਚਾਰ ਕੁੰਟ = ਦਿਸ਼ਾਵਾਂ ਵਿਚ ਧਾਵੈ = ਦੌੜਦਾ ਰਹਿੰਦਾ ਹੈ ਅਤੇ ਜਦ ਇਹ ਗੁਰ ਉਪਦੇਸ਼ = ਸਤਿਗੁਰਾਂ ਦੀ ਸਿੱਖਿਆ ਨੂੰ ਧਾਰਨ ਕਰ ਲਵੇ ਤਦ ਇਹ ਤੁਰੀਆ ਪਦ ਦੀ ਪ੍ਰਾਪਤੀ ਕਰ ਕੇ ਨਿਹਚਲ = ਅਚੱਲ ਸੱਚਖੰਡ ਰੂਪੀ ਗ੍ਰਿਹਿ = ਘਰ ਵਿਚ ਬਾਸ = ਨਿਵਾਸ ਕਰ ਲੈਂਦਾ ਹੈ **ਵਾ:** ਅਚੱਲ ਘਰ ਸਰੂਪ ਦੀ ਪਦਵੀ ਨੂੰ ਪਹੁੰਚ ਕੇ ਵੱਸਦਾ ਹੈ॥੩੪੯॥

ਜੈਸੇ ਦੀਪ ਦਿਪਤ ਭਵਨ ਉਜਿਆਰੋ ਹੋਤ;
ਸਗਲ ਸਮਗ੍ਰੀ ਗ੍ਰਿਹਿ ਪ੍ਰਗਟਿ ਦਿਖਾਤ ਹੈ॥

ਜੈਸੇ = ਜਿਸ ਪ੍ਰਕਾਰ ਦੀਪ = ਦੀਵੇ ਦੇ ਦਿਪਤ = ਜਗਦਿਆਂ ਹੋਇਆਂ ਭਵਨ = ਘਰ ਵਿਚ ਉਜਿਆਰੋ = ਚਾਨਣਾ ਹੋਤ = ਹੁੰਦਾ ਹੈ ਤੇ ਸਗਲ = ਸਾਰੀ ਸਮਗ੍ਰੀ = ਬਿਭੂਤੀ ਗ੍ਰਿਹਿ = ਘਰ ਵਿਚ ਪ੍ਰਗਟਿ = ਪ੍ਰਤੱਖ ਹੀ ਸਾਫ਼ ਦਿਖਾਤ = ਦਿੱਸਦੀ ਹੈ।

ਓਤਿ ਪੋਤਿ ਜੋਤਿ ਹੋਤ, ਕਾਰਜ ਬਾਛਤ ਸਿਧਿ;
ਆਨੰਦ ਬਿਨੋਦ ਸੁਖ ਸਹਜਿ ਬਿਹਾਤ ਹੈ॥

ਇਉਂ ਦੀਵੇ ਦੀ ਘਰ ਦੇ ਓਤਿ ਪੋਤਿ = ਅੰਦਰ ਬਾਹਰ ਜੋਤਿ = ਜੋਤੀ ਪ੍ਰਕਾਸ਼ ਹੋਇਆਂ ਸਾਰੇ ਮਨ ਬਾਛਤ = ਭਾਉਂਦੇ ਕਾਰਜ = ਕੰਮ ਸਿੱਧ ਹੋ ਜਾਂਦੇ ਹਨ, ਸਿਰੇ ਚੜ੍ਹ ਜਾਂਦੇ ਹਨ ਅਤੇ ਆਨੰਦ, ਬਿਨੋਦ = ਮੌਜ ਤੇ ਸੁਖ ਦੇ ਸਹਿਤ ਸਹਜਿ = ਸੁਤੇ-ਸਿਧ ਹੀ ਸਮਾਂ ਬਿਹਾਤ = ਬਤੀਤ ਹੁੰਦਾ ਹੈ।

ਲਾਲਚ ਲੁਭਾਇ ਰਸ ਲੁਭਿਤ ਨਾਨਾ ਪਤੰਗ;
ਬੁਝਤ ਹੀ ਅੰਧਕਾਰ ਭਏ ਅਕੁਲਾਤ ਹੈ॥

ਦੀਵੇ ਦੀ ਲਾਟ ਉੱਪਰ ਲਾਲਚ ਦੇ ਰਸ = ਸੁਆਦ ਵਿਚ ਲੁਭਾਇ = ਲੁਭਾਇਮਾਨ ਹੋ ਕੇ ਨਾਨਾ = ਅਨੇਕਾਂ ਪਤੰਗ = ਪਰਵਾਨੇ ਲੁਭਿਤ = ਲੁਭਾਇਮਾਨ (ਮਸਤ) ਹੁੰਦੇ ਹਨ ਅਤੇ ਦੀਵੇ ਦੇ ਬੁਝਤ = ਬੁਝਦਿਆਂ ਹੀ ਅੰਧਕਾਰ = ਹਨੇਰਾ ਭਏ = ਹੋ ਜਾਂਦਾ ਹੈ ਅਤੇ ਪਰਵਾਨਾ ਹਨੇਰਾ ਹੋਣ ਤੋਂ ਅਕੁਲਾਤ = ਵਿਆਕੁਲ, ਦੁਖੀ ਹੁੰਦਾ ਹੈ।

ਤੈਸੇ ਬਿਦਮਾਨਿ ਜਾਨੀਐ ਨ ਮਹਿਮਾ ਮਹਾਂਤ;
ਅੰਤਿਰੀਛ ਭਏ ਪਾਛੇ ਲੋਗ ਪਛੁਤਾਤ ਹੈ॥੩੫੦॥

ਤੈਸੇ = ਉਸੇ ਪ੍ਰਕਾਰ ਹੀ ਗੁਰਾਂ ਦੇ ਬਿਦਮਾਨਿ = ਪ੍ਰਗਟ ਹੁੰਦਿਆਂ ਹੋਇਆਂ ਸੰਸਾਰ ਉੱਤੇ ਸਤਿਗੁਰਾਂ ਦੀ ਮਹਿਮਾ = ਉਪਮਾ ਦੇ ਮਹਾਂਤ = ਮਹਾਤਮ ਨੂੰ ਜਾਨੀਐ = ਪਛਾਣੀਦਾ ਨ = ਨਹੀਂ ਹੈ, ਪਰੰਤੂ ਜਦ ਗੁਰੂ ਸਾਹਿਬ ਜੀ ਅੰਤਿਰੀਛ = ਅੰਤਰ ਧਿਆਨ, ਅਲੋਪ ਭਏ = ਹੋ ਜਾਂਦੇ ਹਨ ਤਾਂ ਪਾਛੇ = ਪਿੱਛੋਂ ਲੋਗ = ਲੋਕ ਪਛੁਤਾਤ = ਪਛਤਾਉਣਾ ਕਰਦੇ ਹੈ = ਹਨ॥੩੫੦॥

ਜੈਸੇ ਦੀਪ ਦਿਪਤ ਮਹਾਤਮੈ ਨ ਜਾਨੈ ਕੋਊ;
ਬੁਝਤ ਹੀ ਅੰਧਕਾਰ ਭਟਕਤ ਰਾਤ ਹੈ॥

ਜੈਸੇ = ਜਿਸ ਪ੍ਰਕਾਰ ਦੀਪ = ਦੀਵੇ ਦੇ ਦਿਪਤ = ਜਗਦਿਆਂ ਹੋਇਆਂ ਦੀਵੇ ਦੇ ਮਹਾਤਮੈ = ਪ੍ਰਤਾਪ

(ਲਾਭ) ਨੂੰ ਕੋਊ = ਕੋਈ ਵੀ ਜਾਨੈ = ਜਾਣਦਾ ਨ = ਨਹੀਂ ਹੈ ਅਤੇ ਜਦ ਦੀਵਾ ਬੁਝਤ = ਬੁਝਦਾ ਹੈ ਤਦ ਸਾਰੇ ਪਾਸੇ ਹੀ ਅੰਧਕਾਰ = ਹਨੇਰਾ ਹੋ ਜਾਂਦਾ ਹੈ ਤੇ ਰਾਤ = ਰਾਤਰੀ ਦੇ ਹਨੇਰੇ ਵਿਚ ਇਧਰ ਉਧਰ ਭਟਕਤ = ਭਟਕਣਾ ਕਰੀਦਾ ਹੈ ਫਿਰ ਬਾਅਦ ਵਿਚ ਮਾਲੂਮ ਹੁੰਦਾ ਹੈ ਕਿ ਚਾਨਣ ਦੀ ਕੀ ਕਦਰ ਹੈ।

ਜੈਸੇ ਦ੍ਰੁਮ ਆਂਗਨਿ ਅਛਿਤ ਮਹਿਮਾ ਨ ਜਾਨੈ;
ਕਟਤ ਹੀ ਛਾਂਹਿ ਬੈਠਬੇ ਕਉ ਬਿਲਲਾਤ ਹੈ॥

ਜੈਸੇ = ਜਿਸ ਪ੍ਰਕਾਰ ਆਂਗਨਿ = ਵਿਹੜੇ ਵਿਚ ਦ੍ਰੁਮ = ਬ੍ਰਿਛ ਅਛਿਤ = ਹੁੰਦਿਆਂ ਹੋਇਆਂ ਉਸ ਦੀ ਮਹਿਮਾ = ਕਦਰ ਨ = ਨਹੀਂ ਜਾਨੈ = ਜਾਣੀਦੀ ਪਰ ਬ੍ਰਿਛ ਦੇ ਕਟਤ = ਕੱਟਦਿਆਂ ਹੀ ਫੇਰ ਛਾਂਹਿ = ਛਾਵੇਂ ਬੈਠਬੇ = ਬੈਠਣ ਕਉ = ਵਾਸਤੇ ਬਿਲਲਾਤ = ਵਿਆਕੁਲ (ਦੁਖੀ) ਹੋਈਦਾ ਹੈ।

ਜੈਸੇ ਰਾਜਨੀਤਿ ਬਿਖੈ ਚੈਨ ਹੁਇ ਚਤੁਰ ਕੂੰਟ;
ਛਤ੍ਰ ਢਾਲਾ ਚਾਲ ਭਏ ਜਤ੍ਰ ਕਤ੍ਰ ਜਾਤ ਹੈ॥

ਜੈਸੇ = ਜਿਸ ਪ੍ਰਕਾਰ ਰਾਜਨੀਤਿ = ਰਾਜੇ ਦੀ ਨੀਤੀ, ਰਾਜ ਸ਼ਾਸਨ ਬਿਖੈ = ਵਿਚ ਰਹਿੰਦਿਆਂ ਚਤੁਰ = ਚਾਰੇ ਕੂੰਟ = ਪਾਸੇ ਚੈਨ = ਸ਼ਾਂਤੀ ਹੁਇ = ਹੁੰਦੀ ਹੈ ਭਾਵ ਸੁਖ ਹੁੰਦਾ ਹੈ ਅਤੇ ਜਦ ਰਾਜਾ ਛਤ੍ਰ ਦੀ ਢਾਲਾ = ਓਟ ਦੇ ਚਾਲ = ਚਲਾਇਮਾਨ ਭਏ = ਹੋਏ ਤੋਂ ਭਾਵ ਰਾਜਗੱਦੀ ਦੀ ਗੜਬੜ ਹੋਇਆਂ ਪਰਜਾ ਜਤ੍ਰ ਕਤ੍ਰ = ਇਧਰ ਉਧਰ ਜਾਤ = ਜਾਣਾ ਕਰਦੀ ਹੈ ਭਾਵ ਪਰਜਾ ਰਾਜ ਮਰਯਾਦਾ ਨੂੰ ਛੱਡ ਜਾਂਦੀ ਹੈ ਤੇ ਦੁਖੀ ਹੁੰਦੀ ਹੈ।

ਤੈਸੇ ਗੁਰ ਸਿਖ ਸਾਧ ਸੰਗਮ ਜੁਗਤਿ ਜਗਿ;
ਅੰਤਿਰੀਛ ਭਏ ਪਾਛੇ ਲੋਗ ਪਛੁਤਾਤ ਹੈ॥੩੫੧॥

ਤੈਸੇ = ਉਸੇ ਤਰ੍ਹਾਂ ਹੀ ਗੁਰੂ ਕੇ ਸਿੱਖਾਂ ਦੀ ਸਾਧ ਸੰਗਤ ਸੰਗਮ = ਨਾਲ ਜਗਿ = ਸੰਸਾਰ ਵਿਚ ਜੁਗਤਿ = ਜੁੜਨ ਦੀ ਯੁਕਤੀ ਹੈ ਜਦ ਗੁਰੂ ਅੰਤਿਰੀਛ = ਅਲੋਪ, ਅੰਤਰ ਧਿਆਨ ਭਏ = ਹੋ ਜਾਵੇ ਤਦ ਪਾਛੇ = ਪਿੱਛੋਂ ਲੋਗ = ਲੋਕ ਪਛੁਤਾਤ = ਪਛਤਾਉਂਦੇ ਹੈ = ਹਨ॥੩੫੧॥

ਜਉ ਪੈ ਜਾਨੈ ਅਨੂਪ ਰੂਪ ਦ੍ਰਿਗਨ ਕੈ ਦੇਖੀਅਤ;
ਲੋਚਨ ਅਛਤ ਅੰਧ ਕਾਹੇ ਨ ਪੇਖਹੀ॥

ਜਉ = ਜੇਕਰ ਕੋਈ ਜਾਨੈ = ਜਾਨਣਾ ਕਰੇ ਕਿ ਦ੍ਰਿਗਨ = ਨੇਤਰਾਂ ਕੈ = ਕਰਕੇ ਹੀ ਅਨੂਪ = ਸੁੰਦਰ ਰੂਪ = ਸਰੂਪ ਦੇਖੀਅਤ = ਦੇਖਣਾ ਕਰੀਦਾ ਹੈ ਤਾਂ ਲੋਚਨ = ਨੇਤਰਾਂ ਦੇ ਅਛਤ = ਹੁੰਦਿਆਂ ਵੀ ਅੰਧ = ਅੰਨ੍ਹਾ ਪੁਰਖ ਕਾਹੇ = ਕਿਉਂ ਨ = ਨਹੀਂ ਪੇਖਹੀ = ਦੇਖਣਾ ਕਰਦਾ।

ਜਉ ਜਾਨੈ ਸਬਦ ਰਸ ਰਸਨਾ ਬਖਾਨੀਅਤ;
ਜਿਹਬਾ ਅਛਤ ਕਤ ਗੁੰਗ ਨ ਸਰੇਖ ਹੀ॥

ਜਉ = ਜੇਕਰ ਕੋਈ ਜਾਨੈ = ਜਾਨਣਾ ਕਰੇ ਕਿ ਰਸਨਾ = ਜੀਭ ਨਾਲ ਰਸਦਾਇਕ, ਮਿੱਠਾ ਸਬਦ = ਬੋਲ

ਬਖਾਨੀਅਤ = ਕਥਨ ਕਰੀਦਾ ਹੈ ਤਾਂ ਜਿਹਬਾ = ਜੀਭ ਦੇ ਅਛਤ = ਹੁੰਦਿਆਂ ਗੁੰਗ = ਗੂੰਗਾ ਪੁਰਖ ਕਤ = ਕਿਉਂ ਨ = ਨਹੀਂ ਸਰੇਖ ਹੀ = ਬਚਨ ਕਹਿ ਸਕਦਾ।

ਜਉ ਪੈ ਜਾਨੈ ਰਾਗ ਨਾਦ ਸੁਨੀਅਤ ਸ੍ਵਨ ਕੈ;
ਸ੍ਵਨ ਸਹਤ ਕਿਉ ਬਹਰੋ ਬਿਸੇਖ ਹੀ॥

ਜਉ = ਜੇਕਰ ਕੋਈ ਜਾਨੈ = ਜਾਨਣਾ ਕਰੇ ਕਿ ਸ੍ਵਨ = ਕੰਨਾਂ ਕੈ = ਕਰਕੇ ਰਾਗ ਨਾਦ ਨੂੰ ਸੁਨੀਅਤ = ਸੁਣਨਾ ਕਰੀਦਾ ਹੈ ਤਾਂ ਫੇਰ ਸ੍ਵਨ = ਕੰਨ ਦੇ ਸਹਤ = ਸਮੇਤ ਹੁੰਦਿਆਂ ਹੀ = ਵੀ ਬਿਸੇਖ = ਵਿਸ਼ੇਸ਼ ਕਰਕੇ ਬਹਰੋ = ਬੋਲ਼ਾ ਪੁਰਖ ਕਿਉਂ ਹੁੰਦਾ ਹੈ **ਵਾ:** ਬੋਲ਼ੇ ਪੁਰਖ ਕੰਨ ਦੇ ਹੁੰਦਿਆਂ ਵੀ ਉਸ ਵਿਚ ਬਿਸੇਖ = ਫ਼ਰਕ ਹੁੰਦਾ ਹੈ ਭਾਵ ਦੂਸਰੇ ਸਭਨਾਂ ਨੂੰ ਸੁਣਦਾ ਹੈ ਤੇ ਬੋਲ਼ੇ ਪੁਰਖ ਦੇ ਕੰਨ ਹੁੰਦਿਆਂ ਵੀ ਉਸ ਨੂੰ ਸੁਣਦਾ ਨਹੀਂ ਹੈ।

ਨੈਨ ਜਿਹਵਾ ਸ੍ਵਨ ਕੋ ਨ ਕਛੂਐ ਬਸਾਇ;
ਸਬਦ ਸੁਰਤਿ ਸੋ ਅਲੇਖ ਲੇਖ ਲੇਖ ਹੀ॥੩੫੨॥

ਨੈਨ = ਨੇਤਰ, ਜਿਹਵਾ = ਜੀਭ, ਸ੍ਵਨ = ਕੰਨ ਸਬਦ = ਆਵਾਜ਼, ਸੁਰਤਿ = ਸ੍ਰੋਤ ਆਦਿ ਕੋ = ਕੋਈ ਵੀ ਇੰਦਰਾ ਹੋਵੇ, ਉਸ ਦੇ ਕਛੂਐ = ਕੁਝ ਵੀ ਬਸਾਇ = ਵੱਸ ਨ = ਨਹੀਂ ਹੁੰਦਾ, ਜੋ ਕੁਝ ਸੋ = ਉਸ ਅਲੇਖ = ਲੇਖੇ ਜੋਖੇ ਤੋਂ ਰਹਿਤ ਪਰਮੇਸ਼ਰ ਨੇ ਜੀਵਾਂ ਦੇ ਲੇਖਾਂ, ਕਰਮਾਂ ਵਿਚ ਲਿਖ ਦਿੱਤਾ ਹੈ, ਉਸ ਲੇਖ ਦੇ ਅਨੁਸਾਰ ਹੀ ਹੁੰਦਾ ਹੈ॥੩੫੨॥

ਜਨਨੀ ਜੁਗਤ ਕਰਿ ਜੁਗਵੈ ਜਠਰ ਰਾਖੈ;
ਤਾ ਤੇ ਪਿੰਡ ਪੂਰਨ ਹੁਇ ਸੁਤ ਜਨਮਤ ਹੈ॥

ਜਨਨੀ = ਮਾਤਾ ਜੁਗਤ = ਢੰਗ ਨਾਲ ਜੁਗਵੈ = ਸੰਭਾਲ ਸੰਭਾਲ ਕੇ ਜਠਰ = ਪੇਟ ਵਿਚ ਪੁੱਤਰ ਦੀ ਰਾਖੈ = ਰੱਖਿਆ ਕਰਦੀ ਹੈ **ਵਾ:** ਦਿਨਾਂ ਨੂੰ ਗਿਣ ਗਿਣ ਕੇ ਗਰਭ ਦੀ ਪਾਲਣਾ ਕਰਦੀ ਹੈ ਤਾ = ਤਿਸ (ਰਕਤ ਤੇ ਬੀਰਜ) ਤੇ = ਤੋਂ ਪੂਰਨ = ਪੂਰਾ ਪਿੰਡ = ਸਰੀਰ ਬਣ ਕੇ ਸੁਤ = ਪੁੱਤਰ ਜਨਮਤ = ਜੰਮਦਾ ਹੈ।

ਬਹੁਰਿਓ ਅਖਾਦਿ ਖਾਦਿ ਸੰਜਮ ਸਹਿਤ ਰਹੈ;
ਤਾਹੀ ਤੇ ਪੈ ਪੀਅਤ ਅਰੋਗਪਨ ਪਤ ਹੈ॥

ਉਪਰੰਤ ਬਹੁਰਿਓ = ਫੇਰ ਅਖਾਦਿ = ਨਾ ਖਾਣੇ ਲਾਇਕ ਭੋਜਨ ਨੂੰ ਖਾਦਿ = ਖਾਣ ਤੋਂ ਮਨ ਨੂੰ ਹਰ ਵਕਤ ਸੰਜਮ = ਰੋਕ ਕੇ ਰਹੈ = ਰਹਿੰਦੀ ਹੈ **ਵਾ:** ਇਹ ਅਖਾਦਿ = ਖਾਣੇ ਯੋਗ ਨਹੀਂ ਹੈ ਤੇ ਇਹ ਖਾਣੇ ਯੋਗ ਹੈ, ਇਉਂ ਸੰਜਮ ਸਹਿਤ = ਸਮੇਤ ਰਹਿੰਦੀ ਹੈ, ਤਾਹੀ = ਉਸੇ ਤੇ = ਤੋਂ ਪੁੱਤਰ ਪੈ = ਦੁੱਧ ਪੀਅਤ = ਪੀ ਕੇ ਅਰੋਗਪਨ = ਅਰੋਗਤਾ ਨੂੰ ਪਤ = ਪ੍ਰਾਪਤ ਕਰਦਾ ਹੈ।

ਮਲਮੂਤ੍ਰ ਧਾਰ ਕੋ ਬਿਚਾਰ ਨ ਬਿਚਾਰੈ ਚਿਤ;
ਕਰੈ ਪ੍ਰਤਿਪਾਲ ਬਾਲੁ, ਤਊ ਤਨ ਗਤ ਹੈ॥

ਬੱਚੇ ਦੇ ਮਲਮੂਤ੍ਰ = ਮੈਲ ਮੂਤ ਧਾਰ = ਧਾਰਣ ਵਾਲਾ ਹੋਣ ਦੀ ਕੋ = ਕੋਈ ਬਿਚਾਰ = ਸੋਚ ਚਿੱਤ ਵਿਚ

ਨ = ਨਹੀਂ ਬਿਚਾਰੈ = ਵਿਚਾਰਨਾ ਕਰਦੀ, ਸਗੋਂ ਬਾਲੁ = ਬੱਚੇ ਦੀ ਸਾਫ਼ ਸਫ਼ਾਈ ਰੱਖਦੀ ਹੋਈ ਚੰਗੀ ਤਰ੍ਹਾਂ ਪ੍ਰਤਿਪਾਲ = ਪਾਲਣ ਪੋਸ਼ਣ ਕਰਦੀ ਹੈ ਤਉ = ਤਦ ਹੀ ਬੱਚਾ ਆਪਣੇ ਤਨ = ਸਰੀਰ ਦੀ ਰਿਸ਼ਟ ਪੁਸ਼ਟੀ ਗਤਿ = ਪ੍ਰਾਪਤ ਕਰਦਾ ਹੈ।

ਤੈਸੇ ਅਰਭਕ ਰੂਪ ਸਿਖ ਹੈ ਸੰਸਾਰ ਮਧਿ;
ਸ੍ਰੀ ਗੁਰ ਦਇਆਲ ਕੀ ਦਇਆ ਕੈ ਸਨ ਗਤ ਹੈ ॥੩੫੩॥

ਤੈਸੇ = ਉਸੇ ਪ੍ਰਕਾਰ ਸੰਸਾਰ = ਜਗਤ ਮਧਿ = ਵਿਚ ਅਰਭਕੁ = ਛੋਟੇ ਬਾਲਕ ਦੇ ਰੂਪ ਵਤ ਗੁਰੂ ਕਾ ਸਿੱਖ ਹੈ **ਵਾ:** ਸਿੱਖ ਬਾਲਕ ਰੂਪ = ਸਰੂਪ ਹੁੰਦਾ ਹੈ ਤੇ ਮਾਤਾ ਸਮਾਨ ਸ੍ਰੀ = ਸੁਭਾਇਮਾਨ ਦਇਆਲ = ਮਿਹਰ ਦੇ ਘਰ ਪੂਰੇ ਗੁਰ = ਸਤਿਗੁਰੂ ਕੀ = ਦੀ ਦਇਆ = ਮਿਹਰ ਕੈ = ਕਰਕੇ ਸਿੱਖ ਸਨ = ਸਹਿਤ ਗਤ = ਕਲਿਆਣ ਦੇ ਹੋ ਜਾਂਦਾ ਹੈ **ਵਾ:** ਸਨ = ਸਹਿਤ ਸਰੀਰ ਦੇ ਉੱਚ ਪਦਵੀ ਨੂੰ ਗਤ = ਪ੍ਰਾਪਤ ਕਰ ਲੈਂਦਾ ਹੈ ॥੩੫੩॥

ਜੈਸੇ ਤਉ ਜਨਨੀ ਖਾਨ ਪਾਨ ਕਉ ਸੰਜਮੁ ਕਰੈ;
ਤਾ ਤੇ ਸੁਤ ਰਹੈ ਨਿਰਬਿਘਨ ਅਰੋਗ ਜੀ ॥

ਤਉ = ਫੇਰ ਜੈਸੇ = ਜਿਸ ਪ੍ਰਕਾਰ ਜਨਨੀ = ਮਾਤਾ ਮਾੜੇ ਖਾਨ = ਖਾਣ ਪਾਨ = ਪੀਣ ਵਾਲੇ ਪਦਾਰਥ ਕਉ = ਦੇ ਵੱਲੋਂ ਸੰਜਮੁ = ਪ੍ਰਹੇਜ਼ ਕਰੈ = ਕਰਦੀ ਹੈ ਤਾਂ ਉਸ (ਮਾਤਾ) ਦੇ ਪਰਹੇਜ਼ ਕਰਨ ਤੇ = ਤੋਂ ਉਸ ਦਾ ਸੁਤ = ਪੁੱਤਰ ਨਿਰਬਿਘਨ = ਵਿਘਨਾਂ ਤੋਂ ਰਹਿਤ ਤੇ ਅਰੋਗ = ਰੋਗਾਂ ਤੋਂ ਰਹਿਤ ਰਹਿੰਦਾ ਹੈ ਜੀ।

ਜੈਸੇ ਰਾਜਨੀਤਿ ਰੀਤਿ ਚਕ੍ਰਵੈ ਚੈਤੰਨ ਰੂਪ;
ਤਾ ਤੇ ਨਿਹਚਿੰਤ ਨਿਰਭੈ ਬਸਤ ਲੋਗ ਜੀ ॥

ਜੈਸੇ = ਜਿਸ ਪ੍ਰਕਾਰ ਰਾਜਨੀਤਿ = ਰਾਜੇ ਦੀ ਨੀਤੀ **ਵਾ:** ਰਾਜ ਸ਼ਾਸਨ ਦੀ ਰੀਤਿ = ਮਰਯਾਦਾ ਵਿਚ ਚਕ੍ਰਵੈ = ਚੱਕਰਵਰਤੀ ਰਾਜਾ ਚੈਤੰਨ ਰੂਪ = ਸੁਚੇਤ ਸਰੂਪ ਭਾਵ ਸਾਵਧਾਨ ਰਹਿੰਦਾ ਹੈ ਤਾ = ਉਸ ਰਾਜੇ ਦੇ ਚੰਗੇ ਰਾਜ ਪ੍ਰਬੰਧਕ ਹੋਣ ਤੇ = ਤੋਂ ਪਰਜਾ ਦੇ ਲੋਗ = ਲੋਕ ਨਿਹਚਿੰਤ = ਚਿੰਤਾ ਤੋਂ ਰਹਿਤ ਤੇ ਨਿਰਭੈ = ਡਰ ਤੋਂ ਰਹਿਤ ਬਸਤ = ਵੱਸਦੇ ਹਨ ਜੀ।

ਜੈਸੇ ਕਰੀਆ ਸਮੁੰਦ੍ਰ ਬੋਹਿਥ ਮੈ ਸਾਵਧਾਨ;
ਤਾ ਤੇ ਪਾਰਿ ਪਹੁੰਚਤ ਪਥਿਕ ਅਸੋਗ ਜੀ ॥

ਜੈਸੇ = ਜਿਸ ਪ੍ਰਕਾਰ ਕਰੀਆ = ਮਲਾਹ ਸਮੁੰਦ੍ਰ = ਸਾਗਰ ਮੈ = ਵਿਚ ਚੱਲਦੇ ਬੋਹਿਥ = ਜਹਾਜ਼ ਵਿਚ ਸਾਵਧਾਨ = ਸੁਚੇਤ ਹੋਵੇ ਤਾਂ ਤਾ = ਉਸ ਤੇ = ਤੋਂ ਪਥਿਕ = ਪਾਂਧੀ, ਮੁਸਾਫ਼ਰ ਲੋਕ ਬਿਨਾਂ ਕਿਸੇ ਦੁੱਖ ਤਕਲੀਫ਼ ਦੇ ਅਸੋਗ = ਗ਼ਮ ਤੋਂ ਰਹਿਤ ਪਾਰ ਹੋ ਕੇ ਪਹੁੰਚਤ = ਅੱਪੜ ਜਾਂਦੇ ਹਨ।

ਤੈਸੇ ਗੁਰ ਪੂਰਨ ਬ੍ਰਹਮ ਗਿਆਨ ਧਿਆਨ ਲਿਵ;
ਤਾਂ ਤੇ ਨਿਰਦੋਖ ਸਿਖ ਨਿਜ ਪਦ ਜੋਗ ਜੀ ॥੩੫੪॥

ਤੈਸੇ = ਉਸੇ ਤਰ੍ਹਾਂ ਆਪ ਗੁਰ = ਸਤਿਗੁਰੂ ਜੀ ਪੂਰਨ = ਪੂਰੇ ਬ੍ਰਹਮ = ਪਰਮੇਸ਼ਰ ਦੇ ਗਿਆਨ ਧਿਆਨ

ਵਿਚ ਚਿੱਤ ਦੀ ਲਿਵ = ਬਿਰਤੀ ਲਾਉਣ ਵਾਲੇ ਹੋਣ **ਵਾ:** ਗੁਰੂ ਸਾਹਿਬ ਜੀ ਸਿੱਖ ਨੂੰ ਉਪਦੇਸ਼ ਦੇ ਕੇ ਉਸ ਦੀ ਬਿਰਤੀ ਬ੍ਰਹਮ = ਪਰਮੇਸ਼ਰ ਦੀ ਪ੍ਰਾਪਤੀ ਵਾਲੇ ਗਿਆਨ ਧਿਆਨ ਵਿਚ ਲਾਉਣ ਵਾਲੇ ਹੋਣ, ਤਾਂ ਫੇਰ ਤਾ = ਉਸ ਗੁਰਾਂ ਨੂੰ ਧਾਰਨ ਕਰਨ ਤੇ = ਤੋਂ ਸਿੱਖ ਨਿਰਦੋਖ = ਦੂਸ਼ਣਾਂ ਤੋਂ ਰਹਿਤ ਹੋ ਕੇ ਨਿਜ = ਆਪਣੇ ਸਰੂਪ ਰੂਪੀ ਪਦ = ਮਰਤਬੇ ਦੇ ਜੋਗ = ਲਾਇਕ ਬਣ ਜਾਂਦਾ ਹੈ॥੩੫੪॥

ਜਨਨੀ ਸੁਤਹਿ ਜਉ ਧਿਕਾਰ ਮਾਰਿ ਪਿਆਰੁ ਕਰੈ;
ਪਿਆਰ ਝਿਰਕਾਰ ਦੇਖਿ ਸਕਤ ਨ ਆਨ ਕੋ॥

ਜਨਨੀ = ਮਾਤਾ ਜਉ = ਜੇਕਰ ਸੁਤਹਿ = ਪੁੱਤਰ ਨੂੰ ਧਿਕਾਰ = ਅਪਮਾਨਜਨਕ ਸ਼ਬਦ ਬੋਲਦੀ ਹੈ ਤੇ ਮਾਰਿ = ਮਾਰਨਾ ਵੀ ਕਰਦੀ ਹੈ **ਵਾ:** ਝਿੜਕ ਕੇ ਮਾਰਦੀ ਹੈ ਤੇ ਮੁੜ ਪਿਆਰੁ = ਸਨੇਹ ਵੀ ਕਰੈ = ਕਰਦੀ ਹੈ, ਪਰੰਤੂ ਜੇਕਰ ਕੋ = ਕੋਈ ਆਨ = ਹੋਰ ਦੂਸਰਾ ਉਸ ਬੱਚੇ ਨਾਲ ਪਿਆਰ = ਸਨੇਹ ਕਰੇ ਤੇ ਫੇਰ ਝਿਰਕਾਰ = ਝਿੜਕਣਾ ਕਰੇ **ਵਾ:** ਪਿਆਰ ਦੇ ਝਿੜਕਣੇ ਨੂੰ ਵੀ ਦੇਖਿ = ਵੇਖ ਨ = ਨਹੀਂ ਸਕਤ = ਸਕਦੀ।

ਜਨਨੀ ਕੋ ਪਿਆਰੁ ਅਉ ਧਿਕਾਰ ਉਪਕਾਰ ਹੇਤ;
ਆਨ ਕੋ ਧਿਕਾਰ ਪਿਆਰ ਹੈ ਬਿਕਾਰ ਪ੍ਰਾਨ ਕੋ॥

ਕਿਉਂਕਿ ਜਨਨੀ = ਮਾਤਾ ਕੋ = ਦਾ ਪਿਆਰੁ = ਸਨੇਹ ਅਉ = ਅਤੇ ਧਿਕਾਰ = ਫਿਟਕਾਰ, ਝਿੜਕਣਾ ਬੱਚੇ ਦੇ ਉਪਕਾਰ = ਭਲੇ ਹੇਤ = ਵਾਸਤੇ ਹੁੰਦਾ ਹੈ ਪਰੰਤੂ ਆਨ = ਦੂਸਰੇ ਕੋ = ਦਾ ਧਿਕਾਰ = ਫਿਟਕਾਰਨਾ ਤੇ ਪਿਆਰ = ਸਨੇਹ ਉਸ ਦੇ ਪ੍ਰਾਣਾਂ ਕੋ = ਦਾ ਬਿਕਾਰ ਰੂਪ ਹੈ, ਦੁਖਦਾਈ ਰੂਪ ਹੈ ਭਾਵ ਦੂਸਰੇ ਦੇ ਅੰਦਰ ਉਹ ਦਰਦ ਨਹੀਂ ਹੁੰਦਾ, ਜੋ ਮਾਤਾ ਦੇ ਅੰਦਰ ਹੁੰਦਾ ਹੈ।

ਜੈਸੇ ਜਲ ਅਗਨਿ ਮੈ ਪਰੈ, ਬੂਡ ਮਰੈ ਜਰੈ;
ਤੈਸੇ ਕ੍ਰਿਪਾ ਕ੍ਰੋਪ ਆਨ ਬਨਿਤਾ ਅਗਿਆਨ ਕੋ॥

ਜੈਸੇ = ਜਿਸ ਪ੍ਰਕਾਰ ਜਲ = ਪਾਣੀ ਵਿਚ ਪਰੈ = ਪਿਆਂ, ਕੁੱਦਿਆਂ ਬੂਡ = ਡੁੱਬ ਕੇ ਮਰੈ = ਮਰ ਜਾਈਦਾ ਹੈ ਅਤੇ ਅਗਨਿ = ਅੱਗ ਮੈ = ਵਿਚ ਪਰੈ = ਪਿਆਂ ਜਰੈ = ਸੜ ਜਾਈਦਾ ਹੈ, ਤੈਸੇ = ਉਸੇ ਤਰ੍ਹਾਂ ਹੀ ਮਾਤਾ ਦਾ ਬੱਚੇ ਉੱਪਰ ਕ੍ਰੋਪ = ਗ਼ੁੱਸਾ ਕਰਨਾ ਕ੍ਰਿਪਾ = ਮਿਹਰ ਦਾ ਕਾਰਨ ਹੈ ਅਤੇ ਆਨ = ਹੋਰ ਬਨਿਤਾ = ਇਸਤਰੀ ਦਾ ਕ੍ਰੋਧ ਅਗਿਆਨਤਾਈ ਕੋ = ਦਾ ਕਾਰਨ ਹੁੰਦਾ ਹੈ।

ਤੈਸੇ ਗੁਰਸਿਖਨ ਕਉ ਜੁਗਵਤ ਜਤਨ ਕੈ;
ਦੁਬਿਧਾ ਨ ਬਿਆਪੈ ਪ੍ਰੇਮ ਪਰਮ ਨਿਧਾਨ ਕੋ॥੩੫੫॥

ਤੈਸੇ = ਉਸੇ ਤਰ੍ਹਾਂ ਹੀ ਗੁਰੂ ਸਾਹਿਬ ਜੀ ਗੁਰਸਿਖਨ = ਗੁਰਸਿੱਖਾਂ ਕਉ = ਨੂੰ ਪਰਮ = ਸ੍ਰੇਸ਼ਟ ਪ੍ਰੇਮ = ਸਨੇਹ ਦੇ ਨਿਧਾਨ = ਖ਼ਜ਼ਾਨੇ ਪਰਮੇਸ਼ਰ ਦੇ ਨਾਮ ਨਾਲ ਜਤਨ = ਉੱਦਮ ਕੈ = ਕਰਕੇ ਜੁਗਵਤ = ਜੋੜ ਦਿੰਦੇ ਹਨ, ਜਿਸ ਕਰਕੇ ਗੁਰਸਿੱਖਾਂ ਨੂੰ ਦੁਬਿਧਾ = ਦ੍ਵੈਤ-ਭਾਵਨਾ ਬਿਆਪੈ = ਪੋਹ ਨ = ਨਹੀਂ ਸਕਦੀ॥੩੫੫॥

ਜੈਸੇ ਕਰ ਗਹਤ ਸਰਪ ਸੁਤ ਪੇਖਿ ਮਾਤਾ;
ਕਹੈ ਨ ਪੁਕਾਰ, ਫੁਸਲਾਇ ਉਰ ਮੰਡ ਹੈ॥

ਜੈਸੇ = ਜਿਸ ਪ੍ਰਕਾਰ ਮਾਤਾ = ਮਾਂ ਆਪਣੇ ਸੁਤ = ਪੁੱਤਰ ਦੇ ਕਰ = ਹੱਥ ਵਿਚ ਸਰਪ = ਸੱਪ ਗਹਤ = ਪਕੜਿਆ ਪੇਖਿ = ਵੇਖ ਕੇ ਪੁਕਾਰ = ਗੁਹਾਰ, ਚਾਂਗ ਮਾਰਦੀ ਹੋਈ ਉਸ ਨੂੰ ਕੁਝ ਕਹੈ = ਆਖਦੀ ਨ = ਨਹੀਂ ਹੈ ਭਾਵ ਬੱਚੇ ਨੂੰ ਬਹੁਤਾ ਰੌਲਾ ਪਾ ਕੇ ਕੁਝ ਕਹਿੰਦੀ ਨਹੀਂ ਹੈ ਕਿ ਕਿਤੇ ਸੱਪ ਡੰਗ ਨਾ ਮਾਰ ਦੇਵੇ, ਸਗੋਂ ਫੁਸਲਾਇ = ਝਾਂਸਾ ਦਿਲਾਸਾ ਦੇ ਕੇ ਉਸ ਨੂੰ ਮੰਡ = ਘੇਰ, ਟਾਲ ਕੇ ਉਰ = ਹਿਰਦੇ, ਛਾਤੀ ਨਾਲ ਲਾ ਲੈਣਾ ਕਰਦੀ ਹੈ।

ਜੈਸੇ ਬੈਦ ਰੋਗੀ ਪ੍ਰਤਿ ਕਹੈ ਨ ਬਿਥਾਰ ਬ੍ਰਿਥਾ;
ਸੰਜਮ ਕੈ ਅਉਖਦਿ ਖਵਾਇ ਰੋਗ ਡੰਡ ਹੈ॥

ਜੈਸੇ = ਜਿਸ ਪ੍ਰਕਾਰ ਬੈਦ = ਹਕੀਮ ਰੋਗੀ = ਬਿਮਾਰ ਪੁਰਖ ਪ੍ਰਤਿ = ਤਾਈਂ ਉਸ ਦੀ ਬ੍ਰਿਥਾ = ਪੀੜਾ ਨੂੰ ਬਿਥਾਰ = ਵਿਸਥਾਰ ਨਾਲ ਨ = ਨਹੀਂ ਕਹੈ = ਕਹਿੰਦਾ ਤਾਂ ਕਿ ਰੋਗੀ ਨਿਰਾਸਤਾ ਵਿਚ ਨਾ ਆ ਜਾਵੇ, ਪਰ ਸੰਜਮ = ਨਿਯਮ ਅਨੁਸਾਰ ਅਉਖਦਿ = ਦਵਾਈ ਖਵਾਇ = ਖੁਆ ਕੈ = ਕਰਕੇ ਉਸ ਦੇ ਰੋਗ ਨੂੰ ਡੰਡ = ਦੰਡ, ਦੂਰ ਕਰ ਦਿੰਦਾ ਹੈ।

ਜੈਸੇ ਭੂਲਿ ਚੂਕਿ[1] ਚਟੀਆ ਕੀ ਨ ਬੀਚਾਰੈ ਪਾਂਧਾ;
ਕਹਿ ਕਹਿ ਸੀਖਿਆ ਮੂਰਖਤ ਮਤਿ ਖੰਡ ਹੈ॥

ਜੈਸੇ = ਜਿਸ ਪ੍ਰਕਾਰ ਪਾਂਧਾ = ਪੜ੍ਹਾਉਣ ਵਾਲਾ ਅਧਿਆਪਕ ਆਪਣੇ ਚਟੀਆ = ਚਾਟੜਿਆਂ (ਵਿਦਿਆਰਥੀਆਂ) ਕੀ = ਦੀ ਭੂਲਿ = ਭੁੱਲ ਚੂਕਿ = ਚੁੱਕ ਨੂੰ ਬੀਚਾਰੈ = ਵਿਚਾਰਦਾ ਨ = ਨਹੀਂ ਹੈ, ਸਗੋਂ ਸੀਖਿਆ = ਸਿੱਖਿਆ ਦਾ ਪਾਠ ਕਹਿ ਕਹਿ = ਆਖ ਆਖ ਕੇ ਭਾਵ ਪੜ੍ਹਾ ਪੜ੍ਹਾ ਕੇ ਉਸ ਦੀ ਮੂਰਖਤ = ਬੇਸਮਝੀ ਵਾਲੀ ਮਤਿ = ਅਕਲ ਨੂੰ ਖੰਡ = ਖੰਡਨ ਭਾਵ ਨਾਸ਼ ਕਰ ਦਿੰਦਾ ਹੈ।

ਤੈਸੇ ਪੇਖਿ ਅਉਗੁਨ ਕਹੈ ਨ ਸਤਿਗੁਰ ਕਾਹੂ;
ਪੂਰਨ ਬਿਬੇਕ ਸਮਝਾਵਤ ਪ੍ਰਚੰਡ ਹੈ॥੩੫੬॥

ਤੈਸੇ = ਉਸੇ ਤਰ੍ਹਾਂ ਸਤਿਗੁਰ = ਸੱਚੇ ਗੁਰੂ ਸਾਹਿਬ ਜੀ ਵੀ ਕਾਹੂ = ਕਿਸੇ ਆਪਣੇ ਸਿੱਖ ਦੇ ਅਉਗੁਨ = ਗੁਨਾਹ ਨੂੰ ਪੇਖਿ = ਤੱਕ ਕੇ ਸਪੱਸ਼ਟ ਨ = ਨਹੀਂ ਕਹੈ = ਕਹਿੰਦੇ, ਸਗੋਂ ਪੂਰਨ = ਪੂਰੇ ਬਿਬੇਕ = ਵਿਚਾਰ ਨਾਲ ਸਮਝਾਵਤ = ਸਮਝਾ ਕੇ ਉਸ ਨੂੰ ਪ੍ਰਚੰਡ = ਤਿੱਖੇ ਭਾਵ ਤਿਆਰ-ਬਰ-ਤਿਆਰ ਜਾਂ ਤਿੱਖੇ, ਸ਼ੇਸ਼ਟ ਵਿਚਾਰ ਵਾਲਾ ਬਣਾ ਦੇਣਾ ਕਰਦੇ ਹੈ = ਹਨ॥੩੫੬॥

---

੧. ਜਿਹੜਾ ਕੰਮ ਨਹੀਂ ਕਰਨਾ ਚਾਹੀਦਾ ਸੀ, ਉਹ ਹੋ ਜਾਣਾ, ਇਸ ਦਾ ਨਾਮ 'ਭੁੱਲ' ਹੈ; ਜਿਹੜਾ ਕੰਮ ਕਰਨਾ ਚਾਹੀਦਾ ਸੀ, ਉਹ ਨਾ ਹੋਣਾ, ਇਸ ਦਾ ਨਾਮ 'ਚੂਕ' ਹੈ।

ਜੈਸੇ ਮਿਸਟਾਨ ਪਾਨ ਪੋਖਿ ਤੋਖਿ ਬਾਲਕਹਿ;
ਅਸਥਨ ਪਾਨ ਬਾਨਿ ਜਨਨੀ ਮਿਟਾਵਈ ॥

ਜੈਸੇ = ਜਿਸ ਪ੍ਰਕਾਰ ਮਾਤਾ ਮਿਸਟਾਨ = ਮਿੱਠੇ ਮਿੱਠੇ ਪਦਾਰਥ ਬਾਲਕਹਿ = ਬੱਚੇ ਨੂੰ ਖਵਾ ਪਾਨ = ਪਿਲਾ ਕੇ ਪੋਖਿ = ਪਾਲਦੀ ਤੇ ਤੋਖਿ = ਪ੍ਰਸੰਨ ਕਰਦੀ ਹੈ ਅਤੇ ਜਨਨੀ = ਮਾਤਾ ਉਸ ਨੂੰ ਆਪਣੇ ਅਸਥਨ ਵਿੱਚੋਂ ਨਿਕਲਣ ਵਾਲੇ ਦੁੱਧ ਨੂੰ ਪਾਨ = ਪੀਣ ਦੀ ਬਾਨਿ = ਆਦਤ ਮਿਟਾਵਈ = ਮਿਟਾ, ਹਟਾ ਲਿਆ ਕਰਦੀ ਹੈ।

ਮਿਸਰੀ ਮਿਲਾਇ ਜੈਸੇ ਅਉਖਦ ਖਵਾਵੈ ਬੈਦੁ;
ਮੀਠੋ ਕਰਿ ਖਾਤ ਰੋਗੀ, ਰੋਗਹਿ ਘਟਾਵਈ ॥

ਜੈਸੇ = ਜਿਸ ਪ੍ਰਕਾਰ ਬੈਦੁ = ਹਕੀਮ ਰੋਗੀ ਨੂੰ ਕੌੜੀ ਅਉਖਦ = ਦਵਾਈ ਵਿਚ ਮਿਸਰੀ ਮਿਲਾਇ = ਰਲਾ ਕੇ ਖਵਾਵੈ = ਖਵਾਉਂਦਾ ਹੈ ਅਤੇ ਰੋਗੀ = ਬਿਮਾਰ ਬੰਦਾ ਉਸ ਦਵਾਈ ਨੂੰ ਮੀਠੋ = ਮਿੱਠਾ ਸਮਝ ਕਹਿ = ਕਰ ਕੇ ਖਾਤ = ਖਾ ਜਾਂਦਾ ਹੈ ਤੇ ਆਪਣੇ ਰੋਗਹਿ = ਰੋਗ ਨੂੰ ਘਟਾਵਈ = ਘਟਾ, ਦੂਰ ਕਰ ਲੈਂਦਾ ਹੈ।

ਜੈਸੇ ਜਲੁ ਸੀਚਿ ਸੀਚਿ ਧਾਨਹਿ ਕ੍ਰਿਸਾਨ ਪਾਲੈ;
ਪਰਪਕ ਭਏ ਕਟਿ ਘਰ ਮੈ ਲਿਆਵਈ ॥

ਜੈਸੇ = ਜਿਸ ਪ੍ਰਕਾਰ ਕ੍ਰਿਸਾਨ = ਜ਼ਿਮੀਂਦਾਰ ਜਲੁ = ਪਾਣੀ ਸੀਚਿ ਸੀਚਿ = ਸਿੰਜ ਸਿੰਜ ਕੇ ਧਾਨਹਿ = ਧਾਨਾਂ ਦੇ ਖੇਤ ਨੂੰ ਪਾਲੈ = ਪਾਲਦਾ ਹੈ ਅਤੇ ਜਦ ਚੰਗੀ ਤਰ੍ਹਾਂ ਪਰਪਕ = ਪੱਕ ਕੇ ਵੱਢਣ ਵਾਲੀ ਭਏ = ਹੋ ਜਾਵੇ ਤਾਂ ਕਟਿ = ਵੱਢ ਕੇ ਆਪਣੇ ਘਰ = ਮਕਾਨ ਮੈ = ਵਿਚ ਲਿਆਵਈ = ਲਿਆਉਂਦਾ ਹੈ।

ਤੈਸੇ ਗੁਰ ਕਾਮਨਾ ਪੁਜਾਇ, ਨਿਹਕਾਮ ਕਰਿ;
ਨਿਜ ਪਦ ਨਾਮੁ ਧਾਮੁ ਸਿਖੈ ਪਹੁਚਾਵਈ ॥੩੫੭॥

ਤੈਸੇ = ਉਸੇ ਪ੍ਰਕਾਰ ਹੀ ਗੁਰ = ਸਤਿਗੁਰੂ ਸਾਹਿਬ ਜੀ ਆਪਣੇ ਸਿੱਖ ਦੀਆਂ ਕਾਮਨਾ = ਇੱਛਾਵਾਂ ਪੁਜਾਇ = ਪੂਰੀਆਂ ਕਰ ਕੇ ਫੇਰ ਉਸ ਨੂੰ ਨਿਹਕਾਮ = ਕਾਮਨਾ ਤੋਂ ਰਹਿਤ ਕਰਿ = ਕਰਦੇ ਹਨ ਅਤੇ ਸਿਖੈ = ਸਿੱਖ ਨੂੰ ਨਿਜ = ਆਪਣੇ ਸਰੂਪ ਰੂਪੀ ਪਦ = ਪਦਵੀ ਨਾਮ ਵਾਲੀ ਦੇ ਧਾਮੁ = ਘਰ ਨੂੰ ਪਹੁਚਾਵਈ = ਪਹੁੰਚਾ ਦਿੰਦੇ ਹਨ ॥੩੫੭॥

ਗਿਆਨ ਧਿਆਨ ਪ੍ਰਾਨ ਸੁਤ ਰਾਖਤ ਜਨਨੀ ਪ੍ਰਤਿ;
ਅਵਗੁਨ ਗੁਨ ਮਾਤਾ ਚਿਤ ਮੈ ਨ ਚੇਤ ਹੈ ॥

(ਪਾਠਾਂਤ੍ਰ 'ਅਵਗੁਨ ਗੁਨ ਪੇਖਿ')

ਜਿਸ ਪ੍ਰਕਾਰ ਸੁਤ = ਪੁੱਤਰ ਆਪਣੀ ਗਿਆਨ = ਗਿਆਤ, ਸਮਝ, ਧਿਆਨ = ਖ਼ਿਆਲ ਤੇ ਆਪਣੀ ਪ੍ਰਾਨ = ਜਾਨ ਦੀ ਰਾਖਤ = ਰੱਖਿਆ, ਪ੍ਰਤਿਪਾਲਣਾ ਨੂੰ ਆਪਣੀ ਜਨਨੀ = ਮਾਂ ਪ੍ਰਤਿ = ਤਾਈਂ ਸੌਂਪੀ ਰੱਖਦਾ

ਹੈ ਅਤੇ ਇਸੇ ਕਰਕੇ ਮਾਤਾ = ਮਾਂ ਵੀ ਉਸ ਦੇ ਅਵਗੁਨ = ਔਗੁਣ ਤੇ ਗੁਣ ਆਪਣੇ ਚਿਤ = ਰਿਦੇ ਮੈ = ਵਿਚ ਚੇਤ = ਯਾਦ ਨ = ਨਹੀਂ ਕਰਦੀ ਹੈ **ਵਾ:** ਮਾਂ ਆਪਣੇ ਪੁੱਤਰ ਦੇ ਅਵਗੁਨ = ਗੁਨਾਹਾਂ ਨੂੰ ਗੁਨ = ਵਿਚਾਰ ਕੇ ਚਿਤ = ਰਿਦੇ ਮੈ = ਵਿਚ ਚੇਤ = ਚਿਤਾਰਿਆ ਨ = ਨਹੀਂ ਕਰਦੀ ਹੈ। ਜੈਸਾ ਕਿ :

ਸੁਤੁ ਅਪਰਾਧ ਕਰਤ ਹੈ ਜੇਤੇ॥ ਜਨਨੀ ਜੀਤਿ ਨ ਰਾਖਸਿ ਤੇਤੇ॥੧॥ *(ਅੰਗ ੪੭੮)*

ਜੈਸੇ ਭਰਤਾਰਿ ਭਾਰਿ ਨਾਰਿ ਉਰ ਹਾਰਿ ਮਾਨੈ;
ਤਾਂ ਤੇ ਲਾਲੁ ਲਲਨਾ ਕੋ ਮਾਨੁ ਮਨਿ ਲੇਤ ਹੈ॥

ਜੈਸੇ = ਜਿਸ ਪ੍ਰਕਾਰ ਭਰਤਾਰਿ = ਪਤੀ ਦੇ ਭਾਰਿ ਨੂੰ ਨਾਰਿ = ਇਸਤਰੀ **ਵਾ:** ਪਤੀ ਨੂੰ ਭਾਰਿ = ਬਹੁਤ ਹੀ ਪਿਆਰਾ ਆਪਣੇ ਉਰ = ਹਿਰਦੇ (ਗਲੇ) ਦਾ ਹਾਰ ਮਾਨੈ = ਮੰਨਦੀ ਹੈ ਭਾਵ ਉਸ ਨੂੰ ਅਤਿਅੰਤ ਪਿਆਰਾ ਜਾਣਦੀ ਹੈ ਤਾਂ ਤੇ = ਇਸ ਕਰਕੇ ਲਾਲੁ = ਪਿਆਰਾ ਪਤੀ ਵੀ ਆਪਣੀ ਲਲਨਾ = ਇਸਤਰੀ ਕੋ = ਦਾ ਮਾਨ = ਆਦਰ ਮਾਨੁ = ਮੰਨ ਲੇਤ = ਲੈਣਾ ਕਰਦਾ ਹੈ।

ਜੈਸੇ ਚਟੀਆ ਸਭੀਤਿ ਸਕੁਚਤ ਪਾਂਧਾ ਪੇਖਿ;
ਤਾ ਤੇ ਭੂਲਿ ਚੂਕਿ ਪਾਂਧਾ ਛਾਡਤ ਨ ਹੇਤ ਹੈ॥

ਜੈਸੇ = ਜਿਸ ਪ੍ਰਕਾਰ ਚਟੀਆ = ਚਾਟੜੇ (ਵਿਦਿਆਰਥੀ) ਪਾਂਧਾ = ਪੜ੍ਹਾਉਣ ਵਾਲੇ ਅਧਿਆਪਕ ਨੂੰ ਪੇਖਿ = ਵੇਖ ਕੇ ਸਭੀਤਿ (ਸ + ਭੀਤਿ) ਸ = ਸਹਿਤ ਭੀਤਿ = ਡਰ ਦੇ ਹੋ ਕੇ ਸਕੁਚਤ = ਸੰਗ ਧਾਰ ਜਾਂਦੇ ਹਨ ਭਾਵ ਸੰਕੋਚ ਕਰ ਜਾਂਦੇ ਹਨ ਤੇ ਤਾਂ ਤੇ = ਇਸੇ ਕਰਕੇ ਹੀ ਪਾਂਧਾ = ਪੜ੍ਹਾਉਣ ਵਾਲਾ ਅਧਿਆਪਕ ਉਨ੍ਹਾਂ ਦੀ ਭੂਲਿ = ਭੁੱਲ ਚੂਕਿ = ਚੂਕ ਛਾਡਤ = ਛੱਡ ਕੇ ਆਪਣੇ ਵਿਦਿਆਰਥੀਆਂ ਨਾਲ ਹੇਤ = ਸਨੇਹ ਕਰਨਾ ਨ = ਨਹੀਂ ਛੱਡਦਾ **ਵਾ:** ਇਸੇ ਕਰਕੇ ਹੀ ਪਾਂਧਾ ਉਨ੍ਹਾਂ ਦੀ ਭੁੱਲ-ਚੁੱਕ (ਛਾਡ ਤਨ ਹੇਤ) ਛਾਡ = ਛੱਡ ਕੇ ਤਨ = ਬਾਲਕਾਂ ਨਾਲ ਹੇਤ = ਸਨੇਹ ਹੀ ਕਰਿਆ ਕਰਦਾ ਹੈ।

ਮਨ ਬਚ ਕ੍ਰਮ ਗੁਰ ਚਰਨ ਸਰਨਿ ਸਿਖ;
ਤਾ ਤੇ ਸਤਿਗੁਰ ਜਮ-ਦੂਤਹਿ ਨ ਦੇਤ ਹੈ॥੩੫੮॥

ਉਸੇ ਤਰ੍ਹਾਂ ਮਨ, ਬਚ = ਬਾਣੀ ਤੇ ਕ੍ਰਮ = ਸਰੀਰ ਕਰਕੇ ਜੋ ਸਿੱਖ ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਆਉਂਦੇ ਹਨ, ਤਾ ਤੇ = ਤਿਸ ਕਰਕੇ ਸਤਿਗੁਰ = ਸੱਚੇ ਗੁਰੂ ਸਾਹਿਬ ਜੀ ਆਪਣੇ ਸਿੱਖਾਂ ਨੂੰ ਜਮ-ਦੂਤਹਿ = ਧਰਮ ਰਾਜੇ ਦੇ ਦੂਤਾਂ ਦੇ ਵੱਸ ਨ = ਨਹੀਂ ਪੈਣ ਦੇਤ = ਦਿੰਦੇ ਹੈ = ਹਨ॥੩੫੮॥

ਕੋਟਿਨ ਕੋਟਾਨਿ ਕਾਮ ਕਟਕ ਹੁਇ ਕਾਮਾਰਥੀ;
ਕੋਟਿਨ ਕੋਟਾਨਿ ਕ੍ਰੋਧ ਕ੍ਰੋਧੀ ਵੰਤ ਆਹਿ ਜੀ॥

ਹੇ ਪਿਆਰੇ ਜੀ ! ਕੋਟਿਨ = ਕਰੋੜਾਂ ਕਾਮ = ਮੰਦ ਵਾਸ਼ਨਾਵਾਂ ਕਰੋੜਾਂ ਕਾਮਾਰਥੀ (ਕਾਮ + ਅਰਥੀ) ਕਾਮ ਦਾ ਅਰਥੀ = ਮਤਲਬ ਸਾਧਣ ਵਾਲੇ ਕਾਮੀਆਂ ਦੀ ਕਟਕ = ਸੈਨਾ ਹੁਇ = ਹੋ ਕੇ **ਵਾ:** ਚੜ੍ਹ ਆਉਣ ਤੇ ਕੋਟਿਨ = ਕਰੋੜਾਂ ਹੀ ਕ੍ਰੋਧ = ਗ਼ੁੱਸੇ ਅਤੇ ਕੋਟਾਨਿ = ਕਰੋੜਾਂ ਹੀ ਕ੍ਰੋਧੀ ਵੰਤ = ਗ਼ੁੱਸੇ ਨੂੰ ਧਾਰਨ ਵਾਲੇ ਚੜ੍ਹ ਕੇ ਭਾਵੇਂ ਆਏ ਆਹਿ = ਹੋਣ।

ਕੋਟਿਨ ਕੋਟਾਨਿ ਲੋਭ ਲੋਭੀ ਹੁਇ ਲਾਲਚ ਕਰੈ;
ਕੋਟਿਨ ਕੋਟਾਨਿ ਮੋਹ ਮੋਹਿ ਅਵਗਾਹਿ ਜੀ॥

ਹੇ ਪਿਆਰੇ ਜੀ! ਕੋਟਿਨ = ਕਰੋੜਾਂ ਲੋਭ = ਲਾਲਚ ਤੇ ਕੋਟਾਨਿ = ਕਰੋੜਾਂ ਲੋਭੀ = ਲਾਲਚੀ ਪੁਰਖ ਲਾਲਚ ਵੱਸ ਹੁਇ = ਹੋ ਕੇ ਭਾਵੇਂ ਆਉਣਾ ਕਰੈ = ਕਰਨ ਅਤੇ ਕੋਟਿਨ = ਕਰੋੜਾਂ ਹੀ ਮੋਹ = ਸਨੇਹ ਤੇ ਕੋਟਾਨਿ = ਕਰੋੜਾਂ ਤਰ੍ਹਾਂ ਦੇ ਛਲ-ਫ਼ਰੇਬ ਕਰ ਕੇ ਮੋਹਿ = ਮੋਹਿਤ ਕਰਨ ਨੂੰ ਭਾਵੇਂ ਅਵਗਾਹਿ = ਵਿਚਾਰਨਾ ਕਰਨ।

ਕੋਟਿਨ ਕੋਟਾਨਿ ਅਹੰਕਾਰ ਅਹੰਕਾਰੀ ਹੁਇ;
ਰੂਪ ਰਿਪੁ ਸੰਪੈ ਸੁਖ ਬਲ ਛਲ ਚਾਹਿ ਜੀ॥

ਹੇ ਪਿਆਰੇ ਜੀ! ਕੋਟਿਨ = ਕਰੋੜਾਂ ਹੀ ਅਹੰਕਾਰ = ਹੰਗਤਾ ਤੇ ਕੋਟਾਨਿ = ਕਰੋੜਾਂ ਅਹੰਕਾਰੀ = ਹੰਗਤਾ ਕਰਨ ਵਾਲੇ ਭਾਵੇਂ ਇਕੱਠੇ ਹੁਇ = ਹੋ ਜਾਣਾ ਕਰਨ ਅਤੇ ਸੋਹਣੇ ਰੂਪ = ਸਰੂਪ, ਸੰਪੈ = ਵਿਭੂਤੀ, ਸੁਖ = ਆਨੰਦ, ਬਲ = ਤੇਜ ਪ੍ਰਤਾਪ ਦੇ ਰਿਪੁ = ਸ਼ੱਤਰੂ ਹੋ ਕੇ ਛਲ = ਛਲਣਾ ਚਾਹਿ = ਚਾਹੁਣ।

ਸਤਿਗੁਰ ਸਿਖਨ ਕੇ ਰੋਮਹਿ ਨ ਚਾਪ ਸਕੈ;
ਜਾ ਮੈ ਗੁਰ ਗਿਆਨ ਧਿਆਨ ਸਸਤ੍ਰ ਸਨਾਹਿ ਜੀ॥੩੫੯॥

ਹੇ ਪਿਆਰੇ ਜੀ! ਉਪਰੋਕਤ ਵਿਸ਼ੇ ਸਤਿਗੁਰ = ਸੱਚੇ ਗੁਰਾਂ ਦੇ ਸਿਖਨ = ਸਿੱਖਾਂ ਕੇ = ਦੇ ਰੋਮਹਿ = ਵਾਲ ਨੂੰ ਵੀ ਚਾਪ = ਦਬਾ ਨ = ਨਹੀਂ ਸਕੈ = ਸਕਦੇ, ਪਰ ਹਰ ਇਕ ਨੂੰ ਨਹੀਂ, ਜਾ = ਜਿਨ੍ਹਾਂ ਸਿੱਖਾਂ ਪੈ = ਕੋਲ ਗੁਰ = ਸਤਿਗੁਰਾਂ ਦਾ ਗਿਆਨ ਰੂਪ ਸਸਤ੍ਰ = ਹਥਿਆਰ ਹੈ ਤੇ ਧਿਆਨ ਰੂਪ ਸਨਾਹਿ = ਸੰਜੋਅ ਪਹਿਨੀ ਹੋਈ ਹੈ, ਉਨ੍ਹਾਂ ਨੂੰ ਵਿਸ਼ੇ ਪੋਹ ਨਹੀਂ ਸਕਦੇ॥੩੫੯॥

ਜੈਸੇ ਤਉ ਸੁਮੇਰ ਊਚ ਅਚਲ ਅਗੰਮ ਅਤਿ;
ਪਾਵਕ ਪਵਨ ਜਲ ਬਿਆਪ ਨ ਸਕਤਿ ਹੈ॥

ਜੈਸੇ = ਜਿਸ ਪ੍ਰਕਾਰ ਸੁਮੇਰ ਪਰਬਤ ਅਚਲ = ਅਡੋਲ, ਉਚ = ਉੱਚਾ ਤੇ ਅਤਿ = ਅਤਿਅੰਤ ਅਗੰਮ = ਗੰਮਤਾ ਤੋਂ ਰਹਿਤ ਹੈ, ਇਸ ਕਰਕੇ ਉਸ ਨੂੰ ਪਾਵਕ = ਅੱਗ, ਪਵਨ = ਹਵਾ, ਜਲ = ਪਾਣੀ ਬਿਆਪ = ਪੋਹ ਭਾਵ ਹਿਲਾ ਜੁਲਾ ਨ = ਨਹੀਂ ਸਕਤਿ = ਸਕਦੇ ਹੈ = ਹਨ।

ਪਾਵਕ ਪ੍ਰਗਾਸ ਤਾਸ ਬਾਨੀ ਚਉਗਨੀ ਚੜ੍ਹਤ;
ਪਉਨ ਗਉਨ ਧੂਰਿ ਦੂਰਿ ਹੋਇ ਚਮਕਤਿ ਹੈ॥

ਜੇਕਰ ਪਾਵਕ = ਅੱਗ ਪ੍ਰਗਾਸ = ਪ੍ਰਕਾਸ਼ ਕਰੇ ਉਸ ਸੁਮੇਰ ਉੱਤੇ ਪ੍ਰਚੰਡਤਾ ਵਰਤਾਵੇ ਤਾਂ ਤਾਸ = ਉਸ ਨੂੰ ਚਉਗਨੀ = ਚੌਗੁਣੀ ਬਾਨੀ = ਵੰਨੀ ਚੜ੍ਹਤ = ਚੜ੍ਹਦੀ ਹੈ ਭਾਵ ਉਹ ਚੌਗੁਣਾ ਹੋ ਚਮਕਦਾ ਹੈ ਅਤੇ ਜੇ ਪਉਨ = ਹਵਾ ਉਸ ਉੱਤੇ ਗਉਨ = ਚੱਲਣਾ (ਵਗਣਾ) ਕਰੇ ਤਾਂ ਧੂਰਿ = ਧੂੜ ਉਸ ਤੋਂ ਭਾਵੇਂ ਦੂਰ ਹੋਇ = ਹੋਵੇ, ਫੇਰ ਵੀ ਉਹ ਚਮਕਤਿ = ਚਮਕਦਾ ਹੈ।

ਸੰਗਮ ਸਲਿਲ ਮਲੁ ਧੋਇ, ਨਿਰਮਲ ਕਰੈ;
ਹਰੈ ਦੁਖ ਦੇਖਿ ਸੁਨਿ ਸੁਜਸ ਬਕਤਿ ਹੈ॥

ਜੇਕਰ ਸਲਿਲ = ਪਾਣੀ ਦਾ ਸੰਗਮ = ਮਿਲਾਪ ਉਸ ਸੁਮੇਰ ਉੱਪਰ ਆਣ ਮਿਲੇ ਭਾਵ ਮੋਹਲੇਧਾਰ ਵਰਖਾ ਪੈ ਜਾਵੇ ਤਾਂ ਸਗੋਂ ਉਸ ਦੀ ਮਲੁ = ਮੈਲ ਨੂੰ ਧੋਇ = ਧੋ ਕੇ ਪਾਣੀ ਉਸ ਨੂੰ ਨਿਰਮਲ = ਸਵੱਛ ਕਰੈ = ਕਰਦਾ ਹੈ, ਜੋ ਸੋਨੇ ਨੂੰ ਦੇਖ = ਵੇਖਦਾ ਹੈ, ਸੋਨਾ ਉਸ ਦੇ ਦੁਖ = ਕਸ਼ਟ ਨੂੰ ਹਰੈ = ਦੂਰ ਕਰਦਾ ਹੈ ਤੇ ਜੋ ਉਸ ਦੇ ਸੁਜਸ = ਸ੍ਰੇਸ਼ਟ ਜੱਸ ਨੂੰ ਸੁਨਿ = ਸੁਣਦਾ ਹੈ, ਉਹੋ ਉਸ ਦੇ ਜੱਸ ਨੂੰ ਅੱਗੇ ਹੋਰਨਾਂ ਨੂੰ ਬਕਤਿ = ਉਚਾਰਨ ਕਰ ਕੇ ਸੁਣਾਉਂਦਾ ਹੈ।

ਤੈਸੇ ਗੁਰਸਿਖ ਜੋਗੀ ਤ੍ਰਿਗੁਣ ਅਤੀਤ ਚੀਤ;
ਸ੍ਰੀ ਗੁਰ ਸਬਦ ਰਸ ਅੰਮ੍ਰਿਤ ਛਕਤਿ ਹੈ॥੩੬੦॥

ਤੈਸੇ = ਉਸੇ ਤਰ੍ਹਾਂ ਗੁਰੂ ਸਾਹਿਬ ਜੀ ਦੇ ਸਿੱਖ ਜੋ ਗੁਰ-ਉਪਦੇਸ਼ ਦੁਆਰਾ ਪਰਮੇਸ਼ਰ ਦੇ ਨਾਮ ਨਾਲ ਜੋਗੀ = ਜੁੜੇ ਹੋਏ ਹਨ, ਉਹ ਚੀਤ = ਚਿੱਤ ਕਰ ਕੇ ਤ੍ਰਿਗੁਣ = ਤਿੰਨਾਂ ਗੁਣਾਂ ਤੋਂ ਅਤੀਤ = ਰਹਿਤ ਰਹਿੰਦੇ ਹਨ ਅਤੇ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਦੁਆਰਾ ਨਾਮ ਰੂਪੀ ਅੰਮ੍ਰਿਤ ਰਸ ਨੂੰ ਛਕਤਿ = ਛਕਣਾ ਕਰਦੇ ਹੈ = ਹਨ ॥੩੬੦॥

ਜੈਸੇ ਸੁਕਦੇਵ ਕੇ ਜਨਮ ਸਮੈ ਜਾ ਕੋ ਜਾ ਕੋ;
ਜਨਮੁ ਭਇਓ, ਤੇ ਸਕਲ ਸਿਧ ਜਾਨੀਐ॥

ਜੈਸੇ = ਜਿਸ ਪ੍ਰਕਾਰ ਸੁਕਦੇਵ ਮੁਨੀ ਕੇ = ਦੇ ਜਨਮ ਸਮੈ = ਜਾ ਕੋ ਜਾ ਕੋ = ਜਿਸ ਜਿਸ ਦਾ ਜਨਮ ਭਇਓ = ਹੋਇਆ ਤੇ = ਉਹ ਸਕਲ = ਸਾਰੇ ਸਿਧ ਪੁਰਸ਼ ਜਾਨੀਐ = ਜਾਨਣਾ ਕਰੀਦੇ ਹਨ।

ਭਾਈ ਸਾਹਿਬ ਜੀ ਨੇ ਇਸ ਤੁਕ ਵਿਚ ਪੁਰਾਣਕ ਉਸ ਹਵਾਲੇ ਦਾ ਪ੍ਰਮਾਣ ਦਿੱਤਾ ਹੈ, ਜਿਸ ਵਿਚ ਪਾਰਵਤੀ ਨੂੰ ਅਮਰਨਾਥ ਤੇ ਸ਼ਿਵਜੀ ਨੇ ਅਮਰ ਕਥਾ ਸੁਣਾਈ। ਪਾਰਵਤੀ ਦੇ ਸੌਂ ਜਾਣ ਤੋਂ ਇਕ ਤੋਤੇ ਨੇ ਕਥਾ ਸੁਣ ਕੇ ਅਮਰ ਪਦਵੀ ਪਾ ਲਈ। ਸ਼ਿਵਜੀ ਨੇ ਉਸ ਨੂੰ ਮਾਰਨਾ ਚਾਹਿਆ ਕਿ ਮੇਰੀ ਕਥਾ ਪਾਰਵਤੀ ਨੂੰ ਸੁਣਾਉਣ ਵਾਸਤੇ ਸੀ, ਇਸ ਨੇ ਕਿਉਂ ਸੁਣੀ, ਤੋਤੇ ਨੇ ਬਿਆਸ ਜੀ ਦੀ ਸ਼ਰਨ ਲਈ। ਉਸ ਦੀ ਘਰਵਾਲੀ ਦੇ ਪੇਟ ਵਿਚ ਸੂਖਮ ਰੂਪ ਹੋ ਕਰਕੇ ਪ੍ਰਵੇਸ਼ ਕਰ ਗਿਆ। ਸ਼ਿਵਜੀ ਨੇ ਬੂਹੇ 'ਤੇ ਧੂਣਾ ਰੱਖਿਆ। ਨਾਰਦ ਦੇ ਕਹਿਣ ਤੋਂ ਸ਼ਿਵਜੀ ਨੇ ਉਥੋਂ ਧੂਣਾ ਚੁੱਕਿਆ, ਕਿਉਂਕਿ ਕਥਾ ਦਾ ਮਹਾਤਮ ਇਹੀ ਹੈ ਕਿ ਹੁਣ ਅਮਰ ਹੋ ਚੁੱਕਾ ਹੈ। ਫਿਰ ਸੁਕਦੇਵ ਮੁਨੀ ਬਾਰ੍ਹਾਂ ਸਾਲ ਗਰਭ ਵਿਚ ਰਿਹਾ, ਦੇਵਤਿਆਂ ਨੇ ਭਗਵਾਨ ਨੂੰ ਬੇਨਤੀ ਕੀਤੀ ਕਿ ਆਪ ਜੀ ਦੀ ਮਰਯਾਦਾ ਭੰਗ ਹੋ ਰਹੀ ਹੈ। ਭਗਵਾਨ ਜੀ ਨੇ ਉਸ ਨੂੰ ਜਨਮ ਲੈਣ ਲਈ ਕਿਹਾ ਤਾਂ ਉਸ ਨੇ ਬੇਨਤੀ ਕੀਤੀ ਕਿ ਮੈਂ ਜਨਮ ਲੈਣ ਨੂੰ ਤਿਆਰ ਹਾਂ, ਤੁਸੀਂ ਆਪਣੀ ਮਾਇਆ ਉਤਨਾ ਚਿਰ ਸੰਕੋਚ ਲਵੋ। ਭਗਵਾਨ ਨੇ ਮਾਇਆ, ਸੰਕੋਚੀ ਤਾਂ ਸੁਕਦੇਵ ਜੀ ਨੇ ਜਿਸ ਛਿਨ ਜਨਮ ਲਿਆ, ਉਸ ਵੇਲੇ ਜਿਹੜੇ ਜਿਹੜੇ ਬੱਚੇ ਪੈਦਾ ਹੋਏ, ਉਹ ਸਾਰੇ ਸਿਧ ਪੁਰਸ਼, ਰਿਸ਼ੀ ਮੁਨੀ ਹੋਏ।

ਸ੍ਵਾਂਤਿ ਬੂੰਦ ਜੋਈ ਜੋਈ ਪਰਤ ਸਮੁੰਦ੍ ਬਿਖੈ;
ਸੀਪ ਕੈ ਸੰਜੋਗ ਮੁਕਤਾਹਲ ਬਖਾਨੀਐ ॥

ਸ੍ਵਾਂਤਿ = ਸ੍ਵਾਂਤੀ ਨਛੱਤਰ ਵਿਚ ਬਰਸੀ ਹੋਈ ਜੋਈ ਜੋਈ = ਜਿਹੜੀ ਜਿਹੜੀ ਬੂੰਦ ਸਮੁੰਦਰ ਬਿਖੈ = ਵਿਚ ਪਰਤ = ਪੈਂਦੀ ਹੈ ਤੇ ਸਮੁੰਦਰ ਵਿਚ ਪੈ ਕੇ ਸੀਪ = ਸਿੱਪ ਕੈ = ਦੇ ਨਾਲ ਸੰਜੋਗ = ਸੰਬੰਧ ਪਾਉਂਦੀ ਹੈ, ਉਹੀ ਉਹੀ ਬੂੰਦ ਮੁਕਤਾਹਲ = ਮੋਤੀ ਨਾਮ ਨਾਲ ਬਖਾਨੀਐ = ਕਥਨ ਕਰੀਦੀ ਹੈ।

ਬਾਵਨ ਸੁਗੰਧ ਸਨਬੰਧ ਪਉਨ ਗਉਨ ਕਰੈ;
ਲਾਗੈ ਜਾਹੀ ਜਾਹੀ ਦ੍ਰੁਮ ਚੰਦਨ ਸਮਾਨੀਐ ॥

ਬਾਵਨ = ਬਵੰਜਾ ਉਂਗਲ ਦੇ ਚੰਦਨ ਦੀ ਸੁਗੰਧ = ਵਾਸ਼ਨਾ ਨਾਲ ਜਿਹੜੀ ਪਉਨ = ਹਵਾ ਸਨਬੰਧ = ਮਿਲ ਕੇ ਗਉਨ = ਚੱਲਣਾ ਕਰੈ = ਕਰਦੀ ਹੈ, ਜਾਹੀ ਜਾਹੀ = ਜਿਸ ਜਿਸ ਦ੍ਰੁਮ = ਬ੍ਰਿਛ ਨੂੰ ਲਾਗੈ = ਲੱਗਦੀ, ਛੂੰਹਦੀ ਜਾਂਦੀ ਹੈ, ਉਹੋ ਉਹੋ ਚੰਦਨ ਦੀ ਸਮਾਨੀਐ = ਬਰਾਬਰਤਾ ਭਾਵ ਸੁਗੰਧੀ ਨੂੰ ਧਾਰ ਲੈਣਾ ਕਰਦਾ ਹੈ।

ਤੈਸੇ ਗੁਰਸਿਖ ਸੰਗ ਜੋ ਜੋ ਜਾਗਤ ਅੰਮ੍ਰਿਤ ਜੋਗ;
ਸਬਦੁ ਪ੍ਰਸਾਦਿ ਮੋਖ ਪਦ ਪਰਵਾਨੀਐ ॥੩੬੧॥

ਤੈਸੇ = ਉਸੇ ਪ੍ਰਕਾਰ ਹੀ ਗੁਰੂ ਕੇ ਸਿੱਖਾਂ ਦੀ ਸੰਗ = ਸੰਗਤ ਵਿਚ ਜੋ ਜੋ = ਜਿਹੜਾ ਜਿਹੜਾ ਅੰਮ੍ਰਿਤ ਵੇਲੇ ਜਾਗਤ = ਜਾਗਣ ਦੇ ਜੋਗ = ਲਾਇਕ ਹੁੰਦਾ ਹੈ, ਉਹ ਉਹ ਗੁਰ ਸਬਦ = ਉਪਦੇਸ਼ ਦੀ ਪ੍ਰਸਾਦਿ = ਕਿਰਪਾ ਸਦਕਾ ਉਹ ਮੋਖ = ਮੁਕਤ ਰੂਪ ਪਦ = ਪਦਵੀ ਦੀ ਪ੍ਰਾਪਤੀ ਦੀ ਪਰਵਾਨੀਐ = ਪ੍ਰਵਾਨਗੀ ਸਹਿਤ ਹੋ ਜਾਂਦਾ ਹੈ॥੩੬੧॥

ਤੀਰਥ ਜਾਤ੍ਰਾ ਸਮੈ ਨ ਏਕਸੈ ਆਵਤ ਸਬੈ;
ਕਾਹੂ ਸਾਧੂ ਪਾਛੈ ਪਾਪ ਸਬਨ ਕੇ ਜਾਤ ਹੈ ॥

ਤੀਰਥ ਯਾਤਰਾ ਦੇ ਸਮੈ = ਵਕਤ ਸਬੈ = ਸਾਰੇ ਬੰਦੇ ਏਕਸੈ = ਇੱਕੋ ਜਿਹੇ ਨ = ਨਹੀਂ ਆਵਤ = ਆਉਂਦੇ ਭਾਵ ਸਾਰੇ ਸ਼ਰਧਾ ਭਾਵਨਾ ਵਾਲੇ ਨਹੀਂ ਹੁੰਦੇ, ਐਸਾ ਕੋਈ ਟਾਵਾਂ ਹੀ ਪੁਰਖ ਹੁੰਦਾ ਹੈ, ਜਿਸ ਕਾਹੂ = ਕਿਸੇ ਸਾਧੂ = ਸ੍ਰੇਸ਼ਟ ਪੁਰਖ ਦੇ ਪਾਛੈ = ਪਿੱਛੇ ਸਬਨ = ਸਾਰਿਆਂ ਕੇ = ਦੇ ਪਾਪ = ਗੁਨਾਹ ਦੂਰ ਹੋ ਜਾਤ = ਜਾਂਦੇ ਹੈ = ਹਨ।

ਜੈਸੇ ਨ੍ਰਿਪ ਸੈਨਾ ਸਮਸਰਿ ਨ ਸਕਲ ਹੋਤ;
ਏਕ ਏਕ ਪਾਛੇ ਕਈ ਕੋਟਿ ਪਰੇ ਖਾਤ ਹੈ ॥

ਜੈਸੇ = ਜਿਸ ਪ੍ਰਕਾਰ ਨ੍ਰਿਪ = ਰਾਜੇ ਦੀ ਸੈਨਾ = ਫ਼ੌਜ ਵਿਚ ਸਕਲ = ਸਾਰੇ ਸਮਸਰਿ = ਇੱਕੋ ਜਿਹੇ ਸੂਰਮੇ ਨ = ਨਹੀਂ ਹੋਤ = ਹੁੰਦੇ, ਪਰੰਤੂ ਏਕ ਏਕ = ਇਕ ਇਕ ਦੀ ਬਹਾਦਰੀ ਕੀਤੀ ਸੂਰਮੇ ਦੇ ਪਾਛੇ = ਮਗਰ ਹੀ

ਕਈ = ਅਨੇਕਾਂ ਕੋਟਿ = ਕਰੋੜਾਂ ਸਿਪਾਹੀ ਲੋਕ ਪਰੇ = ਪਏ ਖਾਤ = ਖਾਇਆ ਕਰਦੇ ਹੈ = ਹਨ ਭਾਵ ਇਕ ਬਹਾਦਰ ਸੂਰਮੇ ਦੇ ਨਾਲ ਕਰੋੜਾਂ ਸਿਪਾਹੀ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੇ ਹਨ।

ਜੈਸੇ ਤਉ ਸਮੁਦ੍ ਜਲ ਬਿਮਲ ਬੋਹਿਥ ਬਸੈ;
ਏਕ ਏਕ ਪੈ ਅਨੇਕ ਪਾਰਿ ਪਹੁਚਾਤ ਹੈ॥

ਤਉ = ਤਦ ਜੈਸੇ = ਜਿਸ ਪ੍ਰਕਾਰ ਸਮੁੰਦਰ ਦੇ ਬਿਮਲ = ਉੱਜਲ ਤੇ ਡੂੰਘੇ ਜਲ = ਪਾਣੀ ਵਿਚ ਅਨੇਕਾਂ ਬੋਹਿਥ = ਜਹਾਜ਼ ਬਸੈ = ਵੱਸੇ, ਖੜੋਤੇ ਹੁੰਦੇ ਹਨ, ਪਰੰਤੂ ਏਕ ਏਕ = ਇਕ ਇਕ ਤਰ੍ਹਾਂ ਦੇ ਅਨੇਕਾਂ ਖੜੇ ਜਹਾਜ਼ਾਂ ਵਿੱਚੋਂ ਪਾਰ ਕਰਨ ਵਾਲਾ ਇੱਕੋ ਹੀ ਹੁੰਦਾ ਹੈ **ਵਾ:** ਕੋਈ ਕੋਈ ਹੀ ਉਨ੍ਹਾਂ ਵਿੱਚੋਂ ਐਸਾ ਪਰਪੱਕ ਹੁੰਦਾ ਹੈ ਜੋ ਅਨੇਕਾਂ ਨੂੰ ਆਪਣੇ ਉੱਤੇ ਚੜ੍ਹਾਅ ਕੇ ਪਾਰ ਪਹੁਚਾਤ = ਅਪੜਾ ਦਿਆ ਕਰਦਾ ਹੈ।

ਤੈਸੇ ਗੁਰਸਿਖ ਸਾਖਾ ਅਨਿਕ ਸੰਸਾਰ ਦੁਆਰ;
ਸਨਮੁਖ ਓਟ ਗਹੇ ਕੋਟਿ ਬਿਆਸਾਤ ਹੈ॥੩੬੨॥

ਤੈਸੇ = ਉਸੇ ਪ੍ਰਕਾਰ ਹੀ ਗੁਰਸਿੱਖਾਂ ਦੀਆਂ ਅਨਿਕ = ਅਣਗਿਣਤ ਨਿਰਮਲੇ, ਨਿਹੰਗ ਸਿੰਘ, ਉਦਾਸੀ ਆਦਿ ਸ਼ਾਖ਼ਾਵਾਂ ਸੰਸਾਰ = ਜਗਤ ਦੇ ਦੁਆਰ = ਬੂਹੇ 'ਤੇ ਵਰਤਮਾਨ ਸਮੇਂ ਵਿਚ ਹਨ, ਪਰ ਜਿਸ ਨੇ ਗੁਰੂ ਨੂੰ ਸਨਮੁਖ = ਸਾਹਮਣੇ ਰੱਖ ਕੇ ਓਟ = ਟੇਕ ਗਹੇ = ਗ੍ਰਹਿਣ ਕਰ ਲਈ ਹੋਵੇ ਤਾਂ ਕੋਟਿ = ਕਰੋੜਾਂ ਹੀ ਲੋਕ ਉਸ ਸਿੱਖ (ਸੰਪ੍ਰਦਾ) ਦੁਆਰੇ ਬਿਆਸਾਤ = ਵਰੋਸਾਏ ਜਾਂਦੇ ਹੈ = ਹਨ ਭਾਵ ਉੱਧਾਰ ਨੂੰ ਪ੍ਰਾਪਤ ਕਰ ਲੈਂਦੇ ਹਨ॥੩੬੨॥

ਭਾਂਜਨ ਕੈ ਜੈਸੇ ਕੋਊ ਦੀਪਕੈ ਦੁਰਾਇ ਰਾਖੈ;
ਮੰਦਰ ਮੈ ਅਛਤ ਹੀ ਦੂਸਰੋ ਨ ਜਾਨਈ॥

ਜੈਸੇ = ਜਿਸ ਪ੍ਰਕਾਰ ਕੋਊ = ਕੋਈ ਬੰਦਾ ਦੀਪਕੈ = ਦੀਵੇ ਨੂੰ ਭਾਂਜਨ = ਭਾਂਡੇ ਵਿਚ ਦੁਰਾਇ = ਛੁਪਾ ਕੈ = ਕਰਕੇ ਰਾਖੈ = ਰੱਖਣਾ ਕਰੇ ਤੇ ਉਸ ਦੀਵੇ ਨੂੰ ਮੰਦਰ = ਮਕਾਨ ਮੈ = ਵਿਚ ਅਛਤ = ਹੁੰਦਿਆਂ ਹੀ ਦੂਸਰੋ = ਦੂਜਾ ਹੋਰ ਕੋਈ ਜਾਨਈ = ਜਾਣ ਨ = ਨਹੀਂ ਸਕਦਾ।

ਜਉ ਪੈ ਰਖਵਈਆ ਪੁਨਿ ਪ੍ਰਗਟ ਪ੍ਰਗਾਸ ਕਰੈ;
ਹਰੈ ਤਮ ਤਿਮਰ, ਉਦੋਤਿ ਜੋਤਿ ਠਾਨਈ॥

ਪੈ = ਲੇਕਿਨ ਜਉ = ਜੇਕਰ ਰਖਵਈਆ = ਰਖਵਾਲਾ ਭਾਵ ਦੀਵੇ ਨੂੰ ਢੱਕਣ ਵਾਲਾ ਪੁਰਖ ਪੁਨਿ = ਫੇਰ ਉਸ ਦਾ ਪ੍ਰਗਾਸ = ਪ੍ਰਕਾਸ਼ (ਉਜਾਲਾ) ਪ੍ਰਗਟ = ਪ੍ਰਤੱਖ ਕਰੈ = ਕਰ ਦੇਵੇ ਭਾਵ ਭਾਂਡੇ ਉੱਪਰੋਂ ਢੱਕਣ ਚੁੱਕ ਦੇਵੇ ਤਾਂ ਜੋ ਤਮ = ਹਨੇਰਾ ਹੀ ਤਿਮਰ = ਹਨੇਰਾ ਸੀ, ਉਹ ਹਰੈ = ਨਾਸ਼ ਹੋ ਜਾਂਦਾ ਹੈ ਕਿਉਂਕਿ ਦੀਵੇ ਦੀ ਜੋਤ ਉਦੋਤਿ = ਉਦੇ, ਪ੍ਰਗਟ ਕਰ ਕੇ ਠਾਨਈ = ਰੱਖਦਾ ਹੈ, ਠਾਨਣਾ ਕਰਦਾ ਹੈ।

ਸਕਲ ਸਮਗ੍ਰੀ ਗ੍ਰਿਹਿ ਪੇਖੀਐ ਪ੍ਰਤਛਿ ਰੂਪ;
ਦੀਪਕ ਦਿਪਈਆ ਤਤ ਖਿਨ ਪਹਿਚਾਨਈ॥

ਗ੍ਰਿਹਿ = ਘਰ ਦਾ ਸਕਲ = ਸਾਰਾ ਸਮਗ੍ਰੀ = ਸਾਮਾਨ ਪ੍ਰਤਛਿ = ਪ੍ਰਤੱਖ ਰੂਪ ਵਿਚ ਸਾਹਮਣੇ ਪਿਆ

ਪੇਖੀਐ = ਦੇਖਣਾ ਕਰੀਦਾ ਹੈ ਅਤੇ ਦੀਪਕ = ਦੀਵੇ ਨੂੰ ਦਿਖਈਆ = ਜਗਾਉਣ ਵਾਲਾ ਤਤਖਿਨ = ਜਲਦੀ ਹੀ ਸਾਹਮਣੇ ਪਈ ਵਸਤੂ ਨੂੰ ਪਹਿਚਾਨਈ = ਪਛਾਣ ਲੈਂਦਾ ਹੈ।

ਤੈਸੇ ਅਵਘਟ-ਘਟ ਗੁਪਤ ਜੋਤੀ ਸਰੂਪ;
ਗੁਰ ਉਪਦੇਸ ਉਨਮਾਨੀ ਉਨਮਾਨਈ ॥੩੬੩॥

ਤੈਸੇ = ਉਸੇ ਤਰ੍ਹਾਂ ਹੀ ਅਵਘਟ = ਔਖੇ ਘਟ = ਰਿਦੇ ਰੂਪ ਰਸਤੇ ਵਿਚ ਜੋਤੀ = ਪ੍ਰਕਾਸ਼ ਸਰੂਪ ਪਰਮੇਸ਼ਰ ਗੁਪਤ = ਛੁਪਿਆ ਹੋਇਆ ਹੈ। ਉਸ ਪ੍ਰਕਾਸ਼ ਸਰੂਪ ਪਰਮੇਸ਼ਰ ਨੂੰ ਗੁਰ ਉਪਦੇਸ = ਸਿੱਖਿਆ ਦੇ ਤਾਈਂ ਉਨਮਾਨੀ = ਵਿਚਾਰਨ ਵਾਲਾ ਹੋ ਕੇ ਉਨਮਾਨਈ = ਵਿਚਾਰ, ਲੱਭ ਲੈਂਦਾ ਹੈ **ਵਾ:** ਗੁਰ-ਉਪਦੇਸ਼ ਦੀ ਉਨਮਾਨੀ = ਵਿਚਾਰ ਕਰਨ ਵਾਲਾ ਬਣ ਕੇ ਉਨਮਾਨਈ = ਅਨੁਮਾਨ ਪ੍ਰਮਾਣ ਲਾਉਣ ਵਾਲਾ ਨਿਸ਼ਚਾ ਰਿਦੇ ਵਿਚ ਆ ਜਾਂਦਾ ਹੈ ਭਾਵ ਸਾਖਿਆਤਕਾਰ ਹੋ ਆਇਆ ਕਰਦਾ ਹੈ॥੩੬੩॥

ਜੈਸੇ ਬ੍ਰਿਥਾਵੰਤ ਜੰਤ ਅਉਖਧ ਹਿਤਾਇ ਰਿਦੈ;
ਬ੍ਰਿਥਾ ਬਲ ਬਿਮੁਖ ਹੋਇ, ਸਹਜਿ ਨਿਵਾਸ ਹੈ ॥

ਜੈਸੇ = ਜਿਸ ਪ੍ਰਕਾਰ ਬ੍ਰਿਥਾਵੰਤ = ਪੀੜਾ ਵਾਲਾ ਜੰਤ = ਜੀਵ ਰਿਦੈ = ਮਨ ਕਰਕੇ ਅਉਖਧ = ਦਵਾਈ ਨੂੰ ਹਿਤਾਇ = ਸਨੇਹ ਦੇ ਸਹਿਤ ਖਾਂਦਾ ਹੈ **ਵਾ:** ਆਪਣਾ ਹਿਤਾਇ = ਭਲਾ ਚਾਹੁਣ ਲਈ ਖਾਂਦਾ ਹੈ ਤਾਂ ਉਸ ਦੀ ਬ੍ਰਿਥਾ = ਪੀੜਾ ਦਾ ਬਲ = ਜ਼ੋਰ ਬਿਮੁਖ = ਉਲਟਾ ਹੋਇ = ਹੋ ਕੇ ਟਲ ਜਾਂਦਾ ਹੈ ਭਾਵ ਹਟ ਜਾਂਦਾ ਹੈ ਅਤੇ ਉਹ ਸਹਜਿ = ਸ਼ਾਂਤੀ ਦੇ ਸਹਿਤ ਭਾਵ ਅਰੋਗਤਾ ਦਾ ਨਿਵਾਸ = ਵਾਸੀ ਬਣ ਜਾਇਆ ਕਰਦਾ ਹੈ।

ਜੈਸੇ ਆਨ ਧਾਤ ਮੈ ਤਨਕ ਹੀ ਕਲੰਕ ਡਾਰੇ;
ਅਨਿਕ ਬਰਨ ਮੇਟਿ ਕਨਿਕ ਪ੍ਰਗਾਸ ਹੈ ॥

ਜੈਸੇ = ਜਿਸ ਪ੍ਰਕਾਰ ਆਨ = ਹੋਰਨਾਂ ਪਿੱਤਲ, ਤਾਂਬਾ, ਕਲੀ ਆਦਿ ਧਾਤਾਂ ਮੈ = ਵਿਚ ਤਨਕ = ਥੋੜ੍ਹੀ ਮਾਤਰਾ ਹੀ ਕਲੰਕ = ਰਸਾਇਣ ਬਣਾਉਣ ਵਾਲਾ ਪਦਾਰਥ ਜਾਂ ਰਸਾਇਣੀ ਬੂਟੀ ਡਾਰੇ = ਸੁੱਟ ਦੇਈਏ ਤਾਂ ਉਹ ਧਾਤੂਆਂ ਅਨਿਕ = ਅਨੰਤ ਬਰਨ = ਰੰਗਾਂ ਨੂੰ ਮੇਟਿ = ਨਵਿਰਤ ਕਰ ਕੇ ਇਕ ਕਨਿਕ = ਸੋਨੇ ਦਾ ਪ੍ਰਗਾਸ = ਪ੍ਰਕਾਸ਼ ਪ੍ਰਗਟ ਹੋ ਆਇਆ ਕਰਦਾ ਹੈ।

ਜੈਸੇ ਕੋਟਿ ਭਾਰਿ ਕਰ ਕਾਸਟਿ ਇਕਤ੍ਰਤਾ ਮੈ;
ਰੰਚਕ ਹੀ ਆਂਚ ਦੇਤ ਭਸਮ ਉਦਾਸ ਹੈ ॥

ਜੈਸੇ = ਜਿਸ ਪ੍ਰਕਾਰ ਕੋਟਿ = ਕਰੋੜਾਂ ਹੀ ਕਾਸਟਿ = ਲੱਕੜਾਂ ਇਕਤ੍ਰਤਾ = ਇਕੱਠੀਆਂ ਕਰ = ਕਰ ਕੇ ਉਸ ਮੈ = ਵਿਚ ਰੰਚਕ = ਥੋੜ੍ਹੀ ਜਿਹੀ ਆਂਚ = ਚੰਗਿਆੜੀ ਅੱਗ ਦੀ ਪਾ ਦੇਤ = ਦੇਣਾ ਕਰੀਏ ਤਾਂ ਉਹ ਭਸਮ = ਸੁਆਹ ਹੋ ਕੇ ਉਦਾਸ = ਉਪਰਾਮ ਜਿਹੀ ਹੋਈ ਜਾਪਦੀ ਹੈ ਭਾਵ ਉਹ ਸੁਆਹ ਬਣ ਕੇ ਉੱਡਣ ਲੱਗ ਪੈਂਦੀ ਹੈ।

ਤੈਸੇ ਗੁਰ-ਉਪਦੇਸ ਉਰ ਅੰਤਰ ਪ੍ਰਵੇਸ ਭਏ;
ਜਨਮ ਮਰਨ ਦੁਖ ਦੋਖਨ ਬਿਨਾਸ ਹੈ ॥੩੬੪॥

ਤੈਸੇ = ਉਸੇ ਤਰ੍ਹਾਂ ਗੁਰ = ਸਤਿਗੁਰਾਂ ਦੀ ਉਪਦੇਸ = ਸਿੱਖਿਆ ਉਰ = ਰਿਦੇ ਅੰਤਰ = ਵਿਚ ਪ੍ਰਵੇਸ = ਦਾਖ਼ਲ ਭਏ = ਹੋਏ ਤੋਂ ਉਹ ਜਨਮ ਮਰਨ ਰੂਪ ਦੁਖ = ਕਸ਼ਟ ਦਾ ਕਾਰਨ ਦੋਖਨ = ਦੋਖਾਂ, ਵਿਕਾਰਾਂ ਨੂੰ ਬਿਨਾਸ = ਨਾਸ਼ ਕਰ ਦਿੰਦੀ ਹੈ ॥੩੬੪॥

ਜੈਸੇ ਅਨੀ ਬਾਨ ਰਹਿਤ ਟੂਟਿ ਦੇਹੀ ਬਿਖੈ;
ਚੁੰਬਿਕ ਦਿਖਾਏ ਤਤਕਾਲ ਨਿਕਸਤ ਹੈ ॥

ਜੈਸੇ = ਜਿਸ ਪ੍ਰਕਾਰ ਜੰਗ ਦੇ ਮੈਦਾਨ ਵਿਚ ਕਿਸੇ ਪੁਰਖ ਦੇ ਦੇਹੀ = ਸਰੀਰ ਬਿਖੈ = ਵਿਚ ਬਾਨ = ਤੀਰ ਦੀ ਅਨੀ = ਨੋਕ ਟੂਟਿ = ਟੁੱਟ ਕੇ ਅੰਦਰ ਰਹਿਤ = ਰਹਿ ਜਾਵੇ ਅਤੇ ਜਦ ਉਸ ਨੂੰ ਚੁੰਬਿਕ ਪੱਥਰ ਦਿਖਾਏ = ਵਿਖਾਉਣਾ ਕਰੀਏ, ਤਾਂ ਉਹ ਤਤਕਾਲ = ਸ਼ੀਘਰ ਹੀ ਬਾਹਰ ਨਿਕਸਤ = ਨਿਕਲ ਜਾਂਦੀ ਹੈ।

ਜੈਸੇ ਜੋਕ ਤੋਂਬਰੀ ਲਗਾਈਅਤ ਰੋਗੀ ਤਨ;
ਐਂਚ ਲੇਤ ਰੁਧਿਰ, ਬ੍ਰਿਥਾ ਸ੍ਰਮ ਖਸਤ ਹੈ ॥

ਜੈਸੇ = ਜਿਸ ਪ੍ਰਕਾਰ ਰੋਗੀ = ਬਿਮਾਰੀ ਨਾਲ ਪੀੜਤ ਪੁਰਖ ਦੇ ਤਨ = ਸਰੀਰ ਉੱਪਰ ਜੋਕ ਤੇ ਤੋਂਬਰੀ = ਸਿੰਗੀ ਤੁੰਬੀ (ਲਹੂ ਖਿੱਚਣ ਦਾ ਜੰਤਰ) ਲਗਾਈਅਤ = ਲਗਾਉਣਾ ਕਰੀਦੀ ਹੈ ਤਾਂ ਉਹ ਮਲਨ ਰੁਧਿਰ = ਲਹੂ ਨੂੰ ਐਂਚ = ਖਿੱਚ ਲੇਤ = ਲੈਂਦੀ ਹੈ ਅਤੇ ਪੀੜਾ ਤੋਂ ਹੋਏ ਸ੍ਰਮ = ਕਸ਼ਟ ਨੂੰ ਖਸਤ = ਗਵਾ ਦਿੰਦੀ ਹੈ।

ਜੈਸੇ ਜੁਵਤਿਨ ਪ੍ਰਤਿ ਮਰਦਨ ਕਰੈ ਦਾਈ;
ਗਰਭ ਸਥੰਭਨ ਹੁਇ, ਪੀੜਾ ਨ ਗ੍ਰਸਤ ਹੈ ॥

ਜੈਸੇ = ਜਿਸ ਪ੍ਰਕਾਰ ਗਰਭਵਤੀ ਜੁਵਤਿਨ = ਇਸਤਰੀ ਪ੍ਰਤਿ = ਤਾਈਂ ਦਾਈ ਮਰਦਨ = ਮਲਨਾ ਕਰੈ = ਕਰਦੀ ਹੈ ਤਾਂ ਗਰਭ = ਪੇਟ ਵਿਚ ਪੈਦਾਇਸ਼ ਹੋ ਰਿਹਾ ਬੱਚਾ ਆਪਣੀ ਸਥੰਭਨ = ਜਗ੍ਹਾ ਖੜਾ ਹੁਇ = ਹੋ ਜਾਂਦਾ ਹੈ ਭਾਵ ਆਪਣੀ ਜਗ੍ਹਾ ਟਿਕ ਜਾਂਦਾ ਹੈ ਅਤੇ ਔਰਤ ਨੂੰ ਪੀੜਾ ਗ੍ਰਸਤ = ਗ੍ਰਸ ਨ = ਨਹੀਂ ਸਕਦੀ ਹੈ।

ਤੈਸੇ ਪਾਂਚੋ ਦੂਤ ਭੂਤ ਬਿਭ੍ਰਮ ਹੁਇ ਭਾਗਿ ਜਾਤਿ;
ਸਤਿਗੁਰ ਮੰਤ ਜੰਤ ਰਸਨਾ ਰਸਤ ਹੈ ॥੩੬੫॥

ਤੈਸੇ = ਉਸੇ ਤਰ੍ਹਾਂ ਪਾਂਚੋ = ਪੰਜੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪੀ ਦੂਤ ਜੋ ਭੂਤ = ਭੂਤਨਿਆਂ ਦੀ ਨਿਆਈਂ ਹਨ ਤੇ ਜੀਵਾਂ ਨੂੰ ਜੰਮਣ ਮਰਣ ਵਿਚ ਬਿਭ੍ਰਮ = ਵਿਸ਼ੇਸ਼ ਕਰਕੇ ਭਰਮਾਉਣ ਵਾਲੇ ਹਨ, ਉਨ੍ਹਾਂ ਜੀਵਾਂ ਤੋਂ ਦੂਰ ਹੁਇ = ਹੋ ਕੇ ਭਾਗਿ = ਭੱਜ ਜਾਤਿ = ਜਾਂਦੇ ਹਨ, ਜਿਹੜੇ ਜੰਤ = ਪੁਰਖਾਂ ਦੀ ਰਸਨਾ = ਜੀਭਾ ਸਤਿਗੁਰ = ਸੱਚੇ ਗੁਰਾਂ ਦੇ ਮੰਤ = ਉਪਦੇਸ਼ ਵਿਚ ਰਸਤ = ਰਸ ਜਾਂਦੀ ਹੈ **ਵਾ:** ਸਤਿਨਾਮ ਰੂਪੀ ਮੰਤਰ ਦੇ ਜਾਪ ਵਿਚ ਰਸਕ ਹੋ ਜਾਂਦੀ ਹੈ ਭਾਵ ਨਾਮ ਜਪਣ ਲੱਗ ਜਾਂਦੀ ਹੈ ॥੩੬੫॥

ਜੈਸੇ ਤਉ ਸਫਲ ਬਨ ਬਿਖੈ ਬਿਰਖਾ ਬਿਬਿਧਿ;
ਜਾ ਕੋ ਫਲੁ ਮੀਠੋ, ਖਗ ਤਾ ਪੈ ਚਲਿ ਜਾਤ ਹੈ॥

ਜੈਸੇ = ਜਿਸ ਤਉ = ਤਰ੍ਹਾਂ ਬਨ = ਜੰਗਲ (ਬਾਗ਼) ਬਿਖੈ = ਵਿਚ ਬਿਬਿਧਿ = ਬਹੁਤ ਤਰ੍ਹਾਂ ਦੇ ਬਿਰਖਾ = ਬ੍ਰਿਛ ਸਫਲ = ਸਹਿਤ ਫਲਾਂ ਦੇ ਹੁੰਦੇ ਹਨ, ਪਰ ਜਾ = ਜਿਸ ਬ੍ਰਿਛ ਕੋ = ਦਾ ਫਲ ਮੀਠੋ = ਮਿੱਠਾ ਹੁੰਦਾ ਹੈ ਤਾ = ਉਸ ਦੇ ਪੈ = ਉੱਪਰ ਖਗ = ਪੰਛੀ ਚਲਿ = ਉੱਡ ਕੇ ਜਾਤ = ਜਾਂਦੇ ਹਨ ਭਾਵ ਉਸ ਉੱਪਰ ਫਲ ਖਾਣ ਲਈ ਜਾ ਕੇ ਬੈਠਦੇ ਹਨ।

ਜੈਸੇ ਪਰਬਤ ਬਿਖੈ ਦੇਖੀਐ ਪਾਖਾਨ ਬਹੁ;
ਜਾ ਮੈ ਤੋ ਹੀਰਾ ਖੋਜੀ ਖੋਜ ਖਨਵਾਰਾ ਲਲਚਾਤ ਹੈ॥

ਜੈਸੇ = ਜਿਸ ਪ੍ਰਕਾਰ ਪਰਬਤ = ਪਹਾੜਾਂ ਬਿਖੈ = ਵਿਚ ਜੜੀਆਂ ਬੂਟੀਆਂ ਤੋਂ ਇਲਾਵਾ ਬਹੁ = ਬਹੁਤ ਪਾਖਾਨ = ਪਹਾੜ ਦੇਖੀਐ = ਵੇਖਣਾ ਕਰੀਦੇ ਹਨ, ਪਰ ਜਾ = ਜਿਸ ਪੱਥਰ ਮੈ = ਵਿਚ ਤੋ = ਤਾਂ ਹੀਰਾ ਹੁੰਦਾ ਹੈ, ਉਥੇ ਖਨਵਾਰਾ = ਖਾਣ ਨੂੰ ਖੋਦਣ ਤੇ ਖੋਜੀ = ਖੋਜਣ ਵਾਲਾ ਖਾਣ ਵਿੱਚੋਂ ਹੀਰੇ ਆਦਿ ਅਮੋਲਕ ਪੱਥਰ ਨੂੰ ਖੋਜ = ਢੂੰਡਣ ਲਈ ਲਲਚਾਤ = ਲੋਭ ਕਰਦਾ ਹੈ।

ਜੈਸੇ ਤਉ ਜਲਧਿ ਮਧਿ ਬਸਤ ਅਨੰਤ ਜੰਤ;
ਮੁਕਤਾ ਅਮੋਲ ਜਾ ਮੈ, ਹੰਸ ਖੋਜ ਖਾਤ ਹੈ॥

ਜੈਸੇ = ਜਿਸ ਤਉ = ਤਰ੍ਹਾਂ ਜਲਧਿ = ਸਮੁੰਦਰ ਮਧਿ = ਵਿਚ ਅਨੰਤ = ਬੇਅੰਤ ਜੰਤ = ਜੀਵ ਬਸਤ = ਵੱਸਦੇ, ਰਹਿੰਦੇ ਹਨ, ਪਰੰਤੂ ਜਾ = ਜਿਸ ਸਮੁੰਦਰ (ਸਰੋਵਰ) ਮੈ = ਵਿਚ ਅਮੋਲ = ਬੇਕੀਮਤੀ ਮੁਕਤਾ = ਮੋਤੀ ਹੁੰਦੇ ਹਨ, ਉਸੇ ਨੂੰ ਹੀ ਖੋਜ = ਲੱਭ ਕੇ ਹੰਸ ਉਥੋਂ ਮੋਤੀ ਖਾਤ = ਖਾਂਦਾ ਹੈ।

ਤੈਸੇ ਗੁਰ ਚਰਨ ਸਰਨਿ ਹੈ ਅਸੰਖ ਸਿਖ;
ਜਾ ਮੈ ਗੁਰ ਗਿਆਨ, ਤਾਹਿ ਲੋਕ ਲਪਟਾਤ ਹੈ॥੩੬੬॥

ਤੈਸੇ = ਉਸੇ ਤਰ੍ਹਾਂ ਗੁਰ = ਸਤਿਗੁਰਾਂ ਦੇ ਚਰਨ ਦੀ ਸਰਨਿ = ਓਟ ਵਿਚ ਅਸੰਖ = ਅਣਗਿਣਤ ਸਿੱਖ ਆਉਂਦੇ ਹੈ = ਹਨ, ਪਰ ਜਾ = ਜਿਸ ਸਿੱਖ ਦੇ ਚਿੱਤ ਮੈ = ਵਿਚ ਗੁਰਾਂ ਦਾ ਗਿਆਨ ਜਾਂ ਗੁਰ-ਉਪਦੇਸ਼ ਦੁਆਰਾ ਬ੍ਰਹਮ ਗਿਆਨ ਪ੍ਰਗਟ ਹੋ ਜਾਂਦਾ ਹੈ, ਤਾਹਿ = ਉਸ ਦੇ ਚਰਨਾਂ ਉੱਤੇ ਹੋਰ ਲੋਕ ਲਪਟਾਤ = ਲਪਟਣਾ, ਪੈਣਾ ਕਰਦੇ ਹੈ = ਹਨ **ਵਾ:** ਉਸ ਦੇ ਵੱਲ ਭਾਵ ਉਸ ਦੀ ਸੰਗਤ ਕਰਨ ਲਈ ਲੋਕ ਪ੍ਰੇਮ ਵੱਸ ਹੋ ਕੇ ਆਉਣਾ ਕਰਦੇ ਹਨ॥੩੬੬॥

ਜੈਸੇ ਸਸਿ ਜੋਤਿ ਹੋਤ ਪੂਰਨ ਪ੍ਰਗਾਸ ਤਾਸ;
ਚਿਤਵਤ ਚਕ੍ਰਤ ਚਕੋਰ ਧਿਆਨ ਧਾਰਹੀ॥

ਜੈਸੇ = ਜਿਸ ਪ੍ਰਕਾਰ ਸਸਿ = ਚੰਦਰਮਾ ਦਾ ਜੋਤਿ = ਚਾਨਣਾ ਹੋਤ = ਹੁੰਦਾ ਹੈ ਤੇ ਤਾਸ = ਉਸ ਦਾ

ਪੂਰਨ = ਪੂਰਾ ਪ੍ਰਗਾਸ = ਚਾਨਣਾ ਹੁੰਦਾ ਹੈ, ਉਸ ਚਾਨਣ ਨੂੰ ਚਿਤਵਤ = ਵੇਖਦਿਆਂ ਚਕੋਰ ਚਕ੍ਰਤ = ਹੈਰਾਨ ਹੋ ਕੇ ਉਸ ਦੇ ਧਿਆਨ = ਖ਼ਿਆਲ ਨੂੰ ਧਾਰਹੀ = ਧਾਰ ਲੈਣਾ ਕਰਦਾ ਹੈ ਭਾਵ ਚਿੱਤ ਵਿਚ ਵਸਾ ਲੈਣਾ ਕਰਦਾ ਹੈ।

ਜੈਸੇ ਅੰਧਕਾਰ ਬਿਖੈ ਦੀਪ ਹੀ ਦਿਪਤ ਦੇਖਿ;
ਅਨਿਕ ਪਤੰਗ ਓਤਿ ਪੋਤਿ ਹੁਇ ਗੁੰਜਾਰਹੀ ॥

ਜੈਸੇ = ਜਿਸ ਪ੍ਰਕਾਰ ਅੰਧਕਾਰ = ਹਨੇਰੇ ਬਿਖੈ = ਵਿਚ ਦੀਪ = ਦੀਵੇ ਨੂੰ ਦਿਪਤ = ਜਗਦਿਆਂ ਦੇਖਿ = ਵੇਖਣ ਸਾਰ ਹੀ ਅਨਿਕ = ਅਨੰਤ ਪਤੰਗ = ਪਰਵਾਨੇ ਓਤਿ ਪੋਤਿ = ਤਾਣੇ ਪੇਟੇ ਵਤ ਹੁਇ = ਹੋ ਕੇ ਗੁੰਜਾਰਹੀ = ਗੂੰਜਣ ਲੱਗ ਪੈਂਦੇ ਹਨ ਭਾਵ ਘੂੰ ਘੂੰ ਕਰਨ ਲੱਗ ਪੈਂਦੇ ਹਨ।

ਜੈਸੇ ਮਿਸਟਾਨ ਪਾਨ ਜਾਨ ਕਾਜ ਭਾਂਜਨ ਮੈ;
ਰਾਖਤ ਹੀ ਚੀਟੀ ਕੋਟਿ ਲੋਭ ਲੁਭਿਤ ਅਪਾਰ ਹੀ ॥

ਜੈਸੇ = ਜਿਸ ਪ੍ਰਕਾਰ ਮਿਸਟਾਨ = ਮਿੱਠੇ ਪਦਾਰਥ ਖਾਣ ਜਾਂ ਪਾਨ = ਪੀਣ ਵਾਲੇ ਕਾਮ = ਕੰਮ ਦੇ ਜਾਨ = ਜਾਣ ਕਰਕੇ ਭਾਂਜਨ = ਬਰਤਨ ਮੈ = ਵਿਚ ਰਾਖਤ = ਰੱਖਦਿਆਂ ਹੀ ਕੋਟਿ = ਕਰੋੜਾਂ ਚੀਟੀ = ਕੀੜੀਆਂ ਉਸ ਮਿੱਠੇ ਪਦਾਰਥ ਦੇ ਅਪਾਰ = ਅਨੰਤ ਲੋਭ = ਲਾਲਚ ਕਰਕੇ ਲੁਭਿਤ = ਲੁਭਾਇਮਾਨ ਹੋਣਾ ਕਰਦੀਆਂ ਹਨ।

ਤੈਸੇ ਪਰਮ ਨਿਧਾਨ ਗੁਰ-ਗਿਆਨ ਪਰਵਾਨ ਜਾ ਮੈ;
ਸਕਲ ਸੰਸਾਰ ਤਾਸ ਚਰਨ ਨਮਸਕਾਰਹੀ ॥੩੬੭॥

ਤੈਸੇ = ਉਸੇ ਤਰ੍ਹਾਂ ਪਰਮ = ਸ੍ਰੇਸ਼ਟ ਨਿਧਾਨ = ਖ਼ਜ਼ਾਨੇ ਦੇ ਮਾਲਕ ਗੁਰ = ਸਤਿਗੁਰਾਂ ਦਾ ਗਿਆਨ ਜਾ = ਜਿਸ ਸਿੱਖ ਦੇ ਚਿੱਤ ਮੈ = ਵਿਚ ਪਰਵਾਨ = ਪ੍ਰਮਾਣਿਤ ਹੋ ਜਾਂਦਾ ਹੈ, ਤਾਸ = ਉਸ ਦੇ ਚਰਨਾਂ ਉੱਪਰ ਸਕਲ = ਸਾਰਾ ਸੰਸਾਰ = ਜਗਤ ਨਮਸਕਾਰਹੀ = ਬੰਦਨਾ ਕਰਦਾ ਹੈ ॥੩੬੭॥

ਜੇਤੇ ਫੂਲ ਫੂਲੇ, ਤੇਤੇ ਫਲ ਨ ਲਾਗੈ ਦ੍ਰੂਮ;
ਲਾਗਤ ਜਿਤੇਕੁ, ਪਰਪਕ ਨ ਸਕਲ ਹੈ ॥

ਜੇਤੇ = ਜਿਤਨੇ ਫੂਲ = ਫੁੱਲ ਫੂਲੇ = ਫੁਲਦੇ, ਲੱਗਦੇ ਹਨ, ਤੇਤੇ = ਤਿਤਨੇ ਦ੍ਰੂਮ = ਬ੍ਰਿਛ ਨੂੰ ਫਲ ਨ = ਨਹੀਂ ਲਾਗੈ = ਲੱਗਦੇ ਅਤੇ ਜਿਤੇਕੁ = ਜਿਤਨੇ ਕੁ ਫਲ ਲਾਗਤ = ਲੱਗਦੇ ਹਨ, ਉਹ ਸਕਲ = ਸਾਰੇ ਪਰਪਕ = ਪੱਕਦੇ ਨ = ਨਹੀਂ ਹੈ = ਹਨ।

ਜੇਤੇ ਸੁਤ ਜਨਮਤ ਜੀਅਤ ਰਹੈ ਨ ਤੇਤੇ;
ਜੀਅਤ ਹੈ ਜੇਤੇ, ਤੇਤੇ ਕੁਲ ਨ ਕਮਲ ਹੈ ॥

ਜੇਤੇ = ਜਿਤਨੇ ਸੁਤ = ਪੁੱਤਰ ਜਨਮਤ = ਜੰਮਦੇ ਹਨ, ਤੇਤੇ = ਉਤਨੇ ਜੀਅਤ = ਜੀਉਂਦੇ ਨ = ਨਹੀਂ

ਰਹੈ = ਰਹਿੰਦੇ ਅਤੇ ਜੇਤੇ = ਜਿਤਨੇ ਜੀਅਤ = ਜਿਊਂਦੇ ਰਹਿੰਦੇ ਹੈ = ਹਨ, ਤੇਤੇ = ਉਤਨੇ ਕੁਲ = ਵੰਸ ਦੇ ਕਮਲ ਨ = ਨਹੀਂ ਹੁੰਦੇ ਹੈ = ਹਨ, ਭਾਵ ਕਮਲ ਫੁੱਲ ਵਾਂਗ ਕੋਮਲ ਤੇ ਲਾਇਕ ਨਹੀਂ ਹੁੰਦੇ ਜਾਂ ਵੰਸ ਦੀ ਕੀਰਤੀ ਨੂੰ ਪਸਾਰਨ ਦਾ ਕਾਰਨ ਨਹੀਂ ਹੁੰਦੇ ਹਨ।

ਦਲ ਮਿਲਿ ਜਾਤ ਜੇਤੇ, ਸੁਭਟ ਨ ਹੋਹਿ ਤੇਤੇ;
ਜੇਤਕ ਸੁਭਟ, ਜੂਝਿ ਮਰਨ ਨ ਬਲ ਹੈ॥

ਜੇਤੇ = ਜਿਤਨੇ ਕੁ ਸਿਪਾਹੀ ਦਲ = ਸੈਨਾ ਵਿਚ ਮਿਲਿ = ਸ਼ਾਮਲ ਹੋ ਕੇ ਜਾਤ = ਜਾਣਾ ਕਰਦੇ ਹਨ, ਤੇਤੇ = ਉਤਨੇ ਸੁਭਟ = ਸੂਰਮੇ ਨ = ਨਹੀਂ ਹੋਹਿ = ਹੁੰਦੇ ਅਤੇ ਜੇਤਕ = ਜਿਤਨੇ ਕੁ ਸੁਭਟ = ਸੂਰਮੇ ਹੁੰਦੇ ਹਨ ਉਹ ਸਾਰੇ ਜੰਗ ਵਾਲੀ ਥਲ = ਥਾਂ ਜੂਝਿ = ਲੜ ਕੇ ਮਰਨ = ਮਰਦੇ ਨ = ਨਹੀਂ ਹੈ = ਹਨ।

ਆਰਸੀ ਜੁਗਤਿ ਗੁਰ ਸਿਖ ਸਭ ਹੀ ਕਹਾਵੈ;
ਪਾਵਕ ਪ੍ਰਗਾਸ ਭਏ ਬਿਰਲੇ ਅਚਲ ਹੈ॥੩੬੮॥

ਇਸੇ ਤਰ੍ਹਾਂ ਆਰਸੀ = ਸ਼ੀਸ਼ੇ ਦੇ ਜੁਗਤਿ = ਤਰੀਕੇ ਵਾਂਗ ਬਹੁਤ ਸਭ = ਸਾਰੇ ਗੁਰ = ਸਤਿਗੁਰਾਂ ਦੇ ਹੀ ਸਿਖ ਕਹਾਵੈ = ਕਹਾਉਂਦੇ ਹਨ ਪਰ ਪਾਵਕ = ਅੱਗ ਦੇ ਪ੍ਰਗਾਸ = ਪ੍ਰਕਾਸ਼ ਭਏ = ਹੋਏ ਤੋਂ ਭਾਵ ਸੇਕ ਲੱਗੇ ਤੋਂ ਕੋਈ ਵਿਰਲਾ ਸ਼ੀਸ਼ਾ ਹੀ ਠੀਕ ਰਹਿੰਦਾ ਹੈ। ਇਸੇ ਤਰ੍ਹਾਂ ਗੁਰਾਂ ਦੀ ਕਸਵੱਟੀ ਲੱਗਣੇ ਤੋਂ ਬਿਰਲੇ = ਟਾਂਵੇਂ ਸਿੱਖ ਹੀ ਅਚੱਲ ਰਹਿੰਦੇ ਹਨ॥੩੬੮॥

ਜੈਸੇ ਅਹਿ ਅਗਨਿ ਕਉ ਬਾਲਕ ਬਿਲੋਕ ਧਾਵੈ;
ਗਹਿ ਗਹਿ ਰਾਖੈ ਮਾਤਾ, ਸੁਤ ਬਿਲਲਾਤ ਹੈ॥

ਜੈਸੇ = ਜਿਸ ਪ੍ਰਕਾਰ ਅਹਿ = ਸੱਪ ਤੇ ਅਗਨਿ = ਅੱਗ ਕਉ = ਨੂੰ ਚਮਕਦਾਰ ਚੀਜ਼ਾਂ ਸਮਝ ਕੇ ਬਾਲਕ = ਬੱਚਾ ਬਿਲੋਕ = ਵੇਖਣ ਸਾਰ, ਉਨ੍ਹਾਂ ਨੂੰ ਫੜਨ ਵਾਸਤੇ ਧਾਵੈ = ਦੌੜਦਾ ਹੈ ਅਤੇ ਮਾਤਾ = ਮਾਂ ਗਹਿ ਗਹਿ = ਫੜ ਫੜ ਕੇ ਰਾਖੈ = ਰੱਖਦੀ ਹੈ ਤੇ ਸੁਤ = ਪੁੱਤਰ ਸੱਪ ਤੇ ਅੱਗ ਵੱਲ ਜਾਣ ਲਈ ਬਿਲਲਾਤ = ਰੋਂਦਾ ਹੈ। ਜੈਸਾ ਕਿ :

ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ॥
ਮਾਤਾ ਪਿਤਾ ਕੰਠਿ ਲਾਇ ਰਾਖੈ ਅਨਦ ਸਹਜਿ ਤਬ ਖੇਲੈ॥੨॥ *(ਅੰਗ ੧੨੬੬)*

ਬ੍ਰਿਥਾਵੰਤ ਜੰਤ ਜੈਸੇ ਚਾਹਤ ਅਖਾਦਿ ਖਾਦਿ;
ਜਤਨ ਕੈ ਬੈਦ ਜੁਗਾਵਤ ਨ ਸੁਹਾਤ ਹੈ॥

ਜੈਸੇ = ਜਿਸ ਪ੍ਰਕਾਰ ਬ੍ਰਿਥਾਵੰਤ = ਪੀੜਾ ਵਾਲਾ ਰੋਗੀ ਜੰਤ = ਪੁਰਖ ਅਖਾਦਿ = ਨਾ ਖਾਣੇ ਯੋਗ ਪਦਾਰਥ ਨੂੰ ਖਾਦਿ = ਖਾਣਾ ਚਾਹਤ = ਚਾਹੁੰਦਾ ਹੈ ਪਰੰਤੂ ਬੈਦ = ਹਕੀਮ ਜਤਨ = ਕੋਸ਼ਿਸ਼ ਕੈ = ਕਰ ਕੇ ਰੋਕਣਾ ਕਰਦਾ ਹੈ, ਭਾਵੇਂ ਉਹ ਜੁਗਾਵਤ = ਜੁਗਤੀ ਨਾਲ ਰੱਖਿਆ ਕੀਤੀ ਹੋਈ ਬਿਮਾਰ ਪੁਰਖ ਨੂੰ ਸੁਹਾਤ = ਚੰਗੀ ਨ = ਨਹੀਂ ਲੱਗਦੀ ਹੈ।

ਜੈਸੇ ਪੰਥ ਅਪੰਥ ਬਿਬੇਕਹਿ ਨ ਬੂਝੈ ਅੰਧ;
ਕਰਿ ਗਹੇ ਅਟਪਟੀ ਚਾਲ ਚਲਿਓ ਜਾਤ ਹੈ॥

ਜੈਸੇ = ਜਿਸ ਪ੍ਰਕਾਰ ਅੰਧ = ਅੰਨ੍ਹਾ ਪੁਰਖ ਪੰਥ = ਰਸਤੇ ਅਪੰਥ = ਕੁਰਸਤੇ ਬਿਬੇਕਹਿ = ਵਿਚਾਰ ਕੇ ਬੂਝੈ = ਸਮਝਣਾ ਨ = ਨਹੀਂ ਕਰਦਾ ਹੈ ਅਤੇ ਇਸੇ ਕਰਕੇ ਕਰਿ = ਹੱਥੋਂ ਗਹੇ = ਫੜਿਆ ਹੋਇਆ ਵੀ ਅਟਪਟੀ = ਉਲਟੀ ਪੁਲਟੀ (ਅਸਤ ਵਿਅਸਤ) ਚਾਲ = ਤੋਰ ਹੀ ਚਲਿਓ = ਤੁਰਿਆ ਜਾਤ = ਜਾਂਦਾ ਹੈ।

ਤੈਸੇ ਕਾਮਨਾ ਕਰਤ ਕਨਿਕ ਅਉ ਕਾਮਨੀ ਕੀ;
ਰਾਖੈ ਨਿਰਲੇਪ ਗੁਰ, ਸਿਖ ਅਕੁਲਾਤ ਹੈ॥੩੬੯॥

ਤੈਸੇ = ਉਸੇ ਪ੍ਰਕਾਰ ਹੀ ਸਿੱਖ ਆਪਣੇ ਚਿੱਤ ਵਿਚ ਕਨਿਕ = ਸੋਨੇ ਅਉ = ਅਤੇ ਕਾਮਨੀ = ਪਰਾਈ ਇਸਤਰੀ ਕੀ = ਦੀ ਵਿਸ਼ੇ ਰਸ ਵਿਚ ਕਾਮਨਾ = ਇੱਛਾ ਕਰਤ = ਕਰਦਾ ਰਹਿੰਦਾ ਹੈ ਅਤੇ ਗੁਰ = ਸਤਿਗੁਰੂ ਸਾਹਿਬ ਜੀ ਉਸ ਨੂੰ ਨਿਰਲੇਪ = ਅਸੰਗ ਰਾਖੈ = ਰੱਖਦੇ ਹਨ ਭਾਵ ਵੈਰਾਗਮਈ ਸਿੱਖਿਆ ਦੇ ਕੇ ਇਨ੍ਹਾਂ ਕਾਮਨਾਵਾਂ ਤੋਂ ਰਹਿਤ ਹੋਣ ਲਈ ਪ੍ਰੇਰਦੇ ਰਹਿੰਦੇ ਹਨ ਪਰੰਤੂ ਸਿੱਖ ਇਨ੍ਹਾਂ ਨੂੰ ਸੁੱਖ ਰੂਪ ਸਮਝ ਕੇ ਅਕੁਲਾਤ = ਵਿਆਕੁਲ (ਕਾਹਲਾ) ਹੁੰਦਾ ਹੈ॥੩੬੯॥

ਜੈਸੇ ਮਾਤਾ ਪਿਤਾ ਅਨੇਕ ਉਪਜਾਤ ਸੁਤ;
ਪੂੰਜੀ ਦੈ ਦੈ ਬਨਜ ਬਿਉਹਾਰਹਿ ਲਗਾਵਹੀ॥

ਜੈਸੇ = ਜਿਸ ਪ੍ਰਕਾਰ ਮਾਤਾ = ਮਾਂ, ਪਿਤਾ = ਪਿਉ ਅਨੇਕ = ਅਨੰਤ ਸੁਤ = ਪੁੱਤਰ ਉਪਜਾਤ = ਪੈਦਾ ਕਰਦੇ ਹਨ ਅਤੇ ਉਨ੍ਹਾਂ ਸਾਰਿਆਂ ਨੂੰ ਪੂੰਜੀ = ਧਨ ਰਾਸ਼ੀ ਦੈ ਦੈ = ਦੇ ਦੇ ਕੇ ਬਨਜ = ਵਣਜ ਬਿਉਹਾਰਹਿ = ਵਪਾਰ ਕਰਨ ਵਿਚ ਲਗਾਵਹੀ = ਲਗਾਉਂਦੇ ਹਨ।

ਕਿਰਤ ਬਿਰਤ ਕਰਿ ਕੋਊ ਮੂਲਿ ਖੋਵੈ ਰੋਵੈ;
ਕੋਊ ਲਾਭ ਲਭਤਿ ਕੈ ਚਉਗੁਨੋ ਬਢਾਵਹੀ॥

ਉਨ੍ਹਾਂ ਵਿੱਚੋਂ ਕੋਊ = ਕੋਈ ਤਾਂ ਬਿਰਤ = ਉਪਜੀਵਕਾ ਸੰਬੰਧੀ ਕਿਰਤ = ਕਮਾਈ ਨੂੰ ਕਰਿ = ਕਰ ਕੇ ਮੂਲਿ = ਮੁੱਢ ਰੂਪ ਧਨ ਰਾਸ਼ੀ ਨੂੰ ਖੋਵੈ = ਗਵਾ ਕੇ ਰੋਵੈ = ਰੋਣਾ ਕਰਦਾ ਹੈ ਅਤੇ ਕੋਊ = ਕੋਈ ਲਾਭ = ਨਫ਼ੇ ਵਾਲੇ ਸੌਦੇ ਨੂੰ ਲਭਤਿ = ਖੋਜ ਕੈ = ਕਰਕੇ ਚਉਗੁਨੋ = ਚਾਰ ਗੁਣਾ ਆਪਣੀ ਪੂੰਜੀ ਨੂੰ ਬਢਾਵਹੀ = ਵਧਾ ਲੈਣਾ ਕਰਦਾ ਹੈ।

ਜੈਸੋ ਜੈਸੋ ਜੋਈ ਕੁਲਾ ਧਰਮ ਹੈ ਕਰਮ ਕਰੈ;
ਤੈਸੋ ਤੈਸੋ ਜਸੁ ਅਪਜਸੁ ਪ੍ਰਗਟਾਵਹੀ॥

ਜੈਸੋ ਜੈਸੋ = ਜਿਹੋ ਜਿਹਾ ਤੇ ਜੋਈ = ਜਿਹੜਾ ਕਿਸੇ ਦੀ ਕੁਲਾ = ਵੰਸ਼ ਦਾ ਧਰਮ = ਨਿਯਮ ਹੈ ਭਾਵ ਕੁਲ ਪਰੰਪਰਾ ਦੀ ਪਰਵਿਰਤੀ ਹੈ, ਉਹੋ ਜਿਹਾ ਕਰਮ = ਕੰਮ ਕਰੈ = ਕਰਦੇ ਹਨ ਅਤੇ ਤੈਸੋ ਤੈਸੋ = ਉਸੇ ਉਸੇ ਤਰ੍ਹਾਂ ਦੀ ਹੀ ਜਸ = ਕੀਰਤੀ ਤੇ ਅਪਜਸੁ = ਅਪਕੀਰਤੀ ਨੂੰ ਪ੍ਰਗਟਾਵਹੀ = ਪ੍ਰਗਟ ਕਰ ਲੈਂਦੇ ਹਨ।

ਤੈਸੇ ਸਤਿਗੁਰ ਸਮਦਰਸੀ ਪੁਹਪ ਗਤਿ;
ਸਿਖ ਸਾਖਾ ਬਿਬਿਧ ਬਿਰਖ, ਫਲ ਪਾਵਹੀ ॥੩੭੦॥

ਤੈਸੇ = ਉਸੇ ਪ੍ਰਕਾਰ, ਸਮਦਰਸੀ = ਸਮਾਨ ਦ੍ਰਿਸ਼ਟੀ ਵਾਲੇ ਸਤਿਗੁਰ = ਸੱਚੇ ਗੁਰੂ ਸਾਹਿਬ ਜੀ ਬਿਰਖ = ਬ੍ਰਿਛ ਗਤਿ = ਵਾਂਗ ਹਨ, ਗੁਰੂ ਕੇ ਸਿੱਖ ਸਾਖਾ = ਟਾਹਣੀਆਂ, ਪੱਤਿਆਂ, ਪੁਹਪ = ਫੁੱਲ, ਫਲ ਵਤ ਬਿਬਿਧ = ਬਹੁਤ ਤਰ੍ਹਾਂ ਦੇ ਹਨ, ਜਿਹੋ ਜਿਹੀ ਕਿਸੇ ਸਿੱਖ ਦੀ ਗੁਰਾਂ 'ਤੇ ਸ਼ਰਧਾ ਭਾਵਨਾ ਹੁੰਦੀ ਹੈ, ਉਹੋ ਜਿਹਾ ਫਲ ਪਾਵਹੀ = ਪਾਉਂਦੇ ਹਨ।

ਅਰਥਾਤ ਟਾਹਣੀਆਂ ਵਤ ਉਹ ਸਿੱਖ ਹਨ ਜੋ ਗੁਰੂ ਘਰ ਦੀ ਟਹਿਲ ਨਿਭਾਉਣ ਦਾ ਸਿੱਕੇਵੰਦ ਸਿੱਖ ਸੰਪ੍ਰਦਾਇ ਦੀ ਸ਼ਾਨ ਮਾਤਰ ਹੀ ਵਧਾਉਣ ਵਾਲਾ ਬਣਦਾ ਹੈ ਤੇ ਕੋਈ ਸਿੱਖ ਫੁੱਲ ਦੀ ਨਿਆਈਂ ਸਿੱਖ ਧਰਮ ਦੇ ਸਿਧਾਂਤ ਨੂੰ ਪਾਲਣ ਵਾਲਾ ਹੁੰਦਾ ਹੈ ਜਾਂ ਸਿੱਖੀ ਸਾਧਨਾਂ ਦੇ ਸਾਧਨ ਵਿਚ ਸੰਪੰਨ **ਵਾ:** ਸਿੱਖੀ ਦੀ ਕੀਰਤੀ ਪ੍ਰਚਾਰਨ ਵਾਲਾ ਹੀ ਬਣ ਸੰਤੁਸ਼ਟ ਰਹਿੰਦਾ ਹੈ ਅਤੇ ਕੋਈ ਸਿੱਖ ਫਲ ਵਤ ਅਸਲੀ ਗਿਆਨ ਰੂਪ ਫਲ ਨੂੰ ਪ੍ਰਾਪਤ ਕਰਦਾ ਹੈ ਭਾਵ ਗੁਰਾਂ ਦੇ ਉਪਦੇਸ਼ ਦੁਆਰਾ ਬ੍ਰਹਮ ਗਿਆਨ ਰੂਪੀ ਫਲ ਨੂੰ ਪ੍ਰਾਪਤ ਕਰ ਕੇ ਸੱਚ ਸਰੂਪ ਵਿਚ ਲਿਵਲੀਨ ਹੋ ਜਾਣਾ ਕਰਦਾ ਹੈ॥੩੭੦॥

ਜੈਸੇ ਨਰਪਤਿ ਬਹੁ ਬਨਿਤਾ ਬਿਵਾਹ ਕਰੈ;
ਜਾ ਕੈ ਜਨਮਤ ਸੁਤ, ਵਾਹੀ ਗ੍ਰਿਹਿ ਰਾਜ ਹੈ ॥

ਜੈਸੇ = ਜਿਸ ਪ੍ਰਕਾਰ ਨਰਪਤਿ = ਰਾਜਾ ਬਹੁ = ਬਹੁਤੀਆਂ ਬਨਿਤਾ = ਇਸਤਰੀਆਂ ਨਾਲ ਬਿਵਾਹ = ਵਿਆਹ ਕਰੈ = ਕਰਾਉਂਦਾ ਹੈ, ਪਰ ਜਾ = ਜਿਸ ਇਸਤਰੀ ਕੈ = ਦੇ ਪਹਿਲਾ ਸੁਤ = ਪੁੱਤਰ ਜਨਮਤ = ਜਨਮ ਲੈ ਲਵੇ, ਵਾਹੀ = ਉਸ ਦੇ ਗ੍ਰਿਹਿ = ਘਰ ਹੀ ਰਾਜ ਭਾਗ ਹੁੰਦਾ ਹੈ ਭਾਵ ਉਸ ਦਾ ਪੁੱਤਰ ਰਾਜ ਦਾ ਮਾਲਕ ਬਣਦਾ ਹੈ।

ਜੈਸੇ ਉਦਧਿ ਮਧਿ ਚਹੂੰ ਓਰ ਮੈ ਬੋਹਿਥ ਚਲੈ;
ਜੋਈ ਪਾਰ ਪਹੁੰਚੈ, ਪੂਰਨ ਸਰਬ ਕਾਜ ਹੈ ॥

ਜੈਸੇ = ਜਿਸ ਪ੍ਰਕਾਰ ਉਦਧਿ = ਸਮੁੰਦਰ ਮਧਿ = ਵਿਚ ਚਹੂੰ = ਚਾਰੇ ਓਰ = ਪਾਸਿਆਂ ਮੈ = ਵਿਚ ਬੋਹਿਥ = ਜਹਾਜ਼ ਚਲੈ = ਚੱਲਦੇ ਹਨ, ਪਰ ਜੋਈ = ਜਿਹੜਾ ਜਹਾਜ਼ ਪਾਰ = ਪਰਲੇ ਕਿਨਾਰੇ ਪਹੁੰਚੈ = ਅੱਪੜ ਜਾਂਦਾ ਹੈ, ਉਸ ਜਹਾਜ਼ ਦੇ ਸਾਰੇ ਯਾਤਰੀਆਂ ਦੇ ਸਰਬ = ਸਾਰੇ ਕਾਜ = ਕੰਮ ਪੂਰਨ = ਪੂਰੇ ਹੋ ਜਾਂਦੇ ਹਨ।

ਜੈਸੇ ਖਾਨਿ ਖਨਤ ਅਨੰਤ ਖਨਵਾਰਾ ਖੋਜੀ;
ਹੀਰਾ ਹਾਥ ਚੜੈ ਜਾ ਕੈ, ਤਾ ਕੈ ਬਾਜੁ ਬਾਜ ਹੈ ॥

ਜੈਸੇ = ਜਿਸ ਪ੍ਰਕਾਰ ਅਨੰਤ = ਬਹੁਤ ਸਾਰੇ ਖਨਵਾਰਾ = ਖਾਣਾਂ ਨੂੰ ਪੁੱਟਣ ਵਾਲੇ ਲੋਕ ਖਾਨਿ = ਖਾਣਾਂ ਨੂੰ ਖੋਜੀ = ਢੂੰਡ ਕੇ ਖਨਤ = ਖੋਦਦੇ ਹਨ, ਪਰ ਜਾ = ਜਿਸ ਕੈ = ਦੇ ਹਾਥ = ਹੱਥ ਆਣ ਚੜੈ = ਚੜ੍ਹ ਪਵੇ ਭਾਵ ਜਿਸ ਨੂੰ ਹੀਰਾ ਲੱਭ ਪੈਂਦਾ ਹੈ, ਤਾ = ਉਸ ਕੈ = ਦੇ ਘਰ ਖ਼ੁਸ਼ੀ ਦੇ ਬਾਜੁ ਬਾਜ = ਵਾਜੇ ਵੱਜ ਪੈਂਦੇ ਹੈ = ਹਨ।

ਤੈਸੇ ਗੁਰਸਿਖ ਨਵਤਨ ਅਉ ਪੁਰਾਤਨ;
ਜਿਨ ਪਰਿ ਕਟਾਛਿ ਕ੍ਰਿਪਾ, ਤਾ ਕੈ ਛਬਿ ਛਾਜ ਹੈ ॥੩੭੧॥

ਤੈਸੇ = ਉਸੇ ਪ੍ਰਕਾਰ ਗੁਰੂ ਸਾਹਿਬ ਜੀ ਆਪਣੇ ਨਵਤਨ = ਨਵੇਂ ਅਉ = ਅਤੇ ਪੁਰਾਤਨ = ਪੁਰਾਣੇ ਗੁਰਸਿੱਖਾਂ ਵਿੱਚੋਂ ਜਿਨ = ਜਿਨ੍ਹਾਂ ਪਰਿ = ਉੱਤੇ ਕ੍ਰਿਪਾ ਕਟਾਛਿ = ਮਿਹਰ ਭਰੀ ਦ੍ਰਿਸ਼ਟੀ ਕਰ ਦੇਣ ਤਾ = ਉਸ ਕੈ = ਦੇ ਹੀ ਹਿਰਦੇ ਅੰਦਰ ਸ਼ੁਭ ਗੁਣਾਂ ਦੀ ਛਬਿ = ਸੁੰਦਰਤਾ ਛਾਜ = ਫੱਬ, ਸੱਜ ਪਿਆ ਕਰਦੀ ਹੈ ਭਾਵ ਉਸ ਦਾ ਜੀਵਨ ਸ਼ੁਭ ਗੁਣਾਂ ਦੀ ਸੁੰਦਰਤਾ ਦੇ ਸਹਿਤ ਹੋਣੇ ਕਰਕੇ ਉਸ ਦੀ ਸੋਭਾ ਲੋਕ-ਪ੍ਰਲੋਕ ਵਿਚ ਹੁੰਦੀ ਹੈ **ਵਾ:** ਉਹ ਸਰੂਪ ਦੀ ਪ੍ਰਾਪਤੀ ਰੂਪ ਛਬਿ = ਸ਼ੋਭਾ ਦੀ ਛਾਜ = ਸਜਾਵਟ ਵਾਲਾ ਹੋ ਜਾਂਦਾ ਹੈ ॥੩੭੧॥

ਬੂੰਦ ਬੂੰਦ ਬਰਖ ਪਰਨਾਰੇ ਬਹਿ ਚਲੈ ਜਲ;
ਬਹੁਰਿਓ ਉਮਗਿ ਬਹੈ ਬੀਥੀ ਬੀਥੀ ਆਇ ਕੈ ॥

ਬੂੰਦ ਬੂੰਦ = ਕਣੀ ਕਣੀ ਬਰਖ = ਵਰਸਣ ਨਾਲ ਪਰਨਾਰੇ = ਪਰਨਾਲੇ ਰਾਹੀਂ ਜਲ = ਪਾਣੀ ਬਹਿ = ਵਹਿ ਚਲੈ = ਤੁਰਦਾ ਹੈ ਅਤੇ ਬੀਥੀ ਬੀਥੀ = ਗਲੀ ਗਲੀ ਵਿਚ ਆਇ = ਆ ਕੈ = ਕਰਕੇ ਬਹੁਰਿਓ = ਫਿਰ ਉਮਗਿ = ਉੱਛਲ ਉੱਛਲ ਕੇ ਬਹੈ = ਵਗਣਾ ਕਰਦਾ ਹੈ।

ਤਾ ਤੇ ਨੋਰਾ ਨੋਰਾ ਭਰਿ ਚਲਤ ਚਤੁਰ ਕੁੰਟ;
ਸਰਿਤਾ ਸਰਿਤਾ ਪ੍ਰਤਿ ਮਿਲਤ ਹੈ ਜਾਇ ਕੈ ॥

ਫੇਰ ਤਾ = ਤਿਸ ਦੇ ਵਹਿਣ ਤੇ = ਤੋਂ ਨੋਰਾ ਨੋਰਾ = ਨਾਲੇ ਨਾਲੇ **ਵਾ:** ਨਾਲੀ ਨਾਲਿਆਂ ਰਾਹੀਂ ਭਰ ਕੇ ਚਤੁਰ = ਚਾਰੇ ਕੁੰਟ = ਪਾਸਿਆਂ ਵਿਚ ਚਲਤ = ਚੱਲਣਾ, ਵਹਿਣਾ ਕਰਦਾ ਹੈ ਅਤੇ ਫੇਰ ਸਰਿਤਾ ਸਰਿਤਾ = ਨਦੀਆਂ ਨਦੀਆਂ ਪ੍ਰਤਿ = ਤਾਈਂ ਮਿਲਤ = ਮਿਲ ਕੇ ਸਮੁੰਦਰ ਵਿਚ ਜਾਹਿ = ਜਾ ਪੈਣਾ ਕੈ = ਕਰਦਾ ਹੈ।

ਸਰਿਤਾ ਸਕਲ ਜਲ ਪ੍ਰਬਲ ਪ੍ਰਵਾਹ ਚਲਿ;
ਸੰਗਮ ਸਮੁੰਦ੍ਰ ਹੋਤ, ਸਮਤ ਸਮਾਇ ਕੈ ॥

ਸਕਲ = ਸਾਰੀਆਂ ਸਰਿਤਾ = ਨਦੀਆਂ ਦਾ ਜਲ = ਪਾਣੀ ਪ੍ਰਬਲ = ਤੇਜ਼ ਪ੍ਰਵਾਹ = ਵਹਿਣ ਵਿਚ ਚਲਿ = ਵਗ ਕੇ ਸਮੁੰਦਰ ਦਾ ਸੰਗਮ = ਸਾਥੀ ਹੋਤ = ਹੋ ਕੇ ਸਮਤ = ਬਰਾਬਰ ਸਮਾਇ = ਲੀਨ ਹੋ ਜਾਣਾ ਕੈ = ਕਰਦਾ ਹੈ ਭਾਵ ਸਮੁੰਦਰ ਵਿਚ ਮਿਲ ਕੇ ਉਸ ਦਾ ਰੂਪ ਹੀ ਹੋ ਜਾਂਦਾ ਹੈ।

ਜਾ ਮੈ ਜੈਸੀਐ ਸਮਾਈ ਤੈਸੀਐ ਮਹਿਮਾ ਬਡਾਈ;
ਓਛੋ ਅਉ ਗੰਭੀਰ ਧੀਰ ਬੂਝੀਐ ਬੁਲਾਇ ਕੈ ॥੩੭੨॥

ਜਾ = ਜਿਸ ਮੈ = ਵਿਚ ਜੈਸੀਐ = ਜਿਹੋ ਜਿਹੀ ਸਮਾਈ ਹੁੰਦੀ ਹੈ, ਤੈਸੀਐ = ਉਹੋ ਜਿਹੀ ਹੀ ਉਸ ਦੀ ਮਹਿਮਾ = ਉਪਮਾ ਤੇ ਬਡਾਈ = ਸ਼ੋਭਾ ਹੁੰਦੀ ਹੈ, ਓਛੋ = ਘਟੀਆ (ਤੁੱਛ) ਅਉ = ਅਤੇ ਗੰਭੀਰ = ਡੂੰਘੇ

ਸੁਭਾਅ ਵਾਲੇ ਧੀਰ = ਧੀਰਜਵਾਨ ਪੁਰਖ ਦੀ ਬੂਝੀਐ = ਪਛਾਣ ਬੁਲਾਇ = ਬੁਲਾਉਣੇ ਕੈ = ਕਰਕੇ ਹੀ ਹੁੰਦੀ ਹੈ ॥੩੭੨॥

ਜੈਸੇ ਹੀਰਾ ਹਾਥ ਮੈ ਤਨਕ ਸੋ ਦਿਖਾਈ ਦੇਤ;
ਮੋਲ ਕੀਏ ਤੇ ਦਮਕਨ ਭਰਤ ਭੰਡਾਰ ਜੀ ॥

ਹੇ ਪਿਆਰੇ ਜੀ ! ਜੈਸੇ = ਜਿਸ ਪ੍ਰਕਾਰ ਹਾਥ = ਹੱਥ ਮੈ = ਵਿਚ ਫੜਿਆ ਹੋਇਆ ਹੀਰਾ ਤਨਕ = ਛੋਟਾ ਜਿਹਾ ਦਿਖਾਈ ਦੇਤ = ਦਿੰਦਾ ਹੈ ਪਰੰਤੂ ਮੋਲ = ਮੁੱਲ ਕੀਏ = ਕੀਤੇ ਤੇ = ਤੋਂ ਦਮਕਨ = ਰੁਪਇਆਂ ਨਾਲ ਭੰਡਾਰ = ਖ਼ਜ਼ਾਨਾ ਭਰਤ = ਭਰ ਜਾਂਦਾ ਹੈ।

ਜੈਸੇ ਬਰ ਬਾਧੇ ਹੁੰਡੀ, ਲਾਗਤ ਨ ਭਾਰ ਕਛੂ;
ਆਗੈ ਜਾਇ ਪਾਈਅਤ ਲਛਮੀ ਅਪਾਰ ਜੀ ॥

ਹੇ ਪਿਆਰੇ ਜੀ ! ਜੈਸੇ = ਜਿਸ ਪ੍ਰਕਾਰ ਬਰ = ਪੱਲੇ ਬਾਧੇ = ਬੰਨ੍ਹਣ ਨਾਲ ਹੁੰਡੀ ਦਾ ਭਾਰ = ਵਜ਼ਨ ਕਛੂ = ਕੁਝ ਵੀ ਨ = ਨਹੀਂ ਲਾਗਤ = ਲੱਗਦਾ ਅਤੇ ਆਗੈ = ਅੱਗੇ ਜਾਇ = ਜਾ ਕੇ (ਜਿਥੋਂ ਰੁਪਏ ਲੈਣੇ ਹੁੰਦੇ ਹਨ) ਅਪਾਰ = ਬੇਅੰਤ ਲਛਮੀ = ਦੌਲਤ ਪਾਈਅਤ = ਪਾਉਣਾ ਕਰੀਦੀ ਹੈ।

ਜੈਸੇ ਬਟਿ ਬੀਜ ਅਤਿ ਸੂਖਮ ਸਰੂਪ ਹੋਤ;
ਬੋਏ ਸੈ ਬਿਬਿਧਿ ਕਰੈ ਬਿਰਖਾ ਬਿਸਥਾਰ ਜੀ ॥

ਜੈਸੇ = ਜਿਸ ਪ੍ਰਕਾਰ ਬਟਿ = ਬੋਹੜ ਦਾ ਬੀਜ ਅਤਿ = ਅਤਿਅੰਤ ਸੂਖਮ = ਛੋਟੇ ਸਰੂਪ = ਆਕਾਰ ਦਾ ਹੋਤ = ਹੁੰਦਾ ਹੈ ਅਤੇ ਬੋਏ = ਬੀਜਣ ਸੈ = ਨਾਲ ਬਿਬਿਧਿ = ਬਹੁਤ ਤਰ੍ਹਾਂ ਦੇ ਬਿਰਖਾ = ਬ੍ਰਿਛ ਦਾ ਬਿਸਥਾਰ = ਫੈਲਾਅ ਕਰਦਾ ਹੈ ਜੀ ਭਾਵ ਟਾਹਣੇ ਟਾਹਣੀਆਂ ਆਦਿ ਦਾ ਵਿਸਥਾਰ ਕਰਦਾ ਹੈ।

ਤੈਸੇ ਗੁਰ ਬਚਨ ਸਚਨ ਗੁਰਸਿਖਨ ਮੈ;
ਜਾਨੀਐ ਮਹਾਤਮਾ ਗਏ, ਹੀ ਹਰਿਦੁਆਰ ਜੀ ॥੩੭੩॥

ਤੈਸੇ = ਉਸੇ ਤਰ੍ਹਾਂ ਹੀ ਗੁਰਸਿਖਨ = ਗੁਰਸਿੱਖਾਂ ਦੇ ਚਿੱਤ ਮੈ = ਵਿਚ ਗੁਰ = ਸਤਿਗੁਰਾਂ ਦੇ ਬਚਨ = ਉਪਦੇਸ਼ ਦੇ ਸਚਨ = ਇਕੱਤਰ ਹੋ ਜਾਣ ਦਾ ਭਾਵ ਚੰਗੀ ਤਰ੍ਹਾਂ ਟਿਕ ਜਾਣ ਦਾ ਮਹਾਤਮ ਵੀ ਹਰਿ = ਪਰਮੇਸ਼ਰ ਦੇ ਸੱਚਖੰਡ ਰੂਪੀ ਦੁਆਰ = ਦਰਵਾਜ਼ੇ 'ਤੇ ਗਏ ਬਰਾਬਰ ਹੀ ਹੈ ॥੩੭੩॥

ਜੈਸੇ ਮਦ ਪੀਅਤ ਨ ਜਾਨੀਐ ਮਰੰਮੁ ਤਾ ਕੋ;
ਪਾਛੈ ਮਤਵਾਰੋ ਹੋਇ ਛਕੈ ਛਕ ਜਾਤਿ ਹੈ ॥

ਜੈਸੇ = ਜਿਸ ਪ੍ਰਕਾਰ ਨਸ਼ਈ ਪੁਰਖ ਮਦ = ਨਸ਼ੀਲੇ ਪਦਾਰਥ ਨੂੰ ਪੀਅਤ = ਪੀਣ ਲੱਗਿਆਂ ਤਾ = ਉਸ ਕੋ = ਦਾ ਮਰੰਮੁ = ਭੇਦ, ਪ੍ਰਭਾਵ ਨ = ਨਹੀਂ ਜਾਨੀਐ = ਜਾਨਣਾ ਕਰਦਾ ਹੈ ਪਰੰਤੂ ਉਸ ਦੇ ਛਕੈ = ਪੀਣੇ ਪਾਛੈ = ਮਗਰੋਂ ਮਤਵਾਰੋ = ਮਸਤਾਨੇ ਜਿਹਾ ਹੋਇ = ਹੋ ਕੇ ਛਕ = ਪੀਣ ਦਾ ਐਸਾ ਮਾੜਾ ਪ੍ਰਭਾਵ ਪੈਂਦਾ ਹੈ

ਕਿ ਬੇਹੋਸ਼ ਹੋ ਜਾਤ = ਜਾਂਦਾ ਹੈ **ਵਾ:** ਸ਼ਰਾਬ ਆਦਿ ਨਸ਼ੀਲੇ ਪਦਾਰਥ ਪੀਣ ਤੋਂ ਬਾਅਦ ਹੋਰ ਪੀ ਜਾਂਦਾ ਹੈ ਅਤੇ ਬਾਅਦ ਵਿਚ ਅੱਗੇ ਪਿੱਛੇ ਦੀ ਸੁੱਧ ਭੁਲਾ ਬੈਠਦਾ ਹੈ।

ਜੈਸੇ ਨਾਰਿ ਭੇਟਤ ਭਤਾਰਹਿ ਨ ਭੇਦੁ ਜਾਨੈ;
ਉਦਿਤ ਅਧਾਨ ਆਨ ਚਿਹਨ ਦਿਖਾਤ ਹੈ ॥

ਜੈਸੇ = ਜਿਸ ਪ੍ਰਕਾਰ ਨਾਰਿ = ਇਸਤਰੀ ਆਪਣੇ ਭਤਾਰਹਿ = ਪਤੀ ਨੂੰ ਭੇਟਤ = ਮਿਲਣ ਲੱਗੀ ਭੇਦ ਨ = ਨਹੀਂ ਜਾਨੈ = ਜਾਣਦੀ ਅਤੇ ਪਿੱਛੋਂ ਅਧਾਨ = ਗਰਭ ਦੇ ਉਦਿਤ = ਪ੍ਰਗਟ ਹੋਣੇ ਕਰਕੇ ਆਪ ਹੀ ਚਿਹਨ = ਚਿੰਨ੍ਹ, ਨਿਸ਼ਾਨੀਆਂ ਦਿਖਾਤ = ਦਿਸਣ ਲੱਗ ਪਿਆ ਕਰਦੀਆਂ ਹਨ।

ਕਰ ਪਰਿ ਮਾਨਕੁ, ਨ ਲਾਗਤ ਹੈ ਭਾਰੀ ਤੋਲ;
ਮੋਲ ਸੰਖਿਆ ਦਮਕਨ ਹੇਰਤ ਹਿਰਾਤ ਹੈ ॥

ਕਰ = ਹੱਥ ਪਰਿ = ਉੱਤੇ ਮਾਨਕੁ = ਕੀਮਤੀ ਪੱਥਰ (ਹੀਰੇ) ਦਾ ਤੋਲ = ਵਜ਼ਨ ਭਾਰੀ ਨ = ਨਹੀਂ ਲਾਗਤ = ਲੱਗਦਾ ਹੈ ਪਰ ਮੋਲ = ਮੁੱਲ ਦੇ ਦਮਕਨ = ਦੰਮਾਂ (ਰੁਪਇਆਂ) ਦੀ ਸੰਖਿਆ = ਗਿਣਤੀ ਹੇਰਤ = ਤੱਕਦਿਆਂ ਸਾਰ ਹਿਰਾਤ = ਹੈਰਾਨ ਹੋ ਜਾਈਦਾ ਹੈ।

ਤੈਸੇ ਗੁਰ ਅੰਮ੍ਰਿਤ ਬਚਨ ਸੁਨਿ ਮਾਨੇ ਸਿਖ;
ਜਾਨੈ ਮਹਿਮਾ ਜਉ ਸੁਖ ਸਾਗਰ ਸਮਾਤ ਹੈ ॥੩੭੪॥

ਤੈਸੇ = ਉਸੇ ਪ੍ਰਕਾਰ ਗੁਰ = ਸਤਿਗੁਰਾਂ ਦੇ ਅੰਮ੍ਰਿਤਮਈ ਬਚਨ = ਉਪਦੇਸ਼ ਨੂੰ ਸੁਨਿ = ਸ੍ਰਵਣ ਕਰ ਕੇ ਜੋ ਸਿੱਖ ਮਾਨੈ = ਮੰਨਦਾ ਹੈ ਭਾਵ ਆਪਣੇ ਰਿਦੇ ਵਿਚ ਧਾਰਨ ਕਰਦਾ ਹੈ, ਉਹ ਤਦੋਂ ਹੀ ਉਸ ਦੀ ਮਹਿਮਾ = ਮਹੱਤਤਾ ਜਾਨੈ = ਜਾਣਦਾ ਹੈ ਜਉ = ਜਦੋਂ ਸੁਖ = ਅਨੰਦ ਦੇ ਸਾਗਰ = ਸਮੁੰਦਰ ਪਰਮੇਸ਼ਰ ਵਿਚ ਸਮਾਤ = ਲੀਨ ਹੋ ਜਾਂਦਾ ਹੈ ॥੩੭੪॥

ਜੈਸੇ ਮਛ ਕਛ ਬਗ ਹੰਸ ਮੁਕਤਾ ਪਖਾਨ;
ਅੰਮ੍ਰਿਤ ਬਿਖੈ ਪ੍ਰਗਾਸ ਉਦਧਿ ਸੈ ਜਾਨੀਐ ॥

ਜੈਸੇ = ਜਿਸ ਪ੍ਰਕਾਰ ਮਛ, ਕਛ = ਕੱਛੂ ਕੁੰਮੇ, ਬਗ = ਬਗਲੇ, ਹੰਸ ਮੁਕਤਾ = ਮੋਤੀ, ਪਖਾਨ = ਪੱਥਰ ਰੂਪੀ ਹੀਰੇ ਲਾਲ, ਅੰਮ੍ਰਿਤ ਤੇ ਬਿਖੈ = ਜ਼ਹਿਰ ਆਦਿਕ ਇਨ੍ਹਾਂ ਸਭਨਾਂ ਦਾ ਪ੍ਰਗਾਸ = ਪ੍ਰਕਾਸ਼, ਪ੍ਰਗਟ ਹੋਣਾ ਉਦਧਿ = ਸਮੁੰਦਰ ਸੈ = ਵਿੱਚੋਂ ਹੀ ਜਾਨੀਐ = ਜਾਨਣਾ ਕਰੀਦਾ ਹੈ।

ਜੈਸੇ ਤਾਰੋ ਤਾਰੀ ਤਉ ਆਰਸੀ ਸਨਾਹ ਸਸਤ੍ਰ;
ਲੋਹ ਏਕ ਸੇ ਅਨੇਕ ਰਚਨਾ ਬਖਾਨੀਐ ॥

ਜੈਸੇ = ਜਿਸ ਪ੍ਰਕਾਰ ਤਉ = ਤਾਂ ਫੇਰ ਤਾਰੋ = ਤਾਲਾ (ਜਿੰਦਰਾ) ਤਾਰੀ = ਕੁੰਜੀ (ਚਾਬੀ) ਆਰਸੀ = ਸ਼ੀਸ਼ਾ ਜਾਂ ਆਰਸੀ = ਲੋਹਾ ਮਣੀ (ਫੁਲਾਦ) ਸਨਾਹ = ਸੰਜੋਅ ਆਦਿ ਸ਼ਸਤਰ ਏਕ = ਇਕ ਲੋਹ = ਲੋਹੇ ਸੇ = ਤੋਂ ਅਨੇਕ = ਅਨੰਤ ਰਚਨਾ = ਬਣਾਵਟਾਂ ਬਣੀਆਂ ਹੋਈਆਂ ਬਖਾਨੀਐ = ਕਥਨ ਕਰੀਦੀਆਂ ਹਨ।

ਭਾਂਜਨ ਬਿਬਿਧ ਜੈਸੇ ਹੋਤ ਏਕ ਮ੍ਰਿਤਕਾ ਸੈ;
ਖੀਰ ਨੀਰ ਬਿੰਜਨਾਦਿ ਅਉਖਧਿ ਸਮਾਨੀਐ ॥

ਜੈਸੇ = ਜਿਸ ਪ੍ਰਕਾਰ ਏਕ = ਇੱਕੋ ਮ੍ਰਿਤਕਾ = ਮਿੱਟੀ ਸੈ = ਤੋਂ ਬਿਬਿਧ = ਅਨੇਕ ਤਰ੍ਹਾਂ ਦੇ ਭਾਂਜਨ = ਭਾਂਡੇ ਹੋਤ = ਹੁੰਦੇ, ਬਣਦੇ ਹਨ, ਉਨ੍ਹਾਂ ਵਿੱਚੋਂ ਕਿਸੇ 'ਚ ਨੀਰ = ਪਾਣੀ, ਕਿਸੇ ਵਿਚ ਖੀਰ = ਦੁੱਧ, ਕਿਸੇ ਵਿਚ ਬਿੰਜਨਾਦਿ = ਅੰਨ ਆਦਿ ਪਦਾਰਥ ਤੇ ਕਿਸੇ ਵਿਚ ਜੜੀਆਂ ਬੂਟੀਆਂ ਅਉਖਧਿ = ਦਵਾਈਆਂ ਆਦਿ ਸਮਾਨੀਐ = ਸਮਾਈਦੀਆਂ ਭਾਵ ਪਾਈਦੀਆਂ ਹਨ, ਪਰ ਉਹ ਭਾਂਡੇ ਇਕ ਮਿੱਟੀ ਦੇ ਹੀ ਹਨ **ਵਾ:** ਖੀਰ = ਦੁੱਧ, ਨੀਰ = ਪਾਣੀ ਤੇ ਬਿੰਜਨਾਦਿ = ਭੋਜਨ ਆਦਿ ਸਵਾਦਿਸ਼ਟ ਪਦਾਰਥ ਤੇ ਜੜੀਆਂ ਬੂਟੀਆਂ ਆਦਿ ਸਭ ਇਸੇ ਧਰਤੀ ਵਿੱਚੋਂ ਹੀ ਸਮਾਨੀਐ (ਸਮ + ਆਨੀਐ) ਇਕ ਸਮ = ਬਰਾਬਰ ਆਨੀਐ = ਪ੍ਰਗਟ ਹੋਇਆ ਕਰਦੀਆਂ ਹਨ।

ਤੈਸੇ ਦਰਸਨ ਬਹੁ ਬਰਨ ਆਸ੍ਰਮ ਧਰਮ;
ਸਕਲ ਗ੍ਰਿਹਸਤ ਕੀ ਸਾਖਾ ਉਨਮਾਨੀਐ ॥੩੭੫॥

ਤੈਸੇ = ਉਸੇ ਪ੍ਰਕਾਰ ਹੀ ਬਹੁ = ਬਹੁਤ ਤਰ੍ਹਾਂ ਦੇ ਦਰਸ਼ਨ ਤੇ ਚਾਰ ਬਰਨ, ਚਾਰ ਆਸ਼ਰਮ ਸਾਰੇ ਧਰਮ ਆਦਿ ਸਕਲ = ਸਾਰੇ ਹੀ ਗ੍ਰਿਹਸਤ ਕੀ = ਦੀਆਂ ਸਾਖਾ = ਟਾਹਣੀਆਂ ਉਨਮਾਨੀਐ = ਵਿਚਾਰਨਾ ਕਰੋ ॥੩੭੫॥

ਜੈਸੇ ਸਰ ਸਰਿਤਾ ਸਕਲ ਮੈ ਸਮੁੰਦ੍ ਬਡੋ;
ਮੇਰ ਮੈ ਸੁਮੇਰ ਬਡੋ ਜਗਤੁ ਬਖਾਨ ਹੈ ॥

ਜੈਸੇ = ਜਿਸ ਪ੍ਰਕਾਰ ਸਰ = ਸਰੋਵਰਾਂ, ਸਰਿਤਾ = ਨਦੀਆਂ ਆਦਿ ਸਕਲ = ਸਾਰਿਆਂ ਮੈ = ਵਿੱਚੋਂ ਸਮੁੰਦ੍ = ਸਾਗਰ ਬਡੋ = ਵੱਡਾ ਹੈ ਅਤੇ ਮੇਰ = ਪਰਬਤਾਂ ਮੈ = ਵਿੱਚੋਂ ਸੁਮੇਰ ਪਰਬਤ ਨੂੰ ਬਡੋ = ਵੱਡਾ ਆਖ ਕੇ ਜਗਤੁ = ਸੰਸਾਰ ਵਿਚ ਬਖਾਨ = ਕਥਨ ਕਰੀਦਾ ਹੈ।

ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ;
ਧਾਤੁ ਮੈ ਕਨਿਕ ਅਤਿ ਉਤਮ ਕੈ ਮਾਨਿ ਹੈ ॥

ਜੈਸੇ = ਜਿਸ ਪ੍ਰਕਾਰ ਤਰਵਰ = ਬ੍ਰਿਛਾਂ ਬਿਖੈ = ਵਿੱਚੋਂ ਚੰਦਨ ਬਿਰਖੁ = ਬ੍ਰਿਛ ਬਡੋ = ਵੱਡਾ, ਸ੍ਰੇਸ਼ਟ ਹੈ ਤੇ ਧਾਤੁ = ਧਾਤੂਆਂ ਮੈ = ਵਿੱਚੋਂ ਕਨਿਕ = ਸੋਨੇ ਨੂੰ ਅਤਿ = ਬਹੁਤ ਉਤਮ = ਸ੍ਰੇਸ਼ਟ ਕੈ = ਕਰਕੇ ਮਾਨਿ = ਮੰਨਣਾ ਕਰੀਦਾ ਹੈ।

ਪੰਛੀਅਨ ਮੈ ਹੰਸੁ, ਮ੍ਰਿਗਰਾਜਨ ਮੈ ਸਾਰਦੂਲ;
ਰਾਗਨ ਮੈ ਸਿਰੀ ਰਾਗੁ, ਪਾਰਸ ਪਖਾਨ ਹੈ ॥

ਪੰਛੀਅਨ = ਪੰਛੀਆਂ ਮੈ = ਵਿੱਚੋਂ ਹੰਸ ਵੱਡਾ ਹੈ, ਮ੍ਰਿਗਰਾਜਨ = ਹਿਰਨਾਂ ਦੇ ਰਾਜਿਆਂ, ਸ਼ੇਰਾਂ, ਚੀਤਿਆਂ

ਮੈ = ਵਿੱਚੋਂ ਸਾਰਦੂਲ[1] ਸ਼ੇਰ ਵੱਡਾ ਹੈ, ਰਾਗਨ = ਰਾਗਾਂ ਮੈ = ਵਿੱਚੋਂ ਸਿਰੀਰਾਗੁ ਅਤੇ ਪਖਾਨ = ਪੱਥਰਾਂ ਵਿੱਚੋਂ ਪਾਰਸ ਵੱਡਾ, ਸ੍ਰੇਸ਼ਟ ਹੈ।

ਗਿਆਨਨ ਮੈ ਗਿਆਨ ਅਰੁ ਧਿਆਨਨ ਮੈ ਧਿਆਨ ਗੁਰ;
ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ ॥੩੭੬॥

ਜਿਵੇਂ ਲੌਕਿਕ, ਵੈਦਿਕ, ਸ਼ਾਸਤਰ ਆਦਿ ਗਿਆਨਨ = ਗਿਆਨਾਂ ਮੈ = ਵਿੱਚੋਂ ਗੁਰੂ ਗਿਆਨ, ਬ੍ਰਹਮ ਗਿਆਨ ਅਰੁ = ਅਤੇ ਦੇਵੀ ਦੇਵਤਿਆਂ ਆਦਿ ਦੇ ਧਿਆਨਨ = ਧਿਆਨਾਂ ਵਿੱਚੋਂ ਗੁਰ-ਉਪਦੇਸ਼ ਦਾ ਧਿਆਨ ਕਰਨਾ ਸ੍ਰੇਸ਼ਟ ਹੈ, ਤਿਵੇਂ ਸਕਲ = ਸਾਰਿਆ ਧਰਮਾਂ, ਵਰਨਾਂ ਆਸ਼ਰਮਾਂ ਮੈ = ਵਿੱਚੋਂ ਗ੍ਰਿਹਸਤ ਧਰਮ ਪ੍ਰਧਾਨ = ਸ਼ਿਰੋਮਣੀ, ਉੱਤਮ ਹੈ ॥੩੭੬॥

ਤੀਰਥ ਮਹਾਨ ਕਰਬੈ ਕੋ ਹੈ ਇਹੈ ਗੁਨਾਉ;
ਨਿਰਮਲ ਤਨ ਤ੍ਰਿਖਾ ਤਪਤਿ ਨਿਵਾਰੀਐ ॥

ਤੀਰਥਾਂ ਉੱਤੇ ਮਜਨ = ਇਸ਼ਨਾਨ ਕਰਬੈ = ਕਰਨ ਕੋ = ਦਾ ਇਹੈ = ਇਹੋ ਗੁਨਾਉ = ਗੁਣ (ਫਲ) ਹੈ ਕਿ ਤਨ = ਸਰੀਰ ਨਿਰਮਲ = ਉੱਜਲ ਹੋ ਜਾਂਦਾ ਹੈ ਤੇ ਤਪਤਿ = ਤਪਸ਼ ਤੇ ਤ੍ਰਿਖਾ = ਪਿਆਸ ਦੀ ਨਿਵਾਰੀਐ = ਨਵਿਰਤੀ ਹੋ ਜਾਂਦੀ ਹੈ।

ਦਰਪਨ ਦੀਪ ਕਰ ਗਹੈ ਕੋ ਇਹੈ ਗੁਨਾਉ;
ਪੇਖਤ ਚਿਹਨ ਮਗ ਸੁਰਤਿ ਸੰਭਾਰੀਐ ॥

ਦਰਪਨ = ਸ਼ੀਸ਼ੇ ਨੂੰ ਕਰ = ਹੱਥਾਂ ਵਿਚ ਗਹੈ = ਪਕੜਨ ਕੋ = ਦਾ ਇਹੈ = ਇਹ ਗੁਨਾਉ = ਗੁਣ (ਫਲ) ਹੈ ਕਿ ਆਪਣੇ ਚਿਹਰੇ ਦੀ ਦੀਪ = ਚਮਕ (ਸੁੰਦਰਤਾ) ਦੀ ਸਮਝ ਪੈਂਦੀ ਹੈ **ਵਾ:** ਆਪਣੇ ਚਿਹਰੇ ਦੇ ਚਿਹਨ = ਚਿੰਨ੍ਹਾਂ ਨੂੰ ਵੇਖ ਲੈਣਾ ਕਰੀਦਾ ਹੈ ਅਤੇ ਦੀਪ = ਦੀਵੇ ਨੂੰ ਹੱਥ ਵਿਚ ਪਕੜਨ ਦਾ ਇਹ ਗੁਣ ਹੈ ਕਿ ਮਗ = ਰਸਤੇ ਦੀ ਸੁਰਤਿ = ਗਿਆਤ ਨੂੰ ਸੰਭਾਰੀਐ = ਸੰਭਾਲ ਲੈਣਾ ਕਰੀਦਾ ਹੈ ਭਾਵ ਹਨੇਰੇ ਵਿਚ ਰਸਤੇ ਦੀ ਸੋਝੀ ਆਉਂਦੀ ਹੈ।

ਭੇਟਤ ਭਤਾਰਿ ਨਾਰਿ ਕੋ ਇਹੈ ਗੁਨਾਉ;
ਸ੍ਵਾਂਤਿ ਬੂੰਦ ਸੀਪ ਗਤਿ ਲੈ ਗਰਭ ਪ੍ਰਤਿਪਾਰੀਐ ॥

ਨਾਰਿ = ਇਸਤਰੀ ਕੋ = ਦਾ ਆਪਣੇ ਭਤਾਰਿ = ਪਤੀ ਨੂੰ ਭੇਟਤ = ਮਿਲਣ ਦਾ ਇਹੈ = ਇਹੋ ਗੁਨਾਉ = ਗੁਣ (ਫਲ) ਹੁੰਦਾ ਹੈ ਕਿ ਜਿਵੇਂ ਸੀਪ = ਸਿੱਪੀ ਸ੍ਵਾਂਤਿ = ਸ੍ਵਾਂਤੀ ਬੂੰਦ ਨੂੰ ਲੈ ਕੇ ਆਪਣੇ ਵਿਚ ਸਮਾ ਲੈਂਦੀ ਹੈ, ਇਸੇ ਗਤਿ = ਰੀਤ ਅਨੁਸਾਰ ਇਸਤਰੀ ਪਤੀ ਦੇ ਬਿੰਦ ਦੀ ਅੰਸ ਨੂੰ ਲੈ ਕੇ ਆਪਣੇ ਅੰਦਰ ਗਰਭ ਧਾਰਨ ਕਰ ਕੇ ਉਸ ਦੀ ਪ੍ਰਤਿਪਾਰੀਐ = ਪ੍ਰਤਿਪਾਲਣਾ ਕਰਦੀ ਹੈ।

---

੧. ਸਾਰਦੂਲ = ੨੧ ਝੋਟਿਆਂ ਜਿਤਨਾ ਬਲ ਇਕ ਸ਼ੇਰ ਵਿਚ ਹੁੰਦਾ ਹੈ, ਜਿਸ ਵਿਚ ੨੧ ਸ਼ੇਰਾਂ ਜਿਤਨਾ ਬਲ ਹੁੰਦਾ ਹੈ, ਉਹ ਕੇਹਰੀ ਸ਼ੇਰ ਹੁੰਦਾ ਹੈ, ੨੧ ਕੇਹਰੀ ਸ਼ੇਰਾਂ ਜਿਤਨਾ ਬਲ ਇਕ ਬੱਬਰ ਸ਼ੇਰ ਵਿਚ ਹੁੰਦਾ ਹੈ, ੨੧ ਬੱਬਰ ਸ਼ੇਰਾਂ ਜਿਤਨਾ ਬਲ ਇਕ ਸਾਰਦੂਲ ਸ਼ੇਰ ਵਿਚ ਹੁੰਦਾ ਹੈ।

ਤੈਸੇ ਗੁਰ ਚਰਨ ਸਰਨਿ ਕੋ ਇਹੈ ਗੁਨਾਉ;
ਗੁਰ ਉਪਦੇਸ ਕਰਿ ਹਾਰ ਉਰਧਾਰੀਐ ॥੩੭੭॥

ਤੈਸੇ = ਉਸੇ ਪ੍ਰਕਾਰ ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਲੈਣ ਕੋ = ਦਾ ਸਿੱਖ ਨੂੰ ਇਹੈ = ਇਹ ਗੁਨਾਉ = ਗੁਣ (ਫਲ) ਹੈ ਕਿ ਸਿੱਖ ਗੁਰ ਉਪਦੇਸ = ਸਿੱਖਿਆ ਨੂੰ ਆਪਣੇ (ਉਰ + ਧਾਰੀਐ) ਉਰ = ਹਿਰਦੇ ਦਾ ਹਾਰ ਬਣਾ ਕੇ ਧਾਰੀਐ = ਧਾਰਨਾ ਕਰਿ = ਕਰੇ ਭਾਵ ਗੁਰ-ਉਪਦੇਸ਼ ਨੂੰ ਆਪਣੇ ਹਿਰਦੇ ਵਿਚ ਧਾਰਨ ਕਰੇ ॥੩੭੭॥

ਜੈਸੇ ਮਾਤਾ ਪਿਤਾ ਨ ਬਿਚਾਰਤ ਬਿਕਾਰ ਸੁਤ;
ਪੋਖਤ ਸ-ਪ੍ਰੇਮ ਬਿਹਸਤ ਬਿਹਸਾਇ ਕੈ ॥

ਜੈਸੇ = ਜਿਸ ਪ੍ਰਕਾਰ ਮਾਤਾ = ਮਾਂ, ਪਿਤਾ = ਪਿਓ ਆਪਣੇ ਸੁਤ = ਪੁੱਤਰ ਦੇ ਬਿਕਾਰ = ਭੈੜੇ ਕੰਮਾਂ ਨੂੰ ਬਿਚਾਰਤ = ਵਿਚਾਰਦੇ ਨ = ਨਹੀਂ ਹਨ, ਸਗੋਂ ਬਿਹਸਤ = ਹੱਸ ਬਿਹਸਾਇ = ਹਸਾ ਕੈ = ਕਰ ਕੇ (ਸ + ਪ੍ਰੇਮ) ਸ = ਸਹਿਤ ਪ੍ਰੇਮ = ਸਨੇਹ ਦੇ ਉਸ ਨੂੰ ਪੋਖਤ = ਪਾਲਣਾ ਕਰਦੇ ਹਨ **ਵਾ:** ਪ੍ਰੇਮ ਨਾਲ ਪਾਲਦੇ ਹਨ ਅਤੇ ਪੁੱਤਰ ਨੂੰ ਹਸਾ ਕੇ ਆਪ ਵੀ ਹੱਸਣਾ ਕਰਦੇ ਹਨ।

ਜੈਸੇ ਬ੍ਰਿਥਾਵੰਤ ਜੰਤ ਬੈਦਹਿ ਬ੍ਰਿਤਾਂਤ ਕਹੈ;
ਪਰਖ ਪਰੀਖਾ ਉਪਚਾਰਤ ਰਸਾਇ ਕੈ ॥

ਜੈਸੇ = ਜਿਸ ਪ੍ਰਕਾਰ ਬ੍ਰਿਥਾਵੰਤ = ਪੀੜਾਵਾਨ ਰੋਗੀ ਜੰਤ = ਪੁਰਖ ਬੈਦਹਿ = ਹਕੀਮ ਨੂੰ ਆਪਣਾ ਬ੍ਰਿਤਾਂਤ = ਹਾਲ ਕਹੈ = ਕਹਿੰਦਾ ਹੈ ਭਾਵ ਆਪਣੇ ਦੁੱਖ ਦਾ ਕਾਰਨ ਦੱਸਦਾ ਹੈ ਤੇ ਉਹ ਅੱਗੋਂ ਰੋਗ ਦੀ ਪਰੀਖਾ = ਪਰੀਖਿਆ, ਪੜਤਾਲ ਕਰ ਕੇ ਚੰਗੀ ਤਰ੍ਹਾਂ ਪਰਖ, ਪਛਾਣ ਕੇ ਫੇਰ ਉਪਚਾਰਤ = ਰੋਗ ਨੂੰ ਦੂਰ ਕਰਨ ਵਾਲੀ ਦਵਾਈ ਖਾਣ ਦੀ ਰੁਚੀ ਰੋਗੀ ਪੁਰਖ ਦੇ ਅੰਦਰ ਪੈਦਾ ਕਰ ਕੇ ਕਿ ਇਹ ਦਵਾਈ ਰਸਾਇ = ਰਸਦਾਇਕ ਹੈ, ਇਉਂ ਇਲਾਜ ਕਰਦਾ ਹੈ।

ਚਟੀਆ ਅਨੇਕ ਜੈਸੇ ਏਕ ਚਟਿਸਾਰ ਬਿਖੈ;
ਬਿਦਿਆ-ਵੰਤ ਕਰੇ ਪਾਂਧਾ ਪ੍ਰੀਤਿ ਸੈ ਪੜ੍ਹਾਇ ਕੈ ॥

ਜੈਸੇ = ਜਿਸ ਪ੍ਰਕਾਰ ਅਨੇਕ = ਅਨੰਤ ਹੀ ਚਟੀਆ = ਚਾਟੜੇ (ਵਿਦਿਆਰਥੀ) ਏਕ = ਇਕ ਚਟਿਸਾਰ =ਪਾਠਸ਼ਾਲਾ ਬਿਖੈ = ਵਿਚ ਹੁੰਦੇ ਹਨ ਅਤੇ ਪਾਂਧਾ = ਪੜ੍ਹਾਉਣ ਵਾਲਾ (ਅਧਿਆਪਕ) ਉਨ੍ਹਾਂ ਨੂੰ ਪ੍ਰੀਤਿ = ਲਗਨ ਸੈ = ਨਾਲ ਪੜ੍ਹਾਇ = ਪੜ੍ਹਾ ਕੈ = ਕਰਕੇ ਬਿਦਿਆ-ਵੰਤ = ਵਿਦਿਆ ਵਾਲਾ (ਵਿਦਵਾਨ) ਬਣਾ ਦੇਣਾ ਕਰੇ = ਕਰਦਾ ਹੈ।

ਤੈਸੇ ਗੁਰ-ਸਿਖਨ ਕੈ ਅਉਗੁਨ ਅਗਿਆਨ ਮੇਟੈ;
ਬ੍ਰਹਮ ਬਿਬੇਕ ਸੈ ਸਹਜ ਸਮਝਾਇ ਕੈ ॥੩੭੮॥

ਤੈਸੇ = ਉਸੇ ਪ੍ਰਕਾਰ ਗੁਰ-ਸਿਖਨ = ਗੁਰਸਿੱਖਾਂ ਕੈ = ਦੇ ਅਉਗੁਨ = ਔਗੁਣ (ਗੁਨਾਹ) ਤੇ ਅਗਿਆਨ

ਮੇਟੈ = ਦੂਰ ਕਰ ਕੇ ਪੂਰਨ ਗੁਰੂ ਬ੍ਰਹਮ ਬਿਬੇਕ = ਗਿਆਨ **ਵਾ:** ਬ੍ਰਹਮ = ਪਰਮੇਸ਼ਰ ਦੀ ਪ੍ਰਾਪਤੀ ਵਾਲੀ ਬਿਬੇਕ = ਵਿਚਾਰ ਸੈ = ਨਾਲ ਸਹਜ = ਸੁਤੇ-ਸਿਧ ਹੀ ਆਤਮਿਕ ਸਰੂਪ ਬਾਬਤ ਸਮਝਾਇ = ਸਮਝਾ ਦੇਣਾ ਕੈ = ਕਰਦੇ ਹਨ॥੩੭੮॥

ਜੈਸੇ ਤਉ ਕਰਤ ਸੁਤ ਅਨਿਕ ਇਆਨਪਨ;
ਤਊ ਨ ਜਨਨੀ ਅਉਗਨ ਉਰਿ ਧਾਰਿਓ ਹੈ॥

ਜੈਸੇ = ਜਿਸ ਪ੍ਰਕਾਰ ਤਉ = ਤਾਂ ਫੇਰ ਸੁਤ = ਪੁੱਤਰ ਅਨਿਕ = ਅਨੰਤ ਹੀ ਇਆਨਪਨ = ਬੇਸਮਝਤਾਈਆਂ ਕਰਤ = ਕਰਦਾ ਹੈ, ਤਊ = ਤਦ ਵੀ ਜਨਨੀ = ਮਾਂ ਆਪਣੇ ਪੁੱਤਰ ਦੇ ਅਉਗਨ = ਗੁਨਾਹਾਂ ਨੂੰ ਉਰਿ = ਹਿਰਦੇ ਵਿਚ ਧਾਰਿਓ = ਧਾਰਨਾ ਨ = ਨਹੀਂ ਕਰਦੀ।

ਜੈਸੇ ਤਉ ਸਰਨਿ ਸੂਰਿ ਪੂਰਨ ਪ੍ਰਤਗਿਆ ਰਾਖੈ;
ਅਨਿਕ ਅਵਗਿਆ ਕੀਏ ਮਾਰਿ ਨ ਬਿਡਾਰਿਓ ਹੈ॥

ਜੈਸੇ = ਜਿਸ ਤਰ੍ਹਾਂ ਸੂਰਿ = ਸੂਰਮਾ ਕਿਸੇ ਨੂੰ ਆਪਣੀ ਸਰਨਿ = ਓਟ ਵਿਚ ਆਏ ਦੀ ਪੂਰਨ = ਪੂਰੀ ਪ੍ਰਤੱਗਿਆ ਰਾਖੈ = ਰੱਖਦਾ ਹੈ ਭਾਵ ਓਟ ਵਿਚ ਆਏ ਪੁਰਖ ਦੀ ਸਹਾਇਤਾ ਦਾ ਪ੍ਰਣ ਕਰਦਾ ਹੈ ਭਾਵੇਂ ਓਟ ਵਿਚ ਆਉਣ ਵਾਲੇ ਪੁਰਖ ਨੇ ਅਨਿਕ = ਅਨੰਤ ਅਵਗਿਆ = ਅਪਰਾਧ ਪਹਿਲਾਂ ਕੀਏ = ਕੀਤੇ ਹੋਣ ਜਾਂ ਕਰੇ, ਪਰੰਤੂ ਫੇਰ ਵੀ ਸੂਰਮਾ ਪੁਰਖ ਮਾਰ ਕੇ ਬਿਡਾਰਿਓ = ਸੁੱਟਦਾ ਨ = ਨਹੀਂ ਹੈ।

ਜੈਸੇ ਤਉ ਸਰਿਤਾ ਜਲੁ ਕਾਸਟਹਿ ਨ ਬੋਰਤ;
ਕਰਤ ਚਿਤ ਲਾਜ ਅਪਨੋ ਈ ਪ੍ਰਤਿਪਾਰਿਓ ਹੈ॥

ਜੈਸੇ = ਜਿਸ ਪ੍ਰਕਾਰ ਸਰਿਤਾ = ਨਦੀ ਦਾ ਜਲੁ = ਪਾਣੀ ਕਾਸਟਹਿ = ਲੱਕੜ ਨੂੰ ਬੋਰਤ = ਡੋਬਦਾ ਨ = ਨਹੀਂ ਹੈ ਅਤੇ ਆਪਣੇ ਚਿਤ = ਰਿਦੇ ਵਿਚ ਇਸ ਗੱਲ ਦੀ ਲਾਜ = ਸ਼ਰਮ ਕਰਤ = ਕਰਦਾ ਹੈ ਕਿ ਇਸ ਲੱਕੜ ਨੂੰ ਅਪਨੋ = ਆਪ ਹੀ ਉਸ ਨੇ ਬੂੰਦ ਬੂੰਦ ਰੂਪ ਹੋ ਕੇ ਉਸ ਦੀਆਂ ਜੜ੍ਹਾਂ ਵਿਚ ਪੈ ਕੇ ਉਸ ਨੂੰ ਪ੍ਰਤਿਪਾਰਿਓ = ਪਾਲਣਾ ਕੀਤਾ ਹੈ। ਜੈਸਾ ਕਿ :

ਪਾਣੀ ਕਾਠ ਨ ਡੋਬਈ ਪਾਲੇ ਦੀ ਲਜੈ॥ *(ਭਾਈ ਗੁਰਦਾਸ ਜੀ, ਵਾਰ ੧੩, ਪਉੜੀ ੧੫)*

ਤੈਸੇ ਹੀ ਪਰਮ ਗੁਰ ਪਾਰਸ ਪਰਸ ਗਤਿ;
ਸਿਖਨ ਕੋ ਕਿਰਤੁ ਕਰਮੁ ਕਛੁ ਨ ਬਿਚਾਰਿਓ ਹੈ॥੩੭੯॥

ਤੈਸੇ = ਉਸੇ ਪ੍ਰਕਾਰ ਹੀ ਪਰਮ = ਸ੍ਰੇਸ਼ਟ ਗੁਰ = ਸਤਿਗੁਰੂ ਸਾਹਿਬ ਜੀ ਪਾਰਸ ਗਤਿ = ਵਾਂਗ ਹਨ, ਭਾਵ ਜਿਵੇਂ ਪਾਰਸ ਨਾਲ ਪਰਸ = ਸਪਰਸ਼ ਹੋ ਕੇ ਹੋਰ ਧਾਤਾਂ ਸੋਨਾ ਬਣ ਜਾਂਦੀਆਂ ਹਨ, ਇਸੇ ਪ੍ਰਕਾਰ ਗੁਰੂ ਰੂਪ ਪਾਰਸ ਆਪਣੇ ਸ਼ਰਨ ਵਿਚ ਆਏ ਸਿਖਨ = ਸਿੱਖਾਂ ਕੋ = ਦਾ ਚੰਗਾ ਕਰਮ = ਕੰਮ ਤੇ ਮਾੜਾ ਕਿਰਤ = ਕੰਮ ਆਦਿ ਕਛੁ = ਕੋਈ ਵੀ ਔਗੁਣ ਬਿਚਾਰਿਓ = ਵਿਚਾਰਨ ਨ = ਨਹੀਂ ਕਰਦੇ ਹੈ = ਹਨ॥੩੭੯॥

ਜੋਈ ਕੁਲਾ ਧਰਮ ਕਰਮ ਕੈ ਸੁਚਾਰ ਚਾਰ;
ਸੋਈ ਪਰਵਾਰ ਬਿਖੈ ਸ੍ਰੇਸਟ ਬਖਾਨੀਐ ॥

ਜੋਈ = ਜਿਹੜਾ ਕੋਈ ਆਪਣੀ ਕੁਲਾ = ਵੰਸ਼ ਦੇ ਧਰਮ ਨੂੰ ਚਾਰ = ਸੁੰਦਰ ਤੇ ਸੁਚਾਰ = ਸ੍ਰੇਸ਼ਟਾਚਾਰ ਵਾਲੀ ਗੀਤੀ ਜਾਣ ਕੇ ਇਸ ਬਾਬਤ ਆਪਣੇ ਕਰਮ = ਕਾਰਜ ਕੈ = ਕਰਦਾ ਹੈ ਭਾਵ ਧਰਮ ਦੀ ਕਿਰਤ ਕਮਾਈ ਕਰਦਾ ਹੈ, ਸੋਈ = ਉਸੇ ਨੂੰ ਹੀ ਪਰਵਾਰ ਬਿਖੈ = ਵਿਚ ਸ੍ਰੇਸਟ = ਉੱਤਮ ਕਰਕੇ ਬਖਾਨੀਐ = ਕਥਨ ਕਰੀਦਾ ਹੈ।

ਬਨਜੁ ਬਿਉਹਾਰ ਸਾਚੋ, ਸਾਹ ਸਨਮੁਖ ਸਦਾ;
ਸੋਈ ਤਉ ਬਨਉਟਾ, ਨਿਹਕਪਟ ਕੈ ਮਾਨੀਐ ॥

ਜਿਹੜਾ ਪੁਰਖ ਆਪਣੇ ਮਾਲਕ ਸਾਹ = ਸ਼ਾਹੂਕਾਰ ਦੇ ਸਨਮੁਖ = ਸਾਹਮਣੇ ਸਦਾ = ਹਮੇਸ਼ਾਂ ਸਾਚੋ = ਸੱਚਾ ਵਣਜ ਬਿਉਹਾਰ = ਵਪਾਰ ਕਰਦਾ ਹੈ, ਸੋਈ = ਉਸੇ ਬਨਉਟਾ = ਵਣਜ ਵਾਲੇ (ਸੌਦਾਗਰ) ਨੂੰ ਹੀ ਤਉ = ਤਾਂ ਨਿਹਕਪਟ = ਛਲ ਤੋਂ ਰਹਿਤ, ਨਿਰਛਲੀਆ ਕੈ = ਕਰਕੇ ਮਾਨੀਐ = ਮੰਨਣਾ ਕਰੀਦਾ ਹੈ।

ਸੁਆਮਿ ਕਾਮ ਸਾਵਧਾਨ, ਮਾਨਤ ਨਰੇਸ ਆਨ;
ਸੋਈ ਸਿਆਮਿ ਕਾਰਜੀ, ਪ੍ਰਸਿਧ ਪਹਿਚਾਨੀਐ ॥

ਜਿਹੜਾ ਕੋਈ ਨਰੇਸ = ਰਾਜੇ ਦੀ ਆਨ = ਤਾਬੇਦਾਰੀ ਨੂੰ ਮਾਨਤ = ਮੰਨਦਿਆਂ ਹੋਇਆਂ ਸੁਆਮਿ = ਮਾਲਕ ਦੇ ਕਾਮ = ਕੰਮ ਵਿਚ ਸਾਵਧਾਨ = ਸੁਚੇਤ ਰਹਿੰਦਾ ਹੈ, ਸੋਈ = ਉਹੋ ਹੀ ਸਿਆਮਿ = ਸੁਆਮੀ ਦਾ ਪ੍ਰਸਿਧ = ਨਾਮੀ ਕਾਰਜੀ = ਕੰਮ ਕਰਨ ਵਾਲਾ ਪਹਿਚਾਨੀਐ = ਪਛਾਣੀਦਾ ਹੈ।

ਗੁਰ ਉਪਦੇਸ ਪਰਵੇਸ ਰਿਦ ਅੰਤਰਿ ਹੈ;
ਸਬਦ ਸੁਰਤਿ ਸੋਈ ਸਿਖ ਜਗ ਜਾਨੀਐ ॥੩੮੦॥

ਇਸੇ ਪ੍ਰਕਾਰ ਜਿਸ ਦੇ ਰਿਦ = ਚਿੱਤ ਅੰਤਰਿ = ਵਿਚ ਗੁਰ = ਸਤਿਗੁਰਾਂ ਦੀ ਉਪਦੇਸ = ਸਿੱਖਿਆ ਪਰਵੇਸ = ਦਾਖ਼ਲ ਕਰ ਜਾਂਦੀ ਹੈ, ਸੋਈ = ਉਹੋ ਹੀ ਗੁਰਾਂ ਦੇ ਸਬਦ = ਉਪਦੇਸ਼ ਵਿਚ ਚਿੱਤ ਦੀ ਸੁਰਤਿ = ਬਿਰਤੀ ਲਾਉਣਾ ਕਰਦਾ ਹੈ ਤੇ ਉਹੋ ਹੀ ਜਗ = ਸੰਸਾਰ ਵਿਚ ਸਿੱਖ ਜਾਨੀਐ = ਜਾਨਣਾ ਕਰੀਦਾ ਹੈ ॥੩੮੦॥

ਜਲ ਕੈ ਧਰਨਿ ਅਰੁ ਧਰਨਿ ਕੈ ਜੈਸੇ ਜਲੁ;
ਪ੍ਰੀਤਿ ਕੈ ਪਰਸਪਰ ਸੰਗਮੁ ਸਮਾਰਿ ਹੈ ॥

(ਪਾਠਾਂਤ੍ਰ 'ਸੁਮਾਰਿ')

ਜੈਸੇ = ਜਿਸ ਪ੍ਰਕਾਰ ਜਲ = ਪਾਣੀ ਧਰਨਿ = ਧਰਤੀ ਨਾਲ ਪ੍ਰੀਤੀ ਕੈ = ਕਰਦਾ ਹੈ ਅਰੁ = ਅਤੇ ਧਰਨਿ = ਧਰਤੀ ਜਲੁ = ਪਾਣੀ ਨਾਲ ਪ੍ਰੀਤੀ ਕੈ = ਕਰਦੀ ਹੈ, ਇਉਂ ਦੋਵੇਂ ਪਰਸਪਰ = ਆਪਸ ਵਿਚਦੀ ਪ੍ਰੀਤੀ ਕੈ = ਕਰਕੇ ਆਪਣੇ ਸੰਗਮ = ਸਾਥ ਨੂੰ ਸਮਾਰਿ = ਸੰਭਾਲਣਾ ਕਰਦੇ ਹੈ = ਹਨ।

ਜੈਸੇ ਜਲ ਸੀਂਚ ਕੈ ਤਮਾਲਿ ਪ੍ਰਤਿਪਾਲੀਅਤ;
ਬੋਰਤ ਨ ਕਾਸਟਹ ਜ੍ਵਾਲਾ ਮੈ ਨਾ ਜਾਰਿ ਹੈ॥

ਜੈਸੇ = ਜਿਸ ਪ੍ਰਕਾਰ ਜਲ = ਪਾਣੀ ਸੀਂਚ = ਸਿੰਜ ਸਿੰਜ ਕੈ = ਕਰਕੇ ਤਮਾਲਿ[1] = ਨੀਲਧ੍ਵਜ, ਸਦਾਬਹਾਰ ਬ੍ਰਿਛਾਂ ਨੂੰ ਪ੍ਰਤਿਪਾਲੀਅਤ = ਪਾਲਣਾ ਕਰਦਾ ਹੈ ਅਤੇ ਜਿਸ ਸ਼ਰਮ ਕਰਕੇ ਹੀ ਪਾਣੀ ਨਾ ਤਾਂ ਕਾਸਟਹ = ਲੱਕੜ ਨੂੰ ਆਪਣੇ ਵਿਚ ਬੋਰਤ = ਡੋਬਦਾ ਹੈ ਤੇ ਨਾ ਹੀ ਉਸ ਨੂੰ ਜ੍ਵਾਲਾ = ਅੱਗ ਮੈ = ਵਿਚ ਜਾਰਿ = ਸੜਨ ਦਿੰਦਾ ਹੈ।

ਲੋਸਟ ਕੇ ਜੜਿ ਗੜਿ ਬੋਹਿਥ ਬਨਾਈਅਤ;
ਲੋਸਟਹਿ ਸਾਗਰ ਅਪਾਰ ਪਾਰ ਪਾਰਿ ਹੈ॥

ਲੋਸਟ = ਲੱਕੜ ਕੇ = ਦੇ ਨਾਲ ਲੋਹੇ ਦੀਆਂ ਮੇਖਾਂ ਨੂੰ ਜੜਿ = ਗੱਡ ਗੱਡ ਕੇ ਬੋਹਿਥ = ਜਹਾਜ਼ ਨੂੰ ਗੜਿ = ਘੜ ਕੇ ਬਨਾਈਅਤ = ਬਣਾਈਦਾ ਹੈ **ਵਾ:** ਇਕ ਗੜਿ = ਕਿਲ੍ਹੇ ਵਤ ਜਹਾਜ਼ ਬਣਾ ਲਈਦਾ ਹੈ। ਸੋ ਇਸ ਕਰਕੇ ਲੋਸਟਹਿ = ਲੱਕੜ ਨਾਲ ਲੱਗੇ ਲੋਹੇ ਨੂੰ ਅਪਾਰ = ਅਨੰਤ ਡੂੰਘੇ ਸਾਗਰ = ਸਮੁੰਦਰ ਤੋਂ ਵੀ ਪਾਰ = ਪਰਲੇ ਕਿਨਾਰੇ 'ਤੇ ਪਾਰ ਲੰਘਾ ਦਿੰਦਾ ਹੈ।

ਪ੍ਰਭ ਕੈ ਜਾਨੀਜੈ ਜਨ, ਜਨ ਕੈ ਜਾਨੀਜੈ ਪ੍ਰਭ;
ਤਾਂ ਤੇ ਜਨ ਕੋ ਨ ਗੁਨ ਅਉਗੁਨ ਬੀਚਾਰਿ ਹੈ॥੩੮੧॥

ਉਸੇ ਪ੍ਰਕਾਰ ਹੀ ਪ੍ਰਭ = ਪਰਮੇਸ਼ਰ ਕੈ = ਕਰਕੇ ਗੁਰਮੁਖ ਜਨ = ਪੁਰਖਾਂ, ਭਗਤ ਜਨ ਜਾਨੀਜੈ = ਜਾਣੀਦੇ ਹਨ ਤੇ ਗੁਰਮੁਖ ਜਨ = ਪੁਰਖਾਂ, ਭਗਤ ਜਨਾਂ ਕੈ = ਕਰਕੇ ਪ੍ਰਭ = ਪਰਮੇਸ਼ਰ ਜੀ ਜਾਨੀਜੈ = ਜਾਣੀਦੇ ਹਨ, ਤਾਂ ਤੇ = ਇਸ ਲਈ ਪਰਮੇਸ਼ਰ ਆਪਣੇ ਪਿਆਰੇ ਗੁਰਮੁਖ ਜਨ, ਭਗਤ ਜਨਾਂ ਕੋ = ਦਾ ਗੁਣ ਅਉਗੁਨ = ਔਗੁਣ ਨ = ਨਹੀਂ ਬੀਚਾਰਿ = ਵਿਚਾਰਨਾ ਕਰਦਾ ਹੈ॥੩੮੧॥ ਜੈਸਾ ਕਿ :

ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ॥੨॥ *(ਸਿਰੀਰਾਗੁ ਭਗਤ ਰਵਿਦਾਸ ਜੀ, ਅੰਗ ੯੨)*

ਬਿਆਹ ਸਮੈ ਜੈਸੇ ਦੁਹੂੰ ਓਰ ਗਾਈਅਤਿ ਗੀਤ;
ਏਕੈ ਹੁਇ ਲਭਤ ਏਕੈ ਹਾਨਿ ਕਾਨਿ ਜਾਨੀਐ॥

ਜੈਸੇ = ਜਿਸ ਪ੍ਰਕਾਰ ਬਿਆਹ = ਸ਼ਾਦੀ ਦੇ ਸਮੈ = ਵਕਤ ਦੁਹੂੰ = ਦੋਨੋਂ ਓਰ = ਪਾਸਿਆਂ ਵੱਲੋਂ ਗੀਤ ਗਾਈਅਤਿ = ਗਾਏ ਜਾਂਦੇ ਹਨ, ਏਕੈ = ਇਕ ਪਾਸੇ ਤਾਂ ਪੁੱਤਰ ਵਾਲਿਆਂ ਨੂੰ ਤਾਂ ਲਭਤ = ਨਫ਼ਾ ਹੁਇ = ਹੁੰਦਾ ਹੈ ਤੇ ਏਕੈ = ਇਕ ਪਾਸੇ ਧੀ ਵਾਲਿਆਂ ਨੂੰ ਹਾਨਿ = ਹਾਨੀ ਤੇ ਹਰੇਕ ਦੀ ਕਾਨ = ਕਨੌਡ (ਅਧੀਨਗੀ) ਜਾਨੀਐ = ਜਾਣੀ ਜਾਂਦੀ ਹੈ।

---

੧. ਤਮਾਲਿ = ਵੀਹ-ਪੱਚੀ ਫ਼ੁੱਟ ਉੱਚਾ ਸਦਾਬਹਾਰ ਇਕ ਬ੍ਰਿਛ, ਜੋ ਥੋੜ੍ਹੇ ਉੱਚੇ ਪਹਾੜਾਂ ਪੁਰ ਅਤੇ ਜਮੁਨਾ ਨਦੀ ਦੇ ਕਿਨਾਰੇ ਅਕਸਰ ਦੇਖੀਦਾ ਹੈ, ਇਸ ਨੂੰ ਖੱਟੇ ਫਲ ਲੱਗਦੇ ਹਨ, ਜੋ ਵਰਖਾ ਰੁੱਤ ਵਿਚ ਪੱਕਦੇ ਹਨ। ਵੈਦਿਕ ਗ੍ਰੰਥਾਂ ਵਿਚ ਤਮਾਲ ਦੇ ਬ੍ਰਿਛ ਦੇ ਬਹੁਤ ਗੁਣ ਲਿਖੇ ਹਨ।

ਦੁਹੂੰ ਦਲ ਬਿਖੈ ਜੈਸੇ ਬਾਜਤ ਨੀਸਾਨ ਤਾਨ;
ਕਾਹੂ ਕਉ ਜੈ ਕਾਹੂ ਕੋ ਪਰਾਜੈ ਪਹਿਚਾਨੀਐ ॥

ਜੈਸੇ = ਜਿਸ ਪ੍ਰਕਾਰ ਰਾਜਿਆਂ ਮਹਾਰਾਜਿਆਂ ਦੁਹੂੰ = ਦੋਹਾਂ ਦੀਆਂ ਦਲ = ਫ਼ੌਜਾਂ ਬਿਖੈ = ਵਿਚ ਤਾਨ = ਤਾੜ ਤਾੜ ਭਾਵ ਕੱਸ ਕੱਸ ਕੇ ਨਗਾਰੇ ਬਾਜਤ = ਵੱਜਦੇ ਹਨ, ਪਰ ਕਾਹੂ = ਕਿਸੇ ਰਾਜੇ ਕਉ = ਨੂੰ ਤਾਂ ਜੈ = ਜਿੱਤ ਪ੍ਰਾਪਤ ਹੁੰਦੀ ਹੈ ਅਤੇ ਕਾਹੂ = ਕਿਸੇ ਰਾਜੇ ਕੋ = ਨੂੰ ਪਰਾਜੈ = ਹਾਰਿਆ ਹੋਇਆ ਪਹਿਚਾਨੀਐ = ਪਛਾਣੀਦਾ ਹੈ।

ਜੈਸੇ ਦੁਹੂੰ ਕੁਲ ਸਰਿਤਾ ਮੈ ਭਰਿ ਨਾਉ ਚਲੈ;
ਕੋਊ ਮਾਝਿ ਧਾਰਿ ਕੋਊ ਪਾਰਿ ਪਰਵਾਨੀਐ ॥

ਜੈਸੇ = ਜਿਸ ਪ੍ਰਕਾਰ ਸਰਿਤਾ = ਨਦੀ ਦੇ ਦੁਹੂੰ = ਦੋਹਾਂ ਕੁਲ = ਕੰਢਿਆਂ ਮੈ = ਵਿਚ ਭਰਿ = ਭਰੀ ਹੋਈ ਨਾਉ = ਬੇੜੀ ਚਲੈ ਚੱਲਦੀ ਹੈ, ਕੋਊ = ਕੋਈ ਬੇੜੀ ਤਾਂ ਨਦੀ ਮਾਝਿ ਧਾਰਿ = ਵਿਚਕਾਰ ਹੀ ਉੱਛਲ ਕੇ ਡੁੱਬ ਜਾਂਦੀ ਹੈ ਤੇ ਕੋਊ = ਕੋਈ ਪਾਰ ਹੋ ਕੇ ਪਰਵਾਨੀਐ = ਪ੍ਰਮਾਣਿਤ ਹੁੰਦੀ ਹੈ।

ਧਰਮ ਅਧਰਮ ਕਰਮ ਕੈ ਅਸਾਧ ਸਾਧ;
ਊਚ ਨੀਚ ਪਦਵੀ ਪ੍ਰਸਿਧ ਉਨਮਾਨੀਐ ॥੩੮੨॥

ਇਸੇ ਤਰ੍ਹਾਂ ਹੀ ਸਾਧ = ਸ੍ਰੇਸ਼ਟ ਪੁਰਖ ਧਰਮ ਦੇ ਕਰਮ = ਕਾਰਜ ਕਰਨੇ ਕੈ = ਕਰਕੇ ਊਚ = ਉੱਚੀ, ਸ੍ਰੇਸ਼ਟ ਤੁਰੀਆ ਪਦ ਰੂਪ ਪਦਵੀ = ਰੁਤਬੇ ਨੂੰ ਪ੍ਰਾਪਤ ਕਰਦੇ ਹਨ ਅਤੇ ਅਸਾਧ = ਖੋਟੇ ਪੁਰਖ ਅਧਰਮ = ਧਰਮ ਤੋਂ ਹੀਣੇ ਕਾਰਜ ਕਰਨੇ ਕਰਕੇ ਨੀਚ = ਘਟੀਆ, ਨੀਵੀਂ ਪਦਵੀ ਨੂੰ ਪਾਉਂਦੇ ਹਨ। ਇਹ ਪ੍ਰਸਿਧ = ਮਸ਼ਹੂਰ ਉਨਮਾਨੀਐ = ਵਿਚਾਰ ਜਗ ਅੰਦਰ ਹਰੇਕ ਹੀ ਜਾਣਦਾ ਹੈ॥੩੮੨॥

ਪਾਹਨ ਕੀ ਰੇਖ ਆਦਿ ਅੰਤ ਨਿਰਬਾਹੁ ਕਰੈ;
ਟਰੈ ਨ ਸਨੇਹ ਸਾਧ ਬਿਗ੍ਰਹ ਅਸਾਧ ਕੋ ॥

ਜਿਸ ਪ੍ਰਕਾਰ ਪਾਹਨ = ਪੱਥਰ ਕੀ = ਦੀ ਰੇਖ = ਲਕੀਰ ਆਦਿ = ਮੁੱਢ ਤੇ ਅੰਤ = ਅਖ਼ੀਰ ਪ੍ਰਯੰਤ ਨਿਰਬਾਹੁ = ਨਿਰਬਾਹ ਕਰੈ = ਕਰਦੀ ਹੈ ਅਰਥਾਤ ਜਿਸ ਪੱਥਰ ਉੱਤੇ ਲੀਕ ਪਾਈ ਜਾਵੇ ਤਾਂ ਉਹ ਫੇਰ ਪੱਥਰ ਦੇ ਟੁੱਟਣ ਤਕ ਮਿਟਦੀ ਨਹੀਂ ਹੈ, ਇਸੇ ਪ੍ਰਕਾਰ ਹੀ ਸਾਧ = ਸ੍ਰੇਸ਼ਟ ਪੁਰਖ ਦਾ ਸਨੇਹ = ਪ੍ਰੇਮ ਤੇ ਅਸਾਧ = ਅਸੰਤ ਪੁਰਖ ਕੋ = ਦਾ ਬਿਗ੍ਰਹ = ਵੈਰ-ਵਿਰੋਧ ਅਖ਼ੀਰ ਤਕ ਟਾਲਿਆ ਹੋਇਆ ਕਦੇ ਟਰੈ = ਟਲਦਾ ਨ = ਨਹੀਂ ਹੈ।

ਜੈਸੇ ਜਲ ਮੈ ਲਕੀਰ ਧੀਰ ਨ ਧਰਤਿ ਤਤ;
ਅਧਮ ਕੀ ਪ੍ਰੀਤਿ ਅਉ ਬਿਰੁਧ ਜੁਧ ਸਾਧ ਕੋ ॥

ਜੈਸੇ = ਜਿਸ ਪ੍ਰਕਾਰ ਜਲ = ਪਾਣੀ ਮੈ = ਵਿਚ ਲਕੀਰ = ਰੇਖਾ ਪਾਈ ਜਾਵੇ ਤਾਂ ਤਤ = ਉਹ ਧੀਰ = ਧੀਰਜਤਾ ਨ = ਨਹੀਂ ਧਰਤਿ = ਧਰਦੀ ਭਾਵ ਪਾਣੀ ਵਿਚ ਲਕੀਰ ਖਿੱਚਦਿਆਂ ਹੀ ਅਲੋਪ ਹੋ ਜਾਂਦੀ

ਹੈ, ਇਸੇ ਤਰ੍ਹਾਂ ਅਧਮ = ਨੀਚ ਪੁਰਖ ਕੀ = ਦੀ ਪ੍ਰੀਤਿ = ਪ੍ਰੀਤੀ ਅਉ = ਅਤੇ ਸਾਧ = ਸ੍ਰੇਸ਼ਟ ਪੁਰਖ ਕੋ = ਦਾ ਕਿਸੇ ਦੇ ਬਿਰੁਧ = ਵਿਰੋਧ ਵਿਚ ਜੁਧ = ਜੰਗ ਸਮਝੋ ਅਰਥਾਤ ਗੁਰਮੁਖ ਪੁਰਖਾਂ ਦਾ ਵੈਰ ਪਾਣੀ ਦੀ ਲਕੀਰ ਵਾਂਗ ਹੁੰਦਾ ਹੈ ਤੇ ਪ੍ਰੇਮ ਪੱਥਰ ਦੀ ਲਕੀਰ ਵਤ ਪੱਕਾ ਹੁੰਦਾ ਹੈ ਤੇ ਮਨਮੁਖਾਂ ਦੀ ਪ੍ਰੀਤੀ ਪਾਣੀ ਦੀ ਲਕੀਰ ਵਾਂਗ ਕੱਚੀ ਹੁੰਦੀ ਹੈ ਤੇ ਵੈਰ-ਵਿਰੋਧ ਪੱਥਰ ਦੀ ਲਕੀਰ ਵਤ ਹੁੰਦਾ ਹੈ ਭਾਵ ਮਰਨ ਸਮੇਂ ਤਕ ਵੀ ਮਨਮੁਖ ਵੈਰ ਨਹੀਂ ਛੱਡਦੇ।

ਥੋਹਰਿ ਉਖਾਰੀ ਉਪਕਾਰੀ ਅਉ ਬਿਕਾਰੀ;
ਸਹਜਿ ਸੁਭਾਵ ਸਾਧ ਅਧਮ ਉਪਾਧ ਕੋ ॥

ਜਿਸ ਪ੍ਰਕਾਰ ਥੋਹਰਿ[1] = ਕੰਡੇਦਾਰ ਝਾੜ ਬਿਕਾਰੀ = ਵਿਗਾੜ ਕਰਨ ਵਾਲਾ ਭਾਵ ਦੁੱਖ ਦੇਣ ਵਾਲਾ ਅਉ = ਅਤੇ ਉਖਾਰੀ = ਗੰਨਾ ਉਪਕਾਰੀ = ਭਲਿਆਈ, ਸੁਖ ਦੇਣ ਵਾਲਾ ਹੁੰਦਾ ਹੈ, ਉਸੇ ਤਰ੍ਹਾਂ ਕੰਡੇਦਾਰ ਝਾੜ ਵਤ ਅਧਮ = ਨੀਚ ਪੁਰਖ ਕੋ = ਦਾ ਸੁਭਾਵ = ਸੁਭਾਅ ਉਪਾਧ = ਛਲ ਫ਼ਰੇਬ ਵਾਲਾ ਹੁੰਦਾ ਹੈ ਅਤੇ ਗੰਨੇ ਵਤ ਸਾਧ = ਸ੍ਰੇਸ਼ਟ ਪੁਰਖ ਦਾ ਸੁਭਾਅ ਸਹਜਿ = ਸ਼ਾਂਤੀ, ਸੁਖ ਦੇਣ ਵਾਲਾ ਹੁੰਦਾ ਹੈ।

ਗੁੰਜਾਫਲ ਮਾਨਕ ਸੰਸਾਰਿ ਤੁਲਾਧਾਰ ਬਿਖੈ;
ਤੋਲਿ ਕੈ ਸਮਾਨਿ ਮੋਲ ਅਲਪ ਅਗਾਧ ਕੋ ॥੩੮੩॥

ਸੰਸਾਰਿ = ਜਗਤ ਬਿਖੈ = ਵਿਚ ਗੁੰਜਾਫਲ = ਰੱਤਕਾਂ ਦੇ ਬੂਟੇ ਦਾ ਫਲ ਰੱਤੀਆਂ ਤੇ ਮਾਨਕ = ਕੀਮਤੀ ਹੀਰੇ ਆਦਿ ਤੁਲਾਧਾਰ = ਤੱਕੜੀ ਵਿਚ ਸਮਾਨਿ = ਇੱਕੋ ਜਿਹੇ, ਬਰਾਬਰ ਤੋਲਿ = ਤੋਲਣਾ ਕੈ = ਕਰੀਦੇ ਹਨ, ਪਰੰਤੂ ਮੋਲ = ਕੀਮਤ ਕੀਤਿਆਂ ਰੱਤੀ ਅਲਪ = ਥੋੜ੍ਹੀ ਕੀਮਤ ਦੀ ਹੁੰਦੀ ਹੈ ਤੇ ਕੀਮਤੀ ਪੱਥਰ (ਮਾਣਕ) ਅਗਾਧ = ਬੇਸ਼ੁਮਾਰ ਮੁੱਲ ਕੋ = ਦਾ ਹੁੰਦਾ ਹੈ।

ਇਸੇ ਪ੍ਰਕਾਰ ਸ੍ਰੇਸ਼ਟ ਪੁਰਖ ਤੇ ਅਸੰਤ ਪੁਰਖ ਸ਼ਕਲ ਸੂਰਤ ਕਰਕੇ ਇੱਕੋ ਜਿਹੇ ਦਿੱਸਦੇ ਹਨ ਪਰੰਤੂ ਜਿਸ ਵੇਲੇ ਮੇਲ-ਮਿਲਾਪ ਹੁੰਦਾ ਹੈ, ਉਸ ਵੇਲੇ ਸੁਭਾਅ ਤੇ ਜੀਵਨ ਦਾ ਪਤਾ ਲੱਗਦਾ ਹੈ॥੩੮੩॥

ਜੈਸੇ ਕੁਲਾ ਬਧੂ ਅੰਗ ਰਚਤ ਸੀਗਾਰ ਖੋੜਸ;
ਤੇਈ ਗਨਿਕਾ ਰਚਤ ਸਕਲ ਸੀਗਾਰ ਜੀ ॥

ਹੇ ਪਿਆਰੇ ਜੀ ! ਜੈਸੇ = ਜਿਸ ਪ੍ਰਕਾਰ ਚੰਗੀ ਕੁਲਾ = ਵੰਸ ਦੀ ਬਧੂ = ਵਹੁਟੀ (ਇਸਤਰੀ) ਖੋੜਸ = ਸੋਲਾ ਸੀਗਾਰ = ਸੁਹੱਪਣ ਵਾਲੇ ਪਦਾਰਥ ਆਪਣੇ ਸਰੀਰ ਦੇ ਅੰਗਾਂ ਉੱਤੇ ਰਚਤ = ਰਚਦੀ ਹੈ, ਤੇਈ = ਉਨ੍ਹਾਂ ਹੀ ਸਕਲ = ਸਾਰਿਆਂ ਸੀਗਾਰ = ਸੁਹੱਪਣਤਾ ਵਾਲੇ ਪਦਾਰਥਾਂ ਨੂੰ ਗਨਿਕਾ = ਵੇਸਵਾ ਵੀ ਰਚਤ = ਰਚਨਾ, ਸੁਆਰਨਾ ਕਰਦੀ ਹੈ।

ਕੁਲਾ ਬਧੂ ਸਿਹਜਾ ਸਮੈ ਰਮੈ ਭਤਾਰ ਏਕ;
ਬੇਸ੍ਵਾ ਤਉ ਅਨੇਕ ਸੈ ਕਰਤ ਬਿਭਚਾਰ ਜੀ ॥

ਹੇ ਪਿਆਰੇ ਜੀ ! ਚੰਗੀ ਕੁਲਾ = ਵੰਸ ਦੀ ਬਧੂ = ਵਹੁਟੀ (ਬਹੂ) ਤਾਂ ਸਿਹਜਾ = ਸੇਜਾ ਸਮੈ = ਵਕਤ

---

੧. ਥੋਹਰਿ = ਕੰਡੇਦਾਰ ਝਾੜ, ਜਿਸ ਵਿੱਚੋਂ ਦੁੱਧ ਨਿਕਲਦਾ ਹੈ। ਇਸ ਨੂੰ ਖੇਤਾਂ ਦੀ ਵਾੜ ਲਈ ਬਹੁਤੇ ਲੋਕ ਲਾਉਂਦੇ ਹਨ। ਇਹ ਅਨੇਕ ਕਿਸਮ ਦਾ ਹੁੰਦਾ ਹੈ, ਪਰ ਸਭ ਤੋਂ ਪ੍ਰਸਿੱਧ ਡੰਡਾ ਥੋਹਰ ਹੈ।

ਆਪਣੇ ਏਕ = ਇਕ ਭਤਾਰ = ਪਤੀ ਨੂੰ ਹੀ ਰਮੈ = ਰਮਣਾ ਕਰਦੀ ਹੈ ਪਰੰਤੂ ਬੇਸ੍ਵਾ = ਵਿਭਚਾਰਨੀ ਔਰਤ ਤਉ = ਤਾਂ ਅਨੇਕ = ਬਹੁਤੇ ਪੁਰਖਾਂ ਸੈ = ਨਾਲ ਬਿਭਚਾਰ = ਕੁਕਰਮ ਕਰਤ = ਕਰਦੀ ਹੈ।

ਕੁਲਾ ਬਧੂ ਸੰਗਮੁ ਸੁਜਸ ਨਿਰਦੋਖ ਮੋਖ;
ਬੇਸ੍ਵਾ ਪਰਸਤ ਅਪਜਸ ਹੁਇ ਬਿਕਾਰ ਜੀ॥

ਹੇ ਪਿਆਰੇ ਜੀ! ਚੰਗੀ ਕੁਲਾ = ਵੰਸ ਦੀ ਬਧੂ = ਬਹੂ ਤਾਂ ਪਤੀ ਦੇ ਸੰਗਮੁ = ਮਿਲਾਪ ਕਰਕੇ ਸੁਜਸ = ਸ੍ਰੇਸ਼ਟ ਕੀਰਤੀ ਤੇ ਨਿਰਦੋਖ = ਦੋਸ਼ਾਂ ਤੋਂ ਮੋਖ = ਛੁੱਟ ਜਾਂਦੀ ਹੈ ਅਤੇ ਪਰੰਤੂ ਬੇਸ੍ਵਾ = ਵਿਭਚਾਰਨੀ ਔਰਤ ਬਹੁਤੇ ਪੁਰਖਾਂ ਨਾਲ ਪਰਸਤ = ਛੂਹਣੇ ਕਰਕੇ ਅਪਜਸ = ਅਪਕੀਰਤੀ ਤੇ ਬਿਕਾਰ = ਵਿਗਾੜ, ਵਿਕਾਰਾਂ ਨੂੰ ਭੋਗਣ ਵਾਲੀ ਤੇ ਰੋਗੀ ਹੁਇ = ਹੁੰਦੀ ਹੈ **ਵਾ:** ਪਰੰਤੂ ਵੇਸਵਾ ਨੂੰ ਪਰਸਤ = ਛੂਹਣੇ ਕਰਕੇ ਪੁਰਖ ਦੀ ਸੰਸਾਰ ਵਿਚ ਅਪਕੀਰਤੀ ਹੁੰਦੀ ਹੈ ਤੇ ਵਿਗਾੜ ਹੀ ਵਿਗਾੜ ਨਿਕਲਦਾ ਹੈ ਭਾਵ ਸਰੀਰ ਰੋਗੀ ਹੋ ਜਾਂਦਾ ਹੈ ਅਤੇ ਨਰਕਗਾਮੀ ਹੋ ਜਾਂਦਾ ਹੈ।

ਤੈਸੇ ਗੁਰਸਿਖਨ ਕਉ ਪਰਮ ਪਵਿਤ੍ਰ ਮਾਇਆ;
ਸੋਈ ਦੁਖਦਾਇਕ ਹੁਇ ਦਹਤਿ ਸੰਸਾਰ ਜੀ॥੩੮੪॥

ਹੇ ਪਿਆਰੇ ਜੀ! ਤੈਸੇ = ਉਸੇ ਪ੍ਰਕਾਰ ਹੀ ਗੁਰਸਿਖਨ = ਗੁਰਸਿੱਖਾਂ ਕਉ = ਨੂੰ ਮਾਇਆ = ਦੌਲਤ ਭੇਟਾ ਕੀਤਿਆਂ ਪਰਮ = ਪਵਿੱਤਰ ਫਲ ਦੀ ਦਾਤੀ ਬਣਦੀ ਹੈ ਅਤੇ ਸੋਈ = ਉਹੋ ਮਾਇਆ ਭੈੜੇ ਕੰਮਾਂ ਵਿਚ ਲਾਉਣੇ ਕਰਕੇ ਦੁਖਦਾਇਕ = ਦੁੱਖ ਦੇਣ ਵਾਲੀ ਹੁਇ = ਹੋ ਕੇ ਸੰਸਾਰ = ਜਗਤ ਨੂੰ ਦਹਤਿ = ਸਾੜਦੀ ਹੈ॥੩੮੪॥

ਸੋਈ ਲੋਹਾ ਬਿਸੂ ਬਿਖੈ ਬਿਬਿਧਿ ਬੰਧਨ ਰੂਪ;
ਸੋਈ ਤਉ ਕੰਚਨ ਜੋਤਿ ਪਾਰਸ ਪ੍ਰਸੰਗ ਹੈ॥

ਸੋਈ = ਉਹੋ ਹੀ ਲੋਹਾ ਬਿਸੂ = ਸੰਸਾਰ ਬਿਖੈ = ਵਿਚ ਸੰਗਲ, ਕੁੰਡੇ ਆਦਿ ਬਿਬਿਧਿ = ਬਹੁਤ ਤਰ੍ਹਾਂ ਦੇ ਬੰਧਨ = ਜੰਜਾਲਾਂ ਦਾ ਰੂਪ ਹੁੰਦਾ ਹੈ ਤੇ ਸੋਈ = ਉਹੋ ਹੀ ਲੋਹਾ ਤਉ = ਫੇਰ ਪਾਰਸ ਦੇ ਪ੍ਰਸੰਗ = ਮਿਲਾਪ ਨੂੰ ਪਾ ਕੇ ਕੰਚਨ = ਸੋਨਾ ਬਣ ਕੇ ਜੋਤਿ = ਪ੍ਰਕਾਸ਼ਦਾ ਹੈ।

ਸੋਈ ਤਉ ਸਿੰਗਾਰ ਅਤਿ ਸੋਭਤ ਪਤਿਬ੍ਰਤਾ ਕਉ;
ਸੋਈ ਅਭਰਨੁ ਗਨਿਕਾ ਰਚਿਤ ਅੰਗ ਹੈ॥

ਸੋਈ = ਉਹੋ ਹੀ ਤਉ = ਫੇਰ ਸਿੰਗਾਰ = ਸੁਹੱਪਣਤਾ ਦੇ ਗਹਿਣੇ ਗੱਟੇ ਆਦਿ ਸਮੱਗਰੀ ਪਤਿਬ੍ਰਤਾ = ਪਤੀ ਦੀ ਪ੍ਰਤੱਗਿਆਵਾਨ ਇਸਤਰੀ ਦੇ ਅੰਗ ਉੱਤੇ ਅਤਿ = ਬਹੁਤ ਸੋਭਤ = ਸ਼ੋਭਾ ਦਾ ਕਾਰਨ ਹੁੰਦੇ ਹਨ ਤੇ ਸੋਈ = ਉਹੋ ਹੀ ਅਭਰਨੁ = ਗਹਿਣੇ ਆਦਿ ਦਾ ਸ਼ਿੰਗਾਰ ਗਨਿਕਾ = ਵੇਸਵਾ ਆਪਣੇ ਅੰਗਾਂ ਉੱਤੇ ਰਚਿਤ = ਰਚਾਉਣਾ, ਪਾਉਣਾ ਕਰਦੀ ਹੈ ਜੋ ਕਲੰਕ ਦਾ ਕਾਰਨ ਬਣਦੇ ਹਨ।

ਸੋਈ ਸ੍ਵਾਂਤਿ ਬੂੰਦ ਮਿਲਿ ਸਾਗਰ ਮੁਕਤਾ ਫਲ;
ਸੋਈ ਸ੍ਵਾਂਤਿ ਬੂੰਦ ਬਿਖੁ ਭੇਟਤ ਭੁਇਅੰਗ ਹੈ॥

ਸੋਈ = ਉਹੋ ਹੀ ਸ੍ਵਾਂਤਿ = ਸੁਆਂਤੀ ਬੂੰਦ ਜੇ ਸਾਗਰ = ਸਮੁੰਦਰ ਅੰਦਰ ਰਹਿ ਰਹੇ ਸਿੱਪ ਦੇ ਮੂੰਹ ਨਾਲ ਮਿਲ ਭਾਵ ਮੂੰਹ ਵਿਚ ਪੈ ਜਾਵੇ ਤਾਂ ਮੁਕਤਾ = ਮੋਤੀ ਰੂਪ ਫਲ ਬਣਨਾ ਕਰਦੀ ਹੈ ਅਤੇ ਸੋਈ = ਉਹੋ ਸੁਆਂਤੀ ਬੂੰਦ ਭੁਇਅੰਗ = ਸੱਪ ਨਾਲ ਭੇਟਤ = ਮਿਲ ਕਰਕੇ ਭਾਵ ਸੱਪ ਦੇ ਮੂੰਹ ਵਿਚ ਪੈ ਕੇ ਬਿਖੁ = ਜ਼ਹਿਰ ਰੂਪ ਬਣ ਜਾਂਦੀ ਹੈ।

ਤੈਸੇ ਮਾਇਆ ਕਿਰਤ ਬਿਰਤ ਹੈ ਬਿਕਾਰ ਜਗ;
ਪਰਉਪਕਾਰ ਗੁਰਸਿਖਨ ਸ੍ਵੰਗ ਹੈ॥੩੮੫॥

ਤੈਸੇ = ਉਸੇ ਪ੍ਰਕਾਰ ਹੀ ਜਗ = ਸੰਸਾਰ ਦੇ ਜੀਵਾਂ ਲਈ ਝੂਠ ਬੋਲ ਕੇ ਇਕੱਤਰ ਕੀਤੀ ਮਾਇਆ ਜਾਂ ਹਰਾਮ ਦੀ ਮਾਇਆ ਦੀ ਬਿਰਤ = ਉਪਜੀਵਕਾ ਵਾਲੀ ਕਿਰਤ = ਕਾਰ ਕਰਨੀ ਬਿਕਾਰ = ਵਿਗਾੜ ਰੂਪ, ਦੁਖਦਾਇਕ ਹੈ ਅਤੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਗੁਰਸਿਖਨ = ਗੁਰਸਿੱਖਾਂ ਨੂੰ ਸ੍ਵੰਗ = ਸਾਰਿਆਂ ਅੰਗਾਂ ਵਿਚ ਪਰਉਪਕਾਰ = ਭਲਿਆਈ ਕਰਨ ਵਾਲੀ ਹੈ, ਸੁਖਦਾਇਕ ਹੈ **ਵਾ:** ਇਹ ਮਾਇਆ ਜਗਤ ਦੇ ਲਈ ਕਿਰਤ ਬਿਰਤ = ਬਿਉਹਾਰੀ ਕਿਰਤ, ਉਪਜੀਵਕਾ ਨਿਮਿਤਕ ਕਾਰਾਂ-ਵਿਹਾਰਾਂ ਵਿਚ ਵਰਤੀ ਹੋਈ ਵਿਗਾੜ ਦਾ ਰੂਪ ਹੁੰਦੀ ਹੈ, ਹਾਨੀਕਾਰਕ ਹੈ ਤੇ ਗੁਰਸਿੱਖਾਂ ਕੋਲ ਆਈ ਹੋਈ ਇਹ ਸ੍ਵੰਗ = ਸਾਰੀ ਹੀ ਪਰਉਪਕਾਰ = ਪਰਾਏ ਦੇ ਭਲੇ ਲਈ ਹੁੰਦੀ ਹੈ ਜੋ ਸੁਖਦਾਇਕ ਹੈ॥੩੮੫॥

ਕਊਆ ਜਉ ਮਰਾਲ ਸਭਾ ਜਾਇ ਬੈਠੇ ਮਾਨਸਰ;
ਦੁਚਿਤ ਉਦਾਸ ਬਾਸ ਆਸ ਦੁਰਗੰਧ ਕੀ॥

ਜਉ = ਜੇਕਰ ਕਊਆ = ਕਾਂ ਮਾਨਸਰ = ਮਾਨਸਰੋਵਰ ਉੱਤੇ ਹੰਸਾਂ ਦੀ ਸਭਾ = ਇਕੱਤਰਤਾ ਵਿਚ ਜਾਇ = ਜਾ ਕੇ ਬੈਠੇ = ਬਹਿ ਜਾਣਾ ਕਰੇ ਤਾਂ ਦੁਰਗੰਧ = ਖੋਟੀ ਵਾਸ਼ਨਾ ਕੀ = ਦੀ ਆਸ = ਉਮੀਦ ਵਿਚ ਦੁਚਿਤ = ਦੁਬਿਧਾ ਤੇ ਉਦਾਸ = ਉਪਰਾਮ ਜਿਹਾ ਹੋ ਕੇ ਹੀ ਉਥੇ ਬਾਸ = ਵੱਸਣਾ ਕਰਦਾ ਹੈ।

ਸ੍ਵਾਨ ਜਿਉ ਬੈਠਾਈਐ ਸੁਭਗ ਪ੍ਰਜੰਕ ਪਰਿ;
ਤਿਆਗਿ ਜਾਇ ਚਾਕੀ ਚਾਟੈ ਹੀਨ ਮਤਿ ਅੰਧ ਕੀ॥

ਜਿਉ = ਜਿਵੇਂ ਸ੍ਵਾਨ = ਕੁੱਤੇ ਨੂੰ ਭਾਵੇਂ ਸੁਭਗ = ਸੁੰਦਰ ਪ੍ਰਜੰਕ = ਪਲੰਘ ਪਰਿ = ਉੱਤੇ ਬੈਠਾਈਐ = ਬਿਠਾਉਣਾ ਕਰੀਏ, ਫੇਰ ਵੀ ਉਹ ਉਸ ਸੁੰਦਰ ਪਲੰਘ ਨੂੰ ਤਿਆਗਿ = ਛੱਡ ਕੇ ਚਾਕੀ = ਚੱਕੀ ਨੂੰ ਚਾਟੈ = ਚੱਟਣ ਜਾਇ = ਜਾ ਲੱਗਦਾ ਹੈ ਕਿਉਂਕਿ ਉਹ ਅੰਧ = ਅੰਨ੍ਹਾ ਮੂਰਖ ਕੁੱਤਾ ਮਤਿ = ਅਕਲ ਤੋਂ ਹੀਨ = ਰਹਿਤ ਹੁੰਦਾ ਹੈ **ਵਾ:** ਉਹ ਅੰਧ = ਮੂਰਖ ਤੇ ਅਕਲਹੀਣ ਕੁੱਤੇ ਕੀ = ਦੀ ਆਦਤ ਹੀ ਐਸੀ ਹੈ ਕਿ ਉਹ ਸੁੰਦਰ ਪਲੰਘ ਨੂੰ ਛੱਡ ਕੇ ਚੱਕੀ ਚੱਟਣ ਲੱਗ ਜਾਂਦਾ ਹੈ। ਜੈਸਾ ਕਿ :

ਕੁਤਾ ਰਾਜ ਬਹਾਲੀਐ ਫਿਰ ਚੱਕੀ ਚੱਟੈ। *(ਭਾਈ ਗੁਰਦਾਸ ਜੀ, ਵਾਰ ੩੫, ਪਉੜੀ ੧)*

ਕੁਤੇ ਚੱਕੀ ਚੱਟਣੀ ਪੁਛ ਨ ਸਿਧੀ ਧ੍ਰੀਕਣ ਧ੍ਰੀਕੈ। *(ਭਾਈ ਗੁਰਦਾਸ ਜੀ, ਵਾਰ ੩੫, ਪਉੜੀ ੧੧)*

ਗਰਧਭ ਅੰਗ ਅਰਗਜਾ ਜਉ ਲੇਪਨ ਕੀਜੈ;
ਲੋਟਤ ਭਸਮ ਸੰਗਿ ਹੈ ਕੁਟੇਵ ਕੰਧ ਕੀ ॥

ਫੇਰ ਜਉ = ਜੇਕਰ ਗਰਧਭ = ਗਧੇ (ਖੋਤੇ) ਦੇ ਸਰੀਰ ਦੇ ਅੰਗਾਂ ਉਪਰ ਅਰਗਜਾ = ਅਤਰ ਫੁਲੇਲ ਆਦਿ ਸੁਗੰਧਿਤ ਪਦਾਰਥਾਂ ਦਾ ਲੇਪਨ = ਲੇਪ ਲਗਾ ਦੇਣਾ ਕੀਜੈ = ਕਰੀਏ ਤਾਂ ਵੀ ਉਹ ਭਸਮ = ਰਾਖ (ਸੁਆਹ) ਜਾਂ ਰੂੜੀ ਆਦਿ ਉੱਪਰ ਜਾ ਕੇ ਲੋਟਤ = ਲੇਟਣਾ ਕਰਦਾ ਹੈ ਕਿਉਂਕਿ ਉਸ ਦੇ ਕੰਧ = ਕੰਨ੍ਹਿਆਂ (ਮੋਢਿਆਂ) ਕੀ = ਦੀ ਇਹ ਕੁਟੇਵ = ਖੋਟੀ ਆਦਤ ਹੈ ਭਾਵ ਉਸ ਨੂੰ ਰੂੜੀ ਉਪਰ ਲਿਟਣ ਦੀ ਇਹ ਖੋਟੀ ਆਦਤ ਪਈ ਹੋਈ ਹੈ।

ਤੈਸੇ ਹੀ ਅਸਾਧ ਸਾਧ ਸੰਗਤਿ ਨ ਪ੍ਰੀਤਿ ਚੀਤਿ;
ਮਨਸਾ ਉਪਾਧ ਅਪਰਾਧ ਸਨਬੰਧ ਕੀ ॥੩੮੬॥

ਤੈਸੇ = ਉਸੇ ਪ੍ਰਕਾਰ ਹੀ ਅਸਾਧ = ਅਸੰਤ ਪੁਰਖਾਂ ਦੇ ਚੀਤਿ = ਚਿਤ ਵਿਚ ਸਾਧ = ਸ੍ਰੇਸ਼ਟ ਪੁਰਖਾਂ ਦੀ ਸੰਗਤ ਵਿਚ ਥੋੜ੍ਹੇ ਮਾਤਰ ਵੀ ਪ੍ਰੀਤਿ = ਲਗਨ ਨ = ਨਹੀਂ ਹੁੰਦੀ, ਸਗੋਂ ਉਸ ਅਸੰਤ ਪੁਰਖ ਨੂੰ ਤਾਂ ਸਦਾ ਹੀ ਐਸੇ ਸਨਬੰਧ = ਮਿਲਾਪ ਕੀ = ਦੀ ਮਨਸਾ = ਇੱਛਾ ਲੱਗੀ ਰਹਿੰਦੀ ਹੈ, ਜਿਥੇ ਕੋਈ ਉਪਾਧ = ਉਪਾਧੀ, ਦੰਗੇ, ਲੜਾਈ ਝਗੜੇ ਵਾਲੀ ਗੱਲ ਕੀਤੀ ਜਾ ਸਕੇ ਜਾਂ ਅਪਰਾਧ = ਗੁਨਾਹ ਕਰਨ ਦਾ ਸਮਾਂ ਪ੍ਰਾਪਤ ਹੋਵੇ ॥੩੮੬॥

ਨਿਰਾਧਾਰ ਕੋ ਆਧਾਰੁ ਆਸਰੋ ਨਿਰਾਸਨ ਕੋ;
ਨਾਥੁ ਹੈ ਅਨਾਥਨ ਕੋ ਦੀਨ ਕੋ ਦਇਆਲੁ ਹੈ ॥

ਪੂਰੇ ਸਤਿਗੁਰੂ ਨਿਰਾਧਾਰ = ਸਹਾਰੇ ਤੋਂ ਰਹਿਤ ਪੁਰਖਾਂ ਕੋ = ਨੂੰ ਆਧਾਰੁ = ਸਹਾਰਾ ਦੇਣ ਵਾਲੇ ਹਨ, ਨਿਰਾਸਨ = ਨਿਆਸਰਿਆਂ ਕੋ = ਨੂੰ ਆਸਰੋ = ਆਸਰਾ ਦੇਣ ਵਾਲੇ ਹਨ, ਅਨਾਥਨ = ਅਨਾਥਾਂ ਕੋ = ਦੇ ਨਾਥੁ = ਸੁਆਮੀ ਹਨ ਤੇ ਦੀਨ = ਗ਼ਰੀਬਾਂ ਉੱਤੇ ਦਇਆਲੁ = ਕ੍ਰਿਪਾਲੂ ਹੋਣ ਵਾਲੇ **ਵਾ:** ਗ਼ਰੀਬਾਂ 'ਤੇ ਦਇਆ ਦਾ ਘਰ ਹਨ।

ਅਸਰਨਿ ਸਰਨਿ ਅਉ ਨਿਰਧਨ ਕੋ ਹੈ ਧਨ;
ਟੇਕ ਅੰਧਨ ਕੀ ਅਉ ਕਿਰਪਨ ਕ੍ਰਿਪਾਲੁ ਹੈ ॥

ਅਸਰਨਿ = ਓਟ ਤੋਂ ਰਹਿਤ ਪੁਰਖ ਨੂੰ ਆਪਣੀ ਸਰਨਿ = ਓਟ ਦੇਣ ਵਾਲੇ ਹਨ **ਵਾ:** ਜਿਨ੍ਹਾਂ ਨੂੰ ਕੋਈ ਆਪਣੇ ਕੋਲ ਬੈਠਣ ਨਹੀਂ ਦਿੰਦਾ, ਉਨ੍ਹਾਂ ਨੂੰ ਆਪਣੇ ਕੋਲ ਬਿਠਾਉਣ ਵਾਲੇ ਹਨ ਅਉ = ਅਤੇ ਨਿਰਧਨ = ਧਨ ਤੋਂ ਰਹਿਤ ਪੁਰਖਾਂ ਕੋ = ਨੂੰ ਧਨ = ਦੌਲਤ ਦੇਣ ਵਾਲੇ ਹਨ, ਅੰਧਨ = ਅੰਨ੍ਹੇ ਪੁਰਖਾਂ ਕੀ = ਦੀ ਟੇਕ = ਡੰਗੋਰੀ, ਸੋਟੀ ਹਨ ਅਉ = ਅਤੇ ਕਿਰਪਨ = ਸੂਮ ਭਾਵ ਤੰਗ ਦਿਲਾਂ ਵਾਲੇ ਪੁਰਖਾਂ ਉੱਤੇ ਵੀ ਕ੍ਰਿਪਾਲੂ = ਦਿਆਲੂ ਹੋਣ ਵਾਲੇ ਹਨ।

ਅਕ੍ਰਿਤਘਨ ਕੇ ਦਾਤਾਰ ਪਤਿਤ ਪਾਵਨ ਪ੍ਰਭੁ;
ਨਰਕ ਨਿਵਾਰਨ ਪ੍ਰਤਗਿਆ ਪ੍ਰਤਿਪਾਲੁ ਹੈ ॥

ਅਕ੍ਰਿਤਘਨ = ਕੀਤੇ ਨੂੰ ਨਾ ਜਾਣਨ ਵਾਲੇ ਪੁਰਖਾਂ ਕੇ = ਦੇ ਉੱਪਰ ਵੀ ਦਾਤਾਰ = ਬਖ਼ਸ਼ਿਸ਼ਾਂ ਕਰਨ

ਵਾਲੇ ਹਨ, ਪਤਿਤ = ਪਾਪੀ ਪੁਰਖਾਂ ਨੂੰ ਪਾਵਨ = ਪਵਿੱਤਰ ਕਰਨ ਵਾਲੇ ਵੀ ਪ੍ਰਭੂ = ਮਾਲਕ ਸਤਿਗੁਰੂ ਜੀ ਹਨ **ਵਾ:** ਪਰਮੇਸ਼ਰ ਜੀ ਹਨ, ਨਰਕਾਂ ਦੇ ਦੁੱਖਾਂ ਨੂੰ ਨਿਵਾਰਨ = ਦੂਰ ਕਰਨ ਵਾਲੇ ਹਨ ਅਤੇ ਆਪਣੇ ਬਿਰਦ ਦਾ ਪ੍ਰਤਗਿਆ = ਪ੍ਰਣ ਭਲੀ ਪ੍ਰਕਾਰ ਪ੍ਰਤਿਪਾਲੁ = ਪਾਲਣ ਵਾਲੇ ਹਨ।

ਅਵਗੁਨ ਹਰਨ ਕਰਨਿ ਕਰਤਗਿਆ ਸੁਆਮੀ;
ਸੰਗੀ ਸਰਬੰਗਿ ਰਸ ਰਸਿਕ ਰਸਾਲੁ ਹੈ ॥੩੮੭॥

ਅਵਗੁਨ = ਗੁਨਾਹਾਂ ਨੂੰ ਹਰਨ = ਨਾਸ਼ ਕਰਨਿ = ਕਰਨ ਵਾਲੇ ਹਨ, ਕਰਤਗਿਆ = ਸਾਰਿਆਂ ਕਾਰਜਾਂ ਨੂੰ ਕਰਨ ਵਾਲੇ ਤੇ ਘਟਾਂ ਘਟਾਂ ਦੀ ਜਾਣਨ ਵਾਲੇ ਸੁਆਮੀ = ਮਾਲਕ ਸਤਿਗੁਰੂ **ਵਾ:** ਪਰਮੇਸ਼ਰ ਜੀ ਹਨ, ਸਾਰਿਆਂ ਦੇ ਲੋਕ-ਪ੍ਰਲੋਕ ਦੇ ਸੰਗੀ = ਸਾਥੀ ਹਨ ਤੇ ਸਰਬੰਗਿ (ਸਰਬ + ਅੰਗਿ) ਸਰਬ = ਸਾਰਿਆਂ ਦਾ ਅੰਗਿ = ਪੱਖ ਕਰਨ ਵਾਲੇ ਹੈਨ, ਆਪ ਹੀ ਰਸ = ਸੁਆਦਾਂ ਨੂੰ ਚੱਖਣ ਵਾਲੇ ਰਸਿਕ = ਰਸੀਆ ਤੇ ਆਪ ਹੀ ਰਸਾਲੁ (ਰਸ + ਆਲੁ) ਰਸਾਂ ਦਾ ਆਲੁ = ਘਰ ਹਨ ॥੩੮੭॥

ਕੋਇਲਾ ਸੀਤਲ ਕਰ ਕਰਤ ਸਿਆਮ ਗਹੈ;
ਪਰਸਿ ਤਪਤ ਪਰਦਗਧ ਕਰਤ ਹੈ ॥

ਜਿਸ ਪ੍ਰਕਾਰ ਸੀਤਲ = ਠੰਢਾ ਕੋਇਲਾ = ਕੋਲਾ ਕਰ = ਹੱਥ ਵਿਚ ਗਹੈ = ਪਕੜਨਾ ਕਰੀਏ ਤਾਂ ਕੋਲਾ ਹੱਥ ਨੂੰ ਸਿਆਮ = ਕਾਲਾ ਕਰਤ = ਕਰ ਦਿੰਦਾ ਹੈ ਅਤੇ ਤਪਤ = ਤੱਤੇ ਕੋਲੇ ਨੂੰ ਹੱਥ ਪਰਸਿ = ਛੂਹ ਜਾਵੇ ਭਾਵ ਲੱਗ ਜਾਵੇ ਤਾਂ ਪਰਦਗਧ (ਪਰ + ਦਗਧ) ਪਰ = ਭਲੀ ਪ੍ਰਕਾਰ ਦਗਧ = ਸਾੜ ਦੇਣਾ ਕਰਤ = ਕਰਦਾ ਹੈ।

ਕੂਕਰ ਕੇ ਚਾਟਤ ਕਲੇਵਰਹਿ ਲਾਗੈ ਛੋਤਿ;
ਕਾਟਤ ਸਰੀਰ ਪੀਰ ਧੀਰ ਨ ਧਰਤ ਹੈ ॥

ਕੂਕਰ = ਕੁੱਤੇ ਕੇ = ਦੇ ਚਾਟਤ = ਚੱਟਣ ਨਾਲ ਕਲੇਵਰਹਿ = ਸਰੀਰ ਨੂੰ ਛੋਤਿ = ਛੂਤ ਦੀ ਬਿਮਾਰੀ ਲਾਗੈ = ਲੱਗ ਜਾਂਦੀ ਹੈ ਭਾਵ ਕੁੱਤੇ ਨੂੰ ਲੱਗੀ ਖੁਰਕ ਆਦਿ ਦੀ ਬਿਮਾਰੀ ਪੁਰਖ ਦੇ ਸਰੀਰ ਨੂੰ ਲੱਗ ਜਾਂਦੀ ਹੈ **ਵਾ:** ਕੁੱਤੇ ਦੇ ਚੱਟਣ ਨਾਲ ਸਰੀਰ ਛੋਤਿ = ਅਪਵਿੱਤਰ ਹੋ ਜਾਂਦਾ ਹੈ ਅਤੇ ਜੇਕਰ ਦੁਰਕਾਰੀਏ, ਭਜਾਉਣਾ ਕਰੀਏ ਤਾਂ ਕਾਟਤ = ਕੱਟਣਾ ਕਰਦਾ ਹੈ, ਜਿਸ ਨਾਲ ਸਰੀਰ ਨੂੰ ਪੀਰ = ਪੀੜਾ ਹੁੰਦੀ ਹੈ ਤੇ ਮਨ ਧੀਰ = ਧੀਰਜਤਾ ਨੂੰ ਨ = ਨਹੀਂ ਧਰਤ = ਧਰਦਾ ਹੈ।

ਫੂਟਤ ਜਿਉ ਗਾਗਰ ਪਰਤ ਹੀ ਪਖਾਨ ਪਰਿ;
ਪਾਹਨ ਪਰਤ ਪੁਨਿ ਗਾਗਰ ਹਰਤ ਹੈ ॥

ਜਿਉ = ਜਿਸ ਪ੍ਰਕਾਰ ਗਾਗਰ = ਘੜਾ ਪਖਾਨ = ਪੱਥਰ ਪਰਿ = ਉੱਤੇ ਪਰਤ = ਪੈਂਦਿਆਂ, ਡਿੱਗਦਿਆਂ ਸਾਰ ਹੀ ਫੂਟਤ = ਫੁੱਟ, ਟੁੱਟ ਜਾਂਦਾ ਹੈ ਅਤੇ ਜੇ ਪਾਹਨ = ਪੱਥਰ ਗਾਗਰ = ਘੜੇ ਉੱਤੇ ਪਰਤ = ਪੈ, ਡਿੱਗ ਜਾਵੇ ਤਾਂ ਪੁਨਿ = ਫੇਰ ਵੀ ਘੜਾ ਹਰਤ = ਨਾਸ਼ ਹੋ ਜਾਂਦਾ ਹੈ।

ਤੈਸੇ ਹੀ ਅਸਾਧ ਸੰਗਿ ਪ੍ਰੀਤਿ ਹੂੰ ਬਿਰੋਧ ਬੁਰੋ;
ਲੋਕ ਪਰਲੋਕ ਦੁਖ ਦੋਖ ਨ ਟਰਤ ਹੈ ॥੩੮੮॥

ਤੈਸੇ = ਉਸੇ ਪ੍ਰਕਾਰ ਹੀ ਅਸਾਧ = ਅਸੰਤ ਪੁਰਖਾਂ ਸੰਗਿ = ਨਾਲ ਪ੍ਰੀਤਿ = ਲਗਨ ਕਰਨੀ ਹੂ = ਤੇ ਬਿਰੋਧ = ਵੈਰ ਕਰਨਾ ਬੁਰੋ = ਮਾੜਾ ਹੈ, ਕਿਉਂਕਿ ਜੇ ਲਗਨ ਕੀਤੀ ਤਾਂ ਇਸ ਲੋਕ ਵਿਚ ਉਨ੍ਹਾਂ ਦੀ ਚਾਪਲੂਸੀ ਕਰਦਿਆਂ ਦੁਖ = ਕਸ਼ਟ ਤੇ ਵੈਰ ਕਰਨੇ ਕਰਕੇ ਪ੍ਰਲੋਕ ਵਿਚ ਦੋਖ = ਦੂਸ਼ਣ ਨ = ਨਹੀਂ ਟਰਤ = ਟਲਦੇ ਹੈ = ਹਨ ॥੩੮੮॥

ਛਤ੍ਰ ਕੇ ਬਦਲੇ ਜੈਸੇ ਬੈਠੇ ਛਤਨਾ ਕੀ ਛਾਹਿ;
ਹੀਰਾ ਅਮੋਲਕ ਬਦਲੇ ਫਟਕੁ ਕਉ ਪਾਈਐ ॥

ਜੈਸੇ = ਜਿਸ ਤਰ੍ਹਾਂ ਛਤ੍ਰ = ਛਾਤੇ ਦੀ ਛਾਂ ਕੇ = ਦੇ ਬਦਲੇ = ਵੱਟੇ ਛਤਨਾ = ਛੱਤਰੀ ਕੀ = ਦੀ ਛਾਹਿ = ਛਾਂ ਥੱਲੇ ਬੈਠੇ = ਬੈਠਣਾ ਕਰੀਏ ਅਤੇ ਅਮੋਲਕ = ਬੇਕੀਮਤੇ ਹੀਰੇ ਦੇ ਬਦਲੇ = ਵੱਟੇ ਫਟਕੁ = ਬਿਲੌਰ ਕਉ = ਨੂੰ ਪਾਈਐ = ਪਾਉਣਾ ਕਰੀਏ ਜਾਂ ਫਟਕੁ = ਟੁੱਟਿਆ ਹੋਇਆ ਕੱਚ ਪਾ ਲੈਣਾ ਕਰੀਏ ਤਾਂ ਸ਼ੋਭਾ ਨਹੀਂ ਰਹਿੰਦੀ।

ਜੈਸੇ ਮਨਿ ਕੰਚਨ ਕੇ ਬਦਲੇ ਕਾਚ ਗੁੰਜਾ ਫਲ;
ਕਾਂਬਰੀ ਪਟੰਬਰ ਕੇ ਬਦਲੇ ਓਢਾਈਐ ॥

ਜੈਸੇ = ਜਿਸ ਪ੍ਰਕਾਰ ਮਨਿ = ਮਣੀਆਂ ਕੇ = ਦੇ ਬਦਲੇ = ਵੱਟੇ ਕਾਚ = ਕੱਚ ਤੇ ਕੰਚਨ = ਸੋਨੇ ਦੇ ਵੱਟੇ ਗੁੰਜਾ ਫਲ = ਰੱਤੀਆਂ ਨੂੰ ਧਾਰਨ ਕਰ ਲਈਏ ਅਤੇ ਰੇਸ਼ਮ ਦੇ ਸੁੰਦਰ ਪਟੰਬਰ = ਕੱਪੜੇ ਕੇ = ਦੇ ਬਦਲੇ ਭਾਵ ਰੇਸ਼ਮ ਦੇ ਸੁੰਦਰ ਬਸਤਰ ਛੱਡ ਕੇ ਸਾਧਾਰਨ ਜਿਹੀ ਕਾਂਬਰੀ = ਕੰਬਲੀ ਓਢਾਈਐ = ਪਹਿਨਣਾ ਕਰੀਏ।

ਅੰਮ੍ਰਿਤ ਮਿਸਟਾਨ ਪਾਨ ਕੇ ਬਦਲੇ ਕਰੀ ਫਲ;
ਕੇਸਰ ਕਪੂਰ ਜਿਉ ਕਚੂਰ ਲੈ ਲਗਾਈਐ ॥

ਜਿਸ ਪ੍ਰਕਾਰ ਅੰਮ੍ਰਿਤ ਵਤ ਮਿਸਟਾਨ = ਮਿੱਠੇ ਸਵਾਦਿਕ ਖਾਣ ਪਾਨ = ਪੀਣ ਕੇ = ਦੇ ਪਦਾਰਥਾਂ ਬਦਲੇ = ਵੱਟੇ ਕਰੀ ਫਲ = ਕਗੀਰ ਦਾ ਫਲ ਡੇਲੇ ਖਾਣ ਲੱਗ ਜਾਈਏ ਅਤੇ ਜਿਉ = ਜਿਸ ਪ੍ਰਕਾਰ ਕੇਸਰ ਕਪੂਰ ਦੇ ਵੱਟੇ ਕਚੂਰ = ਜੰਗਲੀ ਹਲਦੀ ਨੂੰ ਲੈ ਕੇ ਸਰੀਰ 'ਤੇ ਲਗਾਈਐ = ਲਗਾਉਣਾ ਕਰੀਏ ਤਾਂ ਹਾਸੋਹੀਣੀ ਗੱਲ ਬਣ ਜਾਂਦੀ ਹੈ।

ਭੇਟਤ ਅਸਾਧ ਸੁਖ ਸੁਕ੍ਰਿਤ ਸੂਖਮ ਹੋਤ;
ਸਾਗਰ ਅਥਾਹ ਜੈਸੇ ਬੇਲੀ ਮਹਿ ਸਮਾਈਐ ॥੩੮੯॥

ਅਸਾਧ = ਅਸੰਤ ਪੁਰਖਾਂ ਦੇ ਨਾਲ ਭੇਟਤ = ਮਿਲਣ ਕਰਕੇ ਸੁਖ ਤੇ ਸੁਕ੍ਰਿਤ = ਸ੍ਰੇਸ਼ਟ ਕਰਮ (ਪੁੰਨ ਕਰਮ) ਇਉਂ ਸੂਖਮ = ਥੋੜ੍ਹੇ ਹੋਤ = ਹੋ ਜਾਂਦੇ ਹਨ ਜੈਸੇ = ਜਿਸ ਪ੍ਰਕਾਰ ਅਥਾਹ = ਅਤਿਅੰਤ ਡੂੰਘੇ ਸਾਗਰ = ਸਮੁੰਦਰ ਦੇ ਮਹਿ = ਵਿਚ ਬੇਲੀ[1] ਸਮਾਈਐ = ਸਮਾ ਜਾਂਦੀ ਹੈ।

---

੧. ਬੇਲੀ = ਤੁੰਬੀ ਦੀ ਸਕਲ ਦੀ ਧਾਤ ਦੀ ਪਿਆਲੀ।

ਅਥਵਾ ਜਿਸ ਪ੍ਰਕਾਰ ਅਥਾਹ = ਅਤਿਅੰਤ ਡੂੰਘੇ ਸਾਗਰ = ਸਮੁੰਦਰ ਵਿੱਚੋਂ ਪਾਣੀ ਬੇਲੀ = ਪਿਆਲੀ (ਮਸ਼ਕ) ਵਿਚ ਸਮਾਈਐ = ਸਮਾਇਆ, ਪਾਇਆ ਹੋਇਆ ਆਪਣੇ ਆਪ ਨੂੰ ਸਮੁੰਦਰ ਦਾ ਪਾਣੀ ਕਹਾਉਣ ਦੀ ਥਾਂ ਮਸ਼ਕ ਦਾ ਪਾਣੀ ਕਹਾਉਣ ਲੱਗ ਪਿਆ ਕਰਦਾ ਹੈ, ਇਸੇ ਤਰ੍ਹਾਂ ਸਮੁੰਦਰ ਦੇ ਪਾਣੀ ਦੀ ਨਿਆਈਂ ਗੁਰਮੁਖ ਜਨਾਂ ਦੀ ਸੰਗਤ ਛੱਡਣ ਤੋਂ ਤੇ ਮਸ਼ਕ ਦੇ ਪਾਣੀ ਦੀ ਨਿਆਈਂ ਅਸਾਧ = ਅਸੰਤ ਪੁਰਖਾਂ ਨੂੰ ਭੇਟਨ = ਮਿਲਣ ਤੋਂ ਹੀ ਸਾਰੇ ਸੁਖ ਤੇ ਸੁਕ੍ਰਿਤ = ਸ੍ਰੇਸ਼ਟ ਕਰਮ ਵੀ ਸੂਖਮ = ਹਲਕੇ, ਤੇਜਹੀਣ ਹੋ ਜਾਂਦੇ ਹਨ ਭਾਵ ਅਸੰਤ ਪੁਰਖਾਂ ਵਾਲੇ ਔਗੁਣ ਉਨ੍ਹਾਂ ਵਿਚ ਵੀ ਆ ਜਾਂਦੇ ਹਨ।

ਕੰਚਨ ਕਲਸ ਜੈਸੇ ਬਾਕੋ ਭਏ ਸੂਧੋ ਹੋਇ;
ਮਾਟੀ ਕੋ ਕਲਸੁ ਫੂਟੇ ਜੁਰੈ ਨ ਜਤਨ ਸੈ॥

ਜੈਸੇ = ਜਿਸ ਪ੍ਰਕਾਰ ਕੰਚਨ = ਸੋਨੇ ਦਾ ਕਲਸ = ਘੜਾ ਬਾਕੋ = ਵਿੰਗਾ ਭਏ = ਹੋਏ ਤੋਂ ਸੂਧੋ = ਸਿੱਧਾ ਹੋਇ = ਹੋ ਜਾਂਦਾ ਹੈ ਪਰੰਤੂ ਮਾਟੀ = ਮਿੱਟੀ ਕੋ = ਦਾ ਕਲਸੁ = ਘੜਾ ਫੂਟੇ = ਟੁੱਟਿਆ ਹੋਇਆ ਜਤਨ = ਕੋਸ਼ਿਸ਼ ਕਰਨ ਸੈ = ਨਾਲ ਵੀ ਜੁਰੈ = ਜੁੜ ਨ = ਨਹੀਂ ਸਕਦਾ।

ਬਸਨ ਮਲੀਨ ਧੋਏ ਨਿਰਮਲ ਹੋਤ ਜੈਸੇ;
ਊਜਰੀ ਨ ਹੋਤ ਕਾਰੀ ਕਾਂਬਰੀ ਪਤਨ ਸੈ॥

ਜੈਸੇ = ਜਿਸ ਪ੍ਰਕਾਰ ਮਲੀਨ = ਮੈਲਾ ਬਸਨ = ਬਸਤਰ ਧੋਏ = ਧੋਤਿਆਂ ਨਿਰਮਲ = ਉੱਜਲਾ ਹੋਤ = ਹੋ ਜਾਂਦਾ ਹੈ। ਜੈਸੇ ਕਿ :

ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥ *(ਜਪੁ ਜੀ ਸਾਹਿਬ, ਅੰਗ ੪)*

ਪਰੰਤੂ ਕਾਰੀ = ਕਾਲੀ ਕਾਂਬਰੀ = ਕੰਬਲੀ ਧੋਤਿਆਂ ਪਤਨ = ਪਾਟਣ ਸੈ = ਨਾਲ ਭਾਵ ਪਾਟਣ ਤਕ ਵੀ ਊਜਰੀ = ਉੱਜਲੀ ਨ = ਨਹੀਂ ਹੋਤ = ਹੁੰਦੀ। ਜੈਸਾ ਕਿ :

ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹਿ॥ *(ਅੰਗ ੬੫੧)*

ਕਾਲਾ ਕੰਬਲ ਊਜਲਾ ਕਿਉ ਹੋਇ ਸਬੂਣੈ। *(ਭਾਈ ਗੁਰਦਾਸ ਜੀ, ਵਾਰ ੩੫, ਪਉੜੀ ੩)*

ਜੈਸੇ ਲਕੁਟੀ ਅਗਨਿ ਸੇਕਤ ਹੀ ਸੂਧੀ ਹੋਇ;
ਸ੍ਵਾਨ ਪੂਛਿ ਪਟੰਤਰੋ ਪ੍ਰਗਟ ਮਨਤ ਨ ਸੈ॥

ਜੈਸੇ = ਜਿਸ ਪ੍ਰਕਾਰ ਅਗਨਿ = ਅੱਗ ਉੱਤੇ ਸੇਕਤ = ਸੇਕਣ ਨਾਲ ਹੀ ਵਾਂਸ ਦੀ ਲਕੁਟੀ = ਲੱਕੜੀ (ਸੋਟੀ) ਸੂਧੀ = ਸਿੱਧੀ ਹੋਇ = ਹੋ ਜਾਂਦੀ ਹੈ ਤੇ ਸ੍ਵਾਨ = ਕੁੱਤੇ ਦੀ ਪੂਛਿ = ਪੂਛ ਦਾ ਸਿੱਧੀ ਲੱਕੜੀ ਪਟੰਤਰੋ = ਸਮਾਨ ਹੋਣਾ ਪ੍ਰਗਟ = ਪ੍ਰਤੱਖ ਹੀ ਨ = ਨਹੀਂ ਮਨਤ = ਮੰਨੀਦਾ ਹੈ **ਵਾ:** ਜੋ ਕੁੱਤੇ ਦੀ ਪੂਛ ਦਾ ਪਟੰਤਰੋ = ਟੇਢਾਪੁਣਾ ਹੈ ਸੈ = ਉਹ ਪ੍ਰਤੱਖ ਹੀ ਸਿੱਧਾ ਹੋਣਾ ਨਹੀਂ ਮੰਨੀਦਾ ਹੈ ਭਾਵ ਸੈਂਕੜੇ ਵਾਰ ਜਤਨ ਕੀਤਿਆਂ ਵੀ ਪੂਛ ਆਪਣੀ ਟੇਢਤਾਈ ਨੂੰ ਤਿਆਗਦੀ ਨਹੀਂ ਹੈ। ਜੈਸਾ ਕਿ :

ਸੁਆਨ ਪੂਛ ਜਿਉ ਹੋਇ ਨ ਸੂਧੋ...॥ *(ਅੰਗ ੫੩੬)*

ਤੈਸੇ ਗੁਰਸਿਖਨ ਸੁਭਾਉ ਜਲ ਮੈਨ ਗਤਿ;
ਸਾਕਤ ਸੁਭਾਵ ਲਾਖ ਪਾਹਨ ਗਤਨ ਸੈ ॥੩੯੦॥

ਤੈਸੇ = ਉਸੇ ਤਰ੍ਹਾਂ ਗੁਰਸਿਖਨ = ਗੁਰਸਿੱਖਾਂ ਦਾ ਸੁਭਾਉ = ਸੁਭਾਅ ਜਲ = ਪਾਣੀ ਵਤ ਠੰਢਾ (ਸ਼ਾਂਤ) ਤੇ ਮੈਨ = ਮੋਮ ਗਤਿ = ਵਾਂਗ ਨਰਮ ਹੁੰਦਾ ਹੈ ਅਤੇ ਸਾਕਤ = ਕਠੋਰ ਚਿੱਤ ਵਾਲੇ ਮਨਮੁਖਾਂ ਦਾ ਸੁਭਾਵ = ਸੁਭਾਅ ਕਿੱਕਰ ਆਦਿ ਦੀ ਲਾਖ ਵਤ ਤੇ ਪਾਹਨ = ਪੱਥਰ ਗਤਿ = ਵਾਂਗ ਕਰੜਾ ਹੈ ਕਦੇ ਵੀ ਗਤਨ = ਨਰਮਤਾਈ ਸੈ = ਵੱਲ ਨਹੀਂ ਚੱਲਦਾ ਹੈ ਭਾਵ ਮਨਮੁਖ ਅਖ਼ੀਰ ਤਕ ਵੀ ਭੈੜੇ ਕਰਮਾਂ ਵੱਲ ਹੀ ਚੱਲਦਾ ਹੈ॥੩੯੦॥

ਕੋਊ ਬੇਚੈ ਗੜਿ ਗੜਿ ਸਸਤ੍ਰ ਧਨੁਖ ਬਾਨ;
ਕੋਊ ਬੇਚੈ ਗੜਿ ਗੜਿ ਬਿਬਿਧਿ ਸਨਾਹ ਜੀ ॥

ਕੋਊ = ਕੋਈ ਗੜਿ ਗੜਿ = ਘੜ ਘੜ ਕੇ ਬਾਨ = ਤੀਰ ਧਨੁਖ = ਕਮਾਨ ਆਦਿ ਸ਼ਸਤਰ ਬੇਚੈ = ਵੇਚਣਾ ਕਰਦਾ ਹੈ ਤੇ ਕੋਊ = ਕੋਈ ਗੜਿ ਗੜਿ = ਘੜ ਘੜ ਕੇ ਬਿਬਿਧਿ = ਬਹੁਤ ਤਰ੍ਹਾਂ ਦੀਆਂ ਸਨਾਹ = ਸੰਜੋਆਂ ਬੇਚੈ = ਵੇਚਣਾ ਕਰਦਾ ਹੈ ਜੀ।

ਕੋਊ ਬੇਚੈ ਗੋਰਸ ਦੁਗਧ ਦਧਿ ਘ੍ਰਿਤ ਨਿਤ;
ਕੋਊ ਬੇਚੈ ਬਾਰੁਨੀ ਬਿਖਮ ਸਮ ਚਾਹ ਜੀ ॥

ਕੋਊ = ਕੋਈ ਗੋਰਸ = ਗਊ ਦਾ ਰਸ ਭਾਵ ਮੱਖਣ, ਦੁਗਧ = ਚੋਇਆ ਹੋਇਆ ਦੁੱਧ, ਦਧਿ = ਦੁੱਧ ਤੋਂ ਬਣਿਆ ਦਹੀਂ ਤੇ ਘ੍ਰਿਤ = ਘਿਉ ਨਿਤ = ਹਮੇਸ਼ਾਂ ਹੀ ਬੇਚੈ = ਵੇਚਣਾ ਕਰਦਾ ਹੈ, ਇਨ੍ਹਾਂ ਸਭਨਾਂ ਚੀਜ਼ਾਂ ਨੂੰ ਇਕ ਸਮ ਸਾਰੇ ਹੀ ਪਸੰਦ ਕਰਦੇ ਹਨ। ਕੋਊ = ਕੋਈ ਬਾਰੁਨੀ = ਸ਼ਰਾਬ ਨੂੰ ਬੇਚੈ = ਵੇਚਦਾ ਹੈ ਜੋ ਬਿਖਮ = ਦੁਖਦਾਈ ਹੈ ਤੇ ਜੋ ਸਮ = ਸਮਤਾ ਭਾਵ ਵਿਚ ਵਰਤਣ ਵਾਲੀ ਚਿਤ ਦੀ ਚਾਹ = ਕਾਮਨਾ ਨੂੰ ਗੜਬੜੀ, ਵਿਖਮਤਾ ਵਿਚ ਪਾਉਣ ਵਾਲੀ ਹੈ ਜੀ।

ਤੈਸੇ ਹੀ ਬਿਕਾਰੀ ਉਪਕਾਰੀ ਹੈ ਅਸਾਧ ਸਾਧ;
ਬਿਖਿਆ ਅੰਮ੍ਰਿਤ ਬਨ ਦੇਖੇ ਅਵਗਾਹ ਜੀ ॥

ਹੇ ਪਿਆਰੇ ਜੀ ! ਤੈਸੇ = ਉਸੇ ਤਰ੍ਹਾਂ ਹੀ ਸ਼ਰਾਬ ਵਤ ਅਸਾਧ = ਅਸੰਤ ਲੋਕ ਬਿਕਾਰੀ = ਵਿਕਾਰਾਂ ਵਾਲੀ ਦੁਸ਼ਟ ਪਰਵਿਰਤੀ ਵਿਚ ਵਰਤਣ ਵਾਲੇ ਬਣਨਾ ਪਸੰਦ ਕਰਦੇ ਹਨ ਤੇ ਸਾਧ = ਸ੍ਰੇਸ਼ਟ ਪੁਰਖ ਉਪਕਾਰੀ = ਦੂਸਰੇ ਦਾ ਭਲਾ ਕਰਨ ਵਾਲੇ ਸੁਭਾਅ ਵਾਲਾ ਬਣਨਾ ਪਸੰਦ ਕਰਦੇ ਹਨ। ਇਹ ਅਸਾਂ ਅਵਗਾਹ = ਵਿਚਾਰ ਕੇ ਵੇਖਿਆ ਹੈ ਕਿ ਸੰਸਾਰ ਰੂਪ ਬਨ = ਜੰਗਲ ਵਿਚ ਬਿਖਿਆ = ਜ਼ਹਿਰ ਵਤ ਕੌੜੇ, ਭੈੜੇ ਸੁਭਾਅ ਵਾਲੇ ਲੋਕ ਤੇ ਅੰਮ੍ਰਿਤ ਵਤ ਮਿੱਠੇ, ਚੰਗੇ ਸੁਭਾਅ ਵਾਲੇ ਦੋਵੇਂ ਹੀ ਫਲ ਲੱਗਦੇ ਹਨ।

ਆਤਮਾ ਅਚੇਤ ਪੰਛੀ ਧਾਵਤ ਚਤੁਰ ਕੁੰਟ;
ਜੈਸੇ ਈ ਬਿਰਖ ਬੈਠੇ ਚਾਖੇ ਫਲ ਤਾਹ ਜੀ ॥੩੯੧॥

ਹੇ ਪਿਆਰੇ ਜੀ ! ਇਸੇ ਤਰ੍ਹਾਂ ਇਹ ਆਤਮਾ = ਮਨ, ਜੀਵ ਅਚੇਤ = ਮੂਰਖ ਪੰਛੀ = ਜਾਨਵਰ ਵਾਂਗ

ਲੋਭ ਲਾਲਚ ਦਾ ਮਾਰਿਆ ਹੋਇਆ ਚਤੁਰ = ਚਾਰੇ ਕੁੰਟ = ਦਿਸ਼ਾਵਾਂ ਵਿਚ ਧਾਵਤ = ਦੌੜਿਆ ਫਿਰਦਾ ਹੈ ਭਾਵ ਜਨਮਾਂ ਜਨਮਾਂਤਰਾਂ ਵਿਚ ਭਟਕਦਾ ਰਹਿੰਦਾ ਹੈ, ਜੈਸੇ ਈ = ਜਿਹੋ ਜਿਹੇ ਸੁਭਾਅ ਵਾਲੇ ਸਰੀਰ ਰੂਪ ਬਿਰਖ = ਬ੍ਰਿਛ ਉੱਤੇ ਬੈਠੇ = ਬੈਠਣਾ ਕਰਦਾ ਹੈ, ਤਾਹ = ਉਸ ਦੇ ਅਨੁਸਾਰ ਪ੍ਰਾਲਬਧ ਰੂਪ ਫਲ ਨੂੰ ਚਾਖੇ = ਚੱਖਣਾ ਕਰਦਾ ਹੈ ਭਾਵ ਉਸ ਸੁਭਾਅ ਤੇ ਸੰਗਤ ਅਨੁਸਾਰ ਸੰਸਾਰ ਪਰਵਿਰਤੀ ਵਿਚ ਵਰਤਦਾ ਤੇ ਦੁੱਖ ਸੁਖ ਦੇ ਭੋਗ ਰੂਪ ਫਲ ਨੂੰ ਭੋਗਣਾ ਕਰਦਾ ਹੈ॥੩੯੧॥ ਜੈਸਾ ਕਿ :

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥੮੬॥ *(ਅੰਗ ੧੩੬੯)*

ਜੈਸੇ ਏਕ ਜਨਨੀ ਕੈ ਹੋਤ ਹੈ ਅਨੇਕ ਸੁਤ;
ਸਭ ਹੀ ਮੈ ਅਧਿਕ ਪਿਆਰੋ ਸੁਤ ਗੋਦ ਕੋ॥

ਜੈਸੇ = ਜਿਸ ਪ੍ਰਕਾਰ ਏਕ = ਇੱਕੋ ਜਨਨੀ = ਮਾਤਾ ਕੈ = ਦੇ ਅਨੇਕ = ਬਹੁਤ ਸੁਤ = ਪੁੱਤਰ ਹੋਤ = ਹੁੰਦੇ ਹੈ = ਹਨ, ਪਰੰਤੂ ਸਭ = ਸਾਰਿਆਂ ਹੀ ਪੁੱਤਰਾਂ ਮੈ = ਵਿੱਚੋਂ ਅਧਿਕ = ਬਹੁਤਾ ਪਿਆਰੋ = ਲਾਡਲਾ ਸੁਤ = ਪੁੱਤਰ ਗੋਦ ਕੋ = ਦਾ ਹੁੰਦਾ ਹੈ।

ਸਿਆਨੇ ਸੁਤ ਬਨਜ ਬਿਉਹਾਰ ਕੇ ਬੀਚਾਰ ਬਿਖੈ;
ਗੋਦ ਮੈ ਅਚੇਤੁ ਹੇਤੁ ਸੰਪੈ ਨ ਸਹੋਦ ਕੋ॥

ਸਿਆਨੇ = ਵੱਡੀ ਉਮਰ ਦੇ ਸੁਤ = ਪੁੱਤਰ ਤਾਂ ਬਨਜ = ਵਣਜ ਬਿਉਹਾਰ = ਵਪਾਰ ਕੇ = ਦੇ ਬੀਚਾਰ = ਵਿਚਾਰਾਂ, ਨਿਰਣਿਆਂ ਬਿਖੈ = ਵਿਚ ਪਰਚੇ ਰਹਿੰਦੇ ਹਨ **ਵਾ:** ਬਨਜ ਬਿਉਹਾਰ = ਸੌਦਾ ਖ਼ਰੀਦਣ ਦੇ ਵਿਚਾਰਾਂ ਵਿਚ ਲੱਗੇ ਰਹਿੰਦੇ ਹਨ ਪਰੰਤੂ ਜੋ ਪੁੱਤਰ ਗੋਦ = ਗੋਦੀ ਮੈ = ਵਿਚ ਹੁੰਦਾ ਹੈ, ਉਹ ਅਚੇਤੁ = ਬੇਪਰਵਾਹ ਹੁੰਦਾ ਹੈ ਭਾਵ ਉਸ ਨੂੰ ਕੋਈ ਚਿੰਤਾ ਫ਼ਿਕਰ ਨਹੀਂ ਹੁੰਦੀ ਤੇ ਨਾ ਹੀ ਸੰਪੈ = ਸੰਪਦਾ, ਵਿਭੂਤੀ ਆਦਿ ਨਾਲ ਹੇਤੁ = ਪ੍ਰੇਮ ਹੁੰਦਾ ਹੈ ਤੇ ਨਾ ਹੀ ਸਹੋਦ = ਸਕੇ ਭਰਾਵਾਂ ਕੋ = ਦਾ ਹੇਤੁ = ਪ੍ਰੇਮ ਹੁੰਦਾ ਹੈ।

ਪਲਨਾ ਸੁਵਾਇ ਮਾਇ ਗ੍ਰਿਹਿ ਕਾਜ ਲਾਗੈ ਜਾਇ;
ਸੁਨਿ ਸੁਤ ਰੁਦਨ ਪੈ ਪੀਆਵੈ ਮਨ ਮੋਦ ਕੋ॥

ਜਦ ਮਾਇ = ਮਾਂ ਛੋਟੇ ਪੁੱਤਰ ਨੂੰ ਪਲਨਾ = ਪੰਘੂੜੇ ਵਿਚ ਸੁਵਾਇ = ਸੁਆ ਕੇ ਗ੍ਰਿਹਿ = ਘਰ ਦੇ ਕਾਜ = ਕੰਮ ਧੰਦੇ ਨੂੰ ਜਾਇ = ਜਾ ਲਾਗੈ = ਲੱਗਦੀ ਹੈ, ਪਰੰਤੂ ਜਿਉਂ ਹੀ ਸੁਤ = ਪੁੱਤਰ ਦੇ ਰੁਦਨ = ਰੋਣ ਦੀ ਆਵਾਜ਼ ਸੁਣ ਪਵੇ ਤਾਂ ਝੱਟ ਹੀ ਕੰਮ-ਕਾਰ ਵਿਚਾਲੇ ਛੱਡ ਕੇ ਉਸ ਦੇ ਮਨ ਨੂੰ ਮੋਦ = ਪ੍ਰਸੰਨ ਕਰਨ ਕੋ = ਦਾ ਤੇ ਭੁੱਖ ਦਾ ਕਾਰਨ ਸਮਝ ਕੇ ਉਸ ਨੂੰ ਆਪਣੇ ਅਸਥਨਾਂ ਵਿੱਚੋਂ ਪੈ = ਦੁੱਧ ਨੂੰ ਪੀਆਵੈ = ਪਿਲਾਉਣਾ ਕਰਦੀ ਹੈ।

ਆਪਾ ਖੋਇ ਜੋਈ ਗੁਰ ਚਰਨ ਸਰਨਿ ਗਹੇ;
ਰਹੇ ਨਿਰਦੋਖ ਮੋਖ ਅਨਦ ਬਿਨੋਦ ਕੋ॥੩੯੨॥

ਇਸੇ ਤਰ੍ਹਾਂ ਜੋਈ = ਜਿਹੜਾ ਸਿੱਖ (ਜਗਿਆਸੂ) ਆਪਾ = ਆਪਾ-ਭਾਵ (ਹੰਕਾਰ) ਨੂੰ ਖੋਇ = ਗਵਾ ਕੇ

ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਨੂੰ ਗਹੇ = ਪਕੜਨਾ ਕਰਦਾ ਹੈ, ਉਹ ਇਸ ਲੋਕ ਵਿਚ ਵੀ ਨਿਰਦੋਖ = ਦੂਸ਼ਣਾਂ ਤੋਂ ਰਹਿਤ ਰਹਿੰਦਾ ਹੈ ਤੇ ਪਰਲੋਕ ਵਿਚ ਵੀ ਆਤਮਿਕ ਅਨਦ = ਸੁਖ ਦੇ ਬਿਨੋਦ = ਕੌਤਕ ਕੋ = ਨੂੰ ਵੇਖ ਕੇ ਮੋਖ = ਮੁਕਤੀ ਨੂੰ ਪ੍ਰਾਪਤ ਕਰਦਾ ਹੈ॥੩੯੨॥

ਕਰਤ ਨਾ ਇਛਾ ਕਛੁ ਮਿਤ੍ਰ ਸਤ੍ਰੁਤਾ ਨ ਜਾਨੈ;
ਬਾਲ ਬੁਧਿ ਸੁਧਿ ਨਾਹਿ ਬਾਲਕ ਅਚੇਤ ਕਉ ॥

ਬੱਚਾ ਕਛੁ = ਕਿਸੇ ਚੀਜ਼ ਦੀ ਇੱਛਾ = ਚਾਹਨਾ ਨਾ = ਨਹੀਂ ਕਰਤ = ਕਰਦਾ ਤੇ ਨ = ਨਾ ਹੀ ਮਿਤ੍ਰ = ਦੋਸਤ ਤੇ ਸਤ੍ਰੁਤਾ = ਦੁਸ਼ਮਣ ਨੂੰ ਜਾਨੈ = ਜਾਣਦਾ ਹੈ, ਉਸ ਅਚੇਤ = ਬੇਸਮਝ, ਅਣਜਾਣ ਬਾਲਕ = ਬੱਚੇ ਕਉ = ਨੂੰ ਬਾਲਬੁੱਧੀ ਕਾਰਨ ਕੁਝ ਵੀ ਸੁਧਿ = ਗਿਆਤ ਨਾਹਿ = ਨਹੀਂ ਹੁੰਦੀ।

ਅਸਨ ਬਸਨ ਲੀਏ ਮਾਤਾ ਪੀਛੈ ਲਾਗੀ ਡੋਲੈ;
ਬੋਲੈ ਮੁਖਿ ਅੰਮ੍ਰਿਤ ਬਚਨ ਸੁਤ ਹੇਤ ਕਉ ॥

ਮਾਤਾ = ਮਾਂ ਅਸਨ = ਭੋਜਨ, ਬਸਨ = ਬਸਤਰ ਲੀਏ = ਲੈ ਕੇ ਬੱਚੇ ਦੇ ਪੀਛੈ = ਪਿੱਛੇ ਲਾਗੀ = ਲੱਗੀ ਡੋਲੈ = ਡੋਲਦੀ, ਫਿਰਦੀ ਹੈ ਤੇ ਆਪਣੇ ਸੁਤ = ਪੁੱਤਰ ਨਾਲ ਹੇਤ = ਪਿਆਰ ਕਰਨ ਕਉ = ਵਾਸਤੇ ਮੁਖਿ = ਮੂੰਹੋਂ ਅੰਮ੍ਰਿਤ ਵਰਗੇ ਮਿੱਠੇ ਤੇ ਪਿਆਰੇ ਬਚਨ = ਬੋਲ ਬੋਲੈ = ਬੋਲਣਾ ਕਰਦੀ ਹੈ।

ਬਾਲਕੈ ਅਸੀਸ ਦੈਨਹਾਰੀ ਅਤਿ ਪਿਆਰੀ ਲਾਗੈ;
ਗਾਰਿ ਦੈਨਹਾਰੀ ਬਲਿਹਾਰੀ ਡਾਰੀ ਸੇ ਤਕਉ ॥

ਮਾਂ ਆਪਣੇ ਬਾਲਕੈ = ਬੱਚੇ ਨੂੰ ਅਸੀਸ = ਆਸ਼ੀਰਵਾਦ ਦੈਨਹਾਰੀ = ਦੇਣ ਵਾਲੀ ਹੁੰਦੀ ਹੈ ਤੇ ਇਸ ਕਰਕੇ ਬੱਚੇ ਨੂੰ ਮਾਂ ਅਤਿ = ਬਹੁਤ ਪਿਆਰੀ ਲਾਗੈ = ਲੱਗਦੀ ਹੈ ਅਤੇ ਜੇਕਰ ਬੱਚਾ ਅੱਗ, ਸੱਪ ਆਦਿ ਨੂੰ ਹੱਥ ਵਿਚ ਪਕੜਨਾ ਕਰੇ ਤਾਂ ਮਾਂ ਗਾਰਿ = ਗਾਲ੍ਹਾਂ ਦੈਨਹਾਰੀ = ਦੇਣ ਵਾਲੀ ਹੁੰਦੀ ਹੈ ਭਾਵ ਤਾੜਨਾ ਕਰਦੀ ਹੈ, ਪਰ ਜਦ ਬੱਚਾ ਰੁਦਨ ਕਰਦਾ ਹੈ ਤਾਂ ਮਾਂ ਉਸ ਦੇ ਅਉਗਣ ਡਾਰੀ = ਸੁੱਟ, ਤਿਆਗ ਦਿੰਦੀ ਹੈ ਸੇ = ਤੇ ਉਸ ਨੂੰ ਪ੍ਰੇਮ ਸਹਿਤ ਤਕਉ = ਤੱਕਦੀ ਹੋਈ ਉਸ ਤੋਂ ਬਲਿਹਾਰੀ = ਬਲਿਹਾਰ ਜਾਂਦੀ ਹੈ ਭਾਵ ਉਸ ਨੂੰ ਗਲ ਨਾਲ ਲਾ ਕੇ ਪਿਆਰ ਕਰਦੀ ਹੈ ਤੇ ਬੱਚਾ ਪ੍ਰਸੰਨ ਹੋ ਜਾਂਦਾ ਹੈ।

ਤੈਸੇ ਗੁਰਸਿਖ ਸਮਦਰਸੀ ਅਨੰਦਮਈ;
ਜੈਸੋ ਜਗੁ ਮਾਨੈ ਤੈਸੋ ਲਾਗੈ ਫਲੁ ਖੇਤ ਕਉ ॥੩੯੩॥

ਤੈਸੇ = ਉਸੇ ਪ੍ਰਕਾਰ ਹੀ ਗੁਰਸਿੱਖ ਤਾਂ ਇਕ ਸਮਦਰਸੀ = ਸਮਾਨ ਦ੍ਰਿਸ਼ਟੀ ਵਾਲੇ ਭਾਵ ਸਾਰਿਆਂ ਵਿਚ ਬ੍ਰਹਮ ਦੀ ਸੱਤਾ ਵੇਖਣ ਵਾਲੇ ਤੇ ਅਨੰਦਮਈ = ਸੁਖ ਸਰੂਪ ਹੁੰਦੇ ਹਨ ਅਤੇ ਜੈਸੋ = ਜਿਹੋ ਜਿਹਾ ਜਗੁ = ਸੰਸਾਰ ਉਨ੍ਹਾਂ ਨੂੰ ਮਾਨੈ = ਮੰਨਦਾ ਹੈ ਤੈਸੋ = ਉਹੋ ਜਿਹਾ ਖੇਤ = ਖੇਤੀ ਵਾਂਗ ਉਨ੍ਹਾਂ ਨੂੰ ਫਲ ਲਾਗੈ = ਲੱਗਦਾ ਹੈ॥੩੯੩॥

ਜੈਸੇ ਦਰਪਨ ਦਿਬਿ ਸੂਰ ਸਨਮੁਖ ਰਾਖੈ;
ਪਾਵਕ ਪ੍ਰਗਾਸ ਹੋਤ ਕਿਰਨ ਚਰਿਤ੍ਰ ਕੈ ॥

ਜੈਸੇ = ਜਿਸ ਪ੍ਰਕਾਰ ਦਰਪਨ ਦਿਬਿ = ਪ੍ਰਕਾਸ਼ ਵਾਲੇ ਸ਼ੀਸ਼ੇ ਵਿਚ ਭਾਵ ਆਤਸ਼ੀ ਸ਼ੀਸ਼ੇ ਨੂੰ ਸੂਰ = ਸੂਰਜ ਦੇ ਸਨਮੁਖ = ਸਾਹਮਣੇ ਰਾਖੈ = ਰੱਖਣੇ ਕਰਕੇ ਕਿਰਨਾਂ ਦੇ ਚਰਿਤ੍ਰ = ਤਮਾਸ਼ੇ ਕੈ = ਕਰਕੇ ਉਸ ਦੇ ਅੰਦਰੋਂ ਪਾਵਕ = ਅਗਨੀ ਦਾ ਪ੍ਰਗਾਸ = ਪ੍ਰਕਾਸ਼ ਹੋਤ = ਹੋ ਆਉਂਦਾ ਹੈ।

ਜੈਸੇ ਮੇਘ ਬਰਸਤ ਹੀ ਬਸੁੰਧਰਾ ਬਿਰਾਜੈ;
ਬਿਬਿਧਿ ਬਨਾਸਪਤੀ ਸਫਲ ਸੁਮਿਤ੍ਰ ਕੈ ॥

ਜੈਸੇ = ਜਿਸ ਪ੍ਰਕਾਰ ਮੇਘ = ਬੱਦਲ ਦੇ ਬਰਸਤ = ਵਰਸਦਿਆਂ ਸਾਰ ਹੀ ਬਸੁੰਧਰਾ = ਧਰਤੀ ਬਿਰਾਜੈ (ਬਿ + ਰਾਜੈ) ਬਿ = ਵਿਸ਼ੇਸ਼ ਕਰਕੇ ਹਰਿਆਵਲਤਾ ਸਹਿਤ ਰਾਜੈ = ਸ਼ੋਭਾ ਪਾਉਂਦੀ ਹੈ ਤੇ ਬਿਬਿਧਿ = ਅਨੇਕ ਤਰ੍ਹਾਂ ਦੀ ਫਲਦਾਰ ਬਨਾਸਪਤੀ ਸਫਲ = ਸਹਿਤ ਫਲ ਦੇ ਹੋ ਕੇ ਆਪਣਾ ਸੁਮਿਤ੍ਰ = ਮਿੱਤਰਪੁਣਾ ਦਿਖਾਇਆ ਕੈ = ਕਰਦੀ ਹੈ **ਵਾ:** ਅਨੇਕ ਤਰ੍ਹਾਂ ਦੀ ਬਨਾਸਪਤੀ ਆਪੋ ਵਿਚਦੀ ਸੁਮਿਤ੍ਰ = ਸ੍ਰੇਸ਼ਟ ਮਿੱਤਰਤਾਈ ਕਰਕੇ ਸਫਲ = ਸਹਿਤ ਫਲਾਂ ਦੇ ਹੋਣਾ ਕਰਦੀ ਹੈ ਭਾਵ ਬੱਦਲ ਦੇ ਵਰਸਣੇ ਦੀ ਪ੍ਰਸੰਨਤਾ ਦੇ ਆਦਰ ਵਜੋਂ ਅੱਗੋਂ ਆਪਣੇ ਮਿੱਤਰਪੁਣੇ ਨੂੰ ਪ੍ਰਗਟਾਇਆ ਕਰਦੀ ਹੈ।

ਭੇਟਤ ਭਤਾਰ ਨਾਰਿ ਸੋਭਿਤ ਸਿੰਗਾਰ ਚਾਰੁ;
ਪੂਰਨ ਅਨੰਦ ਸੁਤ ਉਦਿਤ ਬਚਿਤ੍ਰ ਕੈ ॥

ਭਤਾਰ = ਪਤੀ ਦੇ ਨਾਲ ਭੇਟਤ = ਮਿਲਣੇ ਕਰਕੇ ਹੀ ਨਾਰਿ = ਇਸਤਰੀ ਦੇ ਚਾਰੁ = ਸੁੰਦਰ ਸ਼ਿੰਗਾਰ ਸੋਭਿਤ = ਸ਼ੋਭਦੇ ਹਨ ਅਤੇ ਜਦ ਸੁਤ = ਪੁੱਤਰ ਉਦਿਤ = ਉਪਜਦਾ (ਪੈਦਾ) ਹੁੰਦਾ ਹੈ ਤਾਂ ਬਚਿਤ੍ਰ = ਨਾਨਾ ਤਰ੍ਹਾਂ ਦੇ ਪੂਰਨ = ਪੂਰੇ ਅਨੰਦ = ਸੁਖ ਹੁੰਦੇ ਹਨ।

ਸਤਿਗੁਰ ਦਰਸਿ ਪਰਸਿ ਬਿਗਸਤ ਸਿਖ;
ਪ੍ਰਾਪਤ ਨਿਧਾਨ ਗਿਆਨ ਪਾਵਨ ਪਵਿਤ੍ਰ ਕੈ ॥੩੯੪॥

ਉਸੇ ਤਰ੍ਹਾਂ ਹੀ ਸਤਿਗੁਰ = ਸੱਚੇ ਗੁਰਾਂ ਦੇ ਦਰਸ਼ਨ ਪਰਸਿ = ਪਰਸਨ ਕਰਨ ਨਾਲ ਸਿੱਖ ਵੀ ਤਨ ਮਨ ਕਰਕੇ ਬਿਗਸਤ = ਪ੍ਰਫੁੱਲਤ ਹੋਣਾ ਕਰਦੇ ਹਨ ਤੇ ਜਦ ਗੁਰਾਂ ਦਾ ਪਾਵਨ ਪਵਿਤ੍ਰ = ਸ੍ਰੇਸ਼ਟ ਤੋਂ ਵੀ ਸ੍ਰੇਸ਼ਟ ਗਿਆਨ ਰੂਪ ਨਿਧਾਨ = ਖ਼ਜ਼ਾਨਾ ਸਿੱਖ ਦੇ ਰਿਦੇ ਵਿਚ ਪ੍ਰਾਪਤ ਹੁੰਦਾ ਹੈ ਤਾਂ ਸਿੱਖ ਆਤਮਾਨੰਦ ਦੀ ਪ੍ਰਾਪਤੀ ਕਰ ਲੈਂਦਾ ਹੈ ॥੩੯੪॥

ਜੈਸੇ ਕੁਲਾ ਬਧੂ ਬੁਧਿਵੰਤਿ ਸਸੁਰਾਰ ਬਿਖੈ;
ਸਾਵਧਾਨ ਚੇਤਨ ਰਹੈ ਅਚਾਰ ਚਾਰ ਕੈ ॥

ਜੈਸੇ = ਜਿਸ ਪ੍ਰਕਾਰ ਸਸੁਰਾਰ = ਸਹੁਰੇ ਘਰ ਬਿਖੈ = ਵਿਚ ਬੁਧਿਵੰਤਿ = ਅਕਲ ਵਾਲੀ ਤੇ ਚੰਗੀ

ਕੁਲਾ = ਵੰਸ਼ ਦੀ ਬਧੂ = ਬਹੂ (ਵਹੁਟੀ) ਚਾਰ = ਸੁੰਦਰ ਅਚਾਰ = ਕੰਮਾਂ ਕੈ = ਦੇ ਕਰਨ ਵਿਚ ਸਾਵਧਾਨ = ਸੁਚੇਤ ਤੇ ਚੇਤਨ = ਉੱਦਮ ਦੇ ਸਹਿਤ (ਚੌਕਸ) ਰਹੈ = ਰਹਿੰਦੀ ਹੈ।

ਸਸੁਰ ਦੇਵਰ ਜੇਠ ਸਕਲ ਕੀ ਸੇਵਾ ਕਰੈ;
ਖਾਨ ਪਾਨ ਗਿਆਨ ਜਾਨਿ ਪਤਿ ਪਰਵਾਰ ਕੈ ॥

ਸਸੁਰ = ਸਹੁਰੇ, ਦੇਵਰ = ਦਿਓਰ, ਜੇਠ = ਆਪਣੇ ਪਤੀ ਦੇ ਵੱਡੇ ਭਰਾ ਆਦਿ ਸਕਲ = ਸਾਰਿਆਂ ਕੀ = ਦੀ ਖਾਣ ਪੀਣ ਵਾਲੇ ਪਦਾਰਥਾਂ ਦੁਆਰਾ ਸੇਵਾ = ਟਹਿਲ ਕਰੈ = ਕਰਦੀ ਹੈ, ਗਿਆਨ = ਗਿਆਤ ਪੂਰਬਕ ਇਹ ਜਾਣ ਕੈ = ਕਰਕੇ ਕਿ ਇਹ ਮੇਰੇ ਪਤਿ = ਪਤੀ ਦਾ ਪਰਵਾਰ = ਕੁਟੰਬ ਹੈ।

ਮਧੁਰ ਬਚਨ ਗੁਰ ਜਨ ਸੈ ਲਜਾ ਲਵੰਨਿ;
ਸਿਹਜਾ ਸਮੈ ਰਸ ਪ੍ਰੇਮ ਪੂਰਨ ਭਤਾਰ ਕੈ ॥

ਆਪਣੇ ਤੋਂ ਛੋਟਿਆਂ ਨੂੰ ਮਧੁਰ = ਮਿੱਠੇ ਬਚਨ = ਵਾਕ ਬੋਲਦੀ ਹੈ ਤੇ ਗੁਰ = ਵੱਡੇ ਜਨ = ਪੁਰਖਾਂ ਸੈ = ਤੋਂ ਲਜਾ = ਸ਼ਰਮ ਲਵੰਨਿ = ਲੈਂਦੀ, ਰੱਖਦੀ ਹੈ ਅਤੇ ਸਿਹਜਾ = ਸੇਜਾ ਦੇ ਸਮੈ = ਵਕਤ ਆਪਣੇ ਭਤਾਰ = ਪਤੀ ਨਾਲ ਪ੍ਰੇਮ = ਸਨੇਹ ਦਾ ਪੂਰਨ = ਪੂਰਾ ਰਸ = ਆਨੰਦ ਲੈਣਾ ਕੈ = ਕਰਦੀ ਹੈ।

ਤੈਸੇ ਗੁਰਸਿਖ ਸਰਬਾਤਮ ਪੂਜਾ ਪ੍ਰਬੀਨ;
ਬ੍ਰਹਮ ਧਿਆਨ ਗੁਰ ਮੂਰਤਿ ਅਪਾਰ ਕੈ ॥੩੯੫॥

ਤੈਸੇ = ਉਸੇ ਪ੍ਰਕਾਰ ਗੁਰਸਿਖ = ਸਤਿਗੁਰਾਂ ਦਾ ਸਿੱਖ ਸਰਬਾਤਮ = ਸਾਰਿਆਂ ਵਿਚ ਆਤਮ ਸਰੂਪ ਦੀ ਜੋਤ ਜਾਣ ਕੇ ਸਭਨਾਂ ਨੂੰ ਪੂਜਾ = ਪੂਜਣ, ਸਤਿਕਾਰ ਕਰਨ ਵਿਚ ਪ੍ਰਬੀਨ = ਚੰਗਾ, ਸਿਆਣਾ ਰਹਿੰਦਾ ਹੈ ਪਰੰਤੂ ਅਪਾਰ = ਪਾਰਾਵਾਰ ਤੋਂ ਰਹਿਤ ਬ੍ਰਹਮ = ਵਿਆਪਕ ਸਰੂਪ ਦੇ ਧਿਆਨ = ਖ਼ਿਆਲ ਵਿਚ ਤੇ ਕੇਵਲ ਗੁਰ = ਸਤਿਗੁਰਾਂ ਦੇ ਮੂਰਤਿ = ਸਰੂਪ ਦਾ ਧਿਆਨ ਕਰਦਾ ਹੈ **ਵਾ:** ਗੁਰ ਮੂਰਤਿ = ਗੁਰਾਂ ਦੇ ਸਰੂਪ ਭਾਵ ਸ਼ਬਦ ਗੁਰੂ ਦਾ ਧਿਆਨ ਕਰਦਾ ਹੈ। ਜੈਸਾ ਕਿ :

ਗੁਰ ਮੂਰਤਿ ਗੁਰ ਸਬਦ ਹੈ...॥

ਵਾ: ਪਰਮੇਸ਼ਰ ਦਾ ਮੂਰਤਿ = ਸਰੂਪ ਗੁਰਾਂ ਦਾ ਧਿਆਨ ਹੀ ਕਰਦਾ ਹੈ, ਹੋਰ ਕਿਸੇ ਦੇਵੀ ਦੇਵਤੇ ਦਾ ਧਿਆਨ ਨਹੀਂ ਕਰਦਾ ॥੩੯੫॥

ਤੀਰਥ ਪੁਰਬ ਦੇਵ ਜਾਤ੍ਰਾ ਜਾਤ ਹੈ ਜਗਤੁ;
ਪੁਰਬ ਤੀਰਥ ਸੁਰ ਕੋਟਿਨ ਕੋਟਾਨਿ ਕੈ ॥

ਪੁਰਬ ਦੇ ਸਮੇ ਤੀਰਥਾਂ ਅਤੇ ਦੇਵ = ਦੇਵਤਿਆਂ ਦੇ ਮੰਦਰਾਂ ਦੀ **ਵਾ:** ਦੇਵ = ਦੇਵਤਿਆਂ ਦੇ ਸਥਾਪਤ ਕੀਤੇ ਤੀਰਥਾਂ 'ਤੇ ਪੁਰਬਾਂ ਦੀ ਯਾਤਰਾ ਨੂੰ ਜਗਤ = ਸੰਸਾਰ ਜਾਤ = ਜਾਂਦਾ ਹੈ ਭਾਵ ਉਹ ਤੀਰਥ ਤੇ ਦੇਵਤਿਆਂ ਦੇ ਮੰਦਰ ਜਾਂਦੇ ਹਨ, ਜਿਨ੍ਹਾਂ ਮਗਰ ਸਾਰਾ ਸੰਸਾਰ ਭਟਕਦਾ ਹੈ, ਉਹ ਸਾਰੇ ਦੇ ਸਾਰੇ ਤੀਰਥ ਪੁਰਬ ਤੇ ਸੁਰ = ਦੇਵਤੇ ਆਦਿ ਕੋਟਿਨ = ਕਰੋੜਾਂ ਹੀ ਕੋਟਾਨਿ = ਕਰੋੜਾਂ ਹੋ ਕੈ = ਕਰਕੇ ਭਾਵ ਸਾਰੇ ਮਿਲ ਕਰਕੇ; ਅਤੇ

ਮੁਕਤਿ ਬੈਕੁੰਠ ਜੋਗ ਜੁਗਤਿ ਬਿਬਿਧ ਫਲ;
ਬਾਂਛਤ ਹੈ ਸਾਧ ਰਜ ਕੋਟਿ ਗਿਆਨ ਧਿਆਨ ਕੈ ॥

ਸਲੋਕ, ਸਮੀਪ, ਸਰੂਪ, ਸਾਯੁਜ ਆਦਿ ਇਹ ਚਾਰੋਂ ਮੁਕਤਿ = ਮੁਕਤੀਆਂ, ਬੈਕੁੰਠ = ਸਵਰਗ ਦੇ ਲੋਕ ਜਾਂ ਸਵਰਗਾਂ ਵਿਚ ਵੱਸਣ ਵਾਲੇ ਦੇਵਤੇ ਆਦਿ ਹਠ, ਮੰਤਰ, ਲਯ ਤੇ ਰਾਜ ਜੋਗ ਤੇ ਸਾਧਨ ਦੀਆਂ ਜੁਗਤਿ = ਜੁਗਤੀਆਂ, ਬਿਬਿਧ = ਅਨੇਕ ਪ੍ਰਕਾਰ ਦੇ ਧਰਮ, ਅਰਥ, ਕਾਮ, ਮੋਖ ਆਦਿ ਫਲ ਛੇ ਦਰਸ਼ਨਾਂ ਦਾ ਗਿਆਨ **ਵਾ:** ਲੌਕਿਕ ਤੇ ਬੈਦਿਕ ਗਿਆਨ ਧਿਆਨ ਆਦਿ ਇਹ ਸਾਰੇ ਦੇ ਸਾਰੇ ਹੀ ਕੋਟਿ = ਕਰੋੜਾਂ ਰੂਪ ਹੋ ਕੈ = ਕਰਕੇ ਸਾਧ = ਸ੍ਰੇਸ਼ਟ ਮਹਾਤਮਾ ਜਨਾਂ ਦੇ ਚਰਨਾਂ ਦੀ ਰਜ = ਧੂੜੀ ਨੂੰ ਬਾਂਛਤ = ਚਾਹੁੰਦੇ ਰਹਿੰਦੇ ਹੈ = ਹਨ **ਵਾ:** ਕਰੋੜਾਂ ਹੀ ਗਿਆਨ ਧਿਆਨ ਸਾਧ = ਸੰਤਾਂ ਦੀ ਚਰਨ ਧੂੜੀ ਨੂੰ ਚਾਹੁੰਦੇ ਹਨ।

ਅਗਮ ਅਗਾਧਿ ਸਾਧ ਸੰਗਤਿ ਅਸੰਖ ਸਿਖ;
ਸ੍ਰੀ ਗੁਰੂ ਬਚਨ ਮਿਲੈ ਰਾਮ ਰਸ ਆਨਿ ਕੈ ॥

ਐਸੇ ਅਗਮ = ਗੰਮਤਾ ਤੋਂ ਰਹਿਤ ਤੇ ਅਗਾਧਿ = ਅਤਿਅੰਤ ਡੂੰਘੇ ਸਾਧ = ਸ੍ਰੇਸ਼ਟ ਪੁਰਖ, ਅਸੰਖ = ਅਣਗਿਣਤ ਸਿੱਖ, ਗੁਰੂ ਕੀ ਸੰਗਤ ਵਿਚ ਹਾਜ਼ਰ ਰਹਿੰਦੇ ਹਨ, ਇਸ ਲਈ ਜਿਹੜਾ ਕੋਈ ਇਸ ਸੰਗਤ ਵਿਚ ਆਨਿ = ਆ ਕੈ = ਕਰਕੇ ਮਿਲੈ = ਮਿਲਣਾ ਕਰਦਾ ਹੈ, ਉਹ ਸ੍ਰੀ = ਸੁਭਾਇਮਾਨ ਗੁਰੂ = ਸਤਿਗੁਰਾਂ ਦੇ ਬਚਨ = ਉਪਦੇਸ਼ ਦੁਆਰਾ ਰਾਮ = ਪਰਮੇਸ਼ਰ ਦੀ ਪ੍ਰਾਪਤੀ ਵਾਲਾ ਰਸ = ਪ੍ਰੇਮ ਪਾ ਲੈਣਾ ਕਰਦਾ ਹੈ।

ਸਹਜ ਸਮਾਧਿ ਅਪਰੰਪਰ ਪੁਰਖ ਲਿਵ;
ਪੂਰਨ ਬ੍ਰਹਮ ਸਤਿਗੁਰ ਸਾਵਧਾਨ ਕੈ ॥੩੯੬॥

ਅਤੇ ਜੋ ਪੁਰਖ, ਅਪਰੰਪਰ = ਪਾਰਾਵਾਰ ਤੋਂ ਪਰ੍ਹੇ ਪੂਰਨ ਬ੍ਰਹਮ = ਪਰਮੇਸ਼ਰ ਦਾ ਸਰੂਪ ਸਤਿਗੁਰ = ਸੱਚੇ ਗੁਰਾਂ ਦੇ ਸਰੂਪ ਵਿਚ ਚਿੱਤ ਦੀ ਲਿਵ = ਬਿਰਤੀ ਸਾਵਧਾਨ = ਇਕਾਗਰ ਹੋ ਕੈ = ਕਰਕੇ ਲਾਉਣਾ ਕਰਦਾ ਹੈ, ਉਹ ਸਹਜ = ਸੁਤੇ-ਸਿਧ ਨਿਰਵਿਕਲਪ ਸਮਾਧੀ ਵਿਚ ਇਸਥਿਤ ਹੋ ਜਾਂਦਾ ਹੈ॥੩੯੬॥

ਦ੍ਰਿਗਨ ਕਉ ਜਿਹਬਾ ਸ੍ਰਵਨ ਜਉ ਮਿਲਹਿ;
ਜੈਸੋ ਦੇਖੈ ਤੈਸੋ ਕਹਿ ਸੁਨਿ ਗੁਨ ਗਾਵਹੀ ॥

ਦ੍ਰਿਗਨ = ਨੇਤਰਾਂ ਕਉ = ਨੂੰ ਜਉ = ਜੇਕਰ ਬੋਲਣ ਵਾਲੀ ਜਿਹਬਾ = ਜੀਭ ਤੇ ਸੁਣਨ ਵਾਲੇ ਸ੍ਰਵਨ = ਕੰਨ ਮਿਲਹਿ = ਮਿਲ ਜਾਣ ਤਾਂ ਜੈਸੋ = ਜਿਹੋ ਜਿਹਾ ਇਹ ਦੇਖੈ = ਦੇਖਦੇ ਹਨ, ਤੈਸੋ = ਉਹੋ ਜਿਹਾ ਹੀ ਜੀਭ ਨਾਲ ਕਹਿ = ਆਖ ਕੇ ਅਤੇ ਕੰਨਾਂ ਨਾਲ ਸੁਣ ਕੇ ਉਸ ਵਸਤੂ ਦੇ ਗੁਨ ਗਾਵਹੀ = ਗਾ ਕੇ ਸੁਣਾਉਣਾ ਕਰਦੇ ਹਨ।

ਅਥਵਾ ਦ੍ਰਿਗਨ = ਨੇਤਰ ਜੋ ਕੁਝ ਵੇਖਦੇ ਹਨ, ਉਹ ਵਿਖਾ ਦਿੰਦੇ ਹਨ, ਸ੍ਰਵਨ = ਕੰਨ ਜੋ ਕੁਝ ਸੁਣਨ ਉਹ ਜੀਭ ਕਹਿ ਦਿੰਦੀ ਹੈ ਅਤੇ ਜੀਭ ਜੋ ਕੁਝ ਕਹਿ ਦੇਵੇ, ਉਹ ਕੰਨ ਸੁਣਾ ਦਿੰਦੇ ਹਨ ਭਾਵ ਜਿਸ ਪ੍ਰਕਾਰ ਦਾ ਰੂਪ ਨੇਤਰ ਦੇਖਣ, ਉਸੇ ਤਰ੍ਹਾਂ ਦੇ ਗੁਣ ਜੀਭ ਉਚਾਰ ਦਿੰਦੀ ਹੈ ਅਤੇ ਕੰਨ ਸੁਣਾ ਦਿੰਦੇ ਹਨ।

ਸ੍ਵਨ ਜਿਹਬਾ ਅਉ ਲੋਚਨ ਮਿਲੈ ਦਿਆਲ;
ਜੈਸੋ ਸੁਨੈ ਤੈਸੋ ਦੇਖਿ ਕਹਿ ਸਮਝਾਵਹੀ ॥

ਅਜਿਹਾ ਹੀ ਸ੍ਵਨ = ਕੰਨਾਂ ਨੂੰ ਦਿਆਲ = ਕ੍ਰਿਪਾਲੂ ਪਰਮੇਸ਼ਰ ਵੱਲੋਂ ਜਿਹਬਾ = ਜ਼ੁਬਾਨ ਅਉ = ਅਤੇ ਲੋਚਨ = ਨੇਤਰ ਮਿਲੈ = ਮਿਲ ਜਾਣ ਤਾਂ ਇਹ ਵੀ ਜੈਸੋ = ਜਿਹੋ ਜਿਹਾ ਸੁਨੈ = ਸੁਣਨਾ ਕਰਦੇ ਹਨ ਤੈਸੋ = ਉਸੇ ਤਰ੍ਹਾਂ ਦਾ ਹੀ ਦੇਖ ਕਰਕੇ ਕਹਿ = ਆਖ ਕੇ ਸਮਝਾਵਹੀ = ਸਮਝਾ ਸਕਦੇ ਹਨ।

ਜਿਹਬਾ ਕਉ ਲੋਚਨ ਸ੍ਵਨ ਜਉ ਮਿਲਹਿ ਦੇਵ;
ਜੈਸੋ ਕਹੈ ਤੈਸੋ ਸੁਨਿ ਦੇਖਿ ਅਉ ਦਿਖਾਵਹੀ ॥

ਇਸੇ ਤਰ੍ਹਾਂ ਹੀ ਫੇਰ ਜਉ = ਜੇਕਰ ਜਿਹਬਾ = ਜ਼ੁਬਾਨ ਕਉ = ਨੂੰ ਦੇਵ = ਪ੍ਰਕਾਸ਼ ਸਰੂਪ ਪਰਮੇਸ਼ਰ ਵੱਲੋਂ ਲੋਚਨ = ਨੇਤਰ ਤੇ ਸ੍ਵਨ = ਕੰਨ ਮਿਲਹਿ = ਮਿਲ ਜਾਣ ਤਾਂ ਜੈਸੋ = ਜਿਹੋ ਜਿਹਾ ਇਹ ਕਹੈ = ਕਥਨ ਕਰ ਸਕਦੀ ਹੈ ਤੈਸੋ = ਉਸੇ ਤਰ੍ਹਾਂ ਦਾ ਸੁਣ ਕੇ ਅਉ = ਅਤੇ ਦੇਖ ਕੇ ਅੱਗੇ ਹੋਰਨਾਂ ਨੂੰ ਵੀ ਦਿਖਾਵਹੀ = ਦਿਖਾ ਸਕਦੀ ਹੈ।

ਨੈਨ ਜੀਹ ਸ੍ਵਨ, ਸ੍ਵਨ ਲੋਚਨ ਜੀਹ;
ਜਿਹਬਾ ਨ ਸ੍ਵਨ ਲੋਚਨ ਲਲਚਾਵਹੀ ॥੩੯੭॥

ਨੈਨ = ਨੇਤਰਾਂ ਨੂੰ ਜੀਹ = ਜਿਹਬਾ ਤੇ ਸ੍ਵਨ = ਕੰਨ ਅਤੇ ਸ੍ਵਨ = ਕੰਨਾਂ ਨੂੰ ਲੋਚਨ = ਨੇਤਰ ਤੇ ਜੀਹ = ਜ਼ੁਬਾਨ ਅਤੇ ਜਿਹਬਾ = ਜ਼ੁਬਾਨ ਨੂੰ ਸ੍ਵਨ = ਕੰਨ ਤੇ ਲੋਚਨ = ਨੇਤਰ ਪ੍ਰਾਪਤ ਨ = ਨਹੀਂ ਹਨ, ਉਸ ਨੂੰ ਲਲਚਾਵਹੀ (ਲਲ + ਚਾਵ + ਹੀ) ਲਲ = ਪਿਆਰੇ ਪ੍ਰਭੂ ਦੀ ਪ੍ਰਾਪਤੀ ਵਾਲਾ ਚਾਵ = ਚਾਅ, ਉਤਸ਼ਾਹ ਹੀ = ਨਿਸ਼ਚੇ ਕਰਕੇ ਕਿਵੇਂ ਲੱਗੇਗਾ ਭਾਵ ਨਹੀਂ ਲੱਗੇਗਾ।

ਅਥਵਾ ਨੈਨ = ਨੇਤਰ, ਜੀਹ = ਜਿਹਬਾ, ਸ੍ਵਨ = ਕੰਨ, ਲੋਚਨ = ਨੇਤਰ ਅਤੇ ਜੀਹ = ਜਿਹਬਾ ਹੋਵੇ ਤਾਂ ਸਰੀਰ ਸੁੰਦਰ ਲੱਗਦਾ ਹੈ ਤੇ ਸਾਰੇ ਕੰਮ-ਕਾਜ ਵੀ ਹੋ ਸਕਦੇ ਹਨ ਅਤੇ ਜੇਕਰ ਜਿਹਬਾ = ਜ਼ੁਬਾਨ, ਸ੍ਵਨ = ਕੰਨ ਜਾਂ ਲੋਚਨ = ਨੇਤਰ ਇਨ੍ਹਾਂ ਵਿੱਚੋਂ ਇਕ ਵੀ ਚੀਜ਼ ਨਾ ਹੋਵੇ ਤਾਂ ਆਦਮੀ ਦੂਸਰਿਆਂ ਪੁਰਖਾਂ ਦੇ ਨਵੇਂ ਨਰੋਏ ਅੰਗ ਵੇਖ ਕੇ ਲਲਚਾਵਹੀ = ਲਾਲਚ ਕਰਦਾ ਹੈ ਕਿ ਮੈਨੂੰ ਵੀ ਇਸ ਤਰ੍ਹਾਂ ਦੇ ਅੰਗ ਮਿਲ ਜਾਣ ਭਾਵ ਜੇ ਤਿੰਨਾਂ ਵਿੱਚੋਂ ਇਕ ਵੀ ਨਾ ਹੋਵੇ ਤਾਂ ਕੋਈ ਕੰਮ ਨਹੀਂ ਹੋ ਸਕਦਾ ਅਤੇ ਨਾ ਹੀ ਸਰੀਰ ਚੰਗਾ ਲੱਗਦਾ ਹੈ। ਇਸੇ ਤਰ੍ਹਾਂ ਹੀ ਗੁਰਮੁਖਾਂ ਨੂੰ ਜਦ ਗੁਰਾਂ ਦੀ ਸਤਿਸੰਗਤ ਤੋਂ ਗਿਆਨ ਰੂਪੀ ਨੇਤਰ, ਪ੍ਰੀਤ ਰੂਪੀ ਜੀਭ ਤੇ ਸ਼ਰਧਾ ਵਿਸ਼ਵਾਸ ਰੂਪੀ ਕੰਨ ਮਿਲ ਜਾਣ ਤਾਂ ਪ੍ਰਸੰਨ ਚਿੱਤ ਹੁੰਦੇ ਹਨ ਕਿਉਂਕਿ ਇਨ੍ਹਾਂ ਸ਼ੁਭ ਗੁਣਾਂ ਰੂਪੀ ਅੰਗਾਂ ਦੇ ਨਾਲ ਹੀ ਰੂਹਾਨੀਅਤ ਜੀਵਨ ਦੀ ਸੁੰਦਰਤਾ ਹੈ, ਜੇਕਰ ਇਨ੍ਹਾਂ ਤੋਂ ਵਿਛੋੜਾ ਹੋ ਜਾਵੇ ਜਾਂ ਗੁਰਾਂ ਦਾ ਵਿਛੋੜਾ ਹੋ ਜਾਵੇ ਤਾਂ ਦੁਖੀ ਹੁੰਦੇ ਹਨ॥੩੯੭॥

ਆਪਨੋ ਸੁਅੰਨਿ ਜੈਸੇ ਲਾਗਤ ਪਿਆਰੋ ਜੀਅ;
ਜਾਨੀਐ ਵੈਸੋ ਈ ਪਿਆਰੋ ਸਕਲ ਸੰਸਾਰ ਕਉ ॥

ਜੈਸੇ = ਜਿਸ ਪ੍ਰਕਾਰ ਮਾਤਾ ਪਿਤਾ ਨੂੰ ਆਪਨੋ = ਆਪਣਾ ਸੁਅੰਨਿ = ਪੁੱਤਰ ਜੀਅ = ਹਿਰਦੇ ਵਿਚ

ਪਿਆਰੋ = ਚੰਗਾ, ਪਿਆਰਾ ਲਾਗਤ = ਲੱਗਦਾ ਹੈ, ਵੈਸੋ ਈ = ਉਸੇ ਤਰ੍ਹਾਂ ਹੀ ਸਕਲ = ਸਾਰੇ ਸੰਸਾਰ = ਜਗਤ ਦੇ ਜੀਵਾਂ ਕਉ = ਨੂੰ ਪਿਆਰੋ = ਪਿਆਰਾ ਜਾਨੀਐ = ਜਾਨਣਾ ਕਰੀਏ।

ਆਪਨੋ ਦਰਬੁ ਜੈਸੇ ਰਾਖੀਐ ਜਤਨ ਕਰਿ;
ਵੈਸੋ ਈ ਸਮਝਿ ਸਭ ਕਾਹੂੰ ਕੇ ਬਿਉਹਾਰ ਕਉ ॥

ਜੈਸੇ = ਜਿਸ ਪ੍ਰਕਾਰ ਆਪਨੋ = ਆਪਣੇ ਦਰਬੁ = ਧਨ ਪਦਾਰਥ ਨੂੰ ਜਤਨ = ਕੋਸ਼ਿਸ਼, ਉੱਦਮ ਕਰਿ = ਕਰ ਕੇ ਸੰਭਾਲ ਕੇ ਰਾਖੀਐ = ਰੱਖਣਾ ਕਰੀਦਾ ਹੈ, ਵੈਸੋ ਈ = ਉਸੇ ਤਰ੍ਹਾਂ ਹੀ ਸਭ = ਹਰੇਕ ਕਾਹੂੰ = ਕਿਸੇ ਕੇ = ਦੇ ਲੈਣ ਦੇਣ ਆਦਿ ਦੇ ਬਿਉਹਾਰ = ਵਿਵਹਾਰ ਕਉ = ਨੂੰ ਸਮਝਿ = ਸਮਝਣਾ ਚਾਹੀਦਾ ਹੈ।

ਅਸਤੁਤਿ ਨਿੰਦਾ ਸੁਨਿ ਬਿਆਪਤ ਹਰਖ ਸੋਗ;
ਵੈਸੀਐ ਲਗਤ ਜਗ ਅਨਿਕ ਪ੍ਰਕਾਰ ਕਉ ॥

ਜਿਸ ਪ੍ਰਕਾਰ ਅਸਤੁਤਿ = ਕੀਰਤੀ ਤੇ ਨਿੰਦਾ = ਅਪਕੀਰਤੀ ਨੂੰ ਸੁਣ ਕਰਕੇ ਆਪਣੇ ਚਿੱਤ ਵਿਚ ਹਰਖ = ਖ਼ੁਸ਼ੀ ਤੇ ਸੋਗ = ਗ਼ਮ ਆ ਬਿਆਪਤ = ਲੱਗਦਾ ਹੈ, ਵੈਸੀਐ = ਉਸੇ ਤਰ੍ਹਾਂ ਅਨਿਕ = ਅਨੰਤ ਪ੍ਰਕਾਰ = ਤਰ੍ਹਾਂ ਦਾ ਜਗ = ਸੰਸਾਰ ਕਉ = ਨੂੰ ਕੀਰਤੀ, ਅਪਕੀਰਤੀ ਦੀ ਖ਼ੁਸ਼ੀ ਗ਼ਮੀ ਲਗਤ = ਲੱਗਦੀ ਹੈ।

ਤੈਸੇ ਕੁਲ ਧਰਮੁ ਕਰਮੁ ਜੈਸੋ ਜੈਸੋ ਕਾ ਕੋ;
ਉਤਮ ਕੈ ਮਾਨਿ ਜਾਨਿ ਬ੍ਰਹਮ ਬਿਥਾਰ ਕਉ ॥੩੯੮॥

ਤੈਸੇ = ਉਸੇ ਤਰ੍ਹਾਂ ਜੈਸੋ ਜੈਸੋ = ਜਿਸ ਜਿਸ ਤਰ੍ਹਾਂ ਦਾ ਕਾ = ਕਿਸੇ ਕੋ = ਦਾ ਕੁਲ = ਵੰਸ ਦਾ ਧਰਮ ਸੰਬੰਧੀ ਕਰਮੁ = ਕੰਮ ਹੋਵੇ, ਉਸ ਨੂੰ ਵੀ ਉਹੋ ਜਿਹਾ ਉਤਮ = ਸ੍ਰੇਸ਼ਟ ਕੈ = ਕਰ ਕੇ ਮਾਨਿ = ਮੰਨਣਾ ਕਰੇ ਤਾਂ ਬਿਥਾਰ = ਵਿਸਥਾਰ ਵਾਲੇ ਬ੍ਰਹਮ = ਵਿਆਪਕ ਸਰੂਪ ਪ੍ਰਭੂ ਕਉ = ਨੂੰ ਜਾਨਿ = ਜਾਣ ਸਕਦਾ ਹੈ **ਵਾ:** ਗੁਰਮੁਖ ਜਨ ਸਾਰਿਆਂ ਵਿਚ ਬ੍ਰਹਮ = ਪਰਮੇਸ਼ਰ ਨੂੰ ਬਿਥਾਰ = ਫੈਲਿਆ, ਵਿਆਪਕ ਜਾਣਦੇ ਹਨ ॥੩੯੮॥

ਜੈਸੇ ਨੈਨ ਬੈਨ ਪੰਖ ਸੁੰਦਰ ਸਰਬੰਗ ਮੋਰ;
ਤਾ ਕੇ ਪਗ ਓਰ ਦੇਖਿ ਦੋਖ ਨ ਬੀਚਾਰੀਐ ॥

ਜੈਸੇ = ਜਿਸ ਪ੍ਰਕਾਰ ਨੈਨ = ਨੇਤਰ, ਬੈਨ = ਬਚਨ, ਪੰਖ = ਖੰਭ ਤੇ ਸਰਬੰਗ = ਸਾਰੇ ਅੰਗ ਮੋਰ ਦੇ ਸੁੰਦਰ = ਸੋਹਣੇ ਹੁੰਦੇ ਹਨ, ਪਰ ਤਾ = ਉਸ ਕੇ = ਦੇ ਪਗ = ਪੈਰਾਂ ਓਰ = ਵੱਲ ਦੇਖਿ = ਵੇਖ ਕੇ ਦੋਖ = ਦੂਸ਼ਣ ਨ = ਨਹੀਂ ਬੀਚਾਰੀਐ = ਵਿਚਾਰਨਾ ਚਾਹੀਦਾ ਕਿ ਇਸ ਦੇ ਪੈਰ ਬੜੇ ਭੈੜੇ ਹਨ।

ਸੰਦਲ ਸੁਗੰਧ ਅਤਿ ਕੋਮਲ ਕਮਲ ਜੈਸੇ;
ਕੰਟਕਿ ਬਿਲੋਕਿ ਨ ਅਉਗਨ ਉਰਧਾਰੀਐ ॥

ਜੈਸੇ = ਜਿਸ ਪ੍ਰਕਾਰ ਸੰਦਲ = ਚੰਦਨ ਦੀ ਸੁਗੰਧ = ਵਾਸ਼ਨਾ (ਖ਼ੁਸ਼ਬੂ) ਅਤਿ = ਬਹੁਤ ਸੁੰਦਰ ਹੁੰਦੀ ਹੈ

ਅਤੇ ਕਮਲ = ਕੰਵਲ ਫੁੱਲ ਅਤਿਅੰਤ ਕੋਮਲ = ਨਰਮ ਹੁੰਦਾ ਹੈ, ਪਰ ਚੰਦਨ ਨੂੰ ਸੱਪਾਂ ਨਾਲ ਲਿਪਟਿਆ ਤੇ ਕਮਲ ਫੁੱਲ ਦੇ ਕੰਟਕਿ = ਕੰਡੇ ਬਿਲੋਕਿ = ਵੇਖ ਕੇ ਉਨ੍ਹਾਂ ਦੇ ਇਨ੍ਹਾਂ ਅਉਗਨ = ਔਗਣਾਂ ਨੂੰ ਉਰਧਾਰੀਐ = ਹਿਰਦੇ ਵਿਚ ਧਾਰਨ ਨ = ਨਹੀਂ ਕਰੀਦਾ ਹੈ।

ਜੈਸੇ ਅੰਮ੍ਰਿਤ ਫਲ ਮਿਸਟਿ ਗੁਨਾਦਿ ਸ੍ਵਾਦ;
ਬੀਜ ਕਰਵਾਈ ਕੈ ਬੁਰਾਈ ਨ ਸਮਾਰੀਐ ॥

ਜੈਸੇ = ਜਿਸ ਪ੍ਰਕਾਰ ਅੰਮ੍ਰਿਤ ਫਲ[1] ਦੇ ਮਿਸਟਿ = ਮਿੱਠੇ ਸੁਆਦ ਆਦਿ ਗੁਨਾਦਿ = ਗੁਣਾਂ ਵਾਲਾ ਹੋਣ ਕਰਕੇ ਉਸ ਦੇ ਬੀਜ ਦੀ ਕਰਵਾਈ = ਕੁੜੱਤਨ ਕੈ = ਕਰਕੇ ਉਸ ਦੀ ਬੁਰਾਈ = ਬੁਰਿਆਈ ਨੂੰ ਨ = ਨਹੀਂ ਸਮਾਰੀਐ = ਚਿਤਾਰੀਦਾ।

ਤੈਸੇ ਗੁਰ ਗਿਆਨ ਦਾਨ ਸਬਹੂੰ ਸੈ ਮਾਂਗਿ ਲੀਜੈ;
ਬੰਦਨਾ ਸਕਲ ਭੂਤ ਨਿੰਦਾ ਨਤਕਾਰੀਐ ॥੩੯੬॥

ਤੈਸੇ = ਉਸੇ ਪ੍ਰਕਾਰ ਜੋ ਪੂਰੇ ਗੁਰ = ਸਤਿਗੁਰਾਂ ਦਾ ਗਿਆਨ ਰੂਪ ਦਾਨ ਹੈ, ਉਹ ਸਬਹੂੰ = ਸਾਰਿਆਂ ਗੁਰਮੁਖ ਜਨਾਂ ਸੈ = ਤੋਂ ਮਾਂਗਿ = ਮੰਗ ਕੇ ਲੀਜੈ = ਲੈ ਲੈਣਾ ਚਾਹੀਦਾ ਹੈ ਅਤੇ ਉਨ੍ਹਾਂ ਸਕਲ = ਸਾਰਿਆਂ ਭੂਤ = ਸਰੀਰਾਂ ਨੂੰ ਬੰਦਨਾ = ਨਮਸਕਾਰ ਕਰਨੀ ਚਾਹੀਦੀ ਹੈ, ਉਨ੍ਹਾਂ ਦੀ ਨਿੰਦਾ = ਅਪਕੀਰਤੀ (ਨਤ + ਕਾਰੀਐ) ਨਤ = ਨਹੀਂ ਕਾਰੀਐ = ਕਰਨੀ ਚਾਹੀਦੀ ॥੩੯੬॥ ਜੈਸਾ ਕਿ :

ਸੰਤ ਕੀ ਨਿੰਦਾ ਜੋਨੀ ਭਵਨਾ ॥ ਸੰਤ ਕੀ ਨਿੰਦਾ ਰੋਗੀ ਕਰਨਾ ॥
ਸੰਤ ਕੀ ਨਿੰਦਾ ਦੂਖ ਸਹਾਮ ॥ ਡਾਨੁ ਦੈਤ ਨਿੰਦਕ ਕਉ ਜਾਮ ॥ *(ਭੈਰਉ ਮ: ੫, ਅੰਗ ੧੧੪੫)*

ਸ੍ਵੈਯਾ ॥ ਪਾਰਸ ਪਰਸ ਦਰਸ ਕਤ ਸਜਨੀ;
ਕਤ ਵੈ ਨੈਨ ਬੈਨ ਮਨ ਮੋਹਨ ॥

ਹੇ ਗੁਰਮੁਖ ਰੂਪ ਸਜਨੀ = ਸਖੀ ! ਪਾਰਸ ਦੇ ਵਤ ਪਰਸ = ਪਰਸਨ ਵਾਲੇ ਗੁਰਾਂ ਦੇ ਦਰਸ = ਦੀਦਾਰ ਕਤ = ਕਿਥੇ ਹਨ ਅਤੇ ਮਨ ਨੂੰ ਮੋਹਨ = ਮੋਹਿਤ ਕਰਨ ਵਾਲੇ ਵੈ = ਉਹ ਨੈਨ = ਨੇਤਰ ਤੇ ਬੈਨ = ਬਚਨ ਕਤ = ਕਿਧਰ ਹਨ।

ਕਤ ਵੈ ਦਸਨ ਹਸਨ ਸੋਭਾ ਨਿਧਿ;
ਕਤ ਵੈ ਗਵਨ ਭਵਨ ਬਨ ਸੋਹਨ ॥

ਹੇ ਗੁਰਮੁਖ ਰੂਪ ਸਖੀ ! ਸੋਭਾ = ਉਪਮਾ ਦੇ ਨਿਧਿ = ਖ਼ਜ਼ਾਨੇ ਤੇ ਸੁੰਦਰ ਦਸਨ = ਦੰਦਾਂ ਦੇ ਨਾਲ

---

੧. ਕਈ ਗਿਆਨੀ ਸਿੰਘ ਅੰਮ੍ਰਿਤ ਫਲ ਦੇ ਅਰਥ ਅੰਬ ਕਰਦੇ ਹਨ, 'ਅੰਮ੍ਰਿਤ' ਸ਼ਬਦ ਦਾ ਅਰਥ ਅੰਬ ਵਿਗੜਿਆ ਹੋਇਆ ਸ਼ਬਦ ਪ੍ਰਚੱਲਤ ਹੋਇਆ ਹੈ, ਅੰਮ੍ਰਿਤ ਦਾ ਅਰਥ ਅੰਬ ਕੀਤਿਆਂ ਕੋਈ ਦੋਸ਼ ਨਹੀਂ ਹੈ, ਪਰੰਤੂ ਪੁਰਾਤਨ ਕੋਸ਼ਾਂ ਵਿਚ ਅੰਮ੍ਰਿਤ ਫਲ, ਪਰਬਲ, ਪਟੋਲ ਫਲ ਦੇ ਅਰਥਾਂ ਵਿਚ ਲਿਆ ਗਿਆ ਹੈ, ਜੋ ਪੂਰਬ ਵਿਚ ਪੈਦਾ ਹੁੰਦਾ ਹੈ ਤੇ ਰਿੰਨ੍ਹ ਕੇ ਸਾਲਣਾ ਭਾਜੀ ਦੇ ਕੰਮ ਵਿਚ ਲਿਆਂਦਾ ਜਾਂਦਾ ਹੈ, ਜੋ ਔਖਧੀ ਰੂਪ ਵੀ ਹੈ।

ਹਸਨ = ਹੱਸਣ ਵਾਲੇ ਗੁਰੂ ਸਾਹਿਬ ਜੀ ਵੈ = ਉਹ ਕਤ = ਕਿਥੇ ਹਨ ਅਤੇ ਸੋਹਨ = ਸੁੰਦਰ ਗਵਨ = ਚੱਲਣਾ, ਭਵਨ = ਫਿਰਨਾ, ਬਨ = ਬੋਲਣਾ ਵੈ = ਉਹ ਕਤ = ਕਿਧਰ ਗਿਆ ਭਾਵ ਸਤਿਗੁਰਾਂ ਦਾ ਸੁੰਦਰ ਉਪਦੇਸ਼ ਦੇਣਾ ਤੇ ਸੁੰਦਰ ਮਟਕ ਮਟਕ ਚਾਲ ਚੱਲਣੀ ਆਦਿ ਕਿਥੇ ਹੈ **ਵਾ:** ਗੁਰਸਿੱਖਾਂ ਦੀ ਇਕੱਤਰਤਾ ਰੂਪ ਸੁੰਦਰ ਬਨ = ਬਗ਼ੀਚੀ ਕਿਥੇ ਹੈ **ਵਾ:** ਸ਼ੁਭ ਗੁਣਾਂ ਰੂਪ ਬਨ = ਬਗ਼ੀਚੀ ਕਿਥੇ ਹੈ **ਵਾ:** ਸਤਿਸੰਗਤ ਰੂਪੀ ਬਗ਼ੀਚੀ ਕਿਥੇ ਹੈ।

ਕਤ ਵੈ ਰਾਗ ਰੰਗ ਸੁਖ ਸਾਗਰ;
ਕਤ ਵੈ ਦਇਆ ਮਇਆ ਦੁਖ ਜੋਹਨ ॥

ਸੁਖ = ਅਨੰਦ ਦੇ ਸਾਗਰ = ਸਮੁੰਦਰ ਪੂਰੇ ਗੁਰਾਂ ਦੀ ਹਜ਼ੂਰੀ ਵਿਚ ਹੋਣ ਵਾਲਾ ਸ਼ਬਦ ਕੀਰਤਨ ਵਾਲਾ ਰਾਗ ਰੰਗ ਵੈ = ਉਹ ਕਤ = ਕਿਥੇ ਹੈ, ਗੁਰਾਂ ਦੀ ਦਇਆ = ਮਿਹਰ ਤੇ ਮਇਆ = ਕਿਰਪਾ (ਜੋ + ਹਨ) ਜੋ ਦੁਖ = ਕਸ਼ਟਾਂ ਨੂੰ ਹਨ = ਨਾਸ਼ ਕਰਨ ਵਾਲੀ ਹੈ ਵੈ = ਉਹ ਕਤ = ਕਿਥੇ ਹੈ।

ਕਤ ਵੈ ਜੋਗ ਭੋਗ ਰਸ ਲੀਲਾ;
ਕਤ ਵੈ ਸੰਤ ਸਭਾ ਛਬਿ ਗੋਹਨ ॥੪੦੦॥

ਗੁਰ-ਉਪਦੇਸ਼ ਦੁਆਰਾ ਪਰਮੇਸ਼ਰ ਨਾਲ ਜੋਗ = ਜੁੜਨਾ, ਪਦਾਰਥਾਂ ਦਾ ਭੋਗ = ਭੋਗਣਾ, ਰਾਜ ਭਾਗ ਦਾ ਰਸ = ਆਨੰਦ ਜਾਂ ਰਸ = ਪ੍ਰੇਮ ਦੇ ਲੀਲਾ = ਕੌਤਕ ਆਦਿ ਵੈ = ਉਹ ਕਤ = ਕਿਧਰ ਗਏ, ਸੰਤ = ਸ਼ਾਂਤ ਆਤਮਾ ਵਾਲੇ ਪੁਰਖਾਂ ਦੀ ਸਭਾ = ਇਕੱਤਰਤਾ ਵਿਚ ਛਬਿ = ਸਜਾਵਟ ਨੂੰ ਗੋਹਨ = ਗੁੰਦਣਾ ਆਦਿ ਜੋ ਅਨੰਦ ਹੈ ਵੈ = ਉਹ ਕਤ = ਕਿਧਰ ਗਿਆ।

ਅਥਵਾ ਜਗਤ ਦੇ ਭੋਗ ਬਿਲਾਸਾਂ ਵਿਚ ਹੀ ਜੋਗ ਦੀਆਂ ਲੀਲਾ = ਕੌਤਕਾਂ ਵਾਲੇ ਰੰਗ ਰਸ ਵੈ = ਉਹ ਕਤ = ਕਿਧਰ ਗਏ ਤੇ ਸੰਤ = ਸ਼ਾਂਤ ਆਤਮਾ ਵਾਲੇ ਗੁਰਾਂ ਦੀ ਸਭਾ = ਇਕੱਤਰਤਾ (ਸੰਗਤ) ਦੀ ਛਬਿ = ਸੁੰਦਰਤਾ ਨਾਲ ਭਰੀ ਸਜਾਵਟ ਜੋ (ਗੋ + ਹਨ) ਗੋ = ਅਗਿਆਨ ਰੂਪ ਹਨੇਰੇ ਨੂੰ ਹਨ = ਨਾਸ਼ ਕਰਨ ਵਾਲੀ ਸੀ ਵੈ = ਉਹ ਕਤ = ਕਿਧਰ ਗਈ ॥੪੦੦॥

ਕਬ ਲਾਗੈ ਮਸਤਕਿ ਚਰਨਨ ਰਜ;
ਦਰਸ ਦਇਆ ਦ੍ਰਿਗਨ ਕਬ ਦੇਖਉ ॥

('ਰਜ' ਪੋਲਾ ਬੋਲੋ)

ਕਬ = ਕਦੋਂ ਮੇਰੇ ਮਸਤਕਿ = ਮੱਥੇ ਉੱਪਰ ਗੁਰਾਂ ਦੇ ਚਰਨਨ = ਚਰਨਾਂ ਕਮਲਾਂ ਦੀ ਰਜ = ਧੂੜੀ ਲਾਗੈ = ਲੱਗੇਗੀ, ਕਬ = ਕਦੋਂ ਦਇਆ = ਦਇਆਲੂ ਗੁਰਾਂ ਦੇ ਦਰਸ = ਦਰਸ਼ਨ ਆਪਣੇ ਦ੍ਰਿਗਨ = ਨੇਤਰਾਂ ਨਾਲ ਦੇਖਉ = ਦੇਖਣਾ ਕਰਾਂਗਾ।

ਅੰਮ੍ਰਿਤ ਬਚਨ ਸੁਨਉ ਕਬ ਸ੍ਰਵਨਨ;
ਕਬ ਰਸਨਾ ਬੇਨਤੀ ਬਿਸੇਖਉ ॥

ਕਬ = ਕਦੋਂ ਮੈਂ ਆਪਣੇ ਸ੍ਰਵਨਨ = ਕੰਨਾਂ ਨਾਲ ਗੁਰਾਂ ਦੇ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲੇ

ਬਚਨ = ਵਾਕ, ਉਪਦੇਸ਼ ਨੂੰ ਸੁਨਉ = ਸੁਣਨਾ ਕਰਾਂਗਾ, ਕਬ = ਕਦੋਂ ਰਸਨਾ = ਜ਼ੁਬਾਨ ਨਾਲ ਗੁਰਾਂ ਦੇ ਅੱਗੇ ਹੱਥ ਜੋੜ ਕੇ ਬਿਸੇਖਉ = ਬਹੁਤੀਆਂ ਬੇਨਤੀ = ਅਰਜ਼ੋਈਆਂ ਕਰਾਂਗਾ।

ਕਬ ਕਰ ਕਰਉ ਡੰਡਉਤਿ ਬੰਦਨਾ;
ਪਗਨ ਪਰਿਕ੍ਰਮਾਦਿ ਪੁਨਿ ਰੇਖਉ ॥

ਕਬ = ਕਦੋਂ ਡੰਡਉਤਿ = ਡੰਡੇਵਤ ਸਰੀਰ ਨੂੰ ਸਿੱਧਾ ਕਰ ਕੇ ਤੇ ਕਰ = ਹੱਥ ਜੋੜ ਕੇ ਗੁਰਾਂ ਨੂੰ ਬੰਦਨਾ = ਨਮਸ਼ਕਾਰ ਕਰਾਂਗਾ ਤੇ ਪੁਨਿ = ਫੇਰ ਕਦੋਂ ਮੇਰੇ ਪਗਨ = ਪੈਰਾਂ ਦੀਆਂ ਰੇਖਉ = ਲਕੀਰਾਂ ਗੁਰਾਂ ਦੇ ਆਲੇ-ਦੁਆਲੇ ਪਰਕ੍ਰਮਾਦਿ = ਪਰਿਕਰਮਾ ਕਰ ਕੇ ਸ੍ਰੇਸ਼ਟ ਹੋਣਗੀਆਂ **ਵਾ:** ਕਦੋਂ ਮੇਰੇ ਪੈਰਾਂ ਦੀ ਲਕੀਰ ਗੁਰਾਂ ਦੀ ਪ੍ਰਦੱਖਣਾ ਕਰਨ ਲਈ ਨਿੱਤਰੇਗੀ।

ਪ੍ਰੇਮ ਭਗਤਿ ਪ੍ਰਤਛਿ ਪ੍ਰਾਨਪਤਿ;
ਗਿਆਨ ਧਿਆਨ ਜੀਵਨ ਪਦ ਲੇਖਉ ॥੪੦੧॥

ਕਦੋਂ ਪ੍ਰਾਨਪਤਿ = ਪ੍ਰਾਣਾਂ ਦੇ ਪਤੀ ਮਾਲਕ ਗੁਰਾਂ ਦੇ ਉਪਦੇਸ਼ ਦੁਆਰਾ ਪ੍ਰਤਛਿ = ਪ੍ਰਤੱਖ ਹੀ ਪ੍ਰੇਮਾ ਭਗਤਿ = ਭਗਤੀ ਕਰ ਕੇ ਸਰੂਪ ਦਾ ਗਿਆਨ, ਪ੍ਰਭੂ ਦਾ ਧਿਆਨ ਆਦਿ ਪ੍ਰਾਪਤ ਕਰ ਕੇ ਜੀਵਨ = ਜ਼ਿੰਦਗੀ ਨੂੰ ਸਫਲ ਕਰਨ ਵਾਲੀ ਤੁਰੀਆ ਪਦ = ਪਦਵੀ ਦੀ ਪ੍ਰਾਪਤੀ ਦੇ ਲੇਖਉ = ਲੇਖ ਨੂੰ ਲਿਖਣਾ ਕਰਾਂਗਾ **ਵਾ:** ਆਪਣੇ ਹਿਰਦੇ ਵਿਚ ਸਰੂਪ ਦੀ ਪ੍ਰਾਪਤੀ ਵਾਲੇ ਲੇਖ ਨੂੰ ਲਿਖਾਂਗਾ ਭਾਵ ਮਨੁੱਖਾ ਜਨਮ ਨੂੰ ਸਫਲ ਕਰਨਾ ਕਰਾਂਗਾ ॥੪੦੧॥

ਕਬਿੱਤ ॥

ਬਿਰਖੈ ਬਇਆਰ ਲਾਗੈ ਜੈਸੇ ਹਰਰਾਤਿ ਪਾਤਿ;
ਪੰਛੀ ਨ ਧੀਰਜ ਕਰਿ ਠਉਰ ਠਹਿਰਾਤ ਹੈ ॥

ਜੈਸੇ = ਜਿਸ ਪ੍ਰਕਾਰ ਬਿਰਖੈ = ਬ੍ਰਿਛ ਨੂੰ ਬਇਆਰ = ਹਵਾ ਦੇ ਝਕੋਲੇ ਲਾਗੈ = ਲੱਗਣ ਨਾਲ ਪਾਤਿ = ਪੱਤੇ ਹਰਰਾਤਿ = ਕੰਬਦੇ ਹਨ ਭਾਵ ਹਿੱਲ-ਜੁਲ ਕਰਦੇ ਹਨ ਤੇ ਪੰਛੀ ਧੀਰਜ = ਸ਼ਾਂਤੀ ਦੇ ਸਹਿਤ ਆਪਣੇ ਆਪਣੇ ਠਉਰ = ਟਿਕਾਣਿਆਂ ਉੱਤੇ ਠਹਿਰਾਤ = ਟਿਕਣਾ ਨ = ਨਹੀਂ ਕਰਿ = ਕਰਦੇ ਹੈ = ਹਨ।

ਸਰਵਰ ਘਾਮ ਲਾਗੈ ਬਾਰਜ ਬਿਲਖ ਮੁਖ;
ਪ੍ਰਾਨ ਅੰਤ ਹੰਤ ਜਲ ਜੰਤ ਅਕੁਲਾਤ ਹੈ ॥

ਜਿਸ ਪ੍ਰਕਾਰ ਸਰਵਰ = ਤਲਾਅ ਵਿਚ ਘਾਮ = ਧੁੱਪ ਦਾ ਸੇਕ ਲਾਗੈ = ਲੱਗਣ ਕਰਕੇ ਬਾਰਜ = ਕਮਲ ਫੁੱਲ ਦਾ ਮੁਖ = ਮੂੰਹ ਬਿਲਖ = ਵਿਆਕੁਲ, ਮੁਰਝਾ ਜਾਂਦਾ ਹੈ ਅਤੇ ਜਲ = ਪਾਣੀ ਵਿਚ ਰਹਿਣ ਵਾਲੇ ਮੱਛੀ ਆਦਿ ਜੰਤ = ਜੀਵ ਅਕੁਲਾਤ = ਕਾਹਲੇ ਹੋ ਜਾਂਦੇ ਹਨ ਅਤੇ ਜਦ ਪਾਣੀ ਤਲਾਅ ਵਿੱਚੋਂ ਸੁੱਕ ਜਾਂਦਾ ਹੈ ਤਦ ਅੰਤ = ਅਖ਼ੀਰ ਨੂੰ ਉਨ੍ਹਾਂ ਦੇ ਪ੍ਰਾਣ ਵੀ ਹੰਤ = ਨਾਸ਼ ਹੋ ਜਾਂਦੇ ਹਨ।

ਸਾਰਦੂਲ[੧] ਦੇਖੈ ਮ੍ਰਿਗਮਾਲ ਦਲ ਚਿਤ ਬਨ;
ਵਾਸ ਮੈ ਨ ਤ੍ਰਾਸ ਕਰਿ ਆਸ੍ਰਮ ਸੁਹਾਤ ਹੈ॥

ਮ੍ਰਿਗਮਾਲ = ਹਿਰਨਾਂ ਦੀਆਂ ਡਾਰਾਂ ਦੇ ਫਲ = ਸਮੂਹ, ਝੁੰਡ ਬਨ = ਜੰਗਲ ਵਿਚ ਰਹਿਣ ਵਾਲੇ ਸਾਰਦੂਲ ਸ਼ੇਰ ਨੂੰ ਦੇਖੈ = ਵੇਖ ਕੇ ਆਪਣੇ ਚਿੱਤ ਵਿਚ ਤ੍ਰਾਸ = ਡਰ ਖਾ ਕਰਿ = ਕਰਕੇ ਭੱਜ ਜਾਂਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਆਸ੍ਰਮ = ਰਹਿਣ ਵਾਲੇ ਥਾਂ ਮੈ = ਵਿਚ ਵਾਸ = ਵੱਸਣਾ ਵੀ ਸੁਹਾਤ = ਚੰਗਾ ਨ = ਨਹੀਂ ਲੱਗਦਾ ਹੈ।

ਤੈਸੇ ਗੁਰ ਆਂਗ ਸ੍ਵਾਂਗਿ ਭਏ ਭੈ ਚਕਿਤ ਸਿਖ;
ਦੁਖਿਤ ਉਦਾਸ ਬਾਸ ਅਤਿ ਬਿਲਲਾਤ ਹੈ॥੪੦੨॥

ਤੈਸੇ = ਉਸੇ ਤਰ੍ਹਾਂ ਗੁਰ = ਸਤਿਗੁਰ ਜੀ ਆਪਣੇ ਆਂਗ = ਅੰਗਾਂ, ਸਰੀਰ ਉੱਤੇ ਸਿੱਖਾਂ ਨੂੰ ਪਰਖਣ ਦੇ ਲਈ ਕੋਈ ਸ੍ਵਾਂਗਿ = ਸਾਂਗ ਰਚ ਲੈਣ ਤਾਂ ਸਿੱਖ ਵੀ ਭੈ = ਡਰ ਦੇ ਸਹਿਤ ਭਏ = ਹੋਏ ਚਕਿਤ = ਹੈਰਾਨ ਹੋ ਜਾਂਦੇ ਹਨ ਤੇ ਦੁਖਿਤ = ਦੁਖੀ ਹੋ ਜਾਣ ਕਾਰਨ ਸਿੱਖ ਵੀ ਨੇੜੇ ਬਾਸ = ਨਿਵਾਸ ਕਰਨ ਤੋਂ ਉਦਾਸ = ਉਪਰਾਮ ਹੋ ਕੇ ਅਤਿ = ਅਤਿਅੰਤ ਬਿਲਲਾਤ = ਵਿਆਕੁਲ ਹੋ ਜਾਣਾ ਕਰਦੇ ਹੈ = ਹਨ॥੪੦੨॥

ਓਲਾ ਬਰਖਨ ਕਰਖਨ ਦਾਮਿਨੀ ਬਯਾਰਿ;
ਸਾਗਰ ਲਹਰਿ ਬਨ ਜਰਤ ਅਗਨਿ ਹੈ॥

ਓਲਾ = ਗੜਿਆਂ ਦੇ ਬਰਖਨ = ਵਰਸਣੇ ਕਰਕੇ ਖੇਤੀ ਤੇ ਜੀਵ ਜੰਤੂ ਆਦਿ ਦਾ ਨੁਕਸਾਨ ਹੁੰਦਾ ਹੈ, ਦਾਮਿਨੀ = ਬਿਜਲੀ ਦੇ ਕਰਖਨ = ਕੜਕਨੇ, ਲਿਸ਼ਕਣੇ ਕਰਕੇ ਬਹੁਤ ਸਾਰੀਆਂ ਚੀਜ਼ਾਂ ਦਾ ਨੁਕਸਾਨ ਹੁੰਦਾ ਹੈ, ਬਯਾਰਿ = ਹਵਾ ਦੇ ਤੇਜ਼ ਚੱਲਣ ਨਾਲ ਦਰੱਖ਼ਤਾਂ, ਫਲਾਂ, ਫੁੱਲਾਂ ਦਾ ਨੁਕਸਾਨ ਤੇ ਸਾਗਰ = ਸਮੁੰਦਰ ਦੀਆਂ ਲਹਰਿ = ਤਰੰਗਾਂ ਦੇ ਉੱਛਲਣੇ ਕਰਕੇ ਨਗਰਾਂ ਨੂੰ ਰੋੜ੍ਹਨ ਆਦਿ ਅਤੇ ਅਗਨਿ = ਅੱਗ ਬਨ = ਜੰਗਲ ਆਦਿਕਾਂ ਨੂੰ ਜਰਤ = ਸਾੜ ਦੇਣਾ ਕਰਦੀ ਹੈ।

ਰਾਜੀ ਬਿਰਾਜੀ ਭੂਕੰਪਿਕਾ ਅੰਤਰ ਬ੍ਰਿਥਾ ਬਲ;
ਬੰਦਸਾਲ ਸਾਸਨਾ ਸੰਕਟ ਮੈ ਮਗਨ ਹੈ॥

ਰਾਜੀ ਬਿਰਾਜੀ = ਰਾਜ ਭਾਗ ਤੋਂ ਬਗ਼ੈਰ ਹੋ ਜਾਣਾ, ਭੂਕੰਪਿਕਾ = ਧਰਤੀ ਦਾ ਕੰਬਣਾ (ਭੂਚਾਲ ਆਉਣਾ) ਚਿੱਤ ਅੰਤਰ = ਵਿਚ ਕਿਸੇ ਚਿੰਤਾ ਆਦਿ ਬ੍ਰਿਥਾ = ਪੀੜਾ ਦਾ ਬਲ = ਜ਼ੋਰ ਹੋਣਾ, ਬੰਦਸਾਲ = ਕੈਦਖ਼ਾਨੇ ਦਾ ਦੁੱਖ, ਕਿਸੇ ਵੀ ਸਾਸਨਾ = ਤਾੜਨਾ ਦਾ ਦੁੱਖ ਅਤੇ ਜੋ ਕਿਸੇ ਪ੍ਰਕਾਰ ਦੇ ਸੰਕਟ = ਦੁੱਖ ਮੈ = ਵਿਚ ਮਗਨ = ਮਸਤ ਰਹਿਣਾ ਹੈ।

ਆਪਦਾ ਅਧੀਨ ਦੀਨ ਦੂਖਨਾ ਦਰਿਦ੍ਰ ਛਿਦ੍ਰਿ;
ਭ੍ਰਮਤਿ ਉਦਾਸ ਰਿਨ ਦਾਸਨਿ ਨਗਨ ਹੈ॥

ਆਪਦਾ = ਬਿਪਤਾ ਦੇ ਅਧੀਨ = ਵੱਸ ਰਹਿਣਾ, ਦੂਖਨਾ = ਦੁਸ਼ਣਾ, ਝੂਠੇ ਇਲਜ਼ਾਮਾਂ ਨੇ ਦੀਨ = ਆਤੁਰਾਂ

---

੧. ਸਾਰਦੂਲ ਸ਼ੇਰ ਬਾਰੇ ਵਿਸਥਾਰ ਨਾਲ ੩੭੬ ਕਬਿੱਤ 'ਤੇ ਦੇਖੋ।

ਸਮਾਨ ਹਾਲਤ ਬਣਾ ਛੱਡੀ ਹੋਵੇ, ਦਰਿਦ੍ = ਦਲਿੱਦਰਪੁਣਾ ਹੋਣਾ **ਵਾ:** ਕੰਗਾਲਪੁਣਾ ਹੋਣਾ, ਕੋਈ ਛਿਦ੍ਰਿ = ਦੋਸ਼, ਕਲੰਕ ਲੱਗ ਜਾਣਾ, ਉਦਾਸ = ਉਪਰਾਮ ਹੋ ਕੇ ਭ੍ਰਮਤਿ = ਭਰਮਣਾ, ਰਿਨ = ਕਰਜ਼ਾਈ ਹੋਣਾ ਤੇ ਕਿਸੇ ਦਾ ਦਾਸਨਿ = ਦਾਸ **ਵਾ:** ਗ਼ੁਲਾਮ ਬਣਨਾ ਜੋ ਨਗਨ = ਬਸਤਰ ਤੋਂ ਰਹਿਤ ਹੋ ਕੇ ਫਿਰਨਾ ਹੈ।

ਤੈਸੇ ਹੀ ਸ੍ਰਿਸਟਿ ਕੋ ਅਦ੍ਰਿਸਟੁ ਜਉ ਆਇ ਲਾਗੈ;
ਜਗ ਮੈ ਭਗਤਨ ਕੇ ਰੋਮ ਨ ਭਗਨ ਹੈ ॥੪੦੩॥

ਤੈਸੇ = ਉਸੇ ਤਰ੍ਹਾਂ ਹੀ ਸ੍ਰਿਸਟਿ = ਦੁਨੀਆਂ ਭਰ ਦੀਆਂ ਉਪਰੋਕਤ ਅਦ੍ਰਿਸਟੁ = ਅਣਡਿੱਠੀਆਂ ਗੱਲਾਂ, ਦੁੱਖਾਂ ਵਾਲੀਆਂ ਗੱਲਾਂ, ਜਉ = ਜੇ ਆਇ = ਆ ਕੇ ਲਾਗੈ = ਲੱਗ ਜਾਣ ਤਾਂ ਵੀ ਜਗ = ਸੰਸਾਰ ਮੈ = ਵਿਚ ਭਗਤਨ = ਭਗਤ ਜਨਾਂ (ਗੁਰਸਿੱਖਾਂ) ਕੇ = ਦੇ ਇਕ ਰੋਮ = ਵਾਲ ਨੂੰ ਵੀ ਭਗਨ = ਵਿੰਗਾ ਨ = ਨਹੀਂ ਕਰ ਸਕਦੀਆਂ ਹੈ = ਹਨ ॥੪੦੩॥

ਜੈਸੇ ਚੀਟੀ ਕ੍ਰਮ ਕ੍ਰਮ ਕੈ ਬਿਰਖ ਚੜ੍ਹੈ;
ਪੰਛੀ ਉਡ ਜਾਇ ਬੈਸੇ ਨਿਕਟ ਹੀ ਫਲ ਕੈ ॥

ਜੈਸੇ = ਜਿਸ ਪ੍ਰਕਾਰ ਚੀਟੀ = ਕੀੜੀ ਨਿੱਕੀ ਨਿੱਕੀ ਕ੍ਰਮ ਕ੍ਰਮ = ਡਿੰਘ ਡਿੰਘ ਕੈ = ਕਰਕੇ ਬਿਰਖ = ਬ੍ਰਿਛ ਉੱਤੇ ਫਲ ਦੀ ਪ੍ਰਾਪਤੀ ਲਈ ਚੜ੍ਹੈ = ਚੜ੍ਹਨਾ ਕਰਦੀ ਹੈ ਪਰੰਤੂ ਪੰਛੀ = ਪੰਖੀ ਉਡ = ਉਡਾਰੀ ਮਾਰਦੇ ਸਾਰ ਹੀ ਫਲ ਦੇ ਨਿਕਟ = ਨਜ਼ਦੀਕ ਜਾਇ = ਜਾ ਬੈਸੇ = ਬੈਠ ਜਾਂਦਾ ਹੈ।

ਜੈਸੇ ਗਾਡੀ ਚਲੀ ਜਾਤਿ ਲੀਕਨ ਮਹਿ ਧੀਰਜ ਸੈ;
ਘੋਰੋ ਦੌਰਿ ਜਾਇ ਬਾਂਇ ਦਾਹਨੇ ਸਬਲ ਕੈ ॥

ਜੈਸੇ = ਜਿਸ ਪ੍ਰਕਾਰ ਗਾਡੀ = ਗੱਡੀ ਲੀਕਨ = ਲੀਹਾਂ ਮਹਿ = ਵਿਚ ਧੀਰਜ = ਧੀਰਜਤਾ (ਹੌਲੀ ਹੌਲੀ) ਸੈ = ਨਾਲ ਚਲੀ = ਤੁਰੀ ਜਾਤਿ = ਜਾਂਦੀ ਹੈ ਤੇ ਟਿਕਾਣੇ ਪਹੁੰਚ ਜਾਇਆ ਕਰਦੀ ਹੈ ਪਰੰਤੂ ਘੋਰੋ = ਘੋੜਾ ਬਾਂਇ ਦਾਹਨੇ = ਸੱਜੇ ਖੱਬੇ ਦੌਰਿ = ਦੌੜਦਾ ਹੋਇਆ ਸਬਲ = ਸਹਿਤ ਬਲ ਦੇ ਹੋਣ ਕੈ = ਕਰਕੇ ਜਲਦੀ ਮੰਜ਼ਲ 'ਤੇ ਪਹੁੰਚ ਜਾਇ = ਜਾਂਦਾ ਹੈ।

ਜੈਸੇ ਕੋਸ ਭਰਿ ਚਲਿ ਸਕੀਐ ਨ ਪਾਇਨ ਕੈ;
ਆਤਮਾ ਚਤੁਰ ਕੁੰਟ ਧਾਇ ਆਵੈ ਪਲ ਕੈ ॥

ਜੈਸੇ = ਜਿਸ ਪ੍ਰਕਾਰ ਪਾਇਨ = ਪੈਰਾਂ ਕੈ = ਕਰਕੇ ਤਾਂ ਕੋਸ = ਕੋਹ ਭਰ ਵੀ ਚਲਿ = ਤੁਰ ਨ = ਨਹੀਂ ਸਕੀਐ = ਸਕੀਦਾ ਪਰੰਤੂ ਆਤਮਾ = ਮਨ ਕੈ = ਕਰਕੇ ਪਲ = ਅੱਖ ਦੇ ਝਮਕਣੇ ਜਿਤਨੇ ਸਮੇਂ ਵਿਚ ਹੀ ਚਤੁਰ = ਚਾਰੇ ਕੁੰਟ = ਦਿਸ਼ਾਵਾਂ ਵਿਚ ਧਾਇ = ਦੌੜ ਕੇ ਵਾਪਸ ਆਵੈ = ਆ ਜਾਈਦਾ ਹੈ।

ਤੈਸੇ ਲੋਗ ਬੇਦ ਭੇਦ ਗਿਆਨ ਉਨਮਾਨ ਪੱਛ;
ਰੰਮ ਗੁਰ ਚਰਨ ਸਰਨਿ ਅਸਥਲ ਕੈ ॥੪੦੪॥

ਤੈਸੇ = ਉਸੇ ਤਰ੍ਹਾਂ ਹੀ ਲੋਗ = ਲੌਕਿਕ, ਵੇਦ ਸ਼ਾਸਤਰਾਂ ਦੇ ਗਿਆਨ ਦਾ ਭੇਦ = ਭੇਤ ਉਨਮਾਨ = ਵਿਚਾਰ

ਕੇ ਭਾਵ ਇਨ੍ਹਾਂ ਦਾ ਮਤਲਬ ਸਮਝ ਕੇ ਇਨ੍ਹਾਂ ਵਿਚ ਪਹੁੰਚਣਾ ਕਿ ਇਹ ਚੰਗੇ ਕੰਮ ਹਨ ਜਾਂ ਮਾੜੇ ਇਹ ਤਾਂ ਕੀੜੀ ਤੇ ਗੱਡੀ ਅਤੇ ਪੈਰ ਵਾਂਗ ਹਨ ਅਤੇ ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਲੈ ਕੇ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਸੱਚਖੰਡ ਰੂਪ ਅਸਥਲ = ਅਸਥਾਨ ਵਿਚ ਗੰਮ = ਪਹੁੰਚਤਾ ਕੈ = ਕਰਨੀ ਇਹ ਪੰਛੀ, ਘੋੜੇ ਤੇ ਮਨ ਵਾਂਗ ਹੈ, ਇਹ ਦੋ ਪੱਛ = ਪੱਖ ਲੈ ਕੇ ਸਮਝਾਉਣਾ ਕੀਤਾ ਹੈ।

ਜੈਸੇ ਬਨਰਾਇ ਪਰਫੁਲਤ ਫਲ ਨਮਿਤ;
ਲਾਗਤ ਹੀ ਫਲ ਪਤ੍ਰ ਪੁਹਪ ਬਿਲਾਤ ਹੈ॥

ਜੈਸੇ = ਜਿਸ ਪ੍ਰਕਾਰ ਬਨਰਾਇ = ਬਨਸਪਤੀ ਦੇ ਬੂਟੇ ਫਲ ਦੇਣ ਦੇ ਨਮਿਤ = ਕਾਰਨ ਪਰਫੁਲਤ = ਹਰੇ ਭਰੇ ਹਰਿਆਵਲਤਾ ਦੇ ਸਹਿਤ ਹੋਣਾ ਕਰਦੇ ਹਨ, ਸੋ ਜਦ ਹੀ ਫਲ ਲਾਗਤ = ਲੱਗ ਪੈਂਦੇ ਹੈ ਤਦ ਪਤ੍ਰ = ਪੱਤੇ ਤੇ ਪੁਹਪ = ਫੁੱਲ ਬਿਲਾਤ = ਵਿਲੀਨ, ਨਾਸ਼ ਹੋ ਜਾਂਦੇ ਹੈ = ਹਨ।

ਜੈਸੇ ਤ੍ਰੀਆ ਰਚਿਤ ਸਿੰਗਾਰ ਭਰਤਾਰ ਹੇਤਿ;
ਭੇਟਤ ਭਰਤਾਰ ਉਰ ਹਾਰ ਨ ਸੁਹਾਤ ਹੈ॥

ਜੈਸੇ = ਜਿਸ ਪ੍ਰਕਾਰ ਤ੍ਰੀਆ = ਇਸਤਰੀ ਆਪਣੇ ਭਰਤਾਰ = ਪਤੀ ਨੂੰ ਪ੍ਰਸੰਨ ਕਰਨ ਹੇਤਿ = ਵਾਸਤੇ ਆਪਣੇ ਸਰੀਰ ਉੱਤੇ ਅਨੇਕਾਂ ਹੀ ਸਿੰਗਾਰ = ਸੁਹੱਪਣ ਸਮੱਗਰੀ ਦੇ ਸਾਮਾਨ ਨੂੰ ਰਚਿਤ = ਰਚਾਉਣਾ, ਲਗਾਉਣਾ ਕਰਦੀ ਹੈ, ਪਰ ਜਦੋਂ ਭਰਤਾਰ = ਪਤੀ ਭੇਟਤ = ਮਿਲ ਪਵੇ ਤਾਂ ਉਰ = ਰਿਦੇ ਭਾਵ ਗਲ ਵਿਚ ਪਿਆ ਹੋਇਆ ਹਾਰ ਵੀ ਵਿੱਥ ਦਾ ਕਾਰਨ ਪ੍ਰਤੀਤ ਹੋਣ ਕਰਕੇ ਸੁਹਾਤ = ਚੰਗਾ ਨ = ਨਹੀਂ ਲੱਗਦਾ ਹੈ।

ਬਾਲਕ ਅਚੇਤ ਜੈਸੇ ਕਰਤ ਲੀਲਾ ਅਨੇਕ;
ਸੁਚਿਤ ਚਿਤੰਨ ਭਏ ਸਬੈ ਬਿਸਰਾਤ ਹੈ॥

ਜੈਸੇ = ਜਿਸ ਪ੍ਰਕਾਰ ਬਾਲਕ = ਬੱਚਾ ਅਚੇਤ = ਅਣਜਾਣਪੁਣੇ ਕਾਰਨ ਅਨੇਕ = ਬੇਅੰਤ ਤਰ੍ਹਾਂ ਦੀਆਂ ਲੀਲਾ = ਖੇਡਾਂ ਖੇਡਣਾ ਕਰਤ = ਕਰਦਾ ਹੈ, ਪਰ ਜਦ ਸੁਚਿਤ = ਸੁਚੇਤ ਤੇ ਪੂਰੀ ਚਿਤੰਨ = ਚੇਤਨਤਾ ਦੇ ਸਹਿਤ ਭਏ = ਹੋ ਜਾਂਦਾ ਹੈ **ਵਾ:** (ਸੁ + ਚਿਤ) ਸੁ = ਭਲੀ ਪ੍ਰਕਾਰ ਚਿੱਤ ਕਰਕੇ ਚਿਤੰਨ = ਸਾਵਧਾਨ (ਹੁਸ਼ਿਆਰ) ਹੋ ਜਾਂਦਾ ਹੈ ਤਾਂ ਸਬੈ = ਸਾਰਿਆਂ ਨੂੰ ਹੀ ਬਿਸਰਾਤ = ਭੁਲਾ ਦਿਆ ਕਰਦਾ ਹੈ।

ਤੈਸੇ ਖਟ ਕਰਮ ਧਰਮ ਸ੍ਰਮ ਗਿਆਨ ਕਾਜ;
ਗਿਆਨ ਭਾਨ ਉਦੈ ਉਡ ਕਰਮ ਉਡਾਤ ਹੈ॥੪੦੫॥

ਤੈਸੇ = ਉਸੇ ਪ੍ਰਕਾਰ ਹੀ ਖਟ[੧] = ਛੇ ਕਰਮ ਆਪੋ-ਆਪਣੇ ਧਰਮ ਅਨੁਸਾਰ ਇਨ੍ਹਾਂ ਦੇ ਸ੍ਰਮ = ਕਠਿਨ ਕੰਮ ਦਾ ਗਿਆਨ ਵਾਸਤੇ ਕਰਨਾ ਦੁੱਖ ਦਾ ਕਾਰਨ ਹੈ। ਇਹ ਉਪਰੋਕਤ ਕਰਮ ਗੁਰਾਂ ਦੇ ਗਿਆਨ ਅੱਗੇ ਇਸ ਤਰ੍ਹਾਂ ਉੱਡ ਜਾਂਦੇ ਹਨ ਜਿਵੇਂ ਭਾਨ = ਸੂਰਜ ਦੇ ਉਦੈ = ਚੜ੍ਹਨ ਨਾਲ ਤਾਰੇ ਸਾਰੇ ਉਡਾਤ = ਉੱਡ ਜਾਂਦੇ ਹਨ॥੪੦੫॥ ਜੈਸਾ ਕਿ :

---

੧. ਯੱਗ ਕਰਨਾ, ਕਰਾਉਣਾ; ਵੇਦ ਪੜ੍ਹਨਾ, ਪੜ੍ਹਾਉਣਾ; ਦਾਨ ਲੈਣਾ, ਦੇਣਾ; ਕਈ ਇਹ ਵੀ ਛੇ ਕਰਮ ਮੰਨਦੇ ਹਨ—ਯੱਗ, ਦਾਨ, ਤਪ, ਤੀਰਥ, ਬ੍ਰਤ, ਪੂਜਾ।

ਫਲ ਕਾਰਨ ਫੂਲੀ ਬਨਰਾਇ ॥ ਫਲੁ ਲਾਗਾ ਤਬ ਫੂਲੁ ਬਿਲਾਇ ॥
ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨ ਭਇਆ ਤਹ ਕਰਮਹ ਨਾਸੁ ॥ *(ਅੰਗ ੧੧੬੭)*

ਜੈਸੇ ਹਸ ਬੋਲਤ ਹੀ ਡਾਕਨਿ ਹਰੈ ਕਰੇਜੌ;
ਬਾਲਕ ਤਾਹੀ ਲੌ ਧਾਵੇ ਜਾਨੈ ਗੋਦਿ ਲੇਤ ਹੈ ॥

ਜੈਸੇ = ਜਿਸ ਪ੍ਰਕਾਰ ਡਾਕਨਿ = ਡੈਣ ਹਸ = ਹਾਸੇ ਦੇ ਬੋਲਤ = ਬੋਲ ਬੋਲ ਕੇ ਹੀ ਬੱਚੇ ਦਾ ਕਰੇਜੌ = ਕਲੇਜਾ ਹਰੈ = ਮਿਟਾ, ਕੱਢ ਲੈਣਾ ਕਰੈ = ਕਰਦੀ ਹੈ, ਇਹ ਡੈਣ ਦਾ ਸੁਭਾਅ ਹੈ, ਬਾਲਕ = ਬੱਚਾ ਇਉਂ ਜਾਨੈ = ਜਾਣ ਕੇ ਕਿ ਉਹ ਗੋਦ ਵਿਚ ਲੇਤ = ਲੈਂਦੀ ਹੈ, ਤਾਹੀ = ਉਸੇ ਪਾਸੇ ਲੌ = ਵੱਲ ਨੂੰ ਹੀ ਧਾਵੈ = ਦੌੜਦਾ ਜਾਂਦਾ ਹੈ।

ਰੋਵਤ ਸੁਤਹਿ ਜੈਸੇ ਅਉਖਧਿ ਪਿਆਵੈ ਮਾਤਾ;
ਬਾਲਕੁ ਜਾਨਤ ਮੋਹਿ ਕਾਲਕੂਟਿ ਦੇਤ ਹੈ ॥

(ਪਾਠਾਂਤ੍ਰ 'ਹੇਤ')

ਜੈਸੇ = ਜਿਸ ਪ੍ਰਕਾਰ ਮਾਤਾ = ਮਾਂ ਆਪਣੇ ਸੁਤਹਿ = ਪੁੱਤਰ, ਬੱਚੇ ਨੂੰ ਅਉਖਧਿ = ਦਵਾਈ ਪਿਆਵੈ = ਪਿਲਾਉਂਦੀ ਹੈ ਤਾਂ ਉਹ ਰੋਵਤ = ਰੋਂਦਾ ਹੈ ਅਤੇ ਇਉਂ ਜਾਨਤ = ਜਾਣਦਾ ਹੈ ਕਿ ਮੋਹਿ = ਮੈਨੂੰ ਕਾਲਕੂਟਿ = ਜ਼ਹਿਰ ਦੇਤ = ਦਿੰਦੀ ਹੈ।

ਹਰਨ ਭਰਨ ਗਤਿ ਸਤਿਗੁਰ ਜਾਨੀਐ ਨ;
ਬਾਲਕ ਜੁਗਤਿ ਮਤਿ ਜਗਤ ਅਚੇਤ ਹੈ ॥

ਬਾਲਕ = ਬੱਚੇ ਦੀ ਮਤਿ = ਅਕਲ ਦੀ ਜੁਗਤਿ = ਜੁਗਤੀ ਵਾਂਗ ਜਗਤ = ਸੰਸਾਰ ਅਚੇਤ = ਬੇਸਮਝ ਹੈ ਕਿਉਂਕਿ ਸੰਸਾਰ ਨੇ ਸਤਿਗੁਰ = ਸੱਚੇ ਗੁਰਾਂ ਦੀ ਹਰਨ ਭਰਨ ਦੀ ਗਤਿ = ਚਾਲ ਨ = ਨਹੀਂ ਜਾਨੀਐ = ਜਾਨਣਾ ਕੀਤੀ ਭਾਵ ਗੁਰੂ ਸਾਹਿਬ ਜੀ ਜਨਮਾਂ-ਜਨਮਾਂਤਰਾਂ ਦੇ ਕਸ਼ਟਾਂ ਨੂੰ ਮੇਟਣ ਵਾਲੇ ਤੇ ਆਨੰਦ ਦੇ ਸਹਿਤ ਕਰਨ ਵਾਲੇ ਹਨ, ਇਸ ਵਿਧੀ ਨੂੰ ਬੇਸਮਝ ਬਾਲਕ ਵਤ ਅਚੇਤ ਸੰਸਾਰ ਜਾਣਦਾ ਨਹੀਂ ਹੈ।

ਅਕਲ ਕਲਾ ਅਲਖ ਅਤਿ ਹੀ ਅਗਾਧ ਬੋਧ;
ਆਪ ਹੀ ਜਾਨਤ ਆਪ ਨੇਤਿ ਨੇਤਿ ਨੇਤਿ ਹੈ ॥੪੦੬॥

ਪੂਰੇ ਗੁਰੂ ਅਵਿੱਦਿਆ ਰੂਪ ਕਲਾ = ਸ਼ਕਤੀ ਤੋਂ ਅਕਲ = ਰਹਿਤ ਕਲਾ ਵਾਲੇ ਹਨ ਭਾਵ ਗੁਰਾਂ ਨੂੰ ਨਾ ਹੀ ਅਵਿੱਦਿਆ ਸੰਪੰਨ ਜੀਵਾਂ ਵਾਲੀ ਕਲਾ ਵਾਲੇ ਮੰਨਿਆ ਜਾ ਸਕਦਾ ਹੈ ਤੇ ਨਾ ਹੀ ਮਾਇਆ, ਸ਼ਕਤੀ ਸੰਪੰਨ ਈਸ਼ਰ ਭਾਵ ਵਾਲੀ ਕਲਾ ਵਾਲੇ ਮੰਨਿਆ ਜਾ ਸਕਦਾ ਹੈ, ਉਨ੍ਹਾਂ ਦੀ ਕਲਾ ਜੀਵ ਈਸ਼ਵਰ ਭਾਵ ਵੱਖਰੀ ਹੀ ਅਲਖ = ਲਖਣ ਤੋਂ ਰਹਿਤ ਰੂਪ ਹੈ ਅਤੇ ਗੁਰਾਂ ਦਾ ਬੋਧ = ਗਿਆਨ (ਸਮਝਣਾ) ਵੀ ਅਤਿ = ਬਹੁਤ ਹੀ ਅਗਾਧ = ਡੂੰਘਾ, ਅਥਾਹ ਹੈ। ਗੁਰੂ ਸਾਹਿਬ ਜੀ ਕੇਵਲ ਆਪ ਹੀ ਆਪਣੇ ਬਾਬਤ ਜਾਨਤ = ਜਾਣਦੇ ਹਨ, ਇਸੇ ਕਰਕੇ ਉਨ੍ਹਾਂ ਦਾ ਹੁਣ ਵਰਤਮਾਨ ਸਮੇਂ ਵਿਚ ਵੀ ਨੇਤਿ = ਅੰਤ ਨਹੀਂ ਪਾਇਆ ਜਾ ਸਕਦਾ, ਭੂਤ ਕਾਲ

ਵਿਚ ਵੀ ਨੇਤਿ = ਅੰਤ ਨਹੀਂ ਪਾਇਆ ਜਾ ਸਕਦਾ, ਭਵਿੱਖਤ ਕਾਲ ਵਿਚ ਵੀ ਨੇਤਿ = ਅੰਤ ਨਹੀਂ ਪਾਇਆ ਜਾ ਸਕਦਾ, ਭਾਵ ਇਹੋ ਕਹਿਣਾ ਬਣਦਾ ਹੈ ਕਿ ਗੁਰੂ ਸਾਹਿਬ ਜੀ ਬੇਅੰਤ, ਬੇਅੰਤ, ਬੇਅੰਤ ਹਨ॥੪੦੬॥

ਦੈਤ ਸੁਤ ਭਗਤ ਪ੍ਰਗਟਿ ਪ੍ਰਹਿਲਾਦ ਭਏ;
ਦੇਵ ਸੁਤ ਜਗ ਮੈ ਸਨੀਚਰ ਬਖਾਨੀਐ॥

ਵੇਖੋ! ਹਰਨਾਖਸ ਦੈਤ = ਰਾਖਸ਼ ਦੇ ਘਰ ਪ੍ਰਹਿਲਾਦ ਸੁਤ = ਪੁੱਤਰ ਪ੍ਰਗਟਿ = ਪ੍ਰਸਿੱਧ ਭਗਤ ਪੈਦਾ ਭਏ = ਹੋਇਆ ਤੇ ਸੂਰਜ ਦੇਵ = ਦੇਵਤੇ ਦੇ ਘਰ ਸਨੀਚਰ = ਸ਼ਨੀਦੇਵ ਸੁਤ = ਪੁੱਤਰ ਪੈਦਾ ਹੋਇਆ। ਇਹ ਗੱਲ ਸਾਰੇ ਜਗ = ਸੰਸਾਰ ਵਿਚ ਬਖਾਨੀਐ = ਆਖਣਾ ਕਰੀਦੀ ਹੈ।

ਮਧੁ ਪੁਰ ਬਾਸੀ ਕੰਸ ਅਧਮ ਅਸੁਰ ਭਏ;
ਲੰਕਾ ਬਾਸੀ ਸੇਵਕ ਭਭੀਖਨ ਪਛਾਨੀਐ॥

ਮਧੁ ਪੁਰ = ਮਥੁਰਾ ਪੁਰੀ ਵਿਚ ਬਾਸੀ = ਵੱਸਣ ਵਾਲੇ ਕੰਸ ਵਰਗੇ ਅਧਮ = ਨੀਚ ਅਸੁਰ = ਦੈਂਤ ਪ੍ਰਗਟ ਭਏ = ਹੋਏ ਅਤੇ ਦੈਂਤਾਂ ਦੀ ਨਗਰੀ ਲੰਕਾ ਵਿਚ ਰਹਿਣ ਵਾਲਿਆਂ ਰਾਖਸ਼ਾਂ ਵਿੱਚੋਂ ਰਾਵਣ ਦਾ ਛੋਟਾ ਭਰਾ ਭਭੀਖਨ = ਵਿਭੀਖਨ ਜੀ ਰਾਮ ਚੰਦਰ ਜੀ ਦਾ ਸੇਵਕ = ਦਾਸ ਹੋਇਆ। ਇਹ ਗੱਲ ਸਾਰਾ ਜਹਾਨ ਹੀ ਪਛਾਨੀਐ = ਪਛਾਣਦਾ, ਮੰਨਦਾ ਹੈ।

ਸਾਗਰ ਗੰਭੀਰ ਬਿਖੈ ਬਿਖਿਆ ਪ੍ਰਗਾਸ ਭਈ;
ਅਹਿ ਮਸਤਕਿ ਮਨਿ ਉਦੈ ਉਨਮਾਨੀਐ॥

ਗੰਭੀਰ = ਡੂੰਘੇ ਸਾਗਰ = ਸਮੁੰਦਰ ਬਿਖੈ = ਵਿੱਚੋਂ ਤਾਂ ਬਿਖਿਆ = ਜ਼ਹਿਰ ਪ੍ਰਗਾਸ = ਪ੍ਰਗਟ ਭਈ = ਹੋਈ ਅਤੇ ਅਹਿ = ਸੱਪ ਦੇ ਮਸਤਕਿ = ਮੱਥੇ ਵਿੱਚੋਂ ਮਨਿ = ਮਣੀ ਉਦੈ = ਪ੍ਰਗਟ ਹੋਈ ਉਨਮਾਨੀਐ = ਵਿਚਾਰੀਦੀ ਹੈ।

ਬਰਨ ਸਥਾਨ ਲਘੁ ਦੀਰਘ ਜਤਨ ਕਰੈ;
ਅਕਥ ਕਥਾ ਬਿਨੋਦ ਬਿਸਮ ਨ ਜਾਨੀਐ॥੪੦੭॥

ਚਾਰੇ ਬਰਨ (ਖੱਤਰੀ, ਬ੍ਰਾਹਮਣ, ਸੂਦ, ਵੈਸ) ਤੇ ਚਾਰੇ ਸਥਾਨ = ਆਸ਼ਰਮਾਂ (ਬ੍ਰਹਮਚਾਰੀ, ਗ੍ਰਿਹਸਥੀ, ਬਾਨਪ੍ਰਸਤੀ, ਸੰਨਿਆਸੀ) ਵਿਚ ਲਘੁ = ਛੋਟਿਆਂ ਦੀਰਘ = ਵੱਡਿਆਂ ਦਾ ਜਤਨ = ਉੱਤਮ ਕਰ ਕੇ ਜੋੜ (ਮੇਲ) ਕਰੈ = ਕਰੀਦਾ ਹੈ ਅਰਥਾਤ ਨੀਚਾਂ ਦੇ ਊਚ ਤੇ ਊਚੇ ਦੇ ਘਰ ਨੀਚ ਇਸ ਪ੍ਰਕਾਰ ਦਾ ਜੋੜ ਮੇਲ (ਸਮਾਗਮ) ਵਰਤਦਾ ਵੇਖਣਾ ਕਰੀਦਾ ਹੈ, ਜੋ ਇਸ ਗੱਲ ਦਾ ਜਣਾਇਕ ਹੈ ਕਿ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਕਥਾ = ਵਾਰਤਾ ਅਕਥ = ਕਥਨ ਤੋਂ ਰਹਿਤ ਤੇ ਬਿਨੋਦ = ਅਨੰਦਦਾਇਕ ਤੇ ਬਿਸਮ = ਹੈਰਾਨ ਕਰਨ ਵਾਲੀ ਹੈ ਜੋ ਸ਼ਕਤੀ ਬਿਰਤੀ ਕਰਕੇ ਜਾਨੀਐ = ਜਾਨਣਾ ਨ = ਨਹੀਂ ਕਰੀਦੀ।

ਚਿੰਤਾਮਨਿ ਚਿਤਵਤ ਚਿੰਤਾ ਚਿਤ ਤੇ ਚੁਰਾਈ;
ਅਜੋਨੀ ਅਰਾਧੇ ਜੋਨਿ ਸੰਕਟ ਕਟਾਏ ਹੈ॥

ਚਿੰਤਾਮਨਿ = ਚਿੱਤ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲੇ ਪਰਮੇਸ਼ਰ ਦੇ ਨਾਮ ਨੂੰ ਚਿਤਵਤ = ਚਿਤਾਰਨੇ

ਨਾਲ ਹੀ ਚਿੱਤ ਤੇ = ਤੋਂ ਸਭ ਚਿੰਤਾ = ਚਿੰਤਾਵਾਂ ਚੁਰਾਈ = ਲੁਕਾ, ਦੂਰ ਹੋ ਜਾਂਦੀਆਂ ਹਨ ਤੇ ਅਜੋਨੀ = ਜੂਨਾਂ ਤੋਂ ਰਹਿਤ ਪਰਮੇਸ਼ਰ ਨੂੰ ਅਰਾਧੇ = ਸਿਮਰਨੇ ਕਰਕੇ ਜੋਨਿ = ਜੂਨਾਂ ਵਿਚ ਆਉਣ ਜਾਣ ਦਾ ਸੰਕਟ = ਕਸ਼ਟ ਵੀ ਕਟਾਏ = ਕੱਟਿਆ, ਨਵਿਰਤ ਹੋ ਜਾਂਦਾ ਹੈ।

ਜਪਤ ਅਕਾਲ ਕਾਲ ਕੰਟਕ ਕਲੇਸ ਨਾਸੇ;
ਨਿਰਭੈ ਭਜਨ ਭ੍ਰਮ ਭੈ ਦਲ ਭਜਾਏ ਹੈ॥

ਅਕਾਲ = ਕਾਲ ਤੋਂ ਰਹਿਤ, ਪਰਮੇਸ਼ਰ ਦਾ ਨਾਮ ਜਪਤ = ਜਪਦਿਆਂ ਹੋਇਆਂ ਕਾਲ ਦੇ ਕੰਟਕ = ਕੰਡੇ ਵਾਂਗ ਕਲੇਸ = ਦੁੱਖ ਦੇਣ ਵਾਲੇ ਸਾਰੇ ਦੁੱਖ ਨਾਸੇ = ਭੱਜ ਜਾਂਦੇ ਹਨ **ਵਾ:** ਕੰਟਕ = ਕੰਡੇ ਵਾਂਗ ਕਲੇਸ = ਦੁੱਖ ਦੇਣ ਵਾਲਾ ਕਾਲ = ਯਮਰਾਜ ਨਾਸੇ = ਨੱਸ ਜਾਂਦਾ ਹੈ ਅਤੇ ਨਿਰਭੈ = ਡਰ ਤੋਂ ਰਹਿਤ ਪਰਮੇਸ਼ਰ ਦਾ ਭਜਨ = ਸਿਮਰਨ ਕਰਨ ਨਾਲ ਪੰਜ ਪ੍ਰਕਾਰ ਦਾ ਭ੍ਰਮ = ਭੁਲੇਖਾ, ਸੱਤ ਪ੍ਰਕਾਰ ਦਾ ਭੈ = ਡਰ ਤੇ ਸਮੂਹ ਆਸੁਰੀ ਸੰਪਦਾ ਰੂਪ ਦਲ = ਫ਼ੌਜ ਭਜਾਏ = ਦੌੜ ਜਾਂਦੀ ਹੈ।

ਸਿਮਰਤ ਨਾਥ ਨਿਰਵੈਰ ਬੈਰ ਭਾਉ ਤਿਆਗਿਓ;
ਭਾਗਿਓ ਭੇਦੁ ਖੇਦੁ ਨਿਰਭੇਦ ਗੁਣ ਗਾਏ ਹੈ॥

ਨਿਰਵੈਰ = ਵੈਰ ਤੋਂ ਰਹਿਤ ਨਾਥ = ਮਾਲਕ ਪਰਮੇਸ਼ਰ ਨੂੰ ਸਿਮਰਨੇ ਕਰਕੇ ਅੰਦਰੋਂ ਬੈਰ = ਵਿਰੋਧ ਵਾਲੀ ਭਾਉ = ਭਾਵਨਾ ਤਿਆਗਿਓ = ਛੱਡੀ ਜਾਂਦੀ ਹੈ ਅਤੇ ਨਿਰਭੇਦ = ਭੇਦ ਤੋਂ ਰਹਿਤ, ਇਕ-ਰਸ ਪਰਮੇਸ਼ਰ ਦੇ ਗੁਣ = ਜੱਸ ਨੂੰ ਗਾਏ = ਗਾਉਣੇ ਕਰਕੇ ਭੇਦ = ਫ਼ਰਕ ਦਾ ਖੇਦੁ = ਦੁੱਖ ਵੀ ਭਾਗਿਓ = ਦੌੜ ਜਾਂਦਾ ਹੈ **ਵਾ:** ਅਗਿਆਨ ਤੋਂ ਪੈਦਾ ਹੋਏ ਜੜ੍ਹ ਚੇਤਨ ਆਦਿ ਹਰ ਤਰ੍ਹਾਂ ਦੇ ਭੇਦ = ਵਖਰੇਵੇਂ ਦਾ ਖੇਦੁ = ਦੁੱਖ **ਵਾ:** ਭੇਦ ਤੋਂ ਪੈਦਾ ਹੋਣ ਵਾਲੇ ਖੇਦੁ = ਦੁੱਖ ਵੀ ਸਾਰੇ ਭਾਗਿਓ = ਦੌੜ ਜਾਂਦੇ ਹਨ।

ਅਕੁਲ ਅੰਚਲ ਗਹੇ ਕੁਲ ਨ ਬਿਚਾਰੈ ਕੋਊ;
ਅਟਲ ਸਰਨਿ ਆਵਾਗਵਨ ਮਿਟਾਏ ਹੈ॥੪੦੮॥

ਅਕੁਲ = ਵੰਸ਼ ਤੋਂ ਰਹਿਤ ਪਰਮੇਸ਼ਰ ਦਾ ਅੰਚਲ = ਪੱਲਾ (ਆਸਰਾ) ਗਹੇ = ਪਕੜਿਆਂ ਕੁਲ = ਵੰਸ਼ ਦੀ ਕੋਊ = ਕੋਈ ਵੀ ਬਿਚਾਰੈ = ਵਿਚਾਰ (ਪਰਵਾਹ) ਨਹੀਂ ਕਰਦਾ ਤੇ ਅਟਲ = ਅਬਿਨਾਸੀ ਪਰਮੇਸ਼ਰ ਦੀ ਸਰਨਿ = ਓਟ ਵਿਚ ਆਇਆਂ ਆਵਾਗਵਨ = ਆਉਣਾ ਜਾਣਾ ਮਿਟਾਏ = ਮਿਟ ਜਾਂਦਾ ਹੈ॥੪੦੮॥

ਬਾਛੈ ਨ ਸੁਰਗ ਬਾਸ ਮਾਨੈ ਨ ਨਰਕ ਤ੍ਰਾਸ;
ਆਸਾ ਨ ਕਰਤ ਚਿਤ ਹੋਨਹਾਰ ਹੁਇ ਹੈ॥

ਗੁਰਮੁਖ ਜਨ ਨੂੰ ਨ = ਨਾ ਤਾਂ ਸੁਰਗ = ਸਵਰਗ (ਦੇਵ ਲੋਕ) ਦੇ ਵਿਚ ਬਾਸ = ਨਿਵਾਸ ਕਰਨ ਦੀ ਬਾਛੈ = ਚਾਹਨਾ ਹੈ **ਵਾ:** ਨਾ ਹੀ ਸਵਰਗ ਵਿਚ ਵੱਸਣਾ ਬਾਛੈ = ਚਾਹੁੰਦਾ ਹੈ ਤੇ ਨ = ਨਾ ਹੀ ਨਰਕ ਵਿਚ ਪੈਣ ਦਾ ਤ੍ਰਾਸ = ਡਰ ਮਾਨੈ = ਮੰਨਦਾ ਹੈ ਅਤੇ ਨਾ ਹੀ ਕਿਸੇ ਪਦਾਰਥ ਦੀ ਆਸਾ = ਉਮੀਦ ਕਰਤ = ਕਰਦਾ ਹੈ ਸਗੋਂ ਸਭ ਕੁਝ ਆਪਣੇ ਚਿੱਤ ਵਿਚ ਇਹੋ ਮੰਨਦਾ ਹੈ ਕਿ ਸਭ ਪਰਮੇਸ਼ਰ ਦੇ ਹੋਨਹਾਰ = ਭਾਣੇ ਵਿਚ ਹੁਇ = ਹੁੰਦਾ ਹੈ। ਜੈਸਾ ਕਿ :

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥ *(ਰਾਮਕਲੀ ਭਗਤ ਕਬੀਰ ਜੀ, ਅੰਗ ੯੬੯)*

ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ ॥
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ ॥ *(ਗਉੜੀ ਪੂਰਬੀ ਕਬੀਰ ਜੀ, ਅੰਗ ੩੩੭)*

ਸੰਪਤ ਨ ਹਰਖ, ਬਿਪਤ ਮੈ ਨ ਸੋਗ ਤਾਹਿ;
ਸੁਖ ਦੁਖ ਸਮਸਰਿ ਬਿਹਸ ਨ ਰੋਇ ਹੈ ॥

ਸੰਪਤ = ਸੰਪਦਾ, ਵਿਭੂਤੀ, ਬਹੁਤਾ ਧਨ ਪਦਾਰਥ ਵੇਖ ਕੇ ਹਰਖ = ਖ਼ੁਸ਼ ਨ = ਨਹੀਂ ਹੁੰਦਾ ਤੇ ਤਾਹਿ = ਉਸ ਨੂੰ ਬਿਪਤ = ਸੰਕਟ ਦੇ ਮੈ = ਵਿਚ ਸੋਗ = ਗ਼ਮ ਨ = ਨਹੀਂ ਹੁੰਦਾ, ਇਉਂ ਸੁਖ ਦੁੱਖ ਦੇ ਹਾਲਤਾਂ ਵਿਚ ਸਮਸਰਿ = ਬਰਾਬਰ ਰਹਿੰਦਾ ਹੈ। ਸੁਖ ਪ੍ਰਾਪਤ ਹੋਏ ਤੋਂ ਬਿਹਸ = ਹੱਸਦਾ ਨ = ਨਹੀਂ ਹੈ ਤੇ ਦੁੱਖ ਪ੍ਰਾਪਤ ਹੋਏ ਤੋਂ ਰੋਇ = ਰੋਂਦਾ ਨਹੀਂ ਹੈ। ਜੈਸਾ ਕਿ :

ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ ॥
ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ ॥ *(ਗਉੜੀ ਪੂਰਬੀ ਕਬੀਰ ਜੀ, ਅੰਗ ੩੩੭)*

ਸੁਖ ਦੁਖੁ ਦੋਨੋ ਸਮਸਰਿ ਜਾਨੈ ਅਉਰ ਮਾਨ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗੁ ਤਤੁ ਪਛਾਨਾ ॥ *(ਗਉੜੀ ਮਃ ੯, ਅੰਗ ੨੧੯)*

ਜਨਮ ਜੀਵਨ ਮ੍ਰਿਤ ਮੁਕਤਿ ਨ ਭੇਦ ਖੇਦ;
ਗੰਮਿਤਾ ਤ੍ਰਿਕਾਲ ਬਾਲ ਬੁਧਿ ਅਵਿਲੋਇ ਹੈ ॥

ਜਨਮ = ਜੰਮਣਾ, ਜੀਵਨ = ਜਿਊਣਾ, ਮ੍ਰਿਤ = ਮਰਨਾ ਤੇ ਮੁਕਤ ਹੋਣਾ ਆਦਿ ਇਨ੍ਹਾਂ ਭੇਦ = ਵਖਰੇਵਿਆਂ ਤੋਂ ਉਸ ਨੂੰ ਖੇਦ = ਦੁੱਖ ਨ = ਨਹੀਂ ਹੁੰਦਾ, ਉਸ ਦੀ ਗੰਮਿਤਾ = ਪਹੁੰਚ ਤ੍ਰਿਕਾਲ = ਤਿੰਨਾਂ ਸਮਿਆਂ ਵਿਚ ਹੁੰਦੀ ਹੈ, ਪਰੰਤੂ ਫੇਰ ਵੀ ਆਪਣੇ ਆਪ ਨੂੰ ਬਾਲ = ਬੱਚੇ ਦੀ ਬੁਧਿ = ਅਕਲ ਵਾਂਗ ਅਚੇਤ ਅਵਲੋਇ = ਦਿਖਾਉਂਦਾ ਹੈ।

ਗਿਆਨ ਗੁਰ ਅੰਜਨ ਕੈ ਚੀਨਤ ਨਿਰੰਜਨਹਿ;
ਬਿਰਲੋ ਸੰਸਾਰ ਪ੍ਰੇਮ ਭਗਤਿ ਮੈ ਕੋਇ ਹੈ ॥੪੦੯॥

ਗੁਰਮੁਖ ਜਨ ਗੁਰ = ਸਤਿਗੁਰਾਂ ਦੇ ਉਪਦੇਸ਼ ਦੁਆਰਾ ਪ੍ਰਾਪਤ ਕੀਤੇ ਗਿਆਨ ਰੂਪ ਅੰਜਨ = ਸੁਰਮੇ ਨੂੰ ਆਪਣੇ ਮਨ ਬੁੱਧ ਰੂਪ ਨੇਤਰਾਂ ਕੈ = ਦੇ ਵਿਚ ਪਾ ਕੈ = ਕਰਕੇ ਨਿਰੰਜਨਹਿ = ਮਾਇਆ, ਅਵਿੱਦਿਆ ਰੂਪੀ ਕਾਲਖ ਤੋਂ ਰਹਿਤ ਪਰਮੇਸ਼ਰ ਦੇ ਸਰੂਪ ਨੂੰ ਚੀਨਤ = ਜਾਣ ਲੈਂਦਾ ਹੈ ਪਰੰਤੂ ਇਸ ਤਰ੍ਹਾਂ ਦਾ ਕੋਇ = ਕੋਈ ਬਿਰਲੋ = ਟਾਂਵਾਂ ਹੀ ਭਗਤ, ਗੁਰਮੁਖ ਜਨ ਸੰਸਾਰ = ਜਗਤ ਮੈ = ਵਿਚ ਹੁੰਦਾ ਹੈ **ਵਾ:** ਪ੍ਰੇਮਾ-ਭਗਤੀ ਵਾਲਾ ਕੋਈ ਟਾਂਵਾਂ ਹੀ ਭਗਤ ਹੁੰਦਾ ਹੈ॥੪੦੯॥

ਜੈਸੇ ਤਉ ਮਿਠਾਈ ਰਾਖੀਐ ਛੁਪਾਇ ਜਤਨ ਕੈ;
ਚੀਟੀ ਚਲਿ ਜਾਇ ਚੀਨਿ ਤਾਹਿ ਲਪਟਾਤ ਹੈ ॥

ਜੈਸੇ = ਜਿਸ ਪ੍ਰਕਾਰ ਮਿਠਾਈ = ਮਿੱਠੇ ਵਾਲੇ ਬਰਫ਼ੀ, ਗੁਲਾਬ ਜਾਮੁਨ ਆਦਿ ਪਦਾਰਥ ਭਾਵੇਂ ਕਿਤਨੀ

ਵੀ ਜਤਨ = ਕੋਸ਼ਿਸ਼ ਕੈ = ਕਰ ਕੇ ਛੁਪਾਇ = ਲੁਕਾ ਕੇ ਰਾਖੀਐ = ਰੱਖਣਾ ਕਰੀਏ, ਪਰ ਫੇਰ ਵੀ ਉਥੇ ਚੀਟੀ = ਕੀੜੀ ਚਲਿ = ਤੁਰ ਕੇ ਜਾਇ = ਜਾ ਹੀ ਪਹੁੰਚਦੀ ਹੈ ਤੇ ਤਾਹਿ = ਉਸ ਮਿਠਾਈ ਨੂੰ ਚੀਨਿ = ਪਛਾਣ (ਵੇਖ) ਕੇ ਤਾਹਿ = ਉਸ ਨਾਲ ਲਪਟਾਤ = ਚਿੰਬੜ ਜਾਂਦੀ ਹੈ।

ਦੀਪਕ ਜਗਾਇ ਜੈਸੇ ਰਾਖੀਐ ਦੁਰਾਇ ਗ੍ਰਿਹਿ;
ਪ੍ਰਗਟਿ ਪਤੰਗ ਤਾ ਮੈ ਸਹਜਿ ਸਮਾਤ ਹੈ॥

ਜੈਸੇ = ਜਿਸ ਪ੍ਰਕਾਰ ਦੀਪਕ = ਦੀਵੇ ਨੂੰ ਜਗਾਇ = ਜਗਾ ਕੇ ਗ੍ਰਿਹਿ = ਘਰ ਵਿਚ ਭਾਵੇਂ ਕਿਤਨਾ ਵੀ ਦੁਰਾਇ = ਛੁਪਾ ਕੇ ਰਾਖੀਐ = ਰੱਖਣਾ ਕਰੀਏ ਪਰ ਫੇਰ ਵੀ ਪ੍ਰਗਟਿ = ਪ੍ਰਤੱਖ ਹੀ ਪਤੰਗ = ਪਰਵਾਨੇ ਤਾ = ਉਸ ਮੈ = ਵਿਚ ਸਹਜਿ = ਸੁਤੇ-ਸਿਧ ਸਮਾਤ = ਸਮਾਅ ਹੀ ਜਾਂਦੇ ਹਨ ਭਾਵ ਦੀਵੇ ਦੀ ਲਾਟ ਅੱਗੇ ਆ ਕੇ ਮਰ ਜਾਂਦੇ ਹਨ।

ਜੈਸੇ ਤਉ ਬਿਮਲ ਜਲ ਕਮਲ ਇਕਾਂਤ ਬਸੈ;
ਮਧੁਕਰ ਮਧੁ ਅਚਵਨ ਤਹ ਜਾਤ ਹੈ॥

ਜੈਸੇ = ਜਿਸ ਪ੍ਰਕਾਰ ਫੇਰ ਬਿਮਲ = ਮੈਲ ਤੋਂ ਰਹਿਤ ਜਲ = ਪਾਣੀ ਵਿਚ ਇਕਾਂਤ = ਇਕੱਲਾ ਕਮਲ = ਕੌਲ ਫੁੱਲ ਬਸੈ = ਵੱਸਦਾ ਹੈ, ਪਰੰਤੂ ਫੇਰ ਵੀ ਮਧੁਕਰ = ਭੌਰੇ ਮਕਰੰਦ ਰੂਪ ਮਧੁ = ਮਿੱਠੇ ਰਸ **ਵਾ:** ਮਧੁ = ਸ਼ਹਿਦ ਵਤ ਮਿੱਠੇ ਰਸ ਨੂੰ ਅਚਵਨ = ਛਕਣ ਵਾਸਤੇ ਤਹ = ਉਥੇ ਚਲੇ ਹੀ ਜਾਤ = ਜਾਂਦੇ ਹੈ = ਹਨ।

ਤੈਸੇ ਗੁਰਮੁਖਿ ਜਿਹ ਘਟਿ ਪ੍ਰਗਟਤ ਪ੍ਰੇਮ;
ਸਕਲ ਸੰਸਾਰ ਤਿਹਿ ਦੁਆਰ ਬਿਲਲਾਤਿ ਹੈ॥੪੧੦॥

ਤੈਸੇ = ਉਸੇ ਤਰ੍ਹਾਂ ਹੀ ਜਿਹ = ਜਿਸ ਗੁਰਮੁਖ ਜਨ ਦੇ ਘਟਿ = ਹਿਰਦੇ ਵਿਚ ਗੁਰਾਂ ਦੀ ਪ੍ਰਾਪਤੀ ਦਾ ਪ੍ਰੇਮ = ਸਨੇਹ ਪ੍ਰਗਟਤ = ਉਦੇ ਹੋ ਆਇਆ ਹੈ, ਸਕਲ = ਸਾਰਾ ਸੰਸਾਰ = ਜਗਤ ਤਿਹਿ = ਉਸ ਦੇ ਦੁਆਰ = ਦਰਵਾਜ਼ੇ ਅੱਗੇ ਖੜੋ ਕੇ ਬਿਲਲਾਤਿ = ਵਿਰਲਾਪ ਭਾਵ ਬੇਨਤੀਆਂ ਕਰਦਾ ਹੈ ਭਾਵ ਗੁਰਾਂ, ਪਰਮੇਸ਼ਰ ਦੀ ਕਿਰਪਾ ਦਾ ਨਿਵਾਜਿਆ ਹੋਇਆ ਜਾਣ ਕੇ ਸਾਰੇ ਸੰਸਾਰ ਦੀਆਂ ਮੁਰਾਦਾਂ ਪੂਰੀਆਂ ਕਰਨ ਦਾ ਉਹ ਅਸਥਾਨ ਬਣ ਜਾਂਦਾ ਹੈ॥੪੧੦॥

ਬਾਜਤ ਨੀਸਾਨ ਸੁਨੀਅਤ ਚਹੁੰ ਓਰ ਜੈਸੇ;
ਉਦਤ ਪ੍ਰਧਾਨ ਭਾਨ ਦੁਰੈ ਨ ਦੁਰਾਏ ਸੈ॥

ਜੈਸੇ = ਜਿਸ ਪ੍ਰਕਾਰ ਚਹੁੰ = ਚਾਰੇ ਓਰ = ਪਾਸਿਆਂ ਵੱਲ ਨੀਸਾਨ = ਧੌਂਸਾ (ਨਗਾਰਾ) ਬਾਜਤ = ਵੱਜਦਾ ਸੁਨੀਅਤ = ਸੁਣਦਾ ਹੈ ਅਤੇ ਨੌਂ ਗ੍ਰਹਿਆਂ ਵਿੱਚੋਂ ਪ੍ਰਧਾਨ = ਮੁਖੀ ਭਾਨ = ਸੂਰਜ ਸੈ = ਦੇ ਸਵੇਰੇ ਉਦਤ = ਪ੍ਰਗਟ (ਚੜ੍ਹਿਆ) ਹੋਇਆ ਦੁਰੈ = ਛੁਪਾਇਆਂ ਨ = ਨਹੀਂ ਦੁਰਾਏ = ਛੁਪਿਆ ਕਰਦਾ।

ਦੀਪਕ ਸੈ ਦਾਵਾ ਭਏ ਸਕਲ ਸੰਸਾਰ ਜਾਨੈ;
ਘਟਿਕਾ ਮੈ ਸਿੰਧ ਜੈਸੇ ਛਿਪੈ ਨ ਛਪਾਏ ਸੈ॥

ਦੀਪਕ = ਦੀਵੇ ਦੀ ਦਾਵਾ = ਲਾਟ ਸੈ = ਨਾਲ ਸਾਰਾ ਘਰ ਜਾਂ ਜੰਗਲ ਸੜ ਕੇ ਸੁਆਹ ਭਏ = ਹੋ ਜਾਂਦਾ

ਹੈ। ਇਸ ਗੱਲ ਨੂੰ ਸਕਲ = ਸਾਰਾ ਸੰਸਾਰ = ਜਗਤ ਜਾਨੈ = ਜਾਣਦਾ ਹੈ **ਵਾ:** ਦਾਵਾ = ਬਨਦਗਧ, ਜੰਗਲ ਦੀ ਅੱਗ, ਦਾਵਾਗਨਿ ਸੈ = ਨਾਲ ਦੀਪਕ = ਦੀਵੇ ਤੋਂ ਅਤਿਅੰਤ ਜ਼ਿਆਦਾ ਪ੍ਰਕਾਸ਼ ਹੋ ਜਾਂਦਾ ਹੈ **ਵਾ:** ਦੀਵਾ ਪ੍ਰਕਾਸ਼ ਹੋਇਆ ਕਰਦਾ ਹੈ ਭਾਵ ਜੰਗਲ ਨੂੰ ਲੱਗੀ ਹੋਈ ਅੱਗ ਕਿਸੇ ਤੋਂ ਛੁਪਾਈ ਹੋਈ ਇਉਂ ਛੁਪਦੀ ਨਹੀਂ ਹੈ ਜੈਸੇ = ਜਿਸ ਪ੍ਰਕਾਰ ਘਟਿਕਾ = ਘੜੇ ਮੈ = ਵਿਚ ਸਿੰਧ = ਸਮੁੰਦਰ ਦਾ ਪਾਣੀ ਛਿਪੈ = ਲੁਕਾਇਆ ਹੋਇਆ ਛਪਾਏ = ਲੁਕਦਾ ਨ = ਨਹੀਂ ਹੈ।

ਜੈਸੇ ਚਕ੍ਰਵੈ ਨ ਛਾਨੋ ਰਹਿਤ ਸਿੰਘਾਸਨ ਪੈ;
ਦੇਸ ਮੈ ਦੁਹਾਈ ਫੇਰੇ ਮਿਟੇ ਨ ਮਿਟਾਏ ਸੈ ॥

ਜੈਸੇ = ਜਿਸ ਪ੍ਰਕਾਰ ਚਕ੍ਰਵੈ = ਚੱਕਰਵਰਤੀ ਰਾਜਾ ਰਾਜ ਸਿੰਘਾਸਨ = ਤਖ਼ਤ ਦੇ ਪੈ = ਉੱਪਰ ਬੈਠਾ ਹੋਇਆ ਛਾਨੋ = ਲੁਕਣ ਤੋਂ ਰਹਿਤ = ਬਗ਼ੈਰ ਨ = ਨਹੀਂ ਹੁੰਦਾ ਜਾਂ ਗੁੱਝਾ ਨਹੀਂ ਰਹਿਤ = ਰਹਿ ਸਕਦਾ ਹੈ ਭਾਵੇਂ ਕੋਈ ਦੇਸ ਭਰ ਮੈ = ਵਿਚ ਹੀ ਦੁਹਾਈ = ਉੱਚੀ ਉੱਚੀ ਪੁਕਾਰ ਕਰ ਕੇ ਫੇਰੇ = ਫਿਰਨਾ ਕਰੇ ਜਾਂ ਦੁਹਾਈ ਫੇਰੇ = ਡੰਡ ਪਾਵੇ, ਪਰ ਇਉਂ ਮਿਟੇ = ਮੇਟਣ ਦਾ ਜਤਨ ਕਰ ਕੇ ਮਿਟਾਏ = ਮਿਟਾਉਣ ਨਾਲ ਉਸ ਦਾ ਜੱਸ ਜਾਂ ਉਸ ਦਾ ਰਾਜ ਤਖ਼ਤ ਸੈ = ਉੱਪਰ ਬੈਠੇ ਹੋਣਾ ਇਹ ਮੇਟਿਆ ਨਹੀਂ ਜਾ ਸਕਦਾ।

ਤੈਸੇ ਗੁਰਮੁਖਿ ਪ੍ਰਿਅ ਪ੍ਰੇਮ ਕੋ ਪ੍ਰਗਾਸ ਜਾਸੁ;
ਗੁਪਤ ਨ ਰਹੈ ਮੋਨਿ ਬ੍ਰਿਤ ਉਪਜਾਏ ਸੈ ॥੪੧੧॥

ਤੈਸੇ = ਉਸੇ ਤਰ੍ਹਾਂ ਹੀ ਜਾਸੁ = ਜਿਸ ਗੁਰਮੁਖ ਜਨ ਦੇ ਚਿੱਤ ਵਿਚ ਪ੍ਰਿਅ = ਪਿਆਰੇ ਗੁਰਾਂ, ਪਰਮੇਸ਼ਰ ਕੋ = ਦਾ ਪ੍ਰੇਮ = ਸਨੇਹ ਪ੍ਰਗਾਸ = ਪ੍ਰਕਾਸ਼ ਹੋ ਆਵੇ, ਭਾਵੇਂ ਉਹ ਗੁਰਮੁਖ ਜਨ ਮੋਨਿ = ਚੁੱਪ ਰਹਿਣ ਵਾਲੀ ਬ੍ਰਿਤ = ਬਿਰਤੀ ਸੈ = ਨੂੰ ਉਪਜਾਏ = ਪੈਦਾ ਕਰ ਲਵੇ ਭਾਵ ਚੁੱਪ ਰਹਿਣਾ ਕਰੇ ਪਰ ਫੇਰ ਵੀ ਗੁਪਤੁ = ਲੁਕਿਆ ਹੋਇਆ ਰਹੈ = ਰਹਿ ਨ = ਨਹੀਂ ਸਕਦਾ ॥੪੧੧॥

ਜਉ ਪੈ ਦੇਖਿ ਦੀਪਕ ਪਤੰਗ ਪਛਮ ਨੋ ਤਾਕੈ;
ਜੀਵਨ ਜਨਮੁ ਕੁਲ ਲਾਛਨ ਲਗਾਵਈ ॥

('ਤਾਕੈ' ਕੱਸ ਕੇ ਪੜ੍ਹੋ)

ਜਉ = ਜੇਕਰ ਪਤੰਗ = ਪਰਵਾਨਾ ਦੀਪਕ = ਦੀਵੇ ਨੂੰ ਦੇਖ ਕੇ ਪਛਮ = ਪਿੱਛੇ ਨੋ = ਨੂੰ ਤਾਕੈ = ਤੱਕਣਾ ਕਰੇ ਤਾਂ ਉਹ ਆਪਣੇ ਜੀਵਨ = ਜਿਊਣ ਤੇ ਜਨਮ ਨੂੰ ਤੇ ਆਪਣੀ ਕੁਲ = ਵੰਸ਼ ਨੂੰ ਲਾਛਨ = ਧੱਬਾ (ਕਲੰਕ) ਲਗਾਵਈ = ਲਗਾ ਦਿੰਦਾ ਹੈ।

ਜਉ ਪੈ ਨਾਦ ਬਾਦ ਸੁਨਿ ਮ੍ਰਿਗ ਆਨ ਗਿਆਨ ਰਾਚੈ;
ਪ੍ਰਾਨ ਸੁਖ ਹੁਇ ਸਬਦ ਬੇਧੀ ਨ ਕਹਾਵਈ ॥

ਜਉ = ਜੇਕਰ ਘੰਡਾਹੇੜੇ ਦੇ ਬਾਦ = ਬਾਜੇ ਦੀ ਨਾਦ = ਧੁਨੀ ਨੂੰ ਸੁਨਿ = ਸੁਣ ਕਰਕੇ ਮ੍ਰਿਗ = ਹਿਰਨ ਆਨ = ਹੋਰ ਗਿਆਨ ਜਾਂ ਆਵਾਜ਼ ਵਿਚ ਰਾਚੈ = ਰਚ ਜਾਣਾ ਕਰੇ ਭਾਵ ਕਿ ਕਿਸ ਲਈ ਆਪਣੀ ਜਾਨ ਗਵਾਉਣੀ ਹੈ ਜਾਂ ਦੌੜ ਜਾਵੇ ਤਾਂ ਉਸ ਦੀ ਪ੍ਰਾਨ = ਜਿੰਦ (ਜਾਨ) ਨੂੰ ਤਾਂ ਸੁਖ ਹੁਇ = ਹੁੰਦਾ ਹੈ (ਜਾਨ

ਬਚ ਜਾਂਦੀ ਹੈ) ਪਰੰਤੂ ਘੰਡਾਹੇੜੇ ਦੇ ਸ਼ਬਦ ਨਾਲ ਬੇਧੀ = ਵਿੰਨ੍ਹਿਆ ਜਾਣ ਵਾਲਾ ਨ = ਨਹੀਂ ਕਹਾਵਈ = ਕਹਾਉਂਦਾ।

ਜਉ ਪੈ ਜਲ ਸੈ ਨਿਕਸ ਮੀਨ ਸਰਜੀਵ ਰਹੈ;
ਸਹੈ ਦੁਖ ਦੂਖਿਨ ਬਿਰਹੁ ਬਿਲਖਾਵਈ ॥

ਇਸੇ ਤਰ੍ਹਾਂ ਜਉ = ਜੇਕਰ ਜਲ = ਪਾਣੀ ਸੈ = ਤੋਂ ਬਾਹਰ ਨਿਕਸ = ਨਿਕਲ ਕੇ ਮੀਨ = ਮੱਛੀ ਸਰਜੀਵ = ਜਿਊਂਦੀ ਰਹੈ = ਰਹਿਣਾ ਕਰੇ ਤਾਂ ਉਸ ਨੂੰ ਦੁਖ = ਕਸ਼ਟ ਵੀ ਸਹੈ = ਸਹਾਰਨਾ ਪਵੇਗਾ ਤੇ ਵੰਸ਼ ਨੂੰ ਦੂਖਿਨ = ਕਲੰਕ ਵੀ ਸਹਿਣਾ ਪਵੇਗਾ ਅਤੇ ਬਿਰਹੁ = ਵਿਛੋੜੇ ਵਿਚ ਬਿਲਖਾਵਈ = ਵਿਆਕੁਲ ਹੋਵੇਗੀ **ਵਾ:** ਵਿਛੋੜੇ ਦੇ ਪ੍ਰੇਮ ਕਰਕੇ ਬਿਲਖਾਵਈ = ਵਿਰਲਾਪ ਕਰ ਕੇ ਮਰ ਜਾਂਦੀ ਹੈ।

ਸੇਵਾ ਗੁਰ ਗਿਆਨ ਧਿਆਨ ਤਜੈ, ਭਜੈ ਦੁਬਿਧਾ ਕਉ;
ਸੰਗਤਿ ਮੈ ਗੁਰਮੁਖਿ ਪਦਵੀ ਨ ਪਾਵਈ ॥੪੧੨॥

ਉਸੇ ਪ੍ਰਕਾਰ ਜਿਹੜਾ ਸਿੱਖ ਗੁਰ = ਸਤਿਗੁਰਾਂ ਦੇ ਗਿਆਨ ਧਿਆਨ ਦੀ ਸੇਵਾ = ਟਹਿਲ ਨੂੰ ਤਜੈ = ਛੱਡ ਦੇਵੇ ਤੇ ਦੁਬਿਧਾ = ਦ੍ਵੈਤ ਭਾਉ = ਭਾਵਨਾ ਕਉ = ਨੂੰ ਭਜੈ = ਭਜਨਾ, ਧਾਰਨ ਕਰੇ, ਉਹ ਗੁਰਾਂ ਦੀ ਸੰਗਤ ਮੈ = ਵਿਚ ਗੁਰਮੁਖਾਂ ਵਾਲੇ ਪਦਵੀ = ਰੁਤਬੇ ਨੂੰ ਨ = ਨਹੀਂ ਪਾਵਈ = ਪਾਉਂਦਾ ॥੪੧੨॥

ਜੈਸੇ ਏਕ ਚੀਟੀ ਪਾਛੈ ਕੋਟਿ ਚੀਟੀ ਚਲੀ ਜਾਤਿ;
ਇਕ ਟਕ ਪਗ ਡਗਮਗਿ ਸਾਵਧਾਨ ਹੈ ॥

ਜੈਸੇ = ਜਿਸ ਪ੍ਰਕਾਰ ਏਕ = ਇਕ ਚੀਟੀ = ਕੀੜੀ ਦੇ ਪਾਛੈ = ਮਗਰ ਮਗਰ ਕੋਟਿ = ਕਰੋੜਾਂ ਹੀ ਚੀਟੀ = ਕੀੜੀਆਂ ਚਲੀ = ਤੁਰੀ ਜਾਤਿ = ਜਾਂਦੀਆਂ ਹਨ ਅਤੇ ਇਕ ਟਕ = ਇਕ ਸਾਰ ਭਾਵ ਲਾਈਨ ਵਾਰ ਤੁਰਦੀਆਂ ਹੋਈਆਂ ਆਪਣੇ ਪਗ = ਪੈਰ ਡਗਮਗਿ = ਡੋਲਨੋਂ ਸਾਵਧਾਨ = ਸੁਚੇਤ ਰੱਖਦੀਆਂ ਹਨ।

ਜੈਸੇ ਕੂੰਜ ਪਾਂਤਿ ਭਲੀ ਭਾਂਤਿ ਸਾਂਤਿ ਸਹਜ ਮੈ;
ਉਡਤ ਅਕਾਸ-ਚਾਰੀ ਆਗੈ ਅਗਵਾਨ ਹੈ ॥

ਜੈਸੇ = ਜਿਸ ਪ੍ਰਕਾਰ ਕੂੰਜਾਂ ਦੀ ਪਾਂਤਿ = ਡਾਰ ਭਲੀ = ਚੰਗੀ ਭਾਂਤਿ = ਤਰ੍ਹਾਂ ਸਾਂਤਿ = ਸ਼ਾਂਤੀ ਦੇ ਮੈ = ਵਿਚ ਰਹਿ ਕੇ ਸਹਜ = ਸਹਿਜੇ ਸਹਿਜੇ, ਹੌਲੀ ਹੌਲੀ ਉੱਡਦੀਆਂ ਹਨ ਅਤੇ ਆਗੈ = ਅੱਗੇ ਅਗਵਾਨ = ਆਗੂ ਹੋ ਕੇ ਅਕਾਸ-ਚਾਰੀ = ਅਕਾਸ਼ ਵਿਚ ਚੱਲਣ ਵਾਲੀ ਤੇ ਉਡਤ = ਉੱਡਣ ਵਾਲੀ ਇੱਕੋ ਹੀ ਕੂੰਜ ਹੁੰਦੀ ਹੈ।

ਜੈਸੇ ਮ੍ਰਿਗ-ਮਾਲ ਚਾਲ ਚਲਤ ਟਲਤ ਨਾਹਿ;
ਜਤ੍ਰ ਤਤ੍ਰ ਅਗ੍ਰਭਾਗੀ ਰਮਤ ਤਤ ਧਿਆਨ ਹੈ ॥

ਜੈਸੇ = ਜਿਸ ਪ੍ਰਕਾਰ ਮ੍ਰਿਗ-ਮਾਲ = ਹਿਰਨਾਂ ਦੀ ਡਾਰ ਇੱਕੋ ਚਾਲ ਚਲਤ = ਤੁਰਦੀ ਹੈ, ਉਸ ਤੋਂ

ਟਲਤ = ਟਲਦੀ ਨਾਹਿ = ਨਹੀਂ ਹੈ, ਜੜ੍ ਤੜ੍ = ਜਿਧਰ ਕਿਧਰ ਨੂੰ ਅਗ੍ਭਾਗੀ = ਅੱਗੇ ਜਾਣ ਵਾਲਾ ਹਿਰਨ ਗਮਤ = ਗਮਣਾ, ਜਾਣਾ ਕਰਦਾ ਹੈ ਤਤ = ਉਸੇ ਪਾਸੇ ਵੱਲ ਸਭਨਾਂ ਦਾ ਧਿਆਨ = ਖ਼ਿਆਲ ਜਾਂਦਾ ਹੈ।

ਚੀਟੀ ਖਗ ਮ੍ਰਿਗ ਸਨਮੁਖ ਪਾਛੇ ਲਾਗੇ ਜਾਹਿ;
ਪ੍ਰਾਨੀ ਗੁਰ ਪੰਥ ਛਾਡਿ ਚਲਿਤ ਅਗਿਆਨ ਹੈ ॥੪੧੩॥

ਚੀਟੀ = ਕੀੜੀ, ਕੂੰਜ ਆਦਿ ਖਗ = ਪੰਛੀ, ਮ੍ਰਿਗ = ਹਿਰਨ ਆਦਿ ਆਪਣੇ ਸਨਮੁਖ = ਸਾਹਮਣੇ ਜਾਣ ਵਾਲੇ ਆਗੂ ਦੇ ਪਾਛੇ = ਪਿੱਛੇ ਲਾਗੇ = ਲੱਗ ਕੇ ਤੁਰੇ ਜਾਹਿ = ਜਾਂਦੇ ਹਨ ਅਤੇ ਜੋ ਪ੍ਰਾਨੀ = ਜੀਵ ਗੁਰ = ਸਤਿਗੁਰਾਂ ਦੇ ਸਿੱਖੀ, ਭਗਤੀ ਰੂਪ ਪੰਥ = ਰਸਤੇ ਨੂੰ ਛਾਡਿ = ਤਿਆਗ ਕੇ ਚਲਿਤ = ਚੱਲਦਾ ਹੈ, ਉਹ ਅਤਿਅੰਤ ਅਗਿਆਨ = ਬੇਸਮਝ ਹੈ ॥੪੧੩॥

ਜੈਸੇ ਪ੍ਰਿਅ ਸੰਗਮ ਸੁਜਸੁ ਨਾਇਕਾ ਬਖਾਨੈ;
ਸੁਨਿ ਸੁਨਿ ਸਜਨੀ ਸਗਲ ਬਿਗਸਾਤ ਹੈ ॥

ਜੈਸੇ = ਜਿਸ ਪ੍ਰਕਾਰ ਨਾਇਕਾ = ਇਸਤਰੀ ਆਪਣੇ ਪ੍ਰਿਅ = ਪਿਆਰੇ ਪਤੀ ਦੇ ਸੰਗਮ = ਮਿਲਾਪ ਦਾ ਸੁਜਸੁ = ਸ੍ਰੇਸ਼ਟ ਜਸ ਆਪਣੀਆਂ ਸਹੇਲੀਆਂ ਨੂੰ ਬਖਾਨੈ = ਕਥਨ ਕਰ ਕੇ ਦੱਸਦੀ ਹੈ ਤੇ ਉਸ ਦੀਆਂ ਸਗਲ = ਸਾਰੀਆਂ ਸਜਨੀ = ਸਹੇਲੀਆਂ ਸੁਣ ਸੁਣ ਕੇ ਬਿਗਸਾਤ = ਪ੍ਰਸੰਨ ਹੁੰਦੀਆਂ ਹੈ = ਹਨ।

ਸਿਮਰਿ ਸਿਮਰਿ ਪ੍ਰਿਅ ਪ੍ਰੇਮ ਰਸ ਬਿਸਮ ਹੁਇ;
ਸੋਭਾ ਦੇਤ ਮੋਨਿ ਗਹੇ ਮਨਿ ਮੁਸਕਾਤ ਹੈ ॥

ਜਦ ਆਪਣੇ ਪ੍ਰਿਅ = ਪਿਆਰੇ ਪਤੀ ਦੇ ਪ੍ਰੇਮ = ਸਨੇਹ ਭਰੇ ਰਸ = ਸੁਆਦ ਭਾਵ ਹੁਲਾਸ ਭਰੇ ਤੇ ਪ੍ਰੇਮ ਕ੍ਰੀੜਾ ਦੇ ਬਚਨ ਬਿਲਾਸ ਨੂੰ ਸਿਮਰਿ ਸਿਮਰਿ = ਚਿਤਾਰ ਚਿਤਾਰ ਕਰਕੇ ਮਸਤੀ ਦੇ ਸਹਿਤ ਬਿਸਮ = ਹੈਰਾਨ ਹੁਇ = ਹੁੰਦੀ ਹੈ ਤਦ ਮੋਨਿ = ਚੁੱਪ ਨੂੰ ਗਹੇ = ਗ੍ਰਹਿਣ, ਧਾਰਨ ਕਰੀ ਰੱਖਦੀ ਹੈ ਤੇ ਮਨਿ = ਚਿੱਤ ਵਿਚ ਮੁਸਕਾਤ = ਖਿੜਾਅ ਦੇ ਸਹਿਤ ਹੁੰਦੀ ਹੈ ਤੇ ਚਿਹਰਾ ਸੋਭਾ = ਉਪਮਾ ਦੇਤ = ਦੇ ਰਿਹਾ ਹੈ ਭਾਵ ਸੋਭਾ ਸਹਿਤ ਦਿਸ ਰਿਹਾ ਹੈ।

ਪੂਰਨ ਅਧਾਨ ਪ੍ਰਸੂਤ ਸਮੈ ਰੁਦਨ ਸੈ;
ਗੁਰ ਜਨ ਮੁਦਿਤ ਹੁਇ ਤਾਹੀ ਲਪਟਾਤ ਹੈ ॥

ਅਧਾਨ = ਗਰਭ ਵਿਚ ਪਲ ਰਹੇ ਬੱਚੇ ਦੇ ਪੂਰਨ = ਪੂਰੇ ਦਿਨ ਹੋਣ 'ਤੇ ਜਦ ਪ੍ਰਸੂਤ = ਪ੍ਰਸੂਤਾ ਹੋਣ ਸਮੈ = ਵਕਤ ਇਸਤਰੀ ਰੁਦਨ = ਰੋਣਾ ਕਰਦੀ ਹੈ ਤੇ ਉਸ ਦੇ ਰੋਣ ਸੈ = ਤੋਂ ਵੀ ਗੁਰ = ਵੱਡੇ ਜਨ = ਪੁਰਖ ਭਾਵ ਵੱਡੇ ਵਡੇਰੇ ਘਰ ਦੇ ਮਾਈ ਭਾਈ ਲੋਕ ਮੁਦਿਤ = ਪ੍ਰਸੰਨ ਹੁਇ = ਹੁੰਦੇ ਹਨ ਭਾਵ ਉਸ ਦਾ ਰੋਣਾ ਵੀ ਸਭਨਾਂ ਨੂੰ ਚੰਗਾ ਲੱਗਦਾ ਹੈ ਤੇ ਉਸ ਪਤੀ ਦੁਆਰਾ ਇਤਨੇ ਕਸ਼ਟ ਮਿਲੇ ਫਿਰ ਵੀ ਉਸ ਨੂੰ ਭੁਲਾ ਕੇ ਫੇਰ ਤਾਹੀ = ਉਸੇ ਪਤੀ ਨੂੰ ਹੀ ਲਪਟਾਤ = ਲਿਪਟੀ ਰਹਿੰਦੀ ਹੈ ਭਾਵ ਉਸੇ ਨੂੰ ਪਿਆਰ ਕਰਦੀ ਹੈ।

ਤੈਸੇ ਗੁਰਮੁਖਿ ਪ੍ਰੇਮ ਭਗਤਿ ਪ੍ਰਗਾਸੁ ਜਾਸੁ;
ਬੋਲਤ ਬੈਰਾਗ ਮੋਨਿ ਸਬਹੁ ਸੁਹਾਤ ਹੈ॥੪੧੪॥

ਤੈਸੇ = ਉਸੇ ਪ੍ਰਕਾਰ ਜਾਸੁ = ਜਿਸ ਗੁਰਮੁਖ ਜਨ ਦੇ ਚਿੱਤ ਵਿਚ ਗੁਰ-ਉਪਦੇਸ਼ ਦੁਆਰਾ ਪ੍ਰੇਮਾ ਭਗਤਿ = ਭਗਤੀ ਦਾ ਪ੍ਰਗਾਸ = ਪ੍ਰਕਾਸ਼ ਹੋਇਆ ਹੈ, ਉਹ ਭਾਵੇਂ ਬੈਰਾਗ = ਵੈਰਾਗਮਈ ਬਚਨ ਬੋਲਤ = ਬੋਲੇ, ਭਾਵੇਂ ਮੋਨਿ = ਚੁੱਪ ਕਰ ਕੇ ਰਹੇ, ਸਬਹੁ = ਸਾਰਿਆਂ ਨੂੰ ਸੁਹਾਤ = ਚੰਗਾ ਲੱਗਦਾ ਹੈ।

ਜੈਸੇ ਕਾਛੀ ਫਲ ਹੇਤ ਬਿਬਿਧ ਬਿਰਖ ਰੋਪੈ;
ਨਿਹਫਲ ਰਹੈ ਬਿਰਖੈ ਨ ਕਾਹੂ ਕਾਜ ਹੈ॥

ਜੈਸੇ = ਜਿਸ ਪ੍ਰਕਾਰ ਕਾਛੀ = ਮਾਲੀ ਫਲ ਦੀ ਪ੍ਰਾਪਤੀ ਹੇਤ = ਵਾਸਤੇ ਬਿਬਿਧ = ਅਨੇਕ ਪ੍ਰਕਾਰ ਦੇ ਬਿਰਖ = ਬ੍ਰਿਛਾਂ ਨੂੰ ਪਾਣੀ ਦੇ ਕੇ ਰੋਪੈ = ਕਾਇਮ, ਖੜੇ ਕਰਦਾ ਹੈ ਪਰੰਤੂ ਜਿਹੜਾ ਬਿਰਖੈ = ਬ੍ਰਿਛ ਨਿਹਫਲ = ਫਲ ਤੋਂ ਰਹਿਤ ਰਹੈ = ਰਹਿੰਦਾ ਹੈ, ਉਹ ਕਾਹੂ = ਕਿਸੇ ਕਾਜ = ਕੰਮ ਦਾ ਨ = ਨਹੀਂ ਹੁੰਦਾ ਹੈ।

ਸੰਤਤਿ ਨਿਮਿਤ ਨ੍ਰਿਪ ਅਨਿਕ ਬਿਵਾਹ ਕਰੈ;
ਸੰਤਤਿ ਬਿਹੂਨ ਬਨਿਤਾ ਨ ਗ੍ਰਿਹਿ ਛਾਜ ਹੈ॥

ਜਿਸ ਤਰ੍ਹਾਂ ਨ੍ਰਿਪ = ਰਾਜਾ ਸੰਤਤਿ = ਔਲਾਦ ਦੀ ਪ੍ਰਾਪਤੀ ਨਿਮਿਤ = ਵਾਸਤੇ ਅਨਿਕ = ਅਨੰਤ ਬਿਵਾਹ = ਵਿਆਹ ਕਰੈ = ਕਰਦਾ ਹੈ ਕਿਉਂਕਿ ਸੰਤਤਿ = ਸੰਤਾਨ ਤੋਂ ਬਿਹੂਨ = ਬਗ਼ੈਰ ਬਨਿਤਾ = ਇਸਤਰੀ ਰਾਜ ਦੇ ਗ੍ਰਿਹਿ = ਘਰ ਵਿਚ ਛਾਜ = ਸ਼ੋਭਾ ਨ = ਨਹੀਂ ਪਾ ਸਕਦੀ ਹੈ।

ਬਿਦਿਆ ਦਾਨ ਜਾਨ ਜੈਸੇ ਪਾਂਧਾ ਚਟਸਾਰ ਜੋਰੈ;
ਬਿਦਿਆ ਹੀਨ ਦੀਨ ਖਲ ਨਾਮ ਉਪਰਾਜ ਹੈ॥

ਜੈਸੇ = ਜਿਸ ਪ੍ਰਕਾਰ ਪਾਂਧਾ = ਪੜ੍ਹਾਉਣ ਵਾਲਾ ਅਧਿਆਪਕ ਵਿੱਦਿਆ ਦਾਨ ਕਰਨੀ ਸ੍ਰੇਸ਼ਟ ਜਾਨ = ਜਾਣ ਕਰਕੇ ਚਟਸਾਰ = ਪਾਠਸ਼ਾਲਾ ਨੂੰ ਜੋਰੈ = ਜੋੜਦਾ ਹੈ ਭਾਵ ਬੱਚਿਆਂ ਨੂੰ ਇਕੱਠੇ ਕਰ ਕੇ ਪੜ੍ਹਾਉਣਾ ਸ਼ੁਰੂ ਕਰਦਾ ਹੈ ਤੇ ਜਿਹੜਾ ਵਿਦਿਆਰਥੀ ਵਿੱਦਿਆ ਤੋਂ ਹੀਨ = ਰਹਿਤ (ਹੀਣਾ) ਰਹਿ ਜਾਂਦਾ ਹੈ, ਉਸ ਦਾ ਨਾਮ ਦੀਨ = ਦਲਿੱਦਰੀ, ਗ਼ਰੀਬ ਤੇ ਖਲ = ਮੂਰਖ ਨਾਮ ਉਪਰਾਜ = ਪੈਦਾ, ਧਰਿਆ ਜਾਂਦਾ ਹੈ, ਇਸ ਵਿਚ ਪੜ੍ਹਾਉਣ ਵਾਲੇ ਤੇ ਪਾਠਸ਼ਾਲਾ ਦਾ ਕੋਈ ਦੋਸ਼ ਨਹੀਂ ਹੁੰਦਾ।

ਸਤਿਗੁਰ ਸਿਖ ਸਾਖਾ ਸੰਗ੍ਰਹੈ ਸੁਗਿਆਨ ਨਿਮਿਤ;
ਬਿਨੁ ਗੁਰ ਗਿਆਨ ਧ੍ਰਿਗ ਜਨਮ ਕਉ ਲਾਜ ਹੈ॥੪੧੫॥

ਇਸੇ ਪ੍ਰਕਾਰ ਸਤਿਗੁਰ = ਸੱਚੇ ਗੁਰੂ ਸਾਹਿਬ ਜੀ ਸਿੱਖ ਦੀਆਂ ਸਾਰੀ ਸਾਖਾ = ਸ਼ਾਖ਼ਾਵਾਂ ਭਾਵ ਸਿੱਖ ਸੰਗਤਾਂ (ਸਿੱਖ ਸੰਪ੍ਰਦਾਵਾਂ) ਨੂੰ ਸੁਗਿਆਨ = ਸ੍ਰੇਸ਼ਟ ਗਿਆਨ ਦੇਣ ਨਿਮਿਤ = ਵਾਸਤੇ ਸੰਗ੍ਰਹੈ = ਇਕੱਤਰ ਕਰਦੇ ਹਨ, ਜੋ ਗੁਰ = ਸਤਿਗੁਰਾਂ ਦੇ ਗਿਆਨ ਤੋਂ ਬਿਨੁ = ਬਗ਼ੈਰ ਰਹਿੰਦਾ ਹੈ, ਉਸ ਦੇ ਜਨਮ ਕਉ = ਨੂੰ ਧ੍ਰਿਗ = ਧ੍ਰਿਕਾਰ ਤੇ ਲਾਜ = ਸ਼ਰਮ ਹੈ॥੪੧੫॥

ਸੁਰਸਰੀ ਸੁਰਸਤੀ ਜਮੁਨਾ ਗੋਦਾਵਰੀ;
ਗਇਆ ਪ੍ਰਾਗ ਸੇਤੁ ਕੁਰਖੇਤ ਮਾਨਸਰ ਹੈ॥

ਸੁਰਸਰੀ = ਗੰਗਾ, ਸੁਰਸਤੀ = ਸਰਸ੍ਵਤੀ, ਜਮੁਨਾ ਤੇ ਗੋਦਾਵਰੀ ਆਦਿ ਤੀਰਥ ਰੂਪ ਨਦੀਆਂ ਅਤੇ ਗਇਆ = ਗਯਾ, ਪ੍ਰਾਗ = ਪ੍ਰਯਾਗ ਰਾਜ, ਸੇਤੁ = ਰਾਮੇਸ਼੍ਵਰ, ਕੁਰਖੇਤ = ਕੁਰਖੇਤਰ ਤੇ ਮਾਨਸਰ = ਮਾਨਸਰੋਵਰ ਆਦਿ ਜੋ ਹਨ।

ਕਾਂਸੀ ਕਾਂਤੀ ਦੁਆਰਾਵਤੀ ਮਾਇਆ ਮਥੁਰਾ ਅਜੁਧਿਆ;
ਗੋਮਤੀ ਆਵੰਤਕਾ ਕੇਦਾਰ ਹਿਮਧਰ ਹੈ॥

ਕਾਂਸੀ = ਸ਼ਿਵਪੁਰੀ, ਕਾਂਤੀ = ਕਾਂਸ਼ੀਪੁਰ, ਦੁਆਰਾਵਤੀ = ਦੁਆਰਕਾ ਨਾਥ, ਮਾਇਆਪੁਰੀ, ਮਥੁਰਾ = ਕ੍ਰਿਸ਼ਨਪੁਰੀ, ਅਜੁਧਿਆ = ਸ੍ਰੀ ਰਾਮ ਚੰਦਰ ਜੀ ਦੀ ਜਨਮ ਭੂਮੀ (ਅਯੁੱਧਿਆ), ਗੋਮਤੀ ਤੀਰਥ, ਆਵੰਤਕਾ[1] ਤੀਰਥ, ਕੇਦਾਰ ਨਾਥ ਤੀਰਥ, ਹਿਮਧਰ = ਹਿਮਾਲਿਆ ਪਰਬਤ ਭਾਵ ਬਦਰੀ ਨਾਥ ਆਦਿ ਤੀਰਥ ਆਦਿ ਜੋ ਵੀ ਹਨ।

ਨਰਬਦਾ ਬਿਬਿਧ ਬਨ ਦੇਵ-ਸਥਲ ਕਵਲਾਸ;
ਨੀਲ ਮੰਦਰਾਚਲ ਸੁਮੇਰ ਗਿਰਵਰ ਹੈ॥

ਨਰਬਦਾ = ਨਰਮਦਾ ਨਦੀ, ਬਿਬਿਧ = ਅਨੇਕ ਤਰ੍ਹਾਂ ਦੇ ਦੇਵ = ਦੇਵਤਿਆਂ ਦੇ ਬਨ **ਵਾ:** ਬਨ ਰੂਪ ਤੀਰਥ ਜਾਂ ਦੇਵ ਮੰਦਰ, ਦੇਵ-ਸਥਲ = ਦੇਵਤਿਆਂ ਦੇ ਰਹਿਣ ਵਾਲਾ ਥਾਂ, ਕਵਲਾਸ = ਕੈਲਾਸ਼ ਪਰਬਤ, ਨੀਲ ਪਰਬਤ, ਮੰਦਰਾਚਲ ਪਰਬਤ, ਸੁਮੇਰ ਪਰਬਤ, ਗਿਰਵਰ = ਹਿੰਗਲਾਜ ਪਰਬਤ[2] **ਵਾ:** (ਗਿਰ + ਵਰ) ਹੋਰ ਵਰ = ਸ੍ਰੇਸ਼ਟ ਗਿਰ = ਪਰਬਤ ਆਦਿ ਜੋ ਵੀ ਹਨ।

ਤੀਰਥ ਅਰਥ ਸਤ ਧਰਮ ਦਇਆ ਸੰਤੋਖ;
ਸ੍ਰੀ ਗੁਰ ਚਰਨ ਰਜ ਤੁਲ ਨ ਸਗਰ ਹੈ॥੪੧੬॥

ਜਿਤਨੇ ਵੀ ਉਪਰੋਕਤ ਤੀਰਥ ਹਨ, ਅਰਥ = ਧਨ ਪਦਾਰਥ, ਸਤ = ਸੱਚ ਬੋਲਣ ਵਾਲੇ, ਧਰਮ = ਪੁੰਨ ਕਰਮ ਕਰਨ ਵਾਲੇ, ਦਇਆ = ਤਰਸ ਕਰਨ ਵਾਲੇ, ਸੰਤੋਖ = ਸਬਰ ਰੱਖਣ ਵਾਲੇ ਆਦਿ ਇਹ ਸਗਰ = ਸਾਰੇ ਹੀ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਚਰਨਾਂ ਕਮਲਾਂ ਦੀ ਰਜ = ਧੂੜੀ ਦੇ ਤੁਲ = ਬਰਾਬਰ ਨ = ਨਹੀਂ ਪਹੁੰਚ ਸਕਦੇ ਹੈ = ਹਨ॥੪੧੬॥

---

੧. ਆਵੰਤਕਾ = ਮੱਧ ਭਾਰਤ ਵਿਚ ਅਵੰਤੀ (ਸ਼ਿਪਰਾ) ਨਦੀ ਦੇ ਕਿਨਾਰੇ ਗਵਾਲੀਅਰ ਦੇ ਰਾਜ ਵਿਚ ਇਕ ਨਗਰੀ ਹੈ, ਜਿਸ ਦਾ ਨਾਮ ਵਿਸ਼ਾਲਾ ਤੇ ਉਜੈਨ ਹੈ, ਇਸ ਦੀ ਗਿਣਤੀ ਹਿੰਦੂਆਂ ਦੀਆਂ ਸੱਤ ਪੁਰੀਆਂ ਵਿਚ ਹੈ।

੨. ਉਹ ਅਸਥਾਨ ਜਿਥੇ ਸਤੀ ਦੇਵੀ ਦਾ ਤਾਲੂਆ ਡਿੱਗਿਆ ਹੈ, ਹਿੰਗੋਲ ਨਦੀ ਦੇ ਕੰਢੇ ਲਾਸਾਬੇਲਾ ਰਾਜ ਅੰਦਰ ਇਕ ਦੇਵੀ ਦਾ ਮੰਦਰ, ਜੋ ਮੇਕਰਾਨ ਸਾਹਿਲ ਉੱਤੇ ਹਿੰਗੂਲਾ ਪਰਬਤ ਦੇ ਸਿਰੇ 'ਤੇ ਹੈ।

ਜੈਸੇ ਕੁਆਰ ਕੰਨਿਆ ਮਿਲਿ ਖੇਲਤ ਅਨੇਕ ਸਖੀ;
ਸਗਲ ਕੋ ਏਕੈ ਦਿਨ ਹੋਤ ਨ ਬਿਵਾਹ ਜੀ ॥

ਹੇ ਪਿਆਰੇ ਜੀ! ਜੈਸੇ = ਜਿਸ ਪ੍ਰਕਾਰ ਅਨੇਕ = ਅਨੰਤ ਕੁਆਰੀਆਂ ਕੰਨਿਆ = ਲੜਕੀਆਂ ਸਖੀ = ਸਹੇਲੀਆਂ ਬਣ ਕੇ ਆਪਸ ਵਿਚਦੀ ਮਿਲਿ = ਰਲ ਕੇ ਖੇਲਤ = ਖੇਡਣਾ ਕਰਦੀਆਂ ਹਨ, ਪਰੰਤੂ ਸਗਲ = ਸਾਰੀਆਂ ਕੋ = ਦਾ ਏਕੈ = ਇੱਕੋ ਦਿਨ ਇਕੱਠੀਆਂ ਦਾ ਬਿਵਾਹ = ਵਿਆਹ ਨ = ਨਹੀਂ ਹੋਤ = ਹੁੰਦਾ।

ਜੈਸੇ ਬੀਰ ਖੇਤ ਬਿਖੈ ਜਾਤ ਹੈ ਸੁਭਟ ਜੇਤੇ;
ਸਬੈ ਨ ਮਰਤ ਤੇਤੇ ਸਸਤ੍ਰਨ ਸਨਾਹ ਜੀ ॥

ਹੇ ਪਿਆਰੇ ਜੀ! ਜੈਸੇ = ਜਿਸ ਪ੍ਰਕਾਰ ਜੇਤੇ = ਜਿਤਨੇ ਵੀ ਸੁਭਟ = ਸੂਰਮੇ ਤੇ ਬੀਰ = ਬਹਾਦਰ ਯੁੱਧ ਖੇਤ = ਭੂਮੀ ਬਿਖੈ = ਵਿਚ ਜਾਤ = ਜਾਂਦੇ ਹੈ = ਹਨ ਤੇ ਸਨਾਹ = ਸੰਜੋਅ ਆਦਿ ਸ਼ਸਤਰਾਂ ਨਾਲ ਤਿਆਰ-ਬਰ-ਤਿਆਰ ਹੋ ਕੇ ਜਾਂਦੇ ਹਨ, ਤੇਤੇ = ਉਹ ਸਬੈ = ਸਾਰੇ ਇੱਕੋ ਵਾਰ ਮਰਤ = ਮਰਦੇ ਨ = ਨਹੀਂ ਹਨ।

ਬਾਵਨ ਸਮੀਪ ਜੈਸੇ ਬਿਬਿਧਿ ਬਨਾਸਪਤੀ;
ਏਕੈ ਬੇਰ ਚੰਦਨ ਕਰਤ ਹੈ ਨ ਤਾਹਿ ਜੀ ॥

ਹੇ ਪਿਆਰੇ ਜੀ! ਜੈਸੇ = ਜਿਸ ਪ੍ਰਕਾਰ ਬਾਵਨ = ਬਵੰਜਾ ਉਂਗਲ ਦੇ ਚੰਦਨ ਦੇ ਸਮੀਪ = ਨੇੜੇ ਬਿਬਿਧਿ = ਅਨੇਕ ਪ੍ਰਕਾਰ ਦੀ ਬਨਾਸਪਤੀ ਹੁੰਦੀ ਹੈ, ਪਰੰਤੂ ਏਕੈ = ਇੱਕੋ ਬੇਰ = ਵਾਰ ਹੀ ਤਾਹਿ = ਉਹ ਸਾਰੀ ਦੀ ਸਾਰੀ ਬਨਾਸਪਤੀ ਨੂੰ ਚੰਦਨ ਨ = ਨਹੀਂ ਬਣਾ ਲਿਆ ਕਰਤ = ਕਰਦਾ ਹੈ ਅਰਥਾਤ ਜੋ ਜੋ ਚੰਦਨ ਦੀ ਸੁਗੰਧ ਭਰੀ ਹਵਾ ਦੇ ਸਪਰਸ਼ ਨੂੰ ਛੂਹਣਾ ਕਰੇ, ਕੇਵਲ ਉਹੀ ਉਸ ਦੇ ਰੂਪ ਵਾਲੇ ਚੰਦਨ ਹੁੰਦੇ ਹਨ।

ਤੈਸੇ ਗੁਰ ਚਰਨ ਸਰਨਿ ਜਾਤੁ ਹੈ ਜਗਤੁ;
ਜੀਵਨ ਮੁਕਤਿ ਪਦ ਚਾਹਤ ਹੈ ਜਾਹਿ ਜੀ ॥੪੧੭॥

ਹੇ ਪਿਆਰੇ ਜੀ! ਤੈਸੇ = ਉਸੇ ਪ੍ਰਕਾਰ ਹੀ ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਭਾਵੇਂ ਸਾਰਾ ਜਗਤ = ਸੰਸਾਰ ਚੱਲ ਕੇ ਜਾਤ = ਜਾਂਦਾ ਹੈ, ਪਰੰਤੂ ਜੀਵਨ = ਜੀਊਂਦਿਆਂ ਮੁਕਤਿ = ਮੁਕਤੀ ਰੂਪ ਪਦ = ਪਦਵੀ ਉਸ ਨੂੰ ਮਿਲਦੀ ਹੈ, ਜਾਹਿ = ਜਿਸ ਨੂੰ ਗੁਰੂ ਸਾਹਿਬ ਜੀ ਚਾਹਤ = ਚਾਹੁੰਦੇ ਹੈ = ਹਨ ਭਾਵ ਜਿਹੜਾ ਸਿੱਖੀ ਸਿਦਕ ਵਾਲਾ ਗੁਰੂ ਦੇ ਮਨ ਨੂੰ ਭਾਉਂਦਾ ਹੈ॥੪੧੭॥

ਜੈਸੇ ਗੁਆਰ ਗਾਇਨ ਚਰਾਵਤ ਜਤਨ ਬਨ;
ਖੇਤ ਨ ਪਰਤ ਸਬੈ ਚਰਤ ਅਘਾਇ ਕੈ ॥

ਜੈਸੇ = ਜਿਸ ਪ੍ਰਕਾਰ ਗੁਆਰ = ਗੁਆਲਾ ਗਾਇਨ = ਗਾਵਾਂ ਨੂੰ ਅਨੇਕਾਂ ਜਤਨ ਕਰ ਕੇ ਬਨ = ਜੰਗਲ ਵਿਚ ਚਰਾਵਤ = ਚਰਾਉਂਦਾ ਹੈ ਕਿ ਕਿਸੇ ਦੀ ਖੇਤ = ਜ਼ਮੀਨ ਵਿਚ ਨ = ਨਾ ਪਰਤ = ਪੈਣ, ਇਉਂ ਬਾਹਰੋਂ ਸਬੈ = ਸਾਰੀਆਂ ਗਾਵਾਂ ਘਾਹ ਨੂੰ ਚਰਤ = ਚਰ (ਖਾ) ਕੇ ਅਘਾਇ = ਰੱਜ ਜਾਣਾ ਕੈ = ਕਰਦੀਆਂ ਹਨ।

ਜੈਸੇ ਰਾਜਾ ਧਰਮ ਸਰੂਪ ਰਾਜਨੀਤਿ ਬਿਖੈ;
ਤਾ ਕੇ ਦੇਸ ਪਰਜਾ ਬਸਤ ਸੁਖ ਪਾਇ ਕੈ ॥

ਜੈਸੇ = ਜਿਸ ਪ੍ਰਕਾਰ ਰਾਜਾ ਰਾਜਨੀਤੀ ਬਿਖੈ = ਵਿਚ ਧਰਮ ਸਰੂਪੀ ਭਾਵ ਨਿਆਂਕਾਰੀ ਰਹੇ ਤਾਂ ਤਾ = ਉਸ ਕੈ = ਦੇ ਦੇਸ਼ ਵਿਚ ਪਰਜਾ ਸੁਖ = ਅਨੰਦ ਪਾਇ = ਪਾ ਕੈ = ਕਰਕੇ ਬਸਤ = ਵੱਸਦੀ ਹੈ।

ਜੈਸੇ ਹੋਤ ਖੇਵਟ ਚੇਤੰਨਿ ਸਾਵਧਾਨ ਜਾ ਮੈ;
ਲਾਗੈ ਨਿਰਬਿਘਨ ਬੋਹਿਥ ਪਾਰਿ ਜਾਇ ਕੈ ॥

ਜੈਸੇ = ਜਿਸ ਪ੍ਰਕਾਰ ਜਾ = ਜਿਸ ਜਹਾਜ਼ ਮੈ = ਵਿਚ ਖੇਵਟ = ਮਲਾਹ ਚੇਤੰਨਿ = ਚੁਸਤ ਤੇ ਸਾਵਧਾਨ = ਸੁਚੇਤ ਹੋਤ = ਹੁੰਦਾ ਹੈ, ਉਹ ਬੋਹਿਥ = ਜਹਾਜ਼ ਨਿਰਬਿਘਨ = ਰੁਕਾਵਟ ਤੋਂ ਬਗ਼ੈਰ ਪਾਰਿ = ਪਰਲੇ ਕਿਨਾਰੇ 'ਤੇ ਜਾਇ = ਜਾ ਲਾਗੈ = ਲੱਗਣਾ ਕੈ = ਕਰਦਾ ਹੈ।

ਤੈਸੇ ਗੁਰ ਉਨਮਨ ਮਗਨ ਬ੍ਰਹਮ ਜੋਤ;
ਜੀਵਨ ਮੁਕਤਿ ਕਰੈ ਸਿਖ ਸਮਝਾਇ ਕੈ ॥੪੧੮॥

ਤੈਸੇ = ਉਸੇ ਪ੍ਰਕਾਰ ਹੀ ਗੁਰ = ਸਤਿਗੁਰੂ ਸਾਹਿਬ ਜੀ ਸਿੱਖ ਦੀ ਬਿਰਤੀ ਨੂੰ ਜੋਤ = ਪ੍ਰਕਾਸ਼ ਸਰੂਪ ਬ੍ਰਹਮ = ਵਿਆਪਕ ਪਰਮੇਸ਼ਰ ਦੀ ਪ੍ਰਾਪਤੀ ਕਰਾਉਣ ਵਾਲੀ ਉਨਮਨ = ਉਨਮਨੀ, ਤੁਰੀਆ ਪਦ ਰੂਪ ਅਵਸਥਾ ਵਿਚ ਮਗਨ = ਮਸਤ ਕਰ ਦਿੰਦੇ ਹਨ ਅਤੇ ਸਿੱਖ ਨੂੰ ਸੱਚ ਸਰੂਪ ਦੀ ਪ੍ਰਾਪਤੀ ਬਾਬਤ ਸਮਝਾਇ = ਸਮਝਾ ਕੈ = ਕਰਕੇ ਜੀਵਨ ਮੁਕਤ ਕਰੈ = ਕਰ ਦਿੰਦੇ ਹਨ ॥੪੧੮॥

ਜੈਸੇ ਘਾਉ ਘਾਇਲ ਕੋ ਜਤਨ ਕੈ ਨੀਕੋ ਹੋਤ;
ਪੀਰ ਮਿਟਿ ਜਾਇ ਲੀਕ ਮਿਟਤ ਨ ਪੇਖੀਐ ॥

ਜੈਸੇ = ਜਿਸ ਪ੍ਰਕਾਰ ਘਾਇਲ = ਫੱਟੜ ਵਿਅਕਤੀ ਕੋ = ਦਾ ਘਾਉ = ਜ਼ਖ਼ਮ ਦਵਾਈ ਆਦਿ ਦੀ ਜਤਨ = ਕੋਸ਼ਿਸ਼ ਕੈ = ਕਰਕੇ ਨੀਕੋ = ਚੰਗਾ (ਠੀਕ) ਹੋਤ = ਹੋ ਜਾਂਦਾ ਹੈ ਤੇ ਉਸ ਦੀ ਪੀਰ = ਪੀੜ ਵੀ ਮਿਟਿ = ਨਵਿਰਤ ਹੋ ਜਾਇ = ਜਾਂਦੀ ਹੈ ਪਰੰਤੂ ਜੋ ਲੀਕ = ਲਕੀਰ, ਜ਼ਖ਼ਮ ਦਾ ਦਾਗ਼ ਹੁੰਦਾ ਹੈ, ਉਹ ਮਿਟਤ = ਮਿਟਦਾ ਨ = ਨਹੀਂ ਪੇਖੀਐ = ਵੇਖੀਦਾ।

ਜੈਸੇ ਫਾਟੋ ਅੰਬਰੋ ਸੀਆਇ ਪੁਨਿ ਓਢੀਅਤ;
ਨਾਗੋ ਤਉ ਨ ਹੋਇ ਤਊ ਥੇਗਰੀ ਪਰੇਖੀਐ ॥

ਜੈਸੇ = ਜਿਸ ਪ੍ਰਕਾਰ ਫਾਟੋ = ਪਾਟਿਆ ਹੋਇਆ ਅੰਬਰੋ = ਬਸਤਰ ਸੀਆਇ = ਸਿਉਂ ਕੇ ਪੁਨਿ = ਮੁੜ ਓਢੀਅਤ = ਪਹਿਨ ਲਈਦਾ ਹੈ ਅਤੇ ਫੇਰ ਨਾਗੋ = ਨੰਗੇ ਤਉ = ਤਾਂ ਨ = ਨਹੀਂ ਹੋਇ = ਹੋਣਾ ਕਰੀਦਾ ਪਰ ਤਊ = ਤਾਂ ਫੇਰ ਉਹ ਥੇਗਰੀ = ਟਾਕੀ ਲੱਗੀ ਹੋਈ ਪਰੇਖੀਐ = ਪਰਖਦੀ, ਜਾਪਦੀ ਹੈ।

ਜੈਸੇ ਟੂਟੋ ਬਾਸਨੁ ਸਵਾਰ ਦੇਤ ਹੈ ਠਠੇਰੋ;
ਗਿਰਤ ਨ ਪਾਨੀ ਪੈ ਗਠੀਲੋ ਭੇਖ ਭੇਖੀਐ ॥

ਜੈਸੇ = ਜਿਸ ਪ੍ਰਕਾਰ ਟੂਟੋ = ਟੁੱਟੇ ਹੋਏ ਬਾਸਨੁ = ਬਰਤਨ ਨੂੰ ਠਠੇਰੋ = ਠਨ ਠਨ ਸ਼ਬਦ ਕਰਕੇ ਭਾਂਡੇ ਘੜਨ ਵਾਲਾ ਕਾਰੀਗਰ ਸਵਾਰ = ਠੀਕ ਕਰ ਦੇਤ = ਦਿੰਦਾ ਹੈ ਭਾਵੇਂ ਉਸ ਬਰਤਨ ਦੇ ਵਿੱਚੋਂ ਪਾਨੀ = ਜਲ ਤਾਂ ਗਿਰਤ = ਡੁੱਲ੍ਹਦਾ ਨ = ਨਹੀਂ ਹੈ, ਪਰੰਤੂ ਪੈ = ਲੇਕਿਨ ਗਠੀਲੋ = ਗੰਢ ਵਾਲਾ ਭੇਖ = ਲਿਬਾਸ, ਰੂਪ ਜ਼ਰੂਰ ਭੇਖੀਐ = ਦੇਖੀਦਾ ਹੈ।

ਤੈਸੇ ਗੁਰ ਚਰਨਿ ਬਿਮੁਖ ਦੁਖ ਦੇਖਿ ਪੁਨਿ;
ਸਰਨ ਗਹੈ ਪੁਨੀਤ ਪੈ ਕਲੰਕ ਲੇਖ ਲੇਖੀਐ ॥੪੧੯॥

ਤੈਸੇ = ਉਸੇ ਪ੍ਰਕਾਰ ਹੀ ਗੁਰ = ਸਤਿਗੁਰਾਂ ਦੇ ਚਰਨਾਂ ਤੋਂ ਬਿਮੁਖ = ਬੇਮੁਖ ਹੋ ਕੇ ਸਿੱਖ ਅਨੇਕਾਂ ਦੁਖ = ਕਸ਼ਟਾਂ ਨੂੰ ਦੇਖਿ = ਦੇਖਣਾ ਕਰਦਾ ਹੈ। ਜੇਕਰ ਪੁਨਿ = ਮੁੜ ਗੁਰਾਂ ਦੇ ਚਰਨਾਂ ਦੀ ਸਰਨਿ = ਓਟ ਗਹੈ = ਪਕੜ ਲਵੇ ਤਾਂ ਪੁਨੀਤ = ਪਵਿੱਤਰ ਤਾਂ ਹੋ ਸਕਦਾ ਹੈ ਪੈ = ਲੇਕਿਨ ਜੋ ਬੇਮੁਖਤਾਈ ਦਾ ਕਲੰਕ = ਦਾਗ਼ ਲੇਖ ਲੇਖੀਐ = ਲਿਖਿਆ ਗਿਆ ਹੈ ਉਹ ਰਹਿੰਦਾ ਹੈ ਕਿ ਇਹ ਅਮੁਕੇ ਸਮੇਂ ਸਿੱਖ ਬੇਮੁਖ ਹੋ ਗਿਆ ਸੀ ॥੪੧੯॥

ਦੇਖਿ ਦੇਖਿ ਦ੍ਰਿਗਨ ਦਰਸ ਮਹਿਮਾ ਨ ਜਾਨੀ;
ਸੁਨਿ ਸੁਨਿ ਸਬਦੁ ਮਹਾਤਮ ਨ ਜਾਨਿਓ ਹੈ ॥

ਦ੍ਰਿਗਨ = ਨੇਤਰਾਂ ਨਾਲ ਦੇਖਿ ਦੇਖਿ = ਤੱਕ ਤੱਕ ਕੇ ਵੀ ਗੁਰਾਂ ਦੇ ਦਰਸ = ਦੀਦਾਰਾਂ ਦੀ ਮਹਿਮਾ = ਉਪਮਾ ਜਾਨੀ = ਜਾਣਨਾ ਨ = ਨਹੀਂ ਕੀਤੀ, ਕੰਨਾਂ ਦੁਆਰਾ ਗੁਰ ਸਬਦ = ਉਪਦੇਸ਼ ਨੂੰ ਸੁਣ ਸੁਣ ਕੇ ਗੁਰ-ਉਪਦੇਸ਼ ਦਾ ਮਹਾਤਮ = ਫਲ ਜਾਨਿਓ = ਜਾਣਨਾ ਨ = ਨਹੀਂ ਕੀਤਾ ਹੈ।

ਗਾਇ ਗਾਇ ਗੰਮਿਤਾ ਗੁਨ ਗਨ ਗੁਨਿ ਨਿਧਾਨ;
ਹਸਿ ਹਸਿ ਪ੍ਰੇਮ ਕੌ ਪ੍ਰਤਾਪੁ ਨ ਪਛਾਨਿਓ ਹੈ ॥

ਗੁਨਿ = ਗੁਣਾਂ ਦੇ ਨਿਧਾਨ = ਖ਼ਜ਼ਾਨੇ ਗੁਰਾਂ ਦੇ ਗਨ = ਸਮੂਹ ਗੁਨ = ਗੁਣਾਂ ਨੂੰ ਗਾਇ ਗਾਇ = ਗਾ ਗਾ ਕੇ ਗੁਰਾਂ ਤਕ ਗੰਮਿਤਾ = ਪਹੁੰਚਣਾ ਨਹੀਂ ਕੀਤਾ ਅਤੇ ਹਸਿ ਹਸਿ = ਮੁਸਕਰਾ ਮੁਸਕਰਾ ਕੇ ਗੁਰਾਂ ਦੀ ਪ੍ਰਾਪਤੀ ਵਾਲੇ ਪ੍ਰੇਮ = ਸਨੇਹ ਕੌ = ਦਾ ਪ੍ਰਤਾਪੁ = ਮਹਾਤਮ ਵੀ ਨ = ਨਹੀਂ ਪਛਾਨਿਓ = ਜਾਣਨਾ ਕੀਤਾ ਹੈ।

ਰੋਇ ਰੋਇ ਬਿਰਹ ਬਿਓਗ ਕੋ ਨ ਸੋਗੁ ਜਾਨਿਓ;
ਮਨ ਗਹਿ ਗਹਿ ਮਨ ਮੁਘਦੁ ਨਾ ਮਾਨਿਓ ਹੈ ॥

ਪੁੱਤਰ ਧੀਆਂ ਆਦਿ ਸੰਬੰਧੀਆਂ ਦੇ ਮੋਹ ਕਰਕੇ ਬਿਰਹ = ਵਿਛੋੜੇ ਕਾਰਨ ਰੋਇ ਰੋਇ = ਰੋ ਰੋ ਕੇ ਬੁਰਾ ਹਾਲ ਕਰ ਲਿਆ ਪਰੰਤੂ ਗੁਰਾਂ, ਪ੍ਰਭੂ ਦੇ ਬਿਓਗ = ਵਿਛੋੜੇ ਕੋ = ਦਾ ਸੋਗੁ = ਗ਼ਮ ਨ = ਨਹੀਂ ਜਾਨਿਓ = ਜਾਣਨਾ ਕੀਤਾ, ਮਨ ਨੇ ਸੰਸਾਰਕ ਪਦਾਰਥਾਂ ਦੀ ਗਹਿ = ਪਕੜ ਕੀਤੀ ਕਿ ਇਹ ਪਦਾਰਥ ਵੀ

ਗਹਿ = ਪਕੜ ਲਵਾਂ, ਇਹ ਪਦਾਰਥ ਵੀ ਪਕੜ ਲਵਾਂ, ਪਰ ਇਸ ਮੁਘਦੁ = ਮੂਰਖ ਮਨ ਨੇ ਗੁਰਸਿੱਖੀ ਰੂਪ ਮਾਰਗ **ਵਾ:** ਪ੍ਰੇਮਾ-ਭਗਤੀ ਰੂਪ ਮਾਰਗ ਉੱਤੇ ਚੱਲਣਾ ਮਾਨਿਓ = ਮੰਨਣਾ ਨ = ਨਹੀਂ ਕੀਤਾ ਹੈ।

ਲੋਗ ਬੇਦ ਗਿਆਨ ਉਨਮਾਨ ਕੈ ਨ ਜਾਨਿ ਸਕਿਓ;
ਜਨਮ ਜੀਵਨ ਧ੍ਰਿਗੁ ਬਿਮੁਖ ਬਿਹਾਨਿਓ ਹੈ ॥੪੨੦॥

ਲੋਗ = ਲੌਕਿਕ ਤੇ ਬੇਦ = ਵੈਦਿਕ **ਵਾ:** ਲੋਕਾਂ ਤੇ ਵੇਦਾਂ ਸ਼ਾਸਤਰਾਂ ਦੇ ਗਿਆਨ ਵਿਚ ਲੱਗ ਕੇ ਇਹ ਜੀਵ, ਮਨ ਪਰਮੇਸ਼ਰ ਕੈ = ਦੇ ਉਨਮਾਨ = ਵਿਚਾਰ ਨੂੰ ਜਾਨ ਨ = ਨਹੀਂ ਸਕਿਓ = ਸਕਿਆ, ਇਸ ਲਈ ਉਸ ਦੀ ਜੀਵਨ = ਜ਼ਿੰਦਗੀ ਤੇ ਮਨੁੱਖਾ ਜਨਮ ਨੂੰ ਧ੍ਰਿਗੁ = ਧ੍ਰਿਕਾਰ ਹੈ ਜੋ ਉਸ ਨੇ ਪਰਮੇਸ਼ਰ ਤੋਂ ਬੇਮੁਖ ਹੋ ਬਿਹਾਨਿਓ = ਗੁਜ਼ਾਰਿਆ ਹੈ ॥੪੨੦॥

ਕੋਟਿਨ ਕੋਟਾਨਿ ਮਨਿ ਕੋ ਚਮਤਕਾਰ ਵਾਰਉ;
ਸਸੀਅਰ ਸੂਰ ਕੋਟਿ ਕੋਟਿਨ ਪ੍ਰਗਾਸ ਜੀ ॥

ਹੇ ਪਿਆਰੇ ਜੀ! ਕੋਟਿਨ = ਕਰੋੜਾਂ ਹੀ ਮਨਿ = ਮਣੀਆਂ ਕੋ = ਦਾ ਕੋਟਾਨਿ = ਕਰੋੜਾਂ ਤਰ੍ਹਾਂ ਦੇ ਚਮਤਕਾਰ = ਲਿਸ਼ਕਾਰੇ ਐਸੇ ਗੁਰਮੁਖ ਜਨ ਉੱਪਰੋਂ ਵਾਰਉ = ਵਾਰਨੇ ਜਾਈਏ, ਕੋਟਿ = ਕਰੋੜਾਂ ਹੀ ਸਸੀਅਰ = ਚੰਦਰਮਾ ਤੇ ਕੋਟਿਨ = ਕਰੋੜਾਂ ਹੀ ਸੂਰ = ਸੂਰਜ ਦੇ ਪ੍ਰਗਾਸ = ਪ੍ਰਕਾਸ਼ ਵਾਰਨੇ ਸੁੱਟਣਾ ਕਰੀਏ।

ਕੋਟਿਨ ਕੋਟਾਨਿ ਭਾਗਿ ਪੂਰਨ ਪ੍ਰਤਾਪ ਛਬਿ;
ਜਗਮਗ ਜੋਤਿ ਹੈ ਸੁਜਸ ਨਿਵਾਸ ਜੀ ॥

ਹੇ ਪਿਆਰੇ ਜੀ! ਕੋਟਿਨ = ਕਰੋੜਾਂ ਹੀ ਕੋਟਾਨਿ = ਕਰੋੜਾਂ ਭਾਗਿ = ਕਰਮ ਤੇ ਪੂਰਨ = ਪੂਰੇ ਪ੍ਰਤਾਪ = ਤੇਜ ਦੀ ਛਬਿ = ਸ਼ੋਭਾ ਤੇ ਜਗਮਗ = ਪ੍ਰਕਾਸ਼ ਵਾਲੀ ਜੋਤਿ = ਜੋਤੀ ਦੀ ਜੋ ਸੁਜਸ = ਸ੍ਰੇਸ਼ਟ ਕੀਰਤੀ ਦਾ ਨਿਵਾਸ = ਥਾਂ ਹੈ **ਅਥਵਾ** ਉੱਤਮ ਭਾਗਿ = ਕਰਮਾਂ ਅਨੁਸਾਰ ਪ੍ਰਾਪਤ ਹੋਣ ਵਾਲੇ ਪੂਰਨ = ਪੂਰੇ ਪ੍ਰਤਾਪ = ਤੇਜ ਦੀ ਛਬਿ = ਸ਼ੋਭਾ ਜਿਸ ਦੀ ਜੋਤਿ = ਚਮਕ ਜਗਮਗ ਕਰ ਰਹੀ ਹੋਵੇ ਤੇ ਜੋ ਸੁਜਸ = ਸ੍ਰੇਸ਼ਟ ਕੀਰਤੀ ਦੀ ਥਾਂ ਹੈ ਭਾਵ ਜਿਸ ਦੇ ਪ੍ਰਤਾਪ ਕਰਕੇ ਚਾਰੇ ਪਾਸੀਂ ਕੀਰਤੀ ਫੈਲੀ ਹੋਈ ਹੈ ਐਸੀਆਂ ਕਰੋੜਾਂ ਹੀ ਕਰੋੜਾਂ ਛਬਾਂ ਤੇ ਪ੍ਰਤਾਪ ਉਸ ਉੱਪਰੋਂ ਵਾਰ ਸੁੱਟਾਂ।

ਸਿਵ ਸਨਕਾਦਿ ਬ੍ਰਹਮਾਦਿਕ ਮਨੋਰਥ ਕੈ;
ਤੀਰਥ ਕੋਟਾਨਿ ਕੋਟਿ ਬਾਂਛਤ ਹੈ ਤਾਸ ਜੀ ॥

ਹੇ ਪਿਆਰੇ ਜੀ! ਕੋਟਾਨਿ = ਕਰੋੜਾਂ ਹੀ ਸ਼ਿਵਜੀ, ਸਨਕ, ਸਨੰਦਨ ਆਦਿ ਤੇ ਬ੍ਰਹਮਾ, ਵਿਸ਼ਨੂੰ ਆਦਿ ਮਨੋਰਥ = ਮਨ ਦੇ ਸੰਕਲਪ ਕੈ = ਕਰਕੇ ਗੁਰਮੁਖ ਜਨ ਦੇ ਚਰਨਾਂ ਦੀ ਧੂੜੀ ਚਾਹੁੰਦੇ ਹਨ। ਕੋਟਿ = ਕਰੋੜਾਂ ਹੀ ਤੀਰਥ ਤਾਸ = ਉਸ ਗੁਰਮੁਖ, ਸਿੱਖ ਦੇ ਚਰਨਾਂ ਦੀ ਧੂੜੀ ਨੂੰ ਬਾਂਛਤ = ਚਾਹੁੰਦੇ ਹੈ = ਹਨ।

ਮਸਤਕਿ ਦਰਸਨ ਸੋਭਾ ਕੋ ਮਹਾਤਮ ਅਗਾਧਿ ਬੋਧਿ;
ਸ੍ਰੀ ਗੁਰੂ ਚਰਨ ਰਜ ਮਾਤ੍ਰ ਲਾਗੈ ਜਾਸ ਜੀ ॥੪੨੧॥

ਸ੍ਰੀ = ਸੁਭਾਇਮਾਨ ਗੁਰੂ = ਸਤਿਗੁਰਾਂ ਦੇ ਚਰਨਾਂ ਦੀ ਰਜ = ਧੂੜੀ ਜਾਸ = ਜਿਸ ਗੁਰਮੁਖ ਸਿੱਖ ਦੇ ਥੋੜ੍ਹੀ ਮਾਤਰ ਵੀ ਮਸਤਕਿ = ਮੱਥੇ ਨੂੰ ਲਾਗੈ = ਲੱਗ ਜਾਵੇ ਤਾਂ ਉਸ ਦੇ ਦਰਸਨ = ਦੀਦਾਰ ਦੀ ਸੋਭਾ = ਮਹਿਮਾ ਕੋ = ਦਾ ਮਹਾਤਮ = ਪ੍ਰਤਾਪ ਬੋਧਿ = ਜਾਣਨਾ ਅਗਾਧਿ = ਅਥਾਹ ਹੈ, ਜਿਸ ਦੇ ਦਰਸ਼ਨਾਂ ਦੀ ਉਪਮਾ ਉਪਰੋਕਤ ਦਰਸਾਏ ਹੋਏ ਕਿਸੇ ਤੋਂ ਵੀ ਜਾਣੀ ਨਹੀਂ ਜਾਂਦੀ ॥੪੨੧॥

ਸਵੈਯਾ ॥

ਖਗ ਮ੍ਰਿਗ ਮੀਨ ਪਤੰਗ ਚਰਾਚਰ;
ਜੋਨਿ ਅਨੇਕ ਬਿਖੈ ਭ੍ਰਮਿ ਆਇਓ ॥

ਖਗ = ਪੰਛੀ, ਮ੍ਰਿਗ = ਹਿਰਨ, ਮੀਨ = ਮੱਛੀ, ਪਤੰਗ = ਪਰਵਾਨਾ ਤੇ ਚਰਾਚਰ = ਜੜ੍ਹ ਚੇਤਨ ਆਦਿ ਜੋ ਜੀਵ ਹਨ, ਜੀਵ ਐਸੀਆਂ ਅਨੇਕ = ਅਨੰਤ ਜੋਨਿ = ਜੂਨਾਂ ਬਿਖੈ = ਵਿਚ ਭ੍ਰਮਿ = ਭਟਕਦਾ ਆਇਓ = ਆਇਆ ਹੈ।

ਸੁਨਿ ਸੁਨਿ ਪਾਇ ਰਸਾਤਲ ਭੂ-ਤਾਲ;
ਦੇਵਪੁਰੀ ਪ੍ਰਤਿ ਲਉ ਬਹੁ ਧਾਇਓ ॥

ਵੇਦਾਂ ਸ਼ਾਸਤਰਾਂ ਨੂੰ ਸੁਣ ਸੁਣ ਕੇ ਕਿ ਕਿਤੇ ਜੀਵ ਰਸਾਤਲ = ਪਤਾਲ ਲੋਕ ਦੀਆਂ ਕਿਤੇ ਭੂ-ਤਾਲ = ਮਾਤ ਲੋਕ ਦੀਆਂ ਜੂਨਾਂ ਨੂੰ ਪਾਇ = ਪਾਉਣਾ ਕਰਦਾ ਹੈ ਅਤੇ ਕਿਤੇ ਦੇਵਪੁਰੀ = ਦੇਵਤਿਆਂ ਦੀ ਪੁਰੀ ਸਵਰਗ ਲੋਕ ਪ੍ਰਤਿ = ਤਾਈਂ ਇਉਂ ਅਖ਼ੀਰ ਲਉ = ਤਕ ਬਹੁ = ਬਹੁਤ ਜੂਨੀਆਂ ਵਿਚ ਧਾਇਓ = ਦੌੜਦਾ ਰਹਿੰਦਾ ਹੈ।

ਵਾ: ਇਸ ਪ੍ਰਕਾਰ ਕੰਨਾਂ ਨਾਲ ਆਵਾਜ਼ ਸੁਣ ਸੁਣ ਕੇ ਰਸਾਤਲ = ਪਤਾਲ ਤੇ ਸਾਰੀ ਭੂ-ਤਾਲ = ਧਰਤੀ ਤੇ ਦੇਵਪੁਰੀ = ਦੇਵਤਿਆਂ ਦੀ ਨਗਰੀ ਲਉ = ਤਕ ਬਹੁ = ਬਹੁਤਾ ਧਾਇਓ = ਦੌੜਦਾ ਫਿਰਦਾ ਹੈ ਕਿ ਮੇਰੀ ਸਹਾਇਤਾ ਕਰੋ।

ਜੋਗ ਹੂ ਭੋਗ ਦੁਖਾਦਿ ਸੁਖਾਦਿਕ;
ਧਰਮ ਅਧਰਮ ਸੁਕਰਮ ਕਮਾਇਓ ॥

ਜੀਵ ਅਗਿਆਨ ਕਾਰਨ ਪਰਮੇਸ਼ਰ ਦੇ ਨਾਮ ਵਿਚ ਜੋਗ = ਜੁੜਨਾ ਹੂ = ਨਿਸ਼ਚੇ ਕਰ ਕੇ ਛੱਡ ਕੇ ਭੋਗਾਂ ਨੂੰ ਭੋਗਣ ਲੱਗ ਗਿਆ, ਜੋ ਜੰਮਣ ਮਰਨ ਆਦਿ ਦੁਖਾਦਿ = ਦੁੱਖਾਂ ਦਾ ਮੂੱਢ ਹੈ **ਵਾ:** ਜੋ ਸਾਧਨ ਵਾਹਿਗੁਰੂ ਨੂੰ ਮਿਲਾਉਣ ਵਾਲੇ ਸਰੀਰ ਉੱਪਰ ਦੁੱਖ ਸਹਾਰ ਕੇ ਹੁੰਦੇ ਸਨ, ਉਨ੍ਹਾਂ ਨੂੰ ਛੱਡ ਕੇ ਸੰਸਾਰਕ ਸੁਖਾਦਿਕ = ਸੁਖ ਆਦਿ ਨਾਲ ਲੱਗ ਗਿਆ ਅਤੇ ਧਰਮ ਦੇ ਸ੍ਰੇਸ਼ਟ ਕਾਰਜਾਂ ਨੂੰ ਛੱਡ ਕੇ ਅਧਰਮ ਵਾਲੇ ਕਰਮ ਕਮਾਇਓ = ਕਮਾਉਣ ਲੱਗ ਗਿਆ।

ਹਾਰਿ ਪਰਿਓ ਸਰਨਾਗਤਿ ਆਇ;
ਗੁਰੂ ਮੁਖ ਦੇਖਿ ਗਰੂ ਸੁਖ ਪਾਇਓ ॥੪੨੨॥

ਫੇਰ ਅਖ਼ੀਰ ਨੂੰ ਅਨੇਕਾਂ ਜਨਮਾਂ-ਜਨਮਾਂਤਰਾਂ ਵਿਚ ਭਟਕਦਾ ਹੋਇਆ ਹਾਰਿ = ਥੱਕ ਕੇ ਗੁਰੂ ਦੀ ਸਰਨਾਗਤਿ = ਓਟ ਵਿਚ ਆਇ = ਆ ਕੇ ਪਰਿਓ = ਪੈਂਦਾ ਹੈ ਅਤੇ ਇਉਂ ਬੇਨਤੀ ਕਰਦਾ ਹੈ ਕਿ ਹੇ ਸਾਰਿਆਂ ਤੋਂ ਗਰੂ = ਭਾਰੀ, ਸ੍ਰੇਸ਼ਟ ਸਤਿਗੁਰੂ ਜੀ ! ਮੈਂ ਆਪ ਜੀ ਦਾ ਮੁਖ = ਮੁਖੜਾ ਦੇਖਿ = ਵੇਖ ਕੇ ਬਹੁਤ ਸੁਖ = ਆਨੰਦ **ਵਾ:** ਗਰੂ = ਵੱਡਾ ਭਾਵ ਬ੍ਰਹਮਾਨੰਦ ਰੂਪੀ ਸੁਖ ਪਾਇਓ = ਪਾਉਣਾ ਕੀਤਾ ਹੈ ॥੪੨੨॥

ਕਬਿੱਤ ॥

ਚਾਹਿ ਚਾਹਿ ਚੰਦ੍ ਮੁਖ ਚਾਇ ਕੈ ਚਕੋਰ ਚਖਿ;
ਅੰਮ੍ਰਿਤ ਕਿਰਨ-ਅਚਵਤ ਨ ਅਘਾਨੇ ਹੈ ॥

ਜਿਸ ਤਰ੍ਹਾਂ ਚੰਦ੍ = ਚੰਦਰਮਾ ਦੇ ਮੁਖ = ਮੂੰਹ (ਮੰਡਲ) ਨੂੰ ਚਾਹਿ ਚਾਹਿ = ਚਾਹ ਚਾਹ ਕੇ ਬਹੁਤ ਚਾਇ = ਉਮੰਗ ਭਰੇ ਉਤਸ਼ਾਹ ਨਾਲ ਚਕੋਰ ਦੇ ਚਖਿ = ਨੇਤਰ ਉਸ ਦੀ ਕਿਰਨਾਂ ਦੁਆਰਾ ਨਿਕਲ ਰਹੇ ਅੰਮ੍ਰਿਤ ਰਸ ਨੂੰ ਅਚਵਤ = ਛਕ ਕੇ ਅਘਾਨੇ = ਰੱਜਦੇ ਨ = ਨਹੀਂ ਹਨ **ਵਾ:** ਚਕੋਰ ਆਪਣਾ ਮੁਖ = ਮੂੰਹ ਚੁੱਕ ਕੇ ਨੇਤਰਾਂ ਨਾਲ ਸੁਖ ਪੂਰਬਕ ਚੰਦਰਮਾ ਨੂੰ ਵੇਖ ਵੇਖ ਕੇ ਜੀਉਂਦਾ ਹੈ ਅਤੇ ਚੰਦਰਮਾ ਦੀਆਂ ਕਿਰਨਾਂ ਦੁਆਰਾ ਜੋ ਅੰਮ੍ਰਿਤ ਰਸ ਝਰਦਾ ਹੈ, ਉਸ ਨੂੰ ਚੱਖ ਕੇ ਰੱਜਦਾ ਨਹੀਂ ਹੈ।

ਸੁਨਿ ਸੁਨਿ ਅਨਹਦ ਸਬਦ ਸ੍ਵਨ ਮ੍ਰਿਗ;
ਆਨੰਦੁ ਉਦੋਤ ਕਰਿ ਸਾਂਤਿ ਨ ਸਮਾਨੇ ਹੈ ॥

ਜਿਸ ਪ੍ਰਕਾਰ ਮ੍ਰਿਗ = ਹਿਰਨ ਆਪਣੇ ਸ੍ਵਨ = ਕੰਨਾਂ ਵਿਚ ਅਨਹਦ = ਇਕ-ਰਸ ਘੰਡਾਹੇੜੇ ਦੇ ਸ਼ਬਦ ਨੂੰ ਸੁਣ ਸੁਣ ਕੇ ਆਨੰਦ ਦੇ ਸਹਿਤ ਹੁੰਦਾ ਹੈ, ਉਸ ਆਨੰਦ ਦੇ ਉਦੋਤ = ਪ੍ਰਗਟ ਹੋਣ ਕਰਿ = ਕਰਕੇ ਉਹ ਸਾਂਤਿ = ਸ਼ਾਂਤੀ ਵਿਚ ਨ = ਨਹੀਂ ਸਮਾਨੇ = ਸਮਾਉਂਦਾ ਹੈ।

ਰਸਿਕ ਰਸਾਲ ਜਸੁ ਜੰਪਤ ਬਾਸੁਰ ਨਿਸ;
ਚਾਤ੍ਰਿਕ ਜੁਗਤਿ ਜਿਹਬਾ ਨ ਤ੍ਰਿਪਤਾਨੇ ਹੈ ॥

ਜਿਸ ਪ੍ਰਕਾਰ ਅਜਿਹਾ ਹੀ ਚਾਤ੍ਰਿਕ = ਪਪੀਹੇ ਦੇ ਜੁਗਤਿ = ਤਰੀਕੇ ਨਾਲ ਨਿਸ = ਰਾਤ ਬਾਸੁਰ = ਦਿਨ ਰਸਾਲ (ਰਸ + ਆਲ) ਰਸ = ਪ੍ਰੇਮ ਦੇ ਆਲ = ਘਰ ਪਿਆਰੇ ਗੁਰਾਂ ਦਾ ਰਸਿਕ = ਪ੍ਰੇਮੀ ਬਣ ਕੇ ਗੁਰਾਂ ਦੀ ਜਸੁ = ਕੀਰਤੀ ਨੂੰ ਜੰਪਤ = ਜਪਦਿਆਂ ਜਪਦਿਆਂ ਗੁਰਮੁਖ ਜਨਾਂ ਦੀ ਜਿਹਬਾ = ਜ਼ੁਬਾਨ ਤ੍ਰਿਪਤਾਨੇ = ਰੱਜਦੀ ਨ = ਨਹੀਂ ਹੈ।

ਦੇਖਤ ਸੁਨਤ ਅਰੁ ਗਾਵਤ ਪਾਵਤ ਸੁਖ;
ਪ੍ਰੇਮ ਰਸ ਬਸ ਮਨ ਮਗਨ ਹਿਰਾਨੇ ਹੈ ॥੪੨੩॥

ਉਸੇ ਤਰ੍ਹਾਂ ਗੁਰਾਂ ਦੇ ਦੀਦਾਰ ਦੇਖਤ = ਦੇਖਦਿਆਂ, ਗੁਰ-ਉਪਦੇਸ਼ ਨੂੰ ਸੁਨਤ = ਸੁਣਦਿਆਂ ਅਰੁ = ਅਤੇ

ਗੁਰਾਂ ਦੇ ਕੀਰਤਨ ਰੂਪ ਵਿਚ ਗੁਣ ਗਾਵਤ = ਗਾਉਂਦਿਆਂ ਆਤਮਿਕ ਸੁਖ = ਆਨੰਦ ਪਾਵਤ = ਪਾਉਣਾ ਕਰੀਦਾ ਹੈ ਤੇ ਪ੍ਰੇਮ ਰਸ ਦੇ ਬਸ = ਅਧੀਨ ਹੋ ਕੇ ਮਨ ਮਗਨ = ਮਸਤ ਹੋ ਕੇ ਹਿਰਾਨੇ = ਹੈਰਾਨ, ਬਿਸਮਾਦ ਹੋ ਜਾਂਦਾ ਹੈ॥੪੨੩॥

ਸਲਿਲ ਨਿਵਾਸ ਜੈਸੇ ਮੀਨ ਕੀ ਨ ਘਟੈ ਰੁਚਿ;
ਦੀਪਕ ਪ੍ਰਗਾਸ ਘਟੈ ਪ੍ਰੀਤਿ ਨ ਪਤੰਗ ਕੀ॥

ਜੈਸੇ = ਜਿਸ ਪ੍ਰਕਾਰ ਸਲਿਲ = ਪਾਣੀ ਵਿਚ ਨਿਵਾਸ = ਵੱਸਣ ਨਾਲ ਮੀਨ = ਮੱਛੀ ਕੀ = ਦੀ ਰੁਚਿ = ਰੁਚੀ ਪਾਣੀ ਨਾਲੋਂ ਘਟੈ = ਘਟਦੀ ਨ = ਨਹੀਂ ਹੈ ਅਤੇ ਦੀਪਕ = ਦੀਵੇ ਦਾ ਪ੍ਰਗਾਸ = ਪ੍ਰਕਾਸ਼ ਵੇਖ ਕੇ ਪਤੰਗੇ ਕੀ = ਦੀ ਪ੍ਰੀਤਿ = ਲਗਨ ਦੀਵੇ ਦੇ ਪ੍ਰਕਾਸ਼ ਨਾਲੋਂ ਘਟੈ = ਘਟਦੀ ਨ = ਨਹੀਂ ਹੈ।

ਕੁਸਮ ਸੁਬਾਸ ਜੈਸੋ ਤ੍ਰਿਪਤਿ ਨ ਮਧੁਪ ਕਉ;
ਉਡਤ ਅਕਾਸ ਆਸ ਘਟੈ ਨ ਬਿਹੰਗ ਕੀ॥

ਜੈਸੋ = ਜਿਸ ਤਰ੍ਹਾਂ ਕੁਸਮ = ਫੁੱਲਾਂ ਦੀ ਸੁਬਾਸ = ਸੁਗੰਧੀ ਲੈਂਦਿਆਂ ਮਧੁਪ = ਭੌਰੇ ਕਉ = ਨੂੰ ਤ੍ਰਿਪਤਿ = ਰੱਜ ਨ = ਨਹੀਂ ਆਉਂਦਾ। ਜੈਸਾ ਕਿ :

ਭਵਰੈ ਵਾਸ ਵਿਣਾਸ ਹੈ ਫੜ ਕਵਲ ਸਘੱਟੈ। *(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੨੩)*

ਭਵਰੈ ਵਾਸ ਵਿਣਾਸ ਹੈ ਫਿਰਦਾ ਫੁਲਵਾੜੀ। *(ਭਾਈ ਗੁਰਦਾਸ ਜੀ, ਵਾਰ ੧੭, ਪਉੜੀ ੨)*

ਅਤੇ ਅਕਾਸ਼ ਵਿਚ ਉਡਤ = ਉੱਡਦਿਆਂ ਬਿਹੰਗ = ਪੰਛੀ ਕੀ = ਦੀ ਆਸ = ਉਮੀਦ ਘਟੈ = ਘਟਦੀ ਨ = ਨਹੀਂ ਹੈ।

ਘਟਾ ਘਨਘੋਰ ਮੋਰ ਚਾਤ੍ਰਿਕ ਰਿਦੈ ਉਲਾਸ;
ਨਾਦ ਬਾਦ ਸੁਨਿ ਰਤਿ ਘਟੈ ਨ ਕੁਰੰਗ ਕੀ॥

ਜਿਸ ਪ੍ਰਕਾਰ ਘਟਾਂ ਤੇ (ਘਨ + ਘੋਰ) ਘਨ = ਬੱਦਲਾਂ ਦਾ ਘੋਰ = ਗੜਗੱਜ ਸੁਣ ਕੇ ਮੋਰ ਤੇ ਚਾਤ੍ਰਿਕ = ਪਪੀਹੇ ਦੇ ਰਿਦੈ = ਚਿੱਤ ਵਿਚ ਉਲਾਸ = ਉਤਸ਼ਾਹ ਹੁੰਦਾ ਹੈ। ਜੈਸਾ ਕਿ :

ਮੋਰ ਬਬੀਹੇ ਬੋਲਦੇ ਵੇਖ ਬਦਲ ਕਾਲੇ। *(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੪)*

ਅਤੇ ਘੰਡਾਹੇੜੇ ਦੇ ਸ਼ਬਦ ਦੀ ਨਾਦ = ਧੁਨੀ ਬਾਦ = ਵੱਜਦੀ ਸੁਣ ਕੇ ਕੁਰੰਗ = ਹਿਰਨ ਕੀ = ਦੀ ਰਤਿ = ਪ੍ਰੀਤੀ ਘਟੈ = ਘਟਦੀ ਨ = ਨਹੀਂ ਹੈ। ਜੈਸਾ ਕਿ :

ਮਿਰਗ ਨਾਦ ਬਿਸਮਾਦ ਹੋਇ ਫਿਰਦਾ ਉਜਾੜੀ। *(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੩)*

ਘੰਡੇ ਹੇੜੇ ਮਿਰਗ ਜਿਉ ਸੁਣ ਨਾਦ ਪਲੱਟੈ। *(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੨੩)*

ਤੈਸੇ ਪ੍ਰਿਅ ਪ੍ਰੇਮ ਰਸ ਰਸਿਕ ਰਸਾਲ ਸੰਤ;
ਘਟਤ ਨ ਤ੍ਰਿਸਨਾ ਪ੍ਰਬਲ ਅੰਗ ਅੰਗ ਕੀ॥੪੨੪॥

ਤੈਸੇ = ਉਸੇ ਪ੍ਰਕਾਰ ਹੀ ਪ੍ਰਿਅ = ਪਿਆਰੇ ਗੁਰਾਂ ਦੇ ਪ੍ਰੇਮ ਰਸ ਦੇ ਰਸਿਕ = ਰਸੀਏ ਬਣ ਕੇ

ਸੰਤ = ਮਹਾਤਮਾ ਜਨ ਵੀ ਰਸਾਲ (ਰਸ + ਆਲ) ਰਸ = ਰਸਾਂ ਦੇ ਆਲ = ਘਰ ਬਣ ਜਾਂਦੇ ਹਨ, ਉਨ੍ਹਾਂ ਦੇ ਪ੍ਰਬਲ = ਵਿਸ਼ੇਸ਼ ਕਰਕੇ ਬਲ ਵਾਲੇ ਸਰੀਰ ਦੇ ਅੰਗ ਅੰਗ ਕੀ = ਦੀ ਗੁਰੂ ਦੇ ਪ੍ਰੇਮ ਵੱਲੋਂ ਤ੍ਰਿਸਨਾ ਘਟਤ = ਘਟਦੀ ਨ = ਨਹੀਂ ਹੈ ॥੪੨੪॥

ਸਲਿਲ ਸੁਭਾਵ ਦੇਖੋ ਬੋਰਤ ਨ ਕਾਸਟਹਿ;
ਲਾਜ ਗਹੈ ਕਹੈ ਅਪਨੋ ਹੀ ਪ੍ਰਤਿਪਾਰਿਓ ਹੈ ॥

ਦੇਖੋ = ਦੇਖਣਾ ਕਰੋ ! ਸਲਿਲ = ਪਾਣੀ ਦਾ ਸੁਭਾਵ = ਸੁਭਾਅ ਹੈ ਜੋ ਕਾਸਟਹਿ = ਕਾਠ ਨੂੰ ਬੋਰਤ = ਡੋਬਦਾ ਨ = ਨਹੀਂ ਹੈ, ਕਿਉਂਕਿ ਉਹ ਇਸ ਬਚਨ ਕਹੈ = ਆਖੇ ਹੋਏ ਦੀ ਲਾਜ = ਸ਼ਰਮ ਨੂੰ ਗਹੈ = ਗ੍ਰਹਿਣ ਕਰਦਾ ਹੈ, ਧਾਰਦਾ ਹੈ ਕਿ ਇਹ ਉਸ ਦਾ ਅਪਨੋ = ਆਪਣਾ ਹੀ ਪ੍ਰਤਿਪਾਰਿਓ = ਪਾਲਿਆ ਹੋਇਆ ਹੈ।

ਜੁਗਵਤ ਕਾਸਟ ਰਿਦੰਤਰਿ ਬੈਸੰਤਰਹਿ;
ਬੈਸੰਤਰ ਅੰਤਰਿ ਲੈ ਕਾਸਟਿ ਪ੍ਰਜਾਰਿਓ ਹੈ ॥

ਅੱਗੋਂ ਫੇਰ ਕਾਸਟ = ਲੱਕੜ ਆਪਣੇ ਰਿਦੰਤਰਿ = ਚਿੱਤ ਵਿਚ ਜਾਨ ਤੋਂ ਵੱਧ ਪਿਆਰਾ ਮੰਨ ਕੇ ਬੈਸੰਤਰਹਿ = ਅਗਨੀ ਨੂੰ ਜੁਗਵਤ = ਸੰਭਾਲਿਆ ਕਰਦੀ ਹੈ, ਪਰੰਤੂ ਸਾੜਨ ਵਾਲੀ ਬੈਸੰਤਰ = ਅੱਗ ਆਪਣੇ ਅੰਤਰਿ = ਵਿਚ ਆ ਪਈ ਕਾਸਟਿ = ਲੱਕੜ ਨੂੰ (ਪ੍ + ਜਾਰਿਓ) ਪ੍ = ਭਲੀ ਪ੍ਰਕਾਰ ਜਾਰਿਓ = ਸਾੜ ਕੇ ਸੁਆਹ ਕਰ ਸਿੱਟਦੀ ਹੈ, ਜ਼ਰਾ ਲਾਜ ਨਹੀਂ ਕਰਦੀ।

ਅਗਰਹਿ ਜਲ ਬੋਰਿ ਕਾਢੈ ਬਾਢੈ ਮੋਲ ਤਾ ਕੋ;
ਪਾਵਕ ਦਗਧ ਕੈ ਅਧਿਕ ਅਉਟਾਰਿਓ ਹੈ ॥

ਅਗਰਹਿ = ਚੰਦਨ ਨੂੰ ਜਲ = ਪਾਣੀ ਜ਼ਰੂਰ ਬੋਰਿ = ਡੋਬ ਦਿੰਦਾ ਹੈ ਤਾਂ ਕਿ ਜਦੋਂ ਡੁੱਬੇ ਹੋਏ ਨੂੰ ਪਾਣੀ ਤੋਂ ਬਾਹਰ ਕਾਢੈ = ਕੱਢਿਆ ਜਾਵੇ ਤਾਂ ਤਾ = ਤਿਸ ਕੋ = ਦਾ ਮੋਲ = ਮੁੱਲ ਬਾਢੈ = ਜ਼ਿਆਦਾ ਪੈ ਜਾਵੇ ਅਤੇ ਅਸਲੀ ਚੰਦਨ ਦੀ ਪਰਖ ਕਰਨ ਤੋਂ ਬਾਅਦ ਪਾਵਕ = ਅੱਗ ਦਗਧ = ਬਾਲ ਕੈ = ਕਰਕੇ ਇਸ ਨੂੰ ਅਧਿਕ = ਬਹੁਤ ਅਉਟਾਰਿਓ = ਕਾੜ੍ਹਿਆ ਜਾਂਦਾ ਹੈ।

ਤਊ ਤਾ ਕੋ ਰੁਧਿਰ ਹੁਇ ਚੋਆ ਹੁਇ ਸਲਿਲ ਮਿਲ;
ਅਉਗਨਹਿ ਗੁਨ ਮਾਨੈ ਬਿਰਦੁ ਬੀਚਾਰਿਓ ਹੈ ॥੪੨੫॥

ਤਊ = ਤਦ ਵੀ ਅੱਗ ਬਾਲਣ ਨਾਲ ਤਾ = ਉਸ ਕੋ = ਦਾ ਰੁਧਿਰ = ਲਹੂ (ਰਸ) ਚੁਇ = ਚੋਣ ਲੱਗਦਾ ਹੈ ਤੇ ਫੇਰ ਸਲਿਲ = ਪਾਣੀ ਨਾਲ ਮਿਲ = ਰਲ ਕੇ ਉਸ ਦਾ ਚੋਆ = ਅਤਰ ਹੋਇ = ਹੋ ਜਾਂਦਾ ਹੈ ਭਾਵ ਅਤਰ ਬਣ ਜਾਂਦਾ ਹੈ। ਅਉਗਨਹਿ = ਔਗੁਣ ਨੂੰ ਵੀ ਗੁਣ ਮਾਨੈ = ਮੰਨਣ ਦੇ ਬਿਰਦ ਨੂੰ ਬੀਚਾਰਿਓ = ਵਿਚਾਰਦਾ ਹੈ, ਅੱਗ ਦਾ ਅਪਰਾਧ ਨਹੀਂ ਮੰਨਦਾ ॥੪੨੫॥

ਸਲਿਲ ਸੁਭਾਵ ਜੈਸੇ ਨਿਵਨ ਗਵਨ ਗੁਨ;
ਸੀਚੀਅਤ ਉਪਬਨ ਬਿਰਵਾ ਲਗਾਇ ਕੈ ॥

ਜੈਸੇ = ਜਿਸ ਪ੍ਰਕਾਰ ਸਲਿਲ = ਪਾਣੀ ਦੀ ਸੁਭਾਵ = ਆਦਤ ਨਿਵਨ = ਨੀਵੇਂ ਪਾਸੇ ਵੱਲ ਗਵਨ = ਚੱਲਣ ਦੀ ਹੈ ਤੇ ਜੇਕਰ ਉਪਬਨ = ਬਾਗ਼, ਬਗ਼ੀਚੀ ਵਿਚ ਬਿਰਵਾ = ਬੂਟਾ ਲਗਾਇ = ਲਗਾ ਕੈ = ਕਰਕੇ ਸੀਚੀਅਤ = ਸਿੰਚਣਾ ਕਰੀਏ ਤਾਂ ਗੁਨ = ਫਲ ਲੱਗਦਾ ਹੈ।

ਜਲਿ ਮਿਲਿ ਬਿਰਖਹਿ ਕਰਤ ਉਰਧ ਤਪ;
ਸਾਖਾ ਨਏ ਸਫਲ ਹੁਇ ਝੁਕ ਰਹੈ ਆਇ ਕੈ ॥

ਜਲਿ = ਪਾਣੀ ਬਿਰਖਹਿ = ਬ੍ਰਿਛ ਨਾਲ ਮਿਲਿ = ਰਲ ਕੇ ਆਪਣਾ ਨਿਵਨ ਸੁਭਾਅ ਪਲਟ ਕੇ ਉਰਧ = ਉੱਚਾ ਹੋ ਕੇ ਤਪ = ਤਪਣਾ ਕਰਤ = ਕਰਦਾ ਹੈ ਤੇ ਸਾਖਾ = ਟਾਹਣੀਆਂ ਸਿਰੋਂ ਨਏ = ਨੀਵੀਆਂ ਕਰ ਦਿੰਦਾ ਹੈ ਤੇ ਸਫਲ (ਸ + ਫਲ) ਸ = ਸਹਿਤ ਫਲ ਦੇ ਹੁਇ = ਹੋ ਕੇ ਫੇਰ ਝੁਕ ਕੇ, ਹੇਠਾਂ ਵੱਲ ਨੂੰ ਆਇ = ਆ ਕੈ = ਕਰਕੇ ਰਹੈ = ਰਹਿੰਦਾ ਹੈ।

ਪਾਹਨ ਹਨਤ ਫਲਦਾਈ, ਕਾਟੇ ਹੋਇ ਨਉਕਾ;
ਲੋਸਟ ਕੈ ਛੇਦੈ ਭੇਦੇ ਬੰਧਨ ਬੰਧਾਇ ਕੈ ॥

ਬ੍ਰਿਛ ਪਾਣੀ ਦੇ ਉਪਕਾਰੀ ਸੁਭਾਅ ਨੂੰ ਆਪਣੇ ਵਿਚ ਲੈ ਕੇ ਪਾਹਨ = ਪੱਥਰ ਹਨਤ = ਮਾਰਨ ਨਾਲ ਫਲਦਾਈ = ਫਲ ਦੇਣ ਵਾਲਾ ਬਣ ਜਾਂਦਾ ਹੈ ਅਤੇ ਕਾਟੇ = ਕੱਟਿਆ ਹੋਇ = ਹੋਇਆ ਨਉਕਾ = ਬੇੜੀ ਬਣ ਜਾਂਦਾ ਹੈ ਅਤੇ ਲੋਸਟ = ਲੋਹੇ ਦੇ ਆਰੇ ਨਾਲ ਛੇਦੈ = ਟੁਕੜੇ ਕਰਵਾ ਕੇ ਆਪਣੇ ਆਪ ਨੂੰ ਭੇਦੇ = ਵਿੰਨ੍ਹਾ ਕੇ ਰੱਸਿਆਂ ਦੇ ਬੰਧਨ = ਬੰਨ੍ਹਣ ਵਿਚ ਬੰਧਾਇ = ਬੰਨ੍ਹਾਂ ਲੈਣਾ ਕੈ = ਕਰਦਾ ਹੈ ਭਾਵ ਬੇੜੀ, ਜਹਾਜ਼ ਰੂਪ ਬਣ ਜਾਂਦਾ ਹੈ।

ਪ੍ਰਬਲ ਪ੍ਰਵਾਹ ਸੁਤ ਸਤ੍ਰੁ ਗਹਿ ਪਾਰਿ ਪਰੈ;
ਸਤਿਗੁਰ ਸਿਖ ਦੋਖੀ ਤਾਰੈ ਸਮਝਾਇ ਕੈ ॥੪੨੬॥

ਉਸ ਬੇੜੀ (ਜਹਾਜ਼) ਨੂੰ ਪ੍ਰਬਲ (ਪ੍ਰ + ਬਲ) ਪ੍ਰ = ਵਿਸ਼ੇਸ਼ ਕਰਕੇ ਬਲ = ਤੇਜ ਪ੍ਰਵਾਹ ਵਿਚ ਪਰੈ = ਪੈਂਦਿਆਂ ਪਾਣੀ ਆਪਣਾ ਸੁਤ = ਪੁੱਤਰ ਜਾਣ ਕੇ ਲੱਕੜ ਨੂੰ ਤਾਂ ਪਾਰ ਕਰਦਾ ਹੀ ਹੈ ਅਤੇ ਸਗੋਂ ਚੀਰਨ ਪਾੜਨ ਭਾਵ ਮੇਖਾਂ ਰਾਹੀਂ ਕੱਸਣ ਵਾਲੇ ਸ਼ਤਰੂ ਲੋਹੇ ਨੂੰ ਵੀ ਪਾਰ ਕਰ ਦਿੰਦਾ ਹੈ। ਇਸੇ ਪ੍ਰਕਾਰ ਸਤਿਗੁਰ = ਸੱਚੇ ਗੁਰੂ ਜੀ ਵੀ ਆਪਣੇ ਸਿੱਖ ਦੇ ਦੋਖੀ = ਦੋਸ਼ੀ ਨੂੰ ਸਮਝਾ ਕੈ = ਕਰਕੇ ਸੰਸਾਰ-ਸਮੁੰਦਰ ਤੋਂ ਤਾਰੈ = ਪਾਰ ਕਰ ਦਿੰਦੇ ਹਨ।

ਅਥਵਾ ਜਿਵੇਂ ਪਾਣੀ ਲੱਕੜ ਨੂੰ ਦੁੱਖ 'ਤੇ ਦੁੱਖ ਦੇ ਕੇ ਬਹੁਤ ਉਪਕਾਰ ਦੇ ਲਾਇਕ ਬਣਾ ਦੇਣ ਵਾਲਾ ਜਾਣ ਕੇ ਲੋਹੇ ਨੂੰ ਵੀ ਪਾਰ ਕਰ ਦਿੰਦਾ ਹੈ, ਤਿਵੇਂ ਹੀ ਸਿੱਖ ਦੇ ਦੋਸ਼ ਪ੍ਰਗਟ ਕਰਨ ਵਾਲਾ ਹੋਣ ਕਰਕੇ ਉਸ ਨੂੰ ਉਸ ਦੀਆਂ ਆਪਣੀਆਂ ਕਮਜ਼ੋਰੀਆਂ ਦੱਸ ਦੱਸ ਕੇ ਮਾਨੋ ਉਸ ਦੋਖੀ ਨੂੰ ਵੀ ਪਰਉਪਕਾਰ ਮੰਨ ਕੇ ਤਾਰ ਦਿਆ ਕਰਦੇ ਹਨ॥੪੨੬॥

ਗੁਰ ਉਪਦੇਸ ਪਰਵੇਸ ਕਰਿ, ਭੈ ਭਵਨ;
ਭਾਵਨੀ ਭਗਤਿ ਭਾਇ ਚਾਇ ਕੈ ਚਈਲੇ ਹੈ॥

ਜਦ ਗੁਰ = ਸਤਿਗੁਰਾਂ ਦੀ ਉਪਦੇਸ = ਸਿੱਖਿਆ ਗੁਰਮੁਖ ਜਨ ਦੇ ਰਿਦੇ ਵਿਚ ਪਰਵੇਸ = ਦਾਖ਼ਲ ਹੋਣਾ ਕਰਿ = ਕਰਦੀ ਹੈ ਤਾਂ ਉਸ ਦਾ ਹਿਰਦਾ ਰੂਪੀ ਭਵਨ = ਘਰ ਪ੍ਰਭੂ ਦੇ ਭੈ = ਡਰ ਸਹਿਤ ਹੋ ਜਾਂਦਾ ਹੈ ਅਤੇ ਭਾਵਨੀ = ਸ਼ਰਧਾ ਤੇ ਭਾਇ = ਪ੍ਰੇਮਾ ਭਗਤਿ = ਭਗਤੀ ਦੇ ਚਾਇ = ਉਤਸ਼ਾਹ ਦੇ ਕੈ = ਕਰਕੇ ਪ੍ਰਭੂ ਪ੍ਰਾਪਤੀ ਦੇ ਚਈਲੇ = ਉਤਸ਼ਾਹ ਦੇ ਸਹਿਤ ਹੋ ਜਾਂਦਾ ਹੈ।

ਸੰਗਮ ਸੰਜੋਗ ਭੋਗ, ਸਹਜ ਸਮਾਧਿ ਸਾਧਿ;
ਪ੍ਰੇਮ ਰਸ ਅੰਮ੍ਰਿਤ ਕੈ ਰਸਿਕ ਰਸੀਲੇ ਹੈ॥

ਉਹ ਗੁਰਮੁਖ ਜਨ ਪਦਾਰਥਾਂ ਦੇ ਸੰਗਮ = ਮਿਲਾਪ ਦੇ ਸੰਜੋਗ = ਸਾਥ ਤੇ ਸਹਜ = ਸੁਤੇ-ਸਿਧ ਸਮਾਧਿ = ਸਮਾਧੀ ਨੂੰ ਸਾਧਿ = ਸਾਧਨ ਵਾਲਾ ਤੇ ਪਰਮੇਸ਼ਰ ਦੇ ਪ੍ਰੇਮ ਰਸ ਰੂਪ ਅੰਮ੍ਰਿਤ ਕੈ = ਦੇ ਰਸ ਨੂੰ ਲੈਣ ਵਾਲਾ ਰਸਿਕ = ਰਸੀਆ ਬਣ ਕੇ ਉਹ ਰਸੀਲੇ (ਰਸ + ਈਲੇ) ਪ੍ਰੇਮ ਰਸ ਦਾ ਈਲੇ = ਘਰ ਬਣ ਜਾਂਦਾ ਹੈ।

ਬ੍ਰਹਮ ਬਿਬੇਕ ਟੇਕ ਏਕ ਅਉ ਅਨੇਕ ਲਿਵ;
ਬਿਮਲ ਬੈਰਾਗ ਫਬਿ ਛਬਿ ਕੈ ਛਬੀਲੇ ਹੈ॥

ਗੁਰਮੁਖ ਜਨ ਏਕ = ਇਕ ਬ੍ਰਹਮ = ਪਰਮੇਸ਼ਰ ਦੀ ਬਿਬੇਕ = ਵਿਚਾਰ ਦੀ ਟੇਕ = ਓਟ ਲੈ ਕੇ ਅਉ = ਅਤੇ ਅਨੇਕ = ਅਨੰਤ ਤਰ੍ਹਾਂ ਕਰਕੇ ਸੰਕਲਪਾਂ ਵਿਕਲਪਾਂ ਵਿਚ ਦੌੜ ਰਹੀ ਚਿੱਤ ਦੀ ਲਿਵ = ਬਿਰਤੀ ਨੂੰ ਰੋਕ ਕੇ ਬਿਮਲ = ਮੈਲ ਤੋਂ ਰਹਿਤ ਬੈਰਾਗ ਦੀ ਫਬਿ = ਉਪਮਾ ਸਹਿਤ ਛਬਿ = ਸਜ ਕੈ = ਕਰਕੇ ਛਬੀਲੇ (ਛਬ + ਈਲੇ) ਛਬ = ਸੋਭਾ ਦਾ ਈਲੇ = ਘਰ ਬਣ ਜਾਂਦਾ ਹੈ।

ਪਰਮਦਭੁਤ ਗਤਿ ਅਤਿ ਅਸਚਰਜ-ਮੈ;
ਬਿਸਮ ਬਿਦੇਹ ਉਨਮਨ ਉਨਮੀਲੇ ਹੈ॥੪੨੭॥

ਗੁਰਮੁਖ ਜਨ ਪਰਮਦਭੁਤ = ਅਸਚਰਜ ਗਤਿ = ਗੀਤੀ ਵਾਲੇ ਬਿਸਮ = ਅਸਚਰਜ ਬਿਦੇਹ = ਦੇਹ ਦੇ ਹੰਕਾਰ ਤੋਂ ਰਹਿਤ ਹੋ ਕੇ ਅਸਚਰਜ = ਵਿਸਮਾਦ ਮੈ = ਸਰੂਪ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਉਨਮਨ = ਉਨਮਨੀ, ਤੁਰੀਆ ਅਵਸਥਾ ਵਿਚ ਮਿਲ ਜਾਂਦਾ ਹੈ॥੪੨੭॥

ਜਉ ਲਉ ਕਰਿ ਕਾਮਨਾ ਕਾਮਾਰਥੀ ਕਰਮ ਕੀਨੇ;
ਪੂਰਨ ਮਨੋਰਥ ਭਇਓ ਨ ਕਾਹੂ ਕਾਮ ਕੋ॥

ਜਉ = ਜਦ ਲਉ = ਤਕ ਕਾਮਨਾ = ਚਾਹਨਾ, ਇੱਛਾ ਕਰਿ = ਕਰਕੇ ਕਾਮਾਰਥੀ = ਕਾਮਨਾ ਦੇ ਮਤਲਬ ਵਾਲੇ ਕਰਮ = ਕੰਮ ਕੀਨੇ = ਕੀਤੇ ਤਦ ਤਕ ਕਾਹੂ = ਕਿਸੇ ਵੀ ਕਾਮ = ਕੰਮ ਕੋ = ਦਾ ਮਨੋਰਥ = ਸੰਕਲਪ, ਮਤਲਬ ਪੂਰਨ = ਪੂਰਾ ਨਹੀਂ ਭਇਓ = ਹੋਇਆ।

ਜਉ ਲਉ ਕਰਿ ਆਸਾ ਆਸਵੰਤ ਹੁਇ ਆਸਰੋ ਗਹਿਓ;
ਬਹਿਓ ਫਿਰਿਓ ਠੌਰ ਠੌਰ ਪਾਇਓ ਨ ਬਿਸ੍ਰਾਮ ਕੋ ॥

ਜਉ = ਜਦ ਲਉ = ਤਕ ਇਹ ਜੀਵ ਆਸਾ = ਉਮੀਦ ਕਰਿ = ਕਰਕੇ ਆਸਵੰਤ = ਆਸਾ ਵਾਲਾ ਹੁਇ = ਹੋ ਕੇ ਹੋਰਨਾਂ ਲੋਕਾਂ ਦਾ ਆਸਰੋ = ਸਹਾਰਾ ਗਹਿਓ = ਪਕੜਦਾ ਹੈ, ਤਦ ਤਕ ਭਾਵੇਂ ਇੱਕੋ ਥਾਂ ਬਹਿਓ = ਬੈਠਣਾ ਕਰੇ ਜਾਂ ਦੇਸ਼ਾਂ-ਦੇਸ਼ਾਂਤਰਾਂ ਵਿਚ ਫਿਰਿਓ = ਫਿਰਨਾ ਕਰੇ, ਇਉਂ ਠੌਰ ਠੌਰ = ਥਾਂ ਥਾਂ 'ਤੇ ਫਿਰਨ ਨਾਲ ਬਿਸ੍ਰਾਮ = ਟਿਕਾਅ ਕੋ = ਨੂੰ ਨ = ਨਹੀਂ ਪਾਇਓ = ਪਾਉਣਾ ਕਰਦਾ।

ਜਉ ਲਉ ਕਰਿ ਮਮਤਾ ਮਮਤ ਮੂੰਡ ਬੋਝ ਲੀਨੋ;
ਦੀਨੋ ਡੰਡ ਖੰਡ ਖੰਡ ਖੇਦ ਠਾਮ ਠਾਮ ਕੋ ॥

ਹੇ ਜੀਵ ! ਜਉ = ਜਦ ਲਉ = ਤਕ ਤੂੰ ਮਮਤਾ = ਮੇਰ ਤੇਰ ਦੇ ਮੋਹ ਕਰਿ = ਕਰਕੇ ਮਮਤ = ਮੇਰ ਤੇਰ ਵਾਲੇ ਬੋਝ = ਵਜ਼ਨ ਨੂੰ ਮੂੰਡ = ਸਿਰ ਦੇ ਉੱਪਰ ਚੁੱਕ ਲੀਨੋ = ਲੈਣਾ ਕੀਤਾ ਹੈ, ਤਦ ਤਕ ਜਮਾਂ ਨੇ ਐਸਾ ਡੰਡ = ਦੰਡ ਦੀਨੋ = ਦਿੱਤਾ ਕਿ ਖੰਡ ਖੰਡ = ਟੁਕੜੇ ਟੁਕੜੇ ਭਾਵ ਚੂਰ ਚੂਰ ਹੁੰਦੇ ਰਹੇ ਤੇ ਠਾਮ ਠਾਮ = ਥਾਂ ਥਾਂ ਕੋ = ਦਾ ਖੇਦ = ਦੁੱਖ ਸਹਾਰਨਾ ਕੀਤਾ ਭਾਵ ਬਹੁਤ ਜੂਨਾਂ ਵਿਚ ਰੁਲਣਾ ਕੀਤਾ ਤੇ ਜਮਾਂ ਤੋਂ ਦੰਡ ਸਹਾਰਨਾ ਕੀਤਾ।

ਗੁਰ ਉਪਦੇਸ ਨਿਹਕਾਮ ਅਉ ਨਿਰਾਸ ਭਏ;
ਨਿਮ੍ਰਤਾ ਸਹਜ ਸੁਖ ਨਿਜ ਪਦ ਨਾਮ ਕੋ ॥੪੨੮॥

ਉਪਰੋਕਤ ਕਾਰਜਾਂ ਨੂੰ ਛੱਡ ਕੇ ਜਿਉਂ ਹੀ ਸਿੱਖ ਗੁਰ = ਸਤਿਗੁਰਾਂ ਦੀ ਉਪਦੇਸ = ਸਿੱਖਿਆ ਨੂੰ ਧਾਰਨ ਕਰ ਕੇ ਨਿਹਕਾਮ = ਨਿਸ਼ਕਾਮ ਅਉ = ਅਤੇ ਆਸਾਂ ਤੋਂ ਨਿਰਾਸ ਭਏ = ਹੋ ਜਾਂਦੇ ਹਨ, ਉਹ ਨਿਮ੍ਰਤਾ = ਨਰਮ ਸੁਭਾਅ ਕਰਕੇ ਸਹਜ = ਸ਼ਾਂਤੀ ਤੇ ਸੁਖ = ਆਨੰਦ ਦੀ ਪ੍ਰਾਪਤੀ ਕਰ ਕੇ ਨਿਜ = ਆਪਣੇ ਨਿਜ ਸਰੂਪ ਰੂਪੀ ਪਦ = ਰੁਤਬੇ ਕੋ = ਨੂੰ ਪਾਉਂਦੇ ਹਨ **ਵਾ:** ਜਿਸ ਸਹਜ = ਸੁਤੇ-ਸਿਧ ਆਤਮਿਕ ਸੁਖ = ਆਨੰਦ ਦਾ ਨਾਮ ਨਿੱਜ ਪਦ ਹੈ, ਉਸ ਨੂੰ ਗੁਰਸਿੱਖ ਨਿਮਰਤਾ ਵਾਲਾ ਸੁਭਾਅ ਧਾਰਨ ਕਰ ਕੇ ਪਾ ਲੈਣਾ ਕਰਦੇ ਹਨ॥੪੨੮॥

ਸਤਿਗੁਰ ਚਰਨ ਕਮਲ ਮਕਰੰਦ ਰਜ;
ਲੁਭਿਤ ਹੁਇ ਮਨ ਮਧੁਕਰ ਲਪਟਾਨੇ ਹੈ ॥

ਸਤਿਗੁਰ = ਸੱਚੇ ਗੁਰਾਂ ਦੇ ਚਰਨਾਂ ਕਮਲਾਂ ਦੀ ਰਜ = ਧੂੜ ਰੂਪ ਮਕਰੰਦ ਰਸ ਦੀ ਪ੍ਰਾਪਤੀ ਵਾਸਤੇ ਗੁਰਸਿੱਖਾਂ ਦਾ ਲੁਭਿਤ = ਲੁਭਾਇਮਾਨ ਹੁਇ = ਹੋਇਆ ਮਨ ਰੂਪ ਮਧੁਕਰ = ਭੌਰਾ ਹਰ ਵਕਤ ਲਪਟਾਨੇ = ਲਿਪਟਿਆ ਰਹਿੰਦਾ ਹੈ।

ਅੰਮ੍ਰਿਤ ਨਿਧਾਨ ਪਾਨ ਅਹਿਨਿਸਿ ਰਸਿਕ ਹੁਇ;
ਅਤਿ ਉਨਮਤਿ ਆਨ ਗਿਆਨ ਬਿਸਰਾਨੇ ਹੈ ॥

ਗੁਰਮੁਖ ਜਨ ਨਾਮ ਅੰਮ੍ਰਿਤ ਦੇ ਨਿਧਾਨ = ਖ਼ਜ਼ਾਨੇ ਗੁਰਾਂ ਦੇ ਚਰਨਾਂ ਦੀ ਪਾਹੁਲ ਪਾਨ = ਪੀ ਕੇ

ਅਹਿਨਿਸਿ = ਰਾਤ ਦਿਨ ਨਾਮ ਦੇ ਰਸਿਕ = ਰਸੀਏ ਹੁਇ = ਹੋਏ ਰਹਿੰਦੇ ਹਨ ਅਤੇ ਅਤਿ = ਅਤਿਅੰਤ ਉਨਮਤਿ = ਮਸਤ ਅਵਸਥਾ ਦੀ ਪ੍ਰਾਪਤੀ ਕਰ ਕੇ ਆਨ = ਹੋਰਨਾਂ ਦੁਨਿਆਵੀ ਗਿਆਨ ਵਾਲੀਆਂ ਗੱਲਾਂ ਜਾਂ ਚਤੁਰਾਈ ਵਾਲੀਆਂ ਗੱਲਾਂ ਨੂੰ ਬਿਸਰਾਨੇ = ਭੁਲਾ ਦਿੰਦੇ ਹੈ = ਹਨ।

ਸਹਜ ਸਨੇਹ ਗੇਹ ਬਿਸਮ ਬਿਦੇਹ ਰੂਪ;
ਸ੍ਵਾਂਤ ਬੂੰਦ ਗਤਿ ਸੀਪ ਸੰਪਟ ਸਮਾਨੇ ਹੈ॥

ਸਹਜ = ਸੁਤੇ-ਸਿਧ ਸਨੇਹ = ਪ੍ਰੇਮ ਦਾ ਗੇਹ = ਘਰ ਰੂਪ ਜੋ ਬਿਸਮ = ਅਸਚਰਜ ਕਰਨ ਵਾਲੀ ਬਿਦੇਹ ਰੂਪ = ਸਰੂਪ ਅਵਸਥਾ ਹੈ, ਇਸ ਵਿਚ ਗੁਰਮੁਖ ਜਨ ਇਉਂ ਲਿਵਲੀਨ ਰਹਿੰਦਾ ਹੈ, ਜਿਵੇਂ ਕਿ ਸ੍ਵਾਂਤ = ਸੁਆਂਤੀ ਬੂੰਦ ਨੂੰ ਗਤਿ = ਪ੍ਰਾਪਤ ਕਰ ਕੇ ਸੀਪ = ਸਿੱਪੀ ਸੰਪਟ = ਡੱਬੇ ਦੇ ਵਾਂਗ ਸਮਾਨੇ = ਸਮਾਅ ਜਾਂਦੀ ਹੈ ਭਾਵ ਡੱਬੇ ਦੀ ਤਰ੍ਹਾਂ ਭਿੜੀ ਰਹਿੰਦੀ ਹੈ ਤੇ ਆਪਣੇ ਆਪ ਵਿਚ ਅਜਰ ਨੂੰ ਜਰੀ ਰੱਖਦੀ ਹੈ।

ਚਰਨ ਸਰਨ ਸੁਖ ਸਾਗਰ ਕਟਾਛ ਕਰਿ;
ਮੁਕਤਾ ਮਹਾਂਤ ਹੁਇ ਅਨੂਪ ਰੂਪ ਠਾਨੇ ਹੈ॥੪੨੯॥

ਉਸੇ ਤਰ੍ਹਾਂ ਸੁਖ = ਅਨੰਦ ਦੇ ਸਾਗਰ = ਸਮੁੰਦਰ ਗੁਰਾਂ ਦੇ ਚਰਨਾਂ ਦੀ ਸਰਨ = ਓਟ ਪ੍ਰਾਪਤ ਕਰ ਕੇ ਤੇ ਗੁਰਾਂ ਦੀ ਕਟਾਛ = ਮਿਹਰ ਭਰੀ ਦ੍ਰਿਸ਼ਟੀ ਕਰਿ = ਕਰਕੇ ਸਿੱਖ ਦਾ ਅੰਤਹਕਰਣ ਮਹਾਂਤ = ਮਹਾਨ ਗਿਆਨ ਰੂਪ ਮੋਤੀ ਦੀ ਪ੍ਰਾਪਤੀ ਵਾਲਾ ਹੁਇ = ਹੋ ਕੇ ਅਨੂਪ = ਉਪਮਾ ਤੋਂ ਰਹਿਤ ਰੂਪ = ਸਰੂਪ ਵਾਲਾ ਠਾਨੇ = ਬਣ ਜਾਂਦਾ ਹੈ **ਅਥਵਾ** ਜਿਸ ਪ੍ਰਕਾਰ ਸਿੱਪੀ ਵਿਚ ਰਹਿ ਕੇ ਸੁਆਂਤੀ ਬੂੰਦ ਮੋਤੀ ਬਣ ਜਾਇਆ ਕਰਦੀ ਹੈ, ਉਸੇ ਤਰ੍ਹਾਂ ਹੀ ਗੁਰਾਂ ਦੇ ਚਰਨਾਂ ਦੀ ਸਰਨ ਵਿਚ ਸਮਾਇਆ ਹੋਇਆ ਸਿੱਖ ਦਾ ਮਨ ਮਹਾਨ ਮੁਕਤਾ = ਮੁਕਤੀ ਸੰਪੰਨ ਭਾਵ ਕੈਵਲ ਮੁਕਤੀ ਵਾਲਾ ਹੋ ਜਾਂਦਾ ਹੈ ਤੇ ਅਨੂਪ = ਉਪਮਾ ਤੋਂ ਰਹਿਤ ਸਰੂਪ ਵਾਲੇ ਪਰਮੇਸ਼ਰ ਦਾ ਸਰੂਪ ਹੀ ਬਣ ਜਾਇਆ ਕਰਦਾ ਹੈ॥੪੨੯॥

ਰੋਮ ਰੋਮ ਕੋਟਿ ਮੁਖ ਮੁਖ ਰਸਨਾ ਅਨੰਤ;
ਅਨਿਕ ਮਨੰਤਰ ਲਉ ਕਹਤ ਨ ਆਵਈ॥

ਸਰੀਰ ਦਾ ਹਰੇਕ ਰੋਮ ਰੋਮ = ਵਾਲ ਵਾਲ ਕੋਟਿ = ਕਰੋੜਾਂ ਮੁਖ = ਮੂੰਹ ਬਣ ਜਾਣ 'ਤੇ ਐਸੇ ਮੁਖ = ਮੂੰਹਾਂ ਵਿਚ ਅਨੰਤ = ਬੇਅੰਤ ਰਸਨਾ = ਜ਼ੁਬਾਨਾਂ ਹੋ ਆਉਣ, ਜਿਨ੍ਹਾਂ ਨਾਲ ਅਨਿਕ = ਅਨੰਤ ਮਨੰਤਰ = ਮਨ੍ਵੰਤਰਾਂ[੧] ਲਉ = ਤਕ ਵੀ ਜਿਸ ਮਨ ਦਾ ਭੇਤ ਕਹਤ = ਕਥਨ ਕਰਨ ਵਿਚ ਨ = ਨਹੀਂ ਆਵਈ = ਆਉਂਦਾ **ਵਾ:** ਪਰਮੇਸ਼ਰ ਦਾ ਅੰਤ ਕਥਨ ਵਿਚ ਨਹੀਂ ਆਉਂਦਾ।

ਕੋਟਿ ਬ੍ਰਹਮੰਡ ਭਾਰ ਡਾਰ ਤੁਲਾਧਾਰ ਬਿਖੈ;
ਤੋਲੀਐ ਜਉ ਬਾਰਿ ਬਾਰਿ ਤੋਲ ਨ ਸਮਾਵਈ॥

ਇਸੇ ਤਰ੍ਹਾਂ ਕੋਟਿ = ਕਰੋੜਾਂ ਬ੍ਰਹਿਮੰਡਾਂ ਦੇ ਭਾਰ = ਬੋਝ ਤੁਲਾਧਾਰ = ਤੱਕੜੀ ਬਿਖੈ = ਵਿਚ ਡਾਰ = ਪਾ

---

੧. ਮਨੂ ਦੇ ਰਾਜ ਕਰਨ ਦਾ ਸਮਾਂ। ਉਤਨਾ ਵੇਲਾ, ਜਿਤਨੇ ਵਿਚ ਇਕ ਮਨੂ ਆਪਣਾ ਅਧਿਕਾਰ ਭੋਗਦਾ ਹੈ, ਪੁਰਾਣਾ ਅਨੁਸਾਰ ਇਹ ਜੁਗਾਂ ਦੀਆਂ ੭੧ ਚੌਕੜੀਆਂ ਦੇ ਬਰਾਬਰ ਹੈ ਅਥਵਾ ੩੧੧,੪੪੯,੦੦੦ ਵਰ੍ਹੇ ਪ੍ਰਮਾਣ ਜਾਣਨਾ ਚਾਹੀਏ। ਕਈ ਗ੍ਰੰਥਾਂ ਵਿਚ ਮਨ੍ਵੰਤਰ ਦਾ ਪ੍ਰਮਾਣ ੪੩੨,੦੦,੦੦ ਵਰ੍ਹੇ ਭੀ ਹੈ, ਜੋ ਦੇਵਤਿਆਂ ਦੇ ੧੨੦੦੦ ਵਰ੍ਹਿਆਂ ਤੁਲ ਹੈ।

ਕੇ ਜਉ = ਜੇਕਰ ਉਸ ਪਰਮੇਸ਼ਰ ਦੇ ਮਹੱਤ ਨੂੰ ਬਾਰਿ ਬਾਰਿ = ਮੁੜ ਮੁੜ ਤੋਲੀਐ = ਤੋਲਣਾ ਕਰੀਏ ਤਾਂ ਵੀ ਉਹ ਤੋਲ ਵਿਚ ਸਮਾਵਈ = ਸਮਾਅ ਨ = ਨਹੀਂ ਕਰਦਾ ਭਾਵ ਜੇ ਉਸ ਪਰਮੇਸ਼ਰ ਦੇ ਰਚੇ ਹੋਏ ਖੰਡਾਂ ਬ੍ਰਹਿਮੰਡਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ, ਫੇਰ ਉਸ ਦਾ ਅੰਤ ਕਿਵੇਂ ਪਾਇਆ ਜਾ ਸਕਦਾ ਹੈ, ਭਾਵ ਨਹੀਂ ਪਾਇਆ ਜਾ ਸਕਦਾ।

ਚਤਰ ਪਦਾਰਥ ਅਉ ਸਾਗਰ ਸਮੂਹ ਸੁਖ;
ਬਿਬਿਧਿ ਬੈਕੁੰਠ ਮੋਲ ਮਹਿਮਾ ਨ ਪਾਵਈ ॥

ਚਤਰ = ਚਾਰ ਪਦਾਰਥ ਧਰਮ ਅਰਥ ਆਦਿ ਅਉ = ਅਤੇ ਸਾਗਰ = ਸਮੁੰਦਰ ਦੇ ਚੌਦਾਂ ਰਤਨ ਤੇ ਸਮੂਹ = ਸਾਰੇ ਸੁਖ = ਆਨੰਦ ਤੇ ਬਿਬਿਧਿ = ਬਹੁਤ ਤਰ੍ਹਾਂ ਦੇ ਬੈਕੁੰਠ = ਸਵਰਗ ਦੇ ਆਨੰਦ ਵੀ ਪਰਮੇਸ਼ਰ ਦੇ ਨਾਮ ਦੀ ਮਹਿਮਾ = ਉਪਮਾ ਦੀ ਮੋਲ = ਕੀਮਤ ਨ = ਨਹੀਂ ਪਾਵਈ = ਪਾ ਸਕਦੇ।

ਸਮਝ ਨ ਪਰੈ ਕਰੈ ਕਉਨ ਗਉਨ ਭਉਨ ਮਨ;
ਪੂਰਨ ਬ੍ਰਹਮ ਗੁਰ ਸਬਦ ਸੁਨਾਵਈ ॥੪੩੦॥

ਪਰ ਪੂਰਨ = ਪੂਰੇ ਬ੍ਰਹਮ = ਪਰਮੇਸ਼ਰ ਦਾ ਰੂਪ ਸੱਚੇ ਗੁਰ = ਸਤਿਗੁਰੂ ਸਾਹਿਬ ਜੀ ਜਦ ਆਪਣਾ ਨਾਮ ਬਾਣੀ ਦਾ ਸਬਦ = ਉਪਦੇਸ਼ ਸੁਨਾਵਈ = ਸੁਣਾਉਂਦੇ ਹਨ, ਤਦ ਸਮਝ = ਗਿਆਤ ਵਿਚ ਨ = ਨਹੀਂ ਪਰੈ = ਪੈਂਦਾ ਭਾਵ ਪਤਾ ਨਹੀਂ ਲੱਗਦਾ ਕਿ ਉਦੋਂ ਮਨ ਕਉਨ = ਕਿਹੜੇ ਗਉਨ = ਘਰ ਵਿਚ ਭਉਨ = ਟਿਕਾਣਾ ਕਰ ਲੈਂਦਾ ਹੈ ਭਾਵ ਕਿਸ ਟਿਕਾਣੇ 'ਤੇ ਪੁੱਜ ਜਾਂਦਾ ਹੈ ਅਰਥਾਤ ਇਹ ਮਨ ਹੋਰ ਕਿਸੇ ਵੀ ਤਰੀਕੇ ਨਾਲ ਆਪਣੇ ਸਰੂਪ ਰੂਪੀ ਟਿਕਾਣੇ 'ਤੇ ਨਹੀਂ ਆਉਣ ਵਾਲਾ, ਕੇਵਲ ਗੁਰ-ਉਪਦੇਸ਼ ਨੂੰ ਧਾਰਨ ਕਰ ਕੇ ਹੀ ਆਪਣੇ ਅਸਲੀ ਟਿਕਾਣੇ 'ਤੇ ਆਉਂਦਾ ਹੈ॥੪੩੦॥

ਲੋਚਨ ਪਤੰਗ ਦੀਪ ਦਰਸ ਦੇਖਨ ਗਏ;
ਜੋਤੀ ਜੋਤਿ ਮਿਲਿ ਪੁਨਿ ਊਤਰ ਨ ਆਨੇ ਹੈ ॥

ਜਿਸ ਪ੍ਰਕਾਰ ਲੋਚਨ = ਨੇਤਰਾਂ ਨਾਲ ਪਤੰਗ = ਪਰਵਾਨੇ ਦੀਪ = ਦੀਵੇ ਦਾ ਦਰਸ ਦੇਖਨ = ਵੇਖਣ ਲਈ ਗਏ, ਜੋਤੀ = ਪ੍ਰਕਾਸ਼ ਕਰਨ ਵਾਲੇ ਦੀਵੇ ਦੀ ਜੋਤਿ = ਪ੍ਰਕਾਸ਼ਮਈ ਲਾਟ ਨਾਲ ਮਿਲਿ = ਰਲ ਕੇ ਪੁਨਿ = ਮੁੜ ਊਤਰ = ਜਵਾਬ ਲੈ ਕੇ ਨ = ਨਹੀਂ ਆਨੇ = ਆਉਂਦੇ ਹੈ = ਹਨ।

ਨਾਦ ਬਾਦ ਸੁਨਬੇ ਕਉ ਸ੍ਰਵਨ ਹਰਨ ਗਏ;
ਸੁਨਿ ਧੁਨਿ ਥਕਤ ਭਏ ਨ ਬਹੁਰਾਨੇ ਹੈ ॥

ਜਿਸ ਪ੍ਰਕਾਰ ਹਰਨ = ਮ੍ਰਿਗ ਦੇ ਸ੍ਰਵਨ = ਕੰਨ ਬਾਦ = ਘੰਡੇਹੇੜੇ ਦੀ ਨਾਦ = ਧੁਨੀ ਕਉ = ਨੂੰ ਸੁਨਬੇ = ਸੁਣਨ ਗਏ ਅਤੇ ਧੁਨਿ = ਧੁਨੀ ਨੂੰ ਸੁਨਿ = ਸੁਣਨ ਗਏ ਇਤਨੇ ਥਕਤ = ਹਾਰ, ਮੋਹਿਤ ਭਏ = ਹੋ ਗਏ ਕਿ ਉਹ ਆਪ ਵੀ ਬਹੁਰਾਨੇ = ਮੁੜ ਕੇ ਆ ਨਹੀਂ ਸਕਦੇ ਹੈ = ਹਨ।

ਚਰਨ ਕਮਲ ਮਕਰੰਦ ਰਸਿ ਰਸਿਕ ਹੁਇ;
ਮਨ ਮਧੁਕਰ ਸੁਖ ਸੰਪਟ ਸਮਾਨੇ ਹੈ॥

ਜਿਸ ਪ੍ਰਕਾਰ ਮਧੁਕਰ = ਭੌਰੇ ਸੰਪਟ = ਡੱਬੇ ਵਤ ਕਮਲ ਫੁੱਲ ਵਿਚ ਸਮਾਨੇ = ਸਮਾਏ, ਵੜੇ ਹੁਇ = ਹੋਏ ਮੁੜ ਕੇ ਵਾਪਸ ਨਹੀਂ ਪਰਤਦੇ, ਇਸੇ ਤਰ੍ਹਾਂ ਗੁਰਾਂ ਦੇ ਚਰਨਾਂ ਦੀ ਮਕਰੰਦ ਰਸ ਵਤ ਧੂੜੀ ਦੇ ਰਸਤ = ਆਨੰਦ ਵਿਚ ਰਸਿਕ = ਰਸੀਏ ਹੋ ਕੇ ਗੁਰਸਿੱਖਾਂ ਦਾ ਮਨ ਲੱਗ ਜਾਂਦਾ ਹੈ।

ਅਥਵਾ ਜਿਸ ਪ੍ਰਕਾਰ ਭੌਰੇ ਦਾ ਸੁਭਾਅ ਹੈ ਕਿ ਭੌਰਾ ਕੌਲ ਫੁੱਲ ਦੇ ਮਕਰੰਦ ਰਸ ਦਾ ਰਸਿਕ = ਰਸੀਆ ਬਣ ਕੇ ਕੌਲ ਵਿਚ ਹੀ ਲੰਪਟ ਰਹਿੰਦਾ ਹੈ, ਇਸੇ ਪ੍ਰਕਾਰ ਗੁਰਸਿੱਖਾਂ ਦਾ ਮਨ ਰੂਪ ਭੌਰਾ ਗੁਰਾਂ ਦੇ ਚਰਨ ਕਮਲਾਂ ਦੇ ਪਰਸਣ ਰੂਪ ਸੁਖ ਸੰਪਟ ਵਿਚ ਸਮਾਨੇ = ਸਮਾਇਆ ਰਹਿੰਦਾ ਹੈ।

ਰੂਪ ਗੁਨ ਪ੍ਰੇਮ ਰਸ ਪੂਰਨ ਪਰਮ ਪਦ;
ਆਨ ਗਿਆਨ ਧਿਆਨ ਰਸ ਭਰਮਿ ਭੁਲਾਨੇ ਹੈ॥੪੩੧॥

ਜਿਸ ਪ੍ਰਕਾਰ ਉਪਰੋਕਤ ਵਾਰਤਾ ਅਨੁਸਾਰ ਭੌਰਾ ਕੌਲ ਫੁੱਲ ਦੇ ਰਸ ਵਿਚ ਖਚਿਤ ਹੋਇਆ ਫੇਰ ਹੋਰ ਫੁੱਲਾਂ ਦੇ ਧਿਆਨ ਨੂੰ ਵਿਸਾਰ ਦਿੰਦਾ ਹੈ ਤੇ ਪਤੰਗਾ ਦੀਵੇ ਦੀ ਲਾਟ 'ਤੇ, ਹਿਰਨ ਘੰਡੇਹੇੜੇ ਦੇ ਗੁਣ ਸੁਣ ਕੇ, ਪ੍ਰੇਮ ਸਾਹਿਤ ਭੌਰੇ ਵਾਂਗ ਫੁੱਲਾਂ ਦਾ ਰਸ = ਸੁਆਦ ਲੈਣਾ ਆਦਿ ਇਸੇ ਪ੍ਰਕਾਰ ਗੁਰਸਿੱਖ ਪੂਰਨ = ਪੂਰੇ ਗੁਰਾਂ ਦੇ ਚਰਨਾਂ ਕਮਲਾਂ ਦੇ ਨਾਲ ਪ੍ਰੇਮ = ਸਨੇਹ ਕਰਕੇ ਰੂਪ = ਸਰੂਪ ਦੀ ਪ੍ਰਾਪਤੀ ਵਾਲੇ ਸ਼ੁਭ ਗੁਨ = ਗੁਣਾਂ ਨੂੰ ਰਿਦੇ ਵਿਚ ਧਾਰਨ ਕਰਕੇ ਪਰਮ = ਉੱਤਮ ਤੁਰੀਆ ਅਵਸਥਾ ਰੂਪ ਪਦ = ਪਦਵੀ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਆਨ = ਹੋਰ ਦੇਵ ਦੇਵਤਿਆਂ ਦੇ ਗਿਆਨ ਧਿਆਨ ਦੇ ਰਸ = ਸੁਆਦ ਭਾਵ ਪੂਜਣ ਨੂੰ ਭਰਮ ਰੂਪ ਜਾਣ ਕੇ ਹਮੇਸ਼ਾਂ ਲਈ ਆਪਣੇ ਅੰਦਰੋਂ ਭੁਲਾਨੇ = ਭੁਲਾ ਦਿੰਦਾ ਹੈ॥੪੩੧॥

ਪ੍ਰਥਮ ਹੀ ਆਨ ਧਿਆਨ ਹਾਨਿ ਕੈ ਪਤੰਗ ਬਿਧਿ;
ਪਾਛੈ ਕੈ ਅਨੂਪ ਰੂਪ ਦੀਪਕ ਦਿਖਾਏ ਹੈ॥

ਪ੍ਰਥਮ = ਪਹਿਲਾਂ ਹੀ ਪਤੰਗੇ ਦੀ ਰੀਤ ਅਨੁਸਾਰ ਆਨ = ਹੋਰ ਦੇਵੀ ਦੇਵਤਿਆਂ ਦੇ ਧਿਆਨ ਨੂੰ ਹਾਨਿ = ਨਾਸ਼ ਭਾਵ ਗਵਾ ਦੇਵੇ, ਪਾਛੈ = ਪਿੱਛੋਂ ਫੇਰ ਦੀਪਕ = ਦੀਵੇ ਦੀ ਤਰ੍ਹਾਂ ਆਪਣਾ ਅਨੂਪ = ਉਪਮਾ ਤੋਂ ਰਹਿਤ ਆਤਮ ਸਰੂਪ ਦਿਖਾਏ = ਵਿਖਾਈ ਦਿੰਦਾ ਹੈ।

ਪ੍ਰਥਮ ਹੀ ਆਨ ਗਿਆਨ ਸੁਰਤਿ ਬਿਸਰਜਿ ਕੈ;
ਅਨਹਦ ਨਾਦ ਮ੍ਰਿਗ ਜੁਗਤਿ ਸੁਨਾਏ ਹੈ॥

ਪ੍ਰਥਮ = ਪਹਿਲਾਂ ਹੀ ਆਨ = ਹੋਰਨਾਂ ਗਿਆਨਾਂ ਧਿਆਨਾਂ ਦੀ ਸੁਰਤਿ = ਗਿਆਤ ਨੂੰ ਅੰਦਰੋਂ ਬਿਸਰਜਿ = ਵਿਸ਼ੇਸ਼ ਕਰਕੇ ਤਿਆਗ ਦੇਣਾ ਕੈ = ਕਰੇ ਤਾਂ ਹੀ ਮ੍ਰਿਗ = ਹਿਰਨ ਦੀ ਜੁਗਤਿ = ਜੁਗਤੀ ਵਾਂਗ ਅਨਹਦ = ਹੱਦ ਤੋਂ ਰਹਿਤ ਨਾਦ = ਆਵਾਜ਼, ਧੁਨੀ ਭਾਵ ਦਿਬ੍ਯ ਧੁਨੀ ਨੂੰ ਸੁਨਾਏ = ਸੁਣਨਾ ਕਰੀਦਾ ਹੈ।

ਪ੍ਰਥਮ ਹੀ ਬਚਨ ਰਚਨ ਹਰਿ ਗੁੰਗ ਸਾਜਿ;
ਪਾਛੈ ਕੈ ਅੰਮ੍ਰਿਤ ਰਸ ਅਪਿਓ ਪੀਆਏ ਹੈ॥

ਪ੍ਰਥਮ = ਪਹਿਲਾਂ ਹੀ ਬਚਨ = ਵਾਕਾਂ ਦੀ ਰਚਨ = ਰਚਨਾ ਨੂੰ ਹਰਿ = ਹਰਨ ਕਰਕੇ ਭਾਵ ਭੌਰੇ ਵਤ ਗੁੰਜਾਰ ਛੱਡ ਕੇ ਮਸਤ ਹੋ ਜਾਣ ਵਤ ਗੁੰਗ ਸਾਜਿ = ਗੁੰਗਾ ਬਣ ਜਾਵੇ, ਚੁੱਪ ਕਰ ਜਾਵੇ ਤਾਂ ਪਾਛੈ = ਪਿੱਛੋਂ ਕਿਤੇ ਜਾ ਕੈ = ਕਰਕੇ ਨਾਮ ਅੰਮ੍ਰਿਤ ਦਾ ਰਸ = ਸੁਆਦ ਅਪਿਓ = ਅੰਮ੍ਰਿਤ ਵਾਂਗ ਪੀਆਏ = ਪੀਣ ਵਿਚ ਆਉਂਦਾ ਹੈ।

ਪੇਖ ਸੁਨ ਅਚਵਤ ਹੀ ਭਏ ਬਿਸਮ ਅਤਿ;
ਪਰਮਦਭੁਤ ਅਸਚਰਜ ਸਮਾਏ ਹੈ॥੪੩੨॥

ਗੁਰਾਂ ਦੇ ਦਰਸਨ ਪੇਖ = ਵੇਖਦਿਆਂ, ਗੁਰ-ਉਪਦੇਸ਼ ਨੂੰ ਸੁਨ = ਸੁਣਦਿਆਂ ਤੇ ਗੁਰ-ਉਪਦੇਸ਼ ਨੂੰ ਕਮਾਉਣ ਰੂਪ ਅਚਵਤ = ਛਕਦਿਆਂ ਹੀ ਗੁਰਸਿੱਖ ਅਤਿ = ਅਤਿਅੰਤ ਬਿਸਮ = ਵਿਸਮਾਦਤਾ ਨੂੰ ਪ੍ਰਾਪਤ ਭਏ = ਹੋ ਜਾਂਦਾ ਹੈ ਭਾਵ ਆਪਣਾ ਆਪ ਭੁੱਲ ਜਾਂਦਾ ਹੈ। ਇਸੇ ਕਰਕੇ ਪਰਮਦਭੁਤ = ਅਸਚਰਜ ਸਰੂਪ ਦੀ ਪ੍ਰਾਪਤੀ ਕਰਾਉਣ ਵਾਲੀ ਅਸਚਰਜ = ਵਿਸਮਾਦ ਰੂਪ ਤੁਰੀਆ ਪਦ ਰੂਪ ਅਵਸਥਾ ਵਿਚ ਸਮਾਏ = ਸਮਾਅ ਜਾਂਦਾ ਹੈ॥੪੩੨॥

ਜਾਤਿ ਸਿਹਿਜਾਸਨ ਜਉ ਕਾਮਨੀ ਜਾਮਨੀ ਸਮੈ;
ਗੁਰ ਜਨ ਸੁਜਨ ਕੀ ਬਾਤ ਨ ਸੁਹਾਤ ਹੈ॥

ਜਉ = ਜਦ ਜਾਮਨੀ = ਰਾਤਰੀ ਦੇ ਸਮੈ = ਵਕਤ ਕਾਮਨੀ = ਇਸਤਰੀ ਸਿਹਿਜਾਸਨ = ਸੇਜਾ ਉੱਤੇ ਆਪਣਾ ਆਸਨ ਲਾਉਣ ਲਈ ਜਾਤਿ = ਜਾਂਦੀ ਹੈ ਭਾਵ ਪਤੀ ਦੇ ਨਾਲ ਮਿਲਾਪ ਵਾਲੀ ਸੇਜਾ 'ਤੇ ਜਾਂਦੀ ਹੈ ਤਾਂ ਉਸ ਨੂੰ ਘਰ ਦੇ ਗੁਰ = ਵੱਡੇ ਜਨ = ਪੁਰਖਾਂ ਭਾਵ ਸੱਸ, ਸਹੁਰੇ, ਜੇਠ ਆਦਿ ਸੁਜਨ = ਸ੍ਰੇਸ਼ਟ ਪੁਰਖਾਂ ਕੀ = ਦੀਆਂ ਬਾਤ = ਗੱਲਾਂ ਸੁਹਾਤ = ਚੰਗੀਆਂ ਨ = ਨਹੀਂ ਲੱਗਦੀਆਂ ਹੈ = ਹਨ।

ਹਿਮਕਰ ਉਦਿਤ ਮੁਦਿਤ ਹੈ ਚਕੋਰ ਚਿਤਿ;
ਇਕ ਟਕ ਗਿਆਨ ਕੈ ਸਮਾਰਤ ਨ ਗਾਤ ਹੈ॥

ਹਿਮਕਰ = ਚੰਦਰਮਾ ਦੇ ਉਦਿਤ = ਉਦੇ, ਚੜ੍ਹਨ ਨਾਲ ਚਕੋਰ ਦਾ ਚਿੱਤ ਮੁਦਿਤ = ਪ੍ਰਸੰਨ ਹੋ ਜਾਂਦਾ ਹੈ ਤੇ ਇਕ ਟਕ = ਲਗਾਤਾਰ, ਇਕ-ਰਸ ਧਿਆਨ = ਖ਼ਿਆਲ ਨੂੰ ਲਾ ਕੈ = ਕਰਕੇ ਆਪਣੇ ਗਾਤ = ਸਰੀਰ ਨੂੰ ਵੀ ਨ = ਨਹੀਂ ਸਮਾਰਤ = ਸੰਭਾਲਦਾ ਹੈ।

ਜੈਸੇ ਮਧੁਕਰ ਮਕਰੰਦ ਰਸ ਲੁਭਤ ਹੈ;
ਬਿਸਮ ਕਮਲ ਦਲ ਸੰਪਟ ਸਮਾਤ ਹੈ॥

ਜੈਸੇ = ਜਿਸ ਪ੍ਰਕਾਰ ਮਧੁਕਰ = ਭੌਰਾ ਮਕਰੰਦ ਰਸ ਦੇ ਵਿਚ ਲੁਭਤ = ਲੁਭਾਇਮਾਨ ਹੋ ਜਾਂਦਾ ਹੈ ਅਤੇ

ਬਿਸਮ = ਬਿਸਮਾਦਤਾ ਦੇ ਸਹਿਤ ਕਮਲ = ਕੌਲ ਫੁੱਲ ਦੇ ਦਲ = ਪੱਤਿਆਂ ਦੇ ਸੰਪਟ = ਡੱਬੇ ਵਿਚ ਸਮਾਤ = ਸਮਾਅ ਜਾਂਦਾ ਹੈ।

ਤੈਸੇ ਗੁਰ ਚਰਨ ਸਰਨਿ ਚਲਿ ਜਾਤਿ ਸਿਖ;
ਦਰਸ ਪਰਸ ਪ੍ਰੇਮ ਰਸ ਮੁਸਕਾਤਿ ਹੈ॥੪੩੩॥

ਤੈਸੇ = ਉਸੇ ਤਰ੍ਹਾਂ ਹੀ ਜਦ ਸਿੱਖ ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਚਲਿ = ਤੁਰ ਕੇ ਜਾਤਿ = ਜਾਂਦਾ ਹੈ, ਤਦ ਸਿੱਖ ਵੀ ਗੁਰਾਂ ਦੇ ਦਰਸ = ਦਰਸ਼ਨ ਕਰ ਕੇ ਤੇ ਚਰਨਾਂ ਨੂੰ ਪਰਸ = ਸਪਰਸ਼ ਕਰ ਕੇ ਪ੍ਰੇਮ = ਸਨੇਹ ਦੇ ਰਸ = ਸੁਆਦ ਨੂੰ ਚੱਖ ਕੇ ਮੁਸਕਾਤਿ = ਪ੍ਰਸੰਨ ਹੁੰਦਾ ਹੈ ਭਾਵ ਅਨੰਦਿਤ ਹੋ ਜਾਂਦਾ ਹੈ **ਵਾ:** ਪ੍ਰੇਮ ਰਸ ਵਿਚ ਮਸਤ ਹੋ ਕੇ ਹੌਲੀ ਹੌਲੀ ਮੁਸਕਰਾਉਂਦਾ ਹੈ॥੪੩੩॥

ਆਵਤ ਹੈ ਜਾ ਕੈ ਭੀਖ ਮਾਗਨਿ ਭਿਖਾਰੀ ਦੀਨ;
ਦੇਖਤ ਅਧੀਨਹਿ ਨਿਰਾਸੋ ਨ ਬਿਡਾਰਿ ਹੈ॥

ਜਾ = ਜਿਸ ਕੈ = ਦੇ ਕੋਲ ਕੋਈ ਦੀਨ = ਗ਼ਰੀਬ ਭਿਖਾਰੀ = ਮੰਗਤਾ ਕੁਝ ਭੀਖ = ਮੰਗਣ ਲਈ ਆਵਤ = ਆਉਂਦਾ ਹੈ ਤਾਂ ਉਹ ਉਸ ਦੀ ਅਧੀਨਹਿ = ਦੀਨਤਾ ਨੂੰ ਦੇਖਤ = ਵੇਖ ਕੇ ਨਿਰਾਸੋ = ਆਸਾਹੀਨ ਕਰਕੇ ਨ = ਨਹੀਂ ਬਿਡਾਰਿ = ਮੋੜਦਾ ਹੈ।

ਬੈਠਤ ਹੈ ਜਾ ਕੈ ਦੁਆਰ ਆਸਾ ਕੈ ਬਿਡਾਰ ਸ੍ਵਾਨ;
ਅੰਤ ਕਰੁਨਾ ਕੈ ਤੋਰਿ ਟੂਕਿ ਤਾਹਿ ਡਾਰਿ ਹੈ॥

ਜਾ = ਜਿਸ ਕੈ = ਦੇ ਦੁਆਰ = ਬੂਹੇ ਅੱਗੇ ਹੋਰਨਾਂ ਆਸਾ = ਉਮੀਦਾਂ ਕੈ = ਦੇ ਤਾਈਂ ਬਿਡਾਰ = ਤਿਆਗ ਕੇ ਸ੍ਵਾਨ = ਕੁੱਤਾ ਬੈਠਤ = ਬੈਠ ਜਾਂਦਾ ਹੈ ਤਾਂ ਅੰਤ = ਅਖ਼ੀਰ ਨੂੰ ਕਰੁਨਾ = ਦਇਆ ਕੈ = ਕਰਕੇ ਉਹ ਟੂਕਿ = ਟੁਕੜਾ ਤੋਰਿ = ਤੋੜ ਕੈ = ਕੇ ਤਾਹਿ = ਉਸ ਨੂੰ ਡਾਰਿ = ਪਾ ਦੇਣਾ ਕਰਦਾ ਹੈ।

ਪਾਇਨ ਕੀ ਪਨਹੀ ਰਹਤ ਪਰਹਰੀ ਪਰੀ;
ਤਾਹੂ ਕਾਹੂ ਕਾਜਿ ਉਠਿ ਚਲਤ ਸਮਾਰਿ ਹੈ॥

ਭਾਵੇਂ ਪਾਇਨ = ਪੈਰ ਕੀ = ਦੀ ਪਨਹੀ = ਜੁੱਤੀ ਦੂਰ, ਪਰੇ ਪਰਹਰੀ = ਤਿਆਗੀ ਪਰੀ = ਪਈ ਰਹਤ = ਰਹਿੰਦੀ ਹੈ, ਪਰ ਉਸ ਜੁੱਤੀ ਦਾ ਮਾਲਕ ਤਾਹਿ = ਉਸ ਜੁੱਤੀ ਨੂੰ ਕਾਹੂ = ਕਿਸੇ ਕਾਜਿ = ਕਾਰਜ ਲਈ ਉਠਿ ਕੇ ਚਲਤ = ਤੁਰਨ ਵੇਲੇ ਸਮਾਰਿ = ਸੰਭਾਲ ਹੀ ਲੈਂਦਾ ਹੈ।

ਛਾਡਿ ਅਹੰਕਾਰ ਛਾਰ ਹੋਇ ਗੁਰ ਮਾਰਗ ਮੈ;
ਕਬਹੂ ਕੈ ਦਇਆ ਕੈ ਦਇਆਲ ਪਗਿ ਧਾਰ ਹੈ॥੪੩੪॥

ਉਸੇ ਤਰ੍ਹਾਂ ਹੀ ਜੇਕਰ ਸਿੱਖ ਅਹੰਕਾਰ = ਹੰਗਤਾ ਨੂੰ ਛਾਡਿ = ਤਿਆਗ ਕੇ ਗੁਰ = ਸਤਿਗੁਰਾਂ ਦੇ ਸਿੱਖੀ, ਭਗਤੀ ਰੂਪ ਮਾਰਗ = ਰਸਤੇ ਮੈ = ਵਿਚ ਚੱਲਦਾ ਹੋਇਆ ਸਭਨਾਂ ਦੇ ਚਰਨਾਂ ਦੀ ਛਾਰ = ਧੂੜੀ ਹੋਇ = ਹੋ

ਕੇ ਰਹਿਣਾ ਕਰੇ ਤਾਂ ਕਬਹੂ = ਕਦੇ ਜ਼ਰੂਰ ਹੀ ਦਇਆ = ਮਿਹਰ ਕੈ = ਕਰਕੇ ਦਇਆਲ = ਦਇਆ ਦੇ ਘਰ ਸਤਿਗੁਰੂ ਜੀ ਆਪਣੇ ਪਗਿ = ਚਰਨੀਂ ਸਿੱਖ ਨੂੰ ਪਾ ਹੀ ਲੈਣਾ ਕੈ = ਕਰਦੇ ਹਨ **ਵਾ:** ਫੇਰ ਕਦੇ ਤਾਂ ਕਿਰਪਾ ਕਰ ਕੇ ਦਿਆਲੂ ਸਤਿਗੁਰੂ ਜੀ ਸਿੱਖ ਦੇ ਰਿਦੇ ਰੂਪ ਘਰ ਵਿਚ ਪੈਰ ਧਾਰਿ = ਧਰਨਾ ਕਰਨਗੇ ਭਾਵ ਰਿਦੇ ਵਿਚ ਗਿਆਨ ਦਾ ਪ੍ਰਕਾਸ਼ ਕਰ ਦੇਣਗੇ॥੪੩੪॥

ਦ੍ਰੌਪਤੀ ਕੁਪੀਨ ਮਾਤ੍ਰ ਦਈ ਜਉ ਮੁਨੀਸਰਹਿ;
ਤਾਂ ਤੇ ਸਭਾ ਮਧਿ ਬਹਿਓ ਬਸਨ ਪ੍ਰਵਾਹ ਜੀ॥

ਹੇ ਪਿਆਰੇ ਜੀ! ਜਉ = ਜਿਸ ਤਰ੍ਹਾਂ ਮੁਨੀਸਰਹਿ = ਮੁਨੀਆਂ ਦੇ ਈਸ਼ਵਰ ਭਾਵ ਦੁਰਬਾਸਾ ਜੀ ਨੂੰ ਇਕ ਛੋਟੀ ਜਿਹੀ ਕੁਪੀਨ = ਲੰਗੋਟੀ ਜਿਤਨਾ ਬਸਤਰ ਦ੍ਰੌਪਤੀ ਨੇ ਆਪਣੀ ਸਾੜ੍ਹੀ (ਚੁੰਨੀ) ਨਾਲੋਂ ਪਾੜ ਕੇ ਨੰਗੇਜ ਕੱਜਣ ਲਈ ਦਈ = ਦਿੱਤਾ ਸੀ, ਤਾਂ = ਉਸ ਛੋਟੀ ਜਿਹੀ ਲੀਰ ਪਾੜਨੇ ਤੇ = ਤੋਂ ਹੀ ਭਾਵ ਛੋਟੀ ਜਿਹੀ ਲੀਰ ਦੇ ਦਾਨ ਕਰਨ ਤੋਂ ਹੀ ਦੁਰਯੋਧਨ ਦੀ ਸਭਾ ਮਧਿ = ਵਿਚ ਦ੍ਰੌਪਤੀ ਨੂੰ ਨੰਗੇ ਕਰਨ ਸਮੇਂ ਮਾਨੋ ਬਸਤ = ਬਸਤਰਾਂ ਦਾ ਪ੍ਰਵਾਹ ਹੀ ਬਹਿਓ = ਬਹਿ ਤੁਰਿਆ ਸੀ। ਜੈਸਾ ਕਿ :

ਦੁਹਸਾਸਨ ਕੀ ਸਭਾ ਦ੍ਰੌਪਤੀ ਅੰਬਰ ਲੇਤ ਉਬਾਰੀਅਲੇ॥ *(ਮਾਲੀ ਗਉੜਾ ਨਾਮਦੇਵ ਜੀ, ਅੰਗ ੯੮੮)*

ਪਾਰਥ ਕੀ ਰਾਨੀ ਸਭਾ ਬੀਚ ਬਿਲਖਾਨੀ ਦੁਸਾਸਨ ਅਭਿਮਾਨੀ ਗਹਿ ਆਨੀ ਕੇਸ ਪਾਸ ਮੈਂ।
ਤਾਹੀ ਸਮੈ ਪਜਾਰੀ ਮਾਰੀ ਖੈਂਚਤ ਪੁਕਾਰੀ ਲਾਥ ਭਈ ਹੌਂ ਅਨਾਥ ਨੀਚ ਲੋਗਨ ਕੇ ਤ੍ਰਾਸ ਮੈਂ।
ਸੈਨਾ ਪਤਿ ਤੋਹੀ ਪਟ ਕੋਟ ਕੋਟ ਪਟ ਚਲੇ ਚਾਰੇ ਬੇਦ ਰਾਇ ਜਸ ਜਾਇ ਕੈ ਅਕਾਸ਼ ਮੈਂ।
ਬੈਰਨ ਕੇ ਬਾਸ ਮੈਂ ਬਿਪਤ ਕਿ ਨਿਵਾਸ ਮੈਂ ਜਗਨ ਨਾਥ ਵਾਸ ਮੈਂ ਦਿਖਾਈ ਪ੍ਰੀਤ ਵਾਸ ਮੈਂ।

(ਧਰਮ ਸ਼ਾਸਤਰ)

ਦੁਹਸਾਸਨ ਦ੍ਰਗੁਨ ਦੁਕੂਲ ਗਹੇ ਦੀਨ ਬੰਧ ਦੀਨ ਹੋ ਕੇ ਦਰੋਪਤੀ ਦੁਲਾਰੀ ਯੌਂ ਪੁਕਾਰੀ ਹੈ।
ਛਾਡੇ ਪੁਰਖਾਰਥ ਕੋ ਛਾਡੇ ਪ੍ਰਿਅ ਪਾਰਖ ਸੇ ਭੀਮ ਮਹਾਂ ਭੀਮ ਗ੍ਰੀਵ ਨੀਚੇ ਕੋ ਨਿਹਾਰੀ ਹੈ।
ਅੰਬਰ ਮੈ ਸਾਰੀ ਅੰਬਰ ਅੰਬਾਰ ਕੀਏ ਭੀਖਮ ਕਰਣ ਦਰੋਣ ਬਾਤ ਯੌਂ ਬਿਚਾਰੀ ਹੈ।
ਨਾਰੀ ਮਧ ਹੈ ਕਿ ਸਾਰੀ ਮਧ ਨਾਰੀ ਹੈ ਨਾਰੀ ਹੂੰ ਕੀ ਸਾਰੀ ਹੈ ਕਿ ਸਾਰੀ ਹੂੰ ਕੀ ਨਾਰੀ ਹੈ।

ਤਨਕ ਤੰਦੁਲ ਜਗਦੀਸਹਿ ਦਏ ਸੁਦਾਮਾ;
ਤਾਂ ਤੇ ਪਾਏ ਚਤੁਰ ਪਦਾਰਥ ਅਥਾਹ ਜੀ॥

ਹੇ ਪਿਆਰੇ ਜੀ! ਸੁਦਾਮਾ ਭਗਤ ਜੀ ਨੇ ਜਗਦੀਸਹਿ = ਕ੍ਰਿਸ਼ਨ ਜੀ ਨੂੰ ਤਨਕ = ਥੋੜ੍ਹੇ ਜਿਹੇ ਤੰਦੁਲ = ਚੌਲ, ਮੁੱਠੀ ਭਰ ਚੌਲ ਦਏ = ਦਿੱਤੇ ਸਨ, ਤਾਂ = ਉਸ ਥੋੜ੍ਹੀ ਜਿਹੀ ਭੇਟ ਤੇ = ਤੋਂ ਸੁਦਾਮੇ ਨੇ ਚਤੁਰ = ਚਾਰ (ਧਰਮ, ਅਰਥ, ਕਾਮ, ਮੋਖ) ਪਦਾਰਥ ਤੇ ਅਥਾਹ = ਬੇਅੰਤ ਸੁਖ ਪਾਏ = ਪਾ ਲੈਣਾ ਕੀਤੇ ਸਨ। ਜੈਸਾ ਕਿ :

ਚਾਰਿ ਪਦਾਰਥ ਸਕੁਚਿ ਪਠਾਏ॥੯॥ *(ਭਾਈ ਗੁਰਦਾਸ ਜੀ, ਵਾਰ ੧੦, ਪਉੜੀ ੯)*

ਦੁਖਤ ਗਜਿੰਦ ਅਰਬਿੰਦ ਗਹਿ ਭੇਟ ਰਾਖੈ;
ਤਾਂ ਕੈ ਕਾਜੈ ਚਕ੍ਰਪਾਨਿ ਆਨਿ ਗ੍ਰਸੇ ਗ੍ਰਾਹ ਜੀ॥

ਹੇ ਪਿਆਰੇ ਜੀ! ਗਜਿੰਦ = ਐਰਾਵਤ ਹਾਥੀ ਨੇ ਦੁਖਤ = ਦੁਖੀ ਹੋ ਕੇ ਅਰਬਿੰਦ = ਕੌਲ ਫੁੱਲ

ਗਹਿ = ਫੜ ਕੇ ਭਗਵਾਨ ਅੱਗੇ ਭੇਟਾ ਰਾਖੈ = ਰੱਖਣਾ ਕੀਤਾ ਤਾਂ ਉਸੇ ਕਾਜੈ = ਕਾਰਜ ਕੈ = ਦੇ ਕਰਨ ਲਈ ਚਕ੍ਰਪਾਨਿ = ਆਪਣੇ ਹੱਥਾਂ ਵਿਚ ਚੱਕਰ ਨੂੰ ਧਾਰਨ ਕਰਨ ਵਾਲੇ ਵਿਸ਼ਨੂੰ ਜੀ ਨੇ ਆਨਿ = ਆ ਕੇ ਗ੍ਰਾਹ = ਤੰਦੂਏ ਦੇ ਕੋਲੋਂ ਹਾਥੀ ਗ੍ਰਸੇ = ਫੜੇ ਹੋਏ ਨੂੰ ਛੁਡਾਇਆ ਸੀ। ਜੈਸਾ ਕਿ :

ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ ॥

(ਮਾਲੀ ਗਉੜੀ ਨਾਮਦੇਵ ਜੀ, ਅੰਗ ੯੮੮)

ਕਹਾਂ ਕੋਊ ਕਰੈ ਕਛੂ ਹੋਤ ਨਾ ਕਾਹੂ ਕੇ ਕੀਏ;
ਜਾ ਕੀ ਪ੍ਰਭ ਮਾਨਿ ਲੇਹਿ ਸਭੈ ਸੁਖ ਤਾਹਿ ਜੀ ॥੪੩੫॥

ਅਸਲ ਵਿਚ ਕਾਹੂ = ਕਿਸੇ ਕੇ = ਦੇ ਕੀਏ = ਕੀਤਿਆਂ ਕਛੂ = ਕੁਝ ਨ = ਨਹੀਂ ਹੋਤ = ਹੁੰਦਾ, ਇਸ ਲਈ ਕਿਸ ਕਹਾਂ = ਕਿਸ ਵਾਸਤੇ ਕੋਊ = ਕੋਈ ਕੁਝ ਕਰੈ = ਕਰਦਾ ਫਿਰੇ, ਇਥੇ ਤਾਂ ਜਾ = ਜਿਸ ਕਿਸੇ ਕੀ = ਦੀ ਪ੍ਰਭ = ਪਰਮੇਸ਼ਰ ਮਾਨਿ = ਮੰਨ ਲੈਣਾ ਕਰੇ, ਤਾਹਿ = ਉਸ ਨੂੰ ਹੀ ਸਭੈ = ਸਾਰੇ ਸੁਖ = ਆਨੰਦ ਲੇਹਿ = ਪ੍ਰਾਪਤ ਹੁੰਦੇ ਹਨ ਭਾਵ ਇਸ ਲਈ ਉਹੋ ਕੁਝ ਹੀ ਕਰਨਾ ਚਾਹੀਦਾ ਹੈ ਜਿਸ ਵਿਚ ਵਾਹਿਗੁਰੂ ਦੀ ਖ਼ੁਸ਼ੀ ਹੋ ਸਕੇ ॥੪੩੫॥

ਸਰਵਨ ਸੇਵਾ ਕੀਨੀ ਮਾਤ ਪਿਤਾ ਕੀ ਬਿਸੇਖ;
ਤਾਂ ਤੇ ਗਾਈਅਤ ਜਸੁ ਜਗਤ ਮੈ ਤਾਹੂ ਕੋ ॥

ਸਰਵਨ ਨੇ ਆਪਣੇ ਨੇਤਰਹੀਣ ਮਾਤ = ਮਾਂ ਪਿਤਾ = ਪਿਉ ਕੀ = ਦੀ ਬਿਸੇਖ = ਵਿਸ਼ੇਸ਼ ਕਰਕੇ ਬਹੁਤ ਸੇਵਾ ਟਹਿਲ ਕੀਨੀ = ਕੀਤੀ ਸੀ, ਤਾਂ = ਉਸ ਦੇ ਸੇਵਾ ਕਰਨ ਤੇ = ਤੋਂ ਹੀ ਤਾਹੂ = ਉਸ ਸਰਵਨ ਦੀ ਜਸੁ = ਕੀਰਤੀ ਸਾਰੇ ਜਗਤ = ਸੰਸਾਰ ਵਿਚ ਗਾਈਅਤ = ਗਾਈ ਜਾਂਦੀ ਹੈ।

ਜਨ ਪ੍ਰਹਲਾਦਿ ਆਦਿ ਅੰਤ ਲਉ ਅਵਗਿਆ ਕੀਨੀ;
ਤਾਤ ਘਾਤ ਕਰਿ ਪ੍ਰਭ ਰਾਖਿਓ ਪ੍ਰਨੁ ਵਾਹੂ ਕੋ ॥

ਪ੍ਰਹਿਲਾਦ ਜਨ = ਭਗਤ ਨੇ ਆਦਿ = ਸ਼ੁਰੂ ਤੋਂ ਲੈ ਕੇ ਅੰਤੁ = ਅਖ਼ੀਰ ਲਉ = ਤਕ ਭਾਵ ਸੁਰਤ ਸੰਭਾਲਣ ਤੋਂ ਲੈ ਕੇ ਵੱਡਾ ਹੋਣ ਤਕ ਆਪਣੇ ਪਿਓ ਦੀ ਹੁਕਮ ਨਾ ਮੰਨਣ ਰੂਪ ਅਵੱਗਿਆ ਕੀਨੀ = ਕੀਤੀ ਸੀ, ਕਿਉਂਕਿ ਉਹ ਪਰਮੇਸ਼ਰ ਤੋਂ ਬੇਮੁਖ ਸੀ, ਪ੍ਰਭ = ਪਰਮੇਸ਼ਰ ਨੇ ਉਸ ਦੇ ਤਾਤ = ਪਿਤਾ ਨੂੰ ਘਾਤ = ਮਾਰ ਕਰਿ = ਕਰਕੇ ਵਾਹੂ = ਉਸ ਦੇ ਪ੍ਰਨੁ = ਪ੍ਰਾਣਾਂ ਦੀ ਰਾਖਿਓ = ਰੱਖਿਆ ਕੀਤੀ ਸੀ।

ਦੁਆਦਸ ਬਰਖ ਸੁਕ ਜਨਨੀ ਦੁਖਿਤ ਕਰੀ;
ਸਿਧ ਭਏ ਤਤਖਿਨ ਜਨਮੁ ਹੈ ਜਾਹੂ ਕੋ ॥

ਸੁਕ = ਸੁਕਦੇਵ ਜੀ ਨੇ ਦੁਆਦਸ = ਬਾਰ੍ਹਾਂ ਬਰਖ = ਸਾਲ ਮਾਂ ਦੇ ਪੇਟ ਵਿਚ ਰਹਿਣ ਕਰਕੇ ਆਪਣੀ ਜਨਨੀ = ਮਾਂ ਨੂੰ ਦੁਖਿਤ = ਦੁਖੀ ਕਰੀ = ਕਰਨਾ ਕੀਤਾ, ਪਰੰਤੂ ਪਰਮੇਸ਼ਰ ਦੀ ਇਸੇ ਵਿਚ ਹੀ ਕਿਰਪਾ ਹੋ ਗਈ ਕਿ ਉਹ ਜਨਮ ਲੈਂਦਿਆਂ ਸਾਰ ਤਤਖਿਨ = ਸ਼ੀਘਰ ਹੀ ਸਿਧ ਭਏ = ਹੋ ਗਿਆ। ਇਥੋਂ ਤਕ ਕਿ ਉਸ ਸਮੇਂ ਜਾਹੂ = ਜਿਸ ਕਿਸੇ ਕੋ = ਦਾ ਜਨਮ ਹੋਇਆ, ਉਹ ਵੀ ਸਿਧ ਬਣ ਗਿਆ ਸੀ।

ਅਕਥ ਕਥਾ ਬਿਸਮ ਜਾਨੀਐ ਨ ਜਾਇ ਕਛੁ;
ਪਹੁਚੈ ਨ ਗਿਆਨ ਉਨਮਾਨੁ ਆਨ ਕਾਹੂ ਕੋ ॥੪੩੬॥

ਬਿਸਮ = ਅਸਚਰਜ ਪਰਮੇਸ਼ਰ ਦੀ ਅਕਥ = ਕਥਨ ਤੋਂ ਰਹਿਤ ਕਥਾ = ਵਾਰਤਾ ਹੈ ਜੋ ਸ਼ਕਤੀ ਬਿਰਤੀ ਕਰਕੇ ਕਛੁ = ਕੁਝ ਵੀ ਜਾਨੀਐ = ਜਾਣੀ ਨ = ਨਹੀਂ ਜਾਇ = ਜਾਂਦੀ ਹੈ ਅਤੇ ਨ = ਨਾ ਹੀ ਕਾਹੂ = ਕਿਸੇ ਆਨ = ਹੋਰ ਪਤੰਜਲੀ ਆਦਿ ਦੇ ਗਿਆਨ ਕੈ = ਦਾ ਉਨਮਾਨੁ = ਵਿਚਾਰ ਪਹੁਚੈ = ਅੱਪੜ ਸਕਦਾ ਹੈ ਭਾਵ ਇਹ ਨਹੀਂ ਜਾਣਿਆ ਜਾ ਸਕਦਾ ਕਿ ਗੁਰੂ ਪਰਮੇਸ਼ਰ ਨੇ ਕਿਸ ਉੱਤੇ ਪ੍ਰਸੰਨ ਹੋਣਾ ਹੈ॥੪੩੬॥

ਖਾਂਡ ਖਾਂਡ ਕਹੈ ਜਿਹਬਾ ਨ ਸ੍ਵਾਦ ਮੀਠੋ ਆਵੈ;
ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ ॥

ਜਿਵੇਂ ਖਾਂਡ ਖਾਂਡ = ਖੰਡ ਖੰਡ ਕਹੈ = ਕਹਿਆਂ ਜਿਹਬਾ = ਰਸਨਾ ਨੂੰ ਮੀਠੋ = ਮਿੱਠਾ ਸ੍ਵਾਦ = ਸੁਆਦ ਨ = ਨਹੀਂ ਆਵੈ = ਆਉਂਦਾ ਤੇ ਅਗਨਿ ਅਗਨਿ = ਅੱਗ ਅੱਗ ਕਹੈ = ਆਖਿਆਂ ਸੀਤ = ਠੰਢ ਬਿਨਾਸ = ਨਾਸ਼, ਦੂਰ ਨ = ਨਹੀਂ ਹੁੰਦੀ ਹੈ।

ਬੈਦ ਬੈਦ ਕਹੈ ਰੋਗ ਮਿਟਤ ਨ ਕਾਹੂ ਕੋ;
ਦਰਬ ਦਰਬ ਕਹੈ ਕੋਊ ਦਰਬਹਿ ਨ ਬਿਲਾਸ ਹੈ ॥

ਬੈਦ ਬੈਦ = ਹਕੀਮ ਹਕੀਮ ਕਹੈ = ਆਖਿਆਂ ਕਾਹੂ = ਕਿਸੇ ਕੋ = ਦਾ ਰੋਗ ਨ = ਨਹੀਂ ਮਿਟਤ = ਮਿਟਦਾ ਹੈ, ਦਰਬ ਦਰਬ = ਧਨ ਧਨ ਕਹੈ = ਆਖਿਆਂ ਕੋਊ = ਕਿਸੇ ਦੂਸਰੇ ਦਰਬਹਿ = ਧਨ ਦਾ ਬਿਲਾਸ = ਆਨੰਦ ਨ = ਨਹੀਂ ਮਾਨਣਾ ਕਰੀਦਾ ਹੈ।

ਚੰਦਨ ਚੰਦਨ ਕਹਤ ਪ੍ਰਗਟੈ ਨ ਸੁਬਾਸ ਬਾਸੁ;
ਚੰਦੁ ਚੰਦੁ ਕਹੈ ਉਜਿਆਰੋ ਨ ਪ੍ਰਗਾਸ ਹੈ ॥

ਚੰਦਨ ਚੰਦਨ ਕਹਤ = ਆਖਿਆਂ ਸੁਬਾਸੁ = ਸ੍ਰੇਸ਼ਟ ਸੁਗੰਧੀ ਦੀ ਬਾਸੁ = ਵਾਸਨਾ ਪ੍ਰਗਟੈ = ਪ੍ਰਗਟ ਨ = ਨਹੀਂ ਆਉਂਦੀ ਭਾਵ ਖ਼ੁਸ਼ਬੂਆਂ ਦੀਆਂ ਲਪਟਾਂ ਨਹੀਂ ਆਉਣ ਲੱਗ ਪੈਂਦੀਆਂ ਅਤੇ ਚੰਦੁ ਚੰਦੁ = ਚੰਦਰਮਾ ਚੰਦਰਮਾ ਕਹੈ = ਆਖਿਆਂ ਉਜਿਆਰੋ = ਉਜਾਲੇ, ਚਾਨਣ ਦਾ ਪ੍ਰਗਾਸ = ਪ੍ਰਕਾਸ਼ ਨਹੀਂ ਹੁੰਦਾ ਹੈ।

ਤੈਸੇ ਗਿਆਨ ਗੋਸਟਿ ਕਹਤ ਨ ਰਹਤ ਪਾਵੈ;
ਕਰਨੀ ਪ੍ਰਧਾਨ ਭਾਨ ਉਦਤਿ ਅਕਾਸ ਹੈ॥੪੩੭॥

ਤੈਸੇ = ਉਸੇ ਪ੍ਰਕਾਰ ਗਿਆਨ ਦੀ ਗੋਸਟਿ = ਚਰਚਾ ਕਹਤ = ਕਹਿਣ ਮਾਤਰ ਦੇ ਨਾਲ ਬ੍ਰਹਮ ਗਿਆਨੀਆਂ ਵਾਲੀ ਰਹਤ = ਰਹਿਣੀ ਨ = ਨਹੀਂ ਪਾਵੈ = ਪਾਉਣਾ ਕਰੀਦੀ, ਕੇਵਲ ਕਰਣੀ (ਕਮਾਈ) ਹੀ ਪ੍ਰਧਾਨ = ਪ੍ਰਮੁੱਖ ਹੈ ਅਤੇ ਇਸ ਦਾ ਪਾਲਣ ਕੀਤਿਆਂ ਹੀ ਅਕਾਸ = ਗਗਨ ਭਾਵ ਨਿੱਜ ਸਰੂਪ ਰੂਪੀ ਘਰ ਵਿਚ ਗਿਆਨ ਰੂਪ ਭਾਨ = ਸੂਰਜ ਦਾ ਪ੍ਰਕਾਸ਼ ਉਦਤਿ = ਉਦੇ ਹੋਇਆ ਕਰਦਾ ਹੈ॥੪੩੭॥

ਹਸਤ ਹਸਤ ਪੁਛੈ ਹਸਿ ਹਸਿ ਕੈ ਹਸਾਇ;
ਰੋਵਤ ਰੋਵਤ ਪੂਛੈ ਰੋਇ ਅਉ ਰੁਵਾਇ ਕੈ ॥

ਹਸਤ = ਹੱਸਣ ਵਾਲਾ ਪੁਰਖ ਹਸਤ = ਹੱਸਣ ਵਾਲੀਆਂ ਗੱਲਾਂ ਪੁਛੈ = ਪੁੱਛ ਕੇ ਆਪ ਹੱਸ ਹੱਸ ਕੇ ਕੁਸ਼ਲ ਹੁੰਦਾ ਹੈ ਤੇ ਹੋਰਨਾਂ ਨੂੰ ਵੀ ਹਸਾਇ = ਹਸਾ ਦੇਣਾ ਕਰਦਾ ਹੈ। ਰੋਵਤ = ਰੋਣ ਵਾਲਾ ਰੋਵਤ = ਰੋਣ ਵਾਲੀਆਂ ਗੱਲਾਂ ਪੂਛੈ = ਪੁੱਛ ਕੇ ਆਪ ਰੋਇ = ਰੋਂਦਾ ਹੈ ਅਉ = ਅਤੇ ਹੋਰਨਾਂ ਕੈ = ਦੇ ਤਾਈਂ ਰੁਵਾਇ = ਰਵਾਉਣਾ ਕਰਦਾ ਹੈ।

ਬੈਠੇ ਬੈਠੇ ਪੂਛੈ ਬੈਠਿ ਬੈਠਿ ਕੈ ਨਿਕਟ ਜਾਇ;
ਚਾਲਤ ਚਲਤ ਪੂਛੈ ਦਹਦਿਸਿ ਧਾਇ ਕੈ ॥

ਬੈਠੇ = ਬੈਠਣ ਵਾਲਾ ਬੈਠੇ = ਬੈਠਣ ਵਾਲਿਆਂ ਨਿਕਟ = ਕੋਲ ਜਾਇ = ਜਾ ਕੇ ਬੈਠ ਬੈਠ ਭਾਵ ਚੰਗੀ ਤਰ੍ਹਾਂ ਬੈਠ ਕਰਕੇ ਗੱਲਾਂ ਪੂਛੈ = ਪੁੱਛਦਾ ਹੈ ਅਤੇ ਚਾਲਤ = ਤੁਰਨ ਵਾਲੇ ਚਲਤ = ਤੁਰਨ ਵਾਲਿਆਂ ਕੋਲੋਂ ਦਹਦਿਸਿ = ਦਸੇ ਦਿਸ਼ਾਵਾਂ ਵੱਲ ਧਾਇ = ਦੌੜ ਕਰਕੇ ਪੂਛੈ = ਪੁੱਛਦੇ ਹਨ।

ਲੋਗ ਪੂਛੈ ਲੋਗਾਚਾਰ ਬੇਦ ਪੂਛੈ ਬੇਦ ਬਿਧਿ;
ਜੋਗੀ ਭੋਗੀ ਜੋਗ ਭੋਗ ਜੁਗਤਿ ਜੁਗਾਇ ਕੈ ॥

ਲੋਗ = ਲੋਕ ਲੋਗਾਚਾਰ = ਲੋਕਾਚਾਰੀ, ਲੋਕਾਂ ਦੇ ਕੰਮਾਂ-ਕਾਰਾਂ ਦੀਆਂ ਗੱਲਾਂ ਪੂਛੈ = ਪੁੱਛਦੇ ਹਨ, ਬੇਦ ਦੇ ਪੜ੍ਹਨ ਵਾਲੇ ਬੇਦ ਦੀਆਂ ਬਿਧਿ = ਵਿਧੀਆਂ ਵਾਲੀਆਂ ਗੱਲਾਂ ਪੂਛੈ = ਪੁੱਛਦੇ ਹਨ ਅਤੇ ਜੋਗੀ = ਜੋਗ ਨੂੰ ਕਮਾਉਣ ਵਾਲੇ ਪੁਰਖ ਜੋਗ ਦੀਆਂ ਜੁਗਤਿ = ਜੁਗਤੀਆਂ ਵਾਲੀਆਂ ਗੱਲਾਂ ਪੁੱਛਦੇ ਹਨ ਅਤੇ ਭੋਗੀ = ਭੋਗਾਂ ਨੂੰ ਭੋਗਣ ਵਾਲੇ ਭੋਗ ਦੀਆਂ ਜੁਗਤਿ = ਜੁਗਤੀਆਂ ਵਾਲੀਆਂ ਗੱਲਾਂ ਨੂੰ ਜੁਗਾਇ = ਘੋਖ ਘੋਖ ਕੈ = ਕੇ ਪੁੱਛਦੇ ਹਨ **ਵਾ:** ਭੋਗੀ ਲੋਕ ਭੋਗ ਦੀਆਂ ਜੁਗਤੀਆਂ ਸੁੱਤਿਆਂ ਨੂੰ ਜੁਗਾਇ = ਜਗਾ ਕੇ ਪੁੱਛਦੇ ਹਨ।

ਜਨਮ ਮਰਨ ਭ੍ਰਮ ਕਾਹੂ ਨ ਮਿਟਾਏ ਸਾਕਿਓ;
ਨਿਹਚਲ ਭਏ ਗੁਰ ਚਰਨ ਸਮਾਇ ਕੈ ॥੪੩੮॥

ਉਪਰੋਕਤ ਗੱਲਾਂ ਦੀ ਜਾਣਕਾਰੀ ਲੈਣ ਜਾਂ ਗੱਲਾਂ ਕਰਨ ਨਾਲ ਜੰਮਣ ਮਰਨ ਵਿਚ ਭ੍ਰਮ = ਭਟਕਣ ਦੀ ਗੀਤੀ ਨੂੰ ਕੋਈ ਕਾਹੂ = ਕਿਸੇ ਦੀ ਮਿਟਾਏ = ਮਿਟਾ ਨ = ਨਹੀਂ ਸਾਕਿਓ = ਸਕਦਾ ਹੈ, ਜਿਹੜੇ ਗੁਰਮੁਖ ਗੁਰ = ਸਤਿਗੁਰਾਂ ਦੇ ਚਰਨਾਂ ਵਿਚ ਜਾ ਕਰਕੇ ਸਮਾਇ = ਸਮਾਉਣਾ ਕਰਦੇ ਹਨ, ਕੇਵਲ ਉਹੋ ਹੀ ਨਿਹਚਲ = ਅਚੱਲ ਭਏ = ਹੋਏ ਹਨ ॥੪੩੮॥

ਪੂਛਤ ਪਥਿਕ ਤਿਹ ਮਾਰਗਿ ਨ ਧਾਰੈ ਪਗੁ;
ਪ੍ਰੀਤਮ ਕੇ ਦੇਸ ਕੈਸੇ ਬਾਤਨ ਕੈ ਜਾਈਐ ॥

ਇਹ ਜੀਵ, ਮਹਾਤਮਾ ਰੂਪ ਪਥਿਕ = ਰਾਹੀਆਂ ਨੂੰ ਤਾਂ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਮਾਰਗ ਬਾਬਤ

ਪੂਛਤ = ਪੁੱਛਦਾ ਹੈ, ਪਰੰਤੂ ਤਿਹ = ਉਸ ਮਾਰਗਿ = ਰਸਤੇ ਉਪਰ ਪਗੁ = ਪੈਰ ਧਾਰੈ = ਧਰਨਾ ਨ = ਨਹੀਂ ਕਰਦਾ ਹੈ, ਇਸ ਲਈ ਪ੍ਰੀਤਮ = ਪਿਆਰੇ ਪਰਮੇਸ਼ਰ ਕੇ = ਦੇ ਪ੍ਰਾਪਤੀ ਵਾਲੇ ਦੇਸ ਵਿਚ ਗੱਲਾਂ ਕਰਨ ਜਾਂ ਪੁੱਛਣ ਨਾਲ ਕੈਸੇ = ਕਿਸ ਪ੍ਰਕਾਰ ਬਾਤਨ = ਬਾਤਾਂ ਕੈ = ਕਰਕੇ ਜਾਈਐ = ਜਾਣਾ ਕਰੀਦਾ ਹੈ ਭਾਵ ਨਹੀਂ ਜਾਣਾ ਕਰੀਦਾ।

ਪੂਛਤ ਹੈ ਬੈਦ ਖਾਤ ਅਉਖਧਿ ਨ ਸੰਜਮ ਸੈ;
ਕੈਸੇ ਮਿਟੈ ਰੋਗ ਸੁਖ ਸਹਜਿ ਸਮਾਈਐ ॥

ਕੋਈ ਰੋਗੀ ਬੈਦ = ਹਕੀਮ ਕੋਲੋਂ ਇਲਾਜ ਵਾਲੀ ਦਵਾਈ ਤਾਂ ਪੂਛਤ = ਪੁੱਛਣਾ ਕਰਦਾ ਹੈ, ਪਰੰਤੂ ਅਉਖਧਿ = ਦਵਾਈ ਨੂੰ ਸੰਜਮ = ਪਰਹੇਜ਼ ਸੈ = ਨਾਲ ਨ = ਨਹੀਂ ਖਾਤ = ਖਾਂਦਾ ਹੈ, ਇਸ ਲਈ ਰੋਗ ਕੈਸੇ = ਕਿਸ ਪ੍ਰਕਾਰ ਮਿਟੈ = ਨਵਿਰਤ ਹੋ ਸਕਦਾ ਹੈ ਤੇ ਉਹ ਸਹਜਿ = ਸੁਤੇ-ਸਿਧ, ਸੁਭਾਵਿਕ ਸੁਖ, ਅਰੋਗਤਾ ਵਿਚ ਕਿਵੇਂ ਸਮਾਈਐ = ਸਮਾਈ ਪਾ ਸਕਦਾ ਹੈ ਭਾਵ ਨਹੀਂ ਪਾ ਸਕਦਾ।

ਪੂਛਤ ਸੁਹਾਗਨਿ ਕਰਮ ਹੈ ਦੁਹਾਗਨਿ ਕੈ;
ਰਿਦੈ ਬਿਭਚਾਰ ਕਤ ਸਿਹਜਾ ਬੁਲਾਈਐ ॥

ਜਿਸ ਪ੍ਰਕਾਰ ਕੋਈ ਇਸਤਰੀ ਸੁਹਾਗਨਿ = ਪਤੀਬ੍ਰਤਾ ਧਰਮ ਵਾਲੀ ਇਸਤਰੀ ਨੂੰ ਤਾਂ ਸੁਹਾਗਣ ਵਾਲੇ ਕਰਮ = ਕੰਮ ਦੀਆਂ ਗੱਲਾਂ ਜਾਂ ਵਰਤੋਂ ਵਿਹਾਰ ਦੇ ਚੱਜ ਆਚਾਰ ਤਾਂ ਪੂਛਤ = ਪੁੱਛਦੀ ਹੈ ਲੇਕਿਨ ਕਰਮ ਦੁਹਾਗਨਿ = ਛੁੱਟੜ ਇਸਤਰੀ ਵਾਲੇ ਕੈ = ਕਰਦੀ ਹੈ ਅਤੇ ਰਿਦੈ = ਚਿੱਤ ਵਿਚ ਪਰ-ਪੁਰਖਾਂ ਨਾਲ ਬਿਭਚਾਰ = ਵਿਸ਼ੇ ਭੋਗਣਾ ਕਰਦੀ ਹੈ ਇਸ ਲਈ ਐਸੀ ਇਸਤਰੀ ਪਤੀ ਦੀ ਸਿਹਜਾ = ਸੇਜਾ ਉੱਪਰ ਕਤ = ਕਿਸ ਪ੍ਰਕਾਰ ਬੁਲਾਈਐ = ਬੁਲਾਈ, ਸੱਦੀ ਜਾ ਸਕਦੀ ਹੈ।

ਗਾਏ ਸੁਨੈ ਆਂਖੇ ਮੀਚੈ ਪਾਈਐ ਨ ਪਰਮ ਪਦੁ;
ਗੁਰ ਉਪਦੇਸੁ ਗਹਿ ਜਉ ਲਉ ਨ ਕਮਾਈਐ ॥੪੩੯॥

ਇਸੇ ਤਰ੍ਹਾਂ ਦਿਖਾਵੇ ਮਾਤਰ ਹੀ ਗਾਏ = ਗਾਉਣ, ਸੁਨੈ = ਸੁਣਨ ਜਾਂ ਆਂਖੇ = ਅੱਖਾਂ ਦੇ ਮੀਚੈ = ਮੀਚਣ ਨਾਲ ਪਰਮ ਪਦੁ = ਸ੍ਰੇਸ਼ਟ ਪਦਵੀ ਨੂੰ ਤਦੋਂ ਤਕ ਨ = ਨਹੀਂ ਪਾਈਐ = ਪਾਉਣਾ ਕਰੀਦਾ ਜਉ = ਜਦੋਂ ਲਉ = ਤਕ ਗੁਰ = ਸਤਿਗੁਰਾਂ ਦੀ ਉਪਦੇਸੁ = ਸਿੱਖਿਆ ਨੂੰ ਗਹਿ = ਗ੍ਰਹਿਣ, ਲੈ ਕੇ ਕਮਾਈਐ = ਕਮਾਉਣਾ ਨ = ਨਹੀਂ ਕਰੀਦਾ ॥੪੩੯॥

ਖੋਜੀ ਖੋਜਿ ਦੇਖਿ ਚਲਿਓ ਜਾਇ ਪਹੁਚੇ ਠਿਕਾਨੇ;
ਆਲਸ ਬਿਲੰਬ ਕੀਏ ਖੋਜ ਮਿਟ ਜਾਤ ਹੈ ॥

ਖੋਜੀ = ਖੋਜਣ ਵਾਲਾ ਪੁਰਖ ਖੋਜ ਨੂੰ ਦੇਖਿ = ਵੇਖ ਕੇ ਉਸ ਠਿਕਾਨੇ = ਥਾਂ ਚਲਿਓ = ਤੁਰ ਕੇ ਪਹੁਚੇ = ਅੱਪੜ ਜਾਇ = ਜਾਂਦਾ ਹੈ, ਪਰ ਜੇਕਰ ਆਲਸ = ਦਲਿੱਦਰ ਕਰਦਿਆਂ ਬਿਲੰਬ = ਢਿੱਲ, ਦੇਰੀ ਕੀਏ = ਕਰਨਾ ਕਰੇ ਤਾਂ ਖੋਜ ਮਿਟ = ਦੂਰ ਹੋ ਜਾਂਦੀ ਹੈ।

ਸਿਹਜਾ ਸਮੈ ਰਮੈ ਭਰਤਾਰ ਬਰ ਨਾਰਿ ਸੋਈ;
ਕਰੈ ਜਉ ਅਗਿਆਨ ਮਾਨੁ ਪ੍ਰਗਟਤ ਪ੍ਰਾਤ ਹੈ॥

ਜਿਹੜੀ ਇਸਤਰੀ ਸਿਹਜਾ = ਸੇਜਾ ਦੇ ਸਮੈ = ਵਕਤ ਭਾਵ ਰਾਤਰੀ ਦੇ ਸਮੇਂ ਆਪਣੇ ਭਰਤਾਰ = ਪਤੀ ਦੇ ਸਨੇਹ ਦਾ ਆਨੰਦ ਰਮੈ = ਰਮਣਾ, ਮਾਨਣਾ ਕਰਦੀ ਹੈ, ਸੋਈ = ਉਹੋ ਨਾਰਿ = ਇਸਤਰੀ ਬਰ = ਸ੍ਰੇਸ਼ਟ ਹੈ ਅਤੇ ਜਉ = ਜੇਕਰ ਅਗਿਆਨ ਵੱਸ ਹੋਣ ਕਰਕੇ ਪਤੀ ਦੀ ਆਗਿਆ ਮਾਨ = ਮੰਨਣ ਤੋਂ ਕੁਤਾਹੀ ਵਰਤ ਜਾਵੇ ਭਾਵ ਪਤੀ ਦੇ ਬੁਲਾਵੇ ਤੋਂ ਜਾਣਾ ਨਾ ਕਰੇ ਤਾਂ ਪ੍ਰਾਤ = ਸਵੇਰ ਪ੍ਰਗਟਤ = ਪ੍ਰਗਟ ਹੋ ਆਉਂਦੀ ਹੈ ਭਾਵ ਉਹ ਇਸਤਰੀ ਸਾਰੀ ਰਾਤ ਦੁੱਖ ਪਾਉਂਦੀ ਹੈ ਤੇ ਅੰਤ ਨੂੰ ਦਿਨ ਚੜ੍ਹ ਜਾਂਦਾ ਹੈ।

ਬਰਖਤ ਮੇਘ ਜਲ ਚਾਤ੍ਰਿਕ ਤ੍ਰਿਪਤਿ ਪੀਏ;
ਮੌਨ ਗਹੇ ਬਰਖਾ ਬਤੀਤੇ ਬਿਲਲਾਤ ਹੈ॥

ਮੇਘ = ਬੱਦਲ ਦੇ ਬਰਖਤ = ਵਰਸਣ ਸਮੇਂ ਜੇ ਚਾਤ੍ਰਿਕ = ਬੰਬੀਹਾ ਜਲ = ਪਾਣੀ, ਸ੍ਵਾਂਤੀ ਬੂੰਦ ਨੂੰ ਪੀਏ = ਪੀ ਲਵੇ ਤਾਂ ਤ੍ਰਿਪਤਿ = ਰੱਜ ਜਾਂਦਾ ਹੈ, ਪਰ ਜੇ ਉਸ ਵੇਲੇ ਮੌਨ = ਚੁੱਪ ਨੂੰ ਗਹੇ = ਫੜ ਲਵੇ ਭਾਵ ਚੁੱਪ ਧਾਰ ਲਵੇ ਤਾਂ ਬਰਖਾ = ਬਰਸਾਤ ਦਾ ਸਮਾਂ ਬਤੀਤੇ = ਗੁਜ਼ਰਨ ਤੋਂ ਬਾਅਦ ਬਿਲਲਾਤ = ਵਿਰਲਾਪ (ਰੋਣਾ) ਕਰਦਾ ਹੈ।

ਸਿਖ ਸੋਈ ਸੁਨਿ ਗੁਰ ਸਬਦ ਰਹਤ ਰਹੈ;
ਕਪਟ ਸਨੇਹ ਕੀਏ ਪਾਛੇ ਪਛੁਤਾਤ ਹੈ॥੪੪੦॥

ਉਸੇ ਤਰ੍ਹਾਂ ਅਸਲ ਗੁਰੂ ਦਾ ਸਿੱਖ ਸੋਈ = ਉਹੋ ਹੀ ਹੈ ਜੋ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਨੂੰ ਸੁਨਿ = ਸੁਣ ਕੇ ਰਹਤ = ਰਹਿਣੀ ਵਿਚ ਰਹੈ = ਰਹਿੰਦਾ ਹੈ ਭਾਵ ਗੁਰ-ਉਪਦੇਸ਼ ਨੂੰ ਸੁਣ ਕੇ ਉਸ ਦੀ ਕਮਾਈ ਕਰਦਾ ਹੈ ਅਤੇ ਜੋ ਕਪਟ = ਛਲ ਵਾਲਾ ਸਨੇਹ = ਪ੍ਰੇਮ ਕੀਏ = ਕਰਦਾ ਹੈ, ਉਹ ਪਾਛੇ = ਪਿੱਛੋਂ ਜਮਾਂ ਦੇ ਵੱਸ ਪੈ ਕੇ ਪਛੁਤਾਤ = ਪਛਤਾਉਂਦਾ ਹੈ॥੪੪੦॥

ਜੈਸੇ ਬਛਰਾ ਬਿਛੁਰ ਪਰੈ ਆਨ ਗਾਇ ਥਨ;
ਦੁਗਧ ਨ ਪਾਨ ਕਰੈ ਮਾਰਤ ਹੈ ਲਾਤ ਕੀ॥

ਜੈਸੇ = ਜਿਸ ਪ੍ਰਕਾਰ ਬਛਰਾ = ਵੱਛਾ ਆਪਣੀ ਮਾਂ ਗਾਇ = ਗਾਂ ਨਾਲੋਂ ਬਿਛੁਰ = ਵਿੱਛੜ ਕੇ ਕਿਸੇ ਆਨ = ਹੋਰ ਗਾਂ ਦੇ ਥਨ = ਥਣਾਂ 'ਤੇ ਜਾ ਪਰੈ = ਪੈਣਾ ਕਰੇ ਤਾਂ ਉਸ ਨੂੰ ਦੁਗਧ = ਦੁੱਧ ਪਾਨ = ਪੀਣਾ ਨ = ਨਹੀਂ ਮਿਲਦਾ, ਸਗੋਂ ਉਲਟਾ ਦੂਸਰੀ ਗਾਂ ਲਾਤ = ਲੱਤ ਕੀ = ਦੀ ਚੋਟ ਮਾਰਤ = ਮਾਰ ਦੇਣਾ ਕਰੈ = ਕਰਦੀ ਹੈ।

ਜੈਸੇ ਮਾਨਸਰ ਤਿਆਗਿ ਹੰਸ ਆਨ ਸਰ ਜਾਤ;
ਖਾਤ ਨ ਮੁਕਤਾ ਫਲ ਭੁਗਤ ਜੁ ਗਾਤ ਕੀ॥

ਜੈਸੇ = ਜਿਸ ਪ੍ਰਕਾਰ ਮਾਨਸਰ = ਮਾਨਸਰੋਵਰ ਨੂੰ ਤਿਆਗਿ = ਛੱਡ ਕੇ ਹੰਸ ਕਿਸੇ ਆਨ = ਹੋਰ

ਸਰ = ਸਰੋਵਰ ਉੱਪਰ ਜਾਤ = ਜਾਣਾ ਕਰੇ ਤਾਂ ਜੁ = ਜੋ ਉਸ ਦੇ ਗਾਤ = ਸਰੀਰ ਕੀ = ਦੀ ਭੁਗਤ = ਖ਼ੁਰਾਕ ਮੁਕਤਾ = ਮੋਤੀ ਫਲ ਹੈ, ਉਹ ਉਸ ਨੂੰ ਖਾਤ = ਖਾਣ ਲਈ ਨ = ਨਹੀਂ ਮਿਲਦਾ।

ਜੈਸੇ ਰਾਜ ਦੁਆਰ ਤਜਿ ਆਨ ਦੁਆਰ ਜਾਤ ਜਨ;
ਹੋਤ ਮਾਨੁ ਭੰਗੁ ਮਹਿਮਾ ਨ ਕਾਹੂ ਬਾਤ ਕੀ ॥

ਜੈਸੇ = ਜਿਸ ਪ੍ਰਕਾਰ ਕੋਈ ਚਾਕਰ ਰਾਜ ਦੁਆਰ = ਰਾਜੇ ਦੇ ਦਰਬਾਰ ਨੂੰ ਤਜਿ = ਛੱਡ ਕੇ ਕਿਸੇ ਆਨ = ਹੋਰ ਜਨ = ਪੁਰਖ ਦੇ ਦੁਆਰ = ਬੂਹੇ ਅੱਗੇ ਚਲਿਆ ਜਾਤ = ਜਾਵੇ ਤਾਂ ਉਸ ਦਾ ਮਾਨੁ = ਸਤਿਕਾਰ ਭੰਗੁ = ਨਾਸ਼ ਹੋਤ = ਹੋ ਜਾਂਦਾ ਹੈ ਭਾਵ ਉਸ ਦਾ ਨਿਰਾਦਰ ਹੁੰਦਾ ਹੈ, ਉਸ ਦੀ ਕਾਹੂ = ਕਿਸੇ ਵੀ ਬਾਤ = ਗੱਲ ਕੀ = ਦੀ ਮਹਿਮਾ = ਉਪਮਾ ਨ = ਨਹੀਂ ਹੁੰਦੀ, ਭਾਵ ਨਵੇਂ ਥਾਂ ਉਸ ਨੂੰ ਭਗੌੜਾ ਜਾਣ ਕੇ ਉਸ ਦਾ ਇਤਬਾਰ ਨਹੀਂ ਕਰਦੇ, ਜਿਸ ਕਰਕੇ ਦੁਖੀ ਰਹਿਣਾ ਕਰਦਾ ਹੈ।

ਤੈਸੇ ਗੁਰਸਿਖ ਆਨ ਦੇਵ ਕੀ ਸਰਨ ਜਾਹਿ;
ਰਹਿਓ ਨ ਪਰਤ ਰਾਖਿ ਸਕਤ ਨ ਪਾਤਕੀ ॥੪੪੧॥

ਤੈਸੇ = ਉਸੇ ਪ੍ਰਕਾਰ ਜੇ ਗੁਰਸਿਖ = ਗੁਰੂ ਕਾ ਸਿੱਖ ਗੁਰਾਂ ਦੀ ਓਟ ਛੱਡ ਕੇ ਕਿਸੇ ਆਨ = ਹੋਰ ਦੇਵ = ਦੇਵਤੇ ਕੀ = ਦੀ ਸਰਨ = ਓਟ ਵਿਚ ਜਾਹਿ = ਜਾਂਦਾ ਹੈ ਤਾਂ ਉਥੇ ਵੀ ਉਹ ਰਹਿਓ = ਰਹਿਣਾ ਨ = ਨਹੀਂ ਪਰਤ = ਪਾਉਂਦਾ ਕਿਉਂਕਿ ਉਹ ਦੇਵਤਾ ਵੀ ਉਸ ਨੂੰ (ਗੁਰਦ੍ਰੋਹੀ) ਪਾਤਕੀ = ਪਾਪੀ ਜਾਣ ਕੇ ਆਪਣੀ ਓਟ ਵਿਚ ਰਾਖਿ = ਰੱਖ ਨ = ਨਹੀਂ ਸਕਤ = ਸਕਦਾ ਹੈ ॥੪੪੧॥

ਅਰਥਾਤ ਜਦੋਂ ਭਾਈ ਗੁਰਦਾਸ ਜੀ ਕਾਬਲੋਂ ਨੱਠ ਕੇ ਕਾਂਸ਼ੀ ਪਹੁੰਚੇ ਸਨ, ਤਦ ਇਕ ਗੁਰੂ ਦੀ ਸੰਗਤ ਵਿਚ (ਧਰਮਸ਼ਾਲਾ ਅੰਦਰ) ਜਾ ਬਿਰਾਜੇ ਸਨ, ਜਿਸ ਬਾਬਤ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ ਕਿ ਬਿਸ਼ੇਸ਼ਰ ਗੰਜ ਸੰਗਤ ਚੇਤਨ ਮਟ ਨਾਮੀ ਸੀ, ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੰਘ ਨਿਰਮਲੇ ਭਗਵੇ ਬਸਤਰ ਧਰਵਾ, ਸੰਸਕ੍ਰਿਤ ਪੜ੍ਹਨ ਲਈ ਭੇਜੇ ਸਨ। ਉਥੇ ਗੁਰੂ ਕੇ ਸਿੱਖਾਂ ਨੇ ਪਛਾਣ ਲਿਆ ਤੇ ਬੜੀ ਸੇਵਾ ਕੀਤੀ। ਕਾਂਸ਼ੀ ਦਾ ਰਾਜਾ ਮਨ ਵਿਚ ਕੁਝ ਗੁਰੂ ਦਾ ਭਾਉ ਰੱਖਦਾ ਸੀ ਤੇ ਇਸ ਕਰਕੇ ਆਪਣੇ ਰਾਜ ਕਰਮਚਾਰੀ ਆਦਿ ਮੇਲੀ ਗੁਰਸਿੱਖਾਂ ਕੋਲੋਂ ਭਾਈ ਸਾਹਿਬ ਜੀ ਦੀ ਮਹਿਮਾ ਸੁਣ ਕੇ ਦਰਸ਼ਨ ਕਰਨ ਲਈ ਸੰਗਤ ਵਿਚ ਆਇਆ। ਇਉਂ ਬਚਨ ਬਿਲਾਸ ਸੁਣਦਿਆਂ ਪ੍ਰੇਮ ਪੈਦਾ ਹੋ ਆਇਆ ਤੇ ਭਾਈ ਜੀ ਪਾਸੋਂ ਗੁਰੂ ਕੀ ਦੀਖਯਾ ਲੈ ਕੇ ਗੁਰਸਿੱਖ ਸਜ ਗਿਆ। ਰਾਜੇ ਵੱਲ ਵੇਖ ਕੇ ਹੋਰ ਵੀ ਬਹੁਤ ਸਾਰੇ ਲੋਕ ਸਿੱਖ ਬਣ ਗਏ।

ਉਥੋਂ ਦੇ ਬ੍ਰਾਹਮਣ, ਪੰਡਿਤ, ਸੰਨਿਆਸੀ ਇਹ ਗੱਲ ਸਹਾਰ ਨਾ ਸਕੇ ਤੇ ਸਾਰੇ ਮਿਲ ਕੇ ਭਾਈ ਸਾਹਿਬ ਜੀ ਕੋਲ ਆਏ ਅਤੇ ਗੋਸ਼ਟਿ ਦੁਆਰਾ ਉਨ੍ਹਾਂ ਨੂੰ ਆਪਣੇ ਮੱਤ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਤੇ ਇਸ ਪ੍ਰਕਾਰ ਆਖਣ ਲੱਗੇ। ਜੈਸਾ ਕਿ :

ਇਹ ਸਿਵ ਪੁਰ ਜਿਸ ਮਹਿ ਤੁਮ ਬਾਸਾ। ਯਾਤੇ ਬਨਹੁ ਰੁਦ੍ਰ ਕੇ ਦਾਸਾ ॥੧੮॥
ਬੈਠੇ ਕਰਹੁ ਸਦਾ ਸ਼ਿਵ ਧਜਾਨ। ਕਜਾ ਗੁਰ ਤੇ ਅਬ ਲੇਹੁ ਸੁਜਾਨ।
ਤਬ ਗੁਰਦਾਸ ਕਹਯੋ ਸੁਨ ਲੀਜੈ। ਜੋ ਪਤਿਬ੍ਰਤਾ ਧਰਮ ਦਿਖਰੀਜੈ ॥੧੯॥
ਪਰ ਪਤਿ ਰਮਹਿ ਨਿੰਦ ਜਗ ਗਾਵਹਿ। ਆਗੈ ਨਰਕਿ ਸਜਾਇਨ ਪਾਵਹਿ।
ਇਮ ਗੁਰ ਤਜਾਗ ਜਪਹਿ ਜੇ ਅਉਰ। ਹਲਤ ਪਲਤ ਮਹਿ ਲਹੈ ਨ ਠਉਰ ॥੨੦॥

ਜੇ ਗੁਰ ਦਯਾ ਤਾਂ ਸਭ ਕੀ ਦਯਾ। ਜੇ ਗੁਰ ਰਿਸਹਿ ਤਾਂ ਸਭ ਰਿਸਕਯਾ।
ਇਸ ਪਰ ਏਕ ਸ੍ਵੈਯਾ ਗਾਯੋ। ਸਭ ਬਿਪ੍ਰਨ ਕੋ ਤਬਹਿ ਸੁਨਾਯੋ ॥੨੧॥
ਸਵੈਯਾ ॥ ਮਾਤ ਬਿਓਗ ਪਰੈ ਬਛਰਾ ਅਨ ਗਾਯ, ਧਰੈ ਥਨ ਲਾਤ ਲਗਾਵੈ।
ਹੰਸ ਜੁ ਤਜਾਗਿ ਕੈ ਮਾਨ ਸਰੋਵਰ, ਖੋਜਤ ਪੋਖਰ ਚੋਗ ਨ ਪਾਵੈ।
ਚਕ੍ਰਪਤੀ ਨਿਜ ਭੂਪਤਿ ਤਜਾਗ ਕੈ, ਔਰ ਪਤਿ ਜਾਇ ਕੈ ਦਾਸ ਲਜਾਵੈ।
ਤੈਸੇ ਗੁਰ ਸਿਖ ਸੇਵ ਕਰੈ ਜਗ ਔਰ ਸੁਦੇਵ, ਨ ਪਾਪ ਬਚਾਵੈ ॥੨੨॥
ਦੋਹਰਾ ॥ ਇਤਜਾਦਿਕ ਉਤਰ ਦੀਏ ਆਨ ਮਾਨ ਕਰਿ ਜਾਨਿ।
ਇਕ ਸਤਿਗੁਰ ਕੋ ਆਸਰਾ ਨਿਸਚੈ ਕੀਨ ਸੁਜਾਨ ॥੨੩॥

ਇਹ ਸ੍ਵੈਯਾ ਭਾਈ ਗੁਰਦਾਸ ਜੀ ਦੇ ਕਬਿੱਤ ਦਾ ਅਨੁਵਾਦ ਹੈ ਜੋ ਇਥੇ ੪੪੧ ਅੰਕ ਉੱਤੇ ਹੈ ਅਤੇ ਇਸੇ ਬਾਰੇ ਹੀ ਅੱਗੇ ਜੋ ਚਰਚਾ ਚੱਲਦੀ ਗਈ, ਉਹ ਆਨ ਦੇਵ ਸੇਵਾ ਖੰਡਨ ਰੂਪ ਵਿਚ ਲਗਭਗ ੫੦੦ਵੇਂ ਕਬਿੱਤ ਅੰਤ ਚਲੀ ਹੀ ਗਈ, ਉਪਰੰਤ ਨਾਮ ਦੇ ਬਾਰੇ ਜੋ ਉਨ੍ਹਾਂ ਨੇ ਪ੍ਰਸ਼ਨ ਕੀਤੇ ਸਨ, ਉਹ ਉੱਤਰਾਂ ਸਮੇਤ ਦਿੱਤੇ ਗਏ ਹਨ।

ਅਗਲਾ ਕਬਿੱਤ ਹੋਰਨਾਂ ਦੇਵੀ ਦੇਵਤਿਆਂ ਦੇ ਸੇਵਕਾਂ, ਮਤਲਬੀ ਸਿੱਖਾਂ ਤੇ ਕਪਟੀ ਸਨੇਹੀਆਂ ਬਾਬਤ ਹੈ।

ਜੈਸੇ ਘਨਘੋਰ ਮੋਰ ਚਾਤ੍ਰਿਕ ਸਨੇਹ ਗਤਿ;
ਬਰਖਤ ਮੇਂਹ ਅਸਨੇਹ ਕੈ ਦਿਖਾਵਈ ॥

ਜੈਸੇ = ਜਿਸ ਪ੍ਰਕਾਰ ਘਨਘੋਰ (ਘਨ + ਘੋਰ) ਘਨ = ਬੱਦਲ ਦੀ ਘੋਰ = ਗੜਗੱਜ ਆਵਾਜ਼ ਨਾਲ ਮੋਰ, ਚਾਤ੍ਰਿਕ, ਪਪੀਹੇ ਦੇ ਸਨੇਹ = ਪ੍ਰੇਮ ਦੀ ਗਤਿ = ਚਾਲ ਹੁੰਦੀ ਹੈ, ਪਰੰਤੂ ਇਹ ਅਜਿਹਾ ਅਸਨੇਹ = ਪ੍ਰੇਮ ਮੇਂਹ = ਮੀਂਹ ਕੈ = ਦੇ ਬਰਖਤ = ਵਰਸਣੇ ਕੈ = ਕਰਕੇ ਹੀ ਦਿਖਾਵਈ = ਦਿਖਾਇਆ ਕਰਦੇ ਹਨ, ਸਦੀਵ ਕਾਲ ਇਨ੍ਹਾਂ ਦਾ ਸਨੇਹ ਨਹੀਂ ਹੁੰਦਾ।

ਜੈਸੇ ਤਉ ਕਮਲ ਜਲ ਅੰਤਰਿ ਦਿਸੰਤਰਿ ਹੁਇ;
ਮਧੁਕਰ ਦਿਨਕਰ ਹੇਤ ਉਪਜਾਵਈ ॥

ਜੈਸੇ = ਜਿਸ ਪ੍ਰਕਾਰ ਤਉ = ਫੇਰ ਜਦ ਕਮਲ = ਕੌਲ ਫੁੱਲ ਜਲ = ਪਾਣੀ ਅੰਤਰਿ = ਵਿਚ ਰਾਤ ਨੂੰ ਡੁੱਬਿਆ ਹੁੰਦਾ ਹੈ ਤੇ ਭੌਰਾ ਦਿਸੰਤਰਿ = ਹੋਰਨਾਂ ਦਿਸ਼ਾਵਾਂ ਵਿਚ ਪਰਚਿਆ ਹੁਇ = ਹੁੰਦਾ ਹੈ, ਪਰੰਤੂ ਜਦ ਦਿਨਕਰ = ਸੂਰਜ ਚੜ੍ਹਦਾ ਹੈ ਤਾਂ ਕਮਲ ਫੁੱਲ ਨਾਲ ਮਧੁਕਰ = ਭੌਰਾ ਹੇਤ = ਪ੍ਰੇਮ ਉਪਜਾਵਈ = ਪੈਦਾ ਕਰਦਾ ਹੈ।

ਦਾਦਰ ਨਿਰਾਦਰ ਹੁਇ ਜੀਅਤ ਪਵਨ ਭਖਿ;
ਜਲ ਤਜਿ ਮਰਤ ਨ ਪ੍ਰੇਮਹਿ ਲਜਾਵਈ ॥

ਜਦ ਪਾਣੀ ਕੋਲੋਂ ਦਾਦਰ = ਡੱਡੂ ਦਾ ਨਿਰਾਦਰ = ਅਪਮਾਨ ਹੁਇ = ਹੁੰਦਾ ਹੈ ਭਾਵ ਜਦ ਪਾਣੀ ਸੁੱਕ ਕੇ ਡੱਡੂ ਦਾ ਆਦਰ ਨਹੀਂ ਕਰ ਸਕਦਾ ਤਾਂ ਇਹ ਪਵਨ = ਹਵਾ ਨੂੰ ਭਖਿ = ਭੱਛਨ ਕਰ ਕੇ ਜੀਅਤ = ਜਿਉਂਦਾ ਰਹਿੰਦਾ ਹੈ ਤੇ ਜਲ = ਪਾਣੀ ਦੇ ਤਜਿ = ਤਿਆਗਿਆਂ ਡੱਡੂ ਮਰਤ = ਮਰਦਾ ਨ = ਨਹੀਂ ਹੈ ਅਤੇ ਇਉਂ ਇਹ

ਪ੍ਰੇਮਹਿ = ਸਨੇਹ ਨੂੰ ਲਜਾਵਈ = ਲਾਜ ਹੀ ਲਾਇਆ ਕਰਦਾ ਹੈ **ਵਾ:** ਪਰੰਤੂ ਜਿਸ ਵਕਤ ਕੋਈ ਮਾਰਨ ਲੱਗੇ ਤਾਂ ਫੇਰ ਉਸੇ ਵੇਲੇ ਪਾਣੀ ਵਿਚ ਵੜ ਜਾਂਦਾ ਹੈ, ਆਪਣੇ ਪ੍ਰੇਮ ਤੋਂ ਲਜਿਆ ਨਹੀਂ ਕਰਦਾ ਕਿ ਮੈਂ ਮਾਰ ਦਾ ਮਾਰਿਆ ਹੋਇਆ ਪਾਣੀ ਵਿਚ ਆਉਂਦਾ ਹਾਂ।

ਕਪਟ ਸਨੇਹੀ ਤੈਸੇ ਆਨ ਦੇਵ ਸੇਵਕੁ ਹੈ;
ਗੁਰਸਿਖ ਮੀਨ ਜਲ ਹੇਤ ਠਹਰਾਵਈ ॥੪੪੨॥

ਤੈਸੇ = ਉਸੇ ਪ੍ਰਕਾਰ ਹੀ ਮੋਰ, ਪਪੀਹੇ, ਕਮਲ ਫੁੱਲ ਤੇ ਭੌਰੇ ਅਤੇ ਡੱਡੂ ਦੀ ਨਿਆਈਂ ਕਪਟ = ਛਲੀਏ ਸਨੇਹੀ = ਪ੍ਰੇਮੀ ਪੁਰਖ ਭਾਵ ਦਿਖਾਵੇ ਦਾ ਪ੍ਰੇਮ ਕਰਨ ਵਾਲੇ ਪੁਰਖ ਗੁਰਾਂ ਤੋਂ ਬੇਮੁਖ ਹੋ ਕੇ ਆਨ = ਹੋਰਨਾਂ ਦੇਵ = ਦੇਵੀ ਦੇਵਤਿਆਂ ਦੇ ਸੇਵਕ = ਦਾਸ ਜਾ ਬਣਦੇ ਹੈ = ਹਨ ਪਰੰਤੂ ਅੰਦਰੋਂ ਬਾਹਰੋਂ ਇਕਦਮ ਸੱਚਾ ਸਨੇਹ ਕਰਨ ਵਾਲੇ ਗੁਰਸਿਖ = ਗੁਰੂ ਕੇ ਸਿੱਖ ਮੀਨ = ਮੱਛੀ ਤੇ ਜਲ = ਪਾਣੀ ਵਾਲੇ ਹੇਤ = ਪ੍ਰੇਮ ਉੱਤੇ ਆਪਣਾ ਨਿਸ਼ਚਾ ਠਹਰਾਵਈ = ਠਹਿਰਾਉਣਾ, ਧਾਰਨਾ ਕਰਦੇ ਹਨ ਅਰਥਾਤ ਜਿਵੇਂ ਪਾਣੀ ਤੋਂ ਬਗ਼ੈਰ ਮੱਛੀ ਮਰ ਜਾਂਦੀ ਹੈ, ਇਸੇ ਤਰ੍ਹਾਂ ਪੂਰੇ ਗੁਰਾਂ ਤੋਂ ਵਿੱਛੜ ਕੇ ਸੱਚੇ ਸਿੱਖ ਮਰਨ ਲੱਗਦੇ ਹਨ॥੪੪੧॥

ਅਗਲੇ ਕਬਿੱਤ ਵਿਚ ਭਾਈ ਸਾਹਿਬ ਹੋਰਨਾਂ ਦੇਵੀ ਦੇਵਤਿਆਂ ਦੇ ਸੇਵਕ ਜੋ ਬਣਦੇ ਹਨ, ਉਨ੍ਹਾਂ ਬਾਬਤ ਦੱਸਦੇ ਹਨ ਕਿ ਉਹ ਗੁਰੂ ਸਾਹਿਬ ਜੀ ਦੀ ਟਹਿਲ ਨੂੰ ਕੀ ਜਾਣ ਸਕਦੇ ਹਨ ?

ਪੁਰਖ ਨਿਪੁੰਸਕ ਨ ਜਾਨੈ ਬਨਿਤਾ ਬਿਲਾਸ;
ਬਾਂਝ ਕਹਾਂ ਜਾਨੈ ਸੁਖ ਸੰਤਤਿ ਸਨੇਹ ਕਉ ॥

ਜਿਵੇਂ ਨਿਪੁੰਸਕ = ਖੁਸਰਾ (ਹੀਜੜਾ) ਪੁਰਖ = ਆਦਮੀ ਬਨਿਤਾ = ਇਸਤਰੀ ਨਾਲ ਬਿਲਾਸ = ਕਾਮ-ਕ੍ਰੀੜਾ ਦੇ ਆਨੰਦ ਨੂੰ ਨ = ਨਹੀਂ ਜਾਨੈ = ਜਾਣਦਾ ਅਤੇ ਬਾਂਝ = ਵੰਝਿਆ (ਪੁੱਤਰ ਹੀਣੀ) ਇਸਤਰੀ ਸੰਤਤਿ = ਸੰਤਾਨ ਦੇ ਸਨੇਹ = ਪ੍ਰੇਮ ਦੇ ਸੁਖ = ਆਨੰਦ ਕਉ = ਨੂੰ ਕਹਾਂ = ਕਿਥੇ ਜਾਨੈ = ਜਾਣ ਸਕਦੀ ਹੈ।

ਗਨਿਕਾ ਸੰਤਾਨ ਕੋ ਬਖਾਨ ਕਹਾ ਗੋਤਚਾਰ;
ਨਾਹਿ ਉਪਚਾਰ ਕਛੁ ਕੁਸਟੀ ਕੀ ਦੇਹ ਕਉ ॥

ਜਿਵੇਂ ਗਨਿਕਾ = ਵੇਸਵਾ ਦੀ ਸੰਤਾਨ = ਔਲਾਦ ਕੋ = ਦਾ ਗੋਤਚਾਰ = ਬੰਸ ਪ੍ਰਣਾਲੀ ਦਾ ਜ਼ਿਕਰ ਕੌਣ ਬਖਾਨ = ਕਥਨ ਕਰ ਸਕਦਾ ਹੈ ਅਤੇ ਕੁਸਟੀ = ਕੋਹੜ ਵਾਲੇ ਪੁਰਖ ਕੀ = ਦੀ ਦੇਹ = ਕਾਂਇਆ ਕਉ = ਦਾ ਕੋਈ ਉਪਚਾਰ = ਇਲਾਜ ਕਛੁ = ਕੁਝ ਹੋ ਹੀ ਨਾਹਿ = ਨਹੀਂ ਸਕਦਾ ਹੈ।

ਆਂਧਰੋ ਨ ਜਾਨੈ ਰੂਪ ਰੰਗ ਨ ਦਸਨ ਛਬਿ;
ਜਾਨਤ ਨ ਬਹਰੋ ਪ੍ਰਸੰਨ ਅਸਪ੍ਰੇਹ ਕਉ ॥

ਜਿਵੇਂ ਆਂਧਰੋ = ਅੰਨ੍ਹਾ ਪੁਰਖ ਰੂਪ = ਸਰੂਪ, ਰੰਗ ਭਾਵ ਸ਼ਕਲ ਸੂਰਤ ਤੇ ਦਸਨ = ਦੰਦਾਂ ਦੀ ਛਬਿ = ਉੱਜਲਤਾ, ਸੁੰਦਰਤਾ ਨੂੰ ਨ = ਨਹੀਂ ਜਾਨੈ = ਜਾਣ ਸਕਦਾ ਅਤੇ ਜਿਵੇਂ ਬਹਰੋ = ਬੋਲ਼ਾ (ਜਿਸ ਨੂੰ

ਸੁਣਾਈ ਨਾ ਦੇਵੇ) ਪ੍ਰਸੰਨ = ਖ਼ੁਸ਼ੀ ਤੇ ਅਸਪ੍ਰੇਹ = ਅਪ੍ਰਸੰਨਤਾ ਕਉ = ਨੂੰ ਜਾਨਤ = ਜਾਣ ਹੀ ਨ = ਨਹੀਂ ਸਕਦਾ ਕਿਉਂਕਿ ਬੋਲੀ ਹੀ ਪ੍ਰਸੰਨਤਾ ਅਪ੍ਰਸੰਨਤਾ ਦਾ ਕਾਰਨ ਹੈ, ਜਿਸ ਨੂੰ ਉਹ ਸੁਣ ਹੀ ਨਹੀਂ ਸਕਦਾ।

ਆਨ ਦੇਵ ਸੇਵਕ ਨ ਜਾਨੈ ਗੁਰਦੇਵ ਸੇਵ;
ਜੈਸੇ ਤਉ ਜਵਾਸੋ ਨਹੀ ਚਾਹਤ ਹੈ ਮੇਹ ਕਉ ॥੪੪੩॥

ਤਿਵੇਂ ਹੀ ਆਨ = ਹੋਰ ਦੇਵ = ਦੇਵੀ ਦੇਵਤਿਆਂ ਦਾ ਸੇਵਕ = ਦਾਸ ਪੂਰੇ ਗੁਰਦੇਵ = ਗੁਰੂ ਨਾਨਕ ਦੇਵ ਜੀ ਦੀ ਸੇਵ = ਟਹਿਲ ਕਰਨੀ ਜਾਨੈ = ਜਾਣਦਾ ਨ = ਨਹੀਂ ਹੈ, ਜੈਸੇ ਤਉ = ਜਿਸ ਤਰ੍ਹਾਂ ਜਵਾਸੋ = ਜਵਾਹਾਂ ਮੇਹ = ਮੀਂਹ ਕਉ = ਨੂੰ ਨਹੀਂ ਚਾਹਤ = ਚਾਹੁੰਦਾ ਹੈ॥੪੪੩॥ ਜੈਸਾ ਕਿ :

ਸਾਵਣਿ ਵਣ ਹਰੀਆਵਲੇ ਢੁਠੈ ਸੁਕੈ ਅਕੁ ਜਵਾਹਾ। *(ਭਾਈ ਗੁਰਦਾਸ ਜੀ, ਵਾਰ ੧੭, ਪਉੜੀ ੪)*

ਸਾਵਣਿ ਵਣ ਹਰੀਆਵਲੇ ਸੁਕੈ ਅਕੁ ਜਵਾਹਾਂ ਰੁਝੈ। *(ਭਾਈ ਗੁਰਦਾਸ ਜੀ, ਵਾਰ ੩੦, ਪਉੜੀ ੧੧)*

ਜੈਸੇ ਭੂਲਿ ਬਛੁਰਾ ਪਰਤ ਆਨ ਗਾਇ ਥਨ;
ਬਹੁਰਿਓ ਮਿਲਤ ਮਾਤ ਬਾਤ ਨ ਸਮਾਰ ਹੈ ॥

ਜੈਸੇ = ਜਿਸ ਪ੍ਰਕਾਰ ਬਛੁਰਾ = ਵੱਛਾ ਭੂਲਿ = ਭੁੱਲ ਕੇ ਕਿਸੇ ਆਨ = ਹੋਰ ਦੂਸਰੀ ਗਾਇ = ਗਾਂ ਦੇ ਥਣਾਂ ਨੂੰ ਜਾ ਪਰਤ = ਪੈਂਦਾ ਹੈ ਅਤੇ ਬਹੁਰਿਓ = ਮੁੜ ਆਪਣੀ ਮਾਤ = ਮਾਂ ਨੂੰ ਆ ਕੇ ਮਿਲਤ = ਮਿਲਣਾ ਕਰਦਾ ਹੈ ਭਾਵ ਉਸ ਦੇ ਥਣਾਂ ਵਿੱਚੋਂ ਦੁੱਧ ਨੂੰ ਚੁੰਘਦਾ ਹੈ ਤਾਂ ਉਸ ਵੱਛੇ ਦੀ ਮਾਂ ਦੂਸਰੀ ਗਾਂ ਦੇ ਥਣਾਂ ਨੂੰ ਚੁੰਘਣ ਵਾਲੀ ਬਾਤ = ਗੱਲ ਨੂੰ ਸਮਾਰ = ਚੇਤੇ ਨ = ਨਹੀਂ ਕਰਦੀ ਹੈ।

ਜੈਸੇ ਆਨ ਸਰ ਭ੍ਰਮਿ ਆਵੈ ਮਾਨਸਰ ਹੰਸ;
ਦੇਤ ਮੁਕਤਾ ਅਮੋਲ ਦੋਖ ਨ ਬੀਚਾਰ ਹੈ ॥

ਜੈਸੇ = ਜਿਸ ਪ੍ਰਕਾਰ ਆਨ = ਹੋਰ ਸਰ = ਸਰੋਵਰਾਂ ਤੋਂ ਭ੍ਰਮਿ = ਭਟਕ ਕੇ ਹੰਸ ਮਾਨਸਰ = ਮਨਾਸਰੋਵਰ ਉੱਤੇ ਹੀ ਮੁੜ ਆਵੈ = ਆ ਜਾਵੇ ਤਾਂ ਉਹ ਉਸ ਦੇ ਦੋਖ = ਦੋਸ਼ ਨੂੰ ਨ = ਨਹੀਂ ਬੀਚਾਰ = ਵਿਚਾਰਦਾ ਸਗੋਂ ਉਸ ਨੂੰ ਅਮੋਲ = ਬੇਕੀਮਤੀ ਮੁਕਤਾ = ਮੋਤੀ ਚੁਗਣ ਦੇ ਲਈ ਦੇਤ = ਦੇਣਾ ਕਰਦਾ ਹੈ।

ਜੈਸੇ ਨ੍ਰਿਪ ਸੇਵਕ ਜਉ ਆਨ ਦੁਆਰ ਹਾਰਿ ਆਵੈ;
ਚਉਗਨੋ ਬਢਾਵੈ ਨ ਅਵਗਿਆ ਉਰਿ ਧਾਰ ਹੈ ॥

ਜੈਸੇ = ਜਿਸ ਪ੍ਰਕਾਰ ਨ੍ਰਿਪ = ਰਾਜੇ ਦਾ ਸੇਵਕ = ਦਾਸ ਜਉ = ਜੇਕਰ ਆਨ = ਹੋਰ ਦੁਆਰ = ਦੁਆਰਿਉਂ ਹਾਰ ਟੁੱਟ ਕੇ ਆਵੈ = ਆ ਜਾਵੇ ਤਾਂ ਉਸ ਪੁਰਸ਼ ਦਾ ਰਾਜਾ ਚਉਗਨੋ = ਚਾਰ ਗੁਣਾ ਪ੍ਰੇਮ ਬਢਾਵੈ = ਵਧਾਉਂਦਾ ਹੈ ਤੇ ਉਸ ਦੀ ਕੋਈ ਵੀ ਅਵੱਗਿਆ = ਗ਼ਲਤੀ ਨੂੰ ਆਪਣੇ (ਉਰਿ + ਧਾਰ) ਉਰਿ = ਹਿਰਦੇ ਵਿਚ ਧਾਰ = ਧਾਰਨ ਨ = ਨਹੀਂ ਕਰਦਾ ਹੈ।

ਸਤਿਗੁਰ ਅਸਰਨਿ ਸਰਨਿ ਦਇਆਲ ਦੇਵ;
ਸਿਖਨ ਕੋ ਭੂਲਿਬੋ ਨ ਰਿਦ ਮੈ ਨਿਹਾਰ ਹੈ ॥੪੪੪॥

ਉਸੇ ਤਰ੍ਹਾਂ ਦੇਵ = ਪ੍ਰਕਾਸ਼ ਸਰੂਪ ਦਇਆਲ = ਦਿਆਲੂ ਸਤਿਗੁਰ = ਸੱਚੇ ਗੁਰੂ ਸਾਹਿਬ ਜੀ ਅਸਰਨਿ = ਓਟ ਤੋਂ ਹੀਣਿਆਂ ਨੂੰ ਆਪਣੀ ਸਰਨਿ = ਓਟ ਦਾ ਸਹਾਰਾ ਦਿੰਦੇ ਹਨ। ਗੁਰੂ ਸਾਹਿਬ ਜੀ ਆਪਣੇ ਸਿਖਨ = ਸਿੱਖਾਂ ਦੀ ਭੂਲਿਬੋ = ਭੁੱਲ ਨੂੰ ਆਪਣੇ ਰਿਦ = ਚਿੱਤ ਮੈ = ਵਿਚ ਨਿਹਾਰ = ਦੇਖਣਾ ਨ = ਨਹੀਂ ਕਰਦੇ ਹੈ = ਹਨ ॥੪੪੪॥

ਬਾਂਝ ਬਧੂ ਪੁਰਖੁ ਨਿਪੁੰਸਕ ਨ ਸੰਤਤਿ ਹੋਇ;
ਸਲਿਲ ਬਿਲੋਏ ਕਤ ਮਾਖਨ ਪ੍ਰਗਾਸ ਹੈ ॥

ਬਾਂਝ = ਵੰਝਿਆ (ਸੰਤਾਨ ਹੀਣੀ) ਬਧੂ = ਇਸਤਰੀ ਤੇ ਨਿਪੁੰਸਕ = ਹੀਜੜੇ ਪੁਰਖੁ = ਆਦਮੀ ਦਾ ਆਪਸ ਵਿਚਦੀ ਮਿਲਾਪ ਹੋ ਜਾਵੇ ਤਾਂ ਸੰਤਤਿ = ਔਲਾਦ ਪੈਦਾ ਨ = ਨਹੀਂ ਹੋਇ = ਹੁੰਦੀ ਤੇ ਸਲਿਲ = ਪਾਣੀ ਦੇ ਬਿਲੋਏ = ਰਿੜਕਿਆਂ ਭਲਾ ਮਾਖਨ = ਮੱਖਣ ਕਤ = ਕਿਸ ਤਰ੍ਹਾਂ ਪ੍ਰਗਾਸ = ਪ੍ਰਕਾਸ਼, ਪ੍ਰਗਟ ਹੁੰਦਾ ਹੈ ਭਾਵ ਨਹੀਂ ਹੁੰਦਾ।

ਫਨ ਗਹਿ ਦੁਗਧ ਪੀਆਏ ਨ ਮਿਟਤ ਬਿਖੁ;
ਮੂਰੀ ਖਾਏ ਮੁਖ ਸੈ ਨ ਪ੍ਰਗਟੇ ਸੁਬਾਸ ਹੈ ॥

ਜੇਕਰ ਫਨ = ਫਣ ਵਾਲੇ ਸੱਪ ਨੂੰ ਗਹਿ = ਪਕੜ ਕੇ ਦੁਗਧ = ਦੁੱਧ ਪੀਆਏ = ਪਿਲਾਉਣਾ ਕਰੀਏ ਤਾਂ ਉਸ ਦੀ ਬਿਖੁ = ਜ਼ਹਿਰ ਨ = ਨਹੀਂ ਮਿਟਤ = ਮਿਟਦੀ। ਜੈਸਾ ਕਿ :

ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥ *(ਆਸਾ ਭਗਤ ਨਾਮਦੇਵ ਜੀ, ਅੰਗ ੪੮੬)*

ਅਤੇ ਮੂਰੀ = ਮੂਲੀ ਖਾਏ = ਖਾਣ ਨਾਲ ਮੁਖ = ਮੂੰਹ ਸੈ = ਤੋਂ ਸੁਬਾਸ = ਸ੍ਰੇਸ਼ਟ ਸੁਗੰਧੀ ਪ੍ਰਗਟੇ = ਪੈਦਾ ਨ = ਨਹੀਂ ਹੁੰਦੀ ਹੈ।

ਮਾਨਸਰ ਪਰ ਬੈਠੇ ਬਾਇਸੁ ਉਦਾਸ ਬਾਸ;
ਅਰਗਜਾ ਲੇਪੁ ਖਰ ਭਸਮ ਨਿਵਾਸ ਹੈ ॥

ਜੇਕਰ ਮਾਨਸਰ = ਮਾਨਸਰੋਵਰ ਪਰ = ਉੱਤੇ ਬਾਇਸੁ = ਕਾਂ ਜਾ ਬੈਠੇ = ਬੈਠਣਾ ਕਰੇ ਤਾਂ ਕਾਂ ਦਾ ਉਥੇ ਬਾਸ = ਨਿਵਾਸ ਉਦਾਸ = ਉਪਰਾਮ ਭਰਿਆ ਹੀ ਰਹਿੰਦਾ ਹੈ ਭਾਵ ਉਸ ਦਾ ਉਥੇ ਮਨ ਨਹੀਂ ਲੱਗਦਾ ਅਤੇ ਜੇਕਰ ਖਰ = ਖੋਤੇ ਨੂੰ ਅਰਗਜਾ = ਅਤਰ ਅੰਬੀਰ ਆਦਿ ਸੁਗੰਧਿਤ ਪਦਾਰਥਾਂ ਨਾਲ ਲੇਪੁ = ਲੇਪਣਾ ਕਰੀਏ ਤਾਂ ਵੀ ਉਹ ਭਸਮ = ਸੁਆਹ ਉੱਤੇ ਹੀ ਨਿਵਾਸ = ਵਾਸਾ ਕਰਦਾ ਹੈ ਭਾਵ ਧੂੜ ਉੱਪਰ ਜਾ ਕੇ ਲਿਟਦਾ ਹੈ। ਜੈਸਾ ਕਿ :

ਚੰਦਨ ਲੇਪੁ ਉਤਾਰੈ ਧੋਇ ॥ ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥

(ਗਉੜੀ ਸੁਖਮਨੀ ਮ: ੫, ਅੰਗ ੨੬੭)

ਆਨ ਦੇਵ ਸੇਵਕ ਨ ਜਾਨੇ ਗੁਰਦੇਵ ਸੇਵ;
ਕਠਨ ਕੁਟੇਵ ਨ ਮਿਟਤ ਦੇਵ ਦਾਸ ਹੈ ॥੪੪੫॥

ਇਸੇ ਪ੍ਰਕਾਰ ਆਨ = ਹੋਰ ਦੇਵ = ਦੇਵੀ ਦੇਵਤਿਆਂ ਦੇ ਸੇਵਕ = ਦਾਸ, ਪੂਰੇ ਗੁਰਦੇਵ = ਗੁਰੂ ਨਾਨਕ ਦੇਵ ਜੀ ਦੀ ਸੇਵ = ਟਹਿਲ ਕਰਨੀ ਨ = ਨਹੀਂ ਜਾਨੇ = ਜਾਣਦੇ, ਕਿਉਂਕਿ ਜੋ ਕਠਨ = ਔਖਾ ਤੇ ਕੁਟੇਵ = ਖੋਟਾ ਸੁਭਾਵ ਦੇਵ = ਦੇਵੀ ਦੇਵਤਿਆਂ ਦੇ ਦਾਸ = ਸੇਵਕ ਨੂੰ ਪਿਆ ਹੋਇਆ ਹੈ, ਉਹ ਮਿਟਤ = ਦੂਰ ਨ = ਨਹੀਂ ਹੁੰਦਾ ॥੪੪੫॥

ਜੈਸੇ ਤਉ ਗਗਨ ਘਟਾ ਘਮੰਡ ਬਿਲੋਕੀਅਤਿ;
ਗਰਜਿ ਗਰਜਿ ਬਿਨੁ ਬਰਖਾ ਬਿਲਾਤ ਹੈ ॥

ਜੈਸੇ = ਜਿਸ ਤਉ = ਤਰ੍ਹਾਂ ਗਗਨ = ਆਕਾਸ਼ ਵਿਚ ਬੱਦਲਾਂ ਦੀ ਘਟਾ ਘਮੰਡ = ਘਿਰੀ ਹੋਈ ਮਾਨੋ ਹੁਣ ਵਰ੍ਹੀ ਕਿ ਹੁਣੇ ਵਰ੍ਹੀ ਦੀ ਹਾਲਤ ਵਿਚ ਬਿਲੋਕੀਅਤਿ = ਵੇਖੀਦੀ ਹੈ, ਪਰੰਤੂ ਗਰਜਿ ਗਰਜਿ = ਗੱਜ ਗੱਜ ਕੇ ਬਰਖਾ = ਬਰਸਾਤ ਕਰਨ ਤੋਂ ਬਿਨੁ = ਬਗ਼ੈਰ ਹੀ ਉਹ ਐਵੇਂ ਬਿਲਾਤ = ਤੁਰ ਜਾਂਦੀ ਹੈ।

ਜੈਸੇ ਤਉ ਹਿਮਾਚਲਿ ਕਠੋਰ ਅਉ ਸੀਤਲ ਅਤਿ;
ਸਕੀਐ ਨ ਖਾਇ ਖਾਏ ਤ੍ਰਿਖਾ ਨ ਮਿਟਾਤ ਹੈ ॥

ਜੈਸੇ ਤਉ = ਜਿਸ ਤਰ੍ਹਾਂ ਹਿਮਾਚਲਿ = ਬਰਫ਼ ਦੇ ਪਹਾੜ 'ਤੇ ਜਾਣਾ ਅਤਿ ਕਠੋਰ = ਔਖਾ ਅਉ = ਅਤੇ ਪਰ ਜੇ ਕੋਈ ਚਲਿਆ ਵੀ ਜਾਵੇ ਤਾਂ ਬਰਫ਼ ਅਤਿ = ਬੜੀ ਸੀਤਲ = ਠੰਢੀ ਹੁੰਦੀ ਹੈ, ਜਾਣ ਵਾਲਾ ਉਥੇ ਹੀ ਗਲ ਜਾਂਦਾ ਹੈ ਅਤੇ ਜੇ ਬਚ ਵੀ ਜਾਵੇ ਤੇ ਉਸ ਨੂੰ ਪਿਆਸ ਲੱਗੇ ਤੇ ਉਹ ਬਰਫ਼ ਖਾ ਲਵੇ ਤਾਂ ਉਹ ਖਾਇ = ਖਾਧੀ ਨ = ਨਹੀਂ ਜਾ ਸਕੀਐ = ਸਕੀਦੀ, ਜੇ ਖਾਏ = ਖਾ ਵੀ ਲਏ ਤਾਂ ਤ੍ਰਿਖਾ = ਤ੍ਰੇਹ ਨ = ਨਹੀਂ ਮਿਟਾਤ = ਮਿਟਦੀ ਹੈ।

ਜੈਸੇ ਓਸ ਪਰਤ ਕਰਤ ਹੈ ਸਜਲ ਦੇਹੀ;
ਰਾਖੀਐ ਚਿਰੰਕਾਲ ਨ ਠਉਰ ਠਹਿਰਾਤ ਹੈ ॥

ਜੈਸੇ = ਜਿਸ ਪ੍ਰਕਾਰ ਓਸ = ਤ੍ਰੇਲ ਪਰਤ = ਪੈ ਕਰਕੇ ਦੇਹੀ = ਕਾਂਇਆ ਨੂੰ ਸਜਲ (ਸ + ਜਲ) ਸ = ਸਹਿਤ ਜਲ = ਪਾਣੀ ਦੇ ਕਰਤ = ਕਰ ਦਿੰਦੀ ਹੈ ਭਾਵ ਥੋੜ੍ਹਾ ਥੋੜ੍ਹਾ ਗਿੱਲਾ ਕਰ ਦਿੰਦੀ ਹੈ ਪਰੰਤੂ ਜੇ ਉਸ ਗਿੱਲ ਨੂੰ ਠੰਢ ਦਾ ਕਾਰਨ ਜਾਣ ਕੇ ਸੰਭਾਲਣਾ ਕਰੀਏ ਤਾਂ ਚਿਰੰਕਾਲ = ਬਹੁਤੇ ਸਮੇਂ ਤਕ ਰਾਖੀਐ = ਰੱਖੀ ਹੋਈ ਠਉਰ = ਟਿਕਾਣੇ 'ਤੇ ਠਹਿਰਾਤ = ਠਹਿਰਣਾ ਨ = ਨਹੀਂ ਕਰਦੀ ਹੈ।

ਤੈਸੇ ਆਨ ਦੇਵ ਸੇਵ ਤ੍ਰਿਬਿਧੀ ਚਪਲ ਫਲ;
ਸਤਿਗੁਰ ਅੰਮ੍ਰਿਤ ਪ੍ਰਵਾਹ ਨਿਸ ਪ੍ਰਾਤ ਹੈ ॥੪੪੬॥

(ਪਾਠਾਂਤ੍ਰ 'ਨਿਤ')

ਤੈਸੇ = ਉਸੇ ਪ੍ਰਕਾਰ ਆਨ = ਹੋਰ ਦੇਵ = ਦੇਵੀ ਦੇਵਤਿਆਂ ਦੀ ਸੇਵ = ਟਹਿਲ ਤ੍ਰਿਬਿਧੀ = ਤਿੰਨੇ ਤਰ੍ਹਾਂ

ਦੇ ਰਜੋ, ਤਮੋ, ਸਤੋ ਰੂਪ ਚਪਲ = ਚਲਾਇਮਾਨ ਫਲਾਂ ਨੂੰ ਦੇਣ ਵਾਲੀ ਹੈ ਅਤੇ ਕੇਵਲ ਸਤਿਗੁਰ = ਸੱਚੇ ਗੁਰਾਂ ਦੀ ਟਹਿਲ ਨਾਮ ਅੰਮ੍ਰਿਤ ਦਾ ਪ੍ਰਵਾਹ = ਵਹਿਣ ਹੋਣ ਕਰਕੇ ਹਮੇਸ਼ਾਂ ਹੀ ਪ੍ਰਾਤ = ਸਵੇਰ ਤੋਂ ਲੈ ਕੇ ਨਿਸ = ਰਾਤ ਤਕ ਵਗ ਰਹੀ ਹੈ ਭਾਵ ਗੁਰਾਂ ਦੀ ਟਹਿਲ ਸੰਸਾਰਕ ਪਦਾਰਥ ਦੇਣ ਵਾਲੀ ਤੇ ਕੈਵਲ ਮੁਕਤੀ ਦੇਣ ਵਾਲੀ ਹੈ **ਵਾ:** (ਨਿਤ ਪ੍ਰਾਤ ਹੈ) ਸੱਚੇ ਗੁਰਾਂ ਦੀ ਟਹਿਲ ਸਫਲੀ ਹੈ, ਜਿਸ ਦੇ ਪ੍ਰਭਾਵ ਕਰਕੇ ਨਿਤ = ਹਮੇਸ਼ਾਂ ਹੀ ਅੰਮ੍ਰਿਤ ਦਾ ਪ੍ਰਵਾਹ ਪ੍ਰਾਤ = ਪ੍ਰਾਪਤ ਹੁੰਦਾ ਹੈ॥੪੪੬॥

ਬੈਸਨੋ ਅਨੰਨਿ ਬ੍ਰਹਮੰਨਿ ਸਾਲਗ੍ਰਾਮ ਸੇਵਾ;
ਗੀਤਾ ਭਾਗਵਤ ਸ੍ਰੋਤਾ ਏਕਾਕੀ ਕਹਾਵਹੀ॥

ਭਾਵੇਂ ਬੈਸਨੋ = ਵਿਸ਼ਨੂੰ ਦਾ ਅਨੰਨਿ = ਪਿਆਰਾ ਭਗਤ ਬ੍ਰਹਮੰਨਿ = ਬ੍ਰਾਹਮਣ ਵੀ ਹੋਵੇ, ਸਾਲਗ੍ਰਾਮ = ਪੱਥਰ ਦੇ ਬਣੇ ਠਾਕੁਰਾਂ ਦੀ ਸੇਵਾ = ਟਹਿਲ ਕਰਨ ਵਾਲਾ ਵੀ ਹੋਵੇ, ਭਾਗਵਤ ਗ੍ਰੰਥ ਨੂੰ ਸੁਣਨ ਵਾਲਾ ਇਕਾਕੀ = ਇਕੱਲਾ ਸ੍ਰੋਤਾ ਹੋਵੇ, ਗੀਤਾ ਆਦਿਕ ਨੂੰ ਪੜ੍ਹਨ ਵਾਲਾ ਵੀ ਕਹਾਵਹੀ = ਕਹਾਉਂਦਾ ਹੋਵੇ।

ਤੀਰਥ ਧਰਮ ਦੇਵ ਜਾਤ੍ਰਾ ਕਉ ਪੰਡਿਤ ਪੂਛਿ;
ਕਰਤ ਗਵਨ ਸੋ ਮਹੂਰਤ ਸੋਧਾਵਹੀ॥

ਉਪਰੋਕਤ ਬ੍ਰਾਹਮਣ ਤੀਰਥ ਯਾਤਰਾ ਕਉ = ਨੂੰ ਜਾਣ ਵੇਲੇ ਦੇਵ = ਦੇਵਤਿਆਂ ਨੂੰ ਪੂਜਣ ਵੇਲੇ, ਧਰਮ ਦੇ ਕਾਰਜ ਕਰਨ ਵੇਲੇ ਕਿਸੇ ਪੰਡਿਤ = ਵਿਦਵਾਨ ਜੋਤਸ਼ੀ ਕੋਲੋਂ ਪੂਛਿ = ਪੁੱਛ ਕੇ ਤੇ ਸੋ = ਉਹ ਮਹੂਰਤ = ਲਗਨ ਸੋਧਾਵਹੀ = ਸੁਧਾ ਕੇ ਗਵਨ = ਜਾਣਾ ਕਰਤ = ਕਰਦਾ ਹੈ **ਵਾ:** ਪੰਡਿਤ ਤੋਂ ਮਹੂਰਤ, ਲਗਨ, ਵਾਰ, ਗ੍ਰਹਿ ਸੁਧਵਾ ਕੇ ਉਪਰੋਕਤ ਥਾਵਾਂ 'ਤੇ ਜਾਣਾ ਕਰਦਾ ਹੈ।

ਬਾਹਰਿ ਨਿਕਸਿ ਗਰਧਬ ਸ੍ਵਾਨ ਸਗਨ ਕੈ;
ਸੰਕਾ ਉਪਰਾਜਿ ਬਹੁਰਿ ਘਰਿ ਆਵਹੀ॥

ਜਦ ਬ੍ਰਾਹਮਣ ਆਪਣੇ ਘਰੋਂ ਬਾਹਰ ਨਿਕਸਿ = ਨਿਕਲਦਾ ਹੈ ਤਾਂ ਅੱਗੋਂ ਗਰਧਬ = ਖੋਤਾ ਮਿਲਦਿਆਂ ਤੇ ਸ੍ਵਾਨ = ਕੁੱਤੇ ਨੂੰ ਰੋਂਦਿਆਂ ਸੁਣ ਕੇ ਭੈੜਾ ਸ਼ਗਨ ਸਮਝ ਕੈ = ਕਰਕੇ ਆਪਣੇ ਮਨ ਵਿਚ ਸੰਕਾ = ਸੰਸਾ ਉਪਰਾਜਿ = ਪੈਦਾ ਕਰ ਕੇ ਬਹੁਰਿ = ਮੁੜ ਆਪਣੇ ਘਰ ਆਵਹੀ = ਆ ਜਾਂਦਾ ਹੈ। ਜੈਸਾ ਕਿ :

ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ॥ *(ਆਸਾ ਮ: ੫, ਅੰਗ ੪੦੧)*

ਪਤਿਬ੍ਰਤ ਗਹਿ ਰਹਿ ਸਕਤ ਨ ਏਕਾ ਟੇਕ;
ਦੁਬਿਧਾ ਅਛਿਤ ਨ ਪਰੰਮ ਪਦੁ ਪਾਵਹੀ॥੪੪੭॥

ਜਿਵੇਂ ਪਤਿਬ੍ਰਤ = ਪਤੀਬ੍ਰਤਾ ਧਰਮ ਵਾਲੀ ਇਸਤਰੀ ਆਪਣੇ ਇਕ ਪਤੀ ਦੇ ਆਸਰੇ ਨੂੰ ਗਹਿ = ਗ੍ਰਹਿਣ ਕਰ ਕੇ ਰਹਿੰਦੀ ਹੈ, ਇਸੇ ਤਰ੍ਹਾਂ ਜਿਹੜਾ ਸੱਜਣ ਏਕਾ = ਇਕ ਪਰਮੇਸ਼ਰ ਦੀ ਟੇਕ = ਓਟ ਲੈ ਕੇ ਰਹਿ ਨ = ਨਹੀਂ ਸਕਤ = ਸਕਦਾ ਹੈ, ਉਹ ਦੁਬਿਧਾ = ਦ੍ਵੈਤ ਭਾਉ ਦੇ ਅੰਦਰ ਅਛਿਤ = ਹੁੰਦਿਆਂ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਪਰੰਮ = ਸ੍ਰੇਸ਼ਟ ਪਦੁ = ਪਦਵੀ ਨੂੰ ਪਾਵਹੀ = ਪਾ ਨ = ਨਹੀਂ ਸਕਦਾ ਹੈ॥੪੪੭॥

ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ;
ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ॥

ਗੁਰਸਿੱਖ ਦੀ ਸੰਗਤ ਦੇ ਮਿਲਾਪ = ਮਿਲਣ ਕੋ = ਦਾ ਪ੍ਰਤਾਪ = ਤੇਜ ਐਸੋ = ਅਜਿਹਾ ਹੈ, ਜਿਸ ਪ੍ਰਕਾਰ ਪਤਿਬ੍ਰਤ = ਪਤੀਬ੍ਰਤਾ ਇਸਤਰੀ ਨੂੰ ਏਕ = ਇਕ ਆਪਣੇ ਪਤੀ ਦੀ ਟੇਕ = ਓਟ ਹੁੰਦੀ ਹੈ, ਇਸੇ ਤਰ੍ਹਾਂ ਪਤੀਬ੍ਰਤਾ ਇਸਤਰੀ ਵਾਂਗ ਗੁਰਸਿੱਖਾਂ ਦੀ ਸੰਗਤ ਦੁਆਰਾ ਗੁਰਮੁਖ ਜਨ ਇਕ ਪਰਮੇਸ਼ਰ ਦੀ ਟੇਕ = ਓਟ ਲੈ ਕੇ ਆਪਣੇ ਅੰਦਰ ਦੁਬਿਧਾ = ਦ੍ਵੈਤ-ਭਾਵ ਨੂੰ ਨਿਵਾਰੀ = ਨਵਿਰਤ ਕਰ ਲੈਂਦਾ ਹੈ।

ਪੂਛਤ ਨ ਜੋਤਕ ਅਉ ਬੇਦ ਥਿਤਿ ਵਾਰ ਕਛੁ;
ਗ੍ਰਿਹ ਅਉ ਨਖਤ੍ਰ ਕੀ ਨ ਸੰਕਾ ਉਰਧਾਰੀ ਹੈ॥

ਗੁਰੂ ਕਾ ਸਿੱਖ ਨ = ਨਾ ਤਾਂ ਕਿਸੇ ਕੰਮ ਨੂੰ ਸ਼ੁਰੂ ਕਰਨ ਵੇਲੇ ਜੋਤਕ = ਜੋਤਿਸ਼ ਨੂੰ ਪੂਛਤ = ਪੁੱਛਦਾ ਹੈ ਅਉ = ਅਤੇ ਨਾ ਹੀ ਬੇਦ, ਰੀਤੀ, ਥਿਤਿ = ਥਿਤਾਂ, ਵਾਰ = ਦਿਨ ਆਦਿ ਚੰਗੇ ਮਾੜੇ ਬਾਰੇ ਕਛੁ = ਕੁਝ ਪੁੱਛਦਾ ਹੈ, ਨਾ ਹੀ ਨੌਂ ਗ੍ਰਿਹ = ਗ੍ਰਹਿ ਅਉ = ਅਤੇ ਨਾ ਹੀ ਨਖਤ੍ਰ = ਨਛੱਤਰਾਂ ਕੀ = ਦੀ ਸ਼ੰਕਾ ਆਪਣੇ ਉਰਧਾਰੀ = ਹਿਰਦੇ ਵਿਚ ਧਾਰਨ ਕਰਦਾ ਹੈ।

ਜਾਨਤ ਨ ਸਗਨ ਲਗਨ ਆਨ ਦੇਵ ਸੇਵ;
ਸਬਦ ਸੁਰਤਿ ਲਿਵ ਨੇਹੁ ਨਿਰੰਕਾਰੀ ਹੈ॥

ਗੁਰਸਿੱਖ ਲਗਨ ਸ਼ਗਨ ਬਾਰੇ ਕੁਝ ਵੀ ਜਾਨਤ = ਜਾਣਦੇ ਨ = ਨਹੀਂ ਹਨ ਤੇ ਨਾ ਹੀ ਆਨ = ਹੋਰ ਦੇਵ = ਦੇਵੀ ਦੇਵਤਿਆਂ ਦੀ ਸੇਵ = ਟਹਿਲ ਕਰਨ ਬਾਬਤ ਕੁਝ ਜਾਣਦੇ ਹਨ। ਗੁਰਸਿੱਖ ਤਾਂ ਕੇਵਲ ਗੁਰ ਸਬਦ = ਉਪਦੇਸ਼ ਵਿਚ ਸੁਰਤਿ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਲਿਵ = ਬਿਰਤੀ ਲਾ ਕੇ ਨਿਰੰਕਾਰੀ = ਪਰਮੇਸ਼ਰ ਨਾਲ ਨੇਹੁ = ਪ੍ਰੇਮ ਕਰਦੇ ਹਨ।

ਸਿਖ ਸੰਤ ਬਾਲਕ ਸ੍ਰੀ ਗੁਰ ਪ੍ਰਤਿਪਾਲਕ ਹੁਇ;
ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ॥੪੪੮॥

ਇਸ ਲਈ ਇਉਂ ਸਮਝਣਾ ਕਰੇ ਕਿ ਸਿੱਖ, ਸੰਤ = ਮਹਾਤਮਾ ਜਨ ਸਤਿਗੁਰਾਂ ਦੇ ਬਾਲਕ = ਬੱਚੇ ਹਨ ਤੇ ਸ੍ਰੀ = ਸੁਭਾਇਮਾਨ ਗੁਰ = ਸਤਿਗੁਰੂ ਸਾਹਿਬ ਜੀ ਕਾਮ, ਕ੍ਰੋਧ ਆਦਿ ਦੂਤਾਂ ਤੋਂ ਬਚਾ ਕੇ ਉਨ੍ਹਾਂ ਦੀ ਪ੍ਰਤਿਪਾਲਕ = ਪਾਲਣਾ ਕਰਨ ਵਾਲੇ ਹੁਇ = ਹੋਏ ਹਨ ਅਤੇ ਉਨ੍ਹਾਂ ਨੂੰ ਬ੍ਰਹਮ ਦੀ ਬੀਚਾਰੀ = ਵਿਚਾਰ ਵਾਲੇ ਬਣਾ ਕੇ ਜੀਵਨ ਮੁਕਤੀ ਦੀ ਗਤਿ = ਪ੍ਰਾਪਤੀ ਕਰਾ ਦਿੰਦੇ ਹੈ = ਹਨ॥੪੪੮॥

ਨਾਰਿ ਕੈ ਭਤਾਰ ਕੈ ਸਨੇਹ ਪਤਿਬ੍ਰਤਾ ਹੁਇ;
ਗੁਰਸਿਖ ਏਕ ਟੇਕ ਪਤਿਬ੍ਰਤ ਲੀਨ ਹੈ॥

ਜਿਵੇਂ ਨਾਰਿ = ਇਸਤਰੀ ਭਤਾਰ = ਪਤੀ ਕੈ = ਦੇ ਨਾਲ ਸਨੇਹ = ਪ੍ਰੇਮ ਕਰਨੇ ਕੈ = ਕਰਕੇ ਪਤਿਬ੍ਰਤਾ = ਪਤੀਬ੍ਰਤਾ ਧਰਮ ਵਾਲੀ ਹੁਇ = ਹੁੰਦੀ ਹੈ, ਤਿਵੇਂ ਗੁਰਸਿੱਖ ਏਕ = ਇਕ ਗੁਰਾਂ, ਪਰਮੇਸ਼ਰ ਦੀ ਟੇਕ = ਓਟ ਲੈ ਕੇ ਪਤੀਬ੍ਰਤਾ ਇਸਤਰੀ ਵਾਂਗ ਪਤੀ ਪਰਮੇਸ਼ਰ ਵਿਚ ਲੀਨ = ਸਮਾਅ ਜਾਂਦਾ ਹੈ।

ਰਾਗ ਨਾਦ ਬਾਦ ਅਉ ਸੰਬਾਦ ਪਤਿਬ੍ਰਤਾ ਹੁਇ;
ਬਿਨੁ ਗੁਰ ਸਬਦ ਨ ਕਾਨ ਸਿਖ ਦੀਨ ਹੈ॥

ਰਾਗਾਂ ਦੁਆਰਾ ਗੀਤਾਂ ਨੂੰ ਗਾਉਂਦਿਆਂ, ਰਸਨਾ ਦੁਆਰਾ ਉਚਾਰੀ ਹੋਈ ਨਾਦ = ਧੁਨੀ, ਆਵਾਜ਼ ਰੂਪ ਆਲਾਪ, ਵਾਜਿਆਂ ਨੂੰ ਬਾਦ = ਵਜਾਉਂਦਿਆਂ ਤੇ ਅਉ = ਅਤੇ ਸਖੀਆਂ ਸਹੇਲੀਆਂ ਨਾਲ ਸੰਬਾਦ = ਚਰਚਾ ਕਰਦੀ ਹੋਈ ਕੇਵਲ ਆਪਣੇ ਪਤੀ ਨੂੰ ਹੀ ਨਿਸ਼ਾਨਾ ਥਾਪੀ ਰੱਖਦੀ ਹੈ ਭਾਵ ਹਰੇਕ ਪ੍ਰਕਾਰ ਕਰਕੇ ਹੋਰਨਾਂ ਕੰਨ-ਰਸੀ ਪਰਚਿਆਂ ਨੂੰ ਪਤੀ ਤੋਂ ਬਗ਼ੈਰ ਜਿਸ ਨੇ ਬੇਅਰਥ ਸਮਝਿਆ ਹੈ, ਉਹੋ ਹੀ ਪਤੀਬ੍ਰਤਾ ਧਰਮ ਵਾਲੀ ਹੁਇ = ਹੁੰਦੀ ਹੈ, ਉਸੇ ਤਰ੍ਹਾਂ ਹੀ ਗੁਰਸਿੱਖ ਵੀ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਤੋਂ ਬਿਨੁ = ਬਗ਼ੈਰ ਹੋਰ ਬੇਅਰਥ ਬਚਨ ਬਿਲਾਸਾਂ ਵੱਲ ਕਾਨ = ਕੰਨ ਨ = ਨਹੀਂ ਦੀਨ = ਦਿੰਦਾ ਹੈ।

ਰੂਪ ਰੰਗ ਅੰਗ ਸਰਬੰਗ ਹੇਰੇ ਪਤਿਬ੍ਰਤਾ;
ਆਨ ਦੇਵ ਸੇਵਕ ਨ ਦਰਸਨ ਕੀਨ ਹੈ॥

ਜਿਸ ਪ੍ਰਕਾਰ ਪਤੀਬ੍ਰਤਾ ਇਸਤਰੀ ਆਪਣੇ ਪਤੀ ਦਾ ਹੀ ਰੂਪ = ਸਰੂਪ ਹੇਰੇ = ਤੱਕਣਾ ਕਰਦੀ ਹੈ, ਆਪਣੇ ਪਤੀ ਦੇ ਅੰਗਾਂ ਨੂੰ ਹੀ ਸਰਬੰਗ = ਸਮੂਚੇ ਭਾਵ ਨਾਲ ਵੇਖਣਾ ਕਰਦੀ ਹੈ ਭਾਵ ਨਿਗ੍ਹਾ ਵਿਚ ਲਿਆਉਂਦੀ ਹੈ। ਇਹ ਪਤੀਬ੍ਰਤਾ ਇਸਤਰੀ ਦਾ ਧਰਮ ਹੁੰਦਾ ਹੈ, ਉਸੇ ਪ੍ਰਕਾਰ ਹੀ ਪਤੀਬ੍ਰਤਾ ਇਸਤਰੀ ਵਾਂਗ ਗੁਰੂ ਕਾ ਸਿੱਖ ਵੀ ਨ = ਨਾ ਤਾਂ ਆਨ = ਹੋਰਨਾਂ ਦੇਵ = ਦੇਵੀ ਦੇਵਤਿਆਂ ਦਾ ਸੇਵਕ = ਦਾਸ ਬਣਦਾ ਹੈ ਤੇ ਨਾ ਹੀ ਉਨ੍ਹਾਂ ਦੇ ਦਰਸਨ = ਦੀਦਾਰ ਕੀਨ = ਕਰਦਾ ਹੈ।

ਸੁਜਨ ਕੁਟੰਬ ਗ੍ਰਿਹਿ ਗਉਨ ਕਰੈ ਪਤਿਬ੍ਰਤਾ;
ਆਨ ਦੇਵ ਸਥਾਨ ਜੈਸੇ ਜਲ ਬਿਨੁ ਮੀਨ ਹੈ॥੪੪੯॥

ਜਿਸ ਤਰ੍ਹਾਂ ਪਤਿਬ੍ਰਤਾ ਧਰਮ ਵਾਲੀ ਇਸਤਰੀ ਆਪਣੇ ਕੁਟੰਬ = ਪਰਿਵਾਰ ਦੇ ਸੁਜਨ = ਸ੍ਰੇਸ਼ਟ ਸੰਬੰਧੀ ਜਨਾਂ ਦੇ ਗ੍ਰਿਹਿ = ਘਰਾਂ ਵਿਚ ਤਾਂ ਗਉਨ = ਜਾਣਾ ਕਰੈ = ਕਰਦੀ ਹੈ ਭਾਵ ਭਾਈਚਾਰਕ ਠਾਠ ਦਾ ਸਰੰਜਾਮ ਪਤੀ ਨੂੰ ਪ੍ਰਸੰਨਤਾ ਦਾ ਕਾਰਨ ਜਾਣ ਕੇ ਹਰੇਕ ਤਰ੍ਹਾਂ ਭੁਗਤਾਉਂਦੀ ਹੈ, ਪਰੰਤੂ ਸੰਬੰਧੀਆਂ ਤੋਂ ਬਗ਼ੈਰ ਹੋਰਨਾਂ ਲੋਕਾਂ ਦੇ ਘਰੀਂ ਕਦੇ ਵੀ ਫਿਰਨਾ ਨਹੀਂ ਕਰਦੀ। ਇਸੇ ਪ੍ਰਕਾਰ ਗੁਰਸਿੱਖ ਵੀ ਗੁਰੂ ਘਰਾਂ, ਗੁਰ ਅਸਥਾਨਾਂ, ਗੁਰਮੁਖਾਂ ਦੀ ਸੰਗਤ ਵਿਚ ਜਾਣ ਤੋਂ ਛੁੱਟ ਆਨ = ਹੋਰ ਦੇਵ = ਦੇਵੀ ਦੇਵਤਿਆਂ ਦੇ ਸਥਾਨ = ਅਸਥਾਨਾਂ ਆਦਿ 'ਤੇ ਜਾਣਾ ਇਉਂ ਦੁਖਦਾਈ ਸਮਝਦਾ ਹੈ, ਜੈਸੇ = ਜਿਸ ਪ੍ਰਕਾਰ ਜਲ = ਪਾਣੀ ਤੋਂ ਬਿਨੁ = ਬਗ਼ੈਰ ਮੀਨ = ਮੱਛੀ ਦੁਖੀ ਹੁੰਦੀ ਹੈ॥੪੪੯॥

ਐਸੀ ਨਾਇਕਾ ਸੈ ਕੁਆਰ ਪਾਤ੍ਰ ਹੀ ਸੁਪਾਤ੍ਰ ਭਲੀ;
ਆਸ ਪਿਆਸੀ ਮਾਤਾ ਪਿਤਾ ਏਕੈ ਕਾਹ ਦੇਤ ਹੈ॥

ਐਸੀ = ਅਜਿਹੀ ਨਾਇਕਾ = ਇਸਤਰੀ ਸੈ = ਤੋਂ (ਨਾਲੋਂ) ਕੁਆਰ ਪਾਤ੍ਰ = ਕੁਆਰਪੁਣੇ ਵਾਲੀ ਅਧਿਕਾਰਨ ਕੁਆਰੀ ਕੰਨਿਆ ਹੀ ਸੁਪਾਤ੍ਰ = ਸ੍ਰੇਸ਼ਟ ਅਧਿਕਾਰਨ ਭਲੀ = ਚੰਗੀ ਹੈ, ਜਿਹੜੀ ਕਿ ਇਸ ਆਸ = ਉਮੀਦ ਦੀ ਪਿਆਸੀ = ਤ੍ਰੇਹਣ, ਲੋਚਾਵਾਨ ਰਹਿੰਦੀ ਹੈ ਕਿ ਉਸ ਦੇ ਮਾਤਾ ਪਿਤਾ = ਮਾਂ ਪਿਉ ਉਸ ਨੂੰ ਕਾਹ = ਕਿਸੇ ਏਕੈ = ਇਕ ਦੇ ਤਾਈਂ ਦੇ ਦੇਤ = ਦੇਣਾ ਕਰਨਗੇ।

ਐਸੀ ਨਾਇਕਾ ਸੈ ਦੀਨਤਾ ਕੈ ਦੁਹਾਗਨਿ ਭਲੀ;
ਪਤਿਤ ਪਾਵਨ ਪ੍ਰਿਅ ਪਾਇ ਲਾਇ ਲੇਤ ਹੈ॥

ਐਸੀ = ਅਜਿਹੀ ਨਾਇਕਾ = ਇਸਤਰੀ ਸੈ = ਨਾਲੋਂ ਦੀਨਤਾ = ਅਧੀਨਗੀ ਧਾਰ ਕੈ = ਕਰਕੇ ਬਖ਼ਸ਼ਾ ਲੈਣ ਵਾਲੀ ਦੁਹਾਗਨਿ = ਛੁੱਟੜ ਔਰਤ ਹੀ ਭਲੀ = ਚੰਗੀ ਹੈ, ਜਦ ਪਤਿਤ = ਆਚਰਣ ਤੋਂ ਗਿਰੀ ਔਰਤ ਬੁਰੇ ਕੰਮਾਂ ਨੂੰ ਤਿਆਗ ਕੇ ਪਾਵਨ = ਚੰਗੇ ਜੀਵਨ ਵਾਲੀ ਹੋ ਜਾਂਦੀ ਹੈ ਤਾਂ ਉਸ ਦਾ ਪ੍ਰਿਅ = ਪਤੀ ਆਪਣੇ ਪਾਇ = ਚਰਨੀਂ ਲਾਇ = ਲਾ ਲੇਤ = ਲੈਂਦਾ ਹੈ।

ਐਸੀ ਨਾਇਕਾ ਸੈ ਭਲੋ ਬਿਰਹਾ ਬਿਓਗ ਸੋਗ;
ਲਗਨ ਸਗਨ ਸੋਧੇ ਸਰਧਾ ਸਹੇਤ ਹੈ॥

ਐਸੀ = ਅਜਿਹੀ ਨਾਇਕਾ = ਇਸਤਰੀ ਸੈ = ਨਾਲੋਂ ਬਿਰਹਾ = ਵਿਛੋੜੇ ਬਿਓਗ = ਵਿਜੋਗ ਦਾ ਸੋਗ = ਗ਼ਮ ਭਲੋ = ਚੰਗਾ ਹੈ, ਜਿਸ ਗ਼ਮ ਵਿਚ ਵਿਜੋਗਣ ਇਸਤਰੀ ਸਰਧਾ = ਭਾਵਨਾ ਤੇ ਸਹੇਤ = ਸਹਿਤ ਪ੍ਰੇਮ ਦੇ ਪਿਆਰੇ ਪਤੀ ਦੇ ਮਿਲਾਪ ਖ਼ਾਤਰ ਲਗਨ ਸ਼ਗਨ ਦੀ ਸੋਧੇ = ਸੋਧ ਕਰਦੀ ਰਹਿੰਦੀ ਹੈ ਭਾਵ ਪਤੀ ਨੂੰ ਉਡੀਕ ਉਡੀਕ ਕੇ ਸਮਾਂ ਟਪਾਉਂਦੀ ਰਹਿੰਦੀ ਹੈ।

ਐਸੀ ਨਾਇਕਾ ਮਾਤ ਗਰਭ ਹੀ ਗਲੀ ਭਲੀ;
ਕਪਟ ਸਨੇਹ ਦੁਬਿਧਾ ਜਿਉ ਰਾਹੁ ਕੇਤੁ ਹੈ॥੪੫੦॥

ਐਸੀ = ਅਜਿਹੀ ਨਾਇਕਾ = ਇਸਤਰੀ ਤਾਂ ਮਾਤ = ਮਾਂ ਦੇ ਗਰਭ = ਪੇਟ ਵਿਚ ਹੀ ਗਲੀ = ਸੜੀ ਭਲੀ = ਚੰਗੀ ਸੀ, ਜਿਹੜੀ ਕਿ ਉੱਪਰੋਂ ਦਿਖਾਵੇ ਮਾਤਰ ਦੇਵਤੇ ਵਤ ਤੇ ਅੰਦਰੋਂ ਦੈਤ ਰਾਹੂ ਕੇਤੂ ਦੀ ਤਰ੍ਹਾਂ ਕਪਟ = ਛਲ ਦਾ ਸਨੇਹ = ਪਿਆਰ ਧਾਰ ਕੇ ਦੁਬਿਧਾ = ਦੁਚਿੱਤੀ ਭਰਿਆ ਪਿਆਰ ਕਪਟ ਦਾ ਕਰਦੀ ਹੈ।

ਅਥਵਾ ਇਸੇ ਪ੍ਰਕਾਰ ਮਨਮੁਖ ਰੂਪ ਇਸਤਰੀ ਮਾਂ ਦੇ ਪੇਟ ਵਿਚ ਹੀ ਸੜੀ ਚੰਗੀ ਸੀ, ਕਿਉਂਕਿ ਕਪਟ = ਛਲ ਵਾਲਾ ਸਨੇਹ = ਪ੍ਰੇਮ ਤੇ ਦੁਬਿਧਾ = ਦ੍ਵੈਤ ਭਾਉ ਪਤੀ (ਗੁਰੂ) ਪਰਮੇਸ਼ਰ ਨਾਲ ਇਉਂ ਕਰਦੀ ਹੈ ਜਿਵੇਂ ਰਾਹੂ ਤੇ ਕੇਤੂ ਦੋਵੇਂ ਦੈਂਤ ਸੂਰਜ ਤੇ ਚੰਦਰਮਾ ਆਦਿਕ ਦੇਵਤਿਆਂ ਨਾਲ ਕਰਦੇ ਹਨ॥੪੫੦॥

ਜੈਸੇ ਜਲ ਕੂਪ ਨਿਕਸਤ ਜਤਨ ਕੀਏ;
ਸੀਚੀਅਤ ਖੇਤ ਏਕੈ ਪਹੁਚਤ ਨ ਆਨ ਕਉ॥

ਜੈਸੇ = ਜਿਸ ਪ੍ਰਕਾਰ ਢੋਲ, ਹਰਟ ਜਾਂ ਢੀਂਗੁਲੀ ਆਦਿ ਨਾਲ ਜਤਨ = ਕੋਸ਼ਿਸ਼ ਕੀਏ = ਕੀਤਿਆਂ ਕੂਪ = ਖੂਹ ਵਿੱਚੋਂ ਜਲ = ਪਾਣੀ ਨਿਕਸਤ = ਕੱਢਿਆ ਜਾਂਦਾ ਹੈ ਅਤੇ ਖੂਹ ਵਿੱਚੋਂ ਪਾਣੀ ਨਿਕਲ ਕੇ ਏਕੈ = ਇੱਕੋ ਹੀ ਖੇਤ = ਪੈਲੀ ਨੂੰ ਸੀਚੀਅਤ = ਸਿੰਜੀਦਾ ਹੈ ਤੇ ਇੱਕੋ ਵੇਲੇ ਆਨ = ਹੋਰ ਦੂਸਰੇ ਖੇਤ ਕਉ = ਨੂੰ ਪਹੁਚਤ = ਅੱਪੜਦਾ ਨ = ਨਹੀਂ ਹੈ।

ਪਥਿਕ ਪਪੀਹਾ ਪਿਆਸੇ ਆਸ ਲਗਿ ਢਿਗ ਬੈਠਿ;
ਬਿਨੁ ਗੁਨ ਭਾਂਜਨ ਤ੍ਰਿਪਤਿ ਕਤ ਪ੍ਰਾਨ ਕਉ ॥

ਪਥਿਕ = ਰਾਹੀ ਤੇ ਪਪੀਹਾ = ਬੰਬੀਹਾ ਪਿਆਸੇ = ਤਿਹਾਏ ਆਸ = ਉਮੀਦ ਕਰ ਕੇ ਖੂਹ ਦੇ ਢਿਗ = ਨੇੜੇ ਲੱਗ ਕੇ ਬੈਠੇ ਰਹਿੰਦੇ ਹਨ, ਬਿਨੁ = ਬਗ਼ੈਰ ਗੁਨ = ਰੱਸੀ, ਡੋਰੀ ਤੇ ਗੜਵੀ ਆਦਿ ਭਾਂਜਨ = ਬਰਤਨ ਦੀ ਸਹਾਇਤਾ ਦੇ ਕਤ = ਕਿਸ ਪ੍ਰਕਾਰ ਉਹ ਆਪਣੇ ਪ੍ਰਾਨ = ਪ੍ਰਾਣਾਂ ਕਉ = ਨੂੰ ਤ੍ਰਿਪਤਿ = ਰਜਾਉਣ, ਸ਼ਾਂਤ ਕਰਨ ਭਾਵ ਨਹੀਂ ਕਰ ਸਕਦੇ।

ਤੈਸੇ ਹੀ ਸਕਲ ਦੇਵ ਟੇਵ ਸੈ ਟਰਤ ਨਾਹਿ;
ਸੇਵਾ ਕੀਏ ਦੇਤ ਫਲ ਕਾਮਨਾ ਸਮਾਨ ਕਉ ॥

ਤੈਸੇ = ਉਸੇ ਤਰ੍ਹਾਂ ਹੀ ਸਕਲ = ਸਾਰੇ ਦੇਵ = ਦੇਵਤੇ ਆਪਣੀ ਟੇਵ = ਆਦਤ ਸੈ = ਤੋਂ ਟਰਤ = ਟਲਦੇ ਨਾਹਿ = ਨਹੀਂ ਹਨ ਭਾਵ ਸੇਵਾ ਦਾ ਫਲ ਦੇਣ ਤੋਂ ਮੁੜਦੇ ਨਹੀਂ, ਪਰ ਜਦ ਸੇਵਾ = ਟਹਿਲ ਕੀਏ = ਕੀਤਿਆਂ ਕਿਤੇ ਪ੍ਰਸੰਨ ਹੋ ਵੀ ਜਾਣ ਤਾਂ ਵੀ ਫਲ ਦੇਤ = ਦਿੰਦੇ ਹਨ, ਕੇਵਲ ਸਮਾਨ = ਬਰਾਬਰ ਕਾਮਨਾ ਕਉ = ਦਾ ਹੀ ਫਲ ਦਿੰਦੇ ਹਨ ਭਾਵ ਧਨ, ਪੁੱਤਰ, ਇਸਤਰੀ, ਸੰਬੰਧੀ ਆਦਿ ਜਾਂ ਵੱਧ ਤੋਂ ਵੱਧ ਆਪਣੇ ਲੋਕ ਵਿਚ ਨਿਵਾਸ ਰੂਪ ਸਾਧਾਰਨ ਫਲ ਦਿੰਦੇ ਹਨ ਨਾ ਕਿ ਅਸਾਧਾਰਣ ਫਲ ਰੂਪ ਮੋਖ ਪਦਵੀ ਦਿੰਦੇ ਹਨ।

ਪੂਰਨ ਬ੍ਰਹਮ ਗੁਰ ਬਰਖਾ ਅੰਮ੍ਰਿਤ ਹਿਤਿ;
ਬਰਖ ਹਰਖ ਦੇਤ ਸਰਬ ਨਿਧਾਨ ਕਉ ॥੪੫੧॥

ਲੇਕਿਨ ਪੂਰਨ = ਵਿਆਪਕ ਬ੍ਰਹਮ = ਪਰਮੇਸ਼ਰ ਦਾ ਸਰੂਪ ਗੁਰ = ਸਤਿਗੁਰੂ ਸਾਹਿਬ ਜੀ ਸਾਰੇ ਜੀਵਾਂ ਦੀ ਕਲਿਆਣ ਹਿਤਿ = ਵਾਸਤੇ ਅੰਮ੍ਰਿਤ ਮਈ ਉਪਦੇਸ਼ ਰੂਪ ਵਰਖਾ ਹਰਖ = ਪ੍ਰਸੰਨਤਾ ਦੇ ਸਹਿਤ ਬਰਖ = ਵਰਸਾ ਕੇ ਸਰਬ = ਸਾਰੇ ਨਿਧਾਨ = ਖ਼ਜ਼ਾਨਿਆਂ ਕਉ = ਨੂੰ ਇੱਕੋ ਵਾਰ ਬਖ਼ਸ਼ਸ਼ ਦੇਤ = ਦਿੰਦੇ ਹਨ ॥੪੫੧॥

ਜੈਸੇ ਉਲੂ ਦਿਨ ਸਮੈ ਕਾਹੂਐ ਨ ਦੇਖਿਓ ਭਾਵੈ;
ਤੈਸੇ ਸਾਧ ਸੰਗਤਿ ਮੈ ਆਨ ਦੇਵ ਸੇਵ ਕੈ ॥

ਜੈਸੇ = ਜਿਸ ਪ੍ਰਕਾਰ ਉੱਲੂ ਨੂੰ ਦਿਨ ਦੇ ਸਮੈ = ਵਕਤ ਕਾਹੂਐ = ਕਿਸੇ ਨੂੰ ਦੇਖਿਓ = ਦੇਖਣਾ ਨ = ਨਹੀਂ ਭਾਵੈ = ਭਾਉਂਦਾ, ਤੈਸੇ = ਉਸੇ ਪ੍ਰਕਾਰ ਆਨ = ਹੋਰ ਦੇਵ = ਦੇਵਤਿਆਂ ਦਾ ਸੇਵਕੈ = ਦਾਸ ਸਾਧਸੰਗਤਿ = ਸ੍ਰੇਸ਼ਟ ਜਨਾਂ ਦੀ ਸੰਗਤ ਮੈ = ਵਿਚ ਚੰਗਾ ਨਹੀਂ ਲੱਗਦਾ।

ਜੈਸੇ ਕਊਆ ਬਿਦਿਆਮਾਨ ਬੋਲਤ ਨ ਕਾਹੂ ਭਾਵੈ;
ਆਨ ਦੇਵ ਸੇਵਕ ਜਉ ਬੋਲੈ ਅਹੰਮੇਵ ਕੈ ॥

ਜੈਸੇ = ਜਿਸ ਪ੍ਰਕਾਰ ਕਊਆ = ਕਾਂ ਬਿਦਿਆਮਾਨ = ਸਾਹਮਣੇ ਬੋਲਤ = ਬੋਲਦਾ ਹੋਇਆ ਕਾਹੂ = ਕਿਸੇ

ਨੂੰ ਵੀ ਭਾਵੈ = ਚੰਗਾ ਨ = ਨਹੀਂ ਲੱਗਦਾ ਹੈ, ਉਸੇ ਤਰ੍ਹਾਂ ਆਨ = ਹੋਰਨਾਂ ਦੇਵ = ਦੇਵਤਿਆਂ ਦਾ ਸੇਵਕ = ਦਾਸ ਜਉ = ਜਿਹੜਾ ਅਹੰਮੇਵ = ਹੰਕਾਰ ਕੈ = ਕਰਕੇ ਬੋਲੈ = ਬੋਲਦਾ ਹੈ, ਉਹ ਸੰਤਾਂ, ਮਹਾਤਮਾ ਨੂੰ ਚੰਗਾ ਨਹੀਂ ਲੱਗਦਾ ਹੈ।

ਕਟਤ ਚਟਤ ਸ੍ਵਾਨ ਪ੍ਰੀਤਿ ਬਿਪ੍ਰੀਤਿ ਜੈਸੇ;
ਆਨ ਦੇਵ ਸੇਵਕ ਸੁਹਾਇ ਨ ਕੁਟੇਵ ਕੋ ॥

ਜੈਸੇ = ਜਿਸ ਪ੍ਰਕਾਰ ਸ੍ਵਾਨ = ਕੁੱਤਾ ਪ੍ਰੀਤਿ = ਸਨੇਹ ਕੀਤਿਆਂ ਚਟਤ = ਚੱਟਦਾ ਹੈ ਤੇ ਬਿਪ੍ਰੀਤਿ = ਉਲਟਾ ਪ੍ਰੀਤੀ ਨਾ ਕੀਤਿਆਂ ਭਾਵ ਘੂਰਿਆਂ, ਤਾੜਿਆਂ ਕਟਤ = ਵੱਢਣ ਨੂੰ ਪੈਂਦਾ ਹੈ, ਇਉਂ ਉਸ ਦੇ ਦੋਵੇਂ ਸੁਭਾਅ ਚੰਗੇ ਨਹੀਂ ਲੱਗਦੇ, ਉਸੇ ਤਰ੍ਹਾਂ ਹੀ ਆਨ = ਹੋਰ ਦੇਵ = ਦੇਵਤਿਆਂ ਕੋ = ਦਾ ਸੇਵਕ = ਦਾਸ ਸੁਹਾਇ = ਚੰਗਾ ਨ = ਨਹੀਂ ਹੁੰਦਾ ਕਿਉਂਕਿ ਉਸ ਦੀ ਕੁਟੇਵ = ਬੁਰੀ ਆਦਤ ਹੁੰਦੀ ਹੈ, ਭਾਵ ਉਸ ਦੀ ਪ੍ਰੀਤੀ ਤੇ ਵੈਰ ਦੋਵੇਂ ਹੀ ਕੁੱਤੇ ਦੇ ਚੱਟਣ ਤੇ ਵੱਢਣ ਵਤ ਚੰਗੇ ਨਹੀਂ ਲੱਗਦੇ ਹਨ।

ਜੈਸੇ ਮਰਾਲ ਮਾਲ ਸੋਭਤ ਨ ਬਗੁ ਠਗੁ;
ਕਾਢੀਐ ਪਕਰਿ ਕਰਿ ਆਨ ਦੇਵ ਸੇਵਕੈ ॥੪੫੨॥

ਜੈਸੇ = ਜਿਸ ਪ੍ਰਕਾਰ ਮਰਾਲ = ਹੰਸਾਂ ਦੀ ਮਾਲ = ਡਾਰ ਵਿਚ ਠਗੁ = ਠਗਵਾੜਾ ਬਗੁ = ਬਗੁਲਾ ਸੋਭਤ = ਸ਼ੋਭਾ ਨ = ਨਹੀਂ ਦਿੰਦਾ ਹੈ, ਚੁੰਝਾਂ ਮਾਰ ਕੇ ਬਾਹਰ ਕੱਢ ਦਿੱਤਾ ਜਾਂਦਾ ਹੈ, ਇਸੇ ਤਰ੍ਹਾਂ ਹੀ ਸਾਧਸੰਗਤ ਵਿਚ ਆਨ = ਹੋਰ ਦੇਵ = ਦੇਵਤਿਆਂ ਦੇ ਸੇਵਕੈ = ਦਾਸਾਂ ਨੂੰ ਪਕਰਿ = ਪਕੜ ਕੇ ਬਾਹਰ ਕਾਢੀਐ = ਕੱਢ ਦੇਣਾ ਕਰੀਦਾ ਹੈ ਭਾਵ ਹੋਰ ਦੇਵੀ ਦੇਵਤਿਆਂ ਦਾ ਦਾਸ ਚੰਗਾ ਨਹੀਂ ਲੱਗਦਾ ਹੈ॥੪੫੨॥

ਜੈਸੇ ਉਲੂ ਆਦਿਤ ਉਦੋਤਿ ਜੋਤਿ ਕਉ ਨ ਜਾਨੈ;
ਆਨ ਦੇਵ ਸੇਵਕੈ ਨ ਸੁਝੈ ਸਾਧ ਸੰਗ ਮੈ ॥

ਜੈਸੇ = ਜਿਸ ਪ੍ਰਕਾਰ ਉੱਲੂ ਆਦਿਤ = ਸੂਰਜ ਦੇ ਉਦੋਤਿ = ਉਦੈ ਹੋਇਆਂ ਉਸ ਦੀ ਜੋਤਿ = ਚਮਕ ਕਉ = ਨੂੰ ਜਾਨੈ = ਜਾਣਦਾ ਨ = ਨਹੀਂ ਹੈ, ਇਸੇ ਤਰ੍ਹਾਂ ਆਨ = ਹੋਰ ਦੇਵ = ਦੇਵੀ ਦੇਵਤਿਆਂ ਦੇ ਸੇਵਕੈ = ਦਾਸ ਨੂੰ ਸਾਧ = ਸ੍ਰੇਸ਼ਟ ਜਨਾਂ ਦੀ ਸੰਗ = ਸੰਗਤ ਮੈ = ਵਿਚ ਕੁਝ ਵੀ ਸੁਝੈ = ਸੁੱਝਦਾ ਨ = ਨਹੀਂ ਹੈ।

ਮਰਕਟ ਮਨਿ ਮਾਨਿਕ ਮਹਿਮਾ ਨ ਜਾਨੈ;
ਆਨ ਦੇਵ ਸੇਵਕ ਨ ਸਬਦ ਪ੍ਰਸੰਗ ਮੈ ॥

ਜਿਸ ਤਰ੍ਹਾਂ ਮਰਕਟ = ਬਾਂਦਰ ਮਨਿ = ਮਣੀਆਂ ਤੇ ਮਾਨਿਕ = ਕੀਮਤੀ ਪੱਥਰਾਂ ਦੀ ਮਹਿਮਾ = ਉਪਮਾ ਨੂੰ ਜਾਨੈ = ਜਾਣਦਾ ਨ = ਨਹੀਂ ਹੈ, ਇਸੇ ਤਰ੍ਹਾਂ ਆਨ = ਹੋਰ ਦੇਵ = ਦੇਵੀ ਦੇਵਤਿਆਂ ਦਾ ਸੇਵਕ = ਦਾਸ ਗੁਰ ਸਬਦ = ਉਪਦੇਸ਼ ਦੀ ਪ੍ਰਸੰਗ = ਵਾਰਤਾ ਮੈ = ਵਿਚ ਚਿੱਤ ਨ = ਨਹੀਂ ਲਾਉਂਦਾ ਹੈ।

ਜੈਸੇ ਤਉ ਫਨਿੰਦ੍ਰ ਪੈ ਪਾਨ ਮਹਾਤਮੈ ਨ ਜਾਨੈ;
ਆਨ ਦੇਵ ਸੇਵਕ ਮਹਾ ਪ੍ਰਸਾਦਿ ਅੰਗ ਮੈ ॥

ਜੈਸੇ ਤਉ = ਜਿਸ ਪ੍ਰਕਾਰ ਫਨਿੰਦ੍ਰ = ਵੱਡਾ ਸੱਪ ਪੈ = ਦੁੱਧ ਪਾਨ = ਪੀਣ ਦੇ ਮਹਾਤਮੈ = ਮਹਾਤਮ ਨੂੰ ਨ = ਨਹੀਂ ਜਾਨੈ = ਜਾਣਦਾ, ਉਸੇ ਪ੍ਰਕਾਰ ਆਨ = ਹੋਰ ਦੇਵ = ਦੇਵੀ ਦੇਵਤਿਆਂ ਦੇ ਸੇਵਕ = ਦਾਸ ਮਹਾ ਪ੍ਰਸਾਦਿ = ਕੜਾਹ ਪ੍ਰਸ਼ਾਦ ਦੇ ਅੰਗ = ਪੱਖ ਮੈ = ਵਿਚ ਮਹਾਤਮ ਬਾਬਤ ਕੁਝ ਵੀ ਨਹੀਂ ਜਾਣਦੇ **ਵਾ:** ਅੰਗ = ਹਿਰਦੇ ਮੈ = ਵਿਚ ਕਦਰ ਨਹੀਂ ਜਾਣਦੇ।

ਬਿਨੁ ਹੰਸ ਬੰਸ ਬਗ ਠਗ ਨ ਸਕਤ ਟਿਕ;
ਅਗਮ ਅਗਾਧ ਸੁਖ ਸਾਗਰ ਤਰੰਗ ਮੈ ॥੪੫੩॥

ਜਿਸ ਪ੍ਰਕਾਰ ਹੰਸ ਦੀ ਬੰਸ = ਕੁਲ, ਵੰਸ਼ ਤੋਂ ਬਿਨੁ = ਬ਼ਗ਼ੈਰ ਅਗਮ ਅਗਾਧ = ਅਤਿਅੰਤ ਡੂੰਘੇ ਸਾਗਰ = ਸਮੁੰਦਰ ਭਾਵ ਮਾਨਸਰੋਵਰ ਦੀਆਂ ਤਰੰਗ = ਲਹਿਰਾਂ ਮੈ = ਵਿਚ ਠਗ = ਕਪਟੀ ਬਗ = ਬਗੁਲਾ ਸੁਖ ਨਾਲ ਟਿਕ = ਠਹਿਰ ਨ = ਨਹੀਂ ਸਕਤ = ਸਕਦਾ ਹੈ, ਉਸੇ ਪ੍ਰਕਾਰ ਗੁਰਮੁਖ ਤੋਂ ਬ਼ਗ਼ੈਰ ਮਨਮੁਖ ਬਹੁਤ ਭਾਰੇ ਆਸ਼ੇ ਵਾਲੀ ਪਰਮੇਸ਼ਰ ਦੀ ਸਤਿਸੰਗਤ ਸੁਖਾਂ ਦੇ ਘਰ ਵਿਚ ਟਿਕ ਨਹੀਂ ਸਕਦਾ ਹੈ।

ਅਥਵਾ ਉਸੇ ਪ੍ਰਕਾਰ ਹੀ ਹੰਸਾਂ ਦੀ ਵੰਸ ਦੀ ਨਿਆਈਂ ਗੁਰਸਿੱਖਾਂ ਤੋਂ ਬ਼ਗ਼ੈਰ ਠੱਗ ਬਗੁਲੇ ਦੀ ਨਿਆਈਂ ਹੋਰ ਦੇਵੀ ਦੇਵਤਿਆਂ ਦੇ ਸੇਵਕ ਅਗਮ = ਗੰਮਤਾ ਤੋਂ ਰਹਿਤ ਅਗਾਧ = ਡੂੰਘੇ ਆਸ਼ੇ ਵਾਲੇ ਤੇ ਸੁਖ = ਆਨੰਦ ਦੇ ਸਾਗਰ = ਸਮੁੰਦਰ ਸੱਚੇ ਗੁਰਾਂ ਦੀਆਂ ਉਪਦੇਸ਼ ਰੂਪ ਤਰੰਗ = ਲਹਿਰਾਂ ਮੈ = ਵਿਚ ਟਿਕ ਨਹੀਂ ਸਕਦੇ ॥੪੫੩॥

ਜੈਸੇ ਤਉ ਨਗਰ ਏਕ ਹੋਤ ਹੈ ਅਨੇਕ ਹਾਟੈ;
ਗਾਹਕ ਅਸੰਖ ਆਵੈ ਬੇਚਨ ਅਰੁ ਲੈਨ ਕਉ ॥

ਜੈਸੇ ਤਉ = ਜਿਸ ਤਰ੍ਹਾਂ ਨਗਰ = ਕਸਬਾ, ਪਿੰਡ ਤਾਂ ਏਕ = ਇਕ ਹੋਤ = ਹੁੰਦਾ ਹੈ ਤੇ ਉਸ ਵਿਚ ਅਨੇਕ = ਅਨੰਤ ਹਾਟੈ = ਹੱਟੀਆਂ ਹੁੰਦੀਆਂ ਹਨ ਅਤੇ ਅਸੰਖ = ਅਣਗਿਣਤ ਹੀ ਗਾਹਕ = ਖ਼ਰੀਦਦਾਰ ਸੌਦਾ ਵੇਚਣ ਅਰੁ = ਅਤੇ ਲੈਣ ਕਉ = ਨੂੰ ਆਵੈ = ਆਉਂਦੇ ਹਨ।

ਜਾ ਪੈ ਕਛੁ ਬੇਚੈ ਅਰੁ ਬਨਜੁ ਨ ਮਾਂਗੈ ਪਾਵੈ;
ਆਨ ਪੈ ਬਿਸਾਹੈ ਜਾਇ ਦੇਖੈ ਸੁਖ ਨੈਨ ਕਉ ॥

ਜਾ = ਜਿਸ ਦੇ ਪੈ = ਕੋਲ ਕਿਸੇ ਨੇ ਕਛੁ = ਕੁਝ ਬੇਚੈ = ਵੇਚ ਦਿੱਤਾ ਹੋਵੇ ਅਰੁ = ਅਤੇ ਅੱਗੋਂ ਮਾਂਗੈ = ਮੰਗਿਆ ਬਨਜੁ = ਸੌਦਾ ਪਾਵੈ = ਪਾਉਣਾ ਨਾ ਕਰੇ ਤਾਂ ਉਹ ਪੁਰਖ ਆਨ = ਹੋਰ ਕਿਸੇ ਦੂਸਰੇ ਪੈ = ਕੋਲ ਜਾਇ = ਜਾ ਕੇ ਸੌਦਾ ਬਿਸਾਹੈ = ਖ਼ਰੀਦਣਾ ਕਰਦਾ ਹੈ। ਅਜਿਹੀ ਹਾਲਤ ਵਿਚ ਜਿਥੋਂ ਉਸ ਨੂੰ ਸੌਦਾ ਨਹੀਂ ਮਿਲਿਆ, ਉਸ ਹੱਟੀ ਦਾ ਮਾਲਕ ਆਪਣੇ ਨੈਨ = ਨੈਣਾਂ ਨਾਲ ਉਸ ਪੁਰਖ ਨੂੰ ਹੋਰ ਹੱਟੀ ਤੋਂ ਸੌਦਾ ਖ਼ਰੀਦਦਾ ਦੇਖੈ = ਦੇਖਦਾ ਹੈ ਪਰੰਤੂ ਫੇਰ ਵੀ ਉਸ ਦੇ ਨੇਤਰਾਂ ਵਿਚ ਸੁਖ ਹੁੰਦਾ ਹੈ, ਭਾਵ ਬਲਕਿ ਉਹ ਖ਼ੁਸ਼ ਹੁੰਦਾ ਹੈ ਕਿ ਮੇਰੇ ਗਲੋਂ ਲਹਿ ਗਿਆ।

ਜਾ ਕੀ ਹਾਟ ਸਕਲ ਸਮਗ੍ਰੀ ਪਾਵੈ ਅਉ ਬਿਕਾਵੈ;
ਬੇਚਤ ਬਿਸਾਹਤ ਚਾਹਤ ਚਿਤ ਚੈਨ ਕਉ ॥

ਇਸ ਲਈ ਜਾ = ਜਿਸ ਕੀ = ਦੀ ਹਾਟ = ਦੁਕਾਨ ਤੋਂ ਸਕਲ = ਸਾਰੀ ਸਮਗ੍ਰੀ = ਲੋੜ ਵਾਲੀ ਚੀਜ਼ ਪਾਵੈ = ਪ੍ਰਾਪਤ ਹੋਵੇ ਅਉ = ਅਤੇ ਬਿਕਾਵੈ = ਵਿਕ ਜਾਣਾ ਕਰੇ, ਕੇਵਲ ਉਥੇ ਹੀ ਸੌਦਾ ਬੇਚਤ = ਵੇਚਣ ਤੇ ਚਾਹਤ = ਚਾਹੁਣ ਵਾਲਾ ਸੌਦਾ ਬਿਸਾਹਤ = ਖ਼ਰੀਦਿਆਂ ਚਿੱਤ ਨੂੰ ਚੈਨ = ਸ਼ਾਂਤੀ ਆਉਂਦੀ ਹੈ।

ਆਨ ਦੇਵ ਸੇਵ ਜਾਇ ਸਤਿਗੁਰ ਪੂਰੇ ਸਾਹਿ;
ਸਰਬ ਨਿਧਾਨ ਜਾ ਕੈ ਲੈਨ ਅਰੁ ਦੈਨ ਕਉ ॥੪੫੪॥

ਇਸੇ ਤਰ੍ਹਾਂ ਜੇਕਰ ਆਨ = ਹੋਰ ਦੇਵ = ਦੇਵੀ ਦੇਵਤਿਆਂ ਨੂੰ ਸੇਵ = ਸੇਵਨ ਜਾਂ ਦੇਵੀ ਦੇਵਤਿਆਂ ਦੇ ਦਾਸ ਪੂਰੇ = ਪੂਰਨ ਸਾਹਿ = ਸ਼ਾਹੂਕਾਰ ਰੂਪ ਸਤਿਗੁਰ = ਸੱਚੇ ਗੁਰਾਂ ਦੀ ਸਤਿਸੰਗਤ ਰੂਪੀ ਹੱਟੀ ਉੱਤੇ ਜਾਇ = ਜਾਣਾ ਕਰਨ ਤਾਂ ਉਥੇ ਧਰਮ, ਅਰਥ, ਕਾਮ, ਮੋਖ, ਨਾਮ ਅੰਮ੍ਰਿਤ, ਮੁਕਤੀ ਆਦਿ ਸਰਬ = ਸਾਰੇ ਨਿਧਾਨ = ਖ਼ਜ਼ਾਨੇ ਜਾ = ਜਿਨ੍ਹਾਂ ਕੈ = ਦੇ ਕੋਲ ਲੈਣ ਅਰੁ = ਅਤੇ ਦੇਣ ਕਉ = ਨੂੰ ਹਨ।

ਅੰਨਵੇ ਅਨੁਸਾਰ—(ਸਤਿਗੁਰ ਪੂਰੇ ਸਾਹਿ ਸਰਬ ਨਿਧਾਨ ਜਾ ਕੈ) ਉਸੇ ਤਰ੍ਹਾਂ ਹੀ ਸਾਹਿ = ਸ਼ਾਹੂਕਾਰ ਰੂਪ ਸਤਿਗੁਰ = ਸੱਚੇ ਗੁਰਾਂ ਦੀ ਸਾਧਸੰਗਤਿ ਰੂਪ ਹੱਟੀ ਹੈ। ਜਾ = ਜਿਸ ਕੈ = ਦੇ ਵਿਚ ਸਰਬ = ਸਾਰੇ ਰਿਧੀਆਂ, ਸਿਧੀਆਂ, ਮੁਕਤੀ ਆਦਿ ਦੇ ਨਿਧਾਨ = ਖ਼ਜ਼ਾਨੇ ਪਏ ਹਨ। **(ਆਨ ਦੇਵ ਸੇਵ ਜਾਇ)** ਜੇਕਰ ਆਨ = ਹੋਰਨਾਂ ਦੇਵ = ਦੇਵੀ ਦੇਵਤਿਆਂ ਦੇ ਸੇਵ = ਦਾਸ ਗੁਰਾਂ ਦੀ ਸਤਿਸੰਗਤ ਰੂਪੀ ਹੱਟੀ ਵਿਚ ਭਾਵਨਾ ਦੇ ਸਹਿਤ ਆ ਜਾਇ = ਜਾਣਾ ਕਰਨ ਤੇ **(ਲੈਨ ਅਰੁ ਦੈਨ ਕਉ)** ਸ਼ਾਹੂਕਾਰ ਰੂਪ ਗੁਰਾਂ ਦੀ ਸਤਿਸੰਗਤ ਰੂਪ ਹੱਟੀ ਤੋਂ ਚਾਰ ਪਦਾਰਥ, ਮੁਕਤ ਰੂਪ ਪਦਾਰਥ ਲੈਨ = ਲੈਣਾ ਕਰਨ ਅਰੁ = ਅਤੇ ਉਸ ਦੇ ਬਦਲੇ ਆਪਣਾ ਮਨ, ਤਨ ਭੇਟਾ ਰੂਪ ਵਿਚ ਦੈਨ = ਦੇਣਾ ਕਰਨ ਤਾਂ ਸਤਿਗੁਰੂ ਜੀ ਸਾਰੇ ਪਦਾਰਥ ਦੇ ਦਿੰਦੇ ਹਨ ॥੪੫੪॥

ਬਨਜ ਬਿਉਹਾਰ ਬਿਖੈ ਰਤਨ ਪਾਰਖ ਹੋਇ;
ਰਤਨ ਜਨਮ ਕੀ ਪਰੀਖਿਆ ਨਹੀ ਪਾਈ ਹੈ ॥

ਸੰਸਾਰੀ ਲੋਕ ਬਨਜ ਬਿਉਹਾਰ = ਵਣਜ ਵਪਾਰ ਬਿਖੈ = ਵਿਚ ਇਤਨੇ ਮਾਹਰ ਹੋ ਗਏ ਕਿ ਰਤਨ = ਕੀਮਤੀ ਵਸਤੂਆਂ ਦੇ ਪਾਰਖ = ਪਾਰਖੂ ਹੋਇ = ਹੋ ਗਏ, ਪਰੰਤੂ ਅਮੋਲਕ ਰਤਨ ਤੋਂ ਵੀ ਕੀਮਤੀ ਮਨੁੱਖਾ ਜਨਮ ਕੀ = ਦੀ ਪਰੀਖਿਆ = ਪਰਖਣਾ ਕਰਨੀ ਨਹੀਂ ਪਾਈ = ਪਾਉਣਾ ਕੀਤੀ ਹੈ। ਜੈਸਾ ਕਿ :

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ *(ਗਉੜੀ ਬੈਰਾਗਣਿ ਮ: ੧, ਅੰਗ ੧੫੬)*

ਲੇਖੈ ਚਿਤ੍ਰ ਗੁਪਤ ਸੇ ਲੇਖਕ ਲਿਖਾਰੀ ਭਏ;
ਜਨਮ ਮਰਨ ਕੀ ਅਸੰਕਾ ਨ ਮਿਟਾਈ ਹੈ ॥

ਸੰਸਾਰੀ ਲੋਕ ਲੇਖੈ = ਹਿਸਾਬ ਕਿਤਾਬ ਵਿਚ ਤਾਂ ਚਿਤ੍ਰ ਗੁਪਤ = ਧਰਮਰਾਜੇ ਦੇ ਮੁਨਸ਼ੀਆਂ ਸੇ = ਵਾਂਗ

ਲੇਖਕ = ਲਿਖਣ ਵਾਲੇ ਲਿਖਾਰੀ ਭਏ = ਹੋ ਗਏ, ਪਰੰਤੂ ਜਨਮ = ਜੰਮਣ ਮਰਨ ਕੀ = ਦੀ ਅਸੰਕਾ = ਸ਼ੰਕਾ ਮਿਟਾਈ = ਦੂਰ ਨ = ਨਹੀਂ ਕੀਤੀ ਜਾਂਦੀ ਹੈ।

ਬੀਰ ਬਿਦਿਆ ਮਹਾ ਬਲੀ ਭਏ ਹੈ ਧਨੁਖ-ਧਾਰੀ;
ਹਉਮੈ ਮਾਰਿ ਨ ਸਹਜਿ ਲਿਵ ਲਾਈ ਹੈ ॥

ਬੀਰ = ਸੂਰਮਿਆਂ ਦੀ ਬਿਦਿਆ = ਪੜ੍ਹਾਈ ਪੜ੍ਹ ਕਰਕੇ ਧਨੁਖਧਾਰੀ ਮਹਾ = ਵੱਡੇ ਬਲੀ = ਤਾਕਤ ਵਾਲੇ ਜੋਧੇ ਭਏ = ਹੋ ਗਏ ਹੈ = ਹਨ, ਪਰੰਤੂ ਹਉਮੈ = ਹੰਗਤਾ ਰੂਪ ਦੁਸ਼ਮਣ ਨੂੰ ਮਾਰਿ = ਨਵਿਰਤ ਕਰ ਕੇ ਸਹਜਿ = ਸੁਤੇ-ਸਿਧ ਕਿਸੇ ਨੇ ਵੀ ਪਰਮੇਸ਼ਰ ਦੇ ਨਾਮ ਵਿਚ ਚਿੱਤ ਦੀ ਲਿਵ = ਬਿਰਤੀ ਲਾਈ = ਲਾਉਣਾ ਨ = ਨਹੀਂ ਕੀਤੀ ਹੈ।

ਪੂਰਨ ਬ੍ਰਹਮ ਗੁਰਦੇਵ ਸੇਵ ਕਲੀਕਾਲ;
ਮਾਇਆ ਮੈ ਉਦਾਸੀ ਗੁਰਸਿਖਨ ਜਤਾਈ ਹੈ ॥੪੫੫॥

ਇਸ ਕਲੀਕਾਲ = ਕਲਿਜੁਗ ਦੇ ਸਮੇਂ ਵਿਚ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਦਾ ਸਰੂਪ ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੇਵ = ਸੇਵਨ ਕਰਦਿਆਂ **ਵਾ:** ਪਰਮੇਸ਼ਰ ਦਾ ਸੇਵਨ ਕਰਦਿਆਂ ਮਾਇਆ ਮੈ = ਵਿਚ ਉਦਾਸੀ = ਉਪਰਾਮ ਰਹਿਣਾ ਹੀ ਅਸਲ ਕਾਰਜ ਹੈ, ਇਹ ਉਪਦੇਸ਼ ਗੁਰਾਂ ਨੇ ਗੁਰਸਿਖਨ = ਗੁਰਸਿੱਖਾਂ ਨੂੰ ਜਤਾਈ = ਜਣਾਉਣਾ ਭਾਵ ਦੱਸਣਾ ਕੀਤਾ ਹੈ॥੪੫੫॥

ਜੈਸੇ ਆਨ ਬਿਰਖ ਸਫਲ ਹੋਤ ਸਮੈ ਪਾਇ;
ਸਰਬਦਾ ਫਲੰਤੇ ਸਦਾ ਫਲ ਸੁ ਸ੍ਵਾਦਿ ਹੈ ॥

ਜੈਸੇ = ਜਿਸ ਪ੍ਰਕਾਰ ਆਨ = ਹੋਰ ਕਈ ਬਿਰਖ = ਬ੍ਰਿਛ ਤਾਂ ਸਮੈ = ਵਕਤ ਪਾਇ = ਪਾ ਕੇ, ਖ਼ਾਸ ਰੁੱਤ ਸਮੇਂ ਸਫਲ = ਸਹਿਤ ਫਲ ਦੇ ਹੋਤ = ਹੁੰਦੇ ਹਨ ਅਤੇ ਇਕ ਸਰਬਦਾ = ਸਦੀਵ ਕਾਲ ਹੀ ਫਲੰਤੇ = ਫਲਣਾ ਕਰਦੇ ਹਨ ਤੇ ਉਨ੍ਹਾਂ ਦੇ ਫਲ ਸਦਾ = ਹਮੇਸ਼ਾਂ ਹੀ ਸ੍ਵਾਦਿ = ਸੁਆਦ ਵਾਲੇ ਹੁੰਦੇ ਹੈ = ਹਨ। ਜੈਸਾ ਕਿ :

ਸਿਸਰ ਹੋਤ ਪਤ ਝਾਰ ਆਂਬ ਕਟਾਹਲ ਏਕ ਸੇ। *(ਹਨੂਮਾਨ ਨਾਟਕ)*

ਜੈਸੇ ਕੂਪ ਜਲ ਨਿਕਸਤ ਹੈ ਜਤਨ ਕੀਏ;
ਗੰਗਾ ਜਲ ਮੁਕਤਿ ਪ੍ਰਵਾਹ ਪ੍ਰਸਾਦਿ ਹੈ ॥

ਜੈਸੇ = ਜਿਸ ਪ੍ਰਕਾਰ ਕੂਪ = ਖੂਹ ਦਾ ਜਲ = ਪਾਣੀ ਜਤਨ = ਉੱਦਮ ਕੀਤੇ = ਕੀਤਿਆਂ ਹੀ ਨਿਕਸਤ = ਨਿਕਲਦਾ ਹੈ ਪਰੰਤੂ ਗੰਗਾ ਦਾ ਜਲ = ਪਾਣੀ ਮੁਕਤਿ = ਬੰਧਨਾਂ ਤੋਂ ਰਹਿਤ ਖੁੱਲ੍ਹਾ ਪ੍ਰਵਾਹ = ਵਹਿ ਕੇ ਨਿਰਜਤਨ ਵਹਿ ਕੇ ਹੀ ਪ੍ਰਸਾਦਿ = ਪ੍ਰਸੰਨ ਕਰਦਾ ਹੈ।

ਮ੍ਰਿਤਕਾ ਅਗਨਿ ਤੂਲ ਤੇਲ ਮਿਲਿ ਦੀਪ ਦਿਪੈ;
ਜਗਮਗ ਜੋਤਿ ਸਸੀਅਰ ਬਿਸਮਾਦ ਹੈ ॥

ਜਿਵੇਂ ਮ੍ਰਿਤਕਾ = ਮਿੱਟੀ (ਦੀਵੇ ਦੀ ਠੂਠੀ) ਅਗਨਿ = ਅੱਗ, ਤੂਲ = ਰੂੰ ਤੇ ਤੇਲ ਆਦਿ ਦੇ

ਮਿਲਿ = ਮਿਲਾਪ ਤੋਂ ਦੀਪ = ਦੀਵਾ ਦਿਪੈ = ਜਗਦਾ ਹੈ ਪਰੰਤੂ ਸਸੀਅਰ = ਚੰਦਰਮਾ ਦੀ ਜੋਤਿ = ਚਾਨਣੀ ਨਿਰਜਤਨ ਹੀ ਬਿਸਮਾਦ ਜਗਮਗ = ਪ੍ਰਕਾਸ਼ ਨੂੰ ਦੇਣਾ ਕਰਦੀ ਹੈ।

ਤੈਸੇ ਆਨ ਦੇਵ ਸੇਵ ਕੀਏ ਫਲ ਦੇਤ ਜੇਤ;
ਸਤਿਗੁਰ ਦਰਸ ਨ ਸਾਸਨ ਜਮਾਦਿ ਹੈ ॥੪੫੬॥

ਤੈਸੇ = ਉਸੇ ਤਰ੍ਹਾਂ ਆਨ = ਹੋਰ ਦੇਵ = ਦੇਵੀ ਦੇਵਤਿਆਂ ਦੀ ਸੇਵ = ਟਹਿਲ ਕੀਏ = ਕੀਤਿਆਂ ਜੇਤ = ਜਿਤਨੇ ਵੀ ਸੰਸਾਰਕ ਫਲ ਹਨ, ਉਹ ਮੰਗਿਆਂ ਦੇਤ = ਦਿੰਦੇ ਹਨ, ਪਰੰਤੂ ਸਤਿਗੁਰ = ਸੱਚੇ ਗੁਰੂ ਦੇ ਦਰਸ = ਦੀਦਾਰ ਕਰਨ ਤੋਂ ਹੀ ਹੋਰ ਫਲ ਤਾਂ ਮਿਲਦੇ ਹੀ ਹਨ, ਇਥੋਂ ਤਕ ਜਮਾਦਿ = ਜਮਦੂਤਾਂ ਆਦਿ ਦੀ ਵੀ ਸਾਸਨ = ਤਾੜਨਾ ਨ = ਨਹੀਂ ਹੁੰਦੀ ਹੈ॥੪੫੬॥

ਪੰਚ ਪਰਪੰਚ ਕੈ ਭਏ ਹੈ ਮਹਾ ਭਾਰਥ ਸੇ;
ਪੰਚ ਮਾਰਿ ਕਾਹੂਐ ਨ ਦੁਬਿਧਾ ਨਿਵਾਰੀ ਹੈ ॥

ਮਹਾ ਭਾਰਥ = ਮਹਾਂਭਾਰਤ ਆਦਿ ਪੁਸਤਕਾਂ ਪੜ੍ਹ ਕੇ ਪੰਚ = ਪੰਜ ਪਾਂਡਵਾਂ ਸੇ = ਵਰਗੇ ਪਰਪੰਚ = ਸੰਸਾਰ ਕੈ = ਦੇ ਵਿਚ ਤਾਕਤਵਰ ਤਾਂ ਬਹੁਤ ਭਏ = ਹੋ ਗਏ ਹਨ, ਪਰੰਤੂ ਪੰਚ = ਪੰਜ ਕਾਮ, ਕ੍ਰੋਧ ਆਦਿ ਦੂਤਾਂ ਨੂੰ ਮਾਰਿ = ਨਵਿਰਤ ਕਰ ਕੇ ਕਾਹੂਐ = ਕਿਸੇ ਨੇ ਵੀ ਆਪਣੇ ਅੰਦਰੋਂ ਦੁਬਿਧਾ = ਦ੍ਵੈਤ ਭਾਵਨਾ ਨਿਵਾਰੀ = ਦੂਰ ਨ = ਨਹੀਂ ਕੀਤੀ ਹੈ।

ਗ੍ਰਿਹ ਤਜਿ ਨਵਿ ਨਾਥ ਸਿਧਿ ਜੋਗੀਸੁਰ ਹੁਇ;
ਨ ਤ੍ਰਿਗੁਨ ਅਤੀਤ ਨਿਜ ਆਸਨ ਮੈ ਤਾਰੀ ਹੈ ॥

ਗ੍ਰਿਹ = ਘਰ, ਗ੍ਰਿਹਸਥ ਤਜਿ = ਤਿਆਗ ਕੇ ਨਵਿ = ਨੌਂ ਨਾਥ ਤੇ ਚੌਰਾਸੀ ਸਿਧ ਜੋਗੀਸੁਰ = ਜੋਗੀਆਂ ਦੇ ਈਸ਼ਰ ਤਾਂ ਹੁਇ = ਹੋ, ਬਣ ਗਏ, ਪਰੰਤੂ ਤ੍ਰਿਗੁਨ = ਤਿੰਨਾਂ ਗੁਣਾਂ ਤੋਂ ਅਤੀਤ = ਰਹਿਤ ਹੋ ਕੇ ਨਿਜ = ਆਪਣੇ ਆਤਮ ਸਰੂਪ ਰੂਪੀ ਆਸਨ = ਤਖ਼ਤ ਮੈ = ਵਿਚ ਕਿਸੇ ਨੇ ਵੀ ਤਾਰੀ = ਤਾੜੀ ਭਾਵ ਸਮਾਧੀ ਨ = ਨਹੀਂ ਲਾਈ ਹੈ।

ਬੇਦ ਪਾਠ ਪੜਿ ਪੜਿ ਪੰਡਿਤ ਪ੍ਰਬੋਧੈ ਜਗੁ;
ਸਕੈ ਨ ਸਮੋਧ ਮਨ ਤ੍ਰਿਸਨਾ ਨ ਹਾਰੀ ਹੈ ॥

ਪੰਡਿਤ = ਵਿਦਵਾਨ ਲੋਕ ਬੇਦਾਂ ਸ਼ਾਸਤਰਾਂ ਦਾ ਪਾਠ ਪੜ੍ਹ ਪੜ੍ਹ ਕੇ ਜਗੁ = ਸੰਸਾਰ ਨੂੰ ਪ੍ਰਬੋਧੈ (ਪ੍ + ਬੋਧੈ) ਪ੍ = ਵਿਸ਼ੇਸ਼ ਕਰਕੇ ਬੋਧੈ = ਗਿਆਨ ਦੇਣ ਵਾਲੇ ਤਾਂ ਬਣ ਗਏ ਪਰੰਤੂ ਆਪਣੇ ਮਨ ਨੂੰ ਸਮੋਧ = ਗਿਆਨ ਸਹਿਤ ਨ = ਨਾ ਕਰ ਸਕੈ = ਸਕੇ ਭਾਵ ਸਮਝਾ ਨਾ ਸਕੇ ਅਤੇ ਨਾ ਹੀ ਆਪਣੇ ਚਿੱਤ ਵਿੱਚੋਂ ਤ੍ਰਿਸ਼ਨਾ ਨੂੰ ਹਾਰੀ = ਨਵਿਰਤ ਕੀਤਾ ਹੈ।

ਪੂਰਨ ਬ੍ਰਹਮ ਗੁਰਦੇਵ ਸੇਵ ਸਾਧ ਸੰਗ;
ਸਬਦ ਸੁਰਤਿ ਲਿਵ ਬ੍ਰਹਮ ਬੀਚਾਰੀ ਹੈ ॥੪੫੭॥

ਜਿਸ ਨੇ ਸਾਧ ਸੰਗ = ਸ੍ਰੇਸ਼ਟ ਜਨਾਂ ਦੀ ਸੰਗਤ ਦੁਆਰਾ ਪੂਰਨ = ਪੂਰੇ ਬ੍ਰਹਮ = ਪਰਮੇਸ਼ਰ ਦਾ ਸਰੂਪ

ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੇਵ = ਸੇਵਨਾ, ਅਰਾਧਨਾ ਕੀਤਾ ਹੈ, ਉਸ ਨੇ ਗੁਰ ਸਬਦ = ਉਪਦੇਸ਼ ਵਿਚ ਸੁਰਤਿ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੇ ਸਹਿਤ ਚਿੱਤ ਦੀ ਲਿਵ = ਬਿਰਤੀ ਲਾ ਕੇ ਬ੍ਰਹਮ = ਵਿਆਪਕ ਪਰਮੇਸ਼ਰ ਦੀ ਰਿਦੇ ਵਿਚ ਬੀਚਾਰੀ = ਵਿਚਾਰ ਕੀਤੀ ਹੈ ॥੪੫੭॥

ਪੂਰਨ ਬ੍ਰਹਮ ਸਮ ਦੇਖਿ ਸਮਦਰਸੀ ਹੁਇ;
ਅਕਥ ਕਥਾ ਬੀਚਾਰ ਹਾਰਿ ਮੋਨਿ ਧਾਰੀ ਹੈ ॥

ਗੁਰਮੁਖ ਜਨ ਪੂਰਨ = ਵਿਆਪਕ ਬ੍ਰਹਮ = ਪਰਮੇਸ਼ਰ ਨੂੰ ਸਾਰਿਆਂ ਜੀਵਾਂ ਵਿਚ ਸਮ = ਬਰਾਬਰ ਦੇਖਿ = ਤੱਕ ਕੇ ਸਮਦਰਸੀ = ਸਮਾਨ ਦ੍ਰਿਸ਼ਟੀ ਵਾਲੇ ਹੁਇ = ਹੋ ਜਾਂਦੇ ਹਨ ਤੇ ਪਰਮੇਸ਼ਰ ਦੀ ਅਕਥ = ਕਥਨ ਤੋਂ ਰਹਿਤ ਕਥਾ = ਵਾਰਤਾ ਦੇ ਭੇਦ ਨੂੰ ਬੀਚਾਰ = ਸਮਝ ਕੇ ਆਪਣੇ ਚਿੱਤ ਵਿਚ ਮੋਨਿ = ਚੁੱਪ ਕਰ ਕੇ ਹਾਰ ਧਾਰੀ = ਧਾਰਨ ਕਰ ਲੈਂਦੇ ਹਨ ਭਾਵ ਚਿੱਤ ਦੀਆਂ ਹਠਧਰਮੀ ਗੱਲਾਂ ਛੱਡ ਦਿੱਤੀਆਂ ਹਨ।

ਹੋਨਹਾਰ ਹੋਇ ਤਾਂ ਤੇ ਆਸਾ ਤੇ ਨਿਰਾਸ ਭਏ;
ਕਾਰਨ ਕਰਨ ਪ੍ਰਭੁ ਜਾਨਿ ਹਉਮੈ ਮਾਰੀ ਹੈ ॥

ਗੁਰਮੁਖ ਜਨਾਂ ਦਾ ਐਸਾ ਨਿਸ਼ਚਾ ਹੁੰਦਾ ਹੈ ਕਿ ਹੋਨਹਾਰ = ਹੋਣ ਵਾਲੀ ਹੋਣੀ ਹੋਇ = ਹੋ ਕੇ ਹੀ ਰਹਿੰਦੀ ਹੈ, ਇਸ ਲਈ ਤਾਂ ਤੇ = ਤਿਸ ਕਰਕੇ ਆਸਾ = ਉਮੀਦਾਂ ਧਾਰਨ ਕਰਨ ਤੇ = ਤੋਂ ਨਿਰਾਸ = ਉਪਰਾਮ ਭਏ = ਹੋ ਗਏ ਹਨ ਤੇ ਸਾਰਿਆਂ ਕਾਰਨ = ਕਾਰਜਾਂ ਨੂੰ ਕਰਨ ਵਾਲੇ ਪ੍ਰਭੁ = ਪਰਮੇਸ਼ਰ ਨੂੰ ਰਿਦੇ ਵਿਚ ਜਾਣ ਕਰਕੇ ਆਪਣੇ ਅੰਦਰ ਦੇਹ, ਗੁਣਾਂ ਦੀ ਹਉਮੈ = ਹੰਗਤਾ ਮਾਰੀ = ਮਾਰ ਲਈ ਹੈ।

ਸੂਖਮ ਸਥੂਲ ਓਅੰਕਾਰ ਕੈ ਅਕਾਰ ਹੁਇ;
ਬ੍ਰਹਮ ਬਿਬੇਕ ਬੁਧਿ ਭਏ ਬ੍ਰਹਮਚਾਰੀ ਹੈ ॥

ਇਕ ਓਅੰਕਾਰ = ਪਰਮੇਸ਼ਰ ਕੈ = ਦੇ ਹੀ ਸੂਖਮ ਸਥੂਲ = ਛੋਟੇ ਵੱਡੇ ਜੀਵਾਂ ਦੇ ਅਕਾਰ ਕੀਤੇ ਹੁਇ = ਹੋਏ ਹਨ ਅਤੇ ਇਕ ਬ੍ਰਹਮ = ਪਰਮੇਸ਼ਰ ਦਾ ਬਿਬੇਕ = ਵਿਚਾਰ ਬੁਧਿ = ਮਤ ਵਿਚ ਵਿਚਾਰ ਕੇ ਬ੍ਰਹਮਚਾਰੀ = ਜਤੀ ਭਏ = ਹੋਏ ਹੈ = ਹਨ **ਵਾ:** ਬ੍ਰਹਮਚਾਰੀ = ਬ੍ਰਹਮ ਵਿਚ ਵਰਤਣ ਵਾਲੇ ਬਣ ਗਏ ਹਨ।

ਬਟ ਬੀਜ ਕੋ ਬਿਥਾਰ ਬ੍ਰਹਮ ਕੈ ਮਾਇਆ ਛਾਇਆ;
ਗੁਰਮੁਖਿ ਏਕ ਟੇਕ ਦੁਬਿਧਾ ਨਿਵਾਰੀ ਹੈ ॥੪੫੮॥

ਜਿਸ ਪ੍ਰਕਾਰ ਬਟ = ਬੋਹੜ ਦੇ ਬੀਜ ਕੋ = ਦਾ ਬਿਥਾਰ = ਫੈਲਾਅ ਹੁੰਦਾ ਹੈ, ਇਸੇ ਪ੍ਰਕਾਰ ਬ੍ਰਹਮ = ਵਿਆਪਕ ਪਰਮੇਸ਼ਰ ਕੈ = ਦੇ ਛਾਇਆ = ਪਰਛਾਵੇਂ ਨੂੰ ਲੈ ਕੇ ਹੀ ਮਾਇਆ ਸੰਸਾਰਕ ਪਸਾਰੇ ਨੂੰ ਪਸਾਰਨਾ ਕਰਦੀ ਹੈ ਭਾਵ ਕੇਵਲ ਬ੍ਰਹਮ ਦੀ ਹੀ ਸੱਤਾ ਸਮਾਨ ਰੂਪ 'ਤੇ ਰਮੀ ਹੋਈ ਹੈ। ਇਸ ਪ੍ਰਕਾਰ ਗੁਰਮੁਖ ਜਨਾਂ ਨੇ ਜਗਤ ਕੇ ਏਕ = ਇਕ ਪਰਮੇਸ਼ਰ ਦੀ ਟੇਕ = ਓਟ ਧਾਰ ਕੇ ਦੁਬਿਧਾ = ਦ੍ਵੈਤ-ਭਾਵਨਾ ਨੂੰ ਨਿਵਾਰੀ = ਨਵਿਰਤ ਕਰ ਲਿਆ ਹੈ ॥੪੫੮॥

ਜੈਸੇ ਤਉ ਸਕਲ ਦ੍ਰੁਮ ਆਪਨੀ ਆਪਨੀ ਭਾਂਤਿ;
ਚੰਦਨੁ ਚੰਦਨ ਕਰੈ ਸਰਬ ਤਮਾਲ ਕਉ ॥

ਜੈਸੇ ਤਉ = ਜਿਸ ਤਰ੍ਹਾਂ ਸਕਲ = ਸਾਰੇ ਦ੍ਰੁਮ = ਬ੍ਰਿਛ ਆਪਨੀ ਆਪਨੀ = ਆਪਣੀ ਆਪਣੀ ਭਾਂਤਿ = ਤਰ੍ਹਾਂ ਦੇ ਰੂਪ ਵਿਚ ਹੀ ਹਨ ਭਾਵ ਇਕ ਦੂਸਰੇ ਦਾ ਸੁਭਾਅ ਕੋਈ ਬਦਲਾਅ ਨਹੀਂ ਸਕਦੇ ਅਤੇ ਚੰਦਨ ਸਰਬ = ਸਾਰੇ ਬ੍ਰਿਛਾਂ ਕਉ = ਨੂੰ ਚੰਦਨ ਕਰੈ = ਕਰ ਦਿੰਦਾ ਹੈ ਭਾਵ ਚੰਦਨ ਸਾਰੇ ਬ੍ਰਿਛਾਂ ਵਿੱਚੋਂ ਆਪਣੀ ਸੁਗੰਧੀ ਆਉਣ ਲਾ ਦਿੰਦਾ ਹੈ। ਅਜਿਹਾ ਹੀ ਗੁਰਾਂ ਨੂੰ ਮਿਲ ਕੇ ਕੋਈ ਪੁਰਖਾਂ ਦੀ ਸ਼ਕਲ ਨਹੀਂ ਬਦਲ ਜਾਇਆ ਕਰਦੀ ਕਿੰਤੂ ਅੰਦਰੋਂ ਬਾਹਰੋਂ ਉਹ ਗੁਰੂ ਦੇ ਉਪਦੇਸ਼ ਨੂੰ ਕਮਾ ਕੇ ਸਿੱਖ ਜ਼ਰੂਰ ਬਣ ਜਾਂਦੇ ਹਨ।

ਤਾਂਬਾ ਹੀ ਸੈ ਹੋਤ ਜੈਸੇ ਕੰਚਨ ਕਲੰਕ ਡਾਰੈ;
ਪਾਰਸ ਪਰਸਿ ਧਾਤੁ ਸਕਲ ਉਜਾਲ ਕਉ ॥

ਜੈਸੇ = ਜਿਸ ਪ੍ਰਕਾਰ ਕਲੰਕ[1] = ਨਿਹਕਲੰਕ ਬੂਟੀ ਦੇ ਪਾਉਣ ਨਾਲ ਤਾਂਬਾ ਵੀ ਕੰਚਨ = ਸੋਨਾ ਹੀ ਹੋਤ = ਹੋ ਜਾਂਦਾ ਹੈ ਅਤੇ ਪਾਰਸ ਨੂੰ ਪਰਸਿ = ਸਪਰਸ਼ ਕਰ ਕੇ ਸਕਲ = ਸਾਰੀਆਂ ਧਾਤੁ = ਧਾਤੂਆਂ ਹੀ ਉਜਾਲ = ਉੱਜਲਤਾ ਕਉ = ਨੂੰ ਭਾਵ ਸੋਨੇ ਦਾ ਰੂਪ ਧਾਰ ਲਿਆ ਕਰਦੀ ਹੈ।

ਸਰਿਤਾ ਅਨੇਕ ਜੈਸੇ ਬਿਬਿਧਿ ਪ੍ਰਵਾਹ ਗਤਿ;
ਸੁਰਸਰੀ ਸੰਗਮ ਸਮ ਜਲ ਸੁਢਾਲ ਕਉ ॥

ਜੈਸੇ = ਜਿਸ ਪ੍ਰਕਾਰ ਅਨੇਕ = ਅਨੰਤ ਸਰਿਤਾ = ਨਦੀਆਂ ਬਿਬਿਧਿ = ਬਹੁਤ ਤਰ੍ਹਾਂ ਦੇ ਪ੍ਰਵਾਹ = ਵਹਿਣਾਂ ਦੀ ਗਤਿ = ਚਾਲ ਚੱਲਣ ਵਾਲੀਆਂ ਹੁੰਦੀਆਂ ਹਨ, ਪਰ ਜਦ ਉਹ ਸੁਰਸਰੀ = ਗੰਗਾ ਦੇ ਸੰਗਮ = ਮੇਲ ਨੂੰ ਪ੍ਰਾਪਤ ਹੋ ਕੇ ਉਸ ਦੇ ਜਲ = ਪਾਣੀ ਨਾਲ ਸਮ = ਸਮਾਨਤਾ ਨੂੰ ਸੁਢਾਲ = ਢਾਲ, ਧਾਰ ਲੈਣਾ ਕਰਨ ਭਾਵ ਗੰਗਾ ਦਾ ਰੂਪ ਹੋ ਜਾਣ ਤਾਂ ਸੁਢਾਲ = ਸਿੱਧੀ ਢਾਲ ਨੂੰ ਪ੍ਰਾਪਤ ਹੋ ਕੇ ਸਮੁੰਦਰ ਨਾਲ ਜਾ ਮਿਲਦੀਆਂ ਹਨ।

ਤੈਸੇ ਹੀ ਸਕਲ ਦੇਵ ਟੇਵ ਸੈ ਟਰਤ ਨਾਹਿ;
ਸਤਿਗੁਰ ਅਸਰਨਿ ਸਰਨਿ ਅਕਾਲ ਕਉ ॥੪੫੯॥

ਤੈਸੇ = ਉਸੇ ਤਰ੍ਹਾਂ ਹੀ ਸਕਲ = ਸਾਰੇ ਦੇਵ = ਦੇਵੀ ਦੇਵਤੇ ਆਪਣੀ ਟੇਵ = ਆਦਤ ਸੈ = ਤੋਂ ਟਰਤ = ਟਲਦੇ ਨਾਹਿ = ਨਹੀਂ ਹਨ ਭਾਵ ਦੇਵੀ ਦੇਵਤੇ ਆਪਣੇ ਸੇਵਕਾਂ ਨੂੰ ਸਵਰਗ ਲੋਕ ਆਦਿ ਤਕ ਦੀ ਪਹੁੰਚ ਤੋਂ ਵੱਧ ਹੋਰ ਮੁਕਤੀ ਆਦਿ ਨਹੀਂ ਦੇ ਸਕਦੇ, ਇਹ ਕੇਵਲ ਪੂਰੇ ਸਤਿਗੁਰੂ ਸਾਹਿਬ ਜੀ ਹਨ, ਜੋ ਅਸਰਨਿ = ਸ਼ਰਨ ਤੋਂ ਰਹਿਤ ਪੁਰਖਾਂ ਨੂੰ ਆਪਣੀ ਸਰਨਿ = ਓਟ ਦੇ ਕੇ ਅਕਾਲ = ਕਾਲ ਤੋਂ ਰਹਿਤ ਪਰਮੇਸ਼ਰ ਕਉ = ਨੂੰ ਮਿਲਾ ਦਿੰਦੇ ਹਨ ॥੪੫੯॥

---

੧. ਰਸਾਇਣ ਬਣਾਉਣ ਵਾਲੀ ਵਸਤੂ, ਮਾਰੀ ਹੋਈ ਕਲੀ ਆਦਿ ਰਸ।

ਗਿਰਗਿਟ ਕੈ ਰੰਗ ਕਮਲ ਸਮੇਹ ਬਹੁ;
ਬਨੁ ਬਨੁ ਡੋਲੈ ਕਊਆ ਕਹਾਂ ਧਉਸ ਵਾਨ ਹੈ॥

ਭਾਵੇਂ ਗਿਰਗਿਟ = ਕਿਰਲੇ ਤੇ ਬਹੁ = ਬਹੁਤੇ ਕਮਲ = ਕੌਲ ਫੁੱਲਾਂ ਦੀ ਸਮੇਹ = ਸ਼ਕਲ ਇੱਕੋ ਰੰਗ ਦੀ ਹੁੰਦੀ ਹੈ, ਭਾਵ ਕਿਰਲੇ ਆਪਣੇ ਉੱਪਰ ਬਹੁਤੇ ਰੰਗ ਪਲਟਣ ਵਾਲੇ ਹੋਣ ਕਰਕੇ ਕਮਲ ਵਾਂਗ ਮਾਨ ਸਨਮਾਨ ਨਹੀਂ ਪਾ ਸਕਦੇ, ਇਸ ਲਈ ਕਿਰਲੇ ਕੌਲ ਫੁੱਲ ਦੀ ਬਰਾਬਰੀ ਨਹੀਂ ਕਰ ਸਕਦੇ ਅਤੇ ਬਨੁ ਬਨੁ = ਜੰਗਲ ਜੰਗਲ ਵਿਚ ਕਊਆ = ਕਾਂ ਡੋਲੈ = ਡੋਲਦਾ, ਤੁਰਦਾ ਫਿਰੇ, ਫੇਰ ਕਹਾਂ = ਕੀ ਉਹ ਧਉਸ ਵਾਨ = ਪੰਛੀਆਂ ਦਾ ਰਾਜਾ ਬਣ ਜਾਂਦਾ ਹੈ, ਭਾਵ ਨਹੀਂ ਬਣਦਾ।

ਘਰ ਘਰ ਫਿਰਤ ਮੰਜਾਰ ਅਹਾਰ ਪਾਵੈ;
ਬੇਸ੍ਵਾ ਬਿਸਨੀ ਅਨੇਕ ਸਤੀ ਨ ਸਮਾਨ ਹੈ॥

ਜਿਵੇਂ ਘਰ ਘਰ ਵਿਚ ਫਿਰਤ = ਫਿਰ ਕੇ ਮੰਜਾਰ = ਬਿੱਲਾ ਅਹਾਰ = ਭੋਜਨ ਪਾਵੈ = ਪਾਉਣਾ ਕਰਦਾ ਹੈ, ਇਉਂ ਭੋਜਨ ਪਾਉਣ ਨਾਲ ਉਹ ਲੋੜਵੰਦ ਅਨੁਸਾਰ ਸਨਮਾਨ ਨਹੀਂ ਪਾਉਂਦਾ ਅਤੇ ਬਿਸਨੀ = ਵਿਸ਼ਿਆਂ ਵਾਲੀ ਬੇਸ੍ਵਾ = ਵਿਭਚਾਰਨ ਔਰਤ ਅਨੇਕ = ਅਨੰਤ ਪੁਰਖਾਂ ਨਾਲ ਵਿਸ਼ੇ ਭੋਗ ਕੇ ਸਤੀ = ਸਤਵੰਤੀ ਔਰਤ ਦੇ ਸਮਾਨ = ਤੁਲ ਨ = ਨਹੀਂ ਹੋ ਸਕਦੀ ਹੈ।

ਸਰ ਸਰ ਭ੍ਰਮਤ ਨ ਮਿਲਤ ਮਰਾਲ ਮਾਲ;
ਜੀਵ ਘਾਤ ਕਰਤ ਨ ਮੋਨੀ ਬਗੁ ਧਿਆਨ ਹੈ॥

ਸਰ ਸਰ = ਤਲਾਅ ਤਲਾਅ ਉੱਤੇ ਭ੍ਰਮਤ = ਭਟਕਨੇ ਕਰਕੇ ਕਿਸੇ ਨੂੰ ਮਰਾਲ = ਹੰਸਾਂ ਦੀ ਮਾਲ = ਡਾਰ ਹੀ ਨ = ਨਹੀਂ ਮਿਲਤ = ਮਿਲਣੀ ਅਤੇ ਜੀਵ ਘਾਤ = ਹਿੰਸਾ ਕਰਤ = ਕਰਨ ਵਾਸਤੇ ਮੋਨੀ = ਚੁੱਪ ਧਾਰਨ ਕਰਕੇ ਬਗੁ = ਬਗੁਲਾ ਧਿਆਨ ਧਰਨ ਦੇ ਰੁਤਬੇ ਨੂੰ ਨ = ਨਹੀਂ ਪਾ ਸਕਦਾ ਹੈ।

ਬਿਨੁ ਗੁਰਦੇਵ ਸੇਵ ਆਨ ਦੇਵ ਸੇਵਕ ਹੁਇ;
ਮਾਖੀ ਤਿਆਗਿ ਚੰਦਨ ਦੁਰਗੰਧਿ ਅਸਥਾਨ ਹੈ॥੪੬੦॥

ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੀ ਸੇਵ = ਟਹਿਲ ਕਰਨ ਤੋਂ ਬਿਨੁ = ਬਗ਼ੈਰ ਜੋ ਪੁਰਖ ਆਨ = ਹੋਰ ਦੇਵ = ਦੇਵੀ ਦੇਵਤਿਆਂ ਦਾ ਸੇਵਕ = ਦਾਸ ਹੁਇ = ਹੁੰਦਾ ਹੈ ਜਾਂ ਦਾਸ ਬਣ ਕੇ ਅਰਾਧਨ ਕਰਨ ਵਾਲਾ ਹੁੰਦਾ ਹੈ, ਉਸ ਨੂੰ ਤਾਂ ਇਉਂ ਜਾਨਣਾ ਕਰੋ ਜਿਵੇਂ ਮਾਖੀ = ਮੱਖੀ ਚੰਦਨ ਨੂੰ ਤਿਆਗਿ = ਛੱਡ ਕੇ ਦੁਰਗੰਧਿ = ਗੰਦਗੀ ਵਾਲੇ ਅਸਥਾਨ = ਥਾਂ 'ਤੇ ਬੈਠਣਾ ਕਰਦੀ ਹੈ॥੪੬੦॥ ਜੈਸਾ ਕਿ :

ਮਾਖੀ ਰਾਮ ਕੀ ਤੂੰ ਮਾਖੀ॥ ਜਹ ਦੁਰਗੰਧ ਤਹਾ ਤੂ ਬੈਸਹਿ ਮਹਾ ਬਿਖਿਆ ਮਦ ਚਾਖੀ॥

(ਸਾਰਗ ਮ: ੫, ਅੰਗ ੧੨੨੭)

ਵਾ: ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ॥ *(ਅੰਗ ੧੩੬੮)*

ਆਨ ਹਾਟ ਕੇ ਹਟੂਆ ਲੇਤ ਹੈ ਘਟਾਇ ਮੋਲ;
ਦੇਤ ਹੈ ਚੜ੍ਹਾਇ ਡਹਕਤ ਜੋਈ ਆਵੈ ਜੀ ॥

ਹੇ ਪਿਆਰੇ ਜੀ! ਆਨ = ਹੋਰ ਹਾਟ = ਹੱਟੀ ਕੇ = ਦੇ ਹਟੂਆ = ਹਟਵਾਣੀਏ ਸੌਦਾ ਮੋਲ = ਕੀਮਤ ਘਟਾਇ = ਥੋੜ੍ਹੀ ਕਰਕੇ ਲੇਤ = ਲੈਂਦੇ ਤਾਂ ਹੈ = ਹਨ, ਪਰ ਜੋਈ = ਜਿਹੜਾ ਕੋਈ ਡਹਕਤ = ਲੋੜਵੰਦ, ਖ਼ਰੀਦਦਾਰ ਆਵੈ = ਆ ਜਾਵੇ ਤਾਂ ਉਸ ਨੂੰ ਮੁਲ ਚੜ੍ਹਾਇ = ਚੜ੍ਹਾ ਕੇ ਦੇਤ = ਦੇਣਾ ਕਰਦੇ ਹੈ = ਹਨ।

ਤਿਨ ਸੈ ਬਨਜ ਕੀਏ ਬਿੜਤਾ ਨ ਪਾਵੈ ਕੋਊ;
ਟੋਟਾ ਕੋ ਬਨਜ ਪੇਖਿ ਪੇਖਿ ਪਛੁਤਾਵੈ ਜੀ ॥

ਹੇ ਪਿਆਰੇ ਜੀ! ਤਿਨ = ਉਨ੍ਹਾਂ ਐਸੇ ਸੌਦਾਗਰਾਂ ਸੈ = ਨਾਲ ਬਨਜ = ਵਪਾਰ ਕੀਏ = ਕੀਤਿਆਂ ਕੋਊ = ਕੋਈ ਬਿੜਤਾ = ਵਾਧਾ (ਨਫ਼ਾ) ਤਾਂ ਪਾਵੈ = ਪਾਉਂਦਾ ਨ = ਨਹੀਂ ਹੈ, ਜਿਹੜਾ ਕੋਈ ਸੌਦਾ ਖ਼ਰੀਦ ਬੈਠੇ, ਉਹ ਅੰਤ ਨੂੰ ਟੋਟਾ = ਟੋਟੇ ਵਾਲਾ ਬਨਜ = ਸੌਦਾ **ਵਾ:** ਟੋਟਾ = ਘਾਟੇ ਵਾਲਾ ਬਨਜ = ਵਪਾਰ ਪੇਖਿ ਪੇਖਿ = ਦੇਖ ਦੇਖ ਕੇ ਪਛੁਤਾਵੈ = ਪਛਤਾਉਂਦਾ ਹੈ।

ਕਾਠ ਕੀ ਹਾਂਡੀ ਜੈਸੇ ਚਢੈ ਏਕੈ ਬਾਰਿ ਕੋਊ;
ਕਪਟ ਬਿਉਹਾਰ ਕੀਏ ਆਪਹਿ ਲਖਾਵੈ ਜੀ ॥

ਹੇ ਪਿਆਰੇ ਜੀ! ਜੈਸੇ = ਜਿਸ ਪ੍ਰਕਾਰ ਕਾਠ = ਲੱਕੜ ਕੀ = ਦੀ ਹਾਂਡੀ = ਤੌੜੀ ਕੋਊ = ਕੋਈ ਏਕੈ = ਇੱਕੋ ਬਾਰਿ = ਵੇਰੀ ਹੀ ਚਢੈ = ਚੜ੍ਹਾ ਸਕਦਾ ਹੈ, ਇਸੇ ਪ੍ਰਕਾਰ ਜੋ ਕਪਟ = ਛਲ ਫ਼ਰੇਬ ਨਾਲ ਬਿਉਹਾਰ = ਕਾਰੋ-ਵਿਹਾਰ ਕੀਏ = ਕਰਦਾ ਹੈ, ਉਹ ਆਪਹਿ = ਆਪਣੇ ਆਪ ਨੂੰ ਲਖਾਵੈ = ਜਣਾ ਦਿੰਦਾ ਹੈ ਕਿ ਮੈਂ ਕਪਟੀ, ਠੱਗੀ ਮਾਰਨ ਵਾਲਾ ਹਾਂ।

ਸਤਿਗੁਰ ਸਾਹ ਗੁਨ ਬੇਚ ਅਵਗੁਨ ਲੇਤ;
ਸੁਨਿ ਸੁਨਿ ਸੁਜਸੁ ਜਗਤ ਉਠਿ ਧਾਵੈ ਜੀ ॥੪੯੧॥

ਪਰੰਤੂ ਸਤਿਗੁਰੂ ਸਾਹਿਬ ਜੀ ਸੱਚੇ ਸਾਹ = ਸ਼ਾਹੂਕਾਰ ਹਨ, ਜੋ ਗੁਨ = ਗੁਣਾਂ ਨੂੰ ਤਾਂ ਆਪਣੇ ਕੋਲੋਂ ਬੇਚ = ਵੇਚਦੇ ਹਨ ਤੇ ਹੋਰਨਾਂ ਖ਼ਰੀਦਦਾਰ ਸਿੱਖਾਂ ਕੋਲੋਂ ਭੇਟਾ ਵਜੋਂ ਅਵਗੁਨ = ਔਗੁਣਾਂ ਨੂੰ ਲੇਤ = ਲੈਂਦੇ ਹਨ, ਜਿਸ ਕਰਕੇ ਗੁਰਾਂ ਦੀ ਸੁਜਸੁ = ਸ੍ਰੇਸ਼ਟ ਕੀਰਤੀ ਸੁਣ ਸੁਣ ਕੇ ਸਾਰਾ ਜਗਤ = ਸੰਸਾਰ ਉੱਠ ਕੇ ਗੁਰਾਂ ਦੀ ਸਤਿਸੰਗਤ ਰੂਪ ਹੱਟੀ ਵੱਲ ਧਾਵੈ = ਦੌੜਦਾ ਹੈ ਜੀ ॥੪੯੧॥

ਪੂਰਨ ਬ੍ਰਹਮ ਸਮਸਰਿ ਦੁਤੀਆ ਨਾਸਤਿ;
ਪ੍ਰਤਿਮਾ ਅਨੇਕ ਹੋਇ ਕੈਸੇ ਬਨਿ ਆਵਈ ॥

ਪੂਰਨ = ਲਬਾਲਬ ਭਰਪੂਰ ਬ੍ਰਹਮ = ਵਿਆਪਕ ਪਰਮੇਸ਼ਰ ਹੀ ਸਾਰੇ ਥਾਵਾਂ ਵਿਚ ਸਮਸਰਿ = ਇਕ ਸਦਰਸ ਰਮਿਆ ਹੋਇਆ ਹੈ, ਜਿਸ ਵਿਚ ਦੁਤੀਆ = ਦ੍ਵੈਤ-ਭਾਵਨਾ ਨਾਸਤਿ = ਨਾਸ਼ ਹੈ ਭਾਵ ਉਸ ਦੇ ਸਦਰਸ

ਹੋਰ ਕੋਈ ਵੀ ਨਹੀਂ ਹੈ, ਇਸ ਲਈ ਅਨੇਕ = ਅਨੰਤ ਪ੍ਰਤਿਮਾ = ਮੂਰਤਾਂ ਇਕੱਠੀਆਂ ਹੋਇ = ਹੋ ਕੇ ਉਸ ਦੇ ਸਮਾਨ ਕੈਸੇ = ਕਿਵੇਂ ਬਣ ਆਵਈ = ਆ ਸਕਦੀਆਂ ਹਨ ਭਾਵ ਨਹੀਂ ਆ ਸਕਦੀਆਂ।

ਘਟਿ ਘਟਿ ਪੂਰਨ ਬ੍ਰਹਮੁ ਦੇਖੈ ਸੁਨੈ ਬੋਲੈ;
ਪ੍ਰਤਿਮਾ ਮੈ ਕਾਹੇ ਨ ਪ੍ਰਗਟੁ ਹੁਇ ਦਿਖਾਵਈ ॥

ਸਾਰੇ ਜੀਵਾਂ ਦੇ ਘਟਿ ਘਟਿ = ਹਿਰਦਿਆਂ ਹਿਰਦਿਆਂ ਵਿਚ ਪੂਰਨ = ਵਿਆਪਕ ਬ੍ਰਹਮ = ਪਰਮੇਸ਼ਰ ਸਭਨਾਂ ਦਾ ਆਤਮਾ ਰੂਪ ਹੋ ਕੇ ਦੇਖੈ = ਦੇਖਦਾ, ਸੁਨੈ = ਸੁਣਦਾ ਤੇ ਬੋਲੈ = ਬੋਲਦਾ ਹੈ, ਇਉਂ ਜਦ ਸਰਬ-ਵਿਆਪੀ ਹੈ ਤਾਂ ਕਾਹੇ = ਕਿਸ ਲਈ ਉਹ ਸਮੂਹ ਜੜ੍ਹ ਪ੍ਰਤਿਮਾ = ਮੂਰਤਾਂ ਮੈ = ਵਿਚ ਪ੍ਰਗਟ = ਪ੍ਰਤੱਖ ਹੁਇ = ਹੋ ਕੇ ਆਪਣੇ ਆਪ ਨੂੰ ਦਿਖਾਵਈ = ਦਿਖਾ ਨ = ਨਹੀਂ ਸਕਦਾ ਹੈ।

ਘਰ ਘਰ ਘਰਨਿ ਅਨੇਕ ਰੂਪ ਹੁਤੇ;
ਪ੍ਰਤਿਮਾ ਸਕਲ ਦੇਵ ਸਥਲ ਹੁਇ ਨ ਸੁਹਾਵਈ ॥

ਜਿਵੇਂ ਘੁਮਿਆਰ ਮਿੱਟੀ ਦੇ ਭਾਂਡਿਆਂ ਨੂੰ ਘਰ ਘਰ = ਘੜ ਘੜ ਕੇ ਇਕ ਮਿੱਟੀ ਦੇ ਘਰਨਿ = ਘੜੀਆਂ, ਘੜੇ ਆਦਿ ਅਨੇਕ = ਅਨੰਤ ਰੂਪ = ਅਕਾਰ ਦੇ ਹੁਤੇ = ਬਣਾ ਦਿੰਦਾ ਹੈ, ਇਸੇ ਤਰ੍ਹਾਂ ਹੀ ਸਾਰਿਆਂ ਜੀਵਾਂ ਦੇ ਰਿਦੇ ਵਿਚ ਪਰਮੇਸ਼ਰ ਇਕ ਤੋਂ ਅਨੇਕ ਰੂਪ ਹੋ ਰਿਹਾ ਹੈ ਜੋ ਬ੍ਰਹਮ ਰੂਪ ਹੋ ਕੇ ਜੀਵਾਂ ਦੇ ਤਰ੍ਹਾਂ ਤਰ੍ਹਾਂ ਦੇ ਸਰੀਰਾਂ ਨੂੰ ਘੜ ਰਿਹਾ ਹੈ, ਬਣਾ ਰਿਹਾ ਹੈ ਅਤੇ ਪ੍ਰਤਿਮਾ = ਮੂਰਤੀਆਂ ਸਕਲ = ਸਾਰੀਆਂ ਦੇਵ = ਪ੍ਰਕਾਸ਼ ਸਰੂਪ ਪਰਮੇਸ਼ਰ ਵਾਂਗ ਹੁਇ = ਹੋ ਕੇ ਸੁਹਾਵਈ = ਸੋਭਦੀਆਂ ਨ = ਨਹੀਂ ਹਨ।

ਸਤਿਗੁਰ ਪੂਰਨ ਬ੍ਰਹਮ ਸਾਵਧਾਨ ਸੋਈ;
ਏਕ ਜੋਤਿ ਮੂਰਤਿ ਜੁਗਲ ਹੁਇ ਪੁਜਾਵਈ ॥੪੯੨॥

ਜੋ ਪੂਰਨ = ਲਬਾਲਬ ਭਰਪੂਰ ਬ੍ਰਹਮ = ਪਰਮੇਸ਼ਰ ਦਾ ਸਰੂਪ ਸਤਿਗੁਰ = ਸੱਚਾ ਗੁਰੂ ਹੈ, ਸੋਈ = ਉਹੋ ਆਪ ਹੀ ਸਾਵਧਾਨ = ਸੁਚੇਤ ਹੋ ਕੇ ਉਪਦੇਸ਼ ਦਿੰਦਾ ਹੈ ਅਤੇ ਪਰਮੇਸ਼ਰ ਤੇ ਗੁਰੂ ਏਕ = ਇਕ ਜੋਤਿ = ਪ੍ਰਕਾਸ਼ ਭਾਵ ਇੱਕੋ ਜੋਤ ਦੇ ਮਾਲਕ ਹਨ, ਪਰੰਤੂ ਮੂਰਤਿ = ਸ਼ਕਲਾਂ ਨਿਰਗੁਣ ਤੇ ਸਰਗੁਣ ਰੂਪ ਵਿਚ ਜੁਗਲ = ਦੋ ਹਨ ਭਾਵ ਉਹ ਪਰਮੇਸ਼ਰ ਆਪ ਹੀ ਨਿਰਗੁਣ ਸਰੂਪ ਹੈ ਤੇ ਆਪ ਹੀ ਸਰਗੁਣ ਸਰੂਪ ਵਿਚ ਸਤਿਗੁਰੂ ਰੂਪ ਹੁਇ = ਹੋ ਕੇ ਸੰਸਾਰ ਵਿਚ ਪੁਜਾਵਈ = ਪੂਜਣ ਵਿਚ ਆ ਰਿਹਾ ਹੈ ॥੪੯੨॥

ਮਾਨਸਰ ਤਿਆਗਿ ਆਨ ਸਰ ਜਾਇ ਬੈਠੇ ਹੰਸੁ;
ਖਾਇ ਜਲ-ਜੰਤ ਹੰਸ ਬੰਸਹਿ ਲਜਾਵਈ ॥

ਜੇਕਰ ਹੰਸ ਮਾਨਸਰ = ਮਾਨਸਰੋਵਰ ਨੂੰ ਤਿਆਗਿ = ਛੱਡ ਕੇ ਆਨ = ਹੋਰ ਸਰ = ਤਲਾਵਾਂ ਉੱਤੇ ਜਾਇ = ਜਾ ਕੇ ਬੈਠੇ = ਬੈਠਣਾ ਕਰੇ ਤਾਂ ਜਲ-ਜੰਤ = ਪਾਣੀ ਦੇ ਜੀਵਾਂ (ਪੁੰਗੇ ਡੱਡੀਆਂ) ਆਦਿ ਨੂੰ ਖਾਇ = ਖਾ ਕੇ ਆਪਣੀ ਬੰਸਹਿ = ਕੁਲ ਨੂੰ ਲਜਾਵਈ = ਲੱਜਾ ਹੀ ਲਵਾਉਂਦਾ ਹੈ।

ਸਲਿਲ ਬਿਛੋਹ ਭਏ ਜੀਅਤ ਰਹੈ ਜਉ ਮੀਨ;
ਕਪਟ ਸਨੇਹ ਕੈ ਸਨੇਹੀ ਨ ਕਹਾਵਈ ॥

ਜਉ = ਜੇਕਰ ਮੀਨ = ਮੱਛੀ ਸਲਿਲ = ਪਾਣੀ ਦੇ ਬਿਛੋਹ = ਵਿਛੁੜਿਆਂ ਭਏ = ਹੋਏ ਜੀਅਤ = ਜੀਵਤ ਰਹੈ = ਰਹਿਣਾ ਕਰੇ ਤਾਂ ਉਹ ਕਪਟ = ਛਲ ਫ਼ਰੇਬ ਵਾਲੇ ਸਨੇਹ = ਪ੍ਰੇਮ ਕੈ = ਕਰਕੇ ਸਨੇਹੀ = ਪ੍ਰੇਮਣ ਨ = ਨਹੀਂ ਕਹਾਵਈ = ਕਹਾਉਂਦੀ।

ਬਿਨੁ ਘਨ ਬੂੰਦ ਜਉ ਅਨਤ ਜਲ ਪਾਨ ਕਰੈ;
ਚਾਤ੍ਰਿਕ ਸੰਤਾਨ ਬਿਖੈ ਲਾਛਨ ਲਗਾਵਈ ॥

ਜਉ = ਜੇਕਰ ਪਪੀਹਾ ਘਨ = ਬੱਦਲ ਦੀ ਬੂੰਦ ਤੋਂ ਬਿਨੁ = ਬਗ਼ੈਰ ਸਵਾਂਤੀ ਬੂੰਦ ਤੋਂ ਬਗ਼ੈਰ ਅਨਤ = ਹੋਰ ਜਲ = ਪਾਣੀ ਨੂੰ ਪਾਨ = ਪੀਣਾ ਕਰੈ = ਕਰਨਾ ਕਰੇ ਤਾਂ ਉਹ ਚਾਤ੍ਰਿਕ = ਪਪੀਹਿਆਂ ਦੀ ਸੰਤਾਨ = ਔਲਾਦ (ਵੰਸ) ਬਿਖੈ = ਵਿਚ ਆਪਣੇ ਆਪ ਨੂੰ ਲਾਛਨ = ਲਾਂਛਨ, ਧੱਬਾ ਲਗਾਵਈ = ਲਗਾ ਲੈਂਦਾ ਹੈ **ਵਾ:** ਆਪਣੀ ਵੰਸ ਵਿਚ ਆਪ ਧੱਬਾ ਲਗਾਉਂਦਾ ਹੈ।

ਚਰਨ ਕਮਲ ਅਲਿ ਗੁਰਮੁਖਿ ਮੋਖ ਹੁਇ;
ਆਨ ਦੇਵ ਸੇਵਕ ਹੁਇ ਮੁਕਤਿ ਨ ਪਾਵਈ ॥੪੬੩॥

ਇਸ ਪ੍ਰਕਾਰ ਜਿਹੜਾ ਗੁਰਮੁਖਿ = ਮੁਖੀ ਗੁਰਾਂ ਦੇ ਚਰਨਾਂ ਕਮਲਾਂ 'ਤੇ ਅਲਿ = ਭੌਂਰੇ ਵਤ ਮਸਤ ਹੁੰਦਾ ਹੈ, ਉਹ ਕੈਵਲ ਮੋਖ = ਮੁਕਤੀ ਵਾਲਾ ਹੁਇ = ਹੋ ਜਾਂਦਾ ਹੈ, ਜੋ ਦਿਖਾਵੇ ਦਾ ਸਿੱਖ ਕਹਾ ਕੇ ਆਨ = ਹੋਰ ਦੇਵ = ਦੇਵੀ ਦੇਵਤਿਆਂ ਦਾ ਸੇਵਕ = ਦਾਸ ਹੁਇ = ਹੋ ਜਾਂਦਾ ਹੈ, ਉਹ ਕੈਵਲ ਮੁਕਤਿ = ਮੁਕਤੀ ਨੂੰ ਨ = ਨਹੀਂ ਪਾਵਈ = ਪਾਉਂਦਾ ਹੈ ॥੪੬੩॥

ਜਉ ਕੋਊ ਮਵਾਸ ਸਾਧਿ ਭੂਮੀਆ ਮਿਲਾਵੈ ਆਨਿ;
ਤਾ ਪਰਿ ਪ੍ਰਸੰਨ ਹੋਤ ਨਿਰਖ ਨਰਿੰਦ ਜੀ ॥

ਹੇ ਪਿਆਰੇ ਜੀ! ਜਉ = ਜੇਕਰ ਕੋਊ = ਕੋਈ ਮਵਾਸ = ਆਕੀ ਭੂਮੀਆ (ਜਾਗੀਰਦਾਰ) ਰਾਜੇ ਨੂੰ ਸਾਧਿ = ਸੋਧ, ਜਿੱਤ ਕੇ ਆਪਣੇ ਰਾਜ ਨੂੰ ਆਨਿ = ਲਿਆ ਕੇ ਮਿਲਾਵੈ = ਮਿਲਾਉਣਾ ਕਰੇ ਤਾਂ ਨਿਰਖ = ਦੇਖ ਕੇ ਨਰਿੰਦ = ਰਾਜਾ ਉਸ ਪਰਿ = ਉੱਤੇ ਪ੍ਰਸੰਨ = ਖ਼ੁਸ਼ ਹੋਤ = ਹੁੰਦਾ ਹੈ ਕਿ ਮੇਰੀ ਸਲਤਨਤ ਵਿਚ ਵਾਧਾ ਕੀਤਾ ਹੈ।

ਜਉ ਕੋਊ ਨ੍ਰਿਪਤਿ ਭ੍ਰਿਤਿ ਭਾਗਿ ਭੂਮੀਆ ਪੈ ਜਾਇ;
ਧਾਇ ਮਾਰੇ ਭੂਮੀਆ ਸਹਿਤ ਹੀ ਰਜਿੰਦ ਜੀ ॥

ਹੇ ਪਿਆਰੇ ਜੀ! ਜਉ = ਜੇਕਰ ਕੋਊ = ਕੋਈ ਨ੍ਰਿਪਤਿ = ਰਾਜੇ ਦਾ ਭ੍ਰਿਤਿ = ਦਾਸ ਭੂਮੀਏ, ਆਕੀ ਜਾਗੀਰਦਾਰ ਪੈ = ਕੋਲ ਭਾਗਿ = ਨੱਠ ਕੇ ਚਲਿਆ ਜਾਇ = ਜਾਣਾ ਕਰੇ ਤਾਂ ਰਾਜਾ ਧਾਇ = ਦੌੜ ਕੇ

ਭੂਮੀਆ = ਭੂਮੀਏ, ਜਾਗੀਰਦਾਰ ਦੇ ਸਹਿਤ = ਨਾਲ ਹੀ ਉਸ ਰਜਿੰਦ = ਭੇਤ ਦੇਣ ਵਾਲੇ ਦਾਸ ਨੂੰ ਮਾਰੇ = ਮਾਰ ਦਿੰਦਾ ਹੈ।

ਆਨ ਕੋ ਸੇਵਕ ਰਾਜ ਦੁਆਰ ਜਾਇ ਸੋਭਾ ਪਾਵੈ;
ਸੇਵਕ ਨਰੇਸ਼ ਆਨ ਦੁਆਰ ਜਾਤ ਨਿੰਦ ਜੀ ॥

ਹੇ ਪਿਆਰੇ ਜੀ ! ਜੇਕਰ ਆਨ = ਹੋਰ ਕੋ = ਦਾ ਸੇਵਕ = ਦਾਸ ਹੋ ਕੇ ਭਾਵ ਕੋਈ ਛੋਟੇ ਜਿਹੇ ਜਾਗੀਰਦਾਰ ਦਾ ਸੇਵਕ ਰਾਜ = ਰਾਜੇ ਦੇ ਦੁਆਰ = ਬੂਹੇ 'ਤੇ ਚਲਿਆ ਜਾਇ = ਜਾਣਾ ਕਰੇ ਤਾਂ ਉਹ ਸੋਭਾ = ਵਡਿਆਈ ਵੀ ਪਾਵੈ = ਪਾਉਂਦਾ ਹੈ, ਪਰੰਤੂ ਨਰੇਸ਼ = ਰਾਜੇ ਦਾ ਸੇਵਕ = ਦਾਸ ਹੋ ਕੇ ਜੇਕਰ ਕੋਈ ਆਨ = ਹੋਰ ਦੁਆਰ = ਬੂਹੇ 'ਤੇ ਜਾਤ = ਜਾਣਾ ਕਰਦਾ ਹੈ ਤਾਂ ਉਸ ਦੀ ਨਿੰਦ = ਅਪਕੀਰਤੀ ਹੁੰਦੀ ਹੈ।

ਤੈਸੇ ਗੁਰਸਿਖ ਆਨ ਅਨਤ ਸਰਨਿ ਗੁਰ;
ਆਨ ਨ ਸਮਰਥ ਗੁਰਸਿਖ ਪ੍ਰਤਿ ਬਿੰਦ ਜੀ ॥੪੬੪॥

ਹੇ ਪਿਆਰੇ ਜੀ ! ਤੈਸੇ = ਉਸੇ ਪ੍ਰਕਾਰ ਹੀ ਜਿਹੜੇ ਗੁਰਸਿਖ = ਗੁਰੂ ਕੇ ਸਿੱਖ ਕਿਸੇ ਆਨ = ਹੋਰ ਅਨਤ = ਬੇਅੰਤ ਜੀਵਾਂ ਨੂੰ ਗੁਰ = ਸਤਿਗੁਰਾਂ ਦੀ ਸਰਨਿ = ਓਟ ਵਿਚ ਲਿਆਉਂਦੇ ਹਨ ਤਾਂ ਉਨ੍ਹਾਂ ਸਿੱਖਾਂ ਦੀ ਉਪਮਾ ਵੀ ਸ਼ਰਨ ਵਿਚ ਆਉਣ ਵਾਲਿਆਂ ਦੇ ਨਾਲ ਹੀ ਹੁੰਦੀ ਹੈ ਜਾਂ ਉਨ੍ਹਾਂ ਉੱਤੇ ਗੁਰੂ ਜੀ ਅਤਿਅੰਤ ਪ੍ਰਸੰਨ ਹੁੰਦੇ ਹਨ ਅਤੇ ਗੁਰਸਿਖ = ਗੁਰੂ ਕੇ ਸਿੱਖਾਂ ਪ੍ਰਤਿ = ਤਾਈਂ ਗੁਰਾਂ ਤੋਂ ਬਗ਼ੈਰ ਆਨ = ਹੋਰ ਕੋਈ ਐਸਾ ਸਮਰਥ = ਬਲ ਰੱਖਣ ਵਾਲਾ ਬਿੰਦ = ਜਾਣੀਦਾ ਨ = ਨਹੀਂ ਹੈ ॥੪੬੪॥

ਜੈਸੇ ਉਪਬਨ ਆਂਬ ਸੇਂਬਲ ਹੈ ਊਚ ਨੀਚ;
ਨਿਹਫਲ ਸਫਲ ਪ੍ਰਗਟ ਪਹਿਚਾਨੀਐ ॥

ਜੈਸੇ = ਜਿਸ ਪ੍ਰਕਾਰ ਉਪਬਨ = ਬਾਗ਼ ਵਿਚ ਆਂਬ = ਅੰਬ ਸੇਂਬਲ = ਸਿੰਮਲ ਦਾ ਬ੍ਰਿਛ ਊਚ = ਉੱਚਾ ਹੁੰਦਾ ਹੈ ਅਤੇ ਜਿਨ੍ਹਾਂ ਵਿੱਚੋਂ ਅੰਬ ਸਹਿਤ ਫਲ ਦੇ ਹੋਣ ਕਰਕੇ ਫਲਦਾਰ ਬੂਟਾ ਹੁੰਦਾ ਹੈ ਤੇ ਸਹਿਤ ਫਲ ਦੇ ਨੀਚ = ਨੀਵਾਂ ਹੁੰਦਾ ਹੈ ਤੇ ਸਿੰਮਲ ਨਿਹਫਲ = ਫਲ ਤੋਂ ਹੀਣਾ ਹੈ ਤੇ ਉੱਚਾ ਹੋਣ ਕਰਕੇ ਪ੍ਰਗਟ = ਪ੍ਰਤੱਖ ਹੀ ਪਹਿਚਾਨੀਐ = ਪਛਾਣੀਦਾ ਹੈ। ਜੈਸਾ ਕਿ :

ਸਿੰਮਲ ਰੁਖ ਸਰਾਇਰਾ ਅਤਿ ਦੀਰਘ ਅਤਿ ਮੁਚ ॥ *(ਆਸਾ ਮਃ ੧, ਅੰਗ ੪੭੧)*

ਚੰਦਨ ਸਮੀਪ ਜੈਸੇ ਬਾਂਸ ਅਉ ਬਨਾਸਪਤੀ;
ਗੰਧ ਨਿਰਗੰਧ ਸਿਵ ਸਕਤਿ ਕੈ ਜਾਨੀਐ ॥

ਜੈਸੇ = ਜਿਸ ਪ੍ਰਕਾਰ ਚੰਦਨ ਦੇ ਸਮੀਪ = ਨਜ਼ਦੀਕ ਬਾਂਸ ਅਉ = ਅਤੇ ਹੋਰ ਬਨਾਸਪਤੀ ਹੁੰਦੀ ਹੈ ਪਰੰਤੂ ਸਿਵ = ਮੰਗਲ ਮਈ, ਪ੍ਰਕਾਸ਼ ਤੱਤ ਦੇ ਅਸਰ ਕਰਕੇ ਸਾਰੀ ਬਨਾਸਪਤੀ ਗੰਧ = ਸੁਗੰਧੀ ਦੇ ਸਹਿਤ ਹੁੰਦੀ ਜਾਨੀਐ = ਜਾਨਣਾ ਕਰੀਦੀ ਹੈ ਅਤੇ ਸਕਤਿ = ਸ਼ਕਤੀ ਅਮੰਗਲਮਈ, ਤਮੋ ਪ੍ਰਧਾਨ ਤੱਤ ਕਾਰਨ ਬਾਂਸ ਨਿਰਗੰਧ = ਸੁਗੰਧੀ ਤੋਂ ਰਹਿਤ ਜਾਨੀਐ = ਜਾਨਣਾ ਕਰੀਦਾ ਹੈ।

ਸੀਪ ਸੰਖ ਦੋਊ ਜੈਸੇ ਰਹਿਤ ਸਮੁੰਦ੍ਰ ਬਿਖੈ;
ਸ੍ਵਾਂਤਿ ਬੂੰਦ ਸੰਤਤਿ ਨ ਸਮਤ ਬਿਧਾਨੀਐ ॥

ਜੈਸੇ = ਜਿਵੇਂ ਸੀਪ = ਸਿੱਪੀ ਤੇ ਸੰਖ ਦੋਊ = ਦੋਵੇਂ ਸਮੁੰਦ੍ = ਸਾਗਰ ਬਿਖੈ = ਵਿਚ ਰਹਿਤ = ਰਹਿੰਦੇ ਹਨ, ਪਰ ਸਿੱਪੀ ਸ੍ਵਾਂਤਿ = ਸੁਆਂਤੀ ਬੂੰਦ = ਤੁਪਕੇ ਦੁਆਰਾ ਮੋਤੀ ਰੂਪ ਸੰਤਤਿ = ਔਲਾਦ ਦੇ ਸਹਿਤ ਹੋਣਾ ਕਰਦੀ ਹੈ ਤੇ ਸੰਖ ਖ਼ਾਲੀ ਰਹਿ ਜਾਂਦਾ ਹੈ। ਇਉਂ ਦੋਵੇਂ ਸਮਤ = ਬਰਾਬਰ ਬਿਧਾਨੀਐ = ਗੀਤੀ ਵਾਲੇ ਨਹੀਂ ਆਖਣਾ ਕਰੀਦੇ।

ਤੈਸੇ ਗੁਰਦੇਵ ਆਨ ਦੇਵ ਸੇਵਕਨ ਭੇਦ;
ਅਹੰਬੁਧਿ ਨਿਮ੍ਰਤਾ ਅਮਾਨ ਜਗ ਮਾਨੀਐ ॥੪੬੫॥

ਤੈਸੇ = ਉਸੇ ਪ੍ਰਕਾਰ ਹੀ ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਾਸਾਂ ਅਤੇ ਆਨ = ਹੋਰ ਦੇਵ = ਦੇਵੀ ਦੇਵਤਿਆਂ ਦੇ ਸੇਵਕਨ = ਦਾਸ ਵਿਚ ਭੇਦ = ਫ਼ਰਕ ਹੁੰਦਾ ਹੈ, ਕਿਉਂਕਿ ਦੇਵੀ ਦੇਵਤਿਆਂ ਦੇ ਉਪਾਸ਼ਕ ਜਾਂ ਸੇਵਕ ਤਾਂ ਅਹੰਬੁਧਿ = ਹੰਗਤਾ ਦੇ ਸਹਿਤ ਹੁੰਦੇ ਹਨ ਤੇ ਗੁਰਸਿੱਖ ਨਿਮ੍ਰਤਾ = ਸੀਲ ਸੁਭਾਅ ਵਾਲੇ ਤੇ ਅਮਾਨ = ਹੰਕਾਰ ਤੋਂ ਰਹਿਤ ਜਗ = ਸੰਸਾਰ ਵਿਚ ਮਾਨੀਐ = ਮੰਨਣਾ ਕਰੀਦੇ ਹਨ ॥੪੬੫॥

ਜੈਸੇ ਪਤਿਬ੍ਰਤਾ ਪਰ ਪੁਰਖੈ ਨ ਦੇਖਿਓ ਚਾਹੈ;
ਪੂਰਨ ਪਤਿਬ੍ਰਤਾ ਕੈ ਪਤਿ ਹੀ ਕੈ ਧਿਆਨ ਹੈ ॥

ਜੈਸੇ = ਜਿਸ ਪ੍ਰਕਾਰ ਪਤਿਬ੍ਰਤਾ (ਪਤਿ + ਬ੍ਰਤਾ) ਆਪਣੇ ਪਤਿ = ਪਤੀ ਦੇ ਉੱਪਰ ਬ੍ਰਤਾ = ਸ਼ਰਧਾ ਰੱਖਣ ਵਾਲੀ ਇਸਤਰੀ ਪਰ = ਪਰਾਏ, ਦੂਸਰੇ ਪੁਰਖੈ = ਮਰਦਾਂ ਨੂੰ ਵਿਕਾਰ ਦ੍ਰਿਸ਼ਟੀ ਨਾਲ ਦੇਖਿਓ = ਦੇਖਣਾ ਚਾਹੈ = ਚਾਹੁੰਦੀ ਨਹੀਂ ਹੈ ਅਤੇ ਉਸ ਪੂਰਨ = ਪੂਰੀ ਪਤਿਬ੍ਰਤਾ ਇਸਤਰੀ ਕੈ = ਦੇ ਅੰਦਰ ਕੇਵਲ ਆਪਣੇ ਪਤਿ = ਪਤੀ ਕੈ = ਦੇ ਪ੍ਰਤੀ ਹੀ ਮਨ ਵਿਚ ਧਿਆਨ = ਖ਼ਿਆਲ ਰਹਿੰਦਾ ਹੈ।

ਸਰ ਸਰਿਤਾ ਸਮੁੰਦ੍ਰ ਚਾਤ੍ਰਿਕ ਨ ਚਾਹੈ ਕਾਹੂ;
ਆਸ ਘਨ-ਬੂੰਦ ਪ੍ਰਿਅ ਪ੍ਰਿਅ ਗੁਨ ਗਿਆਨ ਹੈ ॥

ਜਿਸ ਪ੍ਰਕਾਰ ਸਰ = ਤਲਾਵਾਂ, ਸਰਿਤਾ = ਨਦੀਆਂ ਤੇ ਸਮੁੰਦਰਾਂ ਵਿਚ ਬੇਅੰਤ ਪਾਣੀ ਹੁੰਦਿਆਂ ਵੀ ਚਾਤ੍ਰਿਕ = ਪਪੀਹਾ ਇਨ੍ਹਾਂ ਦੇ ਵਿਚ ਕਾਹੂ = ਕਿਸੇ ਦੇ ਪਾਣੀ ਦੀ ਚਾਹੈ = ਇੱਛਾ ਨ = ਨਹੀਂ ਕਰਦਾ **ਵਾ:** ਕਿਸੇ ਵੀ ਪਾਣੀ ਨੂੰ ਨਹੀਂ ਚਾਹੈ = ਚਾਹੁੰਦਾ, ਘਨ = ਬੱਦਲ ਵਿੱਚੋਂ ਵਰਸਣ ਵਾਲੇ ਬੂੰਦ = ਤੁਪਕੇ ਦੀ ਆਸ = ਉਮੀਦ ਵਿਚ ਪ੍ਰਿਅ ਪ੍ਰਿਅ = ਪੀਉ ਪੀਉ (ਪਿਆਰੇ ਪਿਆਰੇ) ਕਰਕੇ ਗੁਨ ਗਾਉਂਦਾ ਹੈ ਤੇ ਉਸ ਨੂੰ ਕੇਵਲ ਸੁਆਂਤੀ ਬੂੰਦ ਦਾ ਹੀ ਗਿਆਨ ਹੁੰਦਾ ਹੈ।

ਦਿਨਕਰ ਓਰ ਭੋਰ ਚਾਹਤ ਨਹੀ ਚਕੋਰ;
ਮਨ ਬਚ ਕ੍ਰਮ ਹਿਮਕਰ ਪ੍ਰਿਅ ਪ੍ਰਾਨ ਹੈ ॥

ਜਿਸ ਪ੍ਰਕਾਰ ਚਕੋਰ ਦਿਨਕਰ = ਸੂਰਜ ਦੇ ਪਾਸੇ ਓਰ = ਵੱਲ ਨੂੰ ਭੋਰ = ਰਤਾ ਭਰ ਵੀ ਦੇਖਣਾ ਨਹੀਂ

ਚਾਹਤ = ਚਾਹੁੰਦਾ ਹੈ **ਵਾ:** ਸੂਰਜ ਦੇ ਪਾਸੇ ਵੱਲ ਤੱਕਣਾ ਜਾਂ ਭੋਰ = ਪ੍ਰਭਾਤ ਦਾ ਹੋਣਾ ਨਹੀਂ ਚਾਹੁੰਦਾ ਹੈ, ਮਨ, ਬਚ = ਬਾਣੀ ਤੇ ਕ੍ਰਮ = ਸਰੀਰ ਕਰਕੇ ਹਿਮਕਰ = ਚੰਦਰਮਾ ਨੂੰ ਆਪਣੀ ਪ੍ਰਾਨ = ਜਿੰਦ ਤੋਂ ਪ੍ਰਿਅ = ਪਿਆਰਾ ਸਮਝਦਾ ਹੈ।

ਤੈਸੇ ਗੁਰਸਿਖ ਆਨ ਦੇਵ ਸੇਵ ਰਹਿਤ ਪੈ;
ਸਹਜ ਸੁਭਾਵ ਨ ਅਵਰਿਆ ਅਭਿਮਾਨ ਹੈ ॥੪੬੬॥

ਤੈਸੇ = ਉਸੇ ਤਰ੍ਹਾਂ ਹੀ ਗੁਰਸਿਖ = ਗੁਰੂ ਕਾ ਸਿੱਖ ਆਨ = ਹੋਰਨਾਂ ਦੇਵ = ਦੇਵੀ ਦੇਵਤਿਆਂ ਦੀ ਸੇਵ = ਟਹਿਲ ਪੈ = ਪਾਸੋਂ ਤਾਂ ਰਹਿਤ = ਬ਼ਗ਼ੈਰ ਹੁੰਦਾ ਹੈ ਪਰ ਉਸ ਦਾ ਸਹਜ = ਸ਼ਾਂਤ ਸੁਭਾਵ = ਸੁਭਾਅ ਹੁੰਦਾ ਹੈ, ਉਸ ਨੂੰ ਕਿਸੇ ਗੱਲ ਦਾ ਅਭਿਮਾਨ = ਹੰਕਾਰ ਨਹੀਂ ਹੁੰਦਾ ਤੇ ਨਾ ਹੀ ਉਹ ਦੂਸਰੇ ਦੇਵੀ ਦੇਵਤਿਆਂ ਦਾ ਅਵਰਿਆ = ਨਿਰਾਦਰ ਕਰਦਾ ਹੈ ॥੪੬੬॥

ਦੋਇ ਦਰਪਨ ਦੇਖੈ ਏਕ ਸੈ ਅਨੇਕ ਰੂਪ;
ਦੋਇ ਨਾਵ ਪਾਵ ਧਰੈ ਪਹੁਚੈ ਨ ਪਾਰਿ ਹੈ ॥

ਜਿਸ ਪ੍ਰਕਾਰ ਦੋਇ = ਦੋ ਦਰਪਨ = ਸ਼ੀਸ਼ਿਆਂ ਵਿਚ ਦੇਖੈ = ਵੇਖਣਾ ਕਰੀਏ ਤਾਂ ਏਕ = ਇਕ ਸੈ = ਤੋਂ ਅਨੇਕ = ਅਨੰਤ ਰੂਪ = ਸਰੂਪ ਦਿੱਸਦੇ ਹਨ ਅਤੇ ਦੋਇ = ਦੋ ਨਾਵ = ਬੇੜ੍ਹੀਆਂ ਵਿਚ ਪਾਵ = ਪੈਰ ਧਰੈ = ਧਰਿਆਂ ਪਾਰਿ = ਪਰਲੇ ਕਿਨਾਰੇ 'ਤੇ ਪਹੁਚੈ = ਅੱਪੜ ਨ = ਨਹੀਂ ਸਕੀਦਾ ਹੈ।

ਦੋਇ ਦਿਸਾ ਗਹੇ ਗਹਾਏ ਸੈ ਹਾਥ ਪਾਉ ਟੂਟੈ;
ਦੁਰਾਹੇ ਦੁਚਿਤ ਹੋਇ ਭੂਲਿ ਪਗੁ ਧਾਰਿ ਹੈ ॥

ਦੋਇ = ਦੋ ਦਿਸਾ = ਤਰਫ਼ਾਂ ਵੱਲੋਂ ਆਪਣੇ ਆਪ ਕਿਸੇ ਨੂੰ ਗਹੇ = ਪਕੜਨ ਤੇ ਆਪਣਾ ਸਰੀਰ ਕਿਸੇ ਹੋਰ ਨੂੰ ਗਹਾਏ = ਫੜਾਉਣ ਸੈ = ਨਾਲ ਹਾਥ = ਹੱਥ ਪਾਉ = ਪੈਰ ਟੂਟੈ = ਟੁੱਟ ਜਾਂਦੇ ਹਨ ਅਤੇ ਦੁਰਾਹੇ = ਦੋ ਰਸਤਿਆਂ ਵੱਲ ਦੁਚਿਤ = ਦੁਬਿਧਾ ਦੇ ਸਹਿਤ ਹੋਇ = ਹੋ ਕੇ ਤੁਰਨਾ ਕਰੇ ਤਾਂ ਭੂਲਿ = ਭੁੱਲਣ ਵਿਚ ਹੀ ਪਗੁ = ਪੈਰ ਧਾਰਿ = ਧਰਨਾ, ਰੱਖਣਾ ਕਰੀਦਾ ਹੈ।

ਦੋਇ ਭੂਪ ਤਾ ਕੋ ਗਾਉ ਪਰਜਾ ਨ ਸੁਖੀ ਹੋਤ;
ਦੋਇ ਪੁਰਖਨ ਕੀ ਨ ਕੁਲਾ ਬਧੂ ਨਾਰਿ ਹੈ ॥

ਦੋਇ = ਦੋ ਭੂਪ = ਰਾਜਿਆਂ ਦੀ ਮੇਰ ਦਾ ਇਕ ਗਾਉ = ਪਿੰਡ ਹੋਵੇ ਤਾ ਕੋ = ਉਸ ਦੀ ਪਰਜਾ ਸੁਖੀ ਨਹੀਂ ਹੋਤ = ਹੁੰਦੀ ਤੇ ਦੋਇ = ਦੋ ਪੁਰਖਨ = ਪੁਰਖਾਂ ਕੀ = ਦੀ ਇਕ ਨਾਰਿ = ਇਸਤਰੀ ਕੁਲਾ ਬਧੂ = ਕੁਲਵੰਤੀ ਨ = ਨਹੀਂ ਹੋ ਸਕਦੀ।

ਗੁਰਸਿਖ ਹੋਇ ਆਨ ਦੇਵ ਸੇਵ ਟੇਵ ਗਹੈ;
ਸਹੈ ਜਮ ਡੰਡੁ ਧ੍ਰਿਗ ਜੀਵਨੁ ਸੰਸਾਰ ਹੈ ॥੪੬੭॥

ਇਸੇ ਪ੍ਰਕਾਰ ਜੋ ਗੁਰਸਿਖ = ਗੁਰੂ ਕਾ ਸਿੱਖ ਹੋਇ = ਹੋ ਕੇ ਆਨ = ਹੋਰ ਦੇਵ = ਦੇਵੀ ਦੇਵਤਿਆਂ ਦੀ

ਸੇਵ = ਟਹਿਲ ਕਰਨ ਵਾਲੀ ਟੇਵ = ਆਦਤ ਨੂੰ ਗਹੈ = ਪਕੜਦਾ ਹੈ, ਉਹ ਅੰਤ ਨੂੰ ਜਮ ਡੰਡੁ = ਜਮਦੂਤਾਂ ਦੇ ਦੰਡ ਨੂੰ ਸਹੈ = ਸਹਾਰਦਾ ਹੈ ਤੇ ਇਸ ਸੰਸਾਰ = ਜਗਤ ਵਿਚ ਉਸ ਦਾ ਜੀਵਨੁ = ਜੀਊਣਾ ਧ੍ਰਿਗ = ਧ੍ਰਿਕਾਰ ਯੋਗ ਹੈ ॥੪੬੭॥

ਜੈਸੇ ਤਉ ਬਿਰਖ ਮੂਲ ਸੀਚੀਐ ਸਲਿਲ ਤਾ ਤੇ;
ਸਾਖਾ ਸਾਖਾ ਪਤ੍ਰ ਪਤ੍ਰ ਕਰਿ ਹਰਿਓ ਹੋਇ ਹੈ ॥

ਜੈਸੇ ਤਉ = ਜਿਸ ਤਰ੍ਹਾਂ ਬਿਰਖ = ਬ੍ਰਿਛ ਦੇ ਮੂਲ = ਮੁੱਢ ਨੂੰ ਪਾਣੀ ਨਾਲ ਸੀਚੀਐ = ਸਿੰਜਣਾ ਕਰੀਏ ਤਦ = ਤਾਂ ਉਸ ਤੇ = ਤੋਂ ਸਾਖਾ = ਟਾਹਣੇ ਸਾਖਾ = ਟਾਹਣੀਆਂ ਤੇ ਪਤ੍ਰ ਪਤ੍ਰ = ਪੱਤੇ ਪੱਤੇ ਵਿਚ ਪਾਣੀ ਦੇ ਸਿੰਜਣੇ ਕਰਿ = ਕਰਕੇ ਹਰਿਓ = ਹਰਿਆਵਲਤਾ ਹੋਇ = ਹੋ ਆਉਂਦੀ ਹੈ।

ਜੈਸੇ ਪਤਿਬ੍ਰਤਾ ਪਤਿਬ੍ਰਤ ਸਤਿ ਸਾਵਧਾਨ;
ਸਕਲ ਕੁਟੰਬ ਸੁਪ੍ਰਸੰਨਿ ਧੰਨਿ ਧੰਨਿ ਸੋਇ ਹੈ ॥

ਜੈਸੇ = ਜਿਸ ਪ੍ਰਕਾਰ ਪਤਿਬ੍ਰਤਾ ਔਰਤ ਆਪਣੇ ਪਤੀਬ੍ਰਤਾ ਰੂਪ ਸਤਿ = ਸੱਤਜ ਵਿਚ ਸਾਵਧਾਨ = ਸੁਚੇਤ ਰਹਿੰਦੀ ਹੈ, ਉਸ 'ਤੇ ਸਕਲ = ਸਾਰਾ ਕੁਟੰਬ = ਪਰਿਵਾਰ ਸੁਪ੍ਰਸੰਨਿ (ਸੁ + ਪ੍ਰਸੰਨਿ) ਸੁ = ਭਲੀ ਪ੍ਰਕਾਰ ਪ੍ਰਸੰਨਿ = ਖ਼ੁਸ਼ ਹੁੰਦਾ ਹੈ ਅਤੇ ਸੋਇ = ਉਹੋ ਹੀ ਸਾਰੇ ਪਰਿਵਾਰ ਵਿਚ ਧੰਨਿ ਧੰਨਿ = ਧੰਨਤਾ ਦੇ ਯੋਗ ਹੁੰਦੀ ਹੈ।

ਜੈਸੇ ਮੁਖ ਦੁਆਰ ਮਿਸਟਾਨ ਪਾਨ ਭੋਜਨ ਕੈ;
ਅੰਗ ਅੰਗ ਤੁਸਟਿ ਪੁਸਟਿ ਅਵਿਲੋਇ ਹੈ ॥

ਜੈਸੇ = ਜਿਸ ਪ੍ਰਕਾਰ ਮੁਖ = ਮੂੰਹ ਦੁਆਰ = ਰਾਹੀਂ ਮਿਸਟਾਨ = ਮਿੱਠੇ ਮਿੱਠੇ ਤਰਲ ਪਦਾਰਥ ਪਾਨ = ਪੀਣਾ ਕਰੀਦੇ ਹਨ ਤੇ ਸੁਆਦਿਸ਼ਟ ਭੋਜਨ ਖਾਣਾ ਕੈ = ਕਰੀਦਾ ਹੈ, ਤਦ ਸਰੀਰ ਦਾ ਅੰਗ ਅੰਗ ਤੁਸਟਿ ਪੁਸਟਿ = ਰੱਜਿਆ ਪੁੱਜਿਆ ਅਵਿਲੋਇ = ਵੇਖਣਾ ਕਰੀਦਾ ਹੈ।

ਤੈਸੇ ਗੁਰਦੇਵ ਸੇਵ ਏਕ ਟੇਕ ਜਾਂਹਿ ਤਾਂਹਿ;
ਸੁਰ ਨਰ ਬਰੰ ਬ੍ਰਹ ਕੋਟਿ ਮਧੇ ਕੋਇ ਹੈ ॥੪੬੮॥

ਤੈਸੇ = ਉਸੇ ਪ੍ਰਕਾਰ ਜਾਂਹਿ = ਜਿਥੇ ਤਾਂਹਿ = ਕਿੱਥੇ ਜਿਸ ਨੇ ਕੇਵਲ ਏਕ = ਇਕ ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੇਵ = ਸੇਵਨ ਦੀ ਟੇਕ = ਓਟ ਲੈਣਾ ਕੀਤੀ ਹੈ, ਉਸ ਦੇ ਤਾਈਂ ਸੁਰ = ਦੇਵਤੇ ਤੇ ਨਰ = ਮਨੁੱਖ ਬਰੰ ਬ੍ਰਹ = ਸ੍ਰੇਸ਼ਟ ਸ੍ਰੇਸ਼ਟ (ਚੰਗਾ ਚੰਗਾ) ਜਾਂ ਵਰ ਮੰਗ ਲੈ ਆਖਦੇ ਹਨ ਪਰੰਤੂ ਅਜਿਹਾ ਨਿਸ਼ਾਨੇਵਾਨ ਸਿੱਖ ਕੋਟਿ = ਕਰੋੜਾਂ ਮਧੇ = ਵਿੱਚੋਂ ਕੋਇ = ਕੋਈ ਟਾਂਵਾਂ ਹੀ ਹੁੰਦਾ ਹੈ ॥੪੬੮॥

ਸੋਈ ਪਾਰੋ ਖਾਤ ਗਾਤਿ ਬਿਬਿਧਿ ਬਿਕਾਰ ਹੋਤ;
ਸੋਈ ਪਾਰੋ ਖਾਤ ਗਾਤ ਹੋਤ ਉਪਚਾਰ ਹੈ ॥

ਸੋਈ = ਉਹੋ ਹੀ ਕੱਚਾ ਪਾਰੋ = ਪਾਰਾ ਖਾਤ = ਖਾਧਿਆਂ ਗਾਤਿ = ਸਰੀਰ ਵਿਚ ਬਿਬਿਧਿ = ਬਹੁਤ ਤਰ੍ਹਾਂ

ਦੇ ਵਿਕਾਰ, ਰੋਗ ਪੈਦਾ ਹੋਤ = ਹੋ ਜਾਂਦੇ ਹਨ ਤੇ ਸੋਈ = ਉਹੋ ਪਾਰੋ = ਪਾਰਾ ਸੋਧਿਆ ਹੋਇਆ ਖਾਤ = ਖਾਣ ਨਾਲ ਗਾਤਿ = ਸਰੀਰ ਦਾ ਉਪਚਾਰ = ਇਲਾਜ ਹੋਤ = ਹੋ ਜਾਂਦਾ ਹੈ ਭਾਵ ਰੋਗੀ ਸਰੀਰ ਦੇ ਰੋਗ ਨਵਿਰਤੀ ਦਾ ਕਾਰਨ ਹੁੰਦਾ ਹੈ।

ਸੋਈ ਪਾਰੋ ਪਰਸਤ ਕੰਚਨਹਿ ਸੋਖ ਲੇਤ;
ਸੋਈ ਪਾਰੋ ਪਰਸ ਤਾਂਬੋ ਕਨਿਕ ਧਾਰਿ ਹੈ॥

ਸੋਈ = ਉਹੋ ਹੀ ਪਾਰੋ = ਪਾਰਾ ਸੋਨੇ ਨੂੰ ਪਰਸਤ = ਛੂੰਹਦਿਆਂ ਕੰਚਨਹਿ = ਸੋਨੇ ਨੂੰ ਸੋਖ = ਸੁਕਾ (ਚੱਟ) ਲੇਤ = ਲੈਂਦਾ ਹੈ, ਸੋਈ = ਉਹੋ ਹੀ ਪਾਰੋ = ਪਾਰਾ ਤਾਂਬੋ = ਤਾਂਬੇ ਦੀ ਧਾਤ ਨੂੰ ਪਰਸ = ਪਰਸਨੇ ਕਰਕੇ ਕਨਿਕ = ਸੋਨੇ ਦਾ ਰੂਪ ਧਾਰ ਲੈਣਾ ਕਰਦਾ ਹੈ।

ਸੋਈ ਪਾਰੋ ਅਗਹੁ ਨ ਹਾਥਨ ਕੈ ਗਹਿਓ ਜਾਇ;
ਸੋਈ ਪਾਰੋ ਗੁਟਕਾ ਹੁਇ ਸਿਧ ਨਮਸਕਾਰ ਹੈ॥

ਸੋਈ = ਉਹੋ ਹੀ ਪਾਰੋ = ਪਾਰਾ ਇਤਨਾ ਚੰਚਲ ਹੈ ਕਿ ਅਗਹੁ = ਫੜਨ ਤੋਂ ਰਹਿਤ ਹੈ, ਜੋ ਹਾਥਨ = ਹੱਥਾਂ ਦੇ ਨਾਲ ਗਹਿਓ = ਪਕੜਿਆ ਨ = ਨਹੀਂ ਜਾਇ = ਜਾ ਸਕਿਆ ਕੈ = ਕਰਦਾ ਹੈ ਤੇ ਸੋਈ = ਉਹੋ ਹੀ ਪਾਰੋ = ਪਾਰਾ ਜਦ ਗੁਟਕਾ = ਗੋਲੀ (ਵੱਟੀ) ਰੂਪ ਬਣ ਜਾਂਦਾ ਹੈ ਤਾਂ ਸਿੱਧ ਸਰੂਪ ਨਮਸਕਾਰ ਬੰਦਨਾ ਕਰਨ ਲਾਇਕ ਹੋਇ = ਹੋ ਜਾਂਦਾ ਹੈ **ਵਾ:** ਗੋਲੀ (ਵੱਟੀ) ਬਣ ਕੇ ਮਨੁੱਖ ਦੇ ਹੱਥ ਵਿਚ ਆਇਆ ਮਨੁੱਖ ਨੂੰ ਨਮਸਕਾਰ ਯੋਗ ਸਿੱਧ ਬਣਾ ਦਿੰਦਾ ਹੈ।

ਮਾਨਸ ਜਨਮ ਪਾਇ ਜੈਸੀਐ ਸੰਗਤਿ ਮਿਲੈ;
ਤੈਸੀ ਪਾਵੈ ਪਦਵੀ ਪ੍ਰਾਪਤ ਅਧਿਕਾਰ ਹੈ॥੪੬੯॥

ਉਸੇ ਪ੍ਰਕਾਰ ਮਾਨਸ = ਮਨੁੱਖਾ ਜਨਮ ਦੀ ਪਾਇ = ਪ੍ਰਾਪਤੀ ਕਰ ਕੇ ਜੈਸੀਐ = ਜਿਹੋ ਜਿਹੀ ਕਿਸੇ ਨੂੰ ਸੰਗਤ ਮਿਲੈ = ਮਿਲਦੀ ਹੈ, ਤੈਸੀ = ਉਸੇ ਤਰ੍ਹਾਂ ਦੇ ਪਦਵੀ = ਰੁਤਬੇ ਨੂੰ ਪਾਵੈ = ਪਾ ਲੈਂਦਾ ਹੈ ਤੇ ਉਸੇ ਤਰ੍ਹਾਂ ਦੇ ਅਧਿਕਾਰ = ਹੱਕ ਨੂੰ ਪ੍ਰਾਪਤ ਕਰ ਲੈਂਦਾ ਹੈ॥੪੬੯॥

ਕੂਆ ਕੋ ਮੇਡਕ ਨਿਧਿ ਜਾਨੈ ਕਹਾ ਸਾਗਰ ਕੀ;
ਸ੍ਵਾਂਤਿ ਬੂੰਦ ਮਹਿਮਾ ਨ ਸੰਖ ਜੀਅ ਜਾਨਈ॥

ਕੂਆ = ਖੂਹ ਕੋ = ਦਾ ਮੇਡਕ = ਡੱਡੂ ਸਾਗਰ = ਸਮੁੰਦਰ ਕੀ = ਦੀ ਨਿਧਿ = ਖਾਣ ਬਾਬਤ ਕਹਾ = ਕੀ ਜਾਨੈ = ਜਾਣ ਸਕਦਾ ਹੈ ਭਾਵ ਇਹ ਕੀ ਜਾਣ ਸਕਦਾ ਹੈ ਕਿ ਸਮੁੰਦਰ ਵਿਚ ਕਿਹੋ ਜਿਹੇ ਰਤਨਾਂ ਆਦਿ ਦੇ ਨਿਧਿ = ਭੰਡਾਰੇ ਹਨ ਤੇ ਸਮੁੰਦਰ ਵਿਚ ਵੱਸਣ ਵਾਲੇ ਜੀਅ = ਜੀਵ ਜੰਤ ਤੇ ਸੰਖ ਆਦਿ ਸ੍ਵਾਂਤਿ = ਸੁਆਂਤੀ ਬੂੰਦ = ਤੁਪਕੇ ਦੀ ਮਹਿਮਾ = ਉਪਮਾ ਨੂੰ ਜਾਨਈ = ਜਾਣ ਨ = ਨਹੀਂ ਸਕਦੇ ਹਨ।

ਦਿਨਕਰਿ ਜੋਤਿ ਕੋ ਉਦੋਤਿ ਕਹਾ ਜਾਨੈ ਉਲੂ;
ਸੇਂਬਲ ਸੈ ਕਹਾ ਖਾਇ ਸੂਆ ਹਿਤ ਠਾਨਈ ॥

ਦਿਨਕਰਿ = ਸੂਰਜ ਦੇ ਉਦੋਤਿ = ਉਦੈ ਹੋਣ ਦੇ ਜੋਤਿ = ਪ੍ਰਕਾਸ਼ ਕੋ = ਨੂੰ ਉੱਲੂ ਕਹਾ = ਕੀ ਜਾਨੈ = ਜਾਣ ਸਕਦਾ ਹੈ ਅਤੇ ਸੇਂਬਲ = ਸਿੰਬਲ = ਸਿੰਮਲ ਸੈ = ਨਾਲ ਹਿਤ = ਸਨੇਹ ਤੇ ਠਾਨਈ = ਦ੍ਰਿੜ੍ਹ ਸੰਕਲਪ ਕਰ ਕੇ ਸੂਆ = ਤੋਤਾ ਕਹਾ = ਕੀ ਮਿੱਠੇ ਮਿੱਠੇ ਫਲ ਖਾਇ = ਖਾ ਸਕਦਾ ਹੈ, ਭਾਵ ਨਹੀਂ ਖਾ ਸਕਦਾ।

ਬਾਇਸ ਨ ਜਾਨਤ ਮਰਾਲ ਮਾਲ ਸੰਗਤਿ ਕੋ;
ਮਰਕਟ ਮਾਨਕ ਹੀਰਾ ਨ ਪਹਿਚਾਨਈ ॥

ਮਰਾਲ = ਹੰਸਾਂ ਦੀ ਮਾਲ = ਡਾਰ ਦੀ ਸੰਗਤ ਕੋ = ਨੂੰ ਬਾਇਸ = ਕਾਂ ਨ = ਨਹੀਂ ਜਾਨਤ = ਜਾਣ ਸਕਦਾ ਹੈ ਅਤੇ ਮਰਕਟ = ਬਾਂਦਰ ਮਾਨਕ = ਕੀਮਤੀ ਪੱਥਰ ਤੇ ਹੀਰੇ ਆਦਿ ਨੂੰ ਪਹਿਚਾਨਈ = ਪਛਾਣ ਨ = ਨਹੀਂ ਸਕਦਾ ਹੈ।

ਆਨ ਦੇਵ ਸੇਵਕ ਨ ਜਾਨੈ ਗੁਰਦੇਵ ਸੇਵ;
ਗੂੰਗੇ ਬਹਰੇ ਨ ਕਹਿ ਸੁਨ ਮਨ ਮਾਨਈ ॥੪੭੦॥

ਜਿਸ ਪ੍ਰਕਾਰ ਗੂੰਗੇ = ਬੋਲ ਨਾ ਸਕਣ ਵਾਲਾ ਪੁਰਖ ਕੁਝ ਕਹਿ = ਆਖ ਕੇ ਤੇ ਬਹਰੇ = ਜਿਸ ਨੂੰ ਕੰਨਾਂ ਤੋਂ ਸੁਣਦਾ ਨਾ ਹੋਵੇ, ਉਹ ਪੁਰਖ ਕੋਈ ਗੱਲ ਸੁਣ ਕੇ ਆਪਣੇ ਮਨ ਵਿਚ ਨ = ਨਹੀਂ ਮਾਨਈ = ਮੰਨ ਸਕਦਾ ਹੈ, ਭਾਵ ਜਿਸ ਪ੍ਰਕਾਰ ਇਹ ਬੋਲਣ ਸੁਣਨ ਦੀ ਕਦਰ ਨਹੀਂ ਜਾਣਦੇ, ਉਸੇ ਪ੍ਰਕਾਰ ਆਨ = ਹੋਰ ਦੇਵ = ਦੇਵੀ ਦੇਵਤਿਆਂ ਦਾ ਸੇਵਕ = ਦਾਸ ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵ = ਟਹਿਲ ਦੀ ਕਦਰ ਬਾਬਤ ਜਾਨੈ = ਜਾਣਦਾ ਨ = ਨਹੀਂ ਹੈ ॥੪੭੦॥

ਜੈਸੇ ਘਾਮ ਤੀਖਨ ਤਪਤਿ ਅਤਿ ਬਿਖਮ;
ਬੈਸੰਤਰਿ ਬਿਹੂਨ ਸਿਧ ਕਰਤਿ ਨ ਗ੍ਰਾਸ ਕਉ ॥

ਜੈਸੇ = ਜਿਸ ਪ੍ਰਕਾਰ ਘਾਮ = ਧੁੱਪ ਭਾਵੇਂ ਅਤਿ = ਬਹੁਤ ਹੀ ਤੀਖਨ = ਤਿੱਖੀ (ਤੇਜ਼) ਤਪਤਿ = ਤੱਤੀ ਤੇ ਬਿਖਮ = ਕਰੜੀ ਹੋਵੇ, ਪਰੰਤੂ ਬੈਸੰਤਰਿ = ਅੱਗ ਤੋਂ ਬਿਹੂਨ = ਬ਼ਗ਼ੈਰ ਗ੍ਰਾਸ = ਅਹਾਰ ਕਉ = ਨੂੰ ਸਿਧ = ਪਕਾ ਨ = ਨਹੀਂ ਸਕਿਆ ਕਰਤਿ = ਕਰਦੀ ਹੈ।

ਜੈਸੇ ਨਿਸ ਓਸ ਕੈ ਸਜਲ ਹੋਤ ਮੇਰ ਤਿਨ;
ਬਿਨ ਜਲ ਪਾਨ ਨ ਨਿਵਾਰਤ ਪਿਆਸ ਕਉ ॥

ਜੈਸੇ = ਜਿਸ ਪ੍ਰਕਾਰ ਨਿਸ = ਰਾਤ ਦੇ ਸਮੇਂ ਓਸ = ਤ੍ਰੇਲ ਕੈ = ਕਰਕੇ ਮੇਰ = ਸੁਮੇਰ ਪਰਬਤ ਤੋਂ ਲੈ ਕੇ ਤਿਨ = ਘਾਹ ਤਕ ਜਾਂ ਮੇਰ = ਪਹਾੜਾਂ ਦੇ ਤਿਨ = ਕੱਖ ਬੂਟੇ ਸਜਲ = ਸਹਿਤ ਪਾਣੀ ਦੇ ਹੋ ਜਾਂਦੇ ਹਨ,

ਭਿੱਜ ਜਾਂਦੇ ਹਨ, ਇਤਨੀ ਤ੍ਰੇਲ ਪੈਣ ਦੇ ਬਾਵਜੂਦ ਵੀ ਜਲ = ਪਾਣੀ ਦੇ ਪਾਨ = ਪੀਤੇ ਤੋਂ ਬਿਨ = ਬਗ਼ੈਰ ਪਿਆਸ = ਤ੍ਰੇਹ ਕਉ = ਨੂੰ ਨਿਵਾਰਤ = ਮਿਟਾ ਨ = ਨਹੀਂ ਸਕਦੀ ਹੈ।

ਜੈਸੇ ਹੀ ਗ੍ਰੀਖਮ ਰੁਤਿ ਪ੍ਰਗਟੈ ਪ੍ਰਸੇਦ ਅੰਗ;
ਮਿਟਤ ਨ ਫੂਕੇ, ਬਿਨੁ ਪਵਨ ਪ੍ਰਗਾਸ ਕਉ ॥

ਜੈਸੇ = ਜਿਸ ਪ੍ਰਕਾਰ ਗ੍ਰੀਖਮ = ਗਰਮੀ ਦੀ ਰੁਤਿ = ਬਹਾਰ ਵਿਚ ਅੰਗ = ਸਰੀਰ ਉੱਤੇ ਪ੍ਰਸੇਦ = ਮੁੜ੍ਹਕਾ ਹੀ ਮੁੜ੍ਹਕਾ ਪ੍ਰਗਟੈ = ਪ੍ਰਗਟ ਹੋ ਆਇਆ ਕਰਦਾ ਹੈ, ਉਹ ਬਿਨੁ = ਬਗ਼ੈਰ ਪਵਨ = ਹਵਾ ਦੇ ਪ੍ਰਗਾਸ = ਪ੍ਰਕਾਸ਼ ਕੀਤਿਆਂ ਭਾਵ ਪੱਖਾ ਆਦਿ ਝੱਲਿਆਂ ਦੇ ਫੂਕੇ = ਫੂਕਾਂ ਮਾਰਿਆਂ ਮਿਟਤ = ਮਿਟਦਾ ਨ = ਨਹੀਂ ਹੈ।

ਤੈਸੇ ਆਵਾਗੌਨ ਨ ਮਿਟਤ ਆਨ ਦੇਵ ਸੇਵ;
ਗੁਰਮੁਖ ਪਾਵੈ ਨਿਜ ਪਦ ਕੇ ਨਿਵਾਸ ਕਉ ॥੪੭੧॥

ਤੈਸੇ = ਉਸੇ ਤਰ੍ਹਾਂ ਆਨ = ਹੋਰਨਾਂ ਦੇਵ = ਦੇਵੀ ਦੇਵਤਿਆਂ ਨੂੰ ਸੇਵ = ਆਰਾਧਨ ਕਰ ਕੇ ਜਾਂ ਉਨ੍ਹਾਂ ਦਾ ਸੇਵ = ਦਾਸ ਬਣ ਕੇ ਆਵਾਗੌਨ = ਆਵਾਗਵਨ, ਜੰਮਣਾ ਮਰਨਾ ਕਦੇ ਵੀ ਨ = ਨਹੀਂ ਮਿਟਤ = ਮਿਟਦਾ, ਕੇਵਲ ਗੁਰਮੁਖ ਬਣ ਕੇ ਹੀ **ਵਾ:** ਗੁਰਮੁਖਿ = ਮੁਖੀ ਗੁਰਾਂ ਦੇ ਉਪਦੇਸ਼ ਦੁਆਰਾ ਹੀ ਨਿਜ = ਆਪਣੇ ਸਰੂਪ ਰੂਪੀ ਪਦ = ਅਹੁਦੇ ਕੇ = ਦੇ ਨਿਵਾਸ = ਵਾਸੇ ਕਉ = ਨੂੰ ਪਾਵੈ = ਪਾ ਲੈਣਾ ਕਰੀਦਾ ਹੈ॥੪੭੧॥

ਆਂਬ ਕੀ ਸਧਰ ਕਤ ਮਿਟਤ ਆਂਬਲੀ ਖਾਏ;
ਪਿਤਾ ਕੋ ਪਿਆਰੁ ਨ ਪਰੋਸੀ ਪਹਿ ਪਾਈਐ ॥

ਆਂਬ = ਅੰਬ ਖਾਣ ਕੀ = ਦੀ ਸਧਰ = ਇੱਛਾ ਆਂਬਲੀ = ਕੱਚੀ ਅੰਬੀ **ਵਾ:** ਇਮਲੀ ਦਾ ਫਲ ਖਾਏ = ਖਾਣ ਤੋਂ ਕਤ = ਕਿਵੇਂ ਮਿਟਤ = ਮਿਟ ਸਕਦੀ ਹੈ ਭਾਵ ਨਹੀਂ ਮਿਟ ਸਕਦੀ ਤੇ ਪੁੱਤਰ ਪਿਤਾ = ਪਿਉ ਕੋ = ਦਾ ਪਿਆਰੁ = ਪ੍ਰੇਮ ਪਰੋਸੀ = ਗੁਆਂਢੀ ਪਹਿ = ਕੋਲੋਂ ਨ = ਨਹੀਂ ਪਾਈਐ = ਪਾਉਣਾ ਕਰਦਾ ਹੈ।

ਸਾਗਰ ਕੀ ਨਿਧਿ ਕਤ ਪਾਈਅਤ ਪੋਖਰ ਸੈ;
ਦਿਨਕਰਿ ਸਰਿ ਦੀਪ ਜੋਤਿ ਨ ਪੁਜਾਈਐ ॥

ਸਾਗਰ = ਸਮੁੰਦਰ ਕੀ = ਦੀ ਰਤਨ, ਮਣੀ ਆਦਿ ਅਮੋਲਕ ਨਿਧਿ = ਖਾਣ ਪੋਖਰ = ਛੱਪੜ ਵਿੱਚੋਂ ਕਤ = ਕਿਸ ਪ੍ਰਕਾਰ ਪਾਈਅਤ = ਪਾਈ ਜਾ ਸਕਦੀ ਹੈ ਭਾਵ ਨਹੀਂ ਪਾਈ ਜਾ ਸਕਦੀ ਅਤੇ ਦਿਨਕਰਿ = ਸੂਰਜ ਦੀ ਰੌਸ਼ਨੀ ਦੇ ਸਰਿ = ਬਰਾਬਰ ਦੀਪ = ਦੀਵੇ ਦੀ ਜੋਤਿ = ਪ੍ਰਕਾਸ਼ ਵਾਲੀ ਲਾਟ ਕਿਸੇ ਪ੍ਰਕਾਰ ਵੀ ਪੁਜਾਈਐ = ਪੁੱਜ ਨ = ਨਹੀਂ ਸਕਦੀ ਹੈ।

ਇੰਦ੍ਰ ਬਰਖਾ ਸਮਾਨ ਪੁਜਸਿ ਨ ਕੂਪ ਜਲ;
ਚੰਦਨ ਸੁਬਾਸ ਨ ਪਲਾਸ ਮਹਿਕਾਈਐ ॥

ਇੰਦ੍ਰ = ਬੱਦਲ ਦੀ ਵਰਖਾ = ਬਾਰਸ਼ ਦੇ ਸਮਾਨ = ਤੁਲ ਕੂਪ = ਖੂਹ ਦਾ ਜਲ = ਪਾਣੀ ਨ = ਨਹੀਂ

ਪੁਜਸਿ = ਅੱਪੜ ਸਕਦਾ ਤੇ ਚੰਦਨ ਦੀ ਸੁਬਾਸ = ਸੁਗੰਧੀ ਵਰਗੀ ਪਲਾਸ = ਢੱਕ ਵਿੱਚੋਂ ਮਹਿਕਾਈਐ = ਮਹਿਕ, ਖ਼ੁਸ਼ਬੂ ਨ = ਨਹੀਂ ਆਉਂਦੀ।

ਸ੍ਰੀ ਗੁਰ ਦਇਆਲ ਕੀ ਦਇਆ ਨ ਆਨ ਦੇਵ ਮੈ;
ਜਉ ਖੰਡ ਬ੍ਰਹਮੰਡ ਉਦੈ ਅਸਤ ਲਉ ਧਾਈਐ ॥੪੭੨॥

ਸ੍ਰੀ = ਸੁਭਾਇਮਾਨ ਤੇ ਦਇਆਲ = ਦਇਆ ਦੇ ਘਰ ਗੁਰ = ਸਤਿਗੁਰੂ ਸਾਹਿਬ ਜੀ ਕੀ = ਦੀ ਦਇਆ = ਮਿਹਰਤਾ ਵਾਲੀ ਦ੍ਰਿਸ਼ਟੀ ਵਰਗੀ ਆਨ = ਹੋਰਨਾਂ ਦੇਵ = ਦੇਵਤਿਆਂ ਦੇ ਸੇਵਨ ਮੈ = ਵਿਚ ਨ = ਨਹੀਂ ਹੈ ਭਾਵੇਂ ਜਉ = ਜਿਹੜੇ ਮਰਜ਼ੀ ਖੰਡਾਂ ਬ੍ਰਹਿਮੰਡਾਂ ਵਿਚ ਤੇ ਸੂਰਜ ਦੇ ਉਦੈ = ਚੜ੍ਹਨ ਤੋਂ ਅਸਤ = ਡੁੱਬਣ ਤਕ ਭਾਵ ਪੱਛਮ ਤੋਂ ਲੈ ਕੇ ਪੂਰਬ ਦਿਸ਼ਾ ਲਉ = ਤਕ ਲੱਭਣ ਲਈ ਧਾਈਐ = ਦੌੜਨਾ ਕਰੀਏ ॥੪੭੨॥

ਗਿਰਤ ਅਕਾਸ ਤੇ ਪਰਤ ਪ੍ਰਿਥੀ ਪਰ ਜਉ;
ਗਹੈ ਆਸਰੋ ਪਵਨ ਕਵਨਹਿ ਕਾਜ ਹੈ ॥

ਅਕਾਸ = ਗਗਨ ਭਾਵ ਉੱਚੇ ਥਾਂ ਤੇ = ਤੋਂ ਗਿਰਤ = ਡਿੱਗ ਕੇ ਪ੍ਰਿਥੀ = ਧਰਤੀ ਪਰ = ਉੱਤੇ ਪਰਤ = ਪੈਂਦਿਆਂ, ਡਿੱਗਦਿਆਂ ਜਉ = ਜੇਕਰ ਪੁਰਖ ਪਵਨ = ਹਵਾ ਦਾ ਆਸਰੋ = ਸਹਾਰਾ ਗਹੈ = ਗ੍ਰਹਿਣ, ਪਕੜਨਾ ਕਰੇ ਤਾਂ ਹਵਾ ਕਵਨਹਿ = ਕਿਹੜਾ ਕਾਜ = ਕੰਮ ਸੰਵਾਰ ਸਕਦੀ ਹੈ ਭਾਵ ਪ੍ਰਾਣਾਂ ਨੂੰ ਬਚਾ ਨਹੀਂ ਸਕਦੀ ਹੈ।

ਜਰਤ ਬੈਸੰਤਰ ਜਉ ਧਾਇ ਧਾਇ ਧੂਮ ਗਹੈ;
ਨਿਕਸਿਓ ਨ ਜਾਇ ਖਲ ਬੁਧਿ ਉਪਰਾਜ ਹੈ ॥

ਜਉ = ਜੇਕਰ ਬੈਸੰਤਰ = ਅੱਗ ਵਿਚ ਜਰਤ = ਸੜਦਿਆਂ ਧਾਇ ਧਾਇ = ਦੌੜ ਦੌੜ ਕੇ ਬਚਣ ਲਈ ਧੂਮ = ਧੂੰਏਂ ਨੂੰ ਗਹੈ = ਪਕੜਨਾ ਚਾਹੇ ਤਾਂ ਇਸ ਨਾਲ ਅੱਗ ਵਿੱਚੋਂ ਨਿਕਸਿਓ = ਨਿਕਲਿਆ ਨ = ਨਹੀਂ ਜਾਇ = ਜਾਂਦਾ ਹੈ, ਸਗੋਂ ਇਹ ਤਾਂ ਖਲ = ਮੂਰਖ ਬੁਧਿ = ਅਕਲ ਦਾ ਉਪਰਾਜ = ਪੈਦਾ ਹੋਣਾ ਹੈ ਭਾਵ ਇਹ ਮੂਰਖਪੁਣਾ ਹੁੰਦਾ ਹੈ।

ਸਾਗਰ ਅਪਾਰ ਧਾਰ ਬੂਡਤ ਜਉ ਫੇਨ ਗਹੈ;
ਅਨਿਥਾ ਬੀਚਾਰ ਪਾਰ ਜੈਬੇ ਕਉ ਨ ਸਾਜ ਹੈ ॥

ਜਉ = ਜੇਕਰ ਕੋਈ ਅਪਾਰ = ਪਾਰਾਵਾਰ ਤੋਂ ਰਹਿਤ, ਅਥਾਹ ਡੂੰਘੇ ਸਾਗਰ = ਸਮੁੰਦਰ ਦੀ ਧਾਰ = ਧਾਰਾ ਵਿਚ ਬੂਡਤ = ਡੁੱਬਦਿਆਂ ਹੋਇਆਂ ਫੇਨ = ਝੱਗ ਨੂੰ ਗਹੈ = ਪਕੜਨਾ ਕਰੇ ਤਦ ਉਸ ਦਾ ਬੀਚਾਰ = ਨਿਰਣਾ ਅਨਿਥਾ = ਮਿਥਿਆ ਹੁੰਦਾ ਹੈ ਕਿਉਂਕਿ ਝੱਗ ਪਾਰ ਜੈਬੇ = ਜਾਣ ਦਾ ਸਾਜ਼ੋ-ਸਾਮਾਨ ਨਹੀਂ ਬਲਕਿ ਡੋਬਣ ਵਾਲਾ ਹੈ **ਵਾ:** ਇਹ ਕੋਈ ਪਾਰ ਹੋ ਜੈਬੇ = ਜਾਣ ਵਾਲੀ ਸਾਜ = ਸਾਜਨਾ (ਵਿਉਂਤ) ਨਹੀਂ ਅਨਿਥਾ = ਉਲਟੀ ਵਿਚਾਰ ਡੁੱਬਣ ਦੀ ਹੀ ਸਲਾਹ ਹੈ।

ਤੈਸੇ ਆਵਾ ਗਵਨ ਦੁਖਤ ਆਨ ਦੇਵ ਸੇਵ;
ਬਿਨੁ ਗੁਰ ਸਰਨਿ ਨ ਮੋਖ ਪਦੁ ਰਾਜ ਹੈ ॥੪੭੩॥

ਤੈਸੇ = ਉਸੇ ਪ੍ਰਕਾਰ ਆਨ = ਹੋਰ ਦੇਵ = ਦੇਵੀ ਦੇਵਤਿਆਂ ਦਾ ਸੇਵ = ਆਰਾਧਨ ਕਰਨ ਨਾਲ ਆਵਾ ਗਵਨ = ਆਉਣ ਜਾਣ, ਜੰਮਣ ਮਰਨ ਦਾ ਦੁਖਤ = ਦੁੱਖ ਤੇ ਮੋਖ = ਮੁਕਤੀ ਰੂਪ ਪਦੁ = ਪਦਵੀ ਦਾ ਰਾਜ ਗੁਰ = ਸਤਿਗੁਰਾਂ ਦੀ ਸਰਨਿ = ਓਟ ਵਿਚ ਪੈਣ ਤੋਂ ਬਿਨੁ = ਬਗ਼ੈਰ ਪ੍ਰਗਟ ਨ = ਨਹੀਂ ਹੁੰਦਾ ਹੈ, ਭਾਵ ਸਤਿਗੁਰਾਂ ਤੋਂ ਬਗ਼ੈਰ ਮੁਕਤੀ ਦੀ ਪਦਵੀ ਪ੍ਰਾਪਤ ਨਹੀਂ ਹੁੰਦੀ ਹੈ।

ਜੈਸੇ ਰੂਪ ਰੰਗ ਬਿਧਿ ਪੂਛੈ ਅੰਧੁ ਅੰਧ ਪ੍ਰਤਿ;
ਆਪ ਹੀ ਨ ਦੇਖੈ ਤਾਹਿ ਕੈਸੇ ਕੈ ਦਿਖਾਵਈ ॥

ਜੈਸੇ = ਜਿਸ ਪ੍ਰਕਾਰ ਇਕ ਅੰਧੁ = ਅੰਨ੍ਹਾ ਪੁਰਖ ਸੁੰਦਰ ਰੂਪ = ਸਰੂਪ ਤੇ ਰੰਗ ਦੇ ਬਿਧਿ = ਤਰੀਕੇ ਦੂਸਰੇ ਅੰਧ = ਅੰਨ੍ਹੇ ਪੁਰਖ ਪ੍ਰਤਿ = ਤਾਈਂ ਪੂਛੈ = ਪੁੱਛਣਾ ਕਰੇ ਤਾਂ ਜਿਹੜਾ ਆਪ ਹੀ ਨ = ਨਹੀਂ ਦੇਖੈ = ਦੇਖ ਸਕਦਾ, ਤਾਹਿ = ਉਸ ਨੂੰ ਉਹ ਕੈਸੇ = ਕਿਸ ਤਰ੍ਹਾਂ ਕੈ = ਕਰਕੇ ਦਿਖਾਵਈ = ਦਿਖਾ ਸਕਦਾ ਹੈ।

ਰਾਗ ਨਾਦ ਬਾਦ ਪੂਛੇ ਬਹਰੋ ਜਉ ਬਹਰਾ ਪੈ;
ਸਮਝੈ ਨ ਆਪਿ ਤਾਹਿ ਕੈਸੇ ਸਮਝਾਵਈ ॥

ਜਉ = ਜੇਕਰ ਰਾਗ ਦੀ ਨਾਦ = ਧੁਨੀ ਤੇ ਬਾਦ = ਵਾਜਿਆਂ ਦੀ ਆਵਾਜ਼ ਬਹਰਾ = ਬੋਲ਼ੇ ਪੁਰਖ ਪੈ = ਕੋਲੋਂ ਦੂਸਰਾ ਬਹਰੋ = ਬੋਲ਼ਾ ਪੁਰਖ ਪੂਛੇ = ਪੁੱਛਣਾ ਕਰੇ ਤਾਂ ਜਦ ਉਹ ਸੁਣੀ ਅਣਸੁਣੀ ਕਾਰਨ ਆਪ ਹੀ ਨ = ਨਹੀਂ ਸਮਝੈ = ਸਮਝਦਾ ਤਾਂ ਤਾਹਿ = ਉਸ ਨੂੰ ਕੈਸੇ = ਕਿਸ ਤਰ੍ਹਾਂ ਸਮਝਾਵਈ = ਸਮਝਾ ਸਕੇਗਾ।

ਜੈਸੇ ਗੁੰਗ ਗੁੰਗ ਪਹਿ ਬਚਨ ਬਿਬੇਕ ਪੂਛੈ ਚਾਹੈ;
ਬੋਲਿ ਨ ਸਕਤ ਕੈਸੇ ਸਬਦ ਸੁਨਾਵਈ ॥

ਜੈਸੇ = ਜਿਸ ਪ੍ਰਕਾਰ ਗੁੰਗ = ਗੂੰਗੇ ਪੁਰਖ ਪਹਿ = ਕੋਲੋਂ ਗੁੰਗ = ਗੂੰਗਾ ਬਚਨ = ਬੋਲ ਚਾਲ ਦੇ ਬਿਬੇਕ = ਵਿਚਾਰ ਪੂਛੈ = ਪੁੱਛਣਾ ਚਾਹੈ = ਚਾਹੁਣਾ ਕਰੇ ਤਾਂ ਜਦ ਉਹ ਆਪ ਹੀ ਬੋਲ ਨ = ਨਹੀਂ ਸਕਤ = ਸਕਦਾ ਤਾਂ ਦੂਸਰੇ ਨੂੰ ਕੈਸੇ = ਕਿਸ ਪ੍ਰਕਾਰ ਸਬਦ = ਬੋਲ ਕੇ ਸੁਨਾਵਈ = ਸੁਣਾ ਸਕਦਾ ਹੈ।

ਬਿਨੁ ਸਤਿਗੁਰ ਖੋਜੈ ਬ੍ਰਹਮ ਗਿਆਨ ਧਿਆਨ;
ਅਨਿਥਾ ਅਗਿਆਨ ਮਤਿ ਆਨ ਪੈ ਨ ਪਾਵਈ ॥੪੭੪॥

ਉਸੇ ਪ੍ਰਕਾਰ ਸਤਿਗੁਰ = ਸੱਚੇ ਗੁਰਾਂ ਤੋਂ ਬਿਨੁ = ਬਗ਼ੈਰ ਜੇਕਰ ਕੋਈ ਕਿਸੇ ਹੋਰ ਥਾਂ ਤੋਂ ਬ੍ਰਹਮ ਗਿਆਨ ਤੇ ਪਰਮੇਸ਼ਰ ਦਾ ਧਿਆਨ ਖੋਜੈ = ਲੱਭਦਾ ਫਿਰੇ ਤਾਂ ਉਸ ਦੀ ਇਹ ਅਨਿਥਾ = ਉਲਟੀ ਵਿਚਾਰ ਹੈ ਜਾਂ ਅਨਿਥਾ = ਮਿਥਿਆ ਵਿਚਾਰ ਹੈ ਕਿਉਂਕਿ ਅਗਿਆਨ = ਗਿਆਨ ਤੋਂ ਹੀਣੀ ਮਤਿ = ਅਕਲ ਵਾਲੇ ਆਨ = ਹੋਰਨਾਂ ਪੁਰਖਾਂ ਪੈ = ਕੋਲੋਂ ਗਿਆਨ ਨੂੰ ਪਾਵਈ = ਪ੍ਰਾਪਤ ਨ = ਨਹੀਂ ਕਰ ਸਕਦਾ ਹੈ ॥੪੭੪॥

ਅੰਬਰ ਬੇਚਨ ਜਾਇ ਦੇਸ ਦਿਗੰਬਰਨ ਕੇ;
ਪ੍ਰਾਪਤ ਨ ਹੋਇ ਲਾਭ ਸਹਸੋ ਹੈ ਮੂਲਿ ਕੋ ॥

ਅੰਬਰ = ਕੱਪੜੇ ਬੇਚਨ = ਵੇਚਣ ਵਾਲਾ ਜੇਕਰ ਦਿਗੰਬਰਨ = ਨੰਗੇ ਪੁਰਖਾਂ ਕੇ = ਦੇ ਦੇਸ ਚਲਿਆ ਜਾਇ = ਜਾਵੇ ਤਾਂ ਉਸ ਨੂੰ ਉਥੇ ਲਾਭ = ਨਫ਼ਾ ਪ੍ਰਾਪਤ ਨ = ਨਹੀਂ ਹੋਇ = ਹੁੰਦਾ ਸਗੋਂ ਮੂਲ = ਮੁੱਢ, ਮੂਲ ਪੂੰਜੀ ਕੋ = ਦਾ ਸਹਸੋ = ਸੰਸਾ ਜ਼ਰੂਰ ਲੱਗ ਜਾਂਦਾ ਹੈ।

ਰਤਨ ਪਰੀਖਿਆ ਸੀਖਿਆ ਚਾਹੈ ਜਉ ਆਂਧਨ ਪੈ;
ਰੰਕਨ ਪੈ ਰਾਜ ਮਾਂਗੈ ਮਿਥਿਆ ਭ੍ਰਮ ਭੂਲਿ ਕੋ ॥

ਜਉ = ਜੇਕਰ ਕੋਈ ਪੁਰਖ ਆਂਧਨ = ਅੰਨ੍ਹੇ ਪੁਰਖਾਂ ਦੇ ਪੈ = ਕੋਲੋਂ ਰਤਨਾਂ ਦੀ ਪਰੀਖਿਆ = ਪਰਖਣਾ ਕਰਨ ਦੀ ਸੀਖਿਆ = ਸਿੱਖਿਆ ਚਾਹੈ = ਚਾਹੁਣਾ ਕਰੇ ਅਤੇ ਰੰਕਨ = ਕੰਗਾਲਾਂ ਪੈ = ਕੋਲੋਂ ਜਾ ਕੇ ਰਾਜ ਭਾਗ ਮਾਂਗੈ = ਮੰਗਣਾ ਕਰੇ ਇਹ ਸਿਆਣਪ ਨਹੀਂ ਸਗੋਂ ਮਿਥਿਆ = ਅਣਹੋਣੀ ਭੂਲਿ = ਭੁੱਲ ਕੋ = ਦਾ ਭ੍ਰਮ = ਭੁਲੇਖਾ ਹੈ।

ਗੁੰਗਾ ਪੈ ਪੜ੍ਹਨ ਜਾਇ ਜੋਤਕ ਬੈਦਕ ਬਿਦਿਆ;
ਬਹਿਰਾ ਪੈ ਰਾਗ ਨਾਦ ਅਨਿਥਾ ਅਭੂਲਿ ਕੋ ॥

ਜਿਸ ਤਰ੍ਹਾਂ ਦੇ ਕੋਈ ਗੁੰਗੇ ਪੁਰਖ ਪੈ = ਕੋਲ ਜੋਤਕ = ਜੋਤਿਸ਼, ਬੈਦਕ = ਹਕੀਮ ਪੁਣੇ ਦੀ ਬਿਦਿਆ = ਪੜ੍ਹਾਈ ਪੜ੍ਹਨ ਲਈ ਜਾਇ = ਜਾਣਾ ਕਰੇ ਅਤੇ ਕੋਈ ਬਹਿਰਾ = ਬੋਲ਼ੇ ਪੁਰਖ ਪੈ = ਕੋਲੋਂ ਰਾਗ ਵਿੱਦਿਆ ਦੀ ਨਾਦ = ਧੁਨੀ ਪੁੱਛਣਾ ਕਰੇ ਜਾਂ ਰਾਗਾਂ ਦੀ ਨਾਦ ਸੁਰ ਸਿੱਖਣਾ ਚਾਹੇ ਤਾਂ ਇਹ ਅਭੂਲਿ = ਭੁੱਲਣ ਤੋਂ ਰਹਿਤ ਭਾਵ ਸਿਆਣਪ ਤੋਂ ਅਨਿਥਾ = ਉਲਟੀ ਵਿਚਾਰ ਹੈ।

ਤੈਸੇ ਆਨ ਦੇਵ ਸੇਵ ਦੋਖ ਮੇਟਿ ਮੋਖ ਚਾਹੈ;
ਬਿਨੁ ਸਤਿਗੁਰ ਦੇਖ ਸਹੈ ਜਮ ਸੂਲਿ ਕੋ ॥੪੭੫॥

ਤੈਸੇ = ਉਸੇ ਪ੍ਰਕਾਰ ਹੀ ਆਨ = ਹੋਰ ਦੇਵ = ਦੇਵਤਿਆਂ ਦੇ ਸੇਵ = ਸੇਵਨ ਤੋਂ ਦੋਖ = ਦੋਸ਼, ਵਿਕਾਰ ਮੇਟਿ = ਨਵਿਰਤ ਕਰ ਕੇ ਜੇ ਕੋਈ ਮੋਖ = ਮੁਕਤੀ ਨੂੰ ਚਾਹੈ = ਚਾਹੁਣਾ ਕਰੇ ਤਾਂ ਉਹ ਸਤਿਗੁਰ = ਸੱਚੇ ਗੁਰਾਂ ਦੀ ਟਹਿਲ ਤੋਂ ਬਿਨੁ = ਬਗ਼ੈਰ ਮੁਕਤੀ ਦੀ ਥਾਂ ਜਮ = ਜਮਦੂਤਾਂ ਦੀ ਸੂਲਿ = ਸੂਲੀ ਕੋ = ਦਾ ਭਾਵ ਜਮ ਦੀ ਪੀੜਾ ਦਾ ਦੁਖ = ਸੰਕਟ ਸਹੈ = ਸਹਾਰਨਾ ਕਰਦਾ ਹੈ॥੪੭੫॥

ਬੀਜ ਬੋਇ ਕਾਲਰ ਮੈ ਨਿਪਜੈ ਨ ਧਾਨ ਪਾਨ;
ਮੂਲ ਖੋਇ ਰੋਵੈ, ਪੁਨਿ ਰਾਜ ਡੰਡੁ ਲਾਗਈ ॥

ਕਾਲਰ = ਬੰਜਰ ਜ਼ਮੀਨ ਮੈ = ਵਿਚ ਬੀਜ ਬੋਇ = ਬੀਜਿਆ ਧਾਨ = ਅੰਨ ਦਾ ਪਾਨ = ਪੱਤਾ ਵੀ ਨਿਪਜੈ = ਪੈਦਾ ਨ = ਨਹੀਂ ਹੁੰਦਾ **ਵਾ:** ਧਾਂਈ ਤੇ ਪਾਨਾਂ ਦੇ ਪੱਤੇ ਪੈਦਾ ਨਹੀਂ ਹੁੰਦੇ ਸਗੋਂ ਆਪਣੀ ਮੂਲ = ਮੁੱਖ

ਪੂੰਜੀ ਨੂੰ ਖੋਇ = ਗਵਾ ਕੇ ਰੋਵੈ = ਰੋਣਾ ਪੈਂਦਾ ਹੈ ਤੇ ਨਾਲ ਹੀ ਰਾਜ ਦਾ ਡੰਡੁ = ਦੰਡ (ਮਾਮਲਾ) ਵੀ ਲਾਗਈ = ਲੱਗ ਜਾਂਦਾ ਹੈ।

ਸਲਿਲ ਬਿਲੋਇ ਜੈਸੇ ਨਿਕਸਤ ਨਾਹਿ ਘ੍ਰਿਤਿ;
ਮਟੁਕੀ ਮਥਨੀਆ ਹੂ ਫੋਰਿ ਤੋਰਿ ਭਾਗਈ ॥

ਜੈਸੇ = ਜਿਸ ਤਰ੍ਹਾਂ ਸਲਿਲ = ਪਾਣੀ ਦੇ ਬਿਲੋਇ = ਰਿੜਕਿਆਂ ਘ੍ਰਿਤਿ = ਘਿਓ (ਮੱਖਣ) ਤਾਂ ਨਿਕਸਤ = ਨਿਕਲਦਾ ਨਾਹਿ = ਨਹੀਂ, ਸਗੋਂ ਮਟੁਕੀ = ਚਾਟੀ ਤੇ ਮਥਨੀਆ = ਮਧਾਣੀ ਨੂੰ ਫੋਰਿ ਤੋਰਿ = ਤੋੜ ਫੋੜ ਕੇ ਭਾਗਈ = ਨੱਠਣਾ ਪਿਆ ਕਰਦਾ ਹੈ, ਭਾਵ ਨਿਰਾਸ਼ ਹੋ ਕੇ ਜਾਣ ਹੀ ਪੈਦਾ ਹੈ।

ਭੂਤਨ ਪੈ ਪੂਤ ਮਾਂਗੈ ਹੋਤ ਨ ਸਪੂਤੀ ਕੋਊ;
ਜੀਅ ਕੋ ਪਰਤ ਸੰਸੋ, ਤਿਆਗੈ ਹੂ, ਨ ਤਿਆਗਈ ॥

ਭੂਤਨ = ਭੂਤਾਂ ਪ੍ਰੇਤਾਂ ਪੈ = ਕੋਲੋਂ ਪੂਤ = ਪੁੱਤਰ ਮਾਂਗੈ = ਮੰਗ ਕੇ ਕੋਊ = ਕੋਈ ਵੀ ਇਸਤਰੀ ਸਪੂਤੀ = ਸਹਿਤ ਪੁੱਤਰਾਂ ਵਾਲੀ ਨ = ਨਹੀਂ ਹੋਤ = ਹੁੰਦੀ, ਸਗੋਂ ਜੀਅ = ਜਿੰਦ-ਜਾਨ ਕੋ = ਦਾ ਸੰਸੋ = ਫ਼ਿਕਰ ਪਰਤ = ਪੈ ਜਾਂਦਾ ਹੈ ਅਤੇ ਜੇ ਭੂਤ ਨੂੰ ਤਿਆਗੈ = ਛੱਡਣਾ ਕਰੀਏ ਤਾਂ ਉਹ ਭੂਤ ਤਿਆਗਈ = ਛੱਡਣਾ ਨ = ਨਹੀਂ ਕਰਦਾ ਹੈ।

ਬਿਨ ਗੁਰਦੇਵ ਸੇਵ ਆਨ ਸੇਵ ਦੁਖਦਾਇਕ ਹੈ;
ਲੋਕ ਪਰਲੋਕ ਸੋਕਿ ਜਾਹਿ ਅਨੁਰਾਗਈ ॥੪੭੬॥

ਜਿਸ ਨੂੰ ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੀ ਸੇਵ = ਟਹਿਲ ਤੋਂ ਬਿਨ = ਬਗ਼ੈਰ ਆਨ = ਹੋਰ ਦੇਵੀ ਦੇਵਤਿਆਂ ਦੀ ਸੇਵ = ਟਹਿਲ ਅਨੁਰਾਗਈ = ਪਿਆਰੀ ਲੱਗਦੀ ਹੈ, ਉਨ੍ਹਾਂ ਨੂੰ ਇਸ ਲੋਕ ਵਿਚ ਸੋਕਿ = ਸ਼ੋਕ ਤੇ ਪਰਲੋਕ ਵਿਚ ਦੁਖਦਾਇਕ = ਦੁੱਖ ਦੇਣ ਵਾਲੀ ਹੋ ਜਾਹਿ = ਜਾਂਦੀ ਹੈ ॥੪੭੬॥

ਜੈਸੇ ਮ੍ਰਿਗਰਾਜ ਤਨੁ ਜੰਬੁਕ ਅਧੀਨ ਹੋਤ;
ਖਗਪਤਿ ਸੁਤ ਜਾਇ ਜੁਹਾਰਤ ਕਾਗ ਹੈ ॥

ਜੈਸੇ = ਜਿਸ ਪ੍ਰਕਾਰ ਮ੍ਰਿਗਰਾਜ = ਹਿਰਨਾਂ ਦੇ ਰਾਜੇ ਸ਼ੇਰ ਦਾ ਤਨੁ = ਪੁੱਤਰ ਜੰਬੁਕ = ਗਿੱਦੜ ਦੇ ਅਧੀਨ = ਵੱਸ ਹੋਤ = ਹੋ ਜਾਵੇ ਅਤੇ ਖਗਪਤਿ = ਗਰੁੜ ਦਾ ਸੁਤ = ਬੱਚਾ ਜਾਇ = ਜਾ ਕੇ ਕਾਗ = ਕਾਂ ਨੂੰ ਜੁਹਾਰਤ = ਨਮਸਕਾਰ ਕਰਦਾ ਹੈ = ਹੋਵੇ।

ਜੈਸੇ ਰਾਹੁ ਕੇਤ ਬਸ ਗ੍ਰਿਹਨ ਮੈ;
ਸੁਰਤਰੁ ਸੋਭ ਨ ਅਰਕ ਬਨਿ ਰਵਿ ਸਸਿ ਲਾਗਿ ਹੈ ॥

ਜੈਸੇ = ਜਿਸ ਪ੍ਰਕਾਰ ਰਾਹੁ = ਰਾਹੂ ਕੇਤ = ਕੇਤੂ ਦੇ ਗ੍ਰਿਹਨ = ਘਰ ਮੈ = ਵਿਚ ਰਵਿ = ਸੂਰਜ ਤੇ

ਸਸਿ = ਚੰਦਰਮਾ ਦਾ ਬਸ = ਨਿਵਾਸ ਅਤੇ ਸੁਰਤਰੁ = ਦੇਵਤਿਆਂ ਦਾ ਕਲਪ ਬ੍ਰਿਛ ਅਰਕ = ਅੱਕਾਂ ਦੇ ਬਨਿ = ਜੰਗਲ ਵਿਚ ਲਾਗਿ = ਲੱਗਣਾ ਸੋਭ = ਸ਼ੋਭਾ ਨ = ਨਹੀਂ ਦਿੰਦਾ ਹੈ।

ਜੈਸੇ ਕਾਮਧੇਨ ਸੁਤ ਸੂਕਰੀ ਸਥਨ ਪਾਨ;
ਐਰਾਪਤਿ ਸੁਤ ਗਰਧਬ ਅਗ੍ਰਭਾਗਿ ਹੈ ॥

ਜੈਸੇ = ਜਿਸ ਪ੍ਰਕਾਰ ਕਾਮਧੇਨ = ਕਾਮਨਾ ਪੂਰੀ ਕਰਨ ਵਾਲੀ ਗਾਂ ਦਾ ਸੁਤ = ਪੁੱਤਰ (ਵੱਛਾ) ਸੂਕਰੀ = ਸੂਰੀ ਦੇ ਸਥਨ = ਥਣਾਂ ਦਾ ਦੁੱਧ ਪਾਨ = ਪੀਣਾ ਕਰੇ, ਐਰਾਪਤਿ = ਐਰਾਵਤੀ ਹਾਥੀ ਦਾ ਸੁਤ = ਪੁੱਤਰ (ਬੱਚਾ) ਗਰਧਬ = ਖੋਤੀ ਦੇ ਅਗ੍ਰਭਾਗਿ = ਅੱਗੇ ਪਵੇ, ਭਾਵ ਉਸ ਥਣਾਂ ਦਾ ਦੁੱਧ ਪੀਣ ਵਾਲਾ ਹੈ = ਹੋ ਜਾਵੇ।

ਤੈਸੇ ਗੁਰਸਿਖ ਸੁਤ ਆਨ ਦੇਵ ਸੇਵਕ ਹੁਇ;
ਨਿਹਫਲ ਜਨਮੁ ਜਿਉ ਬੰਸ ਮੈ ਬਜਾਗਿ ਹੈ ॥੪੭੭॥

ਤੈਸੇ = ਉਸੇ ਤਰ੍ਹਾਂ ਹੀ ਗੁਰਸਿਖ = ਗੁਰੂ ਕੇ ਸਿੱਖ ਦਾ ਸੁਤ = ਪੁੱਤਰ ਜੇ ਆਨ = ਹੋਰਨਾਂ ਦੇਵ = ਦੇਵੀ ਦੇਵਤਿਆਂ ਦਾ ਸੇਵਕ = ਦਾਸ ਹੋਇ = ਹੋਣਾ ਕਰਦਾ ਹੈ ਤਾਂ ਉਸ ਦਾ ਮਨੁੱਖਾ ਜਨਮ ਨਿਹਫਲ = ਬੇਅਰਥ ਹੀ ਸਮਝਣਾ ਚਾਹੀਦਾ ਹੈ, ਉਹ ਤਾਂ ਆਪਣੀ ਬੰਸ = ਕੁਲ ਮੈ = ਵਿਚ ਬਜਾਗਿ = ਡੱਡੂ, ਕਿਰਲੇ ਜਿਉ = ਵਾਂਗ ਹੈ ॥੪੭੭॥

ਜਉ ਪੈ ਤੁੰਬਰੀ ਨ ਬੂਡੈ ਸਰਿਤਾ ਪਰਵਾਹ ਬਿਖੈ;
ਬਿਖਮੈ ਤਉ ਨ ਤਜਤ ਹੈ ਮਨ ਤੇ ॥

ਜਉ = ਜੇਕਰ ਤੁੰਬਰੀ = ਤੁੰਬੀ ਸਰਿਤਾ = ਨਦੀ ਦੇ ਤੇਜ਼ ਪਰਵਾਹ = ਵਹਿਣ ਬਿਖੈ = ਵਿਚ ਵੀ ਬੂਡੈ = ਡੁੱਬਦੀ ਨ = ਨਹੀਂ ਭਾਵ ਤੈਰਦੀ ਰਹਿੰਦੀ ਹੈ ਤਉ = ਤਦ ਭੀ ਬਿਖਮੈ = ਕੁੜੱਤਣਪੁਣਾ ਆਪਣੇ ਮਨ ਤੇ = ਤੋਂ (ਅੰਦਰੋਂ) ਤਜਤ = ਤਿਆਗਿਆ ਨ = ਨਹੀਂ ਕਰਦੀ ਹੈ।

ਜਉ ਪੈ ਲਪਟੈ ਪਾਖਾਨ ਪਾਵਕ ਨ ਜਰੈ ਸੂਤ੍ਰ;
ਜਲ ਮੈ ਲੈ ਬੋਰਤਿ ਰਿਦੈ ਕਠੋਰਪਨ ਤੇ ॥

ਜਉ = ਜੇਕਰ ਪਾਵਕ = ਅੱਗ ਦੀ ਲਪਟੈ = ਲਪਟ (ਲਾਟ) ਨਾਲ ਪਾਖਾਨ = ਪੱਥਰ ਨ = ਨਹੀਂ ਜਰੈ = ਸੜਿਆ ਤਾਂ ਕੀ ਉਹ ਆਪਣੇ ਰਿਦੈ = ਚਿੱਤ ਤੇ = ਤੋਂ ਕਠੋਰਪਨ = ਸਖ਼ਤਪੁਣੇ ਕਾਰਨ ਸੂਤ੍ਰ = ਸੂਤ ਦੀ ਰੱਸੀ ਨੂੰ ਵੀ ਜਲ = ਪਾਣੀ ਵਿਚ ਨਾਲ ਹੀ ਲੈ ਬੋਰਤਿ = ਡੋਬਿਆ ਕਰਦਾ ਹੈ।

ਜਉ ਪੈ ਗੁਡੀ ਉਡੀ ਦੇਖੀਅਤ ਹੈ ਅਕਾਸਚਾਰੀ;
ਦਰਖਤ ਮੇਂਹ ਬਾਚੀਐ ਨ ਬਾਲਕਨ ਤੇ ॥

ਜਉ = ਜੇਕਰ ਆਕਾਸਚਾਰੀ = ਆਕਾਸ਼ ਵਿਚ ਵਿਚਰਨ ਵਾਲੀ ਗੁੱਡੀ (ਪਤੰਗ) ਉੱਡੀ ਹੋਈ

ਦੇਖੀਅਤ = ਦੇਖਣਾ ਕਰੀਦੀ ਹੈ ਅਤੇ ਮੇਂਹ = ਵਰਖਾ ਦੇ ਬਰਖਤ = ਵਰਸਣੇ ਕਰਕੇ ਉਡਾਉਣ ਵਾਲਿਆਂ ਬਾਲਕਨ = ਬੱਚਿਆਂ ਤੇ = ਕੋਲੋਂ ਗਲਨੋਂ ਬਾਚੀਐ = ਬਚਾਈ ਨ = ਨਹੀਂ ਜਾ ਸਕਿਆ ਕਰਦੀ।

ਤੈਸੇ ਰਿਧਿ ਸਿਧਿ ਭਾਉ ਦੁਤੀਆ ਤ੍ਰਿਗੁਨ ਖੇਲ;
ਗੁਰਮੁਖਿ ਸੁਖ ਫਲ ਨਾਹਿ ਕ੍ਰਿਤਘਨ ਤੇ ॥੪੭੮॥

ਤੈਸੇ = ਉਸੇ ਪ੍ਰਕਾਰ ਹੀ ਰਿਧਿ = ਰਿਧੀਆਂ ਸਿਧਿ = ਸਿਧੀਆਂ, ਦੁਤੀਆ ਭਾਉ = ਦ੍ਵੈਤ-ਭਾਵਨਾ ਤੇ ਰਜੋ, ਤਮੋ, ਸਤੋ ਰੂਪ ਤ੍ਰਿਗੁਨ = ਤਿੰਨ ਗੁਣਾਂ ਵਿਚ ਦੇਵੀ ਦੇਵਤਿਆਂ ਦੇ ਸੇਵਕ ਜਾਂ ਮਨਮੁਖ ਖੇਲ = ਖੇਡਦੇ ਹਨ, ਗੁਰਮੁਖ ਜਨ ਗਿਆਨ ਰੂਪ ਸੁਖ = ਆਨੰਦ ਫਲ ਨੂੰ ਪਾ ਕੇ ਕ੍ਰਿਤਘਨ = ਕੀਤੇ ਨੂੰ ਨਾ ਜਾਣਨ ਵਾਲੇ ਨਹੀਂ ਹੁੰਦੇ ਭਾਵ ਗੁਰਾਂ ਦੇ ਕੀਤੇ ਉਪਕਾਰ ਕਦੇ ਵੀ ਨਹੀਂ ਭੁਲਾਉਂਦੇ ਹਨ॥੪੭੮॥

ਕਉਡਾ ਪੈਸਾ ਰੁਪਈਆ ਸੁਨਈਆ ਕੋ ਬਨਜੁ ਕਰੈ;
ਰਤਨ ਪਾਰਖੁ ਹੋਇ ਜਉਹਰੀ ਕਹਾਵਈ ॥

ਜਿਸ ਪ੍ਰਕਾਰ ਜੋ ਕਉਡਾ = ਕੌਡਾਂ, ਪੈਸਿਆਂ, ਰੁਪਈਆਂ ਤੇ ਸੁਨਈਆ = ਮੋਹਰਾਂ ਕੋ = ਦਾ ਬਨਜੁ = ਵਣਜ ਕਰੈ = ਕਰਦਾ ਹੈ, ਉਹ ਅੰਤ ਨੂੰ ਰਤਨਾਂ ਦੇ ਪਾਰਖੁ = ਪਰਖਣ ਵਾਲਾ ਹੋਇ = ਹੋ ਜਾਂਦਾ ਹੈ ਤੇ ਆਪਣੇ ਆਪ ਨੂੰ ਜੌਹਰੀ ਕਹਾਵਈ = ਕਹਾਉਂਦਾ ਹੈ।

ਜਉਹਰੀ ਕਹਾਇ ਪੁਨਿ ਕਉਡਾ ਕੋ ਬਨਜੁ ਕਰੈ;
ਪੰਚ ਪਰਵਾਨ ਮੈ ਪਤਿਸਟਾ ਘਟਾਵਈ ॥

ਜਿਹੜਾ ਜੌਹਰੀ ਕਹਾਇ = ਅਖਵਾ ਕੇ ਪੁਨਿ = ਮੁੜ ਕਉਡਾ = ਕੌਡਾਂ ਕੋ = ਦਾ ਬਨਜੁ = ਵਪਾਰ ਕਰੈ = ਕਰਦਾ ਹੈ, ਉਹ ਪਰਵਾਨ = ਮੰਨੇ ਪ੍ਰਮੰਨੇ ਪੰਚ = ਪੈਂਚਾਂ, ਨੰਬਰਦਾਰਾਂ ਮੈ = ਵਿਚ ਆਪਣੀ ਪਤਿਸਟਾ = ਇੱਜ਼ਤ ਘਟਾਵਈ = ਘਟਾ ਲੈਂਦਾ ਹੈ।

ਆਨ ਦੇਵ ਸੇਵ ਗੁਰਦੇਵ ਕੋ ਸੇਵਕ ਹੁਇ;
ਲੋਕ ਪਰਲੋਕ ਬਿਖੈ ਊਚ ਪਦੁ ਪਾਵਈ ॥

ਇਸੇ ਪ੍ਰਕਾਰ ਹੀ ਜਿਹੜਾ ਆਨ = ਹੋਰਨਾਂ ਦੇਵ = ਦੇਵੀ ਦੇਵਤਿਆਂ ਨੂੰ ਸੇਵ = ਸੇਵਨ ਵਾਲਾ ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਕੋ = ਦਾ ਸੇਵਕ = ਦਾਸ ਹੁਇ = ਹੋ ਜਾਂਦਾ ਹੈ, ਉਹ ਲੋਕ-ਪ੍ਰਲੋਕ ਬਿਖੈ = ਵਿਚ ਊਚ = ਸ੍ਰੇਸ਼ਟ ਪਦੁ = ਅਹੁਦੇ ਨੂੰ ਪਾਵਈ = ਪਾ ਲੈਣਾ ਕਰਦਾ ਹੈ।

ਛਾਡਿ ਗੁਰਦੇਵ ਸੇਵ ਆਨ ਦੇਵ ਸੇਵਕੁ ਹੁਇ;
ਨਿਹਫਲ ਜਨਮੁ ਕਪੂਤ ਹੁਇ ਹਸਾਵਈ ॥੪੭੯॥

ਜਿਹੜਾ ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵ = ਟਹਿਲ ਛਾਡਿ = ਤਿਆਗ ਕੇ ਕਿਸੇ ਆਨ = ਹੋਰ ਦੇਵ = ਦੇਵੀ ਦੇਵਤੇ ਦਾ ਸੇਵਕੁ = ਦਾਸ ਹੁਇ = ਹੋ ਜਾਂਦਾ ਹੈ, ਉਸ ਦਾ ਮਨੁੱਖਾ ਜਨਮ

ਨਿਹਫਲ = ਬੇਅਰਥ ਹੈ ਤੇ ਉਹ ਕਪੂਤ = ਖੋਟੇ ਪੁੱਤਰ ਵਾਂਗ ਸਿੱਖ ਹੁਇ = ਹੋ ਕੇ ਵੀ ਆਪਣੇ ਆਪ ਨੂੰ ਹਸਾਵਈ = ਹਸਾਉਂਦਾ ਹੈ ਭਾਵ ਹਾਸੋਹੀਣੀ ਗੱਲ ਕਰਾ ਲੈਂਦਾ ਹੈ॥੪੭੯॥

ਮਨ ਬਚ ਕ੍ਰਮ ਕੈ ਪਤਿਬ੍ਰਤ ਕਰੈ ਜਉ ਨਾਰਿ;
ਤਾਹਿ ਮਨ ਬਚ ਕ੍ਰਮ ਚਾਹਤ ਭਤਾਰ ਹੈ॥

ਮਨ ਬਚ = ਬਾਣੀ, ਕ੍ਰਮ = ਸਰੀਰ ਕੈ = ਕਰਕੇ ਜਉ = ਜੋ ਨਾਰਿ = ਇਸਤਰੀ ਪਤਿਬ੍ਰਤ = ਪਤੀਬ੍ਰਤਾ ਧਰਮ ਨੂੰ ਧਾਰਨ ਕਰੈ = ਕਰਦੀ ਹੈ ਤਾਂ ਤਾਹਿ = ਉਸ ਇਸਤਰੀ ਨੂੰ ਭਤਾਰ = ਪਤੀ ਵੀ ਮਨ, ਬਚ = ਬਾਣੀ, ਕ੍ਰਮ = ਸਰੀਰ ਕਰਕੇ ਚਾਹਤ = ਚਾਹੁੰਦਾ ਹੈ।

ਅਭਰਨ ਸਿੰਗਾਰ ਚਾਰ ਸਿਹਜਾ ਸੰਜੋਗ ਭੋਗ;
ਸਕਲ ਕੁਟੰਬ ਹੀ ਮੈ ਤਾ ਕੋ ਜੈ ਜੈ ਕਾਰ ਹੈ॥

ਉਹੋ ਇਸਤਰੀ ਹੀ ਚਾਰ = ਸੁੰਦਰ ਅਭਰਣ = ਗਹਿਣੇ ਤੇ ਸਿੰਗਾਰ = ਸੁਹੱਪਣ ਸਮੱਗਰੀ ਨੂੰ ਧਾਰਨ ਕਰਨ ਵਾਲੀ ਤੇ ਸਿਹਜਾ = ਸੇਜਾ 'ਤੇ ਪਤੀ ਸੰਜੋਗ = ਮਿਲਾਪ ਦੇ ਆਨੰਦ ਨੂੰ ਭੋਗ = ਭੋਗਣਾ, ਮਾਨਣਾ ਕਰਦੀ ਹੈ ਅਤੇ ਸਕਲ = ਸਾਰੇ ਕੁਟੰਬ = ਪਰਿਵਾਰ ਮੈ = ਵਿਚ ਵੀ ਤਾ = ਉਸ ਕੋ = ਦਾ ਹੀ ਜੈ ਜੈਕਾਰ ਹੁੰਦਾ ਹੈ।

ਸਹਜ ਅਨੰਦ ਸੁਖ ਮੰਗਲ ਸੁਹਾਗ ਭਾਗ;
ਸੁੰਦਰ ਮੰਦਰ ਛਬਿ ਸੋਭਤ ਸੁਚਾਰ ਹੈ॥

ਉਹ ਹਰੇਕ ਤਰ੍ਹਾਂ ਕਰਕੇ ਸੁਹਾਗ = ਸੁਹਾਗਣ ਇਸਤਰੀ ਦੇ ਭਾਗ = ਕਰਮਾਂ ਵਾਲੀ ਹੋਣ ਕਰਕੇ ਮੰਗਲਮਈ ਸੁਖ ਦਾ ਆਨੰਦ ਸਹਜ = ਸੁਤੇ-ਸਿਧ ਹੀ ਮਾਣਦੀ ਹੋਈ, ਉਹ ਸੁੰਦਰ = ਸੋਹਣੇ ਮੰਦਰ = ਮਕਾਨਾਂ ਵਿਚ ਸੁਚਾਰ = ਸ੍ਰੇਸ਼ਟਾਚਾਰ ਦੇ ਸਹਿਤ ਛਬਿ = ਫੱਬਦੀ ਹੋਈ ਸੋਭਤ = ਸੋਭਣਾ ਕਰਦੀ ਹੈ।

ਸਤਿਗੁਰ ਸਿਖਨ ਕਉ ਰਾਖਤ ਗ੍ਰਿਸਤ ਮੈ ਸਾਵਧਾਨ;
ਆਨ ਦੇਵ ਸੇਵ ਭਾਉ ਦੁਬਿਧਾ ਨਿਵਾਰ ਹੈ॥੪੮੦॥

ਉਸੇ ਤਰ੍ਹਾਂ ਹੀ ਸਤਿਗੁਰ = ਸੱਚੇ ਗੁਰੂ ਸਾਹਿਬ ਜੀ ਆਪਣੇ ਸਿਖਨ = ਸਿੱਖਾਂ ਕਉ = ਨੂੰ ਗ੍ਰਿਸਤ = ਗ੍ਰਿਹਸਥ ਆਸ਼ਰਮ ਮੈ = ਵਿਚ ਸਾਵਧਾਨ = ਸੁਚੇਤ ਬਣਾਈ ਰੱਖਦੇ ਹਨ ਅਤੇ ਆਨ = ਹੋਰ ਦੇਵ = ਦੇਵੀ ਦੇਵਤਿਆਂ ਦੀ ਸੇਵ = ਸੇਵਾ ਤੇ ਦੁਬਿਧਾ = ਦ੍ਵੈਤ ਭਾਉ = ਭਾਵ ਨੂੰ ਨਿਵਾਰ = ਨਵਿਰਤ ਕਰ ਦੇਣਾ ਕਰਦੇ ਹੈ = ਹਨ॥੪੮੦॥

ਜੈਸੇ ਤਉ ਪਤਿਬ੍ਰਤਾ ਪਤਿਬ੍ਰਤ ਮੈ ਸਾਵਧਾਨ;
ਤਾਹੀ ਤੇ ਗ੍ਰਿਹੇਸੁਰ ਹੁਇ ਨਾਇਕਾ ਕਹਾਵਈ॥

ਜੈਸੇ ਤਉ = ਜਿਸ ਤਰ੍ਹਾਂ ਪਤਿਬ੍ਰਤਾ = ਪਤੀਬ੍ਰਤਾ ਇਸਤਰੀ ਆਪਣੇ ਪਤਿਬ੍ਰਤ = ਪਤੀ ਦੇ ਆਖੇ ਮੰਨਣ ਵਿਚ **ਵਾ:** ਧਰਮ ਦੇ ਪਾਲਨ ਮੈ = ਵਿਚ ਸਾਵਧਾਨ = ਸੁਚੇਤ ਰਹਿੰਦੀ ਹੈ, ਤਾਹਿ = ਉਸੇ ਕਰਕੇ ਹੀ ਉਹ

ਗ੍ਰਿਹੇਸੁਰ = ਘਰ ਦੀ ਮਾਲਕਣ ਹੁਇ = ਹੋ ਕੇ ਆਪਣੇ ਆਪ ਨੂੰ ਨਾਇਕਾ = ਚੰਗੀ ਇਸਤਰੀ, ਪ੍ਰਧਾਨ ਕਹਾਵਈ = ਕਹਾਉਂਦੀ ਹੈ।

ਅਸਨ ਬਸਨ ਧਨ ਧਾਮ ਕਾਮਨਾ ਪੁਜਾਵੈ;
ਸੋਭਿਤ ਸਿੰਗਾਰ ਚਾਰ ਸਿਹਜਾ ਸਮਾਵਈ ॥

ਅਸਨ = ਭੋਜਨ (ਅੰਨ), ਬਸਨ = ਬਸਤਰ, ਧਨ = ਦੌਲਤ, ਧਾਮ = ਘਰ ਆਦਿ ਇਸਤਰੀ ਦੀ ਸਭ ਕਾਮਨਾ = ਇੱਛਾਵਾਂ ਪਤੀ ਪੁਜਾਵਈ = ਪੁਜਾ ਦਿੰਦਾ ਹੈ ਭਾਵ ਪੂਰੀਆਂ ਕਰ ਦਿੰਦਾ ਹੈ ਅਤੇ ਉਹੋ ਇਸਤਰੀ ਚਾਰ = ਸੁੰਦਰ ਸਿੰਗਾਰ = ਸੁਹੱਪਣ ਸਮੱਗਰੀ ਨਾਲ ਸੋਭਿਤ = ਸ਼ੋਭਦੀ ਹੈ ਤੇ ਆਪਣੇ ਪਤੀ ਦੇ ਨਾਲ ਸਿਹਜਾ = ਸੇਜਾ ਉੱਤੇ ਸਮਾਵਈ = ਅਭੇਦ ਹੁੰਦੀ ਹੈ।

ਸਤਿਗੁਰ ਸਿਖਨ ਕਉ ਰਾਖਤ ਗ੍ਰਿਹਸਤ ਮੈ;
ਸੰਪਦਾ ਸਮੂਹ ਸੁਖ ਲੁਡੇ ਤੇ ਲਡਾਵਈ ॥

ਉਸੇ ਪ੍ਰਕਾਰ ਸਤਿਗੁਰ = ਸੱਚੇ ਗੁਰੂ ਜੀ ਆਪਣੇ ਸਿਖਣ = ਸਿੱਖਾਂ ਕਉ = ਨੂੰ ਗ੍ਰਿਹਸਥ ਧਰਮ ਮੈ = ਵਿਚ ਰਾਖਤ = ਰੱਖਦੇ ਹੋਏ ਸਮੂਹ = ਸਾਰੀ ਸੰਪਦਾ = ਵਿਭੂਤੀ ਅਤੇ ਸਾਰੇ ਸੁਖ = ਆਨੰਦ ਆਪਣੇ ਸਿੱਖਾਂ ਤੇ = ਉੱਤੇ ਲੁਡੇ = ਪਿਆਰ ਦੇ ਸਹਿਤ ਲਡਾਵਈ = ਲਡਾਉਂਦੇ ਹਨ **ਵਾ:** ਅਨੇਕਾਂ ਚਮਤਕਾਰੀ ਕੌਤਕਾਂ ਨਾਲ ਲਾਡ ਲਡਾਉਣਾ ਕਰਦੇ ਹਨ। ਅਤੇ :

ਅਸਨ ਬਸਨ ਧਨ ਧਾਮ ਕਾਮਨਾ ਪਵਿਤ੍ਰ;
ਆਨ ਦੇਵ ਸੇਵ ਭਾਉ ਦੁਤੀਆ ਮਿਟਾਵਈ ॥੪੮੧॥

ਸਤਿਗੁਰੂ ਜੀ ਆਪਣੇ ਸਿੱਖ ਦੀਆਂ ਅਸਨ = ਅੰਨ, ਬਸਨ = ਬਸਤਰ, ਧਨ = ਦੌਲਤ ਤੇ ਧਾਮ = ਘਰ ਆਦਿ ਪਵਿਤ੍ਰ = ਉੱਜਲ ਭਾਵ ਵਿਸ਼ੇ ਰਹਿਤ ਕਾਮਨਾ = ਇੱਛਾਵਾਂ ਪੂਰੀਆਂ ਕਰ ਦਿੰਦੇ ਹਨ ਅਤੇ ਸਿੱਖ ਦੇ ਅੰਦਰੋਂ ਆਨ = ਹੋਰ ਦੇਵ = ਦੇਵੀ ਦੇਵਤਿਆਂ ਦੀ ਸੇਵ = ਟਹਿਲ ਤੇ ਦੁਤੀਆ = ਦ੍ਵੈਤ ਭਾਉ = ਭਾਵਨਾ ਮਿਟਾਵਈ = ਦੂਰ ਕਰ ਦਿੰਦੇ ਹਨ ॥੪੮੧॥

ਲੋਗ ਬੇਦ ਗਿਆਨ ਉਪਦੇਸ ਹੈ ਪਤਿਬ੍ਰਤਾ ਕਉ;
ਮਨ ਬਚ ਕ੍ਰਮ ਸ੍ਵਾਮੀ ਸੇਵਾ ਅਧਿਕਾਰ ਹੈ ॥

ਪਤਿਬ੍ਰਤਾ = ਪਤੀਬ੍ਰਤਾ ਇਸਤਰੀ ਕਉ = ਨੂੰ ਲੋਗ = ਲੋਕਾਚਾਰੀ ਤੇ ਬੇਦਾਚਾਰੀ ਗਿਆਨ ਇਹੋ ਉਪਦੇਸ = ਸਿੱਖਿਆ ਦਿੰਦਾ ਹੈ ਕਿ ਮਨ, ਬਚ = ਬਾਣੀ, ਕ੍ਰਮ = ਸਰੀਰ ਕਰਕੇ ਪਤੀਬ੍ਰਤਾ ਇਸਤਰੀ ਆਪਣੇ ਸ੍ਵਾਮੀ = ਮਾਲਕ ਪਤੀ ਦੀ ਸੇਵਾ ਟਹਿਲ ਕਰਨ ਦੀ ਅਧਿਕਾਰ = ਹੱਕਦਾਰ ਹੈ।

ਨਾਮ ਇਸਨਾਨ ਦਾਨ ਸੰਜਮ ਨ ਜਾਪ ਤਾਪ;
ਤੀਰਥ ਬਰਤ ਪੂਜਾ ਨੇਮ ਨਤਕਾਰ ਹੈ ॥

ਵਿਸ਼ਨੂੰ ਸਹੰਸਰ ਨਾਮ ਆਦਿ ਦੇ ਪਾਠ, ਕੱਤਕ ਮਾਘ ਆਦਿ ਮਹੀਨਿਆਂ ਦਾ ਮਹਾਤਮੀ ਇਸ਼ਨਾਨ,

ਕਿਸੇ ਪੁਰਬ ਦੇ ਮਹਾਤਮ ਸਮੇਂ ਕਿਸੇ ਮੰਤਵ ਨੂੰ ਮੁੱਖ ਰੱਖ ਕੇ ਧਨ ਪਦਾਰਥ ਆਦਿ ਦਾ ਦਾਨ ਕਰਨਾ, ਕਿਸੇ ਵਿਸ਼ੇਸ਼ ਬੰਧਨਾਂ ਵਿਚ ਆਪਣੇ ਆਪ ਨੂੰ ਨਰੜ ਰੂਪ ਸੰਜਮ ਰੱਖਣਾ, ਅਨੇਕ ਤਰ੍ਹਾਂ ਦੇ ਮੰਤਰਾਂ ਦਾ ਜਾਪ ਜਪਣਾ, ਪੁੱਠੇ ਲਮਕ ਕੇ ਤਾਪ = ਤਪੱਸਿਆ ਕਰਨੀ, ਪੁਰਬਾਂ ਦੇ ਸਮੇਂ ਗੰਗਾ, ਪ੍ਰਯਾਗ ਆਦਿ ਤੀਰਥਾਂ ਉੱਪਰ ਜਾਣਾ, ਨੀਅਤ ਕੀਤੇ ਸਮੇਂ ਅਨੁਸਾਰ ਅੰਨ ਆਦਿ ਤਿਆਗ ਕੇ ਬਰਤ ਦੀ ਪ੍ਰਤਿੱਗਿਆ ਧਾਰਨੀ, ਠਾਕੁਰਾਂ ਦਾ ਪੂਜਾ = ਪੂਜਣ ਕਰਨਾ ਅਤੇ ਤੁਲਸੀ ਆਦਿ ਦੇ ਸਾਹਮਣੇ ਦੀਵੇ ਜਗਾਉਣ ਆਦਿ ਦਾ ਨੇਮ = ਨਿਯਮ ਆਦਿ ਸਾਰੇ ਹੀ ਸਾਧਨ ਪਤੀਬ੍ਰਤਾ ਇਸਤਰੀ ਲਈ ਨਤਕਾਰ = ਨਿਖੇਧ ਰੂਪ ਹਨ **ਵਾ:** ਪਤੀਬ੍ਰਤਾ ਇਸਤਰੀ ਨੂੰ ਉਪਰੋਕਤ (ਨਤ + ਕਾਰ) ਕਾਰ = ਕਾਰਜ ਨਤ = ਨਹੀਂ ਕਰਨੇ ਚਾਹੀਦੇ।

ਹੋਮ ਜਗ ਭੋਗ ਨਈਬੇਦ ਨਹੀ ਦੇਵੀ ਦੇਵ ਸੇਵ;
ਰਾਗ ਨਾਦ ਬਾਦ ਨ ਸੰਬਾਦ ਆਨ ਦੁਆਰ ਹੈ॥

ਇਸੇ ਤਰ੍ਹਾਂ ਹੀ ਹੋਮ = ਹਵਨ ਕਰਨੇ **ਵਾ:** ਅਹੁਤੀਆਂ ਅੱਗ ਵਿਚ ਪਾਉਣੀਆਂ, ਬ੍ਰਹਮ ਭੋਜ ਆਦਿ ਯੱਗ ਕਰਨੇ, ਧੂਪ ਦੀਪ ਪ੍ਰਸਾਦ ਆਦਿ ਨਈਬੇਦ = ਭੇਟਾ ਅਰਪਣੀਆਂ, ਦੇਵੀ ਦੇਵ = ਦੇਵਤਿਆਂ ਦੀ ਸੇਵ = ਟਹਿਲ ਆਦਿ ਕਰਮ ਪਤੀਬ੍ਰਤਾ ਇਸਤਰੀ ਨੂੰ ਕਰਨ ਦੀ ਲੋੜ ਨਹੀਂ ਹੈ। ਗੁਰਬਾਣੀ ਕੀਰਤਨ ਤੋਂ ਬਗ਼ੈਰ ਹੋਰ ਰਾਗ ਸੁਣਨੇ ਜਾਂ ਗਾਉਣੇ, ਨਾਦ = ਧੁਨੀਆਂ ਦੀ ਰਟ ਲਗਾਉਣੀ ਤੇ ਬਾਦ = ਵਾਜਿਆਂ ਦੇ ਅਡੰਬਰ ਕਰਨੇ, ਆਨ = ਹੋਰਨਾਂ ਦੁਆਰ = ਬੂਹਿਆਂ ਉੱਤੇ ਜਾ ਕੇ ਸੰਬਾਦ = ਚਰਚਾ ਆਦਿ ਕਰਨੀ ਵੀ ਪਤੀਬ੍ਰਤਾ ਇਸਤਰੀ ਲਈ ਯੋਗ ਨ = ਨਹੀਂ ਹੈ।

ਤੈਸੇ ਗੁਰਸਿਖਨ ਮੈ ਏਕ ਟੇਕ ਹੀ ਪ੍ਰਧਾਨ;
ਆਨ ਗਿਆਨ ਧਿਆਨ ਸਿਮਰਨ ਬਿਬਚਾਰ ਹੈ॥੪੯੨॥

ਤੈਸੇ = ਉਸੇ ਤਰ੍ਹਾਂ ਹੀ ਗੁਰਸਿਖਨ = ਗੁਰਸਿੱਖਾਂ ਮੈ = ਵਿਚ ਏਕ = ਇਕ ਗੁਰਾਂ ਦੀ ਟੇਕ = ਓਟ ਲੈਣੀ ਹੀ ਪ੍ਰਧਾਨ = ਮੁੱਖ ਹੈ, ਆਨ = ਹੋਰ ਸਭ ਪ੍ਰਕਾਰ ਦੇ ਗਿਆਨ ਧਿਆਨ ਸਿਮਰਨ ਆਦਿ ਬਿਬਚਾਰ ਰੂਪ ਸਾਧਨ ਗੁਰਸਿੱਖੀ ਰੂਪ ਮਾਰਗ ਤੋਂ ਚਲਾਇਮਾਨ ਕਰਨ ਵਾਲੇ ਹੈ = ਹਨ **ਵਾ:** ਹੋਰ ਗਿਆਨ ਧਿਆਨ ਯਾਦ ਕਰਨੇ ਇਉਂ ਹਨ, ਜਿਵੇਂ ਪਤੀਬ੍ਰਤਾ ਇਸਤਰੀ ਨੂੰ ਬਿਬਚਾਰ = ਕੁਕਰਮ ਕਰਨਾ ਮਾੜਾ ਹੈ॥੪੯੨॥

ਜੈਸੇ ਪਤਿਬ੍ਰਤਾ ਕਉ ਪਵਿਤ੍ਰ ਘਰਿ ਵਾਸ ਨ੍ਹਾਤ;
ਅਸਨ ਬਸਨ ਧਨ ਧਾਮ ਲੋਕਾਚਾਰ ਹੈ॥

ਜੈਸੇ = ਜਿਸ ਤਰ੍ਹਾਂ ਪਤੀਬ੍ਰਤਾ ਇਸਤਰੀ ਕਉ = ਨੂੰ ਘਰਿ = ਗ੍ਰਿਹ ਵਿਚ ਵਾਸ = ਵੱਸਣਾ ਨ੍ਹਾਤ = ਨਹਾਉਣਾ ਧੋਣਾ, ਅਸਨ = ਭੋਜਨ, ਬਸਨ = ਬਸਤਰ, ਧਨ = ਦੌਲਤ, ਧਾਮ = ਘਰ ਆਦਿ ਵਰਤੋਂ ਵਿਹਾਰ ਲੋਕਾਚਾਰ ਵਜੋਂ ਪਵਿੱਤਰ ਹੈ **ਵਾ:** ਲੋਕਾਚਾਰ = ਲੋਕਾਂ ਦੇ ਕੰਮ ਪਵਿੱਤਰ ਹੈ = ਹਨ।

ਤਾਤ ਮਾਤ ਭ੍ਰਾਤ ਸੁਤ ਸੁਜਨ ਕੁਟੰਬ ਸਖਾ;
ਸੇਵਾ ਗੁਰ ਜਨ ਸੁਖ ਅਭਰਨ ਸਿੰਗਾਰ ਹੈ॥

ਮਾਤ = ਮਾਂ, ਤਾਤ = ਪਿਉ, ਭ੍ਰਾਤ = ਭਰਾ, ਸੁਤ = ਪੁੱਤਰ ਸੁਜਨ = ਸ੍ਰੇਸ਼ਟ ਪੁਰਖ, ਕੁਟੰਬ = ਪਰਿਵਾਰ

ਤੇ ਸਖਾ = ਸਾਕ-ਸੰਬੰਧੀ ਅਤੇ ਗੁਰ = ਵੱਡੇ ਜਨ = ਪੁਰਖ ਭਾਵ ਸੱਸ ਸਹੁਰਾ ਆਦਿ ਦੀ ਸੇਵਾ = ਟਹਿਲ ਵਿਚ ਭੀ ਸੁਖ = ਆਨੰਦ ਸਮਝਣਾ ਅਤੇ ਅਭਰਨ = ਗਹਿਣੇ ਆਦਿ ਨਾਲ ਸਰੀਰ ਨੂੰ ਸਿੰਗਾਰ = ਸੁਹੱਪਣਤਾ ਦੇ ਸਹਿਤ ਰੱਖਣਾ।

ਕਿਰਤਿ ਬਿਰਤਿ ਪਰਸੂਤ ਮਲ ਮੂਤ੍ਰ-ਧਾਰੀ;
ਸਕਲ ਪਵਿਤ੍ਰ ਜੋਈ ਬਿਬਿਧਿ ਅਚਾਰ ਹੈ॥

ਜੋ ਆਪਣੀ ਬਿਰਤਿ = ਉਪਜੀਵਕਾ ਸੰਬੰਧੀ ਪੀਹਣ, ਕੱਤਣ, ਸਿਲਾਈ ਕਰਨੀ ਆਦਿ ਦੁਆਰਾ ਕਿਰਤਿ = ਕਮਾਈ ਕਰਨੀ ਹੈ ਤੇ ਪਰਸੂਤ = ਬੱਚੇ ਦੇ ਜੰਮਣ ਵਕਤ ਵਰਤਣ ਵਿਹਾਰ ਮਲ ਮੂਤਰਧਾਰੀ ਆਦਿ ਹੋਣਾ ਅਤੇ ਇਸ ਤੋਂ ਇਲਾਵਾ ਜੋਈ = ਜੋ ਬਿਬਿਧਿ = ਅਨੇਕ ਤਰ੍ਹਾਂ ਦੇ ਆਚਾਰ = ਕੰਮ ਹਨ, ਉਹ ਸਕਲ = ਸਾਰੇ ਹੀ ਤਦ ਪਵਿੱਤਰ ਹਨ ਜੇ ਪਤੀਬ੍ਰਤਾ ਧਰਮ ਵਿਚ ਪਰਪੱਕ ਜਾਂ ਪਤੀ ਦੀ ਆਗਿਆ ਮੰਨਦੀ ਹੈ।

ਤੈਸੇ ਗੁਰਸਿਖਨ ਕਉ ਲੇਪੁ ਨ ਗ੍ਰਿਹਸਤ ਮੈ;
ਆਨ ਦੇਵ ਸੇਵ ਧ੍ਰਿਗੁ ਜਨਮੁ ਸੰਸਾਰ ਹੈ॥੪੮੩॥

ਤੈਸੇ = ਉਸੇ ਪ੍ਰਕਾਰ ਗੁਰਸਿਖਨ = ਗੁਰਸਿੱਖਾਂ ਕਉ = ਨੂੰ ਗ੍ਰਿਹਸਤ = ਗ੍ਰਿਹਸਥ ਮਾਰਗ ਦੇ ਕੰਮ ਮੈ = ਵਿਚ ਕੋਈ ਵੀ ਲੇਪੁ = ਲੁਪਾਇਮਾਨਗੀ ਨ = ਨਹੀਂ ਹੁੰਦੀ, ਪਰੰਤੂ ਜਿਸ ਪ੍ਰਕਾਰ ਪਤੀਬ੍ਰਤਾ ਔਰਤ ਨੂੰ ਪਰਾਏ ਪੁਰਖਾਂ ਦਾ ਸੇਵਨ ਕਰਨੇ ਕਰਕੇ ਉਸ ਦਾ ਪਤੀਬ੍ਰਤਾ ਧਰਮ ਭੰਗ ਹੋ ਜਾਂਦਾ ਤੇ ਜਗਤ ਵਿਚ ਉਸ ਦਾ ਜਿਊਣਾ ਧ੍ਰਿਕਾਰ ਯੋਗ ਹੈ। ਉਸੇ ਤਰ੍ਹਾਂ ਹੀ ਆਨ = ਹੋਰ ਦੇਵ = ਦੇਵੀ ਦੇਵਤਿਆਂ ਦਾ ਸੇਵ = ਸੇਵਨ ਕਰਨੇ ਕਰਕੇ ਗੁਰਸਿੱਖਾਂ ਦਾ ਸਿੱਖੀ ਰੂਪ ਮਾਰਗ ਤੋਂ ਲਾਂਭੇ ਹੋਣ ਕਰਕੇ ਸੰਸਾਰ = ਜਗਤ ਵਿਚ ਜਨਮ = ਜੰਮਣ ਨੂੰ ਧ੍ਰਿਗ = ਧ੍ਰਿਕਾਰ ਯੋਗ ਹੈ॥੪੮੩॥

ਆਦਿਤ ਅਉ ਸੋਮ ਭੌਮ ਬੁਧ ਹੂੰ ਬ੍ਰਹਸਪਤਿ;
ਸੁਕਰ ਸਨੀਚਰ ਸਾਤੋ ਬਾਰ ਬਾਂਟ ਲੀਨੇ ਹੈ॥

ਆਦਿਤ = ਸੂਰਜ ਅਉ = ਅਤੇ ਸੋਮ = ਚੰਦਰਮਾ, ਭੌਮ = ਮੰਗਲ, ਬੁਧ ਤੇ ਬ੍ਰਹਸਪਤਿ = ਵੀਰਵਾਰ, (ਦੇਵ ਗੁਰੂ) ਦੈਂਤਾਂ ਦੇ ਗੁਰੂ ਸ਼ੁਕਰ, ਸਨੀਚਰ = ਛਨਿਛਰ, ਇਨ੍ਹਾਂ ਸੱਤਾਂ ਅਭਿਮਾਨੀ ਦੇਵਤਿਆਂ ਨੇ ਸਾਤੋ = ਸੱਤ ਬਾਰ = ਦਿਨਾਂ ਨੂੰ ਹੀ ਆਪਣੇ ਬਾਂਟ = ਹਿੱਸੇ ਪਾ ਲੀਨੇ = ਲੈਣਾ ਕੀਤਾ ਹੈ **ਵਾ:** ਇਨ੍ਹਾਂ ਨੂੰ ਪੂਜਣਾ ਲੋਕਾਂ ਨੇ ਬਾਂਟ = ਵੰਡ ਲੀਨੇ = ਲਿਆ ਹੈ।

ਥਿਤਿ ਪਖ ਮਾਸ ਰੁਤਿ ਲੋਗਨ ਮੈ ਲੋਗਾਚਾਰ;
ਏਕ ਏਕੰਕਾਰ ਕੋ ਨ ਕੋਊ ਦਿਨ ਦੀਨੇ ਹੈ॥

ਏਕਮ, ਦੂਜ, ਤੀਜ ਆਦਿ ੧੫ ਥਿਤਿ = ਥਿੱਤਾਂ, ਦੋ ਪਖ = ਸ਼ੁਕਲ (ਚਾਨਣਾ, ਹਨੇਰਾ) ੧੨ ਮਾਸ = ਮਹੀਨੇ, ਛੇ ਰੁੱਤਾਂ ਲੋਗਨ = ਲੋਕਾਂ ਮੈ = ਵਿਚ ਲੋਗਾਚਾਰ = ਲੋਕਾਂ ਵਾਲੇ ਕੰਮ ਪ੍ਰਧਾਨ ਹਨ ਭਾਵ ਲੋਕ

ਰੀਤੀ ਅਨੁਸਾਰ ਲੋਕਾਂ ਨੇ ਆਪੋ ਵਿਚ ਵੰਡ ਲਏ ਹਨ ਲੇਕਿਨ ਸਾਰੇ ਸਮੇਂ ਨੂੰ ਆਪਣੇ ਮਤਲਬ ਲਈ ਵੰਡ ਕੇ ਏਕ = ਇਕ ਏਕੰਕਾਰ = ਪਰਮੇਸ਼ਰ ਕਉ = ਨੂੰ ਆਰਾਧਨ ਵਾਸਤੇ ਉਸ ਦੇ ਹਿੱਸੇ ਕੋਊ = ਕੋਈ ਦਿਨ ਵੀ ਰਹਿਣ ਨ = ਨਹੀਂ ਦੀਨੇ = ਦਿੱਤਾ ਹੈ।

ਜਨਮ ਅਸਟਮੀ ਰਾਮ ਨਉਮੀ ਏਕਾਦਸੀ ਭਈ;
ਦੁਆਦਸੀ ਚਤੁਰਦਸੀ ਜਨਮੁ ਏ ਕੀਨੇ ਹੈ॥

ਜਿਹੜੇ ਦਿਨ ਇਸ ਲੇਖੇ ਵਿਚ ਪਾਏ ਵੀ ਹਨ, ਉਹ ਵਿਸ਼ਨੂੰ ਦੇ ਅਵਤਾਰ ਧਾਰਨ ਵਾਲੇ ਦਿਨ ਹਨ, ਜਿਵੇਂ ਕਿ ਜਨਮ ਅਸ਼ਟਮੀ ੧ ਭਾਦਰੋਂ ਵਦੀ ਅੱਠਵੀਂ ਵਿਸ਼ਨੂੰ ਦਾ ਕ੍ਰਿਸ਼ਨ ਰੂਪ ਹੋਣ ਦਾ ਦਿਨ, ਰਾਮ ਨਉਮੀ ੨ ਚੇਤ ਸੁਦੀ ਨਾਵੀਂ ਰਾਮਚੰਦਰ ਜੀ ਦਾ ਰੂਪ ਪ੍ਰਗਟ ਹੋਣ ਦਾ ਦਿਨ, ਏਕਾਦਸ਼ੀ ੩ ਫੱਗਣ ਸੁਦੀ ਗਿਆਰ੍ਹਵੀਂ ਹਰੀਬਾਸਰ ਨਾਮ ਨਾਲ ਪ੍ਰਸਿੱਧ ਦਿਹਾੜਾ ਹਰੀ ਸਰੂਪ ਵਿਚ ਅਵਤਾਰ ਲੈਣ ਦਾ ਦਿਨ, ਦੁਆਦਸ਼ੀ ੪ ਫੱਗਣ ਸੁਦੀ ਗਿਆਰ੍ਹਵੀਂ ਆਮਲਕ ਇਕਾਦਸ਼ੀ **ਵਾ:** ਦੁਆਦਸ਼ੀ = ਬਾਵਨ ਅਵਤਾਰ ਦਾ ਦਿਨ ਅਤੇ ਚਤੁਰਦਸ਼ੀ ਨਰਸਿੰਘ ਅਵਤਾਰ **ਵਾ:** ਅਨੰਤ ਭਗਵਾਨ ਦਾ ਦਿਹਾੜਾ ਇਉਂ ਏ = ਇਹ ਪਰਮੇਸ਼ਰ ਦੇ ਜਨਮ ਦੇ ਦਿਨ ਥਾਪ ਦੇਣਾ ਕੀਤੇ = ਕੀਤੇ ਹੈ = ਹਨ।

ਪਰਜਾ ਉਪਾਰਜਨ ਕੋ ਨ ਕੋਊ ਪਾਵੈ ਦਿਨ;
ਅਜੋਨੀ ਜਨਮ ਦਿਨੁ ਕਹੌ ਕੈਸੇ ਚੀਨੇ ਹੈ॥੪੮੪॥

ਉਸ ਪਰਮੇਸ਼ਰ ਦੀ ਉਪਾਰਜਨ = ਪੈਦਾ ਕੀਤੀ ਪਰਜਾ = ਸ੍ਰਿਸ਼ਟੀ ਕੋ = ਦਾ ਕੋਊ = ਕੋਈ ਦਿਨ ਤਾਂ ਪਤਾ ਨ = ਨਹੀਂ ਪਾਵੈ = ਪਾ ਸਕਦਾ, ਉਲਟਾ ਉਸ ਅਜੋਨੀ = ਜੂਨਾਂ ਤੋਂ ਰਹਿਤ ਪਰਮੇਸ਼ਰ ਦੇ ਜਨਮ ਦਾ ਦਿਨ ਕਹੌ = ਦੱਸੋ ਕੈਸੇ = ਕਿਸ ਤਰ੍ਹਾਂ ਚੀਨੇ = ਜਾਣ ਸਕਦਾ ਹੈ॥੪੮੪॥

ਜਾ ਕੋ ਨਾਮੁ ਹੈ ਅਜੋਨੀ ਕੈਸੇ ਕੈ ਜਨਮੁ ਲੈ;
ਕਹਾ ਜਾਨ ਬ੍ਰਤ ਜਨਮਾਸਟਮੀ ਕੋ ਕੀਨੋ ਹੈ॥

ਜਾ = ਜਿਸ ਪਰਮੇਸ਼ਰ ਕੋ = ਦਾ ਨਾਮ ਹੀ ਅਜੋਨੀ = ਜੂਨਾਂ ਤੋਂ ਰਹਿਤ ਹੈ, ਉਹ ਜਨਮ ਕੈਸੇ = ਕਿਸ ਤਰ੍ਹਾਂ ਕੈ = ਕਰਕੇ ਲੈ ਸਕਦਾ ਹੈ, ਕਹਾ = ਕੀ ਜਾਨ = ਜਾਣ ਕੇ ਲੋਕਾਂ ਨੇ ਉਸ ਦੇ ਨਮਿੱਤ ਜਨਮ ਅਸ਼ਟਮੀ ਕੋ = ਦਾ ਬ੍ਰਤ ਰੱਖ ਲੈਣਾ ਕੀਨੋ = ਕੀਤਾ ਹੈ।

ਜਾ ਕੋ ਜਗਜੀਵਨ ਅਕਾਲ ਅਬਿਨਾਸੀ ਨਾਮੁ;
ਕੈਸੇ ਕੈ ਬਧਿਕ ਮਾਰਿਓ ਅਪਜਸੁ ਲੀਨੋ ਹੈ॥

ਜਾ = ਜਿਸ ਕੋ = ਦਾ ਨਾਮ ਜਗਜੀਵਨ = ਸੰਸਾਰ ਦਾ ਜੀਵਨ ਰੂਪ, ਅਕਾਲ = ਕਾਲ ਤੋਂ ਰਹਿਤ ਸਰੂਪ ਤੇ ਅਬਿਨਾਸੀ = ਨਾਸ਼ ਤੋਂ ਰਹਿਤ ਸਰੂਪ ਹੈ, ਕੈਸੇ = ਕਿਸ ਤਰ੍ਹਾਂ ਕੈ = ਕਰਕੇ ਉਸ ਨੂੰ ਬਧਿਕ = ਸ਼ਿਕਾਰੀ ਨੇ ਬਾਣ ਮਾਰ ਕੇ ਮਾਰਿਓ = ਮਾਰਿਆ ਹੋਵੇਗਾ ਤੇ ਕੁਲ ਨਾਸ਼ ਕਰਨ ਦੀ ਅਪਜਸੁ = ਅਪਕੀਰਤੀ ਦਾ ਕਲੰਕ ਉਸ ਨੇ ਕਿਵੇਂ ਲੀਨੋ = ਲੈਣਾ ਕੀਤਾ ਹੈ **ਵਾ:** ਉਸ ਨੂੰ ਸ਼ਿਕਾਰੀ ਨੇ ਬਾਣ ਮਾਰ ਕੇ ਅਪਜੱਸ ਲਿਆ ਹੈ **ਵਾ:**

ਉਸ ਨੇ ਆਪ ਸ਼ਿਕਾਰੀਆਂ ਵਾਂਗ ਲੁਕ ਕੇ ਬਾਲੀ ਨੂੰ ਰੁੱਤੇ ਜੁਗ ਵਿਚ ਮਾਰ ਕੇ ਅਪਕੀਰਤੀ ਖੱਟ ਲੈਣਾ ਕੀਤੀ ਹੈ।

ਨਿਰਮਲ ਨਿਰਦੋਖ ਮੋਖ ਪਦੁ ਜਾ ਕੇ ਨਾਮਿ;
ਗੋਪੀਨਾਥ ਕੈਸੇ ਹੁਇ ਬਿਰਹ ਦੁਖ ਦੀਨੋ ਹੈ॥

ਜਾ = ਜਿਸ ਕੇ = ਦੇ ਨਾਮ ਨਿਰਮਲ = ਉੱਜਲ ਸਰੂਪ, ਨਿਰਦੋਖ = ਦੋਸ਼ਾਂ ਤੋਂ ਰਹਿਤ, ਮੋਖ = ਮੁਕਤੀ ਦਾ ਪਦੁ = ਰੁਤਬਾ ਦੇਣ ਵਾਲਾ ਆਦਿ ਆਖੇ ਜਾਂਦੇ ਹਨ, ਤਾਂ ਫੇਰ ਗੋਪੀਨਾਥ = ਗੋਪੀਆਂ ਦਾ ਸੁਆਮੀ ਹੁਇ = ਹੋ ਕੇ ਕੈਸੇ = ਕਿਸ ਤਰ੍ਹਾਂ ਉਸ ਨੇ ਉਨ੍ਹਾਂ ਨੂੰ ਬਿਰਹ = ਵਿਛੋੜੇ ਦਾ ਦੁਖ = ਕਸ਼ਟ ਦੇਣਾ ਕੀਨੋ = ਕੀਤਾ ਹੈ।

ਪਾਹਨ ਕੀ ਪ੍ਰਤਿਮਾ ਕੇ ਅੰਧ ਕੰਧ ਹੈ ਪੂਜਾਰੀ;
ਅੰਤਰਿ ਅਗਿਆਨ ਮਤਿ ਗਿਆਨ ਗੁਰ ਹੀਨੋ ਹੈ॥੪੮੫॥

ਫੇਰ ਪਾਹਨ = ਪੱਥਰ ਕੀ = ਦੀਆਂ ਪ੍ਰਤਿਮਾ = ਮੂਰਤਾਂ ਉਸ ਦੀਆਂ ਕਲਪ ਕਲਪ ਕੇ ਇਸ ਤਰ੍ਹਾਂ ਅੰਧ = ਅੰਨ੍ਹੇ, ਜੜ੍ਹ ਰੂਪ ਬੁੱਤਾਂ ਦੇ ਪੂਜਾਰੀ = ਪੂਜਣ ਵਾਲੇ ਅਨੇਕ ਕੰਧ = ਸਰੀਰ, ਭਗਤ ਬਣ ਬੈਠਦੇ ਹੈ = ਹਨ। ਅਸਲ ਵਿਚ ਐਸੇ ਲੋਕਾਂ ਦੀ ਮਤਿ = ਅਕਲ ਵਿਚ ਅਗਿਆਨ ਨੇ ਅੰਤਰਿ = ਫ਼ਰਕ ਪਾ ਰੱਖਿਆ ਹੈ, ਇਸੇ ਕਰਕੇ ਉਹ ਗੁਰ = ਸਤਿਗੁਰਾਂ ਦੇ ਗਿਆਨ ਤੋਂ ਹੀਨੇ = ਰਹਿਤ ਰਹਿ ਜਾਂਦੇ ਹੈ = ਹਨ॥੪੮੫॥

ਸਾਰਿਆਂ ਖ਼ਜ਼ਾਨਿਆਂ ਦੇ ਮਾਲਕ ਸਤਿਗੁਰੂ ਜੀ ਦੀ ਸੇਵਾ ਅੱਗੇ ਦੇਵੀ ਦੇਵਤਿਆਂ ਦੀ ਸੇਵਾ ਤੁੱਛ ਹੈ, ਇਸ ਬਾਬਤ ਅੱਗੇ ਦੱਸਦੇ ਹਨ :

ਸੂਰਜ ਪ੍ਰਗਾਸ, ਨਾਸ ਉਡਗਨ ਅਗਨਿਤ ਜਿਉ;
ਆਨ ਦੇਵ ਸੇਵ ਗੁਰਦੇਵ ਕੇ ਧਿਆਨ ਕੈ॥

ਜਿਸ ਪ੍ਰਕਾਰ ਸੂਰਜ ਦੇ ਪ੍ਰਗਾਸ = ਪ੍ਰਕਾਸ਼, ਚਾਨਣੇ ਅੱਗੇ ਅਗਨਿਤ = ਅਸੰਖ ਉਡਗਨ = ਤਾਰੇ ਨਾਸ਼ ਭਾਵ ਅਲੋਪ ਹੋ ਜਾਂਦੇ ਹਨ, ਉਸੇ ਤਰ੍ਹਾਂ ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਕੇ = ਦੇ ਧਿਆਨ = ਪਿਆਰ ਨੂੰ ਕੈ = ਕਰਦਿਆਂ ਸਾਰ ਹੀ ਆਨ = ਹੋਰ ਦੇਵ = ਦੇਵਤਿਆਂ ਦਾ ਸੇਵ = ਸੇਵਨ ਕਰਨ ਦਾ ਖ਼ਿਆਲ ਦੂਰ ਹੋ ਜਾਂਦਾ ਹੈ।

ਹਾਟ ਬਾਟ ਘਾਟ ਠਾਟੁ ਘਟੈ ਘਟੈ ਨਿਸ ਦਿਨੁ;
ਤੈਸੇ ਲੋਗ ਬੇਦ ਭੇਦ ਸਤਿਗੁਰ ਗਿਆਨ ਹੈ॥

ਜਿਸ ਤਰ੍ਹਾਂ ਸਮੇਂ ਦੇ ਪ੍ਰਭਾਵ ਕਰਕੇ ਨਿਸ ਦਿਨੁ = ਰਾਤ ਦਿਨ ਹਾਟ = ਹੱਟੀਆਂ (ਬਾਜ਼ਾਰਾਂ) ਬਾਟ = ਰਸਤਿਆਂ ਤੇ ਦਰਿਆਵਾਂ ਘਾਟ = ਪੱਤਣਾਂ ਦਾ ਠਾਟੁ = ਬਣਾਉ ਭਾਵ ਪਹਿਲਾਂ ਪਸਾਰਾ ਘਟੈ ਘਟੈ = ਘਟਦਾ ਹੀ ਘਟਦਾ ਜਾ ਰਿਹਾ ਹੈ ਭਾਵ ਰਾਤ ਨੂੰ ਹੱਟੀਆਂ, ਰਸਤੇ, ਪੱਤਣ ਬੰਦ ਹੋ ਜਾਂਦੇ ਹਨ ਤੇ ਦਿਨੇ ਖੁੱਲ੍ਹ ਜਾਂਦੇ ਹਨ, ਤੈਸੇ = ਉਸੇ ਤਰ੍ਹਾਂ ਹੀ ਸਤਿਗਰ = ਸੱਚੇ ਗੁਰਾਂ ਦੇ ਗਿਆਨ ਰੂਪ ਸੂਰਜ ਕੈ = ਕਰਕੇ

ਦਿਨੋ ਦਿਨ ਲੋਗ = ਲੋਕਾਂ ਬੇਦਾਂ ਦਾ ਭੇਦ = ਫ਼ਰਕ ਉੱਡ ਜਾਂਦਾ ਹੈ ਭਾਵ ਲੋਕ ਤੇ ਵੇਦ ਗਿਆਨ ਗੁਰੂ ਦੇ ਗਿਆਨ ਬਰਾਬਰ ਪਹੁੰਚ ਨਹੀਂ ਸਕਦੇ ਹਨ।

ਚੋਰ ਜਾਰ ਅਉ ਜੂਆਰ ਮੋਹ ਦ੍ਰੋਹ ਅੰਧਕਾਰ;
ਪ੍ਰਾਤ ਸਮੈ ਸੋਭਾ ਨਾਮ ਦਾਨ ਇਸਨਾਨ ਕੈ ॥

ਜਿਸ ਪ੍ਰਕਾਰ ਚੋਰਾਂ, ਜਾਰ = ਯਾਰਾਂ ਅਉ = ਅਤੇ ਜੂਆਰ = ਜੂਆਰੀਆਂ ਵਾਲਾ ਮੋਹ = ਮੋਹਨ (ਠੱਗ) ਤੇ ਦ੍ਰੋਹ = ਧੋਖੇ ਛਲ ਵਾਲਾ ਅੰਧਕਾਰ = ਹਨੇਰੇ ਵਾਲਾ ਸਮਾਂ ਦੂਰ ਹੋ ਰਿਹਾ ਹੈ ਅਤੇ ਨਾਮ ਦਾਨ ਤੇ ਇਸ਼ਨਾਨ ਕੈ = ਦੇ ਸਮੈ = ਵਕਤ ਦੀ ਪ੍ਰਾਤ = ਪ੍ਰਭਾਤ ਦਾ ਸਮਾਂ ਉਦੇ ਹੋ ਰਿਹਾ ਹੈ ਭਾਵ ਗੁਰੂ ਦਾ ਗਿਆਨ ਰੂਪ ਸੂਰਜ ਉਦੇ ਹੋ ਰਿਹਾ ਹੈ ਤੇ ਦੇਵੀ ਦੇਵਤਿਆਂ ਦਾ **ਵਾ:** ਅਗਿਆਨ ਰੂਪ ਹਨੇਰਾ ਦੂਰ ਹੋ ਰਿਹਾ ਹੈ।

ਆਨ ਸਰ ਮੇਡਕੁ ਸਿਵਾਲ ਘੋਘਾ ਮਾਨਸਰ;
ਪੂਰਨ ਬ੍ਰਹਮ ਗੁਰ ਸਰਬ ਨਿਧਾਨ ਕੈ ॥੪੮੬॥

ਜਿਸ ਪ੍ਰਕਾਰ ਆਨ = ਹੋਰਨਾਂ ਸਰ = ਤਲਾਵਾਂ 'ਤੇ ਮੇਡਕੁ = ਡੱਡੂ ਸਿਵਾਲ = ਜਾਲਾ, ਘੋਘਾ = ਘੋਘੇ ਹੁੰਦੇ ਹਨ ਅਤੇ ਹੰਸ ਦੇ ਨਿਵਾਸ ਵਾਲੇ ਮਾਨਸਰ = ਮਾਨਸਰੋਵਰ ਉੱਤੇ ਇਹ ਸਭ ਵਸਤੂਆਂ ਨੱਸ ਜਾਂਦੀਆਂ ਹਨ ਅਤੇ ਹੀਰੇ, ਮੋਤੀ ਆਦਿ ਦੇ ਸਰਬ = ਸਾਰੇ ਨਿਧਾਨ = ਖ਼ਜ਼ਾਨੇ ਹੁੰਦੇ ਹਨ, ਇਸੇ ਤਰ੍ਹਾਂ ਹੀ ਹੋਰ ਦੇਵੀ ਦੇਵਤਿਆਂ ਦੇ ਪ੍ਰਤਾਪ, ਗੁਰਾਂ ਦੇ ਤੇਜ-ਪ੍ਰਤਾਪ ਅੱਗੇ ਛਿਪ ਜਾਂਦੇ ਹਨ ਅਤੇ ਪੂਰਨ = ਪਰੀਪੂਰਨ ਬ੍ਰਹਮ = ਵਿਆਪਕ ਪਰਮੇਸ਼ਰ ਦਾ ਰੂਪ ਗੁਰ = ਸਤਿਗੁਰਾਂ ਦੇ ਪਾਸੋਂ ਸਾਰੇ ਨਾਮ, ਦਾਨ, ਗਿਆਨ ਆਦਿ ਦੇ ਨਿਧਾਨ = ਖ਼ਜ਼ਾਨੇ ਮਿਲਦੇ ਹਨ॥੪੮੬॥

ਨਿਸ ਦਿਨ ਅੰਤਰਿ ਜਿਉ ਅੰਤਰੁ ਬਖਾਨੀਅਤ;
ਤੈਸੇ ਆਨ ਦੇਵ ਗੁਰਦੇਵ ਸੇਵ ਜਾਨੀਐ ॥

ਜਿਉ = ਜਿਸ ਤਰ੍ਹਾਂ ਨਿਸ ਦਿਨ = ਰਾਤ ਦਿਨ ਅੰਤਰਿ = ਵਿਚ ਅੰਤਰੁ = ਫ਼ਰਕ ਬਖਾਨੀਅਤ = ਕਥਨ ਕਰੀਦਾ ਹੈ, ਤੈਸੇ = ਉਸੇ ਪ੍ਰਕਾਰ ਹੀ ਆਨ = ਹੋਰਨਾਂ ਦੇਵ = ਦੇਵੀ ਦੇਵਤਿਆਂ ਦੀ ਸੇਵ = ਟਹਿਲ ਤੇ ਸ੍ਰੀ ਗੁਰਦੇਵ = ਗੁਰੂ ਨਾਨਕ ਦੇਵ ਜੀ ਦੇ ਘਰ ਦੀ ਸੇਵ = ਟਹਿਲ ਵਿਚ ਅੰਤਰਾ ਜਾਨੀਐ = ਜਾਨਣਾ ਕਰੋ ਅਰਥਾਤ ਦੇਵੀ ਦੇਵਤਿਆਂ ਦੀ ਟਹਿਲ ਸੰਸਾਰਕ ਪਦਾਰਥ ਤੇ ਅਗਿਆਨ ਰੂਪ ਹਨੇਰੇ ਨੂੰ ਹੋਰ ਘੋਰ ਹਨੇਰਾ ਕਰਨ ਵਾਲੀ ਹੈ ਭਾਵ ਮੁਕਤੀ ਨਹੀਂ ਹੁੰਦੀ ਅਤੇ ਗੁਰੂ ਨਾਨਕ ਦੇਵ ਜੀ ਦੇ ਘਰ ਦੀ ਟਹਿਲ ਕਰ ਕੇ ਗਿਆਨ ਰੂਪ ਪ੍ਰਕਾਸ਼ ਹੋਣੇ ਕਰਕੇ ਆਤਮਿਕ ਅਨੰਦ ਰੂਪ ਸੁਖ ਪ੍ਰਾਪਤ ਹੁੰਦਾ ਹੈ।

ਨਿਸ ਅੰਧਕਾਰ ਬਹੁ ਤਾਰਿਕਾ ਚਮਤਕਾਰ;
ਦਿਨ ਦਿਨਕਰ ਏਕੰਕਾਰ ਪਹਿਚਾਨੀਐ ॥

ਜਿਸ ਪ੍ਰਕਾਰ ਨਿਸ = ਰਾਤ ਦੇ ਅੰਧਕਾਰ = ਹਨੇਰੇ ਵਿਚ ਬਹੁ = ਬਹੁਤ ਸਾਰੇ ਤਾਰਿਕਾ = ਤਾਰੇ ਚਮਤਕਾਰ = ਪ੍ਰਕਾਸ਼ਦੇ ਹਨ ਅਤੇ ਦਿਨਕਰ = ਸੂਰਜ ਦੇ ਚੜ੍ਹਿਆਂ ਦਿਨ ਹੋਣ ਤੋਂ ਸਾਰੇ ਅਲੋਪ ਹੋ ਜਾਂਦੇ ਹਨ।

ਇਸੇ ਪ੍ਰਕਾਰ ਏਕੰਕਾਰ = ਪਰਮੇਸ਼ਰ ਦਾ ਸਰੂਪ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਪਹਿਚਾਨੀਐ = ਜਾਣਨਾ ਕਰੀਦਾ ਹੈ ਕਿਉਂਕਿ ਉਨ੍ਹਾਂ ਦਾ ਕਲਿਜੁਗ ਵਿਚ ਪ੍ਰਕਾਸ਼ ਹੋਣ ਨਾਲ ਦੇਵੀ ਦੇਵਤਿਆਂ ਦਾ ਆਰਾਧਨ ਕਰਨ ਵਾਲੇ ਬਹੁਤ ਸਾਰੇ ਉੱਡ, ਅਲੋਪ ਹੋ ਗਏ ਹਨ।

ਨਿਸ ਅੰਧਿਆਰੀ ਮੈ ਬਿਕਾਰੀ ਹੈ ਬਿਕਾਰ ਹੇਤੁ;
ਪ੍ਰਾਤ ਸਮੈ ਨੇਹੁ ਨਿਰੰਕਾਰੀ ਉਨਮਾਨੀਐ ॥

ਅੰਧਿਆਰੀ = ਹਨੇਰੀ ਨਿਸ = ਰਾਤ ਮੈ = ਵਿਚ ਬਿਕਾਰੀ = ਵਿਸ਼ਈ ਲੋਕ ਬਿਕਾਰ = ਵਿਸ਼ਿਆਂ ਨਾਲ ਹੇਤੁ = ਸਨੇਹ ਲਗਾਉਣਾ ਕਰਦੇ ਹੈ = ਹਨ ਭਾਵ ਹੋਰਨਾਂ ਦੇਵਤਿਆਂ ਦੀ ਟਹਿਲ ਪੁਰਖਾਂ ਨੂੰ ਜ਼ਿਆਦਾਤਰ ਸਕਾਮੀ ਬਣਾਉਂਦੀ ਹੈ ਅਤੇ ਪ੍ਰਾਤ = ਪ੍ਰਭਾਤ (ਅੰਮ੍ਰਿਤ ਵੇਲੇ) ਸਮੈ = ਵਕਤ ਨਿਰੰਕਾਰੀ = ਪਰਮੇਸ਼ਰ ਦਾ ਨੇਹੁ = ਪ੍ਰੇਮ ਹੀ ਉਨਮਾਨੀਐ = ਵਿਚਾਰਨਾ ਕਰੀਦਾ ਹੈ ਭਾਵ ਗੁਰਾਂ ਦੀ ਟਹਿਲ ਵਿਚ ਲੱਗਣ ਕਰਕੇ ਸਿੱਖਾਂ ਦਾ ਚਿੱਤ ਸੁਤੇ-ਸਿਧ ਹੀ ਨਿਸ਼ਕਾਮੀ ਤੇ ਪਰਮੇਸ਼ਰ ਦੇ ਪ੍ਰਾਇਣ ਪ੍ਰੇਮ ਕਰਨ ਵਾਲਾ ਬਣਦਾ ਹੈ।

ਰੈਨ ਸੈਨ ਸਮੈ ਠਗ ਚੋਰ ਜਾਰ ਹੋਇ ਅਨੀਤ;
ਰਾਜਨੀਤਿ ਰੀਤਿ ਪ੍ਰੀਤਿ ਬਾਸੁਰ ਬਖਾਨੀਐ ॥੪੮੭॥

ਰੈਨ = ਰਾਤ ਨੂੰ ਸੈਨ = ਆਰਾਮ (ਸੌਣ) ਦੇ ਸਮੈ = ਵਕਤ ਠਗ = ਠੱਗੀ ਮਾਰਨ ਵਾਲੇ ਪੁਰਸ਼, ਚੋਰ = ਚੋਰੀ ਕਰਨ ਵਾਲੇ ਪੁਰਖਾਂ ਤੇ ਵਿਭਚਾਰ ਕਰਨ ਲਈ ਔਰਤ ਨਾਲ ਜਾਰ = ਯਾਰੀ (ਦੋਸਤੀ) ਕਰਨ ਵਾਲੇ ਆਦਿ ਸਾਰੇ ਲੋਕਾਂ ਦੀ ਅਨੀਤ = ਖੋਟੀ ਨੀਤੀ ਹੁੰਦੀ ਹੈ ਭਾਵ ਬੁਰਾ ਕਰਮ ਕਰਨ ਦੀ ਨੀਤੀ ਹੁੰਦੀ ਹੈ ਭਾਵ ਹੋਰਨਾਂ ਦੇਵੀ ਦੇਵਤਿਆਂ ਦੀ ਟਹਿਲ ਵਕਤ ਕਾਮ ਕ੍ਰੋਧ ਆਦਿ ਵਿਸ਼ਿਆਂ ਦਾ ਪ੍ਰਭਾਵ ਹੁੰਦਾ ਹੈ ਪਰੰਤੂ ਬਾਸੁਰ = ਦਿਨ ਦੇ ਵਕਤ ਰਾਜਨੀਤਿ = ਰਾਜੇ ਦੀ ਨੀਤੀ ਭਾਵ ਨਿਆਏ ਧਰਮ ਦੀ ਰੀਤ ਨਾਲ ਪ੍ਰੀਤਿ = ਸਨੇਹ ਰਾਜ ਧਰਮ ਦੀ ਪਰਵਿਰਤੀ ਮਸ਼ਹੂਰ ਹੁੰਦੀ ਹੈ ਅਰਥਾਤ ਗੁਰਾਂ ਦੀ ਸੇਵਾ ਵਿਚ ਰਾਜ ਮਰਯਾਦਾ ਦੀ ਪ੍ਰੀਤੀ **ਵਾ:** ਜਿਹੜਾ ਜੁਗ ਹੋਵੇ ਉਸ ਦੇ ਪਾਲਣ ਦੀ ਪ੍ਰੀਤੀ ਪੈਦਾ ਹੁੰਦੀ ਹੈ, ਕਲਿ ਕੇਵਲ ਨਾਮ ਧਰਮ ਪ੍ਰਮਾਣ ਅਨੁਸਾਰ ਨਾਮ ਧਰਮ ਦੀ ਪ੍ਰੀਤੀ ਦਾ ਪਾਲਣ ਹੁੰਦਾ ਹੈ॥੪੮੭॥

ਨਿਸ ਦੁਰਮਤਿ ਹੁਇ ਅਧਰਮ ਕਰਮ ਹੇਤੁ;
ਗੁਰਮਤਿ ਬਾਸੁਰ ਸੁ ਧਰਮ ਕਰਮ ਹੈ ॥

ਨਿਸ = ਰਾਤ ਦੇ ਵਕਤ ਦੁਰਮਤਿ = ਖੋਟੀ ਮੱਤ ਕਾਰਨ ਅਧਰਮ = ਪਾਪ ਕਰਮ = ਕਰਮਾਂ ਨਾਲ ਹੇਤੁ = ਪ੍ਰੇਮ ਹੁੰਦਾ ਹੈ ਤੇ ਬਾਸੁਰ = ਦਿਨ ਵੇਲੇ ਗੁਰਮਤਿ = ਗੁਰ ਸਿੱਖਿਆ ਦੇ ਪ੍ਰਭਾਵ ਕਰਕੇ ਸੁ = ਸ੍ਰੇਸ਼ਟ ਧਰਮ = ਪੁੰਨ ਕਰਮਾਂ ਨਾਲ ਪ੍ਰੇਮ ਹੁੰਦਾ ਹੈ।

ਦਿਨਕਰਿ ਜੋਤਿ ਕੋ ਉਦੋਤ ਸਭ ਕਿਛੁ ਸੂਝੈ;
ਨਿਸ ਅੰਧਿਆਰੀ ਭੂਲੇ ਭ੍ਰਮਤ ਭਰਮ ਹੈ ॥

ਦਿਨਕਰਿ = ਸੂਰਜ ਦੀ ਜੋਤਿ = ਰੋਸ਼ਨੀ ਕੋ = ਦਾ ਚਾਨਣ ਉਦੋਤ = ਉਦੇ ਹੁੰਦੇ ਸਾਰ ਸਭ = ਸਾਰਾ

ਕਿਛੁ = ਕੁਝ ਸੂਝੈ = ਸੁੱਝਣ ਲੱਗ ਪੈਂਦਾ ਹੈ ਅਤੇ ਅੰਧਿਆਰੀ = ਹਨੇਰੀ ਨਿਸ = ਰਾਤ ਵਿਚ ਭਰਮ ਵਿਚ ਭ੍ਰਮਤ = ਭਰਮਦਾ ਹੋਇਆ ਭੂਲੇ = ਭੁੱਲਿਆ ਹੀ ਰਹਿੰਦਾ ਹੈ **ਵਾ:** ਗੁਰਮਤਿ, ਗੁਰੂ ਰੂਪ ਸੂਰਜ ਦੇ ਗਿਆਨ ਰੂਪ ਪ੍ਰਕਾਸ਼ ਦੇ ਦਰਸ਼ਨ ਹੁੰਦੇ ਸਾਰ ਹੀ ਸਭ = ਸਾਰਾ ਕਿਛੁ = ਕੁਝ ਸੁੱਝ ਆਉਂਦਾ ਹੈ ਭਾਵ ਸੱਚ ਸਰੂਪ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਦੁਰਮਤਿ ਰੂਪ ਹਨੇਰੀ ਰਾਤ ਕਰਕੇ ਸਰੂਪ ਦੇ ਭਰਮ ਵਿਚ ਭਟਕਦਾ ਭੁੱਲਿਆ ਫਿਰਦਾ ਹੈ।

ਗੁਰਮੁਖਿ ਸੁਖ ਫਲ ਦਿਬਿ ਦੇਹ ਦ੍ਰਿਸਟਿ ਹੁਇ;
ਆਨ ਦੇਵ ਸੇਵਕ ਹੁਇ ਦ੍ਰਿਸਟਿ ਚਰਮ ਹੈ॥

ਗੁਰਮੁਖ ਜਨਾਂ ਨੂੰ ਗੁਰਾਂ ਦੇ ਗਿਆਨ ਦੁਆਰਾ ਸੁਖ = ਆਨੰਦ ਰੂਪ ਫਲ ਦੇਣ ਵਾਲੀ ਦਿਬ ਦੇਹ ਤੇ ਦਿਬ ਦ੍ਰਿਸ਼ਟੀ ਦੀ ਪ੍ਰਾਪਤ ਹੁਇ = ਹੋ ਜਾਂਦੀ ਹੈ ਪਰ ਆਨ = ਹੋਰ ਦੇਵ = ਦੇਵੀ ਦੇਵਤਿਆਂ ਦੀ ਸੇਵ = ਟਹਿਲ ਕਰਨ ਨਾਲ ਜਾਂ ਉਨ੍ਹਾਂ ਦਾ ਸੇਵਕ = ਦਾਸ ਬਣਨ ਨਾਲ ਦ੍ਰਿਸਟਿ = ਦ੍ਰਿਸ਼ਟੀ ਚਰਮ = ਚੰਮ ਉੱਪਰ ਹੀ ਹੁਇ = ਹੁੰਦੀ ਹੈ ਭਾਵ ਦ੍ਰਿਸ਼ਟੀ ਪਰਾਏ ਚੰਮ ਦੇਖਣ ਵੱਲ ਲੱਗੀ ਰਹਿੰਦੀ ਹੈ **ਵਾ:** ਐਸੇ ਸੇਵਕ ਸਥੂਲ ਦ੍ਰਿਸ਼ਟੀ ਵਿਚ ਹੀ ਭਟਕਦੇ ਰਹਿੰਦੇ ਹਨ।

ਸੰਸਾਰੀ ਸੰਸਾਰੀ ਸੰਗਿ ਅੰਧ ਅੰਧ ਕੰਧ ਲਾਗੈ;
ਗੁਰਮੁਖਿ ਸੰਧ ਪਰਮਾਰਥ ਮਰਮੁ ਹੈ॥੪੮੮॥

ਦੁਰਮਤਿ ਹਨੇਰੇ ਦੇ ਬਲ ਕਰਕੇ ਸੰਸਾਰੀ = ਜਗਤ ਦੇ ਲੋਕ ਸੰਸਾਰੀ = ਜਗਤ ਵਿਚ ਅੰਧ = ਅੰਨ੍ਹਿਆਂ ਵਾਂਗ ਅੰਧ = ਅੰਨ੍ਹੇਵਾਹ ਕੰਧ = ਦੀਵਾਰਾਂ ਦੀਆਂ ਮੂਰਤਾਂ ਸੰਗਿ = ਨਾਲ ਲਾਗੈ = ਲੱਗੇ ਹੋਏ ਹਨ **ਵਾ:** ਕੰਧਾਂ ਦੀਆਂ ਮੂਰਤਾਂ ਵਾਂਗ ਅਗਿਆਨ, ਭਰਮ ਵਿਚ ਜੜੇ, ਫਸੇ ਹੋਏ ਹਨ ਅਤੇ ਗੁਰਮੁਖ ਜਨ ਪਰਮੇਸ਼ਰ ਦੇ ਪ੍ਰਯੋਜਨ ਦੀ ਮਿਲਣੀ ਦੇ ਮਰਮੁ = ਭੇਦ ਵਿਚ ਲੱਗੇ ਹੋਏ ਹੈ = ਹਨ ਭਾਵ ਹਰ ਵਕਤ ਨਾਮ ਸਿਮਰਨ ਵਿਚ ਲੱਗੇ ਰਹਿੰਦੇ ਹਨ ॥੪੮੮॥

ਜੈਸੇ ਜਲ ਮਿਲਿ ਬਹੁ ਬਰਨ ਬਨਾਸਪਤੀ;
ਚੰਦਨ ਸੁਗੰਧ ਬਨ ਚੰਦਨ ਕਰਤ ਹੈ॥

ਜੈਸੇ = ਜਿਸ ਪ੍ਰਕਾਰ ਜਲ = ਪਾਣੀ ਨਾਲ ਮਿਲਿ = ਮਿਲਣੇ ਕਰਕੇ ਬਨਾਸਪਤੀ ਬਹੁ = ਬਹੁਤ ਬਰਨ = ਰੰਗਾਂ ਦੀ ਹੋਇਆ ਕਰਦੀ ਹੈ ਅਤੇ ਚੰਦਨ ਬ੍ਰਿਛ ਦੀ ਸੁਗੰਧੀ = ਸੁਅ਼ਸ਼ਟ ਮਹਿਕ ਸਾਰੇ ਬਨ = ਜੰਗਲ ਨੂੰ ਚੰਦਨ ਬਣਾ ਦੇਣਾ ਕਰਤ = ਕਰਦੀ ਹੈ।

ਜੈਸੇ ਅਗਨਿ ਅਗਨਿ ਧਾਤੁ ਜੋਈ ਸੋਈ ਦੇਖੀਅਤਿ;
ਪਾਰਸ ਪਰਸਿ ਜੋਤਿ ਕੰਚਨ ਧਰਤ ਹੈ॥

ਜੈਸੇ = ਜਿਸ ਪ੍ਰਕਾਰ ਜੋਈ = ਜੋ ਅਗਨਿ = ਅੱਗ ਵਿਚ ਧਾਤੁ ਪੈ ਕੇ ਅਗਨਿ = ਅੱਗ ਵਾਂਗ ਲਾਲ ਹੋਈ ਜਾਪਦੀ ਹੈ, ਪਰੰਤੂ ਅੰਦਰੋਂ ਸੋਈ = ਉਹੋ ਜਿਹੀ ਹੀ ਦੇਖੀਅਤਿ = ਦੇਖਣ ਵਿਚ ਆਉਂਦੀ ਹੈ ਅਤੇ ਪਾਰਸ

ਨੂੰ ਪਰਸ ਕੇ ਉਸ ਧਾਤੂ ਨੂੰ ਉਹ ਜੋਤਿ = ਚਮਕ ਪ੍ਰਾਪਤ ਹੁੰਦੀ ਹੈ ਜੋ ਅਸਲ ਵਿਚ ਅੰਦਰੋਂ ਬਾਹਰੋਂ ਕੰਚਨ = ਸੋਨੇ ਨੇ ਧਰਤ = ਧਾਰਨ ਕੀਤੀ ਹੁੰਦੀ ਹੈ ਭਾਵ ਪਾਰਸ ਨਾਲ ਪਰਸ ਕੇ ਲੋਹਾ ਆਦਿ ਧਾਤੂ ਸੋਨਾ ਬਣ ਜਾਂਦੀ ਹੈ।

ਤੈਸੇ ਆਨ ਦੇਵ ਸੇਵ ਮਿਟਤ ਨਹੀ ਕੁਟੇਵ;
ਸਤਿਗੁਰ ਦੇਵ ਸੇਵ ਭੈਜਲ ਤਰਤ ਹੈ॥

ਤੈਸੇ = ਉਸੇ ਪ੍ਰਕਾਰ ਹੀ ਅੱਗ ਵਾਂਗ ਆਨ = ਹੋਰ ਦੇਵ = ਦੇਵੀ ਦੇਵਤਿਆਂ ਦੀ ਸੇਵ = ਟਹਿਲ ਕਰਕੇ ਕੁਟੇਵ = ਬੁਰੀ ਆਦਤ ਮਿਟਤ = ਦੂਰ ਨਹੀਂ ਹੁੰਦੀ ਭਾਵ ਜਨਮਾਂ ਜਨਮਾਂ ਤੋਂ ਚਲੀ ਆ ਰਹੀ ਵਿਸ਼ੇ-ਵਿਕਾਰਾਂ ਨੂੰ ਭੋਗਣ, ਹਉਮੈ ਆਦਿ ਦੀ ਭੈੜੀ ਆਦਤ ਦੂਰ ਨਹੀਂ ਹੁੰਦੀ, ਪਰੰਤੂ ਪਾਰਸ ਵਾਂਗ ਦੇਵ = ਪ੍ਰਕਾਸ਼ ਰੂਪ ਸਤਿਗੁਰ = ਸੱਚੇ ਗੁਰਾਂ ਦੀ ਸੇਵਾ = ਟਹਿਲ ਕਰ ਕੇ ਜੰਮਣ ਮਰਨ ਦੇ ਭੈਜਲ = ਡਰ ਰੂਪ ਪਾਣੀ ਨਾਲ ਭਰੇ ਸੰਸਾਰ-ਸਮੁੰਦਰ ਤੋਂ ਤਰਤ = ਤਰ ਜਾਣਾ ਕਰੀਦਾ ਹੈ।

ਗੁਰਮੁਖਿ ਸੁਖ ਫਲ ਮਹਾਤਮਾ ਅਗਾਧ ਬੋਧ;
ਨੇਤਿ ਨੇਤਿ ਨੇਤਿ ਨਮੋ ਨਮੋ ਉਚਰਤ ਹੈ॥੪੮੯॥

ਇਸ ਪ੍ਰਕਾਰ ਹੀ ਜੋ ਗੁਰਮੁਖ ਜਨ ਨੂੰ ਗੁਰਾਂ ਦੀ ਸੇਵਾ ਕਰ ਕੇ ਸੁਖ = ਆਨੰਦ ਰੂਪ ਫਲ ਪ੍ਰਾਪਤ ਹੁੰਦਾ ਹੈ, ਉਸ ਦਾ ਮਹਾਤਮਾ ਬੋਧ = ਜਾਨਣਾ ਅਗਾਧ = ਅਥਾਹ ਹੈ, ਅਤਿਅੰਤ ਡੂੰਘਾ ਹੈ, ਇਸ ਲਈ ਐਸੇ ਗੁਰਮੁਖ ਨੂੰ ਨੇਤਿ ਨੇਤਿ ਨੇਤਿ = ਬੇਅੰਤ ਬੇਅੰਤ ਬੇਅੰਤ ਉਚਰਤ = ਕਹਿ ਕਹਿ ਕੇ ਵਾਰ ਵਾਰ ਨਮੋ = ਨਮਸਕਾਰ ਕਰਦੇ ਹਾਂ, ਨਮੋ = ਨਮਸਕਾਰ ਕਰਦੇ ਹਾਂ॥੪੮੯॥

ਪ੍ਰਗਟਿ ਸੰਸਾਰ ਬਿਬਿਚਾਰ ਕਰੈ ਗਨਿਕਾ ਪੈ;
ਤਾਹਿ ਲੋਗ ਬੇਦ ਅਰੁ ਗਿਆਨ ਕੀ ਨ ਕਾਨਿ ਹੈ॥

ਸੰਸਾਰ = ਜਗਤ ਦੇ ਲੋਕ ਪ੍ਰਗਟਿ = ਪ੍ਰਤੱਖ ਹੀ ਗਨਿਕਾ = ਵੇਸਵਾ ਪੈ = ਕੋਲ ਜਾ ਕੇ ਉਸ ਨਾਲ ਬਿਬਿਚਾਰ = ਵਿਸ਼ੇ ਭੋਗਦੇ ਹਨ। ਇਸ ਲਈ ਤਾਹਿ = ਉਨ੍ਹਾਂ ਲੋਗ = ਲੋਕਾਂ ਨੂੰ ਸੰਸਾਰੀ ਲੋਕਾਂ ਅਉ = ਅਤੇ ਵੇਦਾਂ ਦੇ ਗਿਆਨ ਕੀ = ਦੀ ਕੋਈ ਕਾਨਿ = ਕਨੌਡ (ਲੱਜਾ) ਨ = ਨਹੀਂ ਹੁੰਦੀ ਹੈ।

ਕੁਲਾਬਧੂ ਛਾਡਿ ਭਰਤਾਰ ਆਨ ਦੁਆਰ ਜਾਇ;
ਲਾਛਨੁ ਲਗਾਵੈ ਕੁਲ ਅੰਕੁਸ ਨ ਮਾਨਿ ਹੈ॥

ਪਰੰਤੂ ਜੇਕਰ ਕੁਲਾਬਧੂ = ਸ੍ਰੇਸ਼ਟ ਵੰਸ ਦੀ ਵਹੁਟੀ ਆਪਣੇ ਭਰਤਾਰ = ਪਤੀ ਨੂੰ ਛਾਡਿ = ਤਿਆਗ ਕੇ ਆਨ = ਹੋਰਨਾਂ ਦੇ ਦੁਆਰ = ਬੂਹੇ ਉੱਤੇ ਜਾਇ = ਜਾਣਾ ਕਰੇ ਤਾਂ ਕੁਲ = ਵੰਸ਼ ਦੇ ਧਰਮ ਰੂਪ ਅੰਕੁਸ = ਕੁੰਡੇ ਨੂੰ ਨ = ਨਾ ਮਾਨਿ = ਮੰਨਣ ਵਾਲੀ **ਵਾ:** ਕੁਲ = ਵੰਸ਼ ਦੀ ਰੀਤੀ ਰੂਪ ਅੰਕੁਸ = ਕੁੰਡੇ ਦਾ ਹਾਥੀ ਵਾਂਗ ਡਰ ਨਾ ਮੰਨਣਾ ਕਰੇ ਤਾਂ ਉਹ ਆਪਣੀ ਵੰਸ਼ ਨੂੰ ਲਾਛਨੁ = ਧੱਬਾ (ਕਲੰਕ) ਲਗਾਵੈ = ਲਗਾ ਦੇਣਾ ਕਰਦੀ ਹੈ।

ਕਪਟ ਸਨੇਹੀ ਬਗ ਧਿਆਨ ਆਨ ਸਰ ਫਿਰੈ;
ਮਾਨਸਰ ਛਾਡੈ ਹੰਸ ਬੰਸ ਮੈ ਅਗਿਆਨਿ ਹੈ॥

ਕਪਟ = ਛਲੀਆ ਸਨੇਹੀ = ਪ੍ਰੇਮੀ ਬਗ = ਬਗਲਾ ਆਨ = ਹੋਰ ਸਰ = ਸਰੋਵਰਾਂ (ਤਲਾਵਾਂ) ਦਾ ਧਿਆਨ = ਖ਼ਿਆਲ ਕਰਦਾ ਫਿਰੈ = ਫਿਰਨਾ ਕਰੇ ਤਾਂ ਉਸ ਨੂੰ ਕੋਈ ਕਲੰਕ ਜਾਂ ਡਰ ਨਹੀਂ ਅਤੇ ਜੇ ਹੰਸ ਮਾਨਸਰ = ਮਾਨਸਰੋਵਰ ਨੂੰ ਛਾਡੈ = ਤਿਆਗ ਕੇ ਹੋਰ ਕਿਸੇ ਤਲਾਅ 'ਤੇ ਚਲਿਆ ਜਾਵੇ ਤਾਂ ਉਹ ਆਪਣੀ ਬੰਸ = ਕੁਲ ਮੈ = ਵਿਚ ਅਗਿਆਨਿ = ਬੇਸਮਝ ਕਹਾਉਂਦਾ ਹੈ।

ਅਥਵਾ ਇਸੇ ਪ੍ਰਕਾਰ ਕਪਟ = ਛਲ ਵਾਲਾ ਸਨੇਹੀ = ਪ੍ਰੇਮੀ ਅਸਿੱਖ, ਦਿਖਾਵੇ ਦਾ ਬਗਲਾ ਰੂਪ ਸਿੱਖ ਹੋਰਨਾਂ ਦੇਵੀ ਦੇਵਤਿਆਂ ਨੂੰ ਸੇਵਨ ਰੂਪ ਤਲਾਵਾਂ ਉੱਤੇ ਫਿਰਨਾ ਕਰੇ, ਇਉਂ ਸ੍ਰੇਸ਼ਟ ਸਿੱਖ ਰੂਪ ਹੰਸਾਂ ਦੀ ਵੰਸ਼ ਵਿਚ ਪੈਦਾ ਹੋ ਕੇ ਸਤਿਸੰਗਤ ਰੂਪ ਮਾਨਸਰੋਵਰ ਨੂੰ ਤਿਆਗ ਦੇਣਾ ਕਰੇ ਤਾਂ ਉਹ ਹੀ ਅਗਿਆਨਿ = ਬੇਸਮਝ ਹੁੰਦਾ ਹੈ।

ਗੁਰਮੁਖਿ ਮਨਮੁਖਿ ਦੁਰਮਤਿ ਗੁਰਮਤਿ;
ਪਰ ਤਨ ਧਨ ਲੇਪ ਨਿਰਲੇਪ ਧਿਆਨ ਹੈ॥੪੯੦॥

ਇਸ ਲਈ ਗੁਰਮੁਖ ਜਨ ਗੁਰਾਂ ਦੀ ਟਹਿਲ ਕਰਨ ਲਈ ਗੁਰਮਤਿ = ਗੁਰ-ਸਿੱਖਿਆ ਦੀ ਪਾਲਣਾ ਕਰ ਕੇ ਪਰ = ਪਰਾਏ ਤਨ = ਸਰੀਰ ਤੇ ਧਨ = ਦੌਲਤ ਵੱਲੋਂ ਨਿਰਲੇਪ = ਅਲੇਪ ਰਹਿਣ ਦਾ ਧਿਆਨ = ਖ਼ਿਆਲ ਰੱਖਦੇ ਹੈ = ਹਨ ਅਤੇ ਮਨਮੁਖਿ ਹੋਰਨਾਂ ਦੇਵੀ ਦੇਵਤਿਆਂ ਦੀ ਟਹਿਲ ਕਰਨ ਲਈ ਦੁਰਮਤਿ = ਖੋਟੀ ਸਿੱਖਿਆ ਨੂੰ ਧਾਰਨ ਕਰ ਕੇ ਪਰਾਏ ਸਰੀਰ ਤੇ ਪਰਾਏ ਧਨ ਵਿਚ ਲੇਪ = ਲਿਪਾਇਮਾਨ ਰਹਿਣ ਦਾ ਹੀ ਖ਼ਿਆਲ ਰੱਖਦੇ ਹਨ॥੪੯੦॥

ਪਾਨ ਕਪੂਰ ਲਉਂਗ ਚਰ ਕਾਗੈ ਆਗੈ ਰਾਖੈ;
ਬਿਸਟਾ ਬਿਗੰਧ ਖਾਤ ਅਧਿਕ ਸਿਧਾਨ ਕੈ॥

ਪਾਨ, ਕਪੂਰ ਤੇ ਲੌਂਗ ਆਦਿ ਸੁਗੰਧਤ ਪਦਾਰਥਾਂ ਦਾ ਚਰ = ਚਾਰਾ ਕਾਗੈ = ਕਾਂ ਦੇ ਆਗੈ = ਅੱਗੇ ਚੁਗਣ ਦੇ ਲਈ ਰਾਖੈ = ਰੱਖ ਦੇਣਾ ਕਰੀਏ ਤਾਂ ਉਹ ਬਿਸਟਾ = ਗੰਦਗੀ ਵਾਲੀਆਂ ਗੋਹਾ ਆਦਿ ਬਿਗੰਧ = ਦੁਰਗੰਧੀਆਂ ਨੂੰ ਅਧਿਕ = ਬਹੁਤ ਸਿਧਾਨ = ਸਿਆਣ ਕੈ = ਕਰਕੇ ਖਾਤ = ਖਾਂਦਾ ਹੈ।

ਬਾਰ ਬਾਰ ਸ੍ਵਾਨ ਜਉ ਪੈ ਗੰਗਾ ਇਸਨਾਨੁ ਕਰੈ;
ਟਰੈ ਨ ਕੁਟੇਵ, ਦੇਵ ਹੋਤ ਨ ਅਗਿਆਨ ਕੈ॥

ਜਉ = ਜੇਕਰ ਸ੍ਵਾਨ = ਕੁੱਤਾ ਬਾਰ ਬਾਰ = ਮੁੜ ਮੁੜ ਕੇ ਗੰਗਾ ਆਦਿ ਵਿਚ ਪੈ ਭਾਵ ਜਾ ਕੇ ਇਸਨਾਨੁ = ਨਹਾਉਣਾ ਕਰੇ ਤਾਂ ਉਸ ਦੀ ਕੁਟੇਵ = ਖੋਟੀ ਆਦਤ ਚੱਕੀਆਂ ਚੱਟਣ, ਕਰਾਂਗਾਂ ਨੂੰ ਚੁੰਡਨ (ਚੱਟਣ) ਤੇ ਭੌਂਕਣ ਆਦਿ ਦੀ ਕੁਟੇਵ = ਖੋਟੀ ਆਦਤ ਟਰੈ = ਟਲਦੀ ਨ = ਨਹੀਂ ਹੈ ਤੇ ਅਗਿਆਨ = ਗਿਆਨ ਤੋਂ ਹੀਣਾ ਹੋਣ ਕੈ = ਕਰਕੇ ਉਹ ਦੇਵ = ਦੇਵਤੇ ਵਰਗੇ ਸੁਭਾਵ ਵਾਲਾ ਵੀ ਨਹੀਂ ਹੋਤ = ਹੋ ਜਾਂਦਾ।

ਸਾਪਹਿ ਪੈ ਪਾਨ ਮਿਸਟਾਨ ਮਹਾਂ ਅੰਮ੍ਰਿਤ ਕੈ;
ਉਗਲਤ ਕਾਲਕੂਟ ਹਉਮੈ ਅਭਿਮਾਨ ਕੈ ॥

ਜੇਕਰ ਸਾਪਹਿ = ਸੱਪ ਨੂੰ ਮਹਾ = ਬਹੁਤਾ ਅੰਮ੍ਰਿਤ = ਮਿਠਾਸ ਸਹਿਤ ਕੈ = ਕਰ ਕੇ ਮਿਸਟਾਨ = ਮਿੱਠਾ ਪੈ = ਦੁੱਧ ਪਾਨ = ਪਿਲਾਉਣਾ ਕਰੀਏ **ਵਾ:** ਸੱਪ ਨੂੰ ਪੈ = ਦੁੱਧ ਪਾਨ = ਪਿਲਾਉਣਾ ਕਰੀਏ ਕੈ = ਜਾਂ ਅੰਮ੍ਰਿਤ ਵਤ ਮਿੱਠੇ ਖੀਰ, ਪੂੜੇ ਆਦਿ ਮਿਸਟਾਨ ਪਦਾਰਥ ਛਕਾਉਣਾ ਕਰੀਏ, ਫੇਰ ਵੀ ਉਹ ਹਉਮੈ = ਹੰਗਤਾ ਦੇ ਅਭਿਮਾਨ = ਹੰਕਾਰ ਕੈ = ਕਰਕੇ ਕਾਲਕੂਟ = ਜ਼ਹਿਰ ਨੂੰ ਹੀ ਉਗਲਤ = ਉਗਲਣਾ ਕਰਦਾ ਹੈ, ਬਾਹਰ ਕੱਢਦਾ ਹੈ।

ਤੈਸੇ ਮਾਨਸਰ ਸਾਧ ਸੰਗਤਿ ਮਰਾਲ ਸਭਾ;
ਆਨ ਦੇਵ ਸੇਵਕ ਤਕਤ ਬਗ ਧਿਆਨ ਕੈ ॥੪੯੧॥

ਤੈਸੇ = ਉਸੇ ਪ੍ਰਕਾਰ ਸਤਿਸੰਗਤ ਰੂਪ ਮਾਨਸਰ = ਮਾਨਸਰੋਵਰ ਵਿਚ ਗੁਰਮੁਖ ਰੂਪ ਮਰਾਲ = ਹੰਸਾਂ ਦੀ ਸਭਾ = ਇਕੱਤਰਤਾ ਵਿਚ ਜੇਕਰ ਆਨ = ਹੋਰਨਾਂ ਦੇਵ = ਦੇਵੀ ਦੇਵਤਿਆਂ ਦੇ ਸੇਵਕ = ਦਾਸ ਨੂੰ ਲਿਆ ਕੇ ਬਿਠਾ ਵੀ ਦੇਣਾ ਕਰੀਏ ਤਾਂ ਉਹ ਬਗ = ਬਗੁਲੇ ਦੇ ਧਿਆਨ ਧਰਨੇ ਦੇ ਵਤ ਸਤਿਸੰਗਤ ਵਿਚ ਔਗੁਣਾਂ ਦੀ ਭਾਲ ਕਰਨ ਨੂੰ ਹੀ ਤਕਤ = ਵੇਖਣਾ ਕਰਦਾ ਹੈ ਭਾਵ ਸਤਿਸੰਗਤ ਵਿਚ ਆ ਕੇ ਬੁਰੇ ਕੰਮ ਹੀ ਕਰਦਾ ਹੈ ॥੪੯੧॥

ਚਕਈ ਚਕੋਰ ਅਹਿ ਨਿਸਿ ਸਸਿ ਭਾਨ ਧਿਆਨ;
ਜਾਹੀ ਜਾਹੀ ਰੰਗ ਰਚਿਓ ਤਾਹੀ ਤਾਹੀ ਚਾਹੈ ਜੀ ॥

ਹੇ ਪਿਆਰੇ ਜੀ ! ਚਕਈ = ਚਕਵੀ ਅਹਿ = ਦਿਨ ਦੇ ਸਮੇਂ ਭਾਨ = ਸੂਰਜ ਨੂੰ ਹੀ ਧਿਆਨ = ਖ਼ਿਆਲ ਵਿਚ ਲਿਆਇਆ ਕਰਦੀ ਹੈ ਅਤੇ ਚਕੋਰ ਨਿਸਿ = ਰਾਤ ਨੂੰ ਸਸਿ = ਚੰਦਰਮਾ ਦਾ ਹੀ ਖ਼ਿਆਲ ਕਰਦਾ ਹੈ। ਸੋ ਜਾਹੀ ਜਾਹੀ = ਜਿਹੜੇ ਜਿਹੜੇ ਰੰਗ = ਪ੍ਰੇਮ ਵਿਚ ਕੋਈ ਰਚਿਓ = ਰਚ ਗਿਆ ਹੈ ਤਾਹੀ ਤਾਹੀ = ਉਸੇ ਉਸੇ ਨੂੰ ਹੀ ਉਹ ਚਾਹੈ = ਚਾਹੁੰਦਾ ਹੈ।

ਮੀਨ ਅਉ ਪਤੰਗ ਜਲ ਪਾਵਕ ਪ੍ਰਸੰਗਿ ਹੇਤ;
ਟਾਰੀ ਨ ਟਰਤ ਟੇਵ ਓਰ ਨਿਰਬਾਹੈ ਜੀ ॥

ਹੇ ਪਿਆਰੇ ਜੀ ! ਮੀਨ = ਮੱਛੀ ਦਾ ਹੇਤ = ਪ੍ਰੇਮ ਜਲ = ਪਾਣੀ ਨਾਲ ਅਤੇ ਪਤੰਗ = ਪਰਵਾਨੇ ਦਾ ਪਾਵਕ = ਅੱਗ ਨਾਲ ਹੇਤ = ਪ੍ਰੇਮ ਦਾ ਪ੍ਰਸੰਗ ਕਹੀਦਾ ਹੈ, ਦੋਵਾਂ ਦੀ ਟੇਵ = ਆਦਤ ਟਰੀ = ਟਾਲੀ ਹੋਈ ਟਰਤ = ਟਲਦੀ ਨ = ਨਹੀਂ ਹੈ। ਇਹ ਓਰ = ਓੜਕ (ਮਰਨ) ਤਕ ਨਿਰਬਾਹੈ = ਨਿਭਾਉਂਦੇ ਹਨ।

ਮਾਨਸਰ ਆਨ ਸਰ ਹੰਸ ਬਗ ਪ੍ਰੀਤਿ ਰੀਤਿ;
ਉਤਮ ਅਉ ਨੀਚ ਨ ਸਮਾਨ ਸਮਤਾ ਹੈ ਜੀ ॥

ਹੇ ਪਿਆਰੇ ਜੀ ! ਮਾਨਸਰ = ਮਾਨਸਰੋਵਰ ਨਾਲ ਹੰਸਾਂ ਦੀ ਪ੍ਰੀਤਿ = ਲਗਨ ਹੈ ਤੇ ਆਨ = ਹੋਰ

ਸਰ = ਤਲਾਵਾਂ ਉੱਪਰ ਮੱਛੀਆਂ, ਡੱਡੀਆਂ ਖਾਣਾ ਤੇ ਭਟਕਣਾ ਬਗ = ਬਗਲਿਆਂ ਦੀ ਰੀਤਿ = ਮਰਯਾਦਾ ਹੈ, ਇਸ ਕਰਕੇ ਹੰਸ ਉੱਤਮ = ਸ੍ਰੇਸ਼ਟ ਅਉ = ਅਤੇ ਬਗਲੇ ਨੀਚ ਹੋਣ ਕਰਕੇ ਦੋਵਾਂ ਦੇ ਦਰਜੇ ਵਿਚ ਸਮਾਨ = ਬਰਾਬਰਤਾ ਤੇ ਦੋਹਾਂ ਦੇ ਖਾਣ ਪੀਣ ਵਿਚ ਸਮਤਾ = ਤੁਲਤਾ ਨ = ਨਹੀਂ ਹੈ।

ਤੈਸੇ ਗੁਰਦੇਵ ਆਨ ਦੇਵ ਸੇਵਕਨ ਭੇਦ;
ਸਮਸਰ ਨ ਹੋਤ ਸਮੁੰਦ੍ਰ ਸਰਿਤਾ ਹੈ ਜੀ ॥੪੯੨॥

ਹੇ ਪਿਆਰੇ ਜੀ ! ਜਿਵੇਂ ਸਮੁੰਦਰ ਦੇ ਸਮਸਰ = ਬਰਾਬਰ ਸਰਿਤਾ = ਨਦੀ ਨ = ਨਹੀਂ ਹੋਤ = ਹੋ ਸਕਦੀ, ਤੈਸੇ = ਉਸੇ ਤਰ੍ਹਾਂ ਹੀ ਸ੍ਰੀ ਗੁਰਦੇਵ = ਗੁਰੂ ਨਾਨਕ ਦੇਵ ਜੀ ਦੇ ਦਾਸ ਤੇ ਆਨ = ਹੋਰ ਦੇਵ = ਦੇਵੀ ਦੇਵਤਿਆਂ ਦੇ ਸੇਵਕਨ = ਦਾਸਾਂ ਵਿਚ ਭੇਦ = ਫ਼ਰਕ ਹੈ ॥੪੯੨॥

ਪ੍ਰੀਤਿ ਭਾਇ ਪੇਖੈ ਪ੍ਰਤਿਬਿੰਬੁ ਚਕਈ ਜਿਉ ਨਿਸਿ;
ਗੁਰਮਤਿ ਆਪਾ ਆਪ ਚੀਨਿ ਪਹਿਚਾਨੀਐ ॥

ਜਿਉ = ਜਿਵੇਂ ਨਿਸਿ = ਰਾਤ ਦੇ ਸਮੇਂ ਚਕਈ = ਚਕਵੀ ਆਪਣੇ ਪ੍ਰਤਿਬਿੰਬੁ = ਪਰਛਾਵੇਂ ਨੂੰ ਪ੍ਰੀਤਿ = ਸਨੇਹ ਭਾਇ = ਭਾਵਨਾ ਨਾਲ ਪੇਖੈ = ਵੇਖਣਾ ਕਰਦੀ ਹੈ ਤੇ ਉਸ ਨੂੰ ਪ੍ਰਤੱਖ ਆਪਣਾ ਪਤੀ (ਚਕਵਾ) ਹੀ ਸਮਝ ਕੇ ਸੁਖ ਦੇ ਸਹਿਤ ਹੁੰਦੀ ਹੈ, ਇਸੇ ਤਰ੍ਹਾਂ ਗੁਰਸਿੱਖ ਗੁਰਮਤਿ = ਗੁਰ-ਸਿੱਖਿਆ ਦੁਆਰਾ ਆਪਾ ਆਪ = ਆਪਣੇ ਆਤਮ ਸਰੂਪ ਨੂੰ ਚੀਨਿ = ਜਾਣ ਕੇ ਪਰਮੇਸ਼ਰ ਨੂੰ ਪਹਿਚਾਨੀਐ = ਪਛਾਣਨਾ ਕਰਦੇ ਹਨ।

ਬੈਰ ਭਾਇ ਪੇਖਿ ਪਰਛਾਹੀ ਕੂਪੰਤਰਿ ਪਰੈ;
ਸਿੰਘੁ ਦੁਰਮਤਿ ਲਾਗਿ ਦੁਬਿਧਾ ਕੈ ਜਾਨੀਐ ॥

ਜਿਵੇਂ ਬੈਰ = ਵਿਰੋਧ ਵਾਲੀ ਭਾਇ = ਭਾਵਨਾ ਨਾਲ ਆਪਣੇ ਪਰਛਾਹੀ = ਪਰਛਾਵੇਂ ਨੂੰ ਪੇਖਿ = ਵੇਖ ਕੇ ਸਿੰਘੁ = ਸ਼ੇਰ ਕੂਪੰਤਰਿ (ਕੂਪ + ਅੰਤਰਿ) ਕੂਪ = ਖੂਹ ਅੰਤਰਿ = ਵਿਚ ਪਰੈ = ਪੈ ਜਾਂਦਾ ਹੈ, ਡਿੱਗਦਾ ਹੈ, ਉਸੇ ਤਰ੍ਹਾਂ ਹੀ ਦੁਰਮਤਿ = ਖੋਟੀ ਅਕਲ ਵਾਲਾ ਦੁਬਿਧਾ = ਦ੍ਵੈਤ-ਭਾਵਨਾ ਕੈ = ਕਰਕੇ ਜਾਨੀਐ = ਜਾਨਣਾ ਕਰੀਦਾ ਹੈ ਭਾਵ ਖੋਟੀ ਅਕਲ ਤੇ ਦ੍ਵੈਤ-ਭਾਵਨਾ ਵਿਚ ਵਰਤਦੇ ਹੋਏ ਸੰਸਾਰ ਰੂਪ ਖੂਹ ਵਿਚ ਹੀ ਡਿੱਗਦੇ ਹਨ।

ਗਊ ਸੁਤ ਅਨੇਕ ਏਕ ਸੰਗ ਹਿਲਿ ਮਿਲਿ ਰਹੈ;
ਸ੍ਵਾਨ ਆਨ ਦੇਖਤ ਬਿਰੁਧ ਜੁਧ ਠਾਨੀਐ ॥

ਜਿਵੇਂ ਗਊ = ਗਾਵਾਂ ਦੇ ਸੁਤ = ਪੁੱਤਰ ਵੱਛੇ ਅਨੇਕ = ਅਨੰਤ ਹੀ ਏਕ = ਇਕ ਦੂਜੇ ਸੰਗ = ਨਾਲ ਆਪਸ ਵਿਚਦੀ ਹਿਲਿ ਮਿਲਿ = ਹਿਲੇ ਮਿਲੇ (ਗਿੱਝੇ) ਰਹੈ = ਰਹਿੰਦੇ ਹਨ, ਪਰੰਤੂ ਇਕ ਸ੍ਵਾਨ = ਕੁੱਤਾ ਆਨ = ਹੋਰ ਕੁੱਤੇ ਨੂੰ ਦੇਖਤ = ਦੇਖਦਿਆਂ ਸਾਰ ਹੀ ਬਿਰੁਧ = ਵੈਰ ਕਰਦਾ ਹੋਇਆ ਉਲਟਾ ਉਸ ਨਾਲ ਜੁਧ = ਜੰਗ ਠਾਨੀਐ = ਕਰਦਾ ਹੈ ਅਰਥਾਤ ਗੁਰੂ ਨਾਨਕ ਦੇਵ ਜੀ ਦੇ ਦਾਸ ਆਪਸ ਵਿਚਦੀ ਇਕ ਦੂਜੇ ਨਾਲ ਪ੍ਰੇਮ ਸਹਿਤ ਬੈਠਣਾ ਕਰਦੇ ਹਨ ਅਤੇ ਹੋਰਨਾਂ ਦੇਵੀ ਦੇਵਤਿਆਂ ਦੇ ਦਾਸ (ਰਾਮ ਉਪਾਸ਼ਕ, ਕ੍ਰਿਸ਼ਨ

ਉਪਾਸ਼ਕ, ਸ਼ਿਵ ਉਪਾਸ਼ਕ ਆਦਿ) ਆਪਸ ਵਿਚਦੀ ਵੈਰ-ਭਾਵਨਾ ਹੋਣ ਕਰਕੇ ਸ਼ਬਦਾਂ ਦੀ ਜੰਗ ਕਰਦੇ ਹਨ।

ਗੁਰਮੁਖਿ ਮਨਮੁਖਿ ਚੰਦਨ ਅਉ ਬਾਂਸ ਬਿਧਿ;
ਬਰਨ ਕੇ ਦੋਖੀ ਬਿਕਾਰੀ ਉਪਕਾਰੀ ਉਨਮਾਨੀਐ ॥੪੯੩॥

ਉਸੇ ਤਰ੍ਹਾਂ ਗੁਰਮੁਖ ਪੁਰਖ ਦਾ ਸੁਭਾਅ ਚੰਦਨ ਵਾਂਗ ਉਪਕਾਰੀ = ਦੂਸਰੇ ਦਾ ਭਲਾ ਕਰਨ ਵਾਲਾ ਉਨਮਾਨੀਐ = ਵਿਚਾਰਨਾ ਕਰੀਦਾ ਹੈ ਅਉ = ਅਤੇ ਮਨਮੁਖ ਦਾ ਸੁਭਾਅ ਬਾਂਸ ਦੀ ਬਿਧਿ = ਤਰ੍ਹਾਂ ਆਪਣੇ ਬਰਨ ਕੇ = ਦੇ ਹੀ ਦੋਖੀ = ਦੋਸ਼ੀ ਤੇ ਵਿਕਾਰੀ ਹੁੰਦੇ ਹਨ ॥੪੯੩॥

ਜਉ ਕੋਊ ਬੁਲਾਵੈ ਕਹਿ ਸ੍ਵਾਨ ਮ੍ਰਿਗ ਸਰਪ ਕੈ;
ਸੁਨਤ ਰਿਸਾਇ ਧਾਇ ਗਾਰਿ ਮਾਰਿ ਦੀਜੀਐ ॥

ਜਉ = ਜੇਕਰ ਕੋਊ = ਕੋਈ ਮਨਮੁਖ ਪੁਰਖ ਨੂੰ (ਹੋਰ ਦੇਵੀ ਦੇਵਤੇ ਦੇ ਸੇਵਕ ਨੂੰ) ਸ੍ਵਾਨ = ਕੁੱਤਾ, ਮ੍ਰਿਗ = ਹਿਰਨ, ਸਰਪ = ਸੱਪ ਕਹਿ = ਆਖ ਕੈ = ਕਰਕੇ ਬੁਲਾਵੈ = ਬੁਲਾਉਣਾ ਕਰੇ ਤਾਂ ਉਹ ਸੁਨਤ = ਸੁਣ ਕੇ ਰਿਸਾਇ = ਗ਼ੁੱਸੇ ਹੁੰਦਾ ਹੈ ਤੇ ਧਾਇ = ਦੌੜ ਕੇ ਗਾਰਿ = ਗਾਲ੍ਹਾਂ ਕੱਢਦਾ ਹੋਇਆ ਮਾਰ ਦੀਜੀਐ = ਦੇਣਾ ਕਰਦਾ ਹੈ।

ਸ੍ਵਾਨ ਸ੍ਵਾਮਿ ਕਾਮ ਲਾਗਿ ਜਾਮਨੀ ਜਾਗਤ ਰਹੈ;
ਨਾਦਹਿ ਸੁਨਾਇ ਮ੍ਰਿਗ ਪ੍ਰਾਨ ਹਾਨਿ ਕੀਜੀਐ ॥

ਸ੍ਵਾਨ = ਕੁੱਤਾ ਆਪਣੇ ਸ੍ਵਾਮਿ = ਮਾਲਕ ਦੇ ਕਾਮ = ਕਾਰਜ ਵਿਚ ਲਾਗਿ = ਲੱਗ ਕੇ ਸਾਰੀ ਜਾਮਨੀ = ਰਾਤ ਜਾਗਤ = ਜਾਗਦਾ ਰਹੈ = ਰਹਿੰਦਾ ਹੈ ਅਤੇ ਸ਼ਿਕਾਰੀ ਘੰਡਾਹੇੜੇ ਦੇ ਨਾਦਹਿ = ਸ਼ਬਦ ਦੀ ਧੁਨੀ ਸੁਨਾਇ = ਸੁਣਾ ਕੇ ਮ੍ਰਿਗ = ਹਿਰਨ ਦੀ ਪ੍ਰਾਨ = ਜਿੰਦ ਹਾਨਿ = ਹਾਨੀ ਕੀਜੀਐ = ਕਰ ਦਿੰਦਾ ਹੈ।

ਧੁਨ ਮੰਤ੍ਰ ਪੜੈ ਸਰਪ ਅਰਪ ਦੇਤ ਤਨ ਮਨ;
ਦੰਤ ਹੰਤ ਹੋਤ ਗੋਤ ਲਾਜ ਗਹਿ ਲੀਜੀਐ ॥

ਇਸੇ ਤਰ੍ਹਾਂ ਮੰਤਰ ਨੂੰ ਬੀਨ ਦੀ ਧੁਨ = ਧੁਨੀ ਰਾਹੀਂ ਪੜੈ = ਪੜ੍ਹਦਿਆਂ ਵੇਖ ਕੇ ਸਰਪ = ਸੱਪ ਆਪਣਾ ਤਨ ਮਨ ਉਸ ਅੱਗੇ ਅਰਪ = ਅਰਪਣ ਕਰ ਦੇਤ = ਦਿੰਦਾ ਹੈ ਤੇ ਉਸ ਦੇ ਦੰਤ = ਦੰਦ ਹੰਤ = ਨਾਸ਼ ਹੋਤ = ਹੋ ਜਾਂਦੇ ਹਨ ਭਾਵ ਆਪਣੇ ਦੰਦਾਂ ਨੂੰ ਤੁੜਵਾ ਲੈਂਦਾ ਹੈ, ਇਉਂ ਆਪਣੀ ਗੋਤ = ਕੁਲ ਦੀ ਲਾਜ = ਸ਼ਰਮ ਨੂੰ ਗਹਿ = ਗ੍ਰਹਿਣ ਕਰ ਲੀਜੀਐ = ਲੈਂਦਾ ਹੈ ਭਾਵ ਆਪਣੀ ਕੁਲ ਤੋਂ ਬੇਮੁਖ ਨਹੀਂ ਹੁੰਦਾ ਸਗੋਂ ਲੱਜਾ ਨੂੰ ਧਾਰਨ ਕਰ ਲੈਂਦਾ ਹੈ।

ਮੋਹ ਨ ਭਗਤਿ ਭਾਵ ਸਬਦ ਸੁਰਤਿ ਹੀਨਿ;
ਗੁਰ ਉਪਦੇਸ ਬਿਨੁ ਧ੍ਰਿਗੁ ਜਗਿ ਜੀਜੀਐ ॥੪੯੪॥

ਪਰੰਤੂ ਇਨ੍ਹਾਂ ਹੋਰ ਦੇਵੀ ਦੇਵਤਿਆਂ ਦੇ ਦਾਸਾਂ ਨੂੰ ਕੁੱਤੇ ਵਾਂਗ ਭਗਤਿ = ਭਗਤੀ ਭਾਵ = ਭਾਵਨਾ

ਵਿਚ ਮੋਹ = ਸਨੇਹ ਨ = ਨਹੀਂ ਹੈ, ਸ਼ਬਦ ਦੀ ਸੁਰਤਿ = ਸੋ੍ਤ ਤੋਂ ਹੀਨਿ = ਸੱਖਣੇ ਹਨ ਕਿਉਂਕਿ ਉਨ੍ਹਾਂ ਦੇ ਰਿਦੇ ਵਿਚ ਹਿਰਨ ਵਾਂਗ ਸ਼ਬਦ ਦਾ ਪ੍ਰੇਮ ਨਹੀਂ ਹੈ ਅਤੇ ਗੁਰ-ਉਪਦੇਸ਼ ਤੋਂ ਬਿਨੁ = ਬਗ਼ੈਰ ਹਨ ਕਿਉਂਕਿ ਸੱਪ ਵਾਂਗ ਵਾਹਿਗੁਰੂ ਗੁਰ ਮੰਤਰੀ ਦੀ ਧੁਨੀ ਉਨ੍ਹਾਂ ਦੇ ਅੰਦਰ ਨਹੀਂ ਹੈ, ਇਸ ਲਈ ਕੁੱਤੇ, ਸੱਪ, ਹਿਰਨ ਆਦਿ ਪਸ਼ੂਆਂ ਨਾਲੋਂ ਵੀ ਇਨ੍ਹਾਂ ਦਾ ਇਸ ਜਗਿ = ਸੰਸਾਰ ਵਿਚ ਜੀਜੀਐ = ਜਿਊਣਾ ਧਿ੍ਗੁ = ਧਿ੍ਕਾਰ ਯੋਗ ਹੈ ॥੪੯੪॥

ਜੈਸੇ ਘਰਿ ਲਾਗੈ ਆਗਿ ਜਾਗਿ ਕੂਆ ਖੋਦਿਓ ਚਾਹੈ;
ਕਾਰਜੁ ਨ ਸਿਧਿ ਹੋਇ ਰੋਇ ਪਛੁਤਾਈਐ ॥

ਜੈਸੇ = ਜਿਸ ਪ੍ਰਕਾਰ ਘਰ ਨੂੰ ਆਗਿ = ਅੱਗ ਲਾਗੈ = ਲੱਗਿਆਂ ਨੀਂਦ ਤੋਂ ਜਾਗਿ = ਉੱਠ ਕੇ ਕੋਈ ਕੂਆ = ਖੂਹ ਖੋਦਿਓ = ਪੁੱਟਣਾ ਚਾਹੈ = ਚਾਹੁਣਾ ਕਰੇ ਕਿ ਮੈਂ ਖੂਹ ਪੁੱਟ ਕੇ ਪਾਣੀ ਕੱਢ ਕੇ ਅੱਗ ਬੁਝਾ ਲੈਣਾ ਕਰਾਂ ਤਾਂ ਕਾਰਜੁ = ਕੰਮ ਸਿਧਿ = ਪੂਰਾ ਨ = ਨਹੀਂ ਹੋਇ = ਹੋ ਸਕਦਾ ਸਗੋਂ ਅੰਤ ਨੂੰ ਰੋਇ = ਰੋ ਕੇ ਪਛੁਤਾਈਐ = ਪਛਤਾਉਣਾ ਹੀ ਪੈਂਦਾ ਹੈ।

ਜੈਸੇ ਤਉ ਸੰਗ੍ਰਾਮ ਸਮੈ ਸੀਖਿਓ ਚਾਹੈ ਬੀਰ ਬਿਦਿਆ;
ਅਨਿਥਾ ਉਦਮ ਜੈਤ ਪਦਵੀ ਨ ਪਾਈਐ ॥

ਫੇਰ ਜੈਸੇ = ਜਿਸ ਤਰ੍ਹਾਂ ਕੋਈ ਬੰਦਾ ਸੰਗ੍ਰਾਮ = ਯੁੱਧ ਹੋਣ ਦੇ ਸਮੈ = ਵਕਤ ਬੀਰ = ਸੂਰਮਿਆਂ ਵਾਲੀ ਵਿੱਦਿਆ ਸੀਖਿਓ = ਸਿੱਖਣੀ ਚਾਹੈ = ਚਾਹੁਣਾ ਕਰੇ ਤਾਂ ਉਸ ਦਾ ਇਹ ਉਦਮ = ਉਪਰਾਲਾ ਕੀਤਾ ਅਨਿਥਾ = ਮਿਥਿਆ ਹੈ **ਵਾ:** ਉਲਟਾ ਹੀ ਪੈਂਦਾ ਹੈ ਕਿਉਂਕਿ ਜੈਤ = ਜਿੱਤ ਦਾ ਪਦਵੀ = ਰੁਤਬਾ ਤਾਂ ਪਾਈਐ = ਪਾਉਣਾ ਨ = ਨਹੀਂ ਕਰੀਦਾ ਹੈ।

ਜੈਸੇ ਨਿਸਿ ਸੋਵਤ ਸੰਘਾਤੀ ਚਲਿ ਜਾਤਿ;
ਪਾਛੇ ਭੋਰ ਭਏ ਭਾਰ ਬਾਂਧ ਚਲੇ ਕਤ ਜਾਈਐ ॥

ਜੈਸੇ = ਜਿਸ ਪ੍ਰਕਾਰ ਨਿਸਿ = ਰਾਤ ਨੂੰ ਸੋਵਤ = ਸੁੱਤਿਆਂ ਪਿਆ ਹੀ ਸੰਘਾਤੀ = ਸਾਥੀ ਚਲਿ = ਤੁਰ ਜਾਤਿ = ਜਾਣਾ ਕਰਨ ਅਤੇ ਕੋਈ ਪਾਛੇ = ਪਿੱਛੋਂ ਭੋਰ = ਪ੍ਰਭਾਤ (ਸਵੇਰ) ਭਏ = ਹੋਏ ਭਾਰ ਬਾਂਧ = ਬੰਨ੍ਹ ਕੇ ਚਲੇ = ਤੁਰਨਾ ਚਾਹੇ ਤਾਂ ਕਤ = ਕਿਧਰ ਜਾਈਐ = ਜਾਣਾ ਕਰੇਗਾ ਭਾਵ ਰਸਤੇ ਵਿਚ ਇਕੱਲਾ ਵੇਖ ਕੇ ਚੋਰ ਧਾੜਵੀ ਲੁੱਟ ਲੈਣਾ ਕਰਦੇ ਹਨ ਤੇ ਮੰਜ਼ਲ 'ਤੇ ਨਹੀਂ ਪਹੁੰਚ ਸਕਦਾ।

ਤੈਸੇ ਮਾਇਆ ਧੰਧ ਅੰਧ ਅਵਧਿ ਬਿਹਾਇ ਜਾਇ;
ਅੰਤ ਕਾਲ ਕੈਸੇ ਹਰਿ ਨਾਮ ਲਿਵ ਲਾਈਐ ॥੪੯੫॥

ਤੈਸੇ = ਉਸੇ ਪ੍ਰਕਾਰ ਹੀ ਮਾਇਆ ਦੇ ਧੰਧ = ਧੰਦਿਆਂ ਵਿਚ ਅੰਧ = ਅਗਿਆਨੀ ਜੀਵ ਦੀ ਅਵਧਿ = ਉਮਰ ਬਿਹਾਇ = ਬੀਤਦੀ ਜਾਇ = ਜਾ ਰਹੀ ਹੈ, ਜੇ ਜੀਵ ਅੰਤ = ਅਖ਼ੀਰ ਦੇ ਕਾਲ = ਸਮੇਂ ਭਾਵ ਮਰਨ ਲੱਗਿਆਂ ਇਹ ਚਾਹੁਣਾ ਕਰੇ ਤਾਂ ਕੈਸੇ = ਕਿਸ ਪ੍ਰਕਾਰ ਹਰਿ = ਪਰਮੇਸ਼ਰ ਦੇ ਨਾਮ ਵਿਚ ਚਿੱਤ ਦੀ ਲਿਵ = ਬਿਰਤੀ ਲਾਈਐ = ਲਾਉਣਾ ਕਰੇਗਾ ਭਾਵ ਨਹੀਂ ਲਾ ਸਕੇਗਾ ॥੪੯੫॥

ਜੈਸੇ ਤਉ ਚਪਲ ਜਲ ਅੰਤਰਿ ਨ ਦੇਖੀਅਤਿ;
ਪੂਰਨ ਪ੍ਰਗਾਸ ਪ੍ਰਤਿਬਿੰਬ ਰਵਿ ਸਸਿ ਕੋ ॥

ਜੈਸੇ ਤਉ = ਜਿਸ ਤਰ੍ਹਾਂ ਚਪਲ = ਚੰਚਲ ਹਿੱਲਦੇ ਜਲ = ਪਾਣੀ ਅੰਤਰ = ਵਿਚ ਰਵਿ = ਸੂਰਜ ਤੇ ਸਸਿ = ਚੰਦਰਮਾ ਦੇ ਪ੍ਰਤਿਬਿੰਬ = ਪਰਛਾਵੇਂ ਕੋ = ਦਾ ਪੂਰਨ = ਪ੍ਰਗਾਸ, ਚਾਨਣ ਨ = ਨਹੀਂ ਦੇਖੀਅਤਿ = ਦੇਖੀਦਾ ਹੈ।

ਜੈਸੇ ਤਉ ਮਲੀਨ ਦਰਪਨ ਮੈ ਨ ਦੇਖੀਅਤਿ;
ਨਿਰਮਲ ਬਦਨ ਸਰੂਪ ਉਰਬਸਿ ਕੋ ॥

ਜੈਸੇ ਤਉ = ਜਿਸ ਤਰ੍ਹਾਂ ਮਲੀਨ = ਮੈਲੇ ਦਰਪਨ = ਸ਼ੀਸ਼ੇ ਮੈ = ਵਿਚ ਉਰਬਸਿ = ਅਪੱਛਰਾਂ ਵਰਗੀ ਸੁੰਦਰ ਸਰੂਪ ਵਾਲੀ ਇਸਤਰੀ ਕੋ = ਦਾ ਨਿਰਮਲ = ਉੱਜਲ ਬਦਨ = ਮੂੰਹ ਨ = ਨਹੀਂ ਦੇਖੀਅਤਿ = ਦਿਸਦਾ।

ਜੈਸੇ ਬਿਨੁ ਦੀਪ ਨ ਸਮੀਪ ਕੋ ਬਿਲੋਕੀਅਤ;
ਭਵਨ ਭਇਆਨ ਅੰਧਕਾਰ ਤ੍ਰਾਸ ਤਸ ਕੋ ॥

ਜੈਸੇ = ਜਿਸ ਪ੍ਰਕਾਰ ਹਨੇਰੇ ਵਿਚ ਦੀਪ = ਦੀਵੇ ਤੋਂ ਬਿਨੁ = ਬਗ਼ੈਰ ਸਮੀਪ = ਨੇੜੇ ਕੋ = ਦਾ ਪਦਾਰਥ ਵੀ ਨ = ਨਹੀਂ ਬਿਲੋਕੀਅਤ = ਵੇਖਣਾ ਕਰੀਦਾ ਅਤੇ ਭਵਨ = ਘਰ ਦਾ ਭਇਆਨ = ਭਿਆਨਕ, ਅੰਧਕਾਰ = ਹਨੇਰੇ ਕੋ = ਦਾ ਤ੍ਰਾਸ = ਡਰ ਵੀ ਰਹਿੰਦਾ ਹੈ ਭਾਵ ਘਰ ਦਾ ਘੁੱਪ ਹਨੇਰਾ ਡਰਾਉਣਾ ਲੱਗਦਾ ਹੈ ਅਤੇ ਤਸ = ਤਸਕਰ ਭਾਵ ਚੋਰ ਦਾ ਡਰ ਵੀ ਹੁੰਦਾ ਹੈ।

ਤੈਸੇ ਮਾਇਆ ਭਰਮ ਅਧਮ ਅਛਾਦਿਓ ਮਨੁ;
ਸਤਿਗੁਰ ਧਿਆਨ ਸੁਖ ਨਾਨ ਪ੍ਰੇਮ ਰਸ ਕੋ ॥੪੯੬॥

ਤੈਸੇ = ਉਸੇ ਪ੍ਰਕਾਰ ਹੀ ਮਾਇਆ ਦੇ ਭਰਮ = ਭੁਲੇਖੇ ਕਰਕੇ ਅਧਮ = ਨੀਚ ਮਨੁ ਅਛਾਦਿਓ = ਢੱਕਿਆ ਹੋਇਆ ਹੈ, ਇਸ ਲਈ ਸਤਿਗੁਰ = ਸੱਚੇ ਗੁਰਾਂ ਦੇ ਪ੍ਰੇਮ ਰਸ ਕੋ = ਦਾ ਸੁਖ = ਅਨੰਦਦਾਇਕ ਧਿਆਨ = ਖ਼ਿਆਲ ਇਸ ਨੂੰ ਪ੍ਰਾਪਤ ਨਾਨ = ਨਹੀਂ ਹੁੰਦਾ ਹੈ ॥੪੯੬॥

ਜੈਸੇ ਏਕ ਸਮੈ ਦ੍ਰੁਮ ਸਫਲ ਸਪਤ੍ਰ ਪੁਨਿ;
ਏਕ ਸਮੈ ਫੂਲ ਫਲ ਪਤ੍ਰ ਗਿਰ ਜਾਤ ਹੈ ॥

ਜੈਸੇ = ਜਿਸ ਪ੍ਰਕਾਰ ਏਕ = ਇਕ ਐਸਾ ਸਮੈ = ਵਕਤ ਹੁੰਦਾ ਹੈ ਕਿ ਦ੍ਰੁਮ = ਬ੍ਰਿਛ ਸਫਲ = ਸਹਿਤ ਫਲ ਦੇ ਤੇ ਸਪਤ੍ਰ = ਸਹਿਤ ਪੱਤਰਿਆਂ ਦੇ ਹਰਾ ਭਰਾ ਹੁੰਦਾ ਹੈ ਅਤੇ ਪੁਨਿ = ਮੁੜ ਇਕ ਐਸਾ ਸਮੈ = ਵਕਤ ਹੁੰਦਾ ਹੈ ਭਾਵ ਇਕ ਐਸੀ ਰੁੱਤ ਹੁੰਦੀ ਹੈ ਜਦੋਂ ਕਿ ਬ੍ਰਿਛ ਦੇ ਫੂਲ = ਫੁੱਲ ਤੇ ਪੱਤਰੇ ਆਦਿ ਗਿਰ = ਡਿੱਗ ਜਾਤ = ਜਾਂਦੇ ਹੈ = ਹਨ। ਜੈਸਾ ਕਿ :

ਸਿਸਰ ਹੋਤ ਪਤ ਝਾਰ। *(ਹਨੂਮਾਨ ਨਾਟਕ)*

ਸਰਿਤਾ ਸਲਿਲ ਜੈਸੇ ਕਬਹੂੰ ਸਮਾਨ ਬਹੈ;
ਕਬਹੂੰ ਅਥਾਹ ਅਤਿ ਪ੍ਰਬਲ ਦਿਖਾਤ ਹੈ॥

ਜੈਸੇ = ਜਿਸ ਪ੍ਰਕਾਰ ਸਰਿਤਾ = ਨਦੀ ਦਾ ਸਲਿਲ = ਪਾਣੀ ਕਬਹੂੰ = ਕਦੇ ਤਾਂ ਇਕ ਸਮਾਨ = ਬਰਾਬਰ ਬਹੈ = ਵਗਦਾ ਹੈ ਤੇ ਕਬਹੂੰ = ਕਦੇ ਅਤਿ = ਅਤਿਅੰਤ ਅਥਾਹ = ਡੂੰਘਾ ਤੇ ਪ੍ਰਬਲ = ਤੇਜ਼ ਵਹਿਣ ਦਿਖਾਤ = ਦਿਖਾਉਂਦਾ ਹੈ।

ਏਕ ਸਮੈ ਜੈਸੇ ਹੀਰਾ ਹੋਤ ਜੀਰਨਾਂਬਰ ਮੈ;
ਏਕ ਸਮੈ ਕੰਚਨ ਜੜੇ ਜਗਮਗਾਤ ਹੈ॥

ਏਕ = ਇਕ ਸਮੈ = ਵੇਲੇ ਜੈਸੇ = ਜਿਸ ਤਰ੍ਹਾਂ ਹੀਰਾ ਜੀਰਨਾਂਬਰ (ਜੀਰਨ + ਅੰਬਰ) ਜੀਰਨ = ਪੁਰਾਣੇ (ਫਟੇ) ਹੋਏ ਅੰਬਰ = ਕੱਪੜੇ ਮੈ = ਵਿਚ ਲਪੇਟਿਆ ਹੋਤ = ਹੁੰਦਾ ਹੈ ਅਤੇ ਏਕ = ਇਕ ਸਮੈ = ਵਕਤ ਕੰਚਨ = ਸੋਨੇ ਵਿਚ ਜੜੇ = ਜੜਿਆ ਹੋਇਆ ਜਗਮਗਾਤ = ਚਮਕਦਾ ਹੈ।

ਤੈਸੇ ਗੁਰਸਿਖ ਰਾਜ ਕੁਆਰ ਜੋਗੀਸੁਰ ਹੈ;
ਮਾਇਆਧਾਰੀ ਭਾਰੀ ਜੋਗ ਜੁਗਤਿ ਜੁਗਾਤ ਹੈ॥੪੯੭॥

ਤੈਸੇ = ਉਸੇ ਪ੍ਰਕਾਰ ਹੀ ਗੁਰਸਿਖ = ਗੁਰੂ ਦੇ ਸਿੱਖ ਕਦੇ ਰਾਜ ਕੁਆਰ = ਕੁਮਾਰ ਵਾਂਗ ਮਾਇਆਧਾਰੀ = ਦੌਲਤ ਵਾਲੇ ਹੁੰਦੇ ਹਨ ਅਤੇ ਕਦੇ ਜੋਗੀਸੁਰ = ਜੋਗੀਆਂ ਦੇ ਈਸ਼ਰ ਹੋ ਕੇ ਜੋਗ ਦੀ ਜੁਗਤਿ = ਜੁਗਤੀ ਵਿਚ ਜੁਗਾਤ = ਸਰੀਰ ਨੂੰ ਜੋੜਦੇ ਹਨ ਤੇ ਫ਼ਕੀਰਾਂ ਵਾਂਗ ਰਹਿੰਦੇ ਹਨ॥੪੯੭॥

ਅਸਨ ਬਸਨ ਸੰਗ ਲੀਨੇ ਅਉ ਬਚਨ ਕੀਨੇ;
ਜਨਮ ਲੈ ਸਾਧ ਸੰਗਿ ਸ੍ਰੀ ਗੁਰ ਅਰਾਧਿ ਹੈ॥

ਇਸ ਜੀਵ ਨੇ ਅਸਨ = ਭੋਜਨ ਬਸਨ = ਬਸਤਰ ਆਦਿ ਜ਼ਿੰਦਗੀ ਵਿਚ ਵਰਤਣ ਵਾਲੇ ਪਦਾਰਥ ਸੰਗ = ਨਾਲ ਲੀਨੇ = ਲੈ ਕੇ ਜਨਮ ਲੈਣਾ ਕੀਤਾ ਹੈ ਅਉ = ਅਤੇ ਮਾਤਾ ਦੇ ਪੇਟ ਵਿਚ ਪਰਮੇਸ਼ਰ ਨਾਲ ਬਚਨ = ਵਾਕ, ਇਕਰਾਰ ਕੀਨੇ = ਕੀਤਾ ਸੀ ਕਿ ਮੈਂ ਜਨਮ ਲੈ ਕੇ ਸਾਧ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ ਵਿਚ ਜਾ ਕੇ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਨੂੰ ਅਰਾਧਿ = ਅਰਾਧਨਾ ਕਰਾਂਗਾ।

ਈਹਾਂ ਆਏ ਦਾਤਾ ਬਿਸਰਾਏ ਦਾਸੀ ਲਪਟਾਏ;
ਪੰਚ ਦੂਤ ਭੂਤ ਭ੍ਰਮ ਭ੍ਰਮਤ ਅਸਾਧਿ ਹੈ॥

ਜੀਵ ਨੇ ਈਹਾਂ = ਇਸ ਲੋਕ ਵਿਚ ਆਏ = ਆ ਕੇ ਭਾਵ ਜੰਮਦਿਆਂ ਹੀ ਦਾਤਾ = ਦਾਤਾਰ ਪਰਮੇਸ਼ਰ ਨੂੰ ਬਿਸਰਾਏ = ਭੁਲਾ ਦਿੱਤਾ ਤੇ ਮਾਇਆ ਰੂਪ ਦਾਸੀ ਨਾਲ ਲਪਟਾਏ = ਲੰਪਟ ਹੋ ਗਿਆ ਅਤੇ ਭੂਤ = ਪ੍ਰੇਤਾਂ ਸਮਾਨ ਅਸਾਧਿ = ਨਾ ਸਾਧੇ ਜਾ ਸਕਣ ਵਾਲੇ ਪੰਚ = ਪੰਜ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਰੂਪ ਦੂਤਾਂ ਦੇ ਭ੍ਰਮ = ਭਟਕਾਉਣ ਕਰਕੇ ਭ੍ਰਮਤ = ਭਟਕਣ ਲੱਗ ਪਿਆ ਹੈ।

ਸਾਚੁ ਮਰਨੋ ਬਿਸਾਰ, ਜੀਵਨ ਮਿਥਿਆ ਸੰਸਾਰ;
ਸਮਝੈ ਨ ਜੀਤ ਹਾਰ ਸੁਪਨ ਸਮਾਧਿ ਹੈ॥

ਮਰਨੋ = ਮਰਨ ਵਾਲੀ ਸਾਚੁ = ਸੱਚੀ ਗੱਲ ਨੂੰ ਬਿਸਾਰ = ਭੁਲਾ ਦਿੱਤਾ ਅਤੇ ਮਿਥਿਆ = ਝੂਠੇ ਸੰਸਾਰ = ਜਗਤ ਵਿਚ ਜੀਵਨ = ਜੀਊਣ ਨੂੰ ਸੱਚਾ ਮੰਨ ਲਿਆ **ਵਾ:** ਮਿਥਿਆ ਜ਼ਿੰਦਗੀ ਨੂੰ ਸੰਸਾਰ ਵਿਚ ਸੱਚਾ ਮੰਨ ਲਿਆ ਅਤੇ ਸੰਸਾਰਕ ਸੁਪਨੇ ਵਿਚ ਸਮਾਧਿ = ਇਸਥਿਤ ਹੋ ਕੇ ਜੀਤ = ਜਿੱਤ ਹਾਰ ਨੂੰ ਸਮਝੈ = ਬੁੱਝ ਨ = ਨਾ ਸਕਿਆ ਭਾਵ ਇਹ ਗੱਲ ਸਮਝ ਨਾ ਸਕਿਆ ਕਿ ਮਾਇਆ ਵਿਚ ਲੱਗ ਕੇ ਇਸ ਜੀਵਨ ਨੂੰ ਹਾਰਨਾ ਹੁੰਦਾ ਹੈ ਤੇ ਗੁਰ-ਉਪੇਦਸ਼ ਦੁਆਰਾ ਨਾਮ ਦੀ ਕਮਾਈ ਕਰ ਕੇ ਇਸ ਨੂੰ ਜੀਤ = ਜਿੱਤਣਾ ਹੈ।

ਅਉਸਰ ਹੁਇ ਹੈ ਬਿਤੀਤ, ਲੀਜੀਏ ਜਨੰਮ ਜੀਤ;
ਕੀਜੀਐ ਸਾਧ ਸੰਗਿ ਪ੍ਰੀਤਿ ਅਗਮ ਅਗਾਧਿ ਹੈ॥੪੯੮॥

ਇਸ ਲਈ ਹੇ ਜੀਵ ! ਤੇਰੇ ਮਨੁੱਖਾ ਜਨਮ ਦੀ ਜ਼ਿੰਦਗੀ ਦਾ ਅਉਸਰ = ਸਮਾਂ ਹੁਣ ਬੇਅਰਥ ਹੀ ਬਿਤੀਤ ਹੁਇ = ਹੁੰਦਾ ਜਾਂਦਾ ਹੈ, ਇਸ ਮਨੁੱਖਾ ਜਨੰਮ = ਜਨਮ ਨੂੰ ਇਸ ਸੰਸਾਰ ਰੂਪ ਜੂਏ ਵਿੱਚੋਂ ਜੀਤ = ਜਿੱਤ ਲੀਜੀਏ = ਲੈਣਾ ਕਰ ਅਤੇ ਅਗਮ = ਗੰਮਤਾ ਤੋਂ ਰਹਿਤ, ਅਗਾਧਿ = ਅਥਾਹ ਪਰਮੇਸ਼ਰ ਦੀ ਪ੍ਰਾਪਤੀ ਕਰਾਉਣ ਵਾਲੀ ਸਾਧ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ ਨਾਲ ਪ੍ਰੀਤਿ = ਲਗਨ ਕੀਜੀਐ = ਕਰਨਾ ਕਰ, ਇਹੋ ਅਸਲੀ ਧਨ ਹੈ॥੪੯੮॥

ਸਫਲ ਜਨੰਮੁ ਗੁਰ ਚਰਨ ਸਰਨਿ ਲਿਵ;
ਸਫਲ ਦ੍ਰਿਸਟਿ ਗੁਰ ਦਰਸੁ ਅਲੋਈਐ॥

ਗੁਰ = ਸਤਿਗੁਰੂ ਸਾਹਿਬ ਜੀ ਦੇ ਚਰਨਾਂ ਦੀ ਸਰਨਿ = ਓਟ ਵਿਚ ਲਿਵ = ਬਿਰਤੀ ਲਾਉਣੇ ਕਰਕੇ ਮਨੁੱਖਾ ਜਨੰਮੁ = ਜਨਮ ਸਫਲ = ਸਫਲਾ ਹੁੰਦਾ ਹੈ **ਵਾ:** (ਸ + ਫਲ) ਸ = ਸਹਿਤ ਗਿਆਨ ਰੂਪ ਫਲ ਦੇ ਹੁੰਦਾ ਹੈ ਅਤੇ ਗੁਰ = ਸਤਿਗੁਰਾਂ ਦੇ ਦਰਸੁ = ਦੀਦਾਰ ਅਲੋਈਐ = ਵੇਖਿਆਂ ਦ੍ਰਿਸਟਿ = ਨਿਗ੍ਹਾ ਸਫਲ = ਸਫਲੀ ਹੋ ਜਾਂਦੀ ਹੈ।

ਸਫਲ ਸੁਰਤਿ ਗੁਰ ਸਬਦ ਸੁਨਤ ਨਿਤ;
ਜਿਹਬਾ ਸਫਲ ਗੁਨਨਿਧਿ ਗੁਨ ਗੋਈਐ॥

ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਨੂੰ ਨਿਤ = ਹਮੇਸ਼ਾਂ ਹੀ ਸੁਨਤ = ਸੁਣਨ ਨਾਲ ਸੁਰਤਿ = ਕੰਨ ਸਫਲ = ਸਫਲੇ ਹੋ ਜਾਂਦੇ ਹਨ ਤੇ ਗੁਨਨਿਧਿ = ਗੁਣਾਂ ਦੇ ਖ਼ਜ਼ਾਨੇ ਗੁਰਾਂ (ਪਰਮੇਸ਼ਰ) ਦੇ ਜੱਸ ਰੂਪ ਗੁਣਾਂ ਨੂੰ ਗੋਈਐ = ਗਾਉਣੇ ਕਰਕੇ ਜਿਹਬਾ = ਰਸਨਾ ਸਫਲ = ਸਫਲੀ ਹੋ ਜਾਂਦੀ ਹੈ।

ਸਫਲ ਹਸਤ ਗੁਰ ਚਰਨ ਪੂਜਾ ਪ੍ਰਨਾਮ;
ਸਫਲ ਚਰਨ ਪਰਦਛਨਾ ਕੈ ਪੋਈਐ॥

ਗੁਰ = ਸਤਿਗੁਰਾਂ ਦੇ ਚਰਨਾਂ ਦਾ ਹੱਥਾਂ ਨਾਲ ਪੂਜਾ = ਪੂਜਣ ਕਰਨੇ ਕਰਕੇ ਹਸਤ = ਹੱਥ ਸਫਲ = ਸਫਲੇ

ਹੁੰਦੇ ਹਨ ਅਤੇ ਪੈਰਾਂ ਨਾਲ ਪੋਈਐ = ਚੱਲ ਕੇ ਗੁਰਾਂ ਦੀ ਪਰਦੱਖਣਾ (ਪਰਿਕਰਮਾ) ਕੈ = ਕਰ ਕੇ ਚਰਨ ਸਫਲ = ਸਫਲੇ ਹੋ ਜਾਂਦੇ ਹਨ।

ਸੰਗਮ ਸਫਲ ਸਾਧ ਸੰਗਤਿ ਸਹਜ ਘਰਿ;
ਹਿਰਦਾ ਸਫਲ ਗੁਰਮਤਿ ਕੈ ਸਮੋਈਐ ॥੪੯੬॥

ਸਾਧ = ਸ੍ਰੇਸ਼ਟ ਜਨਾਂ ਦੀ ਸੰਗਤ ਵਿਚ ਸਹਜ = ਗਿਆਨ ਸਰੂਪ, ਸਹਜ ਸਰੂਪ ਰੂਪੀ ਘਰ ਵਿਚ ਵੱਸਿਆਂ ਸਭਨਾਂ ਦਾ ਸੰਗਮ = ਮਿਲਣਾ ਸਫਲ = ਸਫਲਾ ਹੋ ਜਾਂਦਾ ਹੈ ਅਤੇ ਗੁਰਮਤਿ = ਗੁਰ-ਸਿੱਖਿਆ ਨੂੰ ਹਿਰਦੇ ਕੈ = ਦੇ ਵਿਚ ਸਮੋਈਐ = ਸਮਾਇਆਂ, ਧਾਰਨ ਕੀਤਿਆਂ ਹਿਰਦਾ = ਚਿੱਤ ਵੀ ਸਫਲ = ਸਫਲਾ ਹੋ ਜਾਂਦਾ ਹੈ **ਵਾ:** ਸਹਿਤ ਗਿਆਨ ਰੂਪ ਫਲ ਦੇ ਹੋ ਜਾਂਦਾ ਹੈ॥੪੯੬॥

ਕਤ ਪੁਨਿ ਮਾਨਸ ਜਨਮੁ ਕਤ ਸਾਧ ਸੰਗ;
ਨਿਸਦਿਨ ਕੀਰਤਨ ਸਮੈ ਚਲਿ ਜਾਈਐ ॥

ਕਤ = ਕਿਥੇ ਪੁਨਿ = ਮੁੜ ਮਾਨਸ = ਮਨੁੱਖਾ ਜਨਮ ਵਾਰ ਵਾਰ ਮਿਲਣਾ ਹੈ ਅਤੇ ਕਤ = ਕਿਥੇ ਸਾਧ = ਸ੍ਰੇਸ਼ਟ ਜਨਾਂ ਦੀ ਸੰਗ = ਸੰਗਤ ਪ੍ਰਾਪਤ ਹੋਣੀ ਹੈ, ਇਸ ਲਈ ਨਿਸਦਿਨ = ਰਾਤ ਦਿਨ ਪ੍ਰਭੂ ਕੀਰਤਨ = ਜਸ ਦੇ ਸਮੈ = ਵਕਤ ਸਤਿਸੰਗਤ ਵਿਚ ਚਲਿ = ਤੁਰ ਕੇ ਜਾਈਐ = ਜਾਣਾ ਕਰੀਦਾ ਹੈ।

ਕਤ ਪੁਨਿ ਦ੍ਰਿਸਟਿ ਦਰਸ ਹੁਇ ਪਰਸਪਰ;
ਭਾਵਨੀ ਭਗਤਿ ਭਾਇ ਸੇਵਾ ਲਿਵ ਲਾਈਐ ॥

ਕਤ = ਕਿਥੇ ਪੁਨਿ = ਫੇਰ ਨੇਤਰਾਂ ਦੀ ਦ੍ਰਿਸਟਿ = ਨਿਗ੍ਹਾ ਨਾਲ ਪਰਸਪਰ = ਆਪਸ ਵਿਚਦੀ ਇਕ ਦੂਸਰੇ ਦੇ ਦਰਸ = ਦੀਦਾਰ ਹੁਇ = ਹੋਣੇ ਹਨ **ਵਾ:** ਦ੍ਰਿਸ਼ਟੀ ਨਾਲ ਗੁਰਾਂ ਦੇ ਦਰਸ਼ਨ ਕਰਨ ਦਾ ਤੇ ਜੀਵਾਂ ਨੂੰ ਗੁਰਾਂ ਦੇ ਦਰਸ਼ਨ ਕਰਨ ਦਾ ਇਉਂ ਆਪਸ ਵਿਚਦੀ ਸਮਾਂ ਕਿਥੇ ਪ੍ਰਾਪਤ ਹੋਣਾ ਹੈ, ਇਸ ਲਈ ਭਾਵਨੀ = ਸ਼ਰਧਾ ਤੇ ਭਾਇ = ਪ੍ਰੇਮਾ ਭਗਤਿ = ਭਗਤੀ ਦੇ ਵਿਚ, ਸੇਵਾ = ਟਹਿਲ ਵਿਚ ਚਿੱਤ ਦੀ ਲਿਵ = ਬਿਰਤੀ ਲਾਈਐ = ਲਾਉਣਾ ਕਰੀਏ।

ਕਤ ਪੁਨਿ ਰਾਗ ਨਾਦ ਬਾਦ ਸੰਗੀਤਿ ਰੀਤਿ;
ਸ੍ਰੀ ਗੁਰ ਸਬਦ ਧੁਨਿ ਸੁਨਿ ਪੁਨਿ ਗਾਈਐ ॥

ਕਤ = ਕਿਥੇ ਪੁਨਿ = ਫੇਰ ਰਾਗਾਂ ਦੀ ਨਾਦ = ਧੁਨੀ ਤੇ ਬਾਦ = ਵਾਜਿਆਂ ਦੀ ਆਵਾਜ਼ ਸੰਗੀਤ ਰੀਤਿ = ਮਰਯਾਦਾ ਅਨੁਸਾਰ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਦੀ ਧੁਨਿ = ਧੁਨੀ ਉਚਾਰਨ ਹੁੰਦੀ ਸੁਨਿ = ਸੁਣੀ ਜਾਂਦੀ ਹੈ ਅਤੇ ਕਿਥੇ ਪੁਨਿ = ਫੇਰ ਆਪ ਗਾਈਐ = ਗਾਉਣਾ ਕੀਤੀ ਜਾ ਸਕਦੀ ਹੈ।

ਕਤ ਪੁਨਿ ਕਰਿ ਕਿਰਤਾਸ ਲੇਖ ਮਸੁਵਾਨੀ;
ਸ੍ਰੀ ਗੁਰ ਸਬਦ ਲਿਖਿ ਨਿਜ ਪਦੁ ਪਾਈਐ ॥੫੦੦॥

ਕਤੁ = ਕਿਥੇ ਪੁਨਿ = ਫੇਰ ਕਰਿ = ਹੱਥਾਂ ਵਿਚ ਕਿਰਤਾਸ = ਕਾਗ਼ਜ਼, ਮਸੁਵਾਨੀ = ਸਿਆਹੀ ਤੇ ਲੇਖ = ਲੇਖਨੀ, ਕਲਮ ਲੈ ਕੇ ਸ੍ਰੀ = ਸੁਭਾਇਮਾਨ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਨੂੰ ਆਪ ਲਿਖ ਕੇ ਨਿਜ = ਆਪਣੇ ਸਰੂਪ ਰੂਪੀ ਪਦੁ = ਪਦਵੀ ਨੂੰ ਪਾਈਐ = ਪਾਉਣਾ ਹੋਵੇਗਾ ॥੫੦੦॥

ਜੈਸੇ ਤਉ ਪਲਾਸ ਪਤ੍ਰ ਨਾਗਬੇਲ ਮੇਲ ਭਏ;
ਪਹੁਚਤ ਕਰਿ ਨਰਪਤ ਜਗ ਜਾਨੀਐ ॥

ਜੈਸੇ ਤਉ = ਜਿਸ ਤਰ੍ਹਾਂ ਪਲਾਸ = ਢੱਕ ਦੇ ਪਤ੍ਰ = ਪੱਤਿਆਂ ਦਾ ਨਾਗਬੇਲ = ਪਾਨਾਂ ਦੇ ਪੱਤਿਆਂ ਨਾਲ ਮੇਲ = ਮਿਲਾਪ ਭਏ = ਹੋਏ ਤੋਂ ਨਰਪਤ = ਰਾਜੇ ਦੇ ਕਰਿ = ਹੱਥਾਂ ਵਿਚ ਜਾ ਪਹੁਚਤ = ਅੱਪੜਦਾ ਹੈ, ਇਹ ਗੱਲ ਸਾਰਾ ਜਗ = ਸੰਸਾਰ ਹੀ ਜਾਨੀਐ = ਜਾਣਦਾ ਹੈ।

ਜੈਸੇ ਤਉ ਕੁਚੀਲ ਨੀਲ ਬਰਨੁ ਬਰਨ ਬਿਧੈ;
ਹੀਰ ਚੀਰ ਸੰਗਿ ਨਿਰਦੋਖ ਉਨਮਾਨੀਐ ॥

ਜੈਸੇ ਤਉ = ਜਿਸ ਤਰ੍ਹਾਂ ਨੀਲ = ਅਸਮਾਨੀ ਬਰਨੁ = ਰੰਗ, ਬਰਨ = ਰੰਗਾਂ ਬਿਧੈ = ਵਿਚ ਕੁਚੀਲ = ਮੈਲਾ ਹੁੰਦਾ ਹੈ, ਪਰ ਐਸਾ ਰੰਗਦਾਰ ਚੀਰ = ਕੱਪੜਾ ਹੀਰੇ ਦੀ ਸੰਗਿ = ਸੰਗਤ ਕਰ ਕੇ ਨਿਰਦੋਖ = ਦੋਸ਼ਾਂ ਤੋਂ ਰਹਿਤ ਉਨਮਾਨੀਐ = ਸਮਝੀਦਾ, ਵਿਚਾਗੀਦਾ ਹੈ।

ਸਾਲਗ੍ਰਾਮ ਸੇਵਾ ਸਮੈ ਮਹਾ ਅਪਵਿਤ੍ਰ ਸੰਖ;
ਪਰਮ ਪਵਿਤ੍ਰ ਜਗ ਭੋਗ ਬਿਧੈ ਆਨੀਐ ॥

ਜਿਸ ਪ੍ਰਕਾਰ ਸੰਖ ਮਹਾ = ਬਹੁਤ ਅਪਵਿਤ੍ਰ = ਮਲੀਨ ਹੁੰਦਾ ਹੈ, ਕਿਉਂਕਿ ਇਹ ਇਕ ਕੀੜੇ ਦਾ ਘਰ ਅਤੇ ਸੱਖਣਾ ਰਹਿਣ ਵਾਲਾ ਤੇ ਰੋਣੀ ਆਵਾਜ਼ ਕੱਢਣ ਵਾਲਾ ਹੈ ਪਰੰਤੂ ਸਾਲਗ੍ਰਾਮ = ਗੋਲ ਪੱਥਰ ਦੀ ਸ਼ਕਲ ਵਾਲੇ ਠਾਕਰਾਂ ਦੀ ਸੇਵਾ = ਟਹਿਲ ਕਰਨ ਦੇ ਸਮੈ = ਵੇਲੇ ਤੇ ਯੱਗ ਆਦਿ ਵੇਲੇ ਮੂਰਤੀਆਂ ਨੂੰ ਭੋਗ ਲਾਉਣ ਵੇਲੇ ਇਸ ਨੂੰ ਪਰਮ = ਬਹੁਤ ਪਵਿੱਤ੍ਰ = ਚੰਗਾ ਮੰਨ ਕੇ ਤੇ ਸੰਗਤ ਬਿਧੈ = ਵਿਚ ਆਨੀਐ = ਲਿਆ ਕੇ ਵਜਾਉਣਾ ਕਰੀਦਾ ਹੈ।

ਤੈਸੇ ਮਮ ਕਾਗ ਸਾਧ ਸੰਗਤਿ ਮਰਾਲ ਮਾਲ;
ਮਾਰ ਨ ਉਠਾਵਤ ਗਾਵਤ ਗੁਰ-ਬਾਨੀਐ ॥੫੦੧॥

ਤੈਸੇ = ਉਸੇ ਪ੍ਰਕਾਰ ਹੀ ਮਮ = ਮੈਂ ਕਾਗ = ਕਾਂ ਵਤ ਕੌੜੇ ਸ਼ਬਦ ਬੋਲਣ ਵਾਲਾ ਤੇ ਦੋਸ਼ਾਂ ਨੂੰ ਤੱਕਣ ਵਾਲਾ ਹਾਂ ਅਤੇ ਸਾਧ = ਸ੍ਰੇਸ਼ਟ ਜਨਾਂ ਦੀ ਸੰਗਤ ਮਰਾਲ = ਹੰਸਾਂ ਦੀ ਮਾਲ = ਡਾਰ ਵਾਂਗ ਹੈ ਪਰੰਤੂ ਫੇਰ ਵੀ ਮੈਨੂੰ ਗੁਰ-ਬਾਨੀਐ = ਗੁਰਾਂ ਦੀ ਉਚਾਰਨ ਕੀਤੀ ਬਾਣੀ ਨੂੰ ਕੀਰਤਨ ਰੂਪ ਵਿਚ ਗਾਵਤ = ਗਾਉਂਦਿਆਂ ਤੇ ਪੜ੍ਹਦਿਆਂ ਹੋਇਆਂ ਸਤਿਸੰਗਤ ਵਿੱਚੋਂ ਮਾਰ ਕੇ ਉਠਾਵਤ = ਉਠਾਉਂਦੇ ਨ = ਨਹੀਂ ਹਨ ॥੫੦੧॥

ਜੈਸੇ ਜਲ ਮਧਿ ਮੀਨ ਮਹਿਮਾ ਨ ਜਾਨੈ ਪੁਨਿ;
ਜਲ ਬਿਨੁ ਤਲਫ ਤਲਫ ਮਰਿ ਜਾਤ ਹੈ॥

ਜੈਸੇ = ਜਿਸ ਪ੍ਰਕਾਰ ਜਲ = ਪਾਣੀ ਮਧਿ = ਵਿਚ ਰਹਿੰਦੀ ਮੀਨ = ਮੱਛੀ ਪਾਣੀ ਦੀ ਮਹਿਮਾ = ਕਦਰ ਨ = ਨਹੀਂ ਜਾਨੈ = ਜਾਣਦੀ ਅਤੇ ਪੁਨਿ = ਫੇਰ ਜਲ = ਪਾਣੀ ਤੋਂ ਬਿਨੁ = ਬ਼ਗ਼ੈਰ ਤਲਫ ਤਲਫ = ਤੜਫ਼ ਤੜਫ਼ ਕੇ ਮਰ ਜਾਤ = ਜਾਂਦੀ ਹੈ।

ਜੈਸੇ ਬਨ ਬਸਤ ਮਹਾਤਮੈ ਨ ਜਾਨੈ ਪੁਨਿ;
ਪਰ-ਬਸ ਭਏ ਖਗ ਮ੍ਰਿਗ ਅਕੁਲਾਤ ਹੈ॥

ਜੈਸੇ = ਜਿਸ ਪ੍ਰਕਾਰ ਪੰਛੀ, ਹਿਰਨ ਆਦਿ ਬਨ = ਜੰਗਲ ਵਿਚ ਬਸਤ = ਵੱਸਦੇ ਹੋਏ ਜੰਗਲ ਦੀ ਮਹਾਤਮੈ = ਕਦਰ ਨ = ਨਹੀਂ ਜਾਨੈ = ਜਾਣਦੇ ਅਤੇ ਪੁਨਿ = ਫੇਰ ਜੇ ਪਰ = ਪਰਾਏ ਬਸ = ਅਧੀਨ ਭਾਵ ਸ਼ਿਕਾਰੀ ਦੇ ਵੱਸ ਭਏ = ਹੋ ਜਾਂਦੇ ਹਨ ਤਾਂ ਖਗ = ਪੰਛੀ ਮ੍ਰਿਗ = ਹਿਰਨ ਆਦਿ ਅਕੁਲਾਤ = ਵਿਆਕੁਲ, ਦੁਖੀ ਹੁੰਦੇ ਹੈ = ਹਨ।

ਜੈਸੇ ਪ੍ਰਿਅ ਸੰਗਮ ਕੈ ਸੁਖਹਿ ਨ ਜਾਨੈ ਤ੍ਰਿਆ;
ਬਿਛੁਰਤ ਬਿਰਹ ਬ੍ਰਿਥਾ ਕੈ ਬਿਲਲਾਤ ਹੈ॥

ਜੈਸੇ = ਜਿਸ ਪ੍ਰਕਾਰ ਤ੍ਰਿਆ = ਇਸਤਰੀ ਪਿਆਰੇ ਪਤੀ ਦੇ ਸੰਗਮ = ਨਾਲ ਰਹਿਣ ਕੈ = ਦੇ ਸੁਖਹਿ = ਅਨੰਦ ਦੀ ਕਦਰ ਨ = ਨਹੀਂ ਜਾਨੈ = ਜਾਣਦੀ, ਪਰੰਤੂ ਜਦ ਪਤੀ ਬਿਛੁਰਤ = ਵਿੱਛੜਦਾ ਹੈ ਤਾਂ ਬਿਰਹ = ਵਿਛੋੜੇ ਦੀ ਬ੍ਰਿਥਾ = ਪੀੜਾ ਕੈ = ਕਰਕੇ ਬਿਲਲਾਤ = ਵਿਰਲਾਪ, ਰੋਣਾ ਕਰਦੀ ਹੈ।

ਤੈਸੇ ਗੁਰ ਚਰਨ ਸਰਨਿ ਆਤਮਾ ਅਚੇਤ;
ਅੰਤਰੁ ਪਰਤ ਸਿਮਰਤ ਪਛੁਤਾਤ ਹੈ॥੫੦੨॥

ਤੈਸੇ = ਉਸੇ ਪ੍ਰਕਾਰ ਗੁਰ = ਸਤਿਗੁਰਾਂ ਦੇ ਚਰਨ ਦੀ ਸਰਨਿ = ਓਟ ਵਿਚ ਸਿੱਖ ਦਾ ਆਤਮਾ = ਮਨ ਅਚੇਤ = ਬੇਸਮਝ ਹੋ ਕੇ ਰਹਿੰਦਾ ਹੈ, ਪਰ ਜਿਸ ਵੇਲੇ ਗੁਰਾਂ ਨਾਲੋਂ ਅੰਤਰੁ = ਅੰਤਰਾ, ਵਿੱਥ ਆ ਪਰਤ = ਪੈਂਦੀ ਹੈ ਤਾਂ ਉਸ ਨੇੜੇ ਰਹਿਣ ਵਾਲੇ ਸਮੇਂ ਨੂੰ ਸਿਮਰਤ = ਚੇਤੇ ਕਰ ਕਰ ਕੇ ਪਛੁਤਾਤ = ਪਛਤਾਉਂਦਾ ਹੈ॥੫੦੨॥

ਭਗਤ ਵਛਲ ਸੁਨਿ ਹੋਤ ਨਿਰਾਸ ਰਿਦੈ;
ਪਤਿਤ ਪਾਵਨ ਸੁਨਿ ਆਸਾ ਉਰਧਾਰਿ ਹੌਂ॥

ਮੈਂ, ਪਰਮੇਸ਼ਰ (ਗੁਰੂ) ਨੂੰ ਭਗਤਾਂ ਦਾ ਵਛਲ = ਪਿਆਰਾ ਸੁਨਿ = ਸ੍ਰਵਨ ਕਰ ਕੇ ਰਿਦੈ = ਚਿੱਤ ਵਿਚ ਨਿਰਾਸ = ਉਦਾਸ ਹੋਤ = ਹੁੰਦਾ ਹਾਂ ਅਤੇ ਪਤਿਤ = ਪਾਪੀਆਂ ਨੂੰ ਪਾਵਨ = ਪਵਿੱਤਰ ਕਰਨ ਵਾਲਾ ਸੁਣ ਕੇ ਆਪਣੇ (ਉਰ + ਧਾਰਿ) ਉਰ = ਹਿਰਦੇ ਵਿਚ ਆਸਾ = ਉਮੀਦਾਂ ਧਾਰਿ = ਧਾਰਦਾ ਫਿਰਦਾ ਹੌਂ = ਹਾਂ ਕਿ ਮੈਨੂੰ ਵੀ ਸੰਸਾਰ-ਸਮੁੰਦਰ ਤੋਂ ਪਾਰ ਕਰ ਲੈਣਗੇ ਭਾਵੇਂ ਮੈਂ ਪਿਆਰੇ ਭਗਤਾਂ ਵਿੱਚੋਂ ਨਹੀਂ ਹਾਂ, ਪਾਪੀਆਂ ਵਿੱਚੋਂ ਹਾਂ।

ਅੰਤਰਜਾਮੀ ਸੁਨਿ ਕੰਪਤ ਹੌਂ ਅੰਤਰਗਤਿ;
ਦੀਨ ਕੋ ਦਇਆਲ ਸੁਨਿ ਭੈ ਭ੍ਰਮ ਟਾਰਿ ਹੌਂ॥

ਅੰਤਰਜਾਮੀ = ਅੰਦਰ ਦੀ ਜਾਨਣ ਵਾਲਾ ਸੁਨਿ = ਸੁਣ ਕੇ ਮੈਂ ਆਪਣੇ ਅੰਤਰਗਤਿ (ਅੰਤਰ + ਗਤਿ) ਅੰਤਰ = ਅੰਦਰ ਦੀ ਗਤਿ = ਹਾਲਤ ਵੇਖ ਕੇ ਭਾਵੇਂ ਕੀਤੇ ਮਾੜੇ ਕੰਮ ਯਾਦ ਕਰ ਕੇ ਕੰਪਤ = ਕੰਬਣਾ ਕਰਦਾ ਹੌਂ = ਹਾਂ ਅਤੇ ਦੀਨ = ਗ਼ਰੀਬਾਂ ਕੋ = ਉੱਤੇ ਦਇਆਲ = ਦਿਆਲੂ ਹੋਣ ਵਾਲਾ ਸੁਣ ਕੇ ਮੇਰੇ ਆਪਣੇ ਅੰਦਰੋਂ ਸੱਤ ਪ੍ਰਕਾਰ ਦਾ ਭੈ = ਡਰ ਤੇ ਪੰਜ ਪ੍ਰਕਾਰ ਦਾ ਭ੍ਰਮ = ਭੁਲੇਖਾ ਟਾਰਿ = ਟਾਲਣਾ, ਦੂਰ ਕਰਨਾ ਕਰਦਾ ਹੌਂ = ਹਾਂ।

ਜਲਧਰ ਸੰਗਮ ਕੈ ਅਫਲ ਸੇਂਬਲ ਦ੍ਰੁਮ;
ਚੰਦਨ ਸੁਗੰਧ ਸਨਬੰਧ ਮਲਗਾਰ ਹੌਂ॥

ਜਲਧਰ = ਪਾਣੀ ਨੂੰ ਧਾਰਨ ਕਰਨ ਵਾਲੇ ਬੱਦਲਾਂ ਦੇ ਵਰਸਣ ਦੇ ਸੰਗਮ = ਮਿਲਾਪ ਨੂੰ ਪਾ ਕੈ = ਕਰਕੇ ਵੀ ਸੇਂਬਲ = ਸਿੰਮਲ ਦਾ ਦ੍ਰੁਮ = ਬ੍ਰਿਛ ਅਫਲ = ਫਲ ਤੋਂ ਹੀਣਾ ਰਹਿੰਦਾ ਹੈ ਅਤੇ ਚੰਦਨ ਦੀ ਸੁਗੰਧ = ਸ੍ਰੇਸ਼ਟ ਵਾਸ਼ਨਾ ਦੇ ਸਨਬੰਧ = ਮੇਲ ਕਰਕੇ ਸਿੰਮਲ ਬ੍ਰਿਛ ਵੀ ਚੰਦਨ ਵਾਂਗ ਮਲਗਾਰ = ਸੁਗੰਧੀ ਦੇਣ ਵਾਲਾ ਹੋ ਜਾਂਦਾ ਹੌਂ = ਹੈ।

ਅਪਨੀ ਕਰਨੀ ਕਰਿ ਨਰਕ ਹੂੰ ਨ ਪਾਵਉ ਠਉਰ;
ਤੁਮਰੇ ਬਿਰਦ ਕਰਿ ਆਸਰੋ ਸਮ੍ਹਾਰ ਹੌਂ॥੫੦੩॥

ਅਪਨੀ = ਆਪਣੀ ਕਰਨੀ = ਕਰਤੂਤ ਕਰਿ = ਕਰਕੇ ਤਾਂ ਮੈਂ ਨਰਕ ਵਿਚ ਹੂੰ = ਵੀ ਠਉਰ = ਟਿਕਾਣਾ ਪਾਵਉ = ਪਾਉਣ ਯੋਗ ਨ = ਨਹੀਂ ਹਾਂ, ਇਸ ਲਈ ਹੇ ਸਤਿਗੁਰੂ ਜੀ! ਮੈਂ ਤੁਮਰੇ = ਤੁਹਾਡੇ ਸ਼ਰਨ ਆਉਣ ਵਾਲੇ ਨੂੰ ਕੰਠ ਲਾਉਣ ਦੇ ਬਿਰਦ = ਧਰਮ (ਨਿਯਮ) ਦੇ ਆਸਰੋ = ਸਹਾਰੇ ਨੂੰ ਸਮ੍ਹਾਰ = ਸੰਭਾਲਣਾ ਭਾਵ ਯਾਦ ਕਰਿ = ਕਰਦਾ ਹੌਂ = ਹਾਂ॥੫੦੩॥ ਜੈਸਾ ਕਿ :

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥ *(ਅੰਗ ੫੪੪)*

ਜਉ ਹਮ ਅਧਮ ਕਰਮ ਕੈ ਪਤਿਤ ਭਏ;
ਪਤਿਤ ਪਾਵਨ ਪ੍ਰਭ ਨਾਮ ਪ੍ਰਗਟਾਇਓ ਹੈ॥

ਜਉ = ਜੇਕਰ ਹਮ = ਅਸੀਂ ਜੀਵ ਅਧਮ = ਭੈੜੇ ਕਰਮ = ਕੰਮ ਕੈ = ਕਰਕੇ ਮਨੁੱਖਪੁਣੇ ਦੀ ਉੱਚਤਾ ਤੋਂ ਪਤਿਤ = ਪਾਪੀ ਭਏ = ਹੋ ਗਏ ਹਾਂ ਤਾਂ ਹੇ ਪ੍ਰਭ = ਪਰਮੇਸ਼ਰ! ਆਪ ਜੀ ਨੇ ਪਤਿਤ = ਪਾਪੀਆਂ ਤੋਂ ਪਾਵਨ = ਪਵਿੱਤਰ ਕਰਨ ਵਾਲਾ ਆਪਣਾ ਨਾਮ ਪ੍ਰਗਟਾਇਓ = ਪ੍ਰਗਟ ਕਰ ਦਿੱਤਾ ਹੈ। ਜੈਸਾ ਕਿ :

ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ॥

(ਅੰਗ ੯੩)

ਜਉ ਭਏ ਦੁਖਿਤ ਅਰੁ ਦੀਨ ਪਰਚੀਨ ਲਗਿ;
ਦੀਨ ਦੁਖ ਭੰਜਨ ਬਿਰਦੁ ਬਿਰਦਾਇਓ ਹੈ॥

ਜਉ = ਜੇਕਰ ਅਸੀਂ ਜੀਵ ਪਰਚੀਨ = ਪਹਿਲਾਂ ਤੋਂ ਹੀ ਪਾਪ ਕਰਮਾਂ ਵਿਚ ਲੱਗ ਕੇ **ਵਾ:** ਪੁਰਾਣੀਆਂ ਕਰਮ-ਕਾਂਡਾਂ ਵਾਲੀਆਂ ਰੀਤੀਆਂ ਵਿਚ ਲੱਗ ਕੇ ਦੁਖਿਤ = ਦੁਖੀ ਭਏ = ਹੋਏ ਹਾਂ ਤੇ ਦੀਨ = ਗ਼ਰੀਬ (ਲਾਚਾਰ) ਹੋਏ ਹਾਂ ਤਾਂ ਹੀ ਆਪ ਜੀ ਨੇ ਦੀਨ = ਗ਼ਰੀਬਾਂ ਦੇ ਦੁਖ = ਕਸ਼ਟ ਭੰਨਣ = ਨਾਸ਼ ਕਰਨ ਵਾਲਾ ਆਪਣਾ ਬਿਰਦੁ = ਧਰਮ ਬਿਰਦਾਇਓ = ਪ੍ਰਸਿੱਧ ਕਰ ਦਿੱਤਾ ਹੈ **ਵਾ:** ਆਪ ਦਾ ਧਰਮ ਪ੍ਰਗਟ ਹੋਇਆ ਹੈ।

ਜਉ ਗ੍ਰਸੇ ਅਰਕ-ਸੁਤ ਨਰਕ ਨਿਵਾਸੀ ਭਏ;
ਨਰਕ ਨਿਵਾਰਨ ਜਗਤ ਜਸੁ ਗਾਇਓ ਹੈ॥

ਜਉ = ਜੇਕਰ ਅਸੀਂ ਜੀਵ ਅਰਕ-ਸੁਤ = ਸੂਰਜ ਦੇ ਪੁੱਤਰ ਧਰਮਰਾਜੇ ਦੇ ਗ੍ਰਸੇ = ਫੜੇ ਹੋਏ ਨਰਕਾਂ ਵਿਚ ਨਿਵਾਸੀ = ਵੱਸਣ ਵਾਲੇ ਭਏ = ਹੋ ਗਏ ਤਾਂ ਹੀ ਆਪ ਜੀ ਦਾ ਜਗਤ = ਸੰਸਾਰ ਉੱਤੇ ਨਰਕ ਤੋਂ ਨਿਵਾਰਨ = ਕੱਢਣ ਵਾਲੇ ਜਾਂ ਨਰਕਾਂ ਦੇ ਕਸ਼ਟਾਂ ਨੂੰ ਦੂਰ ਕਰਨ ਵਾਲੇ ਨਾਮ ਨਾਲ ਜਸੁ = ਕੀਰਤਨ ਗਾਇਓ = ਗਾਇਆ ਜਾਂਦਾ ਹੈ।

ਗੁਨ ਕੀਏ ਗੁਨ ਸਭ ਕੋਊ ਕਰੈ ਕ੍ਰਿਪਾ ਨਿਧਾਨ;
ਅਵਗੁਨ ਕੀਏ ਗੁਨ ਤੋਹੀ ਬਨਿ ਆਇਓ ਹੈ॥੫੦੪॥

ਹੇ ਕ੍ਰਿਪਾ = ਮਿਹਰ ਦੇ ਨਿਧਾਨ = ਖ਼ਜ਼ਾਨੇ ਪਰਮੇਸ਼ਰ ! ਗੁਨ = ਉਪਕਾਰ ਕੀਏ = ਕੀਤਿਆਂ ਸਭ = ਹਰੇਕ ਕੋਊ = ਕੋਈ ਗੁਨ = ਉਪਕਾਰ ਕਰੈ = ਕਰਦਾ ਹੈ ਪਰੰਤੂ ਆਪ ਜੀ ਦੇ ਹੁਕਮ ਦੀ ਉਲੰਘਣਾ ਕਰਨ ਰੂਪ ਅਵਗੁਨ = ਅਪਰਾਧ ਕੀਏ = ਕੀਤਿਆਂ ਵੀ ਸਾਡੇ ਜੀਵਾਂ ਉੱਤੇ ਆਪ ਜੀ ਦਾ ਗੁਨ = ਉਪਕਾਰ ਕਰਨਾ, ਇਹ ਉਪਮਾ ਕੇਵਲ ਤੋਹੀ = ਤੁਹਾਡੇ ਉੱਪਰ ਹੀ ਬਣ ਆਇਓ = ਆਉਣਾ ਕਰਦੀ ਹੈ॥੫੦੪॥

ਜੈਸੇ ਤਉ ਅਰੋਗ ਭੋਗ ਭੋਗਵੈ ਨਾਨਾ ਪ੍ਰਕਾਰ;
ਬ੍ਰਿਥਾਵੰਤ ਖਾਨਿ ਪਾਨਿ ਰਿਦੈ ਨ ਹਿਤਾਵਈ॥

ਜੈਸੇ ਤਉ = ਜਿਸ ਤਰ੍ਹਾਂ ਅਰੋਗ = ਰੋਗ ਤੋਂ ਰਹਿਤ ਭਾਵ ਤੰਦਰੁਸਤ ਪੁਰਖ ਨਾਨਾ = ਅਨੰਤ ਪ੍ਰਕਾਰ = ਤਰ੍ਹਾਂ ਦੇ ਭੋਗ = ਭੋਗਣ, ਛਕਣ ਵਾਲਿਆਂ ਪਦਾਰਥਾਂ ਨੂੰ ਭੋਗਵੈ = ਛਕਣਾ ਕਰਦਾ ਹੈ ਪਰੰਤੂ ਬ੍ਰਿਥਾਵੰਤ = ਪੀੜਾ ਵਾਲੇ ਪੁਰਖ ਨੂੰ ਕੋਈ ਖਾਨਿ = ਖਾਣਾ ਪਾਨਿ = ਪੀਣਾ ਰਿਦੈ = ਚਿੱਤ ਵਿਚ ਹਿਤਾਵਈ = ਚੰਗਾ ਨਹੀਂ ਲੱਗਦਾ ਹੈ।

ਜੈਸੇ ਮਹਖੀ ਸਹਨਸੀਲ ਕੈ ਧੀਰਜ ਧੁਜਾ;
ਅਜਿਆ ਮੈ ਤਨਕ ਕਲੇਜੋ ਨ ਸਮਾਵਈ॥

ਜੈਸੇ = ਜਿਸ ਪ੍ਰਕਾਰ ਮਹਖੀ = ਮੱਝ ਸਹਨਸੀਲ = ਸਹਾਰਨ ਵਾਲੀ ਤੇ ਧੀਰਜ = ਟਿਕਾਅ ਵਾਲੇ ਸੁਭਾਅ

ਦੀ ਧੁਜਾ = ਨਿਸ਼ਾਨ ਮੰਨੀ ਗਈ ਹੈ ਅਤੇ ਅਜਿਆ = ਬੱਕਰੀ ਕਲੇਜੋ = ਜਿਗਰ ਮੈ = ਵਿਚ ਤਨਕ = ਥੋੜ੍ਹੇ ਮਾਤਰ ਵੀ ਸਮਾਵਈ = ਸਮਾਈ ਨਹੀਂ ਹੁੰਦੀ ਭਾਵ ਮੱਝ ਵੱਡੇ ਜੇਰੇ ਵਾਲੀ ਹੁੰਦੀ ਹੈ ਬੱਕਰੀ ਅਤਿਅੰਤ ਕਰਕੇ ਜਿਗਰੇ ਦੀ ਥੋੜ੍ਹੀ ਹੁੰਦੀ ਹੈ।

ਜੈਸੇ ਜਉਹਰੀ ਬਿਸਾਹੈ ਵੇਚੇ ਹੀਰਾ ਮਾਨਕਾਦਿ;
ਰੰਕ ਪੈ ਨ ਰਾਖਿਓ ਪਰੈ ਜੋਗ ਨ ਜੁਗਾਵਈ ॥

ਜੈਸੇ = ਜਿਸ ਤਰ੍ਹਾਂ ਜੌਹਰੀ ਹੀਰਾ ਮਾਨਕਾਦਿ = ਮਾਣਕ ਮੋਤੀ ਆਦਿ ਕੀਮਤੀ ਵਸਤੂਆਂ ਨੂੰ ਬਿਸਾਹੈ = ਖ਼ਰੀਦਦਾ ਤੇ ਵੇਚੇ = ਵੇਚਦਾ ਹੈ ਪਰੰਤੂ ਰੰਕ = ਗ਼ਰੀਬ ਪੈ = ਕੋਲ ਇਕ ਹੀਰਾ ਜਾਂ ਕੀਮਤੀ ਵਸਤੂ ਹੋਵੇ ਤਾਂ ਸਮਾਈ ਦੇ ਘਾਟੇ ਕਾਰਨ ਰਾਖਿਓ = ਰੱਖਿਆ, ਸੰਭਾਲਿਆ ਨ = ਨਹੀਂ ਜਾ ਸਕਦਾ ਕਿਉਂਕਿ ਉਨ੍ਹਾਂ ਦਾ ਜੋਗ = ਜੋੜ ਜੁਗਾਵਈ = ਜੁੜਦਾ ਨ = ਨਹੀਂ ਪਰੈ = ਪੈਂਦਾ ਹੈ ਭਾਵ ਗ਼ਰੀਬ ਕੋਲੋਂ ਹੀਰੇ ਆਦਿਕ ਰੱਖੇ ਹੋਏ ਰੱਖੇ ਨਹੀਂ ਜਾਂਦੇ, ਨਾ ਹੀ ਉਹ ਉਨ੍ਹਾਂ ਦੇ ਜੋਗ = ਲਾਇਕ ਤੇ ਜੁਗਾਵਈ = ਲੇਖ ਦੇ ਜੋੜ ਕਰਨ ਜਾਣਦਾ ਹੈ।

ਤੈਸੇ ਗੁਰ ਪਰਚੇ ਪਵਿਤ੍ਰ ਹੈ ਪੂਜਾ ਪ੍ਰਸਾਦਿ;
ਅਪਚੁ ਅਪਰਚੇ ਦੁਸਹਿ ਦੁਖ ਪਾਵਈ ॥੫੦੫॥

ਤੈਸੇ = ਉਸੇ ਪ੍ਰਕਾਰ ਹੀ ਗੁਰ = ਸਤਿਗੁਰਾਂ ਉੱਪਰ ਪਰਚੇ = ਪਰਚਣੇ ਭਾਵ ਭਰੋਸਾ ਕਰਨ ਵਾਲੇ ਪੁਰਖਾਂ ਨੂੰ ਤਾਂ ਗੁਰਾਂ ਅੱਗੇ ਅਰਪਣ ਕੀਤੀ ਪੂਜਾ = ਪੂੰਜੀ ਤੇ ਕੜਾਹ ਪ੍ਰਸ਼ਾਦਿ ਆਦਿ ਪਵਿਤ੍ਰ = ਚੰਗਾ, ਕਲਿਆਣ ਕਰਤਾ ਹੁੰਦਾ ਹੈ ਅਤੇ ਜੋ ਗੁਰੂ ਉੱਪਰ ਅਪਰਚੇ = ਭਰੋਸਾ ਕਰਨ ਤੋਂ ਰਹਿਤ ਪੁਰਖ ਹੁੰਦੇ ਹਨ, ਇਹ ਗੁਰਾਂ ਅੱਗੇ ਅਰਪਨ ਕੀਤਾ ਹੋਇਆ ਪ੍ਰਸ਼ਾਦਿ ਉਨ੍ਹਾਂ ਬੇ-ਭਰੋਸੇ ਪੁਰਖਾਂ ਨੂੰ ਅਪਚੁ = ਪਚਣ ਤੋਂ ਰਹਿਤ ਹੋ ਕਰਕੇ ਦੁਸਹਿ = ਕਠਿਨ ਦੁਖ = ਕਸ਼ਟ ਪਾਵਈ = ਪ੍ਰਾਪਤ ਹੋਇਆ ਕਰਦਾ ਹੈ।

ਅਥਵਾ ਉਸੇ ਤਰ੍ਹਾਂ ਹੀ ਜੋ ਸਿੱਖ ਗੁਰ-ਸਿੱਖਿਆ ਦਾ ਸਹੀ ਉਪਦੇਸ਼ ਲੋਕਾਂ ਨੂੰ ਕਰਕੇ ਸੁਣਾਉਂਦੇ ਹਨ ਤੇ ਆਪ ਗੁਰਾਂ ਦੀ ਸਿੱਖਿਆ ਉੱਪਰ ਅਮਲ ਕਰ ਕੇ ਭਜਨ ਸਿਮਰਨ ਕਰਦੇ ਹਨ ਅਤੇ ਆਪਣੇ ਆਪ ਨੂੰ ਮਹਾਨ ਅਖਵਾਉਣ ਦੀ ਲਾਲਸਾ ਤਿਆਗ ਕੇ ਸਿਰਫ਼ ਸਰੀਰ ਦੇ ਨਿਰਬਾਹ ਲਈ ਪਦਾਰਥ ਨੂੰ ਗ੍ਰਹਿਣ ਕਰਦੇ ਹਨ ਤੇ ਪੂਜਾ ਦਾ ਧਨ ਜੋੜਦੇ ਨਹੀਂ ਹਨ, ਉਨ੍ਹਾਂ ਨੂੰ ਪੂਜਾ ਦਾ ਧਨ ਜਾਂ ਪ੍ਰਸ਼ਾਦਿ ਪਚਦਾ ਹੈ ਅਤੇ ਜੋ ਗੁਰ-ਸਿੱਖਿਆ ਦਾ ਸਹੀ ਤਰੀਕੇ ਜਾਂ ਗੁਰ-ਸਿੱਖਿਆ ਅਨੁਸਾਰ ਲੋਕਾਂ ਤਕ ਸਹੀ ਗੁਰਮਤਿ ਦੀ ਗੱਲ ਨਹੀਂ ਪਹੁੰਚਾਉਂਦੇ, ਉਨ੍ਹਾਂ ਨੂੰ ਪੂਜਾ ਦਾ ਧਨ ਪਚਦਾ ਨਹੀਂ ਹੈ ਤੇ ਜੋ ਲਾਲਚ ਵੱਸ ਹੋ ਕੇ ਪੂਜਾ ਦਾ ਧਨ ਲੈਂਦੇ ਹਨ, ਉਹ ਆਪਣਾ ਲੋਕ-ਪ੍ਰਲੋਕ ਖ਼ਰਾਬ ਕਰ ਲੈਂਦੇ ਹਨ ਅਤੇ ਬਹੁਤਾ ਕਠਿਨ ਜੰਮਣ ਮਰਣ ਦਾ ਦੁੱਖ ਪਾਉਂਦੇ ਹਨ ॥੫੦੫॥

ਜੈਸੇ ਬਿਖੁ ਤਨਕ ਹੀ ਖਾਤ ਮਰਿ ਜਾਤਿ ਤਾਤ;
ਗਾਤਿ ਮੁਰਝਾਤ ਪ੍ਰਤਿਪਾਲੀ ਬਰਖਨ ਕੀ ॥

ਜੈਸੇ = ਜਿਸ ਪ੍ਰਕਾਰ ਤਨਕ = ਥੋੜ੍ਹੀ ਜਿਹੀ ਹੀ ਬਿਖੁ = ਜ਼ਹਿਰ ਖਾਤ = ਖਾਧਿਆਂ ਬਹੁਤੇ ਬਰਖਨ = ਸਾਲਾਂ ਕੀ = ਦੀ ਪ੍ਰਤਿਪਾਲੀ = ਪਾਲਣਾ ਕੀਤੀ ਹੋਈ ਗਾਤਿ = ਦੇਹੀ ਤਾਤ = ਜਲਦੀ ਹੀ ਮੁਰਝਾਤ = ਮੁਰਝਾ (ਖੀਣ) ਹੋ ਕੇ ਮਰ ਜਾਤਿ = ਜਾਂਦੀ ਹੈ।

ਜੈਸੇ ਕੋਟਿ ਭਾਰਿ ਤੂਲਿ ਰੰਚਕ ਚਿਨਗ ਪਰੇ;
ਹੋਤ ਭਸਮਾਤ ਛਿਨ ਮੈ ਅਕਰਖਨ ਕੀ॥

ਜੈਸੇ = ਜਿਸ ਪ੍ਰਕਾਰ ਤੂਲਿ = ਰੂੰ ਦੇ ਕੋਟਿ = ਕਰੋੜਾਂ ਭਾਰ (ਪੰਡਾਂ) ਰੰਚਕ = ਥੋੜ੍ਹੀ ਜਿਹੀ ਅੱਗ ਦੀ ਚਿਨਗ = ਚੰਗਿਆੜੀ ਪਰੈ = ਪੈਂਦਿਆਂ ਸਾਰ ਹੀ ਛਿਨ = ਪਲ ਭਰ ਮੈ = ਵਿਚ ਸੜ ਕੇ ਭਸਮਾਤ = ਸੁਆਹ ਹੋਤ = ਹੋ ਜਾਂਦੀ ਹੈ ਅਤੇ ਅੱਗ ਵਿੱਚੋਂ ਅਕਰਖਨ = ਖਿੱਚਣ ਤੋਂ ਵੀ ਰੂੰ ਕੀ = ਦੀਆਂ ਪੰਡਾਂ ਬਚਾਈਆਂ ਨਹੀਂ ਜਾ ਸਕਦੀਆਂ। ਜੈਸਾ ਕਿ :

ਸਹਸ ਮਣਾ ਰੂਈਂ ਜਲੈ ਚਿਣਗਾਰੀ ਧੁਖੈ। *(ਭਾਈ ਗੁਰਦਾਸ ਜੀ, ਵਾਰ ੩੫, ਪਉੜੀ ੧੪)*

ਮਹਿਖੀ ਦੁਹਾਇ ਦੂਧ ਰਾਖੀਐ ਭਾਂਜਨ ਭਰਿ;
ਪਰਤਿ ਕਾਂਜੀ ਕੀ ਬੂੰਦ ਬਾਦਿ ਨ ਰਖਨ ਕੀ॥

ਜਿਸ ਤਰ੍ਹਾਂ ਮਹਿਖੀ = ਮੱਝ ਨੂੰ ਦੁਹਾਇ = ਚੋਅ ਕੇ ਭਾਂਜਨ = ਬਰਤਨ ਦੁੱਧ ਨਾਲ ਭਰ ਕੇ ਰਾਖੀਐ = ਰੱਖਣਾ ਕਰੀਏ ਤਾਂ ਕਾਂਜੀ[੧] ਕੀ = ਦੀ ਇਕ ਬੂੰਦ ਪਰਤਿ = ਪੈਂਦਿਆਂ ਸਾਰ ਹੀ ਉਸ ਦੇ ਰਖਨ = ਸੰਭਾਲਣ ਕੀ = ਦੀ ਬਾਦਿ = ਵਹਿਸ ਵਾਲੀ ਗੱਲ ਨ = ਨਹੀਂ ਰਹਿੰਦੀ ਕਿਉਂਕਿ ਦੁੱਧ ਉਸ ਨਾਲ ਜਲਦੀ ਹੀ ਫਿੱਟ ਜਾਂਦਾ ਹੈ। ਜੈਸਾ ਕਿ :

ਵਿਗੜੇ ਚਾਟਾ ਦੁਧ ਦਾ ਕਾਂਜੀ ਦੀ ਚੁਧੈ। *(ਭਾਈ ਗੁਰਦਾਸ ਜੀ, ਵਾਰ ੩੫, ਪਉੜੀ ੧੪)*

ਤੈਸੇ ਪਰ-ਤਨ ਪਰ-ਧਨ ਦੂਖਨਾ ਬਿਕਾਰ ਕੀਏ;
ਹਰੈ ਨਿਧਿ ਸੁਕ੍ਰਿਤ ਸਹਜ ਹਰਖਨ ਕੀ॥੫੦੬॥

ਤੈਸੇ = ਉਸੇ ਤਰ੍ਹਾਂ ਪਰ = ਪਰਾਇਆ ਤਨ = ਸਰੀਰ (ਪਰਾਈ ਇਸਤਰੀ) ਤੇ ਪਰ = ਪਰਾਈ ਧਨ = ਦੌਲਤ ਆਦਿ ਨਾਲ ਗੁਣਾਂ ਵਿਚ ਦੂਖਨਾ = ਦੂਸ਼ਨਤਾ ਤੇ ਅੰਦਰ ਬਿਕਾਰ ਹੀ ਪੈਦਾ ਹੁੰਦੇ ਹਨ ਅਤੇ ਸੁਕ੍ਰਿਤ = ਸ੍ਰੇਸ਼ਟ ਕੰਮਾਂ ਦੀ ਹਰਖਨ = ਖ਼ੁਸ਼ੀ ਦੀ ਨਿਧਿ = ਨਿਧੀ ਸਹਜ = ਸੁਤੇ-ਸਿਧ ਹੀ ਹਰੈ = ਨਾਸ਼ ਹੋ ਜਾਂਦੀ ਹੈ॥੫੦੬॥ ਜੈਸਾ ਕਿ :

ਪਰ ਧਨ ਪਰ ਦਾਰਾ ਪਰਹਰੀ॥ ਤਾ ਕੈ ਨਿਕਟਿ ਬਸੈ ਨਰਹਰੀ॥
(ਭੈਰਉ ਬਾਣੀ ਨਾਮਦੇਵ ਜੀਉ ਕੀ, ਅੰਗ ੧੧੬੩)

ਚੰਦਨ ਸਮੀਪ ਬਸਿ ਬਾਂਸ ਮਹਿਮਾ ਨ ਜਾਨੀ;
ਆਨ ਦ੍ਰੁਮ ਦੂਰਹੁ ਭਏ ਬਾਸਨ ਕੈ ਬੋਹੇ ਹੈ॥

ਚੰਦਨ ਦੇ ਸਮੀਪ = ਨਜ਼ਦੀਕ ਬਸਿ = ਰਹਿ ਕੇ ਬਾਂਸ ਨੇ ਚੰਦਨ ਦੀ ਮਹਿਮਾ = ਉਪਮਾ ਜਾਨੀ = ਜਾਨਣਾ ਨਹੀਂ ਕੀਤੀ, ਪਰੰਤੂ ਆਨ = ਹੋਰ ਦ੍ਰੁਮ = ਬ੍ਰਿਛਾਂ ਨੇ ਦੂਰਹੁ = ਦੂਰ ਭਏ = ਹੁੰਦਿਆਂ ਵੀ ਚੰਦਨ ਦੀ ਬਾਸਨ = ਸੁਗੰਧੀ ਨਾਲ ਆਪਣੇ ਆਪ ਕੈ = ਦੇ ਤਾਈਂ ਬੋਹੇ = ਸੁਗੰਧੀ ਦੇ ਸਹਿਤ ਕਰ ਲਿਆ ਹੈ।

---

੧. ਕਾਂਜੀ ਇਕ ਪ੍ਰਕਾਰ ਦਾ ਖੱਟਾ ਰਸ ਜੋ ਰਾਈ ਆਦਿਕ ਦੇ ਮੇਲ ਤੋਂ ਬਣਦਾ ਹੈ।

ਦਾਦਰ ਸਰੋਵਰ ਮੈ ਜਾਨੀ ਨ ਕਮਲ ਗਤਿ;
ਮਧੁਕਰ ਮਨ ਮਕਰੰਦ ਕੈ ਬਿਮੋਹੇ ਹੈ॥

ਦਾਦਰ = ਡੱਡੂ ਨੇ ਸਰੋਵਰ = ਤਲਾਅ ਮੈ = ਵਿਚ ਰਹਿੰਦਿਆਂ ਵੀ ਕਮਲ = ਕੌਲ ਫੁੱਲ ਦੀ ਸੁਗੰਧੀ ਵਾਲੀ ਗਤਿ = ਗੀਤੀ ਜਾਨੀ = ਜਾਨਣਾ ਨ = ਨਹੀਂ ਕੀਤੀ, ਲੇਕਿਨ ਸਰੋਵਰ ਤੋਂ ਦੂਰ ਰਹਿੰਦਿਆਂ ਵੀ ਮਧੁਕਰ = ਭੌਰੇ ਦਾ ਮਨ ਕੌਲ ਫੁੱਲ ਦੇ ਮਕਰੰਦ = ਰਸ 'ਤੇ ਬਿਮੋਹੇ (ਬਿ + ਮੋਹੇ) ਬਿ = ਵਿਸ਼ੇਸ਼ ਕਰਕੇ ਮੋਹੇ = ਮੋਹਿਤ ਹੋ ਗਿਆ ਹੈ। ਜੈਸਾ ਕਿ :

ਦੂਰ ਦੇਸ਼ ਤੇ ਸਿਖ ਚਲ ਆਵਤਿ। ਸ਼ਰਧਾਲੂ ਧਰਿ ਭਾਉ ਸਮਾਵਤ।
ਸਾਕਤ ਦਾਦਰ ਜਲ ਮਹਿਂ ਬਾਸਾ। ਗੁਰ ਗੁਨ ਕਮਲ ਸਾਰ ਨਹਿਂ ਤਾਸਾ॥੨੧॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅਧਿ. ੨)

ਤੀਰਥ ਬਸਤ ਬਗੁ ਮਰਮੁ ਨ ਜਾਨਿਓ ਕਛੁ;
ਸਰਧਾ ਕੈ ਜਾਤ੍ਰਾ ਹੇਤ ਜਾਤ੍ਰੀ ਜਨ ਸੋਹੇ ਹੈ॥

ਤੀਰਥ ਉੱਤੇ ਬਸਤ = ਵੱਸਣ ਵਾਲੇ ਬਗੁ = ਬਗੁਲੇ **ਵਾ:** ਬਗੁਲੇ ਵਤ ਮਨਮੁਖ ਪੁਰਖ ਤੀਰਥਾਂ ਦਾ ਕਛੁ = ਕੁਝ ਮਰਮੁ = ਭੇਦ ਨ = ਨਹੀਂ ਜਾਨਿਓ = ਜਾਣਦੇ ਅਤੇ ਜੋ ਪੁਰਖ ਸਰਧਾ = ਭਾਵਨਾ ਕੈ = ਕਰਕੇ ਤੀਰਥਾਂ ਦੀ ਜਾਤ੍ਰਾ = ਯਾਤਰਾ ਕਰਨ ਹੇਤ = ਵਾਸਤੇ ਆਉਂਦੇ ਹਨ, ਉਹੋ ਯਾਤਰੀ ਜਨ = ਪੁਰਖ ਸੋਹੇ = ਸ਼ੋਭਾ ਪਾਉਂਦੇ ਹੈ = ਹਨ ਭਾਵ ਤੀਰਥਾਂ ਦੀ ਕਦਰ ਜਾਣਦੇ ਹਨ।

ਨਿਕਟ ਬਸਤ ਮਮ ਗੁਰ ਉਪਦੇਸ ਹੀਨ;
ਦੁਰੰਤਰਿ ਸਿਖਿ ਉਰ ਅੰਤਰਿ ਲੈ ਪੋਹੇ ਹੈ॥੫੦੭॥

ਇਸੇ ਤਰ੍ਹਾਂ ਗੁਰਾਂ ਦੇ ਨਿਕਟ = ਨੇੜੇ ਬਸਤ = ਵੱਸਦਿਆਂ ਵੀ ਮਮ = ਮੈਂ ਗੁਰ ਉਪਦੇਸ = ਸਿੱਖਿਆ ਨੂੰ ਕਮਾਉਣ ਤੋਂ ਹੀਨ = ਰਹਿਤ ਹੀ ਰਿਹਾ ਤੇ ਜੋ ਦੁਰੰਤਰਿ = ਦੂਰ-ਦੁਰਾਡੇ ਤੋਂ ਸਿੱਖ ਆ ਕੇ ਗੁਰਾਂ ਤੋਂ ਉਪਦੇਸ਼ ਲੈਂਦੇ ਹਨ, ਉਹ ਆਪਣੇ ਉਰ = ਹਿਰਦੇ ਅੰਤਰਿ = ਵਿਚ ਉਸ ਉਪਦੇਸ਼ ਨੂੰ ਲੈ ਕੇ ਪੋਹੇ = ਪ੍ਰੋ ਲੈਂਦੇ ਹਨ ॥੫੦੭॥

ਜੈਸੇ ਪਰ ਦਾਰਾ ਕੋ ਦਰਸੁ ਦ੍ਰਿਗ ਦੇਖਿਓ ਚਾਹੈ;
ਤੈਸੇ ਗੁਰ ਦਰਸਨ ਦੇਖਤ ਹੈ ਨ ਚਾਹ ਕੈ॥

ਜੈਸੇ = ਜਿਸ ਪ੍ਰਕਾਰ ਦ੍ਰਿਗ = ਨੇਤਰ ਪਰ = ਪਰਾਈ ਦਾਰਾ = ਔਰਤ ਕੋ = ਦਾ ਦਰਸੁ = ਦੀਦਾਰ ਦੇਖਿਓ = ਦੇਖਣਾ ਚਾਹੈ = ਚਾਹੁੰਦੇ ਹਨ, ਤੈਸੇ = ਉਸੇ ਤਰ੍ਹਾਂ ਨੇਤਰ ਗੁਰ = ਸਤਿਗੁਰਾਂ ਦੇ ਦਰਸਨ = ਦੀਦਾਰਾਂ ਨੂੰ ਚਾਹ = ਚਾਹਨਾ (ਉਤਸ਼ਾਹ) ਕੈ = ਕਰਕੇ ਨ = ਨਹੀਂ ਦੇਖਤ = ਦੇਖਣਾ ਕਰਦੇ।

ਜੈਸੇ ਪਰ ਨਿੰਦਾ ਸੁਨੈ ਸਾਵਧਾਨ ਸੁਰਤਿ ਕੈ;
ਤੈਸੋ ਗੁਰ ਸਬਦ ਸੁਨੈ ਨ ਉਤਸਾਹ ਕੈ॥

ਜੈਸੇ = ਜਿਸ ਪ੍ਰਕਾਰ ਪਰ = ਪਰਾਈ ਨਿੰਦਾ = ਅਪਕੀਰਤੀ ਨੂੰ ਸੁਰਤਿ = ਕੰਨ ਲਾ ਕੈ = ਕਰਕੇ ਤੇ

ਸਾਵਧਾਨ = ਸੁਚੇਤ ਹੋ ਕੇ ਸੁਨੈ = ਸੁਣਦਾ ਹੈ ਜਾਂ ਸੁਰਤਿ = ਕੰਨ ਪਰਾਈ ਕੀਰਤੀ ਸੁਨੈ = ਸੁਣਨ ਕੈ = ਦੇ ਲਈ ਸਾਵਧਾਨ = ਤਿਆਰ-ਬਰ-ਤਿਆਰ ਰਹਿੰਦੇ ਹਨ, ਤੈਸੋ = ਉਸੇ ਤਰ੍ਹਾਂ ਗੁਰ ਸਬਦ = ਉਪਦੇਸ਼ ਨੂੰ ਉਤਸਾਹ = ਖ਼ੁਸ਼ੀ ਧਾਰ ਕੈ = ਕਰਕੇ ਨ = ਨਹੀਂ ਸੁਨੈ = ਸੁਣਦੇ।

ਜੈਸੇ ਪਰ ਦਰਬ ਹਰਨ ਕਉ ਚਰਨ ਧਾਵੈ;
ਤੈਸੇ ਕੀਰਤਨ ਸਾਧ ਸੰਗਤਿ ਨ ਉਮਾਹ ਕੈ ॥

ਜੈਸੇ = ਜਿਸ ਪ੍ਰਕਾਰ ਪਰ = ਪਰਾਇਆ ਦਰਬ = ਧਨ ਹਰਨ = ਚੁਰਾਉਣ ਕਉ = ਵਾਸਤੇ ਚਰਨ = ਪੈਰ ਤੇਜ਼ੀ ਨਾਲ ਧਾਵੈ = ਦੌੜਦੇ ਹਨ, ਤੈਸੇ = ਉਸੇ ਤਰ੍ਹਾਂ ਸਾਧ = ਸ੍ਰੇਸ਼ਟ ਜਨਾਂ ਦੀ ਸੰਗਤ ਵਿਚ ਪ੍ਰਭੂ ਕੀਰਤਨ = ਜਸ ਸ੍ਰਵਣ ਲਈ ਉਮਾਹ = ਉਤਸ਼ਾਹ ਨ = ਨਹੀਂ ਕੈ = ਕਰਦੇ।

ਉਲੂ ਕਾਗ ਨਾਗਿ ਧਿਆਨ ਖਾਨ ਪਾਨ ਕਉ ਨ ਜਾਨੈ;
ਊਚ ਪਦੁ ਪਾਵੈ ਨਹੀ, ਨੀਚ ਪਦੁ ਗਾਹ ਕੈ ॥੫੦੮॥

ਜਿਸ ਪ੍ਰਕਾਰ ਉੱਲੂ ਰਾਤ ਸਮੇਂ ਚੂਹੇ, ਚੂਹੀਆਂ ਆਦਿ ਮਾਰ ਕੇ ਖਾਣ ਵੱਲ, ਕਾਗ = ਕਾਂ ਵਿਸ਼ਟਾ ਆਦਿ ਖਾਣ ਵੱਲ ਤੇ ਨਾਗਿ = ਸੱਪ ਮਿੱਟੀ ਜਾਂ ਛੋਟੇ ਛੋਟੇ ਜੀਵਾਂ ਨੂੰ ਘਾਤ ਕਰ ਕੇ ਖਾਣ ਵੱਲ ਜਾਂ ਪੌਣ ਦੇ ਪਾਨ = ਪੀਣ ਕਉ = ਵਾਸਤੇ ਇਉਂ ਸਾਰੇ ਹੀ ਖਾਣ ਪੀਣ ਦਾ ਆਪਣਾ ਧਿਆਨ = ਖ਼ਿਆਲ ਰੱਖਦੇ ਹਨ, ਇਸ ਤੋਂ ਇਲਾਵਾ ਹੋਰ ਖਾਣਾ ਪੀਣਾ ਕੁਝ ਵੀ ਜਾਨੈ = ਜਾਣਦੇ ਨ = ਨਹੀਂ ਹਨ। ਇਸੇ ਤਰ੍ਹਾਂ ਕਈ ਨੀਚ = ਨੀਵੀਂ ਪਦੁ = ਪਦਵੀ ਭਾਵ ਕਈ ਪੁਰਖ ਨੀਵੇਂ ਖ਼ਿਆਲਾਂ ਨੂੰ ਗਾਹ = ਗ੍ਰਹਿਣ ਕੈ = ਕਰਕੇ ਊਚ = ਸ੍ਰੇਸ਼ਟ ਪਦੁ = ਪਦਵੀ ਨੂੰ ਪਾਵੈ = ਪ੍ਰਾਪਤ ਨਹੀਂ ਕਰ ਸਕਦੇ ਭਾਵ ਸਤਿਸੰਗਤ ਵੱਲ ਜਾਣ ਦਾ ਖ਼ਿਆਲ ਨਹੀਂ ਕਰਦੇ॥੫੦੮॥

ਜੈਸੇ ਰੈਨਿ ਸਮੈ ਸਭ ਲੋਗ ਮੈ ਸੰਜੋਗ ਭੋਗ;
ਚਕਈ ਬਿਓਗ ਸੋਗ ਭਾਗ ਹੀਨ ਜਾਨੀਐ ॥

ਜੈਸੇ = ਜਿਸ ਪ੍ਰਕਾਰ ਰੈਨਿ = ਰਾਤ ਦੇ ਸਮੈ = ਵਕਤ ਸਭ = ਸਾਰੇ ਲੋਗ = ਲੋਕ ਭੋਗ = ਪਦਾਰਥਾਂ ਜਾਂ ਭੋਗ ਦੇ ਸੰਜੋਗ = ਮਿਲਾਪ ਮੈ = ਵਿਚ ਰਚੇ ਰਹਿੰਦੇ ਹਨ ਅਤੇ ਭਾਗ = ਕਰਮਾਂ ਤੋਂ ਹੀਨ = ਰਹਿਤ ਚਕਈ = ਚਕਵੀ ਰਾਤ ਸਮੇਂ ਬਿਓਗ = ਵਿਛੋੜੇ ਦੇ ਸੋਗ = ਗ਼ਮ ਵਿਚ ਜਾਨੀਐ = ਜਾਣੀਦੀ ਹੈ। ਜੈਸਾ ਕਿ :

ਸਭਨਾ ਰਾਤ ਮਿਲਾਵੜਾ ਚਕਵੀ ਦੋਰਾਹਾ। *(ਭਾਈ ਗੁਰਦਾਸ ਜੀ, ਵਾਰ ੩੪, ਪਉੜੀ ੫)*

ਜੈਸੇ ਦਿਨਕਰਿ ਕੈ ਉਦੋਤਿ ਜੋਤਿ ਜਗਮਗ;
ਉਲੂ ਅੰਧ ਕੰਧ ਪਰਚੀਨ ਉਨਮਾਨੀਐ ॥

ਜੈਸੇ = ਜਿਸ ਪ੍ਰਕਾਰ ਦਿਨਕਰਿ = ਸੂਰਜ ਕੈ = ਦੇ ਉਦੋਤਿ = ਚੜ੍ਹਨੇ ਕਰਕੇ ਜੋਤਿ = ਚਾਨਣ ਜਗਮਗ ਕਰਿਆ ਕਰਦਾ ਹੈ, ਪਰੰਤੂ ਉੱਲੂ ਪਰਚੀਨ = ਪੁਰਾਣੀਆਂ ਅੰਧ = ਹਨੇਰੀਆਂ ਕੰਧਾਂ, ਖੁੱਡਾਂ, ਖੋਲਿਆਂ ਵਿਚ ਉਨਮਾਨੀਐ = ਵਿਚਾਰੀਦਾ, ਜਾਣੀਦਾ ਹੈ **ਵਾ:** ਉੱਲੂ ਅੰਧ = ਅੰਨ੍ਹਾ ਹੋਣ ਕਰਕੇ ਭਾਵ ਉੱਲੂ ਨੂੰ ਸੂਰਜ ਚੜ੍ਹਨ ਤੋਂ ਬਾਅਦ ਕੁਝ ਦਿੱਸਦਾ ਨਹੀਂ ਹੈ। ਇਸ ਲਈ ਉਹ ਪਰਚੀਨ = ਪੁਰਾਣੀਆਂ ਕੰਧਾਂ ਜਾਂ ਕੌਲਿਆਂ ਵਿਚ ਲੁਕ ਕੇ ਬੈਠ ਜਾਂਦਾ ਹੈ **ਵਾ:** ਅੰਧ = ਹਨੇਰੀਆਂ ਕੰਧਾਂ ਵਿਚ ਪਰਚਿਆ ਵੇਖੀਦਾ ਹੈ।

ਸਰਵਰ ਸਰਿਤਾ ਸਮੁੰਦਰ ਜਲ ਪੂਰਨ ਹੈ;
ਤ੍ਰਿਖਾਵੰਤ ਚਾਤ੍ਰਿਕ ਰਹਤ ਬਕਬਾਨੀਐ ॥

ਸਰਵਰ = ਤਲਾਵਾਂ, ਸਰਿਤਾ = ਨਦੀਆਂ ਤੇ ਸਮੁੰਦਰ ਜਲ = ਪਾਣੀ ਨਾਲ ਪੂਰਨ = ਪੂਰੇ ਭਰੇ ਹੈ = ਹਨ ਪਰੰਤੂ ਚਾਤ੍ਰਿਕ = ਪਪੀਹਾ ਤ੍ਰਿਖਾਵੰਤ = ਤਿਹਾਇਆ ਹੀ ਪ੍ਰਿਓ ਪ੍ਰਿਓ ਆਦਿ ਬਕਬਾਨੀਐ = ਬਕਦਾ, ਕੂਕਦਾ ਰਹਤ = ਰਹਿੰਦਾ ਹੈ ਕਿਉਂਕਿ ਉਸ ਦੀ ਸੁਆਂਤੀ ਬੂੰਦ ਤੋਂ ਬਿਨਾਂ ਤ੍ਰਿਪਤੀ ਨਹੀਂ ਹੁੰਦੀ।

ਤੈਸੇ ਮਿਲਿ ਸਾਧ ਸੰਗਿ ਸਕਲ ਸੰਸਾਰੁ ਤਰਿਓ;
ਮੋਹਿ ਅਪਰਾਧੀ ਅਪਰਾਧਨ ਬਿਹਾਨੀਐ ॥੫੦੯॥

ਤੈਸੇ = ਉਸੇ ਪ੍ਰਕਾਰ ਹੀ ਸਾਧ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ ਨਾਲ ਮਿਲ ਕੇ ਸਕਲ = ਸਾਰਾ ਸੰਸਾਰੁ = ਜਗਤ ਹੀ ਤਰਿਓ = ਤਰ ਗਿਆ ਹੈ, ਲੇਕਿਨ ਮੋਹਿ = ਮੈਂ ਅਪਰਾਧੀ = ਗੁਨਾਹਗਾਰ (ਨੁਕਤਾਚੀਨੀ) ਅਪਰਾਧਨ = ਗੁਨਾਹਾਂ ਨੂੰ ਕਰਦਿਆਂ ਹੀ ਸਾਰੀ ਉਮਰ ਐਵੇਂ ਬੇਅਰਥ ਬਿਹਾਨੀਐ = ਗੁਜ਼ਾਰ ਦਿੱਤੀ ਹੈ ॥੫੦੯॥

ਜੈਸੇ ਫਲ ਫੂਲਹਿ ਲੈ ਜਾਇ ਬਨਰਾਇ ਪ੍ਰਤਿ;
ਕਰੈ ਅਭਿਮਾਨੁ ਕਹੋ ਕੈਸੇ ਬਨਿ ਆਵੈ ਜੀ ॥

ਹੇ ਪਿਆਰੇ ਜੀ! ਜੈਸੇ = ਜਿਸ ਤਰ੍ਹਾਂ ਫਲਾਂ ਫੂਲਹਿ = ਫੁੱਲਾਂ ਆਦਿ ਨੂੰ ਅਰਪਨ ਕਰਨ ਲਈ ਬਨਰਾਇ = ਬਨਾਂ ਦੇ ਰਾਜੇ ਕੋਲ ਲੈ ਕੇ ਜਾਇ = ਜਾਵੇ ਅਤੇ ਅਰਪਨ ਕਰ ਕੇ ਅਭਿਮਾਨ = ਹੰਗਤਾ ਕਰੇ ਕਿ ਮੈਂ ਫਲ-ਫੁੱਲ ਅਰਪਨ ਕੀਤੇ ਹਨ ਤਾਂ ਕਹੋ = ਦੱਸੋ ਖਾਂ! ਇਹ ਕੈਸੇ = ਕਿਸ ਤਰ੍ਹਾਂ ਬਨਿ = ਫੱਬ ਆਵੈ = ਆਉਣਾ ਕਰੇਗਾ **ਵਾ:** ਇਹ ਗੱਲ ਕਿਸ ਤਰ੍ਹਾਂ ਬਣ ਆਉਂਦੀ ਹੈ ਜੀ।

ਜੈਸੇ ਮੁਕਤਾਹਲ ਸਮੁੰਦ੍ਰਹਿ ਦਿਖਾਵੈ ਜਾਇ;
ਬਾਰ ਬਾਰ ਹੀ ਸਰਾਹੈ ਸੋਭਾ ਤਉ ਨ ਪਾਵੈ ਜੀ ॥

ਹੇ ਪਿਆਰੇ ਜੀ ! ਜੈਸੇ = ਜਿਸ ਪ੍ਰਕਾਰ ਕੋਈ ਮੁਕਤਾਹਲ = ਮੋਤੀ ਜਾਇ = ਲਿਜਾ ਕੇ ਸਮੁੰਦ੍ਰਹਿ = ਸਮੁੰਦਰ ਨੂੰ ਦਿਖਾਵੈ = ਦਿਖਾਉਣਾ ਕਰੇ ਅਤੇ ਬਾਰ ਬਾਰ = ਮੁੜ ਮੁੜ ਉਸੇ ਮੋਤੀ ਦੀ ਹੀ ਸਰਾਹੈ = ਸ਼ਲਾਘਾ ਕਰੇ ਤਉ = ਤਾਂ ਉਹ ਸੋਭਾ = ਵਡਿਆਈ ਨ = ਨਹੀਂ ਪਾਵੈ = ਪਾਉਂਦਾ।

ਜੈਸੇ ਕਨੀ ਕੰਚਨ ਸੁਮੇਰ ਸਨਮੁਖ ਰਾਖਿ;
ਮਨ ਮੈ ਗਰਬੁ ਕਰੈ ਬਾਵਰੋ ਕਹਾਵੈ ਜੀ ॥

ਹੇ ਪਿਆਰੇ ਜੀ ! ਜੈਸੇ = ਜਿਸ ਤਰ੍ਹਾਂ ਕੋਈ ਕੰਚਨ = ਸੋਨੇ ਦੀ ਛੋਟੀ ਜਿਹੀ ਕਨੀ = ਟੁਕੜੀ ਸੋਨੇ ਦੇ ਸੁਮੇਰ = ਪਹਾੜ ਦੇ ਸਨਮੁਖ = ਸਾਹਮਣੇ ਰਾਖਿ = ਰੱਖਣਾ ਕਰੇ ਅਤੇ ਮਨ ਮੈ = ਵਿਚ ਗਰਬੁ = ਹੰਕਾਰ ਕਰੈ = ਕਰਨਾ ਕਰੇ ਤਾਂ ਉਹ ਲੋਕਾਂ ਵਿਚ ਬਾਵਰੋ = ਝੱਲਾ, ਕਮਲਾ ਕਹਾਵੈ = ਕਹਾਉਣਾ ਕਰਦਾ ਹੈ।

ਤੈਸੇ ਗਿਆਨ ਧਿਆਨ ਠਾਨਿ ਪ੍ਰਾਨ ਦੈ ਰੀਝਾਇਓ ਚਾਹੈ;
ਪ੍ਰਾਨਪਤਿ ਸਤਿਗੁਰ ਕੈਸੇ ਕੈ ਰੀਝਾਵੈ ਜੀ ॥੫੧੦॥

ਹੇ ਪਿਆਰੇ ਜੀ ! ਤੈਸੇ = ਉਸੇ ਪ੍ਰਕਾਰ ਹੀ ਜੋ ਸਿੱਖ ਗਿਆਨ ਧਿਆਨ ਦੇ ਠਾਨਿ = ਠਾਨਣ, ਪ੍ਰਾਪਤ ਕਰਨ ਲਈ ਪ੍ਰਾਨ = ਪ੍ਰਾਣਾਂ ਨੂੰ ਗੁਰਾਂ ਅੱਗੇ ਅਰਪ ਦੈ = ਦੇ ਕੇ ਗੁਰਾਂ ਨੂੰ ਰੀਝਾਇਓ = ਪ੍ਰਸੰਨ ਕਰਨਾ ਚਾਹੈ = ਚਾਹੁਣਾ ਕਰੇ ਅਤੇ ਫੇਰ ਹੰਗਤਾ ਕਰੇ ਕਿ ਮੈਂ ਗੁਰਾਂ ਅੱਗੇ ਪ੍ਰਾਨ ਆਦਿ ਅਰਪ ਦਿੱਤੇ, ਫੇਰ ਦੱਸੋ ਪ੍ਰਾਨਪਤਿ = ਪ੍ਰਾਣਾਂ ਦਾ ਮਾਲਕ ਪਤੀ ਸਤਿਗੁਰ = ਸੱਚਾ ਗੁਰੂ ਕੈਸੇ = ਕਿਸ ਤਰ੍ਹਾਂ ਕੈ = ਕਰਕੇ ਰੀਝਾਵੈ = ਪ੍ਰਸੰਨ ਹੋਵੇਗਾ, ਭਾਵ ਨਹੀਂ ਹੋਵੇਗਾ ॥੫੧੦॥

ਜੈਸੇ ਚੋਆ ਚੰਦਨ ਅਉ ਧਾਨ ਪਾਨ ਬੇਚਨ ਕਉ;
ਪੂਰਬ ਦਿਸਾ ਲੈ ਜਾਇ ਕੈਸੇ ਬਨਿ ਆਵੈ ਜੀ ॥

ਹੇ ਪਿਆਰੇ ਜੀ ! ਜੈਸੇ = ਜਿਸ ਪ੍ਰਕਾਰ ਚੰਦਨ = ਚੰਨਣ, ਚੋਆ = ਅਤਰ ਅਉ = ਅਤੇ ਧਾਨ = ਧਾਈਂ, ਪਾਨ ਆਦਿ ਜੋ ਪੂਰਬ ਦੇਸ਼ ਵਿਚ ਪੈਦਾ ਹੋਈਆਂ ਵਸਤਾਂ ਨੂੰ ਬੇਚਨ = ਵੇਚਣ ਕਉ = ਵਾਸਤੇ ਕੋਈ ਪੂਰਬ ਦਿਸ਼ਾ ਵੱਲ ਹੀ ਵਪਾਰ ਕਰਨ ਲਈ ਲੱਦ ਕੇ ਲੈ ਜਾਇ = ਜਾਣਾ ਕਰੇ ਤਾਂ ਇਹ ਕੈਸੇ = ਕਿਸ ਤਰ੍ਹਾਂ ਬਣ ਆਵੈ = ਆ ਸਕਦਾ ਹੈ।

ਪਛਮ ਦਿਸਾ ਦਾਖ ਦਾਰਮ ਲੈ ਜਾਇ ਜੈਸੇ;
ਮ੍ਰਿਗ-ਮਦ ਕੇਸਰ ਲੈ ਉਤਰਹਿ ਧਾਵੈ ਜੀ ॥

ਹੇ ਪਿਆਰੇ ਜੀ ! ਜੈਸੇ = ਜਿਸ ਪ੍ਰਕਾਰ ਕੋਈ ਪੱਛਮ ਦੇਸ਼ ਵੱਲ ਦਾਖ = ਦਾਖਾਂ (ਅੰਗੂਰ) ਤੇ ਦਾਰਮ = ਅਨਾਰ ਵੇਚਣ ਵਾਸਤੇ ਲੈ ਜਾਇ = ਜਾਣਾ ਕਰੇ, ਜੋ ਪੱਛਮ ਵਿਚ ਹੁੰਦੇ ਹਨ ਅਤੇ ਕੋਈ ਮ੍ਰਿਗਮਦ = ਕਸਤੂਰੀ ਦੇ ਕੇਸਰ ਉਤਰਹਿ = ਉੱਤਰ ਵੱਲ ਲੈ ਕੇ ਵੇਚਣ ਵਾਸਤੇ ਧਾਵੈ = ਦੌੜਨਾ ਕਰੇ ਤਾਂ ਕੀ ਲਾਭ ਹੋਵੇਗਾ, ਭਾਵ ਬਹੁਤ ਹੀ ਘੱਟ ਲਾਭ ਹੋਵੇਗਾ।

ਦਖਨ ਦਿਸਾ ਲੈ ਜਾਇ ਲਾਇਚੀ ਲਵੰਗ ਲਾਦਿ;
ਬਾਦਿ ਆਸਾ ਉਦਮ ਹੈ ਬਿਛੜੋ ਨ ਪਾਵੈ ਜੀ ॥

ਹੇ ਪਿਆਰੇ ਜੀ ! ਜੇਕਰ ਕੋਈ ਲਾਇਚੀ = ਲਾਚੀਆਂ ਲਵੰਗ = ਲੌਂਗ ਦੱਖਣ ਦਿਸ਼ਾ ਵੱਲ ਵੇਚਣ ਵਾਸਤੇ ਲਾਦਿ = ਲੱਦ ਕੇ ਲੈ ਜਾਇ = ਜਾਣਾ ਕਰੇ ਤਾਂ ਇਹ ਆਸਾ = ਉਮੀਦ ਤੇ ਉਦਮ = ਉਪਰਾਲਾ ਬਾਦਿ = ਬੇਅਰਥ ਹੀ ਹੁੰਦਾ ਹੈ, ਉਹ ਕੁਝ ਬਿਛੜੋ = ਲਾਭ ਨ = ਨਹੀਂ ਪਾਵੈ = ਪਾਉਂਦਾ ਹੈ, ਕਿਉਂਕਿ ਉਥੇ ਇਹ ਚੀਜ਼ਾਂ ਪਹਿਲਾਂ ਹੀ ਹੁੰਦੀਆਂ ਹਨ।

ਤੈਸੇ ਗੁਨ ਨਿਧਿ ਗੁਰ ਸਾਗਰ ਕੈ ਬਿਦਿਮਾਨ;
ਗਿਆਨ ਗੁਨ ਪ੍ਰਗਟਿ ਕੈ ਬਾਵਰੋ ਕਹਾਵੈ ਜੀ ॥੫੧੧॥

ਹੇ ਪਿਆਰੇ ਜੀ ! ਤੈਸੇ = ਉਸੇ ਤਰ੍ਹਾਂ ਜੇਕਰ ਕੋਈ ਗੁਨ = ਗੁਣਾਂ ਦੇ ਨਿਧਿ = ਖ਼ਜ਼ਾਨੇ ਤੇ

ਸਾਗਰ = ਸਮੁੰਦਰ ਵਤ ਅਥਾਹ ਬਿਦਿਮਾਨ = ਵਿਦਵਾਨ ਗੁਰ = ਸਤਿਗੁਰੂ ਜੀ ਕੈ = ਦੇ ਅੱਗੇ ਆਪਣਾ ਗਿਆਨ ਦੇ ਗੁਣਾਂ ਨੂੰ ਪ੍ਰਗਟਿ = ਪ੍ਰਤੱਖ ਕਰਨਾ ਕੈ = ਕਰੇ ਤਾਂ ਉਹ ਪੁਰਖ ਬਾਵਰੋ = ਝੱਲਾ, ਕਮਲਾ ਕਹਾਵੈ = ਕਹਾਉਂਦਾ ਹੈ **ਵਾ:** ਗੁਣਾਂ ਦੇ ਭੰਡਾਰ ਰੂਪ ਸਮੁੰਦਰ ਗੁਰਾਂ ਦੇ ਬਿਦਿਮਾਨ = ਸਨਮੁਖ ਗਿਆਨ ਆਦਿ ਗੁਣਾਂ ਨੂੰ ਆਪਣੀ ਸਿਆਣਪਤਾ ਦੇ ਸਹਿਤ ਪ੍ਰਗਟ ਕੈ = ਕਰ ਕੇ ਦੱਸਣਾ ਕਰੇ ਤਾਂ ਉਹ ਬਾਵਰੋ = ਸ਼ੁਦਾਈ ਹੀ ਕਹਾਉਂਦਾ ਹੈ॥੫੧੧॥

ਚਲਨੀ ਮੈ ਜੈਸੇ ਦੇਖੀਅਤ ਹੈ ਅਨੇਕ ਛਿਦ੍ਰ;
ਕਰੈ ਕਰਵਾ ਕੀ ਨਿੰਦਾ ਕੈਸੇ ਬਨਿ ਆਵੈ ਜੀ॥

(ਪਾਠਾਂਤ੍ਰ 'ਛਲਨੀ')

ਹੇ ਪਿਆਰੇ ਜੀ! ਜੈਸੇ = ਜਿਸ ਪ੍ਰਕਾਰ ਚਲਨੀ = ਛਾਨਣੀ ਆਪਣੇ ਮੈ = ਵਿਚ ਅਨੇਕ = ਅਨੰਤ ਛਿਦ੍ = ਛੇਕਾਂ ਨੂੰ ਦੇਖੀਅਤ = ਦੇਖਣਾ ਕਰਦੀ ਹੈ ਪਰ ਕਰਵਾ = ਕੁੱਜੇ (ਕਰੂਏ) ਕੀ = ਦੀ ਨਿੰਦਾ = ਅਪਕੀਰਤੀ ਕਰੈ = ਕਰਨਾ ਕਰੇ (ਜਿਸ ਦਾ ਇੱਕੋ ਹੀ ਉੱਪਰ ਮੂੰਹ ਹੁੰਦਾ ਹੈ ਤੇ ਜੋ ਚੋਂਦਾ ਵੀ ਹੁੰਦਾ ਹੈ) ਤਾਂ ਇਹ ਗੱਲ ਕੈਸੇ = ਕਿਸ ਤਰ੍ਹਾਂ ਬਨਿ = ਬਣ ਆਵੈ = ਆ ਸਕਦੀ ਹੈ।

ਬਿਰਖ ਬਿਥੂਰ ਭਰਪੂਰ ਬਹੁ ਸੂਰਨ ਸੈ;
ਕਮਲੈ ਕਟੀਲੋ ਕਹੈ ਕਹੂ ਨ ਸੁਹਾਵੈ ਜੀ॥

ਹੇ ਪਿਆਰੇ ਜੀ! ਬਿਥੂਰ = ਬੰਬੂਰ (ਕਿੱਕਰ) ਦਾ ਬਿਰਖ = ਬ੍ਰਿਛ ਜੋ ਆਪ ਤਾਂ ਬਹੁ = ਬਹੁਤ ਸੂਰਨ = ਸੂਲਾਂ ਸੈ = ਨਾਲ ਭਰਪੂਰ ਭਰਿਆ ਹੋਇਆ ਹੈ, ਪਰ ਕਮਲੈ = ਕੌਲ ਫੁੱਲ ਨੂੰ ਕਟੀਲੋ = ਕੰਡਿਆਂ ਵਾਲਾ ਕਹੈ = ਕਹਿਣਾ ਕਰੇ ਤਾਂ ਇਹ ਗੱਲ ਕਹੂ = ਕਿਸੇ ਨੂੰ ਵੀ ਸੁਹਾਵੈ = ਚੰਗੀ ਨ = ਨਹੀਂ ਲੱਗਦੀ ਹੈ।

ਜੈਸੇ ਉਪਹਾਸੁ ਕਰੈ ਬਾਇਸੁ ਮਰਾਲ ਪ੍ਰਤਿ;
ਛਾਡਿ ਮੁਕਤਾਹਲ ਦੁਰੰਧ ਲਿਵ ਲਾਵੈ ਜੀ॥

ਹੇ ਪਿਆਰੇ ਜੀ! ਜੈਸੇ = ਜਿਸ ਪ੍ਰਕਾਰ ਬਾਇਸ = ਕਾਂ ਮਰਾਲ = ਹੰਸ ਪ੍ਰਤਿ = ਤਾਈਂ ਉਪਹਾਸੁ = ਮਖ਼ੌਲ (ਹੱਸਣਾ) ਕਰੈ = ਕਰਨਾ ਕਰੇ ਇਹ ਚੰਗਾ ਨਹੀਂ ਹੈ ਕਿਉਂਕਿ ਕਾਂ ਆਪ ਮੁਕਤਾਹਲ = ਮੋਤੀਆਂ ਨੂੰ ਛਾਡਿ = ਤਿਆਗ ਕੇ ਦੁਰੰਧ = ਗੰਦਗੀ ਨਾਲ ਲਿਵ = ਬਿਰਤੀ ਲਾਵੈ = ਲਾਉਣਾ ਕਰਦਾ ਹੈ।

ਤੈਸੇ ਤਉ ਮਹਾ ਅਪਰਾਧੀ ਅਪਰਾਧਿ ਭਰਿਓ;
ਸਕਲ ਸੰਸਾਰ ਕੋ ਬਿਕਾਰ ਮੋਹਿ ਭਾਵੈ ਜੀ॥੫੧੨॥

ਹੇ ਪਿਆਰੇ ਜੀ! ਤੈਸੇ = ਉਸੇ ਤਰ੍ਹਾਂ ਹੀ ਹਉ = ਮੈਂ ਅਪਰਾਧੀ = ਗੁਨਹਗਾਰ ਮਹਾ = ਬਹੁਤੇ ਅਪਰਾਧਿ = ਗੁਨਾਹਾਂ ਨਾਲ ਭਰਿਓ = ਭਰਿਆ ਹੋਇਆ ਹਾਂ ਕਿਉਂਕਿ ਸਕਲ = ਸਾਰੇ ਸੰਸਾਰ = ਜਗਤ ਦੇ ਬਿਕਾਰ = ਭੈੜੇ ਕਰਮ ਮੋਹਿ = ਮੈਨੂੰ ਭਾਵੈ = ਚੰਗੇ ਲੱਗਦੇ ਹਨ॥੫੧੨॥ ਜੈਸਾ ਕਿ :

ਜੇਤਾ ਸਮੁੰਦੁ ਸਾਗਰ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥ *(ਗਉੜੀ ਮ: ੧, ਅੰਗ ੧੫੬)*

ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ।
ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।
ਨਿੰਦਕ ਦੁਸਟੁ ਹਰਾਮਖੋਰ ਠਗੁ ਦੇਸ ਠਗੰਦਾ।
ਕਾਮ ਕਰੋਧ ਮਦੁ ਲੋਭ ਮੋਹੁ ਅਹੰਕਾਰ ਕਰੰਦਾ।
ਬਿਸ੍ਵਾਸਘਾਤੀ ਅਕ੍ਰਿਤਘਨ ਮੈ ਕੋ ਨ ਰਖੰਦਾ।
ਸਿਮਰਿ ਮੁਰੀਦਾਂ ਢਾਢੀਆਂ ਸਤਿਗੁਰੁ ਬਖਸੰਦਾ ॥੨੧॥

(ਭਾਈ ਗੁਰਦਾਸ ਜੀ, ਵਾਰ ੩੬, ਪਉੜੀ ੨੧)

ਮੈ ਜੇਹਾ ਨ ਅਕਿਰਤਘਣੁ ਹੈ ਭਿ ਨ ਹੋਆ ਹੋਵਣ ਹਾਰਾ।
ਮੈ ਜੇਹਾ ਨ ਹਰਾਮਖੋਰੁ ਹੋਰੁ ਨ ਕੋਈ ਅਵਗੁਣਿਆਰਾ।
ਮੈ ਜੇਹਾ ਨਿੰਦਕੁ ਨ ਕੋਇ ਗੁਰੁ ਨਿੰਦਾ ਸਿਰਿ ਬਜਰੁ ਭਾਰਾ।
ਮੈ ਜੇਹਾ ਬੇਮੁਖੁ ਨ ਕੋਇ ਸਤਿਗੁਰ ਤੇ ਬੇਮੁਖ ਹਤਿਆਰਾ।
ਮੈ ਜੇਹਾ ਕੋ ਦੁਸਟਿ ਨਾਹਿ ਨਿਰਵੈਰੈ ਸਿਉ ਵੈਰ ਵਿਕਾਰਾ।
ਮੈ ਜੇਹਾ ਨ ਵਿਸਾਸ ਧ੍ਰੋਹਿ ਬਗਲ ਸਮਾਧੀ ਮੀਨ ਅਹਾਰਾ।
ਬਜਰ ਲੇਪ ਨ ਉਤਰੈ ਪਿੰਡ ਅਪਰਚੈ ਅਉਚਰਿ ਚਾਰਾ।
ਮੈ ਜੇਹਾ ਨ ਦੁਬਾਜਰਾ ਤਜਿ ਗੁਰਮਤਿ ਦੁਰਮਤਿ ਹਿਤਕਾਰਾ।
ਨਾਉ ਮੁਰੀਦ ਨ ਸਬਦ ਵੀਚਾਰਾ ॥੨੧॥ *(ਭਾਈ ਗੁਰਦਾਸ ਜੀ, ਵਾਰ ੩੭, ਪਉੜੀ ੨੯)*

ਆਪਦਾ ਅਧੀਨ ਜੈਸੇ ਦੁਖਿਤ ਦੁਹਾਗਨਿ ਕੋ;
ਸਹਜਿ ਸੁਹਾਗ ਨ ਸੁਹਾਗਨਿ ਕੋ ਭਾਵਈ ॥

ਜੈਸੇ = ਜਿਸ ਪ੍ਰਕਾਰ ਪਤੀ ਤੋਂ ਵਿੱਛੜ ਕੇ ਆਪਦਾ = ਬਿਪਤਾ ਦੇ ਅਧੀਨ = ਵੱਸ ਦੁਖਿਤ = ਦੁਖੀ ਹੋਈ ਦੁਹਾਗਨਿ = ਛੁੱਟੜ ਇਸਤਰੀ ਕੋ = ਨੂੰ ਸੁਹਾਗਨਿ = ਸਤਵੰਤੀ ਔਰਤ ਕੋ = ਦਾ ਸੁਹਾਗ = ਸੁਹਾਗਣ ਹੋਣਾ ਸਹਜਿ = ਸੁਤੇ-ਸਿਧ ਸੁਭਾਵਿਕ ਹੀ ਭਾਵਈ = ਚੰਗਾ ਨ = ਨਹੀਂ ਲੱਗਦਾ ਭਾਵ ਉਸ ਨੂੰ ਸੁਹਾਗਣ ਦੇਖ ਦੇਖ ਕੇ ਸਦਾ ਹੀ ਖਿੱਝਦੀ ਰਹਿੰਦੀ ਹੈ।

ਬਿਰਹਨੀ ਬਿਰਹ ਬਿਓਗ ਮੈ ਸੰਜੋਗਨਿ ਕੋ;
ਸੁੰਦਰ ਸਿੰਗਾਰ ਅਧਿਕਾਰੁ ਨ ਸੁਹਾਵਈ ॥

ਜਿਸ ਪ੍ਰਕਾਰ ਬਿਰਹਨੀ = ਪ੍ਰੇਮ ਕਰਕੇ ਬਿਓਗ = ਵਿਛੋੜੇ ਮੈ = ਵਿਚ ਪਤੀ ਤੋਂ ਬਿਰਹ = ਵਿੱਛੜੀ ਹੋਈ ਔਰਤ ਨੂੰ ਆਪਣੇ ਸੰਜੋਗਨਿ = ਮਿਲਾਪ, ਨੇੜੇ ਰਹਿਣ ਵਾਲੀ ਔਰਤ ਕੋ = ਦਾ ਸੁੰਦਰ = ਸੋਹਣਾ ਸਿੰਗਾਰ = ਸੁਹੱਪਣਤਾ ਵਾਲਾ ਸਾਮਾਨ ਲਾਇਆ ਅਧਿਕਾਰੁ = ਯੋਗ ਨਹੀਂ ਸੁਹਾਵਈ = ਸੁਹਾਉਂਦਾ ਭਾਵ ਚੰਗਾ ਨਹੀਂ ਲੱਗਦਾ।

ਜੈਸੇ ਤਨ ਮਾਂਝਿ ਬਾਂਝਿ ਰੋਗ ਸੋਗ ਸੰਸੋ ਸ੍ਰਮ;
ਸਉਤ ਕੋ ਸੁਤਹਿ ਪੇਖਿ ਮਹਾ ਦੁਖ ਪਾਵਈ ॥

ਜੈਸੇ = ਜਿਸ ਪ੍ਰਕਾਰ ਇਸਤਰੀ ਦੇ ਤਨ = ਸਰੀਰ ਮਾਂਝਿ = ਵਿਚ ਬਾਂਝ ਰੋਗ ਹੋਵੇ ਭਾਵ ਔਲਾਦ ਪੈਦਾ

ਕਰਨ ਦੀ ਸਮਰੱਥਾ ਨਾ ਹੋਵੇ ਤੇ ਇਸੇ ਹੀ ਸੋਗ = ਗ਼ਮ ਤੇ ਸੰਸੋ = ਫ਼ਿਕਰ ਨਾਲ ਸ੍ਰਮ = ਥੱਕੀ ਹੋਈ ਉਹ ਸਉਤ = ਸੌਂਕਣ ਇਸਤਰੀ ਕੋ = ਦਾ ਸੁਤਹਿ = ਪੁੱਤਰ ਪੇਖਿ = ਦੇਖ ਕੇ ਮਹਾ = ਬਹੁਤ ਦੁਖ = ਕਸ਼ਟ ਪਾਵਈ = ਪਾਉਂਦੀ ਹੈ।

ਤੈਸੇ ਪਰ ਤਨ ਧਨ ਦੂਖਨ ਤ੍ਰਿਦੋਖ ਮਮ;
ਸਾਧਨ ਕੋ ਸੁਕ੍ਰਿਤ ਨ ਹਿਰਦੈ ਹਿਤਾਵਈ ॥੫੧੩॥

ਤੈਸੇ = ਉਸੇ ਪ੍ਰਕਾਰ ਹੀ ਪਰ = ਬਿਗਾਨੇ ਤਨ = ਸਰੀਰ ਤੇ ਪਰਾਈ ਧਨ = ਦੌਲਤ ਤੇ ਪਰਾਏ ਦੇ ਦੂਖਨ = ਦੂਸ਼ਣ, ਐਬ ਵੇਖਣੇ ਆਦਿ ਇਹ ਤ੍ਰਿਦੋਖ = ਤਿੰਨ ਦੋਸ਼ ਮਮ = ਮੈਨੂੰ ਲੱਗੇ ਹੋਏ ਹਨ। ਇਸ ਕਰਕੇ ਸਾਧਨ = ਸੰਤ ਜਨਾਂ ਕੋ = ਦਾ ਕੀਤਾ ਹੋਇਆ ਸੁਕ੍ਰਿਤ = ਸ੍ਰੇਸ਼ਟ ਕਰਮ ਮੇਰੇ ਹਿਰਦੈ = ਚਿੱਤ ਨੂੰ ਹਿਤਾਵਈ = ਚੰਗਾ ਨ = ਨਹੀਂ ਲੱਗਦਾ ਹੈ॥੫੧੩॥

ਜਲ ਸੈ ਨਿਕਾਸਿ ਮੀਨੁ ਰਾਖੀਐ ਪਟੰਬਰ ਮੈ;
ਬਿਨੁ ਜਲ ਤਲਫ ਤਜਤ ਪ੍ਰਿਅ ਪ੍ਰਾਨ ਹੈ॥

ਜਲ = ਪਾਣੀ ਸੈ = ਤੋਂ ਮੀਨੁ = ਮੱਛੀ ਨੂੰ ਬਾਹਰ ਨਿਕਾਸਿ = ਕੱਢ ਕੇ ਭਾਵੇਂ ਪਟੰਬਰ = ਰੇਸ਼ਮੀ ਕੱਪੜੇ ਮੈ = ਵਿਚ ਰਾਖੀਐ = ਰੱਖਣਾ ਕਰੀਏ, ਫੇਰ ਉਹ ਜਲ = ਪਾਣੀ ਤੋਂ ਬਿਨੁ = ਬ਼ਗ਼ੈਰ ਤਲਫ = ਤੜਫ਼ ਤੜਫ਼ ਕੇ ਆਪਣੇ ਪ੍ਰਿਅ = ਪਿਆਰੇ ਪ੍ਰਾਣਾਂ ਨੂੰ ਤਜਤ = ਤਿਆਗ ਦਿੰਦੀ ਹੈ।

ਬਨ ਸੈ ਪਕਰਿ ਪੰਛੀ ਪਿੰਜਰੀ ਮੈ ਰਾਖੀਐ ਤਉ;
ਬਿਨੁ ਬਨ ਮਨ ਉਨਮਾਨੋ ਉਨਮਾਨ ਹੈ॥

ਬਨ = ਜੰਗਲ ਸੈ = ਤੋਂ ਪਕਰਿ = ਫੜ ਕੇ ਪੰਛੀ ਨੂੰ ਭਾਵੇਂ ਕਿਤਨੇ ਵੀ ਪਿਆਰ ਨਾਲ ਪਿੰਜਰੀ = ਕੜਿੱਕੀ ਮੈ = ਵਿਚ ਰਾਖੀਐ = ਰੱਖਣਾ ਕਰੀਏ, ਤਉ = ਫੇਰ ਵੀ ਉਸ ਦਾ ਬਨ = ਜੰਗਲ ਤੋਂ ਬਿਨੁ = ਬ਼ਗ਼ੈਰ ਮਨ ਉਨਮਨੋ = ਉਦਾਸ ਹੀ ਉਨਮਾਨ = ਵਿਚਾਰੀਦਾ ਹੈ।

ਭਾਮਨੀ ਭਤਾਰਿ ਬਿਛੁਰਤ ਅਤਿ ਛੀਨ ਦੀਨ;
ਬਿਲਖ ਬਦਨ ਤਾਹਿ ਭਵਨ ਭਇਆਨ ਹੈ॥

ਜਿਸ ਪ੍ਰਕਾਰ ਭਾਮਨੀ = ਇਸਤਰੀ ਆਪਣੇ ਭਤਾਰਿ = ਪਤੀ ਨਾਲੋਂ ਬਿਛੁਰਤ = ਵਿੱਛੜ ਕੇ ਅਤਿ = ਅਤਿਅੰਤ ਛੀਨ = ਦੁਬਲੀ (ਕਮਜ਼ੋਰ) ਤੇ ਦੀਨ = ਗ਼ਰੀਬਣੀ, ਦੁਖੀ ਹੁੰਦੀ ਹੈ ਤੇ ਬਦਨ = ਚਿਹਰਾ ਬਿਲਖ = ਵਿਆਕੁਲ, ਮੁਰਝਾਇਆ ਦਿੱਸਦਾ ਹੈ, ਭਾਵੇਂ ਉਹ ਘਰ ਵਿਚ ਹੀ ਰਹਿੰਦੀ ਹੈ ਪਰ ਤਾਹਿ = ਉਸ ਨੂੰ ਭਵਨ = ਘਰ ਭਇਆਨ = ਡਰਾਉਣਾ ਲੱਗਿਆ ਕਰਦਾ ਹੈ।

ਤੈਸੇ ਗੁਰਸਿਖ ਬਿਛੁਰਤ ਸਾਧ ਸੰਗਤਿ ਸੈ;
ਜੀਵਨ ਜਤਨ ਬਿਨੁ ਸੰਗਤਿ ਨ ਆਨ ਹੈ॥੫੧੪॥

ਤੈਸੇ = ਉਸੇ ਪ੍ਰਕਾਰ ਹੀ ਜਦ ਗੁਰਸਿਖ = ਗੁਰੂ ਦਾ ਸਿੱਖ ਸਾਧ = ਸ੍ਰੇਸ਼ਟ ਜਨਾਂ ਦੀ ਸੰਗਤ ਸੈ = ਤੋਂ

ਬਿਛੁਰਤ = ਵਿੱਛੜ ਜਾਂਦਾ ਹੈ ਤਾਂ ਉਸ ਗੁਰਸਿੱਖ ਦੀ ਜੀਵਨ = ਜ਼ਿੰਦਗੀ ਜੀਉਣ ਦਾ ਜਤਨ = ਉਪਾਅ ਸਤਿਸੰਗਤ ਤੋਂ ਬਿਨੁ = ਬਗ਼ੈਰ ਆਨ = ਹੋਰ ਕੋਈ ਵੀ ਨ = ਨਹੀਂ ਹੁੰਦਾ ਹੈ॥੫੧੪॥

ਜੈਸੇ ਟੂਟੇ ਨਾਗ-ਬੇਲ ਸੈ ਬਿਦੇਸ ਜਾਤਿ;
ਸਲਿਲ ਸੰਜੋਗ ਚਿਰੰਕਾਲ ਜੁਗਵਤ ਹੈ॥

ਜੈਸੇ = ਜਿਸ ਪ੍ਰਕਾਰ ਨਾਗ-ਬੇਲ = ਪਾਨਾਂ ਦੇ ਪੱਤੇ ਵੇਲ ਸੈ = ਨਾਲੋਂ ਟੂਟੇ = ਟੁੱਟ ਕੇ ਬਿਦੇਸ = ਹੋਰ ਦੇਸ਼ ਵਿਚ ਚਲੇ ਜਾਤਿ = ਜਾਂਦੇ ਹਨ, ਪਰ ਸਲਿਲ = ਪਾਣੀ ਦੇ ਸੰਜੋਗ = ਮਿਲਾਪ ਨਾਲ ਚਿਰੰਕਾਲ = ਬਹੁਤ ਸਮਾਂ ਜੁਗਵਤ = ਵਰਤਣ ਲਾਇਕ ਰਹਿ ਸਕਦੇ ਹੈ = ਹਨ ਭਾਵ ਸੰਭਾਲੇ ਜਾ ਸਕਦੇ ਹਨ ਜਾਂ ਬਹੁਤਾ ਚਿਰ ਹਰੇ ਭਰੇ ਜੁਗਵਤ = ਯੁਕਤੀ ਨਾਲ ਵੇਖਣਾ ਕਰੀਦੇ ਹਨ।

ਜੈਸੇ ਕੁੰਜ ਬਚਰਾ ਤਿਆਗਿ ਦਿਸੰਤਰਿ ਜਾਤਿ;
ਸਿਮਰਤ ਚਿਤਿ ਨਿਰਬਿਘਨ ਰਹਤ ਹੈ॥

ਜੈਸੇ = ਜਿਸ ਪ੍ਰਕਾਰ ਕੁੰਜ ਆਪਣੇ ਬਚਰਾ = ਬੱਚਿਆਂ ਨੂੰ ਤਿਆਗਿ = ਛੱਡ ਕੇ ਦਿਸੰਤਰਿ = ਹੋਰਨਾਂ ਦਿਸ਼ਾਵਾਂ ਦੇ ਅੰਦਰ, ਪ੍ਰਦੇਸ ਚਲੀ ਜਾਤਿ = ਜਾਂਦੀ ਹੈ, ਪਰ ਉਹ ਚਿੱਤ ਵਿਚ ਸਿਮਰਤ = ਯਾਦ ਕਰਦੇ ਰਹਿਣ ਨਾਲ ਨਿਰਬਿਘਨ = ਵਿਘਨਾਂ ਤੋਂ ਰਹਿਤ ਰਹਤ = ਰਹਿੰਦੇ ਹੈ = ਹਨ।

ਗੰਗੋਦਿਕ ਜੈਸੇ ਭਰਿ ਭਾਂਜਨ ਲੈ ਜਾਤਿ ਜਾਤ੍ਰੀ;
ਸੁਜਸੁ ਅਧਾਰ ਨਿਰਮਲ ਨਿਬਹਤ ਹੈ॥

ਜੈਸੇ = ਜਿਸ ਪ੍ਰਕਾਰ ਜਾਤ੍ਰੀ = ਮੁਸਾਫ਼ਰ ਲੋਕ ਗੰਗੋਦਿਕ (ਗੰਗ + ਓਦਿਕ) ਗੰਗ = ਗੰਗਾ ਦੇ ਓਦਿਕ = ਪਾਣੀ ਨੂੰ ਭਾਂਜਨ = ਬਰਤਨ ਵਿਚ ਭਰ ਕੇ ਲੈ ਜਾਤਿ = ਜਾਂਦੇ ਹਨ ਅਤੇ ਉਹ ਇਸ ਸੁਜਸੁ = ਸ੍ਰੇਸ਼ਟ ਕੀਰਤੀ ਦੇ ਅਧਾਰ = ਆਸਰੇ ਕਿ ਗੰਗਾ ਦੇ ਪਾਣੀ ਵਿਚ ਕਦੇ ਜਾਲਾ ਨਹੀਂ ਪੈਣਾ ਤੇ ਨਿਰਮਲ = ਉੱਜਲ ਹੀ ਨਿਬਹਤ = ਨਿਭ ਜਾਇਆ ਕਰਦਾ ਹੈ **ਵਾ:** ਉਨ੍ਹਾਂ ਦੇ ਅਧਾਰ = ਆਸਰੇ ਗੰਗਾ ਦਾ ਜਲ ਨਿਰਮਲ = ਸ਼ੁੱਧ ਤੋੜ ਤਕ ਅੱਪੜਦਾ ਹੈ ਤੇ ਉਨ੍ਹਾਂ ਦਾ ਸ੍ਰੇਸ਼ਟ ਜੱਸ ਹੁੰਦਾ ਹੈ।

ਤੈਸੇ ਗੁਰ ਚਰਨ ਸਰਨਿ ਅੰਤਰਿ ਸਿਖ;
ਸਬਦੁ ਸੰਗਤਿ ਗੁਰ ਧਿਆਨ ਕੈ ਜੀਅਤ ਹੈ॥੫੧੫॥

ਤੈਸੇ = ਉਸੇ ਪ੍ਰਕਾਰ ਹੀ ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਸਿੱਖ ਨੂੰ ਅੰਤਰਿ = ਅੰਤਰਾ (ਫ਼ਰਕ) ਪੈ ਜਾਵੇ ਭਾਵ ਗੁਰਾਂ ਤੋਂ ਕਿਸੇ ਕਾਰਨ ਵਿਛੋੜਾ ਪੈ ਜਾਵੇ ਤਾਂ ਉਹ ਸਤਿਸੰਗਤ ਵਿਚ ਗੁਰ ਸਬਦੁ = ਉਪਦੇਸ਼ ਨੂੰ ਸ੍ਰਵਨ ਕਰ ਕੇ ਤੇ ਗੁਰਾਂ ਦਾ ਧਿਆਨ = ਖ਼ਿਆਲ ਕੈ = ਕਰ ਕੇ ਸਿੱਖ ਜੀਅਤ = ਜੀਉਂਦਾ ਹੈ॥੫੧੫॥

ਜੈਸੇ ਬਿਨੁ ਪਵਨ ਕਵਨ ਗੁਨ ਚੰਦਨ ਸੈ;
ਬਿਨੁ ਮਲਿਆਗਰ ਪਵਨ ਕਤ ਬਾਸਿ ਹੈ॥

ਜੈਸੇ = ਜਿਸ ਪ੍ਰਕਾਰ ਪਵਨ = ਹਵਾ ਤੋਂ ਬਿਨੁ = ਬ਼ਗ਼ੈਰ ਚੰਦਨ = ਚੰਨਣ ਸੈ = ਦਾ ਗੁਣ ਕਵਨ = ਕੀ ਜਾਣਿਆ ਜਾ ਸਕਦਾ ਹੈ ਅਤੇ ਮਲਿਆਗਰ = ਚੰਨਣ ਤੋਂ ਬਿਨੁ = ਬ਼ਗ਼ੈਰ ਪਵਨ = ਹਵਾ ਕਤ = ਕਿਥੋਂ ਬਾਸਿ = ਵਾਸ਼ਨਾ ਨੂੰ ਸਾਰੀ ਬਨਾਸਪਤੀ ਵਿਚ ਵਸਾ (ਫੈਲਾਅ) ਸਕਦੀ ਹੈ।

ਜੈਸੇ ਬਿਨੁ ਬੈਦ ਅਵਖਦ ਗੁਨ ਗੋਪਿ ਹੋਤ;
ਅਵਖਦ ਬਿਨੁ ਬੈਦ ਰੋਗਹਿ ਨ ਗ੍ਰਾਸ ਹੈ॥

ਜੈਸੇ = ਜਿਸ ਪ੍ਰਕਾਰ ਬੈਦ = ਹਕੀਮ ਤੋਂ ਬਿਨੁ = ਬ਼ਗ਼ੈਰ ਅਵਖਦ = ਦਵਾਈ ਦਾ ਗੁਣ ਗੋਪਿ = ਗੁਪਤ ਹੋਤ = ਹੋਇਆ ਰਹਿੰਦਾ ਹੈ ਅਤੇ ਅਵਖਦ = ਦਵਾਈ ਤੋਂ ਬਿਨੁ = ਬ਼ਗ਼ੈਰ ਬੈਦ = ਹਕੀਮ ਰੋਗਹਿ = ਰੋਗਾਂ ਦਾ ਗ੍ਰਾਸ = ਬੁਰਕ ਭਾਵ ਰੋਗਾਂ ਨੂੰ ਨਾਸ਼ ਨਹੀਂ ਕਰ ਸਕਦਾ ਹੈ।

ਜੈਸੇ ਬਿਨੁ ਬੋਹਿਥ ਨ ਪਾਰਿ ਪਰੈ ਖੇਵਟ ਸੈ;
ਖੇਵਟ ਬਿਹੂੰਨ ਕਤ ਬੋਹਿਥ ਬਿਸ੍ਵਾਸ ਹੈ॥

ਜੈਸੇ = ਜਿਸ ਪ੍ਰਕਾਰ ਬੋਹਿਥ = ਜਹਾਜ਼ ਤੋਂ ਬਿਨੁ = ਬ਼ਗ਼ੈਰ ਖੇਵਟ = ਮਲਾਹ ਸੈ = ਤੋਂ ਪਾਰ ਨਹੀਂ ਪਰੈ = ਪੈ ਸਕੀਦਾ ਅਤੇ ਖੇਵਟ = ਮਲਾਹ ਤੋਂ ਬਿਹੂੰਨ = ਬ਼ਗ਼ੈਰ ਬੋਹਿਥ = ਜਹਾਜ਼ ਦਾ ਕਤ = ਕੀ ਬਿਸ੍ਵਾਸ = ਭਰੋਸਾ ਹੈ।

ਤੈਸੇ ਗੁਰ ਨਾਮ ਬਿਨੁ ਗੰਮ ਨ ਪਰਮਪਦੁ;
ਬਿਨੁ ਗੁਰ ਨਾਮ ਨਿਹਕਾਮ ਨ ਪ੍ਰਗਾਸ ਹੈ॥੫੧੬॥

ਤੈਸੇ = ਉਸੇ ਤਰ੍ਹਾਂ ਹੀ ਸ੍ਰੇਸ਼ਟ ਗੁਰਾਂ ਦੁਆਰਾ ਪਰਮੇਸ਼ਰ ਦੇ ਨਾਮ ਜਪੇ ਤੋਂ ਬਿਨੁ = ਬ਼ਗ਼ੈਰ ਪਰਮਪਦੁ = ਉੱਤਮ ਪਦਵੀ ਦੀ ਪ੍ਰਾਪਤੀ ਦੀ ਗੰਮ = ਪਹੁੰਚਤਾ ਨ = ਨਹੀਂ ਹੁੰਦੀ ਅਤੇ ਗੁਰੂ ਉਪਦੇਸ਼ ਦੁਆਰਾ ਨਾਮ ਜਪੇ ਤੋਂ ਬਿਨੁ = ਬ਼ਗ਼ੈਰ ਨਿਹਕਾਮ = ਕਾਮਨਾ ਤੋਂ ਰਹਿਤ ਹੋ ਕੇ ਰਿਦੇ ਵਿਚ ਪ੍ਰਭੂ ਪ੍ਰਾਪਤੀ ਵਾਲੇ ਗਿਆਨ ਦਾ ਪ੍ਰਗਾਸ = ਪ੍ਰਕਾਸ਼ ਨ = ਨਹੀਂ ਹੁੰਦਾ ਹੈ॥੫੧੬॥

ਜੈਸੇ ਕਾਚੋ ਪਾਰੋ ਖਾਤ ਉਪਜੈ ਬਿਕਾਰ ਗਾਤਿ;
ਰੋਮ ਰੋਮ ਕੈ ਪਿਰਾਤਿ ਮਹਾ ਦੁਖ ਪਾਈਐ॥

ਜੈਸੇ = ਜਿਸ ਪ੍ਰਕਾਰ ਕਾਚੋ = ਕੱਚਾ ਪਾਰੋ = ਪਾਰਾ ਖਾਤ = ਖਾਧਿਆਂ ਗਾਤਿ = ਸਰੀਰ ਵਿਚ ਬਿਕਾਰ = ਵਿਗਾੜ (ਰੋਗ) ਉਪਜੈ = ਪੈਦਾ ਹੋ ਜਾਂਦਾ ਹੈ ਅਤੇ ਫਿਰ ਉਸ ਪਾਰੇ ਨਾਲ ਰੋਮ ਰੋਮ = ਵਾਲ ਵਾਲ ਨੂੰ ਪਿਰਾਤਿ = ਪੀੜ ਹੋਣ ਕੈ = ਕਰਕੇ ਮਹਾ = ਬਹੁਤ ਦੁਖ = ਕਸ਼ਟ ਪਾਈਐ = ਪਾਉਣਾ ਕਰੀਦਾ ਹੈ।

ਜੈਸੇ ਤਉ ਲਸਨ ਖਾਏ ਮੋਨਿ ਕੈ ਸਭਾ ਮੈ ਬੈਠੇ;
ਪ੍ਰਗਟੈ ਦੁਰਗੰਧ ਨਾਹਿ ਦੁਰਤ ਦੁਰਾਈਐ ॥

ਜੈਸੇ ਤਉ = ਜਿਸ ਤਰ੍ਹਾਂ ਲਸਨ ਖਾਏ = ਖਾਣ ਤੋਂ ਬਾਅਦ ਸਭਾ = ਲੋਕਾਂ ਦੀ ਇਕੱਤਰਤਾ ਮੈ = ਵਿਚ ਮੋਨਿ = ਚੁੱਪ ਕੈ = ਕਰ ਕੇ ਬੈਠੇ = ਬੈਠਣਾ ਕਰੇ ਤਾਂ ਵੀ ਦੁਰਗੰਧ = ਭੈੜੀ ਬਦਬੂ ਪ੍ਰਗਟੈ = ਪ੍ਰਗਟ ਹੋ ਆਉਂਦੀ ਹੈ, ਜੋ ਦੁਰਤ = ਲੁਕਾਇਆਂ ਦੁਰਾਈਐ = ਲੁਕਦੀ ਨਾਹਿ = ਨਹੀਂ ਹੈ। ਜੈਸਾ ਕਿ :

ਲਸਣ ਲੁਕਾਇਆ ਨ ਲੁਕੈ ਬਹਿ ਖਾਜੈ ਕੂਣੈ ॥ *(ਭਾਈ ਗੁਰਦਾਸ ਜੀ, ਵਾਰ ੩੫, ਪਉੜੀ ੩)*

ਜੈਸੇ ਮਿਸਟਾਨ ਪਾਨਿ ਸੰਗਮ ਕੈ ਮਾਖੀ ਲੀਲੇ;
ਹੋਤ ਉਕਲੇਦ ਖੇਦੁ ਸੰਕਟ ਸਹਾਈਐ ॥

ਜੈਸੇ = ਜਿਸ ਤਰ੍ਹਾਂ ਕੋਈ ਮਿਸਟਾਨ = ਮਿੱਠਾ ਸਰਬਤ ਆਦਿ ਪਾਨਿ = ਪੀਣ ਲੱਗਿਆਂ ਸੰਗਮ = ਨਾਲ ਹੀ ਮਾਖੀ = ਮੱਖੀ ਨੂੰ ਲੀਲੇ = ਨਿਗਲ ਲੈਣਾ ਕੈ = ਕਰਨਾ ਕਰੇ ਤਾਂ ਉਹ ਉਕਲੇਦ = ਉਲਟੀ ਹੋਤ = ਹੋ ਕੇ ਬਾਹਰ ਆ ਜਾਂਦਾ ਹੈ, ਫੇਰ ਖੇਦੁ = ਦੁੱਖ ਦਾ ਸੰਕਟ = ਦੁੱਖ ਸਹਾਈਐ = ਸਹਾਰਨਾ ਪੈਂਦਾ ਹੈ।

ਤੈਸੇ ਹੀ ਅਪਰਚੇ ਪਿੰਡ ਸਿਖਨ ਕੀ ਭਿਖਿਆ ਖਾਏ;
ਅੰਤ ਕਾਲ ਭਾਰੀ ਹੋਇ ਜਮਲੋਕ ਜਾਈਐ ॥੫੧੭॥

ਤੈਸੇ = ਉਸੇ ਪ੍ਰਕਾਰ ਹੀ ਗੁਰ-ਉਪਦੇਸ਼, ਗੁਰ-ਸੇਵਾ ਜਾਂ ਗੁਰ-ਸਿੱਖਿਆ ਦੁਆਰਾ ਨਾਮ ਵਿਚ ਪਿੰਡ = ਸਰੀਰ ਦੇ ਅਪਰਚੇ = ਪਰਚੇ ਤੋਂ ਬ਼ਗ਼ੈਰ ਜੋ ਪੁਰਖ ਕਿਰਤੀ ਸਿਖਨ = ਸਿੱਖਾਂ ਕੀ = ਦੀ ਭਿਖਿਆ = ਭਿਛਯਾ ਖਾਏ = ਖਾਣਾ ਕਰਦਾ ਹੈ ਤਾਂ ਅੰਤ = ਅਖ਼ੀਰ ਦੇ ਕਾਲ = ਸਮੇਂ ਉਸ ਨੂੰ ਭਾਰੀ = ਬਹੁਤ ਦੁੱਖ ਹੋਇ = ਹੁੰਦਾ ਹੈ ਤੇ ਉਸ ਨੂੰ ਜਮਲੋਕ = ਜਮਾਂ ਦੀ ਪੁਰੀ ਵਿਚ ਜਾਈਐ = ਜਾਣਾ ਪੈਂਦਾ ਹੈ **ਵਾ:** ਜੋ ਗੁਰ-ਉਪਦੇਸ਼ ਵਿਚ ਪਰਚੇ ਤੋਂ ਬ਼ਗ਼ੈਰ ਮਿਹਨਤੀ ਗੁਰਸਿੱਖਾਂ ਦੇ ਘਰੋਂ ਮੰਗ ਕੇ ਭੋਜਨ, ਪਦਾਰਥ ਆਦਿ ਖਾਂਦਾ ਹੈ ਤੇ ਕੇਵਲ ਵਿਹਲਾ ਰਹਿ ਕੇ ਸਰੀਰ ਨੂੰ ਹੀ ਪਾਲਣਾ ਕਰਦਾ ਹੈ, ਉਸ ਨੂੰ ਉਹ ਮੰਗ ਕੇ ਖਾਧਾ ਭੋਜਨ ਅੰਤ ਸਮੇਂ ਬਹੁਤ ਕਸ਼ਟਦਾਇਕ ਹੁੰਦਾ ਹੈ ਅਤੇ ਅੰਤ ਨੂੰ ਉਹ ਜਮਾਂ ਦੀ ਪੁਰੀ ਵਿਚ ਚਲਿਆ ਜਾਂਦਾ ਹੈ ॥੫੧੭॥ ਜੈਸਾ ਕਿ :

ਗੁਰੁ ਪੀਰ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥

(ਸਾਰੰਗ ਵਾਰ ਮ: ੪, ਅੰਗ ੧੨੪੬)

ਜੈਸੇ ਮੇਘ ਬਰਖਤ ਹਰਖਤਿ ਹੈ ਕ੍ਰਿਸਾਨ;
ਬਿਲਖ ਬਦਨ ਲੋਧਾ ਲੋਨ ਗਰਿ ਜਾਤ ਹੈ ॥

ਜੈਸੇ = ਜਿਸ ਪ੍ਰਕਾਰ ਮੇਘ = ਬੱਦਲ ਦੇ ਬਰਖਤ = ਵਰਸਣੇ ਕਰਕੇ ਕ੍ਰਿਸਾਨ = ਜ਼ਿਮੀਂਦਾਰ ਤਾਂ ਹਰਖਤਿ = ਪ੍ਰਸੰਨ ਹੁੰਦਾ ਹੈ, ਪਰ ਲੋਧਾ = ਜੁਲਾਹੇ ਦਾ ਬਦਨ = ਚਿਹਰਾ ਬਿਲਖ = ਵਿਆਕੁਲ ਹੋਇਆ ਮੁਰਝਾ ਕੇ ਮਾਨੋ ਲੋਨ = ਲੂਣ ਵਾਂਗ ਗਰਿ = ਗਲ ਜਾਤ = ਜਾਂਦਾ ਹੈ। ਜੈਸਾ ਕਿ :

ਸਭ ਕੋ ਸਰਸੇ ਵਰਸਦੇ ਝੁਰੈ ਜੁਲਾਹਾ। *(ਭਾਈ ਗੁਰਦਾਸ ਜੀ, ਵਾਰ ੩੪, ਪਉੜੀ ੫)*

ਜੈਸੇ ਪਰਫੁਲਿਤ ਹੁਇ ਸਕਲ ਬਨਾਸਪਤੀ;
ਸੁਕਤ ਜਵਾਸੋ ਆਕ-ਮੂਲ ਮੁਰਝਾਤ ਹੈ॥

ਜੈਸੇ = ਜਿਸ ਪ੍ਰਕਾਰ ਵਰਖਾ ਪੈਣ ਕਰਕੇ ਸਕਲ = ਸਾਰੀ ਬਨਾਸਪਤੀ = ਬਨਰਾਇ ਤਾਂ ਪਰਫੁਲਿਤ = ਵਿਸ਼ੇਸ਼ ਕਰਕੇ ਹਰੀ ਭਰੀ ਹੁਇ = ਹੋ ਜਾਂਦੀ ਹੈ, ਪਰੰਤੂ ਜਵਾਸੋ = ਜਵਾਹਾਂ ਦੀ ਬੂਟੀ ਸੁਕਤ = ਸੁੱਕ ਜਾਂਦੀ ਹੈ ਤੇ ਆਕ = ਅੱਕ ਦਾ ਮੂਲ = ਮੁੱਢ ਮੁਰਝਾਤ = ਕੁਮਲਾ ਜਾਂਦਾ ਹੈ। ਜੈਸਾ ਕਿ :

ਸਾਵਣ ਵਣ ਹਰੀਆਵਲੇ ਢੁਠੈ ਸੁਕੈ ਅਕ ਜਵਾਹਾ।

(ਭਾਈ ਗੁਰਦਾਸ ਜੀ, ਵਾਰ ੩੧, ਪਉੜੀ ੩)

ਜੈਸੇ ਖੇਤ ਸਰਵਰ ਪੂਰਨ ਕਿਰਖ ਜਲ;
ਊਚ ਥਲ ਕਾਲਰ ਨ ਜਲ ਠਹਿਰਾਤ ਹੈ॥

ਜੈਸੇ = ਜਿਸ ਪ੍ਰਕਾਰ ਵਰਖਾ ਦੇ ਪਾਣੀ ਨਾਲ ਖੇਤ = ਜ਼ਮੀਨਾਂ, ਸਰਵਰ, ਤਲਾਅ ਤੇ ਕਿਰਖ = ਖੇਤੀਆਂ ਵਿਚ ਜਲ = ਪਾਣੀ ਪੂਰਨ = ਪੂਰਾ ਭਰ ਜਾਂਦਾ ਹੈ ਪਰ ਊਚ = ਉੱਚੇ ਥਲ = ਥਾਵਾਂ ਟਿੱਬਿਆਂ ਉੱਤੇ ਤੇ ਕਾਲਰ = ਕੱਲਰ ਵਿਚ ਜਲ = ਪਾਣੀ ਠਹਿਰਾਤ = ਟਿਕਣਾ ਨ = ਨਹੀਂ ਕਰਦਾ ਹੈ। ਜੈਸਾ ਕਿ :

ਟਿਬੈ ਨੀਰ ਨ ਠਾਹਰੈ ਘਣ ਵਰਸ ਗਇਓਸ। *(ਭਾਈ ਗੁਰਦਾਸ ਜੀ, ਵਾਰ ੩੪, ਪਉੜੀ ੮)*

ਗੁਰ ਉਪਦੇਸ ਪਰਵੇਸ ਗੁਰਸਿਖ ਰਿਦੈ;
ਸਾਕਤ ਸਕਤਿ ਮਨਿ ਸੁਨਿ ਸਕੁਚਾਤ ਹੈ॥੫੧੮॥

ਉਸੇ ਤਰ੍ਹਾਂ ਗੁਰਸਿਖ = ਗੁਰੂ ਕੇ ਸਿੱਖਾਂ ਦੇ ਰਿਦੈ = ਚਿੱਤ ਵਿਚ ਤਾਂ ਗੁਰ ਉਪਦੇਸ = ਸਿੱਖਿਆ ਪਰਵੇਸ = ਦਾਖ਼ਲ ਹੋ ਜਾਂਦੀ ਹੈ, ਪਰ ਸਾਕਤ = ਕਠੋਰ ਚਿੱਤ ਵਾਲੇ ਮਨਮੁਖ ਪੁਰਖਾਂ ਦੇ ਮਨ ਵਿਚ ਸਕਤਿ = ਮਾਇਆ ਇਕੱਤਰ ਕਰਨ ਦੀ ਲਾਲਸਾ ਵੱਸੀ ਹੁੰਦੀ ਹੈ, ਜਿਸ ਕਰਕੇ ਉਹ ਗੁਰ-ਸਿੱਖਿਆ ਸੁਨਿ = ਸੁਣਨ ਵੱਲੋਂ ਸਕੁਚਾਤ = ਸੁੰਗੜੇ ਹੀ ਰਹਿੰਦੇ ਹਨ॥੫੧੮॥ ਜੈਸਾ ਕਿ :

ਬੇਮੁਖ ਪੜੈ ਨ ਇਲਮ ਜਿਉ ਅਵਗੁਣ ਸਭਿ ਓਸੁ॥੮॥

(ਭਾਈ ਗੁਰਦਾਸ ਜੀ, ਵਾਰ ੩੪, ਪਉੜੀ ੮)

ਜੈਸੇ ਰਾਜਾ ਰਵਤ ਅਨੇਕ ਰਵਨੀ ਸਹੇਤ;
ਸਕਲ ਸਪੂਤੀ ਏਕ ਬਾਂਝ ਨ ਸੰਤਾਨ ਹੈ॥

ਜੈਸੇ = ਜਿਸ ਪ੍ਰਕਾਰ ਰਾਜਾ ਅਨੇਕ = ਅਨੰਤ ਰਵਨੀ = ਰਾਣੀਆਂ ਨੂੰ ਸਹੇਤ (ਸ + ਹੇਤ) ਸ = ਸਹਿਤ ਹੇਤ = ਪ੍ਰੇਮ ਦੇ ਰਵਤ = ਰਮਣ (ਭੋਗਣਾ) ਕਰਦਾ ਹੈ ਤੇ ਸਕਲ = ਸਾਰੀਆਂ ਹੀ ਸਪੂਤੀ = ਪੁੱਤਰਾਂ ਵਾਲੀਆਂ ਹੋ ਜਾਂਦੀਆਂ ਹਨ, ਪਰ ਇਕ ਬਾਂਝ = ਸੰਢ, ਬੰਧਜਾ ਇਸਤਰੀ ਦੇ ਘਰ ਸੰਤਾਨ = ਔਲਾਦ ਨ = ਨਹੀਂ ਹੁੰਦੀ ਹੈ।

ਸੀਚਤ ਸਲਿਲ ਜੈਸੇ ਸਫਲ ਸਕਲ ਦ੍ਰੁਮ;
ਨਿਹਫਲ ਸੇਂਬਲ ਸਲਿਲ ਨਿਰਬਾਨ ਹੈ॥

ਜੈਸੇ = ਜਿਸ ਤਰ੍ਹਾਂ ਸਲਿਲ = ਪਾਣੀ ਸੀਚਤ = ਸਿੰਜਨ ਤੋਂ ਸਕਲ = ਸਾਰੇ ਦ੍ਰੁਮ = ਬ੍ਰਿਛ ਸਫਲ = ਸਹਿਤ ਫਲ ਦੇ ਹੋ ਜਾਂਦੇ ਹਨ, ਪਰੰਤੂ ਸੇਂਬਲ = ਸਿੰਮਲ ਰੁੱਖ ਨਿਹਫਲ = ਫਲ ਤੋਂ ਰਹਿਤ ਰਹਿੰਦਾ ਹੈ, ਇਸ ਲਈ ਸਲਿਲ = ਪਾਣੀ ਉਸ ਲਈ ਨਿਰਬਾਨ = ਉਦਾਸ ਹੀ ਰਹਿੰਦਾ ਹੈ ਭਾਵ ਪਾਣੀ ਦਾ ਅਸਰ ਉਸ ਨੂੰ ਪੋਹ ਨਹੀਂ ਸਕਦਾ **ਵਾ:** ਪਰ ਪਾਣੀ ਦਾ ਇਸ ਵਿਚ ਕੋਈ ਨਿਰਬਾਨ = ਔਗੁਣ ਨਹੀਂ ਹੈ। ਜੈਸਾ ਕਿ :

ਸੁਫਲ ਫਲੰਦੇ ਬਿਰਖ ਸਭ ਸਿੰਮਲ ਅਫਲ ਰਹੈ ਅਵਿਸਾਹਾ।

(ਭਾਈ ਗੁਰਦਾਸ ਜੀ, ਵਾਰ ੩੫, ਪਉੜੀ ੩)

ਦਾਦਰ ਕਮਲ ਜੈਸੇ ਏਕ ਸਰਵਰ ਬਿਖੈ;
ਉਤਮ ਅਉ ਨੀਚ ਕੀਚ ਦਿਨਕਰਿ ਧਿਆਨ ਹੈ॥

ਜੈਸੇ = ਜਿਸ ਤਰ੍ਹਾਂ ਦਾਦਰ = ਡੱਡੂ ਤੇ ਕਮਲ = ਕੌਲ ਫੁੱਲ ਏਕ = ਇਕ ਸਰਵਰ = ਤਲਾਅ ਬਿਖੈ = ਵਿਚ ਰਹਿੰਦੇ ਹਨ ਪਰੰਤੂ ਕੌਲ ਫੁੱਲ ਉਤਮ = ਸ੍ਰੇਸ਼ਟ ਹੈ ਕਿਉਂਕਿ ਉਸ ਦਾ ਧਿਆਨ = ਖ਼ਿਆਲ ਦਿਨਕਰਿ = ਸੂਰਜ ਉੱਤੇ ਹੁੰਦਾ ਹੈ ਅਉ = ਅਤੇ ਡੱਡੂ ਨੀਚ ਹੁੰਦਾ ਹੈ ਕਿਉਂਕਿ ਉਸ ਦਾ ਖ਼ਿਆਲ ਕੀਚ = ਚਿੱਕੜ ਵਿਚ ਹੀ ਰਹਿੰਦਾ ਹੈ।

ਤੈਸੇ ਗੁਰ ਚਰਨ ਸਰਨਿ ਹੈ ਸਕਲ ਜਗੁ;
ਚੰਦਨ ਬਨਾਸਪਤੀ ਬਾਂਸ ਉਨਮਾਨ ਹੈ॥੫੧੯॥

ਤੈਸੇ = ਉਸੇ ਪ੍ਰਕਾਰ ਹੀ ਸਕਲ = ਸਾਰਾ ਜਗੁ = ਸੰਸਾਰ ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਆਉਂਦਾ ਹੈ ਪਰੰਤੂ ਜਿਸ ਪ੍ਰਕਾਰ ਚੰਦਨ ਤੇ ਬਨਾਸਪਤੀ ਅਤੇ ਬਾਂਸ ਦਾ ਉਨਮਾਨ = ਵਿਚਾਰ ਹੈ **ਵਾ:** ਵਰਤਾਰਾ ਵਰਤਦਾ ਹੈ ਅਰਥਾਤ ਜਿਵੇਂ ਹੋਰ ਬ੍ਰਿਛ ਤਾਂ ਚੰਦਨ ਕੋਲ ਰਹਿ ਕੇ ਸੁਗੰਧੀ ਵਾਲੇ ਹੋ ਜਾਂਦੇ ਹਨ ਪਰ ਵਾਂਸ ਸੁਗੰਧੀ ਸਹਿਤ ਨਹੀਂ ਹੁੰਦਾ, ਉਸੇ ਤਰ੍ਹਾਂ ਹੀ ਸਾਰੇ ਲੋਕ ਗੁਰਾਂ ਕੋਲ ਆ ਕੇ ਪ੍ਰੇਮਾ-ਭਗਤੀ ਰੂਪੀ ਸੁਗੰਧੀ ਵਾਲੇ ਹੋ ਜਾਂਦੇ ਹਨ ਪਰ ਇਕ ਕਠੋਰ ਚਿੱਤ ਵਾਲਾ ਮਨਮੁਖ ਪ੍ਰੇਮ ਰੂਪੀ ਸੁਗੰਧੀ ਵਾਲਾ ਨਹੀਂ ਹੁੰਦਾ॥੫੧੯॥

ਜੈਸੇ ਬਛੁਰਾ ਬਿਲਲਾਤ ਮਾਤ ਮਿਲਬੇ ਕਉ;
ਬੰਧਨ ਕੈ ਬਸਿ ਕਛੁ ਬਸੁ ਨ ਬਸਾਤ ਹੈ॥

ਜੈਸੇ = ਜਿਸ ਪ੍ਰਕਾਰ ਬਛੁਰਾ = ਵੱਛਾ ਆਪਣੀ ਮਾਤ = ਮਾਂ ਗਾਂ ਨੂੰ ਮਿਲਬੇ = ਮਿਲਣ ਦੇ ਕਉ = ਵਾਸਤੇ ਬਿਲਲਾਤ = ਵਿਰਲਾਪ ਕਰਦਾ ਹੈ, ਪਰੰਤੂ ਰੱਸੇ ਰੂਪ ਬੰਧਨ = ਜੰਜਾਲ ਕੈ = ਦੇ ਬਸਿ = ਅਧੀਨ ਹੋਣ ਕਰਕੇ ਉਸ ਦਾ ਕਛੁ = ਕੁਝ ਬਸੁ = ਵੱਸ ਨ = ਨਹੀਂ ਬਸਾਤ = ਚੱਲਦਾ ਹੈ।

ਜੈਸੇ ਤਉ ਬਿਗਾਰੀ ਚਾਹੈ ਭਵਨ ਗਵਨ ਕੀਓ;
ਪਰ-ਬਸਿ ਪਰੇ ਚਿਤਵਤ ਹੀ ਬਿਹਾਤ ਹੈ॥

ਜੈਸੇ ਤਉ = ਜਿਸ ਤਰ੍ਹਾਂ ਫੇਰ ਬਿਗਾਰੀ = ਫੜਿਆ ਪੁਰਖ ਆਪਣੇ ਭਵਨ = ਘਰ ਨੂੰ ਗਵਨ = ਜਾਣਾ ਚਾਹੈ = ਚਾਹੁਣਾ ਕੀਓ = ਕਰਦਾ ਹੈ, ਲੇਕਿਨ ਪਰ = ਪਰਾਏ ਬਸਿ = ਅਧੀਨ ਪਰੇ = ਪੈਣੇ ਕਰਕੇ ਐਵੇਂ ਹੀ ਚਿਤਵਤ = ਸਿਮਰਦਿਆਂ ਸਿਮਰਦਿਆਂ ਉਸ ਦਾ ਸਮਾਂ ਬਿਹਾਤ = ਬੀਤ ਜਾਇਆ ਕਰਦਾ ਹੈ।

ਜੈਸੇ ਬਿਰਹਨੀ ਪ੍ਰਿਅ ਸੰਗਮ ਸਨੇਹੁ ਚਾਹੈ;
ਲਾਜ ਕੁਲ ਅੰਕੁਸ ਕੈ ਦੁਰਬਲ ਗਾਤ ਹੈ॥

ਜੈਸੇ = ਜਿਸ ਪ੍ਰਕਾਰ ਬਿਰਹਨੀ = ਪ੍ਰੇਮਣ (ਵਿਜੋਗਣ) ਔਰਤ ਆਪਣੇ ਪ੍ਰਿਅ = ਪਿਆਰੇ ਪਤੀ ਸੰਗਮ = ਨਾਲ ਸਨੇਹੁ = ਪ੍ਰੇਮ ਕਰਨਾ ਚਾਹੈ = ਚਾਹੁੰਦੀ ਹੈ, ਲੇਕਿਨ ਕੁਲ = ਵੰਸ਼ ਦੀ ਲਾਜ = ਲੱਜਿਆ ਦੇ ਅੰਕੁਸ = ਕੁੰਡੇ ਕੈ = ਕਰਕੇ ਉਸ ਦਾ ਗਾਤ = ਸਰੀਰ ਦੁਰਬਲ = ਕਮਜ਼ੋਰ ਹੋ ਜਾਂਦਾ ਹੈ **ਵਾ:** ਜਿਵੇਂ ਹਾਥੀ ਕੁੰਡੇ ਦੇ ਵੱਸ ਹੁੰਦਾ ਹੈ, ਉਸੇ ਤਰ੍ਹਾਂ ਹੀ ਉਹ ਇਸਤਰੀ ਆਪਣੀ ਵੰਸ਼ ਦੀ ਲੱਜਿਆ ਰੂਪ ਕੁੰਡੇ ਕਰਕੇ ਬੱਧੀ ਹੁੰਦੀ ਹੈ ਤੇ ਇਸੇ ਲਈ ਉਸ ਦਾ ਸਰੀਰ ਮਾੜਾ ਹੁੰਦਾ ਜਾਂਦਾ ਹੈ।

ਤੈਸੇ ਗੁਰ ਚਰਨ ਸਰਨਿ ਸੁਖ ਚਾਹੈ ਸਿਖੁ;
ਆਗਿਆ-ਬਧ ਰਹਿਤ ਬਿਦੇਸ ਅਕੁਲਾਤ ਹੈ॥੫੨੦॥

ਤੈਸੇ = ਉਸੇ ਤਰ੍ਹਾਂ ਹੀ ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਦਾ ਸੁਖ = ਆਨੰਦ ਸਿੱਖ ਚਾਹੈ = ਚਾਹੁੰਦਾ ਰਹਿੰਦਾ ਹੈ ਪਰੰਤੂ ਆਗਿਆ-ਬਧ = ਹੁਕਮ ਦਾ ਬੰਨ੍ਹਿਆ ਹੋਇਆ ਵਿਚਾਰਾ ਬਿਦੇਸ = ਪ੍ਰਦੇਸ ਵਿਚ ਰਹਿੰਦਾ ਹੋਇਆ ਅਕੁਲਾਤ = ਵਿਆਕੁਲ ਹੋਇਆ ਕਰਦਾ ਹੈ॥੫੨੦॥

ਪਰ ਧਨ ਪਰ ਤਨ ਪਰ ਅਪਵਾਦ ਵਾਦ;
ਬਲ ਛਲ ਬੰਚ ਪਰਪੰਚ ਹੀ ਕਮਾਤ ਹੈ॥

ਪਰ = ਪਰਾਈ ਧਨ = ਦੌਲਤ ਚੁਰਾਉਣੀ, ਪਰ = ਪਰਾਏ ਤਨ = ਸਰੀਰ (ਇਸਤਰੀ) ਨੂੰ ਭੋਗਣਾ, ਪਰ = ਪਰਾਈ ਅਪਵਾਦ = ਅਪਕੀਰਤੀ ਕਰਨੀ ਤੇ ਹੋਰਨਾਂ ਨਾਲ ਵਾਦ = ਝਗੜਾ ਕਰਨਾ ਆਪਣੇ ਬਲ = ਜ਼ੋਰ ਨਾਲ ਹੋਰਨਾਂ ਨੂੰ ਛਲ = ਛਲਣਾ ਜਾਂ ਛਲ ਫ਼ਰੇਬ ਨਾਲ ਹੋਰਨਾਂ ਨੂੰ ਛਲਣਾ ਅਤੇ ਬੰਚ = ਠੱਗੀ ਵਾਲੀ ਪਰਪੰਚ = ਪਰਵਿਰਤੀ, ਪਸਾਰੇ ਨੂੰ ਹੀ ਜੋ ਕਮਾਤ = ਕਮਾਉਣਾ ਕਰਦੇ ਹੈ = ਹਨ **ਵਾ:** ਛਲ = ਫ਼ਰੇਬ ਨਾਲ ਬੰਚ = ਠੱਗਣ ਵਾਲੇ ਕਾਰੇ ਹੀ ਜੋ ਕਮਾਉਂਦੇ ਹਨ।

ਮਿਤ੍ਰ ਗੁਰ ਸ੍ਵਾਮਿ ਦ੍ਰੋਹ ਕਾਮ ਕ੍ਰੋਧ ਲੋਭ ਮੋਹ;
ਗੌ-ਬਧ ਬਧੂ ਬਿਸ੍ਵਾਸ ਬੰਸ ਬਿਪ੍ਰ ਘਾਤ ਹੈ॥

ਮਿਤ੍ਰ = ਦੋਸਤ, ਗੁਰ = ਗੁਰੂ ਜਾਂ ਵਿੱਦਿਆ ਪੜ੍ਹਾਉਣ ਵਾਲੇ ਉਸਤਾਦ ਨਾਲ, ਸ੍ਵਾਮਿ = ਮਾਲਕ ਨਾਲ

ਦ੍ਰੋਹ = ਧੋਖਾ ਕਰਦੇ ਹਨ, ਤੇ ਕਾਮ = ਮੰਦ ਵਾਸ਼ਨਾ, ਕ੍ਰੋਧ = ਤੀਖਣ ਬਿਰਤੀ, ਲੋਭ = ਲਾਲਚ ਕਰਨਾ ਤੇ ਪੁੱਤਰ, ਧੀਆਂ ਆਦਿ ਸੰਬੰਧੀਆਂ ਦਾ ਮੋਹ = ਸਨੇਹ ਕਰਨਾ **ਵਾ:** ਮਿੱਤਰ, ਗੁਰੂ ਤੇ ਮਾਲਕ ਨਾਲ ਕਾਮ, ਕ੍ਰੋਧ, ਲੋਭ, ਮੋਹ ਆਦਿ ਵਿਕਾਰਾਂ ਦੇ ਅਧੀਨ ਹੋ ਕੇ ਜੋ ਦ੍ਰੋਹ = ਛਲ ਕਰਦੇ ਹਨ ਤੇ ਗੋ-ਬਧ = ਗਊ ਦਾ ਮਾਰਨਾ, ਬਧੂ = ਇਸਤਰੀ 'ਤੇ ਲੋੜ ਤੋਂ ਵੱਧ ਵਿਸ੍ਵਾਸ = ਭਰੋਸਾ ਰੱਖਣਾ ਤੇ ਜੋ ਆਪਣੀ ਬੰਸ = ਕੁਲ ਤੇ ਬਿਪ੍ = ਬ੍ਰਾਹਮਣ ਦਾ ਘਾਤ = ਨਾਸ਼ ਕਰਨਾ ਹੈ **ਵਾ:** ਬਧੂ = ਇਸਤਰੀ ਨੂੰ ਮਾਰਨਾ ਅਤੇ ਬਿਸ੍ਵਾਸ = ਭਰੋਸਾ ਦੁਆ ਕੇ ਕਿਸੇ ਨੂੰ ਘਾਤ = ਮਾਰਨਾ ਤੇ ਜੋ ਆਪਣੀ ਕੁਲ ਤੇ ਬ੍ਰਾਹਮਣ ਦੀ ਹੱਤਿਆ ਕਰਨੀ ਹੈ।

ਜੋਗ ਸੋਗ ਹੁਇ ਬਿਓਗ ਅਪਦਾ ਦਰਿਦ੍ ਛਿਦ੍;
ਜਨਮ ਮਰਨ ਜਮ ਲੋਕ ਬਿਲਲਾਤ ਹੈ ॥

ਕਿਸੇ ਰੋਗ = ਬਿਮਾਰੀ ਦੇ ਗ੍ਰਸੇ ਹੋਏ, ਸੋਗ = ਗ਼ਮ ਵਿਚ ਰਹਿਣ ਵਾਲੇ ਹੁਇ = ਹੋਏ ਸੰਬੰਧੀਆਂ ਆਦਿ ਤੋਂ ਬਿਓਗ = ਵਿੱਛੜੇ ਹੋਏ, ਕਿਸੇ ਅਪਦਾ = ਬਿਪਤਾ ਵਿਚ ਪਏ ਹੋਏ, ਦਰਿਦ੍ = ਦਲਿੱਦਰੀ ਜਾਂ ਕੰਗਾਲ ਹੋਏ, ਛਿਦ੍ = ਦੋਸ਼ੀ ਹੋਏ ਅਤੇ ਜੰਮਣ ਮਰਨ ਦੇ ਦੁੱਖ ਨੂੰ ਪ੍ਰਾਪਤ ਹੋਣ ਵਾਲੇ ਤੇ ਜੋ ਜਮ ਲੋਕ = ਧਰਮਰਾਜੇ ਦੇ ਲੋਕ ਭਾਵ ਜਮਾਂ ਦੇ ਵੱਸ ਪੈ ਕੇ ਨਰਕਾਂ ਵਿਚ ਪਏ ਬਿਲਲਾਤ = ਕੁਰਲਾਉਂਦੇ ਹਨ।

ਕ੍ਰਿਤਘਨ ਬਿਸਿਖ ਬਿਖਿਆਦੀ ਕੋਟਿ ਦੋਖੀ ਦੀਨ;
ਅਧਮ ਅਸੰਖ ਮਮ ਰੋਮ ਨ ਪੁਜਾਤ ਹੈ ॥੫੨੧॥

ਕ੍ਰਿਤਘਨ = ਕੀਤੇ ਨੂੰ ਨਾ ਜਾਨਣ ਵਾਲੇ, ਬਿਸਿਖ = ਜ਼ਹਿਰ ਵਤ ਕੌੜੇ ਬੋਲ ਬੋਲਣ ਵਾਲੇ ਜਾਂ ਤੀਰ ਵਾਂਗ ਤਿੱਖੇ ਦੇ ਚੁੱਭਵੇਂ ਬਚਨ ਬੋਲ ਕੇ ਜੋ ਝਗੜਾ ਕਰਨ ਵਾਲੇ ਹਨ, ਬਿਖਿਆਦੀ = ਵਿਸ਼ੇ-ਵਿਕਾਰਾਂ ਆਦਿ ਨੂੰ ਭੋਗਣ ਵਾਲੇ ਤੇ ਕੋਟਿ = ਕਰੋੜਾਂ ਹੀ ਦੋਖੀ = ਦੋਸ਼ੀ ਤੇ ਦੀਨ = ਗ਼ਰੀਬ ਅਤੇ ਅਸੰਖ = ਅਣਗਿਣਤ ਅਧਮ = ਨੀਚ ਪੁਰਖ ਆਦਿ ਸਾਰੇ ਮਮ = ਮੇਰੇ ਇਕ ਰੋਮ = ਵਾਲ ਦੇ ਬਰਾਬਰ ਵੀ ਪੁਜਾਤ = ਅੱਪੜ ਨ = ਨਹੀਂ ਸਕਦੇ ਹੈ = ਹਨ ॥੫੨੧॥

ਬੇਸ੍ਵਾ ਕੇ ਸਿੰਗਾਰ ਬਿਬਿਚਾਰ ਕੋ ਨ ਪਾਰ ਪਾਈਐ;
ਬਿਨੁ ਭਰਤਾਰ ਕਾ ਕੀ ਨਾਰਿ ਕੈ ਬੁਲਾਈਐ ॥

ਬੇਸ੍ਵਾ = ਮੰਦ ਕਰਮ ਕਰਨ ਵਾਲੀ ਇਸਤਰੀ ਕੇ = ਦੇ ਸਿੰਗਾਰ = ਸੁਹੱਪਣ ਸਮੱਗਰੀ ਵਾਲੇ ਪਦਾਰਥਾਂ ਤੇ ਬਿਬਿਚਾਰ = ਦੂਸਰੇ ਪੁਰਖਾਂ ਨਾਲ ਵਿਸ਼ੇ ਭੋਗਣ ਕੋ = ਦਾ ਤਾਂ ਪਾਰ = ਅੰਤ ਨ = ਨਹੀਂ ਪਾਈਐ = ਪਾਇਆ ਜਾ ਸਕਦਾ, ਪਰ ਉਹ ਭਰਤਾਰ = ਪਤੀ ਤੋਂ ਬਿਨੁ = ਬਗ਼ੈਰ ਹੈ, ਇਸ ਲਈ ਉਸ ਨੂੰ ਕਾ = ਕਿਸ ਕੀ = ਦੀ ਨਾਰਿ = ਇਸਤਰੀ ਆਖ ਕੈ = ਕਰਕੇ ਬੁਲਾਈਐ = ਸੱਦਣਾ ਕਰੀਏ ? ਭਾਵ ਇਤਨੇ ਵਿਸ਼ੇ ਸੁੱਖਾਂ ਨੂੰ ਭੋਗਦੀ ਹੋਈ ਵੀ ਇਕ ਦੀ ਹੋਏ ਤੋਂ ਬਗ਼ੈਰ ਉਹ ਮੰਦ ਕਰਮੀ ਔਰਤ ਬਿਨਾਂ ਪਤੀ ਦੇ ਨਾਮ ਤੋਂ ਹੀ ਰਹਿੰਦੀ ਹੈ।

ਬਗੁ ਸੇਤ ਜੀਵ ਘਾਤ ਕਰਿ ਖਾਤ ਕੇਤੇ ਕੋ;
ਮੋਨਿ ਗਹਿ ਧਿਆਨ ਧਰੇ ਜੁਗਤਿ ਨ ਪਾਈਐ ॥

ਬਗੁ = ਬਗੁਲਾ ਸੇਤ = ਚਿੱਟੇ ਰੰਗ ਦਾ ਹੁੰਦਾ ਹੈ, ਜੋ ਕੇਤੇ = ਕਿਤਨੇ ਹੀ ਜੀਵਾਂ ਕੋ = ਦਾ ਘਾਤ

ਕਰਿ = ਕਰ ਕੇ ਖਾਤ = ਖਾਂਦਾ ਹੈ ਤੇ ਮੋਨਿ = ਚੁੱਪ ਧਰੇ = ਧਾਰਨ ਕਰ ਕੇ ਧਿਆਨ ਵੀ ਗਹਿ = ਧਰਨਾ ਕਰਦਾ ਹੈ, ਪਰੰਤੂ ਅਜਿਹਾ ਕਰਨ ਨਾਲ ਉਸ ਨੂੰ ਕੋਈ ਜੋਗ ਦੀ ਜੁਗਤਿ = ਜੁਗਤੀ ਤਾਂ ਨ = ਨਹੀਂ ਪਾਈਐ = ਪ੍ਰਾਪਤ ਹੋ ਜਾਇਆ ਕਰਦੀ **ਵਾ:** ਜੋਗੀਆਂ ਵਾਂਗ ਧਿਆਨ ਧਰਨ ਦੀ ਜੁਗਤੀ ਤਾਂ ਨਹੀਂ ਪ੍ਰਾਪਤ ਹੋ ਜਾਂਦੀ। ਜੈਸਾ ਕਿ :

ਬਗੁਲ ਸਮਾਧੀ ਗੰਗ ਵਿਚ ਝੀਂਗੇ ਚੁਣ ਚੁਣ ਖਾਇ ਭਿਛਾਹਾ।

(ਭਾਈ ਗੁਰਦਾਸ ਜੀ, ਵਾਰ ੩੧, ਪਉੜੀ ੩)

ਭਾਂਡ ਕੀ ਭੰਡਾਈ ਬੁਰਵਾਈ ਨ ਕਹਤ ਆਵੈ;
ਅਤਿ ਹੀ ਢਿਠਾਈ ਸੁਕਚਤ ਨ ਲਜਾਈਐ ॥

ਭਾਂਡ = ਭੰਡ, ਨਕਲੀਏ ਕੀ = ਦੀ ਭੰਡਾਈ = ਭੰਡਪੁਣੇ ਦੀ ਬੁਰਵਾਈ = ਬੁਰਾਈ ਕਹਤ = ਕਹਿਣ ਵਿਚ ਨ = ਨਹੀਂ ਆਵੈ = ਆਉਂਦੀ ਅਤੇ ਉਸ ਦੀ ਢਿਠਾਈ = ਢੀਠਤਾਈ ਹੀ ਅਤਿ = ਬਹੁਤ ਹੁੰਦੀ ਹੈ, ਉਨ੍ਹਾਂ ਬੇਤੁਕੀਆਂ ਗੱਲਾਂ ਤੋਂ ਸੁਕਚਤ = ਸੰਕੋਚ ਕਰ ਕੇ ਲਜਾਈਐ = ਲੱਜਾਵਾਨ ਨ = ਨਹੀਂ ਹੁੰਦਾ ਭਾਵ ਜੋ ਕੁਝ ਵੀ ਉਸ ਦੀ ਜ਼ੁਬਾਨ ਉੱਤੇ ਆ ਜਾਵੇ, ਉਹ ਬੇਸ਼ਰਮ ਹੋਇਆ ਬਕੀ ਜਾਂਦਾ ਹੈ।

ਤੈਸੇ ਪਰ ਤਨ ਧਨ ਦੂਖਨ ਤ੍ਰਿਦੋਖ ਮਮ;
ਅਧਮ ਅਨੇਕ ਏਕ ਰੋਮ ਨ ਪੁਜਾਈਐ ॥੫੨੨॥

ਤੈਸੇ = ਉਸੇ ਤਰ੍ਹਾਂ ਹੀ ਪਰ = ਪਰਾਇਆ ਤਨ = ਸਰੀਰ ਜਾਂ ਪਰਾਈ ਔਰਤ, ਧਨ = ਦੌਲਤ ਤੇ ਪਰਾਏ ਦੇ ਦੂਖਨ = ਦੋਸ਼ ਵੇਖਣੇ ਇਹ ਤ੍ਰਿਦੋਖ = ਤਿੰਨ ਦੋਸ਼ ਮਮ = ਮੇਰੇ ਵਿਚ ਹਨ ਅਤੇ ਮੈਂ ਅਜਿਹਾ ਨੀਚ ਹਾਂ ਕਿ ਅਨੇਕ = ਅਨੰਤ ਅਧਮ = ਨੀਚ ਪੁਰਖ ਮੇਰੇ ਏਕ = ਇਕ ਰੋਮ = ਵਾਲ ਦੇ ਬਰਾਬਰ ਪੁਜਾਈਐ = ਅੱਪੜ ਨ = ਨਹੀਂ ਸਕਦੇ ਭਾਵ ਮੈਂ ਅਤਿਅੰਤ ਪਾਪੀ ਹਾਂ ॥੫੨੨॥

ਜੈਸੇ ਚੋਰ ਚਾਹੀਐ ਚੜਾਇਓ ਸੂਰੀ ਚਉਬਟਾ ਮੈ;
ਚੁਹਟੀ ਲਗਾਇ ਛਾਡੀਐ ਤਉ ਕਹਾਂ ਮਾਰ ਹੈ ॥

ਜੈਸੇ = ਜਿਸ ਪ੍ਰਕਾਰ ਕਿਸੇ ਚੋਰ = ਚੋਰੀ ਕਰਨ ਵਾਲੇ ਪੁਰਖ ਨੂੰ ਚਉਬਟਾ = ਚੁਰਸਤੇ ਮੈ = ਵਿਚ ਖੜਾ ਕਰ ਕੇ ਸੂਰੀ = ਸੂਲੀ ਚੜਾਇਓ = ਚੜ੍ਹਾਉਣਾ ਚਾਹੀਐ = ਚਾਹੀਦਾ ਹੋਵੇ, ਪਰ ਜੇਕਰ ਚੁਹਟੀ = ਚੁੰਢੀ ਲਗਾਇ = ਲਗਾ ਕੇ ਭਾਵ ਚੁੰਢੀ ਭਰ ਕੇ ਉਸ ਨੂੰ ਛਾਡੀਐ = ਛੱਡਣਾ ਕਰੀਏ ਤਉ = ਤਾਂ ਕਹਾਂ = ਕੀ ਉਹ ਮਾਰ = ਮਰ ਸਕਦਾ ਹੈ ਜਾਂ ਉਸ ਨੂੰ ਕੀ ਮਾਰ ਪਈ ਹੈ।

ਖੋਟ-ਸਰੀਓ ਨਿਕਾਰਿਓ ਚਾਹੀਐ ਨਗਰ ਹੂੰ ਸੈ;
ਤਾਂ ਕੀ ਓਰ ਮੋਰ ਮੁਖ ਬੈਠੇ ਕਹਾਂ ਆਰ ਹੈ ॥

ਜਿਸ ਪ੍ਰਕਾਰ ਸਦਾ ਹੀ ਖੋਟ-ਸਰੀਓ = ਖੋਟ ਮਿਲਾਉਣ ਵਾਲੇ ਭਾਵ ਔਗੁਣਾਂ ਵਾਲੇ ਪੁਰਖ ਨੂੰ ਨਗਰ = ਪਿੰਡ ਸੈ = ਤੋਂ ਨਿਕਾਰਿਓ = ਕੱਢਣਾ ਹੂੰ = ਹੀ ਚਾਹੀਐ = ਚਾਹੀਦਾ ਹੈ, ਪਰ ਜੇ ਤਾਂ = ਉਸ ਕੀ = ਦੀ

ਓਰ = ਤਰਫ਼ ਮੁਖ = ਮੂੰਹ ਮੋਰ = ਮੋੜ ਕੇ ਬੈਠੇ = ਬੈਠਣਾ ਕਰੀਏ ਤਾਂ ਉਸ ਨੂੰ ਕਹਾਂ = ਕੀ ਆਰ = ਸ਼ਰਮ ਆਉਣੀ ਹੈ ਭਾਵ ਨਹੀਂ ਆਉਣੀ।

ਮਹਾਂ ਬਜਰ ਭਾਰੁ ਡਾਰਿਓ ਚਾਹੀਐ ਜਉ ਹਾਥੀ ਪਰ;
ਤਾਂਹਿ ਸਿਰ ਛਾਰਿ ਕੇ ਉਡਾਏ ਕਹਾਂ ਭਾਰ ਹੈ॥

ਜਉ = ਜਿਸ ਪ੍ਰਕਾਰ ਹਾਥੀ ਪਰ = ਉੱਤੋਂ ਮਹਾਂ = ਬਹੁਤੇ ਬਜਰ = ਪੱਥਰਾਂ ਦਾ ਭਾਰੁ = ਵਜ਼ਨ ਡਾਰਿਓ = ਲੱਦਣਾ ਚਾਹੀਐ = ਚਾਹੀਦਾ ਸੀ ਤਾਂ ਉਸ ਦੇ ਥਾਂ ਤਾਂਹਿ = ਉਸ ਦੇ ਸਿਰ ਉੱਤੇ ਛਾਰਿ = ਸੁਆਹ ਕੇ = ਦੇ ਤਾਈਂ ਉਡਾਏ = ਉਡਾ ਦਿੱਤਾ ਜਾਵੇ ਤਾਂ ਕਹਾਂ = ਕੀ ਭਾਰ = ਵਜ਼ਨ ਹੈ ਭਾਵ ਉਸ ਨੂੰ ਕੁਝ ਵੀ ਭਾਰ ਮਹਿਸੂਸ ਨਹੀਂ ਹੁੰਦਾ।

ਤੈਸੇ ਹੀ ਪਤਿਤ ਪਤਿ ਕੋਟਿ ਨ ਪਾਸੰਗ ਭਰਿ;
ਮੋਹਿ ਜਮ ਡੰਡ ਅਉ ਨਰਕ ਉਪਕਾਰ ਹੈ॥੫੨੩॥

ਤੈਸੇ = ਉਸੇ ਪ੍ਰਕਾਰ ਹੀ ਮੈ ਪਤਿਤ = ਪਾਪੀਆਂ ਦਾ ਵੀ ਵੱਡਾ ਪਾਪੀ ਪਤਿ = ਰਾਜਾ ਹਾਂ ਅਤੇ ਕੋਟਿ = ਕਰੋੜਾਂ ਹੀ ਪਾਪੀ ਮੇਰੇ ਪਾਸੰਗ = ਪਾਸਕੂ, ਬਰਾਬਰ ਤੱਕੜੀ ਵਿਚ ਭਰ ਕੇ ਤੁਲ ਨ = ਨਹੀਂ ਸਕਦੇ ਭਾਵ ਮੈਂ ਪਾਪ ਕਰਮਾਂ ਕਰਕੇ ਅਤਿਅੰਤ ਹੀ ਭਾਰਾ ਹਾਂ ਅਤੇ ਮੋਹਿ = ਮੈਨੂੰ ਜਮ ਡੰਡ = ਜਮਾਂ ਦਾ ਦੰਡ ਦੇਣ ਦਾ ਦੁੱਖ ਅਉ = ਅਤੇ ਮੈਨੂੰ ਨਰਕ ਵਿਚ ਪਾਉਣਾ ਇਹ ਵੀ ਮੇਰੇ ਉੱਤੇ ਉਪਕਾਰ = ਭਲਿਆਈ ਵਾਲਾ ਕੰਮ ਹੀ ਹੈ॥੫੨੩॥

ਜਉ ਪੈ ਚੋਰੁ ਚੋਰੀ ਕੈ ਬਤਾਵੈ ਹੰਸ ਮਾਨਸਰ;
ਛੂਟਿ ਕੈ ਨ ਜਾਇ ਘਰਿ, ਸੂਰੀ ਚਾੜਿ ਮਾਰੀਐ॥

ਜਉ = ਜੇਕਰ ਬਗਲੇ ਵਤ ਚੋਰ = ਚੋਰੀ ਕਰਨ ਵਾਲਾ ਪੁਰਖ ਕੋਈ ਵਸਤੂ ਚੋਰੀ = ਚੁਰਾ ਕੈ = ਕਰਕੇ ਆਪਣੇ ਆਪ ਨੂੰ ਮਾਨਸਰ = ਮਾਨਸਰੋਵਰ ਦਾ ਹੰਸ ਬਤਾਵੈ = ਦੱਸਣਾ ਕਰੇ ਭਾਵ ਬਗੁਲੇ ਵਤ ਕਪਟੀ ਛਲੀਆ ਪੁਰਖ ਆਪਣੇ ਆਪ ਨੂੰ ਹੰਸ ਵਤ ਬਿਬੇਕੀ ਜਾਂ ਸਿਆਣਾ ਪੁਰਖ ਦੱਸਣਾ ਕਰੇ ਤਾਂ ਇਤਨੇ ਕਰਕੇ ਉਹ ਕੋਈ ਛੂਟਿ = ਛੁੱਟ ਕੈ = ਕਰਕੇ ਆਪਣੇ ਘਰਿ = ਰਹਿਣ ਵਾਲੇ ਟਿਕਾਣੇ 'ਤੇ ਨ = ਨਹੀਂ ਜਾਇ = ਜਾ ਸਕਦਾ ਸਗੋਂ ਜ਼ਰੂਰ ਉਸ ਨੂੰ ਰਾਜੇ ਲੋਕ ਸੂਰੀ = ਸੂਲੀ ਉੱਤੇ ਚਾੜ੍ਹ ਕੇ ਮਾਰੀਐ = ਮਾਰ ਦਿੰਦੇ ਹਨ।

ਬਾਟ-ਮਾਰ ਬਟਵਾਰੋ ਬਗੁ ਮੀਨ ਜਉ ਬਤਾਵੈ;
ਤਤਖਿਨ ਤਾਤਕਾਲ ਮੂੰਡ ਕਾਟਿ ਡਾਰੀਐ॥

ਜਿਵੇਂ ਬਗੁ = ਬਗੁਲਾ ਧਿਆਨ ਧਰ ਕੇ ਮੀਨ = ਮੱਛੀ ਨੂੰ ਫੜ ਕੇ ਮਾਰ ਦੇਵੇ ਤੇ ਕਿਸੇ ਹੋਰ ਦਾ ਨਾਮ ਲੈ ਕੇ ਮੁਕਰਨਾ ਚਾਹੇ, ਤਾਂ ਬਗਲਾ ਵੀ ਇਸ ਦੋਸ਼ ਵਿਚ ਮਾਰਿਆ ਜਾਂਦਾ ਹੈ, ਇਸੇ ਤਰ੍ਹਾਂ ਹੀ ਬਾਟ-ਮਾਰ = ਰਾਹ ਮਾਰ ਬਟਵਾਰੋ = ਧਾੜਵੀ, ਰਸਤੇ ਵਿਚ ਕਿਸੇ ਨੂੰ ਲੁੱਟ ਕੇ ਹੋਰ ਕਿਸੇ ਦਾ ਨਾਂ ਲਵੇ ਤੇ ਤਾਤਕਾਲ = ਸ਼ੀਘਰ ਹੀ ਉਸ ਦਾ ਤਤਖਿਨ = ਜਲਦੀ ਨਾਲ ਮੂੰਡ = ਸਿਰ ਕਾਟਿ = ਵੱਢ ਕੇ ਡਾਰੀਐ = ਸੁੱਟ ਦਿੱਤਾ ਜਾਂਦਾ ਹੈ।

ਅਥਵਾ ਬਾਟ-ਮਾਰ = ਰਾਹ ਮਾਰ ਬਟਵਾਰੋ = ਧਾੜਵੀ ਪੁਰਖ ਬਗੁ = ਬਗੁਲੇ ਵਾਂਗ ਧਿਆਨੀ ਬਣ ਕੇ ਬੈਠਣਾ ਕਰੇ, ਮੀਨ = ਮੱਛੀ ਦੇ ਜਉ = ਵਾਂਗ ਲੋਕਾਂ ਨੂੰ ਆਪਣੇ ਆਪ ਤਾਈਂ ਸਮਾਧੀ ਲਾਉਣ ਵਾਲਾ ਬਤਾਵੈ = ਦੱਸਣਾ ਕਰੇ ਤਾਂ ਇਤਨੇ ਨਾਲ ਕਿਸੇ 'ਤੇ ਇਤਬਾਰ ਨਹੀਂ ਕਰ ਲੈਣਾ ਚਾਹੀਦਾ ਸਗੋਂ ਤਾਤਕਾਲ = ਉਸ ਵੇਲੇ ਹੀ ਤਤਖਿਨ = ਜਲਦੀ ਨਾਲ ਉਸ ਦਾ ਸਿਰ ਲਾਹ ਕੇ ਸੁੱਟ ਦੇਈਦਾ ਹੈ।

ਜਉ ਪੈ ਪਰ-ਪਾਰਾ ਭਜਿ ਮ੍ਰਿਗਨ ਬਤਾਵੈ ਬਿਟੁ;
ਕਾਨ ਨਾਕ ਖੰਡ ਡੰਡ ਨਗਰ ਨਿਕਾਰੀਐ ॥

ਜਉ = ਜੇਕਰ ਪਰ-ਦਾਰਾ = ਪਰਾਈ ਇਸਤਰੀ ਨੂੰ ਭਜਿ = ਭੋਗ ਕੇ ਕੋਈ ਬਿਟੁ = ਲੁੱਚਾ (ਵਿਭਚਾਰੀ) ਪੁਰਖ ਆਪਣੇ ਆਪ ਨੂੰ ਮ੍ਰਿਗਨ = ਮਿਰਗਾਂ ਦੇ ਸਮਾਨ ਬਤਾਵੈ = ਦੱਸਣਾ ਕਰੇ ਭਾਵ ਆਪਣੇ ਆਪ ਨੂੰ ਭੋਲੇ ਭਾਲੇ ਲੋਕਾਂ ਤਾਈਂ ਮਿਰਗ ਸਮਾਨ ਬ੍ਰਹਮਚਾਰੀ ਦੱਸਣਾ ਕਰੇ ਤਾਂ ਐਸੇ ਪੁਰਖ ਨੂੰ ਕਾਨ = ਕੰਨ, ਨਾਕ = ਨੱਕ ਦੇ ਖੰਡ = ਟੁਕੜੇ ਕਰ ਕੇ ਨਗਰ = ਦੇਸ਼ ਨਿਕਾਰੀਐ = ਨਿਕਾਲੇ ਦਾ ਡੰਡ = ਦੰਡ ਦੇਣਾ ਕਰੀਦਾ ਹੈ।

ਚੋਰੀ ਬਟਵਾਰੀ ਪਰ-ਨਾਰੀ ਕੈ ਤ੍ਰਿਦੋਖ ਮਮ;
ਨਰਕ ਅਰਕ ਸੁਤ ਡੰਡ ਦੇਤ ਹਾਰੀਐ ॥੫੨੪॥

ਚੋਰੀ = ਕਿਸੇ ਦੀ ਚੀਜ਼ ਚੁਰਾਉਣੀ, ਬਟਵਾਰੀ = ਧਾੜਵੀ ਹੋਣਾ ਤੇ ਪਰ-ਨਾਰੀ = ਪਰਾਈ ਇਸਤਰੀ ਨੂੰ ਭੋਗਣਾ ਇਹ ਮਮ = ਮੇਰੇ ਵਿਚ ਵਿਸ਼ੇਸ਼ ਕੈ = ਕਰਕੇ ਤ੍ਰਿਦੋਖ = ਤਿੰਨ ਦੋਸ਼ ਹਨ, ਇਸ ਲਈ ਨਰਕਾਂ ਵਿਚ ਅਰਕ = ਸੂਰਜ ਦਾ ਸੁਤ = ਪੁੱਤਰ ਧਰਮਰਾਜਾ ਮੈਨੂੰ ਡੰਡ = ਦੰਡ ਦੇਤ = ਦੇਣ ਤੋਂ ਹਾਰੀਐ = ਹਾਰ ਜਾਵੇਗਾ ॥੫੨੪॥

ਜਾਤ ਹੈ ਜਗਤ੍ ਜੈਸੇ ਤੀਰਥ ਜਾਤ੍ਰਾ ਨਮਿਤ;
ਮਾਝ ਹੀ ਬਸਤ ਬਗ ਮਹਿਮਾ ਨ ਜਾਨੀ ਹੈ ॥

ਜੈਸੇ = ਜਿਸ ਪ੍ਰਕਾਰ ਜਗਤ੍ = ਸੰਸਾਰ ਦੇ ਲੋਕ ਤਾਂ ਤੀਰਥ ਯਾਤਰਾ ਦੇ ਨਮਿਤ = ਵਾਸਤੇ ਪੁੰਨ ਮਹਾਤਮ ਦੀ ਭੌਣੀ ਧਾਰ ਧਾਰ ਜਾਤ = ਜਾਣਾ ਕਰਦੇ ਹੈ = ਹਨ ਪਰ ਬਗ = ਬਗਲੇ ਨੇ ਸਾਖਯਾਤ ਤੀਰਥ ਮਾਝ = ਵਿਚ ਬਸਤ = ਵੱਸਦਿਆਂ ਵੀ ਉਨ੍ਹਾਂ ਦੀ ਮਹਿਮਾ = ਕਦਰ ਨ = ਨਹੀਂ ਜਾਨੀ = ਜਾਨਣਾ ਕੀਤੀ ਹੈ।

ਪੂਰਨ ਪ੍ਰਗਾਸ ਭਾਸਕਰਿ ਜਗਮਗ ਜੋਤਿ;
ਉਲੂ ਅੰਧ ਕੰਧ ਬੁਰੀ ਕਰਨੀ ਕਮਾਨੀ ਹੈ ॥

ਭਾਸਕਰਿ = ਸੂਰਜ ਆਪਣੀਆਂ ਕਿਰਨਾਂ ਦੁਆਰਾ ਸਾਰੇ ਪੂਰਨ = ਪੂਰਨ ਪ੍ਰਗਾਸ = ਚਾਨਣ ਜੋਤਿ = ਜੋਤੀ ਦਾ ਜਗਮਗ = ਲਿਸ਼ਕਣ ਵਾਲਾ ਕਰਦਾ ਹੈ ਭਾਵ ਸੂਰਜ ਦੀ ਰੌਸ਼ਨੀ ਸਾਰਿਆਂ ਨੂੰ ਸੁਖ ਦਿੰਦੀ ਹੈ ਪਰ ਉੱਲੂ ਅੰਧ = ਅੰਨ੍ਹੇ ਕੰਧ = ਸਰੀਰ ਵਾਲੇ ਨੇ ਬੁਰੀ = ਭੈੜੀ ਕਮਾਈ ਕਰਨੀ = ਕਰਨਾ ਕੀਤੀ ਹੈ, ਇਸੇ ਕਰਕੇ ਉਸ ਨੂੰ ਸੂਰਜ ਦੁਖਦਾਈ ਪ੍ਰਤੀਤ ਹੁੰਦਾ ਹੈ।

ਜੈਸੇ ਤਉ ਬਸੰਤ ਸਮੈ ਸਫਲ ਬਨਾਸਪਤੀ;
ਨਿਹਫਲ ਸੇਂਬਲ ਬਡਾਈ ਉਰ ਆਨੀ ਹੈ॥

ਜੈਸੇ ਤਉ = ਜਿਸ ਤਰ੍ਹਾਂ ਬਸੰਤ ਰੁੱਤ ਸਮੈ = ਵਕਤ ਸਾਰੀ ਬਨਾਸਪਤੀ = ਬਨਰਾਏ ਸਫਲ = ਸਹਿਤ ਫਲ ਦੇ ਹੋ ਜਾਂਦੀ ਹੈ, ਪਰ ਸੇਂਬਲ = ਸਿੰਮਲ ਦਾ ਬ੍ਰਿਛ ਨਿਹਫਲ = ਫਲ ਤੋਂ ਰਹਿਤ ਹੀ ਰਹਿੰਦਾ ਹੈ ਕਿਉਂਕਿ ਉਸ ਨੇ ਆਪਣੇ ਉਰ = ਚਿੱਤ ਵਿਚ ਆਪਣੇ ਉੱਚੇਪਣ ਦੀ ਬਡਾਈ = ਵਡਿਆਈ ਆਨੀ = ਲਿਆਂਦੀ ਹੋਈ ਹੈ।

ਮੋਹਿ ਗੁਰ ਸਾਗਰ ਮੈ ਚਾਖਿਓ ਨਹੀ ਪ੍ਰੇਮ ਰਸੁ;
ਤ੍ਰਿਖਾਵੰਤ ਚਾਤ੍ਰਿਕ ਜੁਗਤਿ ਬਕਬਾਨੀ ਹੈ॥੫੨੫॥

ਮੋਹਿ = ਮੈਂ ਵੀ ਸੁੱਖਾਂ ਦੇ ਸਾਗਰ = ਸਮੁੰਦਰ ਪੂਰੇ ਗੁਰਾਂ ਦੀ ਸਤਿਸੰਗਤ ਮੈ = ਵਿਚ ਵੱਸਦੇ ਹੋਏ ਨੇ ਪ੍ਰੇਮ ਦਾ ਰਸੁ = ਸੁਆਦ ਚਾਖਿਓ = ਚੱਖਣਾ ਨਹੀਂ ਕੀਤਾ ਤੇ ਜਿਸ ਤਰ੍ਹਾਂ ਤ੍ਰਿਖਾਵੰਤ = ਪਿਆਸਾ ਚਾਤ੍ਰਿਕ = ਪਪੀਹਾ ਬਕਬਾਨੀ = ਬਕਵਾਦ (ਬਕਵਾਸ) ਕਰਨ ਵਿਚ ਜੁਗਤਿ = ਜੁੜਿਆ ਰਹਿੰਦਾ ਹੈ, ਉਸੇ ਤਰ੍ਹਾਂ ਮੈਂ ਵੀ ਗ਼ਮ ਕਰਕੇ ਵਿਵਾਦ ਵਿਚ ਹੀ ਰੁੱਝਾ ਰਿਹਾ ਹਾਂ॥੫੨੫॥

ਜੈਸੇ ਗਜਰਾਜ ਗਾਜਿ, ਮਾਰਤ ਮਨੁਖ;
ਸਿਰਿ ਡਾਰਤ ਹੈ ਛਾਰ, ਤਾਹਿ ਕਹਤ ਅਰੋਗ ਜੀ॥

ਹੇ ਪਿਆਰੇ ਜੀ! ਜੈਸੇ = ਜਿਸ ਪ੍ਰਕਾਰ ਗਜਰਾਜ = ਹਾਥੀਆਂ ਦਾ ਰਾਜਾ ਐਰਾਵਤ ਹਾਥੀ ਗਾਜਿ = ਚਿੰਘਾਰਦਾ ਹੋਇਆ ਮਨੁੱਖ = ਬੰਦਿਆਂ ਨੂੰ ਮਾਰਤ = ਮਾਰਦਾ ਹੈ ਅਤੇ ਸਿਰ ਵਿਚ ਛਾਰ = ਮਿੱਟੀ ਡਾਰਤ = ਪਾਉਂਦਾ ਹੈ ਤਾਂ ਤਾਹਿ = ਉਸ ਹਾਥੀ ਨੂੰ ਅਰੋਗ = ਰੋਗ ਤੋਂ ਰਹਿਤ ਮਸਤਿਆ ਹੋਇਆ ਹਾਥੀ ਕਹਤ = ਆਖਦੇ ਹਨ।

ਸੂਆ ਜਿਉ ਪਿੰਜਰ ਮੈ ਕਹਿਤ ਬਨਾਇ ਬਾਤੈ;
ਪੇਖ ਸੁਨ ਕਹੈ ਤਾਹਿ ਰਾਜ ਗ੍ਰਿਹਿ ਜੋਗ ਜੀ॥

ਹੇ ਪਿਆਰੇ ਜੀ! ਜਿਉ = ਜਿਸ ਤਰ੍ਹਾਂ ਸੂਆ = ਤੋਤਾ ਪਿੰਜਰੇ ਮੈ = ਵਿਚ ਕੈਦ ਹੋਇਆ ਬਨਾਇ = ਬਣਾ ਬਣਾ ਕੇ ਬਾਤੈ = ਗੱਲਾਂ ਕਹਿਤ = ਆਖਣਾ ਕਰਦਾ ਹੈ ਤਾਂ ਤਾਹਿ = ਉਸ ਨੂੰ ਪੇਖ = ਵੇਖ ਤੇ ਉਸ ਦੀਆਂ ਗੱਲਾਂ ਸੁਣ ਕੇ ਸਭ ਕਹੈ = ਆਖਦੇ ਹਨ ਕਿ ਇਹ ਤੋਤਾ ਰਾਜ = ਰਾਜੇ ਦੇ ਗ੍ਰਿਹਿ = ਘਰ ਦੇ ਜੋਗ = ਲਾਇਕ ਹੈ।

ਤੈਸੇ ਸੁਖ ਸੰਪਤਿ ਮਾਇਆ ਮਦੋਨ ਪਾਪ ਕਰੈ;
ਤਾਹਿ ਕਹੈ ਸੁਖੀਆ ਰਮਤ ਰਸ ਭੋਗ ਜੀ॥

ਹੇ ਪਿਆਰੇ ਜੀ! ਤੈਸੇ = ਉਸੇ ਪ੍ਰਕਾਰ ਰਾਜ ਭਾਗ ਦੇ ਸੁਖ ਤੇ ਸੰਪਤਿ = ਧਨ ਪਦਾਰਥ ਆਦਿ ਵਿਭੂਤੀ ਨੂੰ ਪਾ ਕੇ ਮਨੁੱਖ ਮਾਇਆ ਰੂਪੀ ਮਦੋਨ = ਨਸ਼ੇ ਵਿਚ ਮਸਤ ਹੋਇਆ ਪਾਪ = ਭੈੜੇ ਕਰਮ ਕਰੈ = ਕਰਦਾ ਹੈ ਅਤੇ ਵਿਸ਼ੇ-ਵਿਕਾਰ ਆਦਿ ਭੋਗਾਂ ਦੇ ਰਸ = ਸੁਆਦ ਨੂੰ ਰਮਤ = ਭੋਗਣਾ, ਮਾਨਣਾ ਕਰਦਾ ਹੈ ਅਤੇ ਸਾਰੇ ਲੋਕ ਤਾਹਿ = ਉਸ ਨੂੰ ਸੁਖੀਆ = ਬਹੁਤ ਸੁਖੀ ਬਹੁਤ ਸੁਖੀ ਇਉਂ ਕਹੈ = ਕਹਿੰਦੇ ਹਨ।

ਜਤੀ ਸਤੀ ਅਉ ਸੰਤੋਖੀ ਸਾਧਨ ਕੀ ਨਿੰਦਾ ਕਰੈ;
ਉਲਟੋ ਈ ਗਿਆਨ ਧਿਆਨ ਹੈ ਅਗਿਆਨ ਲੋਗ ਜੀ ॥੫੨੬॥

ਹੇ ਪਿਆਰੇ ਜੀ! ਜੋ ਜਤੀ = ਜਤ ਰੱਖਣ ਵਾਲੇ, ਸਤੀ = ਸਤ ਰੱਖਣ ਵਾਲੇ ਧਰਮੀ ਅਉ = ਅਤੇ ਸੰਤੋਖੀ = ਸਬਰ ਰੱਖਣ ਵਾਲੇ ਸੰਤ ਜਨ ਹੁੰਦੇ ਹਨ, ਉਨ੍ਹਾਂ ਸਾਧਨ = ਸਾਧ ਜਨਾਂ ਕੀ = ਦੀ ਮਨਮੁਖ ਲੋਕ ਨਿੰਦਾ = ਅਪਕੀਰਤੀ ਕਰੈ = ਕਰਦੇ ਹਨ। ਇਉਂ ਅਗਿਆਨ = ਗਿਆਨ ਤੋਂ ਹੀਣੇ ਮਨਮੁਖ ਲੋਗ = ਲੋਕਾਂ ਦਾ ਉਲਟੋ ਈ = ਪੁੱਠਾ ਹੀ ਗਿਆਨ ਧਿਆਨ ਹੁੰਦਾ ਹੈ ॥੫੨੬॥ ਜੈਸਾ ਕਿ :

ਕਬੀਰ ਲੋਗੁ ਕਿ ਨਿੰਦੈ ਬਪੁੜਾ ਜਿਹ ਮਨਿ ਨਾਹੀ ਗਿਆਨ ॥ *(ਅੰਗ ੧੩੬੯)*

ਸਵੈਯਾ ॥ ਜਉ ਗਰਬੈ ਬਹੁ ਬੂੰਦ ਚਿਤੰਤਰਿ;
ਸਨਮੁਖ ਸਿੰਧ ਸੋਭ ਨਹੀ ਪਾਵੈ ॥

ਜਉ = ਜੇਕਰ ਬਹੁ = ਬਹੁਤ ਸਾਰੀਆਂ ਪਾਣੀ ਦੀਆਂ ਬੂੰਦਾਂ ਸਿੰਧ = ਸਮੁੰਦਰ ਦੇ ਸਨਮੁਖ = ਸਾਹਮਣੇ ਜਾ ਕੇ ਆਪਣੇ (ਚਿਤ + ਅੰਤਰਿ) ਚਿਤ ਦੇ ਅੰਤਰਿ = ਵਿਚ ਗਰਬੈ = ਹੰਕਾਰ ਕਰਨ ਤਾਂ ਇਹ ਗੱਲ ਸੋਭ = ਸ਼ੋਭਾ ਨਹੀਂ ਪਾਵੈ = ਪਾ ਸਕਦੀ।

ਜਉ ਬਹੁ ਉਡੈ ਖਗ ਧਾਰਿ ਮਹਾਂ ਬਲ;
ਪੇਖਿ ਅਕਾਸ ਰਿਦੈ ਸੁਕਚਾਵੈ ॥

ਜਉ = ਜੇਕਰ ਮਹਾਂ = ਬਹੁਤ ਸਾਰਾ ਬਲ = ਜ਼ੋਰ ਧਾਰਿ = ਧਾਰ, ਲਾ ਕੇ ਖਗ = ਪੰਛੀ ਬਹੁ = ਬਹੁਤ ਉੱਚੀ ਉਡੈ = ਉਡਾਰੀ ਲਗਾਉਣਾ ਕਰੇ ਤਾਂ ਅਕਾਸ ਦਾ ਫੈਲਾਅ ਪੇਖਿ = ਵੇਖ ਕੇ ਰਿਦੈ = ਚਿੱਤ ਵਿਚ ਸੁਕਚਾਵੈ = ਸੁੰਗੜਦਾ, ਸ਼ਰਮਾਉਂਦਾ ਹੈ ਭਾਵ ਪੰਛੀ ਆਪਣੇ ਅੰਦਰ ਹੀ ਝੁਰਨਾ ਕਰਦਾ ਹੈ।

ਜਿਉ ਬ੍ਰਹਮੰਡ ਪ੍ਰਚੰਡ ਬਿਲੋਕਤ;
ਗੂਲਰ ਜੰਤ ਉਡੰਤ ਲਜਾਵੈ ॥

ਜਿਉ = ਜਿਸ ਤਰ੍ਹਾਂ ਗੂਲਰ[1] = ਵੱਡੇ ਬੋਹੜ ਆਦਿ ਦੇ ਬ੍ਰਿਛ ਦਾ ਜੰਤ = ਜੀਵ **ਵਾ:** ਗੂਲਰ = ਗੁੱਲਰ ਦੇ ਫਲ ਵਿਚਲਾ ਜੰਤ = ਜੀਵ (ਜੋ ਮੱਛਰ ਵਰਗਾ ਹੁੰਦਾ ਹੈ) ਪ੍ਰਚੰਡ = ਤੇਜ਼ ਉੱਡਣ ਵਾਲੇ ਬ੍ਰਹਿਮੰਡ ਦੇ ਪਸਾਰੇ ਨੂੰ ਬਿਲੋਕਤ = ਵੇਖ ਕੇ ਉਡੰਤ = ਉਡਾਰੀ ਮਾਰਦਾ ਹੋਇਆ ਲਜਾਵੈ = ਲੱਜਾਵਾਨ ਹੋਇਆ ਕਰਦਾ ਹੈ।

ਤੂੰ ਕਰਤਾ ਹਮ ਕੀਏ ਤਿਹਾਰੇ ਜੀ;
ਤੋ ਪਹਿ ਬੋਲਨ ਕਿਉ ਬਨਿ ਆਵੈ ॥੫੨੭॥

ਇਸੇ ਤਰ੍ਹਾਂ ਹੇ ਸਤਿਗੁਰੂ ਸਾਹਿਬ ਜੀ **ਵਾ:** ਪਰਮੇਸ਼ਰ ਜੀ! ਤੂੰ ਹੀ ਸਾਰਿਆਂ ਨੂੰ ਕਰਤਾ = ਰਚਣ ਵਾਲਾ

---

੧. ਬੋਹੜ ਦੀ ਕਿਸਮ ਦਾ ਇਕ ਬ੍ਰਿਛ, ਜਿਸ ਦੀ ਛਿੱਲ ਵਿਚ ਦੁੱਧ ਤੇ ਫਲ ਅੰਜੀਰ ਵਰਗੇ ਤੇ ਛਾਂ ਬਹੁਤ ਸੰਘਣੀ ਹੁੰਦੀ ਹੈ **ਵਾ:** ਗੂਲਰ = ਗੂਲਰ ਦੇ ਫਲ ਵਿਚ ਅਨੰਤ ਛੋਟੇ ਛੋਟੇ ਜੀਵ ਹੁੰਦੇ ਹਨ।

ਹੈਂ ਤੇ ਹਮ = ਅਸੀਂ ਜੀਵ ਤਿਹਾਰੇ = ਤੁਹਾਡੇ ਹੀ ਪੈਦਾ ਕੀਏ = ਕੀਤੇ ਹੋਏ ਹਾਂ, ਤੋ = ਤੁਹਾਡੇ ਪਹਿ = ਕੋਲ ਸਾਡਾ ਜੀਵਾਂ ਦਾ ਕੁਝ ਬੋਲਣ = ਆਖਣਾ ਕਿਉ = ਕਿਸ ਤਰ੍ਹਾਂ ਬਣ ਆਵੈ = ਆਵੇਗਾ ਭਾਵ ਅਸੀਂ ਤੁਹਾਡੇ ਕੋਲ ਜਾਂ ਤੁਹਾਡੇ ਅੱਗੇ ਕੁਝ ਬੋਲੀਏ, ਇਹ ਚੰਗਾ ਨਹੀਂ ਲੱਗਦਾ ਹੈ। ਕਿਉਂਕਿ :

ਤੋ ਸੋ ਨ ਨਾਥੁ, ਅਨਾਥ ਨ ਮੋ ਸਰਿ;
ਤੋ ਸੋ ਨ ਦਾਨੀ, ਨ ਮੋ ਸੋ ਭਿਖਾਰੀ ॥

ਹੇ ਗੁਰੂ ਜੀ **ਵਾ:** ਪਰਮੇਸ਼ਰ ਜੀ ! ਤੋ = ਤੁਹਾਡੇ ਸੋ = ਵਰਗਾ ਕੋਈ ਨਾਥੁ = ਮਾਲਕ ਨ = ਨਹੀਂ ਹੈ ਤੇ ਮੋ = ਮੇਰੇ ਸਰਿ = ਵਰਗਾ ਅਨਾਥ = ਦੀਨ, ਗ਼ਰੀਬ ਕੋਈ ਨ = ਨਹੀਂ ਹੈ, ਤੋ = ਤੁਹਾਡੇ ਸੋ = ਵਰਗਾ ਕੋਈ ਦਾਨੀ = ਦਾਤਾ ਨ = ਨਹੀਂ ਹੈ ਤੇ ਮੋ = ਮੇਰੇ ਸੋ = ਵਰਗਾ ਭਿਖਾਰੀ = ਮੰਗਤਾ ਨ = ਨਹੀਂ ਹੈ।

ਮੋ ਸੋ ਨ ਦੀਨ, ਦਇਆਲ ਨ ਤੋ ਸਰਿ;
ਮੋ ਸੋ ਅਗਿਆਨੁ, ਨ ਤੋ ਸੋ ਬਿਚਾਰੀ ॥

ਹੇ ਗੁਰੂ ਜੀ ! ਮੋ = ਮੇਰੇ ਸੋ = ਵਰਗਾ ਕੋਈ ਦੀਨ = ਗ਼ਰੀਬ ਨ = ਨਹੀਂ ਹੈ, ਤੋ = ਤੁਹਾਡੇ ਸਰਿ = ਵਰਗਾ ਕੋਈ ਦਇਆਲ = ਦਿਆਲੂ ਨਹੀਂ ਹੈ ਤੇ ਮੋ = ਮੇਰੇ ਸੋ = ਵਰਗਾ ਕੋਈ ਅਗਿਆਨੁ = ਬੇਸਮਝ ਨਹੀਂ ਹੈ ਤੇ ਤੋ = ਤੁਹਾਡੇ ਸੋ = ਵਰਗਾ ਕੋਈ ਬਿਚਾਰੀ = ਵਿਚਾਰਵਾਨ (ਸਿਆਣਾ) ਨ = ਨਹੀਂ ਹੈ।

ਮੋ ਸੋ ਨ ਪਤਿਤ, ਨ ਪਾਵਨ ਤੋ ਸਰਿ;
ਮੋ ਸੋ ਬਿਕਾਰੀ ਨ ਤੋ ਸੋ ਉਪਕਾਰੀ ॥

ਹੇ ਗੁਰੂ ਜੀ ! ਮੋ = ਮੇਰੇ ਸੋ = ਵਰਗਾ ਕੋਈ ਪਤਿਤ = ਪਾਪੀ ਨ = ਨਹੀਂ ਹੈ ਤੇ ਤੋ = ਤੁਹਾਡੇ ਸਰਿ = ਵਰਗਾ ਕੋਈ ਪਾਵਨ = ਪਵਿੱਤਰ ਸਰੂਪ ਵਾਲਾ ਜਾਂ ਪਵਿੱਤਰ ਕਰਨ ਵਾਲਾ ਨ = ਨਹੀਂ ਹੈ, ਮੋ = ਮੇਰੇ ਸੋ = ਵਰਗਾ ਕੋਈ ਬਿਕਾਰੀ = ਮੰਦ-ਕਰਮੀ ਨ = ਨਹੀਂ ਹੈ ਤੇ ਤੋ = ਤੁਹਾਡੇ ਸੋ = ਵਰਗਾ ਕੋਈ ਉਪਕਾਰੀ = ਭਲਾ ਕਰਨ ਵਾਲਾ ਨਹੀਂ ਹੈ। ਜੈਸਾ ਕਿ :

ਤੁਮ ਸਮਸਰਿ ਨਾਹੀ ਦਇਆਲੁ ਮੋਹਿ ਸਮਸਰਿ ਪਾਪੀ ॥ *(ਗਉੜੀ ਕਬੀਰ ਜੀ, ਅੰਗ ੮੫੬)*

ਮੋਰੇ ਹੈ ਅਵਗੁਨ, ਤੂ ਗੁਨ ਸਾਗਰ;
ਜਾਤ ਰਸਾਤਲ ਓਟ ਤਿਹਾਰੀ ॥੫੨੮॥

ਮੋਰੇ = ਮੇਰੇ ਵਿਚ ਤਾਂ ਬੇਅੰਤ ਅਵਗੁਨ = ਗੁਨਾਹ ਹਨ ਤੇ ਤੂ = ਆਪ ਜੀ ਸ਼ੁਭ ਗੁਣਾਂ ਦਾ ਸਾਗਰ = ਸਮੁੰਦਰ ਹੋ, ਹੁਣ ਮੈਂ ਤਾਂ ਇਤਨੇ ਗੁਨਾਹਾਂ ਦਾ ਭਰਿਆ ਹੋਇਆ ਰਸਾਤਲ = ਪਤਾਲ ਵੱਲ ਭਾਵ ਨਰਕਾਂ ਨੂੰ ਜਾਤ = ਜਾਂਦਾ ਹਾਂ। ਹੁਣ ਇਕ ਤਿਹਾਰੀ = ਤੁਹਾਡੀ ਹੀ ਓਟ = ਟੇਕ ਹੈ ॥੫੨੮॥

ਇਸ ਉਪਰੋਕਤ ਸਵੱਈਏ ਨਾਲ ਮਿਲਦਾ ਹੀ ਭਾਈ ਸੰਤੋਖ ਸਿੰਘ ਜੀ ਨੇ ਇਕ ਕਬਿੱਤ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥ ਦੇ ਮੁੱਢ ਵਿਚ ਉਚਾਰਨ ਕੀਤਾ ਹੈ। ਜੈਸਾ ਕਿ :

ਕਬਿੱਤ—ਤੋ ਸੋ ਨਹੀ ਦਾਤਾ ਕੋਊ; ਮੋ ਸੋ ਨ ਭਿਖਾਰੀ ਦੀਨ,
ਤੋ ਸੋ ਨ ਦਯਾਲੁ, ਦੁਖੀ ਮੋ ਸੋ ਨ ਅਲਾਈਏ।
ਮੋ ਸੋ ਨਹੀ ਕ੍ਰਿਤਘਨ, ਤੋ ਸੋ ਉਪਕਾਰੀ ਨਾਂਹਿ
ਮੋ ਸੋ ਨ ਅਨਾਥ, ਨਾਥ ਤੋ ਸੋ ਨ ਬਤਾਈਏ।
ਔਗੁਨੀ ਨ ਮੋ ਸੋ ਕੋਊ, ਗੁਨਵਾਨ ਤੋ ਸੋ ਨਹੀਂ,
ਜਪ ਤਪ ਬ੍ਰਤ ਮੋ ਮੈਂ ਏਕ ਨਹਿੰ ਪਾਈਏ।
ਕਵਿ ਆਯੋ ਹੈ ਸ਼ਰਨ, ਗਹੇ ਧਾਇ ਕੈ ਚਰਨ
ਗੁਰੂ ਤਾਰਨ ਤਰਨ ਨਿਜ ਹਾਥ ਦੈ ਬਚਾਈਏ॥੨੭॥

ਕਬਿਤ ॥

ਉਲਟਿ ਪਵਨ ਮਨ ਮੀਨ ਕੀ ਚਪਲ ਗਤਿ;
ਦਸਮ ਦੁਆਰ ਪਾਰ ਅਗਮ ਨਿਵਾਸ ਹੈ॥

ਜੋ ਮਨ ਮੀਨ = ਮੱਛੀ ਕੀ = ਦੀ ਨਿਆਈਂ ਚਪਲ = ਚੰਚਲ ਗਤਿ = ਚਾਲ ਵਾਲਾ ਹੈ, ਉਸ ਮਨ ਨੂੰ ਪਵਨ = ਹਵਾ ਦੇ ਵਹਿਣ ਦੀ ਸਹਾਇਤਾ ਨਾਲ ਭਾਵ ਸੁਆਸਾਂ ਨਾਲ ਰਲਾ ਕੇ ਉਸ ਨੂੰ ਬਾਹਰਲੇ ਧਿਆਨ ਵੱਲੋਂ ਉਲਟਿ = ਪਲਟਾ ਕੇ ਅੰਤਰਮੁਖ ਕਰ ਕੇ ਦਸਮ = ਦਸਵੇਂ ਦੁਆਰ ਤੋਂ ਵੀ ਪਾਰ = ਪਰੇ ਜੋ ਅਗਮ = ਗੰਮਤਾ ਤੋਂ ਰਹਿਤ ਪਰਮੇਸ਼ਰ ਦਾ ਸੱਚਖੰਡ ਰੂਪ ਨਿਵਾਸ = ਟਿਕਾਣਾ (ਵਾਸਾ) ਹੈ, ਉਸ ਵਿਚ ਇਸਥਿਤੀ ਪਾ ਲੈਣਾ ਕਰੀਦੀ ਹੈ।

ਤਹ ਨ ਪਾਵਕ ਪਵਨ ਜਲ ਪ੍ਰਿਥਮੀ ਅਕਾਸ;
ਨਾਹਿ ਸਸਿ ਸੂਰ ਉਤਪਤਿ ਨ ਬਿਨਾਸ ਹੈ॥

ਤਹ = ਉਥੇ ਗੰਮਤਾ ਤੋਂ ਰਹਿਤ ਪਰਮੇਸ਼ਰ ਦੇ ਸੱਚਖੰਡ ਰੂਪ ਟਿਕਾਣੇ ਵਿਚ ਪਾਵਕ = ਅੱਗ, ਪਵਨ = ਹਵਾ, ਜਲ = ਪਾਣੀ, ਪ੍ਰਿਥਮੀ = ਧਰਤੀ ਤੇ ਅਕਾਸ਼ ਆਦਿ ਕੋਈ ਵੀ ਨ = ਨਹੀਂ ਹੈ ਅਤੇ ਨਾਹਿ = ਨਾ ਹੀ ਸਤਿ = ਚੰਦਰਮਾ ਤੇ ਸੂਰ = ਸੂਰਜ ਦਾ ਉਤਪਤਿ = ਪੈਦਾ ਹੋਣਾ ਤੇ ਨ = ਨਾ ਹੀ ਬਿਨਾਸ = ਨਾਸ਼ ਹੋਣਾ ਹੈ ਭਾਵ ਸੂਰਜ ਤੇ ਚੰਦਰਮਾ ਦਾ ਚੜ੍ਹਨਾ ਡੁੱਬਣਾ ਨਹੀਂ ਹੈ **ਵਾ:** ਨਾ ਹੀ ਉਥੇ ਉਤਪਤਿ = ਪੈਦਾ (ਜੰਮਣਾ) ਹੋਣਾ ਤੇ ਨਾ ਹੀ ਬਿਨਾਸ = ਨਾਸ਼ (ਮਰਨਾ) ਹੋਣਾ ਹੈ।

ਨਾਹਿ ਪਰਕਿਰਤਿ ਬਿਰਤਿ ਪਿੰਡ ਪ੍ਰਾਨ ਗਿਆਨ;
ਸਬਦ ਸੁਰਤਿ ਨਾਹਿ ਦ੍ਰਿਸਟਿ ਨ ਪ੍ਰਗਾਸ ਹੈ॥

ਉਥੇ ਨਾਹਿ = ਨਾ ਹੀ ਪਰਕਿਰਤਿ = ਮਾਇਆ ਦੀ ਬਿਰਤਿ = ਬਿਰਤੀ ਦਾ ਜ਼ੋਰ ਹੈ ਅਤੇ ਨਾਹਿ = ਨਾ ਹੀ ਪਿੰਡ = ਸਰੀਰ, ਪ੍ਰਾਨ = ਜਿੰਦ, ਗਿਆਨ = ਗਿਆਤ, ਸਬਦ = ਬੋਲਣ ਦੀ ਸਮਰੱਥਾ, ਸੁਰਤਿ = ਕੰਨ ਅਤੇ ਨਾ ਹੀ ਦ੍ਰਿਸਟਿ = ਦ੍ਰਿਸ਼ਟੀ ਦਾ ਪ੍ਰਗਾਸ = ਪ੍ਰਕਾਸ਼ ਹੈ।

ਅਥਵਾ ਉਥੇ ਨਾ ਹੀ ਪਰਕਿਰਤਿ = ਮਾਇਆ ਤੇ ਬਿਰਤਿ = ਵਿਕ੍ਰਿਤੀ ਭਾਵ ਵਿਕਾਰ ਧਾਰਨ ਵਾਲੀ

ਅਵਿੱਦਿਆ ਹੈ **ਵਾ:** ਨਾ ਹੀ ਪਰਕਿਰਤਿ = ਮਾਇਆ ਦੀ ਬਿਰਤਿ = ਉਪਜੀਵਕਾ (ਬਿਉਹਾਰ) ਭਾਵ ਮਾਇਕੀ ਰਚਨਾ ਹੈ ਅਤੇ ਨਾ ਹੀ ਪਿੰਡ = ਸਰੀਰ ਪ੍ਰਾਣ = ਸੁਆਸ ਕਿਰਿਆ ਸਾਧਕ ਸ਼ਕਤੀ ਮਨ ਤੇ ਗਿਆਨ = ਗਿਆਤ (ਬੁੱਧੀ) ਹੈ ਅਰਥਾਤ ਸੂਖਮ ਸਥੂਲ ਫੈਲਾਅ ਸਹਿਤ ਵਰਤਾਉ ਦੇ ਸਾਧਨ ਆਦਿ ਕੁਝ ਨਹੀਂ ਦੇਖੀਦੇ ਅਤੇ ਨਾ ਹੀ ਸ਼ਬਦ ਤੇ ਨਾ ਹੀ ਸੁਰਤ ਅਤੇ ਨਾ ਹੀ ਕਿਸੇ ਤਰ੍ਹਾਂ ਦਾ ਪ੍ਰਕਾਸ਼ ਅਤੇ ਨਾ ਹੀ ਉਸ ਦੇ ਵੇਖਣ ਵਾਲੀ ਅੰਤਰੀਵੀ, ਬਾਹਰੀ ਦ੍ਰਿਸ਼ਟੀ ਹੈ।

ਸ੍ਵਾਮੀ ਨਾ ਸੇਵਕ ਉਨਮਾਨ ਅਨਹਦਿ ਪਰੈ;
ਨਿਰਾਲੰਬ ਸੁੰਨ ਮੈ ਨ ਬਿਸਮ ਬਿਸ੍ਵਾਸ ਹੈ॥੫੨੯॥

ਉਥੇ ਨਾ ਹੀ ਸ੍ਵਾਮੀ = ਮਾਲਕਪੁਣਾ ਹੈ, ਨਾ ਹੀ ਸੇਵਕ = ਦਾਸਪੁਣੇ ਦਾ ਉਨਮਾਨ = ਵਿਚਾਰ ਹੈ, ਉਹ ਤਾਂ ਅਨਹਦਿ = ਹੱਦ ਤੋਂ ਰਹਿਤ ਪਰੈ = ਪਰੇ ਹੈ, ਕਿਸੇ ਦੇ ਨਿਰਾਲੰਬ = ਆਸਰੇ ਤੋਂ ਬ਼ਗ਼ੈਰ ਤੇ ਸੁੰਨ = ਅਫੁਰ ਮੈ = ਸਰੂਪ ਹੈ, ਬਿਸਮ = ਵਿਸਮਾਦਪੁਣੇ ਦਾ ਵੀ ਉਥੇ ਕੋਈ ਬਿਸ੍ਵਾਸ = ਭਰੋਸਾ (ਥਹੁ) ਨ = ਨਹੀਂ ਹੈ **ਵਾ:** ਆਸਰੇ ਤੋਂ ਬ਼ਗ਼ੈਰ ਸੁੰਨ = ਅਫੁਰ ਮੈ = ਸਰੂਪ ਵਿਚ ਇਹ ਉਪਰੋਕਤ ਕੁਝ ਵੀ ਨਹੀਂ ਹੈ, ਉਥੇ ਤਾਂ ਕੇਵਲ ਗੁਰਾਂ ਦਾ ਬਿਸ੍ਵਾਸ = ਭਰੋਸਾ ਹੈ॥੫੨੯॥

ਜੈਸੇ ਅਹਿਨਿਸਿ ਮਦਿ ਰਹਤ ਭਾਂਜਨ ਬਿਖੈ;
ਜਾਨਤ ਨ ਮਰਮੁ ਕਿਧਉ ਕਵਨ ਪ੍ਰਕਾਰੀ ਹੈ॥

ਜੈਸੇ = ਜਿਸ ਪ੍ਰਕਾਰ ਅਹਿਨਿਸਿ = ਰਾਤ ਦਿਨ ਮਦਿ = ਸ਼ਰਾਬ, ਕੱਚ ਦੀ ਬੋਤਲ ਆਦਿ ਭਾਂਜਨ = ਬਰਤਨ ਬਿਖੈ = ਵਿਚ ਪਈ ਰਹਤ = ਰਹਿੰਦੀ ਹੈ, ਪਰ ਉਹ ਬਰਤਨ ਸ਼ਰਾਬ ਦੇ ਮਰਮੁ = ਭੇਦ ਨੂੰ ਜਾਨਤ = ਜਾਣਦਾ ਨ = ਨਹੀਂ ਹੈ ਕਿ ਇਹ ਕਿਧਉ = ਕੀ ਕੁਝ ਹੈ ਤੇ ਇਹ ਕਵਨ = ਕਿਸ ਪ੍ਰਕਾਰੀ = ਤਰ੍ਹਾਂ ਦੀ ਵਸਤੂ ਹੈ।

ਜੈਸੇ ਬੇਲੀ ਭਰਿ ਭਰਿ ਬਾਂਟਿ ਦੀਜੀਅਤ ਸਭਾ;
ਪਾਵਤ ਨ ਭੇਦੁ ਕਛੁ ਬਿਧਿ ਨ ਬਿਚਾਰੀ ਹੈ॥

ਜੈਸੇ = ਜਿਸ ਪ੍ਰਕਾਰ ਫੇਰ ਉਹੋ ਸ਼ਰਾਬ ਬੇਲੀ = ਪਿਆਲੀ ਭਰ ਭਰ ਕੇ ਲੋਕਾਂ ਦੀ ਸਭਾ = ਇਕੱਤਰਤਾ ਵਿਚ ਬਾਂਟਿ = ਵੰਡ ਦੀਜੀਅਤ = ਦੇਣਾ ਕਰੀਦੀ ਹੈ, ਉਹ ਪਿਆਲੀ ਵੀ ਸ਼ਰਾਬ ਦਾ ਕਛੁ = ਕੁਝ ਭੇਦੁ = ਮਰਮੁ ਨ = ਨਹੀਂ ਪਾਵਤ = ਪਾਉਣਾ ਕਰਦੀ ਕਿ ਸ਼ਰਾਬ ਦਾ ਸੁਆਦ ਕਿਹੋ ਜਿਹਾ ਹੈ ਅਤੇ ਨਾ ਹੀ ਸੁਆਦ ਦੀ ਬਿਧਿ = ਵਿਧੀ, ਰੀਤੀ ਬਿਚਾਰੀ = ਵਿਚਾਰਨਾ ਕਰਦੀ ਹੈ।

ਜੈਸੇ ਦਿਨ ਪ੍ਰਤਿ ਮਦੁ ਬੇਚਤ ਕਲਾਲ ਬੈਠ;
ਮਹਿਮਾ ਨ ਜਾਨਈ ਦਰਬ ਹਿਤਕਾਰੀ ਹੈ॥

ਜੈਸੇ = ਜਿਸ ਪ੍ਰਕਾਰ ਦਿਨ ਪ੍ਰਤਿ = ਦਿਨ ਪ੍ਰਤੀ ਦਿਨ ਭਾਵ ਹਰ ਰੋਜ਼ ਹੀ ਕਲਾਲ = ਠੇਕੇਦਾਰ (ਸ਼ਰਾਬ ਵੇਚਣ ਵਾਲਾ) ਬੈਠਾ ਮਦੁ = ਸ਼ਰਾਬ ਨੂੰ ਬੇਚਤ = ਵੇਚਦਾ ਰਹਿੰਦਾ ਹੈ, ਪਰ ਉਹ ਠੇਕੇਦਾਰ ਵੀ ਦਰਬ = ਦੌਲਤ

ਦਾ ਹਿਤਕਾਰੀ = ਪ੍ਰੇਮੀ ਹੋਣ ਕਰਕੇ ਸ਼ਰਾਬ ਦੀ ਚੰਗੀ ਮਾੜੀ ਮਹਿਮਾ = ਉਪਮਾ ਬਾਰੇ ਜਾਨਈ = ਜਾਣਦਾ ਨ = ਨਹੀਂ ਹੈ।

ਤੈਸੇ ਗੁਰ ਸਬਦ ਕੋ ਲਿਖਿ ਪੜਿ ਗਾਵਤ ਹੈ;
ਬਿਰਲੋ ਅੰਮ੍ਰਿਤ ਰਸੁ ਪਦੁ ਅਧਿਕਾਰੀ ਹੈ ॥੫੩੦॥

ਤੈਸੇ = ਉਸੇ ਤਰ੍ਹਾਂ ਬੇਅੰਤ ਸਿੱਖ ਹੀ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਕੋ = ਨੂੰ ਲਿਖਿ = ਲਿਖਦੇ, ਪੜਿ = ਪੜ੍ਹਦੇ ਤੇ ਕੀਰਤਨ ਰੂਪ ਵਿਚ ਗਾਵਤ = ਗਾਉਂਦੇ ਹੈ = ਹਨ, ਪਰੰਤੂ ਕੋਈ ਬਿਰਲੋ = ਟਾਂਵਾਂ ਹੀ ਗੁਰ-ਉਪਦੇਸ਼ ਦੁਆਰਾ ਨਾਮ ਅੰਮ੍ਰਿਤ ਰਸ ਦੇ ਸੁਆਦ ਨੂੰ ਚੱਖਣ ਵਾਲੀ ਪਦੁ = ਪਦਵੀ ਦਾ ਯੋਗ ਅਧਿਕਾਰੀ = ਹੱਕਦਾਰ ਹੁੰਦਾ ਹੈ ॥੫੩੦॥

ਤਿਨੁ ਤਿਨੁ ਮੇਲਿ ਜੈਸੇ ਛਾਨਿ ਛਾਈਅਤ ਪੁਨਿ;
ਅਗਨਿ ਪ੍ਰਗਾਸ ਤਾਸ ਭਸਮ ਕਰਤ ਹੈ ॥

ਪੁਨਿ = ਫੇਰ ਜੈਸੇ = ਜਿਸ ਪ੍ਰਕਾਰ ਤਿਨੁ ਤਿਨੁ = ਕੱਖ ਕੱਖ, ਤੀਲਾ ਤੀਲਾ ਮੇਲਿ = ਇਕੱਤਰ ਕਰ ਕੇ ਛਾਨਿ = ਛੰਨ (ਛਪਰੀ) ਛਾਈਅਤ = ਬਣਾਈਦੀ ਹੈ ਅਤੇ ਜੇ ਕਿਤੇ ਥੋੜ੍ਹੀ ਜਿਹੀ ਅਗਨਿ = ਅੱਗ ਦਾ ਪ੍ਰਗਾਸ = ਪ੍ਰਕਾਸ਼, ਕਿਣਕਾ, ਚੰਗਿਆੜੀ ਪੈ ਜਾਵੇ ਤਾਂ ਝੱਟ ਹੀ ਤਾਸ = ਉਸ ਛੰਨ ਨੂੰ ਅੱਗ ਭਸਮ = ਸੁਆਹ ਕਰਤ = ਕਰ ਦਿੰਦੀ ਹੈ।

ਸਿੰਧ ਕੇ ਕਿਨਾਰੇ ਬਾਲੂ ਗ੍ਰਿਹਿ ਬਾਲਕ ਰਚਤ ਜੈਸੇ;
ਲਹਿਰ ਉਮਗਿ ਭਏ ਧੀਰ ਨ ਧਰਤ ਹੈ ॥

ਜੈਸੇ = ਜਿਸ ਪ੍ਰਕਾਰ ਸਿੰਧ = ਸਮੁੰਦਰ ਕੇ = ਦੇ ਕਿਨਾਰੇ = ਤੱਟ ਉੱਤੇ ਬਾਲਕ = ਬੱਚੇ ਬਾਲੂ = ਰੇਤ ਦੇ ਗ੍ਰਿਹਿ = ਘਰ ਰਚਤ = ਬਣਾ ਲੈਂਦੇ ਹਨ ਪਰੰਤੂ ਸਮੁੰਦਰ ਦੀਆਂ ਲਹਿਰ = ਤਰੰਗਾਂ ਦੀ ਉਮਗਿ = ਛਲ ਆਏ ਭਏ = ਹੋਏ ਤੋਂ ਉਹ ਰੇਤ ਦਾ ਘਰ ਧੀਰ = ਧੀਰਜ ਨ = ਨਹੀਂ ਧਰਤ = ਧਰਦਾ, ਭਾਵ ਟਿਕਣਾ ਨਹੀਂ ਕਰਦਾ ਹੈ।

ਜੈਸੇ ਬਨ ਬਿਖੈ ਮਿਲਿ ਬੈਠਤ ਅਨੇਕ ਮ੍ਰਿਗ;
ਏਕ ਮ੍ਰਿਗਰਾਜ ਗਾਜੇ ਰਹਿਓ ਨ ਪਰਤ ਹੈ ॥

ਜੈਸੇ = ਜਿਸ ਪ੍ਰਕਾਰ ਬਨ = ਜੰਗਲ ਬਿਖੈ = ਵਿਚ ਅਨੇਕ = ਅਨੰਤ ਮ੍ਰਿਗ = ਹਿਰਨ ਮਿਲਿ = ਇਕੱਤਰ ਹੋ ਕੇ ਬੈਠਤ = ਬਹਿੰਦੇ ਹਨ, ਪਰੰਤੂ ਏਕ = ਇਕ ਮ੍ਰਿਗਰਾਜ = ਸ਼ੇਰ ਦੇ ਗਾਜੇ = ਗੱਜਦਿਆਂ (ਬੋਲਦਿਆਂ) ਸਾਰ ਹੀ ਉਥੇ ਕੋਈ ਵੀ ਮ੍ਰਿਗ ਰਹਿਓ = ਰਹਿਣਾ ਨ = ਨਹੀਂ ਪਰਤ = ਪਾਉਂਦਾ ਹੈ।

ਦ੍ਰਿਸਟਿ ਸਬਦੁ ਅਰੁ ਸੁਰਤਿ ਧਿਆਨ ਗਿਆਨ;
ਪ੍ਰਗਟੇ ਪੂਰਨ ਪ੍ਰੇਮ ਸਗਲ ਰਹਤ ਹੈ ॥੫੩੧॥

ਉਸੇ ਤਰ੍ਹਾਂ ਹੀ ਦ੍ਰਿਸਟਿ = ਨੇਤਰਾਂ ਦੀ ਦ੍ਰਿਸ਼ਟੀ ਦਾ ਸਾਧਨ, ਸ਼ਬਦ ਵਿਚ ਪਰਚਣੇ ਦਾ ਸਾਧਨ ਅਰੁ = ਅਤੇ

ਧਿਆਨ ਵਿਚ ਸੁਰਤਿ = ਬਿਰਤੀ ਜੋੜਨੀ ਤੇ ਗਿਆਨ ਨੂੰ ਕਮਾਉਣਾ ਆਦਿ ਸਾਰੇ ਸਾਧਨ ਪੂਰਨ = ਪੂਰੇ ਪ੍ਰੇਮ = ਸਨੇਹ ਦੇ ਪ੍ਰਗਟੇ = ਪ੍ਰਤੱਖ ਹੋਇਆਂ ਸਾਰੇ ਹੀ ਰਹਤ = ਰਹਿ ਜਾਂਦੇ ਹੈ = ਹਨ **ਵਾ:** ਨੇਤਰਾਂ ਦੀ ਦ੍ਰਿਸ਼ਟੀ, ਮੂੰਹ ਦੀ ਆਵਾਜ਼ ਤੇ ਕੰਨਾਂ ਦੀ ਸ੍ਰੋਤ ਹੋਰ ਅਨਮਤੀਆਂ ਦੇ ਵੱਲ ਕਰਨੀ ਤੇ ਗਿਆਨ ਧਿਆਨ ਦਾ ਗੁਰਾਂ ਦੇ ਪੂਰੇ ਪ੍ਰੇਮ ਪ੍ਰਗਟਣ ਅੱਗੇ ਸਾਰੇ ਹੀ ਉਪਰੋਕਤ ਰਹਿ ਜਾਂਦੇ ਹਨ ਭਾਵ ਜਦ ਗਿਆਨ ਰੂਪੀ ਪੂਰਾ ਚਾਨਣ ਹੋ ਜਾਂਦਾ ਹੈ ਤਾਂ ਹੋਰ ਕਿਸੇ ਵੀ ਸਾਧਨ ਦੀ ਜ਼ਰੂਰਤ ਨਹੀਂ ਰਹਿੰਦੀ॥੫੩੧॥

ਚੰਦਨ ਕੀ ਬਾਰਿ ਜੈਸੇ ਦੀਜੀਅਤ ਬਬੂਰ ਦੂਮ;
ਕੰਚਨ ਸੰਪਟ ਮਧਿ ਕਾਚੁ ਗਹਿ ਰਾਖੀਐ॥

ਜੈਸੇ = ਜਿਸ ਪ੍ਰਕਾਰ ਬਬੂਰ = ਕਿੱਕਰ ਦੇ ਦੂਮ = ਬ੍ਰਿਛਾਂ ਨੂੰ ਚੰਦਨ = ਚੰਨਣ ਦੇ ਬ੍ਰੂਟਿਆਂ ਕੀ = ਦੀ ਬਾਰਿ = ਵਾੜ ਕਰ ਦੀਜੀਅਤ = ਦੇਣਾ ਕਰੀਏ ਤੇ ਕੰਚਨ = ਸੋਨੇ ਦੇ ਸੰਪਟ = ਡੱਬੇ ਮਧਿ = ਵਿਚ ਕਾਚੁ = ਕੱਚ ਨੂੰ ਗਹਿ = ਪਕੜ ਕੇ ਰਾਖੀਐ = ਰੱਖਣਾ ਕਰੀਏ।

ਜੈਸੇ ਹੰਸ ਪਾਸਿ ਬੈਠਿ ਬਾਇਸੁ ਗਰਬ ਕਰੈ;
ਮ੍ਰਿਗਪਤਿ ਭਵਨ ਮੈ ਜੰਬੁਕ ਭਲਾਖੀਐ॥

ਜੈਸੇ = ਜਿਸ ਪ੍ਰਕਾਰ ਹੰਸ ਪਾਸਿ = ਕੋਲ ਬੈਠਿ = ਬਹਿ ਕੇ ਬਾਇਸੁ = ਕਾਂ ਗਰਬ = ਹੰਕਾਰ ਕਰੈ = ਕਰਨਾ ਕਰੇ ਅਤੇ ਮ੍ਰਿਗਪਤਿ = ਹਿਰਨਾਂ ਦੇ ਪਤੀ ਸ਼ੇਰ ਦੇ ਭਵਨ = ਘਰ ਮੈ = ਵਿਚ ਜੰਬੁਕ = ਗਿੱਦੜ ਵੱਸਣ ਦੀ ਭਲਾਖੀਐ = ਚਾਹਨਾ ਕਰੇ।

ਜੈਸੇ ਗਰਧਬ ਗਜ ਪ੍ਰਤਿ ਉਪਹਾਸ ਕਰੈ;
ਚਕ੍ਰਵੈ ਕੋ ਚੋਰ ਡਾਂਡੇ, ਦੂਧ ਮਦ ਮਾਖੀਐ॥

ਜੈਸੇ = ਜਿਸ ਪ੍ਰਕਾਰ ਗਰਧਬ = ਖੋਤਾ ਗਜ = ਹਾਥੀ ਦੇ ਪ੍ਰਤਿ = ਤਾਈਂ ਉਪਹਾਸ = ਮਜ਼ਾਕ ਕਰੈ = ਕਰਨਾ ਕਰੇ ਤੇ ਚਕ੍ਰਵੈ = ਚੱਕਰਵਰਤੀ ਰਾਜੇ ਕੋ = ਨੂੰ ਚੋਰ = ਚੋਰੀ ਕਰਨ ਵਾਲਾ ਪੁਰਖ ਡਾਂਡੇ = ਤਾੜਨਾ ਕਰੇ ਤੇ ਦੂਧ = ਦੁੱਧ ਵਿਚ ਪਈ ਮਾਖੀਐ = ਮੱਖੀ ਮਦ = ਹੰਕਾਰ ਕਰੇ ਕਿ ਮੈਂ ਵੱਡੀ ਹਾਂ **ਵਾ:** ਮਦ = ਸ਼ਹਿਦ ਦੀ ਮਾਖੀਐ = ਮੱਖੀ ਦੂਧ = ਦੁੱਧ ਨੂੰ ਨਿੰਦਣਾ ਕਰੇ।

ਸਾਧਨ ਦੁਰਾਇ ਕੈ ਅਸਾਧ ਅਪਰਾਧ ਕਰੈ;
ਉਲਟੀਐ ਚਾਲ ਕਲੀਕਾਲ ਭ੍ਰਮ ਭਾਖੀਐ॥੫੩੨॥

ਸਾਧਨ = ਸਾਧਾਂ ਨੂੰ ਦੁਰਾਇ = ਛੁਪਾ ਕੈ = ਕਰਕੇ ਅਸਾਧ = ਅਸੰਤ ਲੋਕ ਅਪਰਾਧ = ਗੁਨਾਹ ਕਰੈ = ਕਰਨ ਭਾਵ ਸਾਧ ਜਨਾਂ ਨੂੰ ਭਜਾ ਕੇ ਅਸੰਤ ਲੋਕ ਅਪਰਾਧ ਕਰਨ, ਇਹ ਉਲਟੀਐ = ਪੁੱਠੀ ਹੀ ਭਰਮ ਰੂਪ ਚਾਲ ਕਲੀਕਾਲ = ਕਲਿਜੁਗ ਦੇ ਸਮੇਂ ਦੀ ਭਾਖੀਐ = ਕਥਨ ਕਰੀਦੀ ਹੈ॥੫੩੨॥

ਜੈਸੇ ਬਿਨੁ ਲੋਚਨ ਬਿਲੋਕੀਐ ਨ ਰੂਪ ਰੰਗ;
ਸ੍ਰਵਨ ਬਿਹੂਨ ਰਾਗ ਨਾਦ ਨ ਸੁਨੀਜੀਐ ॥

ਜੈਸੇ = ਜਿਸ ਪ੍ਰਕਾਰ ਲੋਚਨ = ਨੇਤਰਾਂ ਤੋਂ ਬਿਨੁ = ਬਗ਼ੈਰ ਰੂਪ = ਸਰੂਪ ਤੇ ਰੰਗ ਭਾਵ ਸ਼ਕਲ ਸੂਰਤ ਨੂੰ ਬਿਲੋਕੀਐ = ਵੇਖਣ ਨ = ਨਹੀਂ ਕਰੀਦਾ ਤੇ ਸ੍ਰਵਨ = ਕੰਨਾਂ ਤੋਂ ਬਿਹੂਨ = ਬਗ਼ੈਰ ਰਾਗਾਂ ਦੀ ਨਾਦ = ਧੁਨੀ ਨੂੰ ਸੁਨੀਜੀਐ = ਸੁਣਨਾ ਨ = ਨਹੀਂ ਕਰੀਦਾ।

ਜੈਸੇ ਬਿਨੁ ਜਿਹਬਾ ਨ ਉਚਰੈ ਬਚਨ ਅਰੁ;
ਨਾਸਿਕਾ ਬਿਹੂਨ ਬਾਸੁ ਬਾਸਨਾ ਨ ਲੀਜੀਐ ॥

ਜੈਸੇ = ਜਿਸ ਤਰ੍ਹਾਂ ਜਿਹਬਾ = ਜ਼ੁਬਾਨ ਤੋਂ ਬਿਨੁ = ਬਗ਼ੈਰ ਬਚਨ = ਵਾਕ ਨ = ਨਹੀਂ ਉਚਰੈ = ਉਚਾਰਨਾ ਕਰੀਦਾ ਅਰੁ = ਅਤੇ ਨਾਸਿਕਾ = ਨੱਕ ਤੋਂ ਬਿਹੂਨ = ਬਗ਼ੈਰ ਬਾਸੁ = ਸੁਗੰਧੀ ਦੀ ਬਾਸਨਾ = ਮਹਿਕ ਨ = ਨਹੀਂ ਲੀਜੀਐ = ਲੈਣਾ ਕਰੀਦੀ।

ਜੈਸੇ ਬਿਨੁ ਕਰ ਕਰਿ ਸਕੈ ਨ ਕਿਰਤ ਕ੍ਰਮ;
ਚਰਨ ਬਿਹੂਨ ਭਉਨ ਗਉਨ ਕਤ ਕੀਜੀਐ ॥

ਜੈਸੇ = ਜਿਸ ਪ੍ਰਕਾਰ ਕਰ = ਹੱਥਾਂ ਤੋਂ ਬਿਨੁ = ਬਗ਼ੈਰ ਕਿਰਤ ਕ੍ਰਮ = ਕਰਨੇ ਯੋਗ ਕੰਮ, ਕਿਰਤ ਕਮਾਈ ਨ = ਨਹੀਂ ਕਰ ਸਕੈ = ਸਕੀਦੀ ਅਤੇ ਚਰਨ = ਪੈਰਾਂ ਤੋਂ ਬਿਹੂਨ = ਬਗ਼ੈਰ ਭਉਨ ਗਉਨ = ਘਰ ਵਿਚ ਜਾਣਾ ਕਤ = ਕਿਸ ਪ੍ਰਕਾਰ ਕੀਜੀਐ = ਕਰੀਦਾ ਹੈ।

ਅਸਨ ਬਸਨ ਬਿਨੁ ਧੀਰਜ ਨ ਧਰੈ ਦੇਹ;
ਬਿਨੁ ਗੁਰ ਸਬਦ ਨ ਪ੍ਰੇਮ ਰਸੁ ਪੀਜੀਐ ॥੫੩੩॥

ਜਿਸ ਪ੍ਰਕਾਰ ਅਸਨ = ਭੋਜਨ ਤੇ ਬਸਨ = ਬਸਤਰ ਤੋਂ ਬਿਨੁ = ਬਗ਼ੈਰ ਦੇਹ = ਕਾਂਇਆ ਧੀਰਜ = ਟਿਕਾਅ ਨ = ਨਹੀਂ ਧਰੈ = ਧਰਨਾ ਕਰਦੀ ਭਾਵ ਤੰਦਰੁਸਤ ਨਹੀਂ ਰਹਿ ਸਕਦੀ, ਇਸੇ ਤਰ੍ਹਾਂ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਤੋਂ ਬਿਨੁ = ਬਗ਼ੈਰ ਪ੍ਰਭੂ ਪ੍ਰਾਪਤੀ ਵਾਲਾ ਪ੍ਰੇਮ = ਸਨੇਹ ਰੂਪ ਰਸ ਨ = ਨਹੀਂ ਪੀਜੀਐ = ਪੀਣਾ ਕਰੀਦਾ ॥੫੩੩॥

ਜੈਸੇ ਫਲ ਸੈ ਬਿਰਖ, ਬਿਰਖ ਸੈ ਹੋਤ ਫਲ;
ਅਦਿਭੁਤਿ ਗਤਿ ਕਛੁ ਕਹਨੁ ਨ ਆਵੈ ਜੀ ॥

ਹੇ ਪਿਆਰੇ ਜੀ! ਜੈਸੇ = ਜਿਸ ਤਰ੍ਹਾਂ ਫਲ ਸੈ = ਤੋਂ ਬਿਰਖ = ਬ੍ਰਿਛ ਤੇ ਬਿਰਖ = ਬ੍ਰਿਛ ਸੈ = ਤੋਂ ਫਲ ਹੋਤ = ਹੁੰਦਾ ਹੈ, ਇਸ ਅਦਿਭੁਤਿ = ਅਸਚਰਜ ਵਰਤਾਰੇ ਦੀ ਗਤਿ = ਗੀਤੀ ਕਛੁ = ਕੁਝ ਕਹਨੁ = ਕਥਨ ਵਿਚ ਨ = ਨਹੀਂ ਆਵੈ = ਆਉਂਦੀ ਹੈ।

ਜੈਸੇ ਬਾਸੁ ਬਾਵਨ ਮੈ, ਬਾਵਨ ਹੈ ਬਾਸੁ ਬਿਖੈ;
ਬਿਸਮ ਚਰਿਤ੍ਰ ਕੋਊ ਮਰਮੁ ਨ ਪਾਵੈ ਜੀ ॥

ਹੇ ਪਿਆਰੇ ਜੀ ! ਜੈਸੇ = ਜਿਸ ਪ੍ਰਕਾਰ ਬਾਸੁ = ਵਾਸ਼ਨਾ ਬਾਵਨ ਚੰਦਨ ਮੈ = ਵਿਚ ਤੇ ਬਾਵਨ ਚੰਦਨ ਬਾਸੁ = ਵਾਸ਼ਨਾ ਬਿਖੈ = ਵਿਚ ਹੈ, ਇਹ ਬਿਸਮ = ਅਸਚਰਜਮਈ ਚਰਿਤ੍ਰ = ਕੌਤਕ ਹੈ, ਇਸ ਦਾ ਕੋਊ = ਕੋਈ ਮਰਮੁ = ਭੇਦ ਨ = ਨਹੀਂ ਪਾਵੈ = ਪਾ ਸਕਦਾ ਹੈ।

ਕਾਸਟਿ ਮੈ ਅਗਨਿ, ਅਗਨਿ ਮੈ ਕਾਸਟਿ ਹੈ;
ਅਤਿ ਅਸਚਰਜ ਹੈ ਕਉਤਕ ਕਹਾਵੈ ਜੀ ॥

ਹੇ ਪਿਆਰੇ ਜੀ ! ਜਿਵੇਂ ਕਾਸਟਿ = ਲੱਕੜ ਮੈ = ਵਿਚ ਅਗਨਿ = ਅੱਗ ਹੈ ਤੇ ਅਗਨਿ = ਅੱਗ ਮੈ = ਵਿਚ ਕਾਸਟਿ = ਲੱਕੜ ਹੈ, ਇਹ ਵੀ ਅਤਿ = ਬਹੁਤ ਹੀ ਅਸਚਰਜ = ਵਿਸਮਾਦਮਈ ਕਉਤਕ = ਤਮਾਸ਼ਾ ਕਹਾਵੈ = ਕਹਾਉਂਦਾ ਹੈ।

ਸਤਿਗੁਰ ਮੈ ਸਬਦੁ, ਸਬਦ ਮੈ ਸਤਿਗੁਰ ਹੈ;
ਨਿਰਗੁਨ ਗਿਆਨ ਧਿਆਨ ਸਮਝਾਵੈ ਜੀ ॥੫੩੪॥

ਹੇ ਪਿਆਰੇ ਜੀ ! ਉਸੇ ਤਰ੍ਹਾਂ ਹੀ ਸਤਿਗੁਰ = ਸੱਚੇ ਗੁਰਾਂ ਮੈ = ਵਿਚ ਸ਼ਬਦ ਹੈ **ਵਾ:** ਸਬਦ = ਬ੍ਰਹਮ ਹੈ ਅਤੇ ਸ਼ਬਦ **ਵਾ:** ਬ੍ਰਹਮ ਮੈ = ਵਿਚ ਸਤਿਗੁਰ = ਸੱਚਾ ਗੁਰੂ ਹੈ, ਪਰੰਤੂ ਇਹ ਗੱਲ ਨਿਰਗੁਨ = ਗੁਣਾਂ ਤੋਂ ਰਹਿਤ ਪਰਮੇਸ਼ਰ ਦੇ ਗਿਆਨ ਦਾ ਧਿਆਨ ਸਮਝਾਵੈ = ਸਮਝਾ, ਦੱਸ ਦਿੰਦਾ ਹੈ **ਵਾ:** ਇਸ ਗਿਆਨ ਤੋਂ ਨਿਰਗੁਨ = ਗੁਣਾਂ ਤੋਂ ਰਹਿਤ ਸਰੂਪ ਦੇ ਧਿਆਨ ਦੀ ਸਮਝਾਵੈ = ਗਿਆਤ ਰਿਦੇ ਵਿਚ ਆ ਜਾਂਦੀ ਹੈ। ਜੈਸਾ ਕਿ :

ਗੁਰ ਗੋਵਿੰਦੁ ਗੋਵਿੰਦੁ ਗੁਰੁ ਹੈ ਨਾਨਕ ਭੇਦੁ ਨ ਭਾਈ ॥ *(ਆਸਾ ਮ: ੪, ਅੰਗ ੪੪੨)*

ਗੁਰੁ ਸਿਖ ਸਿਖ ਗੁਰੁ ਹੈ ਏਕੋ ਗੁਰ ਉਪਦੇਸ ਚਲਾਏ ॥ *(ਆਸਾ ਛੰਤ ਮ: ੪, ਅੰਗ ੪੪੪)*

ਜੈਸੇ ਤਿਲਿ ਬਾਸੁ, ਬਾਸੁ ਲੀਜੀਅਤ ਕੁਸਮ ਸੈ;
ਤਾਂ ਤੇ ਹੋਤ ਹੈ ਫੁਲੇਲ ਜਤਨ ਕੈ ਜਾਨੀਐ ॥

ਜੈਸੇ = ਜਿਸ ਪ੍ਰਕਾਰ ਤਿਲ ਕੁਸਮ = ਫੁੱਲਾਂ ਸੈ = ਨਾਲ ਮਿਲਾਪ ਕਰ ਕੇ ਆਪਣੇ ਵਿਚ ਬਾਸੁ = ਵਾਸ਼ਨਾ ਬਾਸੁ = ਵਸਾ ਲੀਜੀਅਤ = ਲੈਂਦਾ ਹੈ **ਵਾ:** ਜਿਸ ਤਰ੍ਹਾਂ ਕੁਸਮ = ਫੁੱਲਾਂ ਵਿੱਚੋਂ ਬਾਸੁ = ਵਾਸ਼ਨਾ (ਸੁਗੰਧੀ) ਲੈ ਕੇ ਤਿਲਾਂ ਨੂੰ ਬਾਸੁ = ਸੁਗੰਧਿਤ ਬਣਾ ਲੈਣਾ ਕਰੀਦਾ ਹੈ ਤੇ ਤਾਂ = ਉਸ ਤੇ = ਤੋਂ ਫੁਲੇਲ ਹੋਤ = ਹੋ ਜਾਂਦਾ ਹੈ ਪਰ ਇਹ ਜਤਨ = ਉੱਦਮ ਕੈ = ਕਰਕੇ ਹੀ ਜਾਨੀਐ = ਜਾਨਣਾ ਕਰੀਦਾ ਹੈ।

ਜੈਸੇ ਤਉ ਅਉਟਾਇ ਦੂਧ ਜਾਵਨ ਜਮਾਇ ਮਥਿ;
ਸੰਜਮ ਸਹਿਤ ਘ੍ਰਿਤਿ ਪ੍ਰਗਟ ਕੈ ਮਾਨੀਐ ॥

ਫੇਰ ਜੈਸੇ ਤਉ = ਜਿਸ ਤਰ੍ਹਾਂ ਦੂਧ = ਦੁੱਧ ਉਬਾਲ ਕੇ ਥੋੜ੍ਹਾ ਜਿਹਾ ਕੋਸਾ ਕਰ ਕੇ ਜਾਵਨ = ਜਾਗ ਲਗਾ

ਕੇ ਜਮਾਇ = ਜਮਾਉਣਾ ਕਰੀਦਾ ਹੈ ਤੇ ਉਸ ਨੂੰ ਸੰਜਮ = ਤਰੀਕੇ ਸਹਿਤ = ਨਾਲ ਮਥਿ = ਰਿੜਕ ਕੇ ਵਿੱਚੋਂ ਘ੍ਰਿਤਿ = ਘਿਉ ਪ੍ਰਗਟ = ਪ੍ਰਤੱਖ ਕੱਢ ਕੈ = ਕਰਕੇ ਮਾਨੀਐ = ਮੰਨਣਾ ਕਰੀਦਾ ਹੈ ਭਾਵ ਰਿੜਕ ਕੇ ਘਿਉ ਕੱਢ ਲੈਣਾ ਮੰਨਿਆ ਹੈ।

ਜੈਸੇ ਕੂਆ ਖੋਦ ਕੈ ਬਸੁਧਾ ਧਸਾਇ ਕੌਰੀ;
ਲਾਜ ਕੈ ਬਿਹਾਇ ਡੋਲਿ ਕਾਢਿ ਜਲੁ ਆਨੀਐ ॥

ਜੈਸੇ = ਜਿਸ ਪ੍ਰਕਾਰ ਕੂਆ = ਖੂਹ ਖੋਦ = ਪੁੱਟ ਕੈ = ਕਰਕੇ ਬਸੁਧਾ = ਧਰਤੀ ਵਿਚ ਕੌਰੀ[1] = ਚੱਕ ਧਸਾ ਦੇਣਾ ਕਰੀਦਾ ਹੈ **ਵਾ:** ਧਰਤੀ ਵਿਚ ਚੱਕ ਧਸਾ ਕੇ ਖੂਹ ਪੁੱਟ ਲੈਣਾ ਕਰੀਦਾ ਹੈ ਅਤੇ ਭੌਣੀ ਨਾਲ ਲਾਜ = ਲੱਜ ਬਿਹਾਇ = ਬੰਨ੍ਹ ਕੈ = ਕਰਕੇ ਡੋਲ ਲਮਕਾ ਕਰਕੇ ਜਲੁ = ਪਾਣੀ ਕਾਢਿ = ਕੱਢ ਆਨੀਐ = ਲਿਆਈਦਾ ਹੈ।

ਗੁਰ ਉਪਦੇਸ ਤੈਸੇ ਭਾਵਨੀ ਭਗਤਿ ਭਾਇ;
ਘਟਿ ਘਟਿ ਪੂਰਨ ਬ੍ਰਹਮ ਪਹਿਚਾਨੀਐ ॥੫੩੫॥

ਤੈਸੇ = ਉਸੇ ਤਰ੍ਹਾਂ ਹੀ ਗੁਰ = ਸਤਿਗੁਰਾਂ ਦੀ ਉਪਦੇਸ = ਸਿੱਖਿਆ ਦੁਆਰਾ ਭਾਵਨੀ = ਸ਼ਰਧਾ ਨਾਲ ਭਾਇ = ਪ੍ਰੇਮਾ ਭਗਤਿ = ਭਗਤੀ ਕਰ ਕੇ ਘਟਿ ਘਟਿ = ਘਟਾਂ ਘਟਾਂ (ਹਿਰਦਿਆਂ ਹਿਰਦਿਆਂ) ਵਿਚ ਪੂਰਨ = ਵਿਆਪਕ ਬ੍ਰਹਮ = ਪਰਮੇਸ਼ਰ ਨੂੰ ਪਹਿਚਾਨੀਐ = ਪਛਾਣ ਲੈਣਾ ਕਰੀਦਾ ਹੈ ॥੫੩੫॥

ਜੈਸੇ ਤਉ ਸਰਿਤਾ ਜਲੁ ਕਾਸਟਹਿ ਨ ਬੋਰਤ;
ਕਰਤ ਚਿਤ ਲਾਜ ਅਪਨੋ ਈ ਪ੍ਰਤਿਪਾਰਿਓ ਹੈ ॥

ਤਉ = ਫੇਰ ਜੈਸੇ = ਜਿਸ ਤਰ੍ਹਾਂ ਸਰਿਤਾ = ਨਦੀ ਦਾ ਜਲੁ = ਪਾਣੀ ਕਾਸਟਹਿ = ਲੱਕੜ ਨੂੰ ਬੋਰਤ = ਡੋਬਦਾ ਨ = ਨਹੀਂ ਹੈ ਤੇ ਇਸ ਗੱਲ ਦੀ ਲਾਜ = ਸ਼ਰਮ ਆਪਣੇ ਚਿੱਤ ਵਿਚ ਕਰਤ = ਕਰਦਾ ਹੈ ਕਿ ਇਸ ਲੱਕੜ ਨੂੰ ਆਪਨੋ = ਆਪ ਈ = ਹੀ ਉਸ ਨੇ ਪ੍ਰਤਿਪਾਰਿਓ = ਪਾਲਣਾ ਕੀਤਾ ਹੈ।

ਜੈਸੇ ਤਉ ਕਰਤ ਸੁਤ ਅਨਿਕ ਇਆਨਪਨ;
ਤਉ ਨ ਜਨਨੀ ਅਵਗੁਨ ਉਰਧਾਰਿਓ ਹੈ ॥

ਜੈਸੇ ਤਉ = ਜਿਸ ਤਰ੍ਹਾਂ ਸੁਤ = ਪੁੱਤਰ ਭਾਵੇਂ ਅਨਿਕ = ਬਹੁਤ ਇਆਨਪਨ = ਬੇਸਮਝੀ ਵਾਲੇ ਕੰਮ ਕਰਤ = ਕਰਦਾ ਹੈ, ਪਰ ਤਉ = ਤਦ ਵੀ ਜਨਨੀ = ਮਾਤਾ ਆਪਣੇ ਪੁੱਤਰ ਦੇ ਅਵਗੁਨ = ਗੁਨਾਹਾਂ ਨੂੰ (ਉਰ + ਧਾਰਿਓ) ਉਰ = ਰਿਦੇ ਵਿਚ ਧਾਰਿਓ = ਧਾਰਨ ਨ = ਨਹੀਂ ਕਰਦੀ ਹੈ।

ਜੈਸੇ ਤਉ ਸਰਨ ਸੂਰ ਪੂਰਨ ਪ੍ਰਤਗਿਆ ਰਾਖੈ;
ਲਖ ਅਪਰਾਧ ਕੀਏ ਮਾਰਿ ਨ ਬਿਡਾਰਿਓ ਹੈ ॥

ਜੈਸੇ ਤਉ = ਜਿਸ ਤਰ੍ਹਾਂ ਸੂਰ = ਸੂਰਮਾ ਪੁਰਖ ਆਪਣੀ ਸ਼ਰਨ = ਓਟ ਵਿਚ ਆਏ ਪੁਰਖ ਦੀ

---

੧. ਖੂਹ ਦਾ ਮਹਿਲ, ਜੋ ਜ਼ਮੀਨ ਵਿਚ ਉਤਾਰਨ ਤੋਂ ਪਹਿਲਾਂ ਬੁਰਜ ਦੀ ਸ਼ਕਲ ਦਾ ਹੁੰਦਾ ਹੈ।

ਪੂਰਨ = ਪੂਰੀ ਪ੍ਰਤਗਿਆ ਰਾਖੈ = ਰੱਖਦਾ ਹੈ ਭਾਵ ਸਹਾਇਤਾ ਕਰਦਾ ਹੈ ਅਤੇ ਉਸ ਦੇ ਲੱਖਾਂ ਅਪਰਾਧ = ਗੁਨਾਹ ਵੀ ਕੀਏ = ਕੀਤੇ ਹੋਏ ਵੇਖ ਕੇ ਉਸ ਨੂੰ ਮਾਰ ਨਹੀਂ ਬਿਡਾਰਿਓ = ਸੁੱਟਣਾ ਕਰਦਾ ਹੈ।

ਤੈਸੇ ਹੀ ਪਰਮ ਗੁਰ ਪਾਰਸ ਪਰਸਿ ਗਤਿ;
ਸਿਖਨ ਕੋ ਕਿਰਤ ਕਰਮ ਕਛੂ ਨ ਬਿਚਾਰਿਓ ਹੈ ॥੫੩੬॥

ਤੈਸੇ = ਉਸੇ ਤਰ੍ਹਾਂ ਹੀ ਪਰਮ = ਸ੍ਰੇਸ਼ਟ ਗੁਰ = ਸਤਿਗੁਰੂ ਰੂਪ ਪਾਰਸ ਦੀ ਪਾਰਸਾਂ ਦੇ ਪਰਸਿ = ਪਰਸਣੇ ਵਾਂਗ ਅਜਿਹੀ ਗਤਿ = ਗੀਤੀ ਹੈ ਕਿ ਸਿਖਨ = ਸਿੱਖਾਂ ਕੋ = ਦਾ ਕੀਤਾ ਹੋਇਆ ਚੰਗਾ ਮਾੜਾ ਕਿਰਤ ਕਰਮੁ = ਕੰਮ-ਕਾਜ ਕਛੂ = ਕੁਝ ਵੀ ਬਿਚਾਰਿਓ = ਵਿਚਾਰਦੇ ਨ = ਨਹੀਂ ਹੈ = ਹਨ ॥੫੩੬॥

ਜੈਸੇ ਜਲ ਧੋਏ ਬਿਨੁ ਅੰਬਰ ਮਲੀਨ ਹੋਤ;
ਬਿਨੁ ਤੇਲ ਮੇਲੇ ਜੈਸੇ ਕੇਸ ਹੂੰ ਭਇਆਨ ਹੈ ॥

ਜੈਸੇ = ਜਿਸ ਤਰ੍ਹਾਂ ਜਲ = ਪਾਣੀ ਤੋਂ ਧੋਏ = ਧੋਤੇ ਬਿਨੁ = ਬ਼ਗ਼ੈਰ ਅੰਬਰ = ਕੱਪੜਾ ਮਲੀਨ = ਮੈਲਾ ਹੋਤ = ਹੁੰਦਾ ਹੈ ਅਤੇ ਸਿਰ ਵਿਚ ਤੇਲ ਮੇਲੇ ਭਾਵ ਲਾਏ ਤੋਂ ਬਿਨੁ = ਬ਼ਗ਼ੈਰ ਕੇਸ = ਵਾਲ ਹੂੰ = ਹੀ ਖਿੱਲਰੇ ਹੋਏ ਭਇਆਨ = ਡਰਾਉਣੇ ਜੈਸੇ = ਜਿਹੇ ਲੱਗਦੇ ਹਨ।

ਜੈਸੇ ਬਿਨੁ ਮਾਂਜੈ ਦਰਪਨ ਜੋਤਿ ਹੀਨ ਹੋਤ;
ਬਰਖਾ ਬਿਹੂਨ ਜੈਸੇ ਖੇਤ ਮੈ ਨ ਧਾਨ ਹੈ ॥

ਜੈਸੇ = ਜਿਸ ਪ੍ਰਕਾਰ ਮਾਂਜੈ = ਮਾਂਜਣ ਤੋਂ ਬਿਨੁ = ਬ਼ਗ਼ੈਰ ਦਰਪਨ = ਸ਼ੀਸ਼ਾ ਜੋਤਿ = ਪ੍ਰਕਾਸ਼, ਉੱਜਲਤਾ ਹੀਨ = ਰਹਿਤ ਹੋਤ = ਹੋ ਜਾਂਦਾ ਹੈ ਅਤੇ ਜੈਸੇ = ਜਿਸ ਪ੍ਰਕਾਰ ਬਰਖਾ = ਬਰਸਾਤ ਤੋਂ ਬਿਹੂਨ = ਬ਼ਗ਼ੈਰ ਖੇਤ = ਜ਼ਮੀਨ ਮੈ = ਵਿਚ ਧਾਨ = ਅੰਨ ਨ = ਨਹੀਂ ਹੁੰਦਾ ਹੈ।

ਜੈਸੇ ਬਿਨੁ ਦੀਪਕ ਭਵਨ ਅੰਧਕਾਰ ਹੋਤ;
ਲੋਨੇ ਘ੍ਰਿਤ ਬਿਨੁ ਜੈਸੇ ਭੋਜਨ ਸਮਾਨ ਹੈ ॥

ਜੈਸੇ = ਜਿਸ ਤਰ੍ਹਾਂ ਦੀਪਕ = ਦੀਵੇ ਤੋਂ ਬਿਨੁ = ਬ਼ਗ਼ੈਰ ਭਵਨ = ਘਰ ਵਿਚ ਅੰਧਕਾਰ = ਘੁੱਪ ਹਨੇਰਾ ਹੋਤ = ਹੁੰਦਾ ਹੈ ਅਤੇ ਜੈਸੇ = ਜਿਸ ਪ੍ਰਕਾਰ ਲੋਨੇ = ਲੂਣ ਤੇ ਘ੍ਰਿਤ = ਘਿਉ ਤੋਂ ਬਿਨੁ = ਬ਼ਗ਼ੈਰ ਭੋਜਨ = ਅਹਾਰ ਸਮਾਨ = ਸਾਧਾਰਣ, ਰਸ-ਹੀਨ ਲੱਗਦਾ ਹੈ **ਵਾ:** ਭੋਜਨ ਭੂਤਾਂ ਦੀ ਰਸੋਈ ਸਮਾਨ = ਵਾਂਗ ਮੰਨ ਹੁੰਦਾ ਹੈ।

ਤੈਸੇ ਬਿਨੁ ਸਾਧ ਸੰਗਤਿ ਜਨਮ ਮਰਣ ਦੁਖ;
ਮਿਟਤ ਨ ਭੈ ਭ੍ਰਮ ਬਿਨੁ ਗੁਰ ਗਿਆਨ ਹੈ ॥੫੩੭॥

ਤੈਸੇ = ਉਸੇ ਤਰ੍ਹਾਂ ਹੀ ਸਾਧ = ਸ੍ਰੇਸ਼ਟ ਪੁਰਖਾਂ ਦੀ ਸੰਗਤ ਤੋਂ ਬਿਨੁ = ਬ਼ਗ਼ੈਰ ਜੰਮਣ ਮਰਨ ਦਾ ਦੁਖ = ਕਸ਼ਟ ਅਤੇ ਗੁਰ = ਸਤਿਗੁਰਾਂ ਦੇ ਗਿਆਨ ਤੋਂ ਬਿਨੁ = ਬ਼ਗ਼ੈਰ ਪੰਜ ਪ੍ਰਕਾਰ ਦਾ ਭ੍ਰਮ = ਭੁਲੇਖਾ ਤੇ ਸੱਤ ਪ੍ਰਕਾਰ ਦਾ ਭੈ = ਡਰ ਮਿਟਤ = ਮਿਟਦਾ ਨ = ਨਹੀਂ ਹੈ ॥੫੩੭॥

ਜੈਸੇ ਮਾਂਝ ਬੈਠੇ ਬਿਨੁ ਬੋਹਿਥਾ ਨ ਪਾਰਿ ਪਰੈ;
ਪਾਰਸ ਪਰਸੈ ਬਿਨੁ ਧਾਤੁ ਨ ਕਨਿਕ ਹੈ॥

ਜੈਸੇ = ਜਿਸ ਪ੍ਰਕਾਰ ਬੋਹਿਥਾ = ਜਹਾਜ਼ ਮਾਂਝ = ਵਿਚ ਬੈਠੇ ਤੋਂ ਬਿਨੁ = ਬਗ਼ੈਰ ਸਮੁੰਦਰ ਤੋਂ ਪਾਰ ਨ = ਨਹੀਂ ਪਰੈ = ਪੈ ਸਕੀਦਾ ਤੇ ਪਾਰਸ ਦੇ ਪਰਸੈ = ਛੂਹਣੇ ਬਿਨੁ = ਬਗ਼ੈਰ ਲੋਹਾ, ਪਿੱਤਲ, ਤਾਂਬਾ ਆਦਿ ਧਾਤੁ = ਧਾਤਾਂ ਕਨਿਕ = ਸੋਨਾ ਨਹੀਂ ਹੋ ਸਕਦੀਆਂ ਹੈ = ਹਨ।

ਜੈਸੇ ਬਿਨੁ ਗੰਗਾ ਨ ਪਾਵਨ ਆਨ ਜਲੁ ਹੈ;
ਨਾਰਿ ਨ ਭਤਾਰ ਬਿਨੁ ਸੁਤਨ ਅਨਿਕ ਹੈ॥

ਜੈਸੇ = ਜਿਸ ਪ੍ਰਕਾਰ ਗੰਗਾ ਤੋਂ ਬਿਨੁ = ਬਗ਼ੈਰ ਆਨ = ਹੋਰ ਜਲੁ = ਪਾਣੀ (ਵੇਦਾਂ ਸ਼ਾਸਤਰਾਂ ਵਿਚ) ਪਾਵਨ = ਪਵਿੱਤਰ ਨ = ਨਹੀਂ ਮੰਨੀਦਾ ਹੈ ਅਤੇ ਭਤਾਰ = ਪਤੀ ਤੋਂ ਬਿਨੁ = ਬਗ਼ੈਰ ਨਾਰਿ = ਇਸਤਰੀ ਅਨਿਕ = ਅਨੰਤ ਸੁਤਨ = ਪੁੱਤਰਾਂ ਵਾਲੀ ਨ = ਨਹੀਂ ਹੋ ਸਕਦੀ ਹੈ।

ਜੈਸੇ ਬਿਨੁ ਬੀਜ ਬੋਏ ਨਿਪਜੈ ਨ ਧਾਨ ਧਾਰਾ;
ਸੀਪ ਸ੍ਵਾਂਤਿ ਬੂੰਦ ਬਿਨੁ ਮੁਕਤਾ ਨ ਮਾਨਿਕ ਹੈ॥

ਜੈਸੇ = ਜਿਸ ਪ੍ਰਕਾਰ ਬੀਜ ਬੋਏ = ਬੀਜਿਆਂ ਤੋਂ ਬਿਨੁ = ਬਗ਼ੈਰ ਧਾਨ = ਅੰਨ ਦੀ ਧਾਰਾ ਭਾਵ ਅੰਨ ਦੇ ਬੋਹਲ ਨ = ਨਹੀਂ ਨਿਪਜੈ = ਪੈਦਾ ਹੁੰਦੇ ਅਤੇ ਸ੍ਵਾਂਤਿ = ਸੁਆਂਤੀ ਬੂੰਦ ਤੋਂ ਬਿਨੁ = ਬਗ਼ੈਰ ਸੀਪ = ਸਿੱਪੀ ਦੇ ਮੂੰਹ ਵਿੱਚੋਂ ਮੁਕਤਾ = ਮੋਤੀ ਰੂਪ ਮਾਨਿਕ = ਰਤਨ ਨਹੀਂ ਪੈਦਾ ਹੁੰਦਾ ਹੈ **ਵਾ:** ਮੋਤੀ ਦਾ ਮਾਨਿਕ = ਮਣਕਾ ਨਹੀਂ ਬਣਦਾ ਹੈ।

ਤੈਸੇ ਹੀ ਚਰਨ ਸਰਨਿ ਗੁਰ ਭੇਟੇ ਬਿਨੁ;
ਜਨਮ ਮਰਨ ਮੇਟਿ ਜਨ ਨ ਜਨ ਕਹੈ॥੫੩੮॥

ਤੈਸੇ = ਉਸੇ ਤਰ੍ਹਾਂ ਹੀ ਪੂਰੇ ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਭੇਟੇ = ਮਿਲੇ ਤੋਂ ਬਿਨੁ = ਬਗ਼ੈਰ ਜਨਮ = ਜੰਮਣ ਮਰਨ ਦਾ ਦੁੱਖ ਮੇਟਿ = ਨਵਿਰਤ ਨ = ਨਹੀਂ ਹੁੰਦਾ ਅਤੇ ਅਸਲ ਵਿਚ ਜਨ = ਮਨੁੱਖ ਨੂੰ ਜਨ = ਮਨੁੱਖ ਵੀ ਕਹੈ = ਆਖਿਆ ਨ = ਨਹੀਂ ਜਾ ਸਕਦਾ॥੫੩੮॥

ਜੈਸੇ ਤਉ ਕਹੈ ਮੰਜਾਰ ਕਰਉ ਨ ਅਹਾਰ ਮਾਸ;
ਮੂਸਾ ਦੇਖਿ ਪਾਛੈ ਦਉਰੇ ਧੀਰ ਨ ਧਰਤ ਹੈ॥

ਜੈਸੇ ਤਉ = ਜਿਸ ਤਰ੍ਹਾਂ ਮੰਜਾਰ = ਬਿੱਲਾ ਕਹੈ = ਕਹਿਣਾ ਕਰੇ ਕਿ ਮੈਂ ਮਾਸ ਦਾ ਅਹਾਰ ਨ = ਨਹੀਂ ਕਰਉ = ਕਰਦਾ, ਪਰੰਤੂ ਮੂਸਾ = ਚੂਹੇ ਨੂੰ ਦੇਖਿ = ਤੱਕ ਕੇ ਉਸ ਨੂੰ ਫੜਨ ਲਈ ਉਸ ਦੇ ਪਾਛੈ = ਪਿੱਛੇ ਦਉਰੇ = ਦੌੜਦਾ ਹੋਇਆ ਧੀਰ = ਧੀਰਜਤਾ ਨ = ਨਹੀਂ ਧਰਤ = ਧਰਦਾ ਹੈ।

ਜੈਸੇ ਕਊਆ ਰੀਸ ਕੈ ਮਰਾਲ ਸਭਾ ਜਾਇ ਬੈਠੇ;
ਛਾਡਿ ਮੁਕਤਾਹਲ ਦੁਰਗੰਧ ਸਿਮਰਤ ਹੈ॥

ਜੈਸੇ = ਜਿਸ ਪ੍ਰਕਾਰ ਕਊਆ = ਕਾਂ ਮਰਾਲ = ਹੰਸਾਂ ਦੀ ਰੀਸ = ਬਰਾਬਰੀ ਕੈ = ਕਰ ਕੇ ਹੰਸਾਂ ਦੀ ਸਭਾ = ਇਕੱਤਰਤਾ ਵਿਚ ਜਾਇ = ਜਾ ਕੇ ਬੈਠੇ = ਬਹਿਣਾ ਕਰੇ ਤਾਂ ਉਹ ਮੁਕਤਾਹਲ = ਮੋਤੀ ਆਦਿ ਖਾਣਾ ਛਾਡਿ = ਤਿਆਗ ਕੇ ਦੁਰਗੰਧ = ਖੋਟੀ ਵਾਸ਼ਨਾ ਨੂੰ ਹੀ ਸਿਮਰਤ = ਯਾਦ ਕਰਦਾ ਰਹਿੰਦਾ ਹੈ।

ਜੈਸੇ ਮੋਨਿ ਗਹਿ ਸਿਆਰ ਕਰਤ ਅਨੇਕ ਜਤਨ;
ਸੁਨਤ ਸਿਆਰ ਭਾਖਿਆ ਰਹਿਓ ਨ ਪਰਤ ਹੈ॥

ਜੈਸੇ = ਜਿਸ ਪ੍ਰਕਾਰ ਸਿਆਰ = ਗਿੱਦੜ ਭਾਵੇਂ ਅਨੇਕ = ਬਹੁਤੇ ਜਤਨ = ਉਪਾਅ ਕਰ ਕਰ ਕੇ ਮੋਨਿ = ਚੁੱਪ ਨੂੰ ਗਹਿ = ਗ੍ਰਹਿਣ ਕਰਤ = ਕਰ ਰੱਖੇ ਪਰੰਤੂ ਹੋਰਨਾਂ ਆਪਣੇ ਸਿਆਰ = ਗਿੱਦੜ ਭਰਾਵਾਂ ਦੀ ਭਾਖਿਆ = ਬੋਲੀ ਸੁਣ ਕੇ ਹੁਆਂ ਹੁਆਂ ਕਰਨ ਤੋਂ ਰਹਿਓ = ਰਹਿਣਾ ਨ = ਨਹੀਂ ਪਰਤ = ਪਾਉਂਦਾ ਹੈ। ਜੈਸਾ ਕਿ :

ਨੀਲਾਰੀ ਦੇ ਮੱਟ ਵਿਚਿ ਪੈ ਗਿਦੜ ਰਤਾ।
ਜੰਗਲ ਅੰਦਰ ਜਾਇ ਕੈ ਪਾਖੰਡ ਕਮਤਾ।
ਦਰ ਸੇਵੈ ਮਿਰਗਾਵਲੀ ਹੋਇ ਬਹੈ ਅਵਤਾ।
ਕਰੈ ਹਕੂਮਤਿ ਅਗਲੀ ਕੂੜੈ ਮਦਿ ਮਤਾ।
ਬੋਲਣਿ ਪਾਜ ਉਘਾੜਿਆ ਜਿਉ ਮੂਲੀ ਬਤਾ।
ਤਿਉ ਦਰਗਹਿ ਮੀਣਾ ਮਾਰੀਐ ਕਰਿ ਕੂੜੁ ਕੁਪਤਾ॥੨॥

(ਭਾਈ ਗੁਰਦਾਸ ਜੀ, ਵਾਰ ੩੬, ਪਉੜੀ ੨)

ਤੈਸੋ ਪਰ ਤਨ ਪਰ ਧਨ ਦੂਖਨਾ ਤ੍ਰਿਦੋਖ ਮਨ;
ਕਹਤ ਕੈ ਛਾਡਿਓ ਚਾਹੈ ਟੇਵ ਨ ਟਰਤ ਹੈ॥੫੩੯॥

ਤੈਸੋ = ਉਸੇ ਪ੍ਰਕਾਰ ਪਰ = ਪਰਾਏ ਤਨ = ਸਰੀਰ ਨਾਲ ਸਪਰਸ਼, ਪਰ = ਪਰਾਈ ਧਨ = ਰੋਕੜੀ ਚੁਰਾਉਣ ਤੇ ਪਰਾਏ ਦੇ ਦੂਖਨਾ = ਦੂਸ਼ਣ ਤੱਕਣ ਦੀ ਇਹ ਤ੍ਰਿਦੋਖ = ਤਿੰਨੇ ਦੋਖ ਦੇਖਣ ਦੇ ਮਨ ਨੂੰ ਰੋਗ ਲੱਗੇ ਹੋਏ ਹਨ। ਭਾਵੇਂ ਦਿਖਾਵੇ ਮਾਤਰ ਉਪਰੋਂ ਤਾਂ ਪੁਰਖ ਕਹਤ = ਕਹਿਣਾ ਕੈ = ਕਰਦਾ ਹੈ ਕਿ ਇਹ ਮੈਂ ਛਾਡਿਓ = ਛੱਡ ਦਿੱਤੇ ਹਨ ਪਰ ਜੋ ਅੰਦਰ ਇਹ ਭੈੜੀ ਟੇਵ = ਆਦਤ ਪਈ ਹੋਈ ਹੈ ਇਹ ਟਰਤ = ਟਲਦੀ ਨ = ਨਹੀਂ ਹੈ॥੫੩੯॥

ਝੋਲਨਾ॥
ਸਿੰਮ੍ਰਿਤਿ ਪੁਰਾਨ ਕੋਟਾਨਿ ਬਖਾਨ ਬਹੁ;
ਭਾਗਵਤ ਬੇਦ ਬਿਆਕਰਨ ਗੀਤਾ॥

ਸਤਾਈ ਸਿੰਮ੍ਰਿਤਿ = ਸਿੰਮ੍ਰਿਤੀਆਂ, ਅਠਾਰਾਂ ਪੁਰਾਣ, ਭਾਗਵਤ, ਚਾਰੇ ਵੇਦ, ਵਿਆਕਰਣ ਦੀਆਂ ਪੁਸਤਕਾਂ ਅਤੇ ਗੀਤਾ ਆਦਿ ਭਾਵੇਂ ਕੋਟਾਨਿ = ਕਰੋੜਾਂ ਵਾਰ ਬਹੁ = ਬਹੁਤ ਤਰ੍ਹਾਂ ਕਰਕੇ ਗੁਰ-ਸ਼ਬਦ ਰੂਪ ਅੱਖਰ ਨੂੰ ਬਖਾਨ = ਕਥਨ ਕਰਨ।

ਸੇਸ ਮਰਜੇਸ ਅਖਲੇਸ ਸੁਰ ਮਹੇਸ ਮੁਨਿ;
ਜਗਤ ਅਰੁ ਭਗਤਿ ਸੁਰ ਨਰ ਅਤੀਤਾ ॥

ਸੇਸ = ਸ਼ੇਸ਼ਨਾਗ, ਮਰਜੇਸ = ਮੌਤ ਦਾ ਈਸਰ (ਧਰਮਰਾਜਾ) ਅਖਲੇਸ = ਕੁਬੇਰ ਭੰਡਾਰੀ, ਸੁਰ = ਦੇਵਤੇ, ਮਹੇਸ = ਸ਼ਿਵਜੀ ਮੁਨਿ = ਮੁਨੀ ਜਨ, ਸਾਰਾ ਜਗਤ = ਸੰਸਾਰ ਅਰੁ = ਅਤੇ ਭਗਤਿ = ਭਗਤੀ ਕਰਨ ਵਾਲੇ ਪੁਰਖ, ਛੋਟੇ ਸੁਰ = ਦੇਵਤੇ ਨਰ = ਮਨੁੱਖ ਅਤੇ ਅਤੀਤਾ = ਤਿੰਨਾਂ ਗੁਣਾਂ ਤੋਂ ਰਹਿਤ ਰਹਿਣ ਵਾਲੇ ਜਾਂ ਦੱਤਾਤ੍ਰੇਯ ਸੁਕਦੇਵ ਆਦਿ ਜੋ ਅਤੀਤਾ = ਵਿਰਕਤ ਲੋਕ ਹਨ।

ਗਿਆਨ ਅਰੁ ਧਿਆਨ ਉਨਮਾਨ ਉਨਮਨ ਉਕਤਿ;
ਰਾਗ ਨਾਦਿ ਦਿਜ ਸੁਰਮਤਿ ਨੀਤਾ ॥

ਹੋਰ ਗਿਆਨ ਅਰੁ = ਅਤੇ ਧਿਆਨ **ਵਾ:** ਹਰੇਕ ਪ੍ਰਕਾਰ ਦੀ ਗਿਆਨ = ਗਿਆਤ ਅਤੇ ਅੰਦਰ ਬਾਹਰ ਦੇ ਸਾਰੇ ਚਿਤਵਨ ਜਾਂ ਸੋਚਣ ਵਿਚਾਰਨ ਦੇ ਬਲ ਦਾ ਧਿਆਨ = ਖ਼ਿਆਲ ਉਨਮਾਨ = ਵਿਚਾਰ ਕੇ ਕੱਢੇ ਹੋਏ ਸਿੱਟੇ ਤੇ ਉਨਮਾਨ = ਅਨੁਭਵੀ ਉਕਤਿ = ਯੁਕਤੀ, ਛੇ ਰਾਗ, ਰਾਗਾਂ ਦੇ ਨਾਦ, ਦਿਜ = ਬ੍ਰਾਹਮਣ, ਸੁਰਮਤਿ = ਸ੍ਰੇਸ਼ਟ ਅਕਲ ਵਾਲੇ ਪੁਰਖ ਆਦਿ ਸਾਰੇ :

ਅਰਧ ਲਗ ਮਾਤ੍ਰ ਗੁਰ ਸਬਦ ਅਖਰ ਮੇਕ;
ਅਗਮ ਅਤਿ ਅਗਮ ਅਗਾਧਿ ਮੀਤਾ ॥੫੪੦॥

ਹੇ ਮੀਤਾ = ਮਿੱਤਰ ਜਨੋਂ ! ਗੁਰ = ਸਤਿਗੁਰਾਂ ਦੇ ਸ਼ਬਦ ਦੇ ਮੇਕ = ਇਕ ਅੱਖਰ ਦੀ ਅਰਧ = ਅੱਧੀ ਲਗ ਮਾਤਰਾਂ ਨੂੰ ਵੀ ਅਗਮ = ਅਗੰਮ ਤੋਂ ਅਤਿ = ਅਤਿਅੰਤ ਅਗੰਮ ਹੋਣ ਕਰਕੇ ਤੇ ਅਗਾਧਿ = ਅਥਾਹ ਹੋਣ ਕਰਕੇ ਇਹ ਉਪਰੋਕਤ ਸਾਰੇ ਵਰਣਨ ਨਹੀਂ ਕਰ ਸਕਦੇ ॥੫੪੦॥

ਕਬਿੱਤ ॥

ਦਰਸਨੁ ਦੇਖਿਓ ਦੇਖਿਓ ਸਕਲ ਸੰਸਾਰੁ ਕਹੈ;
ਕਵਨ ਦ੍ਰਿਸਟਿ ਸਉ ਮਨ ਦਰਸਿ ਸਮਾਈਐ ॥

ਸਕਲ = ਸਾਰਾ ਸੰਸਾਰੁ = ਜਗਤ ਹੀ ਗੁਰ-ਪਰਮੇਸ਼ਰ ਦਾ ਦਰਸਨ = ਦੀਦਾਰ ਦੇਖਿਓ = ਦੇਖਿਆ ਹੈ ਦੇਖਿਓ = ਦੇਖਿਆ ਹੈ, ਇਉਂ ਕਹੈ = ਕਹਿੰਦਾ ਹੈ ਪਰ ਉਹ ਨੇਤਰਾਂ ਦੀ ਦ੍ਰਿਸਟਿ = ਨਿਗ੍ਹਾ ਕਵਨ = ਕਿਹੜੀ ਹੈ ਜਿਸ ਕਰਕੇ ਮਨ ਸਉ = ਨੂੰ ਗੁਰ-ਪਰਮੇਸ਼ਰ ਦੇ ਦਰਸਿ = ਦੀਦਾਰਾਂ ਵਿਚ ਸਮਾਈਐ = ਸਮਾਉਣਾ, ਮਿਲਾਉਣਾ ਕਰੀਏ।

ਗੁਰ ਉਪਦੇਸ ਸੁਨਿਓ ਸੁਨਿਓ ਸਭ ਕੋਊ ਕਹੈ;
ਕਵਨ ਸੁਰਤਿ ਸੁਨਿ ਅਨਤ ਨ ਧਾਈਐ ॥

ਸਭ = ਹਰੇਕ ਕੋਊ = ਕੋਈ ਹੀ ਕਹੈ = ਕਹਿੰਦਾ ਹੈ ਕਿ ਅਸੀਂ ਗੁਰ ਉਪਦੇਸ = ਸਿੱਖਿਆ ਨੂੰ

ਸੁਨਿਓ = ਸੁਣਿਆ ਹੈ, ਗੁਰ-ਸਿੱਖਿਆ ਨੂੰ ਸੁਨਿਓ = ਸੁਣਿਆ ਹੈ, ਪਰੰਤੂ ਉਹ ਕਵਨ = ਕਿਹੜੀ ਸੁਰਤਿ ਸੁਣਨੀ ਹੈ ਜਿਸ ਨੂੰ ਸੁਣ ਕੇ ਅਨਤ = ਹੋਰ ਕਿਸੇ ਪਾਸੇ ਧਾਈਐ = ਦੌੜਨਾ ਨ = ਨਹੀਂ ਕਰੀਦਾ।

ਜੈ ਜੈਕਾਰ ਜਪਤ ਜਗਤ ਗੁਰ ਮੰਤ੍ਰ ਜੀਹ;
ਕਵਨ ਜੁਗਤਿ ਜੋਤੀ ਜੋਤਿ ਲਿਵ ਲਾਈਐ ॥

ਜੀਹ = ਜ਼ੁਬਾਨ ਨਾਲ ਗੁਰਾਂ ਦੀ ਜੈ ਜੈਕਾਰ ਕਰਦਿਆਂ ਸਾਰੇ ਹੀ ਗੁਰ ਮੰਤ੍ਰ = ਗੁਰ-ਸਿੱਖਿਆ ਰੂਪ ਮੰਤਰ **ਵਾ:** ਵਾਹਿਗੁਰੂ ਗੁਰਮੰਤਰ ਨੂੰ ਜਪਤ = ਜਪਦੇ ਹਨ ਪਰ ਉਹ ਕਵਨ = ਕਿਹੜੀ ਜੁਗਤਿ = ਜੁਗਤੀ ਹੈ ਜਿਸ ਕਰਕੇ ਜੋਤੀ = ਪ੍ਰਕਾਸ਼ ਸਰੂਪ ਗੁਰਾਂ ਦੀ ਜੋਤਿ = ਜੋਤੀ ਵਿਚ ਚਿੱਤ ਦੀ ਲਿਵ = ਬਿਰਤੀ ਲਾਈਐ = ਲਾਉਣਾ ਕਰੀਏ।

ਦ੍ਰਿਸਟਿ ਸੁਰਤਿ ਗਿਆਨ ਧਿਆਨ ਸਰਬੰਗ ਹੀਨ;
ਪਤਿਤ ਪਾਵਨ ਗੁਰ ਮੂੜ ਸਮਝਾਈਐ ॥੫੪੧॥

ਦ੍ਰਿਸਟਿ = ਦੇਖਣ ਸ਼ਕਤੀ, ਸੁਰਤਿ = ਸੁਣਨ ਸ਼ਕਤੀ, ਗਿਆਨ = ਗਿਆਤ ਸ਼ਕਤੀ ਤੇ ਮਨ ਦੀ ਸੁਤੇ-ਸਿਧ ਧਿਆਨ ਟਿਕਣ ਦੀ ਹਿੰਮਤ ਆਦਿ ਸਰਬੰਗ = ਸਾਰੇ ਸਾਧਨਾਂ ਤੋਂ ਹੀਨ = ਰਹਿਤ ਜੋ ਮੂਰਖ ਤੇ ਅਗਿਆਨੀ ਪੁਰਖ ਹੋਵੇ **ਵਾ:** ਦ੍ਰਿਸ਼ਟੀ, ਸੁਰਤਿ = ਸ੍ਰੋਤ, ਗਿਆਨ ਤੇ ਧਿਆਨ ਆਦਿ ਜੋ ਸਰਬੰਗ = ਸਾਰੇ ਅੰਗਾਂ ਤੋਂ ਰਹਿਤ ਮੂੜ = ਮੂਰਖ ਤੇ ਅਗਿਆਨੀ ਪੁਰਖ ਹੋਵੇ, ਐਸੇ ਪਤਿਤ = ਪਾਪੀਆਂ ਨੂੰ ਪਾਵਨ = ਪਵਿੱਤਰ ਕਰਨ ਵਾਲੇ ਗੁਰ = ਸਤਿਗੁਰੂ ਜੀ ਜੇ ਚਾਹੁਣ ਤਾਂ ਸਮਝਾਈਐ = ਸਮਝਾ ਸਕਦੇ ਹਨ ਭਾਵ ਸੂਝਵਾਨ ਬਣਾ ਸਕਦੇ ਹਨ **ਵਾ:** ਪਤਿਤ = ਪਾਪੀਆਂ ਨੂੰ ਪਾਵਨ = ਪਵਿੱਤਰ ਜੀਵਨ ਵਾਲੇ ਕਰ ਕੇ ਤੇ ਮੂੜ = ਮੂਰਖਾਂ ਨੂੰ ਸਮਝਾਈਐ = ਸਮਝਾਉਣ ਵਾਲੇ ਕੇਵਲ ਗੁਰੂ ਸਾਹਿਬ ਜੀ ਹਨ ॥੫੪੧॥

ਜੈਸੇ ਖਾਂਡੁ ਖਾਂਡੁ ਕਹੈ ਮੁਖਿ ਨਹੀ ਮੀਠਾ ਹੋਇ;
ਜਬ ਲਗੁ ਜੀਭ ਸ੍ਵਾਦ ਖਾਂਡੁ ਨਹੀਂ ਖਾਈਐ ॥

ਜੈਸੇ = ਜਿਸ ਪ੍ਰਕਾਰ ਖਾਂਡੁ ਖਾਂਡੁ = ਖੰਡ ਖੰਡ ਕਹੈ = ਕਹਿਣ ਨਾਲ ਉਦੋਂ ਤਕ ਮੁਖਿ = ਮੂੰਹ ਮੀਠਾ = ਮਿੱਠਾ ਨਹੀਂ ਹੋਇ = ਹੁੰਦਾ, ਜਬ = ਜਦੋਂ ਲਗੁ = ਤਕ ਜੀਭ = ਰਸਨਾ ਨਾਲ ਸੁਆਦ ਲੈਂਦਿਆਂ ਖਾਂਡੁ = ਖੰਡ ਨਹੀਂ ਖਾਈਐ = ਖਾਣਾ ਕਰੀਦੀ।

ਜੈਸੇ ਰਾਤ ਅੰਧੇਰੀ ਮੈ ਦੀਪਕ ਦੀਪਕ ਕਹੈ;
ਤਿਮਰ ਨ ਜਾਈ, ਜਬ ਲਗ ਨ ਜਰਾਈਐ ॥

ਜੈਸੇ = ਜਿਸ ਪ੍ਰਕਾਰ ਘੁੱਪ ਅੰਧੇਰੀ = ਹਨੇਰੀ ਰਾਤ ਮੈ = ਵਿਚ ਦੀਪਕ ਦੀਪਕ = ਦੀਵਾ ਦੀਵਾ ਕਹੈ = ਆਖਿਆਂ ਉਦੋਂ ਤਕ ਤਿਮਰ = ਹਨੇਰਾ ਨ = ਨਹੀਂ ਜਾਈ = ਜਾਂਦਾ, ਜਬ = ਜਦੋਂ ਲਗ = ਤਕ ਦੀਵਾ ਜਰਾਈਐ = ਬਾਲਣਾ ਨਾ ਕਰੀਏ।

ਜੈਸੇ ਗਿਆਨ ਗਿਆਨ ਕਹੈ ਗਿਆਨ ਹੂੰ ਨ ਹੋਤ ਕਛੁ;
ਜਬ ਲਗ ਗੁਰ ਗਿਆਨ ਅੰਤਰਿ ਨ ਪਾਈਐ ॥

ਜੈਸੇ = ਜਿਸ ਪ੍ਰਕਾਰ ਗਿਆਨ ਗਿਆਨ ਕਹੈ = ਕਹਿਣ ਨਾਲ ਉਦੋਂ ਤਕ ਕਛੁ = ਕੁਝ ਵੀ ਗਿਆਨ ਨ = ਨਹੀਂ ਹੋਤ = ਹੋ ਸਕਦਾ, ਜਬ ਲਗ = ਜਦੋਂ ਤਕ ਗੁਰ = ਗੁਰਾਂ ਦੇ ਗਿਆਨ ਨੂੰ ਰਿਦੇ ਅੰਤਰਿ = ਵਿਚ ਪਾਈਐ = ਪਾਉਣਾ ਨ = ਨਹੀਂ ਕਰੀਦਾ।

ਤੈਸੇ ਗੁਰ ਧਿਆਨ ਕਹੈ ਗੁਰ ਧਿਆਨ ਹੂ ਨ ਪਾਵਤ;
ਜਬ ਲਗੁ ਗੁਰ ਦਰਸ ਜਾਇ ਨ ਸਮਾਈਐ ॥੫੪੨॥

ਤੈਸੇ = ਉਸੇ ਤਰ੍ਹਾਂ ਹੀ ਗੁਰ ਧਿਆਨ ਕਹੈ = ਆਖਣ ਦੇ ਨਾਲ ਉਦੋਂ ਤਕ ਗੁਰਾਂ ਦਾ ਧਿਆਨ ਹੂੰ = ਹੀ ਨ = ਨਹੀਂ ਪਾਵਤ = ਪਾਉਣਾ ਕਰੀਦਾ, ਜਬ = ਜਦੋਂ ਲਗੁ = ਤਕ ਗੁਰ = ਸਤਿਗੁਰਾਂ ਦੇ ਦਰਸ = ਦੀਦਾਰ ਵਿਚ ਜਾਇ = ਜਾ ਕੇ ਸਮਾਈਐ = ਸਮਾਉਣਾ ਨਾ ਕਰੀਏ ॥੫੪੨॥

ਸਿੰਮ੍ਰਿਤਿ ਪੁਰਾਨ ਬੇਦ ਸਾਸਤ੍ਰ ਬਿਰੰਚ ਬਿਆਸ;
ਨੇਤਿ ਨੇਤਿ ਨੇਤਿ ਸੁਕ ਸੇਖ ਜਸੁ ਗਾਇਓ ਹੈ ॥

ਸਤਾਈ ਸਿੰਮ੍ਰਿਤਿ = ਸਿੰਮ੍ਰਿਤੀਆਂ, ਅਠਾਰਾਂ ਪੁਰਾਣ, ਚਾਰ ਵੇਦ, ਛੇ ਸ਼ਾਸਤਰ, ਬਿਰੰਚ = ਬ੍ਰਹਮਾ, ਬਿਆਸ ਅਤੇ ਸੁਕ = ਸੁਕਦੇਵ ਮੁਨੀ, ਸੇਖ = ਸ਼ੇਸ਼ਨਾਗ ਜੀ ਨੇ ਨੇਤਿ ਨੇਤਿ ਨੇਤਿ = ਨਾ ਇਤੀ, ਨਾ ਇਤੀ, ਨਾ ਇਤੀ ਆਖਦਿਆਂ **ਵਾ:** ਮਨ, ਬਾਣੀ, ਸਰੀਰ ਕਰਕੇ ਨੇਤਿ = ਅਨੰਤ, ਨੇਤਿ = ਅਨੰਤ, ਨੇਤਿ = ਅਨੰਤ ਆਖਦਿਆਂ ਜਿਸ ਪਰਮੇਸ਼ਰ ਦੀ ਜਸੁ = ਕੀਰਤੀ ਨੂੰ ਗਾਇਓ = ਗਾਉਣਾ ਕੀਤਾ ਹੈ।

ਸਿਉ ਸਨਕਾਦਿ ਨਾਰਦਾਦਿਕ ਰਿਖੀਸੁਰਾਦਿ;
ਸੁਰ ਨਰ ਨਾਥ ਜੋਗ ਧਿਆਨ ਮੈ ਨ ਆਇਓ ਹੈ ॥

ਸਿਉ = ਸ਼ਿਵਜੀ, ਸਨਕਾਦਿ = ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ, ਨਾਰਦਾਦਿਕ = ਨਾਰਦ ਆਦਿ ਰਿਖੀਸੁਰਾਦਿ = ਰਿਖੀਆਂ ਦੇ ਈਸ਼ਰ ਆਦਿ ਤੇਤੀ ਕਰੋੜ ਸੁਰ = ਦੇਵਤੇ, ਸਾਰੇ ਨਰ = ਮਨੁੱਖ, ਨਾਥ = ਜੋਗੀ ਆਦਿ **ਵਾ:** ਸਿਧ ਨਾਥ ਆਦਿਕ ਦੇ ਜੋਗ ਸਾਧਦਿਆਂ ਆਦਿ ਦੇ ਜੋ ਪਰਮੇਸ਼ਰ ਧਿਆਨ = ਖ਼ਿਆਲ ਮੈ = ਵਿਚ ਨ = ਨਹੀਂ ਆਇਓ = ਆਇਆ ਹੈ।

ਗਿਰਿ ਤਰ ਤੀਰਥ ਗਵਨ ਪੁੰਨ ਦਾਨ ਬ੍ਰਤ;
ਹੋਮ ਜਗ ਭੋਗ ਨਈਬੇਦ ਕੈ ਨ ਪਾਇਓ ਹੈ ॥

ਗਿਰਿ = ਪਹਾੜਾਂ ਵਿਚ ਫਿਰਨੇ ਕਰਕੇ, ਤਰ = ਬ੍ਰਿਛਾਂ ਹੇਠ ਬਹਿ ਕੇ ਤੇ ਤੀਰਥਾਂ ਉੱਪਰ ਗਵਨ = ਜਾਣੇ ਕਰਕੇ, ਪੁੰਨ = ਚੰਗੇ ਕਾਰਜ ਕੀਤਿਆਂ, ਦਾਨ, ਬ੍ਰਤ, ਹੋਮ = ਹਵਨ ਤੇ ਯੱਗ ਕੀਤਿਆਂ ਤੇ ਨਈਵੇਦ = ਠਾਕੁਰਾਂ ਦੀਆਂ ਮੂਰਤਾਂ ਨੂੰ ਭੋਗ ਲਾਉਣ ਕੈ = ਕਰਕੇ ਜੋ ਪਰਮੇਸ਼ਰ ਪਾਇਓ = ਪਾਇਆ ਨ = ਨਹੀਂ ਜਾ ਸਕਦਾ ਹੈ।

ਅਸ ਵਡਭਾਗਿ ਮਾਇਆ ਮਧ ਗੁਰਸਿਖਨ ਕਉ;
ਪੂਰਨ ਬ੍ਰਹਮ ਗੁਰ ਰੂਪ ਹੁਇ ਦਿਖਾਇਓ ਹੈ ॥੫੪੩॥

ਅਸ = ਅਜਿਹੇ ਵਡਭਾਗਿ = ਵੱਡਿਆਂ ਕਰਮਾਂ ਵਾਲੇ ਗੁਰਸਿਖਨ = ਗੁਰਸਿੱਖਾਂ ਕਉ = ਨੂੰ ਮਾਇਆ ਭਾਵ ਕਾਰ-ਵਿਹਾਰਾਂ ਦੇ ਮਧ = ਵਿਚ ਵਰਤਦਿਆਂ ਨੂੰ ਹੀ ਗੁਰ = ਸਤਿਗੁਰਾਂ ਨੇ ਪੂਰਨ = ਵਿਆਪਕ ਬ੍ਰਹਮ = ਪਰਮੇਸ਼ਰ ਦਾ ਰੂਪ = ਸਰੂਪ ਹੁਇ = ਹੋ ਕੇ ਆਪਣਾ ਆਪ ਦਿਖਾਇਓ = ਵਿਖਾਉਣਾ ਕੀਤਾ ਹੈ ॥੫੪੩॥

ਬਾਹਰ ਕੀ ਅਗਨਿ ਬੂਝਤ ਜਲ ਸਰਿਤਾ ਕੈ;
ਨਾਉ ਮੈ ਜਉ ਅਗਨਿ ਲਾਗੈ ਕੈਸੇ ਕੈ ਬੁਝਾਈਐ ॥

ਬਾਹਰ ਕੀ = ਦੀ ਅਗਨਿ = ਅੱਗ ਤਾਂ ਸਰਿਤਾ = ਨਦੀ ਕੈ = ਦੇ ਜਲ = ਪਾਣੀ ਨਾਲ ਬੂਝਤ = ਬੁੱਝ ਜਾਂਦੀ ਹੈ, ਪਰੰਤੂ ਜਉ = ਜੇਕਰ ਨਾਉ = ਬੇੜੀ ਮੈ = ਵਿਚ ਅਗਨਿ = ਅੱਗ ਲਾਗੈ = ਲੱਗ ਪਵੇ ਤਾਂ ਉਹ ਕੈਸੇ = ਕਿਸ ਤਰ੍ਹਾਂ ਕੈ = ਕਰਕੇ ਬੁਝਾਈਐ = ਬੁਝਾਈ ਜਾਵੇ ਭਾਵ ਜੇ ਬਾਹਰ ਪਈ ਬੇੜੀ ਨੂੰ ਅੱਗ ਲੱਗ ਜਾਵੇ ਤਾਂ ਨਦੀ ਦੇ ਪਾਣੀ ਨਾਲ ਬੁਝਾ ਲੈਣਾ ਕਰੀਦੀ ਹੈ ਪਰ ਜੇ ਬੇੜੀ ਨੂੰ ਨਦੀ ਵਿਚ ਅੱਗ ਲੱਗ ਜਾਵੇ ਤਾਂ ਕਿਵੇਂ ਬੁਝੇਗੀ ਭਾਵ ਨਹੀਂ ਬੁਝੇਗੀ। ਨਦੀ ਵਿਚ ਬੇੜੀ ਨੂੰ ਅੱਗ ਲੱਗਣੀ ਅਸੰਭਵ ਗੱਲ ਹੈ, ਪਰ ਫੇਰ ਵੀ ਜੇ ਕਿਸੇ ਮੁਸਾਫ਼ਰ ਦੀ ਜਾਂ ਕਿਸੇ ਹੋਰ ਕਾਰਨ ਅੱਗ ਲੱਗ ਜਾਵੇ ਤਾਂ ਉਹ ਬੇੜੀ ਤੇ ਮੁਸਾਫ਼ਰਾਂ ਨੂੰ ਸਾੜੇਗੀ ਭਾਵੇਂ ਨਦੀ ਦੇ ਪਾਣੀ ਨਾਲ ਅੱਗ ਬੁੱਝ ਜਾਵੇਗੀ ਪਰ ਨਾਲ ਹੀ ਬੇੜੀ ਦੇ ਸੜਨੇ ਕਰਕੇ ਸਮੇਤ ਬੇੜੀ ਦੇ ਸਾਰੇ ਮੁਸਾਫ਼ਰ ਡੁੱਬ ਜਾਂਦੇ ਹਨ।

ਬਾਹਰ ਸੈ ਭਾਗਿ ਓਟ ਲੀਜੀਅਤ ਕੋਟ ਗੜ;
ਗੜ ਮੈ ਜਉ ਲੂਟਿ ਲੀਜੈ ਕਹੋ ਕਤ ਜਾਈਐ ॥

ਜਿਸ ਤਰ੍ਹਾਂ ਬਾਹਰ = ਬਾਹਰਲੇ ਪਾਸੇ ਸੈ = ਤੋਂ ਭਾਗਿ = ਦੌੜ ਕੇ ਕੋਟ = ਕੋਟਵਾਲ ਦੇ ਪੱਕੇ ਗੜ = ਕਿਲ੍ਹੇ ਦੀ ਓਟ = ਪਨਾਹ ਲੀਜੀਅਤ = ਲੈਣਾ ਕਰੀਦੀ ਹੈ ਪਰ ਜਉ = ਜੇਕਰ ਗੜ = ਕਿਲ੍ਹੇ ਦੇ ਮੈ = ਵਿਚ ਹੀ ਲੂਟਿ = ਲੁੱਟ ਲੀਜੈ = ਲੈਣਾ ਕਰੀਏ ਤਾਂ ਕਹੋ = ਦੱਸੋ ਖਾਂ ! ਕਤ = ਕਿਧਰ ਨੂੰ ਜਾਈਐ = ਜਾਣਾ ਕਰੀਏ।

ਚੋਰਨ ਕੈ ਤ੍ਰਾਸ ਜਾਇ ਸਰਨਿ ਗਹੈ ਨਰਿੰਦ;
ਮਾਰੈ ਮਹੀਪਤਿ ਜੀਉ ਕੈਸੇ ਕੈ ਬਚਾਈਐ ॥

ਜਿਸ ਪ੍ਰਕਾਰ ਚੋਰਨ = ਚੋਰਾਂ ਕੈ = ਦੇ ਤ੍ਰਾਸ = ਡਰ ਕਰਕੇ ਨਰਿੰਦ = ਰਾਜੇ ਦੀ ਸਰਨਿ = ਓਟ ਨੂੰ ਗਹੈ = ਫੜਨਾ ਕਰੀਏ ਭਾਵ ਰਾਜੇ ਦੀ ਓਟ ਲੈਣਾ ਕਰੀਏ ਪਰ ਜੇ ਮਹੀਪਤਿ = ਰਾਜਾ ਹੀ ਮਾਰੈ = ਮਾਰਨ ਲੱਗ ਪਵੇ ਤਾਂ ਕੈਸੇ = ਕਿਸ ਤਰ੍ਹਾਂ ਕੈ = ਕਰਕੇ ਆਪਣੀ ਜੀਉ = ਜਿੰਦ ਨੂੰ ਬਚਾਈਐ = ਬਚਾਉਣਾ ਕਰੀਏ।

ਮਾਇਆ ਡਰ ਡਰਪਤ ਹਾਰਿ ਗੁਰ ਦੁਆਰੈ ਜਾਵੈ;
ਤਹਾ ਜਉ ਮਾਇਆ ਬਿਆਪੈ ਕਹਾ ਠਹਰਾਈਐ ॥੫੪੪॥

ਮਾਇਆ ਦੇ ਪ੍ਰਭਾਵ ਰੂਪ ਡਰ ਤੋਂ ਡਰਪਤ = ਡਰਦਿਆਂ ਹਾਰਿ = ਥੱਕ ਕੇ ਜੇ ਗੁਰ ਦੁਆਰੈ = ਗੁਰਾਂ ਦੇ ਦਰਵਾਜ਼ੇ ਭਾਵ ਗੁਰੂ ਘਰਾਂ ਵਿਚ ਜਾਵੈ = ਜਾਣਾ ਕਰੀਦਾ ਹੈ, ਪਰ ਤਹਾ = ਉਥੇ ਵੀ ਜਉ = ਜੇਕਰ ਮਾਇਆ ਬਿਆਪੈ = ਬਿਆਪਣਾ ਕਰੇ ਤਾਂ ਦੱਸੋ ਖਾਂ ! ਕਹਾ = ਕਿਹੜੀ ਜਗ੍ਹਾ ਠਹਿਰਾਈਐ = ਠਹਿਰਣਾ, ਟਿਕਣਾ ਕਰੀਏ।

ਅਥਵਾ ਧਾਰਮਿਕ ਅਸਥਾਨਾਂ (ਗੁਰਦੁਆਰਿਆਂ) ਵਿਚ ਰਹਿਣ ਵਾਲੇ ਦਿਖਾਵੇ ਦੇ ਸੰਤਾਂ, ਮਹੰਤਾਂ, ਗ੍ਰੰਥੀ ਸਿੰਘਾਂ ਦੇ ਪ੍ਰਚਾਰਕਾਂ ਨੂੰ ਮਾਇਆ ਤੋਂ ਨਿਰਲੇਪ ਰਹਿ ਕੇ ਆਪਣੇ ਆਪ ਨੂੰ ਇਕ ਨਮੂਨਾ ਵਿਖਾਉਣਾ ਚਾਹੀਦਾ ਸੀ ਪਰੰਤੂ ਧਾਰਮਿਕ ਅਸਥਾਨਾਂ 'ਤੇ ਪ੍ਰਚਾਰਕਾਂ ਦੀ ਹੱਦੋਂ ਵੱਧ ਮਾਇਆ ਨੂੰ ਇਕੱਤਰਤ ਕਰ ਕੇ ਨਿੱਜੀ ਜਾਇਦਾਦ ਬਣਾਉਣ ਵੱਲ ਸੋਚ ਹੋਣ ਲੱਗ ਪਵੇ ਅਤੇ ਪ੍ਰਚਾਰਕਾਂ ਤੇ ਉਪਦੇਸ਼ ਕਰਤਿਆਂ ਦੀ ਮੰਦ ਗਤੀ ਹੋਣ ਲੱਗ ਪਵੇ ਤਾਂ ਹੋਰਨਾਂ ਸਮਾਜ ਦੇ ਲੋਕਾਂ ਨੂੰ ਵੇਖ ਕੇ ਸ਼ਰਧਾ ਕਿਵੇਂ ਰਹੇਗੀ ਅਤੇ ਉਨ੍ਹਾਂ ਉਪਦੇਸ਼ ਕਰਤਿਆਂ ਤੇ ਪ੍ਰਚਾਰਕਾਂ ਦੀ ਸਿੱਖਿਆ ਨਾਲ ਸਿੱਖਾਂ ਨੂੰ ਗੁਰ-ਸਿੱਖਿਆ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ਭਾਵ ਨਹੀਂ ਹੋ ਸਕਦੀ। ਜਿਵੇਂ ਅੱਜ ਕੱਲ੍ਹ ਵੇਖਿਆ ਜਾ ਰਿਹਾ ਹੈ ਕਿ ਕਿਵੇਂ ਧਾਰਮਿਕ ਲੋਕ ਗੁਰੂ ਦੇ ਥਾਂ ਉੱਪਰ ਧਨ ਪਦਾਰਥ ਇਕੱਠਾ ਕਰ ਕੇ ਆਪਣੀ ਨਿੱਜੀ ਜਾਇਦਾਦ ਬਣਾਉਣ ਲੱਗੇ ਹੋਏ ਹਨ ਤੇ ਲੋਕਾਂ ਨੂੰ ਮਾਇਆ ਤੋਂ ਦੂਰ ਰਹਿਣ ਦੀ ਸਿੱਖਿਆ ਦੇ ਰਹੇ ਹਨ॥੫੪੪॥

ਸਰਪ ਕੈ ਤ੍ਰਾਸ ਸਰਨਿ ਗਹੈ ਖਗਪਤਿ ਜਾਇ;
ਤਹਾਂ ਜਉ ਸਰਪ ਗ੍ਰਸੈ ਕਹੋ ਕੈਸੇ ਜੀਜੀਐ ॥

ਜੇਕਰ ਸਰਪ = ਸੱਪ ਦੇ ਤ੍ਰਾਸ = ਡਰ ਕੈ = ਕਰਕੇ ਖਗਪਤਿ = ਗਰੁੜ ਦੀ ਸਰਨਿ = ਓਟ ਜਾਇ = ਜਾ ਕੇ ਗਹੈ = ਪਕੜ ਲੈਣਾ ਕਰੀਏ ਪਰ ਜਉ = ਜੇਕਰ ਤਹਾਂ = ਉਥੇ ਵੀ ਸਰਪ = ਸੱਪ ਗ੍ਰਸੈ = ਖਾ ਲੈਣਾ ਕਰੇ ਕਹੋ = ਦੱਸੋ ਖਾਂ ਫੇਰ ਕੈਸੇ = ਕਿਸ ਤਰ੍ਹਾਂ ਜੀਜੀਐ = ਜਿਉਣਾ ਕਰ ਸਕੀਦਾ ਹੈ ?

ਜੰਬੁਕ ਸੈ ਭਾਗਿ ਮ੍ਰਿਗਰਾਜ ਕੀ ਸਰਨਿ ਗਹੈ;
ਤਹਾਂ ਜਉ ਜੰਬੁਕ ਹਰੈ ਕਹੋ ਕਹਾਂ ਕੀਜੀਐ ॥

ਜੇਕਰ ਜੰਬੁਕ = ਗਿੱਦੜ ਸੈ = ਕੋਲੋਂ ਭਾਗਿ = ਦੌੜ ਕੇ ਮ੍ਰਿਗਰਾਜ = ਸ਼ੇਰ ਕੀ = ਦੀ ਸਰਨਿ = ਓਟ ਗਹੈ = ਪਕੜਨਾ ਕਰੀਏ, ਪਰ ਤਹਾਂ = ਉਥੇ ਵੀ ਜਉ = ਜੇਕਰ ਜੰਬੁਕ = ਗਿੱਦੜ ਹਰੈ = ਮਾਰ ਸੁੱਟਣਾ ਕਰੇ ਕਹੋ = ਦੱਸੋ ਖਾਂ ਫੇਰ ਕਹਾਂ = ਕੀ ਕੀਜੀਐ = ਕਰਨਾ ਕਰੀਏ। ਜੈਸਾ ਕਿ :

ਤਵ ਗੁਨ ਕਹਾ ਜਗਤ ਗੁਰਾ ਜਉ ਕਰਮ ਨ ਨਾਸੈ ॥
ਸਿੰਘ ਸਰਨ ਕਤ ਜਾਈਐ ਜਉ ਜੰਬਕੁ ਗ੍ਰਸੈ ॥੧॥ਰਹਾਉ॥ *(ਅੰਗ ੮੫੮)*

ਦਾਰਿਦ੍ ਕੈ ਚਾਂਪੈ ਜਾਇ ਸਰਨਿ ਸੁਮੇਰ ਸਿੰਧ;
ਤਹਾਂ ਜਉ ਦਾਰਿਦ੍ ਦਹੈ ਕਾਹਿ ਦੋਸੁ ਦੀਜੀਐ ॥

ਦਾਰਿਦ੍ = ਦਲਿੱਦਰਤਾਈ ਦੀ ਚਾਂਪੈ = ਲਪੇਟ ਕੈ = ਕਰਕੇ ਭਾਵ ਕੰਗਾਲਪੁਣੇ ਦਾ ਦੱਬਿਆ ਹੋਇਆ

ਜੇ ਕੋਈ ਪੁਰਖ ਸੁਮੇਰ = ਸੋਨੇ ਦੇ ਪਹਾੜ ਤੇ ਰਤਨਾਂ ਦੀ ਖਾਣ ਸਿੰਧ = ਸਮੁੰਦਰ ਦੀ ਸਰਨਿ = ਓਟ ਵਿਚ ਚਲਿਆ ਜਾਇ = ਜਾਵੇ ਪਰ ਤਹਾਂ = ਉਥੇ ਵੀ ਜਉ = ਜੇਕਰ ਦਾਰਿਦ੍ = ਦਲਿੱਦਰ ਦਹੈ = ਸਾੜਦਾ, ਸਤਾਉਂਦਾ ਰਹੇ ਤਾਂ ਫੇਰ ਕਾਹਿ = ਕਿਸ ਨੂੰ ਦੋਸ ਦੀਜੀਐ = ਦੇਣਾ ਚਾਹੀਦਾ ਹੈ।

ਕਰਮ ਭਰਮ ਕੈ ਸਰਨਿ ਗੁਰਦੇਵ ਗਹੈ;
ਤਹਾਂ ਨ ਮਿਟੈ ਕਰਮੁ ਕਉਨ ਓਟ ਲੀਜੀਐ ॥੫੪੫॥

ਉਸੇ ਤਰ੍ਹਾਂ ਹੀ ਜੇ ਜੀਵ ਕਰਮਾਂ ਦੇ ਭਰਮ = ਭੁਲੇਖੇ ਕੈ = ਕਰਕੇ ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਰਨਿ = ਓਟ ਗਹੈ = ਪਕੜਨਾ ਕਰੇ, ਪਰ ਤਹਾ = ਉਥੇ ਵੀ ਜੇਕਰ ਇਹ ਕਰਮ ਨਾ ਮਿਟੈ = ਮਿਟਣ ਭਾਵ ਭੋਗਣੇ ਹੀ ਪੈਣ ਤਾਂ ਫੇਰ ਹੋਰ ਕਉਨ = ਕਿਹੜੀ ਓਟ = ਟੇਕ ਲੀਜੀਐ = ਲੈਣਾ ਕਰੀਏ ॥੫੪੫॥

ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦ੍ ਬਿਖੈ;
ਹੰਸ ਮਰਜੀਵਾ ਨਿਹਚੈ ਪ੍ਰਸਾਦੁ ਪਾਵਈ ॥

(ਪਾਠਾਂਤ੍ਰ 'ਪਾਵਹੀ')

ਜੈਸੇ ਤਉ = ਜਿਸ ਤਰ੍ਹਾਂ ਸਕਲ = ਸਾਰੀਆਂ ਹੀ ਨਿਧਿ = ਨਿਧੀਆਂ ਸਮੁੰਦ੍ = ਸਾਗਰ ਬਿਖੈ = ਵਿਚ ਪੂਰਨ = ਭਰਪੂਰ ਹੁੰਦੀਆਂ ਹਨ, ਪਰ ਹੰਸ ਜਾਂ ਮਰਜੀਵਾ = ਸਮੁੰਦਰ ਵਿਚ ਗੋਤੇ ਲਾਉਣ ਵਾਲਾ ਪੁਰਖ ਨਿਹਚੈ = ਨਿਸ਼ਚੇ ਕਰ ਕੇ ਰਤਨਾਂ ਆਦਿ ਦੀ ਪ੍ਰਸਾਦਿ = ਪ੍ਰਸੰਨਤਾਮਈ ਭੇਟਾ ਨੂੰ ਪਾਵਈ = ਪ੍ਰਾਪਤ ਕਰ ਲੈਂਦਾ ਹੈ।

ਜੈਸੇ ਪਰਬਤਿ ਹੀਰਾ ਮਾਨਕ ਪਾਰਸ ਸਿਧ;
ਖਨਵਾਰਾ ਖਨਿ ਜਗ ਵਿਖੇ ਪ੍ਰਗਟਾਵਈ ॥

(ਪਾਠਾਂਤ੍ਰ 'ਪ੍ਰਗਟਾਵਹੀ')

ਜੈਸੇ = ਜਿਸ ਪ੍ਰਕਾਰ ਪਰਬਤਿ = ਪਹਾੜਾਂ ਵਿਚ ਹੀਰੇ ਮਾਣਕ ਤੇ ਪਾਰਸ ਆਦਿ ਕੀਮਤੀ ਪਦਾਰਥ ਹੁੰਦੇ ਹਨ, ਪਰ ਸਿਧ = ਜੋਤਿਸ਼ ਵਿੱਦਿਆ ਦੇ ਮਾਹਰ ਤੇ ਖਨਵਾਰਾ = ਖਾਣ ਪੁੱਟਣ ਵਾਲੇ ਪੁਰਖ ਖਨਿ = ਖਾਣਾਂ ਵਿੱਚੋਂ ਹੀਰੇ ਮਾਣਕ ਆਦਿ ਕੀਮਤੀ ਪਦਾਰਥ ਜਗ = ਸੰਸਾਰ ਵਿਚ ਪ੍ਰਗਟਾਵਈ = ਪ੍ਰਗਟ, ਪ੍ਰਸਿੱਧ ਕਰ ਦਿੰਦੇ ਹਨ।

ਜੈਸੇ ਬਨ ਬਿਖੈ ਮਲਿਆਗਰ ਸੌਧਾ ਕਪੂਰ;
ਸੋਧ ਕੈ ਸੁਬਾਸੀ ਸੁਬਾਸ ਬਿਹਸਾਵਈ ॥

(ਪਾਠਾਂਤ੍ਰ 'ਬਿਹਸਾਵਹੀ')

ਜੈਸੇ = ਜਿਸ ਪ੍ਰਕਾਰ ਬਨ = ਜੰਗਲ ਬਿਖੈ = ਵਿਚ ਮਲਿਆਗਰ = ਚੰਦਨ ਸੌਧਾ = ਸੁਗੰਧੀ ਵਾਲਾ ਦ੍ਰਵਯ ਪਦਾਰਥ, ਮੁਸ਼ਕ ਕਪੂਰ ਸੁਬਾਸੀ = ਸ੍ਰੇਸ਼ਟ ਵਾਸ਼ਨਾ ਨੂੰ ਸੋਧ = ਖੋਜ, ਪਛਾਣ ਕੈ = ਕਰਕੇ ਇਨ੍ਹਾਂ ਦੀ ਸੁਬਾਸ = ਸ੍ਰੇਸ਼ਟ ਸੁਗੰਧੀ ਨੂੰ ਲੈ ਬਿਹਸਾਵਈ = ਖਿੜਾ ਦੇਣਾ ਕਰਦਾ ਹੈ **ਵਾ:** ਚੰਦਨ ਤੇ ਸੌਧਾ = ਸੋਧਿਆ ਹੋਇਆ ਕਪੂਰ ਆਪਣੀ ਚੰਗੀ ਸੁਗੰਧੀ ਨੂੰ ਸਾਰੇ ਜੰਗਲ ਵਿਚ ਖਿੜਾ ਕੇ ਸਾਰੇ ਜੰਗਲ ਨੂੰ ਸੁਗੰਧੀ ਵਾਲਾ ਬਣਾ ਦਿੰਦਾ ਹੈ।

ਤੈਸੇ ਗੁਰਬਾਨੀ ਬਿਖੈ ਸਕਲ ਪਦਾਰਥ ਹੈ;
ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ ॥੫੪੬॥

(ਪਾਠਾਂਤ੍ਰ 'ਨਿਪਜਾਵਹੀ')

ਤੈਸੇ = ਉਸੇ ਪ੍ਰਕਾਰ ਹੀ ਗੁਰਬਾਨੀ = ਗੁਰਾਂ ਦੀ ਉਪਦੇਸ਼ ਮਈ ਬਾਣੀ ਵਿਚ ਧਰਮ, ਅਰਥ, ਕਾਮ, ਮੋਖ ਆਦਿ ਰੂਪ ਸਕਲ = ਸਾਰੇ ਪਦਾਰਥ ਹੈ = ਹਨ, ਪਰ ਜੋਈ ਜੋਈ = ਜਿਹੜਾ ਜਿਹੜਾ ਭਾਵਨਾ ਦੇ ਸਹਿਤ ਹੋ ਕੇ ਖੋਜੈ = ਖੋਜਣਾ ਕਰੇਗਾ, ਸੋਈ ਸੋਈ = ਉਹੋ ਉਹੋ ਹੀ ਨਿਪਜਾਵਈ = ਪ੍ਰਗਟ ਕਰ ਲਵੇਗਾ ਭਾਵ ਜਿਹੜੇ ਜਿਹੜੇ ਪਦਾਰਥ ਦਾ ਖੋਜੀ ਹੋ ਕੇ ਕੋਈ ਖੋਜਣਾ ਕਰੇਗਾ, ਉਹੋ ਉਹੋ ਹੀ ਪਦਾਰਥ ਉਸ ਦੇ ਪ੍ਰਤੱਖ ਪ੍ਰਗਟ ਹੋ ਆਇਆ ਕਰਦਾ ਹੈ॥੫੪੬॥

ਪਰਤ੍ਰਿਅ ਦੀਰਘ ਸਮਾਨਿ ਲਘੁ ਜਾਵੇਦਕ;
ਜਨਨੀ ਭਗਨੀ ਸੁਤਾ ਰੂਪ ਕੈ ਨਿਹਾਰੀਐ ॥

ਜਾਵਦੇਕ = ਜਿੰਨੀਆਂ ਵੀ ਪਰਤ੍ਰਿਅ = ਪਰਾਈਆਂ ਇਸਤਰੀਆਂ ਹਨ, ਆਪ ਤੋਂ ਦੀਰਘ = ਵੱਡੀ ਨੂੰ ਜਨਨੀ = ਮਾਤਾ, ਆਪਣੇ ਸਮਾਨਿ = ਬਰਾਬਰ ਦੀ ਨੂੰ ਭਗਨੀ = ਭੈਣ ਤੇ ਆਪਣੇ ਤੋਂ ਲਘੁ = ਛੋਟੀ ਨੂੰ ਸੁਤਾ = ਪੁੱਤਰੀ ਦਾ ਰੂਪ = ਸਰੂਪ ਨਿਹਾਰੀਐ = ਵੇਖ ਕੈ = ਕਰਕੇ ਵੇਖਣਾ ਕਰੀਏ। ਜੈਸਾ ਕਿ :

ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ। *(ਭਾਈ ਗੁਰਦਾਸ ਜੀ, ਵਾਰ ੬, ਪਉੜੀ ੮)*

ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ। *(ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੧੧)*

ਪਰ ਦਰਬਾਸਹਿ ਗਊ ਮਾਸ ਤੁਲਿ ਜਾਨਿ ਰਿਦੈ;
ਕੀਜੈ ਨ ਸਪਰਸ ਅਪਰਸ ਸਿਧਾਰੀਐ ॥

ਪਰ = ਪਰਾਏ ਦਰਬਾਸਹਿ = ਧਨ ਨੂੰ ਇਕੱਤਰਤ ਕਰਨ ਦੀ ਇੱਛਾ ਨੂੰ ਗਊ ਦੇ ਮਾਸ ਤੁਲਿ = ਬਰਾਬਰ ਰਿਦੈ = ਚਿੱਤ ਵਿਚ ਜਾਨਿ = ਜਾਨਣਾ ਕਰੇ, ਇਨ੍ਹਾਂ ਨੂੰ ਸਪਰਸ = ਛੂਹਣਾ ਨ = ਨਾ ਕੀਜੈ = ਕਰੇ, ਇਥੋਂ ਤਕ ਕਿ ਇਨ੍ਹਾਂ ਦੇ ਕੋਲੋਂ ਅਪਰਸ = ਬਗ਼ੈਰ ਛੂਹਿਆਂ ਹੀ ਸਿਧਾਰੀਐ = ਲੰਘ ਜਾਣਾ ਕਰੀਏ ਭਾਵ ਉਨ੍ਹਾਂ ਵੱਲ ਵੇਖਣਾ ਵੀ ਨਾ ਕਰੀਏ। ਜੈਸਾ ਕਿ :

ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾਂ ਮੁਰਦਾਰੁ ਨ ਖਾਇ॥ *(ਮਾਝ ਵਾਰ ਮ: ੧, ਅੰਗ ੧੪੧)*

ਪਰ ਧਨੁ ਸੂਅਰ ਗਾਇ ਜਿਉ ਮਕਰੂਹ ਹਿੰਦੂ ਮੁਸਲਮਾਣੈ। *(ਭਾਈ ਗੁਰਦਾਸ ਜੀ, ਵਾਰ ੬, ਪਉੜੀ ੮)*

ਉਸੁ ਸੂਅਰ ਉਸੁ ਗਾਇ ਹੈ ਪਰਧਨ ਹਿੰਦੂ ਮੁਸਲਮਾਣੈ। *(ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੧੧)*

ਘਟਿ ਘਟਿ ਪੂਰਨ ਬ੍ਰਹਮ ਜੋਤਿ ਓਤਿ ਪੋਤਿ;
ਅਵਗੁਨੁ ਗੁਨੁ ਕਾਹੂ ਕੋ ਨ ਬੀਚਾਰੀਐ ॥

ਸਾਰਿਆਂ ਜੀਵਾਂ ਦੇ ਘਟਿ ਘਟਿ = ਹਿਰਦਿਆਂ ਹਿਰਦਿਆਂ ਵਿਚ ਪੂਰਨ = ਵਿਆਪਕ ਬ੍ਰਹਮ = ਪਰਮੇਸ਼ਰ

ਓਤਿ ਪੋਤਿ = ਤਾਣੇ ਪੇਟੇ ਵਤ ਆਪਣੀ ਜੋਤਿ = ਜੋਤ ਕਰਕੇ ਪਰੀਪੂਰਣ ਹੋ ਰਿਹਾ ਹੈ, ਇਸ ਲਈ ਉਹ ਕਾਹੂ = ਕਿਸੇ ਵੀ ਪਰਾਏ ਕੋ = ਦਾ ਅਵਗੁਨੁ = ਔਗੁਣ ਤੇ ਆਪਣਾ ਗੁਣ ਆਪਣੇ ਮਨ ਵਿਚ ਬੀਚਾਰੀਐ = ਵਿਚਾਰੀਦਾ ਨ = ਨਹੀਂ ਹੈ।

ਗੁਰ ਉਪਦੇਸ ਮਨ ਧਾਵਤ ਬਰਜਿ;
ਪਰ ਧਨ ਪਰ ਤਨ ਪਰ ਦੂਖਨਾ ਨਿਵਾਰੀਐ ॥੫੪੭॥

ਉਸੇ ਗੁਰ = ਸਤਿਗੁਰਾਂ ਦੀ ਉਪਦੇਸ = ਸਿੱਖਿਆ ਨੂੰ ਸੁਣ ਕੇ ਸਿੱਖ ਆਪਣੇ ਮਨ ਨੂੰ ਵਿਸ਼ੇ-ਵਿਕਾਰ ਵੱਲ ਧਾਵਤ = ਦੌੜਦੇ ਨੂੰ ਬਰਜਿ = ਰੋਕ ਕੇ ਰੱਖਣਾ ਕਰੇ ਅਤੇ ਪਰ = ਪਰਾਈ ਧਨ = ਦੌਲਤ, ਪਰ = ਪਰਾਏ ਤਨ = ਸਰੀਰ ਤੇ ਪਰ = ਪਰਾਏ ਉੱਪਰ ਦੂਖਨਾ = ਦੂਸ਼ਣਬਾਜ਼ੀ ਨੂੰ ਨਿਵਾਰੀਐ = ਨਵਿਰਤ ਕਰਨਾ ਕਰੀਏ ॥੫੪੭॥

ਜੈਸੇ ਪ੍ਰਾਤ ਸਮੈ ਖਗ ਜਾਤ ਉਡਿ ਬਿਰਖ ਸੈ;
ਬਹੁਰਿ ਆਇ ਬੈਠਤ ਬਿਰਖ ਹੀ ਮੈ ਆਇ ਕੈ ॥

ਜੈਸੇ = ਜਿਸ ਪ੍ਰਕਾਰ ਪ੍ਰਾਤ = ਪ੍ਰਭਾਤ (ਸਵੇਰ) ਸਮੈ = ਵੇਲੇ ਖਗ = ਪੰਛੀ ਬਿਰਖ = ਬ੍ਰਿਛ ਸੈ = ਤੋਂ ਉੱਡ ਜਾਤ = ਜਾਂਦੇ ਹਨ ਅਤੇ ਸੰਧਿਆ ਦੇ ਸਮੇਂ ਬਹੁਰਿ = ਮੁੜ ਆਇ = ਆ ਕੇ ਬਿਰਖ = ਬ੍ਰਿਛਾਂ ਦੇ ਉੱਪਰ ਟਾਹਣਿਆਂ ਮੈ = ਵਿਚ ਆਇ = ਆ ਕੈ = ਕਰਕੇ ਬੈਠਤ = ਬੈਠ ਜਾਂਦੇ ਹਨ।

ਚੀਟੀ ਚੀਟਾ ਬਿਲ ਸੈ ਨਿਕਸਿ ਧਰ ਗਵਨ ਕੈ;
ਬਹੁਰਿਓ ਪੈਸਤ ਜੈਸੇ ਬਿਲ ਹੀ ਮੈ ਜਾਇ ਕੈ ॥

ਜਿਸ ਤਰ੍ਹਾਂ ਚੀਟੀ = ਕੀੜੀ ਤੇ ਚੀਟਾ = ਕੀੜਾ ਬਿਲ = ਖੁੱਡ ਸੈ = ਤੋਂ ਬਾਹਰ ਨਿਕਸਿ = ਨਿਕਲ ਕੇ ਧਰ = ਧਰਤੀ ਉੱਤੇ ਗਵਨ = ਫਿਰਨਾ ਕੈ = ਕਰਦੇ ਹਨ ਤੇ ਜੈਸੇ = ਜਿਸ ਪ੍ਰਕਾਰ ਫੇਰ ਬਹੁਰਿਓ = ਮੁੜ ਬਿਲ = ਖੁੱਡ ਮੈ = ਵਿਚ ਹੀ ਜਾਇ = ਜਾ ਕੈ = ਕਰਕੇ ਪੈਸਤ = ਪੈਣਾ ਕਰਦੇ ਹਨ।

ਲਰ ਕੈ ਲਰਿਕਾ ਰੂਠ ਜਾਤ ਤਾਤ ਮਾਤ ਸਨ;
ਭੂਖ ਲਾਗੈ ਤਿਆਗੈ ਹਠ ਆਵੈ ਪਛੁਤਾਇ ਕੈ ॥

ਜਿਸ ਪ੍ਰਕਾਰ ਮਾਤ = ਮਾਂ, ਤਾਤ = ਪਿਉ ਸਨ = ਨਾਲ ਲਰਿਕਾ = ਲੜਕਾ (ਬਾਲਕ) ਲਰ = ਲੜ ਕੈ = ਕਰਕੇ ਰੂਠ = ਰੁੱਸ ਜਾਤ = ਜਾਂਦਾ ਹੈ ਤੇ ਭੂਖ = ਭੁੱਖ ਲਾਗੈ = ਲੱਗਿਆਂ ਤੋਂ ਹਠ = ਜ਼ਿੱਦ ਨੂੰ ਤਿਆਗ = ਛੱਡ ਕੇ ਆਪੇ ਹੀ ਪਛੁਤਾਇ = ਪਸ਼ਚਾਤਾਪ ਕੈ = ਕਰ ਕੇ ਮੁੜ ਮਾਂ ਦੇ ਕੋਲ ਆਵੈ = ਆਉਂਦਾ ਹੈ।

ਤੈਸੇ ਗ੍ਰਿਹ ਤਿਆਗਿ ਭਾਗਿ ਜਾਤ ਉਦਾਸ ਬਾਸ;
ਆਸਰੋ ਤਕਤ ਪੁਨਿ ਗ੍ਰਿਹਸਤ ਕੋ ਧਾਇ ਕੈ ॥੫੪੮॥

ਤੈਸੇ = ਉਸੇ ਤਰ੍ਹਾਂ ਹੀ ਲੋਕ ਗ੍ਰਿਹ = ਘਰ-ਬਾਰ ਨੂੰ **ਵਾ:** ਗ੍ਰਿਹਸਥ ਨੂੰ ਤਿਆਗਿ = ਛੱਡ ਕੇ ਉਦਾਸ

ਬਾਸ = ਬਨੋ ਬਾਸ ਨੂੰ ਭਾਗਿ = ਦੌੜ ਜਾਤ = ਜਾਂਦੇ ਹਨ, ਪਰ ਪੁਨਿ = ਮੁੜ ਧਾਇ = ਦੌੜ ਕੈ = ਕਰਕੇ ਗ੍ਰਿਹਸਤ = ਗ੍ਰਿਹਸਥ ਕੋ = ਦਾ ਹੀ ਆਸਰੋ = ਸਹਾਰਾ ਤਕਤ = ਤੱਕਣਾ ਕਰਦੇ ਹਨ॥੫੪੮॥

ਕਾਹੂ ਦਸਾ ਕੇ ਪਵਨ ਗਵਨ ਕੈ ਬਰਖਾ ਹੈ;
ਕਾਹੂ ਦਸਾ ਕੋ ਪਵਨ ਬਾਦਰ ਬਿਲਾਤ ਹੈ॥

ਕਾਹੂ = ਕਿਸੇ ਵੀ ਦਸਾ = ਪਾਸੇ (ਤਰਫ਼) ਦੀ ਪਵਨ = ਹਵਾ ਕੇ = ਦੇ ਗਵਨ = ਚੱਲਣ ਕੈ = ਕਰਕੇ ਬਰਖਾ = ਬਰਸਾਤ ਤਾਂ ਹੁੰਦੀ ਹੈ ਅਤੇ ਕਾਹੂ = ਕਿਸੇ ਦਸਾ = ਤਰਫ਼ ਦੀ ਪਵਨ = ਹਵਾ ਚੱਲਣ ਨਾਲ ਬਾਦਰ = ਬੱਦਲ ਉੱਡ ਬਿਲਾਤ = ਜਾਇਆ ਕਰਦੇ ਹਨ ਅਰਥਾਤ ਚੜ੍ਹਦੇ ਪਾਸੇ ਵੱਲੋਂ ਹਵਾ ਚੱਲ ਪਵੇ ਤਾਂ ਬੱਦਲ ਉੱਡ ਜਾਂਦੇ ਹਨ ਅਤੇ ਜੇ ਪੱਛਮ ਦੇ ਵੱਲੋਂ ਹਵਾ ਚੱਲ ਪਵੇ ਤਾਂ ਬੱਦਲ ਆ ਜਾਂਦੇ ਹਨ।

ਕਾਹੂ ਜਲ ਪਾਨ ਕੀਏ ਰਹਤ ਅਰੋਗ ਦੇਹੀ;
ਕਾਹੂ ਜਲ ਪਾਨ ਬਿਆਪੈ ਬ੍ਰਿਥਾ ਬਿਲਲਾਤ ਹੈ॥

ਕਾਹੂ = ਕਿਸੇ ਜਲ = ਪਾਣੀ ਦੇ ਪਾਨ = ਪੀਣ ਕੀਏ = ਕਰਕੇ ਦੇਹੀ = ਕਾਂਇਆ ਅਰੋਗ = ਰੋਗ ਤੋਂ ਰਹਿਤ ਰਹਤ = ਰਹਿੰਦੀ ਹੈ, ਕਾਹੂ = ਕਿਸੇ ਜਲ = ਪਾਣੀ ਦੇ ਪਾਨ = ਪੀਣ ਕਰਕੇ ਸਰੀਰ ਨੂੰ ਬ੍ਰਿਥਾ = ਪੀੜਾ, ਉਲਟਾ ਰੋਗ ਬਿਆਪੈ = ਲੱਗ ਜਾਂਦਾ ਹੈ ਤੇ ਦੁੱਖ ਕਰਕੇ ਬਿਲਲਾਤ = ਰੋਣਾ ਕਰੀਦਾ ਹੈ।

ਕਾਹੂ ਗ੍ਰਿਹ ਕੀ ਅਗਨਿ ਪਾਕ ਸਾਕ ਸਿਧਿ ਕਰੈ;
ਕਾਹੂ ਗ੍ਰਿਹ ਕੀ ਅਗਨਿ ਭਵਨ ਜਰਾਤ ਹੈ॥

ਕਾਹੂ = ਕਿਸੇ ਗ੍ਰਿਹ = ਘਰ ਕੀ = ਦੀ ਅਗਨਿ = ਅੱਗ ਤਾਂ ਪਾਕ ਸਾਕ = ਰਸੋਈ ਵਿਚ ਅਨੇਕ ਤਰ੍ਹਾਂ ਦੇ ਭੋਜਨ ਸਿਧਿ = ਸਿੱਧ, ਤਿਆਰ ਕਰੈ = ਕਰਦੀ ਹੈ ਅਤੇ ਕਾਹੂ = ਕਿਸੇ ਗ੍ਰਿਹ = ਘਰ ਕੀ = ਦੀ ਅਗਨਿ = ਅੱਗ ਭਵਨ = ਘਰਾਂ, ਕਾਰਖ਼ਾਨਿਆਂ ਆਦਿ ਨੂੰ ਜਰਾਤ = ਸਾੜਨਾ ਕਰਦੀ ਹੈ।

ਕਾਹੂ ਕੀ ਸੰਗਤ ਮਿਲਿ ਜੀਵਨ ਮੁਕਤਿ ਹੁਇ;
ਕਾਹੂ ਕੀ ਸੰਗਤਿ ਮਿਲਿ ਜਮਪੁਰਿ ਜਾਤ ਹੈ॥੫੪੯॥

ਕਾਹੂ = ਕਿਸੇ ਕੀ = ਦੀ ਸੰਗਤ ਵਿਚ ਮਿਲਿ = ਮਿਲਣੇ ਕਰਕੇ ਜੀਵਨ ਮੁਕਤਿ = ਮੁਕਤੀ ਦੇ ਸੁੱਖ ਦੀ ਪ੍ਰਾਪਤ ਹੁਇ = ਹੁੰਦੀ ਹੈ ਤੇ ਕਾਹੂ = ਕਿਸੇ ਕੀ = ਦੀ ਸੰਗਤ ਵਿਚ ਮਿਲਿ = ਮਿਲਣੇ ਕਰਕੇ ਜਮਪੁਰਿ = ਜਮਾਂ ਦੀ ਪੁਰੀ ਨੂੰ ਜਾਤ = ਜਾਣਾ ਕਰੀਦਾ ਹੈ॥੫੪੯॥

ਪ੍ਰੀਤਮ ਕੇ ਮੇਲ ਖੇਲ ਪ੍ਰੇਮ ਨੇਮ ਕੈ ਪਤੰਗ;
ਦੀਪਕ ਪ੍ਰਗਾਸ ਜੋਤੀ ਜੋਤਿ ਹੂੰ ਸਮਾਵਈ॥

ਪਤੰਗ = ਫੰਬਟ (ਭਮੱਕੜ) ਪ੍ਰੇਮ = ਸਨੇਹ ਦੇ ਨੇਮ = ਨਿਯਮ ਕੈ = ਕਰਕੇ ਆਪਣੇ ਪ੍ਰੀਤਮ = ਪਿਆਰੇ

ਦੀਵੇ ਕੇ = ਦੇ ਮੇਲ = ਮਿਲਾਪ ਵਿਚ ਮਿਲ ਕੇ ਖੇਲ = ਖੇਡਦਾ ਹੈ ਤੇ ਆਪਣੇ ਪਿਆਰੇ ਦੀਪਕ = ਦੀਵੇ ਦੇ ਜੋਤਿ = ਪ੍ਰਕਾਸ਼ ਮਈ ਪ੍ਰਗਾਸ = ਚਾਨਣੇ ਨੂੰ ਵੇਖ ਕੇ ਉਸ ਜੋਤੀ = ਪ੍ਰਕਾਸ਼ ਵਿਚ ਹੂੰ = ਹੀ ਸਮਾਵਈ = ਸਮਾਅ ਜਾਂਦਾ ਹੈ, ਮਰ ਜਾਂਦਾ ਹੈ। ਜੈਸਾ ਕਿ :

ਦੀਪਕ ਹੇਤ ਪਤੰਗੇ ਦਾ ਜਲ ਮੀਨ ਤਰੰਦਾ। *(ਭਾਈ ਗੁਰਦਾਸ ਜੀ, ਵਾਰ ੨, ਪਉੜੀ ੧੭)*

ਜਲੈ ਪਤੰਗ ਨਿਸੰਗ ਹੋਇ ਕਰ ਅਖ ਉਘਾੜੀ। *(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੩)*

ਸਹਜ ਸੰਜੋਗ ਅਰੁ ਬਿਰਹ ਬਿਓਗ ਬਿਖੈ;
ਜਲ ਮਿਲਿ ਬਿਛੁਰਤ ਮੀਨ ਹੁਇ ਦਿਖਾਵਈ ॥

ਸਹਜ = ਸੁਤੇ-ਸਿਧ ਹੀ ਮੱਛੀ ਆਪਣੇ ਪਿਆਰੇ ਪਾਣੀ ਦੇ ਸੰਜੋਗ = ਮਿਲਾਪ ਵਿਚ ਮਿਲ ਕੇ ਪ੍ਰਸੰਨ ਹੁੰਦੀ ਹੈ ਅਰੁ = ਅਤੇ ਬਿਰਹੁ = ਪ੍ਰੇਮ ਦੇ ਬਿਓਗ = ਵਿਛੋੜੇ ਬਿਖੈ = ਵਿਚ ਬਿਛੁਰਤ = ਵਿੱਛੜ ਕੇ ਮੀਨ = ਮੱਛੀ ਦੁਖੀ ਹੁਇ = ਹੋ ਕੇ ਦਿਖਾਵਈ = ਦਿਖਾਉਂਦੀ ਹੈ। ਜੈਸਾ ਕਿ :

ਮੀਨ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥
ਖੰਡ ਖੰਡ ਕਰ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥ *(ਸੋਰਠਿ ਭਗਤ ਰਵਿਦਾਸ ਜੀ, ਅੰਗ ੬੫੯)*

ਸਬਦ ਸੁਰਤਿ ਲਿਵ ਥਕਿਤ ਚਕਿਤ ਹੋਇ;
ਸਬਦ ਬੇਧੀ ਕੁਰੰਗ ਜੁਗਤਿ ਜਤਾਵਈ ॥

ਕੁਰੰਗ = ਹਿਰਨ ਘੰਡੇਹੇੜੇ ਦੇ ਸ਼ਬਦ ਦੀ ਸੁਰਤਿ = ਸ੍ਰੋਤ ਨੂੰ ਚਿੱਤ ਦੀ ਲਿਵ = ਬਿਰਤੀ ਲਾ ਕੇ ਸੁਣ ਕੇ ਚਕਿਤ = ਹੈਰਾਨ (ਬਿਸਮ) ਹੋਇ = ਹੋ ਕੇ ਥਕਿਤ = ਹਾਰ ਕੇ ਖੜ ਜਾਂਦਾ ਹੈ, ਪਰੰਤੂ ਜਾਨ ਤਾਂ ਦੇ ਦਿੰਦਾ ਹੈ ਅਤੇ ਤਦ ਘੰਡੇਹੇੜੇ ਦੇ ਸ਼ਬਦ ਨਾਲ ਬੇਧੀ = ਵਿੰਨ੍ਹਿਆ ਜਾਣ ਵਾਲਾ ਇਸ ਜੁਗਤਿ = ਵਿਧੀ ਨੂੰ ਜਤਾਵਈ = ਜਤਾ ਕੇ ਕਹਾਉਂਦਾ ਹੈ ਕਿ ਮੈਂ ਸ਼ਬਦ ਦਾ ਸੱਚਾ ਪ੍ਰੇਮੀ ਹਾਂ। ਜੈਸਾ ਕਿ :

ਮਿਰਗ ਨਾਦ ਵਿਸਮਾਦ ਹੋਇ ਫਿਰਦਾ ਓਜਾੜੀ। *(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੩)*

ਮਿਲਿ ਬਿਛੁਰਤ ਅਰੁ ਸਬਦ ਸੁਰਤਿ ਲਿਵ;
ਕਪਟ ਸਨੇਹ ਸਨੇਹੀ ਨ ਕਹਾਵਈ ॥੫੫੦॥

ਪਤੰਗੇ ਨੇ ਦੀਵੇ ਨਾਲ ਮਿਲ ਕੇ ਮਰ ਜਾਣਾ ਤੇ ਮੱਛੀ ਨੇ ਪਾਣੀ ਨਾਲੋਂ ਬਿਛੁਰਤ = ਵਿੱਛੜ ਕੇ ਮਰ ਜਾਣਾ ਅਰੁ = ਅਤੇ ਹਿਰਨ ਨੇ ਘੰਡੇਹੇੜੇ ਦੇ ਸ਼ਬਦ ਦੀ ਸੁਰਤਿ = ਸ੍ਰੋਤ ਵਿਚ ਚਿੱਤ ਦੀ ਲਿਵ = ਬਿਰਤੀ ਲਾ ਕੇ ਮਰ ਜਾਣਾ, ਇਸੇ ਤਰ੍ਹਾਂ ਮਨਮੁਖ ਪੁਰਖ ਦੇ ਵਾਂਗ ਕਪਟ = ਛਲ ਵਾਲਾ ਸਨੇਹ = ਪ੍ਰੇਮ ਕਰ ਕੇ ਆਪਣੇ ਆਪ ਨੂੰ ਸਨੇਹੀ = ਪ੍ਰੇਮੀ ਨ = ਨਹੀਂ ਕਹਾਵਈ = ਕਹਾ ਸਕਦੇ ਭਾਵ ਪਹਿਲਾਂ ਜੀਵਤ ਭਾਵ ਵੱਲੋਂ ਮਰਨਾ ਪੈਂਦਾ ਹੈ ਫਿਰ ਅਸਲੀ ਸਨੇਹੀ ਕਹਾਉਣਾ ਪੈਂਦਾ ਹੈ।

ਅਥਵਾ ਜਿਹੜਾ ਸਿੱਖ ਗੁਰੂ ਨਾਲ ਮਿਲ ਕੇ ਬਿਛੁਰਤ = ਵਿੱਛੜ ਜਾਂਦਾ ਹੈ ਭਾਵ ਜੋ ਗੁਰੂ ਤੋਂ ਬੇਮੁੱਖ ਹੋ ਜਾਂਦਾ ਹੈ ਅਤੇ ਭਾਵੇਂ ਉਹ ਗੁਰ-ਸ਼ਬਦ ਵਿਚ ਸੁਰਤੀ ਦੀ ਲਿਵ ਲਾ ਕੇ ਰੱਖਣਾ ਕਰੇ, ਫੇਰ ਵੀ ਉਸ ਦਾ

ਸਨੇਹ = ਪਿਆਰ ਕਪਟ = ਛਲ ਵਾਲਾ ਹੁੰਦਾ ਹੈ ਤੇ ਉਹ ਸੱਚਾ ਸਨੇਹੀ = ਪ੍ਰੇਮੀ ਨ = ਨਹੀਂ ਕਹਾਵਈ = ਕਹਾ ਸਕਦਾ ॥੫੫੦॥

ਦਰਸਨ ਦੀਪ ਦੇਖਿ ਹੋਇ ਨ ਮਿਲੈ ਪਤੰਗੁ;
ਪਰਚਾ ਬਿਹੂਨ ਗੁਰਸਿਖ ਨ ਕਹਾਵਈ ॥

ਜਿਵੇਂ ਦੀਪ = ਦੀਵੇ ਦਾ ਦਰਸਨ = ਦੀਦਾਰ ਦੇਖਿ = ਤੱਕ ਕੇ ਜਿਹੜਾ ਪਤੰਗੁ = ਪਰਵਾਨਾ ਦੀਵੇ ਨੂੰ ਮਿਲੈ = ਮਿਲਣਾ ਨ = ਨਹੀਂ ਕਰਦਾ, ਉਹ ਅਸਲੀ ਪਤੰਗਾ ਨਹੀਂ ਹੋਇ = ਹੁੰਦਾ, ਉਸੇ ਤਰ੍ਹਾਂ ਹੀ ਸਤਿਗੁਰਾਂ ਦੇ ਪ੍ਰੇਮ ਰੂਪੀ ਪਰਚਾ = ਪਰਚੇ ਤੋਂ ਬਿਹੂਨ = ਬਗ਼ੈਰ ਕੋਈ ਸਿੱਖ ਆਪਣੇ ਆਪ ਨੂੰ ਸਿੱਖ ਨ = ਨਹੀਂ ਕਹਾਵਈ = ਕਹਾ ਸਕਦਾ।

ਸੁਨਤ ਸਬਦ ਧੁਨਿ ਹੋਇ ਨ ਮਿਲਤ ਮ੍ਰਿਗ;
ਸਬਦ ਸੁਰਤਿ ਹੀਨ ਜਨਮੁ ਲਜਾਵਈ ॥

ਜਿਵੇਂ ਮ੍ਰਿਗ = ਹਿਰਨ ਘੰਡੇਹੇੜੇ ਦੇ ਸ਼ਬਦ ਦੀ ਧੁਨਿ = ਆਵਾਜ਼ ਨੂੰ ਸੁਨਤ = ਸੁਣ ਕੇ, ਉਸ ਵਿਚ ਬਿਰਤੀ ਨਹੀਂ ਮਿਲਤ = ਮਿਲਾਉਂਦਾ, ਉਹ ਹਿਰਨ ਨਹੀਂ ਹੋਇ = ਹੁੰਦਾ; ਉਸੇ ਤਰ੍ਹਾਂ ਜਿਹੜਾ ਸਿੱਖ ਗੁਰ ਸਬਦ = ਉਪਦੇਸ਼ ਵਿਚ ਚਿੱਤ ਦੀ ਸੁਰਤਿ = ਬਿਰਤੀ ਲਾਉਣ ਤੋਂ ਹੀਨ = ਹੀਣਾ ਹੈ, ਉਹ ਸਿੱਖ ਆਪਣੇ ਮਨੁੱਖਾ ਜਨਮ ਨੂੰ ਲਜਾਵਈ = ਲੱਜਾ ਲਗਾਉਂਦਾ ਹੈ। ਜੈਸਾ ਕਿ :

ਅਜਾ ਗਲੇ ਕੇ ਕੁਚਨ ਜਯੋਂ ਜਨਮ ਬਿਅਰਥ ਹੈ ਤਾਸ ॥ *(ਸਾਰੁਕਤਾਵਲੀ)*

ਗੁਰ ਚਰਨਾਮ੍ਰਿਤ ਕੈ ਚਾਤ੍ਰਿਕ ਨ ਹੋਇ ਮਿਲੈ;
ਰਿਦੈ ਨ ਬਿਸਵਾਸੁ ਗੁਰ ਦਾਸ ਹੁਇ ਨ ਹਸਾਵਈ ॥

ਜਿਵੇਂ ਬਰਸਾਤ ਦੇ ਪੈਣ ਵੇਲੇ ਜਿਹੜਾ ਚਾਤ੍ਰਿਕ = ਪਪੀਹਾ ਸੁਆਂਤੀ ਬੂੰਦ ਰੂਪ ਪਾਣੀ ਨੂੰ ਨਹੀਂ ਪੀਣਾ ਕਰਦਾ, ਉਹ ਪਪੀਹਾ ਨਹੀਂ ਹੋਇ = ਹੁੰਦਾ। ਉਸੇ ਤਰ੍ਹਾਂ ਜਿਹੜਾ ਸਿੱਖ ਗੁਰਾਂ ਦੇ ਚਰਨਾਮ੍ਰਿਤ = ਚਰਨਾਂ ਦੇ ਅੰਮ੍ਰਿਤ ਨੂੰ ਪੀਣਾ **ਵਾ:** ਗੁਰਾਂ ਦੇ ਚਰਨਾਂ ਨਾਲ ਮਿਲਣ ਰੂਪ ਅੰਮ੍ਰਿਤ ਨਹੀਂ ਪੀਂਦਾ ਤੇ ਪ੍ਰੇਮ ਨਹੀਂ ਕਰਦਾ ਹੈ, ਉਹ ਸਿੱਖ ਨਹੀਂ ਹੋ ਸਕਦਾ ਕਿਉਂਕਿ ਉਸ ਦੇ ਰਿਦੈ = ਚਿੱਤ ਵਿਚ ਬਿਸਵਾਸੁ = ਭਰੋਸਾ ਨ = ਨਹੀਂ ਹੁੰਦਾ ਅਤੇ ਉਹ ਮੇਰੇ ਵਾਂਗ ਆਪਣਾ ਨਾਮ ਗੁਰਾਂ ਦਾ ਦਾਸ = ਸੇਵਕ ਕਹਾਉਂਦਾ ਹੈ ਪਰ ਅੰਤ ਨੂੰ ਉਹ ਆਪਣੇ ਆਪ 'ਤੇ ਲੋਕਾਂ ਨੂੰ ਹਸਾਵਈ = ਹਸਾਉਣਾ ਕਰਦਾ ਹੈ ਭਾਵ ਅਖ਼ੀਰ ਨੂੰ ਜਦੋਂ ਵਿਖਾਵੇ ਮਾਤਰ ਬਣੇ ਸਿੱਖ ਦੀ ਅਸਲੀਅਤ ਲੋਕਾਂ ਨੂੰ ਪਤਾ ਲੱਗ ਗਈ ਤਾਂ ਸਾਰੇ ਲੋਕ ਹੱਸਣਾ ਕਰਦੇ ਹਨ।

ਅਥਵਾ ਜਿਵੇਂ ਚਾਤ੍ਰਿਕ = ਪਪੀਹਾ ਸ੍ਵਾਂਤੀ ਬੂੰਦ ਨੂੰ ਪੀਣ ਵਾਸਤੇ ਜਲਦੀ ਜਲਦੀ ਉਤਸ਼ਾਹ ਨਾਲ ਪ੍ਰਿਉ ਪ੍ਰਿਉ ਨਹੀਂ ਕਰਦਾ ਹੈ, ਉਸੇ ਤਰ੍ਹਾਂ ਗੁਰਾਂ ਦੇ ਚਰਨਾਂ ਦੇ ਅੰਮ੍ਰਿਤ ਨੂੰ ਪੀਣ ਵਾਸਤੇ ਜੇ ਸਿੱਖ ਉਤਸ਼ਾਹ ਦੇ ਸਹਿਤ ਹੋਇ = ਹੋ ਕੇ ਗੁਰਾਂ ਨਾਲ ਮਿਲੈ = ਮਿਲਣਾ ਨ = ਨਹੀਂ ਕਰਦਾ ਤਾਂ ਉਸ ਦੇ ਚਿੱਤ ਵਿਚ ਭਰੋਸਾ ਨਹੀਂ ਹੁੰਦਾ ਤੇ ਉਹ ਗੁਰੂ ਦਾ ਦਾਸ = ਸੇਵਕ ਵੀ ਨਹੀਂ ਹੋ ਸਕਦਾ, ਉਹ ਤਾਂ ਕੇਵਲ ਆਪਣੇ ਆਪ ਨੂੰ ਗੁਰਾਂ ਦਾ ਸੇਵਕ ਕਹਾ ਕੇ ਲੋਕਾਂ ਨੂੰ ਹਸਾਵਈ = ਹਸਾਉਣਾ ਕਰਦਾ ਹੈ।

ਸਤਿਰੂਪ ਸਤਿਨਾਮੁ ਸਤਿਗੁਰ ਗਿਆਨ ਧਿਆਨ;
ਏਕ ਟੇਕ ਸਿਖ ਜਲ ਮੀਨ ਹੁਇ ਦਿਖਾਵਈ ॥੫੫੧॥

ਜੋ ਸਤਿ = ਸੱਚ ਰੂਪ ਪਰਮੇਸ਼ਰ ਦਾ ਸਰੂਪ ਸਤਿਗੁਰ = ਸੱਚੇ ਗੁਰਾਂ ਦੇ ਸਤਿਨਾਮੁ = ਸੱਚੇ ਨਾਮ ਦੁਆਰਾ ਪ੍ਰਭੂ ਦੇ ਗਿਆਨ ਤੇ ਧਿਆਨ ਦੀ ਹੀ ਏਕ = ਇਕ ਟੇਕ = ਓਟ ਲੈਂਦੇ ਹਨ, ਉਹ ਸਿੱਖ ਗੁਰਾਂ ਨਾਲ ਇਉਂ ਪ੍ਰੀਤੀ ਦੇ ਸਹਿਤ ਹੁਇ = ਹੋ ਕੇ ਦਿਖਾਉਂਦੇ ਹਨ ਜਿਵੇਂ ਮੀਨ = ਮੱਛੀ ਜਲ = ਪਾਣੀ ਨਾਲ ਆਪਣੀ ਪ੍ਰੀਤੀ ਦਿਖਾਵਈ = ਦਿਖਾਉਂਦੀ ਹੈ ॥੫੫੧॥

ਉਤਮ ਮਧਿਮ ਅਰ ਅਧਮ ਤ੍ਰਿਬਿਧਿ ਜਗੁ;
ਆਪਨੋ ਸੁਅੰਨ ਕਾਹੂ ਬੁਰੋ ਤਉ ਨ ਲਾਗਿ ਹੈ ॥

ਉਤਮ = ਸ੍ਰੇਸ਼ਟ, ਮਧਿਮ = ਵਿਚਕਾਰੇ ਮੇਲ ਦਾ ਅਰ = ਅਤੇ ਅਧਮ = ਨੀਚ ਇਉਂ ਤ੍ਰਿਬਿਧਿ = ਤਿੰਨ ਤਰ੍ਹਾਂ ਦਾ ਜੁਗ = ਸੰਸਾਰ ਹੈ, ਪਰੰਤੂ ਤਉ = ਤਦ ਵੀ ਆਪਨੋ = ਆਪੋ ਆਪਣਾ ਸੁਅੰਨ = ਪੁੱਤਰ ਕਾਹੂ = ਕਿਸੇ ਨੂੰ ਬੁਰੋ = ਭੈੜਾ ਨ = ਨਹੀਂ ਲਾਗਿ = ਲੱਗਦਾ ਹੈ।

ਸਭ ਕੋਊ ਬਨਜੁ ਕਰਤ ਲਾਭ ਲਭਤ ਕਉ;
ਆਪਨੋ ਬਿਉਹਾਰੁ ਭਲੋ ਜਾਨਿ ਅਨੁਰਾਗਿ ਹੈ ॥

ਸਭ = ਹਰੇਕ ਕੋਊ = ਕੋਈ ਲਾਭ = ਨਫ਼ੇ ਦੀ ਲਭਤ = ਖੋਜ, ਪ੍ਰਾਪਤੀ ਕਉ = ਵਾਸਤੇ ਹੀ ਬਨਜੁ = ਵਪਾਰ ਕਰਤ = ਕਰਦਾ ਹੈ ਪਰ ਹਰੇਕ ਆਪਨੋ = ਆਪਣੇ ਆਪਣੇ ਬਿਉਹਾਰੁ = ਕਾਰੋ-ਵਿਹਾਰ ਨੂੰ ਭਲੋ = ਚੰਗਾ ਜਾਣ ਕੇ ਉਸ ਵਿਚ ਅਨੁਰਾਗਿ = ਪ੍ਰੇਮ ਕਰਦਾ ਹੈ।

ਤੈਸੇ ਅਪਨੇ ਅਪਨੇ ਇਸਟੈ ਚਾਹਤ ਸਭੈ;
ਅਪਨੇ ਪਹਿਰੇ ਸਭ ਜਗਤੁ ਸੁਜਾਗਿ ਹੈ ॥

ਤੈਸੇ = ਉਸੇ ਤਰ੍ਹਾਂ ਹੀ ਅਪਨੇ ਅਪਨੇ = ਆਪੋ ਆਪਣੇ ਇਸਟੈ = ਪਿਆਰੇ ਧਰਮ ਨੂੰ ਸਭੈ = ਹਰੇਕ ਕੋਈ ਚਾਹਤ = ਚਾਹੁੰਦਾ ਹੈ ਤੇ ਇਸੇ ਤਰ੍ਹਾਂ ਅਪਨੇ = ਆਪੋ ਆਪਣੇ ਪਹਿਰੇ = ਅਧਿਕਾਰ ਅੰਦਰ ਸਭ = ਹਰੇਕ ਕੋਈ ਜਗਤੁ = ਸੰਸਾਰ ਵਿਚ ਸੁਜਾਗਿ = ਜਾਗਦਾ ਹੈ।

ਸੁਅੰਨੁ ਸਮਰਥ ਭਏ ਬਨਜੁ ਬਿਕਾਨੇ ਜਾਨੈ;
ਇਸਟ ਪ੍ਰਤਾਪੁ ਅੰਤ ਕਾਲਿ ਅਗ੍ਰਭਾਗਿ ਹੈ ॥੫੫੨॥

(ਪਾਠਾਂਤ੍ਰ 'ਸਮਰਤ')

ਜਿਸ ਤਰ੍ਹਾਂ ਨਿੱਜ ਘਰ ਦੇ ਸੁਅੰਨ = ਪੁੱਤਰ ਬਨਜ = ਵਣਜ ਵਪਾਰ ਨੂੰ ਜਾਨੈ = ਜਾਨਣ, ਖ਼ਰੀਦਣ ਤੇ ਬਿਕਾਨੇ = ਵਿਕਾਉਣ ਵਿਚ ਸਮਰੱਥ, ਤਿਆਰ-ਬਰ-ਤਿਆਰ ਭਏ = ਹੋ ਜਾਵੇ (ਤਾਂ ਉਹ ਫੇਰ ਧੋਖਾ ਨਹੀਂ ਖਾਂਦਾ) ਇਸੇ ਤਰ੍ਹਾਂ ਹੀ ਆਪੋ-ਆਪਣੇ ਇਸਟ = ਪਿਆਰੇ ਧਰਮ ਦਾ ਪ੍ਰਤਾਪੁ = ਤੇਜ ਪ੍ਰਭਾਵ ਅੰਤਿ = ਓੜਕ ਦੇ ਕਾਲਿ = ਸਮੇਂ ਅਗ੍ਰਭਾਗਿ = ਸਨਮੁਖ ਸਹਾਇਤਾ ਕਰਨ ਵਾਲਾ ਹੁੰਦਾ ਹੈ ॥੫੫੨॥

ਆਪਨੋ ਸੁਅੰਨੁ ਸਭ ਕਾਹੂਐ ਸੁੰਦਰ ਲਾਗੈ;
ਸਫਲੁ ਸੁੰਦਰਤਾ ਸੰਸਾਰ ਮੈ ਸਰਾਹੀਐ ॥

ਆਪਨੋ = ਆਪੋ ਆਪਣਾ ਸੁਅੰਨੁ = ਪੁੱਤਰ ਤਾਂ ਸਭ = ਹਰੇਕ ਕਾਹੂਐ = ਕਿਸੇ ਨੂੰ ਸੁੰਦਰ = ਸੋਹਣਾ ਲਾਗੈ = ਲੱਗਦਾ ਹੈ ਪਰੰਤੂ ਸੁੰਦਰਤਾ = ਸੁਹੱਪਣਤਾ ਸਫਲ = ਸਫਲੀ ਉਹੀ ਹੈ, ਜਿਸ ਨੂੰ ਸਾਰੇ ਸੰਸਾਰ = ਜਗਤ ਮੈ = ਵਿਚ ਸਰਾਹੀਐ = ਸਲਾਹਿਆ ਜਾਵੇ।

ਆਪਨੋ ਬਨਜੁ ਬੁਰੋ ਲਾਗਤ ਨ ਕਾਹੂ ਰਿਦੈ;
ਜਾਹਿ ਜਗੁ ਭਲੋ ਕਹੈ ਸੋਈ ਤਉ ਬਿਸਾਹੀਐ ॥

ਆਪਨੋ = ਆਪਣਾ ਬਨਜੁ = ਵਪਾਰ ਕਾਹੂ = ਕਿਸੇ ਨੂੰ ਵੀ ਆਪਣੇ ਰਿਦੈ = ਚਿੱਤ ਵਿਚ ਬੁਰੋ = ਭੈੜਾ ਨ = ਨਹੀਂ ਲਾਗਤ = ਲੱਗਦਾ ਪਰ ਜਾਹਿ = ਜਿਸ ਸੌਦੇ ਨੂੰ ਸਾਰਾ ਜਗੁ = ਸੰਸਾਰ ਭਲੋ = ਚੰਗਾ ਕਹੈ = ਕਹਿਣਾ ਕਰੇ ਤਉ = ਤਦ ਹੀ ਸੋਈ = ਉਸ ਸੌਦੇ ਨੂੰ ਬਿਸਾਹੀਐ = ਖ਼ਰੀਦਣਾ ਚਾਹੀਦਾ ਹੈ।

ਆਪਨੋ ਕਰਮੁ ਕੁਲਾ ਧਰਮ ਕਰਤ ਸਭੈ;
ਉਤਮ ਕਰਮੁ ਲੋਗ ਬੇਦ ਅਵਗਾਹੀਐ ॥

ਆਪਨੋ = ਆਪੋ ਆਪਣੀ ਕੁਲਾ = ਵੰਸ ਦੇ ਧਰਮ ਦਾ ਕਰਮੁ = ਕੰਮ ਸਭੈ = ਹਰੇਕ ਹੀ ਕਰਤ = ਕਰਦਾ ਹੈ **ਵਾ:** ਹਰੇਕ ਹੀ ਕਰਨਾ ਚੰਗਾ ਕਹਿੰਦਾ ਹੈ ਪਰੰਤੂ ਉਤਮ = ਸ੍ਰੇਸ਼ਟ ਕਰਮੁ = ਕੰਮ ਉਹੋ ਹੀ ਹੁੰਦਾ ਹੈ, ਜਿਸ ਨੂੰ ਲੋਗ = ਲੋਕ ਤੇ ਬੇਦਾਂ ਸ਼ਾਸਤਰਾਂ ਨੇ ਅਵਗਾਹੀਐ = ਵਿਚਾਰਿਆ ਹੋਵੇ ਅਰਥਾਤ ਜਿਸ ਕੰਮ ਨੂੰ ਲੋਕ ਚੰਗਾ ਸਮਝਣ ਤੇ ਬੇਦਾਂ ਸ਼ਾਸਤਰਾਂ ਵਿਚ ਜਿਸ ਦੀ ਨਿਖੇਧੀ ਨਾ ਹੋਵੇ।

ਗੁਰ ਬਿਨੁ ਮੁਕਤਿ ਨ ਹੋਇ ਸਭ ਕੋਊ ਕਹੈ;
ਮਾਇਆ ਮੈ ਉਦਾਸ ਰਾਖੈ ਸੋਈ ਗੁਰ ਚਾਹੀਐ ॥੫੫੩॥

ਇਸੇ ਤਰ੍ਹਾਂ ਪੂਰੇ ਗੁਰ = ਸਤਿਗੁਰਾਂ ਤੋਂ ਬਿਨੁ = ਬਗ਼ੈਰ ਕੋਈ ਵੀ ਮੁਕਤਿ = ਮੁਕਤੀ ਦੀ ਪ੍ਰਾਪਤੀ ਵਾਲਾ ਨ = ਨਹੀਂ ਹੋਇ = ਹੁੰਦਾ, ਇਹ ਗੱਲ ਸਭ = ਹਰੇਕ ਕੋਊ = ਕੋਈ ਕਹੈ = ਆਖਦਾ ਹੈ, ਪਰੰਤੂ ਜਿਹੜਾ ਮਾਇਆ ਮੈ = ਵਿਚ ਉਦਾਸ = ਉਪਰਾਮਤਾ ਰਾਖੈ = ਰੱਖਣਾ ਕਰੇ ਭਾਵ ਸੰਸਾਰੀ ਕਾਰੋ-ਵਿਹਾਰਾਂ ਵਿਚ ਉਪਰਾਮਤਾ ਰੱਖਣਾ ਕਰੇ ਸੋਈ = ਉਹੋ ਹੀ ਗੁਰੂ ਧਾਰਨਾ ਚਾਹੀਐ = ਚਾਹੀਦਾ ਹੈ ॥੫੫੩॥ ਜੈਸਾ ਕਿ :

ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥ *(ਕਾਨੜਾ ਮ: ੫, ਅੰਗ ੧੩੦੧)*

ਜੈਸੇ ਮਧੁ ਮਾਖੀ ਸੀਚਿ ਸੀਚਿ ਕੈ ਇਕਤ੍ਰ ਕਰੈ;
ਹਰੈ ਮਧੂ ਆਇ ਤਾ ਕੇ ਮੁਖਿ ਛਾਰੁ ਡਾਰਿ ਕੈ ॥

ਜੈਸੇ = ਜਿਸ ਤਰ੍ਹਾਂ ਮਧੁ = ਸ਼ਹਿਦ ਦੀ ਮਾਖੀ = ਮੱਖੀ ਥੋੜ੍ਹਾ ਥੋੜ੍ਹਾ ਸੀਚਿ ਸੀਚਿ = ਸਿੰਜ ਸਿੰਜ ਕੈ = ਕਰਕੇ ਸ਼ਹਿਦ ਇਕੱਤ੍ਰ = ਇਕੱਠਾ ਕਰੈ = ਕਰਦੀ ਹੈ ਤੇ ਮਧੂ = ਸ਼ਹਿਦ ਨੂੰ ਹਰੈ = ਚੁਰਾਉਣ ਲਈ ਆਏ ਲੋਕ

ਤਾ = ਉਸ ਕੇ = ਦੇ ਮੁਖਿ = ਮੂੰਹ ਵਿਚ ਛਾਰੁ = ਸੁਆਹ ਡਾਰਿ = ਸੁੱਟ, ਪਾ ਕੈ = ਕਰਕੇ ਸ਼ਹਿਦ ਲੈ ਜਾਂਦੇ ਹਨ।

ਜੈਸੇ ਬਛ ਹੇਤ ਗਊ ਸੰਚਤ ਹੈ ਖੀਰ;
ਤਾਹਿ ਲੇਤ ਹੈ ਅਹੀਰੁ ਦੁਹਿ ਬਛਰੇ ਬਿਡਾਰਿ ਕੈ॥

ਜੈਸੇ = ਜਿਸ ਤਰ੍ਹਾਂ ਗਊ = ਗਾਂ ਬਛ = ਵੱਛੇ ਹੇਤ = ਵਾਸਤੇ ਖੀਰ = ਦੁੱਧ ਸੰਚਤ = ਇਕੱਤਰਤ ਕਰਦੀ ਹੈ ਅਤੇ ਅਹੀਰੁ = ਗੁੱਜਰ ਬਛਰੇ = ਵੱਛੇ ਨੂੰ ਬਿਡਾਰਿ = ਹਟਾ ਕੈ = ਕਰਕੇ ਤਾਹਿ = ਉਸ ਗਊ ਦਾ ਦੁਹਿ = ਦੁੱਧ ਚੋਅ ਲੇਤ = ਲੈਂਦਾ ਹੈ। ਜੈਸਾ ਕਿ :

ਗਊ ਬਾਛ ਕਉ ਸੰਚੈ ਖੀਰ॥ ਗਲਾ ਬਾਂਧਿ ਦੁਹਿ ਲੇਇ ਅਹੀਰ॥

(ਸਾਰੰਗ ਨਾਮਦੇਉ ਜੀ, ਅੰਗ ੧੨੫੨)

ਜੈਸੇ ਧਰ ਖੋਦਿ ਖੋਦਿ ਕਰਿ ਬਿਲ ਸਾਜੈ ਮੂਸਾ;
ਪੈਸਤ ਸਰਪੁ ਧਾਇ ਖਾਇ ਤਾਹਿ ਮਾਰਿ ਕੈ॥

ਜੈਸੇ = ਜਿਸ ਪ੍ਰਕਾਰ ਧਰ = ਧਰਤੀ ਨੂੰ ਖੋਦਿ ਖੋਦਿ = ਪੁੱਟ ਪੁੱਟ ਕਰਿ = ਕਰਕੇ ਮੂਸਾ = ਚੂਹਾ ਬਿਲ = ਖੁੱਡ ਨੂੰ ਸਾਜੈ = ਸਾਜਨਾ, ਬਣਾਉਣਾ ਕਰਦਾ ਹੈ ਪਰ ਸਰਪ = ਸੱਪ ਤਾਹਿ = ਉਸ ਨੂੰ ਮਾਰ ਕੈ = ਕਰਕੇ ਤੇ ਖਾਇ = ਖਾ ਕਰਕੇ ਬਾਅਦ ਵਿਚ ਧਾਇ = ਦੌੜ ਕੇ ਖੁੱਡ ਵਿਚ ਪੈਸਤ = ਪੈ ਜਾਂਦਾ ਹੈ।

ਤੈਸੇ ਕੋਟਿ ਪਾਪ ਕਰਿ ਮਾਇਆ ਜੋਰਿ ਜੋਰਿ ਮੂੜ;
ਅੰਤਿ ਕਾਲਿ ਛਾਡਿ ਚਲੈ ਦੋਨੋ ਕਰ ਝਾਰਿ ਕੈ॥੫੫੪॥

ਤੈਸੇ = ਉਸੇ ਪ੍ਰਕਾਰ ਮੂੜ = ਬੇਸਮਝ ਪੁਰਖ ਕੋਟਿ = ਕਰੋੜਾਂ ਪਾਪ = ਗੁਨਾਹ ਕਰ ਕਰ ਕੇ ਮਾਇਆ ਨੂੰ ਜੋਰਿ ਜੋਰਿ = ਜੋੜ ਜੋੜ ਕੇ ਅਤਿਅੰਤ ਇਕੱਤਰ ਕਰ ਲੈਂਦਾ ਹੈ ਪਰ ਅੰਤਿ = ਓੜਕ ਕਾਲਿ = ਸਮੇਂ ਨੂੰ ਆਪਣੇ ਦੋਨੋ = ਦੋਵੇਂ ਕਰ = ਹੱਥ ਝਾਰਿ = ਝਾੜ ਕੈ = ਕਰਕੇ ਮਾਇਆ ਨੂੰ ਇਥੇ ਹੀ ਛਾਡਿ = ਛੱਡ ਕੇ ਖ਼ਾਲੀ ਹੱਥ ਹੀ ਪ੍ਰਲੋਕ ਵੱਲ ਨੂੰ ਚਲੈ = ਚਲਿਆ ਜਾਂਦਾ ਹੈ॥੫੫੪॥ ਜੈਸਾ ਕਿ :

ਮਾਇਆ ਸੰਚਿ ਰਾਜੇ ਅਹੰਕਾਰੀ॥ ਮਾਇਆ ਸਾਥਿ ਨ ਚਲੈ ਪਿਆਰੀ॥ *(ਅੰਗ ੧੩੪੨)*

ਜਾ ਕੇ ਅਨਿਕ ਫਨੰਗ ਫਨਗ੍ ਭਾਰ ਧਰਨਿ ਧਾਰੀ;
ਤਾਹਿ ਗਿਰਧਰ ਕਹੈ ਕਉਨ ਸੀ ਬਡਾਈ ਹੈ॥

ਜਾ = ਜਿਸ ਕੇ = ਦੇ ਅਨਿਕ = ਅਨੰਤ ਹੀ ਫਨੰਗ (ਫਨ + ਅੰਗ) ਫਨ = ਫਣਾਂ ਰੂਪ ਅੰਗ ਧਾਰਨ ਕਰਨ ਵਾਲੇ ਅਜਿਹੇ ਸ਼ੇਸ਼ਨਾਗ ਆਦਿ ਸੱਪ ਫਨਗ੍ = ਫਣ ਦੀ ਨੋਕ ਉੱਤੇ ਧਰਨਿ = ਧਰਤੀ ਦੇ ਭਾਰ ਧਾਰੀ = ਧਾਰਨ, ਚੁੱਕਣ ਵਾਲੇ ਅਨੇਕਾਂ ਹੀ ਜਿਸ ਪਰਮੇਸ਼ਰ ਨੇ ਰਚੇ ਹੋਏ ਹਨ ਜੋ ਤਾਹਿ = ਉਸ ਨੂੰ ਛੋਟਾ ਜਿਹਾ ਗਿਰਧਰ = ਪਹਾੜ ਚੁੱਕਣ ਵਾਲਾ ਕਹੈ = ਆਖਣਾ ਕਰੀਏ ਤਾਂ ਇਹ ਉਸ ਦੀ ਕਉਨ = ਕੌਣ ਸੀ ਬਡਾਈ = ਉਪਮਾ ਹੈ। ਇਸੇ ਤਰ੍ਹਾਂ ਹੀ ਜਿਸ ਪਰਮੇਸ਼ਰ ਨੇ ਸਾਰੇ ਜਗਤ ਨੂੰ ਉਤਪੰਨ ਕਰ ਕੇ ਪਾਲਣ ਪੋਸ਼ਣ ਰੂਪ ਵਜ਼ਨ ਚੁੱਕਿਆ ਹੈ,

ਜੇ ਉਸ ਨੂੰ ਇਕ ਕ੍ਰਿਸ਼ਨ ਪਹਾੜ ਚੁੱਕਣ ਵਾਲਾ ਕਹਿ ਦੇਣਾ ਕਰੀਏ ਤਾਂ ਕੀ ਉਸ ਦੀ ਉਪਮਾ ਹੁੰਦੀ ਹੈ, ਭਾਵ ਨਹੀਂ ਹੁੰਦੀ।

ਜਾ ਕੋ ਏਕ ਬਾਵਰੋ ਬਿਸ੍ਵਨਾਥ ਨਾਮ ਕਹਾਵੈ;
ਤਾਹਿ ਬ੍ਰਿਜਨਾਥ ਕਹੇ ਕਉਨ ਅਧਿਕਾਈ ਹੈ॥

ਜਾ = ਜਿਸ ਕੋ = ਦਾ ਏਕ = ਇਕ ਬਾਵਰੋ = ਮਸਤਾਨਾ ਜਿਹਾ ਦਾਸ ਭਾਵ ਮਹਾਂਦੇਵ ਬਿਸ੍ਵਨਾਥ (ਬਿਸ੍ਵ + ਨਾਥ) ਸਾਰੇ ਬਿਸ੍ਵ = ਸੰਸਾਰ ਦਾ ਨਾਥ = ਸੁਆਮੀ ਨਾਮ ਨਾਲ ਆਪਣੇ ਆਪ ਨੂੰ ਕਹਾਵੈ = ਅਖਵਾ ਰਿਹਾ ਹੈ, ਤਾਹਿ = ਉਸ ਨੂੰ ਬ੍ਰਿਜਨਾਥ (ਬ੍ਰਿਜ + ਨਾਥ) ਇਕ ਬ੍ਰਿਜ = ਦੇਸ਼ ਦਾ ਨਾਥ = ਸੁਆਮੀ ਕਹੈ = ਆਖਣ ਨਾਲ ਕਉਨ = ਕਿਹੜੀ ਅਧਿਕਾਈ = ਅਧਕਤਾ (ਵਿਸ਼ੇਸ਼ਤਾ) ਹੈ।

ਅਨਿਕ ਅਕਾਰ ਓਅੰਕਾਰ ਕੇ ਬਿਥਾਰੇ ਜਾਹਿ;
ਤਾਹਿ ਨੰਦ ਨੰਦਨ ਕਹੇ ਕਉਨ ਸੋਭਤਾਈ ਹੈ॥

ਜਾਹਿ = ਜਿਸ ਓਅੰਕਾਰ = ਪਰਮੇਸ਼ਰ ਕੇ = ਦੇ ਅਕਾਰ = ਸਰੂਪ ਦੇ ਅਨਿਕ = ਅਨੰਤ ਬਿਥਾਰੇ = ਫੈਲਾਅ ਹੋਏ ਹਨ, ਭਾਵ ਜੋ ਆਪ ਹੀ ਅਨੇਕਾਂ ਖੰਡਾਂ ਬ੍ਰਹਿਮੰਡਾਂ ਦੇ ਰਚਣ ਵਾਲਾ ਹੈ, ਤਾਹਿ = ਉਸ ਨੂੰ ਨੰਦ ਬਾਬੇ (ਕ੍ਰਿਸ਼ਨ ਜੀ ਦਾ ਪਿਤਾ) ਦਾ ਨੰਦਨ = ਪੁੱਤਰ (ਕ੍ਰਿਸ਼ਨ ਜੀ) ਕਹੇ = ਆਖਣ ਵਿਚ ਕਉਨ = ਕਿਹੜੀ ਸੋਭਤਾਈ = ਵਡਿਆਈ ਹੈ।

ਜਾਨਤ ਉਸਤਤਿ ਕਰਤ ਨਿੰਦਿਆ ਅੰਧ ਮੂੜ;
ਐਸੇ ਅਰਾਧਬੇ ਤੇ ਮੋਨਿ ਸੁਖਦਾਈ ਹੈ॥੫੫੫॥

ਅੰਧ = ਅਗਿਆਨੀ ਤੇ ਮੂੜ = ਮੂਰਖ (ਬੇਸਮਝ) ਲੋਕ ਜਾਨਤ = ਜਾਣਦੇ ਤਾਂ ਇਉਂ ਹਨ ਕਿ ਅਸੀਂ ਉਸਤਤਿ = ਵਡਿਆਈ ਕਰਤ = ਕਰਦੇ ਹਾਂ ਪਰੰਤੂ ਉਹ ਇਉਂ ਆਖ ਕੇ ਨਿੰਦਿਆ = ਅਪਕੀਰਤੀ ਕਰਦੇ ਹਨ, ਐਸੇ = ਅਜਿਹੇ ਅਰਾਧਬੇ = ਅਰਾਧਨ ਤੇ = ਤੋਂ ਤਾਂ ਮੋਨਿ = ਚੁੱਪ ਰਹਿਣਾ ਹੀ ਸੁਖਦਾਈ = ਅਨੰਦਦਾਇਕ ਹੈ ॥੫੫੫॥

ਅਥਵਾ ਜਿਸ ਵਕਤ ਭਾਈ ਗੁਰਦਾਸ ਜੀ ਕਾਂਸ਼ੀ ਵਿਚ ਗਏ ਸਨ ਤੇ ਉਥੋਂ ਦੇ ਬ੍ਰਾਹਮਣ ਲੋਕ, ਤਰਕਾਂ ਕਰਨ ਵਾਲੇ ਲੋਕਾਂ ਨੇ ਭਾਈ ਸਾਹਿਬ ਜੀ ਨੂੰ ਗੁਰਸਿੱਖੀ ਵਾਲੇ ਮਾਰਗ ਤੋਂ ਮੋੜ ਕੇ ਆਪਣੇ ਦੇਵੀ ਦੇਵਤਿਆਂ ਨੂੰ ਮੰਨਣ ਵਾਲੇ ਮੱਤ ਵਿਚ ਲਿਆਉਣ ਦਾ ਉੱਦਮ ਆਰੰਭਿਆ। ਜਦੋਂ ਆਨ ਮੱਤਾਂ ਵਾਲੇ ਤਰਕਬਾਜ਼ੀ ਲੋਕ ਭਾਈ ਸਾਹਿਬ ਜੀ ਨੂੰ ਆਨ ਸੇਵਾ ਦੀ ਵਿਸ਼ੇਸ਼ਤਾ ਦੇ ਬਾਬਤ ਦੱਸਦੇ ਤੇ ਉਨ੍ਹਾਂ ਨੂੰ ਪ੍ਰਸ਼ਨ ਕਰਦੇ ਸਨ ਤਾਂ ਭਾਈ ਸਾਹਿਬ ਜੀ ਨੇ ਉਨ੍ਹਾਂ ਨੂੰ ਉੱਤਰ ਵਿਚ ਗੁਰੂ ਸੇਵਾ ਦੇ ਅੱਗੇ ਹੋਰ ਦੇਵੀ ਦੇਵਤਿਆਂ ਦੀ ਸੇਵਾ ਥੋੜ੍ਹੇ ਮਾਤਰ ਕਰ ਕੇ ਦਿਖਾ ਦਿੱਤੀ ਕਿ ਗੁਰੂ ਦੀ ਸੇਵਾ ਹੀ ਸਭ ਤੋਂ ਸੁਖਦਾਈ ਤੇ ਮੁਕਤੀ ਦੇਣ ਵਾਲੀ ਹੈ (ਜੋ ਉਪਰੋਕਤ ਕਬਿੱਤ ਵਿਚ ਦੱਸਿਆ ਹੈ) ਭਾਈ ਸਾਹਿਬ ਜੀ ਨੇ ਹਰ ਰੋਜ਼ ਦੇ ਵਰਤਾਰੇ ਵਿਚ ਵਰਤਦਿਆਂ ਉਦਾਹਰਣਾਂ ਤੇ ਸਾਰਿਆਂ ਦੇ ਹੱਡੀਂ ਬੀਤਦੀਆਂ ਗੱਲਾਂ ਨੂੰ ਹੀ ਯੁਕਤੀਆਂ, ਦ੍ਰਿਸ਼ਟਾਂਤਾਂ ਦੀ ਥਾਂ 'ਤੇ ਕੰਮ ਵਿਚ ਲਿਆਉਂਦਿਆਂ, ਉਨ੍ਹਾਂ ਲੋਕਾਂ ਨੂੰ ਭਾਈ ਸਾਹਿਬ ਜੀ ਨੇ ਇਤਨਾ ਨਿਰੁੱਤਰ ਕੀਤਾ ਕਿ ਉਨ੍ਹਾਂ ਵਿੱਚੋਂ ਸੈਂਕੜੇ ਹਜ਼ਾਰਾਂ ਦੀ ਗਿਣਤੀ ਵਿਚ ਗੁਰੂ ਕੇ ਸਿੱਖ ਤੇ ਸ਼ਰਧਾਲੂ ਬਣ ਗਏ। ਗੱਲ ਕੀ ਕਿ 'ਹਰ ਹਰ' ਦੀ

ਥਾਂ 'ਗੁਰ ਗੁਰ' ਦੀ ਰਟ ਜਿਥੇ ਕਿਥੇ ਕਾਂਸ਼ੀ ਵਿਚ ਲਵਾ ਦਿੱਤੀ। ਇਉਂ ਕਾਂਸ਼ੀ ਵਿਚ ਭਾਈ ਸਾਹਿਬ ਜੀ ਦੀ ਜੈ ਜੈਕਾਰ ਹੋਈ ਤੇ ਗੁਰਮਤਿ ਦਾ ਪ੍ਰਚਾਰ ਕੀਤਾ।

ਭਾਈ ਸਾਹਿਬ ਜੀ ਜਦ ਕਾਂਸ਼ੀ ਤੋਂ ਵਾਪਸ ਸਤਿਗੁਰਾਂ ਵੱਲ ਚੱਲਣ ਲੱਗੇ ਤਾਂ ਉਸ ਵਿਦਾਇਗੀ ਦੇ ਸਮੇਂ ਸਾਧਸੰਗਤ ਪ੍ਰਤੀ ਦਿਲਾਸਾ ਦਿੰਦੇ ਹੋਏ ਗੁਰੂ ਦੇਵ ਇਸ਼ਟ ਦਾ ਆਰਾਧਨ ਕਰ ਕੇ ਸਮਾਪਤੀ ਦਾ ਮੰਗਲ ਕਰਦੇ ਹਨ।

ਸ੍ਵੈਯਾ ॥

ਬੇਦ ਬਿਰੰਚਿ ਬਿਚਾਰੁ ਨ ਪਾਵਤ;
ਚਕ੍ਰਿਤ ਸੇਖ ਸਿਵਾਦਿ ਭਏ ਹੈ ॥

ਬੇਦ = ਵੇਦਾਂ ਨੂੰ ਮੁੜ ਮੁੜ ਬਿਚਾਰ = ਵਿਚਾਰ ਕਰ ਕੇ ਵੀ ਬਿਰੰਚਿ = ਬ੍ਰਹਮਾ ਨੇ ਪਰਮੇਸ਼ਰ ਦਾ ਭੇਦ (ਅੰਤ) ਨ = ਨਹੀਂ ਪਾਵਤ = ਪਾਉਣਾ ਕੀਤਾ ਅਤੇ ਸੇਖ = ਸ਼ੇਸ਼ਨਾਗ ਸਿਵਾਦਿ = ਸ਼ਿਵਜੀ ਆਦਿ ਵੀ ਜਿਸ ਪਰਮੇਸ਼ਰ ਨੂੰ ਪ੍ਰਾਪਤ ਕਰਨ ਲਈ ਚਕ੍ਰਿਤ = ਹੈਰਾਨ ਭਏ = ਹੋਏ ਪਏ ਹੈ = ਹਨ।

ਜੋਗ ਸਮਾਧਿ ਅਰਾਧਤ ਨਾਰਦ;
ਸਾਰਦ ਸੁਕ੍ਰ ਸਨਾਤ ਨਏ ਹੈ ॥

ਜਿਸ ਤਰ੍ਹਾਂ ਪਰਮੇਸ਼ਰ ਨੂੰ ਨਾਰਦ, ਸਾਰਦ = ਸਰਸਵਤੀ, ਸੁਕ੍ਰ = ਸ਼ੁਕਰਾਚਾਰਯ ਅਤੇ ਸਨਾਤ = ਸਨਕ, ਸਨੰਦਨ, ਸਨਤ ਕੁਮਾਰ ਨਏ = ਨਵੀਨ ਭਾਵ ਜਵਾਨ ਅਵਸਥਾ ਵਾਲੇ ਆਦਿ ਜੋਗ ਸਮਾਧੀਆਂ ਦੁਆਰਾ ਅਰਾਧਤ = ਅਰਾਧਨਾ ਕਰਦੇ ਹੈ = ਹਨ **ਵਾ:** ਅਰਾਧਦੇ ਹੋਏ ਪਰਮੇਸ਼ਰ ਦੇ ਅੱਗੇ ਨਏ = ਨਮਸਕਾਰ ਕਰਦੇ ਰਹਿੰਦੇ ਹਨ।

ਆਦਿ ਅਨਾਦਿ ਅਗਾਧਿ ਅਗੋਚਰ;
ਨਾਮ ਨਿਰੰਜਨ ਜਾਪ ਜਏ ਹੈ ॥

ਜੋ ਸਭਨਾਂ ਦਾ ਆਦਿ = ਮੁੱਢ ਸਰੂਪ, ਅਨਾਦਿ = ਅਨਾਦੀ ਸਰੂਪ, ਅਗਾਧਿ = ਅਤਿਅੰਤ ਡੂੰਘਾ ਤੇ ਅਗੋਚਰ = ਇੰਦਰੀਆਂ ਦੇ ਅਵਿਸ਼ੇ ਹੈ, ਉਸ ਨਿਰੰਜਨ = ਮਾਇਆ ਰੂਪੀ ਕਾਲਖ ਤੋਂ ਰਹਿਤ ਸ਼ੁੱਧ ਸਰੂਪ ਪਰਮੇਸ਼ਰ ਦੇ ਨਾਮ ਦਾ ਸਾਰੇ ਹੀ ਉਪਰੋਕਤ ਜਨ ਜਾਪ ਜਏ = ਜਪਣਾ ਕਰਦੇ ਹੈ = ਹਨ।

ਸ੍ਰੀ ਗੁਰਦੇਵ ਸਮੇਵ ਸੁ ਸੰਗਤਿ;
ਪੈਰੀ ਪਏ ਭਾਈ ਪੈਰੀ ਪਏ ਹੈ ॥੫੫੬॥

ਉਹੋ ਅਗਮ ਅਗਾਧ ਪਰਮੇਸ਼ਰ ਸ੍ਰੀ = ਸੁਭਾਇਮਾਨ ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਸਰੂਪ ਹੋ ਕੇ ਸੁ = ਸ੍ਰੇਸ਼ਟ ਜਨਾਂ ਦੀ ਸੰਗਤ ਵਿਚ ਸਮੇਵ = ਸਮਾਏ ਹੋਏ ਹਨ, ਜੋ ਗੁਰਮੁਖ ਭਾਈ ਜਨ ਉਸ ਸਰਬ ਸਰੂਪੀ ਗੁਰੂ ਸਾਹਿਬ ਜੀ ਨੂੰ ਸਤਿਸੰਗਤ ਵਿਚ ਪ੍ਰਤੱਖ ਜਾਣ ਕੇ ਦਰਸ਼ਨ ਕਰਦੇ ਹਨ, ਉਨ੍ਹਾਂ ਸਾਰੇ ਗੁਰਮੁਖ ਭਾਈ = ਭਰਾਵਾਂ ਦੇ ਅਸੀਂ ਪੈਰੀ = ਚਰਨੀਂ ਪੈਂਦੇ ਹਾਂ, ਅਸੀਂ ਪੈਰੀ = ਚਰਨੀਂ ਪਏ = ਪੈਂਦੇ ਹਾਂ ਭਾਵ ਵਾਰ ਵਾਰ

ਨਮਸਕਾਰ ਕਰਦੇ ਹਾਂ **ਵਾ:** ਜੋ ਗੁਰਾਂ ਦੇ ਚਰਨਾਂ ਉੱਪਰ ਪੈਣਾ ਕਰਦੇ ਹਾਂ, ਅਸੀਂ ਉਨ੍ਹਾਂ ਗੁਰਮੁਖ ਭਰਾਵਾਂ ਦੇ ਚਰਨੀਂ ਪੈਣਾ ਕਰਦੇ ਹਾਂ॥੫੫੬॥

ਇਥੋਂ ਤਕ ਜੋ ਕਬਿੱਤ ਸਵੱਈਏ ਹਨ, ਇਨ੍ਹਾਂ ਨੂੰ ਕਲਮਬੰਦ ਕਰ ਕੇ ਕਾਂਸ਼ੀ ਤੋਂ ਜੋ ਅੰਮ੍ਰਿਤਸਰ ਸਾਹਿਬ ਪੁੱਜਣ ਦਾ ਜੋ ਇਤਿਹਾਸ ਹੈ, ਉਹ ਅਸਾਂ ਸ਼ੁਰੂ ਵਿਚ ਦੇ ਦਿੱਤਾ ਹੈ, ਪਰ ਸੰਖੇਪ ਨਾਲ ਕੁਝ ਅੱਖਰ ਇਉਂ ਹਨ—ਜਦੋਂ ਭਾਈ ਸਾਹਿਬ ਜੀ ਦੇ ਜੀਵਨ ਦਾ ਭਾਗ ਵਿਛੋੜੇ ਦੇ ਸੋਕੇ ਕਰਕੇ ਸੁੱਕ ਗਿਆ, ਉਸੇ ਵੇਲੇ ਅੰਮ੍ਰਿਤਸਰ ਤੋਂ ਮੁਸ਼ਕਾਂ ਦੇ ਕੇ ਬੰਨ੍ਹਣ ਦਾ ਸੁਨੇਹਾ ਮਿਲਿਆ। ਸੁਣਦਿਆਂ ਸਾਰ ਹੀ ਭਾਈ ਸਾਹਿਬ ਨੂੰ ਇੰਝ ਮਹਿਸੂਸ ਹੋਇਆ ਕਿ ਜਿਵੇਂ ਸੁੱਕੀ ਜ਼ਮੀਨ ਨੂੰ ਬੱਦਲਾਂ ਦੁਆਰਾ ਬਾਰਿਸ਼ ਪ੍ਰਾਪਤ ਹੋ ਜਾਵੇ, ਜੀਵਨ ਦਾ ਸੁੱਕਾ ਬਾਗ਼ ਮਿਲਾਪ ਦੇ ਸੁਨੇਹੇ ਨੇ ਹਰਾ ਕਰ ਦਿੱਤਾ। ਤੁਰਨ ਵੇਲੇ ਭਾਈ ਸਾਹਿਬ ਦਾ ਵਿਛੋੜਾ ਨਾ ਸਹਾਰਦੇ ਹੋਏ ਕਈ ਤਾਂ ਨਾਲ ਹੀ ਤੁਰ ਪਏ, ਜੋ ਤੁਰ ਨਹੀਂ ਸੀ ਸਕਦੇ ਉਨ੍ਹਾਂ ਨੂੰ ਭਾਈ ਸਾਹਿਬ ਜੀ ਉਪਦੇਸ਼ ਦੇ ਕੇ ਅੰਮ੍ਰਿਤਸਰ ਨੂੰ ਰਵਾਨਾ ਹੋ ਗਏ।

ਜੈਸੇ ਤੌ ਕੰਚਨੈ ਪਾਰੋ ਪਰਸਤ ਸੋਖ ਲੇਤ;
ਅਗਨਿ ਮੈ ਡਾਰੇ ਪੁਨ ਪਾਰੋ ਉਡ ਜਾਤ ਹੈ॥

ਜੈਸੇ = ਜਿਸ ਤਰ੍ਹਾਂ ਤੌ = ਤਾਂ ਪਾਰੋ = ਪਾਰਾ ਕੰਚਨੈ = ਸੋਨੇ ਨੂੰ ਪਰਸਤ = ਛੂੰਹਦਿਆਂ ਹੀ ਸੋਖ = ਸੁੱਕਾ, ਢੱਕ ਲੇਤ = ਲੈਂਦਾ ਹੈ ਤੇ ਪਰ ਪੁਨ = ਫੇਰ ਅਗਨਿ = ਅੱਗ ਮੈ = ਵਿਚ ਡਾਰੇ = ਪਾਇਆਂ ਪਾਰੋ = ਪਾਰਾ ਉੱਡ ਜਾਤ = ਜਾਂਦਾ ਹੈ ਤੇ ਸ਼ੁੱਧ ਰੂਪ ਵਿਚ ਸੋਨਾ ਪ੍ਰਗਟ ਹੋ ਜਾਂਦਾ ਹੈ।

ਜੈਸੇ ਮਲ ਮੂਤ੍ਰ ਲਗਿ ਅੰਬਰ ਮਲੀਨ ਹੋਤ;
ਸਾਬਨ ਸਲਿਲ ਮਿਲਿ ਨਿਰਮਲ ਗਾਤ ਹੈ॥

ਜੈਸੇ = ਜਿਸ ਪ੍ਰਕਾਰ ਮਲ ਮੂਤਰ ਲੱਗ ਕੇ ਅੰਬਰ = ਕੱਪੜਾ ਮਲੀਨ = ਮੈਲਾ ਹੋਤ = ਹੋ ਜਾਂਦਾ ਹੈ ਤੇ ਸਾਬਣ ਤੇ ਸਲਿਲ = ਪਾਣੀ ਨਾਲ ਮਿਲਿ = ਮਿਲਣੇ ਕਰਕੇ ਧੋਤਿਆਂ ਨਿਰਮਲ = ਉੱਜਲ ਗਾਤ = ਹਾਲਤ ਵਾਲਾ ਹੋ ਜਾਂਦਾ ਹੈ।

ਜੈਸੇ ਅਹਿ ਗ੍ਰਸੇ ਬਿਖ ਬਿਆਪਤ ਸਗਲ ਅੰਗ;
ਮੰਤ੍ਰ ਕੈ ਬਿਖੈ ਬਿਕਾਰ ਸਭ ਸੁ ਬਿਲਾਤ ਹੈ॥

ਜੈਸੇ = ਜਿਸ ਪ੍ਰਕਾਰ ਅਹਿ = ਸੱਪ ਦੇ ਗ੍ਰਸੇ = ਡੰਗਿਆਂ ਸਰੀਰ ਦੇ ਸਗਲ = ਸਾਰੇ ਅੰਗਾਂ ਵਿਚ ਬਿਖ = ਜ਼ਹਿਰ ਬਿਆਪਤ = ਫੈਲ ਜਾਂਦੀ ਹੈ, ਪਰੰਤੂ ਗਾਰੜੂ ਮੰਤਰ ਕੈ = ਦੇ ਕੀਲਿਆਂ (ਕੀਤਿਆਂ) ਬਿਖੈ = ਜ਼ਹਿਰ ਦਾ ਸਭ = ਸਾਰਾ ਬਿਕਾਰ = ਵਿਗਾੜ ਸੁ = ਵਿਸ਼ੇਸ਼ ਕਰਕੇ ਬਿਲਾਤ = ਦੂਰ ਹੋ ਜਾਂਦਾ ਹੈ।

ਤੈਸੇ ਮਾਇਆ ਮੋਹ ਕੈ ਬਿਮੋਹਤ ਮਗਨ ਮਨੁ;
ਗੁਰ ਉਪਦੇਸਿ ਮਾਇਆ ਮੂਲ ਮੁਰਝਾਤ ਹੈ॥੫੫੭॥

ਤੈਸੇ = ਉਸੇ ਪ੍ਰਕਾਰ ਮਾਇਆ ਦੇ ਮੋਹ = ਸਨੇਹ ਕੈ = ਕਰਕੇ ਬਿਮੋਹਤ (ਬਿ + ਮੋਹਤ) ਬਿ = ਵਿਸ਼ੇਸ਼ ਕਰਕੇ

ਮੋਹਤ = ਮੋਹਿਤ ਹੋ ਕੇ ਮਗਨ = ਮਸਤ ਹੋਇਆ ਮਨ ਗੁਰ ਉਪਦੇਸ = ਸਿੱਖਿਆ ਵਿਚ ਲੱਗ ਕੇ ਮੂਲ = ਮੁੱਢ ਰੂਪ ਮਾਇਆ ਨੂੰ ਮੁਰਝਾਤ = ਕੁਮਲਾ ਦਿੰਦਾ ਹੈ **ਵਾ:** ਮਾਇਆ ਦੀਆਂ ਮੂਲ = ਜੜ੍ਹਾਂ ਨੂੰ ਮੁਰਝਾਤ = ਸੁਕਾ ਦਿੰਦਾ ਹੈ ॥੫੫੭॥

ਜੈਸੇ ਪਾਟ ਚਾਕੀ ਕੇ ਨ ਮੂੰਡ ਕੇ ਉਠਾਏ ਜਾਤ;
ਕਲਾ ਕੀਏ ਲੀਏ ਜਾਤ ਐਂਚਤ ਅਚਿੰਤ ਹੀ ॥

ਜੈਸੇ = ਜਿਸ ਪ੍ਰਕਾਰ ਚਾਕੀ = ਚੱਕੀ (ਖਰਾਸ) ਕੇ = ਦੇ ਪਾਟ = ਪੁੜ ਮੂੰਡ = ਸਿਰ 'ਤੇ ਉਠਾਏ = ਚੁੱਕ ਕੇ ਕਿਤੇ ਲਿਜਾਏ ਨ = ਨਹੀਂ ਜਾਤ = ਜਾ ਸਕਦੇ, ਪਰ ਕਿਸੇ ਕਲਾ = ਸ਼ਕਤੀਸ਼ਾਲੀ ਯੰਤਰ ਨਾਲ ਅਚਿੰਤ = ਚਿੰਤਾ ਤੋਂ ਰਹਿਤ ਭਾਵ ਸੌਖੇ ਹੀ ਐਂਚਤ = ਖਿੱਚ ਕੇ ਲੀਏ = ਲੈ ਜਾਤ = ਜਾਣਾ ਕੀਏ = ਕਰੀਦੇ ਹਨ।

ਜੈਸੇ ਗਜ ਕੇਹਰ ਨ ਬਲ ਕੀਏ ਬਸਿ ਹੋਤ;
ਜਤਨ ਕੈ ਆਨੀਅਤ ਸਮਤ ਸਮਤ ਹੀ ॥

ਜੈਸੇ = ਜਿਸ ਪ੍ਰਕਾਰ ਗਜ = ਹਾਥੀ ਤੇ ਕੇਹਰੀ ਸ਼ੇਰ[1] ਬਲ = ਜ਼ੋਰ ਕੀਏ = ਕੀਤਿਆਂ ਭਾਵ ਜ਼ੋਰ ਨਾਲ ਬਸਿ = ਅਧੀਨ ਨ = ਨਹੀਂ ਹੋਤ = ਹੁੰਦੇ ਪਰੰਤੂ ਸਿਆਣਪ ਤੇ ਜਤਨ = ਕੋਸ਼ਿਸ਼ ਕੈ = ਕਰਕੇ ਸਮਤ ਸਮਤ = ਸੌਖੇ ਭਾਵ ਹੌਲੀ ਹੌਲੀ ਹੀ ਫੜ ਕੇ ਆਨੀਅਤ = ਲਿਆਉਣਾ ਕਰੀਦੇ ਹਨ।

ਜੈਸੇ ਸਰਿਤਾ ਪ੍ਰਬਲ ਦੇਖਤ ਭਯਾਨ ਰੂਪ;
ਕਿਰਵ ਮੇਂ ਚੜ੍ਹ ਪਾਰ ਉਤਰੈ ਤੁਰਤ ਹੀ ॥

ਜੈਸੇ = ਜਿਸ ਤਰ੍ਹਾਂ ਸਰਿਤਾ = ਨਦੀ ਦਾ ਪ੍ਰਬਲ = ਤੇਜ਼ ਵਹਿਣ ਵਾਲਾ ਭਯਾਨ = ਭਿਆਨਕ ਰੂਪ = ਸਰੂਪ ਦੇਖਤ = ਵੇਖਣਾ ਕਰੀਦਾ ਹੈ ਤਾਂ ਉਸ ਨੂੰ ਆਪਣੇ ਆਪ ਤੁਰ ਕੇ ਪਾਰ ਕਰਨਾ ਔਖਾ ਹੈ, ਪਰੰਤੂ ਕਿਰਵ = ਬੇੜੀ ਮੇਂ = ਵਿਚ ਚੜ੍ਹ ਕੇ ਤੁਰਤ = ਜਲਦੀ ਹੀ ਪਾਰਿ = ਪਰਲੇ ਕਿਨਾਰੇ 'ਤੇ ਉਤਰੈ = ਉਤਰ, ਲੰਘ ਸਕੀਦਾ ਹੈ।

ਤੈਸੇ ਦੁਖ ਸੁਖ ਬਹੁ ਬਿਖਮ ਸੰਸਾਰ ਬਿਖੈ;
ਗੁਰ ਉਪਦੇਸ ਜਲ, ਜਲ ਜਾਇ ਕਤ ਹੀ ॥੫੫੮॥

ਤੈਸੇ = ਉਸੇ ਤਰ੍ਹਾਂ ਹੀ ਸੰਸਾਰ = ਜਗਤ ਬਿਖੈ = ਵਿਚ ਦੁੱਖ ਸੁਖ ਬਹੁ = ਬਹੁਤ ਬਿਖਮ = ਕਠਿਨ ਹਨ, ਪਰੰਤੂ ਗੁਰ ਉਪਦੇਸ = ਸਿੱਖਿਆ ਰੂਪ ਜਲ = ਪਾਣੀ ਨਾਲ ਉਹ ਜਲ = ਸੜ ਕੇ ਕਤ = ਕਿਤੇ ਦੂਰ ਹੀ ਚਲੇ ਜਾਇ = ਜਾਂਦੇ ਹਨ ॥੫੫੮॥

ਜੈਸੇ ਤੌ ਮਰਾਲ ਮਾਲ ਬੈਠਤ ਹੈ ਮਾਨਸਰ;
ਮੁਕਤਾ ਅਮੋਲ ਖਾਇ ਪਾਇ ਬਿਗਸਾਤ ਹੈਂ ॥

ਜੈਸੇ = ਜਿਸ ਪ੍ਰਕਾਰ ਤੌ = ਤਾਂ ਮਰਾਲ = ਹੰਸਾਂ ਦੀ ਮਾਲ = ਡਾਰ ਮਾਨਸਰ = ਮਾਨਸਰੋਵਰ ਉੱਤੇ ਜਾ

---

੧. ੩੭੬ਵੇਂ ਕਬਿੱਤ ਵਿਚ ਇਸ ਕੇਹਰੀ ਸ਼ੇਰ ਬਾਰੇ ਪੜ੍ਹੋ।

ਕੇ ਬੈਠਤ = ਬੈਠਣਾ ਕਰਦੀ ਹੈ ਅਤੇ ਅਮੋਲ = ਕੀਮਤੀ ਮੁਕਤਾ = ਮੋਤੀਆਂ ਨੂੰ ਖਾਇ ਖਾਇ = ਖਾ ਖਾ ਕੇ ਬਿਗਸਾਤ = ਪ੍ਰਸੰਨ (ਖਿੜਦੀ) ਹੁੰਦੀ ਹੈ।

ਜੈਸੇ ਤੌ ਸੁਜਨ ਮਿਲਿ ਬੈਠਤ ਹੈਂ ਪਾਕਸਾਲਿ;
ਅਨਿਕ ਪ੍ਰਕਾਰ ਬਿੰਜਨਾਦਿ ਰਸ ਖਾਤ ਹੈਂ॥

ਜੈਸੇ = ਜਿਸ ਪ੍ਰਕਾਰ ਤੌ = ਤਾਂ ਸੁਜਨ = ਸ੍ਰੇਸ਼ਟ ਪੁਰਖ ਪਾਕਸਾਲਿ = ਰਸੋਈ ਵਿਚ ਮਿਲ ਕੇ ਬੈਠਤ = ਬੈਠਣਾ ਕਰਦੇ ਹੈਂ = ਹਨ ਅਤੇ ਅਨਿਕ = ਬਹੁਤ ਪ੍ਰਕਾਰ = ਤਰ੍ਹਾਂ ਦੇ ਬਿੰਜਨਾਦਿ ਰਸ = ਰਸਦਾਇਕ ਭੋਜਨ ਨੂੰ ਖਾਤ = ਖਾਣਾ ਕਰਦੇ ਹੈਂ = ਹਨ।

ਜੈਸੇ ਦ੍ਰੁਮ ਛਾਯਾ ਮਿਲਿ ਬੈਠਤ ਅਨੇਕ ਪੰਛੀ;
ਖਾਇ ਫਲ ਮਧੁਰ ਬਚਨ ਕੈ ਸੁਹਾਤ ਹੈਂ॥

ਜੈਸੇ = ਜਿਸ ਪ੍ਰਕਾਰ ਦ੍ਰੁਮ = ਬ੍ਰਿਛ ਦੀ ਛਾਯਾ = ਛਾਂ ਵਿਚ ਅਨੇਕ = ਅਨੰਤ ਪੰਛੀ ਮਿਲ ਬੈਠਤ = ਬੈਠਦੇ ਹਨ ਤੇ ਮਧੁਰ = ਮਿੱਠੇ ਮਿੱਠੇ ਫਲ ਖਾਇ = ਖਾਂਦੇ ਹਨ ਤੇ ਮਿੱਠੇ ਬਚਨ = ਵਾਕ ਬੋਲਣੇ ਕੈ = ਕਰਕੇ ਸੁਹਾਤ = ਚੰਗੇ ਲੱਗਦੇ ਹੈਂ = ਹਨ।

ਤੈਸੇ ਗੁਰਸਿਖ ਮਿਲਿ ਬੈਠਤ ਧਰਮਸਾਲ;
ਸਹਜ ਸਬਦ ਰਸ ਅੰਮ੍ਰਿਤ ਅਘਾਤ ਹੈਂ॥੫੫੯॥

ਤੈਸੇ = ਉਸੇ ਤਰ੍ਹਾਂ ਗੁਰਸਿਖ = ਗੁਰੂ ਕੇ ਸਿੱਖ ਧਰਮਸਾਲ = ਧਰਮ ਦੇ ਘਰ (ਗੁਰਦੁਆਰੇ) ਵਿਚ ਮਿਲ ਬੈਠਤ = ਬੈਠਦੇ ਹਨ ਤਾਂ ਸੋਹਣੇ ਲੱਗਦੇ ਹਨ, ਜੈਸਾ ਕਿ :

ਸੇਈ ਸੁੰਦਰ ਸੋਹਣੇ॥ ਸਾਧਸੰਗਿ ਜਿਨ ਬੈਹਣੇ॥ *(ਅੰਗ ੧੩੨)*

ਤੇ ਗੁਰਾਂ ਦੀ ਸਬਦ = ਉਪਦੇਸ਼ਮਈ ਅੰਮ੍ਰਿਤ ਬਾਣੀ ਦੇ ਰਸ ਨਾਲ ਸਹਜ = ਸੁਤੇ-ਸਿਧ ਹੀ ਅਘਾਤ = ਤ੍ਰਿਪਤ ਹੁੰਦੇ ਹੈਂ = ਹਨ॥੫੫੯॥

ਜੈਸੇ ਬਨਿਤਾ ਬਚਿਤ੍ਰ ਅਭਰਨ ਸਿੰਗਾਰ ਸਜਿ;
ਭੇਟਤ ਭਤਾਰ ਚਿਤ ਬਿਮਲ ਅਨੰਦ ਹੈ॥

ਜੈਸੇ = ਜਿਸ ਪ੍ਰਕਾਰ ਬਨਿਤਾ = ਇਸਤਰੀ ਬਚਿਤ੍ਰ = ਸੋਹਣੇ ਅਭਰਨ = ਗਹਿਣੇ ਤੇ ਸਿੰਗਾਰ = ਸੁਹੱਪਣ ਸਮੱਗਰੀ ਨਾਲ ਪਹਿਲਾਂ ਸਜਿ = ਸਜਣਾ ਕਰਦੀ ਹੈ ਅਤੇ ਫੇਰ ਆਪਣੇ ਭਤਾਰ = ਪਤੀ ਨੂੰ ਭੇਟਤ = ਮਿਲ ਕੇ ਬਿਮਲ = ਉੱਜਲ ਚਿੱਤ = ਰਿਦੇ ਦੇ ਸਹਿਤ ਅਨੰਦਿਤ ਹੁੰਦੀ ਹੈ।

ਜੈਸੇ ਸਰੁਵਰ ਪਰਿਫੁਲਤ ਕਮਲ ਦਲ;
ਮਧੁਕਰ ਮੁਦਤ ਮਗਨ ਮਕਰੰਦ ਹੈ॥

ਜੈਸੇ = ਜਿਸ ਪ੍ਰਕਾਰ ਸਰੁਵਰ = ਤਲਾਅ ਵਿਚ ਜਦ ਕਮਲ ਦਲ = ਸਾਰੇ ਕੌਲ ਫੁੱਲ ਮਕਰੰਦ ਰਸ ਨਾਲ

ਪ੍ਰਫੁੱਲਤ ਹੁੰਦੇ ਹਨ ਤਦ ਮਧੁਕਰ = ਭੌਰਾ ਉਸ ਵਿੱਚੋਂ ਮੁਦਤ = ਪ੍ਰਸੰਨਤਾ ਦੇ ਸਹਿਤ ਮਕਰੰਦ ਰਸ ਨੂੰ ਪੀ ਪੀ ਕੇ ਮਗਨ = ਮਸਤ ਹੋ ਜਾਂਦਾ ਹੈ।

ਜੈਸੇ ਚਿਤ ਚਾਹਤ ਚਕੋਰ ਦੇਖ ਧਿਆਨ ਧਰੈ;
ਅੰਮ੍ਰਿਤ ਕਿਰਨ ਅਚਵਤ ਹਿਤ ਚੰਦ ਹੈ॥

ਜੈਸੇ = ਜਿਸ ਪ੍ਰਕਾਰ ਜਦ ਅਕਾਸ਼ ਵਿਚ ਚੰਦਰਮਾ ਚੜ੍ਹਦਾ ਹੈ ਤਾਂ ਚਕੋਰ ਆਪਣੇ ਚਿੱਤ ਦੇ ਚਾਹਤ = ਚਾਹੁਣ ਵਾਲੇ ਪਿਆਰੇ ਚੰਦ ਨੂੰ ਧਿਆਨ ਲਾ ਕੇ ਦੇਖ = ਵੇਖਦਾ ਹੈ ਤਾਂ ਚੰਦ = ਚੰਦਰਮਾ ਦੀਆਂ ਅੰਮ੍ਰਿਤ ਮਈ ਕਿਰਨਾਂ ਨੂੰ ਹਿਤ = ਪ੍ਰੇਮ ਸਹਿਤ ਅਚਵਤ = ਪੀਣਾ ਕਰਦਾ ਹੈ।

ਤੈਸੇ ਗਾਇਬੋ ਸੁਨਾਇਬੋ ਸੁ ਸਬਦ ਸੰਗਤਿ ਮੈਂ;
ਮਾਨੋ ਦਾਨ ਕੁਰਖੇਤ੍ਰ ਪਾਪ ਮੂਲ ਕੰਦ ਹੈ॥੫੬੦॥

ਤੈਸੇ = ਉਸੇ ਪ੍ਰਕਾਰ ਸਤਿਸੰਗਤ ਮੈਂ = ਵਿਚ ਬੈਠ ਕੇ ਸੁ = ਸ੍ਰੇਸ਼ਟ ਗੁਰਾਂ ਦੀ ਸਬਦ = ਉਪਦੇਸ਼ ਮਈ ਬਾਣੀ ਨੂੰ ਕੀਰਤਨ ਦੁਆਰਾ ਰਾਗਾਂ ਵਿਚ ਪਾ ਕੇ ਗਾਇਬੋ = ਗਾਉਣ ਤੇ ਸੁਨਾਇਬੋ = ਸੁਣਾਉਣ ਦਾ ਮਹਾਤਮ ਅਤਿਅੰਤ ਹੈ ਜੋ ਪਾਪ = ਗੁਨਾਹਾਂ ਦੇ ਮੂਲ = ਮੁੱਢ ਅਗਿਆਨ ਨੂੰ ਇਉਂ ਕੰਦ = ਕੱਟਣਾ ਕਰਦਾ ਹੈ, ਜਿਸ ਪ੍ਰਕਾਰ ਵੇਦਾਂ ਸ਼ਾਸਤਰਾਂ ਨੇ ਕੁਰਖੇਤ੍ਰ = ਕੁਰਛੇਤਰ ਦੀ ਧਰਤੀ ਉੱਤੇ ਕੀਤਾ ਦਾਨ ਪਾਪਾਂ ਨੂੰ ਕੱਟਣ ਦਾ ਸਾਧਨ ਮਾਨੋ = ਮੰਨਣਾ ਕੀਤਾ ਹੈ॥੫੬੦॥

ਜੈਸੇ ਕਿਰਤਾਸ ਗਰ ਜਾਤ ਜਲ ਬੂੰਦ ਪਰੀ;
ਘ੍ਰਿਤ ਸਨਬੰਧ ਜਲ ਮਧਿ ਸਾਵਧਾਨ ਹੈ॥

ਜੈਸੇ = ਜਿਸ ਪ੍ਰਕਾਰ ਕਿਰਤਾਸ = ਕਾਗ਼ਜ਼ ਜਲ = ਪਾਣੀ ਦੀ ਬੂੰਦ = ਕਣੀ ਪਰੀ = ਪੈਣ ਤੋਂ ਗਰ = ਗਲ ਜਾਤ = ਜਾਂਦਾ ਹੈ ਪਰ ਜੇ ਕਾਗ਼ਜ਼ ਨੂੰ ਘ੍ਰਿਤ = ਘਿਉ ਦਾ ਸਨਬੰਧ = ਮੇਲ ਪ੍ਰਾਪਤ ਹੋ ਜਾਵੇ ਭਾਵ ਘਿਉ ਨਾਲ ਥਿੰਧਾ ਕਰ ਦਿੱਤਾ ਜਾਵੇ ਤਾਂ ਕਾਗਜ਼ ਜਲ = ਪਾਣੀ ਮਧਿ = ਵਿਚ ਸਾਵਧਾਨ = ਤਿਆਰ-ਬਰ-ਤਿਆਰ ਰਹਿੰਦਾ ਹੈ, ਭਾਵ ਗਲਦਾ ਨਹੀਂ ਹੈ।

ਜੈਸੇ ਕੋਟਿ ਭਾਰ ਤੂਲ ਤਨਕ ਚਿਨਗ ਜਰੈ;
ਤੇਲ ਮੇਲਿ ਦੀਪਕ ਮੈਂ ਬਾਕੀ ਬਿਦਮਾਨ ਹੈ॥

ਜੈਸੇ = ਜਿਸ ਪ੍ਰਕਾਰ ਕੋਟਿ = ਕਰੋੜਾਂ ਭਾਰ = ਵਜ਼ਨ ਤੂਲ = ਰੂੰ ਦੀਆਂ ਗੰਢਾਂ ਤਨਕ = ਥੋੜ੍ਹੀ ਜਿਹੀ ਅੱਗ ਦੀ ਚਿਨਗ = ਚੰਗਿਆੜੀ ਨਾਲ ਜਰੈ = ਸੜ ਜਾਂਦੀਆਂ ਹਨ ਪਰ ਜੇ ਰੂੰ ਦੀ ਬਾਤੀ = ਬੱਤੀ ਬਣਾ ਕੇ ਤੇਲ ਨਾਲ ਮੇਲ = ਮਿਲਾ ਕੇ ਦੀਪਕ = ਦੀਵੇ ਮੈਂ = ਵਿਚ ਬਿਦਮਾਨ = ਬਿਰਾਜਮਾਨ ਕਰ ਦੇਈਏ ਭਾਵ ਪਾ ਦੇਈਏ ਤਾਂ ਉਹ ਦੇਰ ਤਕ ਮੌਜੂਦ ਰਹਿੰਦੀ ਹੈ।

ਜੈਸੇ ਲੋਹੋ ਬੂਡ ਜਾਤ ਸਲਿਲ ਮੈਂ ਡਾਰਤ ਹੀ;
ਕਾਸਟ ਪ੍ਰਸੰਗ ਗੰਗ ਸਾਗਰ ਨ ਮਾਨ ਹੈ॥

ਜੈਸੇ = ਜਿਸ ਪ੍ਰਕਾਰ ਸਲਿਲ = ਪਾਣੀ ਮੈਂ = ਵਿਚ ਡਾਰਤ = ਸੁੱਟਦਿਆਂ ਹੀ ਲੋਹੋ = ਲੋਹਾ ਪਾਣੀ ਵਿਚ ਬੂਡ = ਡੁੱਬ ਜਾਤ = ਜਾਂਦਾ ਹੈ, ਪਰੰਤੂ ਕਾਸਟ = ਲੱਕੜ ਨਾਲ ਲੋਹਾ ਪ੍ਰਸੰਗ = ਸੰਬੰਧ ਕਰ ਕੇ ਗੰਗ = ਗੰਗਾ ਨਦੀ ਤੇ ਸਾਗਰ = ਸਮੁੰਦਰ ਆਦਿ ਨੂੰ ਡੋਬਣ ਵਾਲਾ ਨ = ਨਹੀਂ ਮਾਨ = ਮੰਨਦਾ ਹੈ।

ਤੈਸੇ ਜਮਕਾਲ ਬਿਆਲ ਸਗਲ ਸੰਸਾਰ ਗ੍ਰਾਸੈ;
ਸਤਿਗੁਰ ਭੇਟਤ ਹੀ ਦਾਸਨਿ ਦਾਸਾਨ ਹੈ॥੫੬੧॥

ਤੈਸੇ = ਉਸੇ ਤਰ੍ਹਾਂ ਜਮਕਾਲ ਰੂਪ ਬਿਆਲ = ਸੱਪ ਸਗਲ = ਸਾਰੇ ਸੰਸਾਰ = ਜਗਤ ਨੂੰ ਗ੍ਰਾਸੈ = ਖਾ, ਨਿਗਲ ਰਿਹਾ ਹੈ, ਪਰੰਤੂ ਸਤਿਗੁਰ = ਸੱਚੇ ਗੁਰੂ ਦੇ ਭੇਟਤ = ਮਿਲਦਿਆਂ ਹੀ ਉਹੋ ਜਮਕਾਲ ਦਾਸਨਿ = ਦਾਸਾਂ ਦਾ ਦਾਸਾਨ = ਦਾਸ ਹੋ ਜਾਂਦਾ ਹੈ॥੫੬੧॥

ਜੈਸੇ ਖਾਂਡ ਚੂਨ ਘ੍ਰਿਤ ਹੋਤ ਘਰ ਹੀ ਬਿਖੈ ਪੈ;
ਪਾਹੁਨਾ ਕੇ ਆਏ ਪੂਰੀ ਕੈ ਖਵਾਇ ਖਾਈਐ॥

ਜੈਸੇ = ਜਿਸ ਪ੍ਰਕਾਰ ਖਾਂਡ = ਖੰਡ, ਚੂਨ = ਆਟਾ ਤੇ ਘ੍ਰਿਤ = ਘਿਉ ਘਰ = ਗ੍ਰਿਹ ਬਿਖੈ = ਵਿਚ ਪੈ = ਕੋਲ ਹੀ ਹੋਤ = ਹੁੰਦੇ ਹਨ, ਪਰੰਤੂ ਪਾਹੁਨਾ = ਪ੍ਰਾਹੁਣੇ ਕੇ = ਦੇ ਆਏ = ਆਉਣ ਤੋਂ ਪੂਰੀ = ਪੂੜੀ ਆਦਿ ਬਣਾ ਕੈ = ਕਰ ਕੇ ਪਹਿਲਾਂ ਉਨ੍ਹਾਂ ਨੂੰ ਖਵਾਇ = ਖੁਆ ਕੇ ਫੇਰ ਆਪ ਖਾਈਐ = ਖਾਣਾ ਕਰੀਦਾ ਹੈ।

ਜੈਸੇ ਚੀਰ ਹਾਰ ਮੁਕਤਾ ਕਨਕ ਆਭਰਨ ਪੈ;
ਬਿਆਹੁ ਕਾਜ ਸਾਜਿ ਤਨ ਸੁਜਨ ਦਿਖਾਈਐ॥

ਜੈਸੇ = ਜਿਸ ਪ੍ਰਕਾਰ ਸੋਹਣੇ ਚੀਰ = ਬਸਤਰ, ਮੁਕਤਾ = ਮੋਤੀਆਂ ਦੇ ਹਾਰ ਤੇ ਕਨਕ = ਸੋਨੇ ਦੇ ਆਭਰਨ = ਗਹਿਣੇ ਪੈ = ਕੋਲ ਹੀ ਹੁੰਦੇ ਹਨ ਪਰੰਤੂ ਬਿਆਹੁ = ਵਿਆਹ ਆਦਿ ਖ਼ੁਸ਼ੀ ਦੇ ਕਾਜ = ਕਾਰਜ ਸਮੇਂ ਉਹ ਤਨ = ਸਰੀਰ ਉੱਤੇ ਸਾਜਿ = ਸਜਾਵਟ ਕਰ ਕੇ ਸੁਜਨ = ਸ੍ਰੇਸ਼ਟ ਮਿੱਤਰਾਂ ਨੂੰ ਦਿਖਾਈਐ = ਦਿਖਾਉਣਾ ਕਰੀਦੇ ਹਨ।

ਜੈਸੇ ਹੀਰਾ ਮਾਨਿਕ ਅਮੋਲ ਹੋਤ ਹਾਟ ਹੀ ਮੈਂ;
ਗਾਹ ਕੈ ਦਿਖਾਇ ਬਿਕ੍ਰਤਾ ਬਿਸੇਖ ਪਾਈਐ॥

ਜੈਸੇ = ਜਿਸ ਤਰ੍ਹਾਂ ਹੀਰਾ, ਮਾਨਿਕ = ਰਤਨ ਆਦਿ ਅਮੋਲ = ਬੇਕੀਮਤੀ ਪਦਾਰਥ ਹਾਟ = ਹੱਟੀ, ਦੁਕਾਨ ਮੈਂ = ਵਿਚ ਹੀ ਹੋਤ = ਹੁੰਦੇ ਹਨ, ਪਰੰਤੂ ਗਾਹ = ਗਾਹਕਾਂ ਨੂੰ ਦਿਖਾਇ = ਵਿਖਾ ਕੈ = ਕਰਕੇ ਵੇਚਣ ਨਾਲ ਬਿਸੇਖ = ਬਹੁਤਾ ਬਿਕ੍ਰਤਾ = ਨਫ਼ਾ ਪਾਈਐ = ਪਾਉਣਾ ਕਰੀਦਾ ਹੈ।

ਤੈਸੇ ਗੁਰਬਾਨੀ ਲਿਖ ਪੋਥੀ ਬਾਂਧਿ ਰਾਖੀਅਤ;
ਮਿਲ ਗੁਰਸਿਖ ਪੜਿ ਸੁਨਿ ਲਿਵ ਲਾਈਐ ॥੫੬੨॥

ਤੈਸੇ = ਉਸੇ ਪ੍ਰਕਾਰ ਹੀ ਗੁਰਬਾਨੀ = ਗੁਰੂ ਕੀ ਬਾਣੀ ਦੀਆਂ ਪੋਥੀਆਂ ਲਿਖ ਕੇ ਤੇ ਜਿਲਦ ਵਿਚ ਬਾਂਧਿ = ਬੰਨ੍ਹ ਕੇ ਰਾਖੀਅਤ = ਰੱਖੀਦੀਆਂ ਹਨ ਪਰੰਤੂ ਗੁਰਸਿਖ = ਗੁਰੂ ਕੇ ਸਿੱਖ ਆਪਸ ਵਿਚ ਮਿਲ = ਇਕੱਤਰ ਹੋ ਕੇ ਗੁਰਾਂ ਦੀ ਬਾਣੀ ਨੂੰ ਪੜਿ = ਪੜ੍ਹ ਕੇ ਤੇ ਸੁਨਿ = ਸ੍ਰਵਣ ਕਰ ਕੇ ਪਰਮੇਸ਼ਰ ਦੇ ਨਾਮ ਨਾਲ ਲਿਵ = ਬਿਰਤੀ ਲਾਈਐ = ਲਾਉਂਦੇ ਹਨ ॥੫੬੨॥

ਜੈਸੇ ਨਰਪਤਿ ਬਨਿਤਾ ਅਨੇਕ ਬਿਆਹਤ ਹੈ;
ਜਾ ਕੇ ਸੁਤ ਜਨਮ ਹ੍ਵੈ ਤਾਂਹੀ ਗ੍ਰਿਹ ਰਾਜ ਹੈ ॥

ਜੈਸੇ = ਜਿਸ ਪ੍ਰਕਾਰ ਨਰਪਤਿ = ਮਨੁੱਖਾਂ ਦਾ ਪਤੀ ਭਾਵ ਰਾਜਾ ਅਨੇਕ = ਬਹੁਤ ਸਾਰੀਆਂ ਬਨਿਤਾ = ਇਸਤਰੀਆਂ ਨਾਲ ਬਿਆਹਤ = ਵਿਆਹ ਕਰਦਾ ਹੈ ਪਰੰਤੂ ਜਾ = ਜਿਸ ਔਰਤ ਕੇ = ਦੇ ਸੁਤ = ਪੁੱਤਰ ਜਨਮ = ਜੰਮ ਪੈਂਦਾ ਹ੍ਵੈ = ਹੈ, ਤਾਂਹੀ = ਉਸ ਦੇ ਗ੍ਰਿਹ = ਘਰ ਰਾਜ ਸਮਝੀਦਾ ਹੈ।

ਜੈਸੇ ਦਧਿ ਬੋਹਥ ਬਹਾਇ ਦੇਤ ਚਹੂੰ ਓਰ;
ਜੋਈ ਪਾਰ ਪਹੁੰਚੈ ਪੂਰਨ ਸਭਿ ਕਾਜ ਹੈ ॥

ਜੈਸੇ = ਜਿਸ ਪ੍ਰਕਾਰ ਦਧਿ = ਸਮੁੰਦਰ ਉੱਪਰ ਚਹੂੰ = ਚਾਰੋਂ ਓਰ = ਪਾਸੀਂ ਬੇਅੰਤ ਬੋਹਥ = ਜਹਾਜ਼ ਆਪਣੇ ਬਹਾਇ = ਤੈਰਦੇ ਦਿਸਦੇ ਦੇਤ = ਦਿੰਦੇ ਹਨ ਪਰੰਤੂ ਜੋਈ = ਜਿਹੜਾ ਪਾਰ ਪਹੁੰਚੈ = ਅੱਪੜ ਜਾਂਦਾ ਹੈ, ਉਸ ਦੇ ਹੀ ਸਭਿ = ਸਾਰੇ ਕਾਜ = ਕੰਮ ਪੂਰਨ = ਪੂਰੇ ਹੋ ਜਾਂਦੇ ਹੈ = ਹਨ।

ਜੈਸੇ ਖਾਨ ਖਨਤ ਅਨੰਤ ਖਨਵਾਰੋ ਖੋਜੈ;
ਹੀਰਾ ਹਾਥਿ ਆਵੈ ਜਾਂ ਕੈ ਤਾਂ ਕੇ ਬਾਜੁ ਬਾਜਿ ਹੈ ॥

ਜੈਸੇ = ਜਿਸ ਪ੍ਰਕਾਰ ਅਨੰਤ = ਬੇਅੰਤ ਖਨਵਾਰੋ = ਖਾਣਾ ਪੁੱਟਣ ਵਾਲੇ ਪੁਰਖ ਹੀਰਾ, ਮਾਣਕ ਆਦਿ ਕੀਮਤੀ ਪਦਾਰਥ ਖੋਜੈ = ਖੋਜਣ ਲਈ ਖਾਨ = ਖਾਣ ਖਨਤ = ਪੁੱਟਦਾ ਹੈ, ਪਰ ਜਾਂ = ਜਿਸ ਕੈ = ਦੇ ਹਾਥਿ = ਹੱਥ ਵਿਚ ਹੀਰਾ ਆਵੈ = ਆ ਜਾਂਦਾ ਹੈ ਤਾਂ ਕੇ = ਉਸ ਦੇ ਘਰ ਵਿਚ ਹੀ ਖ਼ੁਸ਼ੀ ਦਾ ਬਾਜੁ = ਵਾਜਾ ਬਾਜਿ = ਵੱਜਦਾ ਹੈ।

ਤੈਸੇ ਗੁਰਸਿਖ ਨਵਤਨ ਅਉ ਪੁਰਾਤਨ ਮੈ;
ਜਾਂ ਪਰ ਕ੍ਰਿਪਾ ਕਟਾਛ ਤਾਂ ਕੇ ਛਬਿ ਛਾਜਿ ਹੈ ॥੫੬੩॥

ਤੈਸੇ = ਉਸੇ ਪ੍ਰਕਾਰ ਹੀ ਭਾਵੇਂ ਗੁਰਸਿਖ = ਗੁਰੂ ਕੇ ਸਿੱਖਾਂ ਵਿਚ ਕੋਈ ਨਵਤਨ = ਨਵਾਂ ਅਉ = ਅਤੇ ਜਾਂ ਕੋਈ ਪੁਰਾਤਨ = ਪੁਰਾਣਾ ਸਿੱਖ ਹੈ ਲੇਕਿਨ ਜਾਂ = ਜਿਸ ਪਰ = ਉੱਤੇ ਪੂਰੇ ਗੁਰੂ ਦੀ ਕ੍ਰਿਪਾ ਕਟਾਛ = ਮਿਹਰ ਭਰੀ ਨਜ਼ਰ ਹੁੰਦੀ ਹੈ ਤਾਂ = ਉਸੇ ਕੇ = ਦੀ ਛਬਿ = ਸੋਭਾ ਛਾਜਿ = ਫੱਬਦੀ ਹੈ ॥੫੬੩॥

ਜੈਸੇ ਬੀਰਾਰਾਧੀ ਮਿਸਟਾਨ ਪਾਨ ਆਨ ਕਹੁ;
ਖੁਵਾਵਤ ਮੰਗਾਇ ਮਾਂਗੈ ਆਪ ਨਾਹੀ ਖਾਤ ਹੈ॥

ਜੈਸੇ = ਜਿਸ ਪ੍ਰਕਾਰ ਬੀਰਾਰਾਧੀ = ਬੀਰਾਂ ਨੂੰ ਅਰਾਧਨ ਕਰਨ ਵਾਲਾ ਮਿਸਟਾਨ = ਮਿੱਠੇ, ਮਿਠਾਈ ਤੇ ਮਿੱਠੇ ਤਰਲ ਪਦਾਰਥ ਪਾਨ = ਪੀਣ ਵਾਲੇ ਆਦਿ ਮਾਂਗੈ = ਮੰਗ ਕੇ ਮੰਗਾਇ = ਮੰਗਵਾਉਂਦਾ ਹੈ ਤੇ ਆਨ = ਹੋਰਨਾਂ ਨੂੰ ਕਹੁ = ਆਖ ਕੇ ਖੁਵਾਵਤ = ਖਵਾਉਂਦਾ ਹੈ ਲੇਕਿਨ ਆਪ ਨਾਹੀ = ਨਹੀਂ ਖਾਤ = ਖਾਂਦਾ ਹੈ।

ਜੈਸੇ ਦ੍ਰੁਮ ਸਫਲ ਫਲਤ ਫਲ ਖਾਤ ਨਾਂਹਿ;
ਪਥਕ ਪਖੇਰੂ ਤੋਰ ਤੋਰ ਲੇ ਜਾਤ ਹੈ॥

ਜੈਸੇ = ਜਿਸ ਪ੍ਰਕਾਰ ਦ੍ਰੁਮ = ਬ੍ਰਿਛ ਸਫਲ = ਸਹਿਤ ਫਲ ਦੇ ਫਲਤ = ਫਲਦਾ ਹੈ, ਆਪ ਫਲ ਨਾਂਹਿ = ਨਹੀਂ ਖਾਤ = ਖਾਂਦਾ, ਪਰ ਪਥਕ = ਰਾਹੀ ਤੇ ਪਖੇਰੂ = ਪੰਛੀ ਤੋਰ ਤੋਰ = ਤੋੜ ਤੋੜ ਕੇ ਲੇ = ਲੈ ਜਾਤ = ਜਾਂਦੇ ਹੈ = ਹਨ।

ਜੈਸੇ ਤੌ ਸਮੁੰਦ੍ਰ ਨਿਧਿ ਪੂਰਨ ਸਕਲ ਬਿਧਿ;
ਹੰਸ ਮਰਜੀਵਾ ਹੇਰਿ ਕਾਢਤ ਸੁਗਾਤ ਹੈ॥

ਜੈਸੇ = ਜਿਸ ਤਰ੍ਹਾਂ ਸਮੁੰਦਰ ਆਪ ਤੌ = ਤਾਂ ਸਕਲ = ਸਾਰੇ ਬਿਧਿ = ਤਰ੍ਹਾਂ ਦੇ ਨਿਧਿ = ਖ਼ਜ਼ਾਨਿਆਂ ਕਰਕੇ ਪੂਰਨ = ਭਰਪੂਰ ਹੈ, ਪਰੰਤੂ ਸਮੁੰਦਰ ਵਿੱਚੋਂ ਹੰਸ ਤੇ ਮਰਜੀਵਾ = ਚੁੱਭੀ ਮਾਰ ਕੇ ਕੀਮਤੀ ਪਦਾਰਥ ਕੱਢਣ ਵਾਲੇ ਪੁਰਖ ਹੇਰਿ = ਦੇਖ, ਲੱਭ ਲੱਭ ਕੇ ਕੀਮਤੀ ਰਤਨ ਰੂਪ ਸੁਗਾਤ = ਤੋਹਫ਼ੇ ਕਾਢਤ = ਕੱਢਦੇ ਹੈ = ਹਨ।

ਤੈਸੇ ਨਿਹਕਾਮ ਸਾਧ ਸੋਭਤ ਸੰਸਾਰ ਬਿਖੈ;
ਪਰਉਪਕਾਰ ਹੇਤ ਸੁੰਦਰ ਸੁ ਗਾਤ ਹੈ॥੫੬੪॥

ਤੈਸੇ = ਉਸੇ ਤਰ੍ਹਾਂ ਸੰਸਾਰ = ਜਗਤ ਬਿਖੈ = ਵਿਚ ਨਿਹਕਾਮ = ਕਾਮਨਾ ਤੋਂ ਰਹਿਤ ਸਾਧ = ਸੰਤ ਜਨ ਸੋਭਤ = ਸ਼ੋਭਦੇ ਹਨ ਕਿਉਂਕਿ ਸੁ = ਉਨ੍ਹਾਂ ਦਾ ਸੁੰਦਰ = ਸੁਹਣਾ ਗਾਤ = ਸਰੀਰ ਪਰਉਪਕਾਰ = ਦੂਸਰਿਆਂ ਦਾ ਭਲਾ ਕਰਨ ਹੇਤ = ਵਾਸਤੇ ਹੈ॥੫੬੪॥

ਜੈਸੇ ਦੀਪ ਜੋਤਿ ਲਿਵ ਲਾਗੈ ਚਲੇ ਜਾਤ ਸੁਖ;
ਗਹੇ ਕਰ ਦੁਚਿਤੁ ਹ੍ਵੈ ਭਟਕਾ ਸੋ ਭੇਟ ਹੈ॥

ਜੈਸੇ = ਜਿਸ ਪ੍ਰਕਾਰ ਦੀਪ = ਦੀਵੇ ਦੀ ਜੋਤਿ = ਪ੍ਰਕਾਸ਼ਤਾ (ਲਾਟ) ਨਾਲ ਲਿਵ = ਬਿਰਤੀ ਲਾਗੈ = ਲਗਾ ਕੇ ਜਿਥੋਂ ਤਕ ਉਸ ਦਾ ਚਾਨਣਾ ਜਾਤ = ਜਾਂਦਾ ਹੈ, ਉਥੇ ਤਕ ਸੁਖ = ਆਰਾਮ ਨਾਲ ਚਲੇ = ਚਲਿਆ ਜਾ ਸਕਦਾ ਹੈ, ਪਰੰਤੂ ਜੇ ਦੀਵੇ ਨੂੰ ਕਰ = ਹੱਥਾਂ ਵਿਚ ਗਹੇ = ਪਕੜ ਲੈਣਾ ਕਰੀਏ ਤਾਂ ਨੇਤਰਾਂ ਨੂੰ ਦੁਚਿਤੁ = ਦੁਚਿੱਤੀ ਪੈ ਜਾਂਦੀ ਹ੍ਵੈ = ਹੈ ਅਤੇ ਸੋ = ਉਸ ਕਰਕੇ ਭਟਕਾ = ਭਟਕਣਾ ਹੀ ਭੇਟ = ਮਿਲਦੀ ਹੈ।

ਜੈਸੇ ਦਧਿ ਕੂਲ ਬੈਠਿ ਮੁਕਤਾ ਚੁਨਤ ਹੰਸ;
ਪੈਰਤ ਨ ਪਾਵੈ ਪਾਰ ਲਹਰ ਲਪੇਟ ਹੈ॥

ਜੈਸੇ = ਜਿਸ ਪ੍ਰਕਾਰ ਦਧਿ = ਸਮੁੰਦਰ ਦੇ ਕੂਲ = ਕਿਨਾਰੇ ਬੈਠਿ = ਬਹਿ ਕੇ ਹੰਸ ਮੁਕਤਾ = ਮੋਤੀ ਚੁਨਤ = ਚੁਗਦਾ ਹੈ ਲੇਕਿਨ ਜੇ ਉਹ ਤੈਰ ਕੇ ਸਮੁੰਦਰ ਵਿੱਚੋਂ ਮੋਤੀ ਲੱਭਣਾ ਕਰੇ ਤਾਂ ਪੈਰਤ = ਤਰਨ ਨਾਲ ਸਮੁੰਦਰ ਦੀਆਂ ਲਹਰ = ਤਰੰਗਾਂ ਵਿਚ ਲਪੇਟ = ਫਸ ਜਾਵੇਗਾ ਪਾਰ ਨ = ਨਹੀਂ ਪਾਵੈ = ਪਾ ਸਕਦਾ ਹੈ।

ਜੈਸੇ ਨਿਰਖਿ ਅਗਨਿ ਕੈ ਮਧਿ ਭਾਵ ਸਿਧ ਹੋਤ;
ਨਿਕਟਿ ਬਿਕਟ ਦੁਖ ਸਹਸਾ ਨ ਮੇਟਿ ਹੈ॥

ਜੈਸੇ = ਜਿਸ ਪ੍ਰਕਾਰ ਅਗਨਿ = ਅੱਗ ਨੂੰ ਨਿਰਖਿ = ਤੱਕ ਕੈ = ਕਰਕੇ ਮਧਿ ਭਾਵ = ਵਿਚ ਵਿਚਾਲੇ ਸੇਵਨ ਕਰਨ ਨਾਲ ਠੰਢ ਦੂਰ ਕਰਨ ਦਾ ਫਲ ਸਿਧ = ਪ੍ਰਾਪਤ ਹੋਤ = ਹੁੰਦਾ ਹੈ ਲੇਕਿਨ ਅੱਗ ਦੇ ਨਿਕਟਿ = ਨਜ਼ਦੀਕ ਹੋਣ ਨਾਲ ਬਿਕਟ = ਭਾਰੀ ਦੁਖ = ਸੰਕਟ ਹੁੰਦਾ ਹੈ ਅਤੇ ਅੱਗ ਤੋਂ ਜ਼ਿਆਦਾ ਦੂਰ ਹੋਣ ਨਾਲ ਠੰਢ ਹਟਣ ਦਾ ਸਹਸਾ = ਡਰ ਨ = ਨਹੀਂ ਮੇਟਿ = ਮਿਟਦਾ ਹੈ।

ਤੈਸੇ ਗੁਰ ਸਬਦ ਸਨੇਹ ਕੈ ਪਰਮ ਪਦ;
ਮੂਰਤਿ ਸਮੀਪ ਸਿੰਘ ਸਾਪ ਕੀ ਅਖੇਟ ਹੈ॥੫੬੫॥

ਤੈਸੇ = ਉਸੇ ਤਰ੍ਹਾਂ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਨਾਲ ਸਨੇਹ = ਪ੍ਰੇਮ ਕੈ = ਕਰਕੇ ਪਰਮਪਦ = ਉੱਤਮ ਕੈਵਲ ਮੋਖ ਰੂਪ ਪਦ = ਰੁਤਬੇ ਦੀ ਪ੍ਰਾਪਤੀ ਹੁੰਦੀ ਹੈ ਲੇਕਿਨ ਗੁਰ-ਉਪਦੇਸ਼ ਤੋਂ ਬਗ਼ੈਰ ਜਾਂ ਨਾਮ ਤੋਂ ਖ਼ਾਲੀ ਪੁਰਖਾਂ ਦੇ ਨਾਲ ਪਰਮੇਸ਼ਰ ਦੇ ਮੂਰਤਿ = ਸਰੂਪ ਦੀ ਸਮੀਪ = ਨੇੜਤਾ ਦੀ ਕੋਸ਼ਿਸ਼ ਕਰਨੀ ਸਿੰਘ = ਸ਼ੇਰ ਤੇ ਸਾਪ = ਸੱਪ ਕੀ = ਦੇ ਅਖੇਟ = ਸ਼ਿਕਾਰ ਵਾਂਗ ਹੈ॥੫੬੫॥

ਸ੍ਵਾਮਿ ਕਾਜ ਲਾਗਿ ਸੇਵਾ ਕਹਤ ਸੇਵਕੁ ਜੈਸੇ;
ਨਰਪਤਿ ਨਿਰਖ ਸਨੇਹ ਉਪਜਾਵਹੀ॥

ਜੈਸੇ = ਜਿਸ ਪ੍ਰਕਾਰ ਰਾਜੇ ਦਾ ਸੇਵਕੁ = ਦਾਸ ਆਪਣੇ ਸ੍ਵਾਮਿ = ਸੁਆਮੀ, ਮਾਲਕ ਦੇ ਕਾਜ = ਕੰਮ ਨੂੰ ਮਨ ਲਾਗਿ = ਲਗਾ ਕੇ ਸੇਵਾ = ਟਹਿਲ ਵਤ ਜਾਣ ਕੇ ਕਰਤ = ਕਰਦਾ ਹੈ ਤਾਂ ਨਰਪਤਿ = ਰਾਜੇ ਨੂੰ ਨਿਰਖ = ਵੇਖ ਕੇ ਆਪਣੇ ਸੇਵਕ ਤਾਈਂ ਸਨੇਹ = ਪ੍ਰੇਮ ਉਪਜਾਵਹੀ = ਪੈਦਾ ਹੋ ਆਉਂਦਾ ਹੈ।

ਜੈਸੇ ਪੂਤ ਚੋਚਲਾ ਕਰਤ ਪਿਤਾ ਬਿਦਿਮਾਨ;
ਦੇਖਿ ਦੇਖਿ ਸੁਨਿ ਸੁਨਿ ਆਨੰਦ ਬਢਾਵਹੀ॥

ਜੈਸੇ = ਜਿਸ ਪ੍ਰਕਾਰ ਪਿਤਾ = ਪਿਉ ਦੇ ਬਿਦਿਮਾਨ = ਸਾਹਮਣੇ ਪੂਤ = ਪੁੱਤਰ ਚੋਚਲਾ = ਨਖ਼ਰਾ ਕਰਤ = ਕਰਦਾ ਹੈ ਤਾਂ ਪਿਉ ਨੂੰ ਉਸ ਦਾ ਲਾਡ ਪਿਆਰ ਦੇਖਿ ਦੇਖਿ = ਵੇਖ ਵੇਖ ਕੇ ਤੇ ਉਸ ਦੀਆਂ ਤੋਤਲੀਆਂ ਗੱਲਾਂ ਨੂੰ ਸੁਣ ਸੁਣ ਕੇ ਬਢਾਵਹੀ = ਬਹੁਤਾ ਹੀ ਆਨੰਦ = ਸੁਖ ਆਉਂਦਾ ਹੈ।

ਜੈਸੇ ਪਾਕਸਾਲਾ ਮਧਿ ਬਿੰਜਨ ਪਰੋਸੈ ਨਾਰਿ;
ਪਤਿ ਖਾਤ ਪਿਆਰ ਕੈ ਪਰਮ ਸੁਖੁ ਪਾਵਹੀ ॥

ਜੈਸੇ = ਜਿਸ ਪ੍ਰਕਾਰ ਪਾਕਸਾਲਾ = ਰਸੋਈ ਮਧਿ = ਵਿਚ ਬੈਠੀ ਨਾਰਿ = ਔਰਤ ਆਪਣੇ ਪਤੀ ਲਈ ਬਿੰਜਨ = ਭੋਜਨ ਪਰੋਸੈ = ਪਰੋਸਣਾ ਕਰਦੀ ਹੈ ਤਾਂ ਪਤਿ = ਪਤੀ ਪਿਆਰ = ਸਨੇਹ ਕੈ = ਕਰਕੇ ਭੋਜਨ ਖਾਤ = ਖਾਂਦਾ ਹੈ ਤੇ ਉਸ ਦੀ ਘਰਵਾਲੀ ਉਸ ਨੂੰ ਦੇਖ ਕੇ ਪਰਮ = ਸ੍ਰੇਸ਼ਟ ਸੁਖੁ = ਆਨੰਦ ਨੂੰ ਪਾਵਹੀ = ਪਾਉਣਾ ਕਰਦੀ ਹੈ।

ਤੈਸੇ ਗੁਰ ਸਬਦ ਸੁਨਤ ਸ੍ਰੋਤਾ ਸਾਵਧਾਨ;
ਗਾਵੈ ਰੀਝਿ ਗਾਇਨ ਸਹਜਿ ਲਿਵ ਲਾਵਹੀ ॥੫੬੬॥

ਤੈਸੇ = ਉਸੇ ਤਰ੍ਹਾਂ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਨੂੰ ਜਦ ਕੋਈ ਸ੍ਰੋਤਾ = ਸੁਣਨ ਵਾਲਾ ਪੁਰਖ ਸਾਵਧਾਨ = ਸੁਚੇਤ ਹੋ ਕੇ ਸੁਨਤ = ਸੁਣਦਾ ਹੈ ਤਦ ਸ਼ਬਦ ਗਾਇਨ = ਗਾਉਣ ਵਾਲਾ ਰੀਝਿ = ਪ੍ਰਸੰਨਤਾ ਦੇ ਸਹਿਤ ਗਾਵੈ = ਗਾਉਂਦਾ ਹੈ ਤੇ ਸੁਣਨ ਵਾਲੇ ਦੀ ਸਹਜਿ = ਸੁਭਾਵਿਕ ਹੀ ਚਿੱਤ ਦੀ ਲਿਵ = ਬਿਰਤੀ ਲਾਵਹੀ = ਲੱਗ ਜਾਂਦੀ ਹੈ ॥੫੬੬॥

ਜੈਸੇ ਪੇਖੈ ਸਿਆਮ ਘਟਾ ਗਗਨ ਘਮੰਡ ਘੋਰ;
ਮੋਰ ਅਉ ਪਪੀਹਾ ਸੁਭ ਸਬਦ ਸੁਨਾਵਹੀ ॥

ਜੈਸੇ = ਜਿਸ ਪ੍ਰਕਾਰ ਗਗਨ = ਅਕਾਸ਼ ਵਿਚ ਚੜ੍ਹ ਕੇ ਆਈਆਂ ਸਿਆਮ = ਕਾਲੀਆਂ ਘਟਾ = ਘਟਾਵਾਂ ਪੇਖੈ = ਵੇਖ ਕੇ ਤੇ ਉਨ੍ਹਾਂ ਦੀ ਘਮੰਡ ਘੋਰ = ਪ੍ਰਬਲ ਗਰਜ ਸੁਣ ਕੇ ਮੋਰ ਅਉ = ਅਤੇ ਪਪੀਹਾ = ਬੰਬੀਹੇ ਸੁਭ = ਸ੍ਰੇਸ਼ਟ, ਸੋਹਣੇ ਸ਼ਬਦ ਸੁਨਾਵਹੀ = ਸੁਣਾਉਣ ਲੱਗ ਪੈਂਦੇ ਹਨ।

ਜੈਸੇ ਤਉ ਬਸੰਤ ਸਮੈ ਮਉਲਤ ਅਨੇਕ ਆਂਬ;
ਕੋਕਿਲਾ ਮਧੁਰ ਧੁਨਿ ਬਚਨ ਸੁਨਾਵਹੀ ॥

ਜੈਸੇ = ਜਿਸ ਪ੍ਰਕਾਰ ਬਸੰਤ ਰੁੱਤ ਦੇ ਸਮੈ = ਵਕਤ ਅਨੇਕ = ਅਨੰਤ ਆਂਬ = ਅੰਬ ਦੇ ਬ੍ਰਿਛ ਮਉਲਤ = ਪ੍ਰਫੁੱਲਤ ਹੁੰਦੇ ਹਨ ਅਤੇ ਕੋਕਿਲਾ = ਕੋਇਲ ਮਸਤ ਹੋ ਕੇ ਮਧੁਰ = ਮਿੱਠੀ ਧੁਨਿ = ਆਵਾਜ਼ ਨਾਲ ਆਪਣੀ ਕੂਕ ਬਚਨ = ਵਾਕਾਂ ਰਾਹੀਂ ਸੁਨਾਵਹੀ = ਸੁਣਾਉਂਦੀ ਹੈ।

ਜੈਸੇ ਪਰਫੁਲਤ ਕਮਲ ਸਰੁਵਰ ਵਿਖੈ;
ਮਧੁਪ ਗੁੰਜਾਰਤ ਅਨੰਦ ਉਪਜਾਵਹੀ ॥

ਜੈਸੇ = ਜਿਸ ਪ੍ਰਕਾਰ ਸਰੁਵਰ = ਤਲਾਵਾਂ ਵਿਖੈ = ਵਿਚ ਕਮਲ = ਕੌਲ ਫੁੱਲ ਪਰਫੁਲਤ (ਪਰ + ਫੁਲਤ) ਪਰ = ਵਿਸ਼ੇਸ਼ ਕਰਕੇ ਫੁਲਤ = ਖਿੜਦੇ ਹਨ ਤਾਂ ਮਧੁਪ = ਭੌਰੇ ਉਨ੍ਹਾਂ ਨੇ ਆ ਕੇ ਗੁੰਜਾਰਤ = ਗੂੰਜਾਂ ਪਾਉਂਦੇ ਅਨੰਦ = ਸੁਖ ਉਪਜਾਵਹੀ = ਪੈਦਾ, ਮਾਣਦੇ ਹਨ।

ਤੈਸੇ ਪੇਖਿ ਸੋ੍ਤਾ ਸਾਵਧਾਨਹ ਗਾਇਨ ਗਾਵੈ;
ਪ੍ਰਗਟੈ ਪੂਰਨ ਪ੍ਰੇਮ ਸਹਜਿ ਸਮਾਵਹੀ ॥੫੬੭॥

ਤੈਸੇ = ਉਸੇ ਪ੍ਰਕਾਰ ਹੀ ਸੋ੍ਤਾ = ਸੁਣਨ ਵਾਲੇ ਪੁਰਖ ਨੂੰ ਪੇਖਿ = ਵੇਖ ਕੇ ਗਾਇਨ = ਗਾਉਣ ਵਾਲਾ ਰਾਗੀ ਸਾਵਧਾਨਹ = ਸੁਚੇਤ ਹੋ ਕੇ ਸ਼ਬਦ ਗਾਵੈ = ਗਾਉਂਦਾ ਹੈ **ਵਾ:** ਸੋ੍ਤੇ ਨੂੰ ਗੁਰ ਸ਼ਬਦ ਸੁਣਨ ਲਈ ਸਾਵਧਾਨ ਵੇਖ ਕੇ ਰਾਗੀ ਸ਼ਬਦ ਗਾਉਂਦਾ ਹੈ ਤਾਂ ਹੀ ਸੁਣਨ ਤੇ ਗਾਉਣ ਵਾਲੇ ਦੇ ਚਿੱਤ ਵਿਚ ਗੁਰ ਸ਼ਬਦ ਪ੍ਰਤਿ ਪ੍ਰੇਮ = ਸਨੇਹ ਪ੍ਰਗਟੈ = ਪ੍ਰਗਟ ਹੁੰਦਾ ਹੈ ਤੇ ਉਹ ਪਰਮੇਸ਼ਰ ਦੇ ਸਰੂਪ ਵਿਚ ਸਹਜਿ = ਸੁਤੇ-ਸਿਧ ਸਮਾਵਹੀ = ਸਮਾਉਣਾ ਕਰਦੇ ਹਨ ॥੫੬੭॥

ਜੈਸੇ ਅਹਿ ਨਿਸ ਅੰਧਿਆਰੀ ਮਨਿ ਕਾਢਿ ਰਾਖੈ;
ਕ੍ਰੀੜਾ ਕੈ ਦੁਰਾਵੈ ਪੁਨਿ ਕਾਹੂ ਨ ਦਿਖਾਵਹੀ ॥

ਜੈਸੇ = ਜਿਸ ਪ੍ਰਕਾਰ ਅਹਿ = ਸੱਪ ਅੰਧਿਆਰੀ = ਹਨੇਰੀ ਨਿਸ = ਰਾਤ ਵਿਚ ਆਪਣੀ ਮਨਿ = ਮਣੀ ਬਾਹਰ ਕਾਢੈ = ਕੱਢ ਕੇ ਰਾਖੈ = ਰੱਖਦਾ ਹੈ ਅਤੇ ਕ੍ਰੀੜਾ = ਖੇਡ ਕੈ = ਕਰਕੇ ਦੁਰਾਵੈ = ਛੁਪਾ ਲੈਂਦਾ ਹੈ ਅਤੇ ਪੁਨਿ = ਫੇਰ ਕਾਹੂ = ਕਿਸੇ ਨੂੰ ਨ = ਨਹੀਂ ਦਿਖਾਵਹੀ = ਦਿਖਾਉਂਦਾ।

ਜੈਸੇ ਬਰਨਾਰਿ ਕਰਿ ਸਿਹਜਾ ਸੰਜੋਗ ਭੋਗ;
ਹੋਤ ਪਰਭਾਤ ਤਨ ਛਾਦਨ ਛੁਪਾਵਹੀ ॥

ਜੈਸੇ = ਜਿਸ ਪ੍ਰਕਾਰ ਬਰਨਾਰਿ = ਸ੍ਰੇਸ਼ਟ ਇਸਤਰੀ ਰਾਤਰੀ ਸਮੇਂ ਸਿਹਜਾ = ਸੇਜਾ ਰਚ ਕਰਿ = ਕਰ ਕੇ ਆਪਣੇ ਪਤੀ ਨਾਲ ਸੰਜੋਗ = ਮਿਲਾਪ ਕਰ ਕੇ ਭੋਗ = ਵਿਸ਼ੇ ਰਸ ਦਾ ਸੁਖ ਮਾਣਦੀ ਹੈ, ਪਰ ਪਰਭਾਤ = ਸਵੇਰ ਹੋਤ = ਹੁੰਦਿਆਂ ਹੀ ਆਪਣੇ ਤਨ = ਸਰੀਰ ਨੂੰ ਛਾਦਨ = ਬਸਤਰਾਂ ਨਾਲ ਛੁਪਾਵਹੀ = ਛੁਪਾ, ਢੱਕ ਲੈਂਦੀ ਹੈ।

ਜੈਸੇ ਅਲਿ ਕਮਲ ਸੰਪਟ ਅਚਵਤ ਮਧ;
ਭੋਰ ਭਏ ਜਾਤ ਉਡ, ਨਾਤੋ ਨ ਜਨਾਵਹੀ ॥

ਜੈਸੇ = ਜਿਸ ਪ੍ਰਕਾਰ ਅਲਿ = ਭੌਰਾ ਰਾਤੀਂ ਕਮਲ = ਕੌਲ ਦੇ ਸੰਪਟ = ਡੱਬੇ ਵਿਚ ਬੈਠਾ ਮਧ = ਸ਼ਹਿਦ ਵਤ ਮਿੱਠਾ ਮਕਰੰਦ ਰਸ ਅਚਵਤ = ਖਾਂਦਾ ਰਹਿੰਦਾ ਹੈ, ਪਰ ਭੋਰ = ਸਵੇਰ ਭਏ = ਹੋਏ ਤੋਂ ਉੱਡ ਜਾਤ = ਜਾਂਦਾ ਹੈ ਤੇ ਫੁੱਲ ਨਾਲ ਕੋਈ ਵੀ ਨਾਤੋ = ਸੰਬੰਧ ਨ = ਨਹੀਂ ਜਨਾਵਹੀ = ਜਣਾਉਂਦਾ।

ਤੈਸੇ ਗੁਰਸਿਖ ਉਠ ਬੈਠਤ ਅੰਮ੍ਰਿਤ ਜੋਗ;
ਸਭ ਸੁਧਾ ਰਸ ਚਾਖਿ ਸੁਖ ਤ੍ਰਿਪਤਾਵਹੀ ॥੫੬੮॥

ਤੈਸੇ = ਉਸੇ ਤਰ੍ਹਾਂ ਗੁਰਸਿਖ = ਗੁਰੂ ਕੇ ਸਿੰਘ ਅੰਮ੍ਰਿਤ ਵੇਲੇ ਨੂੰ ਜੋਗ = ਉਚਿਤ ਸਮਝ ਕੇ ਉੱਠ ਬੈਠਤ = ਬੈਠਦੇ ਹਨ ਅਤੇ ਸਭ = ਸਾਰੇ ਨਾਮ ਰੂਪ ਸੁਧਾ = ਅੰਮ੍ਰਿਤ ਰਸ ਨੂੰ ਚਾਖਿ = ਚੱਖ ਕੇ ਆਤਮਿਕ ਸੁਖ = ਆਨੰਦ ਵਿਚ ਤ੍ਰਿਪਤਾਵਹੀ = ਤ੍ਰਿਪਤ ਰਹਿੰਦੇ ਹਨ ॥੫੬੮॥

ਸਿਹਜਾ ਸੰਜੋਗ ਪ੍ਰਿਯ ਪ੍ਰੇਮ ਰਸ ਖੇਲ ਜੈਸੇ;
ਪਾਛੈ ਬਧੂ ਜਨਨ ਸੈ ਗਰਭ ਸਮਾਵਹੀ ॥

ਜੈਸੇ = ਜਿਸ ਪ੍ਰਕਾਰ ਵਹੁਟੀ ਸਿਹਜਾ = ਸੇਜਾ ਦੇ ਸੰਜੋਗ = ਮਿਲਾਪ ਵਿਚ ਪ੍ਰਿਯ = ਪਿਆਰੇ ਪਤੀ ਦੇ ਪ੍ਰੇਮ = ਸਨੇਹ ਰਸ ਦੇ ਖੇਲ = ਖੇਡ ਤੋਂ ਪਾਛੈ = ਬਾਅਦ ਬਧੂ = ਵਹੁਟੀ (ਇਸਤਰੀ) ਗਰਭ = ਪੇਟ ਵਿਚ ਬੱਚੇ ਦੀ ਜਨਨ = ਪੈਦਾਇਸ਼ ਨੂੰ ਲੈ ਸਮਾਵਹੀ = ਸਮਾਉਂਦੀ ਹੈ।

ਪੂਰਨ ਅਧਾਨ ਭਏ ਸੋਵੈ ਗੁਰਜਨ ਬਿਖੈ;
ਜਾਗੈ ਪਰਸੂਤ ਸਮੈ ਸਭਨ ਜਗਾਵਹੀ ॥

ਅਧਾਨ = ਗਰਭ ਦੇ ਦਿਨ ਪੂਰਨ = ਪੂਰੇ ਭਏ = ਹੋਏ ਤੋਂ ਗੁਰਜਨ (ਗੁਰ + ਜਨ) ਗੁਰ = ਵੱਡੇ ਜਨ = ਪੁਰਖਾਂ ਭਾਵ ਘਰ ਦੇ ਵਡੇਰਿਆਂ ਬਿਖੈ = ਵਿਚ ਸੋਵੈ = ਸੌਂਦੀ ਹੈ, ਪਰ ਪਰਸੂਤ = ਬੱਚੇ ਦੇ ਜਨਮ ਲੈਣ ਸਮੈ = ਵਕਤ ਆਪ ਜਾਗੈ = ਜਾਗਦੀ ਹੈ ਤੇ ਹੋਰ ਸਭਨ = ਸਾਰੇ ਘਰ ਦੇ ਜੀਆਂ ਨੂੰ ਜਗਾਵਹੀ = ਜਗਾਉਂਦੀ ਹੈ।

ਜਨਮਤ ਸੁਤ ਖਾਨ ਪਾਨ ਮੋ ਸੰਜਮ ਕਰੈ;
ਤਾਂ ਤੇ ਸੁਤ ਸੰਮ੍ਰਥ ਹ੍ਵੈ ਸੁਖਹ ਦਿਖਾਵਹੀ ॥

ਸੁਤ = ਪੁੱਤਰ ਦੇ ਜਨਮਤ = ਜੰਮਦਿਆਂ ਹੀ ਖਾਣ ਪਾਨ = ਪੀਣ ਮੋ = ਵਿਚ ਸੰਜਮ = ਪਰਹੇਜ਼ ਕਰੈ = ਕਰਦੀ ਹੈ ਤਾਂ ਤੇ = ਇਸ ਲਈ ਕਿ ਮੇਰਾ ਸੁਤ = ਪੁੱਤਰ ਸੰਮ੍ਰਥ = ਤਾਕਤਵਰ ਹ੍ਵੈ = ਹੋ ਕੇ ਸੁਖਹ = ਸੁੱਖਾਂ ਨੂੰ ਦਿਖਾਵਹੀ = ਦਿਖਾਉਣਾ ਕਰੇ।

ਤੈਸੇ ਗੁਰ ਭੇਟਤ ਭੈ ਭਾਇ ਸਿਖ ਸੇਵਾ ਕਰੈ;
ਅਲਪ ਅਹਾਰ ਨਿੰਦ੍ਰਾ ਸਬਦ ਕਮਾਵਹੀ ॥੫੬੯॥

ਤੈਸੇ = ਉਸੇ ਪ੍ਰਕਾਰ ਗੁਰ = ਸਤਿਗੁਰਾਂ ਨੂੰ ਭੇਟਤ = ਮਿਲ ਕੇ ਭੈ = ਡਰ ਤੇ ਭਾਇ = ਪ੍ਰੇਮ ਵਿਚ ਵਰਤਦਾ ਹੋਇਆ ਗੁਰਸਿੱਖ ਗੁਰਾਂ ਦੀ ਸੇਵਾ = ਟਹਿਲ ਕਰੈ = ਕਰਦਾ ਹੈ ਅਤੇ ਅਲਪ ਅਹਾਰ = ਥੋੜ੍ਹਾ ਖਾਣਾ, ਥੋੜ੍ਹਾ ਨਿੰਦ੍ਰਾ = ਸੌਂ ਕੇ ਜ਼ਿਆਦਾਤਰ ਗੁਰ ਸਬਦ = ਉਪਦੇਸ਼ ਨੂੰ ਕਮਾਵਹੀ = ਕਮਾਉਣਾ ਕਰਦਾ ਹੈ ॥੪੬੯॥

ਜੈਸੇ ਅਨੁਚਰ ਨਰਪਤਿ ਕੀ ਪਛਾਨੈਂ ਭਾਖਾ;
ਬੋਲਤ ਬਚਨ ਖਿਨ ਬੂਝੈ ਬਿਨ ਦੇਖ ਹੀ ॥

ਜੈਸੇ = ਜਿਸ ਪ੍ਰਕਾਰ ਰਾਜੇ ਦੇ ਅਨੁਚਰ = ਪਿੱਛੇ ਤੁਰਨ ਵਾਲਾ ਸੇਵਕ ਨਰਪਤਿ = ਰਾਜੇ ਕੀ = ਦੀ ਭਾਖਾ = ਭਾਸ਼ਾ, ਬੋਲੀ ਪਛਾਨੈ = ਪਹਿਚਾਣ ਲੈਂਦਾ ਹੈ ਭਾਵ ਰਾਜੇ ਦਾ ਇਸ਼ਾਰਾ ਸਮਝ ਜਾਂਦਾ ਹੈ ਅਤੇ ਬਿਨੁ = ਬਗ਼ੈਰ ਦੇਖ = ਵੇਖਣ ਤੋਂ ਹੀ ਹਨੇਰੇ ਵਿਚ ਜਾਂ ਦੂਰ ਤੋਂ ਰਾਜੇ ਦੇ ਬਚਨ = ਵਾਕਾਂ ਨੂੰ ਖਿਨ = ਛਿਨ ਵਿਚ ਹੀ ਬੂਝੈ = ਸਮਝ ਲੈਂਦਾ ਹੈ।

ਜੈਸੇ ਜੌਹਰੀ ਪਰਖ ਜਾਨਤ ਹੈ ਰਤਨ ਕੀ;
ਦੇਖਤ ਹੀ ਕਹੈ ਖਰੋ ਖੋਟੋ ਰੂਪ ਰੇਖ ਹੀ ॥

ਜੈਸੇ = ਜਿਸ ਪ੍ਰਕਾਰ ਜੌਹਰੀ = ਰਤਨਾਂ ਦਾ ਵਪਾਰੀ ਰਤਨਾਂ ਕੀ = ਦੀ ਪਰਖ ਜਾਨਤ = ਜਾਣਦਾ ਹੁੰਦਾ ਹੈ ਤੇ ਦੇਖਤ = ਵੇਖਦਿਆਂ ਹੀ ਕਹੈ = ਆਖ ਦਿੰਦਾ ਹੈ ਕਿ ਇਹ ਖੋਟੋ = ਖੋਟਾ ਰੂਪ ਹੈ ਤੇ ਇਹ ਖਰੋ = ਖਰਾ (ਅਸਲੀ) ਹੈ, ਇਸ ਵਿਚ ਕੋਈ ਵੀ ਰੇਖ = ਲਕੀਰ ਨਹੀਂ ਹੈ।

ਜੈਸੇ ਖੀਰ ਨੀਰ ਕੋ ਨਿਬੇਰੋ ਕਰਿ ਜਾਨੈ ਹੰਸ;
ਰਾਖੀਐ ਮਿਲਾਇ ਭਿੰਨ ਭਿੰਨ ਕੈ ਸਰੇਖ ਹੀ ॥

ਜੈਸੇ = ਜਿਸ ਪ੍ਰਕਾਰ ਹੰਸ ਖੀਰ = ਦੁੱਧ ਤੇ ਨੀਰ = ਪਾਣੀ ਕੋ = ਦਾ ਨਿਬੇਰੋ = ਨਿਬੇੜਾ (ਨਿਰਣਾ) ਕਰਿ = ਕਰਨਾ ਜਾਨੈ = ਜਾਣਦਾ ਹੈ, ਭਾਵੇਂ ਦੋਵੇਂ ਦੁੱਧ ਤੇ ਪਾਣੀ ਮਿਲਾਇ = ਮਿਲਾ ਕੇ ਉਸ ਦੇ ਸਾਹਮਣੇ ਰਾਖੀਐ = ਰੱਖ ਦੇਈਏ ਤਾਂ ਸਰੇਖ = ਸਿਆਣ ਕੇ ਹੀ ਭਿੰਨ ਭਿੰਨ = ਵੱਖ ਵੱਖ ਕੈ = ਕਰ ਦਿੰਦਾ ਹੈ।

ਤੈਸੇ ਗੁਰ ਸਬਦ ਸੁਨਤ ਪਹਿਚਾਨੈ ਸਿਖ;
ਆਨ ਬਾਨੀ ਕ੍ਰਿਤਮੀ ਨ ਗਨਤ ਹੈ ਲੇਖ ਹੀ ॥੫੭੦॥

ਤੈਸੇ = ਉਸੇ ਤਰ੍ਹਾਂ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਨੂੰ ਸੁਨਤ = ਸੁਣਦਿਆਂ ਸਾਰ ਹੀ ਸਿੱਖ ਪਹਿਚਾਨੈ = ਪਛਾਣ ਲੈਂਦਾ ਹੈ ਕਿ ਇਹ ਗੁਰਾਂ ਦੀ ਅੰਮ੍ਰਿਤ ਮਈ ਬਾਨੀ = ਬਾਣੀ ਹੈ ਤੇ ਇਹ ਕਿਸੇ ਆਨ = ਹੋਰ ਦੀ ਕ੍ਰਿਤਮੀ = ਰਚੀ ਬਾਣੀ ਹੈ। ਉਸ ਨੂੰ ਬਨਾਵਟੀ ਜਾਣ ਕੇ ਕਿਸੇ ਲੇਖ = ਹਿਸਾਬ ਕਿਤਾਬ ਵਿਚ ਨ = ਨਹੀਂ ਲਿਆਉਂਦਾ ਹੈ ॥੫੭੦॥

ਹੁਣ ਅਗਲੀ ਰਚਨਾ ਵਿਚ ਵਿਜੋਗਣ ਇਸਤਰੀ ਦਾ ਪ੍ਰਮਾਣ ਦੇ ਕੇ ਜਗਿਆਸੂ ਦੀ ਅਵਸਥਾ ਕਥਨ ਕਰਦੇ ਹਨ।

ਬਾਇਸ ਉਡਹੁ ਬਲ ਜਾਉ ਬੇਗ ਮਿਲੌਂ ਪੀਯ;
ਮਿਟੈ ਦੁਖੁ ਰੋਗੁ ਸੋਗੁ ਬਿਰਹ ਬਿਯੋਗ ਕੋ ॥

ਜਿਵੇਂ ਆਪਣੇ ਪਤੀ ਦੇ ਪ੍ਰਦੇਸ ਗਏ ਤੋਂ ਪਤਨੀ ਬਿਰਹੋਂ ਦੇ ਵਿਚ ਬਨੇਰੇ 'ਤੇ ਬੈਠੇ ਕਾਂ ਨੂੰ ਇਉਂ ਕਹਿੰਦੀ ਹੈ ਕਿ ਹੇ ਬਾਇਸ = ਕਾਵਾਂ ! ਮੈਂ ਤੇਰੇ ਉੱਪਰੋਂ ਬਲ = ਬਲਿਹਾਰ ਜਾਉ = ਜਾਵਾਂ, ਬੇਗ = ਜਲਦੀ ਉਡਹੁ = ਉੱਡ ਕੇ ਜਾਣਾ ਕਰ ਤੇ ਮੇਰੇ ਪਤੀ ਨੂੰ ਲੈ ਕੇ ਆ ਤਾਂ ਜੋ ਮੈਂ ਆਪਣੇ ਪੀਯ = ਪਤੀ ਨੂੰ ਮਿਲੌਂ = ਮਿਲਣਾ ਕਰਾਂ, ਜਿਸ ਕਰਕੇ ਮੇਰੇ ਬਿਯੋਗ = ਵਿਛੋੜੇ ਕੋ = ਦਾ ਦੁੱਖ ਤੇ ਬਿਰਹੋਂ ਰੋਗ ਦਾ ਸੋਗ = ਗ਼ਮ ਮਿਟੈ = ਦੂਰ ਹੋ ਜਾਵੇ। ਇਸੇ ਪ੍ਰਕਾਰ ਜਗਿਆਸੂ ਰੂਪੀ ਇਸਤਰੀ ਪਤੀ-ਪਰਮਾਤਮਾ ਦੇ ਮਿਲਾਪ ਲਈ ਇਹ ਭਾਵਨਾ ਪ੍ਰਗਟਾਉਂਦੀ ਹੈ ਕਿ ਹੇ ਕਾਮ ਰੂਪੀ ਬਾਇਸ = ਕਾਵਾਂ ! ਤੂੰ ਮੇਰੇ ਹਿਰਦੇ ਵਿਚ ਉਡਹੁ = ਉੱਡ ਜਾ ਭਾਵ ਮੇਰੇ ਹਿਰਦੇ ਵਿਚ ਨਾ ਰਹਿ ਕਿਉਂਕਿ ਤੂੰ ਹੀ ਪਤੀ-ਪਰਮਾਤਮਾ ਦੇ ਮਿਲਾਪ ਵਿਚ ਵੱਡੀ ਰੁਕਾਵਟ ਹੈਂ। ਜੇ ਤੂੰ ਉੱਡ ਜਾਵੇਂ ਤਾਂ ਮੈਂ ਤੇਰੇ ਉੱਪਰੋਂ ਬਲਿ = ਬਲਿਹਾਰ ਜਾਉ = ਜਾਵਾਂ ਅਤੇ ਫੇਰ ਮੈਂ ਬੇਗ = ਜਲਦੀ ਨਾਲ ਆਪਣੇ

ਪੀਯ = ਪਤੀ-ਪਰਮਾਤਮਾ ਨੂੰ ਮਿਲ ਜਾਵਾਂ। ਫਿਰ ਬਿਯੋਗ = ਵਿਛੋੜੇ ਕੋ = ਦਾ ਦੁੱਖ ਤੇ ਬਿਰਹੋਂ ਰੋਗ ਦਾ ਸੋਗੁ = ਗ਼ਮ ਮਿਟੈ = ਮਿਟ ਜਾਵੇਗਾ।

ਅਵਧ ਬਿਕਟ ਕਟੈ, ਕਪਟ ਅੰਤਰਿ ਪਟੁ;
ਦੇਖਉ ਦਿਨ ਪ੍ਰੇਮ ਰਸ ਸਹਜ ਸੰਜੋਗ ਕੋ ॥

ਹੇ ਪਿਆਰੇ ! ਮੇਰੀ ਵਿਛੋੜੇ ਦੇ ਦੁੱਖ ਤੇ ਗ਼ਮ ਵਿਚ ਅਵਧ = ਉਮਰ ਬਹੁਤ ਬਿਕਟ = ਔਖੀ ਕਟੈ = ਕੱਟ, ਬੀਤ ਰਹੀ ਹੈ, ਕੀ ਮੇਰੇ ਅੰਤਰਿ = ਅੰਦਰ ਕੋਈ ਲੁਕਿਆ ਛਿਪਿਆ ਕਪਟ = ਛਲ ਦਾ ਪਟੁ = ਪਰਦਾ ਹੈ, ਜਿਸ ਕਰਕੇ ਮੈਂ ਇਤਨੀ ਬੇਚੈਨ ਹੋ ਰਹੀ ਹਾਂ, ਮੈਂ ਉਹ ਦਿਨ ਪ੍ਰੇਮ ਰਸ = ਸਨੇਹ ਰਸ ਵਾਲਾ ਤੇ ਪਤੀ ਨਾਲ ਸਹਜ = ਸੁਤੇ ਸੰਜੋਗ = ਮਿਲਾਪ ਕੋ = ਦਾ ਵਕਤ ਕਿਸ ਤਰ੍ਹਾਂ ਦੇਖਉ = ਵੇਖਣਾ ਕਰਾਂ। ਇਸੇ ਪ੍ਰਕਾਰ ਮੇਰੀ ਅਵਧ = ਉਮਰ ਭਾਵ ਸਮਾਂ ਪਤੀ-ਪਰਮਾਤਮਾ ਦੇ ਵਿਛੋੜੇ ਦੇ ਦੁੱਖ ਵਿਚ ਬਹੁਤ ਬਿਕਟ = ਔਖਾ ਕਟੈ = ਕੱਟ, ਬੀਤ ਰਿਹਾ ਹੈ ਕਿਉਂਕਿ ਮੇਰੇ ਹਿਰਦੇ ਵਿਚ ਕਿਤੇ ਨਾ ਕਿਤੇ ਕੋਈ ਕਪਟ = ਛਲ ਦਾ ਪਟ = ਪਰਦਾ ਬਣਿਆ ਹੋਇਆ ਹੈ। ਮੈਂ ਉਹ ਦਿਨ ਪ੍ਰੇਮ-ਰਸ ਵਾਲੇ ਤੇ ਪਤੀ-ਪਰਮਾਤਮਾ ਨਾਲ ਸਹਜ = ਸੁਤੇ-ਸਿਧ ਸੰਜੋਗ = ਮਿਲਾਪ ਕੋ = ਦਾ ਵਕਤ ਕਿਸ ਤਰ੍ਹਾਂ ਦੇਖਣਾ ਕਰਾਂ।

ਲਾਲ ਨ ਆਵਤ ਸੁਭ ਲਗਨ ਸਗਨ ਭਲੇ;
ਹੋਇ ਨ ਬਿਲੰਬ ਕਛੁ ਭੇਦੁ ਬੇਦ ਲੋਕ ਕੋ ॥

ਸੁਭ = ਸ੍ਰੇਸ਼ਟ ਲਗਨ = ਮਹੂਰਤ ਵੀ ਹੈ ਸ਼ਗਨ ਵੀ ਭਲੇ = ਚੰਗਾ ਹੈ, ਫਿਰ ਕਿਉਂ ਨ = ਨਹੀਂ ਮੇਰਾ ਲਾਲ = ਪਿਆਰਾ ਪਤੀ ਆਵਤ = ਆਉਂਦਾ, ਕਛੁ = ਕੁਝ ਬੇਦ ਲੋਕ = ਮਹੂਰਤ ਸੰਬੰਧੀ ਲੋਕਾਂ ਕੋ = ਦਾ ਪ੍ਰਚਲਤ ਭੇਦ = ਭੇਤ ਵਿਚਾਰ ਹੈ ਕਿਤੇ ਇਸ ਕਰਕੇ ਤਾਂ ਬਿਲੰਬ = ਦੇਰੀ ਨਹੀਂ ਹੋਇ = ਹੋ ਰਹੀ। ਮੇਰਾ ਸੁਭ = ਸ੍ਰੇਸ਼ਟ ਪਰਮਾਤਮਾ ਦੇ ਨਾਲ ਲਗਨ = ਲਗਾਅ ਵੀ ਪੂਰਾ ਹੈ ਅਤੇ ਭਲੇ = ਸ੍ਰੇਸ਼ਟ ਪੁਰਖਾਂ ਦੀ (ਸ + ਗਣ) ਗਣ = ਗਿਣਤੀ ਦੇ ਸ = ਸਹਿਤ ਵੀ ਹਾਂ ਭਾਵ ਮੈਂ ਚੰਗੇ ਗੁਣਾਂ ਵਾਲੇ ਸਤਪੁਰਖਾਂ ਦੀ ਸਤਿਸੰਗਤ ਵੀ ਕਰਦੀ ਹਾਂ, ਫਿਰ ਜੋ ਅਜੇ ਵੀ ਲਾਲ = ਪਿਆਰਾ ਪਰਮਾਤਮਾ ਨਹੀਂ ਆਵਤ = ਆ ਰਿਹਾ, ਇਸ ਕਰਕੇ ਬੇਦ = ਗਿਆਨ ਵਿਚ ਕਛੁ = ਕੁਝ ਭੇਦ = ਫ਼ਰਕ ਹੈ ਜਾਂ ਸੰਬੰਧੀ ਆਦਿ ਲੋਕਾਂ ਦਾ ਮੇਰੇ ਅੰਦਰ ਕੋਈ ਮੋਹ ਹੈ।

ਅਤਿਹਿ ਆਤੁਰ ਭਈ ਅਧਿਕ ਔਸੇਰ ਲਾਗੀ;
ਧੀਰਜ ਨ ਧਰੌ ਖੋਜੌ ਧਾਰਿ ਭੇਖ ਜੋਗ ਕੋ ॥੫੭੧॥

ਮੈਂ ਹੁਣ ਅਤਿਹਿ = ਅਤਿਅੰਤ ਆਤੁਰ = ਦੁਖੀ ਭਈ = ਹੋ ਰਹੀ ਹਾਂ, ਅਧਿਕ = ਬਹੁਤ ਔਸੇਰ = ਦੇਰੀ ਲਾਗੀ = ਲੱਗ ਗਈ ਹੈ, ਧੀਰਜ = ਟਿਕਾਅ ਵਾਲਾ ਸੁਭਾਅ ਧਰੌ = ਧਾਰਨ ਨ = ਨਹੀਂ ਕਰ ਸਕਦੀ ਹਾਂ। ਸੋ ਹੁਣ ਤਾਂ ਬੱਸ ਇਹੋ ਹੈ ਕਿ ਮੈਂ ਜੋਗ = ਜੋਗਣ ਕੋ = ਦਾ ਭੇਖ = ਲਿਬਾਸ ਧਾਰਿ = ਧਾਰਨ ਕਰ ਕੇ ਆਪ ਹੀ ਖੋਜੌ = ਲੱਭਣ ਜਾਵਾਂ ਭਾਵ ਜਗਿਆਸੂ ਰੂਪੀ ਇਸਤਰੀ ਕਹਿੰਦੀ ਹੈ ਕਿ ਮੈਂ ਪਤੀ = ਪਰਮਾਤਮਾ ਦੇ ਵਿਛੋੜੇ ਵਿਚ ਅਤਿਹਿ = ਅਤਿਅੰਤ ਹੀ ਆਤੁਰ = ਦੁਖੀ ਭਈ = ਹੋ ਰਹੀ ਹਾਂ ਅਤੇ ਅਧਿਕ = ਬਹੁਤ ਹੀ ਔਸੇਰ = ਦੇਰ ਲੱਗ ਗਈ ਹੈ ਭਾਵ ਬਹੁਤੇ ਜਨਮਾਂ ਦਾ ਵਿਛੋੜਾ ਹੈ, ਹੁਣ ਮੈਂ ਧੀਰਜਤਾ ਨੂੰ ਧਾਰਨ ਨਹੀਂ ਕਰ ਸਕਦੀ, ਸੋ

ਹੁਣ ਤਾਂ ਮੈਂ ਜੋਗ = ਜੁੜਨ ਦੀ ਜੁਗਤੀ ਨੂੰ ਖੋਜੈ = ਖੋਜਾਂਗੀ, ਜਿਸ ਜੁਗਤੀ ਨਾਲ ਮੈਂ ਪਰਮਾਤਮਾ ਨਾਲ ਹਮੇਸ਼ਾਂ ਲਈ ਜੁੜ ਸਕਾਂ ॥੫੭੧॥

ਅਗਨਿ ਜਰਤ, ਜਲ ਬੂਡਤ, ਸਰਪ ਗ੍ਰਸਹਿ;
ਸਸਤ੍ਰ ਅਨੇਕ ਰੋਮ ਰੋਮ ਕਰਿ ਘਾਤ ਹੈ ॥

ਅਗਨਿ = ਅੱਗ ਜਰਤ = ਸਾੜਨਾ ਕਰੇ, ਜਲ = ਪਾਣੀ ਬੂਡਤ = ਡੋਬਣਾ ਕਰੇ, ਸਰਪ = ਸੱਪ ਗ੍ਰਸਹਿ = ਡੰਗਣਾ ਕਰੇ, ਅਨੇਕ = ਅਨੰਤ ਸਸਤ੍ਰ ਘਾਤ = ਨਾਸ਼ ਕਰਿ = ਕਰਨ, ਇਨ੍ਹਾਂ ਤੋਂ ਜੋ ਰੋਮ ਰੋਮ = ਵਾਲ ਵਾਲ ਵਿਚ ਪੀੜਾ ਹੈ = ਹੋਵੇ।

ਬਿਰਥਾ ਅਨੇਕ ਅਪਦਾ ਅਧੀਨ ਦੀਨ ਗਤਿ;
ਗ੍ਰੀਖਮ ਔ ਸੀਤ ਬਰਖ ਮਾਹਿ ਨਿਸ ਪ੍ਰਾਤ ਹੈ ॥

ਅਜਿਹੀ ਦੀਨ = ਗ਼ਰੀਬ ਤੇ ਦੁਖੀ ਦੀ ਗਤਿ = ਦਸ਼ਾ ਹੋਵੇ ਕਿ ਅਨੇਕ = ਅਨੰਤ ਅਪਦਾ = ਬਿਪਤਾ ਦੇ ਅਧੀਨ = ਵੱਸ ਹੋਣ ਦੀ ਬਿਰਥਾ = ਪੀੜਾ ਹੋਵੇ ਜਾਂ ਗ੍ਰੀਖਮ = ਗਰਮੀ ਔ = ਜਾਂ ਸੀਤ = ਠੰਢ ਵਿਚ ਜਾਂ ਬਰਖ = ਮੀਂਹ ਵਰਸਦੇ ਮਾਹਿ = ਵਿਚ ਨਿਸ ਪ੍ਰਾਤ = ਰਾਤ ਦਿਨ ਬੈਠਣਾ ਪੈਂਦਾ ਹੋਵੇ।

ਗੌ ਦ੍ਵਿਜ ਬਧੂ ਬਿਸ੍ਵਾਸ ਬੰਸ ਕੋਟਿ ਹਤਿਆ;
ਤ੍ਰਿਸਨਾ ਅਨੇਕ ਦੁਖ ਦੋਖ ਬਸਿ ਗਾਤ ਹੈ ॥

ਗੌ = ਗਊ ਹੱਤਿਆ, ਦ੍ਵਿਜ = ਬ੍ਰਾਹਮਣ ਦੀ ਹੱਤਿਆ, ਬਧੂ = ਵਹੁਟੀ, ਇਸਤਰੀ ਦੀ ਹੱਤਿਆ, ਬਿਸ੍ਵਾਸ = ਵਿਸ਼ਵਾਸਘਾਤ, ਬੰਸ = ਕੁਲ ਹੱਤਿਆ ਆਦਿ ਕੋਟਿ = ਕਰੋੜਾਂ ਦੀ ਹੱਤਿਆ ਦੀ ਪੀੜਾ ਹੋਵੇ ਜਾਂ ਤ੍ਰਿਸ਼ਨਾ ਦੇ ਕਾਰਨ ਦੁਖ = ਕਸ਼ਟ ਕਮਾਉਣਾ ਕਰੇ ਤੇ ਦੋਖ = ਦੋਸ਼ਾਂ ਦੇ ਕਾਰਨ ਅਨੇਕ = ਬਹੁਤ ਸਾਰੇ ਦੁੱਖਾਂ ਦੀ ਬਸਿ = ਅਧੀਨਗੀ ਵਿਚ ਗਾਤ = ਸਰੀਰ ਪਿਆ ਹੈ = ਹੋਵੇ।

ਅਨਿਕ ਪ੍ਰਕਾਰ ਜੋਰ ਸਕਲ ਸੰਸਾਰ ਸੋਧ;
ਪੀਯ ਕੇ ਬਿਛੋਹ ਪਲ ਏਕ ਨ ਪੁਜਾਤ ਹੈ ॥੫੭੨॥

ਪਤੀਬ੍ਰਤਾ ਇਸਤਰੀ ਕਹਿੰਦੀ ਹੈ ਕਿ ਮੈਂ ਸਕਲ = ਸਾਰੇ ਸੰਸਾਰ = ਜਗਤ ਦੀਆਂ ਅਨਿਕ = ਅਨੰਤ ਪ੍ਰਕਾਰ = ਤਰ੍ਹਾਂ ਦੀਆਂ ਉਪਰੋਕਤ ਪੀੜਾਂ ਦਾ ਜੋਰ = ਜੋੜ ਸੋਧ = ਵਿਚਾਰ ਕੇ ਵੇਖਣਾ ਕੀਤਾ ਹੈ ਕਿ ਪੀਯ = ਪਿਆਰੇ ਪਤੀ ਕੇ = ਦੇ ਬਿਛੋਹ = ਵਿਛੋੜੇ ਦੀ ਪੀੜਾ ਦੇ ਏਕ = ਇਕ ਪਲ = ਛਿਨ ਨੂੰ ਪੁਜਾਤ = ਪੁੱਜ ਨ = ਨਹੀਂ ਸਕਦੇ ਹਨ। ਇਸੇ ਪ੍ਰਕਾਰ ਜਗਿਆਸੂ ਰੂਪ ਇਸਤਰੀ ਪਤੀ-ਪਰਮਾਤਮਾ ਦੇ ਵਿਛੋੜੇ ਨੂੰ ਅਨੁਭਵ ਕਰਦੀ ਹੋਈ ਕਹਿੰਦੀ ਹੈ ਕਿ ਇਹ ਉਪਰੋਕਤ ਪੀੜਾ ਮੇਰੇ ਪਿਆਰੇ ਪਰਮਾਤਮਾ ਦੇ ਵਿਛੋੜੇ ਦੀ ਪੀੜਾ ਦੇ ਇਕ ਪਲ ਮਾਤਰ ਵੀ ਬਰਾਬਰ ਨਹੀਂ ਪੁੱਜ ਸਕਦੇ ॥੫੭੨॥

ਪੂਰਨਿ ਸਰਦ ਸਸਿ ਸਕਲ ਸੰਸਾਰ ਕਹੈ;
ਮੇਰੇ ਜਾਨੇ ਬਰ ਬੈਸੰਤਰ ਕੀ ਊਕ ਹੈ॥

ਸਕਲ = ਸਾਰਾ ਸੰਸਾਰ = ਜਗਤ ਤਾਂ ਕਹੈ = ਆਖਦਾ ਹੈ ਕਿ ਇਹ ਸਰਤ ਰੁੱਤ ਦਾ ਪੂਰਨ = ਪੂਰਾ ਸਸਿ = ਚੰਦਰਮਾ ਹੈ, ਪਰੰਤੂ ਮੇਰੇ ਜਾਨੇ = ਜਾਣੇ ਤਾਂ ਇਹ ਬੈਸੰਤਰ = ਅੱਗ ਕੀ = ਦੀ ਊਕ = ਸਮੁੱਚੀ ਲਾਟ ਬਰ = ਬਰਾਬਰ ਹੈ।

ਅਗਨ ਅਗਨ ਤਨ ਮਧਿ ਚਿਨਗਾਰੀ ਛਾਡੈ;
ਬਿਰਹ ਉਸਾਸ ਮਾਨੋ ਫੰਨਗ ਕੀ ਫੂਕ ਹੈ॥

ਇਸ ਦੀ ਅਗਨ = ਅੱਗ ਮੇਰੇ ਤਨ = ਸਰੀਰ ਮਧਿ = ਵਿਚ ਅਗਨ = ਗਿਣਤੀ ਤੋਂ ਰਹਿਤ ਚਿਨਗਾਰੀ = ਚਿੰਗਾੜੀਆਂ ਛਾਡੈ = ਛੱਡ ਰਹੀ ਹੈ, ਮੇਰੇ ਬਿਰਹ = ਵਿਛੋੜੇ ਦਾ ਉਸਾਸ = ਹਉਕਾ ਮਾਨੋ = ਮੰਨਣਾ ਕਰੋ ਕਿ ਫੰਨਗ = ਫਨੀਅਰ ਸੱਪ ਕੀ = ਦੀ ਫੂਕ ਵਾਂਗ ਹੈ ਭਾਵ ਸੱਪ ਦਾ ਫੁੰਕਾਰਾ ਹੈ।

ਪਰਸਤ ਪਾਵਕ ਪਖਾਨ ਫੂਟਿ ਟੂਟ ਜਾਤ;
ਛਾਤੀ ਅਤਿ ਬਰਜਨ ਹੋਇ ਦੋਇ ਟੂਕ ਹੈ॥

ਇਸ ਪਾਵਕ = ਅੱਗ ਦੇ ਨਾਲ ਪਰਸਤ = ਛੂੰਹਦਿਆਂ ਜਿਥੇ ਪਖਾਨ = ਪੱਥਰ ਫੂਟਿ = ਫੁੱਟ ਕੇ ਟੂਟ = ਟੁੱਟ ਜਾਤ = ਜਾਂਦੇ ਹਨ, ਉਥੇ ਮੇਰੀ ਛਾਤੀ ਦੀ ਕੀ ਪੇਸ਼ ਜਾਣੀ ਹੈ। ਉਹ ਤਾਂ ਅਤਿ = ਬਹੁਤ ਬਰਜਨ = ਰੋਕਣ ਦੇ ਜਤਨ ਕਰਦਿਆਂ ਵੀ ਦੋਇ = ਦੋ ਟੂਕ = ਟੋਟੇ ਹੋਇ = ਹੋ ਰਹੀ ਹੈ।

ਪੀਯ ਕੇ ਸਿਧਾਰੇ ਭਾਰੀ ਜੀਵਨ ਮਰਨ ਭਏ;
ਜਨਮ ਲਜਾਯੋ ਪ੍ਰੇਮ ਨੇਮ ਚਿਤ ਚੂਕ ਹੈ॥੫੭੩॥

ਪਤੀਬ੍ਰਤਾ ਇਸਤਰੀ ਕਹਿੰਦੀ ਹੈ ਕਿ ਮੇਰੇ ਪੀਯ = ਪਿਆਰੇ ਪਤੀ ਕੇ = ਦੇ ਸਿਧਾਰੇ = ਚਲੇ, ਵਿੱਛੜ ਜਾਣ ਨਾਲ ਜੀਵਨ = ਜੀਊਣਾ ਤੇ ਮਰਨਾ ਇਹ ਦੋਵੇਂ ਭਾਰੀ = ਔਖੇ ਭਏ = ਹੋ ਗਏ ਹਨ, ਕਿਉਂਕਿ ਮੇਰਾ ਚਿੱਤ ਚੂਕ = ਭੁੱਲਣੇ ਕਰਕੇ ਮੇਰੇ ਮਨੁੱਖਾ ਜਨਮ ਨੂੰ ਲਜਾਯੋ = ਸ਼ਰਮਸਾਰ ਕਰ ਰਿਹਾ ਹੈ ਕਿ ਮੇਰੇ ਪ੍ਰੇਮ = ਸਨੇਹ ਦਾ ਨੇਮ = ਨਿਯਮ ਸਫਲਾ ਹੋਣ ਤੋਂ ਰਹਿਤ ਹੈ। ਇਸੇ ਪ੍ਰਕਾਰ ਜਗਿਆਸੂ ਰੂਪ ਇਸਤਰੀ ਕਹਿੰਦੀ ਹੈ ਕਿ ਮੇਰੇ ਪਿਆਰੇ ਪਤੀ-ਪਰਮਾਤਮਾ ਦੇ ਵਿਛੜਨ ਨਾਲ ਮੇਰਾ ਜੀਊਣਾ-ਮਰਨਾ ਦੋਵੇਂ ਔਖੇ ਹੋ ਗਏ ਹਨ। ਜੈਸਾ ਕਿ :

ਆਵਣ ਜਾਣਾ ਕਿਉ ਰਹੈ ਕਿਉ ਮੇਲਾ ਹੋਈ॥
ਜਨਮ ਮਰਣ ਦਾ ਦੁਖ ਘਣੋ ਨਿਤ ਸਹਸਾ ਦੋਈ॥੧॥ *(ਅੰਗ ੪੨੨)*

ਕਿਉਂਕਿ ਮੇਰਾ ਮਨ ਭੁੱਲਣ ਕਰਕੇ ਮੇਰੇ ਮਨੁੱਖਾ ਜਨਮ ਨੂੰ ਲੱਜਾਵਾਨ ਕਰ ਰਿਹਾ ਹੈ ਕਿ ਮੇਰੇ ਪ੍ਰੇਮ ਦਾ ਨਿਯਮ ਸਫਲਾ ਹੋਣ ਤੋਂ ਰਹਿਤ ਹੈ।

ਬਿਨੁ ਪ੍ਰਿਯ ਸਿਹਜਾ ਭਵਨ ਆਨ ਰੂਪ ਰੰਗ;
ਦੇਖੀਐ ਸਕਲ ਜਮ-ਦੂਤ ਭੈ ਭਯਾਨ ਹੈ॥

ਜਿਵੇਂ ਪਤੀਬ੍ਰਤਾ ਇਸਤਰੀ ਨੂੰ ਪ੍ਰਿਯ = ਪਤੀ ਤੋਂ ਬਿਨੁ = ਬਗ਼ੈਰ ਸੁੰਦਰ ਸਿਹਜਾ = ਸੇਜਾ, ਭਵਨ = ਘਰ

ਤੇ ਆਨ = ਹੋਰ ਰੂਪ ਰੰਗ ਆਦਿ ਸਕਲ = ਸਾਰੇ ਜਮਦੂਤਾਂ ਵਾਂਗ ਭਯਾਨ = ਭਿਆਨਕ ਤੇ ਭੈ = ਡਰਾਉਣੇ ਹੀ ਦਿੱਸਦੇ ਹੈ = ਹਨ। ਇਸੇ ਪ੍ਰਕਾਰ ਜਗਿਆਸੂ ਰੂਪੀ ਇਸਤਰੀ ਨੂੰ ਪ੍ਰਿਯ = ਪਿਆਰੇ ਪਤੀ-ਪਰਮਾਤਮਾ ਤੋਂ ਬਿਨੁ = ਬਗ਼ੈਰ ਸਰੀਰ ਰੂਪੀ ਭਵਨ = ਘਰ, ਅੰਤਸ਼ਕਰਣ ਰੂਪੀ ਸੇਜਾ ਅਤੇ ਆਨ = ਹੋਰ ਪਦਾਰਥਾਂ ਦੇ ਰੂਪ ਰੰਗ = ਸਕਲ ਸਾਰੇ ਹੀ ਜਮਦੂਤਾਂ ਵਾਂਗ ਭਿਆਨਕ ਤੇ ਭੈ = ਡਰਾਉਣੇ ਦੇਖੀਐ = ਦਿੱਸਦੇ ਹਨ।

ਬਿਨੁ ਪ੍ਰਿਯ ਰਾਗ ਨਾਦ ਬਾਦ ਗਿਆਨ ਆਨ ਕਥਾ;
ਲਾਗੈ ਤਨ ਤੀਛਨ ਦੁਸਹ ਉਰ ਬਾਨ ਹੈ॥

ਜਿਵੇਂ ਪਤੀਬ੍ਰਤਾ ਇਸਤਰੀ ਨੂੰ ਪ੍ਰਿਯ = ਪਿਆਰੇ ਪਤੀ ਤੋਂ ਬਿਨੁ = ਬਗ਼ੈਰ ਰਾਗ, ਨਾਦ, ਬਾਦ = ਵਾਜੇ ਆਨ = ਹੋਰ ਗਿਆਨ ਤੇ ਕਥਾ = ਕਹਾਣੀਆਂ ਤਨ = ਸਰੀਰ ਨੂੰ ਲਾਗੈ = ਲੱਗ ਕੇ ਉਰ = ਰਿਦੇ ਨੂੰ ਇਉਂ ਚੀਰ ਜਾਂਦੇ ਹਨ ਜਿਵੇਂ ਤੀਛਨ = ਤਿੱਖੇ ਤੇ ਦੁਸਹ = ਅਸਹਿ ਬਾਨ = ਤੀਰ ਹੁੰਦੇ ਹੈ = ਹਨ। ਇਸੇ ਪ੍ਰਕਾਰ ਜਗਿਆਸੂ ਰੂਪੀ ਇਸਤਰੀ ਨੂੰ ਪ੍ਰਿਯ = ਪਿਆਰੇ ਪਰਮਾਤਮਾ ਦੇ ਜੱਸ ਤੋਂ ਬਿਨਾਂ ਹੋਰ ਵਿਸ਼ੇ ਰਸ ਦੇ ਰਾਗ ਦੀਆਂ ਨਾਦ = ਧੁਨੀਆਂ, ਬਾਦ = ਵਾਜੇ, ਵਿਸ਼ੇ ਰਸ ਦੇ ਗਿਆਨ ਦੀਆਂ ਆਨ = ਹੋਰ ਕਥਾ = ਕਹਾਣੀਆਂ ਤਨ ਨੂੰ ਲੱਗ ਕੇ ਉਰ = ਹਿਰਦੇ ਨੂੰ ਇਉਂ ਚੀਰ ਜਾਂਦੇ ਹਨ, ਜਿਵੇਂ ਤੀਛਨ = ਤਿੱਖੇ ਤੇ ਦੁਸਹ = ਅਸਹਿ ਬਾਨ = ਤੀਰ ਸਰੀਰ ਨੂੰ ਚੀਰ ਦਿੰਦੇ ਹਨ। ਇਸ ਕਰਕੇ ਜਗਿਆਸੂ ਦੀ ਇਹ ਭਾਵਨਾ ਹੈ ਕਿ :

ਮੇਰੇ ਮੋਹਨ ਸ੍ਵਨੀ ਇਹ ਨ ਸੁਨਾਏ॥
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ॥੧॥ਰਹਾਉ॥

(ਰਾਗੁ ਬਿਲਾਵਲੁ ਮਃ ੫, ਅੰਗ ੮੨੦)

ਬਿਨੁ ਪ੍ਰਿਯ ਅਸਨ ਬਸਨ ਅੰਗ ਅੰਗ ਸੁਖ;
ਬਿਖਿਆ ਬਿਖਮੁ ਅਉ ਬੈਸੰਤਰ ਸਮਾਨ ਹੈ॥

ਪ੍ਰਿਯ = ਪਿਆਰੇ ਪਤੀ ਤੋਂ ਬਿਨੁ = ਬਗ਼ੈਰ ਅਸਨ = ਭੋਜਨ, ਬਸਨ = ਬਸਤਰ ਜੋ ਸਰੀਰ ਦੇ ਅੰਗ ਅੰਗ ਨੂੰ ਢੱਕਦੇ ਹਨ ਤੇ ਬਹੁਤੇ ਸੁਖ = ਆਨੰਦ, ਇਹ ਬਿਖਮੁ = ਕਠਿਨ ਬਿਖਿਆ = ਜ਼ਹਿਰ ਅਉ = ਅਤੇ ਬੈਸੰਤਰ = ਅੱਗ ਦੇ ਸਮਾਨ = ਬਰਾਬਰ ਹਨ। ਇਸੇ ਪ੍ਰਕਾਰ ਪਿਆਰੇ ਪਤੀ-ਪਰਮਾਤਮਾ ਤੋਂ ਬਗ਼ੈਰ ਜਗਿਆਸੂ ਨੂੰ ਆਪਣਾ ਜੱਸ ਸੁਣਨ ਰੂਪੀ ਅਸਨ = ਭੋਜਨ, ਆਪਣੀ ਵਡਿਆਈ ਵਿਚ ਬਸਨ = ਵੱਸਣਾ ਤੇ ਗਿਆਨ ਇੰਦਰਿਆਂ ਰੂਪੀ ਅੰਗਾਂ ਤੇ ਕਰਮ ਇੰਦਰਿਆਂ ਰੂਪ ਅੰਗਾਂ ਦੇ ਜੋ ਸੁਖ ਹਨ, ਇਹ ਬਿਖਮ = ਕਠਿਨ ਬਿਖਿਆ = ਜ਼ਹਿਰ ਅਤੇ ਬੈਸੰਤਰ = ਅੱਗ ਦੇ ਸਮਾਨ = ਬਰਾਬਰ ਲੱਗਦੇ ਹਨ।

ਬਿਨੁ ਪ੍ਰਿਯ ਮਾਨੋ ਮੀਨ ਸਲਿਲ ਅੰਤਰਗਤਿ;
ਜੀਵਨ ਜਤਨ ਬਿਨੁ ਪ੍ਰੀਤਮ ਨ ਆਨ ਹੈ॥੫੭੪॥

ਜਿਸ ਤਰ੍ਹਾਂ ਮੀਨ = ਮੱਛੀ ਸਲਿਲ = ਪਾਣੀ ਅੰਤਰਗਤਿ = ਵਿਚ ਵੱਸਦੀ ਹੈ, ਮਾਨੋ = ਮੰਨਣਾ ਕਰੋ ਕਿ ਪ੍ਰਿਯ = ਪਿਆਰੇ ਪਾਣੀ ਤੋਂ ਬਿਨੁ = ਬਗ਼ੈਰ ਉਸ ਦਾ ਜਿਊਣਾ ਅਤਿਅੰਤ ਮੁਸ਼ਕਲ ਹੈ। ਇਸੇ ਤਰ੍ਹਾਂ ਮੇਰੀ ਜੀਵਨ = ਜ਼ਿੰਦਗੀ ਦਾ ਜਤਨ = ਉਪਰਾਲਾ ਪ੍ਰੀਤਮ = ਪਿਆਰੇ ਪਰਮਾਤਮਾ ਦੇ ਮਿਲਾਪ ਤੋਂ ਬਿਨੁ = ਬਗ਼ੈਰ ਆਨ = ਹੋਰ ਕੋਈ ਨ = ਨਹੀਂ ਹੈ ਭਾਵ ਜਿਵੇਂ ਮੱਛੀ ਦਾ ਜੀਵਨ ਪਾਣੀ ਦੇ ਅੰਤਰਗਤਿ ਹੈ, ਇਉਂ ਮੇਰਾ

ਜੀਵਨ ਪਰਮਾਤਮਾ ਦੇ ਨਾਮ ਰੂਪੀ ਜਲ ਦੇ ਅੰਤਰਗਤਿ ਹੈ, ਪਰ ਮੇਰਾ ਪਰਮਾਤਮਾ ਦੇ ਮਿਲਾਪ ਤੋਂ ਬਿਨਾ ਜੀਵਨ ਦਾ ਹੋਰ ਕੋਈ ਜਤਨ ਨਹੀਂ ਹੈ ਕਿਉਂਕਿ ਇਕ ਨਾਮ ਹੀ ਹੈ ਜੋ ਪਿਆਰੇ ਪਰਮਾਤਮਾ ਨੂੰ ਮਿਲਾ ਸਕਦਾ ਹੈ ॥੫੭੪॥

ਪਾਇ ਲਾਗਿ ਲਾਗਿ ਦੂਤੀ ਬੇਨਤੀ ਕਰਤ ਹੁਤੀ;
ਮਾਨ ਮਤੀ ਹੋਇ ਕਾਹੂ ਮੁਖ ਨ ਲਗਾਵਤੀ ॥

ਪਾਇ = ਪੈਰੀਂ ਲਾਗਿ ਲਾਗਿ = ਲੱਗ ਲੱਗ ਕੇ ਦੂਤੀ = ਪ੍ਰੇਮੀ ਦਾ ਸੁਨੇਹਾ ਦੇਣ ਵਾਲੀ ਔਰਤ (ਦਾਸੀ) ਬੇਨਤੀ = ਅਰਜ਼ੋਈ ਕਰਤ = ਕਰਦੀ ਹੁਤੀ = ਹੁੰਦੀ ਸੀ ਤੇ ਮੈਂ ਮਾਨ = ਗ਼ਰੂਰ ਵਿਚ ਮਤੀ = ਮਸਤੀ ਹੋਇ = ਹੋਈ ਕਾਹੂ = ਕਿਸੇ ਨੂੰ ਮੁਖ = ਮੂੰਹ ਨ = ਨਹੀਂ ਲਗਾਵਤੀ = ਲਗਾਉਂਦੀ ਸੀ। ਇਸੇ ਪ੍ਰਕਾਰ ਜੋ ਸਤਿਪੁਰਖ ਮਨ ਕਰਕੇ ਵੀ ਪਰਮਾਤਮਾ ਦੇ ਪਾਇ = ਚਰਨੀਂ ਲਾਗਿ = ਲੱਗੇ ਹੋਏ ਸੀ ਤੇ ਤਨ ਕਰਕੇ ਵੀ ਚਰਨੀਂ ਲਾਗਿ = ਲੱਗੇ ਹੋਏ ਸੀ ਅਤੇ ਜੋ ਇਹ ਦੂਤੀ = ਸੁਨੇਹਾ ਦੇਣ ਵਾਲੇ ਸੀ ਕਿ ਪਰਮਾਤਮਾ ਬੇਨਤੀਆਂ ਕਰਤ = ਕਰਨ ਦੇ ਨਾਲ ਹੀ ਪ੍ਰਸੰਨ ਹੁਤੀ = ਹੁੰਦਾ ਹੈ, ਪਰ ਮੈਂ ਮਾਨ = ਹੰਕਾਰ ਵਿਚ ਮਤੀ = ਮਸਤ ਹੋਇ = ਹੋਈ ਨੇ ਕਾਹੂ = ਕਿਸੇ ਵੀ ਸਤਿਪੁਰਸ਼ ਦੇ ਉਪਦੇਸ਼ ਨੂੰ ਮੁਖ = ਮੂੰਹ ਨਹੀਂ ਲਗਾਵਤੀ = ਲਾਇਆ ਭਾਵ ਉਨ੍ਹਾਂ ਦਾ ਉਪਦੇਸ਼ ਮਨ ਰੂਪੀ ਮੁੱਖ ਵਿਚ ਧਾਰਨ ਨਹੀਂ ਕੀਤਾ।

ਸਜਨੀ ਸਕਲ ਕਹਿ ਮਧੁਰ ਬਚਨ ਨਿਤ;
ਸੀਖ ਦੇਤਿ ਹੁਤੀ ਪ੍ਰਤਿ-ਉਤਰ ਨਸਾਵਤੀ ॥

ਜਿਵੇਂ ਸਕਲ = ਸਾਰੀਆਂ ਸਜਨੀ = ਸਹੇਲੀਆਂ ਮਧੁਰ = ਮਿੱਠੇ ਬਚਨ = ਵਾਕ ਨਿਤ = ਹਮੇਸ਼ਾਂ ਕਹਿ = ਆਖ ਕੇ ਸੀਖ = ਸਿੱਖਿਆ ਦੇਤਿ = ਦਿੰਦੀਆਂ ਹੁਤੀ = ਹੁੰਦੀਆਂ ਸਨ ਕਿ ਗ਼ਰੂਰ ਨਾ ਕਰੀਂ, ਲੇਕਿਨ ਮੈਂ ਉਨ੍ਹਾਂ ਪ੍ਰਤਿ = ਤਾਈਂ ਉਤਰ = ਜਵਾਬ ਦੇ ਕੇ ਉਨ੍ਹਾਂ ਨੂੰ ਨਸਾਵਤੀ = ਭਜਾ ਦਿੰਦੀ ਸੀ। ਇਸੇ ਪ੍ਰਕਾਰ ਸਕਲ = ਸਾਰੀਆਂ ਸੰਤ ਰੂਪ ਸਜਨੀ = ਸਹੇਲੀਆਂ ਪਰਮਾਤਮਾ ਦੇ ਮਧੁਰ = ਮਿੱਠੇ-ਮਿੱਠੇ ਬਚਨ ਨਿਤ = ਹਮੇਸ਼ਾ ਹੀ ਕਹਿ = ਆਖ ਕੇ ਮੈਨੂੰ ਸਿੱਖਿਆ ਦੇਤਿ = ਦਿੰਦੀਆਂ ਹੁਤੀ = ਹੁੰਦੀਆਂ ਸੀ, ਪਰ ਮੈਂ ਉਨ੍ਹਾਂ ਪ੍ਰਤਿ = ਤਾਈਂ ਕੋਈ ਉਪਦੇਸ਼ ਮੰਨਣ ਰੂਪ ਉੱਤਰ ਹੀ ਨਹੀਂ ਸੀ ਦਿੰਦੀ ਕਿ ਤੁਹਾਡਾ ਉਪਦੇਸ਼ ਮੈਂ ਮੰਨਾਂਗੀ, ਇਉਂ ਉਨ੍ਹਾਂ ਦੇ ਕੋਲੋਂ ਨਸਾਵਤੀ = ਭੱਜ ਜਾਂਦੀ ਸੀ ਭਾਵ ਦੂਰ ਹੋ ਜਾਂਦੀ ਸੀ।

ਆਪਨ ਮਨਾਇ ਪ੍ਰਿਆ ਟੇਰਤ ਹੈ ਪ੍ਰਿਆ ਪ੍ਰਿਆ;
ਸੁਨਿ ਸੁਨਿ ਮੋਨਿ ਗਹਿ ਨਾਇਕ ਕਹਾਵਤੀ ॥

ਜਿਵੇਂ ਜਦ ਪ੍ਰਿਆ = ਪਿਆਰਾ ਪਤੀ ਆਪਨ = ਆਪ ਮਨਾਇ = ਮਨਾਉਣ ਲਈ ਆਪ ਆ ਕੇ ਤੇ ਪ੍ਰਿਆ = ਪਿਆਰੀ, ਹੇ ਪ੍ਰਿਆ = ਪਿਆਰੀ, ਇਉਂ ਟੇਰਤ = ਪੁਕਾਰਦਾ ਸੀ ਤਾਂ ਮੈਂ ਇਹ ਮਿੱਠੇ ਮਿੱਠੇ ਬੋਲ ਸੁਣ ਸੁਣ ਕੇ ਮੋਨ = ਚੁੱਪ ਨੂੰ ਗਹਿ = ਗ੍ਰਹਿਣ, ਸਾਧਨਾ ਕਰਦੀ ਅਤੇ ਆਪਣੀ ਹੀ ਗੱਲ ਮਨਾਉਂਦੀ ਤੇ ਸਾਰਿਆਂ ਨੂੰ ਨਾਇਕਾ = ਮਗਰ ਲਾ ਕੇ ਤੁਰਨ ਵਾਲੀ **ਵਾ:** ਸਾਰਿਆਂ ਦੀ ਨਾਇਕਾ = ਆਗੂ ਕਹਾਵਤੀ = ਕਹਾਉਂਦੀ ਸੀ। ਇਸੇ ਪ੍ਰਕਾਰ ਜਦੋਂ ਸੰਤ ਰੂਪ ਸੁਹਾਗਣਾਂ ਨੇ ਆਪਣਾ ਪ੍ਰਿਆ = ਪਿਆਰੇ ਪਤੀ ਨੂੰ ਸਾਖ਼ਸ਼ਾਤ ਕਰਨ ਰੂਪ

ਮਨਾਇ = ਮਨਾ ਲਿਆ ਅਤੇ ਉਹ ਹਰ ਵਕਤ ਪ੍ਰਿਆ ਪ੍ਰਿਆ = ਹੇ ਪਿਆਰੇ, ਹੇ ਪਿਆਰੇ ਪਰਮਾਤਮਾ ਦਾ ਜਾਪ ਟੇਰਤ = ਪੁਕਾਰਦੀਆਂ ਰਹਿੰਦੀਆਂ ਹਨ, ਪਰ ਮੈਂ ਉਨ੍ਹਾਂ ਦੇ ਉਪਦੇਸ਼ ਨੂੰ ਸੁਣ-ਸੁਣ ਕੇ ਮੋਨਿ = ਚੁੱਪ ਹੀ ਗਹਿ = ਗ੍ਰਹਿਣ ਧਾਰਨ ਕਰ ਲਈ ਹੈ, ਉਂਝ ਮੈਂ ਆਪਣੇ ਆਪ ਨੂੰ ਪਰਮਾਤਮਾ ਦੀ ਪ੍ਰਾਪਤੀ ਵਾਲੀ ਜਗਿਆਸੂ ਰੂਪੀ ਨਾਇਕਾ = ਇਸਤਰੀ ਕਹਾਵਤੀ = ਕਹਾਉਂਦੀ ਹਾਂ।

ਬਿਰਹ ਬਿਛੋਹ ਲਗ ਪੂਛਤ ਨ ਬਾਤ ਕੋਊ;
ਬ੍ਰਿਥਾ ਨ ਸੁਨਤ ਠਾਢੀ ਦ੍ਵਾਰਿ ਬਿਲਲਾਵਤੀ ॥੫੭੫॥

ਜਦ ਬਿਛੋਹ = ਵਿਛੋੜੇ ਦਾ ਦੁਖ ਲਗ = ਲੱਗਿਆ ਤਾਂ ਕੋਊ = ਕੋਈ ਵੀ ਲੱਗੇ ਹੋਏ ਬਿਰਹ = ਵਿਛੋੜੇ ਦੀ ਬਾਤ = ਗੱਲ ਨ = ਨਹੀਂ ਪੂਛਤ = ਪੁੱਛਦਾ, ਇਉਂ ਮੈਂ ਆਪਣੇ ਦ੍ਵਾਰਿ = ਦਰ 'ਤੇ ਠਾਢੀ = ਖਲੋਤੀ ਬਿਲਲਾਵਤੀ = ਵਿਰਲਾਪ ਕਰ ਰਹੀ ਹਾਂ, ਮੇਰੀ ਕੋਈ ਵੀ ਬ੍ਰਿਥਾ = ਪੀੜਾ ਸੁਨਤ = ਸੁਣਦਾ ਨ = ਨਹੀਂ ਹੈ। ਇਸੇ ਪ੍ਰਕਾਰ ਜਗਿਆਸੂ ਰੂਪੀ ਇਸਤਰੀ ਕਹਿੰਦੀ ਹੈ ਕਿ ਜੋ ਮੈਨੂੰ ਪਤੀ ਪਰਮਾਤਮਾ ਦੇ ਬਿਰਹ = ਵਿਛੋੜੇ ਦਾ ਦੁੱਖ ਲੱਗਿਆ ਹੈ, ਤਾਂ ਹੁਣ ਮੇਰੀ ਮੂਰਖਤਾਈ ਕਰਕੇ ਕੋਊ = ਕੋਈ ਵੀ ਲੱਗੇ ਹੋਏ ਬਿਛੋਹ = ਵਿਛੋੜੇ ਦੇ ਦੁੱਖ ਦੀ ਬਾਤ = ਗੱਲ ਨਹੀਂ ਪੁੱਛਦਾ, ਇਉਂ ਮੈਂ ਸਤਿਸੰਗ ਰੂਪੀ ਦੁਆਰੇ 'ਤੇ ਠਾਢੀ = ਖਲੋਤੀ ਬਿਲਲਾਵਤੀ = ਵਿਰਲਾਪ ਕਰ ਰਹੀ ਹਾਂ, ਪਰ ਅਗਿਆਨ ਕਰਕੇ ਮੇਰੀ ਕੋਈ ਵੀ ਬ੍ਰਿਥਾ = ਪੀੜਾ ਸੁਣਦਾ ਨਹੀਂ ਹੈ ॥੫੭੫॥

ਯਾਹੀ ਮਸਤਕ ਪੇਖਿ ਰੀਝਤ ਕੋ ਪ੍ਰਾਨ ਨਾਥ;
ਹਾਥ ਆਪਨੈ ਬਨਾਇ ਤਿਲਕੁ ਦਿਖਾਵਤੇ ॥

ਯਾਹੀ = ਇਸ ਮੇਰੇ ਮਸਤਕ = ਮੱਥੇ ਕੋ = ਨੂੰ ਪੇਖਿ = ਵੇਖ ਕੇ ਪ੍ਰਾਨ = ਪ੍ਰਾਣਾਂ ਦੇ ਨਾਥ = ਸੁਆਮੀ ਜੀ ਰੀਝਤ = ਪ੍ਰਸੰਨ ਹੁੰਦੇ ਸਨ ਅਤੇ ਆਪਨੈ = ਆਪਣੇ ਹਾਥ = ਹੱਥੀਂ ਇਸ ਉੱਤੇ ਤਿਲਕੁ = ਟਿੱਕਾ ਬਨਾਇ = ਬਣਾ ਕੇ ਮੈਨੂੰ ਸ਼ੀਸ਼ੇ ਵਿਚ ਦਿਖਾਵਤੇ = ਦਿਖਾਉਂਦੇ ਹੁੰਦੇ ਸਨ। ਇਸੇ ਤਰ੍ਹਾਂ ਜਗਿਆਸੂ ਰੂਪ ਇਸਤਰੀ ਕਹਿੰਦੀ ਹੈ ਕਿ ਮੇਰੇ ਯਾਹੀ = ਇਸ ਅੰਤਸ਼ਕਰਣ ਰੂਪੀ ਮਸਤਕ = ਮੱਥੇ ਨੂੰ ਵੇਖ ਕੇ ਪ੍ਰਾਣਾਂ ਦੇ ਨਾਥ = ਸੁਆਮੀ ਗੁਰੂ ਜੀ ਪ੍ਰਸੰਨ ਹੋ ਕਰਕੇ ਆਪਣਾ ਕਿਰਪਾ ਰੂਪੀ ਹੱਥ ਧਰ ਕੇ ਮੇਰਾ ਜਸ ਕਰਾਉਣ ਰੂਪੀ ਤਿਲਕ = ਟਿੱਕਾ ਬਣਾ ਕਰਕੇ ਸੰਸਾਰ ਰੂਪੀ ਸ਼ੀਸ਼ੇ ਵਿਚ ਦਿਖਾਉਂਦੇ ਹੁੰਦੇ ਸੀ ਭਾਵ ਮੇਰਾ ਜਸ ਸੰਸਾਰ ਵਿਚ ਕਰਵਾਉਂਦੇ ਸੀ।

ਯਾਹੀ ਮਸਤਕ ਧਾਰਿ ਹਸਤ ਕਮਲ ਪ੍ਰਿਯ;
ਪ੍ਰੇਮ ਕਥਾ ਕਹਿ ਕਹਿ ਮਾਨਨ ਮਨਾਵਤੇ ॥

ਯਾਹੀ = ਇਸ ਮੇਰੇ ਮਸਤਕ = ਮੱਥੇ ਉੱਤੇ ਪ੍ਰਿਯ = ਪਿਆਰੇ ਸੁਆਮੀ ਜੀ ਆਪਣੇ ਕਮਲ = ਕੌਲ ਫੁੱਲ ਵਰਗੇ ਨਰਮ ਹਸਤ = ਹੱਥ ਧਾਰਿ = ਧਰ, ਰੱਖ ਕੇ ਪ੍ਰੇਮ = ਸਨੇਹ ਵਾਲੀਆਂ ਕਥਾ = ਵਾਰਤਾਵਾਂ ਕਹਿ ਕਹਿ = ਆਖ ਆਖ ਕੇ ਮੈਨੂੰ ਮਾਨਨ = ਮਾਣਮੱਤੀ ਵਾਲੀ ਨੂੰ ਮਨਾਵਤੇ = ਮਨਾਉਂਦੇ ਹੁੰਦੇ ਸਨ। ਇਸੇ ਤਰ੍ਹਾਂ ਮੇਰੇ ਇਸ ਅੰਤਸ਼ਕਰਣ ਰੂਪੀ ਮੱਥੇ ਉੱਤੇ ਪ੍ਰਿਯ = ਪਿਆਰੇ ਗੁਰੂ ਜੀ ਆਪਣੇ ਕਮਲ ਸਰੀਖੇ ਹਸਤ = ਹੱਥ ਧਾਰਿ = ਧਰ ਕੇ ਪ੍ਰੇਮ ਦੇ ਨਾਲ ਕਥਾਵਾਂ ਕਹਿ ਕਹਿ = ਆਖ-ਆਖ ਕਰਕੇ ਮੈਨੂੰ ਮਨਾਵਤੇ = ਸਮਝਾਉਂਦੇ ਸੀ ਕਿ ਮਾਨਨ = ਮੰਨਣ ਕਰ, ਇਉਂ ਨਿਧਿਆਸਣ ਕਰ।

ਯਾਹੀ ਮਸਤਕ ਨਾਹੀ ਨਾਹੀ ਕਹਿ ਭਾਗਤੀ ਥੀ;
ਧਾਇ ਧਾਇ ਹੇਤ ਕਰਿ ਉਰਹਿ ਲਗਾਵਤੇ ॥

ਫੇਰ ਜਦੋਂ ਮੈਂ ਨਾਹੀ ਨਾਹੀ = ਨਹੀਂ ਨਹੀਂ ਕਹਿ = ਕਹਿੰਦੀ ਹੋਈ ਭਾਗਤੀ = ਦੌੜ ਜਾਂਦੀ ਥੀ = ਸੀ ਤਾਂ ਉਹ ਆਪ ਮੇਰੇ ਪਿੱਛੇ ਧਾਇ ਧਾਇ = ਦੌੜ ਦੌੜ ਕੇ ਹੇਤ = ਪਿਆਰ ਕਰਿ = ਕਰਦੇ ਹੋਏ ਮੇਰੇ ਯਾਹੀ = ਇਸ ਮਸਤਕ = ਮੱਥੇ ਨੂੰ ਆਪਣੇ ਉਰਹਿ = ਸੀਨੇ ਨਾਲ ਲਗਾਵਤੇ = ਲਗਾਉਂਦੇ ਸਨ। ਇਸੇ ਤਰ੍ਹਾਂ ਜਦੋਂ ਮੈਂ ਗੁਰਾਂ ਦਾ ਉਪਦੇਸ਼ ਨਾ ਮੰਨਣ ਰੂਪ ਨਹੀਂ-ਨਹੀਂ ਕਹਿੰਦੀ ਹੋਈ ਭਾਗਤੀ = ਦੌੜਦੀ ਥੀ = ਸੀ ਤਾਂ ਉਹ ਗੁਰੂ ਜੀ ਦੁਬਾਰਾ ਉਪਦੇਸ਼ ਦੇਣ ਰੂਪ ਧਾਇ ਧਾਇ = ਦੌੜ-ਦੌੜ ਕੇ ਭਾਵ ਉਪਦੇਸ਼ ਦ੍ਰਿੜ੍ਹ ਕਰਾਉਣ ਰੂਪ ਮੇਰੇ ਮਗਰ ਦੌੜਦੇ ਸਨ। ਇਉਂ ਪ੍ਰੇਮ ਨਾਲ ਮੇਰੇ ਇਸ ਅੰਤਸ਼ਕਰਣ ਰੂਪੀ ਮੱਥੇ ਨੂੰ ਉਪਦੇਸ਼ ਦ੍ਰਿੜ੍ਹ ਕਰਾਉਣ ਰੂਪ ਆਪਣੇ ਉਰਿ = ਹਿਰਦੇ ਨਾਲ ਲਗਾਉਂਦੇ ਸੀ।

ਸੋਈ ਮਸਤਕ ਧੁਨਿ ਧੁਨਿ ਪੁਨਿ ਰੋਇ ਉਠੌਂ;
ਸ੍ਵਪਨੇ ਹੂ ਨਾਥ ਨਾਹਿ ਦਰਸ ਦਿਖਾਵਤੇ ॥੫੭੬॥

ਪੁਨਿ = ਫਿਰ ਸੋਈ = ਉਹੋ ਮਸਤਕ = ਮੱਥਾ ਹੁਣ ਧੁਨ ਧੁਨ ਕੇ ਭਾਵ ਮੱਥੇ 'ਤੇ ਹੱਥ ਮਾਰ ਮਾਰ ਕੇ ਰੋਇ = ਰੋ ਉਠੌਂ = ਉੱਠਣਾ ਕਰਦੀ ਹਾਂ ਲੇਕਿਨ ਪਿਆਰੇ ਨਾਥ = ਸੁਆਮੀ ਜੀ ਸ੍ਵਪਨੇ = ਸੁਪਨੇ ਵਿਚ ਹੂ = ਵੀ ਆਪਣੇ ਦਰਸ = ਦੀਦਾਰ ਨਾਹਿ = ਨਹੀਂ ਦਿਖਾਵਤੇ = ਵਿਖਾਉਂਦੇ ਹਨ। ਮੇਰੀ ਢੀਠਤਾਈ ਕਰਕੇ ਹੁਣ ਪੁਨਿ = ਫਿਰ ਸੋਈ = ਉਹੋ ਅੰਤਸ਼ਕਰਣ ਰੂਪੀ ਮੱਥਾ ਧੁਨ-ਧੁਨ ਕੇ ਭਾਵ ਪਸ਼ਚਾਤਾਪ ਕਰ-ਕਰ ਕੇ ਵੈਰਾਗ ਵਿਚ ਰੋ ਉਠੌਂ = ਉੱਠੀ ਹਾਂ, ਪਰ ਹੁਣ ਪਿਆਰੇ ਗੁਰੂ ਜੀ ਪ੍ਰਤੱਖ ਤਾਂ ਕੀ, ਸੁਪਨੇ ਵਿਚ ਵੀ ਦਰਸ਼ਨ ਨਹੀਂ ਦਿਖਾਉਂਦੇ ਹਨ ॥੫੭੬॥

ਜੈਸੇ ਤੌ ਪ੍ਰਸੂਤ ਸਮੈ ਸਤ੍ਰ ਕਰਿ ਮਾਨੈ ਪ੍ਰਿਐ;
ਜਨਮਤ ਸੁਤ ਪੁਨਿ ਰਚਤ ਸਿੰਗਾਰੈ ਜੀ ॥

ਜੈਸੇ = ਜਿਸ ਤੌ = ਤਰ੍ਹਾਂ ਔਰਤ ਪ੍ਰਸੂਤ = ਬੱਚੇ ਨੂੰ ਜਨਮ ਦੇਣ ਸਮੈ = ਵਕਤ ਅਤਿਅੰਤ ਪੀੜਾ ਕਾਰਨ ਪ੍ਰਿਐ = ਪਿਆਰੇ ਪਤੀ ਨੂੰ ਸਤ੍ਰ = ਵੈਰੀ ਵਤ ਮਾਨੈ = ਮੰਨਣਾ ਕਰਿ = ਕਰਦੀ ਹੈ, ਭਾਵ ਦੁਸ਼ਮਣ ਤਾਂ ਸਮਝਦੀ ਹੈ ਕਿ ਇਹ ਪ੍ਰਸੂਤਾ ਦੀ ਪੀੜਾ ਮੇਰੇ ਪਤੀ ਦੇ ਕਾਰਨ ਹੋਈ ਹੈ, ਪਰੰਤੂ ਸੁਤ = ਪੁੱਤਰ ਦੇ ਜਨਮਤ = ਜਨਮ ਲੈਣ ਤੋਂ ਬਾਅਦ ਪੁਨਿ = ਫੇਰ ਆਪਣੇ ਪਤੀ ਲਈ ਸਿੰਗਾਰੈ = ਸੁਹੱਪਣ ਸਮੱਗਰੀ ਨੂੰ ਸਰੀਰ ਉੱਤੇ ਰਚਤ = ਰਚਾਉਣ ਲਈ ਰੁੱਝ ਜਾਣਾ ਕਰਦੀ ਹੈ ਜੀ।

ਜੈਸੇ ਬੰਦਸਾਲਾ ਬਿਖੈ ਭੂਪਤ ਕੀ ਨਿੰਦਾ ਕਰੈ;
ਛੂਟਤ ਹੀ ਵਾਹੀ ਸ੍ਵਾਮਿ ਕਾਮਹਿ ਸਮ੍ਹਾਰੈ ਜੀ ॥

ਜੈਸੇ = ਜਿਸ ਪ੍ਰਕਾਰ ਰਾਜੇ ਦੇ ਬੰਦਸਾਲਾ = ਕੈਦਖ਼ਾਨੇ ਬਿਖੈ = ਵਿਚ ਕਿਸੇ ਜੁਰਮ ਕਾਰਨ ਕੈਦ ਹੋਇਆ ਅਹਿਲਕਾਰ ਭੂਪਤ = ਰਾਜੇ ਕੀ = ਦੀ ਨਿੰਦਾ = ਅਪਕੀਰਤੀ ਕਰੈ = ਕਰਦੀ ਹੈ, ਪਰੰਤੂ ਉਥੋਂ ਛੂਟਤ = ਛੁੱਟਦਾ ਹੀ ਵਾਹੀ = ਉਸੇ ਸ੍ਵਾਮਿ = ਮਾਲਕ ਰਾਜੇ ਦੇ ਕਾਮਹਿ = ਕੰਮਾਂ-ਕਾਰਾਂ ਨੂੰ ਸਮ੍ਹਾਰੈ = ਸੰਭਾਲਣਾ ਕਰਦਾ ਹੈ ਜੀ।

ਜੈਸੇ ਹਰ ਹਾਇ ਗਾਇ ਸਾਸਨਾ ਸਹਤ ਨਿਤ;
ਕਬਹੂੰ ਨ ਸਮਝੈ ਕੁਟੇਵਹਿ ਨ ਡਾਰੈ ਜੀ ॥

ਜੈਸੇ = ਜਿਸ ਪ੍ਰਕਾਰ ਜਦੋਂ ਕੋਈ ਹਰ = ਚੀਜ਼ ਚੁਰਾਉਣ ਵਾਲਾ ਪੁਰਖ (ਚੋਰ) ਸਾਸਨਾ = ਤਾੜਨਾ (ਸਜ਼ਾ) ਪਾ ਰਿਹਾ ਹੋਵੇ ਤਾਂ ਨਿਤ = ਹਮੇਸ਼ਾਂ ਹੀ ਸਜ਼ਾ ਨੂੰ ਨਾ ਸਹਤ = ਸਹਾਰਦਾ ਹੋਇਆ ਹਾਏ ਹਾਏ ਕਰਨ ਰੂਪ ਗਾਇ = ਗਾਉਂਦਾ ਰਹਿੰਦਾ ਹੈ ਅਤੇ ਸਜ਼ਾ ਤੋਂ ਛੁੱਟ ਕੇ ਕੁਟੇਵਹਿ = ਭੈੜੀ ਆਦਤ ਨੂੰ ਡਾਰੈ = ਛੱਡਣਾ ਨ = ਨਹੀਂ ਕਰਦਾ ਤੇ ਕਬਹੂੰ = ਕਦੇ ਵੀ ਸਮਝੈ = ਸਮਝਣਾ ਨ = ਨਹੀਂ ਕਰਦਾ ਹੈ ਜੀ।

ਤੈਸੇ ਦੁਖ ਦੋਖ ਪਾਪੀ ਪਾਪਹਿ ਤਿਆਗਿਓ ਚਾਹੈ;
ਸੰਕਟ ਮਿਟਤ ਪੁਨਿ ਪਾਪਹਿ ਬੀਚਾਰੈ ਜੀ ॥੫੭੭॥

ਤੈਸੇ = ਉਸੇ ਤਰ੍ਹਾਂ ਪਾਪੀ = ਮੰਦ ਕਰਮ ਕਰਨ ਵਾਲਾ ਪੁਰਖ ਦੋਖ = ਦੋਸ਼ਾਂ ਦੇ ਦੁਖ = ਕਸ਼ਟ ਵਿਚ ਫਸਿਆ ਹੋਇਆ ਤਾਂ ਪਾਪਹਿ = ਮੰਦ ਕਰਮਾਂ ਨੂੰ ਤਿਆਗਿਓ = ਛੱਡਣਾ ਚਾਹੈ = ਚਾਹੁੰਦਾ ਹੈ ਲੇਕਿਨ ਸੰਕਟ = ਕਸ਼ਟ ਦੇ ਮਿਟਤ = ਨਵਿਰਤ ਹੁੰਦਿਆਂ ਪੁਨਿ = ਫੇਰ ਪਾਪਹਿ = ਮੰਦ ਕਰਮ ਕਰਨ ਦੀਆਂ ਬੀਚਾਰੈ = ਵਿਚਾਰਾਂ ਕਰਦਾ ਹੈ ਜੀ ॥੫੭੭॥

ਜੈਸੇ ਬੈਲ ਤੇਲੀ ਕੋ ਜਾਨਤ ਕਈ ਕੋਸ ਚਲਿਓ;
ਨੈਨ ਉਘਰਤ ਵਾਹੀ ਠਾਉ ਹੀ ਠਿਕਾਨੋ ਹੈ ॥

ਜੈਸੇ = ਜਿਸ ਪ੍ਰਕਾਰ ਤੇਲੀ = ਤੇਲ ਕੱਢਣ ਵਾਲੇ ਪੁਰਖ ਕੋ = ਦਾ ਬੈਲ = ਬਲਦ ਜਾਨਤ = ਜਾਣਦਾ ਹੈ ਕਿ ਮੈਂ ਕਈ ਕੋਸ = ਕੋਹ ਚਲਿਓ = ਤੁਰ ਆਇਆ ਹਾਂ ਲੇਕਿਨ ਨੈਨ = ਅੱਖਾਂ ਉਘਰਤ = ਖੋਲ੍ਹਦਿਆਂ ਭਾਵ ਅੱਖਾਂ ਤੋਂ ਖੋਪੇ ਉਤਰਦਿਆਂ ਹੀ ਕੀ ਵੇਖਦਾ ਹੈ ਕਿ ਮੇਰਾ ਤਾਂ ਵਾਹੀ = ਉਸੇ ਠਾਉ = ਥਾਂ ਤੋਂ ਠਿਕਾਨੋ = ਟਿਕਾਣਾ ਹੈ ਭਾਵ ਜਿਥੋਂ ਮੈਂ ਤੁਰਿਆ ਸੀ, ਉਥੇ ਦਾ ਉਥੇ ਹੀ ਖੜਾ ਹਾਂ।

ਜੈਸੇ ਜੇਵਰੀ ਬਟਤ ਆਂਧਰੋ ਅਚਿੰਤ ਚਿੰਤ;
ਖਾਤ ਜਾਤ ਬਛਰੋ ਟਟੋਰੇ ਪਛੁਤਾਨੋ ਹੈ ॥

ਜੈਸੇ = ਜਿਸ ਪ੍ਰਕਾਰ ਆਂਧਰੋ = ਅੰਨ੍ਹਾ ਪੁਰਖ ਕਿਸੇ ਵੀ ਚਿੰਤ = ਫ਼ਿਕਰ ਤੋਂ ਅਚਿੰਤ = ਬੇਫ਼ਿਕਰ ਹੋ ਕੇ ਜੇਵਰੀ = ਰੱਸੀ ਬਟਤ = ਵੱਟੀ ਜਾਂਦਾ ਹੈ ਲੇਕਿਨ ਜੇ ਉਸ ਦੇ ਵੱਟਦੇ ਵੱਟਦੇ ਕੋਈ ਬਛਰੋ = ਵੱਛਾ ਉਸ ਰੱਸੀ ਨੂੰ ਖਾਤ = ਖਾਈ ਜਾਤ = ਜਾਂਦਾ ਹੋਵੇ ਤਾਂ ਜਦ ਉਹ ਰੱਸੀ ਨੂੰ ਟਟੋਰੇ = ਟੋਲਣਾ ਕਰਦਾ ਹੈ ਕਿ ਰੱਸੀ ਹੁਣ ਤਾਂ ਬਹੁਤ ਲੰਬੀ ਹੋ ਗਈ ਹੋਵੇਗੀ, ਪਰ ਜਦ ਟੋਲਣ ਤੋਂ ਪਤਾ ਲੱਗਦਾ ਹੈ ਕਿ ਰੱਸੀ ਤਾਂ ਵੱਛਾ ਖਾ ਗਿਆ ਹੈ, ਇਹ ਸੋਚ ਕੇ ਪਛੁਤਾਨੋ = ਪਸ਼ਚਾਤਾਪ ਕਰਦਾ ਹੈ।

ਜੈਸੇ ਮ੍ਰਿਗ ਤ੍ਰਿਸਨਾ ਲਓ ਧਾਵੈ ਮ੍ਰਿਗ ਤ੍ਰਿਖਾਵੰਤ;
ਆਵਤ ਨ ਸਾਂਤਿ ਭ੍ਰਮ ਭ੍ਰਮਤ ਹਿਰਾਨੋ ਹੈ ॥

ਜੈਸੇ = ਜਿਸ ਪ੍ਰਕਾਰ ਤ੍ਰਿਖਾਵੰਤ = ਪਿਆਸਾ ਮ੍ਰਿਗ = ਹਿਰਨ ਮ੍ਰਿਗ ਤ੍ਰਿਸ਼ਨਾ ਦੇ ਪਾਣੀ ਲਓ = ਵੱਲ

ਧਾਵੈ = ਦੌੜਦਾ ਹੈ ਲੇਕਿਨ ਉਸ ਨੂੰ ਸਾਂਤਿ = ਸ਼ਾਂਤੀ ਨ = ਨਹੀਂ ਆਵਤ = ਆਉਂਦੀ, ਉਹ ਮ੍ਰਿਗ ਪਾਣੀ ਦੇ ਭ੍ਰਮ = ਭੁਲੇਖੇ ਵਿਚ ਹੀ ਭ੍ਰਮਤ = ਭਟਕਦਾ ਹਿਰਾਨੋ = ਥੱਕ ਕੇ ਬਹਿ ਜਾਂਦਾ ਹੈ।

ਤੈਸੇ ਸੂਪਨੰਤਰਿ ਦਿਸੰਤਰ ਬਿਹਾਇ ਗਈ;
ਪਹੁੰਚ ਨ ਸਕਿਓ ਤਹਾਂ ਜਹਾਂ ਮੋਹਿ ਜਾਨੋ ਹੈ॥੫੭੮॥

ਤੈਸੇ = ਉਸੇ ਪ੍ਰਕਾਰ ਮੇਰੀ ਬਹੁਤ ਸਾਰੀ ਜ਼ਿੰਦਗੀ ਵੀ ਸੂਪਨੰਤਰਿ = ਸੁਪਨੇ ਦੇ ਵਿਚ ਹੀ ਦਿਸੰਤਰ = ਦੇਸ਼ਾਂ ਦੇਸ਼ਾਂਤਰਾਂ ਵਿਚ ਭਟਕਦੀ ਹੋਈ ਬਿਹਾਇ = ਬਤੀਤ ਹੋ ਗਈ ਹੈ, ਮੈਂ ਤਹਾਂ = ਉਥੇ ਪਹੁੰਚ = ਅੱਪੜ ਨ = ਨਹੀਂ ਸਕਿਓ = ਸਕਿਆ, ਜਹਾਂ = ਜਿਥੇ ਮੋਹਿ = ਮੈਨੂੰ ਜਾਨੋ = ਜਾਣਾ ਚਾਹੀਦਾ ਹੈ ਭਾਵ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਕਰ ਸਕਿਆ ॥੫੭੮॥

ਹੁਣ ਅੱਗੇ ਪਰਮਾਤਮਾ ਦੀ ਵਿਆਪਕਤਾ ਦਰਸਾਉਂਦੇ ਹਨ।

ਸੁਤਨ ਕੇ ਪਿਤਾ ਅਰ ਭ੍ਰਾਤਨ ਕੇ ਭ੍ਰਾਤਾ ਭਏ;
ਭਾਮਨਿ ਭਤਾਰ ਹੇਤ ਜਨਨੀ ਕੇ ਬਾਰੇ ਹੈਂ॥

ਮੇਰੇ ਪਿਆਰੇ ਪ੍ਰੀਤਮ ਸੁਤਨ = ਪੁੱਤਰਾਂ ਕੇ = ਦੇ ਪਿਤਾ = ਪਿਓ ਅਰ = ਅਤੇ ਭ੍ਰਾਤਨ = ਭਰਾਵਾਂ ਦੇ ਭ੍ਰਾਤਾ = ਭਰਾ ਭਏ = ਹੋਏ ਹਨ। ਇਸੇ ਤਰ੍ਹਾਂ ਆਪਣੀ ਭਾਮਨਿ = ਸੁੰਦਰ ਇਸਤਰੀ ਦੇ ਹੇਤ = ਪਿਆਰੇ ਭਤਾਰ = ਪਤੀ ਅਤੇ ਆਪਣੀ ਜਨਨੀ = ਮਾਤਾ ਕੇ = ਦੇ ਪਿਆਰੇ ਬਾਰੇ = ਬਾਲਕ ਹੈਂ = ਹਨ।

ਬਾਲਕ ਕੈ ਬਾਲ ਬੁਧਿ, ਤਰੁਨ ਸੈ ਤਰੁਨਾਈ;
ਬ੍ਰਿਧ ਸੈ ਬ੍ਰਿਧ ਬਿਵਸਥਾ ਬਿਸਥਾਰੇ ਹੈਂ॥

ਛੋਟੇ ਬਾਲਕ = ਬੱਚਿਆਂ ਕੈ = ਦੇ ਨਾਲ ਉਹ ਬਾਲ ਬੁਧਿ = ਭੋਲੇ ਭਾਲੇ ਬੱਚਿਆਂ ਵਾਲੇ ਸੁਭਾਅ ਅਨੁਸਾਰ ਹੋ ਕੇ ਵਰਤਦੇ ਹਨ, ਤਰੁਨ = ਨੌਜਵਾਨਾਂ ਸੈ = ਨਾਲ ਤਰੁਨਾਈ = ਨੌਜਵਾਨਾਂ ਵਾਂਗ ਹੋ ਕੇ ਵਰਤਦੇ ਹਨ, ਬ੍ਰਿਧ = ਬਜ਼ੁਰਗਾਂ ਸੈ = ਨਾਲ ਬ੍ਰਿਧ = ਬਜ਼ੁਰਗਾਂ ਵਾਲੀ ਬਿਵਸਥਾ = ਅਵਸਥਾ ਦਾ ਵਰਤਾਉ ਕਰਦੇ ਹੈਂ = ਹਨ।

ਦ੍ਰਿਸਟਿ ਕੈ ਰੂਪ ਰੰਗ, ਸੁਰਤਿ ਕੈ ਨਾਦ ਬਾਦ;
ਨਾਸਕਾ ਸੁਗੰਧਿ, ਰਸ ਰਸਨਾ ਉਚਾਰੇ ਹੈਂ॥

ਦ੍ਰਿਸਟਿ = ਦ੍ਰਿਸ਼ਟੀ ਦੇ ਵਿਚ ਰੂਪ ਰੰਗ ਹੋ ਕੇ ਵਰਤਦਾ ਹੈ, ਸੁਰਤਿ = ਕੰਨਾਂ ਕੈ = ਕਰਕੇ ਨਾਦ ਤੇ ਬਾਦ = ਵਾਜੇ ਦੀ ਅਵਾਜ਼ ਹੋ ਕੇ ਵਰਤਦਾ ਹੈ, ਨਾਸਕਾ = ਨੱਕ ਵਿਚ ਸੁਗੰਧਿ = ਸੁਗੰਧੀ ਰੂਪ ਹੋ ਕੇ ਵਰਤਦਾ ਹੈ, ਰਸਨਾ = ਜਿਹਬਾ ਉੱਤੇ ਰਸ = ਸੁਆਦ ਅਤੇ ਸਬਦ ਉਚਾਰੇ = ਉਚਾਰਨ ਰੂਪ ਹੋ ਕੇ ਵਰਤਦਾ ਹੈ।

ਘਟਿ ਅਵਘਟਿ ਨਵ ਵਟ ਅਦਭੁਤ ਗਤਿ;
ਪੂਰਨ ਸਕਲ ਭੂਤ, ਸਭ ਹੀ ਤੇ ਨਿਆਰੇ ਹੈਂ॥੫੭੯॥

ਸਾਰੇ ਘਟਿ = ਸਰੀਰਾਂ ਵਿਚ ਜਾਂ ਅਵਘਟਿ = ਸਰੀਰਾਂ ਤੋਂ ਬਾਹਰ ਅਰਥਾਤ ਅੰਦਰ ਬਾਹਰ ਉਹ

ਨਟ = ਨਾਟਕ ਖੇਡਣ ਵਾਲੇ ਵਟ = ਵਾਂਗ ਅਦਭੁਤ = ਅਸਚਰਜ ਗਤਿ = ਗਤੀ ਰੱਖਦੇ ਹਨ, ਸਕਲ = ਸਾਰੇ ਭੂਤ = ਸੰਸਾਰ (ਸਰੀਰਾਂ) ਵਿਚ ਪੂਰਨ = ਪਰੀਪੂਰਨ ਹਨ ਤੇ ਫੇਰ ਵੀ ਵਾਹਿਗੁਰੂ ਜੀ ਸਭ = ਸਾਰਿਆਂ ਤੇ = ਤੋਂ ਹੀ ਨਿਆਰੇ = ਵੱਖਰੇ ਹੈ = ਹਨ ॥੫੭੯॥

ਜੈਸੇ ਤਿਲ ਪੀੜ ਤੇਲ ਕਾਢੀਅਤਿ ਕਸਟੁ ਕੈ;
ਤਾਂ ਤੇ ਹੋਇ ਦੀਪਕ ਜਰਾਏ ਉਜਿਆਰੋ ਜੀ ॥

ਜੈਸੇ = ਜਿਸ ਪ੍ਰਕਾਰ ਬਹੁਤ ਕਸਟੁ = ਮੁਸੀਬਤ, ਕੋਸ਼ਿਸ਼ ਨਾਲ ਤਿਲ ਪੀੜ ਕੈ = ਕਰਕੇ ਤੇਲ ਕਾਢੀਅਤਿ = ਕੱਢੀਦਾ ਹੈ, ਤਦ ਹੀ ਤਾਂ ਤੇ = ਉਸ ਤੋਂ ਦੀਪਕ = ਦੀਵਾ ਜਰਾਏ = ਜਗਾਉਣ ਨਾਲ ਉਜਿਆਰੋ = ਚਾਨਣਾ ਹੋਇ = ਹੁੰਦਾ ਹੈ ਜੀ।

ਜੈਸੇ ਰੋਮ ਰੋਮ ਕਰਿ ਕਾਟੀਐ ਅਜਾ ਕੋ ਤਨ;
ਤਾਂ ਕੀ ਤਾਤ ਬਾਜੈ ਰਾਗ ਰਾਗਨੀ ਸੋ ਪਿਆਰੋ ਜੀ ॥

ਜੈਸੇ = ਜਿਸ ਪ੍ਰਕਾਰ ਰੋਮ ਰੋਮ = ਵਾਲ ਵਾਲ ਭਾਵ ਰਤਾ ਰਤਾ ਕਰਿ = ਕਰ ਕੇ ਅਜਾ = ਬੱਕਰੀ ਜਾਂ ਬੱਕਰੇ ਕੋ = ਦਾ ਤਨ = ਸਰੀਰ ਕਾਟੀਐ = ਕੱਟਣਾ ਕਰੀਦਾ ਹੈ, ਫੇਰ ਤਾਂ = ਉਸ ਕੀ = ਦੀ ਆਂਦਰਾਂ ਨੂੰ ਲੈ ਕੇ ਤਾਤ = ਉਸ ਤੋਂ ਤੰਦੀ (ਤਾਰ) ਆਦਿ ਬਣਾਉਣਾ ਕਰੀਦੀ ਹੈ, ਜਿਸ ਤੋਂ ਸੋ = ਉਸ ਪਿਆਰੇ ਦੀ ਯਾਦ ਵਿਚ ਰਾਗ ਤੇ ਰਾਗਣੀਆਂ ਗਾਉਣਾ ਕਰੀਦੀਆਂ ਹਨ।

ਜੈਸੇ ਤਉ ਉਟਾਇ ਦਰਪਨ ਕੀਜੈ ਲੋਸਟ ਸੇਤੀ;
ਤਾਂ ਤੇ ਕਰ ਗਹਿ ਮੁਖ ਦੇਖਤ ਸੰਸਾਰੋ ਜੀ ॥

ਜੈਸੇ = ਜਿਸ ਤਉ = ਤਰ੍ਹਾਂ ਲੋਸਟ = ਮਿੱਟੀ ਭਾਵ ਰੇਤੇ ਵਿੱਚੋਂ ਅਬਰਕ ਚੁਣ ਕੇ ਫਿਰ ਉਸ ਨੂੰ ਉਟਾਇ = ਪਿਘਲਾ ਕਰਕੇ ਉਸਦੇ ਸੇਤੀ = ਨਾਲ ਦਰਪਨ = ਸ਼ੀਸ਼ਾ ਬਣਾਉਣਾ ਕੀਜੈ = ਕਰੀਦਾ ਹੈ, ਫੇਰ ਤਾਂ = ਇਸ ਤੇ = ਤੋਂ ਸਾਰੇ ਸੰਸਾਰੋ = ਸੰਸਾਰ ਦੇ ਲੋਕ ਆਪਣੇ ਕਰ = ਹੱਥ ਵਿਚ ਸ਼ੀਸ਼ਾ ਗਹਿ = ਪਕੜ ਕੇ ਉਸ ਵਿਚ ਆਪਣਾ ਮੁਖ = ਚਿਹਰਾ ਦੇਖਤ = ਤੱਕਦੇ ਹਨ ਜੀ।

ਤੈਸੇ ਦੁਖ ਭੂਖ ਸੁਧ ਸਾਧਨ ਕੈ ਸਾਧ ਭਏ;
ਤਾਂ ਹੀ ਤੇ ਜਗਤ ਕੋ ਕਰਤ ਨਿਸਤਾਰੋ ਜੀ ॥੫੮੦॥

ਤੈਸੇ = ਉਸੇ ਤਰ੍ਹਾਂ ਹੀ ਸਾਧਕ ਪੁਰਖ ਦੁਖ = ਦੁੱਖ ਤੇ ਭੂਖ = ਭੁੱਖ ਨੂੰ ਸਹਾਰ ਕੇ ਅਤੇ ਸੁਧ = ਉੱਜਲ, ਸ੍ਰੇਸ਼ਟ ਸਾਧਨ = ਯਤਨ ਕੈ = ਕਰਕੇ ਸਾਧ = ਸ੍ਰੇਸ਼ਟ ਪੁਰਖ ਭਏ = ਹੋ ਕੇ ਵਿਚਰਨਾ ਕਰਦਾ ਹੈ **ਵਾ:** ਸੰਤ ਭਗਤ ਹੋਣਾ, ਬਣਨਾ ਕਰਦਾ ਹੈ ਅਤੇ ਤਾਂ = ਉਸੇ ਕਰਕੇ ਹੀ ਉਹ ਜਗਤ = ਸੰਸਾਰ ਕੋ = ਦਾ ਗੁਰ-ਉਪਦੇਸ਼ ਦੁਆਰਾ ਨਾਮ ਜਪਾ ਕੇ ਸੰਸਾਰ-ਸਮੁੰਦਰ ਤੋਂ ਨਿਸਤਾਰੋ = ਪਾਰ ਉਤਾਰਾ ਕਰਤ = ਕਰਦਾ ਹੈ ਜੀ ॥੫੮੦॥

ਜੈਸੇ ਤਉ ਅੰਨਾਦਿ ਆਦਿ ਅੰਤਿ ਪਰਯੰਤ ਹੰਤ;
ਸਗਲ ਸੰਸਾਰ ਕੋ ਆਧਾਰ ਭਯੋ ਤਾਂਹੀ ਸੈਂ॥

ਜੈਸੇ ਤਉ = ਜਿਸ ਤਰ੍ਹਾਂ ਅੰਨਾਦਿ = ਅਨਾਜ ਆਦਿ ਵਾਲੇ ਪਦਾਰਥ ਆਦਿ = ਮੁੱਢ ਤੋਂ ਅੰਤਿ = ਅਖ਼ੀਰ ਤੋਂ ਪਰਯੰਤ = ਅਖ਼ੀਰ ਤਕ ਹੰਤ = ਮਾਰੀਦੇ ਕੁਟੀਦੇ ਹਨ ਭਾਵ ਦੁੱਖ ਉਠਾਉਂਦੇ ਰਹਿੰਦੇ ਹਨ, ਤਾਂ ਹੀ = ਇਸ ਕਰਕੇ ਸਗਲ = ਸਾਰੇ ਸੰਸਾਰ = ਜਗਤ ਕੋ = ਦਾ ਅਧਾਰ = ਆਸਰਾ ਭਯੋ = ਹੋਏ ਹਨ।

ਜੈਸੇ ਤਉ ਕਪਾਸ ਤ੍ਰਾਸ ਦੇਤ ਨ ਉਸਾਸ ਕਾਢੈ;
ਜਗਤ ਕੀ ਓਟ ਭਏ ਅੰਬਰ ਦਿਵਾਹੀ ਸੈਂ॥

ਜੈਸੇ ਤਉ = ਜਿਸ ਤਰ੍ਹਾਂ ਕਪਾਸ = ਕਪਾਹ ਨੂੰ ਤ੍ਰਾਸ ਦੇਤ = ਦੁੱਖ ਦਿੰਦਿਆਂ ਕਪਾਹ ਉਸਾਸ = ਹਉਕਾ ਨ = ਨਹੀਂ ਕਾਢੈ = ਕੱਢਦੀ, ਤਦ ਹੀ ਅੰਬਰ = ਕੱਪੜਿਆਂ ਸੈਂ = ਨੂੰ ਦਿਵਾਹੀ = ਦਿੰਦੀ ਹੈ ਅਤੇ ਜਗਤ = ਸੰਸਾਰ ਦੇ ਲੋਕਾਂ ਕੀ = ਦੀ ਓਟ = ਟੇਕ ਭਏ = ਹੋਣਾ ਕਰਦੀ ਹੈ ਭਾਵ ਸਾਰਿਆਂ ਦੇ ਬਸਤਰ ਰੂਪ ਹੋ ਕੇ ਪਰਦੇ ਕੱਜਦੀ ਹੈ।

ਜੈਸੇ ਆਪਾ ਖੋਇ ਜਲ ਮਿਲੈ ਸਭਿ ਬਰਨ ਮੈਂ;
ਖਗ ਮ੍ਰਿਗ ਮਾਨਸ ਤ੍ਰਿਪਤ ਗਤਿ ਯਾਹੀ ਸੈਂ॥

ਜੈਸੇ = ਜਿਸ ਪ੍ਰਕਾਰ ਆਪਾ ਖੋਇ = ਆਪਣਾ ਆਪ ਗਵਾ ਕਰਕੇ ਜਲ = ਪਾਣੀ ਸਭਿ = ਹਰੇਕ ਬਰਨ = ਰੰਗਾਂ ਮੈਂ = ਵਿਚ ਮਿਲੈ = ਮਿਲ ਕੇ ਉਸ ਰੰਗ ਦੇ ਰੂਪ ਵਰਗਾ ਹੀ ਹੋ ਜਾਂਦਾ ਹੈ, ਯਾਹੀ ਸੈਂ = ਇਸ ਤੋਂ ਉੱਜਲ ਗਤਿ = ਦਸ਼ਾ ਕਾਰਨ ਹੀ ਖਗ = ਪੰਛੀ, ਮ੍ਰਿਗ = ਹਿਰਨ ਆਦਿ ਜਾਨਵਰ ਤੇ ਸਮੁੱਚੀ ਮਾਨਸ = ਮਨੁੱਖ ਜਾਤੀ ਨੂੰ ਤ੍ਰਿਪਤੀ ਦੇਣ ਦੀ ਸਮਰੱਥਾ ਰੱਖਦਾ ਹੈ।

ਤੈਸੇ ਮਨ ਸਾਧਿ ਸਾਧਿ ਸਾਧਨਾ ਕੈ ਸਾਧ ਭਏ;
ਸਕਲ ਸੰਸਾਰ ਕੌ ਉਧਾਰ ਅਵਗਾਹੀ ਸੈਂ॥੫੮੧॥

ਤੈਸੇ = ਉਸੇ ਤਰ੍ਹਾਂ ਸੰਤ ਭਗਤ ਜਨ ਆਪਣੇ ਮਨ ਨੂੰ ਸ੍ਰੇਸ਼ਟ ਸਾਧਨਾਂ ਨਾਲ ਸਾਧ ਸਾਧ ਕੈ = ਕਰਕੇ ਸਾਧ = ਸ੍ਰੇਸ਼ਟ ਪੁਰਸ਼ ਭਏ = ਹੋਏ ਹਨ, ਇਸੇ ਕਰਕੇ ਉਹ ਸਕਲ = ਸਾਰੇ ਸੰਸਾਰ = ਜਗਤ ਕੌ = ਦਾ ਉਧਾਰ = ਪਾਰ-ਉਤਾਰਾ ਕਰਨ ਸੈਂ = ਨੂੰ ਸਮਰੱਥ ਹੋ ਜਾਂਦੇ ਹਨ। ਇਹ ਗੱਲ ਅਵਗਾਹੀ = ਨਿਰਣੇ ਕੀਤੀ ਹੋਈ ਹੈ॥੫੮੧॥

ਸੰਗ ਮਿਲਿ ਚਲੈ ਨਿਰਬਿਘਨ ਪਹੂਚੈ ਘਰਿ;
ਬਿਛਰੈ ਤੁਰਤ ਬਟਵਾਰੋ ਮਾਰ ਡਾਰਿ ਹੈ॥

ਜੋ ਆਪਣੇ ਸੰਗ = ਸਾਥੀਆਂ ਨਾਲ ਮਿਲ ਕੇ ਚਲੈ = ਤੁਰਦਾ ਹੈ, ਉਹ ਨਿਰਬਿਘਨ = ਰੁਕਾਵਟ ਤੋਂ ਬ਼ਗ਼ੈਰ ਆਪਣੇ ਘਰ ਪਹੂਚੈ = ਅੱਪੜ ਜਾਂਦਾ ਹੈ, ਜੋ ਸਾਥ ਨਾਲੋਂ ਬਿਛਰੈ = ਵਿੱਛੜ ਜਾਂਦਾ ਹੈ, ਉਸ ਨੂੰ

ਬਟਵਾਰੋ = ਧਾੜਵੀ ਲੋਕ ਤੁਰਤ = ਝੱਟ ਹੀ ਮਾਰ ਡਾਰਿ = ਸੁੱਟਦੇ ਹੈ = ਹਨ ਅਤੇ ਉਸ ਦਾ ਸਾਰਾ ਕੁਝ ਲੁੱਟ ਲੈਂਦੇ ਹਨ।

ਜੈਸੇ ਬਾਰ ਦੀਏ ਖੇਤ ਛੁਵਤ ਨ ਮ੍ਰਿਗ ਨਰ;
ਛੇਡੀ ਭਏ ਮ੍ਰਿਗ ਪੰਖੀ ਖੇਤਹਿ ਉਜਾਰਿ ਹੈ॥

(ਪਾਠਾਂਤ੍ਰ 'ਪੰਥੀ')

ਜੈਸੇ = ਜਿਸ ਪ੍ਰਕਾਰ ਖੇਤ = ਖੇਤੀ, ਜ਼ਮੀਨ ਨੂੰ ਆਲੇ-ਦੁਆਲੇ ਬਾਰ = ਵਾੜ ਦੀਏ = ਦਿੱਤਿਆਂ ਮ੍ਰਿਗ = ਹਿਰਨ ਤੇ ਨਰ = ਮਨੁੱਖ ਛੁਵਤ = ਛੂਹ ਨ = ਨਹੀਂ ਸਕਦੇ, ਪਰੰਤੂ ਜੇ ਵਾੜ ਨੂੰ ਛੇਡੀ = ਛੱਡ ਦੇਈਏ ਤਾਂ ਖੁੱਲ੍ਹੇ ਛੱਡੇ ਭਏ = ਹੋਏ ਮ੍ਰਿਗ = ਹਿਰਨ, ਪੰਖੀ = ਪੰਛੀ, (ਪੰਥੀ = ਰਾਹੀ) ਰਾਹਗੀਰ ਆਦਿ ਖੇਤਹਿ = ਖੇਤੀ ਨੂੰ ਉਜਾਰਿ = ਉਜਾੜ ਦਿੰਦੇ ਹੈ = ਹਨ।

ਪਿੰਜਰਾ ਮੈ ਸੂਆ ਜੈਸੇ ਰਾਮ ਨਾਮ ਲੇਤ ਹੇਤੁ;
ਨਿਕਸਤਿ ਖਿਨ ਤਾਂਹਿ ਗ੍ਰਸਤ ਮੰਜਾਰ ਹੈ॥

ਜੈਸੇ = ਜਿਸ ਪ੍ਰਕਾਰ ਪਿੰਜਰਾ ਮੈ = ਵਿਚ ਪਿਆ ਹੋਇਆ ਸੂਆ = ਤੋਤਾ ਹੇਤੁ = ਪ੍ਰੇਮ ਨਾਲ ਰਾਮ ਨਾਮ ਲੇਤ = ਲੈਂਦਾ ਹੈ, ਪਰ ਜਦ ਬਾਹਰ ਨਿਕਸਤਿ = ਨਿਕਲ ਜਾਂਦਾ ਹੈ ਤਾਂ ਤਾਹਿ = ਉਸੇ ਵੇਲੇ ਮੰਜਾਰ = ਬਿੱਲਾ ਗ੍ਰਸਤ = ਫੜ ਲੈਂਦਾ ਹੈ।

ਸਾਧਸੰਗ ਮਿਲਿ ਮਨ ਪਹੁੰਚੈ ਸਹਜ ਘਰਿ;
ਬਿਚਰਤ ਪੰਚੋ ਦੂਤ ਪ੍ਰਾਨ ਪਰਿਹਾਰ ਹੈ॥੫੬੨॥

ਉਸੇ ਤਰ੍ਹਾਂ ਸਾਧਸੰਗ = ਸ੍ਰੇਸ਼ਟ ਜਨਾਂ ਦੀ ਸੰਗਤ ਨਾਲ ਮਿਲਿ = ਮਿਲਾਪ ਕਰ ਕੇ ਮਨ ਸਹਜ = ਸੁਤੇ-ਸਿਧ ਸੱਚ ਸਰੂਪ ਰੂਪੀ ਘਰ ਵਿਚ **ਵਾ:** ਸੱਚਖੰਡ ਰੂਪੀ ਘਰ ਵਿਚ ਪਹੁੰਚੈ = ਅੱਪੜ ਜਾਂਦਾ ਹੈ, ਪਰ ਜੇਕਰ ਖੁੱਲ੍ਹਾ ਬਿਚਰਤ = ਵਿਚਰਨਾ ਕਰੇ ਤਾਂ ਪੰਚੋ = ਪੰਜ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪ ਦੂਤ ਪ੍ਰਾਣਾਂ ਨੂੰ ਪਰਿਹਾਰ = ਨਾਸ਼ ਕਰ ਦਿੰਦੇ ਹਨ॥੫੬੨॥

ਜੈਸੇ ਤਾਤ ਮਾਤ ਗ੍ਰਿਹਿ ਜਨਮਤ ਸੁਤ ਘਨੇ;
ਸਕਲ ਨ ਹੋਤ ਸਮਸਰ ਗੁਨ ਗਥ ਜੀ॥

ਹੇ ਪਿਆਰੇ ਜੀ! ਜੈਸੇ = ਜਿਸ ਪ੍ਰਕਾਰ ਮਾਤ = ਮਾਂ ਤਾਤ = ਪਿਉ ਦੇ ਗ੍ਰਿਹਿ = ਘਰ ਵਿਚ ਘਨੇ = ਬਹੁਤ ਸੁਤ = ਪੁੱਤਰ ਜਨਮਤ = ਜੰਮਦੇ ਹਨ, ਪਰ ਸਕਲ = ਸਾਰੇ ਗੁਨ = ਗੁਣਾਂ ਦੀ ਗਥ = ਪੂੰਜੀ ਵਿਚ ਸਮਸਰ = ਬਰਾਬਰ ਨ = ਨਹੀਂ ਹੋਤ = ਹੁੰਦੇ।

ਚਟੀਆ ਅਨੇਕ ਜੈਸੇ ਆਵੈ ਚਾਟਸਾਲ ਬਿਖੈ;
ਪੜਤ ਨ ਏਕਸੇ ਸਰਬ ਹਰ ਕਥ ਜੀ॥

ਹੇ ਪਿਆਰੇ ਜੀ! ਜੈਸੇ = ਜਿਸ ਪ੍ਰਕਾਰ ਚਾਟਸਾਲ = ਪਾਠਸ਼ਾਲਾ ਬਿਖੈ = ਵਿਚ ਅਨੇਕ = ਬਹੁਤ ਸਾਰੇ

ਚਟੀਆ = ਵਿਦਿਆਰਥੀ ਪੜ੍ਹਨ ਵਾਸਤੇ ਆਵੈ = ਆਉਂਦੇ ਹਨ, ਲੇਕਿਨ ਸਰਬ = ਸਾਰੇ ਹਰ = ਪਰਮੇਸ਼ਰ ਦੀ ਪ੍ਰਾਪਤੀ ਵਾਲੀ ਕਥ = ਵਾਰਤਾ ਏਕਸੇ = ਇੱਕੋ ਵਰਗੀ ਨ = ਨਹੀਂ ਪੜਤ = ਪੜ੍ਹਦੇ।

ਜੈਸੇ ਨਦੀ ਨਾਵ ਮਿਲਿ ਬੈਠਤ ਅਨੇਕ ਪੰਥੀ;
ਹੋਤ ਨ ਸਮਾਨ ਸਭੈ ਚਲਤ ਹੈਂ ਪਥ ਜੀ ॥

ਹੇ ਪਿਆਰੇ ਜੀ! ਜੈਸੇ = ਜਿਸ ਪ੍ਰਕਾਰ ਨਦੀ = ਸਰਿਤਾ ਤੋਂ ਪਾਰ ਹੋਣ ਲਈ ਨਾਵ = ਬੇੜੀ ਉੱਤੇ ਅਨੇਕ = ਬਹੁਤ ਸਾਰੇ ਪੰਥੀ = ਰਾਹੀ ਮਿਲ ਕੇ ਬੈਠਤ = ਬੈਠਦੇ ਹਨ, ਲੇਕਿਨ ਸਭੈ = ਸਾਰੇ ਰਾਹੀ ਸਮਾਨ = ਇੱਕੋ ਜਿਹੇ ਪਥ = ਰਸਤੇ ਉੱਤੇ ਚਲਤ = ਚੱਲਣ ਵਾਲੇ ਨ = ਨਹੀਂ ਹੋਤ = ਹੁੰਦੇ, ਕੋਈ ਕਿਸੇ ਪਾਸੇ ਤੁਰ ਜਾਂਦਾ ਹੈ, ਕੋਈ ਕਿਸੇ ਪਾਸੇ ਤੁਰ ਜਾਂਦਾ ਹੈ।

ਤੈਸੇ ਗੁਰ ਚਰਨ ਸਰਨਿ ਹੈਂ ਅਨੇਕ ਸਿਖ;
ਸਤਿਗੁਰ ਕਰਨ ਕਾਰਨ ਸਮਰਥ ਜੀ ॥੫੮੩॥

ਹੇ ਪਿਆਰੇ ਜੀ! ਤੈਸੇ = ਉਸੇ ਪ੍ਰਕਾਰ ਗੁਰ = ਸਤਿਗੁਰਾਂ ਦੇ ਚਰਨਾਂ ਦੀ ਸਰਨਿ = ਓਟ ਵਿਚ ਅਨੇਕ = ਬਹੁਤ ਸਾਰੇ ਸਿੱਖ ਆਉਂਦੇ ਹਨ, ਸਤਿਗੁਰ = ਸੱਚੇ ਗੁਰੂ ਸਾਹਿਬ ਜੀ ਸਾਰੇ ਕਰਨ ਕਾਰਨ = ਕਾਰਜਾਂ ਦੇ ਕਰਨ ਨੂੰ ਸਮਰਥ = ਸਰਬ ਸ਼ਕਤੀਵਾਨ ਹਨ ॥੫੮੩॥

ਜੈਸੇ ਜਨਮਤ ਕੰਨਿਆ ਦੀਜੀਐ ਦਹੇਜ ਘਨੋ;
ਤਾ ਕੇ ਸੁਤ ਆਗੈ ਬਿਆਹੈ ਬਹੁ ਪੁਨਿ ਲੀਜੀਐ ॥

ਜੈਸੇ = ਜਿਸ ਪ੍ਰਕਾਰ ਜਦੋਂ ਕੰਨਿਆ = ਲੜਕੀ ਜਨਮਤ = ਜੰਮਦੀ ਹੈ ਤਾਂ ਉਸ ਦੇ ਜਵਾਨ ਹੋਣ ਤੋਂ ਵਿਆਹ ਵੇਲੇ ਘਨੋ = ਬਹੁਤ ਸਾਰਾ ਦਹੇਜ = ਦਾਜ ਦੀਜੀਐ = ਦੇਣਾ ਕਰੀਦਾ ਹੈ ਲੇਕਿਨ ਜਦ ਤਾ = ਉਸ ਲੜਕੀ ਕੇ = ਦੇ ਆਗੈ = ਅੱਗੇ ਸੁਤ = ਪੁੱਤਰਾਂ ਦੇ ਬਿਆਹੈ = ਵਿਆਹ ਹੁੰਦੇ ਹਨ ਤਦ ਪੁਨਿ = ਫੇਰ ਬਹੁ = ਬਹੁਤ ਸਾਰਾ ਦਾਜ ਲੀਜੀਐ = ਲੈਣਾ ਕਰਦੀ ਹੈ। ਇਹ ਸੰਸਾਰ ਦੀ ਮਨਮੱਤ ਹੈ।

ਜੈਸੇ ਦਾਮ ਲਾਈਅਤ ਪ੍ਰਿਥਮ ਬਨਜ ਬਿਖੈ;
ਪਾਛੈ ਲਾਭ ਹੇਤ ਮਨਿ ਸਕੁਚ ਨ ਕੀਜੀਐ ॥

ਜੈਸੇ = ਜਿਸ ਪ੍ਰਕਾਰ ਪ੍ਰਿਥਮ = ਪਹਿਲਾਂ ਬਨਜ = ਵਪਾਰ ਬਿਖੈ = ਵਿਚ ਆਪਣੇ ਕੋਲੋਂ ਦਾਮ = ਦਮੜੇ, ਰੁਪਏ ਲਾਈਅਤ = ਲਾਉਣਾ (ਖ਼ਰਚਣਾ) ਕਰੀਦੇ ਹਨ, ਲੇਕਿਨ ਪਾਛੈ = ਬਾਅਦ ਵਿਚ ਲਾਭ = ਨਫ਼ਾ ਲੈਣ ਹੇਤ = ਵਾਸਤੇ ਮਨ ਵਿਚ ਕੋਈ ਸਕੁਚ = ਸੰਕੋਚ ਨ = ਨਹੀਂ ਕੀਜੀਐ = ਕਰੀਦਾ।

ਜੈਸੇ ਗਊ ਸੇਵਾ ਕੈ ਸਹੇਤ ਪ੍ਰਤਿਪਾਲੀਅਤ;
ਸਕਲ ਅਖਾਦ ਵਾ ਕੋ ਦੂਧ ਦੁਹਿ ਪੀਜੀਐ ॥

ਜੈਸੇ = ਜਿਸ ਪ੍ਰਕਾਰ ਗਊ = ਗਾਂ ਦੀ ਸੇਵਾ = ਟਹਿਲ (ਦੇਖ-ਭਾਲ) ਕੈ = ਕਰ ਕੇ ਸਹੇਤ = ਸਹਿਤ ਪ੍ਰੇਮ ਦੇ ਪ੍ਰਤਿਪਾਲੀਅਤ = ਪਾਲਣਾ ਕਰੀਦੀ ਹੈ, ਲੇਕਿਨ ਗਾਂ ਦੇ ਖਾਣ ਵਾਲੀਆਂ ਚੀਜ਼ਾਂ ਮਨੁੱਖ ਦੇ ਲਈ

ਸਕਲ = ਸਾਰੀਆਂ ਹੀ ਘਾਹ, ਫੂਸ, ਤੂੜੀ ਆਦਿ ਅਖਾਦ = ਨਾ ਖਾਣ ਯੋਗ ਹਨ। ਉਸ ਗਾਂ ਨੂੰ ਇਹ ਚੀਜ਼ਾਂ ਦੇ ਕੇ **ਵਾ:** ਉਸ ਕੋ = ਦੇ ਬਦਲੇ ਅੰਮ੍ਰਿਤ ਵਤ ਦੂਧ = ਦੁੱਧ ਦੁਹਿ = ਚੋਅ ਕੇ ਪੀਜੀਐ = ਪੀਣਾ ਕਰੀਦਾ ਹੈ।

ਤੈਸੇ ਤਨ ਮਨ ਧਨ ਅਰਪ ਸਰਨਿ ਗੁਰ;
ਦੀਖਿਆ ਦਾਨ ਲੈ ਅਮਰ ਸਦ ਸਦ ਜੀਜੀਐ ॥੫੮੪॥

ਤੈਸੇ = ਉਸੇ ਤਰ੍ਹਾਂ ਗੁਰ = ਸਤਿਗੁਰਾਂ ਦੀ ਸਰਨਿ = ਓਟ ਪੈ ਕੇ ਤਨ, ਮਨ, ਧਨ ਆਦਿ ਸਭ ਕੁਝ ਗੁਰੂ ਸਾਹਿਬ ਜੀ ਦੇ ਅਰਪ = ਹਵਾਲੇ ਕਰ ਦੇਣਾ ਕਰੀਏ ਅਤੇ ਗੁਰਾਂ ਤੋਂ ਨਾਮ ਦਾਨ ਦੀ ਦੀਖਿਆ = ਦਖਸ਼ਣਾ, ਸਿੱਖਿਆ ਲੈ ਕੇ ਸਦ ਸਦ = ਹਮੇਸ਼ਾਂ ਹਮੇਸ਼ਾਂ ਲਈ ਅਮਰ = ਮਰਨ ਤੋਂ ਰਹਿਤ ਹੋਣ ਰੂਪ ਜੀਜੀਐ = ਜਿਉਣਾ ਕਰੀਦਾ ਹੈ ॥੫੮੪॥

ਜੈਸੇ ਲਾਖ ਕੋਰਿ ਲਿਖਤ ਨ ਕਨ ਭਾਰ ਲਾਗੈ;
ਜਾਨਤ ਸੁ ਸ੍ਮ ਹੋਇ ਜਾਂ ਕੈ ਗਨ ਰਾਖੀਐ ॥

ਜੈਸੇ = ਜਿਸ ਪ੍ਰਕਾਰ ਕਾਗ਼ਜ਼ ਦੇ ਟੁਕੜੇ ਉੱਤੇ ਲਾਖ = ਲੱਖਾਂ ਕੋਰਿ = ਕਰੋੜਾਂ ਦੀ ਰਕਮ ਲਿਖਤ = ਲਿਖ ਕੇ ਚੁੱਕਣਾ ਕਰੀਏ ਤਾਂ ਉਸ ਦਾ ਕਨ = ਕਿਣਕਾ ਜਿਹਾ ਵੀ ਭਾਰ = ਵਜ਼ਨ ਨ = ਨਹੀਂ ਲਾਗੈ = ਲੱਗਦਾ, ਲੇਕਿਨ ਜਾਂ = ਜਿਸ ਕੈ = ਦੇ ਸਿਰ ਉੱਤੇ ਬਹੁਤ ਭਾਰੀ ਦੌਲਤ ਗਨ = ਗਿਣ ਕੇ ਰਾਖੀਐ = ਰੱਖ ਦੇਣਾ ਕਰੀਏ ਤਾਂ ਸੁ = ਉਹੋ ਹੀ ਜਾਨਤ = ਜਾਣਦਾ ਹੋਤ = ਹੁੰਦਾ ਹੈ ਕਿ ਉਸ ਦੀ ਕਿਤਨੀ ਸ੍ਮ = ਖੇਚਲ ਹੁੰਦੀ ਹੈ।

ਅੰਮ੍ਰਿਤ ਅੰਮ੍ਰਿਤ ਕਹੈ ਪਾਈਐ ਨ ਅਮਰ ਪਦ;
ਜਉ ਲਉ ਜਿਹਵਾ ਕੈ ਸੁਰਸ ਅੰਮ੍ਰਿਤ ਨ ਚਾਖੀਐ ॥

ਜਿਸ ਪ੍ਰਕਾਰ ਅੰਮ੍ਰਿਤ ਅੰਮ੍ਰਿਤ ਕਹੈ = ਕਹਿਆਂ ਉਦੋਂ ਤਕ ਅਮਰ = ਮਰਨ ਤੋਂ ਰਹਿਤ ਪਦ = ਰੁਤਬਾ ਨ = ਨਹੀਂ ਪਾਈਐ = ਪਾਉਣਾ ਕਰੀਦਾ, ਜਉ = ਜਦੋਂ ਲਉ = ਤਕ ਜਿਹਵਾ = ਰਸਨਾ ਕੈ = ਕਰਕੇ ਅੰਮ੍ਰਿਤ ਦਾ ਸੁਰਸ = ਸ੍ਰੇਸ਼ਟ ਸੁਆਦ ਚਾਖੀਐ = ਚੱਖਣਾ ਨ = ਨਹੀਂ ਕਰੀਦਾ।

ਬੰਦੀ-ਜਨ ਕੀ ਅਸੀਸ ਭੂਪਤਿ ਨ ਹੋਇ ਕੋਊ;
ਸਿੰਘਾਸਨ ਬੈਠੇ ਜਉ ਲਉ ਚਕ੍ਰਵੈ ਨ ਭਾਖੀਐ ॥

ਜਿਸ ਪ੍ਰਕਾਰ ਬੰਦੀ-ਜਨ = ਰਾਜ ਦਰਬਾਰ ਵਿਚ ਗਾਉਣ ਵਾਲੇ ਭੱਟ ਕੀ = ਦੀ ਅਸੀਸ = ਦੁਆ ਨਾਲ ਉਦੋਂ ਤਕ ਕੋਊ = ਕੋਈ ਭੂਪਤਿ = ਭੂਮੀ ਦਾ ਪਤੀ ਰਾਜਾ ਨ = ਨਹੀਂ ਹੋਇ = ਹੋ ਸਕਦਾ ਜਉ = ਜਦ ਲਉ = ਤਕ ਸਿੰਘਾਸਨ = ਰਾਜ ਤਖ਼ਤ 'ਤੇ ਬੈਠੇ = ਬਹਿ ਕੇ ਕੋਈ ਚਕ੍ਰਵੈ = ਚੱਕਰਵਰਤੀ ਰਾਜਾ ਨ = ਨਹੀਂ ਭਾਖੀਐ = ਅਖਵਾਉਂਦਾ।

ਤੈਸੇ ਲਿਖੇ ਸੁਨੇ ਕਹੇ ਪਾਈਐ ਨਾ ਗੁਰਮਤਿ;
ਜਉ ਲਉ ਗੁਰ ਸਬਦ ਕੀ ਸੁ ਜੁਗਤਿ ਨ ਲਾਖੀਐ ॥੫੮੫॥

ਤੈਸੇ = ਉਸੇ ਪ੍ਰਕਾਰ ਲਿਖੇ = ਲਿਖਣ, ਸੁਨੇ = ਸੁਣਨ ਤੇ ਕਹੇ = ਆਖਣ ਨਾਲ ਉਦੋਂ ਤਕ

ਗੁਰਮਤਿ = ਗੁਰ ਸਿੱਖਿਆ ਨਾ = ਨਹੀਂ ਪਾਈਐ = ਪਾਉਣਾ ਕਰੀਦੀ, ਜਉ = ਜਦ ਲਉ = ਤਕ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਕੀ = ਦੀ ਕਮਾਈ ਕਰਨ ਬਾਬਤ ਸੁ = ਸ੍ਰੇਸ਼ਟ ਜੁਗਤਿ = ਜੁਗਤੀ ਨ = ਨਹੀਂ ਲਾਖੀਐ = ਜਾਨਣਾ ਕਰੀਦੀ ॥੫੮੫॥

ਜੈਸੇ ਤਉ ਚੰਪਕ ਬੇਲ ਬਿਬਿਧਿ ਬਿਥਾਰ ਚਾਰੁ;
ਬਾਸਨਾ ਪ੍ਰਗਟ ਹੋਤ ਫੂਲ ਹੀ ਮੈ ਜਾਇ ਕੈ ॥

ਜੈਸੇ ਤਉ = ਜਿਸ ਤਰ੍ਹਾਂ ਚੰਪਕ = ਚੰਬੇ ਦੀ ਵੇਲ ਦਾ ਤਾਂ ਬਿਬਿਧਿ = ਬਹੁਤ ਤਰ੍ਹਾਂ ਦਾ ਚਾਰੁ = ਸੁੰਦਰ ਬਿਥਾਰ = ਫੈਲਾਅ ਹੁੰਦਾ ਹੈ ਲੇਕਿਨ ਉਸ ਦੀ ਬਾਸਨਾ = ਸੁਗੰਧੀ ਫੂਲ = ਫੁੱਲਾਂ ਮੈ = ਵਿਚ ਹੀ ਜਾਇ = ਜਾ ਕੈ = ਕਰਕੇ ਪ੍ਰਗਟ = ਪ੍ਰਤੱਖ ਹੋਤ = ਹੁੰਦੀ ਹੈ।

ਜੈਸੇ ਦ੍ਰੁਮ ਦੀਰਘ ਸ੍ਵਰੂਪ ਦੇਖੀਐ ਪ੍ਰਸਿਧ;
ਸ੍ਵਾਦ ਰਸ ਹੋਤ ਫਲ ਹੀ ਮੈ ਪੁਨਿ ਆਇ ਕੈ ॥

ਜੈਸੇ = ਜਿਸ ਪ੍ਰਕਾਰ ਦ੍ਰੁਮ = ਬ੍ਰਿਛ ਦਾ ਦੀਰਘ = ਵੱਡਾ ਫੈਲਾਅ ਵਾਲਾ ਸ੍ਵਰੂਪ = ਅਕਾਰ ਤਾਂ ਪ੍ਰਸਿਧ = ਪ੍ਰਗਟ ਹੀ ਦੇਖੀਐ = ਤੱਕਣਾ ਕਰੀਦਾ ਹੈ, ਲੇਕਿਨ ਸ੍ਵਾਦ = ਸੁਆਦ ਕੌੜਾ ਜਾਂ ਮਿੱਠਾ ਤੇ ਰਸ ਇਹ ਪੁਨਿ = ਫੇਰ ਫਲ ਮੈ = ਵਿੱਚੋਂ ਹੀ ਆਇ = ਆ ਕੈ = ਕਰਕੇ ਪ੍ਰਗਟ ਹੋਤ = ਹੁੰਦਾ ਹੈ।

ਜੈਸੇ ਗੁਰ ਗਿਆਨ ਰਾਗ ਨਾਦ ਹਿਰਦੈ ਬਸਤ;
ਕਰਤ ਪ੍ਰਕਾਸ ਤਾਸ ਰਸਨਾ ਰਸਾਇ ਕੈ ॥

ਜੈਸੇ = ਜਿਸ ਪ੍ਰਕਾਰ ਗੁਰ = ਸਤਿਗੁਰਾਂ ਦਾ ਉਪਦੇਸ਼ ਦੁਆਰਾ ਦਿੱਤਾ ਪਰਮੇਸ਼ਰ ਦੇ ਸਰੂਪ ਦਾ ਗਿਆਨ ਰਾਗ ਤੇ ਨਾਦ ਭਾਵ ਪਰਮੇਸ਼ਰ ਦੇ ਨਾਮ ਦਾ ਅਲਾਪ ਹਿਰਦੈ = ਮਨ ਵਿਚ ਬਸਤ = ਵੱਸਦਾ ਹੈ, ਪਰ ਰਿਦੇ ਵਿਚ ਉਸ ਦਾ ਪ੍ਰਕਾਸ = ਚਾਨਣਾ ਤਦ ਹੀ ਹੁੰਦਾ ਹੈ ਜਦ ਰਸਨਾ = ਜਿਹਬਾ ਤਾਸ = ਉਸ ਨਾਮ ਰਸ ਨੂੰ ਰਸਾਇ = ਰਸਾ ਕੈ = ਕਰਕੇ ਸਵਾਦਿਸ਼ਟ ਬਣਾਉਣਾ ਕਰਤ = ਕਰਦੀ ਹੈ।

ਤੈਸੇ ਘਟ ਘਟ ਬਿਖੈ ਪੂਰਨ ਬ੍ਰਹਮ ਰੂਪ;
ਜਾਨੀਐ ਪ੍ਰਤਛ ਮਹਾਂਪੁਰਖ ਮਨਾਇ ਕੈ ॥੫੮੬॥

ਤੈਸੇ = ਉਸੇ ਪ੍ਰਕਾਰ ਸਾਰਿਆਂ ਘਟ ਘਟ = ਹਿਰਦਿਆਂ ਹਿਰਦਿਆਂ, ਸਰੀਰਾਂ ਸਰੀਰਾਂ ਬਿਖੈ = ਵਿਚ ਬ੍ਰਹਮ = ਪਰਮੇਸ਼ਰ ਪੂਰਨ = ਵਿਆਪਕ ਰੂਪ ਹੋ ਕੇ ਸਮਾਇਆ ਹੋਇਆ ਹੈ ਲੇਕਿਨ ਪ੍ਰਤਛ = ਪ੍ਰਤੱਖ ਤਦ ਜਾਨੀਐ = ਜਾਣਿਆ ਜਾਂਦਾ ਹੈ ਜਦ ਕਿਸੇ ਮਹਾਂਪੁਰਖ = ਸਤ ਪੁਰਸ਼ ਨੂੰ ਮਨਾਇ = ਮਨਾਉਣਾ ਕੈ = ਕਰੀਦਾ ਹੈ ॥੫੮੬॥

ਜੈਸੇ ਬ੍ਰਿਥਾਵੰਤ ਜੰਤ ਪੂਛੈ ਬੈਦ ਬੈਦ ਪ੍ਰਤਿ;
ਜਉ ਲਉ ਨ ਮਿਟਤ ਰੋਗ ਤਉ ਲਉ ਬਿਲਲਾਤ ਹੈ ॥

ਜੈਸੇ = ਜਿਸ ਪ੍ਰਕਾਰ ਬ੍ਰਿਥਾਵੰਤ = ਪੀੜਾ ਵਾਲਾ (ਰੋਗੀ) ਜੰਤ = ਜੀਵ ਬੈਦ = ਹਕੀਮ ਪ੍ਰਤਿ = ਪ੍ਰਤੀ

ਬੈਦ = ਹਕੀਮ ਭਾਵ ਹਰੇਕ ਹਕੀਮ ਨੂੰ ਪੂਛੈ = ਪੁੱਛਦਾ ਫਿਰੇ, ਜਉ ਲਉ = ਜਦ ਤਕ ਉਸ ਦਾ ਰੋਗ ਮਿਟਤ = ਦੂਰ ਨ = ਨਹੀਂ ਹੁੰਦਾ, ਤਉ = ਤਦ ਲਉ = ਤਕ ਆਪਣੀ ਪੀੜਾ ਦੇ ਦੁੱਖ ਕਾਰਨ ਬਿਲਲਾਤ = ਰੋਂਦਾ ਰਹਿੰਦਾ ਹੈ।

ਜੈਸੇ ਭੀਖ ਮਾਂਗਤ ਭਿਖਾਰੀ ਘਰਿ ਘਰਿ ਡੋਲੈ;
ਤਉ ਲਉ ਨਹੀਂ ਆਵੈ ਚੈਨ ਜਉ ਲਉ ਨ ਅਘਾਤ ਹੈ॥

ਜੈਸੇ = ਜਿਸ ਪ੍ਰਕਾਰ ਭਿਖਾਰੀ = ਮੰਗਤਾ ਭੀਖ = ਭਿੱਖਿਆ ਮਾਂਗਤ = ਮੰਗਦਾ ਹੋਇਆ ਘਰ ਘਰ ਡੋਲੈ = ਡੋਲਦਾ ਫਿਰਦਾ ਹੈ, ਉਸ ਨੂੰ ਤਉ = ਤਦ ਲਉ = ਤਕ ਚੈਨ = ਸ਼ਾਂਤੀ ਨਹੀਂ ਆਵੈ = ਆਉਂਦੀ, ਜਉ = ਜਦ ਲਉ = ਤਕ ਉਹ ਅਘਾਤ = ਰੱਜਦਾ ਨ = ਨਹੀਂ ਹੈ।

ਜੈਸੇ ਬਿਰਹਨੀ ਸੌਨ ਸਗਨ ਲਗਨ ਸੋਧੈ;
ਜਉ ਲਉ ਨ ਭਤਾਰ ਭੇਟੈ ਤਉ ਲਉ ਅਕੁਲਾਤ ਹੈ॥

ਜੈਸੇ = ਜਿਸ ਪ੍ਰਕਾਰ ਪਤੀ ਤੋਂ ਵਿੱਛੜੀ ਬਿਰਹਨੀ = ਵਿਜੋਗਣ ਇਸਤਰੀ ਸਗਨ ਮਨਾਉਂਦੀ, ਲਗਨ ਸੋਧੈ = ਸੋਧਦੀ ਤੇ ਸੌਨ = ਔਂਸੀਆਂ ਪਾਉਂਦੀ ਹੈ ਅਤੇ ਜਉ = ਜਦ ਲਉ = ਤਕ ਭਤਾਰ = ਪਤੀ ਨਾਲ ਭੇਟੈ = ਮਿਲਣਾ ਨ = ਨਹੀਂ ਕਰਦੀ ਤਉ = ਤਦ ਲਉ = ਤਕ ਅਕੁਲਾਤ = ਵਿਆਕੁਲ ਹੋਈ ਰਹਿੰਦੀ ਹੈ।

ਤੈਸੇ ਖੋਜੀ ਖੋਜੈ ਅਲਿ ਕਮਲ ਕਮਲ ਗਤਿ;
ਜਉ ਲਉ ਨ ਪਰਮ ਪਦ ਸੰਪੁਟ ਸਮਾਤ ਹੈ॥੫੮੭॥

ਤੈਸੇ = ਉਸੇ ਪ੍ਰਕਾਰ ਗੁਰਾਂ, ਕੈਵਲ ਮੋਖ ਨੂੰ ਖੋਜੀ = ਲੱਭਣ ਵਾਲਾ ਜਗਿਆਸੂ ਅਲਿ = ਭੌਰੇ ਵਾਂਗ ਹਰੇਕ ਕਮਲ = ਕੌਲ ਫੁੱਲ ਨੂੰ ਲੱਭਣ ਗਤਿ = ਵਤ ਖੋਜ ਵਿਚ ਲੱਗਿਆ ਰਹਿੰਦਾ ਹੈ, ਜਉ = ਜਦ ਲਉ = ਤਕ ਪਰਮ = ਸ੍ਰੇਸ਼ਟ ਕੈਵਲ ਮੋਖ ਰੂਪ ਪਦ = ਪਦਵੀ ਰੂਪ ਸੰਪੁਟ = ਡੱਬੇ ਵਿਚ ਸਮਾਤ = ਸਮਾਉਂਦਾ ਨ = ਨਹੀਂ ਹੈ॥੫੮੭॥

ਪੇਖਤ ਪੇਖਤ ਜੈਸੇ ਰਤਨ ਪਾਰੁਖੁ ਹੋਤ;
ਸੁਨਤ ਸੁਨਤ ਜੈਸੇ ਪੰਡਿਤ ਪ੍ਰਬੀਨ ਹੈ॥

ਜੈਸੇ = ਜਿਸ ਪ੍ਰਕਾਰ ਰਤਨ = ਕੀਮਤੀ ਵਸਤੂਆਂ (ਰਤਨਾਂ) ਨੂੰ ਪੇਖਤ ਪੇਖਤ = ਵੇਖਦਿਆਂ ਵੇਖਦਿਆਂ ਰਤਨਾਂ ਦਾ ਪਾਰੁਖੁ = ਪਾਰਖੂ ਹੋਤ = ਹੋ ਜਾਈਦਾ ਹੈ ਅਤੇ ਵੇਦਾਂ ਸ਼ਾਸਤਰਾਂ ਨੂੰ ਸੁਨਤ ਸੁਨਤ = ਸੁਣਦਿਆਂ ਸੁਣਦਿਆਂ ਜੈਸੇ = ਜਿਸ ਪ੍ਰਕਾਰ ਪ੍ਰਬੀਨ = ਸੂਝਵਾਨ ਪੰਡਿਤ = ਵਿਦਵਾਨ ਬਣ ਜਾਈਦਾ ਹੈ।

ਸੂੰਘਤ ਸੂੰਘਤ ਸੌਂਧਾ ਜੈਸੇ ਤਉ ਸੁਬਾਸੀ ਹੋਤ;
ਗਾਵਤ ਗਾਵਤ ਜੈਸੇ ਗਾਇਨ ਗੁਨੀਨ ਹੈ॥

ਜੈਸੇ ਤਉ = ਜਿਸ ਤਰ੍ਹਾਂ ਸੌਂਧਾ = ਸੁਗੰਧਿਤ ਪਦਾਰਥ ਅਤਰ ਆਦਿ ਨੂੰ ਸੂੰਘਤ ਸੂੰਘਤ = ਸੁੰਘਦਿਆਂ

ਸੁੰਘਦਿਆਂ ਸੁਬਾਸੀ = ਸੁਗੰਧੀ ਦੀ ਪਰਖ ਵਾਲਾ **ਵਾ:** ਗਾਂਧੀ ਹੋਤ = ਹੋ ਜਾਣਾ ਕਰੀਦਾ ਹੈ ਤੇ ਜੈਸੇ = ਜਿਸ ਪ੍ਰਕਾਰ ਗਾਵਤ ਗਾਵਤ = ਗਾਉਂਦਿਆਂ ਗਾਉਂਦਿਆਂ ਗਾਇਨ = ਗਾਉਣ ਵਾਲਿਆਂ ਵਿਚ ਗੁਨੀਨ = ਗੁਣੀ ਬਣ ਜਾਣਾ ਕਰੀਦਾ ਹੈ।

ਲਿਖਤ ਲਿਖਤ ਲੇਖ ਜੈਸੇ ਤਉ ਲੇਖਕ ਹੋਤ;
ਚਾਖਤ ਚਾਖਤ ਜੈਸੇ ਭੋਗੀ ਰਸ ਭੀਨ ਹੈ॥

ਜੈਸੇ ਤਉ = ਜਿਸ ਤਰ੍ਹਾਂ ਲੇਖ = ਹਿਸਾਬ ਕਿਤਾਬ ਲਿਖਤ ਲਿਖਤ = ਲਿਖਦਿਆਂ ਲਿਖਦਿਆਂ ਚੰਗਾ ਲੇਖਕ = ਲਿਖਾਰੀ ਹੋਤ = ਹੋ ਜਾਈਦਾ ਹੈ ਤੇ ਜੈਸੇ = ਜਿਸ ਪ੍ਰਕਾਰ ਪਦਾਰਥਾਂ ਨੂੰ ਚਾਖਤ ਚਾਖਤ = ਚੱਖਦਿਆਂ ਚੱਖਦਿਆਂ (ਛਕਦਿਆਂ ਛਕਦਿਆਂ) ਰਸ = ਰਸਾਂ ਵਿਚ ਭੀਨ = ਭਿੱਜਆ ਭਾਵ ਰਸਾਂ ਨੂੰ ਜਾਣਨ ਵਾਲਾ ਤੇ ਭੋਗੀ = ਭੋਗਣ ਵਾਲਾ ਚਾਖਾ ਹੋ ਜਾਈਦਾ ਹੈ।

ਚਲਤ ਚਲਤ ਜੈਸੇ ਪਹੁੰਚੈ ਠਿਕਾਨੈ ਜਾਇ;
ਖੋਜਤ ਖੋਜਤ ਗੁਰ ਸਬਦੁ ਲਿਵ ਲੀਨ ਹੈ॥੫੮੮॥

ਜੈਸੇ = ਜਿਸ ਪ੍ਰਕਾਰ ਚਲਤ ਚਲਤ = ਤੁਰਦਿਆਂ ਤੁਰਦਿਆਂ ਆਪਣੇ ਠਿਕਾਨੈ = ਟਿਕਾਣੇ ਉੱਤੇ ਜਾਇ = ਜਾ ਪਹੁੰਚੈ = ਅੱਪੜੀਦਾ ਹੈ, ਉਸੇ ਪ੍ਰਕਾਰ ਗੁਰੂ ਨੂੰ ਖੋਜਤ ਖੋਜਤ = ਲੱਭਦਿਆਂ ਲੱਭਦਿਆਂ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਵਿਚ ਲਿਵਲੀਨ = ਸਮਾਅ ਜਾਈਦਾ ਹੈ॥੫੮੮॥

ਜੈਸੇ ਅਲਿ ਕਮਲ ਕਮਲ ਬਾਸ ਲੇਤ ਫਿਰੈ;
ਕਾਹੂੰ ਏਕ ਪਦਮ ਕੈ ਸੰਪਟ ਸਮਾਤ ਹੈ॥

ਜੈਸੇ = ਜਿਸ ਪ੍ਰਕਾਰ ਅਲਿ = ਭੌਰਾ ਕਿਤੇ ਕਿਸ ਕਮਲ = ਕੌਲ ਫੁੱਲ 'ਤੇ ਅਤੇ ਕਿਤੇ ਕਿਸੇ ਕਮਲ = ਕੌਲ ਫੁੱਲ ਦੀ ਬਾਸ = ਸੁਗੰਧੀ ਲੇਤ = ਲੈਂਦਾ ਫਿਰੈ = ਫਿਰਦਾ ਹੈ, ਕਿੰਤੂ ਕਾਹੂੰ = ਕਿਸੇ ਏਕ = ਇਕ ਪਦਮ = ਕਮਲ ਕੈ = ਦੇ ਸੰਪਟ = ਡੱਬੇ ਵਿਚ ਸਮਾਤ = ਸਮਾਅ ਜਾਂਦਾ ਹੈ।

ਜੈਸੇ ਪੰਛੀ ਬਿਰਖ ਬਿਰਖ ਫਲ ਖਾਤ ਫਿਰੈ;
ਬਰਹਨੇ ਬਿਰਖ ਬੈਠੇ ਰਜਨੀ ਬਿਹਾਤ ਹੈ॥

ਜੈਸੇ = ਜਿਸ ਪ੍ਰਕਾਰ ਪੰਛੀ ਬਿਰਖ ਬਿਰਖ = ਬ੍ਰਿਛ ਬ੍ਰਿਛ ਉੱਤੇ ਫਲ ਖਾਤ = ਖਾਂਦਾ ਫਿਰੈ = ਫਿਰਦਾ ਰਹਿੰਦਾ ਹੈ, ਲੇਕਿਨ ਕਿਸੇ ਟਾਂਵੇਂ ਬਿਰਖ = ਬ੍ਰਿਛ ਦੀ ਬਰਹਨੇ = ਟਾਹਣੀ ਉੱਤੇ ਬੈਠੇ = ਬਹਿ ਕੇ ਰਜਨੀ = ਰਾਤ ਬਿਹਾਤ = ਬਤੀਤ ਕਰ ਲੈਂਦਾ ਹੈ।

ਜੈਸੇ ਤਉ ਬਿਆਪਾਰੀ ਹਾਟਿ ਹਾਟਿ ਕੈ ਦੇਖਤ ਫਿਰੈ;
ਬਿਰਲੇ ਕੀ ਹਾਟਿ ਬੈਠਿ ਬਨਜ ਲੈ ਜਾਤ ਹੈ॥

ਜੈਸੇ ਤਉ = ਜਿਸ ਤਰ੍ਹਾਂ ਬਿਆਪਾਰੀ = ਵਣਜ ਕਰਨ ਵਾਲਾ ਵਪਾਰੀ ਹਾਟਿ ਹਾਟਿ = ਹੱਟੀ ਹੱਟੀ ਉੱਤੇ

ਜਾ ਕੈ = ਕਰਕੇ ਦੇਖਤ = ਵੇਖਦਾ ਫਿਰੈ = ਫਿਰਦਾ ਹੈ, ਲੇਕਿਨ ਕਿਸੇ ਬਿਰਲੇ = ਟਾਂਵੇਂ ਕੀ = ਦੀ ਹਾਟਿ = ਹੱਟੀ ਉੱਤੇ ਬੈਠਿ = ਬਹਿ ਕੇ ਬਨਜ = ਸੌਦਾ ਖ਼ਰੀਦ ਕੇ ਲੈ ਜਾਤ = ਜਾਂਦਾ ਹੈ।

ਤੈਸੇ ਹੀ ਸਬਦ ਗੁਰ ਰਤਨ ਖੋਜਤ ਖੋਜੀ;
ਕੋਟਿ ਮਧੇ ਕਾਹੂ ਸੰਗਿ ਰੰਗਿ ਲਪਟਾਤ ਹੈ॥੫੮੬॥

ਤੈਸੇ = ਉਸੇ ਤਰ੍ਹਾਂ ਹੀ ਖੋਜੀ = ਖੋਜੀ ਪੁਰਖ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਰੂਪੀ ਰਤਨ = ਮਾਣਿਕ ਨੂੰ ਖੋਜਤ = ਢੂੰਡਣਾ ਕਰਦਾ ਹੈ, ਪਰੰਤੂ ਕੋਟਿ = ਕਰੋੜਾਂ ਮਧੇ = ਵਿੱਚੋਂ ਕਾਹੂ = ਕਿਸੇ ਇਕ ਸੰਗਿ = ਨਾਲ ਰੰਗਿ = ਪ੍ਰੇਮ ਵਿਚ ਲਪਟਾਤ = ਖਚਤ ਹੁੰਦਾ ਹੈ॥੫੮੬॥

ਜੈਸੇ ਦੀਪ ਦੀਪਤ ਪਤੰਗ ਲੋਟ ਪੋਟ ਹੋਤ;
ਕਬਹੂੰ ਕੈ ਜ੍ਵਾਰਾ ਮੈ ਪਰਤ ਜਰਿ ਜਾਇ ਹੈ॥

ਜੈਸੇ = ਜਿਸ ਪ੍ਰਕਾਰ ਦੀਪਤ = ਜਗਦੇ ਦੀਪ = ਦੀਵੇ ਉੱਤੇ ਪਤੰਗ = ਫੰਬਟ ਲੋਟ ਪੋਟ ਹੋਤ = ਹੁੰਦਾ ਰਹਿੰਦਾ ਹੈ, ਪਰੰਤੂ ਕਬਹੂੰ = ਕਿਸੇ ਵੇਲੇ ਵੀ ਜ੍ਵਾਰਾ = ਦੀਵੇ ਦੀ ਲਾਟ ਮੈ = ਵਿਚ ਪਰਤ = ਪੈ ਕੈ = ਕਰਕੇ ਜਰਿ = ਸੜ ਜਾਇ = ਜਾਂਦਾ ਹੈ।

ਜੈਸੇ ਖਗ ਦਿਨ ਪ੍ਰਤਿ ਚੋਗ ਚੁਗਿ ਆਵੈ ਉਡਿ;
ਕਾਹੂ ਦਿਨ ਫਾਸੀ ਫਾਸੈ ਬਹੁਰਿ ਨ ਆਇ ਹੈ॥

ਜੈਸੇ = ਜਿਸ ਪ੍ਰਕਾਰ ਖਗ = ਪੰਛੀ ਦਿਨ ਪ੍ਰਤਿ = ਪ੍ਰਤੀ ਦਿਨ ਭਾਵ ਹਰ ਰੋਜ਼ ਚੋਗਾ ਚੁਗ ਕੇ ਉੱਡ ਕੇ ਆਪਣੇ ਟਿਕਾਣੇ (ਆਲ੍ਹਣੇ) ਆਵੈ = ਆ ਜਾਂਦਾ ਹੈ, ਲੇਕਿਨ ਕਾਹੂ = ਕਿਸੇ ਦਿਨ ਸ਼ਿਕਾਰੀ ਦੀ ਫਾਸੀ = ਫਾਹੀ ਵਿਚ ਫਾਹੈ = ਫਸ ਹੀ ਜਾਂਦਾ ਹੈ ਤੇ ਬਹੁਰਿ = ਮੁੜ ਕੇ ਆਪਣੇ ਟਿਕਾਣੇ 'ਤੇ ਨ = ਨਹੀਂ ਆਇ = ਆਉਂਦਾ ਹੈ।

ਜੈਸੇ ਅਲਿ ਕਮਲ ਕਮਲ ਪ੍ਰਤਿ ਖੋਜੈ ਨਿਤ;
ਕਬਹੂੰ ਕਮਲ ਦਲ ਸੰਪਟ ਸਮਾਇ ਹੈ॥

ਜੈਸੇ = ਜਿਸ ਪ੍ਰਕਾਰ ਨਿਤ = ਹਮੇਸ਼ਾਂ ਹੀ ਅਲਿ = ਭੌਰਾ ਕਮਲ = ਕੌਲ ਫੁੱਲ ਪ੍ਰਤਿ = ਪ੍ਰਤੀ ਕਮਲ = ਕੌਲ ਫੁੱਲ ਭਾਵ ਹਰੇਕ ਕੌਲ ਫੁੱਲ ਵਿਚ ਮਕਰੰਦ ਰਸ ਨੂੰ ਖੋਜੈ = ਭਾਲਦਾ ਫਿਰਦਾ ਰਹਿੰਦਾ ਹੈ, ਲੇਕਿਨ ਕਬਹੂੰ = ਕਦੇ ਤਾਂ ਕਮਲ = ਕੌਲ ਫੁੱਲ ਦੀਆਂ ਦਲ = ਪੰਖੜੀਆਂ ਦੇ ਸੰਪਟ = ਡੱਬੇ ਵਿਚ ਸਮਾਇ = ਸਮਾਅ ਹੀ ਜਾਂਦਾ ਹੈ।

ਤੈਸੇ ਗੁਰਬਾਨੀ ਅਵਗਾਹਨ ਕਰਤ ਚਿਤ;
ਕਬਹੂ ਮਗਨ ਹ੍ਵੈ ਸਬਦਿ ਉਰਝਾਇ ਹੈ॥੫੯੦॥

ਤੈਸੇ = ਉਸੇ ਤਰ੍ਹਾਂ ਚਿਤ ਗੁਰਬਾਨੀ = ਗੁਰਾਂ ਦੀ ਬਾਣੀ ਦਾ ਪਾਠ ਤੇ ਗੁਰਬਾਣੀ ਦੀ ਅਵਗਾਹਨ = ਵਿਚਾਰ

ਕਰਤ = ਕਰਦਾ ਰਹਿੰਦਾ ਹੈ, ਲੇਕਿਨ ਕਬਹੂ = ਕਦੇ ਮਗਨ = ਮਸਤ ਹ੍ਵੈ = ਹੋ ਕੇ ਗੁਰ ਸਬਦਿ = ਉਪਦੇਸ਼ ਦੇ ਰਸ ਵਿਚ ਉਰਝਾਇ = ਉਲਝ ਭਾਵ ਲਿਵਲੀਨ ਹੋ ਹੀ ਜਾਂਦਾ ਹੈ॥੫੯੦॥

ਜੈਸੇ ਪੋਸਤੀ ਸੁਨਤ ਕਹਤ ਪੋਸਤ ਬੁਰੋ;
ਤਾਂ ਕੇ ਬਸਿ ਭਇਓ ਛਾਡਿਓ ਚਾਹੈ ਪੈ ਨ ਛੂਟਈ॥

ਜੈਸੇ = ਜਿਸ ਪ੍ਰਕਾਰ ਪੋਸਤੀ = ਪੋਸਤ ਪੀਣ ਵਾਲਾ **ਵਾ:** ਅਫ਼ੀਮ ਦੇ ਡੋਡੇ ਮਲ ਕੇ ਪੀਣ ਵਾਲਾ ਨਸ਼ੇੜੀ ਪੁਰਖ ਸੁਨਤ = ਸੁਣਦਾ ਹੈ ਅਤੇ ਹੋਰਨਾਂ ਨੂੰ ਵੀ ਕਹਤ = ਕਹਿੰਦਾ ਹੈ ਕਿ ਪੋਸਤ ਖਾਣਾ ਜਾਂ ਘੋਲ ਕੇ ਪੀਣਾ ਬੁਰੋ = ਭੈੜੀ ਵਸਤੂ ਹੈ, ਲੇਕਿਨ ਆਪ ਤਾਂ = ਉਸ ਪੋਸਤ ਕੇ = ਦੇ ਬਸਿ = ਅਧੀਨ ਭਇਓ = ਹੋਇਆ ਜੇ ਆਪ ਛਾਡਿਓ = ਛੱਡਣਾ ਚਾਹੈ = ਚਾਹੁਣਾ ਵੀ ਕਰੇ ਤਾਂ ਵੀ ਉਸ ਪੈ = ਕੋਲੋਂ ਛੂਟਈ = ਛੁੱਟਦਾ ਨ = ਨਹੀਂ ਹੈ।

ਜੈਸੇ ਜੂਆ ਖੇਲ ਬਿਤ ਹਾਰ ਬਿਲਖੈ ਜੁਆਰੀ;
ਤਊ ਪਰ-ਜੁਆਰਨ ਕੀ ਸੰਗਤਿ ਨ ਟੂਟਈ॥

ਜੈਸੇ = ਜਿਸ ਪ੍ਰਕਾਰ ਜੁਆਰੀ = ਜੂਆ ਖੇਡਣ ਵਾਲਾ ਪੁਰਖ ਜੂਆ ਖੇਲ = ਖੇਡ ਕੇ ਆਪਣਾ ਬਿਤ = ਧਨ ਹਾਰ ਕੇ ਬਿਲਖੈ = ਵਿਲਕਦਾ, ਪਛਤਾਉਂਦਾ ਹੈ, ਪਰ ਤਊ = ਤਦ ਵੀ ਪਰ-ਜੁਆਰਨ = ਦੂਸਰੇ ਜੁਆਰੀਆਂ ਕੀ = ਦੀ ਸੰਗਤ ਨਾਲੋਂ ਉਸ ਦੀ ਲਗਨ ਟੂਟਈ = ਟੁੱਟਦੀ ਨ = ਨਹੀਂ ਹੈ।

ਜੈਸੇ ਚੋਰ ਚੋਰੀ ਜਾਤ ਹਿਰਦੈ ਸਹਕਤ;
ਪੁਨਿ ਤਜਤ ਨ ਚੋਰੀ ਜਉ ਲਉ ਸੀਸ ਹੀ ਨ ਫੂਟਈ॥

ਜੈਸੇ = ਜਿਸ ਪ੍ਰਕਾਰ ਚੋਰ = ਚੋਰੀ ਕਰਨ ਵਾਲਾ ਚੋਰੀ = ਕੋਈ ਚੀਜ਼ ਚੁਰਾਉਣ ਵੇਲੇ ਜਾਤ = ਜਾਂਦਾ ਹੋਇਆ ਹਿਰਦੈ = ਮਨ ਵਿਚ ਡਰ ਸਹਿਤ ਹੋ ਕੇ ਸਹਕਤ = ਹਉਕੇ ਵੀ ਲੈਂਦਾ ਹੈ, ਲੇਕਿਨ ਪੁਨਿ = ਫੇਰ ਵੀ ਉਦੋਂ ਤਕ ਚੋਰੀ = ਚੀਜ਼ ਚੁਰਾਉਣ ਦੀ ਆਦਤ ਨੂੰ ਤਜਤ = ਛੱਡਦਾ ਨ = ਨਹੀਂ ਹੈ, ਜਉ = ਜਦ ਲਉ = ਤਕ ਸੀਸ = ਸਿਰ ਹੀ ਨਾ = ਨਹੀਂ ਫੂਟਈ = ਫੁੱਟ ਜਾਂਦਾ ਹੈ।

ਤੈਸੇ ਸਭ ਕਹਤ ਸੁਨਤ ਮਾਇਆ ਦੁਖਦਾਈ;
ਕਾਹੂ ਪੈ ਨ ਜੀਤੀ ਪਰੈ ਮਾਇਆ ਜੁਗ ਲੂਟਈ॥੫੯੧॥

ਤੈਸੇ = ਉਸ ਪ੍ਰਕਾਰ ਸਭ = ਸਾਰੇ ਹੀ ਸੁਨਤ = ਸੁਣਦੇ ਤੇ ਕਹਤ = ਕਹਿੰਦੇ ਹਨ ਕਿ ਮਾਇਆ ਦੁਖਦਾਈ = ਦੁਖਦਾਇਕ ਹੈ ਲੇਕਿਨ ਕਾਹੂ = ਕਿਸੇ ਪੈ = ਕੋਲੋਂ ਵੀ ਮਾਇਆ ਪਰੈ = ਪਰੇ ਤੇ ਜੀਤੀ = ਜਿੱਤੀ ਨ = ਨਹੀਂ ਜਾਂਦੀ ਸਗੋਂ ਮਾਇਆ ਸਾਰੇ ਜਗੁ = ਜਗਤ ਨੂੰ ਲੂਟਈ = ਲੁੱਟ ਰਹੀ ਹੈ॥੫੯੧॥

ਤਰਵਰੁ ਗਿਰੇ ਪਾਤ ਬਹੁਰੋ ਨ ਜੋਰੇ ਜਾਤ;
ਐਸੋ ਤਾਤ ਮਾਤ ਸੁਤ ਭ੍ਰਾਤ ਮੋਹ ਮਾਇਆ ਕੋ॥

ਜਿਸ ਪ੍ਰਕਾਰ ਤਰਵਰੁ = ਬ੍ਰਿਛ ਤੋਂ ਗਿਰੇ = ਡਿੱਗੇ ਪਾਤ = ਪੱਤੇ ਬਹੁਰੋ = ਮੁੜ ਉਸ ਨਾਲ ਜੋਰੇ = ਜੋੜੇ

ਨ = ਨਹੀਂ ਜਾਤ = ਜਾ ਸਕਦੇ, ਐਸੋ = ਅਜਿਹਾ ਮਾਤ = ਮਾਂ, ਤਾਤ = ਪਿਉ, ਸੁਤ = ਪੁੱਤਰ, ਭ੍ਰਾਤ = ਭਰਾ ਆਦਿ ਸੰਬੰਧੀਆਂ ਤੇ ਮਾਇਆ ਕੋ = ਦਾ ਮੋਹ = ਸਨੇਹ ਤਿਆਗਣਾ ਕਰੋ ਭਾਵ ਜਿਵੇਂ ਬ੍ਰਿਛ ਤੋਂ ਡਿੱਗੇ ਪੱਤੇ ਮੁੜ ਨਹੀਂ ਜੁੜਦੇ, ਇਸੇ ਤਰ੍ਹਾਂ ਮਾਂ, ਪਿਉ ਆਦਿ ਸੰਬੰਧੀਆਂ ਦਾ ਮੋਹ ਛੱਡਣਾ ਕਰੋ, ਕਿਉਂਕਿ ਬ੍ਰਿਛ ਦੇ ਪੱਤਿਆਂ ਵਾਂਗ ਮੌਤ ਦੇ ਆਇਆਂ ਇਸ ਨੇ ਟੁੱਟਣਾ ਹੈ।

ਜੈਸੇ ਬੁਦਬੁਦਾ ਓਰਾ ਪੇਖਤ ਬਿਲਾਇ ਜਾਇ;
ਐਸੋ ਜਾਨਿ ਤਿਆਗਹੁ ਭਰੋਸੋ ਭ੍ਰਮ ਕਾਇਆ ਕੋ ॥

ਜੈਸੇ = ਜਿਸ ਪ੍ਰਕਾਰ ਪਾਣੀ ਦਾ ਬੁਦਬੁਦਾ = ਬੁਲਬੁਲਾ ਤੇ ਓਰਾ = ਗੜਾ ਪੇਖਤ = ਦੇਖਦਿਆਂ ਦੇਖਦਿਆਂ ਹੀ ਬਿਲਾਇ = ਨਾਸ਼ ਹੋ ਜਾਂਦਾ ਹੈ, ਐਸੋ = ਅਜਿਹਾ ਹੀ ਕਾਇਆ = ਦੇਹੀ ਕੋ = ਦਾ ਭਰੋਸੋ = ਵਿਸ਼ਵਾਸ ਭ੍ਰਮ = ਭੁਲੇਖਾ ਜਾਣ ਕੇ ਤਿਆਗਹੁ = ਛੱਡ ਦੇਣਾ ਕਰੋ।

ਤ੍ਰਿਣ ਕੀ ਅਗਨਿ ਜਰਿ ਬੂਝਤ ਨ ਬਾਰ ਲਾਗੈ;
ਐਸੋ ਆਵਾ ਔਧਿ ਜੈਸੇ ਨੇਹੁ ਦ੍ਰੁਮ ਛਾਇਆ ਕੋ ॥

ਤ੍ਰਿਣ = ਕੱਖ ਕਾਨਿਆਂ ਕੀ = ਦੀ ਅਗਨਿ = ਅੱਗ ਜਰਿ = ਸੜ ਕੇ ਬੂਝਤ = ਬੁੱਝਦੀ ਨੂੰ ਬਾਰ = ਦੇਰੀ ਨ = ਨਹੀਂ ਲਾਗੈ = ਲੱਗਦੀ, ਐਸੋ = ਇਸੇ ਤਰ੍ਹਾਂ ਔਧਿ = ਵੱਡੀ ਆਵਾ = ਉਮਰ ਦੀ ਉਮੀਦ ਕਰਨੀ ਇਉਂ ਹੈ, ਜੈਸੇ = ਜਿਸ ਪ੍ਰਕਾਰ ਦ੍ਰੁਮ = ਬ੍ਰਿਛ ਦੀ ਛਾਇਆ = ਛਾਂ ਕੋ = ਨੂੰ ਨੇਹੁ = ਪ੍ਰੇਮ ਕਰਨਾ ਹੈ।

ਜਨਮ ਜੀਵਨ ਅੰਤ ਕਾਲ ਕੇ ਸੰਗਾਤੀ ਰਾਚਹੁ;
ਸਫਲ ਅਉਸਰ ਜਗ ਤਬ ਹੀ ਤਉ ਆਇਆ ਕੋ ॥੫੬੨॥

ਇਸ ਜੀਵਨ = ਜ਼ਿੰਦਗੀ ਦੇ ਜਨਮ = ਜੰਮਣ ਵੇਲੇ ਤੋਂ ਲੈ ਕੇ ਅੰਤ = ਓੜਕ ਕਾਲ = ਸਮੇਂ ਕੇ = ਦੇ ਤਕ ਜੋ ਸੱਚਾ ਸੰਗਾਤੀ = ਸਾਥੀ ਪਰਮੇਸ਼ਰ, ਗੁਰੂ ਹੈ ਉਸ ਦੇ ਨਾਮ ਨਾਲ ਰਾਚਹੁ = ਰਚਣਾ (ਇਕਮਿਕ ਹੋਣਾ) ਕਰੋ ਤਬ = ਤਦੋਂ ਹੀ ਤਉ = ਤਾਂ ਇਸ ਜਗ = ਸੰਸਾਰ ਵਿਚ ਆਇਆ = ਆਉਣ ਕੋ = ਦਾ ਅਉਸਰ = ਸਮਾਂ ਸਫਲ = ਸਫਲਾ ਹੈ ॥੫੬੨॥ ਜੈਸਾ ਕਿ :

ਆਇਆ ਸਫਲ ਤਾਹੂ ਕੋ ਗਨੀਐ ॥
ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥ *(ਅੰਗ ੨੫੨)*

ਕੋਊ ਹਰ ਜੋਰੈ, ਬੋਵੈ ਕੋਊ ਰਾਖੈ ਲੁਨੈ ਕੋਊ;
ਜਾਨੀਐ ਨ ਜਾਇ ਤਾਂਹਿ ਅੰਤਿ ਕੌਨ ਖਾਇਯੋ ॥

ਕੋਊ = ਕੋਈ ਹਰ = ਹਲ ਜੋਰੈ = ਜੋੜਦਾ ਹੈ ਭਾਵ ਹਲ ਜੋੜ ਕੇ ਜ਼ਮੀਨ ਵਾਹੁੰਦਾ ਹੈ, ਕੋਊ = ਕੋਈ ਬੋਵੈ = ਬੀਜਦਾ ਹੈ, ਕੋਊ = ਕੋਈ ਦੇਖ-ਭਾਲ ਰਾਖੈ = ਰੱਖਦਾ ਹੈ, ਕੋਊ = ਕੋਈ ਫ਼ਸਲ ਪੱਕੀ ਤੋਂ ਲੁਨੈ = ਵੱਢਦਾ ਹੈ, ਲੇਕਿਨ ਇਹ ਜਾਨੀਐ = ਜਾਣਿਆ ਨ = ਨਹੀਂ ਜਾਇ = ਜਾਂਦਾ ਕਿ ਤਾਹਿ = ਉਸ ਖੇਤ ਦੇ ਅਨਾਜ ਨੂੰ ਅੰਤਿ = ਅਖ਼ੀਰ ਕੌਨ = ਕਿਹੜਾ ਖਾਇਯੋ = ਖਾਣਾ ਕਰੇਗਾ। ਜੈਸਾ ਕਿ :

ਕੋਈ ਵਾਹੇ ਕੋ ਲੁਣੈ ਕੋ ਪਾਏ ਖਲਿਹਾਨਿ॥ ਨਾਨਕ ਏਵ ਨ ਜਾਪਈ ਕੋਈ ਖਾਇ ਨਿਦਾਨਿ॥੧॥

(ਅੰਗ ੮੫੪)

ਕੋਊ ਗੜੈ ਚਿਨੈ ਕੋਊ, ਕੋਊ ਲੀਪੈ, ਪੋਚੈ ਕੋਊ;
ਸਮਝ ਨ ਪਰੈ ਕੌਨ ਬਸੈ ਗ੍ਰਿਹ ਆਇਧੋ॥

ਨਵਾਂ ਘਰ ਬਣਾਉਣ ਤੋਂ ਪਹਿਲਾਂ ਕੋਊ = ਕੋਈ ਘਰ ਦੀਆਂ ਨੀਹਾਂ ਗੜੈ = ਪੁੱਟਦਾ ਹੈ, ਕੋਊ = ਕੋਈ ਰਾਜ ਮਿਸਤਰੀ ਦੇ ਰੂਪ ਵਿਚ ਇੱਟਾਂ ਦੀ ਚਿਨੈ = ਚਿਣਾਈ ਕਰਦਾ ਹੈ, ਕੋਊ = ਕੋਈ ਲੀਪੈ = ਲਿੱਪਦਾ ਹੈ ਤੇ ਕੋਊ = ਕੋਈ ਪੋਚੈ = ਪੋਚਣਾ ਕਰਦਾ ਹੈ, ਲੇਕਿਨ ਇਹ ਗੱਲ ਸਮਝ = ਗਿਆਤ ਨ = ਨਹੀਂ ਪਰੈ = ਪੈਂਦੀ ਕਿ ਉਸ ਗ੍ਰਿਹ = ਘਰ ਵਿਚ ਕੌਨ = ਕਿਹੜਾ ਆਇਧੋ = ਆ ਕੇ ਬਸੈ = ਵੱਸਣਾ ਕਰੇਗਾ।

ਕੋਊ ਚੁਨੈ, ਲੋੜੈ ਕੋਊ, ਕੋਊ ਕਾਤੈ, ਬੁਨੈ ਕੋਊ;
ਬੂਝੀਐ ਨ ਓਢੈ ਕੌਨ ਅੰਗ ਸੈ ਬਨਾਇਧੋ॥

ਕੋਊ = ਕੋਈ ਕਪਾਹ ਨੂੰ ਚੁਨੈ = ਚੁਣਦਾ (ਚੁਗਦਾ) ਹੈ, ਕੋਊ = ਕੋਈ ਲੋੜੈ = ਵੇਲਦਾ ਹੈ, ਕੋਊ = ਕੋਈ ਕਾਤੈ = ਕੱਤਦਾ ਹੈ ਤੇ ਕੋਊ = ਕੋਈ ਬੁਨੈ = ਬੁਣਦਾ ਹੈ ਲੇਕਿਨ ਇਹ ਬੂਝੀਐ = ਸਮਝਣਾ ਨ = ਨਹੀਂ ਕਰੀਦਾ ਕਿ ਕੱਪੜਾ ਬਨਾਇਧੋ = ਬਣਾ ਕੇ ਆਪਣੇ ਅੰਗ = ਸਰੀਰ ਸੈ = ਉੱਤੇ ਕੌਨ = ਕਿਹੜਾ ਓਢੈ = ਪਹਿਨੇਗਾ।

ਤੈਸੇ ਆਪਾ ਕਾਛਿ ਕਾਛਿ ਕਾਮਨੀ ਸਗਲ ਬਾਛੈ;
ਕਵਨ ਸੁਹਾਗਨਿ ਹ੍ਵੈ ਸਿਹਜਾ ਸਮਾਇਧੋ॥੫੯੩॥

ਤੈਸੇ = ਉਸੇ ਤਰ੍ਹਾਂ ਆਪਾ = ਆਪਣੇ ਆਪ ਨੂੰ ਸ਼ੁਭ ਗੁਣਾਂ **ਵਾ:** ਵੈਰਾਗ ਬਿਬੇਕ ਆਦਿ ਸਾਧਨਾਂ ਨਾਲ ਕਾਛਿ ਕਾਛਿ = ਕਾਛਨਾ ਭਾਵ ਸਜਾ ਫਬਾ ਕੇ ਸਗਲ = ਸਾਰੀਆਂ ਜਗਿਆਸੂ ਰੂਪ ਕਾਮਨੀ = ਇਸਤਰੀਆਂ ਪਤੀ ਪਰਮੇਸ਼ਰ ਦੀ ਪ੍ਰਾਪਤੀ ਬਾਛੈ = ਚਾਹੁੰਦੀਆਂ ਹਨ, ਲੇਕਿਨ ਕਵਨ = ਕਿਹੜੀ ਜਗਿਆਸੂ ਰੂਪ ਇਸਤਰੀ ਵੈਰਾਗ ਵਿਵੇਕ ਆਦਿ ਸਾਧਨਾਂ ਦੇ ਸਹਿਤ ਸੁਹਾਗਨਿ = ਸੁਹਾਗਵੰਤੀ ਹ੍ਵੈ = ਹੋ ਕੇ ਪਤੀ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਤੁਰੀਆ ਪਦ ਰੂਪ ਸਿਹਜਾ = ਸੇਜਾ ਉੱਤੇ ਜਾ ਕੇ ਸਮਾਇਧੋ = ਸਮਾਉਣਾ ਕਰੇਗੀ, ਇਹ ਨਹੀਂ ਪਤਾ ਹੈ॥੫੯੩॥

ਜੋਈ ਪ੍ਰਭ ਭਾਵੈ ਤਾਹਿ ਸੋਵਤ ਜਗਾਵੈ ਜਾਇ;
ਜਾਗਤ ਬਿਹਾਵੈ ਜਾਹਿ ਤਾਹਿ ਨ ਬੁਲਾਵਈ॥

ਜੋਈ = ਜਿਹੜੀ ਜਗਿਆਸੂ ਰੂਪ ਇਸਤਰੀ ਪਤੀ ਪ੍ਰਭ = ਪਰਮੇਸ਼ਰ ਨੂੰ ਭਾਵੈ = ਭਾ, ਚੰਗੀ ਲੱਗ ਜਾਵੇ, ਤਾਹਿ = ਉਸ ਨੂੰ ਅਗਿਆਨ ਅਵਸਥਾ ਵਿਚ ਸੋਵਤ = ਸੁੱਤੀ ਪਈ ਨੂੰ ਜਾਇ = ਜਾ ਕੇ ਗਿਆਨ ਅਵਸਥਾ ਵਿਚ ਜਗਾਵੈ = ਜਗਾ ਦਿੰਦਾ ਹੈ, ਲੇਕਿਨ ਜਾਹਿ = ਜਿਸ ਦੀ ਪਦਾਰਥਾਂ ਵਿਚ ਜਾਗਤ = ਜਾਗਦਿਆਂ ਹੀ ਅਵਸਥਾ ਰੂਪ ਰਾਤ ਬਿਹਾਵੈ = ਬਤੀਤ ਹੁੰਦੀ ਹੈ, ਤਾਹਿ = ਉਸ ਨੂੰ ਪਤੀ ਪਰਮੇਸ਼ਰ ਬੁਲਾਵਈ = ਬੁਲਾਉਂਦਾ ਹੀ ਨ = ਨਹੀਂ ਹੈ।

ਜੋਈ ਪ੍ਰਭ ਭਾਵੈ ਤਾਹਿ ਮਾਨਨਿ ਮਨਾਵੈ ਧਾਇ;
ਸੇਵਕ ਸ੍ਵਰੂਪ ਸੇਵਾ ਕਰਤ ਨ ਭਾਵਈ ॥

ਜੋਈ = ਜਿਹੜੀ ਜਗਿਆਸੂ ਰੂਪ ਇਸਤਰੀ ਪਤੀ ਪ੍ਰਭ = ਪਰਮੇਸ਼ਰ ਨੂੰ ਭਾਵੈ = ਭਾ ਜਾਵੇ, ਚੰਗੀ ਲੱਗ ਆਵੇ, ਤਾਹਿ = ਉਸ ਨੂੰ ਭਾਣਾ ਮਾਨਨਿ = ਮਨਾ ਕਰਕੇ ਪਤੀ ਪਰਮੇਸ਼ਰ ਧਾਇ = ਦੌੜ ਕੇ ਮਨਾਵੈ = ਮਨਾਉਂਦਾ ਹੈ ਭਾਵ ਮਿਲ ਜਾਂਦਾ ਹੈ, ਲੇਕਿਨ ਜੋ ਸੇਵਕ ਸ੍ਵਰੂਪ = ਸਰੂਪ ਦੇ ਵਿਚ ਅਭਿਮਾਨ ਸਹਿਤ ਸੇਵਾ = ਟਹਿਲ ਕਰਤ = ਕਰਦੀ ਹੈ, ਉਹ ਪਤੀ ਪਰਮੇਸ਼ਰ ਨੂੰ ਭਾਵਈ = ਭਾਉਂਦੀ (ਪਿਆਰੀ) ਨ = ਨਹੀਂ ਲੱਗਦੀ।

ਜੋਈ ਪ੍ਰਭ ਭਾਵੈ ਤਾਹਿ ਰੀਝ ਕੈ ਰਿਝਾਵੈ;
ਆਪਾ ਕਾਛਿ ਕਾਛਿ ਆਵੈ ਤਾਹਿ ਪਗ ਨ ਲਗਾਵਈ ॥

ਜੋਈ = ਜਿਹੜੀ ਜਗਿਆਸੂ ਰੂਪ ਇਸਤਰੀ ਪਤੀ ਪ੍ਰਭ = ਪਰਮੇਸ਼ਰ ਨੂੰ ਭਾਵੈ = ਭਾਉਂਦੀ ਹੈ ਤਾਹਿ = ਉਸ ਨੂੰ ਆਪ ਰੀਝ = ਪ੍ਰਸੰਨ ਹੋ ਕੈ = ਕਰਕੇ ਰਿਝਾਵੈ = ਰਿਝਾਉਣਾ, ਪ੍ਰਸੰਨ ਕਰਦਾ ਹੈ, ਲੇਕਿਨ ਕਈ ਵਾਰ ਜਦ ਅਭਿਮਾਨ ਸਹਿਤ ਆਪਾ = ਆਪਣੇ ਆਪ ਨੂੰ ਸ਼ੁਭ ਗੁਣਾਂ ਦੇ ਸਹਿਤ ਕਾਛਿ ਕਾਛਿ = ਸਜਾ ਫਬਾ ਕੇ ਆਵੈ = ਆਉਣਾ ਕਰਦੀ ਹੈ ਤਾਂ ਤਾਹਿ = ਉਸ ਨੂੰ ਆਪਣੇ ਪਗ = ਚਰਨੀਂ ਵੀ ਨ = ਨਹੀਂ ਲਗਾਵਈ = ਲੱਗਣ ਦਿੰਦਾ।

ਜੋਈ ਪ੍ਰਭ ਭਾਵੈ ਤਾਹਿ ਸਬੈ ਬਨਿ ਆਵੈ;
ਤਾ ਕੀ ਮਹਿਮਾ ਅਪਾਰ ਨ ਕਹਤ ਬਨਿ ਆਵਈ ॥੫੬੪॥

ਜੋਈ = ਜਿਹੜੀ ਜਗਿਆਸੂ ਰੂਪ ਇਸਤਰੀ ਪਤੀ ਪ੍ਰਭ = ਪਰਮੇਸ਼ਰ ਨੂੰ ਭਾਵੈ = ਭਾਉਂਦੀ ਹੈ ਤਾਹਿ = ਉਸ ਨੂੰ ਸਬੈ = ਸਾਰੇ ਹੀ ਵੈਰਾਗ ਵਿਵੇਕ ਆਦਿ ਸਾਧਨ ਜਾਂ ਸ਼ੁਭ ਗੁਣ ਬਣ ਆਵੈ = ਆਉਂਦੇ ਹਨ ਭਾਵ ਇਨ੍ਹਾਂ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਤਾ = ਉਸ ਕੀ = ਦੀ ਮਹਿਮਾ = ਉਪਮਾ ਅਪਾਰ = ਪਾਰਾਵਾਰ ਤੋਂ ਰਹਿਤ, ਬੇਅੰਤ ਹੈ ਅਤੇ ਜੋ ਸ਼ਬਦਾਂ ਦੇ ਕਹਤ = ਕਹਿਣ ਵਿਚ ਬਣ ਨਹੀਂ ਆਵਈ = ਆਉਂਦੀ ॥੫੬੪॥

ਜੈਸੇ ਤਉ ਸਮੁੰਦ੍ ਬਿਖੈ ਬੋਹਥੋ ਬਹਾਇ ਦੀਜੈ;
ਕੀਜੈ ਨ ਭਰੋਸੋ ਜਉ ਲਉ ਪਹੁੰਚੈ ਨ ਪਾਰ ਕੌ ॥

ਜੈਸੇ ਤਉ = ਜਿਸ ਤਰ੍ਹਾਂ ਸਮੁੰਦ੍ = ਸਾਗਰ ਬਿਖੈ = ਵਿਚ ਬੋਹਥੋ = ਜਹਾਜ਼ ਬਹਾਇ = ਤੋਰ ਦੀਜੈ = ਦੇਣਾ ਕਰੀਦਾ ਹੈ, ਲੇਕਿਨ ਜਉ = ਜਦ ਲਉ = ਤਕ ਪਾਰ = ਪਰਲੇ ਕਿਨਾਰੇ ਕੌ = ਨੂੰ ਪਹੁੰਚੈ = ਅੱਪੜਦਾ ਨਹੀਂ ਹੈ, ਉਤਨਾ ਸਮਾਂ ਠੀਕ ਠਾਕ ਪਰਲੇ ਕਿਨਾਰੇ ਪੁੱਜਣ ਦਾ ਭਰੋਸੋ = ਵਿਸ਼ਵਾਸ ਨ = ਨਹੀਂ ਕੀਜੈ = ਕੀਤਾ ਜਾ ਸਕਦਾ।

ਜੈਸੇ ਤਉ ਕ੍ਰਿਸਾਨ ਖੇਤ ਹੇਤੁ ਕਰਿ ਜੋਤੈ ਬੋਵੈ;
ਮਾਨਤ ਕੁਸਲ ਆਨਿ ਪੈਠੇ ਗ੍ਰਿਹ ਦ੍ਵਾਰ ਕੌ ॥

ਜੈਸੇ ਤਉ = ਜਿਸ ਤਰ੍ਹਾਂ ਕ੍ਰਿਸਾਨ = ਜ਼ਿਮੀਂਦਾਰ ਹੇਤੁ = ਪ੍ਰੇਮ ਕਰਿ = ਕਰ ਕੇ ਖੇਤ = ਜ਼ਮੀਨ

ਜੋਤੈ = ਵਾਹੁੰਦਾ ਤੇ ਬੋਵੈ = ਬੀਜਦਾ ਹੈ, ਲੇਕਿਨ ਕੁਸਲ = ਸੁਖ ਤਦ ਮਾਨਤ = ਮੰਨਦਾ ਹੈ ਜਦ ਗ੍ਰਿਹ = ਘਰ ਦੇ ਦ੍ਵਾਰ = ਬੂਹੇ ਕੌ = ਨੂੰ ਲੰਘਾ ਕੇ ਅਨਾਜ ਘਰ ਦੇ ਪੈਠੇ = ਅੰਦਰ (ਪ੍ਰਵੇਸ਼) ਆਨਿ = ਲਿਆ ਰੱਖਦਾ ਹੈ।

ਜੈਸੇ ਪਿਰ ਸੰਗਮ ਕੈ ਹੋਤ ਗਰ ਹਾਰ ਨਾਰਿ;
ਕਰਤ ਹੈ ਪ੍ਰੀਤਿ ਪੇਖਿ ਸੁਤ ਕੇ ਲਿਲਾਰ ਕੌ ॥

ਜੈਸੇ = ਜਿਸ ਪ੍ਰਕਾਰ ਨਾਰਿ = ਇਸਤਰੀ ਆਪਣੇ ਪਿਰ = ਪਤੀ ਦੇ ਸੰਗਮ = ਮਿਲਾਪ ਸਮੇਂ ਗਰ = ਗਲੇ ਦਾ ਹਾਰ ਆਦਿ ਤੇ ਹੋਰ ਸ਼ਿੰਗਾਰ ਦੇ ਸਹਿਤ ਹੋਤ = ਹੋ ਕੇ ਪਤੀ ਨੂੰ ਮਿਲਣਾ ਕਰਦੀ ਹੈ, ਲੇਕਿਨ ਆਪਣੇ ਕੀਤੇ ਸ਼ਿੰਗਾਰਾਂ ਨੂੰ ਤਦ ਹੀ ਚੰਗੇ ਸਮਝਦੀ ਹੈ ਜਦੋਂ ਆਪਣੇ ਸੁਤ = ਪੁੱਤਰ ਕੇ = ਦੇ ਲਿਲਾਰ = ਮੱਥੇ ਕੌ = ਨੂੰ ਪ੍ਰੀਤਿ = ਪ੍ਰੀਤੀ ਦੇ ਸਹਿਤ ਪੇਖਿ = ਵੇਖਣਾ ਕਰਤ = ਕਰਦੀ ਹੈ।

ਤੈਸੇ ਉਸਤਤਿ ਨਿੰਦਾ ਕਰੀਐ ਨ ਕਾਹੂ ਕੇਰੀ;
ਜਾਨੀਐ ਧੌ ਕੈਸੋ ਦਿਨ ਆਵੈ ਅੰਤ ਕਾਰ ਕੌ ॥੫੬੫॥

ਤੈਸੇ = ਉਸੇ ਤਰ੍ਹਾਂ ਉਸਤਤਿ = ਕੀਰਤੀ ਤੇ ਨਿੰਦਾ = ਅਪਕੀਰਤੀ ਕਾਹੂ = ਕਿਸੇ ਕੇਰੀ = ਦੀ ਵੀ ਨ = ਨਹੀਂ ਕਰੀਐ = ਕਰਨੀ ਚਾਹੀਦੀ, ਕਿਉਂਕਿ ਧੌ = ਕੀ ਜਾਨੀਐ = ਜਾਨਣਾ ਕਰੀਏ ਕਿ ਅੰਤ = ਅਖ਼ੀਰ ਨੂੰ ਮੇਰੇ ਉੱਤੇ ਕੈਸੋ = ਕੈਸਾ ਦਿਨ ਆਵੈ = ਆ ਜਾਵੇ, ਭਾਵ ਦੂਸਰੇ ਦੀ ਨਿੰਦਾ ਤੇ ਆਪਣੀ ਉਸਤਤਿ ਦੋਵੇਂ ਤਿਆਗਣੀਆਂ ਚਾਹੀਦੀਆਂ ਹਨ ॥੫੬੫॥

ਜੈਸੇ ਚੂਨੋ ਖਾਂਡ ਸ੍ਵੇਤ ਏਕ ਸੇ ਦਿਖਾਈ ਦੇਤ;
ਪਾਈਐ ਤਉ ਸ੍ਵਾਦ ਰਸ ਰਸਨਾ ਕੈ ਚਾਖੀਐ ॥

ਜੈਸੇ = ਜਿਸ ਪ੍ਰਕਾਰ ਚੂਨੋ = ਆਟਾ ਤੇ ਖਾਂਡ = ਖੰਡ ਏਕ ਸੇ = ਇੱਕੋ ਜਿਹੇ ਸ੍ਵੇਤ = ਸਫ਼ੈਦ ਦਿਖਾਈ = ਵਿਖਾਈ ਦੇਤ = ਦਿੰਦੇ ਹਨ, ਲੇਕਿਨ ਜਦ ਰਸਨਾ = ਜਿਹਬਾ ਕੈ = ਕਰਕੇ ਦੋਨਾਂ ਦਾ ਰਸ = ਸੁਆਦ ਚਾਖੀਐ = ਚੱਖਣਾ ਕਰੀਦਾ ਹੈ ਤਉ = ਤਦ ਉਸ ਸੁਆਦ ਨਾਲ ਭੇਦ ਪਾਈਐ = ਪਾਉਣਾ ਕਰੀਦਾ ਹੈ ਕਿ ਇਹ ਫਿੱਕਾ ਹੋਣ ਕਰਕੇ ਆਟਾ ਹੈ ਤੇ ਮਿੱਠੀ ਹੋਣ ਕਰਕੇ ਖੰਡ ਹੈ।

ਜੈਸੇ ਪੀਤ ਬਰਨ ਹੀ ਹੇਮ ਅਰੁ ਪੀਤਰ ਹੁਇ;
ਜਾਨੀਐ ਮਹਤ ਪਾਰਖਦ ਅਗ੍ਰ ਰਾਖੀਐ ॥

ਜੈਸੇ = ਜਿਸ ਪ੍ਰਕਾਰ ਹੇਮ = ਸੋਨੇ ਅਰੁ = ਅਤੇ ਪੀਤਰ = ਪਿੱਤਲ ਦਾ ਇੱਕੋ ਜਿਹਾ ਪੀਤ = ਪੀਲਾ ਹੀ ਬਰਨ = ਰੰਗ ਹੁਇ = ਹੁੰਦਾ ਹੈ, ਲੇਕਿਨ ਸੋਨੇ ਦੀ ਮਹਤ = ਮਹੱਤਤਾ ਤਦ ਜਾਨੀਐ = ਜਾਨਣਾ ਕਰੀਦੀ ਹੈ ਜਦ ਪਾਰਖਦ = ਪਾਰਖੂ ਦੇ ਅਗ੍ਰ = ਸਾਹਮਣੇ ਲਿਜਾ ਕੇ ਰਾਖੀਐ = ਰੱਖਣਾ ਕਰੀਏ।

ਜੈਸੇ ਕਊਆ ਕੋਕਿਲਾ ਹੈ ਦੋਨੋ ਖਗ ਸਿਆਮ ਤਨ;
ਬੂਝੀਐ ਅਸੁਭ ਸੁਭ ਸਬਦ ਸੁ ਭਾਖੀਐ ॥

ਜੈਸੇ = ਜਿਸ ਪ੍ਰਕਾਰ ਕਊਆ = ਕਾਂ ਤੇ ਕੋਕਿਲਾ = ਕੋਇਲ ਦੋਨੋ = ਦੋਵੇਂ ਖਗ = ਪੰਛੀ ਸਿਆਮ = ਕਾਲੇ

ਤਨ = ਸਰੀਰ ਵਾਲੇ ਹੈ = ਹਨ, ਲੇਕਿਨ ਜਦ ਸੁ = ਉਹ ਸਬਦ = ਵਾਕ ਭਾਖੀਐ = ਉਚਾਰਨ ਕਰਦੇ ਹਨ ਤਦ ਬੂਝੀਐ = ਸਮਝ ਲੈਣਾ ਕਰੀਦਾ ਹੈ ਕਿ ਕਿਹੜਾ ਅਸੁਭ = ਮਾੜਾ ਹੈ ਤੇ ਕਿਹੜਾ ਸੁਭ = ਚੰਗਾ ਹੈ, ਭਾਵ ਕੋਇਲ ਦੀ ਆਵਾਜ਼ ਮਿੱਠੀ ਰਸਦਾਇਕ ਹੁੰਦੀ ਹੈ ਤੇ ਕਾਂ ਦੀ ਆਵਾਜ਼ ਅਸੁਭ = ਭੈੜੀ ਹੁੰਦੀ ਹੈ।

ਤੈਸੇ ਹੀ ਅਸਾਧ ਸਾਧ ਚਿਹਨ ਕੈ ਸਮਾਨ ਹੋਤ;
ਕਰਨੀ ਕਰਤੂਤ ਲਗਿ ਲਛਨ ਕੈ ਲਾਖੀਐ ॥੫੯੬॥

ਤੈਸੇ = ਉਸੇ ਤਰ੍ਹਾਂ ਹੀ ਸਾਧ = ਸ੍ਰੇਸ਼ਟ ਪੁਰਖ (ਸੰਤ ਜਨ) ਤੇ ਅਸਾਧ = ਸ੍ਰੇਸ਼ਟਤਾਈ ਤੋਂ ਰਹਿਤ ਭੈੜਾ ਪੁਰਖ (ਅਸੰਤ) ਚਿਹਨ = ਚਿੰਨ੍ਹਾਂ ਕੈ = ਕਰਕੇ ਤਾਂ ਸਮਾਨ = ਇਕ ਤੁੱਲ ਹੋਤ = ਹੁੰਦੇ ਹਨ ਲੇਕਿਨ ਕਰਨੀ ਕਰਤੂਤ = ਚੰਗੇ ਮਾੜੇ ਕੰਮਾਂ ਦੇ ਲਛਨ = ਚਿੰਨ੍ਹ, ਨਿਸ਼ਾਨ ਦਾ ਪਤਾ ਲਗਿ = ਲਗਾ ਕੈ = ਕਰਕੇ ਲਾਖੀਐ = ਜਾਣ ਲੈਣਾ ਕਰੀਦਾ ਹੈ ਕਿ ਸੰਤ ਕੌਣ ਹੈ ਤੇ ਅਸੰਤ ਕੌਣ ਹੈ॥੫੯੬॥

ਜੈਸੇ ਕਰਪੂਰ ਲੌਨ ਏਕ ਸੇ ਦਿਖਾਈ ਦੇਤ;
ਕੇਸਰ ਕਸੁੰਭ ਸਮਸਰ ਅਰੁਨਾਈ ਕੈ ॥

ਜੈਸੇ = ਜਿਸ ਪ੍ਰਕਾਰ ਕਰਪੂਰ = ਮੁਸ਼ਕ ਕਪੂਰ ਤੇ ਲੌਨ = ਲੂਣ ਏਕ ਸੇ = ਇੱਕੋ ਜਿਹੇ ਚਿੱਟੇ ਰੰਗ ਦੇ ਦਿਖਾਈ = ਵਿਖਾਈ ਦੇਤ = ਦਿੰਦੇ ਹਨ ਤੇ ਕੇਸਰ ਤੇ ਕਸੁੰਭੇ ਦੀਆਂ ਤੁਰੀਆਂ ਅਰੁਨਾਈ = ਲਾਲੀ ਕੈ = ਕਰਕੇ ਸਮਸਰ = ਇਕ ਤੁੱਲ ਦਿਸਦੀਆਂ ਹਨ।

ਰੂਪੋ ਕਾਂਸੀ ਦੋਨੋ ਜੈਸੇ ਉਜਲ ਬਰਨ ਹੋਤ;
ਕਾਜਰ ਔ ਚੋਆ ਹੈ ਸਮਾਨ ਸਿਆਮਤਾਈ ਕੈ ॥

ਜੈਸੇ = ਜਿਸ ਪ੍ਰਕਾਰ ਰੂਪੋ = ਚਾਂਦੀ ਤੇ ਕਾਂਸੀ = ਕੈਹਾਂ ਦਾ ਬਰਤਨ ਇਹ ਦੋਨੋ = ਦੋਵੇਂ ਉਜਲ = ਚਿੱਟੇ ਬਰਨ = ਰੰਗ ਦੇ ਹੋਤ = ਹੁੰਦੇ ਹਨ, ਕਾਜਰ = ਕੱਜਲ ਔ = ਅਤੇ ਚੋਆ = ਅਗਰ ਦਾ ਤੇਲ ਸਿਆਮਤਾਈ = ਕਾਲੇ ਰੰਗ ਕੈ = ਕਰਕੇ ਸਮਾਨ = ਇੱਕੋ ਜਿਹੇ ਹੁੰਦੇ ਹੈ = ਹਨ।

ਇੰਦਰਾਇਨ ਫਲ ਅੰਮ੍ਰਿਤ ਫਲ ਪੀਤ ਸਮ;
ਹੀਰਾ ਅਉ ਫਟਕ ਸਮ ਰੂਪ ਹੈ ਦਿਖਾਈ ਕੈ ॥

ਇੰਦਰਾਇਨ = ਤੁੰਮਾ ਫਲ ਤੇ ਅੰਮ੍ਰਿਤ ਫਲ = ਅੰਬ ਫਲ ਪੀਤ = ਪੀਲੇ ਹੋਣ ਕਰਕੇ ਇੱਕੋ ਸਮ = ਤੁਲ ਲੱਗਦੇ ਹਨ, ਹੀਰਾ ਅਉ = ਅਤੇ ਫਟਕ = ਬਿਲੌਰ ਦੇਖਣ ਵਿਚ ਇਕ ਸਮ = ਸਮਾਨ ਚਿੱਟੇ ਰੂਪ = ਰੰਗ ਦੇ ਦਿਖਾਈ = ਦਿਸਣਾ ਕੈ = ਕਰਦੇ ਹੈ = ਹਨ।

ਤੈਸੇ ਖਲ ਦ੍ਰਿਸਟਿ ਮੈਂ ਅਸਾਧ ਸਾਧ ਸਮ ਦੇਹ;
ਬੂਝਤ ਬਿਬੇਕੀ ਜਲ ਜੁਗਤਿ ਸਮਾਈ ਕੈ ॥੫੯੭॥

ਤੈਸੇ = ਉਸੇ ਤਰ੍ਹਾਂ ਖਲ = ਮੂਰਖ ਦੀ ਦ੍ਰਿਸਟਿ = ਨਜ਼ਰ ਮੈਂ = ਵਿਚ ਅਸਾਧ = ਅਸੰਤ ਤੇ ਸਾਧ = ਸੰਤ ਦੋਨੋਂ ਸਮ = ਬਰਾਬਰ ਦਿਖਾਈ ਦੇਹ = ਦਿੰਦੇ ਹਨ ਲੇਕਿਨ ਬਿਬੇਕੀ = ਵਿਚਾਰਵਾਨ ਪੁਰਖ ਜਲ = ਪਾਣੀ ਦੀ

ਜੁਗਤਿ = ਜੁਗਤੀ ਵਾਂਗ ਸਮਾਈ = ਸਹਿਨਸ਼ੀਲਤਾ ਵਾਲੇ ਸੁਭਾਅ ਕੈ = ਕਰਕੇ ਬੂਝਤ = ਸਮਝ ਲੈਂਦੇ ਹਨ ਕਿ ਇਹ ਸੰਤ ਹੈ ਤੇ ਇਹ ਅਸੰਤ ਹੈ॥੫੯੭॥

ਕਾਲਰ ਮੈਂ ਬੋਏ ਬੀਜ ਉਪਜੈ ਨ ਧਾਨ ਪਾਨ;
ਖੇਤ ਮੈਂ ਡਾਰੇ ਸੁ ਤਾਂ ਤੇ ਅਧਿਕ ਅਨਾਜ ਹੈ॥

ਕਾਲਰ = ਰੇਹੀ ਵਾਲੀ ਜ਼ਮੀਨ **ਵਾ:** ਸ਼ੋਰੇ ਵਾਲੀ ਜ਼ਮੀਨ (ਕੱਲਰੀ) ਮੈਂ = ਵਿਚ ਧਾਨਾਂ ਦਾ ਬੀਜ ਬੋਏ = ਬੀਜਣਾ ਕਰੀਏ ਤਾਂ ਪਾਨ = ਪੱਤਾ ਵੀ ਉਪਜੈ = ਪੈਦਾ ਨ = ਨਹੀਂ ਹੁੰਦਾ, ਲੇਕਿਨ ਖੇਤ = ਜ਼ਮੀਨ ਮੈਂ = ਵਿਚ ਸੁ = ਉਹੋ ਸ਼ੋਰਾ ਡਾਰੇ = ਸੁੱਟਣਾ, ਪਾਉਣਾ ਕਰੀਏ ਤਦ ਤਾਂ = ਉਸ ਤੇ = ਤੋਂ ਅਧਿਕ = ਬਹੁਤ ਅਨਾਜ = ਅੰਨ ਹੁੰਦਾ ਹੈ।

ਕਾਲਰ ਸੈ ਕਰਤ ਸਬਾਰ ਜਮ ਸਾ ਊਸੁ ਤਉ;
ਪਾਵਕ ਪ੍ਰਸੰਗ ਤਪ ਤੇਜ ਉਪਰਾਜ ਹੈ॥

ਜਦ ਕਾਲਰ = ਸ਼ੋਰੇ ਸੈ = ਨਾਲ ਸਬਾਰ = ਪਾਣੀ ਮੇਲਣਾ ਕਰਦੇ ਹਨ ਤਉ = ਤਾਂ ਸੁ = ਉਹ ਊਸੁ = ਭਾਫ਼ ਨੂੰ ਜਮ = ਜਮਾ ਦੇਣਾ ਕਰਤ = ਕਰਦਾ ਹੈ, ਲੇਕਿਨ ਉਹੋ ਸ਼ੋਰਾ ਪਾਵਕ = ਅੱਗ ਦਾ ਪ੍ਰਸੰਗ = ਸਾਥ ਪਾ ਕੇ ਬਹੁਤ ਤੇਜ ਤਪ = ਤਪਾ ਭਾਵ ਅੱਗ ਦਾ ਸਾਥ ਪਾ ਕੇ ਭਾਂਬੜ ਉਪਰਾਜ = ਪੈਦਾ ਕਰਦਾ ਹੈ।

ਜਸਤ ਸੰਯੁਕਤ ਹੁਇ ਮਿਲਤ ਹੈ ਸੀਤ ਜਲ;
ਅਚਵਤ ਸਾਂਤਿ ਸੁਖ ਤ੍ਰਿਖਾ ਭ੍ਰਮ ਭਾਜ ਹੈ॥

ਉਹੋ ਸ਼ੋਰਾ ਜਸਤ = ਜਿਸਤ ਦੀ ਸੁਰਾਹੀ ਸੰਯੁਕਤ = ਨਾਲ ਜਦ ਮਿਲਤ = ਮਿਲਦਾ ਹੈ ਤਾਂ ਸੀਤ = ਠੰਢਾ ਜਲ = ਪਾਣੀ ਪ੍ਰਾਪਤ ਹੁਇ = ਹੁੰਦਾ ਹੈ, ਜਿਸ ਨੂੰ ਅਚਵਤ = ਛਕਦਿਆਂ ਸਾਂਤਿ = ਸ਼ਾਂਤੀ ਤੇ ਸੁਖ = ਆਨੰਦ ਪ੍ਰਾਪਤ ਹੁੰਦਾ ਹੈ ਅਤੇ ਤ੍ਰਿਖਾ = ਤ੍ਰੇਹ ਦਾ ਭ੍ਰਮ = ਭੁਲੇਖਾ ਵੀ ਭਾਜ = ਦੌੜ, ਦੂਰ ਹੋ ਜਾਂਦਾ ਹੈ।

ਤੈਸੇ ਆਤਮਾ ਅਚੇਤ ਸੰਗਤ ਸੁਭਾਵ ਹੇਤ;
ਸਕਤਿ ਸਕਤਿ ਗਤਿ ਸਿਵ ਸਿਵ ਸਾਜ ਹੈ॥੫੯੮॥

ਤੈਸੇ = ਉਸੇ ਪ੍ਰਕਾਰ ਆਤਮਾ ਦਾ ਸੁਭਾਵ = ਸੁਭਾਅ ਸਕਤਿ = ਮਾਇਆ ਦੀ ਸੰਗਤ ਕਰਕੇ ਸਕਤਿ = ਮਾਇਆ ਗਤਿ = ਵਾਂਗ ਅਚੇਤ = ਚੇਤਨਾ ਤੋਂ ਰਹਿਤ ਭਾਵ ਜੜ੍ਹ ਰੂਪ ਹੋ ਜਾਂਦਾ ਹੈ ਅਤੇ ਸਿਵ = ਕਲਿਆਣ ਸਰੂਪ ਦੀ ਲਗਨ ਕਰਨੇ ਕਰਕੇ ਸਿਵ = ਕਲਿਆਣ ਸਰੂਪ ਬਣ ਜਾਂਦਾ ਹੈ॥੫੯੮॥

ਕੇਹਰਿ ਅਹਾਰ ਮਾਸ, ਸੁਰਹੀ ਅਧਾਰ ਘਾਸ;
ਮਧੁਪ ਕਮਲ ਬਾਸ ਲੇਤ ਸੁਖ ਮਾਨਹੀ॥

ਕੇਹਰਿ[1] = ਸ਼ੇਰ ਦਾ ਅਹਾਰ = ਭੋਜਨ ਮਾਸ ਹੈ, ਸੁਰਹੀ = ਗਾਂ ਦਾ ਅਧਾਰ = ਆਸਰਾ (ਖ਼ੁਰਾਕ)

---

੧. ਇਸ ਕੇਹਰਿ ਪਦ ਦੇ ਬਾਰੇ ਪਿੱਛੇ ੩੭੬ਵੇਂ ਕਬਿੱਤ 'ਤੇ ਪੜ੍ਹੋ।

ਘਾਸ = ਘਾਹ ਹੈ ਮਧੁਪ = ਭੌਰਾ ਕਮਲ = ਕੌਲ ਫੁੱਲ ਦੀ ਬਾਸ = ਸੁਗੰਧੀ ਲੇਤ = ਲੈ ਕੇ ਸੁਖ = ਆਨੰਦ ਮਾਨਹੀ = ਮੰਨਦਾ ਹੈ।

ਮੀਨਹਿ ਨਿਵਾਸ ਨੀਰ, ਬਾਲਕ ਅਧਾਰ ਖੀਰ;
ਸਰਪਹ ਸਖਾ ਸਮੀਰ ਜੀਵਨ ਕੈ ਜਾਨਹੀ ॥

ਮੀਨਹਿ = ਮੱਛੀ ਦਾ ਨੀਰ = ਪਾਣੀ ਵਿਚ ਨਿਵਾਸ = ਵਾਸਾ ਹੁੰਦਾ ਹੈ, ਬਾਲਕ = ਛੋਟੇ ਬੱਚੇ ਦਾ ਅਧਾਰ = ਸਹਾਰਾ ਖੀਰ = ਦੁੱਧ ਹੈ, ਸਰਪਹ = ਸੱਪ ਦਾ ਸਖਾ = ਦੋਸਤ ਸਮੀਰ = ਠੰਢੀ ਹਵਾ ਹੈ ਜੋ ਸੱਪ ਦੀ ਜੀਵਨ = ਜ਼ਿੰਦਗੀ ਕੈ = ਕਰਕੇ ਜਾਨਹੀ = ਜਾਨਣਾ ਕਰੀਦੀ ਹੈ।

ਚੰਦਹਿ ਚਾਹੈ ਚਕੋਰ, ਘਨਹਰ ਘਟਾ ਮੋਰ;
ਚਾਤ੍ਰਿਕ ਬੂੰਦਨ ਸ੍ਵਾਂਤਿ ਧਰਤ ਧਿਆਨ ਹੀ ॥

ਚਕੋਰ ਚੰਦਹਿ = ਚੰਦਰਮਾ ਨੂੰ ਚਾਹੈ = ਚਾਹੁੰਦਾ ਹੈ, ਮੋਰ ਘਨਹਰ ਘਟਾ = ਬੱਦਲ ਦੀਆਂ ਕਾਲੀਆਂ ਘਟਾਂ ਵਿਚ ਪ੍ਰਸੰਨ ਹੁੰਦਾ ਹੈ, ਚਾਤ੍ਰਿਕ = ਪਪੀਹਾ ਸ੍ਵਾਂਤਿ = ਸੁਆਂਤੀ ਬੂੰਦਨ = ਬੂੰਦ ਦਾ ਹੀ ਧਿਆਨ = ਖ਼ਿਆਲ ਧਰਤ = ਧਰਦਾ, ਰੱਖਦਾ ਹੈ।

ਪੰਡਿਤ ਬੇਦ ਬੀਚਾਰਿ, ਲੋਕਨ ਮੈ ਲੋਕਾਚਾਰ;
ਮਾਇਆ ਮੋਹ ਮੈ ਸੰਸਾਰ, ਗਿਆਨਿ ਗੁਰ ਗਿਆਨ ਹੀ ॥੫੯੯॥

ਪੰਡਿਤ = ਵਿਦਵਾਨ ਪੁਰਖ ਬੇਦ = ਵੇਦਾਂ ਸ਼ਾਸਤਰਾਂ ਨੂੰ ਬੀਚਾਰਿ = ਵਿਚਾਰਨ ਵਿਚ, ਲੋਕਾਚਾਰ = ਲੋਕਾਂ ਦੇ ਕੰਮ ਕਾਰ ਕਰਨ ਵਾਲਾ ਲੋਕਨ = ਲੋਕਾਂ ਮੈ = ਵਿਚ, ਸਾਰਾ ਸੰਸਾਰ = ਜਗਤ ਮਾਇਆ ਦੇ ਮੋਹ = ਸਨੇਹ ਮੈ = ਵਿਚ ਅਤੇ ਗਿਆਨਿ = ਗਿਆਨਵਾਨ ਪੁਰਖ ਗੁਰ = ਸਤਿਗੁਰਾਂ ਦੇ ਗਿਆਨ ਵਿਚ ਹੀ ਸਮਾਇਆ ਰਹਿੰਦਾ ਹੈ ॥੫੯੯॥

ਜੈਸੇ ਪੀਤ ਸ੍ਵੇਤ ਸਿਆਮ ਅਰੁਨ ਵਰਨ ਰੂਪ;
ਅਗ੍ਰਭਾਗ ਰਾਖੈ ਆਂਧਰੋ ਨ ਕਛੂ ਦੇਖ ਹੈ ॥

ਜੈਸੇ = ਜਿਸ ਪ੍ਰਕਾਰ ਪੀਤ = ਪੀਲਾ, ਸ੍ਵੇਤ = ਚਿੱਟਾ, ਸਿਆਮ = ਕਾਲਾ, ਅਰੁਨ = ਲਾਲ ਵਰਨ = ਰੰਗ ਆਦਿ ਕਈ ਪ੍ਰਕਾਰ ਦਾ ਰੂਪ ਜਾਂ ਰੰਗ ਆਂਧਰੋ = ਅੰਨ੍ਹੇ ਪੁਰਖ ਦੇ ਅਗ੍ਰਭਾਗ = ਅਗਲੇ ਹਿੱਸੇ ਭਾਵ ਸਾਹਮਣੇ ਰਾਖੈ = ਰੱਖਣਾ ਕਰੀਏ ਤਾਂ ਅੰਨ੍ਹਾ ਪੁਰਖ ਕਛੂ = ਕੁਝ ਵੀ ਦੇਖ = ਤੱਕ ਨ = ਨਹੀਂ ਸਕਦਾ ਹੈ।

ਜੈਸੇ ਰਾਗ ਰਾਗਨੀ ਅਉ ਨਾਦ ਬਾਦ ਆਨ ਗੁਨ;
ਗਾਵਤ ਬਜਾਵਤ ਨ ਬਹਰੋ ਪਰੇਖ ਹੈ ॥

ਜੈਸੇ = ਜਿਸ ਪ੍ਰਕਾਰ ਬੋਲ਼ੇ ਪੁਰਖ ਅੱਗੇ ਰਾਗ, ਰਾਗਨੀ ਅਉ = ਅਤੇ ਨਾਦ = ਸੰਗੀਤ ਦੀਆਂ ਧੁਨਾਂ,

ਆਨ = ਹੋਰ ਗੁਨ = ਪ੍ਰਬੀਨ ਬਾਦ = ਵਾਜੇ ਬਜਾਵਤ = ਵਜਾ ਕੇ ਸ਼ਬਦ ਆਦਿ ਗਾਵਤ = ਗਾਏ ਜਾਣ ਤਾਂ ਬਹਰੋ = ਬੋਲ਼ਾ ਪੁਰਖ ਪਰੇਖ = ਪਰਖ ਨਹੀਂ ਸਕਦਾ ਹੈ।

ਜੈਸੇ ਰਸ ਭੋਗ ਬਹੁ ਬਿੰਜਨ ਪਰੋਸੈ ਆਗੈ;
ਬ੍ਰਿਥਾਵੰਤ ਜੰਤੁ ਨਾਹਿ ਰੁਚਿਤ ਬਿਸੇਖ ਹੈ॥

ਜੈਸੇ = ਜਿਸ ਪ੍ਰਕਾਰ ਰੋਗੀ ਪੁਰਖ ਆਗੈ = ਸਾਹਮਣੇ ਰਸ = ਸੁਆਦਿਸ਼ਟ ਭੋਗ ਪਦਾਰਥ ਤੇ ਬਹੁ = ਬਹੁਤ ਤਰ੍ਹਾਂ ਦੇ ਬਿੰਜਨ = ਭੋਜਨ ਪਰੋਸੈ = ਪਰੋਸਣਾ ਕਰੀਏ ਤਾਂ ਉਹ ਬ੍ਰਿਥਾਵੰਤ = ਪੀੜਾ ਵਾਲਾ ਜੰਤੁ = ਪੁਰਖ ਉਨ੍ਹਾਂ ਭੋਜਨਾਂ ਵੱਲ ਬਿਸੇਖ = ਵਿਸ਼ੇਸ਼ ਕਰਕੇ ਰੁਚਿਤ = ਰੁਚੀ ਨਾਹਿ = ਨਹੀਂ ਕਰਦਾ ਹੈ।

ਤੈਸੇ ਗੁਰ ਦਰਸ, ਬਚਨ, ਪ੍ਰੇਮ ਨੇਮ ਨਿਧਿ;
ਮਹਿਮਾ ਨ ਜਾਨੀ ਮੋਹਿ ਅਧਮ ਅਭੇਖ ਹੈ॥੬੦੦॥

ਤੈਸੇ = ਉਸੇ ਤਰ੍ਹਾਂ ਗੁਰ = ਸਤਿਗੁਰਾਂ ਦੇ ਦਰਸ = ਦੀਦਾਰ, ਬਚਨ = ਵਾਕ, ਪ੍ਰੇਮ = ਸਨੇਹ ਤੇ ਨੇਮ = ਨਿਯਮ ਦਾ ਜੋ ਨਿਧਿ = ਖ਼ਜ਼ਾਨਾ ਹੈ ਮੋਹਿ = ਮੈਂ ਅਧਮ = ਨੀਚ ਤੇ ਅਭੇਖ = ਭੈੜੇ ਲਿਬਾਸ ਵਾਲੇ ਭਾਵ ਪਾਖੰਡੀ ਨੇ ਉਸ ਦੀ ਮਹਿਮਾ = ਉਪਮਾ ਨ = ਨਹੀਂ ਜਾਨੀ = ਜਾਨਣਾ ਕੀਤੀ ਹੈ॥੬੦੦॥

ਕਵਨ ਭਕਤਿ ਕਰਿ ਭਕਤਿ-ਵਛਲ ਭਏ;
ਪਤਿਤ ਪਾਵਨ ਭਏ ਕਉਨ ਪਤਿਤਾਈ ਕੈ॥

ਹੇ ਗੁਰੂ **ਵਾ:** ਪ੍ਰਭੂ ਜੀ! ਉਹ ਕਵਨ = ਕਿਹੜੀ ਭਕਤਿ = ਭਗਤੀ ਹੈ ਜਿਸ ਦੇ ਕਰਿ = ਕਰਨੇ ਕਰਕੇ ਤੁਸੀਂ ਭਕਤਿ = ਭਗਤੀ ਕਰਨ ਵਾਲੇ ਭਗਤਾਂ ਦੇ ਵਛਲ = ਪਿਆਰੇ ਭਏ = ਹੋਏ ਹੋ ? ਅਤੇ ਕਉਨ = ਕਿਹੜੀ ਪਤਿਤਾਈ = ਨੀਚਤਾਈ ਹੈ, ਜਿਸ ਕੈ = ਕਰਕੇ ਤੁਸੀਂ ਪਤਿਤ = ਨੀਚ ਪੁਰਖਾਂ ਨੂੰ ਪਾਵਨ = ਪਵਿੱਤਰ ਕਰ ਕੇ ਪਤਿਤ ਪਾਵਨ ਨਾਮ ਵਾਲੇ ਭਏ = ਹੋਏ ਹੋ ?

ਦੀਨ ਦੁਖ ਭੰਜਨ ਭਏ ਸੁ ਕਉਨ ਦੀਨਤਾ ਕੈ;
ਗਰਬ ਪ੍ਰਹਾਰੀ ਭਏ ਕਵਨ ਬਡਾਈ ਕੈ॥

ਸੁ = ਉਹ ਕਉਨ = ਕਿਹੜੀ ਦੀਨਤਾ = ਗ਼ਰੀਬ ਕੈ = ਤਾਈ ਹੈ, ਜਿਸ ਕਰਕੇ ਆਪ ਜੀ ਦੀਨ = ਗ਼ਰੀਬਾਂ ਦੇ ਦੁਖ = ਕਸ਼ਟਾਂ ਨੂੰ ਭੰਜਨ = ਨਾਸ਼ ਕਰਨ ਵਾਲੇ ਭਏ = ਹੋਏ ਹੋ ਤੇ ਉਹ ਕਵਨ = ਕਿਹੜੀ ਬਡਾਈ = ਵਡਿਆਈ ਹੈ, ਜਿਸ ਨੂੰ ਦੂਰ ਕਰਨ ਕਰਕੇ ਆਪ ਜੀ ਗਰਬ = ਹੰਕਾਰ ਨੂੰ ਪ੍ਰਹਾਰੀ = ਨਾਸ਼, ਤੋੜਨ ਵਾਲੇ ਭਏ = ਹੋਏ ਹੋ ?

ਕਵਨ ਸੇਵਾ ਕੈ ਨਾਥ ਸੇਵਕ ਸਹਾਈ ਭਏ;
ਅਸੁਰ ਸੰਘਾਰਣ ਹੈ ਕਉਨ ਅਸੁਰਾਈ ਕੈ॥

ਹੇ ਪ੍ਰਭੂ, ਗੁਰੂ ਜੀ! ਕਵਨ = ਕਿਹੜੀ ਸੇਵਾ = ਟਹਿਲ ਦੇ ਕੈ = ਕਰਨੇ ਕਰਕੇ ਹੇ ਨਾਥ = ਸੁਆਮੀ ਜੀ!

ਆਪ ਜੀ ਸੇਵਕ = ਦਾਸਾਂ ਦੀ ਸਹਾਈ = ਸਹਾਇਤਾ ਕਰਨ ਵਾਲੇ ਭਏ = ਹੋਏ ਹੋ ਅਤੇ ਉਹ ਕਉਨ = ਕਿਹੜਾ ਅਸੁਰਾਈ = ਦੈਂਤਪੁਣਾ ਹੈ, ਜਿਸ ਕੈ = ਕਰਕੇ ਅਸੁਰ = ਦੈਂਤਾਂ ਦਾ ਸੰਘਾਰਣ = ਨਾਸ਼ ਕਰਨ ਵਾਲੇ ਹੋਏ ਹੋ, ਭਾਵ ਦੈਂਤਾਂ ਨੂੰ ਮਾਰਨ ਵਾਲਾ ਬਿਰਦ ਸੰਭਾਲਦੇ ਹੋ।

ਭਗਤਿ ਜੁਗਤਿ ਅਘ ਦੀਨਤਾ ਗਰਬ ਸੇਵਾ;
ਜਾਨਉ ਨ ਬਿਰਦ ਮਿਲਉ ਕਵਨ ਕਮਾਈ ਕੈ ॥੬੦੧॥

ਹੇ ਵਾਹਿਗੁਰੂ ਜੀ ! ਮੈਂ ਆਪ ਜੀ ਦੇ ਇਹ ਬਿਰਦ = ਨਿਯਮ (ਬਿਰਦ) ਨੂੰ ਜਾਨਉ = ਜਾਣਦਾ ਨ = ਨਹੀਂ ਹਾਂ, ਇਸ ਕਰਕੇ ਮਿਹਰ ਕਰ ਕੇ ਦੱਸੋ ਕਿ ਮੈਂ ਭਗਤਿ = ਭਗਤੀ ਦੀ ਜੁਗਤਿ = ਜੁਗਤੀ, ਅਘ = ਪਤਿਤਤਾ, ਦੀਨਤਾ = ਗ਼ਰੀਬਤਾਈ, ਗਰਬ = ਹੰਕਾਰ, ਸੇਵਾ = ਟਹਿਲ ਆਦਿ ਕਵਨ = ਕਿਹੜੀ ਕਮਾਈ ਕੈ = ਕਰਕੇ ਮੈਂ ਆਪ ਜੀ ਨੂੰ ਮਿਲਉ = ਮਿਲ ਸਕਦਾ ਹਾਂ ॥੬੦੧॥

ਕਉਨ ਗੁਨ ਗਾਇ ਕੈ ਰੀਝਾਈਐ ਗੁਨ ਨਿਧਾਨ;
ਕਵਨ ਮੋਹਨ ਜਗ-ਮੋਹਨ ਬਿਮੋਹੀਐ ॥

ਹੇ ਗੁਰੂ ਜੀ ! ਕਉਨ = ਕਿਹੜੇ ਗੁਣ ਗਾਇ = ਗਾ ਕੈ = ਕਰਕੇ ਗੁਨ = ਗੁਣਾਂ ਦੇ ਨਿਧਾਨ = ਖ਼ਜ਼ਾਨੇ ਪਰਮੇਸ਼ਰ ਨੂੰ ਰੀਝਾਈਐ = ਪ੍ਰਸੰਨ ਕਰਨਾ ਕਰੀਏ, ਕਵਨ = ਕਿਹੜੀ ਮੋਹਨ = ਮੋਹਿਤ ਕਰਨ ਵਾਲੀ ਚੀਜ਼ ਨਾਲ ਜਗ-ਮੋਹਨ = ਜਗਤ ਨੂੰ ਮੋਹਿਤ ਕਰਨ ਵਾਲੇ ਪਰਮੇਸ਼ਰ ਨੂੰ (ਬਿ + ਮੋਹੀਐ) ਬਿ = ਵਿਸ਼ੇਸ਼ ਕਰਕੇ ਮੋਹੀਐ = ਮੋਹਿਤ ਕਰੀਏ ?

ਕਉਨ ਸੁਖ ਦੈ ਕੈ ਸੁਖ ਸਾਗਰ ਸਰਣ ਗਹੌਂ;
ਭੂਖਨ ਕਵਨ ਚਿੰਤਾਮਣਿ ਮਨ ਮੋਹੀਐ ॥

ਕਉਨ = ਕਿਹੜਾ ਸੁਖ = ਆਨੰਦ ਦੈ = ਦੇ ਕੈ = ਕਰਕੇ ਸੁਖ = ਆਨੰਦ ਦੇ ਸਾਗਰ = ਸਮੁੰਦਰ ਪਰਮੇਸ਼ਰ ਦੀ ਸਰਣ = ਓਟ ਗਹੌਂ = ਪਕੜਨਾ ਕਰੀਏ, ਕਵਨ = ਕਿਹੜੇ ਭੂਖਨ = ਗਹਿਣਿਆਂ ਤੇ ਚਿੰਤਾਮਣਿ = ਚਿੱਤ ਨੂੰ ਬਾਂਛਤ ਫਲ ਦੇਣ ਵਾਲੀ ਮਣੀ ਦੁਆਰਾ ਉਸ ਦੇ ਮਨ ਨੂੰ ਮੋਹੀਐ = ਮੋਹਨਾ ਕਰੀਏ ?

ਕੋਟਿ ਬ੍ਰਹਮਾਂਡ ਕੇ ਨਾਯਕ ਕੀ ਨਾਯਕਾ ਹੁਇ;
ਕੈਸੇ ਅੰਤਰਜਾਮੀ ਕਉਨ ਉਕਤਿ ਕੈ ਬੋਹੀਐ ॥

ਕੋਟਿ = ਕਰੋੜਾਂ ਬ੍ਰਹਮਾਂਡ = ਬ੍ਰਹਿਮੰਡਾਂ ਕੇ = ਦੇ ਨਾਯਕ = ਮਾਲਕ ਪਰਮੇਸ਼ਰ ਕੀ = ਦੀ ਨਾਇਕਾ (ਜਗਿਆਸੂ ਰੂਪ ਇਸਤਰੀ) ਕੈਸੇ = ਕਿਸ ਤਰ੍ਹਾਂ ਹੁਇ = ਹੋਣਾ ਕਰੀਏ ਅਤੇ ਉਸ ਅੰਤਰਜਾਮੀ = ਅੰਦਰ ਦੀ ਜਾਨਣ ਵਾਲੇ ਮਾਲਕ ਨੂੰ ਕਉਨ = ਕਿਹੜੀ ਉਕਤਿ = ਜੁਗਤੀ ਕੈ = ਕਰਕੇ ਬੋਹੀਐ = ਜਾਨਣਾ, ਸਮਝਣਾ ਕਰੀਏ ?

ਤਨੁ ਮਨੁ ਧਨੁ ਹੈ ਸਰਬਸੁ ਬਿਸ੍ਵ ਜਾਂ ਕੈ ਬਸਿ;
ਕੈਸੇ ਬਸਿ ਆਵੈ ਜਾਂ ਕੀ ਸੋਭਾ ਲਗਿ ਸੋਹੀਐ ॥੬੦੨॥

ਤਨੁ = ਸਰੀਰ, ਮਨ, ਧਨੁ = ਦੌਲਤ ਤੇ ਸਰਬਸੁ = ਸਾਰਾ ਬਿਸ੍ਵ = ਸੰਸਾਰ ਜਾਂ = ਜਿਸ ਕੇ = ਦੇ

ਬਸਿ = ਅਧੀਨ ਹੈ, ਉਹ ਕੈਸੇ = ਕਿਸ ਤਰ੍ਹਾਂ ਬਸਿ = ਅਧੀਨਗੀ ਵਿਚ ਆਵੈ = ਆ ਸਕਦਾ ਹੈ ਜਾਂ = ਜਿਸ ਕੀ = ਦੀ ਸੋਭਾ = ਮਹਿਮਾ ਨੂੰ ਲੱਗ ਕੇ, ਕਹਿਣੇ ਕਰਕੇ ਆਪ ਸੋਹੀਐ = ਸ਼ੋਭਨੀਕ ਹੋ ਜਾਈਦਾ ਹੈ॥੬੦੨॥

ਜੈਸੇ ਜਲ ਮਿਲਿ ਦ੍ਰੁਮ ਸਫਲ ਨਾਨਾ ਪ੍ਰਕਾਰ;
ਚੰਦਨ ਮਿਲਤ ਸਭ ਚੰਦਨ ਸੁਬਾਸ ਹੈ॥

ਜੈਸੇ = ਜਿਸ ਪ੍ਰਕਾਰ ਜਲ = ਪਾਣੀ ਨਾਲ ਮਿਲਿ = ਮਿਲਾਪ ਕਰ ਕੇ ਦ੍ਰੁਮ = ਬ੍ਰਿਛ ਨਾਨਾ = ਬਹੁਤ ਪ੍ਰਕਾਰ = ਤਰ੍ਹਾਂ ਦੇ ਫਲਾਂ ਨਾਲ ਸਫਲ = ਸਹਿਤ ਫਲਾਂ ਦੇ ਹੁੰਦਾ ਹੈ, ਚੰਦਨ ਦੀ ਸੁਗੰਧੀ ਨਾਲ ਮਿਲਤ = ਮਿਲਣੇ ਕਰਕੇ ਉਹ ਸਭ = ਸਾਰਾ ਚੰਦਨ ਦੀ ਸੁਬਾਸ = ਸ੍ਰੇਸ਼ਟ ਵਾਸ਼ਨਾ ਵਾਲਾ ਹੋ ਜਾਂਦਾ ਹੈ।

ਜੈਸੇ ਮਿਲਿ ਪਾਵਕ ਢਰਤ ਪੁਨਿ ਸੋਈ ਧਾਤ;
ਪਾਰਸ ਪਰਸਿ ਰੂਪ ਕੰਚਨ ਪ੍ਰਕਾਸ ਹੈ॥

ਜੈਸੇ = ਜਿਸ ਪ੍ਰਕਾਰ ਪਾਵਕ = ਅੱਗ ਨਾਲ ਮਿਲਿ = ਮਿਲਣੇ ਕਰਕੇ ਧਾਤ ਢਰਤ = ਢਲ ਜਾਂਦੀ ਹੈ, ਪੁਨਿ = ਫੇਰ ਵੀ ਸੋਈ = ਉਹੋ ਧਾਤ ਹੀ ਰਹਿੰਦੀ ਹੈ, ਲੇਕਿਨ ਪਾਰਸ ਨੂੰ ਪਰਸਿ = ਛੂਹਣੇ ਕਰਕੇ ਕੰਚਨ = ਸੋਨਾ ਰੂਪ ਹੋ ਕੇ ਪ੍ਰਕਾਸ = ਪ੍ਰਕਾਸ਼ਣਾ ਕਰਦੀ ਹੈ।

ਅਵਰ ਨਖਤ੍ਰ ਬਰਖਤ ਜਲ ਜਲ ਮਈ;
ਸ੍ਵਾਂਤਿ ਬੂੰਦ ਸਿੰਧ ਮਿਲਿ ਮੁਕਤਾ ਬਿਗਾਸ ਹੈ॥

ਅਵਰ = ਹੋਰਨਾਂ ਨਖਤ੍ਰ = ਨਛੱਤਰਾਂ ਵਿਚ ਬਰਖਤ = ਵਰਸਦਾ ਬਰਸਾਤ ਦਾ ਜਲ = ਪਾਣੀ ਤਾਂ ਜਲ = ਪਾਣੀ ਮਈ = ਰੂਪ ਹੀ ਰਹਿੰਦਾ ਹੈ ਲੇਕਿਨ ਸ੍ਵਾਂਤਿ = ਸੁਆਂਤੀ ਨਛੱਤਰ ਵਿਚ ਵਰਸੀ ਬੂੰਦ ਸਿੰਧ = ਸਮੁੰਦਰ ਵਿਚ ਰਹਿ ਰਹੀ ਸਿੱਪ ਨਾਲ ਮਿਲਿ = ਮਿਲਣੇ ਕਰਕੇ ਮੁਕਤਾ = ਮੋਤੀ ਹੋ ਕੇ ਬਿਗਾਸ = ਪ੍ਰਕਾਸ਼ਦੀ ਹੈ।

ਤੈਸੇ ਪਰਵਿਰਤਿ ਅਉ ਨਿਵਿਰਤ ਜੋ ਸ੍ਵਭਾਵ ਦੋਊ;
ਗੁਰ ਮਿਲਿ ਸੰਸਾਰੀ ਨਿਰੰਕਾਰੀ ਅਭਿਆਸੁ ਹੈ॥੬੦੩॥

ਤੈਸੇ = ਉਸੇ ਪ੍ਰਕਾਰ ਜਗਿਆਸੂ ਦੇ ਜੋ ਪਰਵਿਰਤਿ = ਮਾਇਆ, ਧੰਦਿਆਂ ਵਿਚ ਖਚਤ ਅਉ = ਅਤੇ ਮਾਇਆ, ਧੰਦਿਆਂ ਤੋਂ ਦੂਰ ਇਹ ਦੋਊ = ਦੋ ਸ੍ਵਭਾਵ = ਸੁਭਾਅ ਹਨ। ਜਿਸ ਵੀ ਸੁਭਾਵ ਭਾਵ ਸੰਸਾਰੀ = ਸੰਸਾਰਕ ਧੰਦਿਆਂ ਵਾਲਾ ਜਾਂ ਨਿਰੰਕਾਰੀ = ਪਰਮੇਸ਼ਰ ਦੀ ਪ੍ਰਾਪਤੀ ਵਾਲੇ ਅਭਿਆਸੁ = ਸਾਧਨ ਦੀ ਬਾਬਤ ਜਾਣਨ ਵਾਲਾ ਜਗਿਆਸੂ ਗੁਰ = ਸਤਿਗੁਰਾਂ ਨਾਲ ਮਿਲਿ = ਮਿਲਣਾ ਕਰਦਾ ਹੈ, ਉਹ ਆਪਣੇ ਆਪਣੇ ਅਨੁਸਾਰ ਗੁਰਾਂ ਕੋਲੋਂ ਦਾਤਾਂ ਪਾਉਣਾ ਕਰਦਾ ਹੈ॥੬੦੩॥

ਜੈਸੇ ਬਿਬਿਧਿ ਪ੍ਰਕਾਰ ਕਰਤ ਸਿੰਗਾਰ ਨਾਰਿ;
ਭੇਟਤ ਭਤਾਰ ਉਰ ਹਾਰ ਨ ਸੁਹਾਤ ਹੈ॥

ਜੈਸੇ = ਜਿਸ ਪ੍ਰਕਾਰ ਨਾਰਿ = ਇਸਤਰੀ ਪਤੀ ਦੇ ਨਾਲ ਮਿਲਣ ਤੋਂ ਪਹਿਲਾਂ ਬਿਬਿਧਿ = ਬਹੁਤ

ਪ੍ਰਕਾਰ = ਤਰ੍ਹਾਂ ਦੇ ਸਰੀਰ ਉੱਪਰ ਸਿੰਗਾਰ = ਸੁਹੱਪਣਤਾ ਵਾਲੇ ਪਦਾਰਥ ਲਾਉਣਾ ਕਰਤ = ਕਰਦੀ ਹੈ, ਲੇਕਿਨ ਜਦ ਭਤਾਰ = ਪਤੀ ਦਾ ਭੇਟਤ = ਮਿਲਾਪ ਹੋ ਜਾਂਦਾ ਹੈ ਤਾਂ ਫੇਰ ਉਸ ਦੇ ਉਰ = ਰਿਦੇ, ਗਲੇ ਦਾ ਹਾਰ ਵੀ ਉਸ ਨੂੰ ਸੁਹਾਤ = ਸੁਹਾਉਂਦਾ, ਚੰਗਾ ਨ = ਨਹੀਂ ਲੱਗਦਾ ਹੈ।

ਬਾਲਕ ਅਚੇਤ ਜੈਸੇ ਕਰਤ ਅਨੇਕ ਲੀਲਾ;
ਸੁਰਤ ਸਮਾਰ ਬਾਲ ਬੁਧਿ ਬਿਸਰਾਤ ਹੈ॥

ਜੈਸੇ = ਜਿਸ ਪ੍ਰਕਾਰ ਅਚੇਤ = ਅਨਜਾਣ ਬਾਲਕ = ਬੱਚਾ ਅਨੇਕ = ਬਹੁਤ ਸਾਰੀਆਂ ਲੀਲਾ = ਖੇਡਾਂ ਨੂੰ ਖੇਡਣਾ ਕਰਤ = ਕਰਦਾ ਹੈ, ਲੇਕਿਨ ਜਦ ਸੁਰਤ ਸਮਾਰ = ਸੰਭਾਲ ਲੈਣਾ ਕਰਦਾ ਹੈ ਤਦ ਬਾਲ ਬੁਧਿ = ਬਾਲਕਪੁਣੇ ਦੀਆਂ ਖੇਡਾਂ ਬਿਸਰਾਤ = ਵਿਸਾਰ ਦਿੰਦਾ ਹੈ।

ਜੈਸੇ ਪ੍ਰਿਯਾ ਸੰਗਮ ਸੁਜਸ ਨਾਇਕਾ ਬਖਾਨੈ;
ਸੁਨਿ ਸੁਨਿ ਸਜਨੀ ਸਕਲ ਬਿਗਸਾਤ ਹੈ॥

ਜੈਸੇ = ਜਿਸ ਪ੍ਰਕਾਰ ਪ੍ਰਿਯਾ = ਪਿਆਰੇ ਪਤੀ ਦੇ ਸੰਗਮ = ਮਿਲਾਪ ਦਾ ਸੁਜਸ = ਸ੍ਰੇਸ਼ਟ ਜੱਸ ਨਾਇਕਾ = ਇਸਤਰੀ (ਪਤਨੀ) ਬਖਾਨੈ = ਕਥਨ ਕਰਦੀ ਹੈ ਤਾਂ ਉਸ ਦੀਆਂ ਸਕਲ = ਸਾਰੀਆਂ ਸਜਨੀ = ਸਹੇਲੀਆਂ ਸੁਣ ਸੁਣ ਕੇ ਬਿਗਸਾਤ = ਖਿੜਦੀਆਂ, ਪ੍ਰਸੰਨ ਹੁੰਦੀਆਂ ਹਨ।

ਤੈਸੇ ਖਟ ਕਰਮ ਧਰਮ ਸ੍ਰਮ ਗਿਆਨ ਕਾਜ;
ਗਿਆਨ ਭਾਨ ਉਦੈ ਉਡ ਕਰਮ ਉਡਾਤ ਹੈ॥੬੦੪॥

ਤੈਸੇ = ਉਸੇ ਤਰ੍ਹਾਂ ਗਿਆਨ ਕਾਜ = ਕਾਰਜ ਲਈ ਕੀਤੇ ਖਟ = ਛੇ (ਪੜ੍ਹਨਾ-ਪੜ੍ਹਾਉਣਾ, ਯੱਗ ਕਰਨਾ-ਕਰਾਉਣਾ, ਦਾਨ ਦੇਣਾ ਤੇ ਲੈਣਾ) ਕਰਮ ਤੇ ਧਰਮ ਤੇ ਸ੍ਰਮ = ਮੁਸ਼ੱਕਤ, ਗਿਆਨ ਰੂਪ ਭਾਨ = ਸੂਰਜ ਦੇ ਉਦੈ = ਪ੍ਰਕਾਸ਼ਦਿਆਂ ਉਡ = ਤਾਰਿਆਂ ਵਾਂਗ ਇਹ ਕਰਮ ਉਡਾਤ = ਉੱਡ ਜਾਂਦੇ ਹਨ॥੬੦੪॥

ਜੈਸੇ ਸਿਮਰ ਸਿਮਰ ਪ੍ਰਿਆ ਪ੍ਰੇਮ ਰਸ ਬਿਸਮ ਹੋਇ;
ਸੋਭਾ ਦੇਤ ਮੋਨ ਗਹੇ, ਮਨ ਮੁਸਕਾਤ ਹੈ॥

ਜੈਸੇ = ਜਿਸ ਪ੍ਰਕਾਰ ਨਾਇਕਾ ਆਪਣੇ ਪ੍ਰਿਆ = ਪਿਆਰੇ ਦੇ ਪ੍ਰੇਮ = ਸਨੇਹ ਰਸ ਨੂੰ ਸਿਮਰ ਸਿਮਰ = ਯਾਦ ਕਰ ਕਰ ਕੇ ਬਿਸਮ = ਹੈਰਾਨ (ਵਿਸਮਾਦ) ਹੋਇ = ਹੁੰਦੀ ਰਹਿੰਦੀ ਹੈ ਤੇ ਮੋਨ = ਚੁੱਪ ਗਹੇ = ਗ੍ਰਹਿਣ ਕੀਤਿਆਂ ਵੀ ਸੋਭਾ ਦੇਤ = ਦਿੰਦੀ ਹੈ ਕਿਉਂਕਿ ਉਸ ਦਾ ਮਨ ਅੰਦਰੋਂ ਮੁਸਕਾਤ = ਮੁਸਕਰਾਉਂਦਾ ਹੈ।

ਪੂਰਨ ਅਧਾਨ ਪਰਸੂਤ ਸਮੈ ਰੋਦਤ ਹੈ;
ਗੁਰ ਜਨ ਮੁਦਤ ਹੁਇ ਤਾਹੀ ਲਪਟਾਤ ਹੈ॥

ਜਿਸ ਪ੍ਰਕਾਰ ਉਹ ਇਸਤਰੀ ਅਧਾਨ = ਗਰਭ ਦੇ ਦਿਨ ਪੂਰਨ = ਪੂਰੇ ਹੋਇਆਂ ਪਰਸੂਤ = ਬੱਚੇ ਨੂੰ ਜਨਮ

ਦੇਣ ਸਮੈ = ਵੇਲੇ ਆਪ ਤਾਂ ਰੋਦਤ = ਰੋਂਦੀ ਹੈ, ਲੇਕਿਨ ਘਰ ਦੇ ਗੁਰ = ਵੱਡੇ ਜਨ = ਪੁਰਖਾਂ ਭਾਵ ਵੱਡੇ ਵਡੇਰਿਆਂ ਨੂੰ ਮੁਦਤ = ਪ੍ਰਸੰਨਤਾ ਹੁਇ = ਹੁੰਦੀ ਹੈ ਤੇ ਤਾਹਿ = ਉਸ ਨਾਲ ਸਾਰੀਆਂ ਘਰ ਦੀਆਂ ਸਿਆਣੀਆਂ ਔਰਤਾਂ ਲਪਟਾਤ = ਲਿਪਟਣਾ ਕਰਦੀਆਂ ਹਨ ਭਾਵ ਸਾਰੀਆਂ ਉਸ ਨੂੰ ਪਿਆਰ ਕਰਦੀਆਂ ਹਨ।

ਜੈਸੇ ਮਾਨਵਤੀ ਮਾਨ ਤਿਆਗ ਕੈ ਅਮਾਨ ਹੋਇ;
ਪ੍ਰੇਮ ਰਸ ਪਾਇ ਚੁਪ ਹੁਲਸਤ ਗਾਤ ਹੈ॥

ਜੈਸੇ = ਜਿਸ ਪ੍ਰਕਾਰ ਮਾਨਵਤੀ = ਮਾਣਮੱਤੀ, ਸੁੰਦਰ ਔਰਤ ਆਪਣਾ ਮਾਨ = ਹੰਕਾਰ ਤਿਆਗ = ਛੱਡ ਕੈ = ਕਰਕੇ ਅਮਾਨ = ਮਾਣ ਤੋਂ ਰਹਿਤ ਹੋਇ = ਹੁੰਦੀ ਹੈ ਤਾਂ ਪਤੀ ਦਾ ਪ੍ਰੇਮ = ਸਨੇਹ ਰਸ ਪਾਇ = ਪਾ ਕੇ ਉੱਪਰੋਂ ਤਾਂ ਚੁੱਪ ਕਰ ਜਾਂਦੀ ਹੈ ਪਰ ਗਾਤ = ਸਰੀਰ ਦੇ ਅੰਗਾਂ ਵਿਚ ਖ਼ੁਸ਼ੀ ਤੇ ਮਨੋਂ ਹੁਲਸਤ = ਆਨੰਦ ਵਿਚ ਹੁੰਦੀ ਹੈ **ਵਾ:** ਚਿਹਰੇ ਉੱਪਰ ਹੁਲਸਤ = ਮੁਸਕਰਾਹਟ ਹੁੰਦੀ ਹੈ।

ਤੈਸੇ ਗੁਰਮੁਖ ਪ੍ਰੇਮ ਭਗਤਿ ਪ੍ਰਕਾਸ ਜਾਸ;
ਬੋਲਤ ਬੈਰਾਗ, ਮੋਨ ਗਹੈ ਬਹੁ ਸੁਹਾਤ ਹੈ॥੬੦੫॥

ਤੈਸੇ = ਉਸ ਪ੍ਰਕਾਰ ਜਾਸ = ਜਿਸ ਗੁਰਮੁਖ ਜਨ ਦੇ ਹਿਰਦੇ ਵਿਚ ਪ੍ਰੇਮਾ ਭਗਤਿ = ਭਗਤੀ ਕਰਕੇ ਗਿਆਨ ਰੂਪ ਪ੍ਰਕਾਸ = ਚਾਨਣਾ ਹੋ ਗਿਆ ਹੈ, ਉਹ ਭਾਵੇਂ ਬੈਰਾਗ = ਉਪਰਾਮਤਾ ਵਾਲੇ ਬਚਨ ਬੋਲਤ = ਬੋਲਦਾ ਹੈ ਭਾਵੇਂ ਮੋਨ = ਚੁੱਪ ਨੂੰ ਗਹੈ = ਗ੍ਰਹਿਣ ਕਰ ਕੇ ਰੱਖਦਾ ਹੈ, ਉਹ ਤਾਂ ਹਰੇਕ ਅਵਸਥਾ ਵਿਚ ਹੀ ਬਹੁ = ਬਹੁਤ ਸੁਹਾਗ = ਸ਼ੋਭਨੀਕ ਹੁੰਦਾ ਹੈ॥੬੦੫॥

ਜੈਸੇ ਅੰਧਕਾਰ ਬਿਖੈ ਦਿਪਤ ਦੀਪਕ ਦੇਖਿ;
ਅਨਿਕ ਪਤੰਗ ਓਤਿ ਪੋਤਿ ਹੁਇ ਗੁੰਜਾਰ ਹੀ॥

ਜੈਸੇ = ਜਿਸ ਪ੍ਰਕਾਰ ਅੰਧਕਾਰ = ਹਨੇਰੇ ਬਿਖੈ = ਵਿਚ ਦਿਪਤ = ਜਗਦੇ ਦੀਪਕ = ਦੀਵੇ ਨੂੰ ਦੇਖਿ = ਤੱਕ ਕੇ ਅਨਿਕ = ਅਨੰਤ ਪਤੰਗ = ਪਰਵਾਨੇ ਉਸ ਦੇ ਆਲੇ-ਦੁਆਲੇ ਓਤਿ ਪੋਤਿ = ਤਾਣੇ ਪੇਟੇ ਵਤ ਮਿਲੇ ਹੋਏ ਗੁੰਜਾਰ = ਗੂੰਜਦੇ ਹੀ ਰਹਿੰਦੇ ਹਨ।

ਜੈਸੇ ਮਿਸਟਾਨ ਪਾਨ ਜਾਨ-ਕਾਨ ਭਾਂਜਨ ਮੈਂ;
ਰਾਖਤ ਹੀ ਚੀਟੀ ਲੋਭ ਲੁਭਤ ਅਪਾਰ ਹੀ॥

ਜੈਸੇ = ਜਿਸ ਪ੍ਰਕਾਰ ਮਿਸਟਾਨ = ਮਿੱਠੇ ਪਾਨ = ਪੀਣ ਵਾਲੇ ਪਦਾਰਥ ਨੂੰ ਜਾਨ = ਜਿਸ ਕਾਨ = ਕਿਸੇ ਭਾਂਜਨ = ਭਾਂਡੇ ਮੈ = ਵਿਚ ਵੀ ਰੱਖਣਾ ਕਰੀਏ ਤਾਂ ਵੀ ਰਾਖਤ = ਰੱਖਦਿਆਂ ਹੀ ਅਪਾਰ = ਬਹੁਤ ਸਾਰੀਆਂ ਚੀਟੀ = ਕੀੜੀਆਂ ਮਿੱਠੇ ਦੇ ਲੋਭ = ਲਾਲਚ ਵਿਚ ਲੁਭਤ = ਲੁਭਾਇਮਾਨ ਹੋ ਕੇ ਉਥੇ ਪਹੁੰਚ ਜਾਂਦੀਆਂ ਹਨ।

ਜੈਸੇ ਮ੍ਰਿਦੁ ਸੌਰਭ ਕਮਲ ਓਰ ਧਾਇ ਜਾਇ;
ਮਧੁਪ ਸਮੂਹ ਸੁਭ ਸਬਦ ਉਚਾਰਹੀ॥

ਜੈਸੇ = ਜਿਸ ਪ੍ਰਕਾਰ ਮ੍ਰਿਦੁ = ਨਰਮ ਕਮਲ = ਕੌਲ ਫੁੱਲ ਦੀ ਸੌਰਭ = ਸੁਗੰਧੀ ਵਾਲੀ ਓਰ = ਤਰਫ਼

ਧਾਇ = ਦੌੜ ਕੇ ਸਮੂਹ = ਬਹੁਤ ਸਾਰੇ ਮਧੁਪ = ਭੌਰੇ ਸੁਭ = ਸ੍ਰੇਸ਼ਟ, ਸੁੰਦਰ ਸ਼ਬਦ ਉਚਾਰਹੀ = ਉਚਾਰਦੇ ਭਾਵ ਗੁੰਜਾਰ ਪਾਉਂਦੇ ਹੋਏ ਜਾਇ = ਜਾਂਦੇ ਹਨ।

ਤੈਸੇ ਹੀ ਨਿਧਾਨ ਗੁਰ ਗਿਆਨ ਪਰਵਾਨ ਜਾ ਮੈ;
ਸਗਲ ਸੰਸਾਰ ਤਾ ਚਰਨ ਨਮਸਕਾਰ ਹੀ ॥੬੦੬॥

ਤੈਸੇ = ਉਸੇ ਤਰ੍ਹਾਂ ਹੀ ਜਾ = ਜਿਸ ਗੁਰਮੁਖ ਜਨ ਦੇ ਹਿਰਦੇ ਮੈ = ਵਿਚ ਗੁਰ = ਸਤਿਗੁਰਾਂ ਦਾ ਪਰਵਾਨ = ਪ੍ਰਮਾਣਿਤ, ਸੱਚਾ ਗਿਆਨ ਰੂਪ ਨਿਧਾਨ = ਖ਼ਜ਼ਾਨਾ ਹੈ, ਸਗਲ = ਸਾਰਾ ਸੰਸਾਰ = ਜਗਤ ਤਾ = ਉਸ ਦੇ ਚਰਨਾਂ ਉੱਤੇ ਨਮਸਕਾਰ = ਬੰਦਨਾ ਹੀ ਕਰਦਾ ਹੈ॥੬੦੬॥

ਰੂਪ ਕੈ ਜੋ ਰੀਝੈ ਰੂਪਵੰਤ ਹੀ ਰਿਝਾਇ ਲੇਹਿ;
ਬਲ ਕੈ ਜੁ ਮਿਲੈ ਬਲਵੰਤ ਗਹਿ ਰਾਖਹੀ ॥

ਜੋ = ਜੇ ਉਹ ਪਰਮੇਸ਼ਰ ਸੋਹਣੇ ਰੂਪ = ਸਰੂਪ ਕੈ = ਕਰਕੇ ਰੀਝੈ = ਪ੍ਰਸੰਨ ਹੁੰਦਾ ਹੋਵੇ ਤਾਂ ਉਸ ਨੂੰ ਰੂਪਵੰਤ = ਸੋਹਣੇ ਸਰੂਪ ਵਾਲੇ ਰਿਝਾਇ = ਪ੍ਰਸੰਨ ਕਰ ਲੇਹਿ = ਲੈਂਦੇ, ਜੁ = ਜੇ ਬਹੁਤੇ ਬਲ = ਜ਼ੋਰ ਕੈ = ਕਰਕੇ ਮਿਲੈ = ਪ੍ਰਾਪਤ ਹੁੰਦਾ ਹੋਵੇ ਤਾਂ ਉਸ ਨੂੰ ਬਲਵੰਤ = ਅਨੰਤ ਬਲ ਵਾਲੇ ਸੂਰਮੇ ਪੁਰਖ ਹੀ ਗਹਿ = ਪਕੜ ਰਾਖਹੀ = ਰੱਖ ਲੈਣ।

ਦਰਬ ਕੈ ਜੋ ਪਾਈਐ ਦਰਬੇਸ੍ਵਰ ਲੇ ਜਾਹਿ ਤਾਹਿ;
ਕਬਿਤਾ ਕੈ ਪਾਈਐ ਕਬੀਸ੍ਵਰ ਅਭਿਲਾਖਹੀ ॥

ਜੋ = ਜੇ ਉਹ ਪਰਮੇਸ਼ਰ ਦਰਬ = ਦੌਲਤ ਕੈ = ਕਰਕੇ ਪਾਈਐ = ਪਾਇਆ ਜਾਂਦਾ ਤਾਂ ਉਸ ਨੂੰ ਦਰਬੇਸ੍ਵਰ = ਧਨ ਦੇ ਈਸ਼ਰ ਭਾਵ ਵੱਡੇ ਵੱਡੇ ਧਨਵਾਨ ਲੋਕ ਹੀ ਲੈ ਜਾਹਿ = ਜਾਂਦੇ, ਜੇ ਕਬਿਤਾ ਕੈ = ਕਰਕੇ ਪਾਈਐ = ਪਾਇਆ ਜਾਂਦਾ ਤਾਂ ਉਸ ਨੂੰ ਉਹ ਕਬੀਸ੍ਵਰ = ਕਵੀਜਨ ਪਾ ਲੈਂਦੇ, ਜੋ ਉਸ ਦੀ ਪ੍ਰਾਪਤੀ ਦੀ ਅਭਿਲਾਖਹੀ = ਇੱਛਾ ਰੱਖਦੇ ਹਨ।

ਜੋਗ ਕੈ ਜੋ ਪਾਈਐ ਜੋਗੀ ਜਟਾ ਮੈ ਦੁਰਾਇ ਰਾਖੈ;
ਭੋਗ ਕੈ ਜੋ ਪਾਈਐ ਭੋਗੀ ਭੋਖ ਰਸ ਚਾਖਹੀ ॥

ਜੋ = ਜੇਕਰ ਉਹ ਪਰਮੇਸ਼ਰ ਜੋਗ ਦੇ ਸਾਧਨੇ ਕੈ = ਕਰਕੇ ਪਾਈਐ = ਪਾਇਆ ਜਾਂਦਾ ਤਾਂ ਜੋਗੀ ਜਨ ਉਸ ਪਰਮੇਸ਼ਰ ਨੂੰ ਆਪਣੀਆਂ ਜਟਾ = ਜਟਾਵਾਂ ਮੈ = ਵਿਚ ਦੁਰਾਇ = ਛੁਪਾਈ ਰਾਖੈ = ਰੱਖਦੇ, ਭਾਵ ਉਸ ਨੂੰ ਪਾ ਲੈਣਾ ਕਰਦੇ, ਜੋ = ਜੇ ਭੋਗਾਂ ਦੇ ਰਸ ਮਾਨਣੇ ਕੈ = ਕਰਕੇ ਪਾਈਐ = ਪਾਇਆ ਜਾਂਦਾ ਤਾਂ ਉਸ ਨੂੰ ਭੋਗੀ ਜਨ ਭੋਗਾਂ ਦੇ ਰਸ ਚਾਖਹੀ = ਚੱਖਣ ਵਿਚ ਹੀ ਪਾ ਲੈਂਦੇ।

ਨਿਗ੍ਰਹ ਜਤਨ ਪਾਨ ਪਰਤ ਨ ਪ੍ਰਾਨ ਮਾਨ;
ਪ੍ਰਾਨ-ਪਤਿ ਏਕ ਗੁਰ ਸਬਦਿ ਸੁ ਭਾਖਹੀ ॥੬੦੭॥

ਮਾਨ = ਸਤਿਕਾਰਯੋਗ ਤੇ ਪ੍ਰਾਣਾਂ ਦਾ ਪਤੀ ਪਰਮੇਸ਼ਰ ਨਿਗ੍ਰਹ = ਇੰਦਰੀਆਂ ਨੂੰ ਵੱਸ ਕਰਨ ਵਾਲੇ

ਜਤਨ = ਉਪਰਾਲਿਆਂ ਨਾਲ ਵੀ ਆਪਣੇ ਆਪ ਨੂੰ ਪਾਨ = ਹੱਥ ਨ = ਨਹੀਂ ਪਰਤ = ਪਾਉਣ ਦਿੰਦਾ, ਭਾਵ ਹੱਥ ਨਹੀਂ ਆਉਂਦਾ, ਉਹ ਪ੍ਰਾਨਪਤਿ = ਪ੍ਰਾਣਾਂ ਦਾ ਪਤੀ ਪਰਮੇਸ਼ਰ ਤਾਂ ਏਕ = ਇਕ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਦੁਆਰਾ ਸੁ = ਉਸ ਦਾ ਨਾਮ ਭਾਖਹੀ = ਉਚਾਰਨ ਕਰਨ ਨਾਲ ਹੀ ਵੱਸ ਆਉਂਦਾ ਹੈ, ਭਾਵ ਉਸ ਦੀ ਪ੍ਰਾਪਤੀ ਹੁੰਦੀ ਹੈ॥੬੦੭॥

ਜੈਸੇ ਫਲ ਤੇ ਬਿਰਖ, ਬਿਰਖ ਤੇ ਹੋਤ ਫਲ;
ਅਦਭੁਤ ਗਤਿ ਕਛੁ ਕਹਤ ਨ ਆਵੈ ਜੀ॥

ਜੈਸੇ = ਜਿਸ ਪ੍ਰਕਾਰ ਪੱਕੇ ਫਲ ਵਿੱਚੋਂ ਨਿਕਲੇ ਬੀਜ ਤੇ = ਤੋਂ ਬਿਰਖ = ਬ੍ਰਿਛ ਅਤੇ ਬਿਰਖ = ਬ੍ਰਿਛ ਤੇ = ਤੋਂ ਫਲ ਹੋਤ = ਹੁੰਦਾ ਹੈ, ਇਹ ਅਦਭੁਤ = ਅਸਚਰਜ ਗਤਿ = ਖੇਡ ਕਛੁ = ਕੁਝ ਕਹਤ = ਕਥਨ ਵਿਚ ਨ = ਨਹੀਂ ਆਵੈ = ਆਉਂਦੀ ਹੈ ਜੀ।

ਜੈਸੇ ਬਾਸ ਬਾਵਨ ਮੈ, ਬਾਵਨ ਹੈ ਬਾਸ ਬਿਖੈ;
ਬਿਸਮ ਚਰਿਤ੍ਰ ਕੋਊ ਮਰਮ ਨ ਪਾਵੈ ਜੀ॥

ਜੈਸੇ = ਜਿਸ ਪ੍ਰਕਾਰ ਬਾਵਨ ਚੰਨਣ ਮੈ = ਵਿਚ ਬਾਸ = ਵਾਸ਼ਨਾ ਹੈ ਬਾਸ = ਵਾਸ਼ਨਾ ਬਿਖੈ = ਵਿਚ ਬਾਵਨ ਚੰਨਣ ਹੈ, ਇਹ ਬਿਸਮ = ਹੈਰਾਨਗੀ ਵਾਲਾ ਚਰਿਤ੍ਰ = ਕੌਤਕ ਹੈ, ਇਸ ਦਾ ਕੋਊ = ਕੋਈ ਮਰਮ = ਭੇਦ ਨ = ਨਹੀਂ ਪਾਵੈ = ਪਾ ਸਕਦਾ ਜੀ।

ਕਾਸਟ ਮੈ ਅਗਨਿ ਅਰੁ ਅਗਨਿ ਮੈ ਕਾਸਟ ਜੈਸੇ;
ਅਤਿ ਅਸਚਰਯ ਮਯ ਕੌਤਕ ਕਹਾਵੈ ਜੀ॥

ਜੈਸੇ = ਜਿਸ ਪ੍ਰਕਾਰ ਕਾਸਟ = ਲੱਕੜ ਮੈ = ਵਿਚ ਅਗਨਿ = ਅੱਗ ਹੈ ਅਰੁ = ਅਤੇ ਅਗਨਿ = ਅੱਗ ਮੈ = ਵਿਚ ਕਾਸਟ = ਲੱਕੜ ਹੈ ਇਹ ਅਤਿ = ਅਤਿਅੰਤ ਅਸਚਰਯ = ਵਿਸਮਾਦ ਮਯ = ਸਰੂਪ ਕੌਤਕ = ਚਰਿੱਤਰ ਕਹਾਵੈ = ਅਖਵਾਉਂਦਾ ਹੈ ਜੀ।

ਸਤਿਗੁਰ ਮਹਿ ਸਬਦ, ਸਬਦ ਮਹਿ ਸਤਿਗੁਰ ਹੈ;
ਨਿਗੁਨ ਸਗੁਨ ਗਿਆਨ ਧਿਆਨ ਸਮਝਾਵੈ ਜੀ॥੬੦੮॥

ਉਸੇ ਤਰ੍ਹਾਂ ਸਤਿਗੁਰ = ਸੱਚੇ ਗੁਰਾਂ ਮਹਿ = ਵਿਚ ਸ਼ਬਦ **ਵਾ:** ਸਬਦ = ਬ੍ਰਹਮ ਹੈ ਤੇ ਸਬਦ, ਸਬਦ = ਬ੍ਰਹਮ ਮਹਿ = ਵਿਚ ਸਤਿਗੁਰ = ਸੱਚਾ ਗੁਰੂ ਹੈ, ਨਿਗੁਨ = ਨਿਰਗੁਣ ਵਿਚ ਸਗੁਨ = ਸਰਗੁਣ ਹੈ ਤੇ ਸਰਗੁਣ ਵਿਚ ਨਿਰਗੁਣ ਸਰੂਪ ਹੈ ਅਤੇ ਗਿਆਨ ਵਿਚ ਧਿਆਨ ਤੇ ਧਿਆਨ ਵਿਚ ਗਿਆਨ ਹੈ। ਇਨ੍ਹਾਂ ਗੱਲਾਂ ਦੀ ਸਮਝਾਵੈ = ਗਿਆਤ ਸਤਿਗੁਰਾਂ ਦੀ ਕਿਰਪਾ ਨਾਲ ਇਸ ਪ੍ਰਕਾਰ ਆ ਜਾਂਦੀ ਹੈ॥੬੦੮॥

ਜੈਸੇ ਤਿਲ ਬਾਸ, ਬਾਸ ਲੀਜੀਅਤ ਕੁਸਮ ਤੇ;
ਤਾਂ ਤੇ ਹੋਤ ਹੈ ਫੁਲੇਲ ਜਤਨ ਕੈ ਜਾਨੀਐ॥

ਜੈਸੇ = ਜਿਸ ਪ੍ਰਕਾਰ ਤਿਲ ਦਾ ਬਾਸ = ਨਿਵਾਸ ਫੁੱਲਾਂ ਵਿਚ ਹੋਣ ਕਰਕੇ ਕੁਸਮ = ਫੁੱਲਾਂ ਤੇ = ਤੋਂ

ਬਾਸ = ਸੁਗੰਧੀ ਲੀਜੀਅਤ = ਲੈਣਾ ਕਰੀਦੀ ਹੈ ਅਤੇ ਤਾਂ = ਉਸ ਤੇ = ਤੋਂ ਫੇਰ ਜਤਨ = ਉਪਰਾਲਾ ਕੈ = ਕਰ ਕੇ ਫੁਲੇਲ = ਫੁੱਲਾਂ ਦਾ ਤੇਲ, ਸੁਗੰਧਿਤ ਤੇਲ ਬਣਿਆ ਜਾਨੀਐ = ਜਾਨਣਾ ਕਰੀਦਾ ਹੈ।

ਜੈਸੇ ਤਉ ਅਉਟਾਇ ਦੂਧ ਜਾਮਨ ਜਮਾਇ ਮਥਿ;
ਸੰਜਮ ਸਹਤ ਘ੍ਰਿਤ ਪ੍ਰਗਟਾਇ ਮਾਨੀਐ ॥

ਜੈਸੇ ਤਉ = ਜਿਸ ਪ੍ਰਕਾਰ ਦੂਧ = ਦੁੱਧ ਨੂੰ ਅਉਟਾਇ = ਉਬਾਲ ਕੇ ਜਾਮਨ = ਜਾਗ ਲਗਾ ਕੇ ਜਮਾਇ = ਜੰਮਿਆ ਹੋਇਆ ਸਵੇਰੇ ਮਥਿ = ਰਿੜਕਣਾ ਕਰੀਦਾ ਹੈ ਤੇ ਫੇਰ ਸੰਜਮ = ਜੁਗਤੀ ਦੇ ਸਹਤ = ਨਾਲ ਉਸ ਵਿੱਚੋਂ ਘ੍ਰਿਤ = ਘਿਉ ਪ੍ਰਗਟਾਇ = ਪ੍ਰਗਟ ਹੋਣਾ ਮਾਨੀਐ = ਮੰਨਣਾ ਕਰੀਦਾ ਹੈ।

ਜੈਸੇ ਕੂਆ ਖੋਦ ਕਰਿ ਬਸੁਧਾ ਧਸਾਇ ਕੋਠੀ;
ਲਾਜ ਕਉ ਬਹਾਇ ਡੋਲ ਕਾਢਿ ਜਲ ਆਨੀਐ ॥

ਜੈਸੇ = ਜਿਸ ਪ੍ਰਕਾਰ ਕੂਆ = ਖੂਹ ਖੋਦ = ਪੁੱਟ ਕਰਿ = ਕਰਕੇ ਬਸੁਧਾ = ਧਰਤੀ ਵਿਚ ਕੋਠੀ = ਖੂਹ ਦਾ ਮਹਲ ਧਸਾਇ = ਧਸਾ ਕਰਕੇ ਖੂਹ ਤਿਆਰ ਕਰੀਦਾ ਹੈ ਤੇ ਫੇਰ ਲਾਜ = ਲੱਜ (ਰੱਸੇ) ਕਉ = ਨਾਲ ਡੋਲ ਬੰਨ੍ਹ ਕੇ ਬਹਾਇ = ਵਹਾ ਕੇ ਜਲ = ਪਾਣੀ ਖੂਹ ਵਿੱਚੋਂ ਬਾਹਰ ਕਾਢਿ = ਕੱਢ ਆਨੀਐ = ਲਿਆਈਦਾ ਹੈ।

ਗੁਰ ਉਪਦੇਸ ਤੈਸੇ ਭਾਵਨੀ ਭਕਤ ਭਾਇ;
ਘਟ ਘਟ ਪੂਰਨ ਬ੍ਰਹਮ ਪਹਿਚਾਨੀਐ ॥੬੦੯॥

ਤੈਸੇ = ਉਸੇ ਤਰ੍ਹਾਂ ਹੀ ਭਾਵਨੀ = ਸ਼ਰਧਾ, ਭਕਤ = ਭਗਤੀ ਤੇ ਭਾਇ = ਪ੍ਰੇਮ ਦੇ ਸਹਿਤ ਗੁਰ = ਸਤਿਗੁਰਾਂ ਦੇ ਉਪਦੇਸ਼ ਦੁਆਰਾ ਨਾਮ ਦੀ ਕਮਾਈ ਕੀਤਿਆਂ ਘਟ ਘਟ = ਹਿਰਦਿਆਂ ਹਿਰਦਿਆਂ ਵਿਚ ਉਹ ਪੂਰਨ = ਪਰੀਪੂਰਨ ਬ੍ਰਹਮ = ਪਰਮੇਸ਼ਰ ਵਿਆਪਕ ਪਹਿਚਾਨੀਐ = ਪਛਾਣੀਦਾ ਹੈ ॥੬੦੯॥

ਜੈਸੇ ਧਰਿ ਧਨੁਖ ਚਲਾਈਅਤ ਬਾਨ ਤਾਨਿ;
ਚਲਿਓ ਜਾਇ ਤਿਤ ਹੀ ਕਉ ਜਿਤ ਹੀ ਚਲਾਈਐ ॥

ਜੈਸੇ = ਜਿਸ ਪ੍ਰਕਾਰ ਧਨੁਖ 'ਤੇ ਬਾਨ = ਤੀਰ ਧਰ ਕੇ ਤਾਨਿ = ਖਿੱਚ ਕੇ ਚਲਾਈਅਤ = ਚਲਾਉਣਾ ਕਰੀਦਾ ਹੈ ਤਾਂ ਉਹ ਤਿਤ = ਉਸ ਪਾਸੇ ਵੱਲ ਹੀ ਚਲਿਓ = ਚਲਿਆ ਜਾਇ = ਜਾਂਦਾ ਹੈ, ਜਿਤ = ਜਿਧਰ ਕਉ = ਨੂੰ ਹੀ ਚਲਾਈਐ = ਚਲਾਉਣਾ ਕਰੀਦਾ ਹੈ।

ਜੈਸੇ ਅਸ੍ਵ ਚਾਬਕ ਲਗਾਏ ਤਨ ਤੇਜ ਕਰਿ;
ਦੌਰਿਓ ਜਾਇ ਆਤੁਰ ਹੁਇ ਜਿਤ ਹੀ ਦਉਰਾਈਐ ॥

ਜੈਸੇ = ਜਿਸ ਪ੍ਰਕਾਰ ਅਸ੍ਵ = ਘੋੜੇ ਦੇ ਤਨ = ਸਰੀਰ ਉੱਤੇ ਚਾਬੁਕ = ਕੋਰੜਾ ਲਗਾਏ = ਲਗਾਇਆਂ ਘੋੜਾ ਤੇਜ਼ = ਤੇਜ਼ੀ ਨਾਲ ਆਤੁਰ = ਦੁਖੀ, ਵਿਆਕੁਲ ਹੋਇ = ਹੋ ਕਰਿ = ਕਰਕੇ ਉਸ ਪਾਸੇ ਵੱਲ ਨੂੰ ਦੌਰਿਓ = ਦੌੜਿਆ ਜਾਇ = ਜਾਂਦਾ ਹੈ, ਜਿਤ = ਜਿਧਰ ਨੂੰ ਹੀ ਦਉਰਾਈਐ = ਦੌੜਨਾ ਕਰੀਦਾ ਹੈ।

ਜੈਸੇ ਦਾਸੀ ਨਾਇਕਾ ਕੈ ਅਗ੍ਰਭਾਗ ਠਾਂਢੀ ਰਹੈ;
ਧਾਵੈ ਤਿਤ ਹੀ ਤਾਹਿ ਜਿਤ ਹੀ ਪਠਾਈਐ ॥

ਜੈਸੇ = ਜਿਸ ਪ੍ਰਕਾਰ ਨਾਇਕਾ = ਮਾਲਕਣ, ਸਵਾਮਿਨੀ ਕੈ = ਦੇ ਅਗ੍ਰਭਾਗ = ਅਗਲੇ ਹਿੱਸੇ ਭਾਵ ਸਾਹਮਣੇ ਦਾਸੀ ਠਾਂਢੀ = ਖੜੀ ਰਹੈ = ਰਹਿੰਦੀ ਹੈ ਤੇ ਤਿਤ = ਉਧਰ ਨੂੰ ਹੀ ਧਾਵੈ = ਦੌੜਦੀ ਹੈ, ਜਿਤ = ਜਿਧਰ ਨੂੰ ਹੀ ਤਾਹਿ = ਉਸ ਦੀ ਮਾਲਕਣ ਪਠਾਈਐ = ਭੇਜਣਾ ਕਰਦੀ ਹੈ।

ਤੈਸੇ ਪ੍ਰਾਣੀ ਕਿਰਤ ਸੰਜੋਗ ਲਗਿ ਭ੍ਰਮੈ ਭੂਮ;
ਜਤ ਜਤ ਖਾਨ ਪਾਨ ਤਹੀ ਜਾਇ ਖਾਈਐ ॥੬੧੦॥

ਤੈਸੇ = ਉਸੇ ਤਰ੍ਹਾਂ ਪ੍ਰਾਣੀ = ਪ੍ਰਾਣਧਾਰੀ ਜੀਵ ਕਿਰਤ = ਕੀਤੇ ਕਰਮਾਂ ਦੇ ਸੰਜੋਗ = ਮੇਲ ਵਿਚ ਲਗਿ = ਲੱਗਣੇ ਕਰਕੇ ਭੂਮ = ਧਰਤੀ ਉੱਤੇ ਭ੍ਰਮੈ = ਭਰਮਦਾ ਫਿਰਦਾ ਹੈ, ਜਤ ਜਤ = ਜਿਥੇ ਜਿਥੇ ਇਸ ਦਾ ਖਾਨ = ਖਾਣਾ ਪਾਨ = ਪੀਣਾ ਹੁੰਦਾ ਹੈ, ਤਹੀ = ਉਥੇ ਉਥੇ ਹੀ ਜਾਇ = ਜਾ ਕੇ ਖਾਈਐ = ਖਾਣਾ ਕਰਦਾ ਹੈ ॥੬੧੦॥

ਜੈਸੇ ਖਰ ਬੋਲ ਸੁਨਿ ਸਗੁਨੀਆਂ ਮਾਨ ਲੇਤ;
ਗੁਨ ਅਵਗੁਨ ਤਾਂ ਕੋ ਕਛੂ ਨ ਬਿਚਾਰਹੀ ॥

ਜੈਸੇ = ਜਿਸ ਪ੍ਰਕਾਰ ਖਰ = ਗਧੇ ਦਾ ਬੋਲ = ਬੋਲਣਾ, ਹੀਂਗਣਾ ਸੁਣ ਕੇ ਸਗੁਨੀਆਂ = ਸ਼ਗਨ ਅਪਸ਼ਗਨ ਨੂੰ ਮੰਨਣ ਵਾਲਾ ਸ਼ਗਨ ਮਾਨ = ਮੰਨ ਲੇਤ = ਲੈਂਦਾ ਹੈ, ਪਰ ਉਹ ਤਾਂ = ਉਸ ਗਧੇ ਕੋ = ਦਾ ਗੁਣ ਅਵਗੁਨ = ਔਗੁਣ ਕਛੂ = ਕੁਝ ਵੀ ਨ = ਨਹੀਂ ਬਿਚਾਰਹੀ = ਵਿਚਾਰਦਾ।

ਜੈਸੇ ਮ੍ਰਿਗ ਨਾਦ ਮੁਨਿ ਸਹੈ ਸਨਮੁਖ ਬਾਨ;
ਪ੍ਰਾਨ ਦੇਤ ਬਧਿਕ ਬਿਰਦੁ ਨ ਸਮਾਰਹੀ ॥

ਜੈਸੇ = ਜਿਸ ਪ੍ਰਕਾਰ ਮ੍ਰਿਗ = ਹਿਰਨ ਨਾਦ = ਘੰਡੇਹੇੜੇ ਦਾ ਸ਼ਬਦ ਸੁਣ ਕੇ ਮਸਤ ਹੋਇਆ ਸਨਮੁਖ = ਸਾਹਮਣੇ ਬਾਨ = ਤੀਰ ਸਹੈ = ਸਹਾਰ ਲੈਂਦਾ ਹੈ ਅਤੇ ਆਪਣੀ ਪ੍ਰਾਣ = ਜਿੰਦ ਦੇਤ = ਦੇ ਦਿੰਦਾ ਹੈ, ਪਰ ਉਸ ਬਧਿਕ = ਸ਼ਿਕਾਰੀ ਦੇ ਬਿਰਦੁ = ਸੁਭਾਅ ਨੂੰ ਸਮਾਰਹੀ = ਚਿਤਾਰਨਾ ਨ = ਨਹੀਂ ਕਰਦਾ ਹੈ।

ਸੁਨਤ ਜੁਝਾਊ ਜੈਸੇ ਜੂਝੈ ਜੋਧਾ ਜੁਧ ਸਮੈ;
ਢਾਡੀ ਕੋ ਨ ਬਰਨ ਚਿਹਨ ਉਰ ਧਾਰਹੀ ॥

ਜੈਸੇ = ਜਿਸ ਪ੍ਰਕਾਰ ਜੁਝਾਊ = ਜੰਗੀ ਵਾਜਿਆਂ ਦੀ ਆਵਾਜ਼ ਸੁਨਤ = ਸੁਣ ਕੇ ਜੁਧ = ਜੰਗ ਦੇ ਸਮੈ = ਵਕਤ ਜੋਧਾ = ਸੂਰਮਾ ਜੂਝੈ = ਲੜਦਾ ਮਰ ਜਾਂਦਾ ਹੈ ਤੇ ਢਾਡੀ = ਢੱਡ ਵਜਾਉਣ ਵਾਲਾ ਪੁਰਖ ਉਸ ਸੂਰਮੇ ਕੋ = ਦਾ ਬਰਨ = ਰੰਗ ਤੇ ਚਿਹਨ = ਚਿੰਨ੍ਹ ਭਾਵ ਰੂਪ ਰੰਗ ਉਰ = ਹਿਰਦੇ ਵਿਚ ਧਾਰ = ਧਾਰਨ ਹੀ ਨਹੀਂ ਕਰਦਾ।

ਤੈਸੇ ਗੁਰ ਸਬਦ ਸੁਨਾਇ ਗਾਇ ਸਿਖ ਠਗੌ;
ਭੇਖ-ਧਾਰੀ ਜਾਨਿ ਮੋਹਿ ਮਾਰਿ ਨ ਬਿਡਾਰਹੀ ॥੬੧੧॥

ਤੈਸੇ = ਉਸੇ ਪ੍ਰਕਾਰ ਭਾਈ ਗੁਰਦਾਸ ਜੀ ਨਿਮਰਤਾ ਵਿਚ ਆ ਕੇ ਕਹਿੰਦੇ ਹਨ ਕਿ ਮੈਂ ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਨੂੰ ਕੀਰਤਨ ਰੂਪ ਵਿਚ ਗਾਇ = ਗਾਇਨ ਕਰ ਕੇ ਹੋਰਨਾਂ ਨੂੰ ਸੁਣਾਇ = ਸੁਣਾ ਕੇ ਸਿੱਖਾਂ ਨੂੰ ਠਗੌ = ਠੱਗਦਾ ਹਾਂ, ਭਾਵ ਸਿੱਖਾਂ ਦਾ ਮਨ ਗੁਰ-ਉਪਦੇਸ਼ ਵਿਚ ਲਗਾਉਂਦਾ ਹਾਂ, ਫੇਰ ਵੀ ਸਿੱਖ ਮੈਨੂੰ ਭੇਖ-ਧਾਰੀ = ਪਾਖੰਡੀ ਜਾਣ ਕਰਕੇ ਮਾਰ ਕੇ ਮੈਨੂੰ ਬਿਡਾਰਹੀ = ਪਰੇ, ਦੂਰ ਨ = ਨਹੀਂ ਕਰਦੇ ਹਨ ॥੬੧੧॥

ਰਿਧਿ, ਸਿਧਿ, ਨਿਧਿ, ਸੁਧਾ, ਪਾਰਸ, ਕਲਪ-ਤਰੁ;
ਕਾਮਧੇਨ, ਚਿੰਤਾਮਨਿ ਲਛਮੀ ਸ੍ਵੈਵ ਕੀ ॥

ਸਭ ਰਿਧਿ = ਰਿਧੀਆਂ, ਸਿਧਿ = ਸਿਧੀਆਂ, ਨਿਧਿ = ਨਿਧੀਆਂ, ਸੁਧਾ = ਅੰਮ੍ਰਿਤ, ਪਾਰਸ, ਕਲਪ-ਤਰੁ = ਕਾਮਨਾ ਪੂਰੀ ਕਰਨ ਵਾਲਾ ਦੇਵਤਿਆਂ ਦਾ ਬ੍ਰਿਛ, ਕਾਮਧੇਨ = ਕਾਮਨਾ ਪੂਰੀ ਕਰਨ ਵਾਲੀ ਗਾਂ, ਚਿੰਤਾਮਨਿ = ਮਨ ਚਿਤਵੇ ਪਦਾਰਥ ਦੇਣ ਵਾਲੀ ਮਣੀ ਤੇ ਲੱਛਮੀ ਸ੍ਵੈਵ (ਸ੍ਵ + ਏਵ) ਏਵ = ਇਹ ਪਰਮੇਸ਼ਰ ਨੇ ਸਭ ਸ੍ਵ = ਆਪ ਕੀ = ਦੀ ਆਗਿਆ ਵਿਚ ਰੱਖੇ ਹੋਏ ਹਨ।

ਚਤੁਰ ਪਦਾਰਥ, ਸੁਭਾਵ, ਸੀਲ, ਰੂਪ, ਗੁਨ;
ਭੁਕਤ ਜੁਕਤ ਮਤਿ ਅਲਖ ਅਭੇਵ ਕੀ ॥

ਚਤੁਰ = ਚਾਰ (ਧਰਮ, ਅਰਥ, ਕਾਮ, ਮੋਖ) ਪਦਾਰਥ, ਸ੍ਰੇਸ਼ਟ ਸੁਭਾਵ = ਸੁਭਾਅ, ਸੀਲ = ਨਿਮਰਤਾ, ਸੋਹਣਾ ਰੂਪ = ਸਰੂਪ, ਚੰਗੇ ਗੁਣ, ਭੁਕਤ = ਭੋਗਾਂ ਦੀ ਪ੍ਰਾਪਤੀ, ਅਲਖ = ਲਖਣ ਤੋਂ ਰਹਿਤ ਤੇ ਅਭੇਵ = ਭੇਦ ਤੋਂ ਰਹਿਤ ਪਰਮੇਸ਼ਰ ਕੀ = ਦੀ ਬੰਦਗੀ ਵਿਚ ਜੁਕਤ = ਜੁੜਨ ਵਾਲੀ ਮਤਿ = ਬੁੱਧ।

ਜ੍ਵਾਲਾ ਜੋਤਿ, ਜੈ ਜੈਕਾਰ, ਕੀਰਤਿ, ਪ੍ਰਤਾਪ ਛਬਿ;
ਤੇਜ ਤਪ ਕਾਂਤਿ, ਬਿਭੈ, ਸੋਭਾ ਸਾਧ ਸੇਵ ਕੀ ॥

ਮੱਥੇ ਉੱਤੇ ਜ੍ਵਾਲਾ ਜੋਤਿ = ਜੋਤੀ ਦਾ ਪ੍ਰਕਾਸ਼ ਸਾਰੇ ਸੰਸਾਰ ਵਿਚ ਜੈ ਜੈਕਾਰ ਕੀਰਤਿ = ਉਪਮਾ, ਪ੍ਰਤਾਪ, ਛਬਿ = ਸ਼ੋਭਾ, ਤੇਜ, ਗੁਰਾਂ ਦੀ ਸੇਵਾ ਕਰਨ ਰੂਪ ਤਪ = ਤਪੱਸਿਆ[1], ਕਾਂਤਿ = ਦਮਕਤਾ, ਸੁੰਦਰਤਾ ਅਤੇ ਸਾਰੀਆਂ ਬਿਭੈ = ਬਿਭੂਤੀਆਂ ਅਤੇ ਸਾਧ = ਸ੍ਰੇਸ਼ਟ ਜਨਾਂ ਕੀ = ਦੀ ਸੇਵ = ਟਹਿਲ ਕਰਨ ਦਾ ਸਮਾਂ।

ਅਨੰਦ ਸਹਜ ਸੁਖ ਸਕਲ ਪ੍ਰਕਾਸ ਕੋਟਿ;
ਕਿੰਚਤ ਕਟਾਛ ਕ੍ਰਿਪਾ ਜਾਂਹਿ ਗੁਰਦੇਵ ਕੀ ॥੬੧੨॥

ਉਪਰੋਕਤ ਸਕਲ = ਸਾਰੇ ਸੁਖ ਤੇ ਆਨੰਦ ਤੇ ਕੋਟਿ = ਕਰੋੜਾਂ ਪ੍ਰਕਾਸ਼ ਉਸ ਨੂੰ ਸਹਜ = ਸੁਭਾਵਿਕ ਹੀ

---

੧. ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥ *(ਅੰਗ ੪੨੩)*

ਪ੍ਰਾਪਤ ਹੋ ਜਾਂਦੇ ਹਨ ਜਾਂਹਿ = ਜਿਸ ਉੱਤੇ ਗੁਰਦੇਵ = ਸ੍ਰੀ ਗੁਰੂ ਨਾਨਕ ਦੇਵ ਜੀ ਕੀ = ਦੀ ਕਿੰਚਤ = ਥੋੜ੍ਹੀ ਜਿਹੀ ਕ੍ਰਿਪਾ ਕਟਾਛ = ਮਿਹਰ ਭਰੀ ਦ੍ਰਿਸ਼ਟੀ ਹੋ ਗਈ ਹੈ॥੬੧੨॥

ਗੁਰ ਉਪਦੇਸਿ ਪ੍ਰਾਤ ਸਮੈ ਇਸਨਾਨ ਕਰਿ;
ਜਿਹਵਾ ਜਪਤ ਗੁਰਮੰਤ੍ਰ ਜੈਸੇ ਜਾਨਹੀ॥

ਜਿਸ ਨੇ ਪ੍ਰਾਤ = ਅੰਮ੍ਰਿਤ ਸਮੈ = ਵੇਲੇ ਇਸ਼ਨਾਨ ਕਰਿ = ਕਰ ਕੇ ਗੁਰ ਉਪਦੇਸਿ = ਸਿੱਖਿਆ ਦੁਆਰਾ ਜੈਸੇ = ਜਿਸ ਤਰ੍ਹਾਂ ਵਾਹਿਗੁਰੂ ਗੁਰਮੰਤ੍ਰ ਨੂੰ ਜਾਨਹੀ = ਜਾਣਿਆ ਹੈ, ਉਸ ਨੇ ਹੀ ਜਿਹਵਾ = ਰਸਨਾ ਦੁਆਰਾ ਵਾਹਿਗੁਰੂ ਗੁਰਮੰਤ੍ਰ ਨੂੰ ਜਪਤ = ਜਪਣਾ ਕੀਤਾ ਹੈ।

ਤਿਲਕ ਲਿਲਾਰ ਪਾਇ ਪਰਤ ਪਰਸਪਰ;
ਸਬਦ ਸੁਨਾਇ ਗਾਇ ਸੁਨਿ ਉਨਮਾਨਹੀ॥

ਗੁਰਸਿੱਖ ਲਿਲਾਰ = ਮੱਥੇ ਉੱਤੇ ਸੰਗਤ ਦੀ ਚਰਨ ਧੂੜ ਰੂਪ ਤਿਲਕ = ਟਿੱਕਾ ਲਾ ਕੇ ਫੇਰ ਪਰਸਪਰ = ਆਪਸ ਵਿਚਦੀ ਇਕ ਦੂਸਰੇ ਦੇ ਪਾਇ = ਪੈਰੀਂ ਪਰਤ = ਪੈਣਾ ਕਰਦੇ ਹਨ, ਗੁਰਾਂ ਦੇ ਸਬਦ = ਉਪਦੇਸ਼ ਨੂੰ ਕੀਰਤਨ ਰੂਪ ਵਿਚ ਗਾਇ = ਗਾ ਕੇ ਹੋਰਨਾਂ ਨੂੰ ਸੁਨਾਇ = ਸੁਣਾਉਂਦੇ ਹਨ ਅਤੇ ਆਪ ਸੁਣ ਕੇ ਉਨਮਾਨਹੀ = ਮਸਤ ਹੁੰਦੇ ਹਨ।

ਗੁਰਮਤਿ ਭਜਨ ਤਜਨ ਦੁਰਮਤਿ ਕਹੈ;
ਗਿਆਨ ਧਿਆਨ ਗੁਰਸਿਖ ਪੰਥ ਪਰਵਾਨਹੀ॥

ਗੁਰਮਤਿ = ਗੁਰ-ਸਿੱਖਿਆ ਦੁਆਰਾ ਪਰਮੇਸ਼ਰ ਦਾ ਭਜਨ = ਸਿਮਰਨ ਕਰਨਾ ਤੇ ਦੁਰਮਤਿ = ਖੋਟੀ ਸਿੱਖਿਆ ਨੂੰ ਤਜਨ = ਤਿਆਗਣ ਲਈ ਹੋਰਨਾਂ ਨੂੰ ਸਿੱਖਿਆ ਦੇ ਕੇ ਕਹੈ = ਕਹਿੰਦੇ ਹਨ ਅਤੇ ਨਾਲ ਹੀ ਕਹਿੰਦੇ ਹਨ ਕਿ ਗੁਰਸਿਖ = ਗੁਰਸਿੱਖੀ ਰੂਪ ਪੰਥ = ਰਸਤੇ ਵਿਚ ਗੁਰ-ਉਪਦੇਸ਼ ਦੁਆਰਾ ਆਤਮਿਕ ਗਿਆਨ ਤੇ ਗੁਰੂ ਦਾ ਧਿਆਨ ਹੀ ਪਰਵਾਨ = ਪਰਵਾਣਨੀਕ ਹੈ।

ਦੇਖਤ ਸੁਨਤ ਅਉ ਕਹਤ ਸਭ ਕੋਊ ਭਲੋ;
ਰਹਤ ਅੰਤਰਗਤਿ ਸਤਿਗੁਰ ਮਾਨਹੀ॥੬੧੩॥

ਅਜਿਹੇ ਗੁਰਸਿਖ ਦੇ ਹਰ ਕੋਈ ਦੀਦਾਰ ਦੇਖਤ = ਤੱਕਣਾ ਚਾਹੁੰਦਾ ਹੈ ਤੇ ਹਰ ਕੋਈ ਗੁਰਸਿੱਖਾਂ ਦਾ ਉਪਦੇਸ਼ ਸੁਨਤ = ਸੁਣਨਾ ਚਾਹੁੰਦਾ ਹੈ ਅਉ = ਅਤੇ ਸਭ = ਹਰੇਕ ਕੋਊ = ਕੋਈ ਭਲੋ = ਚੰਗਾ ਕਹਤ = ਕਹਿੰਦਾ ਹੈ, ਪਰ ਜਦ ਇਹ ਸਾਰੀ ਰਹਤ = ਰਹਿਣੀ ਉਸ ਦੇ ਅੰਤਰਗਤਿ = ਰਿਦੇ ਵਿਚ ਪ੍ਰਵੇਸ਼ ਹੋ ਜਾਂਦੀ ਹੈ, ਤਦੋਂ ਸਤਿਗੁਰ = ਸੱਚੇ ਗੁਰੂ ਸਾਹਿਬ ਜੀ ਉਸ ਨੂੰ ਤੁਰੀਆ ਪਦ ਦੀ ਪ੍ਰਾਪਤੀ ਕਰਾਉਣ ਰੂਪ ਮਾਨਹੀ = ਸਤਿਕਾਰ ਦਿੰਦੇ ਹਨ॥੬੧੩॥

ਜੈਸੇ ਧੋਬੀ ਸਾਬਨ ਲਗਾਇ ਪੀਟੈ ਪਾਥਰ ਸੈ;
ਨਿਰਮਲ ਕਰਤ ਹੈ ਬਸਨ ਮਲੀਨ ਕਉ ॥

ਜੈਸੇ = ਜਿਸ ਪ੍ਰਕਾਰ ਧੋਬੀ = ਬਸਤਰ ਧੋਣ ਵਾਲਾ ਪੁਰਖ ਸਾਬਣ ਲਗਾਇ = ਲਗਾ ਕੇ ਕੱਪੜੇ ਨੂੰ ਪਾਥਰ = ਪੱਥਰ ਸੈ = ਨਾਲ ਪੀਟੈ = ਪਟਕਾਉਂਦਾ ਹੈ ਤੇ ਇਉਂ ਮਲੀਨ = ਮੈਲੇ ਬਸਨ = ਕੱਪੜੇ ਕਉ = ਨੂੰ ਨਿਰਮਲ = ਉੱਜਲ ਕਰਤ = ਕਰਦਾ ਹੈ।

ਜੈਸੇ ਤਉ ਸੁਨਾਰ ਬਾਰੰ ਬਾਰ ਗਾਰ ਗਾਰ ਢਾਰ;
ਕਰਤ ਅਸੁਧ ਸੁਧ ਕੰਚਨ ਕੁਲੀਨ ਕਉ ॥

ਜੈਸੇ ਤਉ = ਜਿਸ ਤਰ੍ਹਾਂ ਸੁਨਾਰ = ਸੁਨਿਆਰਾ ਬਾਰੰ ਬਾਰ = ਮੁੜ ਮੁੜ ਢਾਰ = ਢਾਲ ਤੇ ਗਾਰ ਗਾਰ = ਗਾਲ ਗਾਲ ਕੇ ਅਸ਼ੁੱਧ ਕੰਚਨ = ਸੋਨੇ ਕਉ = ਨੂੰ ਸ਼ੁੱਧ ਕਰ ਕੇ ਕੁਲੀਨ = ਉੱਤਮ ਬਣਾ ਦੇਣਾ ਕਰਤ = ਕਰਦਾ ਹੈ।

ਜੈਸੇ ਤਉ ਪਵਨ ਝਕਝੋਰਤ ਬਿਰਖ ਮਿਲਿ;
ਮਲਯ ਗੰਧ ਕਰਤ ਹੈ ਚੰਦਨ ਪ੍ਰਬੀਨ ਕਉ ॥

ਜੈਸੇ ਤਉ = ਜਿਸ ਤਰ੍ਹਾਂ ਪਵਨ = ਹਵਾ ਬਿਰਖ = ਬ੍ਰਿਛਾਂ ਨੂੰ ਮਿਲਿ = ਮਿਲ ਕੇ ਝਕਝੋਰਤ = ਝੰਜੋੜਦੀ ਹੈ ਪਰ ਉਹ ਚੰਦਨ ਰੂਪ ਨਹੀਂ ਬਣ ਜਾਂਦੇ, ਪਰ ਜਦੋਂ ਮਲਯ = ਚੰਦਨ ਦੀ ਗੰਧ = ਸੁਗੰਧੀ ਵਾਲੀ ਹਵਾ ਉਨ੍ਹਾਂ ਨਾਲ ਸਪਰਸ਼ ਹੋਣਾ ਕਰਤ = ਕਰਦੀ ਹੈ ਤਾਂ ਉਨ੍ਹਾਂ ਨੂੰ ਪ੍ਰਬੀਨ = ਸ੍ਰੇਸ਼ਟ ਚੰਦਨ ਕਉ = ਦਾ ਰੂਪ ਬਣਾ ਦੇਣਾ ਕਰਦੀ ਹੈ।

ਤੈਸੇ ਗੁਰ ਸਿਖਨ ਦਿਖਾਇ ਕੈ ਬ੍ਰਿਥਾ ਬਿਬੇਕ;
ਮਾਇਆ ਮਲ ਕਾਟਿ ਕਰੈ ਨਿਜ ਪਦ ਚੀਨ ਕਉ ॥੬੧੪॥

ਤੈਸੇ = ਉਸੇ ਤਰ੍ਹਾਂ ਗੁਰ = ਸਤਿਗੁਰੂ ਸਾਹਿਬ ਜੀ ਭੈੜੇ ਕਰਮਾਂ ਦੀ ਬ੍ਰਿਥਾ = ਪੀੜਾ ਦਿਖਾਇ = ਦਿਖਾ ਕੈ = ਕਰਕੇ ਬਿਬੇਕ = ਗਿਆਨ ਕਰਾਉਂਦੇ ਹਨ ਅਤੇ ਉਨ੍ਹਾਂ ਦੀ ਮਾਇਆ ਦੀ ਮਲ = ਮੈਲ ਕਾਟਿ = ਕੱਟ ਕੇ ਨਿਜ = ਆਪਣੇ ਸਰੂਪ ਰੂਪੀ ਪਦ = ਰੁਤਬੇ ਕਉ = ਨੂੰ ਚੀਨ = ਜਣਾ ਦੇਣਾ ਕਰੈ = ਕਰਦੇ ਹਨ ॥੬੧੪॥

ਪਾਤਰ ਮੈ ਜੈਸੇ ਬਹੁ ਬਿੰਜਨ ਪਰੋਸੀਅਤ;
ਭੋਜਨ ਕੈ ਡਰੀਅਤ ਪਾਵੈ ਨਾਹਿ ਠਾਮ ਕੋ ॥

ਜੈਸੇ = ਜਿਸ ਪ੍ਰਕਾਰ ਪਾਤਰ = ਪੱਤਰਾਂ ਦੀ ਬਣੀ ਪੱਤਲ ਮੈ = ਵਿਚ ਬਹੁ = ਬਹੁਤ ਸਾਰੇ ਬਿੰਜਨ = ਭੋਜਨ ਪਰੋਸੀਅਤ = ਪਰੋਸੇ ਜਾਂਦੇ ਹਨ, ਫੇਰ ਭੋਜਨ ਖਾ ਕੈ = ਕਰਕੇ ਜਦ ਡਾਰੀਅਤ = ਸੁੱਟ ਦੇਈਦੀ ਹੈ ਤਦ ਉਹ ਜੂਠੀ ਪੱਤਲ ਕਿਸੇ ਵੀ ਠਾਮ = ਟਿਕਾਣੇ ਕੋ = ਨੂੰ ਨਾਹਿ = ਨਹੀਂ ਪਾਵੈ = ਪਾਉਂਦੀ।

ਜੈਸੇ ਹੀ ਤਮੋਲ ਰਸ ਰਸਨਾ ਰਸਾਇ ਖਾਇ;
ਡਾਰੀਐ ਉਗਾਰ ਨਾਹਿ ਰਹੈ ਆਢ ਦਾਮ ਕੋ ॥

ਜੈਸੇ = ਜਿਸ ਪ੍ਰਕਾਰ ਰਸਨਾ = ਜਿਹਬਾ ਨਾਲ ਰਸਾਇ = ਰਸਾਂ ਤੇ ਖਾਇ = ਖਾ ਕੇ ਤਮੋਲ = ਪਾਨ ਦਾ ਰਸ ਚੂਸ ਲੈਣਾ ਕਰੀਦਾ ਹੈ, ਫੇਰ ਉਹ ਫੋਗ ਹੋ ਗਿਆ ਪਾਨ ਉਗਾਰ = ਉਗਾਲ ਕਰਕੇ ਮੂੰਹੋਂ ਬਾਹਰ ਡਾਰੀਐ = ਸੁੱਟ ਦੇਣਾ ਕਰੀਦਾ ਹੈ, ਉਹ ਫੇਰ ਆਢ ਦਾਮ = ਅੱਧੀ ਕੌਡੀ ਮੁੱਲ ਦਾ ਵੀ ਨਾਹਿ = ਨਹੀਂ ਰਹੈ = ਰਹਿੰਦਾ।

ਫੂਲਨ ਕੋ ਹਾਰ ਉਰਿ ਧਾਰ ਬਾਸੁ ਲੀਜੈ ਜੈਸੇ;
ਪਾਛੈ ਡਾਰ ਦੀਜੈ ਕਹੈ, ਹੈ ਨ ਕਾਹੂ ਕਾਮ ਕੋ ॥

ਜੈਸੇ = ਜਿਸ ਪ੍ਰਕਾਰ ਫੂਲਨ = ਫੁੱਲਾਂ ਕੋ = ਦਾ ਹਾਰ ਉਰਿ = ਹਿਰਦੇ, ਗਲੇ ਵਿਚ ਧਾਰ = ਪਾ ਕੇ ਬਾਸੁ = ਵਾਸ਼ਨਾ ਲੀਜੈ = ਲੈਣਾ ਕਰੀਦੀ ਹੈ, ਜਦ ਮੁਰਝਾ ਜਾਵੇ ਤਾਂ ਉਸ ਤੋਂ ਪਾਛੈ = ਪਿੱਛੋਂ ਇਹ ਕਹੈ = ਆਖ ਕਰਕੇ ਡਾਰ = ਸੁੱਟ ਦੀਜੈ = ਦੇਣਾ ਕਰੀਦਾ ਹੈ ਕਿ ਇਹ ਹੁਣ ਕਾਹੂ = ਕਿਸੇ ਕਾਮ = ਕੰਮ ਕੋ = ਦਾ ਨ = ਨਹੀਂ ਹੈ।

ਜੈਸੇ ਕੇਸ ਨਖ ਥਾਨ ਭ੍ਰਿਸਟ ਨ ਸੁਹਾਤ ਕਾਹੂ;
ਪ੍ਰਿਯ ਬਿਛੁਰਤ ਸੋਈ ਸੂਤ ਭਇਓ ਬਾਮ ਕੋ ॥੬੧੫॥

ਜੈਸੇ = ਜਿਸ ਪ੍ਰਕਾਰ ਕੇਸ = ਵਾਲ ਤੇ ਨਖ = ਨਹੁੰ ਥਾਨ ਭ੍ਰਿਸਟ = ਆਪਣੇ ਥਾਂ ਤੋਂ ਡਿੱਗੇ ਹੋਏ ਕਾਹੂ = ਕਿਸੇ ਨੂੰ ਸੁਹਾਤ = ਭਾਉਂਦੇ (ਚੰਗੇ) ਨ = ਨਹੀਂ ਲੱਗਦੇ, ਸੋਈ = ਉਸੇ ਤਰ੍ਹਾਂ ਪ੍ਰਿਯ = ਪਿਆਰੇ ਪਤੀ ਪਰਮੇਸ਼ਰ ਤੋਂ ਬਿਛੁਰਤ = ਵਿੱਛੜੀ ਹੋਈ ਜਗਿਆਸੂ ਰੂਪ ਬਾਮ = ਇਸਤਰੀ ਕੋ = ਦਾ ਸੂਤ = ਹਾਲ ਭਇਓ = ਹੁੰਦਾ ਹੈ, ਇਸੇ ਤਰ੍ਹਾਂ ਗੁਰਸਿੱਖ ਗੁਰੂ ਬ਼ਗ਼ੈਰ ਕਿਸੇ ਹੋਰ ਥਾਂ ਸੋਭਦੇ ਨਹੀਂ ਹਨ॥੬੧੫॥

ਜੈਸੇ ਅਸ੍ਵਨੀ ਸੁਤਹ ਛਾਡਿ ਅੰਧਕਾਰਿ ਮਧਿ;
ਜਾਤਿ ਪੁਨਿ ਆਵਤ ਹੈ ਸੁਰਤਿ ਸਨੇਹ ਕੈ ॥

ਜੈਸੇ = ਜਿਸ ਪ੍ਰਕਾਰ ਅਸ੍ਵਨੀ = ਘੋੜੀ ਆਪਣੇ ਸੁਤਹ = ਪੁੱਤਰ ਵਛੇਰੇ ਨੂੰ ਘਰ ਛਾਡਿ = ਛੱਡ ਕੇ ਅੰਧਕਾਰਿ = ਹਨੇਰੇ ਮਧਿ = ਵਿਚ ਹੀ ਬਾਹਰ ਸਫ਼ਰ 'ਤੇ ਚਲੀ ਜਾਤਿ = ਜਾਂਦੀ ਹੈ, ਲੇਕਿਨ ਸ਼ਾਮ ਨੂੰ ਜਦ ਪੁਨਿ = ਫੇਰ ਮੁੜ ਕੇ ਆਵਤ = ਆਉਂਦੀ ਹੈ ਤਾਂ ਆਪਣੇ ਪੁੱਤਰ ਵਛੇਰੇ ਨਾਲ ਸੁਰਤਿ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਸਹਿਤ ਸਨੇਹ = ਪ੍ਰੇਮ ਕੈ = ਕਰਦੀ ਹੈ।

ਜੈਸੇ ਨਿੰਦ੍ਰਾਵੰਤ ਸੁਪਨੰਤਰ ਦਿਸੰਤਰ ਮੈ;
ਬੋਲਤ ਘਟੰਤਰ ਚੈਤੰਨ ਗਤਿ ਗੇਹ ਕੈ ॥

ਜੈਸੇ = ਜਿਸ ਪ੍ਰਕਾਰ ਨਿੰਦ੍ਰਾਵੰਤ = ਸੁੱਤਾ ਹੋਇਆ ਪੁਰਖ ਸੁਪਨੰਤਰ = ਸੁਪਨਿਆਂ ਅੰਦਰ ਦਿਸੰਤਰ = ਦੇਸ਼ਾਂ-ਦਿਸ਼ਾਂਤਰਾਂ ਮੈ = ਵਿਚ ਭਰਮਦਾ ਹੈ ਤੇ ਘਟੰਤਰ = ਹਿਰਦੇ ਵਿਚ ਬੋਲਤ = ਬੋਲਦਾ ਹੈ ਭਾਵ ਸੁਪਨੇ ਵਿਚ

ਬਰੜਾਉਂਦਾ ਹੈ, ਪਰ ਜਦ ਜਾਗ ਖੁੱਲ੍ਹਦੀ ਹੈ ਤਾਂ ਚੈਤੰਨ = ਸਾਵਧਾਨੀ ਵਾਲੀ ਗਤਿ = ਦਸ਼ਾ ਵਿਚ ਆਪਣੇ ਗੇਹ = ਘਰ ਵਿਚ ਆ ਜਾਣਾ ਕੈ = ਕਰਦਾ ਹੈ।

ਜੈਸੇ ਤਉ ਪਰੇਵਾ ਤ੍ਰਿਯਾ ਤਿਆਗ ਹੁਇ ਅਕਾਸਚਾਰੀ;
ਦੇਖਿ ਪਰਕਰ ਗਿਰੈ ਤਨ ਬੂੰਦ ਮੇਹ ਕੈ ॥

ਜੈਸੇ ਤਉ = ਜਿਸ ਤਰ੍ਹਾਂ ਪਰੇਵਾ = ਕਬੂਤਰ ਕਬੂਤਰੀ ਨੂੰ ਤਿਆਗ = ਛੱਡ ਕੇ ਅਕਾਸਚਾਰੀ = ਅਕਾਸ਼ ਵਿਚ ਉਡਾਰੀ ਮਾਰਨ ਵਾਲਾ ਹੁਇ = ਹੋ ਜਾਂਦਾ ਹੈ, ਭਾਵ ਅਕਾਸ਼ ਵਿਚ ਉਡਾਰੀਆਂ ਮਾਰਦਾ ਹੈ, ਫਿਰ ਆਪਣੇ ਪਰਕਰ = ਕੁਟੰਬ ਨੂੰ ਵੇਖ ਕੇ ਆਪਣਾ ਤਨ = ਸਰੀਰ ਅਕਾਸ਼ ਤੋਂ ਧਰਤੀ ਵੱਲ ਇਉਂ ਗਿਰੈ = ਡੇਗਣਾ ਕਰਦਾ ਹੈ, ਜਿਵੇਂ ਮੇਹ = ਮੀਂਹ ਦੇ ਵਰਸਣੇ ਕੈ = ਕਰਕੇ ਮੀਂਹ ਦੀ ਬੂੰਦ = ਕਣੀ ਧਰਤੀ 'ਤੇ ਤੇਜ਼ੀ ਨਾਲ ਡਿੱਗਦੀ ਹੈ।

ਤੈਸੇ ਮਨ ਬਚ ਕ੍ਰਮ ਭਗਤ ਜਗਤ ਬਿਖੈ;
ਦੇਖ ਕੈ ਸਨੇਹੀ ਹੋਤ ਬਿਸਮ ਬਿਦੇਹ ਕੈ ॥੬੧੬॥

ਤੈਸੇ = ਉਸੇ ਪ੍ਰਕਾਰ ਜਗਤ = ਸੰਸਾਰ ਬਿਖੈ = ਵਿਚ ਪ੍ਰਭੂ-ਭਗਤੀ ਵਾਲੇ ਆਪਣੇ ਸਨੇਹੀ = ਪਿਆਰਿਆਂ ਸਤਿਸੰਗੀਆਂ ਨੂੰ ਵੇਖ ਕੈ = ਕਰਕੇ ਮਨ, ਬਚ = ਬਾਣੀ, ਕ੍ਰਮ = ਸਰੀਰ ਕਰਕੇ ਬਿਸਮ = ਅਸਚਰਜ ਤੇ ਬਿਦੇਹ = ਸਰੀਰ ਦੇ ਮੋਹ ਤੋਂ ਪਰੇ ਹੋਤ = ਹੋ ਜਾਣਾ ਕੈ = ਕਰਦੇ ਹਨ **ਵਾ:** ਬਿਸਮ = ਅਸਚਰਜ ਤੇ ਬਿਦੇਹ = ਨਿਮਗਨ ਹੀ ਹੋਤ = ਹੋ ਜਾਂਦੇ ਹਨ ॥੬੧੬॥

ਜੈਸੇ ਜੋਧਾ ਜੁਧ ਸਮੇ ਸਸਤ੍ਰ ਸਨਾਹਿ ਸਾਜਿ;
ਲੋਭ ਮੋਹ ਤਿਆਗਿ ਬੀਰ ਖੇਤ ਬਿਖੈ ਜਾਤ ਹੈ ॥

ਜੈਸੇ = ਜਿਸ ਪ੍ਰਕਾਰ ਜੋਧਾ = ਸੂਰਮਾ ਪੁਰਖ ਜੁਧ = ਜੰਗ ਦੇ ਸਮੇ = ਵਕਤ ਆਪਣੇ ਸਰੀਰ ਉੱਤੇ ਸ਼ਸਤਰ ਤੇ ਸਨਾਹਿ = ਸੰਜੋਅ ਸਾਜਿ = ਸਜਾਉਂਦਾ ਹੈ, ਪਦਾਰਥਾਂ ਦਾ ਲੋਭ = ਲਾਲਚ ਤੇ ਸੰਬੰਧੀਆਂ ਦਾ ਮੋਹ = ਸਨੇਹ ਤਿਆਗਿ = ਛੱਡ ਕੇ ਬੀਰ = ਸੂਰਮਾ ਬਣ ਕੇ ਖੇਤ = ਯੁੱਧ ਭੂਮੀ ਬਿਖੈ = ਵਿਚ ਜਾਤ = ਜਾਂਦਾ ਹੈ।

ਸੁਨਤ ਜੁਝਾਊ ਘੋਰ ਮੋਰ ਗਤਿ ਬਿਗਸਾਤ;
ਪੇਖਤ ਸੁਭਟ ਘਟ ਅੰਗ ਨ ਸਮਾਤ ਹੈ ॥

ਜਿਵੇਂ ਮੋਰ ਬੱਦਲ ਦੀ ਘੋਰ = ਗਰਜ ਸੁਣ ਕੇ ਬਿਗਸਾਤ = ਖਿੜ ਜਾਂਦਾ ਹੈ, ਇਉਂ ਜੁਝਾਊ = ਜੰਗੀ ਵਾਜਾ ਸੁਣ ਕੇ ਸੂਰਮਾ ਮੋਰ ਗਤਿ = ਵਾਂਗ ਖਿੜ ਜਾਂਦਾ ਹੈ, ਫੇਰ ਜਿਉਂ ਜਿਉਂ ਸੁਭਟ = ਸੂਰਮਿਆਂ ਦੀਆਂ ਘਟਾਂ ਚੜ੍ਹਦੀਆਂ ਵੇਖਦਾ ਹੈ ਤਾਂ ਅੰਗਾਂ ਵਿਚ ਨ = ਨਹੀਂ ਸਮਾਤ = ਸਮਾਉਂਦਾ ਹੈ।

ਕਰਤ ਸੰਗ੍ਰਾਮ ਸ੍ਵਾਮਿ ਕਾਜਿ ਲਾਗਿ ਜੂਝ ਮਰੈ;
ਕੈ ਤਉ ਰਣ ਜੀਤ ਬੀਤੀ ਕਹਤ ਜੁ ਗਾਤ ਹੈ ॥

ਆਪਣੇ ਸ੍ਵਾਮਿ = ਮਾਲਕ ਦੇ ਕਾਜਿ = ਕੰਮ ਵਿਚ ਲਾਗਿ = ਲੱਗ ਕੇ ਸੰਗ੍ਰਾਮ = ਯੁੱਧ ਕਰਦਾ ਹੋਇਆ

ਜੂਝ = ਲੜ ਮਰੈ = ਮਰਦਾ ਹੈ, ਕੈ = ਜਾਂ ਫੇਰ ਰਣ = ਯੁੱਧ ਜੀਤ = ਜਿੱਤ ਕੇ ਆਉਂਦਾ ਹੈ ਤੇ ਜੋ ਗਾਤਿ = ਦਸ਼ਾ ਜੰਗ ਦੀ ਬੀਤੀ = ਲੰਘੀ ਹੁੰਦੀ ਹੈ, ਉਸ ਨੂੰ ਕਹਤ = ਆਖ ਕੇ ਸੁਣਾਉਂਦਾ ਹੈ।

ਤੈਸੇ ਹੀ ਭਗਤ ਮਤ ਭੇਟਤ ਜਗਤ-ਪਤਿ;
ਮੋਨਿ ਔ ਸਬਦ ਗਦ ਗਦ ਮੁਸਕਾਤ ਹੈ॥੬੧੭॥

ਤੈਸੇ = ਉਸੇ ਤਰ੍ਹਾਂ ਹੀ ਭਗਤ ਜਨ ਦਾ ਮਤ = ਸਿਧਾਂਤ ਹੈ, ਜੋ ਜਗਤ-ਪਤਿ = ਸੰਸਾਰ ਦੇ ਪਤੀ ਪਰਮੇਸ਼ਰ ਨੂੰ ਭੇਟਤ = ਮਿਲ ਕੇ ਮੋਨਿ = ਚੁੱਪ ਹੋ ਜਾਂਦਾ ਹੈ ਔ = ਜਾਂ ਸਬਦ = ਬੋਲਦਾ ਹੋਇਆ ਗਦ ਗਦ = ਅਸ਼ ਅਸ਼ ਕਰ ਉੱਠਦਾ ਹੈ ਤੇ ਮੁਸਕਾਤ = ਮੁਸਕਰਾਉਂਦਾ ਹੈ॥੬੧੭॥

ਜੈਸੇ ਤਉ ਨਰਿੰਦ ਚੜ੍ਹਿ ਬੈਠਤ ਪ੍ਰਯੰਕ ਪਰ;
ਚਾਰੋ ਖੂਟ ਸੈ ਦਰਬ ਦੇਤ ਆਨਿ ਆਨਿ ਕੈ॥

ਜੈਸੇ ਤਉ = ਜਿਸ ਤਰ੍ਹਾਂ ਨਰਿੰਦ = ਰਾਜਾ ਪ੍ਰਯੰਕ = ਪਲੰਘ, ਸਿੰਘਾਸਨ ਪਰ = ਉੱਤੇ ਚੜ੍ਹ ਬੈਠਤ = ਬੈਠਦਾ ਹੈ ਤਾਂ ਚਾਰੇ ਖੂਟ = ਨੁੱਕਰਾਂ, ਭਾਵ ਚਾਰੇ ਤਰਫ਼ਾਂ (ਪੂਰਬ, ਪੱਛਮ, ਉੱਤਰ, ਦੱਖਣ) ਸੈ = ਤੋਂ ਲੋਕ ਦਰਬ = ਦੌਲਤ ਆਨਿ ਆਨਿ = ਲਿਆ ਲਿਆ ਕੈ = ਕੇ ਦੇਤ = ਦਿੰਦੇ ਹਨ।

ਕਾਹੂ ਕਉ ਰਿਸਾਇ ਆਗਿਆ ਕਰਤ ਜਉ ਮਾਰਬੇ ਕੀ;
ਤਾਤਕਾਲ ਮਾਰਿ ਡਾਰੀਅਤ ਪ੍ਰਾਨ ਹਾਨਿ ਕੈ॥

ਰਾਜਾ ਕਾਹੂ = ਕਿਸੇ ਕਉ = ਨੂੰ ਰਿਸਾਇ = ਗ਼ੁੱਸੇ ਨਾਲ ਮਾਰਬੇ = ਮਾਰਨ ਕੀ = ਦੀ ਆਗਿਆ ਜਉ = ਜਦੋਂ ਕਰਤ = ਕਰਦਾ ਹੈ ਤਾਂ ਤਾਤਕਾਲ = ਉਸੇ ਸਮੇਂ ਪ੍ਰਾਣਾਂ ਨੂੰ ਹਾਨਿ = ਨਾਸ਼ ਕੈ = ਕਰ ਕੇ ਉਹ ਮਾਰ ਡਾਰੀਅਤ = ਸੁੱਟਦਾ ਹੈ।

ਕਾਹੂ ਕਉ ਪ੍ਰਸੰਨ ਹੁਇ ਦਿਵਾਵਤ ਹੈ ਲਾਖ ਕੋਟਿ;
ਤੁਰਤ ਭੰਡਾਰੀ ਗਣ ਦੇਤਿ ਆਨ ਮਾਨਿ ਕੈ॥

ਰਾਜਾ ਕਾਹੂ = ਕਿਸੇ ਕਉ = ਨੂੰ ਪ੍ਰਸੰਨ = ਖ਼ੁਸ਼ ਹੁਇ = ਹੋ ਕੇ ਲਾਖ = ਲੱਖਾਂ ਕੋਟਿ = ਕਰੋੜਾਂ ਦੌਲਤ ਦਿਵਾਵਤ = ਦਿਵਾਉਂਦਾ ਹੈ ਭਾਵ ਬਖ਼ਸ਼ਦਾ ਹੈ ਤਾਂ ਭੰਡਾਰੀ = ਖ਼ਜ਼ਾਨਚੀ ਰਾਜੇ ਦਾ ਤੁਰਤ = ਤੁਰੰਤ ਹੀ ਹੁਕਮ ਮਾਨਿ = ਮੰਨ ਕੈ = ਕਰਕੇ ਖ਼ਜ਼ਾਨੇ ਵਿੱਚੋਂ ਗਣ = ਗਿਣ ਕੇ ਧਨ ਆਨ = ਲਿਆ ਕੇ ਦੇਤਿ = ਦੇ ਦਿੰਦਾ ਹੈ।

ਤੈਸੇ ਦੇਤ ਲੇਤ ਹੇਤ ਨੇਤ ਕੈ ਬ੍ਰਹਮ ਗਿਆਨੀ;
ਲੇਪ ਨ ਲਿਪਤ ਹੈ ਬ੍ਰਹਮ ਗਿਆਨ ਸਿਆਨ ਕੈ॥੬੧੮॥

ਤੈਸੇ = ਉਸੇ ਪ੍ਰਕਾਰ ਬ੍ਰਹਮ = ਪਰਮੇਸ਼ਰ ਦੀ ਪ੍ਰਾਪਤੀ ਵਾਲੇ ਗਿਆਨੀ = ਗਿਆਨਵਾਨ ਪੁਰਖ ਨੇਤ = ਪਰਮੇਸ਼ਰ ਦੀ ਚਲਾਈ ਮਰਯਾਦਾ ਕੈ = ਦੇ ਅਨੁਸਾਰ ਤੇ ਗੁਰ-ਉਪਦੇਸ਼ ਦੀ ਪ੍ਰਾਪਤੀ ਕਰਾਉਣ

ਹੇਤ = ਵਾਸਤੇ ਦੇਤ = ਦੇਣ ਲੇਤ = ਲੈਣ ਤੋਂ ਰਹਿਤ ਹੁੰਦੇ ਹਨ ਤੇ ਬ੍ਰਹਮ ਗਿਆਨ ਦੀ ਸਿਆਨ = ਸੋਝੀ ਹੋਣ ਕੈ = ਕਰਕੇ ਆਪ ਕਿਸੇ ਲੇਪ ਵਿਚ ਲਿਪਤ = ਲੁਪਾਇਮਾਨ ਨ = ਨਹੀਂ ਹੁੰਦੇ ਹੈ = ਹਨ **ਵਾ:** ਜਗਿਆਸੂ ਜਨ ਪੁਰਖਾਂ ਨੂੰ ਸਿਆਣ ਕੈ = ਕਰਕੇ ਉਨ੍ਹਾਂ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਾਉਂਦੇ ਹਨ ਤੇ ਆਪ ਕਿਸੇ ਵੀ ਲੇਪ ਵਿਚ ਲੁਪਾਇਮਾਨ ਨਹੀਂ ਹੁੰਦੇ।

ਅਨਭੈ ਭਵਨ ਪ੍ਰੇਮ ਭਗਤਿ ਮੁਕਤਿ ਦ੍ਵਾਰ;
ਚਾਰੋ ਬਸਿ, ਚਾਰੋ ਕੁੰਟ ਰਾਜਤ ਰਾਜਾਨ ਹੈ॥

ਗੁਰਾਂ ਦਾ ਸਤਿਸੰਗਤ ਰੂਪ ਭਵਨ = ਘਰ ਅਨਭੈ = ਅਨੁਭਵੀ, ਪ੍ਰੇਮਾ ਭਗਤਿ = ਭਗਤੀ ਤੇ ਮੁਕਤਿ = ਕੈਵਲ ਮੋਖ ਦਾ ਦ੍ਵਾਰ = ਦੁਆਰਾ ਹੈ ਤੇ ਚਾਰੋ = ਚਾਰੇ ਧਰਮ, ਅਰਥ, ਕਾਮ, ਮੋਖ ਰੂਪ ਪਦਾਰਥ ਗੁਰਾਂ ਦੇ ਵਸਿ = ਅਧੀਨ ਹਨ ਤੇ ਚਾਰੋ = ਚਾਰੇ ਕੁੰਟ = ਦਿਸ਼ਾਵਾਂ ਵਿਚ ਸੱਚਾ ਗੁਰੂ ਰਾਜਿਆਂ ਦਾ ਰਾਜਾਨ = ਰਾਜਾ ਰੂਪ ਹੋ ਕੇ ਰਾਜਤ = ਬਿਰਾਜਮਾਨ ਹੋ ਰਿਹਾ ਹੈ।

ਜਾਗ੍ਰਤ ਸ੍ਵਪਨ ਦਿਨ ਰੈਨ, ਉਠਿ ਬੈਠਿ ਚਲਿ;
ਸਿਮਰਨ ਸ੍ਵਨ ਸੁਕ੍ਰਿਤ ਪਰਵਾਨ ਹੈ॥

ਜੋ ਜੀਵ ਜਾਗ੍ਰਤ = ਜਾਗਦਿਆਂ, ਸ੍ਵਪਨ = ਸੁੱਤਿਆਂ, ਦਿਨ, ਰੈਨ = ਰਾਤ, ਉਠਿ = ਉੱਠਦਿਆਂ, ਬੈਠਿ = ਬੈਠਦਿਆਂ ਚਲਿ = ਤੁਰਦਿਆਂ ਪ੍ਰਭੂ ਦਾ ਸਿਮਰਨ = ਭਜਨ ਕਰਨ ਤੇ ਨਾਮ ਬਾਣੀ ਨੂੰ ਸ੍ਵਨ = ਸੁਣਨ ਤੇ ਪੜ੍ਹਨ ਦੀ ਸੁਕ੍ਰਿਤ = ਸ੍ਰੇਸ਼ਟ ਕ੍ਰਿਤ ਕਰਦੇ ਹਨ, ਐਸੇ ਪੁਰਖ ਪਰਮੇਸ਼ਰ ਨੂੰ ਪਰਵਾਨ = ਪਰਵਾਣਨੀਕ ਹਨ।

ਜੋਈ ਜੋਈ ਆਵੈ ਸੋਈ ਭਾਵੈ ਪਾਵੈ ਨਾਮੁ ਨਿਧ;
ਭਗਤਿ ਵਛਲ ਮਾਨੋ ਬਾਜਤ ਨੀਸਾਨ ਹੈ॥

ਜੋਈ ਜੋਈ = ਜਿਹੜਾ ਜਿਹੜਾ ਵੀ ਸ਼ਰਧਾ ਭਾਵਨਾ ਦੇ ਸਹਿਤ ਗੁਰਾਂ ਦੀ ਸ਼ਰਨ, ਸੰਗਤ ਵਿਚ ਆਵੈ = ਆਉਂਦਾ ਹੈ, ਸੋਈ = ਉਹੋ ਹੀ ਮਨ ਭਾਵੈ = ਭਾਉਂਦੇ ਪਦਾਰਥ ਤੇ ਨਾਮ ਰੂਪ ਨਿਧ = ਖ਼ਜ਼ਾਨੇ ਨੂੰ ਪਾਵੈ = ਪਾਉਂਦਾ ਹੈ, ਪ੍ਰੇਮਾ ਭਗਤਿ = ਭਗਤੀ ਕਰਨ ਵਾਲੇ ਵਛਲ = ਪਿਆਰੇ ਭਗਤਾਂ ਦਾ ਮਾਨੋ = ਮੰਨਣਾ ਕਰੋ ਕਿ ਇਥੇ (ਗੁਰਾਂ ਦੇ ਦੁਆਰੇ) ਨੀਸਾਨ = ਧੌਂਸਾ ਬਾਜਤ = ਵੱਜ ਰਿਹਾ ਹੈ।

ਜੀਵਨ ਮੁਕਤਿ ਸਾਮ ਰਾਜ ਸੁਖ ਭੋਗਵਤ;
ਅਦਭੁਤ ਛਬਿ ਅਤਿ ਹੀ ਬਿਰਾਜਮਾਨ ਹੈ॥੬੧੯॥

ਜੋ ਗੁਰਾਂ ਦੇ ਇਸ ਰਾਜ ਦੀ ਸਾਮ = ਓਟ ਵਿਚ ਆਉਂਦਾ ਹੈ, ਉਹ ਆਤਮਿਕ ਸੁਖ = ਆਨੰਦ ਨੂੰ ਭੋਗਵਤ = ਭੋਗਦਾ ਹੋਇਆ ਜੀਵਨ ਮੁਕਤਿ = ਮੁਕਤੀ ਦੀ ਪ੍ਰਾਪਤੀ ਵਾਲਾ ਹੋ ਜਾਂਦਾ ਹੈ, ਅਜਿਹੀ ਅਦਭੁਤ = ਅਸਚਰਜ ਤੇ ਅਤਿ = ਅਤਿਅੰਤ ਛਬਿ = ਸ਼ੋਭਾ ਮੇਰੇ ਗੁਰਾਂ ਦੇ ਸਤਿਸੰਗਤ ਰੂਪ ਘਰ ਵਿਚ ਹੀ ਬਿਰਾਜਮਾਨ = ਸੁਭਾਇਮਾਨ ਹੈ॥੬੧੯॥

ਲੋਚਨ ਬਿਲੋਕਿ ਰੂਪ ਰੰਗ ਅੰਗ ਅੰਗ ਛਬਿ;
ਸਹਜ ਬਿਨੋਦ ਮੋਦ ਕਉਤਕ ਦਿਖਾਵਹੀ ॥

ਗੁਰਾਂ ਦੇ ਸੁੰਦਰ ਰੂਪ = ਸਰੂਪ, ਰੰਗ ਤੇ ਅੰਗ ਅੰਗ ਦੀ ਛਬਿ = ਸ਼ੋਭਾ (ਸੁੰਦਰਤਾ) ਬਿਲੋਕਿ = ਵੇਖ ਕੇ ਮੇਰੇ ਲੋਚਨ = ਨੇਤਰਾਂ ਨੂੰ ਸਹਜ = ਸੁਤੇ-ਸਿਧ ਹੀ ਬਿਨੋਦ = ਕੌਤਕ, ਮੋਦ = ਖ਼ੁਸ਼ੀ ਦੇ ਕੌਤਕ ਦਿਖਾਵਹੀ = ਦਿਸਣ ਵਿਚ ਆਉਂਦੇ ਹਨ।

ਸ੍ਰਵਨ ਸੁਜਸ ਰਸ ਰਸਿਕ ਰਸਾਲ ਗੁਨ;
ਸੁਨਿ ਸੁਨਿ ਸੁਰਤਿ ਸੰਦੇਸ ਪਹੁਚਾਵਹੀ ॥

ਸ੍ਰਵਨ = ਕੰਨ ਰਸਾਲ (ਰਸ + ਆਲ) ਰਸ = ਰਸਾਂ ਦੇ ਆਲ = ਘਰ ਪੂਰੇ ਗੁਰੂ ਦੇ ਸੁਜਸ = ਸ੍ਰੇਸ਼ਟ ਜੱਸ ਰੂਪ ਗੁਣਾਂ ਨੂੰ ਸੁਨਿ ਸੁਨਿ = ਸੁਣ ਸੁਣ ਕੇ ਉਸ ਰਸ ਦੇ ਰਸਿਕ = ਰਸੀਏ ਹੋ ਕੇ ਸੁਰਤਿ = ਚਿੱਤ ਨੂੰ ਸੁੰਦਰ ਸੰਦੇਸ = ਸੁਨੇਹੇ ਪਹੁਚਾਵਹੀ = ਪਹੁੰਚਾ ਰਹੇ ਹਨ।

ਰਸਨਾ ਸਬਦੁ ਰਾਗ ਨਾਦ ਸ੍ਵਾਦੁ ਬਿਨਤੀ ਕੈ;
ਨਾਸਿਕਾ ਸੁਗੰਧਿ ਸਨਬੰਧ ਸਮਝਾਵਹੀ ॥

ਰਸਨਾ = ਜਿਹਬਾ ਗੁਰ ਸਬਦੁ = ਉਪਦੇਸ਼ ਨੂੰ ਰਾਗ ਨਾਦ ਦਾ ਸੁਆਦ ਬਿਰਤੀ ਨੂੰ ਬਿਨਤੀ = ਅਰਜ਼ੋਈ ਕੈ = ਕਰ ਕੇ ਸਮਝਾ ਰਹੀ ਹੈ, ਨਾਸਿਕਾ = ਨੱਕ ਗੁਰੂ ਸਾਹਿਬ ਜੀ ਦੇ ਚਰਨਾਂ ਕਮਲਾਂ ਦੀ ਸੁਗੰਧਿ = ਵਾਸ਼ਨਾ ਨੂੰ ਲੈ ਲੈ ਕੇ ਆਤਮਿਕ ਸਰੂਪ ਦੀ ਪ੍ਰਾਪਤੀ ਦਾ ਸਨਬੰਧ = ਮੇਲ ਬਿਰਤੀ ਨੂੰ ਸਮਝਾਵਹੀ = ਸਮਝਾ ਰਿਹਾ ਹੈ।

ਸਰਿਤਾ ਅਨੇਕ ਮਾਨੋ ਸੰਗਮ ਸਮੁੰਦ੍ਰ ਗਤਿ;
ਰਿਦੈ ਪ੍ਰਿਯ ਪ੍ਰੇਮ ਨੇਮੁ ਤ੍ਰਿਪਤਿ ਨ ਪਾਵਹੀ ॥੬੨੦॥

ਮੇਰੇ ਰਿਦੈ = ਚਿੱਤ ਵਿਚ ਪ੍ਰਿਯ = ਪਿਆਰੇ ਦਾ ਪ੍ਰੇਮ = ਸਨੇਹ ਮਾਨੋ = ਮੰਨਣਾ ਕਰੋ ਕਿ ਸਮੁੰਦ੍ਰ = ਸਾਗਰ ਦੇ ਗਤਿ = ਵਾਂਗ ਹੋ ਰਿਹਾ ਹੈ, ਜਿਸ ਸਾਗਰ ਵਿਚ ਅਨੇਕ = ਬੇਅੰਤ ਸਰਿਤਾ = ਨਦੀਆਂ ਜਾ ਕੇ ਸੰਗਮ = ਮਿਲਣਾ ਕਰਦੀਆਂ ਹਨ, ਪਰ ਜਿਸ ਪ੍ਰਕਾਰ ਉਸ ਦਾ ਨੇਮੁ = ਨਿਯਮ ਹੈ ਕਿ ਉਹ ਨਦੀਆਂ ਦੇ ਪਾਣੀ ਪੈਣ ਤੋਂ ਉੱਛਲਦਾ ਵੀ ਨਹੀਂ ਤੇ ਤ੍ਰਿਪਤਿ = ਰੱਜਣਾ ਵੀ ਨ = ਨਹੀਂ ਪਾਵਹੀ = ਪਾਉਂਦਾ ਹੈ, ਉਸੇ ਤਰ੍ਹਾਂ ਮੇਰੇ ਚਿੱਤ ਰੂਪ ਸਮੁੰਦਰ ਦਾ ਇਸ ਵੇਲੇ ਦਾ ਹਾਲ ਹੈ॥੬੨੦॥

ਲੋਚਨ ਕ੍ਰਿਪਨ ਅਵਲੋਕਤ ਅਨੂਪ ਰੂਪ;
ਪਰਮ ਨਿਧਾਨ ਜਾਨਿ ਤ੍ਰਿਪਤਿ ਨ ਆਈ ਹੈ ॥

ਮੇਰੇ ਲੋਚਨ = ਨੇਤਰ ਕ੍ਰਿਪਨ = ਕੰਜੂਸ ਹਨ, ਇਸ ਲਈ ਅਨੂਪ = ਉਪਮਾ ਤੋਂ ਰਹਿਤ ਰੂਪ = ਸਰੂਪ ਵਾਲੇ ਤੇ ਪਰਮ = ਸ੍ਰੇਸ਼ਟ ਨਾਮ ਬਾਣੀ ਦੇ ਨਿਧਾਨ = ਖ਼ਜ਼ਾਨੇ ਗੁਰਾਂ ਦੇ ਦੀਦਾਰ ਨੂੰ ਅਵਲੋਕਤ = ਵੇਖ ਕੇ, ਜਾਣ ਤਾਂ ਲੈਣਾ ਕੀਤਾ ਹੈ ਕਿ ਸਤਿਗੁਰੂ ਸਾਹਿਬ ਜੀ ਐਸੇ ਹਨ ਪਰ ਫੇਰ ਵੀ ਮੇਰੇ ਨੇਤਰਾਂ ਨੂੰ ਕੰਜੂਸ ਹੋਣ ਕਰਕੇ ਤ੍ਰਿਪਤਿ = ਤ੍ਰਿਪਤੀ ਨ = ਨਹੀਂ ਆਈ ਹੈ।

ਸ੍ਵਨ ਦਾਰਿਦ੍ਰੀ ਸੁਨਿ ਅੰਮ੍ਰਿਤ ਬਚਨ ਪ੍ਰਿਯ;
ਅਚ੍ਵਤਿ ਸੁਰਤਿ ਪਿਆਸ ਨ ਮਿਟਾਈ ਹੈ॥

ਮੇਰੇ ਸ੍ਵਨ = ਕੰਨ ਦਾਰਿਦ੍ਰੀ = ਨਿਰਧਨ ਹਨ, ਇਹ ਪ੍ਰਿਯ = ਪਿਆਰੇ ਗੁਰਾਂ ਦੇ ਅੰਮ੍ਰਿਤਮਈ ਬਚਨ = ਉਪਦੇਸ਼ ਨੂੰ ਸੁਣਦੇ ਹਨ, ਉਸ ਉਪਦੇਸ਼ ਨੂੰ ਸੁਰਤਿ = ਸ੍ਰੇਸ਼ਟ ਪ੍ਰੀਤੀ ਦੇ ਸਹਿਤ ਸੁਣਦੇ ਹੋਏ ਮਾਨੋ ਅੰਮ੍ਰਿਤ ਨੂੰ ਅਚ੍ਵਤਿ = ਛਕਣਾ, ਪੀਣਾ ਕਰਦੇ ਹਨ, ਫਿਰ ਵੀ ਇਨ੍ਹਾਂ ਦੀ ਅੰਮ੍ਰਿਤਮਈ ਬਚਨ ਸੁਣਨ ਵੱਲੋਂ ਪਿਆਸ = ਤ੍ਰੇਹ ਮਿਟਾਈ = ਮਿਟਦੀ ਨ = ਨਹੀਂ ਹੈ।

ਰਸਨਾ ਰਟਤ ਗੁਨ ਗੁਰੂ ਅਗ੍ਰਨੀਵ ਗੂੜ;
ਚਾਤ੍ਰਿਕ ਜੁਗਤਿ ਗਤਿ ਮਤਿ ਨ ਅਘਾਈ ਹੈ॥

ਰਸਨਾ = ਜਿਹਬਾ ਅਗ੍ਰਨੀਵ = ਮੁਖੀ ਗੁਰੂ ਸਾਹਿਬ ਜੀ ਦੇ ਗੂੜ = ਡੂੰਘੇ, ਅੰਤਰੀਵ ਭਾਵ ਵਾਲੇ ਗੁਨ = ਗੁਣਾਂ ਨੂੰ ਰਟਤ = ਉਚਾਰਦੀ ਹੈ ਲੇਕਿਨ ਚਾਤ੍ਰਿਕ = ਪਪੀਹੇ ਦੀ ਜੁਗਤਿ = ਜੁਗਤੀ ਗਤਿ = ਵਾਂਗ ਉਸ ਦੇ ਵਿਚ ਮਤਿ = ਮਸਤ ਹੋਈ ਅਘਾਈ = ਰੱਜਦੀ ਨ = ਨਹੀਂ ਹੈ।

ਪੇਖਤ ਸੁਨਤਿ ਸਿਮਰਤਿ ਬਿਸਮਾਦ ਰਸਿ;
ਰਸਿਕ ਪ੍ਰਗਾਸੁ ਪ੍ਰੇਮ ਤ੍ਰਿਸਨ ਬਢਾਈ ਹੈ॥੬੨੧॥

ਪੇਖਤ = ਵੇਖਦਿਆਂ, ਸੁਨਤਿ = ਸੁਣਦਿਆਂ, ਸਿਮਰਤਿ = ਯਾਦ ਕਰਦਿਆਂ ਮੇਰੇ ਰਸ ਵਾਲੇ ਚਿੱਤ ਉੱਤੇ ਬਿਸਮਾਦ = ਅਸਚਰਜਮਈ ਰਸ ਦਾ ਪ੍ਰਗਾਸ = ਚਾਨਣਾ ਪਾ ਰਿਹਾ ਹੈ, ਲੇਕਿਨ ਪ੍ਰੇਮ = ਸਨੇਹ ਹੋਰ ਵਿਸਮਾਦੀ ਰਸ ਲੈਣ ਦੀ ਤ੍ਰਿਸਨ = ਤ੍ਰਿਸ਼ਨਾ ਨੂੰ ਬਢਾਈ = ਵਧਾ ਰਿਹਾ ਹੈ॥੬੨੧॥

ਦ੍ਰਿਗਨ ਮੈ ਦੇਖਤ ਹੌ, ਦ੍ਰਿਗ ਹੂ ਜੋ ਦੇਖਿਓ ਚਾਹੈ;
ਪਰਮ ਅਨੂਪ ਰੂਪ ਸੁੰਦਰ ਦਿਖਾਈਐ॥

ਹੇ ਮਹਾਰਾਜ ! ਮੈਂ ਆਪਣੇ ਪ੍ਰਤੱਖ, ਮਨ, ਬੁੱਧ ਰੂਪ ਦ੍ਰਿਗਨ = ਨੇਤਰਾਂ ਮੈ = ਵਿਚ ਆਪ ਜੀ ਦਾ ਅਤਿਅੰਤ ਸ਼ੋਭਨੀਕ ਦੀਦਾਰ ਦੇਖਤ = ਵੇਖ ਰਿਹਾ ਹਾਂ, ਜੋ ਮੇਰੇ ਦ੍ਰਿਗ = ਨੇਤਰ ਹੂ = ਨਿਸ਼ਚੇ ਕਰਕੇ ਦੇਖਿਓ = ਵੇਖਣਾ ਚਾਹੈ = ਚਾਹੁੰਦੇ ਹਨ, ਉਹ ਆਪ ਜੀ ਭਲੀ-ਭਾਂਤ ਜਾਣਦੇ ਹੋ। ਇਸ ਲਈ ਆਪ ਜੀ ਆਪਣਾ ਪਰਮ = ਸ੍ਰੇਸ਼ਟ ਅਨੂਪ = ਉਪਮਾ ਤੋਂ ਰਹਿਤ ਸੁੰਦਰ = ਸੋਹਣਾ ਰੂਪ = ਸਰੂਪ ਮੈਨੂੰ ਸਦਾ ਦਿਖਾਈਐ = ਦਿਖਾਉਂਦੇ ਹੀ ਰਹਿਣਾ ਕਰਿਓ।

ਸ੍ਵਨ ਮੈ ਸੁਨਤ ਜੁ ਸ੍ਵਨ ਹੂੰ ਸੁਨਿਓ ਚਾਹੈ;
ਅਨਹਦ ਸਬਦ ਪ੍ਰਸੰਨ ਹੁਇ ਸੁਨਾਈਐ॥

ਹੇ ਮਹਾਰਾਜ ! ਮੇਰੇ ਪ੍ਰਤੱਖ ਤੇ ਸ਼ਰਧਾ ਤੇ ਵਿਸ਼ਵਾਸ ਰੂਪੀ ਸ੍ਵਨ = ਕੰਨ ਆਪ ਜੀ ਦਾ ਜੱਸ ਹਰ ਵਕਤ ਸੁਨਤ = ਸੁਣਦੇ ਹਨ, ਸ੍ਵਨ = ਕੰਨ ਜੁ = ਜੋ ਹੂੰ = ਨਿਸ਼ਚੇ ਕਰਕੇ ਹਰ ਵਕਤ ਆਪ ਜੀ ਦਾ ਜੱਸ

ਸੁਨਿਓ = ਸੁਣਨਾ ਚਾਹੈ = ਚਾਹੁੰਦੇ ਹਨ। ਇਹ ਆਪ ਜੀ ਭਲੀਭਾਂਤ ਜਾਣਦੇ ਹੋ, ਇਸ ਲਈ ਆਪ ਜੀ ਕ੍ਰਿਪਾ ਕਰਕੇ ਮੇਰੇ ਕੰਨਾਂ ਨੂੰ ਅਨਹਦ = ਹੱਦ ਤੋਂ ਰਹਿਤ ਸਬਦ = ਉਪਦੇਸ਼ (ਬਚਨ) ਅਤਿਅੰਤ ਪ੍ਰਸੰਨ = ਖ਼ੁਸ਼ ਹੁਇ = ਹੋ ਕੇ ਹਰ ਵਕਤ ਸੁਨਾਈਐ = ਸੁਣਾਉਂਦੇ ਰਹਿਣਾ ਕਰੀਏ ਜੀ।

ਰਸਨਾ ਮੈ ਰਟਤ, ਜੁ ਰਸਨਾ ਹੂੰ ਰਸੇ ਚਾਹੈ;
ਪ੍ਰੇਮ ਰਸੁ ਅੰਮ੍ਰਿਤ ਚੁਆਇ ਕੈ ਚਖਾਈਐ ॥

ਹੇ ਮਹਾਰਾਜ ! ਮੈ = ਮੇਰੀ ਰਸਨਾ = ਜਿਹਬਾ ਆਪ ਜੀ ਦੇ ਕੀਰਤਨ ਰੂਪ ਵਿਚ ਗੁਣ ਰਟਤ = ਰਟਤੀ, ਸਿਮਰਦੀ ਰਹਿੰਦੀ ਹੈ, ਜਿਹਬਾ = ਰਸਨਾ ਜੁ = ਜੋ ਹੂੰ = ਨਿਸ਼ਚੇ ਕਰਕੇ ਹਰ ਵਕਤ ਆਪ ਜੀ ਦੇ ਕੀਰਤਨ ਰੂਪ ਗੁਣਾਂ ਨੂੰ ਰਸੇ = ਰਸ ਦੇ ਸਹਿਤ ਸਿਮਰਣਾ ਚਾਹੈ = ਚਾਹੁੰਦੀ ਹੈ, ਇਹ ਆਪ ਜੀ ਵੀ ਭਲੀਭਾਂਤ ਜਾਣਦੇ ਹੋ, ਇਸ ਲਈ ਆਪ ਜੀ ਕ੍ਰਿਪਾ ਕਰਕੇ ਉਸ ਪ੍ਰੇਮ = ਸਨੇਹ ਦਾ ਅੰਮ੍ਰਿਤਮਈ ਰਸ = ਸੁਆਦ ਮੇਰੀ ਰਸਨਾ 'ਤੇ ਚੁਆਇ = ਚੋਅ ਕੈ = ਕਰਕੇ ਸਦਾ ਹੀ ਚਖਾਈਐ = ਚਖਾਉਂਦੇ ਰਹਿਣਾ ਕਰਿਓ ਜੀ।

ਮਨ ਮਹਿ ਬਸਹੁ ਮਲਿ ਮਯਾ ਕੀਜੈ ਮਹਾਰਾਜ;
ਧਾਵਤ ਬਰਜ ਉਨਮਨ ਲਿਵ ਲਾਈਐ ॥੬੨॥

ਹੇ ਮਹਾਰਾਜ ! ਮਯਾ = ਕਿਰਪਾ ਕੀਜੈ = ਕਰਨਾ ਕਰੋ, ਮੇਰੇ ਅੰਦਰੋਂ ਔਗੁਣਾਂ ਨੂੰ ਮਲਿ = ਰਗੜ, ਦੂਰ ਕਰ ਕੇ ਮੇਰੇ ਮਨ ਮਹਿ = ਵਿਚ ਬਸਹੁ = ਵੱਸਣਾ ਕਰੋ ਅਤੇ ਇਸ ਮਨ ਨੂੰ ਦੇਸ਼ਾਂ ਦੇਸ਼ਾਂਤਰਾਂ ਵਿਚ ਫੁਰਨਾ ਰੂਪ ਹੋ ਕੇ ਧਾਵਤ = ਦੌੜਦੇ ਹੋਏ ਨੂੰ ਬਰਜ = ਰੋਕ ਕੇ ਇਸ ਦੀ ਲਿਵ = ਬਿਰਤੀ ਉਨਮਨ = ਤੁਰੀਆ ਅਵਸਥਾ ਵਿਚ ਲਾਈਐ = ਲਾ ਦੇਣਾ ਕਰੋ ਜੀ ॥੬੨॥

ਨਿੰਦ੍ਰਾ ਮੈ ਕਹਾ ਥਉ ਜਾਇ, ਖੁਧਿਆ ਮੈ ਕਹਾ ਥਉ ਖਾਇ;
ਤ੍ਰਿਖਾ ਮੈ ਕਹਾ ਜਰਾਇ ਕਹਾ ਜਲ ਪਾਨ ਹੈ ॥

ਨਿੰਦ੍ਰਾ = ਨੀਂਦ ਵਾਲੀ ਅਵਸਥਾ ਮੈ = ਵਿਚ ਕਹਾ = ਕੀ ਪਤਾ ਜੀਵ ਥਉ = ਕਿਥੋਂ ਤਕ ਜਾਇ = ਜਾਂਦਾ ਹੈ, ਖੁਧਿਆ = ਭੁੱਖ ਮੈ = ਵਿਚ ਕਹਾ = ਕੀ ਪਤਾ ਥਉ = ਕਿਥੇ ਬੈਠ ਕੇ ਜੀਵ ਭੋਜਨ ਖਾਇ = ਖਾਂਦਾ ਹੈ ਭਾਵ ਭੁੱਖ ਲੱਗੀ ਤੋਂ ਕੋਈ ਵੀ ਮਨੁੱਖ ਭੋਜਨ ਖਾਣ ਵੇਲੇ ਜਗ੍ਹਾ ਨਹੀਂ ਦੇਖਦਾ, ਤ੍ਰਿਖਾ = ਪਿਆਸ ਲੱਗੀ ਮੈ = ਵਿਚ ਜਰਾਏ = ਜਲਨ ਕਹਾ = ਕਿਥੇ ਹੁੰਦੀ ਹੈ, ਪਿਆਸ ਦੀ ਨਵਿਰਤੀ ਲਈ ਜਲ = ਪਾਣੀ ਪਾਨ = ਪੀਣਾ ਕਿਵੇਂ ਸੀਤਲਤਾ ਪਾਉਂਦਾ ਹੈ।

ਹਸਨ ਰੋਵਨ ਕਹਾ, ਕਹਾ ਪੁਨਿ ਚਿੰਤਾ ਚਾਉ;
ਕਹਾ ਭਯ ਭਾਉ ਭੀਰ, ਕਹਾ ਥਉ ਭਯਾਨ ਹੈ ॥

ਹਸਨ = ਹੱਸਣਾ, ਰੋਵਨ = ਰੋਣਾ ਕਹਾ = ਕੀ ਹੈ, ਪੁਨਿ = ਫੇਰ ਚਿੰਤਾ = ਫ਼ਿਕਰ ਤੇ ਚਾਉ = ਉਤਸ਼ਾਹ ਕਹਾ = ਕੀ ਹੈ, ਭਯ = ਡਰ, ਭਾਉ = ਪ੍ਰੇਮ, ਭੀਰ = ਭੀੜਾ ਕਹਾ = ਕੀ ਹੈ ਤੇ ਭਯਾਨ = ਭਿਆਨਕ ਕਹਾ = ਕੀ ਤੇ ਥਉ = ਕਿਥੋਂ ਹੁੰਦੀ ਹੈ ?

ਹਿਚਕੀ ਡਕਾਰ ਔ ਖੰਘਾਰ ਜੰਮਹਾਈ ਛੀਕ;
ਅਪਸਰ ਗਾਤ ਖੁਜਲਾਤ ਕਹਾ ਆਨ ਹੈ॥

ਹਿਚਕੀ, ਡਕਾਰ ਔ = ਅਤੇ ਖੰਘਾਰ = ਖੰਘ ਜੰਮਹਾਈ = ਉਬਾਸੀ, ਛੀਕ = ਛਿੱਕ ਗਾਤ = ਸਰੀਰ ਵਿੱਚੋਂ ਅਪਸਰ = ਭੈੜੀ ਹਵਾ ਸਰਨੀ, ਸਰੀਰ ਨੂੰ ਖੁਜਲਾਤ = ਖੁਰਕਣਾ ਆਦਿ ਆਨ = ਹੋਰ ਬਹੁਤ ਸਾਰੀਆਂ ਗੱਲਾਂ ਕਹਾ = ਕੀ ਹੈ = ਹਨ ?

ਕਾਮ ਕ੍ਰੋਧ ਲੋਭ ਮੋਹ ਅਹੰਮੇਵ ਟੇਵ ਕਹਾਂ;
ਸਤ ਅਉ ਸੰਤੋਖ ਦਇਆ ਧਰਮ ਨ ਜਾਨ ਹੈ॥੬੨੩॥

ਕਾਮ = ਮੰਦ ਵਾਸ਼ਨਾ, ਕ੍ਰੋਧ = ਗ਼ੁੱਸਾ, ਲੋਭ = ਲਾਲਚ, ਮੋਹ = ਸਨੇਹ, ਅਹੰਮੇਵ = ਹੰਕਾਰ ਤੇ ਜੀਵਾਂ ਦਾ ਟੇਵ = ਸੁਭਾਵ ਆਦਿ ਕਹਾ = ਕੀ ਹਨ, ਸਤ = ਸੱਚ ਬੋਲਣਾ ਅਉ = ਅਤੇ ਸੰਤੋਖ = ਸਬਰ, ਦਇਆ = ਤਰਸ ਤੇ ਧਰਮ ਆਦਿ ਇਨ੍ਹਾਂ ਬਾਬਤ ਕੋਈ ਨ = ਨਹੀਂ ਜਾਨ = ਜਾਣਦਾ ਹੈ ਕਿ ਇਹ ਕੀ ਹਨ ॥੬੨੩॥

ਪੰਚ ਤਤ ਮੇਲ ਪਿੰਡ ਲੋਕ ਬੇਦ ਕਹੈਂ;
ਪਾਂਚੋ ਤਤ ਕਹੋ ਕਾਹੇ ਭਾਂਤਿ ਰਚਤ ਭੇ ਆਦਿ ਹੀ॥

ਪੰਚ = ਪੰਜ ਤੱਤਾਂ ਦੇ ਮੇਲ = ਮਿਲਾਪ ਤੋਂ ਪਿੰਡ = ਸਰੀਰ ਬਣਦਾ ਹੈ, ਇਹ ਸੂਝਵਾਨ ਲੋਕ ਅਤੇ ਵੇਦ ਸ਼ਾਸਤਰ ਕਹੈਂ = ਕਹਿੰਦੇ ਹਨ, ਪਰੰਤੂ ਕਹੋ = ਦੱਸਣਾ ਕਰੋ ਕਿ ਪਾਂਚੋ = ਪੰਜੇ ਤੱਤ ਆਦਿ = ਮੁੱਢ ਵਿਚ ਕਾਹੇ = ਕਿਸ ਭਾਂਤਿ = ਤਰ੍ਹਾਂ ਰਚਤ = ਰਚੇ ਭੇ = ਹੋਏ, ਗਏ ਸਨ।

ਕਾਹੇ ਸੇ ਧਰਨ ਧਾਰੀ ਧੀਰਜ ਕੈਸੇ ਬਿਥਾਰੀ;
ਕਾਹੇ ਸਿਉਂ ਗੜਿਓ ਅਕਾਸ ਠਾਢੋ ਬਿਨ ਪਾਦ ਹੀ॥

ਕਾਹੇ = ਕਿਸ ਦੇ ਆਸਰੇ ਸੇ = ਤੋਂ ਧਰਨ = ਧਰਤੀ ਧਾਰੀ = ਧਾਰੀ, ਟਿਕਾਉਣਾ ਕੀਤੀ ਹੈ ਤੇ ਕੈਸੇ = ਕਿਸ ਧੀਰਜ = ਟਿਕਾਅ ਵਿਚ ਧਰਤੀ ਦਾ ਬਿਥਾਰੀ = ਫੈਲਾਅ ਕੀਤਾ ਹੋਇਆ ਹੈ ? ਕਾਹੇ = ਕਿਸ ਸਿਉਂ = ਨਾਲ ਅਕਾਸ਼ ਗੜਿਓ = ਗੱਡਿਆ ਹੋਇਆ ਹੈ, ਜੋ ਪਾਦ = ਪੈਰਾਂ ਤੋਂ ਬਿਨ = ਬਗ਼ੈਰ ਹੀ ਠਾਢੋ = ਖੜਾ ਹੈ।

ਕਾਹੇ ਸੋਂ ਸਲਿਲ ਸਾਜੇ, ਸੀਤਲ ਪਵਨ ਬਾਜੇ;
ਅਗਨਿ ਤਪਤ ਕਾਹੇ ਅਤਿ ਬਿਸਮਾਦ ਹੀ॥

ਕਾਹੇ = ਕਿਸ ਸੋਂ = ਨਾਲ ਸਲਿਲ = ਪਾਣੀ ਸਾਜੇ = ਸਾਜਨਾ, ਬਣਾਉਣਾ ਕੀਤਾ ਹੈ ਤੇ ਕਿਵੇਂ ਸੀਤਲ = ਠੰਢੀ ਪਵਨ = ਹਵਾ ਬਾਜੇ = ਅਵਾਜ਼ ਕਰਦੀ ਹੈ, ਅਗਨਿ = ਅੱਗ ਕਾਹੇ = ਕਿਸ ਨਾਲ ਤਪਤ = ਤਪਦੀ ਹੈ ? ਇਹ ਅਤਿ = ਅਤਿਅੰਤ ਹੀ ਬਿਸਮਾਦ = ਅਸਚਰਜਮਈ ਖੇਲ ਹੈ।

ਕਾਰਨ ਕਰਨ ਦੇਵ ਅਲਖ ਅਭੇਵ ਨਾਥ;
ਉਨ ਕੀ ਭੀ ਓਹੀ ਜਾਨੈ ਬਕਨੋ ਹੈ ਬਾਦ ਜੀ ॥੬੨੪॥

ਇਨ੍ਹਾਂ ਸਾਰਿਆਂ ਕਾਰਨ = ਕਾਰਜਾਂ ਨੂੰ ਕਰਨ ਵਾਲਾ ਅਲਖ = ਲਖਣ ਤੋਂ ਰਹਿਤ, ਅਭੇਵ = ਭੇਦ-ਭਾਵ ਤੋਂ ਰਹਿਤ ਨਾਥ = ਮਾਲਕ ਪਰਮੇਸ਼ਰ ਆਪ ਹੀ ਹੈ, ਉਨ = ਉਸ ਕੀ = ਦੀ ਰਚਤ ਸ੍ਰਿਸ਼ਟੀ ਹਵਾ, ਪਾਣੀ ਆਦਿ ਬਾਰੇ ਭੀ = ਵੀ ਓਹੀ = ਉਹ ਆਪ ਹੀ ਜਾਨੈ = ਜਾਣਦਾ ਹੈ, ਇਸ ਬਾਰੇ ਕੁਝ ਬਕਨੋ = ਕਹਿਣਾ ਬਿਲਕੁਲ ਬਾਦ = ਬੇਅਰਥ ਹੀ ਹੈ ਜੀ ॥੬੨੪॥

ਜੈਸੇ ਜਲ ਸਿੰਚ ਸਿੰਚ ਕਾਸਟ ਸਮਥ ਕੀਨੇ;
ਜਲ ਸਨਬੰਧ ਪੁਨਿ ਬੋਹਿਥਾ ਬਿਸ੍ਵਾਸ ਹੈ ॥

ਜੈਸੇ = ਜਿਸ ਪ੍ਰਕਾਰ ਜਲ = ਪਾਣੀ ਸਿੰਚ ਸਿੰਚ = ਸਿੰਜ ਸਿੰਜ ਕੇ ਕਾਸਟ = ਲੱਕੜ ਨੂੰ ਸਮਥ = ਸਮਰੱਥ ਬਣਾਉਣਾ ਕੀਨੇ = ਕਰਦਾ ਹੈ, ਫੇਰ ਉਸੇ ਲੱਕੜ ਦਾ ਬੋਹਿਥਾ = ਜਹਾਜ਼ ਬਣਾਈਦਾ ਹੈ, ਇਸ ਬਿਸ੍ਵਾਸ = ਭਰੋਸੇ ਕਿ ਜਲ = ਪਾਣੀ ਦੇ ਸਨਬੰਧ = ਮਿਲਾਪ ਵਿਚ ਤਿਆਰ ਹੋਣ ਕਰਕੇ ਪਾਣੀ ਵਿਚ ਡੁੱਬੇਗਾ ਨਹੀਂ।

ਪਵਨ ਪ੍ਰਸੰਗ ਸੋਈ ਕਾਸਟ ਸ੍ਰੀ-ਖੰਡ ਹੋਤ;
ਮਲਯਾਗਿਰ ਬਾਸਨਾ ਸੁ ਮੰਡ ਪਰਗਾਸ ਹੈ ॥

ਸੋਈ = ਉਹੋ ਕਾਸਟ = ਲੱਕੜ ਮਲਯਾਗਿਰ = ਚੰਦਨ ਬ੍ਰਿਛ ਦੇ ਰੂਪ ਵਿਚ ਪਵਨ = ਹਵਾ ਪ੍ਰਸੰਗ = ਨਾਲ ਮਿਲ ਕੇ ਸ੍ਰੀ-ਖੰਡ = ਵਧੀਆ ਕਿਸਮ ਦਾ ਚੰਦਨ ਹੋਤ = ਹੋ ਜਾਂਦੀ ਹੈ, ਸੁ = ਉਹ ਮੰਡ = ਸੰਵਰੀ ਹੋਈ ਲੱਕੜ ਭਾਵ ਚੰਦਨ ਹੋਏ ਬ੍ਰਿਛਾਂ ਤੋਂ ਚੰਦਨ ਦੀ ਬਾਸਨਾ = ਸੁਗੰਧੀ ਪਰਗਾਸ = ਪ੍ਰਕਾਸ਼ ਪਾਉਂਦੀ ਹੈ।

ਪਾਵਕ ਪਰਸ ਭਸਮੀ ਕਰਤ ਦੇਹ ਗੇਹ;
ਮਿਤ੍ਰ ਸਤ੍ਰ ਸਗਲ ਸੰਸਾਰ ਹੀ ਬਿਨਾਸ ਹੈ ॥

ਉਹੋ ਲੱਕੜ ਪਾਵਕ = ਅੱਗ ਨਾਲ ਪਰਸ = ਛੂਹ ਕੇ ਗੇਹ = ਘਰ ਤੇ ਦੇਹ = ਸਰੀਰ ਨੂੰ ਭਸਮੀ = ਸੁਆਹ ਕਰਤ = ਕਰ ਦਿੰਦੀ ਹੈ ਅਤੇ ਮਿਤ੍ਰ = ਸੱਜਣ ਸਤ੍ਰ = ਦੁਸ਼ਮਣ ਤੇ ਸਗਲ = ਸਾਰੇ ਸੰਸਾਰ = ਜਗਤ ਦਾ ਹੀ ਬਿਨਾਸ = ਨਾਸ਼ ਕਰ ਦਿੰਦੀ ਹੈ।

ਤੈਸੇ ਆਤਮਾ ਤ੍ਰਿਗੁਨ ਤ੍ਰਿਬਿਧ ਸਕਲ ਸਿਵ;
ਸਾਧ ਸੰਗ ਭੇਟਤ ਹੀ ਸਾਧ ਕੋ ਅਭਿਆਸ ਹੈ ॥੬੨੫॥

ਤੈਸੇ = ਉਸੇ ਪ੍ਰਕਾਰ ਆਤਮਾ ਤ੍ਰਿਗੁਨ = ਤਿੰਨ ਗੁਣਾਂ ਨਾਲ ਮਿਲ ਕੇ ਤ੍ਰਿਬਿਧ = ਤਿੰਨ ਵਿਧੀਆਂ ਨੂੰ ਦਿਖਾਉਂਦਾ ਹੈ, ਸਾਧ = ਸ੍ਰੇਸ਼ਟ ਜਨਾਂ ਦੀ ਸੰਗ = ਸੰਗਤ ਨਾਲ ਭੇਟਤ = ਮਿਲਦਿਆਂ ਸਾਰ ਹੀ ਸਾਧ = ਸ੍ਰੇਸ਼ਟ ਜਨਾਂ ਤੋਂ ਸਿੱਖਿਆ ਲੈ ਕੇ ਨਾਮ ਬਾਣੀ ਦਾ ਅਭਿਆਸ ਕਰਦਾ ਹੈ ਤੇ ਇਉਂ ਸਕਲ = ਸਾਰਾ ਹੀ ਸਿਵ = ਕਲਿਆਣ ਸਰੂਪ ਹੋ ਜਾਂਦਾ ਹੈ ॥੬੨੫॥

ਕਵਨ ਅੰਜਨ ਕਰਿ ਲੋਚਨ ਬਿਲੋਕੀਅਤ;
ਕਵਨ ਕੁੰਡਲ ਕਰਿ ਸ੍ਰਵਨ ਸੁਨੀਜੀਐ ॥

ਉਹ ਪਿਆਰਾ ਪਰਮੇਸ਼ਰ ਕਵਨ = ਕਿਹੜੇ ਅੰਜਨ = ਸੁਰਮੇ ਕਰਿ = ਕਰਕੇ ਲੋਚਨ = ਨੇਤਰਾਂ ਨਾਲ ਬਿਲੋਕੀਅਤ = ਵੇਖਣਾ ਕਰੀਦਾ ਹੈ, ਕਵਨ = ਕਿਹੜੇ ਕੁੰਡਲ = ਕੁੰਡਲਾਂ (ਕੰਨਾਂ ਦੇ ਗਹਿਣਿਆਂ) ਕਰਿ = ਕਰਕੇ ਸ੍ਰਵਨ = ਕੰਨਾਂ ਨਾਲ ਉਸ ਦੇ ਪ੍ਰਾਪਤੀ ਵਾਲੇ ਬਚਨਾਂ ਨੂੰ ਸੁਨੀਜੀਐ = ਸੁਣਨਾ ਕਰੀਦਾ ਹੈ।

ਕਵਨ ਤੰਮੋਲ ਕਰਿ ਰਸਨਾ ਸੁਜਸੁ ਰਸੈ;
ਕਉਨ ਕਰਿ ਕੰਕਨ ਨਮਸਕਾਰ ਕੀਜੀਐ ॥

ਕਵਨ = ਕਿਹੜੇ ਤੰਮੋਲ = ਪਾਨ ਦੇ ਚੱਬਣੇ ਕਰਿ = ਕਰਕੇ ਰਸਨਾ = ਜਿਹਬਾ ਉਸ ਦੇ ਸੁਜਸੁ = ਸ੍ਰੇਸ਼ਟ ਕੀਰਤਨ ਵਿਚ ਰਸੈ = ਰਸਦੀ ਹੈ ? ਕਉਨ = ਕਿਹੜੇ ਕੰਕਨ = ਕੰਗਣ ਕਰਿ = ਹੱਥਾਂ ਵਿਚ ਪਾਉਣ ਕਰਕੇ ਉਸ ਨੂੰ ਨਮਸਕਾਰ = ਬੰਦਨਾ ਕੀਜੀਐ = ਕਰੀਦੀ ਹੈ।

ਕਵਨ ਕੁਸਮ ਹਾਰ ਕਰਿ ਉਰ ਧਾਰੀਅਤ;
ਕਉਨ ਅੰਗੀਆ ਸੁ ਕਰ ਅੰਕਮਾਲ ਦੀਜੀਐ ॥

ਕਵਨ = ਕਿਹੜੇ ਕੁਸਮ = ਫੁੱਲਾਂ ਦੇ ਹਾਰ ਕਰਿ = ਕਰਕੇ ਉਸ ਨੂੰ ਉਰ = ਹਿਰਦੇ ਵਿਚ ਧਾਰੀਅਤ = ਵਸਾਉਣਾ ਕਰੀਦਾ ਹੈ, ਕਉਨ = ਕਿਹੜੀ ਅੰਗੀਆ = ਕੁੜਤੀਆਂ ਭਾਵ ਸਰੀਰ ਉੱਤੇ ਸੋਹਣੇ ਬਸਤਰ ਪਾ ਕੇ ਕਰ = ਹੱਥਾਂ ਨਾਲ ਸੁ = ਉਸ ਨੂੰ ਅੰਕਮਾਲ = ਜੱਫੀ ਵਿਚ ਦੀਜੀਐ = ਲੈਣਾ, ਪਾਉਣਾ ਕਰੀਦਾ ਹੈ।

ਕਉਨ ਹੀਰ ਚੀਰ ਲਪਟਾਇ ਕੈ ਲਪੇਟ ਲੀਜੈ;
ਕਵਨ ਸੰਜੋਗ ਪ੍ਰਿਯਾ ਪ੍ਰੇਮ ਰਸੁ ਪੀਜੀਐ ॥੬੨੬॥

ਕਉਨ = ਕਿਹੜੇ ਹੀਰ = ਹੀਰੇ ਆਦਿ ਕੀਮਤੀ ਗਹਿਣੇ ਪਹਿਨ ਕੇ ਤੇ ਸੁੰਦਰ ਚੀਰ = ਬਸਤਰ ਪਹਿਨ ਕੈ = ਕਰਕੇ ਉਸ ਨੂੰ ਲਪੇਟ ਲੀਜੈ = ਲੈਣਾ ਕਰੀਦਾ ਹੈ ਤੇ ਕਵਨ = ਕਿਹੜੇ ਸੰਜੋਗ ਕਰਕੇ ਪ੍ਰਿਯਾ = ਪਿਆਰੇ ਦੀ ਪ੍ਰਾਪਤੀ ਵਾਲਾ ਪ੍ਰੇਮ ਰਸ ਪੀਜੀਐ = ਪੀਣਾ ਕਰੀਦਾ ਹੈ ॥੬੨੬॥

ਭਾਈ ਸਾਹਿਬ ਜੀ ਨੇ ਅਗਲੇ ਕਬਿੱਤ ਵਿਚ ਇਕ ਹਿੰਦੂ ਲੜਕੀ ਦਾ ਰੂਪਕ ਦਿੱਤਾ ਹੈ ਜੋ ਵਰ ਪ੍ਰਾਪਤੀ ਲਈ ਤੇ ਸ਼ੁਭ ਸੰਜੋਗ ਲਈ ਦੇਵਤਿਆਂ ਨੂੰ ਅਰਾਧਨਾ ਕਰਦੀ ਹੈ ਤੇ ਸ਼ੁਭ ਲਗਨਾਂ, ਸ਼ੁਭ ਅਸੀਸਾਂ ਨੂੰ ਮੰਗਣਾ ਕਰਦੀ ਹੈ।

ਗਵਰਿ ਮਹੇਸ ਅਉ ਗਨੇਸ ਸੇ ਸਹਸਰਸੁ;
ਪੂਜਾ ਕਰਿ ਬੇਨਤੀ ਬਖਾਨਿਓ ਹਿਤ ਚੀਤ ਹੁਇ ॥

ਹੇ ਗਵਰਿ = ਪਾਰਬਤੀ ! ਮਹੇਸ = ਸ਼ਿਵਜੀ ! ਅਉ = ਅਤੇ ਗਣੇਸ਼ ! ਸੇ = ਤੇ ਸਹਸਰਸੁ = ਸੂਰਜ ! ਮੈਂ

ਤੁਹਾਡਾ ਪੂਜਾ = ਪੂਜਣ ਕਰਿ = ਕਰ ਕੇ ਤੁਹਾਡੇ ਅੱਗੇ ਬੇਨਤੀ = ਅਰਜ਼ੋਈ ਬਖਾਨਿਓ = ਕਥਨ ਕਰਦੀ ਹਾਂ ਕਿ ਤੁਸੀਂ ਹਿਤ = ਪ੍ਰੇਮ ਵਾਲੇ ਚੀਤ = ਚਿੱਤ ਦੇ ਸਹਿਤ ਹੁਇ = ਹੋ ਕੇ ਮੇਰੇ ਉੱਤੇ ਦਇਆ, ਮਿਹਰ ਕਰੋ।

ਪੰਡਿਤ ਜੋਤਿਕ ਸੋਧਿ ਸਗੁਨ ਲਗਨ ਗ੍ਰਿਹ;
ਸੁਭ ਦਿਨ ਸਾਹਾ ਲਿਖ ਦੇਹੁ ਬੇਦ ਨੀਤ ਹੁਇ ॥

ਹੇ ਪੰਡਿਤ, ਜੋਤਿਕ = ਜੋਤਸ਼ੀ ! ਵੇਦ ਨੀਤ = ਰੀਤੀ ਅਨੁਸਾਰ ਹੁਇ = ਹੋ ਕੇ ਸਗੁਨ = ਸ਼ਗਨ ਤੇ ਗ੍ਰਿਹ ਲਗਨ ਸੋਧਿ = ਵਿਚਾਰ ਕੇ ਸੁਭ = ਸ੍ਰੇਸ਼ਟ ਦਿਨ ਦਾ ਸਾਹਾ ਲੱਭ ਕੇ ਲਿਖ ਦੇਹੁ = ਦੇਣਾ ਕਰੋ।

ਸਗਲ ਕੁਟੰਬ ਸਖੀ ਮੰਗਲ ਗਾਵਹੁ ਮਿਲਿ;
ਚਾੜਹੁ ਤਿਲਕ ਤੇਲ ਮਾਥੈ ਰਸ ਰੀਤਿ ਹੁਇ ॥

ਸਗਲ = ਸਾਰਾ ਕੁਟੰਬ = ਪਰਿਵਾਰ ਤੇ ਸਾਰੀਆਂ ਮੇਰੀਆਂ ਸਖੀ = ਸਹੇਲੀਆਂ ਮਿਲ ਕੇ ਮੰਗਲ = ਖ਼ੁਸ਼ੀ ਦੇ ਗੀਤ ਗਾਵਹੁ = ਗਾਉਣਾ ਕਰੋ ਤੇ ਮੇਰੇ ਮਾਥੈ = ਮੱਥੇ ਭਾਵ ਸਿਰ ਵਿਚ ਤੇਲ ਪਾਉ, ਤਿਲਕ = ਟਿੱਕਾ ਚਾੜਹੁ = ਚਾੜ੍ਹਨਾ ਕਰੋ। ਇਹੋ ਜਿਹੀ ਰਸਦਾਇਕ ਰੀਤਿ = ਮਰਯਾਦਾ ਮੇਰੇ ਵਿਆਹ ਵਿਚ ਹੁਇ = ਹੋ ਆਵੇ।

ਨੋਟ : ਜੋ ਇਸ ਉਪਰੋਕਤ ਪੰਕਤੀ ਵਿਚ ਸਿਰ ਵਿਚ ਤੇਲ ਪਾਉਣ ਦੀ ਰੀਤ ਕਹੀ ਹੈ, ਇਸ ਨੂੰ ਮਾਈਏ ਦੀ ਰਸਮ ਕਿਹਾ ਜਾਂਦਾ ਹੈ ਕਿ ਵਿਆਹੁਤਾ ਲੜਕੀ ਦੇ ਸਿਰ ਵਿਚ ਤਾਈਆਂ, ਚਾਚੀਆਂ, ਮਾਮੀਆਂ, ਮਾਸੀਆਂ, ਸਖੀਆਂ ਆਦਿ ਦੁਆਰਾ ਵਿਆਹ ਦਾ ਸਮਾਂ ਨਿਸਚਤ ਹੋਣ 'ਤੇ ਸ਼ਗਨਾਂ ਦਾ ਤੇਲ ਚੋਇਆ ਜਾਂਦਾ ਹੈ ਤੇ ਸਾਰੀਆਂ ਔਰਤਾਂ ਸੁਹਾਗ ਦੇ ਗੀਤ ਗਾਉਂਦੀਆਂ ਹਨ ਤੇ ਲੜਕੀ ਨੂੰ ਅਸੀਸਾਂ ਦਿੰਦੀਆਂ ਹਨ। ਜੈਸਾ ਕਿ :

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥
ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥ *(ਅੰਗ ੧੨)*

ਬੇਦੀ ਰਚਿ ਗਾਂਠ ਜੋਰ, ਦੀਜੀਐ ਅਸੀਸ ਮੋਹਿ;
ਸਿਹਜਾ ਸੰਜੋਗ ਮੈ ਪ੍ਰਤੀਤ ਪ੍ਰੀਤਿ ਰੀਤ ਹੁਇ ॥੬੨੭॥

ਬੇਦੀ = ਹਿੰਦੂ ਰੀਤੀ ਅਨੁਸਾਰ ਸ਼ਾਦੀ ਸਮੇਂ ਰਚਿ = ਰਚਿਆ ਮੰਡਪ ਗਾਂਠ ਜੋਰ = ਗੰਢ ਚਿਤਰਾਵਾ ਕਰ ਕੇ ਮੋਹਿ = ਮੈਨੂੰ ਅਸੀਸ = ਦੁਆ ਦੀਜੀਐ = ਦੇਣਾ ਕਰੋ ਕਿ ਸਿਹਜਾ = ਸੇਜਾ ਦੇ ਸੰਜੋਗ = ਮਿਲਾਪ ਮੈ = ਵਿਚ ਪਿਆਰੇ ਪ੍ਰੀਤਮ ਦੀ ਪ੍ਰੀਤਿ = ਪ੍ਰੀਤੀ ਦੀ ਰੀਤ = ਮਰਯਾਦਾ ਉੱਤੇ ਮੇਰਾ ਪ੍ਰਤੀਤ = ਭਰੋਸਾ ਹੁਇ = ਹੋਇਆ ਰਹੇ ॥੬੨੭॥

ਅੰਤਰੀਵ ਅਰਥ

ਇਸ ਕਬਿੱਤ ਵਿਚ ਭਾਈ ਸਾਹਿਬ ਜੀ ਨੇ ਹਿੰਦੂ ਮਤ ਦੀ ਲੜਕੀ ਦੇ ਵਿਆਹ ਦਾ ਪ੍ਰਕਰਣ ਦਿੱਤਾ ਹੈ, ਜਿਵੇਂ ਹਿੰਦੂ ਮਤ ਵਿਚ ਦੇਵੀ-ਦੇਵਤਿਆਂ ਆਦਿ ਦਾ ਪੂਜਨ ਕੀਤਾ ਜਾਂਦਾ ਹੈ ਅਤੇ ਲਗਨ ਸ਼ਗਨ ਆਦਿ ਦਾ ਵਿਚਾਰ ਕੀਤਾ ਜਾਂਦਾ ਹੈ। ਇਸੇ ਪ੍ਰਕਾਰ ਭਾਈ ਸਾਹਿਬ ਜੀ ਨੇ ਰੂਪਕ ਅਲੰਕਾਰ ਰੀਤੀ ਅਨੁਸਾਰ ਜਗਿਆਸੂ

ਰੂਪ ਲੜਕੀ ਨੂੰ ਪਰਮਾਤਮਾ ਰੂਪ ਪਤੀ ਦੀ ਪ੍ਰਾਪਤੀ ਲਈ ਉਪਦੇਸ਼ ਬਖ਼ਸ਼ਿਆ ਹੈ, ਗੁਰੂ ਜੋ ਦੇਵਤਿਆਂ ਦਾ ਵੀ ਦੇਵਤਾ ਹੈ, ਉਸ ਦਾ ਆਰਾਧਨ ਕੀਤਾ ਹੈ।

ਗਵਰਿ ਮਹੇਸ ਅਉ ਗਨੇਸ ਸੇ ਸਹਸਰਸੁ;
ਪੂਜਾ ਕਰਿ ਬੇਨਤੀ ਬਖਾਨਿਓ ਹਿਤ ਚੀਤ ਹੁਇ॥

ਜਗਿਆਸੂ ਰੂਪ ਲੜਕੀ ਹਿਤ = ਪ੍ਰੇਮ ਦੇ ਸਹਿਤ ਹੁਇ = ਹੋ ਕੇ ਗੁਰੂ ਦਾ ਪੂਜਾ = ਪੂਜਨ ਚਿੱਤ ਲਾ ਕੇ ਕਰਦੀ ਹੈ ਅਤੇ ਇਉਂ ਬੇਨਤੀ ਬਖਾਨਿਓ = ਕਥਨ ਕਰਦੀ ਹੈ ਕਿ ਹੇ ਸਤਿਗੁਰੂ ਜੀ! ਤੁਸੀਂ ਮੇਰੇ ਲਈ ਗਵਰਿ = ਪਾਰਬਤੀ ਰੂਪ ਹੋ ਕਿਉਂਕਿ ਪਾਰਬਤੀ ਵਿਚ ਦ੍ਰਿੜ੍ਹ ਨਿਸ਼ਚਾ ਸੀ, ਸਤਿਗੁਰੂ ਜੀ! ਤੁਹਾਡੇ ਵਿਚ ਪਾਰਬਤੀ ਦੀ ਨਿਆਈਂ ਅਕਾਲ ਪੁਰਖ ਦਾ ਦ੍ਰਿੜ੍ਹ ਨਿਸ਼ਚਾ ਹੈ, ਇਸ ਕਰਕੇ ਮੈਨੂੰ ਪਤੀ ਪਰਮਾਤਮਾ ਦਾ ਦ੍ਰਿੜ੍ਹ ਨਿਸਚਾ ਦਿਉ ਅਤੇ ਤੁਸੀਂ ਹੀ ਮੇਰੇ ਲਈ ਮਹੇਸ = ਸ਼ਿਵਜੀ ਦਾ ਰੂਪ ਹੋ, ਕਿਉਂਕਿ ਸ਼ਿਵਜੀ ਆਪਣਿਆਂ ਭਗਤਾਂ ਨੂੰ ਪ੍ਰਸੰਨ ਹੋ ਕੇ ਛੇਤੀ ਵਰ ਦਿੰਦਾ ਹੈ। ਤੁਸੀਂ ਵੀ ਆਪਣੇ ਜਗਿਆਸੂਆਂ ਨੂੰ ਜਲਦੀ ਦਿਆਲੂ ਹੋ ਕੇ ਨਿਵਾਜਦੇ ਹੋ, ਅਉ = ਅਤੇ ਤੁਸੀਂ ਹੀ ਮੇਰੇ ਲਈ ਗਣੇਸ਼ ਦਾ ਰੂਪ ਹੋ। ਜਿਵੇਂ ਗਣੇਸ਼ ਗਣਿਤ ਵਿੱਦਿਆ ਦਾ ਈਸ਼ਵਰ ਮੰਨਿਆ ਹੈ, ਤੁਸੀਂ ਹੀ ਪ੍ਰਕਿਰਤੀ ਦੀ ਗਿਣਤੀ-ਮਿਣਤੀ ਦੇ ਈਸ਼ਵਰ ਹੋ, ਤੁਸੀਂ ਹੀ ਮੇਰੇ ਲਈ ਸਹਸਰਸੁ = ਸੂਰਜ ਰੂਪ ਹੋ, ਜਿਵੇਂ ਸੂਰਜ ਦੇ ਕੋਲ ਹਜ਼ਾਰਾਂ ਕਿਰਨਾਂ ਹਨ, ਤੁਹਾਡੇ ਕੋਲ ਉਪਦੇਸ਼ ਰੂਪ ਹਜ਼ਾਰਾਂ ਕਿਰਨਾਂ ਹਨ।

ਪੰਡਿਤ ਜੋਤਿਕ ਸੋਧਿ ਸਗੁਨ ਲਗਨ ਗ੍ਰਿਹ;
ਸੁਭ ਦਿਨ ਸਾਹਾ ਲਿਖ ਦੇਹੁ ਬੇਦ ਨੀਤ ਹੁਇ॥

ਹੇ ਪੰਡਿਤ = ਵਿਦਵਾਨ ਸਤਿਗੁਰੂ ਜੀ! ਤੁਸੀਂ (ਸ + ਗੁਨ) ਸ = ਸ੍ਰੇਸ਼ਟ ਗੁਣਾਂ ਦੀ ਜੋਤਿਕ = ਗਿਣਤੀ ਦੇ ਦਾਤੇ ਹੋ। ਮੇਰੇ ਮਨ ਨੂੰ ਸੋਧਿ ਭਾਵ ਸ਼ੁੱਧ ਕਰ ਕੇ ਮੇਰੇ ਹਿਰਦੇ ਰੂਪੀ ਗ੍ਰਿਹ = ਘਰ ਵਿਚ ਪਰਮਾਤਮਾ ਦੇ ਨਾਮ ਦੀ ਲਗਨ = ਪ੍ਰੀਤੀ ਲਾ ਦਿਉ ਅਤੇ ਪਰਮਾਤਮਾ ਰੂਪ ਪਤੀ ਦੇ ਮਿਲਾਪ ਵਾਲੇ ਸ਼ੁਭ ਦਿਨ ਦਾ ਸਾਹਾ = ਸੰਜੋਗ ਲਿਖ ਦੇਣਾ ਕਰੋ ਤੇ ਬੇਦ = ਗਿਆਨ ਦੀ ਨੀਤ = ਨਿੱਤ ਹੀ ਮੇਰੇ ਹਿਰਦੇ ਵਿਚ ਦ੍ਰਿੜ੍ਹਤਾ ਹੁਇ = ਹੋ ਜਾਵੇ।

ਸਗਲ ਕੁਟੰਬ ਸਖੀ ਮੰਗਲ ਗਾਵਹੁ ਮਿਲਿ;
ਚਾੜਹੁ ਤਿਲਕ ਤੇਲ ਮਾਥੈ ਰਸ ਰੀਤਿ ਹੁਇ॥

ਸਗਲ = ਸਾਰਾ ਸਤਿਸੰਗਤ ਰੂਪੀ ਕੁਟੰਬ = ਪਰਿਵਾਰ ਅਤੇ ਸੰਤ ਰੂਪ ਸਖੀ = ਸਹੇਲੀਆਂ ਮਿਲ ਕਰਕੇ ਮੰਗਲ = ਅਨੰਦਦਾਇਕ ਗੁਰਬਾਣੀ ਨੂੰ ਗਾਵਹੁ = ਗਾਉਣਾ ਕਰੋ, ਜਸ ਰੂਪੀ ਤਿਲਕ = ਟਿੱਕਾ ਮੇਰੇ ਅੰਤਸ਼ਕਰਨ ਰੂਪੀ ਮਾਥੈ = ਮੱਥੇ 'ਤੇ ਲਾਉਣਾ ਕਰੋ, ਪ੍ਰੇਮ ਰੂਪੀ ਤੇਲ ਮੇਰੇ ਮਨ ਰੂਪੀ ਸਿਰ ਉੱਤੇ ਚਾੜਹੁ = ਚਾੜ੍ਹਨਾ ਭਾਵ ਪਾਉਣਾ ਕਰੋ। ਇਉਂ ਅਕਾਲ ਪੁਰਖ ਦੇ ਨਾਲ ਮੇਰੇ ਵਿਆਹ ਦੀ ਰਸਦਾਇਕ ਗੀਤੀ ਹੁਇ = ਹੋ ਜਾਵੇ।

ਬੇਦੀ ਰਚਿ ਗਾਂਠ ਜੋਰ, ਦੀਜੀਐ ਅਸੀਸ ਮੋਹਿ;
ਸਿਹਜਾ ਸੰਜੋਗ ਮੈ ਪ੍ਰਤੀਤ ਪ੍ਰੀਤਿ ਰੀਤ ਹੁਇ॥੬੨੭॥

ਹੇ ਸਤਿਗੁਰੂ ਜੀ! ਜੋ ਤੁਸੀਂ ਬੇਦੀ = ਗਿਆਨ ਦੀ ਰਚਿ = ਰਚਨਾ ਗੁਰਬਾਣੀ ਵਿਚ ਕੀਤੀ ਹੋਈ ਹੈ, ਉਸ ਦੇ ਨਾਲ ਮੇਰੀ ਗਾਂਠ = ਗੰਢ ਜੋਰ = ਜੋੜ ਦਿਉ ਭਾਵ ਗੁਰਬਾਣੀ ਦੁਆਰਾ ਮੇਰਾ ਗਿਆਨ ਨਾਲ ਗੰਢ-ਜੋੜ ਕਰ ਦੇਣਾ ਕਰੋ ਅਤੇ ਮੋਹਿ = ਮੈਨੂੰ ਪਤੀ ਪਰਮਾਤਮਾ ਦੇ ਮਿਲਾਪ ਦੀ ਸ਼ੁਭ ਅਸੀਸ ਦੀਜੀਐ = ਦੇਣਾ ਕਰੋ ਅਤੇ ਅੰਤਸ਼ਕਰਣ ਦੀ ਸੇਜਾ ਉੱਤੇ ਪ੍ਰੀਤੀ ਦੀ ਗੀਤ = ਮਰਯਾਦਾ ਅਨੁਸਾਰ ਅਕਾਲ ਪੁਰਖ ਰੂਪ ਪਤੀ ਨਾਲ

ਮੇਰੇ ਸੰਜੋਗ = ਮਿਲਾਪ ਹੋਵੇ ਅਤੇ ਮਿਲਾਪ ਕਰਾਉਣ ਵਾਲੇ ਹੇ ਸਤਿਗੁਰੂ ਜੀ! ਤੁਹਾਡੇ ਉੱਤੇ ਮੇਰਾ ਪ੍ਰਤੀਤ = ਭਰੋਸਾ ਇਉਂ ਹੀ ਬਣਿਆ ਰਹੇ॥੬੨੭॥

ਸੀਸ ਗੁਰ ਚਰਨ, ਕਰਨ ਉਪਦੇਸ ਦੀਖਿਆ;
ਲੋਚਨ ਦਰਸ ਅਵਿਲੋਕ ਸੁਖ ਪਾਈਐ॥

ਗੁਰ = ਸਤਿਗੁਰਾਂ ਦੇ ਚਰਨਾਂ ਉੱਤੇ ਸੀਸ = ਸਿਰ ਲਾ ਕੇ, ਕਰਨ = ਕੰਨਾਂ ਨਾਲ ਗੁਰ ਉਪਦੇਸ = ਸਿੱਖਿਆ ਤੇ ਵਾਹਿਗੁਰੂ ਦੀਖਿਆ = ਗੁਰਮੰਤਰ ਸੁਣ ਕੇ ਅਤੇ ਲੋਚਨ = ਨੇਤਰਾਂ ਨਾਲ ਗੁਰਾਂ ਦੇ ਦਰਸ = ਦੀਦਾਰ ਅਵਿਲੋਕ = ਤੱਕ ਕੇ ਆਤਮਿਕ ਸੁਖ = ਆਨੰਦ ਪਾਈਐ = ਪਾਉਣਾ ਕਰੀਦਾ ਹੈ।

ਰਸਨਾ ਸਬਦ ਗੁਰ, ਹਸਤ ਸੇਵਾ ਡੰਡੌਤ;
ਰਿਦੈ ਗੁਰ ਗਿਆਨ ਉਨਮਾਨ ਲਿਵ ਲਾਈਐ॥

ਗੁਰ = ਸਤਿਗੁਰਾਂ ਦੇ ਸਬਦ = ਉਪਦੇਸ਼ ਨੂੰ ਰਸਨਾ = ਜਿਹਬਾ ਨਾਲ ਗਾਉਣ ਕਰਕੇ, ਹਸਤ = ਹੱਥਾਂ ਨਾਲ ਸੰਗਤ, ਗੁਰਾਂ ਦੀ ਸੇਵਾ = ਟਹਿਲ ਕਰ ਕੇ ਤੇ ਗੁਰਾਂ ਨੂੰ ਡੰਡੌਤ = ਡੰਡਉਤ ਕਰ ਕੇ ਅਤੇ ਰਿਦੈ = ਚਿੱਤ ਵਿਚ ਗੁਰ = ਸਤਿਗੁਰਾਂ ਦੇ ਗਿਆਨ ਨੂੰ ਪਾ ਕੇ ਉਨਮਨ = ਤੁਰੀਆ ਅਵਸਥਾ ਵਿਚ ਚਿੱਤ ਦੀ ਲਿਵ = ਬਿਰਤੀ ਲਾਈਐ = ਲਾਉਣਾ ਕਰੀਦੀ ਹੈ।

ਚਰਨ ਗਵਨ ਸਾਧ ਸੰਗਤਿ ਪਰਕ੍ਰਮਾ ਲਉ;
ਦਾਸਨ ਦਾਸਾਨ ਮਤਿ ਨਿੰਮ੍ਰਤਾ ਸਮਾਈਐ॥

ਚਰਨ = ਪੈਰਾਂ ਨਾਲ ਗਵਨ = ਤੁਰ ਕੇ ਸਾਧ ਸੰਗਤਿ = ਸਤਿਸੰਗਤ ਦੇ ਪਰਕ੍ਰਮਾ ਲਉ = ਚਾਰੇ ਪਾਸੇ, ਆਲੇ-ਦੁਆਲੇ ਘੁੰਮਣਾ ਕਰੀਏ, ਮਤਿ = ਬੁੱਧੀ ਵਿਚ ਅਜਿਹੀ ਨਿੰਮ੍ਰਤਾ = ਨਿਮਰਤਾ ਸਮਾਈਐ = ਸਮਾਉਣਾ ਕਰੇ ਕਿ ਦਾਸਨ = ਸੇਵਕਾਂ ਦੇ ਦਾਸਾਨ = ਸੇਵਕ ਹੋ ਜਾਣਾ ਕਰੀਏ।

ਸੰਤ ਰੇਨ ਮਜਨ, ਭਗਤਿ ਭਾਉ ਭੋਜਨ ਦੈ;
ਸ੍ਰੀ ਗੁਰ ਕ੍ਰਿਪਾ ਕੈ ਪ੍ਰੇਮ ਪੈਜ ਪ੍ਰਗਟਾਈਐ॥੬੨੮॥

ਸੰਤ = ਸ਼ਾਂਤ ਆਤਮਾ ਵਾਲੇ ਪੁਰਖਾਂ ਦੀ ਚਰਨ ਰੇਨ = ਧੂੜੀ ਵਿਚ ਮਜਨ = ਇਸ਼ਨਾਨ ਹੋਵੇ, ਭਾਉ = ਪ੍ਰੇਮਾ ਭਗਤਿ = ਭਗਤੀ ਰੂਪ ਭੋਜਨ ਦੇ ਛਕਣ ਤਾਈਂ ਦੇਣਾ ਕਰੋ, ਇਸ ਪ੍ਰਕਾਰ ਹੇ ਸ੍ਰੀ = ਸੁਭਾਇਮਾਨ ਗੁਰ = ਸਤਿਗੁਰੂ ਸਾਹਿਬ ਜੀ! ਕ੍ਰਿਪਾ = ਮਿਹਰ ਕੈ = ਕਰਕੇ ਮੇਰੀ ਪ੍ਰੇਮ = ਸਨੇਹ ਭਰੀ ਪੈਜ = ਇੱਜ਼ਤ ਨੂੰ ਆਪਣੇ ਆਪ ਪ੍ਰਗਟਾਈਐ = ਉਜਾਗਰ ਕਰ ਦਿਉ।

ਜੈਸੇ ਮੇਘ ਬਰਖਾ ਸਰਬਤ੍ਰ ਬਰਖੈ ਸਮਾਨ;
ਊਚੋ ਤਜ ਨੀਚੈ ਥਲ ਗਵਨ ਕੈ ਜਾਤ ਹੈ॥

ਜੈਸੇ = ਜਿਸ ਪ੍ਰਕਾਰ ਮੇਘ = ਬੱਦਲ ਬਰਖਾ = ਮੀਂਹ ਸਰਬਤ੍ਰ = ਸਾਰੇ ਥਾਵਾਂ ਉੱਤੇ ਸਮਾਨ = ਬਰਾਬਰ

ਬਰਖੈ = ਵਰਸਦਾ ਹੈ, ਪਰ ਬਰਸਾਤ ਦਾ ਪਾਣੀ ਊਚੋ = ਉੱਚੇ ਥਲ = ਥਾਂ ਤਜ = ਛੱਡ ਕੇ ਨੀਚੈ = ਨੀਵੇਂ ਥਾਵਾਂ ਵੱਲ ਨੂੰ ਗਵਨ ਚੱਲ ਕੈ = ਕਰਕੇ ਜਾਤ = ਜਾਂਦਾ ਹੈ।

ਤੀਰਥ ਪਰਬ ਜੈਸੇ ਜਾਤ ਹੈ ਜਗਤ ਚਲ;
ਜਾਤ੍ਰਾ ਹੇਤ ਦੇਤ ਦਾਨ ਅਤਿ ਬਿਗਸਾਤ ਹੈ॥

ਜੈਸੇ = ਜਿਸ ਪ੍ਰਕਾਰ ਕਿਸੇ ਪੁਰਬ ਦੇ ਵੇਲੇ ਤੀਰਥ ਉੱਤੇ ਸਾਰਾ ਜਗਤ = ਸੰਸਾਰ ਚਲ = ਤੁਰ ਕੇ ਜਾਤ = ਜਾਂਦਾ ਹੈ ਅਤੇ ਯਾਤਰੀ ਯਾਤਰਾ ਨੂੰ ਸਫਲ ਕਰਨ ਹੇਤ = ਵਾਸਤੇ ਆਪਣੇ ਹੱਥੀਂ ਦਾਨ ਦੇਤ = ਦੇ ਕੇ ਅਤਿ = ਬਹੁਤ ਬਿਗਸਾਤ = ਪ੍ਰਸੰਨ ਹੁੰਦੇ ਹੈ = ਹਨ।

ਜੈਸੇ ਨ੍ਰਿਪ ਸੋਭਤ ਹੈ ਬੈਠਿਓ ਸਿੰਘਾਸਨ ਪੈ;
ਚਹੂੰ ਓਰ ਤੇ ਦਰਬ ਆਵੈ ਦਿਨ ਰਾਤ ਹੈ॥

ਜੈਸੇ = ਜਿਸ ਪ੍ਰਕਾਰ ਸਿੰਘਾਸਨ = ਰਾਜ ਤਖ਼ਤ ਪੈ = 'ਤੇ ਬੈਠਿਓ = ਬਹਿ ਕੇ ਨ੍ਰਿਪ = ਰਾਜਾ ਸੋਭਤ = ਸ਼ੋਭਦਾ ਹੈ, ਤਾਂ ਚਹੂੰ = ਚਾਰੇ ਓਰ = ਪਾਸਿਆਂ ਭਾਵ ਚਾਰੇ ਦਿਸ਼ਾਵਾਂ ਤੇ = ਤੋਂ ਦਿਨ ਰਾਤ ਦਰਬ = ਧਨ ਆਵੈ = ਆਉਂਦਾ ਹੈ।

ਤੈਸੇ ਨਿਹਕਾਮ ਧਾਮ ਸਾਧ ਹੈ ਸੰਸਾਰ ਬਿਖੈ;
ਅਸਨ ਬਸਨ ਚਲ ਆਵਤ ਜੁਗਾਤ ਹੈ॥੬੨੯॥

ਤੈਸੇ = ਉਸੇ ਪ੍ਰਕਾਰ ਸੰਸਾਰ = ਜਗਤ ਬਿਖੈ = ਵਿਚ ਸਾਧ = ਸ੍ਰੇਸ਼ਟ ਜਨਾਂ ਦਾ ਪ੍ਰਤੱਖ **ਵਾ:** ਰਿਦਾ ਰੂਪ ਧਾਮ = ਘਰ ਨਿਹਕਾਮ = ਕਾਮਨਾ ਤੋਂ ਰਹਿਤ ਹੈ ਤੇ ਉਥੇ ਅਸਨ = ਅੰਨ, ਬਸਨ = ਬਸਤਰ ਤੇ ਜੁਗਾਤ = ਜ਼ਕਾਤ[1] (ਦਸਵੰਧ) ਆਦਿ ਦੇ ਰੁਪਏ ਆਪਣੇ ਆਪ ਚਲੇ ਆਵਤ = ਆਉਂਦੇ ਹਨ॥੬੨੯॥

ਜੈਸੇ ਬਾਨ ਧਨੂਖ ਸਹਿਤ ਹੁਇ ਨਿਜ ਬਸ;
ਛੂਟਤਿ ਨ ਆਵੈ ਫੁਨਿ ਜਤਨ ਸੈ ਹਾਥ ਜੀ॥

ਜੈਸੇ = ਜਿਸ ਪ੍ਰਕਾਰ ਜਦ ਬਾਨ = ਤੀਰ ਧਨੁੱਖ ਦੇ ਸਹਿਤ = ਸਮੇਤ ਹੁਇ = ਹੁੰਦਾ ਹੈ ਤਾਂ ਚਲਾਉਣ ਵਾਲੇ ਦੇ ਨਿਜ = ਆਪਣੇ ਬਸ = ਅਧੀਨ ਹੁੰਦਾ ਹੈ, ਪਰ ਜੇ ਕਮਾਨ ਤੋਂ ਛੂਟਤਿ = ਛੁੱਟ ਜਾਵੇ ਤਾਂ ਫੁਨਿ = ਫੇਰ ਮੁੜ ਕੇ ਜਤਨ = ਕੋਸ਼ਿਸ਼ ਕਰਨ ਸੈ = ਨਾਲ ਵੀ ਹਾਥ = ਹੱਥ ਨ = ਨਹੀਂ ਆਵੈ = ਆਉਂਦਾ ਹੈ ਜੀ।

ਜੈਸੇ ਬਾਘ ਬੰਦਸਾਲਾ ਬਿਖੈ ਬਾਂਧਿਓ ਰਹੈ;
ਪੁਨਿ ਖੁਲੈ ਤਉ ਨ ਆਵੈ ਬਸਿ, ਬਸਹਿ ਨ ਸਾਥ ਜੀ॥

ਜੈਸੇ = ਜਿਸ ਪ੍ਰਕਾਰ ਬਾਘ (ਇਕ ਜੰਗਲੀ ਜਾਨਵਰ) ਬੰਦਸਾਲਾ = ਪਿੰਜਰੇ ਬਿਖੈ = ਵਿਚ

---

੧. ਜੁਗਾਤ = ਜ਼ਕਾਤ ਭਾਵ ਆਪਣੇ ਮਾਲ ਵਿੱਚੋਂ ਧਰਮ ਅਰਥ ਜੋ ਹਿੱਸਾ ਕੱਢਿਆ ਜਾਂਦਾ ਹੈ, ਉਸ ਦਾ ਨਾਮ ਜ਼ਕਾਤ ਇਸ ਲਈ ਹੋ ਗਿਆ ਹੈ ਕਿ ਉਸ ਭਾਗ ਦੇ ਦੇਣ ਨਾਲ ਧਨ ਪਵਿੱਤਰ ਹੋ ਜਾਂਦਾ ਹੈ, ਕੁਰਾਨ ਵਿਚ ਜ਼ਕਾਤ ਦੇਣਾ ਧਾਰਮਿਕ ਨਿਯਮ ਹੈ। ਇਹ ਇਸਲਾਮ ਦੀ ਰੀਤ ਹੈ, ਗੁਰਮਤਿ ਵਿਚ ਦਸਵੰਧ ਦੀ ਰੀਤ ਹੈ।

ਬਾਂਧਿਓ = ਬੰਨ੍ਹਿਆ, ਬੰਦ ਕੀਤਾ ਹੋਇਆ ਤਾਂ ਕਾਬੂ ਰਹੈ = ਰਹਿੰਦਾ ਹੈ, ਪਰ ਜੇ ਖੁਲੈ = ਖੁੱਲ੍ਹ ਜਾਵੇ ਤਉ = ਤਾਂ ਪੁਨਿ = ਫੇਰ ਮੁੜ ਬਸਿ = ਅਧੀਨ ਨ = ਨਹੀਂ ਆਵੈ = ਆਉਂਦਾ, ਬੇਕਾਬੂ ਹੋਇਆ ਫੇਰ ਆਪਣੇ ਸਾਥ = ਨਾਲ ਬਸਹਿ = ਵੱਸਦਾ ਨ = ਨਹੀਂ ਹੈ ਜੀ।

ਜੈਸੇ ਦੀਪ ਦਿਪਤ ਨ ਜਾਨੀਐ ਭਵਨ ਬਿਖੈ;
ਦਾਵਾਨਲ ਭਏ ਨ ਦੁਰਾਏ ਦੁਰੈ ਨਾਥ ਜੀ॥

ਜੈਸੇ = ਜਿਸ ਪ੍ਰਕਾਰ ਭਵਨ = ਘਰ ਬਿਖੈ = ਵਿਚ ਦੀਪ = ਦੀਵਾ ਦਿਪਤ = ਜਗਦਾ ਰੱਖਿਆ ਹੋਇਆ ਬਾਹਰਲੇ ਕਿਸੇ ਵੀ ਬੰਦੇ ਨੂੰ ਪ੍ਰਤੀਤ ਨਹੀਂ ਹੁੰਦਾ, ਹੇ ਨਾਥ = ਸੁਆਮੀ ਜੀ! ਜੇ ਉਹੋ ਦੀਵੇ ਦੀ ਅੱਗ ਜੰਗਲ ਨੂੰ ਲੱਗ ਜਾਵੇ ਤਾਂ ਦਾਵਾਨਲ = ਜੰਗਲ ਦੀ ਅੱਗ ਬਣ ਕੇ ਦੁਰਾਏ = ਛੁਪਾਇਆਂ ਨ = ਨਹੀਂ ਦੁਰੈ = ਛੁਪਦੀ ਹੈ।

ਤੈਸੇ ਮੁਖ ਮਧ ਬਾਣੀ ਬਸਤ ਨ ਕੋਊ ਲਖੈ;
ਬੋਲੀਐ ਬੀਚਾਰ, ਗੁਰਮਤਿ ਗੁਨ ਗਾਥ ਜੀ॥੬੩੦॥

ਤੈਸੇ = ਉਸੇ ਪ੍ਰਕਾਰ ਮੁਖ = ਮੂੰਹ ਮਧ = ਵਿਚ ਬਸਤ = ਵੱਸਦੀ ਬਾਣੀ ਨੂੰ ਕੋਊ = ਕੋਈ ਵੀ ਲਖੈ = ਜਾਣਦਾ ਨ = ਨਹੀਂ ਹੈ ਪਰ ਜੇ ਬੋਲਣਾ ਕਰੀਏ ਤਾਂ ਉਹ ਬੋਲ ਮੁੜ ਕੇ ਵਾਪਸ ਨਹੀਂ ਆਉਂਦੇ। ਇਸ ਲਈ ਜਦ ਵੀ ਬੋਲੀਐ = ਬੋਲਣਾ ਕਰੀਏ ਤਾਂ ਵਿਚਾਰ ਕਰ ਕੇ ਬੋਲਣਾ ਕਰੀਏ ਤੇ ਜੇ ਬੋਲੀਏ ਤਾਂ ਗੁਰਮਤਿ = ਗੁਰ-ਸਿੱਖਿਆ ਦੀ ਗੱਲ ਬੋਲਣਾ ਕਰੀਏ ਅਤੇ ਦੂਸਰੇ ਦੇ ਗੁਣਾਂ ਦੀ ਗਾਥ = ਗੱਲ ਬੋਲਣਾ ਕਰੀਏ ਜੀ॥੬੩੦॥

ਜੈਸੇ ਮਾਲਾ ਮੇਰੁ ਪੋਈਅਤ ਸਭ ਊਪਰ ਕੈ;
ਸਿਮਰਨ ਸੰਖਿਆ ਮੈ ਨ ਆਵਤ ਬਡਾਈ ਕੈ॥

ਜੈਸੇ = ਜਿਸ ਪ੍ਰਕਾਰ ਮਾਲਾ ਦਾ ਮੇਰੁ = ਸ਼ੋ੍ਮਣੀ ਮਣਕਾ ਬਾਕੀ ਸਭ = ਸਾਰੇ ਮਣਕਿਆਂ ਦੇ ਉਪਰ = ਉੱਤੇ ਕੈ = ਕਰਕੇ ਪੋਈਅਤ = ਪ੍ਰੋਣਾ ਕਰੀਦਾ ਹੈ, ਪਰ ਉਹ ਸਿਮਰਨ = ਭਜਨ ਕਰਨ ਸਮੇਂ ਸੰਖਿਆ = ਗਿਣਤੀ ਮੈ = ਵਿਚ ਨ = ਨਹੀਂ ਆਵਤ = ਆਉਂਦਾ, ਇਹ ਉਸ ਦੀ ਬਡਾਈ = ਮਹਿਮਾ ਕਿਸ ਕੰਮ ਦੀ ਜਾਨਣਾ ਕੈ = ਕਰੀਦੀ ਹੈ ਭਾਵ ਕਿਸੇ ਕੰਮ ਦੀ ਨਹੀਂ।

ਜੈਸੇ ਬਿਰਖਨ ਬਿਖੈ ਪੇਖੀਐ ਸੇਬਲ ਊਚੋ;
ਨਿਹਫਲ ਭਇਓ ਸੋਊ ਅਤਿ ਅਧਿਕਾਈ ਕੈ॥

ਜੈਸੇ ਬਿਰਖਨ = ਬ੍ਰਿਛਾਂ ਬਿਖੈ = ਵਿੱਚੋਂ ਸੇਬਲ = ਸਿੰਮਲ ਬ੍ਰਿਛ ਊਚੋ = ਉੱਚਾ ਪੇਖੀਐ = ਵੇਖਣਾ ਕਰੀਦਾ ਹੈ, ਲੇਕਿਨ ਨਿਹਫਲ = ਫਲ ਤੋਂ ਰਹਿਤ ਭਇਓ = ਹੁੰਦਾ ਹੈ, ਇਸ ਲਈ ਸੋਊ = ਉਸ ਦਾ ਅਤਿ = ਬਹੁਤ ਅਧਿਕਾਈ = ਉੱਚਾਪਣ ਫਿਰ ਕਿਸ ਕੰਮ ਹੈ?

ਜੈਸੇ ਚੀਲ ਪੰਛਿਨ ਮੈ ਉਡਤ ਅਕਾਸਚਾਰੀ;
ਹੇਰੈ ਮ੍ਰਿਤ ਪਿੰਜਰਨ ਊਚੇ ਮਤੁ ਪਾਈ ਕੈ॥

ਜੈਸੇ = ਜਿਸ ਪ੍ਰਕਾਰ ਚੀਲ = ਇੱਲ ਹੋਰਨਾਂ ਪੰਛਿਨ = ਪੰਛੀਆਂ ਨਾਲੋਂ ਅਕਾਸਚਾਰੀ = ਅਕਾਸ਼ ਮੈ = ਵਿਚ ਉੱਚਾ ਹੋ ਕੇ ਉਡਤ = ਉੱਡਣਾ ਕਰਦੀ ਹੈ, ਪਰ ਊਚੇ = ਉੱਚੇ ਅਕਾਸ਼ ਵਿਚ ਉੱਡ ਕੇ ਮ੍ਰਿਤ = ਮੁਰਦੇ ਪਸ਼ੂਆਂ ਦੇ ਪਿੰਜਰਨ = ਪਿੰਜਰਾਂ ਨੂੰ ਹੇਰੈ = ਵੇਖਣਾ ਕਰਦੀ ਹੈ ਤਾਂ ਉਸ ਦੀ ਉੱਚੇ ਉੱਡਣ ਵਾਲੀ ਮਤ ਪਾਈ ਹੋਈ ਕਿਸ ਕੰਮ ਹੈ? ਭਾਵ ਕਿਸੇ ਕੰਮ ਨਹੀਂ। ਜੈਸਾ ਕਿ:

ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ॥
ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ॥੨॥ *(ਵਾਰ ਗਉੜੀ ਮਃ ੫, ਅੰਗ ੩੨੨)*

ਗਾਇਬੋ ਬਜਾਇਬੋ ਸੁਨਾਇਬੋ ਨ ਕਛੂ ਤੈਸੇ;
ਗੁਰ ਉਪਦੇਸ ਬਿਨਾ ਧ੍ਰਿਗ ਚਤੁਰਾਈ ਕੈ॥੬੩੧॥

ਤੈਸੇ = ਉਸੇ ਤਰ੍ਹਾਂ ਗਾਇਬੋ = ਗਾਉਣਾ, ਬਜਾਇਬੋ = ਵਜਾਉਣਾ ਤੇ ਸੁਨਾਇਬੋ = ਸੁਣਾਉਣਾ ਕਛੂ = ਕੁਝ ਵੀ ਨ = ਨਹੀਂ ਹੈ, ਜਿਸ ਵਿਚ ਬੜੀ ਚਲਾਕੀ ਤਾਂ ਪਈ ਹੋਵੇ ਲੇਕਿਨ ਉਹ ਗੁਰ = ਸਤਿਗੁਰਾਂ ਦੀ ਉਪਦੇਸ = ਸਿੱਖਿਆ ਤੋਂ ਬਿਨਾਂ = ਬਗ਼ੈਰ ਹੋਵੇ ਤਾਂ ਉਸ ਚਤੁਰਾਈ = ਚਲਾਕੀ ਦੇ ਤਾਈਂ ਧ੍ਰਿਗ = ਧ੍ਰਿਕਾਰ ਹੈ॥੬੩੧॥

ਜੈਸੇ ਪਾਂਚੋ ਤਤ ਬਿਖੈ ਬਸੁਧਾ ਨਵਨ ਮਨ;
ਤਾਂ ਮੈ ਉਤਪਤ ਹੁਇ ਸਮਾਤ ਸਭ ਤਾਹੀ ਮੈ॥

ਜੈਸੇ = ਜਿਸ ਪ੍ਰਕਾਰ ਪਾਂਚੋ = ਪੰਜ ਤੱਤਾਂ ਬਿਖੈ = ਵਿਚ ਬਸੁਧਾ = ਧਰਤੀ ਸਭ ਤੋਂ ਨਵਨ = ਨੀਵੇਂ, ਨਿਮਰਤਾ ਵਾਲੇ ਮਨ ਵਾਲੀ ਹੈ ਤਾਂ = ਤਦ ਹੀ ਸਭ ਕੁਝ ਉਸੇ ਮੈ = ਵਿੱਚੋਂ ਉਤਪਤ = ਪੈਦਾ ਹੁਇ = ਹੁੰਦਾ ਹੈ ਤੇ ਤਾਹੀ = ਉਸੇ ਮੈ = ਵਿਚ ਹੀ ਸਭ = ਸਾਰਾ ਕੁਝ ਸਮਾਤ = ਸਮਾਅ ਜਾਂਦਾ ਹੈ।

ਜੈਸੇ ਪਾਂਚੋ ਆਂਗੁਰੀ ਮੈ ਸੂਖਮ ਕਨੂੰਗ੍ਰੀਆ ਹੈ;
ਕੰਚਨ ਖਚਤ ਨਗ ਸੋਭਤ ਹੈ ਵਾਹੀ ਮੈ॥

ਜੈਸੇ = ਜਿਸ ਪ੍ਰਕਾਰ ਪਾਂਚੋ = ਪੰਜਾਂ ਆਂਗੁਰੀ = ਉਂਗਲੀਆਂ ਮੈ = ਵਿੱਚੋਂ ਕਨੂੰਗ੍ਰੀਆ = ਚੀਚੀ ਸਭ ਤੋਂ ਸੂਖਮ = ਛੋਟੀ ਹੈ, ਇਸ ਕਰਕੇ ਤਾਂ ਹੀ ਨਗਾਂ ਨਾਲ ਖਚਤ = ਜੜੀ ਹੋਈ ਕੰਚਨ = ਸੋਨੇ ਦੀ ਮੁੰਦਰੀ ਵਾਹੀ = ਉਸ ਮੈ = ਵਿਚ ਸੋਭਤ = ਸ਼ੋਭਦੀ ਹੈ।

ਜੈਸੇ ਨੀਚ ਜੋਨਿ ਗਨੀਅਤ ਅਤਿ ਮਾਖੀ ਕ੍ਰਿਮ;
ਹੀਰ ਚੀਰ ਮਧੁ ਉਪਜਤ ਸੁਖ ਜਾਹੀ ਮੈ॥

ਜੈਸੇ = ਜਿਸ ਪ੍ਰਕਾਰ ਮਾਖੀ = ਮੱਖੀ, ਕ੍ਰਿਮ = ਕੀੜੇ ਆਦਿ ਅਤਿ = ਬਹੁਤ ਹੀ ਨੀਚ = ਨੀਵੀਆਂ

ਜੋਨਿ = ਜੂਨੀਆਂ ਵਿਚ ਗਨੀਅਤ = ਗਿਣੇ ਜਾਂਦੇ ਹਨ, ਪਰ ਹੀਰ = ਹੀਰੇ ਮੋਤੀ ਰੇਸ਼ਮੀ ਚੀਰ = ਬਸਤਰ ਤੇ ਮਧੁ = ਸ਼ਹਿਦ ਵੀ ਇਨ੍ਹਾਂ ਤੋਂ ਹੀ ਉਪਜਤ = ਪੈਦਾ ਹੁੰਦੇ ਹਨ ਜਾਹੀ = ਜਿਨ੍ਹਾਂ ਮੈ = ਵਿੱਚੋਂ ਹੀ ਹਰੇਕ ਨੂੰ ਸੁਖ ਪ੍ਰਾਪਤ ਹੁੰਦਾ ਹੈ।

ਤੈਸੇ ਰਵਿਦਾਸ ਨਾਮਾ ਬਿਦਰ ਕਬੀਰ ਭਏ;
ਹੀਨ ਜਾਤਿ ਊਚ ਪਦ ਪਾਏ ਸਭ ਕਾਹੀ ਮੈ ॥੬੩੨॥

ਤੈਸੇ = ਉਸੇ ਤਰ੍ਹਾਂ ਭਗਤ ਰਵਿਦਾਸ ਜੀ, ਨਾਮਾ = ਨਾਮਦੇਵ ਜੀ, ਬਿਦਰ ਜੀ ਤੇ ਭਗਤ ਕਬੀਰ ਜੀ ਭਏ = ਹੋਏ ਹਨ, ਲੋਕਾਂ ਦੀ ਨਜ਼ਰ ਵਿਚ ਭਾਵੇਂ ਉਹ ਹੀਨ ਜਾਤਿ = ਨੀਵੀਂ ਜਾਤ ਵਾਲੇ ਸੀ, ਪਰ ਉਨ੍ਹਾਂ ਨੇ ਦੈਵੀ ਗੁਣਾਂ ਤੇ ਪ੍ਰੇਮਾ ਭਗਤੀ ਕਰਕੇ ਸਭ = ਸਾਰਿਆਂ ਕਾਹੀ = ਕਿਸੇ ਮੈ = ਵਿੱਚੋਂ ਊਚ = ਸ੍ਰੇਸ਼ਟ ਪਦ = ਪਦਵੀਆਂ ਪਾਏ = ਪ੍ਰਾਪਤ ਕੀਤੀਆਂ ॥੬੩੨॥

ਜੈਸੇ ਰੋਗ ਰੋਗੀ ਕੋ ਦਿਖਾਈਐ ਨ ਬੈਦ ਪ੍ਰਤਿ;
ਬਿਨ ਉਪਚਾਰ ਛਿਨ ਛਿਨ ਹੁਇ ਅਸਾਧ ਜੀ ॥

ਜੈਸੇ = ਜਿਸ ਪ੍ਰਕਾਰ ਰੋਗੀ ਕੋ = ਦਾ ਰੋਗ ਜੇਕਰ ਵੈਦ ਪ੍ਰਤਿ = ਤਾਈਂ, ਨੂੰ ਨ = ਨਾ ਦਿਖਾਈਐ = ਦਿਖਾਇਆ ਜਾਵੇ ਤਾਂ ਬਿਨਾਂ ਉਪਚਾਰ = ਇਲਾਜ ਤੋਂ ਛਿਨ ਛਿਨ = ਖਿਨ ਖਿਨ ਵਿਚ ਉਸ ਰੋਗੀ ਜੀ = ਜੀਵ ਦਾ ਰੋਗ ਅਸਾਧ = ਨਾ ਸਾਧੇ ਜਾਣ ਵਾਲਾ ਹੁਇ = ਹੁੰਦਾ ਜਾਂਦਾ ਹੈ, ਭਾਵ ਵਿਗੜਦਾ ਜਾਂਦਾ ਹੈ।

ਜੈਸੇ ਰਿਨ ਦਿਨ ਦਿਨ ਉਦਮ ਅਦਿਆਉ ਬਿਨ;
ਮੂਲ ਅਉ ਬਿਆਜ ਬਢੈ, ਉਪਜੈ ਬਿਆਧ ਜੀ ॥

ਜੈਸੇ = ਜਿਸ ਪ੍ਰਕਾਰ ਜੋ ਰਿਨ = ਕਰਜ਼ਾ ਅਦਿਆਉ = ਅਦਾਇਗੀ (ਚੁਕਾਉਣ) ਦੇ ਉਦਮ = ਜਤਨ ਤੋਂ ਬਿਨ = ਬਿਨਾਂ ਹੋਵੇ ਤਾਂ ਉਹ ਮੂਲ ਅਉ = ਅਤੇ ਬਿਆਜ ਦਿਨ ਦਿਨ = ਦਿਨੋਂ ਦਿਨ ਬਢੈ = ਵੱਧਦਾ ਜਾਂਦਾ ਹੈ ਤੇ ਉਸ ਤੋਂ ਬਿਆਧ = ਬਿਪਤਾ (ਕਲੇਸ਼) ਉਪਜੈ = ਉਪਜਦੀ ਹੈ ਜੀ।

ਜੈਸੇ ਸਤ੍ਰ ਸਾਸਨਾ ਸੰਗ੍ਰਾਮ ਕਰਿ ਸਾਧੇ ਬਿਨ;
ਪਲ ਪਲ ਪ੍ਰਬਲ ਹੁਇ ਕਰਤ ਉਪਾਧ ਜੀ ॥

ਜੈਸੇ = ਜਿਸ ਪ੍ਰਕਾਰ ਸਤ੍ਰ = ਵੈਰੀ ਸਾਸਨਾ = ਤਾੜਨਾ ਅਤੇ ਸੰਗ੍ਰਾਮ = ਜੰਗ ਕਰ ਕੇ ਸਾਧੇ ਤੋਂ ਬਿਨਾਂ ਪਲ ਪਲ ਵਿਚ ਭਾਵ ਅੱਖਾਂ ਦੇ ਖੋਲ੍ਹਣ ਤੇ ਬੰਦ ਕਰਨ ਜਿੰਨੇ ਸਮੇਂ ਵਿਚ ਪ੍ਰਬਲ = ਬਹੁਤ ਬਲ ਵਾਲਾ **ਵਾ:** (ਪ੍ + ਬਲ) ਪ੍ = ਵਿਸ਼ੇਸ਼ ਕਰਕੇ ਬਲ = ਤਾਕਤ ਵਾਲਾ ਹੋ ਕੇ ਉਪਾਧ = ਛਲ ਕਰਤਿ = ਕਰਦਾ ਹੈ **ਵਾ:** ਉਪਾਧ = ਬਖੇੜਾ ਖੜਾ ਕਰਤ = ਕਰ ਦਿੰਦਾ ਹੈ ਜੀ।

ਜਿਉਂ ਜਿਉਂ ਭੀਜੈ ਕਾਮਰੀ ਤਿਉਂ ਤਿਉਂ ਭਾਰੀ ਹੋਤ ਜਾਤ;
ਬਿਨੁ ਸਤਿਗੁਰ ਉਰਿ ਬਸੈ ਅਪਰਾਧ ਜੀ ॥੬੩੩॥

ਜਿਉਂ ਜਿਉਂ = ਜਿਵੇਂ ਜਿਵੇਂ ਕਾਮਰੀ = ਕੰਬਲੀ ਭੀਜੈ = ਭਿੱਜਦੀ ਹੈ, ਉਹ ਤਿਉਂ ਤਿਉਂ = ਤਿਵੇਂ ਤਿਵੇਂ

ਭਾਰੀ ਹੋਤ = ਹੁੰਦੀ ਜਾਤ = ਜਾਂਦੀ ਹੈ, ਇਸੇ ਤਰ੍ਹਾਂ ਸਤਿਗੁਰੂ ਜੀ ਨੂੰ ਮਿਲੇ ਤੋਂ ਬਿਨੁ = ਬਿਨਾਂ ਜੀ = ਜੀਵ ਦੇ ਉਰਿ = ਹਿਰਦੇ ਦੇ ਵਿਚ ਅਪਰਾਧ = ਪਾਪਾਂ, ਗੁਨਾਹਾਂ ਦਾ ਬਸੈ = ਵਾਸਾ ਵੱਧਦਾ ਜਾਂਦਾ ਹੈ **ਅਥਵਾ** ਸਤਿਗੁਰੂ ਜੀ ਨੂੰ ਮਿਲੇ ਤੋਂ ਬਿਨਾਂ ਉਸ ਪਾਪਾਂ ਦਾ ਛਿਨ ਛਿਨ ਵਿਚ ਵਾਧਾ ਹੁੰਦਾ ਜਾਂਦਾ ਹੈ ॥੬੩੩॥

ਜੈਸੇ ਕੇਲਾ ਬਸਤ ਬਬੂਰ ਕੈ ਨਿਕਟ;
ਤਾਂਹਿ ਸਾਲਤ ਹੈਂ ਸੂਰੈ, ਆਪਾ ਸਕੈ ਨ ਬਚਾਇ ਜੀ ॥

ਜੈਸੇ = ਜਿਸ ਪ੍ਰਕਾਰ ਕੇਲਾ ਬਬੂਰ = ਕਿੱਕਰ ਕੈ = ਦੇ ਨਿਕਟ = ਨੇੜੇ ਬਸਤ = ਵੱਸਦਾ ਹੈ, ਤਾਂਹਿ = ਉਸ ਨੂੰ ਕਿੱਕਰ ਦੀਆਂ ਸੂਰੈ = ਸੂਲਾਂ (ਕੰਡੇ) ਵਿੰਨ੍ਹ ਸਾਲਤ = ਸੁੱਟਦੀਆਂ ਹਨ ਤੇ ਆਪਾ = ਆਪਣੇ ਆਪ ਨੂੰ ਬਚਾਇ = ਬਚਾ ਨ = ਨਹੀਂ ਸਕੈ = ਸਕਦਾ ਜੀ।

ਜੈਸੇ ਪਿੰਜਰੀ ਮੈ ਸੂਆ ਪੜਤ ਗਾਥਾ ਅਨੇਕ;
ਦਿਨ ਪ੍ਰਤਿ ਹੇਰਤਿ ਬਿਲਾਈ ਅੰਤਿ ਖਾਇ ਜੀ ॥

ਜੈਸੇ = ਜਿਸ ਪ੍ਰਕਾਰ ਪਿੰਜਰੀ = ਛੋਟੇ ਪਿੰਜਰੇ ਦੇ ਮੈ = ਵਿਚ ਸੂਆ = ਤੋਤਾ ਅਨੇਕਾਂ ਤਰ੍ਹਾਂ ਦੀਆਂ ਗਾਥਾ = ਗੱਲਾਂ ਪੜਤ = ਪੜ੍ਹਦਾ ਹੈ, ਪਰ ਬਿਲਾਈ = ਬਿੱਲੀ ਉਸ ਨੂੰ ਦਿਨ ਪ੍ਰਤਿ = ਹਰ ਰੋਜ਼ ਹੇਰਤਿ = ਵੇਖਦੀ ਰਹਿੰਦੀ ਹੈ ਤੇ ਅੰਤ ਨੂੰ ਜਦੋਂ ਉਸ ਦਾ ਦਾਅ ਲੱਗਦਾ ਹੈ ਤਾਂ ਤਦੋਂ ਉਸ ਨੂੰ ਖਾਇ = ਖਾ ਜਾਂਦੀ ਹੈ ਜੀ।

ਜੈਸੇ ਜਲ ਅੰਤਰ ਮੁਦਤ ਮਨ ਹੋਤ ਮੀਨ;
ਮਾਸ ਲਪਟਾਇ ਲੇਤ ਬਨਛੀ[੧] ਲਗਾਇ ਜੀ ॥

ਜੈਸੇ = ਜਿਸ ਪ੍ਰਕਾਰ ਮੀਨ = ਮੱਛੀ ਜਲ = ਪਾਣੀ ਦੇ ਅੰਤਰ = ਅੰਦਰ ਮਨ ਕਰਕੇ ਮੁਦਤ = ਪ੍ਰਸੰਨ ਹੁੰਦੀ ਹੈ, ਪਰ ਸ਼ਿਕਾਰੀ ਬਨਛੀ = ਬਨਸੀ ਨਾਲ ਮਾਸ ਲਪਟਾਇ = ਲਪੇਟ ਕੇ ਭਾਵ ਚਮੇੜ ਕੇ ਪਾਣੀ ਵਿਚ ਬਨਸੀ ਲਗਾਇ = ਲਾ ਕੇ ਮੱਛੀ ਨੂੰ ਪਕੜ ਲੈਂਦਾ ਹੈ ਜੀ।

ਬਿਨ ਸਤਿਗੁਰ ਸਾਧ ਮਿਲਤ ਅਸਾਧ ਸੰਗਿ;
ਅੰਗ ਅੰਗ ਦੁਰਮਤਿ ਗਤਿ ਪ੍ਰਗਟਾਇ ਜੀ ॥੬੩੪॥

ਇਸੇ ਪ੍ਰਕਾਰ ਸਾਧ = ਸ੍ਰੇਸ਼ਟ ਸਤਿਗੁਰੂ ਜੀ ਤੋਂ ਬਿਨ = ਬਿਨਾਂ ਅਸਾਧ = ਖੋਟੇ ਪੁਰਸ਼ਾਂ ਦੇ ਸੰਗਿ = ਨਾਲ ਮਿਲਤ = ਮਿਲ ਕੇ ਅੰਗ ਅੰਗ ਵਿਚ ਦੁਰਮਤਿ = ਖੋਟੀ ਮਤ ਦੀ ਖੋਟੀ ਗਤਿ = ਚਾਲ ਪ੍ਰਗਟਾਇ = ਪ੍ਰਗਟ ਹੋ ਜਾਂਦੀ ਹੈ ਜੀ ॥੬੩੪॥

---

੧. ਮੱਛੀ ਫੜਨ ਵਾਲੀ ਸੋਟੀ, ਜਿਸ ਦੇ ਅੱਗੇ ਕੁੰਡੀ ਲੱਗੀ ਹੁੰਦੀ ਹੈ, ਜਿਸ ਨਾਲ ਮਾਸ ਲਾ ਕੇ ਮੱਛੀਆਂ ਫੜਦੇ ਹਨ ਅਤੇ ਬਾਂਸ ਦੀ ਸੋਟੀ ਹੋਣ ਕਰਕੇ ਇਸ ਦਾ ਨਾਮ ਬਨਸੀ ਹੈ।

ਕੋਟਿ ਪਰਕਾਰ ਨਾਰਿ ਸਾਜੈ ਜਉ ਸਿੰਗਾਰ ਚਾਰ;
ਬਿਨੁ ਭਰਤਾਰ ਭੇਟੈ ਸੁਤ ਨ ਖਿਲਾਇ ਹੈ॥

ਜਉ = ਜੇਕਰ ਨਾਰਿ = ਇਸਤਰੀ ਕੋਟਿ = ਕਰੋੜਾਂ ਪ੍ਰਕਾਰਾਂ ਦੇ ਚਾਰ = ਸੁੰਦਰ ਸ਼ਿੰਗਾਰ ਸਾਜੈ = ਬਣਾਉਣਾ ਕਰੇ ਭਾਵ ਕਰਨਾ ਕਰੇ, ਪਰ ਉਹ ਭਰਤਾਰ = ਪਤੀ ਨੂੰ ਭੇਟੈ = ਮਿਲੇ ਤੋਂ ਬਿਨੁ = ਬਗ਼ੈਰ ਸੁਤ = ਪੁੱਤਰ ਨੂੰ ਨ = ਨਹੀਂ ਖਿਲਾਇ = ਖਿਡਾ ਸਕਦੀ ਭਾਵ ਪੁੱਤਰ ਨੂੰ ਪੈਦਾ ਕਰ ਕੇ ਖਿਲਾ ਨਹੀਂ ਸਕਦੀ।

ਸਿੰਚੀਐ ਸਲਿਲ ਨਿਸ ਬਾਸੁਰ ਬਿਰਖ ਮੂਲ;
ਫੁਲ ਨ ਬਸੰਤ ਬਿਨੁ ਤਾਸੁ ਪ੍ਰਗਟਾਇ ਹੈ॥

ਭਾਵੇਂ ਬਿਰਖ = ਬ੍ਰਿਛ ਦੇ ਮੂਲ = ਮੁੱਢ ਨੂੰ ਨਿਸ ਬਾਸੁਰ = ਰਾਤ ਦਿਨ ਸਲਿਲ = ਪਾਣੀ ਨਾਲ ਸਿੰਚੀਐ = ਸਿੰਜੀ ਜਾਈਏ ਭਾਵ ਲਗਾਤਾਰ ਪਾਣੀ ਦੇਈ ਜਾਈਏ, ਪਰ ਬਸੰਤ ਰੁੱਤ ਤੋਂ ਬਿਨੁ = ਬਿਨਾਂ ਤਾਸੁ = ਉਸ ਨੂੰ ਫੁੱਲ ਪ੍ਰਗਟਾਇ = ਪ੍ਰਗਟ ਨ = ਨਹੀਂ ਹੋਵੇਗਾ।

ਸਾਵਨ ਸਮੈ ਕਿਸਾਨ ਖੇਤ ਜੋਤ ਬੀਜ ਬੋਵੈ;
ਬਰਖਾ ਬਿਹੂਨ ਕਤ ਨਾਜ ਨਿਪਜਾਇ ਹੈ॥

ਕਿਸਾਨ ਜੇਕਰ ਸਾਵਨ ਦੇ ਸਮੈ = ਸਮੇਂ ਭਾਵ ਮਹੀਨੇ ਵਿਚ ਖੇਤ ਜੋਤ = ਜੋੜ ਕੇ, ਵਾਹ ਕੇ ਬੀਜ ਬੋਵੈ = ਬੀਜ ਦੇਵੇ, ਪਰ ਬਰਖਾ ਤੋਂ ਬਿਹੂਨ = ਬਿਨਾਂ ਨਾਜ = ਅਨਾਜ ਕਤ = ਕਿਵੇਂ ਨਿਪਜਾਇ = ਪੈਦਾ ਹੋਵੇਗਾ, ਭਾਵ ਨਹੀਂ ਪੈਦਾ ਹੋ ਸਕਦਾ।

ਅਨਿਕ ਪ੍ਰਕਾਰ ਭੇਖ ਧਾਰਿ ਪ੍ਰਾਨੀ ਭ੍ਰਮੈ ਭੂਮਿ;
ਬਿਨੁ ਗੁਰ ਉਰਿ ਗਿਆਨ ਦੀਪ ਨ ਜਗਾਇ ਹੈ॥੬੩੫॥

ਭਾਵੇਂ ਪ੍ਰਾਨੀ = ਪ੍ਰਾਣਾਧਾਰੀ ਜੀਵ ਅਨਿਕ = ਅਨੇਕਾਂ ਪ੍ਰਕਾਰ ਦੇ ਭੇਖ = ਭੇਸ (ਰੂਪ) ਧਾਰ ਕੇ ਭੂਮਿ = ਧਰਤੀ 'ਤੇ ਭੌਂਦਾ ਭ੍ਰਮੈ = ਫਿਰੇ, ਪਰ ਉਸ ਦੇ ਉਰਿ = ਹਿਰਦੇ ਦੇ ਅੰਦਰ ਗੁਰ = ਗੁਰੂ ਤੋਂ ਬਿਨੁ = ਬਿਨਾਂ ਗਿਆਨ ਦਾ ਦੀਪ = ਦੀਵਾ ਨ = ਨਹੀਂ ਜਗਾਇ = ਜਗ ਸਕਦਾ ॥੬੩੫॥

ਜੈਸੇ ਨੀਰ ਖੀਰ ਅੰਨ ਭੋਜਨ ਖੁਵਾਇ ਅੰਤਿ;
ਗਰੋ ਕਾਟਿ ਮਾਰਤ ਹੈ ਅਜਾ ਕੇ ਸ੍ਵਨ ਕਉ॥

ਜੈਸੇ = ਜਿਸ ਪ੍ਰਕਾਰ ਅਜਾ = ਬੱਕਰੀ ਕੇ = ਦੇ ਸ੍ਵਨ ਕਉ = ਬੱਚੇ (ਬੱਕਰੇ) ਨੂੰ ਨੀਰ = ਪਾਣੀ, ਖੀਰ = ਦੁੱਧ, ਅੰਨ ਤੇ ਹੋਰ ਭੋਜਨ ਖੁਵਾਇ = ਖੁਵਾ ਕੇ ਅੰਤ ਉਸ ਨੂੰ ਬਕਰੀਦ ਉੱਤੇ ਗਰੋ = ਗਲਾ ਕਾਟਿ = ਕੱਟ ਕੇ ਮਾਰਤ = ਮਾਰ ਦਿੰਦੇ ਹਨ।

ਜੈਸੇ ਬਹੁ ਭਾਰ ਡਾਰੀਅਤ ਲਘੁ ਨੌਕਾ ਮਾਹਿ;
ਬੂਡਤ ਹੈ ਮਾਝਧਾਰ ਪਾਰ ਨ ਗਵਨ ਕਉ ॥

ਜੈਸੇ = ਜਿਸ ਪ੍ਰਕਾਰ ਲਘੁ = ਛੋਟੀ ਨੌਕਾ = ਬੇੜੀ ਮਾਹਿ = ਵਿਚ ਬਹੁ = ਬਹੁਤਾ ਭਾਰ ਡਾਰੀਅਤ = ਪਾ ਦੇਈਏ ਤਾਂ ਉਹ ਮਾਝਧਾਰ = ਵਿਚਕਾਰ ਹੀ ਬੂਡਤ = ਡੁੱਬ ਜਾਂਦੀ ਹੈ ਤੇ ਪਾਰ ਕਰਨ ਕਉ = ਤਾਈਂ ਨ = ਨਹੀਂ ਗਵਨ = ਪਹੁੰਚਦੀ ਭਾਵ ਨਦੀ ਪਾਰ ਨਹੀਂ ਕਰ ਸਕਦੀ, ਵਿਚਕਾਰ ਹੀ ਡੁੱਬ ਜਾਂਦੀ ਹੈ।

ਜੈਸੇ ਬੁਰ ਨਾਰਿ ਧਾਰਿ ਭਰਨ ਸਿੰਗਾਰ ਤਨਿ;
ਆਪਿ ਆਮੈ ਅਰਪਤ ਚਿੰਤਾ ਕੈ ਭਵਨ ਕਉ ॥

ਜੈਸੇ = ਜਿਸ ਪ੍ਰਕਾਰ ਬੁਰ = ਮਾੜੀ ਨਾਰਿ = ਇਸਤਰੀ ਭਾਵ ਵੇਸਵਾ ਤਨਿ = ਸਰੀਰ 'ਤੇ ਸ਼ਿੰਗਾਰ ਕਰ ਕੇ ਤੇ ਭਰਨ = ਗਹਿਣੇ ਪਹਿਨ ਕੇ ਪਾਪ ਕਰਮ ਕਰ ਕੇ ਆਪਣੇ ਆਪ ਕਉ = ਨੂੰ ਆਮੈ = ਰੋਗ ਦੇ ਵਿਚ ਅਰਪਤ = ਅਰਪਨ ਕਰ ਦਿੰਦੀ ਹੈ ਤੇ ਚਿੰਤਾ ਕੈ = ਦੇ ਭਵਨ = ਘਰ ਵਿਚ ਪੈ ਜਾਂਦੀ ਹੈ।

ਤੈਸੇ ਹੀ ਅਧਰਮ ਕਰਮ ਕੈ ਅਧਰਮ ਨਰ;
ਮਰਤ ਅਕਾਲ ਜਮ-ਲੋਕਹ ਰਵਨ ਕਉ ॥੬੩੬॥

ਤੈਸੇ = ਉਸੇ ਤਰ੍ਹਾਂ ਹੀ ਅਧਰਮ ਨਰ = ਅਧਰਮੀ ਪੁਰਸ਼ ਭਾਵ ਦੁਰਾਚਾਰੀ ਮਨੁੱਖ ਅਧਰਮ = ਧਰਮ ਵਿਰੋਧੀ ਕਰਮ = ਕੰਮ ਕਰ ਕੈ = ਕੇ ਅਕਾਲ = ਬੁਰੇ ਸਮੇਂ ਦੀ ਭਾਵ ਅਣਿਆਈ ਮੌਤ ਮਰਤ = ਮਰਦਾ ਹੈ ਅਤੇ ਜਮ-ਲੋਕਹ = ਜਮਲੋਕ ਕਉ = ਨੂੰ ਰਵਨ = ਜਾਂਦਾ ਹੈ ॥੬੩੬॥

ਜੈਸੇ ਪਾਕਸਾਲਾ ਬਾਲਾ ਬਿੰਜਨ ਅਨੇਕ ਰਚੈ;
ਛੁਅਤ ਅਪਾਵਨ ਛਿਨਕ ਛੋਤ ਲਾਗਿ ਹੈ ॥

ਜੈਸੇ = ਜਿਸ ਪ੍ਰਕਾਰ ਪਾਕਸਾਲਾ = ਰਸੋਈ ਵਿਚ ਬਾਲਾ = ਇਸਤਰੀ ਅਨੇਕਾਂ ਤਰ੍ਹਾਂ ਦੇ ਬਿੰਜਨ = ਰੋਟੀ ਨਾਲ ਲਾ ਕੇ ਖਾਣ ਵਾਲੇ ਸਾਗ, ਤਰਕਾਰੀ ਆਦਿ ਭੋਜਨ **ਵਾ:** ਬਿੰਜਨ = ਖਟ ਰਸੇ ਭੋਜਨ ਰਚੈ = ਬਣਾਉਂਦੀ ਹੈ, ਪਰ ਜੇਕਰ ਉਨ੍ਹਾਂ ਨੂੰ ਛਿਨਕ = ਰਤੀ ਮਾਤਰ ਵੀ ਅਪਾਵਨ = ਅਪਵਿੱਤਰਤਾ ਛੁਅਤ = ਛੂਹ ਜਾਵੇ ਤਾਂ ਸਾਰੇ ਭੋਜਨ ਨੂੰ ਉਹ ਛੋਤ = ਛੂਹ ਲਾਗਿ = ਲੱਗ ਜਾਂਦੀ ਹੈ ਭਾਵ ਸਾਰਾ ਭੋਜਨ ਅਪਵਿੱਤਰ ਹੋ ਜਾਂਦਾ ਹੈ।

ਜੈਸੇ ਤਨ ਸਾਜਤ ਸਿੰਗਾਰ ਨਾਰਿ ਆਨੰਦ ਕੈ;
ਪੁਹਪਵੰਤ ਹੁਇ ਪ੍ਰਿਯਾ ਸਿਹਜਾ ਤਿਆਗਿ ਹੈ ॥

ਜੈਸੇ = ਜਿਸ ਪ੍ਰਕਾਰ ਨਾਰਿ = ਇਸਤਰੀ ਆਪਣੇ ਤਨ = ਸਰੀਰ ਕੈ = ਦੇ ਉੱਤੇ ਸ਼ਿੰਗਾਰ ਸਾਜਤ = ਸਾਜ ਕੇ ਆਨੰਦ ਮਾਣਦੀ ਹੈ, ਪਰ ਜਦੋਂ ਉਹ ਪੁਹਪਵੰਤ = ਰੱਜ ਸ਼ੂਲਾ ਭਾਵ ਮਾਸਕ ਰਿਤੂ ਵਾਲੀ ਹੁਇ = ਹੋ ਜਾਂਦੀ ਹੈ ਤਾਂ ਪ੍ਰਿਯਾ = ਪਤੀ ਸਿਹਜਾ = ਸੇਜਾ ਦਾ ਤਿਆਗ ਕਰ ਦਿੰਦਾ ਹੈ।

ਜੈਸੇ ਗ੍ਰਭ-ਧਾਰ ਨਾਰਿ ਜਤਨ ਕਰਤ ਨਿਤ;
ਮਲ-ਮੈ ਗਰਭ ਛੇਦ ਖੇਦ ਨਿਹਭਾਗਿ ਹੈ॥

ਜੈਸੇ = ਜਿਸ ਪ੍ਰਕਾਰ ਨਾਰਿ = ਇਸਤਰੀ ਗਰਭ ਧਾਰ ਕੇ ਨਿਤ = ਹਮੇਸ਼ਾਂ ਜਤਨ ਕਰਦੀ ਹੈ ਕਿ ਜਿਸ ਨਾਲ ਗਰਭ ਕਾਇਮ ਰਹੇ, ਪਰ ਜੇਕਰ ਕਦੇ ਗਰਭ ਦੇ ਦਿਨਾਂ ਵਿਚ ਮਲ-ਮੈ = ਮਹਾਂਵਾਰੀ ਭਾਵ ਲਹੂ ਜਾਰੀ ਹੋ ਜਾਏ ਤਾਂ ਗਰਭ ਛੇਦ = ਗਰਭ ਪਾਤ ਹੋਣ ਦਾ ਖੇਦ = ਦੁੱਖ ਹੁੰਦਾ ਹੈ ਤੇ ਉਹ ਇਸਤਰੀ ਨਿਹਭਾਗਿ = ਅਭਾਗਣ ਸਮਝੀ ਜਾਂਦੀ ਹੈ।

ਤੈਸੇ ਸੀਲ ਸੰਜਮ ਜਨਮ ਪਰਜੰਤ ਕੀਜੈ;
ਤਨਕ ਹੀ ਪਾਪ ਕੀਏ ਤੂਲ ਮੈ ਬਜਾਗਿ ਹੈ॥੬੩੭॥

ਤੈਸੇ = ਉਸੇ ਤਰ੍ਹਾਂ ਸੀਲ = ਨਿਮਰਤਾ ਵਾਲਾ ਸੁਭਾਅ ਤੇ ਸੰਜਮ = ਇੰਦਰਿਆਂ ਨੂੰ ਕਾਬੂ ਰੱਖਣਾ ਆਦਿ ਐਸੇ ਕਰਮ ਭਾਵੇਂ ਸਾਰੀ ਜ਼ਿੰਦਗੀ ਪਰਜੰਤ = ਤਕ ਕੀਜੈ = ਕੀਤੇ ਹੋਣ ਭਾਵ ਅੰਤ ਤਕ ਕੀਤੇ ਹੋਣ, ਪਰ ਤਨਕ = ਥੋੜ੍ਹੇ ਮਾਤਰ ਹੀ ਪਾਪ ਕਰਮ ਕੀਏ = ਕਰਨ ਦੇ ਨਾਲ ਉਹ ਸੀਲ ਸੰਜਮ ਆਦਿ ਕਰਮ ਇਉਂ ਨਾਸ਼ ਹੋ ਜਾਂਦੇ ਹਨ ਜਿਵੇਂ ਤੂਲ = ਰੂਈਂ ਮੈ = ਵਿਚ ਬਜਾਗਿ = ਭਿਆਨਕ ਅੱਗ ਲੱਗ ਪੈਂਦੀ ਹੈ॥੬੩੭॥

ਚੀਕਨੇ ਕਲਸ ਪਰ ਜੈਸੇ ਨਾ ਟਿਕਤ ਬੂੰਦ;
ਕਾਲਰ ਮੈ ਪਰੇ ਨਾਜ ਨਿਪਜੈ ਨ ਖੇਤ ਜੀ॥

ਜਿਸ ਤਰ੍ਹਾਂ ਚੀਕਨੇ = ਥਿੰਦੇ ਕਲਸ = ਘੜੇ ਪਰ = ਉੱਤੇ ਪਾਣੀ ਦੀ ਬੂੰਦ ਨਾ = ਨਹੀਂ ਟਿਕਤ = ਟਿਕਦੀ ਅਤੇ ਕਾਲਰ = ਕੱਲਰੀ ਖੇਤ = ਭੂਮੀ ਮੈ = ਵਿਚ ਪਰੇ = ਪਾਇਆ ਭਾਵ ਬੀਜਿਆ ਹੋਇਆ ਨਾਜ = ਅਨਾਜ ਨ = ਨਹੀਂ ਨਿਪਜੈ = ਉੱਗਦਾ ਹੈ ਜੀ।

ਜੈਸੇ ਧਰ ਪਰਿ ਤਰੁ ਸੇਂਬਲ ਅਫਲ ਅਰੁ;
ਬਿਖਿਆ ਬਿਰਖ ਫਲੇ ਜਗੁ ਦੁਖ ਦੇਤ ਜੀ॥

ਜੈਸੇ = ਜਿਸ ਤਰ੍ਹਾਂ ਧਰਿ = ਧਰਤੀ ਪਰ = ਉੱਪਰ ਸੇਂਬਲ = ਸਿੰਮਲ ਤਰੁ = ਬ੍ਰਿਛ ਅਫਲ = ਫਲ ਤੋਂ ਹੀਣਾ ਹੈ ਅਤੇ ਬਿਖਿਆ = ਜ਼ਹਿਰੀਲਾ ਬਿਰਖ = ਬ੍ਰਿਛ ਫਲੇ = ਫਲ ਕੇ ਵੀ ਜਗੁ = ਸੰਸਾਰ ਨੂੰ ਦੁਖ = ਕਸ਼ਟ ਹੀ ਦੇਤ = ਦਿੰਦਾ ਹੈ ਜੀ।

ਚੰਦਨ ਸੁਬਾਸ ਬਾਂਸ ਬਾਸ ਬਾਸ ਬਾਸੀਐ ਨਾ;
ਪਵਨ ਗਵਨ ਮਲ ਮੂਤਤਾ ਸਮੇਤ ਜੀ॥

ਜਿਸ ਤਰ੍ਹਾਂ ਚੰਦਨ ਦੀ ਸੁਬਾਸ = ਸੁੰਦਰ ਵਾਸ਼ਨਾ ਬਾਂਸ ਦੇ ਨੇੜੇ ਬਾਸ ਬਾਸ = ਵੱਸ ਵੱਸ ਕੇ ਵੀ ਬਾਂਸ ਵਿਚ ਬਾਸੀਐ = ਵੱਸਣਾ (ਸੁਗੰਧਿਤ) ਨਾ = ਨਹੀਂ ਕਰਦੀ ਅਤੇ ਮਲ ਮੂਤਤਾ = ਮੂਤਰ ਵਾਲੀ ਥਾਂ ਤੋਂ ਲੰਘੀ ਹੋਈ ਪਵਨ = ਪਉਣ, ਹਵਾ ਉਸ ਦੇ ਸਮੇਤ = ਸਹਿਤ ਹੋ ਜਾਂਦੀ ਹੈ ਭਾਵ ਬਦਬੂਦਾਰ ਹੋ ਜਾਂਦੀ ਹੈ ਜੀ।

ਗੁਰ ਉਪਦੇਸ ਪਰਵੇਸ ਨ ਮੋ ਰਿਦੈ ਭਿਦੈ;
ਜੈਸੇ ਮਾਨੋ ਸ੍ਵਾਂਤਿ ਬੂੰਦ ਅਹਿ ਮੁਖ ਲੇਤ ਜੀ ॥੬੩੮॥

ਉਸੇ ਤਰ੍ਹਾਂ ਗੁਰ = ਗੁਰੂ ਦੀ ਉਪਦੇਸ = ਸਿੱਖਿਆ ਮੋ = ਮੇਰੇ ਰਿਦੈ = ਹਿਰਦੇ ਨੂੰ ਭਿਦੈ = ਵਿੰਨ੍ਹ ਕੇ ਵਿਚ ਪ੍ਰਵੇਸ਼ ਨ = ਨਹੀਂ ਕਰਦੀ ਭਾਵ ਅਸਰ ਨਹੀਂ ਕਰਦੀ, ਜੈਸੇ = ਜਿਸ ਪ੍ਰਕਾਰ ਅਹਿ = ਸੱਪ ਦਾ ਮੁਖ = ਮੂੰਹ ਸ੍ਵਾਂਤਿ = ਸੁਆਂਤੀ ਬੂੰਦ ਲੇਤ = ਲੈਂਦਾ ਹੈ ਜੀ ਤੇ ਉਸ ਨੂੰ ਜ਼ਹਿਰ ਬਣਾ ਦਿੰਦਾ ਹੈ। ਇਸੇ ਤਰ੍ਹਾਂ ਮਾਨੋ ਮੇਰਾ ਮਨ ਭੀ ਗੁਰ-ਸਿੱਖਿਆ ਰੂਪ ਸੁਆਂਤੀ ਬੂੰਦ ਨੂੰ ਨਾ ਧਾਰਨ ਕਰਨ ਰੂਪ ਜ਼ਹਿਰ ਬਣਾ ਦਿੰਦਾ ਹੈ॥੬੩੮॥

ਚੰਦਨ ਸਮੀਪ ਬਸਿ ਬਾਂਸਿ ਮਹਿਮਾ ਨਾ ਜਾਨੀ;
ਆਨ ਦ੍ਰੁਮ ਦੂਰ ਭਏ ਬਾਸਨਾ ਕੈ ਬੋਹੇ ਹੈ ॥

ਜਿਸ ਪ੍ਰਕਾਰ ਚੰਦਨ ਦੇ ਸਮੀਪ = ਨੇੜੇ ਬਸਿ = ਵੱਸ ਕੇ ਬਾਂਸ ਨੇ ਉਸ ਦੀ ਮਹਿਮਾ = ਮਹਾਨਤਾ ਨਾ = ਨਹੀਂ ਜਾਣੀ ਤੇ ਆਨ = ਹੋਰ ਜੋ ਦ੍ਰੁਮ = ਬ੍ਰਿਛ ਦੂਰ ਸਨ, ਉਹ ਚੰਦਨ ਦੀ ਵਾਸ਼ਨਾ ਕੈ = ਦੇ ਨਾਲ ਬੋਹੇ = ਸੁਗੰਧਿਤ ਭਏ = ਹੋ ਗਏ।

ਦਾਦਰ ਸਰੋਵਰ ਮੈਂ ਜਾਨੇ ਨ ਕਮਲ ਗਤਿ;
ਮਕਰੰਦ ਕਰਿ ਮਧੁਕਰ ਹੀ ਬਿਮੋਹੇ ਹੈ ॥

ਜਿਸ ਪ੍ਰਕਾਰ ਦਾਦਰ = ਡੱਡੂ ਸਰੋਵਰ = ਤਲਾਅ ਮੈ = ਵਿਚ ਰਹਿੰਦਿਆਂ ਹੋਇਆਂ ਵੀ ਕਮਲ ਦੀ ਗਤਿ = ਪ੍ਰਾਪਤੀ ਭਾਵ ਖ਼ੂਬੀ ਬਾਰੇ ਨ = ਨਹੀਂ ਜਾਨੇ = ਜਾਣਦਾ, ਪਰ ਕਮਲ ਵਿਚ ਵੱਸ ਰਹੇ ਮਕਰੰਦ = ਕਮਲ ਫੁੱਲਾਂ ਦੇ ਰਸ ਕਰਕੇ ਤਾਂ ਮਧੁਕਰ = ਭੌਰੇ ਹੀ ਬਿਮੋਹੇ (ਬਿ + ਮੋਹੇ) ਬਿ = ਵਿਸ਼ੇਸ਼ ਕਰਕੇ ਮੋਹੇ = ਮੋਹਿਤ ਹੁੰਦੇ ਹਨ।

ਸੁਰਸਰੀ ਬਿਖੈ ਬਗ ਜਾਨਿਓ ਨ ਮਰਮ ਕਛੂ;
ਆਵਤ ਹੈ ਜਾਤ੍ਰੀ ਜੰਤ੍ਰ ਜਾਤ੍ਰਾ ਹੇਤ ਸੋਹੇ ਹੈ ॥

ਜਿਸ ਪ੍ਰਕਾਰ ਬਗ = ਬਗਲੇ ਨੇ ਸੁਰਸਰੀ = ਗੰਗਾ ਦੇ ਬਿਖੈ = ਵਿਚ ਵੱਸ ਕੇ ਗੰਗਾ ਦਾ ਕਛੂ = ਕੁਝ ਮਰਮ = ਭੇਦ ਨ = ਨਹੀਂ ਜਾਨਿਓ = ਜਾਣਿਆ, ਪਰ ਮਹਿਮਾ ਜਾਣਨ ਵਾਲੇ ਯਾਤਰੀ ਜੰਤ੍ਰ = ਜੀਵ ਯਾਤਰਾ ਕਰਨ ਹੇਤ = ਵਾਸਤੇ ਯਾਤਰੀਆਂ ਦੇ ਨਿਯਮ ਅਨੁਸਾਰ ਆਉਂਦੇ ਹਨ ਤੇ ਸੋਹੇ = ਸ਼ੋਭਨੀਕ ਹੋ ਜਾਂਦੇ ਹਨ।

ਨਿਕਟ ਬਸਤ ਮਮ ਗੁਰ ਉਪਦੇਸ ਹੀਨ;
ਦੂਰ ਹੀ ਦਿਸੰਤਰੁ ਉਰ ਅੰਤਰ ਲੈ ਪੋਹੇ ਹੈ॥੬੩੯॥

ਉਸੇ ਤਰ੍ਹਾਂ ਮਮ = ਮੈਂ ਗੁਰ = ਗੁਰੂ ਦੇ ਨਿਕਟ = ਨੇੜੇ ਬਸਤ = ਵੱਸਦਿਆਂ ਹੋਇਆਂ ਵੀ ਗੁਰੂ ਦੀ ਉਪਦੇਸ = ਸਿੱਖਿਆ ਤੋਂ ਹੀਨ = ਹੀਣਾ ਹਾਂ, ਪਰ ਦੂਰ ਦੂਰ ਅਤੇ ਦਿਸੰਤਰੁ = ਦੇਸ਼ਾਂ-ਦੇਸ਼ਾਂਤਰਾਂ ਵਿਚ ਰਹਿਣ ਵਾਲੇ ਸ਼ਰਧਾ ਵਾਲੇ ਗੁਰਸਿੱਖ ਗੁਰੂ ਉਪਦੇਸ਼ ਲੈ ਕੇ ਆਪਣੇ ਉਰ = ਹਿਰਦੇ ਦੇ ਅੰਤਰ = ਅੰਦਰ ਪੋਹੇ = ਪ੍ਰੋ ਲੈਂਦੇ ਹਨ॥੬੩੯॥

ਨਾਹਿਨ ਅਨੂਪ ਰੂਪ ਚਿਤਵੈ ਕਿਉ ਚਿੰਤਾਮਣਿ;
ਲੋਨੇ ਹੈ ਨ ਲੋਇਨ ਜੋ ਲਾਲਨ ਬਿਲੋਕੀਐ ॥

ਜਗਿਆਸੂ ਰੂਪ ਇਸਤਰੀ ਆਖਦੀ ਹੈ ਕਿ ਮੇਰਾ ਰੂਪ ਅਨੂਪ = ਸੁੰਦਰ ਨਾਹਿਨ = ਨਹੀਂ ਹੈ, ਮੇਰੇ ਵੱਲ ਮੇਰਾ ਚਿੰਤਾਮਣਿ ਰੂਪੀ ਪ੍ਰੀਤਮ ਕਿਉਂ = ਕਿਵੇਂ ਚਿਤਵੈ = ਚਿਤਵੇ ਭਾਵ ਦੇਖੇ ? ਮੇਰੇ ਲੋਇਨ = ਨੇਤਰ ਲੋਨੇ = ਸੁੰਦਰ ਨ = ਨਹੀਂ ਹਨ, ਜੋ ਮੈਂ ਲਾਲਨ = ਪਿਆਰੇ ਨੂੰ ਪ੍ਰੀਤ ਨਜ਼ਰ ਨਾਲ ਬਿਲੋਕੀਐ = ਵੇਖ ਸਕਾਂ।

ਰਸਨਾ ਰਸੀਲੀ ਨਾਹਿ ਬੇਨਤੀ ਬਖਾਨਉ ਕੈਸੇ;
ਸੁਰਤਿ ਨ ਸ੍ਰਵਨਨ ਬਚਨ ਮਧੋਕੀਐ ॥

ਮੇਰੀ ਰਸਨਾ = ਜਿਹਬਾ ਰਸੀਲੀ ਨਾਹਿ = ਨਹੀਂ ਹੈ, ਮੈਂ ਮਿੱਠੀ ਬੇਨਤੀ ਕੈਸੇ = ਕਿਵੇਂ ਬਖਾਨਉ = ਕਹਿਣਾ ਕਰਾਂ ? ਮੇਰੇ ਸ੍ਰਵਨਨ = ਕੰਨਾਂ ਦੇ ਵਿਚ ਸ਼ਰਧਾ ਵਾਲੀ ਸੁਰਤਿ = ਸੁਣਨ ਸ਼ਕਤੀ ਨ = ਨਹੀਂ ਹੈ, ਜੋ ਮੈਂ ਪਿਆਰੇ ਦੇ ਕੀਤੇ ਹੋਏ ਮਧੋਕੀਐ = ਮਿੱਠੇ ਬਚਨ ਸੁਣ ਸਕਾਂ।

ਅੰਗ ਅੰਗ ਹੀਨ ਦੀਨ ਕੈਸੇ ਬਰ ਮਾਲ ਕਰਉ;
ਮਸਤਕ ਨਾਹਿ ਭਾਗ ਪ੍ਰਿਯ ਪਗ ਧੋਕੀਐ ॥

ਅੰਗ ਅੰਗ ਤੋਂ ਹੀਨ = ਹੀਣੀ ਹਾਂ, ਦੀਨ ਹਾਂ, ਪਿਆਰੇ ਲਈ ਬਰ = ਸ੍ਰੇਸ਼ਟ, ਸੋਹਣੀ ਮਾਲ = ਮਾਲਾ ਕੈਸੇ = ਕਿਵੇਂ ਤਿਆਰ ਕਰਉ = ਕਰਾਂ ? ਮਸਤਕ = ਮੱਥੇ 'ਤੇ ਅਜਿਹੇ ਚੰਗੇ ਭਾਗ ਨਹੀਂ ਲਿਖੇ ਹੋਏ ਕਿ ਜੋ ਪ੍ਰਿਯ = ਪਿਆਰੇ ਦੇ ਪਗ = ਚਰਨ ਧੋਕੀਐ = ਧੋ ਸਕਾਂ।

ਸੇਵਕ ਸ੍ਵਭਾਵ ਨਾਹਿ, ਪਹੁੰਚ ਨ ਸਕਉ ਸੇਵ;
ਨਾਹਿਨ ਪ੍ਰਤੀਤ ਪ੍ਰਭ ਪ੍ਰਭੁਤਾ ਸਮੋਕੀਐ ॥੬੪੦॥

ਜਗਿਆਸੂ ਰੂਪ ਇਸਤਰੀ ਕਹਿੰਦੀ ਹੈ ਕਿ ਮੇਰੇ ਵਿਚ ਤਾਂ ਸੇਵਕਾਂ ਵਾਲਾ ਸੁਭਾਵ ਵੀ ਨਾਹਿ = ਨਹੀਂ ਹੈ, ਇਸ ਕਰਕੇ ਮੈਂ ਸੇਵਾ ਦੁਆਰਾ ਪਹੁੰਚ ਨ = ਨਹੀਂ ਸਕਉ = ਸਕਦੀ, ਨਾਹਿਨ = ਨਾ ਹੀ ਆਪਣੇ ਪਿਆਰੇ ਪ੍ਰਭ = ਪਰਮੇਸ਼ਰ ਦੇ ਉੱਤੇ ਮੈਂ ਪ੍ਰਤੀਤ = ਪ੍ਰਤੀਤੀ, ਸ਼ਰਧਾ ਬਣਾਉਣਾ ਕੀਤੀ ਹੈ, ਸੋ ਉਸ ਦੀ ਪ੍ਰਭੁਤਾ = ਵਡਿਆਈ ਵਿਚ ਮੈਂ ਕਿਵੇਂ ਸਮੋਈਐ = ਸਮਾ ਜਾਵਾਂ ? ਭਾਵ ਸਮਾ ਨਹੀਂ ਸਕਦੀ।

ਬੇਸ੍ਵਾ ਕੇ ਸਿੰਗਾਰ ਬਿਭਚਾਰ ਕੋ ਨ ਪਾਰਾਵਾਰ;
ਬਿਨ ਭਰਤਾਰ ਨਾਰਿ ਕਾ ਕੀ ਕੈ ਬੁਲਾਈਐ ॥

ਜਿਸ ਪ੍ਰਕਾਰ ਬੇਸਵਾ ਕੇ = ਦੇ ਵਿਭਚਾਰ = ਖੋਟੇ ਆਚਾਰ **ਵਾ:** ਪਰ ਪੁਰਖ ਗਮਨ ਵਾਸਤੇ ਕੀਤੇ ਗਏ ਸ਼ਿੰਗਾਰਾਂ ਕੋ = ਦਾ ਤਾਂ ਕੋਈ ਪਾਰਾਵਾਰ = ਅੰਤ ਨ = ਨਹੀਂ ਹੈ, ਪਰ ਉਸ ਨੂੰ ਇਕ ਭਰਤਾਰ = ਪਤੀ ਦੀ ਹੋਏ ਤੋਂ ਬਿਨ = ਬਿਨਾਂ ਕਾ ਕੀ = ਕਿਸ ਦੀ ਨਾਰਿ = ਇਸਤਰੀ, ਵਹੁਟੀ ਕੈ = ਕਰ ਕੇ ਬੁਲਾਈਐ = ਬੁਲਾਇਆ ਜਾਵੇ।

ਬਗ ਸੇਤ ਗਾਤ ਜੀਵ ਘਾਤ ਕਰਿ ਖਾਤ ਕੇਤੇ;
ਮੋਨ ਗਹੇ, ਧਿਆਨ ਧਰੇ, ਜੁਗਤਿ ਨ ਪਾਈਐ ॥

ਜਿਸ ਪ੍ਰਕਾਰ ਸੇਤ = ਚਿੱਟੇ ਗਾਤ = ਸਰੀਰ ਵਾਲਾ ਬਗ = ਬਗਲਾ ਕੇਤੇ = ਕਿਤਨੇ ਹੀ ਜੀਵ-ਜੰਤੂ ਘਾਤ = ਮਾਰ ਕਰਿ = ਕਰ ਕੇ ਖਾਤ = ਖਾ ਜਾਂਦਾ ਹੈ ਤੇ ਮੋਨ ਹੀ ਗਹੇ = ਗ੍ਰਹਿਣ ਭਾਵ ਧਾਰਦਾ ਹੈ ਤੇ ਧਿਆਨ ਭੀ ਧਰੇ = ਧਰ ਲੈਂਦਾ ਹੈ, ਪਰ ਪ੍ਰੀਤਮ ਵਿਚ ਜੁੜਨ ਦਾ ਜੁਗਤਿ = ਢੰਗ, ਤਰੀਕਾ ਪਾਈਐ = ਪ੍ਰਾਪਤ ਨ = ਨਹੀਂ ਕਰਦਾ।

ਭਾਂਡ ਕੀ ਭੰਡਾਈ, ਬੁਰਵਾਈ ਨ ਕਹਿਤ ਆਵੈ;
ਅਤਿ ਹੀ ਢਿਠਾਈ, ਸੁਕੁਚਤ ਨ ਲਜਾਈਐ ॥

ਜਿਸ ਪ੍ਰਕਾਰ ਭਾਂਡ = ਭੰਡ ਕੀ = ਦਾ ਭੰਡਾਈ = ਭੰਡਪੁਣਾ ਤੇ ਬੁਰਵਾਈ = ਨਿਰਲੱਜਤਾ ਕਹਿਤ = ਕਹਿਣ ਵਿਚ ਨ = ਨਹੀਂ ਆਵੈ = ਆਉਂਦੀ, ਭਾਵ ਕਹੀ ਨਹੀਂ ਜਾ ਸਕਦੀ, ਉਸ ਦਾ ਢਿਠਾਈ = ਢੀਠਪੁਣਾ ਭੀ ਅਤਿ = ਅਤਿਅੰਤ ਹੀ ਹੁੰਦਾ ਹੈ, ਕਿਸੇ ਗੱਲੋਂ ਸੁਕੁਚਤ = ਸੰਕੋਚ ਨ = ਨਹੀਂ ਕਰਦਾ, ਭਾਵ ਕੋਈ ਵੀ ਗੱਲ ਕਹਿਣ ਲੱਗਿਆਂ ਸੰਕੋਚ ਨਹੀਂ ਕਰਦਾ ਅਤੇ ਨਾ ਹੀ ਲਜਾਈਐ = ਸ਼ਰਮਿੰਦਾ ਹੁੰਦਾ ਹੈ।

ਤੈਸੇ ਪਰ ਤਨ ਧਨ ਦੂਖਨਾ ਤ੍ਰਿਦੋਖ ਮਮ;
ਪਤਿਤ ਅਨੇਕ ਏਕ ਰੋਮ ਨ ਪੁਜਾਈਐ ॥੬੪੧॥

ਤੈਸੇ = ਉਸੇ ਤਰ੍ਹਾਂ ਮਮ = ਮੇਰੇ ਵਿਚ ਪਰਾਏ ਤਨ, ਪਰਾਏ ਧਨ ਤੇ ਪਰਾਈ ਨਿੰਦਿਆ ਦੇ ਤ੍ਰਿਦੋਖ = ਤਿੰਨ ਦੋਸ਼ ਹਨ, ਮੇਰੇ ਏਕ = ਇਕ ਰੋਮ = ਵਾਲ ਦੇ ਬਰਾਬਰ ਅਨੇਕਾਂ ਪਤਿਤ = ਪਾਪੀ ਵੀ ਪੁਜਾਈਐ = ਪਹੁੰਚ ਨ = ਨਹੀਂ ਸਕਦੇ ॥੬੪੧॥

ਜਾ ਕੈ ਨਾਇਕਾ ਅਨੇਕ ਏਕ ਸੇ ਅਧਿਕ ਏਕ;
ਪੂਰਨ ਸੁਹਾਗ ਭਾਗ ਸਉਤੈ ਸਮ ਧਾਮ ਹੈ ॥

ਜਾ = ਜਿਸ ਪਾਤਸ਼ਾਹ ਕੈ = ਦੇ ਅਨੇਕਾਂ ਨਾਇਕਾ = ਇਸਤਰੀਆਂ ਹਨ ਤੇ ਉਹ ਏਕ = ਇਕ ਸੇ = ਤੋਂ ਏਕ = ਇਕ ਅਧਿਕ = ਬਹੁਤ ਵੱਧ ਕੇ ਹਨ, ਪਰ ਸਾਰੀਆਂ ਨੂੰ ਇਹ ਮਾਨ ਹੁੰਦਾ ਹੈ ਕਿ ਸੰਪੂਰਨ ਸਾਰਾ ਸੁਹਾਗ ਭਾਗ ਮੇਰਾ ਹੈ ਤੇ ਧਾਮ = ਘਰ-ਬਾਰ ਮੇਰਾ ਹੈ ਅਤੇ ਮੈਂ ਉਸ ਦੀ ਸਉਤੈ = ਸੁਪਤਨੀ ਹਾਂ।

ਮਾਨਨ ਹੁਇ ਮਾਨ ਭੰਗ ਬਿਛੁਰ ਬਿਦੇਸ ਰਹੀ;
ਬਿਰਹ ਬਿਯੋਗ ਲਗ ਬਿਰਹਨੀ ਭਾਮ ਹੈ ॥

ਜੋ ਇਕ ਮਾਨਨ = ਮਾਨ ਵਾਲੀ ਇਸਤਰੀ ਹੁਇ = ਹੈ, ਉਹ ਪਤੀ ਤੋਂ ਬਿਛੁਰ = ਵਿੱਛੜ ਕੇ ਵਿਦੇਸ = ਦੂਸਰੇ ਦੇਸ਼ ਵਿਚ ਰਹੀ = ਰਹਿੰਦਿਆਂ ਆਪਣਾ ਮਾਨ = ਅਭਿਮਾਨ ਵੀ ਭੰਗ = ਨਾਸ਼ ਕਰ ਬੈਠਦੀ ਹੈ, ਪਰ ਉਹ ਵਿਜੋਗ ਤੇ ਬਿਰਹ = ਵਿਛੋੜੇ ਵਿਚ ਲਗ = ਲੱਗੀ ਹੋਈ ਬਿਰਹਨੀ = ਵਿਜੋਗ ਵਾਲੀ ਭਾਵ ਪਤੀ ਤੋਂ ਵਿੱਛੜੀ ਹੋਈ ਭਾਮ = ਇਸਤਰੀ ਤਾਂ ਕਹਾਉਂਦੀ ਹੈ।

ਸਿਥਲ ਸਮਾਨ ਤ੍ਰੀਯਾ ਸਕੇ ਨ ਰਿਝਾਇ ਪ੍ਰਿਯ;
ਦਇਓ ਹੈ ਦੁਹਾਗ ਵੈ ਦੁਹਾਗਨ ਸਨਾਮ ਹੈ॥

ਫਿਰ ਜੋ ਸਿਥਲ = ਆਲਸੀ ਤੇ ਸਮਾਨ = ਮਾਨ ਦੇ ਸਹਿਤ ਇਸਤਰੀ ਹੈ, ਉਹ ਪ੍ਰਿਯ = ਪਤੀ ਨੂੰ ਰਿਝਾਇ = ਪ੍ਰਸੰਨ ਨ = ਨਹੀਂ ਕਰ ਸਕੇ = ਸਕਦੀ, ਪਤੀ ਨੇ ਉਸ ਦੁਹਾਗ = ਖੋਟੀ ਕਿਸਮਤ ਵਾਲੀ ਨੂੰ ਛੁਟੜ ਕਰ ਦਇਓ = ਦਿੱਤਾ ਹੈ, ਪਰ ਉਹ ਦੁਹਾਗਨ (ਪਤੀ ਤੋਂ ਛੁੱਟੜ ਹੋਈ) ਕਹਾ ਕੇ ਵੀ ਪਤੀ ਦੇ ਸਨਾਮ (ਸ + ਨਾਮ) ਨਾਮ ਸ = ਸਹਿਤ ਹੈ।

ਲੋਚਨ ਸ੍ਰਵਨ ਜੀਹ ਕਰ ਅੰਗ ਅੰਗ ਹੀਨ;
ਪਰਸਿਓ ਨ ਪੇਖਿਓ ਸੁਨਿਓ ਮੋਰੋ ਕਹਾ ਨਾਮ ਹੈ॥੬੪੨॥

ਜਗਿਆਸੂ ਰੂਪ ਇਸਤਰੀ ਕਹਿੰਦੀ ਹੈ ਕਿ ਪਰ ਮੈਂ ਤਾਂ ਲੋਚਨ = ਅੱਖਾਂ, ਸ੍ਰਵਨ = ਕੰਨ, ਜੀਹ = ਜੀਭ ਤੇ ਕਰ = ਹੱਥ ਆਦਿ ਹਰੇਕ ਅੰਗ ਅੰਗ ਤੋਂ ਹੀਣ = ਹੀਣੀ ਹਾਂ, ਮੈਂ ਕਦੇ ਉਸ ਪਿਆਰੇ ਵਾਹਿਗੁਰੂ ਨੂੰ ਪਰਸਿਓ = ਪਰਸਿਆ ਨ = ਨਹੀਂ, ਪੇਖਿਓ = ਵੇਖਿਆ ਨਹੀਂ, ਉਸ ਦੇ ਬੋਲ ਨਹੀਂ ਸੁਣੇ, ਮੋਰੋ = ਮੇਰਾ ਕਹਾ = ਕੀ ਨਾਮ ਹੋ ਸਕਦਾ ਹੈ ? ਭਾਵ ਨਾ ਮੈਂ ਗੁਰੂ ਤੋਂ ਬੇਮੁਖ ਹੋਣ ਰੂਪ ਦੋਹਾਗਣਾਂ ਵਿਚ, ਨਾ ਮਹਾਤਮਾ ਰੂਪ ਸੁਹਾਗਣਾਂ ਵਿਚ, ਮੈਂ ਤਾਂ ਕਿਸੇ ਵਿਚ ਵੀ ਨਹੀਂ ਹਾਂ॥੬੪੨॥

ਜੈਸੇ ਜਾਰ ਚੋਰ ਓਰ ਹੇਰਤਿ ਨ ਆਹਿ ਕੋਊ;
ਚੋਰ ਜਾਰ ਜਾਨਤ ਸਕਲ ਭੂਤ ਹੇਰਹੀ॥

ਜੈਸੇ = ਜਿਸ ਪ੍ਰਕਾਰ ਯਾਰ ਤੇ ਚੋਰ ਓਰ = ਵੱਲ ਕੋਊ = ਕੋਈ ਵੀ ਹੇਰਤਿ = ਦੇਖਦਾ ਨਹੀਂ ਕਿ ਯਾਰ ਕੌਣ ਹੈ ਤੇ ਚੋਰ ਕੌਣ ਹੈ ? ਪਰ ਜਦੋਂ ਉਨ੍ਹਾਂ ਨੂੰ ਜਾਨਤ = ਜਾਣ ਲਿਆ ਜਾਵੇ ਕਿ ਇਹ ਚੋਰ ਹੈ, ਇਹ ਯਾਰ ਹੈ ਤਾਂ ਸਕਲ = ਸਾਰੇ ਭੂਤ = ਲੋਕ ਉਨ੍ਹਾਂ ਵੱਲ ਭੈ (ਡਰ) ਨਾਲ ਹੇਰਹੀ = ਦੇਖਦੇ ਹਨ।

ਜੈਸੇ ਦਿਨ ਸਮੈ ਆਵਾ ਗਵਨ ਭਵਨ ਬਿਖੈ;
ਤਾਹੀ ਗ੍ਰਿਹ ਪੈਸਤ ਸੰਕਾਤ ਹੈ ਅੰਧੇਰ ਹੀ॥

ਜੈਸੇ = ਜਿਸ ਪ੍ਰਕਾਰ ਦਿਨ ਦੇ ਸਮੈ = ਵੇਲੇ ਭਵਨ = ਘਰ ਬਿਖੈ = ਵਿਚ ਆਵਾ ਗਵਨ = ਆਉਣਾ ਜਾਣਾ ਬਣਿਆ ਰਹਿੰਦਾ ਹੈ, ਪਰ ਅੰਧੇਰ = ਹਨੇਰੇ ਵੇਲੇ ਤਾਹੀ = ਉਸੇ ਗ੍ਰਿਹ = ਘਰ ਵਿਚ ਪੈਸਤ = ਵੜਦਿਆਂ ਸੰਕਾਤ = ਡਰ ਲੱਗਦਾ ਹੈ।

ਜੈਸੇ ਧਰਮਾਤਮਾ ਕਉ ਦੇਖੀਐ ਧਰਮਰਾਇ;
ਪਾਪੀ ਕਉ ਭਇਆਨ ਜਮ ਤ੍ਰਾਹ ਤ੍ਰਾਹ ਟੇਰ ਹੀ॥

ਜੈਸੇ = ਜਿਸ ਪ੍ਰਕਾਰ ਧਰਮਾਤਮਾ = ਧਰਮੀ ਪੁਰਸ਼ ਭਾਵ ਜਿਸ ਦੇ ਚਿੱਤ ਵਿਚ ਧਰਮ ਵੱਸਦਾ ਹੋਵੇ, ਉਸ ਕਉ = ਨੂੰ ਧਰਮਰਾਇ = ਧਰਮਰਾਜ ਭਾਵ ਧਰਮ ਦਾ ਨਿਆਂ ਕਰਨ ਵਾਲਾ ਦੇਖੀਐ = ਦਿੱਸਦਾ ਹੈ, ਪਰ

ਪਾਪੀ = ਪਾਪ ਕਰਨ ਵਾਲੇ ਕਉ = ਨੂੰ ਜਮ = ਜਮਰਾਜ ਭਇਆਨ = ਭਿਆਨਕ ਦਿੱਸਦਾ ਹੈ, ਉਹ ਉਸ ਨੂੰ ਦੇਖ ਕੇ ਟੇਰਹੀ = ਉੱਚੀ ਉੱਚੀ ਪੁਕਾਰਦਾ ਹੈ ਕਿ ਤ੍ਰਾਹ ਤ੍ਰਾਹ = ਰੱਖਿਆ ਕਰੋ, ਰੱਖਿਆ ਕਰੋ।

ਤੈਸੇ ਨਿਰਵੈਰ ਸਤਿਗੁਰ ਦਰਪਨ ਰੂਪ;
ਤੈਸੋ ਹੀ ਦਿਖਾਵੈ ਮੁਖ ਜੈਸੇ ਜੈਸੇ ਫੇਰ ਹੀ ॥੬੪੩॥

ਤੈਸੇ = ਉਸੇ ਤਰ੍ਹਾਂ ਨਿਰਵੈਰ = ਵੈਰ ਤੋਂ ਰਹਿਤ ਸਤਿਗੁਰੂ ਜੀ ਤਾਂ ਦਰਪਨ = ਸ਼ੀਸ਼ੇ ਵਾਂਗ ਸ਼ੁੱਧ ਰੂਪ = ਸਰੂਪ ਹਨ, ਪਰ ਜੈਸੇ ਜੈਸੇ = ਜਿਹੋ ਜਿਹਾ ਉਸ ਅੱਗੇ ਖੜੋ ਕੇ ਮੁਖ = ਮੂੰਹ ਫੇਰੋਗੇ, ਤੈਸੋ = ਤਿਹੋ ਜਿਹਾ ਹੀ ਦਿਖਾਵੈ = ਦਿਖਾਵੇਗਾ ਭਾਵ ਸਤਿਗੁਰੂ ਜੀ ਨੂੰ ਜਿਹੋ ਜਿਹੀ ਭਾਵਨਾ ਨਾਲ ਕੋਈ ਦੇਖਦਾ ਹੈ, ਤਿਹੋ ਜਿਹਾ ਫਲ ਪਾ ਲੈਂਦਾ ਹੈ॥੬੪੩॥ ਜੈਸਾ ਕਿ :

ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ॥

(ਗਉੜੀ ਕੀ ਵਾਰ, ਮਃ ੪, ਅੰਗ ੩੦੨)

ਜੈਸੇ ਦਰਪਨ ਸੂਧੋ ਸੁਧ ਮੁਖ ਦੇਖੀਅਤ;
ਉਲਟ ਕੈ ਦੇਖੈ ਮੁਖ ਦੇਖੀਐ ਭਇਆਨ ਸੋ ॥

ਜੈਸੇ = ਜਿਸ ਪ੍ਰਕਾਰ ਦਰਪਨ = ਸ਼ੀਸ਼ੇ ਨੂੰ ਸੂਧੋ = ਸਿੱਧਾ ਕਰ ਕੇ ਉਸ ਵਿਚ ਮੁਖ = ਮੂੰਹ ਦੇਖੀਅਤ = ਦੇਖੀਏ ਤਾਂ ਮੂੰਹ ਸੁਧ = ਸਾਫ਼ ਦਿੱਸਦਾ ਹੈ, ਪਰ ਜੇਕਰ ਸ਼ੀਸ਼ੇ ਨੂੰ ਉਲਟਾ ਕਰ ਕੈ = ਕੇ ਮੁਖ = ਮੂੰਹ ਦੇਖੈ = ਦੇਖੀਏ ਤਾਂ ਸੋ = ਉਹ ਮੂੰਹ ਭਇਆਨ = ਭਿਆਨਕ ਦੇਖੀਏ = ਦਿੱਸਦਾ ਹੈ।

ਮਧੁਰ ਬਚਨ ਤਾਹੀ ਰਸਨਾ ਸੈ ਪਿਆਰੋ ਲਾਗੈ;
ਕੌਰਕ ਸਬਦ ਸੁਨ ਲਾਗੈ ਉਰ ਬਾਨ ਸੋ ॥

ਜਿਸ ਪ੍ਰਕਾਰ ਤਾਹੀ = ਉਸੇ ਰਸਨਾ = ਜੀਭ ਸੈ = ਤੋਂ ਕਹਿਆ ਹੋਇਆ ਮਧੁਰ = ਮਿੱਠਾ ਬਚਨ = ਬੋਲ ਪਿਆਰੋ = ਪਿਆਰਾ ਲਾਗੈ = ਲੱਗਦਾ ਹੈ, ਪਰ ਉਸੇ ਜੀਭ ਤੋਂ ਕੌਰਕ = ਕੌੜੇ ਸਬਦ = ਬੋਲ ਸੁਨ = ਸੁਣ ਕੇ ਉਰ = ਹਿਰਦੇ ਨੂੰ ਬਾਨ = ਤੀਰ ਵਰਗਾ ਲੱਗਦਾ ਹੈ।

ਜੈਸੇ ਦਾਨੋ ਖਾਤ ਗਾਤ ਪੁਸ਼ਟ ਮਿਸਟ ਸ੍ਵਾਦ ਮੁਖ;
ਪੋਸਤ ਕੈ ਪੀਏ ਦੁਖ ਬਿਆਪਤ ਮਸਾਨ ਸੋ ॥

ਜੈਸੇ = ਜਿਸ ਪ੍ਰਕਾਰ ਮਨੁੱਖ ਦਾ ਮੁਖ = ਮੂੰਹ ਦਾਨੋ = ਦਾਣਾ, ਅੰਨ ਖਾਤ = ਖਾਂਦਾ ਹੈ ਤਾਂ ਉਹ ਮਿਸਟ = ਮਿੱਠਾ ਤੇ ਸੁਆਦ ਲੱਗਦਾ ਹੈ ਤੇ ਗਾਤ = ਸਰੀਰ ਪੁਸ਼ਟ = ਬਲਵਾਨ ਹੁੰਦਾ ਹੈ, ਪਰ ਜੇਕਰ ਉਹੋ ਹੀ ਮੂੰਹ ਪੋਸਤ[1] = ਅਫ਼ੀਮ ਦੇ ਡੋਡੇ ਦੀ ਛਿੱਲ ਨੂੰ ਪਾਣੀ ਵਿਚ ਭਿਉਂ ਕੇ ਤੇ ਮਲ ਕੇ ਪੀਏ = ਪੀਵੇ ਤਾਂ ਉਸ

---

੧. ਅਫ਼ੀਮ ਦੇ ਡੋਡੇ ਦੀ ਛਿੱਲ ਪਾਣੀ ਵਿਚ ਭਿਉਂ ਕੇ ਅਤੇ ਮਲ ਕੇ ਪੀਣੀ, ਪੋਸਤ ਦਾ ਨਸ਼ਾ ਦਿਮਾਗ਼ ਦੀਆਂ ਨਾੜੀਆਂ ਨੂੰ ਸੁਸਤ ਕਰ ਦਿੰਦਾ ਹੈ ਅਤੇ ਸਰੀਰ ਦੇ ਬਲ ਨੂੰ ਨਾਸ਼ ਕਰਦਾ ਹੈ।

ਸਰੀਰ ਨੂੰ ਦੁਖ = ਕਸ਼ਟ ਬਿਆਪਤ = ਵਿਆਪਦਾ ਹੈ ਭਾਵ ਦੁੱਖ ਪ੍ਰਾਪਤ ਹੁੰਦਾ ਹੈ ਤੇ ਅੰਤ ਸੋ = ਉਹ ਸਰੀਰ ਮਸਾਨ = ਸ਼ਮਸ਼ਾਨ ਭੂਮੀ ਵਿਚ ਪੁੱਜ ਜਾਂਦਾ ਹੈ ਭਾਵ ਇਹ ਪੋਸਤ ਪੀਣਾ ਫਿਰ ਉਸ ਸਰੀਰ ਲਈ ਮੌਤ ਦਾ ਕਾਰਨ ਬਣਦਾ ਹੈ।

ਤੈਸੇ ਭ੍ਰਿਤ ਨਿੰਦਕ ਸੁਭਾਵ ਚਕਈ ਚਕੋਰ;
ਸਤਿਗੁਰ ਸਮਤ ਸਹਨ ਸੀਲ ਭਾਨੁ ਸੋ ॥੬੪੪॥

ਤੈਸੇ = ਉਸੇ ਤਰ੍ਹਾਂ ਭ੍ਰਿਤ = ਦਾਸ, ਨੌਕਰ ਦਾ ਸੁਭਾਵ ਤੇ ਨਿੰਦਕ ਦਾ ਸੁਭਾਵ ਇਹ ਦੋਵੇਂ ਚਕਈ = ਚਕਵੀ ਦੇ ਸੁਭਾਵ ਤੇ ਚਕੋਰ ਦੇ ਸੁਭਾਵ ਵਾਂਗੂੰ ਹਨ, ਭਾਵ ਦਾਸ (ਨੌਕਰ) ਦਾ ਸੁਭਾਵ ਚਕਵੀ ਵਾਂਗ ਹੈ, ਜਿਵੇਂ ਚਕਵੀ ਦਾ ਅਸਲੀ ਸਨੇਹ ਚਕਵੇ ਨਾਲ ਹੈ, ਸੂਰਜ ਨਾਲ ਹੈ ਕਿਉਂਕਿ ਸੂਰਜ ਦੇ ਚੜ੍ਹਨ ਨਾਲ ਚਕਵੀ ਆਪਣੇ ਚਕਵੇ ਨਾਲ ਮਿਲਣ ਤੋਂ ਬਾਅਦ ਸੂਰਜ ਵੱਲ ਵੇਖਦੀ ਵੀ ਨਹੀਂ, ਇਸ ਤਰ੍ਹਾਂ ਦਾਸ (ਨੌਕਰ) ਦਾ ਪ੍ਰੇਮ ਆਪਣੇ ਸਵਾਰਥ ਰੂਪ ਚਕਵੇ ਨਾਲ ਹੈ। ਸੁਆਰਥ ਪੂਰਾ ਹੋਣ ਤੋਂ ਆਪਣੇ ਸੂਰਜ ਰੂਪ ਮਾਲਕ ਵੱਲ ਵੇਖਦਾ ਵੀ ਨਹੀਂ ਹੈ ਤੇ ਨਿੰਦਕ ਦਾ ਸੁਭਾਵ ਚਕੋਰ ਵਾਂਗੂੰ ਹੈ, ਜਿਵੇਂ ਚਕੋਰ ਦਾ ਚੰਦਰਮਾ ਨਾਲ ਪ੍ਰੇਮ ਹੈ, ਭਾਵੇਂ ਚੰਦਰਮਾ ਕਲੰਕ ਰੂਪ ਹੈ। ਇਸੇ ਤਰ੍ਹਾਂ ਨਿੰਦਕ ਰੂਪ ਚਕੋਰ ਦਾ ਨਿੰਦਿਆ ਰੂਪੀ ਚੰਦਰਮਾ ਨਾਲ ਸਨੇਹ ਹੈ ਭਾਵੇਂ ਨਿੰਦਿਆ ਕਲੰਕ ਰੂਪ ਹੈ, ਪਰ ਫੇਰ ਵੀ ਨਿੰਦਿਆ ਵਿਚ ਲੱਗਾ ਰਹਿੰਦਾ ਹੈ। ਪਰ ਸੋ = ਉਹ ਸਤਿਗੁਰੂ ਜੀ ਚੰਦਰਮਾ ਦੀ ਨਿਆਈਂ ਸਹਿਨਸ਼ੀਲ ਭਾਵ ਸ਼ਾਂਤ ਸਰੂਪ ਅਤੇ ਭਾਨੁ = ਸੂਰਜ ਦੇ ਸਮਤ = ਸਦਰਸ਼ ਪ੍ਰਕਾਸ਼ ਸਰੂਪ ਹਨ ਭਾਵ ਨਿੰਦਕਾਂ ਅਤੇ ਸੁਆਰਥੀਆਂ ਨੂੰ ਵੀ ਸ਼ਾਂਤੀ ਅਤੇ ਗਿਆਨ ਰੂਪ ਉਪਦੇਸ਼ ਬਖ਼ਸ਼ਦੇ ਹਨ ॥੬੪੪॥

ਜੈਸੇ ਤਉ ਪਪੀਹਾ ਪ੍ਰਿਯ ਪ੍ਰਿਯ ਟੇਰ ਹੇਰੈ ਬੂੰਦ;
ਵੈਸੇ ਪਤਿਬ੍ਰਤਾ ਪਤਿਬ੍ਰਤ ਪ੍ਰਤਿਪਾਲ ਹੈ ॥

ਜੈਸੇ = ਜਿਸ ਪ੍ਰਕਾਰ ਪਪੀਹਾ ਸੁਆਂਤੀ ਬੂੰਦ ਨੂੰ ਹੇਰੈ = ਵੇਖ ਕੇ ਪ੍ਰਿਯ ਪ੍ਰਿਯ = ਹੇ ਪਿਆਰੇ, ਹੇ ਪਿਆਰੇ ! ਟੇਰ = ਪੁਕਾਰਦਾ ਹੋਇਆ ਤਰਸਦਾ ਹੈ, ਵੈਸੇ = ਉਸੇ ਤਰ੍ਹਾਂ ਪਤਿਬ੍ਰਤਾ (ਪਤਿ + ਬ੍ਰਤਾ) ਪਤਿ = ਪਤੀ ਪਰਮੇਸ਼ਰ ਵਿਚ ਪੂਰੀ ਤਰ੍ਹਾਂ ਸ਼ਰਧਾ ਰੱਖਣ ਵਾਲੀ ਜਗਿਆਸੂ ਰੂਪ ਇਸਤਰੀ ਤੇ ਜਿਸ ਨੇ ਇਹ ਬ੍ਰਤਾ = ਨਿਯਮ ਧਾਰਨ ਕੀਤਾ ਹੈ ਕਿ ਬਿਨਾਂ ਆਪਣੇ ਪਤੀ ਪਰਮੇਸ਼ਰ ਤੋਂ ਕਿਸੇ ਹੋਰ ਪਖੰਡ ਨਾਲ ਪ੍ਰੇਮ ਨਹੀਂ ਕਰਨਾ, ਭਾਵ ਉਹ ਜਗਿਆਸੂ ਰੂਪ ਪਤਿਬ੍ਰਤਾ ਇਸਤਰੀ ਆਪਣੇ ਪਤਿਬ੍ਰਤ = ਪਤੀ ਪਰਮੇਸ਼ਰ ਵਿਚ ਨਾਮ ਰੂਪੀ ਪ੍ਰੇਮ ਧਾਰ ਕੇ ਆਪਣੇ ਪਤਿਬ੍ਰਤ ਧਰਮ ਦੀ ਪ੍ਰਤਿਪਾਲ = ਪਾਲਣਾ ਕਰਦੀ ਹੈ।

ਜੈਸੇ ਦੀਪ ਦਿਪਤ ਪਤੰਗ ਪੇਖਿ ਜ੍ਵਾਰਾ ਜਰੈ;
ਤੈਸੇ ਪ੍ਰਿਆ ਪ੍ਰੇਮ ਨੇਮ ਪ੍ਰੇਮਨੀ ਸਮ੍ਹਾਰ ਹੈ ॥

ਜੈਸੇ = ਜਿਸ ਪ੍ਰਕਾਰ ਪਤੰਗਾ ਦੀਪ ਦਿਪਤ = ਦੀਵਾ ਜਗਦਾ ਹੋਇਆ ਪੇਖਿ = ਵੇਖ ਕੇ ਉਸ ਜ੍ਵਾਰਾ = ਦੀਵੇ ਦੀ ਲਾਟ (ਅੱਗ) ਵਿਚ ਜਰੈ = ਸੜ ਕੇ ਮਰ ਜਾਂਦਾ ਹੈ, ਤੈਸੇ = ਉਸੇ ਤਰ੍ਹਾਂ ਪ੍ਰੇਮਨੀ = ਪ੍ਰੇਮ ਕਰਨ ਵਾਲੀ ਜਗਿਆਸੂ ਰੂਪ ਇਸਤਰੀ ਆਪਣੇ ਪ੍ਰਿਆ = ਪਿਆਰੇ ਪਰਮੇਸ਼ਰ ਦੇ ਨੇਮ = ਨਾਮ ਰੂਪੀ ਪ੍ਰੇਮ ਨੂੰ ਸਮ੍ਹਾਰ = ਸੰਭਾਲਦੀ ਹੈ।

ਜਲ ਸੇ ਨਿਕਸਿ ਜੈਸੇ ਮੀਨ ਮਰ ਜਾਤ ਤਾਤ;
ਬਿਰਹ ਬਿਯੋਗ ਬਿਰਹਨੀ ਬਪੁ ਹਾਰ ਹੈ॥

ਜੈਸੇ = ਜਿਸ ਪ੍ਰਕਾਰ ਮੀਨ = ਮੱਛੀ ਜਲ = ਪਾਣੀ ਸੇ = ਵਿੱਚੋਂ ਨਿਕਸਿ = ਨਿਕਲ ਕੇ ਤਾਤ = ਤਤਕਾਲ ਹੀ ਭਾਵ ਉਸੇ ਸਮੇਂ ਮਰ ਜਾਤ = ਜਾਂਦੀ ਹੈ, ਉਸੇ ਤਰ੍ਹਾਂ ਆਪਣੇ ਪਤੀ ਪਰਮੇਸ਼ਰ ਤੋਂ ਬਿਰਹਨੀ = ਵਿੱਛੜੀ ਹੋਈ ਜਗਿਆਸੂ ਰੂਪ ਇਸਤਰੀ ਪਤੀ ਪਰਮੇਸ਼ਰ ਦੇ ਬਿਰਹ ਬਿਯੋਗ = ਵਿਛੋੜੇ ਵਿਚ ਆਪਣਾ ਬਪੁ = ਸਰੀਰ ਹਾਰ ਦਿੰਦੀ ਹੈ ਭਾਵ ਵਿਛੋੜੇ ਦੀ ਪੀੜਾ ਵਿਚ ਕਮਜ਼ੋਰ ਹੋ ਜਾਂਦੀ ਹੈ।

ਬਿਰਹਨੀ ਪ੍ਰੇਮ ਨੇਮ ਪਤਿਬ੍ਰਤਾ ਕੈ ਕਹਾਵੈ;
ਕਰਨੀ ਕੈ ਐਸੀ ਕੋਟਿ ਮਧੇ ਕੋਊ ਨਾਰਿ ਹੈ॥੬੪੫॥

ਪਰ ਬਿਰਹਨੀ = ਪਤੀ ਪਰਮੇਸ਼ਰ ਤੋਂ ਵਿੱਛੜੀ ਰਹਿ ਕੇ ਜੋ ਆਪਣੇ ਪਤੀ ਪਰਮੇਸ਼ਰ ਦੇ ਨਾਲ ਨੇਮ = ਨਾਮ ਰੂਪੀ ਪ੍ਰੇਮ ਕਰਦਿਆਂ ਪਤਿਬ੍ਰਤਾ = ਪਤੀ ਪਰਮੇਸ਼ਰ ਵਿਚ ਸ਼ਰਧਾ ਰੱਖਣ ਵਾਲੀ ਜਗਿਆਸੂ ਰੂਪ ਇਸਤਰੀ ਕਹਾਵੈ = ਕਹਾਵੇ, ਐਸੀ = ਅਜਿਹੀ ਕਰਣੀ ਵਾਲੀ ਕੋਟਿ = ਕ੍ਰੋੜਾਂ ਕੈ = ਦੇ ਮਧੇ = ਵਿਚ ਕੋਊ = ਕੋਈ ਇਕ ਜਗਿਆਸੂ ਰੂਪ ਨਾਰਿ = ਇਸਤਰੀ ਹੁੰਦੀ ਹੈ॥੬੪੫॥

ਅਨਿਕ ਅਨੂਪ ਰੂਪ ਰੂਪ ਸਮਸਰ ਨਾਂਹਿ;
ਅੰਮ੍ਰਿਤ ਕੋਟਾਨਿ ਕੋਟਿ ਮਧੁਰ ਬਚਨ ਸਰ॥

ਅਨਿਕ = ਅਨੇਕਾਂ ਅਨੂਪ = ਉਪਮਾ ਤੋਂ ਰਹਿਤ ਰੂਪ ਉਸ ਪਿਆਰੇ ਵਾਹਿਗੁਰੂ ਦੇ ਰੂਪ = ਸਰੂਪ ਦੇ ਸਮਸਰ = ਬਰਾਬਰ ਨਾਂਹਿ = ਨਹੀਂ ਹੋ ਸਕਦੇ ਅਤੇ ਨਾ ਹੀ ਕੋਟਾਨਿ ਕੋਟਿ = ਕ੍ਰੋੜਾਂ ਹੀ ਭਾਵ ਅਣਗਿਣਤ ਅੰਮ੍ਰਿਤ ਉਸ ਅਕਾਲ ਪੁਰਖ ਵਾਹਿਗੁਰੂ ਦੇ ਮਧੁਰ = ਮਿੱਠੇ ਬਚਨਾਂ ਦੇ ਸਰ = ਬਰਾਬਰ ਪਹੁੰਚ ਸਕਦੇ ਹਨ।

ਧਰਮ ਅਰਥ ਕੋਟਿ ਕਾਮਨਾ ਕਟਾਛ ਪਰ;
ਵਾਰ ਡਾਰਉ ਬਿਬਿਧ ਮੁਕਤਿ ਮੰਦਹਾਸੁ ਪਰ॥

ਕੋਟਿ = ਕ੍ਰੋੜਾਂ ਹੀ ਧਰਮ, ਅਰਥ ਕਾਮਨਾ = ਕਾਮ ਆਦਿ ਪਦਾਰਥ ਉਸ ਪਰਮੇਸ਼ਰ ਦੀ ਇਕ ਮਿਹਰ ਭਰੀ ਕਟਾਛ = ਨਜ਼ਰ ਪਰ = ਉੱਤੋਂ ਬਲਿਹਾਰ **ਵਾ:** ਕੁਰਬਾਨ ਕਰ ਦੇਵਾਂ ਤੇ ਬਿਬਿਧ = ਅਨੇਕਾਂ ਪ੍ਰਕਾਰ ਦੀ ਮੁਕਤਿ = ਮੁਕਤੀ ਉਸ ਵਾਹਿਗੁਰੂ ਦੇ ਮੰਦਹਾਸੁ = ਮਿੱਠੇ ਹਾਸੇ ਪਰ = ਉੱਤੋਂ ਮੈਂ ਵਾਰ = ਕੁਰਬਾਨ ਕਰ ਡਾਰਉ = ਸੁੱਟਾਂ।

ਸੁਰਗ ਅਨੰਤ ਕੋਟਿ ਕਿੰਚਤ ਸਮਾਗਮ ਕੈ;
ਸੰਗਮ ਸਮੂਹ ਸੁਖ ਸਾਗਰ ਨ ਤੁਲ ਧਰ॥

ਉਸ ਪਰਮੇਸ਼ਰ ਕੈ = ਦੇ ਕਿੰਚਤ = ਥੋੜ੍ਹੇ ਮਾਤਰ ਸਮਾਗਮ = ਮੇਲ ਉੱਤੋਂ ਮੈਂ ਕੋਟਿ = ਕ੍ਰੋੜਾਂ ਹੀ ਸਵਰਗ ਕੁਰਬਾਨ ਕਰ ਦੇਵਾਂ ਅਤੇ ਉਸ ਵਾਹਿਗੁਰੂ ਨਾਲ ਸਮੂਹ = ਪੂਰਨ ਸੰਗਮ = ਮੇਲ ਹੋਏ ਤਾਂ ਮੈਂ ਸੁਖਾਂ ਦੇ ਸਾਗਰ = ਸਮੁੰਦਰ ਨੂੰ ਭੀ ਤੁਲ = ਬਰਾਬਰ ਨਾ ਧਰ = ਰੱਖਾਂ ਭਾਵ ਬਰਾਬਰੀ ਨਾ ਦੇਵਾਂ।

ਪ੍ਰੇਮ ਰਸ ਕੋ ਪ੍ਰਤਾਪ ਸਰ ਕਛੁ ਪੂਜੈ ਨਾਹਿ;
ਤਨ ਮਨ ਧਨ ਸਰਬਸ ਬਲਿਹਾਰ ਕਰ ॥੬੪੬॥

ਲੇਕਿਨ ਇਹ ਗੱਲ ਸੱਚ ਜਾਣੋ ਕਿ ਉਸ ਅਕਾਲ ਪੁਰਖ ਵਾਹਿਗੁਰੂ ਦੇ ਨਾਮ ਰੂਪੀ ਪ੍ਰੇਮ ਰਸ ਕੋ = ਦੇ ਸਰ = ਬਰਾਬਰ ਕਛੁ = ਕੋਈ ਭੀ ਚੀਜ਼ ਪੂਜੈ = ਪੁੱਜ ਨਾਹਿ = ਨਹੀਂ ਸਕਦੀ, ਜਿਸ ਤੋਂ ਕਿ ਮੈਂ ਤਨ, ਮਨ, ਧਨ ਤੇ ਸਰਬਸ = ਸਰਬੰਸ ਭਾਵ ਸਭ ਕੁਝ ਬਲਿਹਾਰ = ਕੁਰਬਾਨ ਕਰ ਦੇਵਾਂ ॥੬੪੬॥

ਅਛਲ ਅਛੇਦ ਪ੍ਰਭੁ ਜਾ ਕੈ ਬਸ ਬਿਸ੍ਵ ਬਲ;
ਤੈ ਜੁ ਰਸ ਬਸ ਕੀਏ ਕਵਨ ਪ੍ਰਕਾਰ ਕੈ ॥

ਜਗਿਆਸੂ ਰੂਪ ਸਖੀ ਗੁਰਮੁਖ ਰੂਪ ਨਾਇਕਾ ਨੂੰ ਪੁੱਛਦੀ ਹੈ ਕਿ ਪ੍ਰਭੁ = ਪਰਮੇਸ਼ਰ ਤਾਂ ਅਛਲ = ਛਲਣ ਤੋਂ ਰਹਿਤ, ਅਛੇਦ = ਛੇਦਣ ਤੋਂ ਰਹਿਤ ਹੈ, ਜਾ ਕੈ = ਜਿਸ ਕੇ ਬਲ ਦੇ ਵੱਸ ਵਿਚ ਸਾਰਾ ਬਿਸ੍ਵ = ਸੰਸਾਰ ਹੈ, ਪਰ ਤੈ = ਤੂੰ ਜੁ = ਜੋ ਉਸ ਵਾਹਿਗੁਰੂ ਪਰਮੇਸ਼ਰ ਨੂੰ ਵੱਸ ਕੀਏ = ਕੀਤਾ ਹੈ, ਉਹ ਕਿਸ ਪ੍ਰਕਾਰ = ਤਰ੍ਹਾਂ ਕੈ = ਕਰਕੇ ਕਵਨ = ਕਿਹੜੇ ਰਸ ਨਾਲ ਵੱਸ ਕੀਤਾ ਹੈ ?

ਸਿਵ ਸਨਕਾਦਿ ਬ੍ਰਹਮਾਦਿਕ ਨ ਧਿਆਨ ਪਾਵੈ;
ਤੇਰੋ ਧਿਆਨ ਧਾਰੈ ਆਲੀ ਕਵਨ ਸਿੰਗਾਰ ਕੈ ॥

ਜਿਸ ਪਰਮੇਸ਼ਰ ਨੂੰ ਸ਼ਿਵਜੀ, ਸਨਕਾਦਿ = ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ ਤੇ ਬ੍ਰਹਮਾਦਿਕ = ਬ੍ਰਹਮਾ ਤੋਂ ਲੈ ਕੇ ਸਭ ਦੇਵਤੇ ਧਿਆਨ ਵਿਚ ਨ = ਨਹੀਂ ਪਾਵੈ = ਪਾ ਸਕੇ, ਹੇ ਗੁਰਮੁਖ ਰੂਪ ਆਲੀ = ਸਖੀ ! ਤੂੰ ਕਵਨ = ਕਿਹੜਾ ਅਜਿਹਾ ਸ਼ਿੰਗਾਰ ਕੀਤਾ ਹੈ ਕਿ ਉਹ ਤੇਰੋ = ਤੇਰਾ ਧਿਆਨ ਧਾਰੈ = ਧਰ ਰਿਹਾ ਹੈ।

ਨਿਗਮ ਅਸੰਖ ਸੇਖ ਜਪੰਤ ਹੈ ਜਾ ਕੋ ਜਸੁ;
ਤੇਰੋ ਜਸ ਗਾਵਤ ਕਵਨ ਉਪਕਾਰ ਕੈ ॥

ਜਾ ਕੋ = ਜਿਸ ਵਾਹਿਗੁਰੂ ਦਾ ਜਸ ਨਿਗਮ = ਵੇਦ ਤੇ ਅਸੰਖ = ਅਣਗਣਿਤ ਸੇਖ = ਸ਼ੇਸ਼ਨਾਗ (ਜੋ ਨਿੱਤ ਪਰਮੇਸ਼ਰ ਦੇ ਦੋ ਹਜ਼ਾਰ ਨਵੇਂ ਨਾਮ ਲੈਂਦਾ ਹੈ) ਜਪੰਤ = ਜਪਦੇ ਹਨ, ਹੇ ਗੁਰਮੁਖ ਰੂਪ ਨਾਇਕਾ ! ਉਹ ਤੇਰੋ = ਤੇਰਾ ਜਸ ਕਵਨ = ਕਿਹੜੇ ਉਪਕਾਰ ਦੇ ਕੈ = ਕਰਕੇ ਗਾਵਤ = ਗਾ ਰਿਹਾ ਹੈ ?

ਸੁਰ ਨਰ ਨਾਥ ਜਾਹਿ ਖੋਜਤ ਨ ਖੋਜ ਪਾਵੈ;
ਖੋਜਤ ਫਿਰਤ ਤੋਹਿ ਕਵਨ ਪਿਆਰ ਕੈ ॥੬੪੭॥

ਜਾਹਿ = ਜਿਸ ਪਰਮੇਸ਼ਰ ਵਾਹਿਗੁਰੂ ਨੂੰ ਸੁਰ = ਦੇਵਤੇ, ਨਰ = ਪੁਰਸ਼ ਤੇ ਨਾਥ ਖੋਜਤ = ਖੋਜਦੇ ਫਿਰਦੇ ਹਨ, ਪਰ ਖੋਜ ਨ = ਨਹੀਂ ਪਾਵੈ = ਪਾਉਂਦੇ, ਹੇ ਗੁਰਮੁਖ ਰੂਪ ਨਾਇਕਾ ! ਮੈਨੂੰ ਦੱਸ ਤਾਂ ਸਹੀ ਕਿ ਉਹ ਵਾਹਿਗੁਰੂ ਕਵਨ = ਕਿਹੜੇ ਪਿਆਰ = ਪ੍ਰੇਮ ਕੈ = ਕਰਕੇ ਤੋਹਿ = ਤੈਨੂੰ ਖੋਜਤ = ਖੋਜਦਾ ਫਿਰਤ = ਫਿਰਦਾ ਹੈ ॥੬੪੭॥

ਕੈਸੇ ਕੈ ਅਗਹ ਗਹਿਓ, ਕੈਸੇ ਕੈ ਅਛਲ ਛਲਿਓ;
ਕੈਸੇ ਕੈ ਅਭੇਦ ਭੇਦਿਓ, ਅਲਖ ਲਖਾਇਓ ਹੈ॥

ਹੇ ਗੁਰਮੁਖ ਰੂਪ ਨਾਇਕਾ ! ਕੈਸੇ ਕੈ = ਕਿਸ ਪ੍ਰਕਾਰ ਤੂੰ ਉਸ ਅਗਹ = ਨਾ ਪਕੜੇ ਜਾਣ ਵਾਲੇ ਪ੍ਰਭੂ ਨੂੰ ਗਹਿਓ = ਪਕੜ ਲਿਆ ਹੈ ? ਕੈਸੇ ਕੈ = ਕਿਸ ਪ੍ਰਕਾਰ ਤੂੰ ਉਸ ਅਛਲ = ਨਾ ਛਲੇ ਜਾਣ ਵਾਲੇ ਨੂੰ ਛਲਿਓ = ਛਲ ਲਿਆ ਹੈ ? ਜਿਸ ਦਾ ਕੋਈ ਅਭੇਦ = ਭੇਦ ਨਹੀਂ ਪਾ ਸਕਿਆ, ਕੈਸੇ ਕੈ = ਕਿਸ ਪ੍ਰਕਾਰ ਤੂੰ ਉਸ ਵਾਹਿਗੁਰੂ ਦਾ ਭੇਦਿਓ = ਭੇਦ ਪਾਇਆ ਹੈ ਅਤੇ ਕਿਸ ਪ੍ਰਕਾਰ ਤੂੰ ਉਸ ਅਲਖ = ਨਾ ਲਖੇ ਜਾਣ ਵਾਲੇ ਪ੍ਰਭੂ ਨੂੰ ਲਖਾਇਓ = ਲਖ ਲਿਆ ਹੈ ?

ਕੈਸੇ ਕੈ ਅਪੇਖ ਪੇਖਿਓ, ਕੈਸੇ ਕੈ ਅਗੜ ਗੜਿਓ;
ਕੈਸੇ ਕੈ ਅਪਿਓ ਪੀਓ, ਅਜਰ ਜਰਾਇਓ ਹੈ॥

ਹੇ ਗੁਰਮੁਖ ਰੂਪ ਨਾਇਕਾ ! ਕੈਸੇ ਕੈ = ਕਿਸ ਪ੍ਰਕਾਰ ਤੂੰ ਉਹ ਅਪੇਖ = ਨਾ ਦੇਖੇ ਜਾਣ ਵਾਲੇ ਵਾਹਿਗੁਰੂ ਨੂੰ ਪੇਖਿਓ = ਦੇਖਿਆ ਹੈ ? ਕੈਸੇ ਕੈ = ਕਿਸ ਪ੍ਰਕਾਰ ਤੂੰ ਉਸ ਨੂੰ ਹਿਰਦੇ ਦੇ ਵਿਚ ਅਗੜ = ਨਾ ਗੱਡੇ ਜਾਣ ਵਾਲੇ ਨੂੰ ਹਿਰਦੇ ਵਿਚ ਗੜਿਓ = ਗੱਡਿਆ ਹੈ ? ਕੈਸੇ ਕੈ = ਕਿਸ ਪ੍ਰਕਾਰ ਤੂੰ ਅਪਿਓ = ਨਾ ਪੀਤੇ ਜਾਣ ਵਾਲੇ ਨੂੰ ਪੀਓ = ਪੀਤਾ ਹੈ ? ਤੇ ਕਿਸ ਪ੍ਰਕਾਰ ਤੂੰ ਉਸ ਅਜਰ = ਨਾ ਜਰੇ ਜਾਣ ਵਾਲੇ ਨੂੰ ਜਰਾਇਓ = ਜਰਿਆ ਹੈ ?

ਕੈਸੇ ਕੈ ਅਜਾਪ ਜਪਿਓ, ਕੈਸੇ ਕੈ ਅਥਾਪ ਥਪਿਓ;
ਪਰਸਿਓ ਅਪਰਸ, ਅਗਮ ਸੁਗਮਾਇਓ ਹੈ॥

ਹੇ ਗੁਰਮੁਖ ਰੂਪ ਨਾਇਕਾ ! ਕੈਸੇ ਕੈ = ਕਿਸ ਪ੍ਰਕਾਰ ਤੂੰ ਉਸ ਅਜਾਪ = ਨਾ ਜਪੇ ਜਾਣ ਵਾਲੇ ਅਕਾਲ ਪੁਰਖ ਵਾਹਿਗੁਰੂ ਨੂੰ ਜਪਿਓ = ਜਪਿਆ ਹੈ ? ਕੈਸੇ ਕੈ = ਕਿਸ ਪ੍ਰਕਾਰ ਤੂੰ ਉਸ ਅਥਾਪ = ਨਾ ਥਾਪੇ ਜਾਣ ਵਾਲੇ ਨੂੰ ਆਪਣੇ ਹਿਰਦੇ ਵਿਚ ਥਾਪਿਓ = ਥਾਪਿਆ ਹੈ ? ਕਿਸ ਪ੍ਰਕਾਰ ਤੂੰ ਅਪਰਸ = ਨਾ ਛੋਹੇ ਜਾਣ ਵਾਲੇ ਪ੍ਰਭੂ ਨੂੰ ਪਰਸਿਓ = ਛੋਹਿਆ ਹੈ ? ਤੇ ਜਿਸ ਵਾਹਿਗੁਰੂ ਤਕ ਅਗਮ = ਪਹੁੰਚ ਨਹੀਂ ਹੋ ਸਕਦੀ, ਤੂੰ ਉਸ ਨੂੰ ਕਿਸ ਪ੍ਰਕਾਰ ਸੁਗਮਾਇਓ = ਸੌਖੇ ਹੀ ਪਾ ਲਿਆ ਹੈ ?

ਅਦਭੁਤ ਗਤਿ ਅਸਚਰਜ ਬਿਸਮ ਅਤਿ;
ਕੈਸੇ ਕੈ ਅਪਾਰ ਨਿਰਾਧਾਰ ਠਹਿਰਾਇਓ ਹੈ॥੬੪੮॥

ਹੇ ਗੁਰਮੁਖ ਰੂਪ ਨਾਇਕਾ ! ਜਿਸ ਅਕਾਲ ਪੁਰਖ ਵਾਹਿਗੁਰੂ ਦੀ ਗਤਿ = ਗਤੀ ਅਤਿ = ਬਹੁਤ ਹੀ ਅਦਭੁਤ = ਅਸਚਰਜ ਹੈ, ਅਸਚਰਜ = ਵਿਸਮਾਦੀ ਹੈ ਤੇ ਬਿਸਮ = ਅਸਚਰਜ ਹੈ ਅਤੇ ਜੋ ਅਪਾਰ = ਪਾਰਾਵਾਰ ਤੋਂ ਰਹਿਤ, ਨਿਰਾਧਾਰ = ਆਸਰੇ ਤੋਂ ਰਹਿਤ ਹੈ, ਤੂੰ ਉਸ ਵਾਹਿਗੁਰੂ ਨੂੰ ਆਪਣੇ ਹਿਰਦੇ ਦੇ ਅੰਦਰ ਕਿਸ ਪ੍ਰਕਾਰ ਠਹਿਰਾਇਓ = ਠਹਿਰਾਉਣਾ ਕੀਤਾ ਹੈ ?॥੬੪੮॥

ਨੋਟ : ਇਸ ਸ਼ਬਦ ਵਿਚ ਜਗਿਆਸੂ ਲੱਛਮੀ ਤੇ ਨਾਰਾਇਣ ਦੇ ਸੰਕਲਪ ਨਾਲ ਗੁਰਮੁਖ ਦਾ ਸੰਬਾਦ ਲਿਖਿਆ ਹੈ।

ਕਹਿਯੋ ਕਹਾ ਕੂ ਰਮਾ ਰੰਮ ਪੂਰਬ ਜਨਮ ਬਿਖੈ;
ਐਸੀ ਕੌਨ ਤਪਸਿਆ ਕਠਨ ਤੋਹਿ ਕੀਨੀ ਹੈ॥

ਕਹਿਯੋ = ਦੱਸਣਾ ਤਾਂ ਕਰ ਹੇ ਗੁਰਮੁਖ ਰੂਪ ਰਮਾ ਰੰਮ = ਸੁੰਦਰ ਲੱਛਮੀ ! ਕਿ ਪੂਰਬ = ਪਹਿਲੇ ਭਾਵ ਪਿਛਲੇ ਜਨਮ ਬਿਖੈ = ਵਿਚ ਤੋਹਿ = ਤੂੰ ਐਸੀ = ਅਜਿਹੀ ਵਾਹਿਗੁਰੂ ਦੀ ਕਹਾ = ਕਿਥੇ ਤੇ ਕੌਨ = ਕਿਹੜੀ ਤਪੱਸਿਆ ਕੀਨੀ = ਕੀਤੀ ਹੈ ?

ਜਾ ਤੇ ਗੁਨ ਰੂਪ ਅਉ ਕਰਮ ਕੈ ਸਕਲ ਕਲਾ;
ਸ੍ਰੇਸਟ ਹੁਇ ਸਰਬ ਨਾਇਕਾ ਕੀ ਛਬਿ ਛੀਨੀ ਹੈ॥

ਹੇ ਗੁਰਮੁਖ ਰੂਪ ਨਾਇਕਾ ! ਜਾ ਤੇ = ਜਿਸ ਕਰਕੇ ਤੂੰ ਗੁਣ, ਰੂਪ, ਕਰਮ ਅਉ = ਅਤੇ ਸਕਲ = ਸਾਰੀਆਂ ਕਲਾ ਕੈ = ਦੇ ਵਿਚ ਸ੍ਰੇਸ਼ਟ ਹੁਇ = ਹੋ ਕਰਕੇ ਸਰਬ = ਸਾਰੀਆਂ ਜਗਿਆਸੂ ਰੂਪ ਨਾਇਕਾ = ਇਸਤਰੀਆਂ ਕੀ = ਦੀ ਸ਼ੁਭ ਗੁਣਾਂ ਰੂਪੀ ਛਬਿ = ਸੁੰਦਰਤਾ ਛੀਨ = ਖੋਹ ਲੈਣਾ ਕੀਤੀ ਹੈ।

ਜਗਤ ਕੀ ਜੀਵਨ ਜਗਤ-ਪਤਿ ਚਿੰਤਾਮਨ;
ਮੁਖ ਮੁਸਕਾਇ ਚਿਤਵਤ ਹਿਰ ਲੀਨੀ ਹੈ॥

ਹੇ ਗੁਰਮੁਖ ਰੂਪ ਨਾਇਕਾ ! ਜੋ ਜਗਤ = ਸੰਸਾਰ ਕੀ = ਦਾ ਜੀਵਨ ਤੇ ਜਗਤ = ਸੰਸਾਰ ਦਾ ਪਤਿ = ਪਤੀ ਪਰਮੇਸ਼ਰ ਹੈ, ਉਸ ਕੋਲੋਂ ਚਿੰਤਾਮਨ = ਜਗਤ ਦੀਆਂ ਸਭ ਇੱਛਾਵਾਂ ਪੂਰੀਆਂ ਕਰਨ ਵਾਲੀ ਮਣੀ ਰੂਪ ਮੁਖ ਦੀ ਮੁਸਕਾਇ = ਮੁਸਕਰਾਹਟ ਤੂੰ ਤੱਕਣੀ ਦੇ ਨਾਲ ਹੀ ਤੇ ਚਿਤਵਤ = ਚਿੰਤਨ (ਸੋਚਦਿਆਂ) ਕਰਦਿਆਂ ਹੀ ਹਿਰ = ਖੋਹ ਲੀਨੀ = ਲਈ ਹੈ।

ਕੋਟਿ ਬ੍ਰਹਮੰਡ ਕੇ ਨਾਯਕ ਕੀ ਨਾਯਕਾ ਭਈ;
ਸਕਲ ਭਵਨ ਕੀ ਸ੍ਰਿਯਾ ਤੁਮਹਿ ਦੀਨੀ ਹੈ॥੬੪੯॥

ਹੇ ਗੁਰਮੁਖ ਰੂਪ ਨਾਇਕਾ ! ਜੋ ਕੋਟਿ = ਕ੍ਰੋੜਾਂ ਬ੍ਰਹਮੰਡਾਂ ਕੇ = ਦਾ ਨਾਯਕ = ਮਾਲਕ ਪਤੀ ਪਰਮੇਸ਼ਰ ਹੈ, ਤੂੰ ਉਸ ਦੀ ਗੁਰਮੁਖ ਰੂਪ ਨਾਯਕਾ = ਇਸਤਰੀ ਭਈ = ਹੋ ਗਈ ਹੈ ਅਤੇ ਉਸ ਪਤੀ ਪਰਮੇਸ਼ਰ ਨੇ ਤੈਨੂੰ ਸਕਲ = ਸਾਰਿਆਂ ਭਵਨ = ਲੋਕਾਂ ਕੀ = ਦੀ ਸ੍ਰਿਯਾ = ਖ਼ੁਸ਼ੀ ਦੇ ਦੀਨੀ = ਦਿੱਤੀ ਹੈ॥੬੪੯॥

ਰੂਪ ਕੋਟਿ ਰੂਪ ਪਰ, ਸੋਭਾ ਪਰ ਕੋਟਿ ਸੋਭਾ;
ਚਤੁਰਾਈ ਕੋਟਿ ਚਤੁਰਾਈ ਪਰ ਵਾਰੀਐ॥

ਹੁਣ ਗੁਰਮੁਖ ਰੂਪ ਨਾਇਕਾ ਜਗਿਆਸੂ ਰੂਪ ਸਖੀ ਨੂੰ ਪਰਮੇਸ਼ਰ ਦੀ ਪ੍ਰਾਪਤੀ ਬਾਰੇ ਦੱਸਦੀ ਹੈ ਕਿ ਤੂੰ ਉਸ ਵਾਹਿਗੁਰੂ ਦੇ ਰੂਪ = ਸਰੂਪ ਪਰ = ਉੱਤੋਂ ਕੋਟਿ = ਕ੍ਰੋੜਾਂ ਰੂਪ, ਉਸ ਦੀ ਸੋਭਾ = ਸੁੰਦਰਤਾ ਪਰ = ਉੱਤੋਂ ਕੋਟਿ = ਕਰੋੜਾਂ ਸੁੰਦਰਤਾ ਤੇ ਉਸ ਦੀ ਚਤੁਰਾਈ ਪਰ = ਉੱਤੋਂ ਕੋਟਿ = ਕਰੋੜਾਂ ਚਤੁਰਾਈਆਂ ਵਾਰੀਐ = ਕੁਰਬਾਨ ਕਰ ਦੇਣਾ ਕਰ।

ਗਿਆਨ ਗੁਨ ਕੋਟਿ ਗੁਨ ਗਿਆਨ ਪਰ ਵਾਰ ਡਾਰੈ;
ਕੋਟਿ ਭਾਗ ਭਾਗ ਪਰ ਧਰਿ ਬਲਿਹਾਰੀਐ ॥

ਹੇ ਜਗਿਆਸੂ ਰੂਪ ਸਖੀ ! ਤੂੰ ਉਸ ਪਰਮੇਸ਼ਰ ਵਾਹਿਗੁਰੂ ਦੇ ਗੁਣ-ਗਿਆਨ ਪਰ = ਉੱਤੋਂ ਕੋਟਿ = ਕਰੋੜਾਂ ਗੁਣ-ਗਿਆਨ ਵਾਰ = ਕੁਰਬਾਨ ਕਰ ਡਾਰੈ = ਸੁੱਟ ਤੇ ਉਸ ਦੇ ਭਾਗਾਂ ਪਰ = ਉੱਤੋਂ ਕੋਟਿ = ਕਰੋੜਾਂ ਭਾਗ ਧਰਿ = ਰੱਖ ਕੇ ਬਲਿਹਾਰੀਐ = ਕੁਰਬਾਨ ਕਰ ਦੇਣਾ ਕਰ। ਅਤੇ :

ਸੀਲ ਸੁਭ ਲਛਨ ਕੋਟਾਨਿ ਸੀਲ ਲਛਨ ਕੈ;
ਲਜਾ ਕੋਟਿ ਲਜਾ ਕੈ ਲਜਾਇਮਾਨ ਮਾਰੀਐ ॥

ਉਸ ਪ੍ਰਭੂ ਕੈ = ਦੇ ਸੀਲ = ਸੀਲਤਾ ਵਾਲੇ ਲਛਨ = ਗੁਣਾਂ ਉੱਤੋਂ ਕੋਟਿ = ਕਰੋੜਾਂ ਸੁਭ = ਸ੍ਰੇਸ਼ਟ ਸੀਲ = ਸੀਲਤਾ ਵਾਲੇ ਲਛਨ = ਗੁਣ ਤੇ ਲੱਜਾ ਉੱਤੋਂ ਕੋਟਿ = ਕਰੋੜਾਂ ਲਜਾ = ਲੱਜਿਆਂ ਲਜਾਇਮਾਨ = ਸ਼ਰਮਿੰਦਗੀਆਂ ਕੈ = ਕਰਕੇ ਮਾਰੀਐ = ਮਾਰ ਦੇਣਾ ਕਰ।

ਪ੍ਰੇਮਨ ਪਤਿਬ੍ਰਤਾ ਹੂੰ ਪ੍ਰੇਮ ਅਉ ਪਤਿਬ੍ਰਤ ਕੈ;
ਜਾ ਕਉ ਨਾਥ ਕਿੰਚਤ ਕਟਾਛ ਕੈ ਨਿਹਾਰੀਐ ॥੬੫੦॥

ਹੇ ਜਗਿਆਸੂ ਰੂਪ ਸਖੀ ! ਤੂੰ ਉਸ ਪਿਆਰੇ ਵਾਹਿਗੁਰੂ ਹੂੰ = ਉੱਤੋਂ ਪ੍ਰੇਮ ਅਉ = ਅਤੇ ਪਤਿਬ੍ਰਤ = ਪਤੀ ਦੀ ਉਪਾਸਨਾ ਤੇ ਸੇਵਾ ਦੇ ਬ੍ਰਤ = ਨਿਯਮ ਨੂੰ ਭੀ ਵਾਰ ਦੇਣਾ ਕਰ ਕੈ = ਕਿ ਜਾ ਕਉ = ਜਿਸ ਪ੍ਰੇਮਨ = ਪ੍ਰੇਮ ਨਿਭਾਉਣ ਵਾਲੀ ਪਤਿਬ੍ਰਤਾ (ਪਤੀ (ਭਰਤਾ) ਵਿਚ ਪੂਰੀ ਸ਼ਰਧਾ ਰੱਖਣ ਵਾਲੀ ਇਸਤ੍ਰੀ ਤੇ ਜਿਸ ਨੇ ਇਹ ਨਿਯਮ ਧਾਰਨ ਕੀਤਾ ਹੈ, ਬਿਨਾਂ ਪਤੀ ਤੋਂ ਹੋਰ ਨਾਲ ਪ੍ਰੇਮ ਨਹੀਂ ਕਰਨਾ) ਨੂੰ ਉਸ ਦਾ ਨਾਥ = ਮਾਲਕ ਪਤੀ ਪਰਮੇਸ਼ਰ ਕਿੰਚਤ = ਥੋੜ੍ਹੀ ਜਿਹੀ ਪਿਆਰ ਭਰੀ ਕਟਾਛ = ਨਜ਼ਰ ਕੈ = ਦੇ ਨਾਲ ਨਿਹਾਰੀਐ = ਦੇਖਦਾ ਹੈ ॥੬੫੦॥

ਕੋਟਨ ਕੋਟਾਨਿ ਸੁਖ ਪੁਜੈ ਨ ਸਮਾਨਿ ਸੁਖ;
ਆਨੰਦ ਕੋਟਾਨਿ ਤੁਲ ਆਨੰਦ ਨ ਆਵਹੀ ॥

ਹੇ ਜਗਿਆਸੂ ਰੂਪ ਸਖੀ ! ਕੋਟਨ ਕੋਟਾਨਿ = ਕਰੋੜਾਂ ਕਰੋੜ ਸੁਖ ਉਸ ਅਕਾਲ ਪੁਰਖ ਵਾਹਿਗੁਰੂ ਦੇ ਨਾਮ ਰੂਪੀ ਸੁਖ ਦੇ ਸਮਾਨਿ = ਬਰਾਬਰ ਨ = ਨਹੀਂ ਪੁਜੈ = ਪੁੱਜਦੇ ਤੇ ਕੋਟਾਨਿ = ਕਰੋੜਾਂ ਆਨੰਦ ਉਸਦੇ ਨਾਮ ਰੂਪੀ ਆਨੰਦ ਦੇ ਤੁਲ = ਬਰਾਬਰ ਨ = ਨਹੀਂ ਆਵਹੀ = ਆ ਸਕਦੇ।

ਸਹਜ ਕੋਟਾਨਿ ਕੋਟਿ ਪੁਜੈ ਨ ਸਹਜ ਸਰਿ;
ਮੰਗਲ ਕੋਟਾਨਿ ਸਮ ਮੰਗਲ ਨ ਪਾਵਹੀ ॥

ਹੇ ਜਗਿਆਸੂ ਰੂਪੀ ਸਖੀ ! ਕੋਟਾਨਿ ਕੋਟਿ = ਕਰੋੜਾਂ ਕਰੋੜ ਸਹਜ = ਗਿਆਨ ਉਸ ਵਾਹਿਗੁਰੂ ਦੇ

---

੧. ਇਹ ਗੰਗਾ ਦੇ ਜਨਮ ਵਾਲਾ ਦਿਨ ਮੰਨਿਆ ਜਾਂਦਾ ਹੈ। ਇਸ ਦਿਨ ਇਸ਼ਨਾਨ ਦਾ ਮਹਾਤਮ ਸਨਾਤਨ ਮੱਤ ਵਿਚ ਬਹੁਤ ਵੱਡਾ ਮੰਨਿਆ ਜਾਂਦਾ ਹੈ। ਇਸ ਦਾ ਭਾਈ ਸਾਹਿਬ ਨੇ ਪ੍ਰਮਾਣ ਦੇ ਕੇ ਪਰਮਾਤਮਾ ਦੇ ਮਿਲਾਪ ਦਾ ਵੱਡਾ ਮਹਾਤਮ ਦੱਸਿਆ ਹੈ।

ਸਹਜ = ਗਿਆਨ ਦੇ ਸਰਿ = ਬਰਾਬਰ ਨ = ਨਹੀਂ ਪੁਜੈ = ਪੁੱਜ ਸਕਦੇ ਅਤੇ ਕੋਟਾਨਿ = ਕਰੋੜਾਂ ਮੰਗਲ = ਆਨੰਦ ਉਸ ਵਾਹਿਗੁਰੂ ਦੇ ਨਾਮ ਰੂਪੀ ਮੰਗਲ = ਆਨੰਦ ਦੀ ਸਮ = ਸਮਤਾ (ਬਰਾਬਰੀ) ਨ = ਨਹੀਂ ਪਾਵਹੀ = ਪਾ ਸਕਦੇ।

ਕੋਟਨ ਕੋਟਾਨਿ ਪਰਤਾਪ ਨ ਪ੍ਰਤਾਪ ਸਰਿ;
ਕੋਟਨ ਕੋਟਾਨਿ ਛਬਿ ਛਬਿ ਨ ਪੁਜਾਵਹੀ॥

ਹੇ ਜਗਿਆਸੂ ਰੂਪ ਸਖੀ! ਕੋਟਨ ਕੋਟਾਨਿ = ਕਰੋੜਾਂ ਕਰੋੜ ਪਰਤਾਪ = ਤੇਜ ਪ੍ਰਭਾਵ ਉਸ ਪਿਆਰੇ ਵਾਹਿਗੁਰੂ ਦੇ ਪ੍ਰਤਾਪ = ਤੇਜ ਪ੍ਰਭਾਵ ਦੇ ਸਰਿ = ਬਰਾਬਰ ਨ = ਨਹੀਂ ਹੋ ਸਕਦੇ। ਕੋਟਨ ਕੋਟਾਨਿ = ਕਰੋੜਾਂ ਕਰੋੜ ਛਬਿ = ਸੁੰਦਰਤਾਵਾਂ ਉਸ ਪ੍ਰਭੂ ਦੇ ਛਬਿ = ਸੁੰਦਰ ਸਰੂਪ ਦੇ ਬਰਾਬਰ ਨ = ਨਹੀਂ ਪੁਜਾਵਹੀ = ਪਹੁੰਚ ਸਕਦੀਆਂ।

ਅਰਥ ਧਰਮ ਕਾਮ ਮੋਖ ਨ ਕੋਟਾਨਿ ਸਮ;
ਅਉਸਰ ਅਭੀਚ ਨਾਹ ਸਿਹਜਾ ਬੁਲਾਵਹੀ॥੬੫੧॥

ਹੇ ਜਗਿਆਸੂ ਰੂਪ ਸਖੀ! ਕੋਟਾਨਿ = ਕਰੋੜਾਂ ਧਰਮ, ਅਰਥ, ਕਾਮ, ਮੋਖ = ਮੋਖਸ਼ ਵੀ ਉਸ ਪਿਆਰੇ ਵਾਹਿਗੁਰੂ ਪਰਮੇਸ਼ਰ ਦੇ ਸਮ = ਬਰਾਬਰ ਨ = ਨਹੀਂ ਹੋ ਸਕਦੇ ਅਤੇ ਨਾ ਹੀ ਅਭੀਚ = ਅਭਿਜਿਤ ਨਛੱਤਰ[1] ਵਾਲੇ ਪੁਰਬ ਦੇ ਦਿਹਾੜੇ ਦੇ ਨਹਾਉਣ ਦਾ ਅਉਸਰ = ਸਮੇਂ ਉਸ ਪ੍ਰਭੂ ਦੇ ਮਿਲਾਪ ਦੇ ਬਰਾਬਰ ਹੋ ਸਕਦਾ ਹੈ, ਜਦੋਂ ਕਿ ਜਗਿਆਸੂ ਰੂਪ ਇਸਤਰੀ ਨੂੰ ਪਰਮੇਸ਼ਰ ਰੂਪ ਨਾਹ = ਪਤੀ ਅਭੇਦਤਾ ਰੂਪ ਸਿਹਜਾ 'ਤੇ ਬੁਲਾਵਹੀ = ਬੁਲਾਉਂਦਾ ਹੈ ਭਾਵ ਆਤਮਿਕ ਸਰੂਪ ਵਿਚ ਵਾਸਾ ਬਖ਼ਸ਼ਣਾ ਕਰਦਾ ਹੈ, ਭਾਵ ਪਰਮਾਤਮਾ ਦੇ ਅਭੇਦ ਰੂਪੀ ਸਿਹਜਾ 'ਤੇ ਮਿਲਾਪ ਹੋਣ ਦਾ ਮਹਾਤਮ ਉਪਰੋਕਤ ਦਿੱਤੇ ਪ੍ਰਮਾਣਾਂ ਤੋਂ ਵੱਡਾ ਹੈ॥੬੫੧॥

ਜਦੋਂ ਪਰਮੇਸ਼ਰ ਦੀ ਪ੍ਰਾਪਤੀ ਹੋ ਗਈ, ਤਦੋਂ ਫੇਰ ਜਗਿਆਸੂ ਰੂਪ ਇਸਤਰੀ ਪਰਮੇਸ਼ਰ ਰੂਪ ਪਤੀ ਦੇ ਮਿਲਾਪ ਦੀ ਭਾਵਨਾ ਪ੍ਰਗਟ ਕਰਦੀ ਹੈ ਕਿ:

ਸਫਲ ਜਨਮ, ਧੰਨ ਆਜ ਕੋ ਦਿਵਸ ਰੈਨਿ;
ਪਹਰ, ਮਹੂਰਤ ਘਰੀ ਔ ਪਲ ਪਾਏ ਹੈਂ॥

ਮੇਰਾ ਤਾਂ ਪਰਮੇਸ਼ਰ ਨਾਲ ਮਿਲਾਪ ਹੋ ਕੇ ਜਨਮ ਸਫਲਾ ਹੋ ਗਿਆ ਹੈ, ਆਜ = ਅੱਜ ਕੋ = ਦਾ ਦਿਵਸ = ਦਿਨ, ਰੈਨਿ = ਰਾਤ, ਪਹਰ = ਦਿਨ ਰਾਤ ਦਾ ਅੱਠਵਾਂ ਭਾਗ (ਤਿੰਨ ਘੰਟੇ ਦਾ ਸਮਾਂ), ਮਹੂਰਤ = ਦੋ ਘੜੀਆਂ ਦਾ ਸਮਾਂ, ਘਰੀ = ਘੜੀ (੨੪ ਮਿੰਟ ਦਾ ਸਮਾਂ) ਔ = ਅਤੇ ਪਲ (੨੪ ਸੈਕਿੰਡ ਦਾ ਸਮਾਂ), ਇਹ ਸਾਰੇ ਜੋ ਇਸ ਵੇਲੇ ਪਾਏ ਜਾ ਰਹੇ ਹਨ ਭਾਵ ਬੀਤ ਰਹੇ ਹਨ, ਇਹ ਧੰਨ ਹਨ।

ਸਫਲ ਸਿੰਗਾਰ ਚਾਰੁ ਸਿਹਜਾ ਸੰਜੋਗ ਭੋਗ;
ਆਂਗਨ ਮੰਦਰ ਅਤਿ ਸੁੰਦਰ ਸੁਹਾਏ ਹੈਂ॥

ਮੇਰਾ ਕੀਤਾ ਹੋਇਆ ਜਪ ਤਪ ਰੂਪੀ ਚਾਰ = ਸੁੰਦਰ ਸ਼ਿੰਗਾਰ, ਅੰਤਸ਼ਕਰਣ ਰੂਪੀ ਸਿਹਜਾ,

ਸੰਜੋਗ = ਮਿਲਾਪ, ਭੋਗ = ਆਨੰਦ ਇਹ ਸਭ ਪਿਆਰੇ ਵਾਹਿਗੁਰੂ ਦੇ ਮਿਲਾਪ ਹੋਣ ਨਾਲ ਸਫਲੇ ਹੋ ਗਏ ਹਨ ਅਤੇ ਮੇਰਾ ਸਰੀਰ ਰੂਪੀ ਮੰਦਰ = ਘਰ, ਇੰਦਰਿਆਂ ਰੂਪੀ ਆਂਗਨ = ਵਿਹੜਾ ਅਤਿ = ਅਤੀ (ਬਹੁਤ) ਸੁੰਦਰ = ਸੋਹਣੇ ਸੁਹਾਏ = ਸ਼ੋਭਨੀਕ ਹੋ ਗਏ ਹਨ।

ਜਗਮਗ ਜੋਤਿ ਸੋਭਾ ਕੀਰਤਿ ਪ੍ਰਤਾਪ ਛਬਿ;
ਆਨੰਦ ਸਹਜਿ ਸੁਖ ਸਾਗਰ ਬਢਾਏ ਹੈਂ ॥

ਮੇਰੇ ਹਿਰਦੇ ਵਿਚ ਸ਼ੁਭ ਗੁਣਾਂ ਰੂਪੀ ਸੋਭਾ = ਸੁੰਦਰਤਾ ਦਾ ਜੋਤਿ = ਪ੍ਰਕਾਸ਼ ਜਗਮਗ = ਜਗਮਗਾ ਉੱਠਿਆ ਹੈ, ਪ੍ਰਤਾਪ ਤੇ ਛਬਿ = ਸ਼ੋਭਾ ਦੀ ਕੀਰਤਿ = ਕੀਰਤੀ ਫੈਲ ਗਈ ਹੈ ਅਤੇ ਸਹਜਿ = ਸੁਤੇ-ਸਿਧ ਹੀ ਆਤਮਿਕ ਆਨੰਦ ਦੇ ਸੁਖਾਂ ਦੇ ਸਾਗਰ = ਸਮੁੰਦਰ ਬਢਾਏ = ਵੱਧ ਆਏ ਹਨ, ਭਾਵ ਸੁਖਾਂ ਦੇ ਸਮੁੰਦਰ ਉੱਛਲ ਆਏ ਹਨ।

ਅਰਥ ਧਰਮ ਕਾਮ ਮੋਖ ਨਿਹਕਾਮ ਨਾਮੁ;
ਪ੍ਰੇਮ ਰਸ ਰਸਿਕ ਹੁਇ ਲਾਲ ਮੇਰੇ ਆਏ ਹੈਂ ॥੬੫੨॥

ਜਿਨ੍ਹਾਂ ਦਾ ਨਾਮ ਧਰਮ, ਅਰਥ, ਕਾਮ ਮੋਖ = ਮੋਖਸ਼ ਭਾਵ ਮੁਕਤੀ, ਨਿਹਕਾਮ = ਨਿਸ਼ਕਾਮਤਾ (ਕਾਮਨਾ ਰਹਿਤ ਅਵਸਥਾ) ਹੈ, ਉਹ ਸਭ ਮੈਨੂੰ ਪ੍ਰਾਪਤ ਹੋ ਗਏ ਹਨ, ਕਿਉਂਕਿ ਅੱਜ ਮੇਰੇ ਲਾਲ = ਪਿਆਰੇ ਵਾਹਿਗੁਰੂ ਜੀ ਆਪ ਮੇਰੇ ਪ੍ਰੇਮ ਰਸ ਦੇ ਰਸਿਕ = ਰਸੀਏ ਹੁਇ = ਹੋ ਕੇ ਸਾਖਿਆਤ ਹੋਣ ਰੂਪ ਮੇਰੇ ਹਿਰਦੇ ਰੂਪੀ ਘਰ ਆਏ ਹਨ ॥੬੫੨॥

ਨਿਸ ਨ ਘਟੈ, ਨ ਲਟੈ ਸਸੀਅਰ ਦੀਪ ਜੋਤਿ;
ਕੁਸਮ ਬਾਸ ਹੂੰ ਨ ਮਿਟੈ ਅਉ ਸੁ ਟੇਵ ਸੇਵ ਕੀ ॥

ਨ = ਨਾ ਤਾਂ ਮੇਰੇ ਘਰ ਮੇਰੇ ਪਿਆਰੇ ਵਾਹਿਗੁਰੂ ਦੇ ਆਉਣ ਵਾਲੀ ਨਿਸ = ਰਾਤ ਘਟੈ = ਘਟੇ ਭਾਵ ਮੁੱਕੇ, ਨ = ਨਾ ਸਸੀਅਰ = ਚੰਦਰਮਾ ਤੇ ਦੀਪ = ਦੀਵੇ ਦੀ ਜੋਤ ਲਟੈ = ਲਟਪਟਾਏ ਭਾਵ ਹਿੱਲੇ ਨ = ਨਾ ਕੁਸਮ = ਫੁੱਲਾਂ ਦੀ ਬਾਸ = ਵਾਸ਼ਨਾ ਭਾਵ ਸੁਗੰਧੀ ਮਿਟੈ = ਮਿਟੇ ਅਉ = ਅਤੇ ਨਾ ਹੂੰ = ਹੀ ਮੇਰੀ ਸੁ = ਸ੍ਰੇਸ਼ਟ ਪ੍ਰਭੂ ਦੀ ਸੇਵ = ਟਹਿਲ ਕਰਨ ਦੀ ਟੇਵ = ਆਦਤ ਮਿਟੇ। ਅਤੇ :

ਸਹਜ ਕਥਾ ਨ ਘਟੈ ਸ੍ਰਵਨ ਸੁਰਤਿ ਮਤਿ;
ਰਸਨਾ ਪਰਸ ਰਸ ਰਸਿਕ ਸਮੇਵ ਕੀ ॥

ਨ = ਨਾ ਹੀ ਉਸ ਵਾਹਿਗੁਰੂ ਦੇ ਸਹਜ = ਗਿਆਨ ਦੀ ਕਥਾ ਘਟੈ = ਘਟੇ, ਨਾ ਸ੍ਰਵਨ = ਕੰਨਾਂ ਵਿਚ ਸੁਰਤਿ = ਸੁਣਨ ਸ਼ਕਤੀ ਘਟੇ ਤੇ ਨਾ ਰਸਨਾ = ਜੀਭ ਦਾ ਰਸ ਪਰਸ = ਸਪਰਸ਼ ਹੋਣ ਤੋਂ ਘਟੇ ਅਤੇ ਨਾ ਹੀ ਮਤਿ = ਬੁੱਧੀ ਦੀ ਰਸਿਕ = ਰਸੀਆ ਹੋ ਕੇ ਰਸ ਵਿਚ ਸਮੇਵ ਕੀ = ਸਮਾਏ ਰਹਿਣ ਦੀ ਮਸਤੀ ਘਟੇ। ਅਤੇ :

ਨਿੰਦ੍ਰਾ ਨ ਪਰੈ ਅਰੁ ਕਰੈ ਨ ਆਰਸ ਪ੍ਰਵੇਸ ਰਿਦੈ;
ਬਰੀਆ ਸੰਜੋਗ ਅਲਖ ਅਭੇਵ ਕੀ ॥

ਨਾ ਹੀ ਨਿੰਦ੍ਰਾ = ਨੀਂਦ ਪਰੈ = ਪਵੇ ਅਰੁ = ਅਤੇ ਨਾ ਹੀ ਮੇਰੇ ਰਿਦੈ = ਹਿਰਦੇ ਵਿਚ ਆਰਸ = ਆਲਸ ਪ੍ਰਵੇਸ਼ ਕਰੈ = ਕਰੇ, ਕਿਉਂਕਿ ਅੱਜ ਅਲਖ = ਲਖਣ ਤੋਂ ਰਹਿਤ, ਅਭੇਵ = ਭੇਦ ਤੋਂ ਰਹਿਤ ਵਾਹਿਗੁਰੂ ਦੇ ਨਾਲ ਸੰਜੋਗ = ਮਿਲਾਪ ਕੀ = ਦੀ ਮੇਰੀ ਬਰੀਆ = ਵਾਰੀ ਹੈ।

ਚਾਉ ਚਿਤ ਚਉਗੁਨੋ ਬਢੈ, ਪ੍ਰਬਲ ਪ੍ਰੇਮ ਨੇਮ;
ਦਇਆ ਦਸ ਗੁਨੀ ਉਪਜੈ ਦਇਆਲ ਦੇਵ ਕੀ ॥੬੫੩॥

ਇਸ ਕਰਕੇ ਵਾਹਿਗੁਰੂ ਨੂੰ ਮਿਲਣ ਦੇ ਲਈ ਮੇਰੇ ਚਿਤ ਵਿਚ ਚਾਉ = ਉਤਸ਼ਾਹ ਚਉਗੁਨੋ = ਚਾਰ ਗੁਣਾਂ ਬਢੈ = ਵਧੇ, ਪ੍ਰੇਮ ਦਾ ਨੇਮ ਪ੍ਰਬਲ = ਵਿਸ਼ੇਸ਼ ਕਰਕੇ ਹੋਰ ਬਲ ਵਾਲਾ ਹੋਵੇ ਅਤੇ ਉਸ ਦਇਆਲ = ਦਿਆਲੂ ਦੇਵ = ਪ੍ਰਕਾਸ਼ ਰੂਪ ਮੇਰੇ ਪ੍ਰੀਤਮ ਵਾਹਿਗੁਰੂ ਕੀ = ਦੀ ਦਇਆ ਭੀ ਮੇਰੇ ਉੱਪਰ ਦਸ ਗੁਨੀ = ਗੁਣੀ ਹੋ ਕੇ ਉਪਜੈ = ਪ੍ਰਗਟੇ ॥੬੫੩॥

ਨਿਮਖ ਨਿਮਖ ਨਿਸ ਨਿਸ ਪਰਮਾਨ ਹੋਇ;
ਪਲ ਪਲ, ਮਾਸ ਪਰਯੰਤ ਹੁਇ ਬਿਥਾਰੀ ਹੈ ॥

ਉਸ ਪਿਆਰੇ ਵਾਹਿਗੁਰੂ ਨੂੰ ਮਿਲਣ ਵਾਲੀ ਰਾਤ ਦਾ ਇਕ ਇਕ ਨਿਮਖ ਨਿਮਖ (ਅੱਖ ਫਰਕਣ ਜਿਤਨਾ ਸਮਾਂ) ਨਿਸ ਨਿਸ = ਰਾਤ ਰਾਤ ਦੇ ਪਰਮਾਨ = ਸਮਾਨ ਭਾਵ ਰਾਤ ਰਾਤ ਜਿਤਨਾ ਵੱਡਾ ਹੋਇ = ਹੋ ਜਾਵੇ ਅਤੇ ਹਰ ਪਲ ਪਲ (੨੪ ਸੈਕਿੰਡ ਦਾ ਸਮਾਂ) ਮਾਸ = ਮਹੀਨੇ ਮਹੀਨੇ ਪਰਯੰਤ = ਤੱਕ ਜਿਤਨਾ ਹੁਇ = ਹੋ ਕਰਕੇ ਬਿਥਾਰੀ = ਫੈਲ ਜਾਵੇ। ਅਤੇ :

ਬਰਖ ਬਰਖ ਪਰਯੰਤ ਘਟਿਕਾ ਬਿਹਾਇ;
ਜੁਗ ਜੁਗ ਸਮ ਜਾਮ ਜਾਮਨੀ ਪਿਆਰੀ ਹੈ ॥

ਇਕ ਇਕ ਘਟਿਕਾ = ਘੜੀ (੨੪ ਮਿੰਟ ਦਾ ਸਮਾਂ) ਬਰਖ ਬਰਖ = ਵਰ੍ਹੇ ਵਰ੍ਹੇ ਪਰਯੰਤ = ਤਕ ਦੀ ਹੋ ਕੇ ਬਿਹਾਇ = ਬੀਤੇ ਭਾਵ ਵਰ੍ਹੇ ਵਰ੍ਹੇ ਜਿਤਨੀ ਹੋ ਕੇ ਬੀਤੇ ਤੇ ਵਾਹਿਗੁਰੂ ਨੂੰ ਮਿਲਣ ਵਾਲੀ ਪਿਆਰੀ ਜਾਮਨੀ = ਰਾਤ ਦਾ ਜਾਮ = ਪਹਿਰ (ਤਿੰਨ ਘੰਟੇ ਦਾ ਸਮਾਂ) ਜੁਗ ਜੁਗ ਦੇ ਸਮ = ਬਰਾਬਰ ਹੋ ਕੇ ਬੀਤੇ।

ਕਲਾ ਕਲਾ ਕੋਟਿ ਗੁਨ ਜਗਮਗ ਜੋਤਿ ਸਸਿ;
ਪ੍ਰੇਮ ਰਸ ਪ੍ਰਬਲ ਪ੍ਰਤਾਪ ਅਧਿਕਾਰੀ ਹੈ ॥

ਅਤੇ ਸਸਿ = ਚੰਦਰਮਾ ਦੀ ਇਕ ਇਕ ਕਲਾ ਕਲਾ ਵਿਚ ਕੋਟਿ = ਕਰੋੜਾਂ ਹੀ ਗੁਣ ਪ੍ਰਕਾਸ਼ਦੇ ਰਹਿਣ ਤੇ ਉਸ ਦੀ ਜੋਤ ਪ੍ਰਕਾਸ਼ਦੀ ਰਹੇ, ਮੇਰਾ ਪ੍ਰੇਮ ਰਸ ਪ੍ਰਬਲ (ਪ੍ਰ + ਬਲ) ਪ੍ਰ = ਵਿਸ਼ੇਸ਼ ਕਰਕੇ ਹੋਰ ਬਲ ਵਾਲਾ ਹੋਵੇ ਤੇ ਨਾਮ ਦਾ ਪ੍ਰਤਾਪ = ਤੇਜ ਅਧਿਕਾਰੀ = ਅਧਿਕ ਤੋਂ ਅਧਿਕ ਭਾਵ ਵੱਧ ਤੋਂ ਵੱਧ ਵਧੇ।

ਮਨ ਬਚ ਕ੍ਰਮ ਪ੍ਰਿਯਾ ਸੇਵਾ ਸਨਮੁਖ ਰਹੌਂ;
ਆਰਸੁ ਨ ਆਵੈ ਨਿੰਦ੍ਰਾ, ਆਜ ਮੇਰੀ ਬਾਰੀ ਹੈ ॥੬੫੪॥

ਮੈਂ ਮਨ = ਅੰਤਸ਼ਕਰਣ, ਬਚ = ਬਾਣੀ, ਕ੍ਰਮ = ਕਰਮਾਂ ਭਾਵ ਸਰੀਰ ਕਰਕੇ ਉਸ ਪ੍ਰਿਯਾ = ਪਿਆਰੇ ਵਾਹਿਗੁਰੂ ਦੀ ਸੇਵਾ = ਟਹਿਲ ਵਿਚ ਸਨਮੁਖ ਰਹੌਂ = ਰਹਾਂ, ਨਿੰਦ੍ਰਾ = ਨੀਂਦ ਤੇ ਆਰਸੁ = ਆਲਸ ਮੇਰੇ ਨੇੜੇ ਨ = ਨਾ ਆਵੈ = ਆਵੇ, ਕਿਉਂਕਿ ਪ੍ਰੇਮ ਰਸ ਦੇ ਰਸਿਕ ਵਾਹਿਗੁਰੂ ਦੇ ਨਾਲ ਮਿਲਾਪ ਦੀ ਆਜ = ਅੱਜ ਮੇਰੀ ਵਾਰੀ ਹੈ ॥੬੫੪॥

ਜੈਸੀਐ ਸਰਦ ਨਿਸ ਤੈਸੇ ਈ ਪੂਰਨ ਸਸਿ;
ਵੈਸੇ ਈ ਕੁਸਮ ਦਲ ਸਿਹਜਾ ਸੁਵਾਰੀ ਹੈ ॥

ਜਗਿਆਸੂ ਰੂਪੀ ਇਸਤਰੀ ਕਹਿੰਦੀ ਹੈ ਕਿ ਜੈਸੀਐ = ਜਿਹੋ ਜਿਹੀ ਅੱਜ ਸਰਦ ਰੁੱਤ ਦੀ ਨਿਸ = ਰਾਤ ਹੈ, ਤੈਸੇ ਈ = ਉਹੋ ਜਿਹਾ ਪੂਰਨ ਸਸਿ = ਚੰਦਰਮਾ ਹੈ ਭਾਵ ਸਰਦ ਰੁੱਤ ਦੀ ਪੁੰਨਿਆ ਦਾ ਚੰਦਰਮਾ ਹੈ ਅਤੇ ਵੈਸੇ ਹੀ = ਉਸੇ ਤਰ੍ਹਾਂ ਹੀ ਕਰੁਣਾ, ਮੈਤ੍ਰੀ, ਉਪੇਖਿਆ ਰੂਪੀ ਸੀਤਲ ਕੁਸਮ ਦਲ = ਫੁੱਲਾਂ ਦੀਆਂ ਪੰਖੜੀਆਂ ਨਾਲ ਅੰਤਸ਼ਕਰਣ ਰੂਪੀ ਸਿਹਜਾ ਸੁਵਾਰੀ = ਸੰਵਾਰੀ ਹੋਈ ਹੈ।

ਜੈਸੀ ਏ ਜੋਬਨ ਬੈਸ, ਤੈਸੇ ਈ ਅਨੂਪ ਰੂਪ;
ਵੈਸੇ ਈ ਸਿੰਗਾਰ ਚਾਰੁ ਗੁਨ ਅਧਿਕਾਰੀ ਹੈ ॥

ਜੈਸੀ = ਜਿਹੋ ਜਿਹੀ ਮੇਰੀ ਸ਼ੌਕ ਅਵਸਥਾ ਰੂਪੀ ਜੋਬਨ = ਜਵਾਨ ਬੈਸ = ਉਮਰ ਹੈ, ਤੈਸੇ ਈ = ਉਹੋ ਜਿਹਾ ਹੀ ਉਸ ਪਿਆਰੇ ਵਾਹਿਗੁਰੂ ਦਾ ਅਨੂਪ = ਉਪਮਾ ਤੋਂ ਰਹਿਤ ਰੂਪ = ਸਰੂਪ ਹੈ, ਵੈਸੇ ਈ = ਉਸੇ ਤਰ੍ਹਾਂ ਹੀ ਮੇਰੇ ਸ਼ੁਭ ਗੁਣਾਂ ਰੂਪੀ ਚਾਰੁ = ਸੁੰਦਰ ਸ਼ਿੰਗਾਰ ਕਰੇ ਹੋਏ ਹਨ ਤੇ ਉਸ ਅਧਿਕਾਰੀ = ਮਾਲਕ ਵਾਹਿਗੁਰੂ ਦੇ ਵਿਸ਼ੇਸ਼ ਗੁਣ ਆਪਣੀ ਵਿਸ਼ੇਸ਼ਤਾ ਰੱਖਦੇ ਹਨ।

ਜੈਸੇ ਈ ਛਬੀਲੇ ਨੈਨ ਤੈਸੇ ਈ ਰਸੀਲੇ ਬੈਨ;
ਸੋਭਤ ਪਰਸਪਰ ਮਹਿਮਾ ਅਪਾਰੀ ਹੈ ॥

ਜੈਸੇ ਈ = ਜਿਹੋ ਜਿਹੇ ਮੇਰੇ ਵੈਰਾਗ, ਬਿਬੇਕ ਛਬੀਲੇ = ਸੁੰਦਰ ਨੈਨ = ਨੇਤਰ (ਅੱਖਾਂ) ਹਨ, ਤੈਸੇ ਈ = ਉਹੋ ਜਿਹੇ ਹੀ ਉਸ ਪਤੀ ਪਰਮੇਸ਼ਰ ਦੇ ਰਸੀਲੇ = ਰਸਦਾਇਕ ਮਿੱਠੇ ਬੈਨ = ਬਚਨ ਹਨ, ਇਸ ਕਰਕੇ ਪਤੀ ਪਰਮੇਸ਼ਰ ਤੇ ਮੇਰੀ ਪ੍ਰੇਮਣ ਦੀ ਮਹਿਮਾ = ਸ਼ੋਭਾ ਪਰਸਪਰ = ਆਪੋ ਵਿੱਚੀ ਅਪਾਰੀ = ਅਪਾਰ (ਪਾਰਾਵਾਰ ਤੋਂ ਰਹਿਤ) ਸੋਭਤ = ਸ਼ੋਭ ਰਹੀ ਹੈ।

ਜੈਸੇ ਈ ਪ੍ਰਬੀਨ ਪ੍ਰਿਅ ਪਿਆਰੇ ਪ੍ਰੇਮ ਰਸਿਕ ਹੈਂ;
ਵੈਸੇ ਈ ਬਚਿਤ੍ਰ ਅਤਿ ਪ੍ਰੇਮਨੀ ਪਿਆਰੀ ਹੈ ॥੬੫੫॥

ਜੈਸੇ ਈ = ਜਿਹੋ ਜਿਹੇ ਮੇਰੇ ਪਿਆਰੇ ਪ੍ਰਿਅ = ਪਤੀ ਪਰਮੇਸ਼ਰ ਜੀ ਪ੍ਰੇਮ ਦੇ ਵਿਚ ਪ੍ਰਬੀਨ = ਨਿਪੁੰਨ ਰਸਿਕ = ਰਸੀਏ ਹਨ, ਵੈਸੇ ਈ = ਉਹੋ ਜਿਹੀ ਹੀ ਮੈਂ ਉਸ ਪਤੀ ਪਰਮੇਸ਼ਰ ਦੀ ਪ੍ਰੇਮਨੀ = ਪ੍ਰੇਮਣ, ਅਤਿ = ਬਹੁਤ ਹੀ ਬਚਿਤ੍ਰ = ਅਦਭੁਤ ਪਿਆਰੀ ਹਾਂ ॥੬੫੫॥

ਜਾ ਦਿਨ ਜਗਤ-ਮਨ ਟਹਿਲ ਕਹੀ ਰਸਾਇ;
ਗਿਆਨ ਧਿਆਨ ਕੋਟਿ ਜੋਗ ਜਗ ਨ ਸਮਾਨ ਹੈ॥

ਜਾ ਦਿਨ = ਜਿਸ ਦਿਨ ਜਗਤ = ਸੰਸਾਰ ਦੇ ਮਨ ਭਾਵ ਪਤੀ ਪਰਮੇਸ਼ਰ ਨੇ ਰਸਾਇ = ਖ਼ੁਸ਼ ਹੋ ਕਰਕੇ ਕੋਈ ਟਹਿਲ = ਸੇਵਾ ਕਹੀ = ਦੱਸੀ, ਭਾਵ ਕਿਸੇ ਸੇਵਾ ਲਈ ਆਗਿਆ ਕੀਤੀ, ਉਸ ਦਿਨ ਦੇ ਸਮਾਨ = ਬਰਾਬਰ ਕੋਟਿ = ਕਰੋੜਾਂ ਗਿਆਨ, ਧਿਆਨ, ਜੋਗ, ਯੱਗ ਨਾ = ਨਹੀਂ ਹੋ ਸਕਦੇ।

ਜਾ ਦਿਨ ਭਈ ਪਨਿਹਾਰੀ ਜਗਨ-ਨਾਥ ਜੀ ਕੀ;
ਤਾ ਸਮ ਨ ਛਤ੍ਰਧਾਰੀ ਕੋਟਿਨ ਕੋਟਾਨ ਹੈ॥

ਜਾ ਦਿਨ = ਜਿਸ ਦਿਨ ਜਗਨ = ਜਗਤ ਦੇ ਨਾਥ = ਮਾਲਕ ਪਰਮੇਸ਼ਰ ਜੀ ਕੀ = ਦੀ ਮੈਂ ਪਨਿਹਾਰੀ = ਪਾਣੀ ਢੋਣ ਵਾਲੀ ਭਈ = ਹੋ ਗਈ, ਭਾਵ ਜਿਸ ਦਿਨ ਪਾਣੀ ਢੋਣ ਦੀ ਸੇਵਾ ਮਿਲੀ, ਤਾ = ਤਦੋਂ ਉਸ ਦਿਨ ਨੂੰ ਕੋਟਿਨ ਕੋਟਾਨ = ਕਰੋੜਾਂ ਕਰੋੜ ਛਤ੍ਰਧਾਰੀ = ਛਤਰ ਦੇ ਧਾਰਨ ਵਾਲੇ ਬਾਦਸ਼ਾਹ ਦੇ ਪ੍ਰਤਾਪ ਦੇ ਵੀ ਸਮ = ਬਰਾਬਰ ਨ = ਨਹੀਂ ਕਿਹਾ ਜਾ ਸਕਦਾ।

ਜਾ ਦਿਨ ਪਿਸਨਹਾਰੀ ਭਈ ਜਗਜੀਵਨ ਕੀ;
ਅਰਥ ਧਰਮ ਕਾਮ ਮੋਖ ਦਾਸਨ ਦਾਸਾਨ ਹੈ॥

ਜਾ ਦਿਨ = ਜਿਸ ਦਿਨ ਉਸ ਜਗਜੀਵਨ = ਜਗਤ ਦੇ ਜੀਵਨ ਭਾਵ ਰੱਖਿਅਕ ਰੂਪ ਪਰਮੇਸ਼ਰ ਵਾਹਿਗੁਰੂ ਕੀ = ਦੀ ਮੈਂ ਪਿਸਨਹਾਰੀ = ਦਾਣੇ ਪੀਹਣ ਵਾਲੀ ਭਈ = ਹੋ ਗਈ, ਫਿਰ ਉਸ ਦਿਨ ਦੇ ਬਰਾਬਰ ਧਰਮ, ਅਰਥ, ਕਾਮ, ਮੋਖ ਵੀ ਦਾਸਨ = ਦਾਸਾਂ ਦੇ ਦਾਸਾਨ = ਦਾਸ ਹੋ ਜਾਣਗੇ।

ਛਿਰਕਾਰੀ ਪਨਿਹਾਰੀ ਪੀਸਨਹਾਰੀ ਕੋ ਜੋ ਸੁਖ;
ਪ੍ਰੇਮਨੀ ਪਿਆਰੀ ਕੋ ਅਕਥ ਉਨਮਾਨ ਹੈ॥੬੫੬॥

ਉਸ ਪਤੀ ਪਰਮੇਸ਼ਰ ਦੀ ਛਿਰਕਾਰੀ = ਛਿੜਕਾਉ ਕਰਨ ਵਾਲੀ, ਪਨਿਹਾਰੀ = ਪਾਣੀ ਢੋਣ ਵਾਲੀ, ਪੀਸਨਹਾਰੀ = ਆਟਾ ਪੀਹਣ ਵਾਲੀ ਬਣ ਜਾਣ ਦਾ ਜੋ ਜਗਿਆਸੂ ਰੂਪ ਪਿਆਰੀ ਪ੍ਰੇਮਨੀ = ਪ੍ਰੇਮਣ ਇਸਤਰੀ ਕੋ = ਨੂੰ ਸੁਖ ਹੈ, ਉਸ ਦਾ ਉਨਮਾਨ = ਅੰਦਾਜ਼ਾ ਲਾ ਸਕਣਾ ਅਕਥ = ਕਥਨ ਤੋਂ ਬਾਹਰ ਹੈ, ਭਾਵ ਦੱਸ ਸਕਣਾ ਕਠਿਨ ਹੈ॥੬੫੬॥

ਹੁਣ ਜਗਿਆਸੂ ਰੂਪ ਉੱਤਮ ਸਖੀ ਪਰਮੇਸ਼ਰ ਦੀ ਪ੍ਰਾਪਤੀ ਹੋਈ ਤੋਂ ਜਗਿਆਸੂ ਰੂਪ ਮੱਧਮ ਸਖੀ ਨੂੰ ਉਪਦੇਸ਼ ਦਿੰਦੀ ਹੈ :

ਘਰੀ ਘਰੀ ਟੇਰਿ ਘਰੀਆਰ ਸੁਨਾਇ ਸੰਦੇਸੋ;
ਪਹਿਰ ਪਹਿਰ ਪੁਨਿ ਪੁਨਿ ਸਮਝਾਇ ਹੈ॥

ਘਰੀਆਰ = ਘੜਿਆਲ ਘਰੀ ਘਰੀ = ਘੜੀ ਘੜੀ ਪਿੱਛੋਂ ਟੇਰਿ = ਪੁਕਾਰ ਪੁਕਾਰ ਕੇ ਸੰਦੇਸੋ = ਸੰਦੇਸ਼ **ਵਾ:** ਸੁਨੇਹਾ ਸੁਨਾਇ = ਸੁਣਾ ਰਿਹਾ ਹੈ, ਭਾਵ ਦੇ ਰਿਹਾ ਹੈ ਤੇ ਪਹਿਰ ਪਹਿਰ ਤੋਂ ਬਾਅਦ ਪੁਨਿ ਪੁਨਿ = ਮੁੜ ਮੁੜ ਕੇ ਸਮਝਾਇ = ਸਮਝਾਉਂਦਾ ਹੈ ਕਿ :

ਜੈਸੇ ਜੈਸੇ ਜਲ ਭਰਿ ਭਰਿ ਬੇਲੀ ਬੂਡਤ ਹੈ;
ਪੂਰਨ ਹੁਇ ਪਾਪਨ ਕੀ ਨਾਵਹਿ ਹਰਾਇ ਹੈ॥

ਹੇ ਜਗਿਆਸੂ ਰੂਪ ਮੱਧਮ ਸਖੀਏ! ਜੈਸੇ ਜੈਸੇ = ਜਿਵੇਂ ਜਿਵੇਂ ਜਲ = ਪਾਣੀ ਭਰ ਕੇ ਬੇਲੀ[1] = ਪਿਆਲੀ ਮੁੜ ਮੁੜ ਬੂਡਤ = ਡੁੱਬ ਰਹੀ ਹੈ, ਇਸੇ ਤਰ੍ਹਾਂ ਤੇਰੀ ਆਪਣੀ ਸਰੀਰ ਰੂਪੀ ਨਾਵਹਿ = ਬੇੜੀ ਭੀ ਪਾਪਨ ਕੀ = ਪਾਪਾਂ ਦੇ ਨਾਲ ਪੂਰਨ ਹੁਇ = ਹੋ ਕੇ ਭਾਵ ਭਰ ਭਰ ਕੇ ਹਰਾਇ = ਨਾਸ਼ ਹੋ ਰਹੀ ਹੈ, ਭਾਵ ਡੁੱਬ ਰਹੀ ਹੈ। ਅਤੇ :

ਚਹੂੰ ਓਰ ਸੋਰ ਕੈ ਪਾਹਰੂਆ ਪੁਕਾਰ ਹਾਰੇ;
ਚਾਰੋ ਜਾਮ ਸੋਵਤੇ ਅਚੇਤ ਨ ਲਜਾਇ ਹੈ॥

ਚਹੂੰ = ਚਾਰੇ ਓਰ = ਦਿਸ਼ਾਵਾਂ ਭਾਵ ਚਾਰੇ ਪਾਸਿਆਂ ਤੋਂ ਸਤਿਪੁਰਸ਼ ਰੂਪ ਪਾਹਰੂਆ = ਪਹਿਰੇਦਾਰ ਉਪਦੇਸ਼ ਰੂਪ ਸ਼ੋਰ ਕਰ ਕਰ ਕੈ = ਕੇ ਉੱਚੀ ਉੱਚੀ ਪੁਕਾਰ ਕਰਦੇ ਹੋਏ ਹਾਰੇ = ਹਾਰ ਗਏ ਹਨ, ਫਿਰ ਭੀ ਹੇ ਅਚੇਤ = ਬੇਸਮਝ ਮੱਧਮ ਸਖੀਏ! ਤੂੰ ਚਾਰੋ = ਚਾਰੇ ਜਾਮ = ਪਹਿਰ ਸੋਵਤੇ = ਸੌਂ ਕੇ ਲੰਘਾ ਦਿੱਤੇ, ਤੈਨੂੰ ਲਜਾਇ = ਸ਼ਰਮ ਨ = ਨਹੀਂ ਆਉਂਦੀ ਕਿ ਤੂੰ ਸੇਵਾ ਸਿਮਰਨ ਰੂਪ ਕੋਈ ਲਾਹਾ ਨਹੀਂ ਖੱਟਿਆ।

ਤਮਚੁਰ ਸਬਦ ਸੁਨਤ ਹੀ ਉਘਾਰ ਆਂਧੈ;
ਬਿਨ ਪ੍ਰਿਯ ਪ੍ਰੇਮ ਰਸ ਪਾਛੈ ਪਛਤਾਇ ਹੈ॥੬੫੭॥

ਹੇ ਮੱਧਮ ਸਖੀਏ! ਹੁਣ ਤਾਂ ਪ੍ਰਭਾਤ (ਅੰਮ੍ਰਿਤ) ਵੇਲਾ ਹੋ ਚੱਲਿਆ ਹੈ, ਤਮਚੁਰ[2] = ਕੁੱਕੜ ਦੀ ਸਬਦ = ਆਵਾਜ਼ ਸੁਨਤ = ਸੁਣ ਕੇ ਹੀ ਆਂਧੈ = ਅੱਖਾਂ ਉਘਾਰ = ਖੋਲ੍ਹ ਲੈਣਾ ਕਰ, ਨਹੀਂ ਤਾਂ ਫਿਰ ਬਾਅਦ ਵਿਚ ਪ੍ਰਿਯ = ਪਿਆਰੇ ਵਾਹਿਗੁਰੂ ਦੇ ਪ੍ਰੇਮ ਰਸ ਮਾਣੇ ਤੋਂ ਬਿਨ = ਬਿਨਾਂ ਪਾਛੈ = ਪਿੱਛੋਂ ਪਛਤਾਇ = ਪਛਤਾਵੇਂਗੀ, ਭਾਵ ਜੇ ਅੰਮ੍ਰਿਤ ਵੇਲੇ ਉੱਠ ਕੇ ਸਿਮਰਨ ਨਹੀਂ ਕੀਤਾ ਤਾਂ ਪਸ਼ਚਾਤਾਪ ਹੀ ਕਰਨਾ ਪਵੇਗਾ॥੬੫੭॥

ਹੁਣ ਜਗਿਆਸੂ ਰੂਪ ਇਸਤਰੀ ਨੂੰ ਬਾਹਜ ਇਸਤਰੀ ਦਾ ਪ੍ਰਮਾਣ ਦੇ ਕੇ ਸਿੱਖਿਆ ਦਿੰਦੇ ਹਨ।

ਮਜਨ ਕੈ ਚੀਰ ਚਾਰ, ਅੰਜਨ, ਤਮੋਲ ਰਸ;
ਅਭਰਨ ਸਿੰਗਾਰ ਸਾਜ ਸਿਹਜਾ ਬਿਛਾਈ ਹੈ॥

ਜਿਵੇਂ ਕਿ ਇਸਤਰੀ ਮਜਨ = ਇਸ਼ਨਾਨ ਕੈ = ਕਰ ਕੇ ਤੇ ਚਾਰ = ਸੁੰਦਰ ਚੀਰ = ਬਸਤਰ ਪਹਿਨ ਕੇ, ਅੱਖਾਂ ਵਿਚ ਅੰਜਨ = ਸੁਰਮਾ ਪਾ ਕੇ, ਤਮੋਲ ਰਸ = ਪਾਨਾਂ ਦੇ ਬੀੜੇ ਦਾ ਰਸ ਲੈ ਕੇ, ਅਭਰਨ = ਗਹਿਣੇ ਤੇ ਸ਼ਿੰਗਾਰ ਸਾਜ ਕਰ ਕੇ ਪਤੀ ਦਾ ਸੁਖ ਲੈਣ ਵਾਸਤੇ ਸਿਹਜਾ ਬਿਛਾਈ = ਵਿਛਾਉਂਦੀ ਹੈ। ਅਤੇ :

---

੧. ਤੁੰਬੀ ਦੀ ਸ਼ਕਲ ਦੀ ਧਾਤੂ ਦੀ ਪਿਆਲੀ ਛੇਕ ਵਾਲੀ ਜਲ-ਕਟੋਰੀ, ਜੋ ਪਾਣੀ ਭਰਨ 'ਤੇ ਇਕ ਘੜੀ (੨੪ ਮਿੰਟ ਦਾ ਸਮਾਂ) ਦਾ ਪਤਾ ਦੱਸਦੀ ਸੀ। ਇਹ ਸਮੇਂ ਦਾ ਜੰਤਰ ਕੋਟੇ ਕਿਲ੍ਹੇ ਵਿਚ ਮੌਜੂਦ ਹੈ ਜੋ ਦਾਸ ਨੇ ਉਸ ਵਿਚ ਪੂਰਾ ਪਾਣੀ ਭਰ ਕੇ ਸਮਾਂ ਨੋਟ ਕੀਤਾ ਸੀ, ਜੋ ਸਹੀ ਪਾਇਆ ਗਿਆ। ਜੇਕਰ ਕਿਸੇ ਨੂੰ ਸ਼ੰਕਾ ਹੋਵੇ ਤਾਂ ਉਥੇ ਜਾ ਕੇ ਦੇਖ ਸਕਦਾ ਹੈ।

੨. ਤਾਂਬੇ ਰੰਗੀ ਕਲਗੀ ਵਾਲਾ, ਲਾਲ ਚੋਟੀ ਵਾਲਾ ਮੁਰਗਾ।

ਕੁਸਮ ਸੁਗੰਧਿ ਅਰੁ ਮੰਦਰ ਸੁੰਦਰ ਮਾਂਝ;
ਦੀਪਕ ਦਿਪਤ ਜਗਮਗ ਜੋਤਿ ਛਾਈ ਹੈ॥

ਕੁਸਮ = ਫੁੱਲਾਂ ਦੀ ਸੁਗੰਧਿ = ਸੁਗੰਧੀ (ਵਾਸ਼ਨਾ) ਅਰੁ = ਅਤੇ ਸੁੰਦਰ ਮੰਦਰ = ਘਰ ਮਾਂਝ = ਵਿਚ ਦੀਪਕ = ਦੀਵੇ ਦੀ ਜਗਮਗ ਪ੍ਰਕਾਸ਼ ਰਹੀ ਜੋਤ ਦਿਪਤ = ਚਮਕਦੀ ਹੋਈ ਭਾਵ ਲਟ ਲਟ ਕਰ ਕੇ ਛਾਈ = ਛਾ ਰਹੀ ਹੈ।

ਸੋਧਤ ਸੋਧਤ ਸਉਨ ਲਗਨ ਮਨਾਇ ਮਨ;
ਬਾਂਛਤ ਬਿਧਾਨ ਚਿਰਕਾਰ ਬਾਰੀ ਆਈ ਹੈ॥

ਸਉਨ = ਸ਼ਗਨ ਤੇ ਲਗਨ (ਸ਼ੁਭ ਮਹੂਰਤ) ਸੋਧਤ ਸੋਧਤ = ਸੋਧ ਸੋਧ ਕੇ ਮਨਾਇ = ਮਨਾਉਂਦਿਆਂ ਮਨ ਬਾਂਛਤ = ਮਨ ਭਾਉਂਦੇ ਬਿਧਾਨ = ਜਤਨਾਂ ਸਦਕਾ ਅੱਜ ਤੇਰੀ ਪਤੀ ਦੇ ਨਾਲ ਮਿਲਾਪ ਦੀ ਚਿਰਕਾਰ = ਚਿਰਾਂ ਪਿੱਛੋਂ ਵਾਰੀ ਆਈ ਹੈ।

ਅਉਸਰ ਅਭੀਚ ਨੀਚ ਨਿੰਦ੍ਰਾ ਮੈ ਸੋਵਤ ਖੋਏ;
ਨੈਨ ਉਘਰਤ ਅੰਤ ਪਾਛੈ ਪਛੁਤਾਈ ਹੈ॥੬੫੮॥

ਜਿਵੇਂ ਇਹ ਅਭੀਚ = ਜਿੱਤ ਪ੍ਰਾਪਤ ਕਰਨ ਵਾਲਾ ਅਭਿਜਿਤ ਨਛੱਤਰ[1] ਦਾ ਅਉਸਰ = ਸਮਾਂ ਨੀਚ ਨਿੰਦ੍ਰਾ = ਨੀਂਦ ਮੈ = ਵਿਚ ਹੀ ਸੋਵਤ = ਸੁੱਤਿਆਂ ਖੋਏ = ਗੁਆ ਲਿਆ ਹੈ, ਹੁਣ ਜਦੋਂ ਨੈਨ = ਅੱਖਾਂ ਉਘਰਤ = ਖੁੱਲ੍ਹੀਆਂ ਤਾਂ ਫਿਰ ਅੰਤ ਨੂੰ ਪਾਛੈ = ਪਿੱਛੋਂ ਪਛੁਤਾਈ = ਪਸ਼ਚਾਤਾਪ ਕਰਦੀ ਹੈ ਕਿਉਂਕਿ ਉਹ ਪਤੀ ਦਾ ਸੁਖ ਨਹੀਂ ਪਾ ਸਕੀ॥੬੫੮॥

ਅਰਥ ੨ (ਅੰਤੀਰਵ ਭਾਵ)

ਮਜਨ ਕੈ ਚੀਰ ਚਾਰ, ਅੰਜਨ, ਤਮੋਲ ਰਸ; ਅਭਰਨ ਸਿੰਗਾਰ ਸਾਜ ਸਿਹਜਾ ਬਿਛਾਈ ਹੈ॥

ਇਸੇ ਤਰ੍ਹਾਂ ਜਗਿਆਸੂ ਰੂਪ ਇਸਤਰੀ ਜਪ, ਤਪ ਰੂਪ ਮਜਨ = ਇਸ਼ਨਾਨ ਕੈ = ਕਰ ਕੇ ਸਰੀਰ ਰੂਪੀ ਚੀਰ = ਬਸਤਰ ਨੂੰ ਚਾਰ = ਸੁੰਦਰ ਭੇਖ ਬਣਾਉਣ, ਸ਼ਾਸਤਰ ਗਿਆਨ ਰੂਪੀ ਅੰਜਨ = ਸੁਰਮਾ ਪੜ੍ਹਨ ਰੂਪ ਪਾ ਕੇ, ਮਹਾਂਵਾਕਾਂ ਰੂਪ ਤਮੋਲ ਰਸ = ਪਾਨਾਂ ਦਾ ਬੀੜਾ ਤੇ ਮਾਲਾ, ਬੈਰਾਗਣ, ਆਸਣ ਰੂਪ ਅਭਰਨ = ਗਹਿਣਿਆਂ ਦੀ ਸਿੰਗਾਰ = ਸਜਾਵਟ ਸਾਜ ਕਰਕੇ ਪਤੀ ਪਰਮਾਤਮਾ ਦੇ ਮਿਲਣ ਦਾ ਆਨੰਦ ਲੈਣ ਵਾਸਤੇ ਅੰਤਸ਼ਕਰਣ ਦੀ ਸੇਜਾ ਬਿਛਾਈ = ਵਿਛਾਉਣਾ ਕਰਦੀ ਹੈ।

ਕੁਸਮ ਸੁਗੰਧਿ ਅਰੁ ਮੰਦਰ ਸੁੰਦਰ ਮਾਂਝ; ਦੀਪਕ ਦਿਪਤ ਜਗਮਗ ਜੋਤਿ ਛਾਈ ਹੈ॥

ਵਡਿਆਈ ਰੂਪ ਕੁਸਮ = ਫੁੱਲਾਂ ਦੀ ਸੁਗੰਧਿ = ਸੁਗੰਧੀ ਅਰੁ = ਅਤੇ ਸਰੀਰ ਰੂਪੀ ਮੰਦਰ = ਘਰ ਨੂੰ

---

੧. ਜੋਤਿਸ਼ ਅਨੁਸਾਰ ਉੱਤਰਾਖਾੜਾ ਨਛੱਤਰ ਦੇ ਪਿਛਲੇ ਚਾਰ ਭਾਗ ਸਹਿਤ ਸ੍ਰਵਣ ਨਛੱਤਰ ਦੀਆਂ ਪਹਿਲੀਆਂ ਚਾਰੇ ਕਲਾਂ ਇਸ ਲਗਨ ਵਿਚ ਅਭਿ = ਸਾਹਮਣੇ ਹੋ ਕੇ ਵੈਰੀ ਨੂੰ ਜਿੱਤ = ਜਿੱਤੀਦਾ ਹੈ, ਇਸ ਲਈ 'ਅਭਿਜਿਤ' ਸੰਗਯਾ ਹੈ। ਕਈਆਂ ਨੇ ਇਸ ਨੂੰ ਲਗਨ ਮੰਨਿਆ ਹੈ।

ਸੁੰਦਰ = ਸਫ਼ਾਈ ਰੂਪ ਸਜਾਉਣ ਮਾਂਝ = ਵਿਚ ਦਿਖਾਵੇ ਕਰਨ ਰੂਪ ਦੀਪਕ = ਦੀਵੇ ਦੀ ਪ੍ਰਭਾਵ ਰੂਪ ਜਗਮਗ ਕਰ ਰਹੀ ਜੋਤ ਦਿਪਤ = ਚਮਕਦੀ ਹੋਈ ਛਾਈ = ਛਾ ਰਹੀ ਹੈ।

ਸੋਧਤ ਸੋਧਤ ਸਉਨ ਲਗਨ ਮਨਾਇ ਮਨ; ਬਾਂਛਤ ਬਿਧਾਨ ਚਿਰਕਾਰ ਬਾਰੀ ਆਈ ਹੈ॥

ਇਕਾਦਸ਼ੀਆਂ ਆਦਿ ਦੇ ਵਰਤ ਰੂਪ ਸਉਨ = ਸ਼ਗਨ ਸੋਧਤ = ਸੋਧ ਕੇ ਅਤੇ ਸਿਮਰਨ ਕਰਨ ਵੇਲੇ ਲਗਨ = ਸ਼ੁਭ ਸਮਾਂ ਸੋਧਤ = ਸੋਧ ਕੇ, ਇਸ ਵਿਚ ਮਨ ਨੂੰ ਮਨਾਇ = ਮਨਾਉਣਾ ਕਰਦੀ ਹੈ, ਮਨ ਦੀ ਮੁਕਤੀ ਰੂਪ ਬਾਂਛਤ = ਇੱਛਾ ਪੂਰੀ ਕਰਨ ਵਾਸਤੇ ਪ੍ਰਾਲਬਧ ਦਾ ਮਨੁੱਖਾ ਸਰੀਰ ਰੂਪ ਬਿਧਾਨ ਬੰਨ੍ਹਿਆ ਹੈ। ਹੇ ਜਗਿਆਸੂ ਰੂਪ ਇਸਤਰੀ! ਚਿਰਕਾਰ = ਚਿਰਾਂ ਪਿੱਛੋਂ ਭਾਵ ਕਰੋੜਾਂ ਜੁਗਾਂ ਬਾਅਦ ਅੱਜ ਤੇਰੀ ਪਤੀ ਪਰਮਾਤਮਾ ਨੂੰ ਮਿਲਣ ਦੀ ਵਾਰੀ ਆਈ ਹੈ।

ਅਉਸਰ ਅਭੀਚ ਨੀਚ ਨਿੰਦ੍ਰਾ ਮੈ ਸੋਵਤ ਖੋਏ; ਨੈਨ ਉਘਰਤ ਅੰਤ ਪਾਛੈ ਪਛੁਤਾਈ ਹੈ॥੬੫੮॥

ਇਸੇ ਤਰ੍ਹਾਂ ਜਗਿਆਸੂ ਰੂਪ ਇਸਤਰੀ ਨੇ ਆਪਣੇ ਅਭੀਚ (ਅਭ + ਵਿਚ) ਅਭ = ਹਿਰਦੇ ਦੇ ਵਿਚ ਅਗਿਆਨ ਰੂਪੀ ਅਉਸਰ = ਸਮੇਂ ਕਾਰਨ ਨੀਚ ਨਿੰਦ੍ਰਾ = ਅਵਿੱਦਿਆ ਰੂਪੀ ਨੀਂਦ ਮੈ = ਵਿਚ ਹੀ ਸੋਵਤ = ਸੁੱਤਿਆਂ ਉਮਰ ਰੂਪੀ ਰਾਤਰੀ ਖੋਏ = ਗੁਆ ਲਈ ਹੈ, ਹੁਣ ਜਦੋਂ ਅੰਤ ਕਾਲ ਰੂਪੀ ਨੈਨ = ਨੇਤਰ ਉਘਰਤ = ਖੁੱਲ੍ਹੇ ਤਾਂ ਫਿਰ ਅੰਤ ਨੂੰ ਪਾਛੈ = ਪਿੱਛੋਂ ਪਛੁਤਾਈ = ਪਸ਼ਚਾਤਾਪ ਹੀ ਕਰਦੀ ਹੈ ਕਿਉਂਕਿ ਪਤੀ ਪਰਮਾਤਮਾ ਦਾ ਮਿਲਾਪ ਨਹੀਂ ਪਾ ਸਕੀ॥੬੫੮॥

ਹੁਣ ਫੇਰ ਭਾਈ ਸਾਹਿਬ ਜੀ ਇਸਤਰੀ ਦੇ ਦ੍ਰਿਸ਼ਟਾਂਤ ਦੁਆਰਾ ਜਗਿਆਸੂ ਨੂੰ ਸਿੱਖਿਆ ਦਿੰਦੇ ਹਨ :

ਕਰ ਅੰਜੁਲਿ ਜਲ ਜੋਬਨ ਪ੍ਰਵੇਸੁ ਆਲੀ;
ਮਾਨ ਤਜਿ ਪ੍ਰਾਨਪਤਿ ਪਤਿ ਰਤਿ ਮਾਨੀਐ॥

ਹੇ ਜੋਬਨ = ਜਵਾਨੀ ਵਿਚ ਪ੍ਰਵੇਸ਼ ਕਰ ਰਹੀ ਆਲੀ = ਸਖੀਏ! ਤੂੰ ਆਪਣੇ ਕਰ = ਹੱਥਾਂ ਦੇ ਅੰਜੁਲਿ = ਬੁੱਕ ਵਿਚ ਜਲ = ਪਾਣੀ ਲੈ ਕਰਕੇ ਮਾਨ = ਅਭਿਮਾਨ ਤਜਿ = ਛੱਡ ਕਰ ਕੇ ਆਪਣੇ ਪ੍ਰਾਨਪਤਿ = ਪ੍ਰਾਣਪਤੀ ਦਾ ਪੂਜਨ ਕਰ ਕੇ ਤੇ ਪਤਿ = ਪਤੀ ਦੇ ਰਤਿ = ਪ੍ਰੇਮ ਨੂੰ ਮਾਨੀਐ = ਮਾਨਣਾ ਕਰ। ਅਤੇ :

ਗੰਧ੍ਰਬ ਨਗਰ ਗਤਿ ਰਜਨੀ ਬਿਹਾਤ ਜਾਤ;
ਅਉਸਰ ਅਭੀਚ ਅਤਿ ਦੁਲਭ ਕੈ ਜਾਨੀਐ॥

('ਦੁਲੱਭ' ਪੜ੍ਹੋ)

ਗੰਧਰਭ ਨਗਰੀ ਦੀ ਗਤਿ = ਚਾਲ ਵਾਂਗ ਤੇਰੇ ਪਤੀ ਨੂੰ ਮਿਲਣ ਵਾਲੀ ਰਜਨੀ = ਰਾਤ ਬਿਹਾਤ = ਬੀਤਦੀ ਜਾਤ = ਜਾ ਰਹੀ ਹੈ, ਇਸ ਕਰਕੇ ਤੂੰ ਇਸ ਅਭੀਚ = ਅਭਿਜਿਤ ਨਛੱਤਰ ਨੂੰ ਅਤਿ = ਅਤਿਅੰਤ ਦੁਲਭ = ਦੁਰਲੱਭ ਅਉਸਰ = ਸਮਾਂ ਕਰ ਕੈ = ਕੇ ਜਾਨੀਐ = ਜਾਨਣਾ ਕਰ।

ਸਿਹਜਾ ਕੁਸਮ ਕੁਮਲਾਤ ਮੁਰਝਾਤ;
ਪੁਨਿ ਪੁਨਿ ਪਛੁਤਾਤ ਸਮੋ ਆਵਤ ਨ ਆਨੀਐ॥

ਹੇ ਮੱਧਮ ਸਖੀਏ! ਸਿਹਜਾ 'ਤੇ ਪਏ ਹੋਏ ਕੁਸਮ = ਫੁੱਲ ਕੁਮਲਾਤ = ਕੁਮਲਾਉਂਦੇ ਤੇ ਮੁਰਝਾਤ = ਮੁਰਝਾਉਂਦੇ

ਜਾਂਦੇ ਹਨ, ਪੁਨਿ = ਫਿਰ ਬਾਅਦ ਵਿਚ ਪਛੁਤਾਤ = ਪਛਤਾਵੇਂਗੀ, ਉਹ ਲੰਘਿਆ ਹੋਇਆ ਸਮੋ = ਸਮਾਂ ਪੁਨਿ = ਮੁੜ ਕੇ ਆਨੀਐ = ਲਿਆਇਆਂ ਨ = ਨਹੀਂ ਆਵਤ = ਆ ਸਕਦਾ, ਭਾਵ ਪਤੀ ਨੂੰ ਮਿਲਣ ਦਾ ਸਮਾਂ ਤੈਨੂੰ ਫਿਰ ਦੁਬਾਰਾ ਨਹੀਂ ਮਿਲਣਾ।

ਸੋਈ ਬਰ ਨਾਰਿ ਪ੍ਰਿਯ ਪਿਆਰ ਅਧਿਕਾਰੀ ਪਿਆਰੀ;
ਸਮਝ ਸਿਆਨੀ ਤੋ ਸੋ ਬੇਨਤੀ ਬਖਾਨੀਐ ॥੬੫੯॥

ਹੇ ਮੱਧਮ ਸਖੀਏ ! ਸੋਈ = ਉਹੋ ਹੀ ਬਰ = ਸ੍ਰੇਸ਼ਟ ਤੇ ਪਿਆਰੀ ਨਾਰਿ = ਇਸਤਰੀ ਹੁੰਦੀ ਹੈ, ਜੋ ਆਪਣੇ ਪ੍ਰਿਯ = ਪਿਆਰੇ ਪਤੀ ਦੇ ਪਿਆਰ ਦੀ ਅਧਿਕਾਰੀ = ਹੱਕਦਾਰ ਹੁੰਦੀ ਹੈ। ਸੋ ਇਸ ਕਰਕੇ ਮੈਂ ਤੋ = ਤੈਨੂੰ ਬੇਨਤੀ ਬਖਾਨੀਐ = ਕਹਿਣਾ ਕੀਤੀ ਹੈ ਤੇ ਤੂੰ ਇਸ ਨੂੰ ਸਿਆਣੀ ਬਣ ਕੇ ਸਮਝਣਾ ਕਰ ॥੬੫੯॥

ਅਰਥ ਨੰ: ੨ (ਅੰਤਰੀਵ ਭਾਵ)

ਉੱਤਮ ਸਖੀ ਰੂਪ ਸੰਤ ਜਗਿਆਸੂ ਰੂਪ ਮੱਧਮ ਸਖੀ ਨੂੰ ਸਮਝਾਉਂਦੇ ਹਨ :

ਕਰ ਅੰਜੁਲਿ ਜਲ ਜੋਬਨ ਪ੍ਰਵੇਸ ਆਲੀ; ਮਾਨ ਤਜਿ ਪ੍ਰਾਨਪਤਿ ਪਤਿ ਰਤਿ ਮਾਨੀਐ ॥

ਹੇ ਜੋਬਨ = ਸ਼ੌਕ ਅਵਸਥਾ ਵਿਚ ਪ੍ਰਵੇਸ਼ ਕਰ ਰਹੀ ਜਗਿਆਸੂ ਰੂਪ ਆਲੀ = ਸਖੀਏ ! ਤੂੰ ਆਪਣੇ ਹਿਰਦੇ ਰੂਪੀ ਕਰ = ਹੱਥਾਂ ਦੇ ਅੰਜੁਲਿ = ਬੁੱਕ ਵਿਚ ਗੁਰੂ ਦੇ ਉਪਦੇਸ਼ ਰੂਪੀ ਜਲ ਨੂੰ ਪ੍ਰਵੇਸ਼ ਕਰ ਕੇ ਤੇ ਸਾਧਨਾ ਦੇ ਮਾਨ = ਹੰਕਾਰ ਨੂੰ ਤਜਿ = ਛੱਡ ਕੇ ਪ੍ਰਾਨਪਤਿ = ਪ੍ਰਾਣਾਂ ਦੇ ਮਾਲਕ ਤਿੰਨਾਂ ਲੋਕਾਂ ਦੇ ਪਤੀ ਪਰਮਾਤਮਾ ਨੂੰ ਰਤਿ = ਪ੍ਰੇਮ ਕਰ ਕੇ ਮਾਨੀਐ = ਮੰਨਣਾ ਕਰ।

ਗੰਧ੍ਰਬ ਨਗਰ ਗਤਿ ਰਜਨੀ ਬਿਹਾਤ ਜਾਤ; ਅਉਸਰ ਅਭੀਚ ਅਤਿ ਦੁਲਭ ਕੈ ਜਾਨੀਐ ॥

ਹੇ ਜਗਿਆਸੂ ਰੂਪ ਸਖੀਏ ! ਗੰਧਰਬ ਨਗਰੀ ਦੀ ਗਤਿ = ਨਿਆਈਂ ਅਨਿਸਥਰ ਪਦਾਰਥਾਂ ਵਿਚ ਲੱਗ ਕੇ ਤੇਰੀ ਉਮਰ ਰੂਪੀ ਰਜਨੀ = ਰਾਤ ਬਿਹਾਤ = ਗੁਜ਼ਰਦੀ ਜਾਤ = ਜਾ ਰਹੀ ਹੈ, ਇਸ ਕਰਕੇ ਤੂੰ ਅਭੀਚ = ਅਭਿਜਿਤ ਨਛੱਤਰ ਦੇ ਅਉਸਰ ਸਮੇਂ ਵਾਂਗੂੰ ਮਨੁੱਖਾ ਸਰੀਰ ਨੂੰ ਅਤਿ = ਅਤਿਅੰਤ ਦੁਲਭ = ਦੁਰਲੱਭ ਜਾਨੀਐ = ਜਾਨਣਾ ਕੈ = ਕਰ।

ਸਿਹਜਾ ਕੁਸਮ ਕੁਮਲਾਤ ਮੁਰਝਾਤ; ਪੁਨਿ ਪੁਨਿ ਪਛੁਤਾਤ ਸਮੋ ਆਵਤ ਨ ਆਨੀਐ ॥

ਹੇ ਜਗਿਆਸੂ ਰੂਪ ਸਖੀਏ ! ਤੇਰੇ ਅੰਤਸ਼ਕਰਨ ਦੀ ਸਿਹਜਾ = ਸੇਜਾ ਦੇ ਸ਼ੁਭ ਗੁਣਾਂ ਰੂਪੀ ਕੁਸਮ = ਫੁੱਲ ਵਿੱਛੜਨ ਰੂਪ ਕੁਮਲਾਤ = ਕੁਮਲਾ ਕੇ ਮੁਰਝਾਤ = ਮੁਰਝਾ ਰਹੇ ਹਨ, ਭਾਵ ਨਿੰਮੋਝੂਣੇ ਹੋ ਰਹੇ ਹਨ। ਫਿਰ ਪੁਨਿ = ਮੁੜ ਬਾਅਦ ਵਿਚ ਪਛੁਤਾਤ = ਪਸ਼ਚਾਤਾਪ ਕਰੇਂਗੀ ਕਿਉਂਕਿ ਪੁਨਿ = ਮੁੜ ਪਤੀ ਪਰਮਾਤਮਾ ਨੂੰ ਮਿਲਣ ਵਾਲਾ ਮਨੁੱਖਾ ਸਰੀਰ ਰੂਪੀ ਲੰਘਿਆ ਹੋਇਆ ਸਮੋ = ਸਮਾਂ ਦੁਬਾਰਾ ਆਨੀਐ = ਲਿਆਇਆਂ ਆਵਤ = ਆ ਨ = ਨਹੀਂ ਸਕਦਾ।

ਸੋਈ ਬਰ ਨਾਰਿ ਪ੍ਰਿਯ ਪਿਆਰ ਅਧਿਕਾਰੀ ਪਿਆਰੀ;
ਸਮਝ ਸਿਆਨੀ ਤੋ ਸੋ ਬੇਨਤੀ ਬਖਾਨੀਐ ॥੬੫੯॥

ਹੇ ਜਗਿਆਸੂ ਰੂਪ ਸਖੀਏ ! ਸੋਈ = ਉਹੋ ਹੀ ਜਗਿਆਸੂ ਰੂਪੀ ਨਾਰਿ = ਇਸਤਰੀ ਬਰ = ਸ੍ਰੇਸ਼ਟ ਹੁੰਦੀ ਹੈ, ਜੋ ਆਪਣੇ ਪ੍ਰਭੂ ਦੀ ਭਗਤੀ ਨੂੰ ਪਿਆਰ ਕਰ ਕੇ ਪ੍ਰਿਯ = ਪਿਆਰੇ ਪਤੀ ਪਰਮਾਤਮਾ ਦੇ ਪਿਆਰ ਦੀ ਅਧਿਕਾਰੀ

ਬਣਦੀ ਹੈ, ਇਸ ਕਰਕੇ ਤੂੰ ਭਗਤੀ ਵਾਲੀ ਗੱਲ ਨੂੰ ਸਿਆਣੀ ਬਣ ਕੇ ਸਮਝਣਾ ਕਰ। ਇਹ ਮੈਂ ਤੋ = ਤੈਨੂੰ ਸੋ = ਉਸ ਪਰਮਾਤਮਾ ਦੇ ਚਰਨਾਂ ਵਿਚ ਬੇਨਤੀ ਕਰਨ ਦਾ ਢੰਗ ਬਖਾਨੀਐ = ਕਥਨ ਕਰ ਕੇ ਦੱਸ ਦਿੱਤਾ ਹੈ ॥੬੫੯॥

ਮਾਨਨ ! ਨ ਕੀਜੈ ਮਾਨ, ਬਦੋ ਨ ਤੇਰੋ ਸਿਆਨ;
ਮੇਰੋ ਕਹਿਓ ਮਾਨ, ਜਾਨ ਅਉਸਰ ਅਭੀਚ ਕੋ ॥

ਹੇ ਮਾਨਨ = ਮਾਨ ਵਾਲੀ ਮੱਧਮ ਸਖੀਏ ! ਮਨ ਵਿਚ ਮਾਨ = ਹੰਕਾਰ ਨਾ ਕੀਜੈ = ਕਰ, ਮੈਂ ਇਸ ਗੱਲ ਨੂੰ ਤੇਰੋ = ਤੇਰੀ ਸਿਆਨ = ਸਿਆਣਪ ਨ = ਨਹੀਂ ਬਦੋ = ਮੰਨਦੀ, ਇਸ ਕਰਕੇ ਤੂੰ ਮੇਰੋ = ਮੇਰੇ ਕਹਿਓ = ਕਹੇ ਨੂੰ ਮਾਨ = ਮੰਨਣਾ ਕਰ ਤੇ ਇਸ ਅਭੀਚ = ਅਭਿਜਿਤ ਨਛੱਤਰ ਵਾਲੇ ਅਉਸਰ = ਸਮੇਂ ਕੋ = ਨੂੰ ਜਾਨ = ਜਾਨਣਾ ਕਰ **ਵਾ:** ਸਮਝਣਾ ਕਰ, ਭਾਵ ਪਤੀ ਦੇ ਮਿਲਣ ਵਾਲੇ ਸਮੇਂ ਨੂੰ ਸਮਝਣਾ ਕਰ।

ਪ੍ਰਿਯਾ ਕੀ ਅਨੇਕ ਪਿਆਰੀ ਚਿਰੰਕਾਲ ਆਈ ਬਾਰੀ;
ਲੇਹੁ ਨ ਸੁਹਾਗ, ਸੰਗ ਛਾਡਿ ਹਠ ਨੀਚ ਕੋ ॥

ਹੇ ਮੱਧਮ ਸਖੀਏ ! ਪ੍ਰਿਯਾ = ਪਿਆਰੇ ਪਤੀ ਰਾਜੇ ਕੀ = ਦੀਆਂ ਪਿਆਰੀਆਂ ਇਸਤਰੀਆਂ ਅਨੇਕ ਹਨ, ਪਰ ਤੇਰੀ ਵਾਰੀ ਚਿਰੰਕਾਲ = ਚਿਰਾਂ ਮਗਰੋਂ ਆਈ ਹੈ, ਇਸ ਵੇਲੇ ਤੂੰ ਜੋ ਆਪਣੇ ਸੁਹਾਗ ਨੂੰ ਮਨਾ ਲੇਹੁ = ਲੈਣਾ ਨ = ਨਹੀਂ ਕਰਦੀ, ਇਹ ਗੱਲ ਤੇਰੀ ਗ਼ਲਤ ਹੈ, ਤੂੰ ਨੀਚ ਹਠ ਕੋ = ਦਾ ਸੰਗ = ਸਾਥ ਛਾਡਿ = ਛੱਡ ਦੇਣਾ ਕਰ।

ਰਜਨੀ ਬਿਹਾਤ ਜਾਤ, ਜੋਬਨ ਸਿੰਗਾਰ ਗਾਤ;
ਖੇਲਹੁ ਨ ਪ੍ਰੇਮ ਰਸ ਮੋਹ ਸੁਖ ਬੀਚ ਕੋ ॥

ਹੇ ਮੱਧਮ ਸਖੀਏ ! ਤੇਰੇ ਪਤੀ ਨੂੰ ਮਿਲਣ ਵਾਲੀ ਰਜਨੀ = ਰਾਤ ਬਿਹਾਤ = ਬੀਤਦੀ ਜਾਤ = ਜਾ ਰਹੀ ਹੈ ਤੇ ਤੇਰੇ ਗਾਤ = ਸਰੀਰ ਦੀ ਜੋਬਨ = ਜਵਾਨੀ ਤੇ ਸ਼ਿੰਗਾਰ ਵੀ ਬੀਤਦਾ ਜਾ ਰਿਹਾ ਹੈ ਅਤੇ ਨਾ ਹੀ ਤੂੰ ਆਪਣੇ ਪਤੀ ਨਾਲ ਪ੍ਰੇਮ ਰਸ ਵਿਚ ਖੇਲਹੁ = ਖੇਡਣਾ ਕਰਦੀ ਹੈਂ। ਪਤਾ ਨਹੀਂ ਤੂੰ ਕਿਹੜੇ ਮਾਨ ਕੋ = ਦੇ ਸੁਖ ਬੀਚ = ਵਿਚ ਮੋਹ = ਮੋਹਿਤ ਹੋਈ ਪਈ ਹੈਂ।

ਅਬ ਕੈ ਨ ਭੇਟੈ ਨਾਥ, ਬਹੁਰਿਓ ਨ ਆਵੈ ਹਾਥ;
ਬਿਰਹਾ ਬਿਹਾਵੈ ਬਲਿ ਬਡੋ ਭਾਈ ਮੀਚ ਕੋ ॥੬੬੦॥

ਹੇ ਮੱਧਮ ਸਖੀਏ ! ਜੇਕਰ ਤੂੰ ਅਬ = ਹੁਣ ਕੈ = ਦੇ ਸਮੇਂ ਵਿਚ ਵੀ ਆਪਣੇ ਨਾਥ = ਮਾਲਕ ਪਤੀ ਨੂੰ ਨਾ ਭੇਟੈ = ਮਿਲੀ ਤਾਂ ਬਹੁਰਿਓ = ਫੇਰ ਤੇਰੇ ਹਾਥ = ਹੱਥ ਨ = ਨਹੀਂ ਆਵੈ = ਆਉਣਾ ਭਾਵ ਫਿਰ ਤੇਰਾ ਮਿਲਾਪ ਨਹੀਂ ਹੋਣਾ ਤੇ ਫਿਰ ਤਾਂ ਤੂੰ ਆਪਣੇ ਪਤੀ ਨਾਲੋਂ ਬਿਰਹਾ = ਵਿੱਛੜ ਕੇ ਮੀਚ = ਮੌਤ ਕੋ = ਦੇ ਬਡੋ = ਵੱਡੇ ਭਾਈ = ਭਰਾ ਬਲਿ = ਬਲੀ ਵਿਛੋੜੇ ਨਾਲ ਬਿਹਾਵੈ = ਬਿਤਾਵੇਂਗੀ ਭਾਵ ਵਿਛੋੜੇ ਵਿਚ ਹੀ ਸਮਾਂ ਲੰਘ ਜਾਵੇਗਾ, ਫੇਰ ਤੇਰਾ ਮੁੜ ਕੇ ਪਤੀ ਨਾਲ ਮਿਲਾਪ ਨਹੀਂ ਹੋਣਾ ॥੬੬੦॥

ਅਰਥ ਨੰ: ੨ (ਅੰਤਰੀਵ ਭਾਵ)

ਮਾਨਨ ! ਨ ਕੀਜੈ ਮਾਨ, ਬਦੋ ਨ ਤੇਰੋ ਸਿਆਨ; ਮੇਰੋ ਕਹਿਓ ਮਾਨ, ਜਾਨ ਅਉਸਰ ਅਭੀਚ ਕੋ ॥

ਹੇ ਜਗਿਆਸੂ ਰੂਪ ਮੱਧਮ ਸਖੀ ! ਤੂੰ ਮੇਰੀ ਸਿੱਖਿਆ ਨੂੰ ਮਾਨਨ = ਮੰਨਣਾ ਕਰ ਕਿ ਤੂੰ ਦੇਹ ਅਭਿਮਾਨ

ਨਾ ਕੀਜੈ = ਕਰਨਾ ਕਰ, ਕਿਉਂਕਿ ਇਸ ਗੱਲ ਵਿਚ ਤੇਰੋ = ਤੇਰੀ ਸਿਆਨ = ਸਿਆਣਪ ਨਹੀਂ ਬਦੋ = ਮੰਨੀ ਜਾਂਦੀ, ਇਸ ਕਰਕੇ ਤੂੰ ਮੇਰੋ = ਮੇਰੇ ਕਹਿਓ = ਕਹੇ ਨੂੰ ਭਾਵ ਪਤੀ ਪਰਮਾਤਮਾ ਦੇ ਮਿਲਣ ਦੀ ਸਿੱਖਿਆ ਨੂੰ ਮਾਨ = ਮੰਨਣਾ ਕਰ। ਪਤੀ ਪਰਮਾਤਮਾ ਨੂੰ ਮਿਲਣ ਦੇ ਅਉਸਰ = ਸਮੇਂ ਕੋ = ਨੂੰ ਅਭੀਚ = ਅਭਿਜਿਤ ਨਛੱਤਰ ਵਾਂਗ ਸ੍ਰੇਸ਼ਟ ਜਾਨ = ਸਮਝਣਾ ਕਰ।

ਪ੍ਰਿਯਾ ਕੀ ਅਨੇਕ ਪਿਆਰੀ ਚਿਰੰਕਾਲ ਆਈ ਬਾਰੀ; ਲੇਹੁ ਨ ਸੁਹਾਗ, ਸੰਗ ਛਾਡਿ ਹਠ ਨੀਚ ਕੋ ॥

ਹੇ ਜਗਿਆਸੂ ਰੂਪ ਮੱਧਮ ਸਖੀਏ ! ਪ੍ਰਿਯਾ = ਪਿਆਰੇ ਪਤੀ ਪਰਮਾਤਮਾ ਕੀ = ਦੀਆਂ ਨਾਮ ਰਸ ਵਿਚ ਮਗਨ ਸੰਤ ਰੂਪ ਪਿਆਰੀਆਂ ਇਸਤਰੀਆਂ ਅਨੇਕ = ਬੇਅੰਤ ਹਨ, ਪਰ ਹੁਣ ਤੇਰੀ ਵੀ ਚਿਰੰਕਾਲ = ਚਿਰਾਂ ਮਗਰੋਂ ਭਾਵ ਅਨੇਕਾਂ ਜੂਨਾਂ ਵਿਚ ਭਟਕਣ ਤੋਂ ਬਾਅਦ ਮਨੁੱਖਾ ਜਨਮ ਵਿਚ ਪਤੀ ਪਰਮਾਤਮਾ ਨੂੰ ਮਿਲਣ ਦੀ ਵਾਰੀ ਆਈ ਹੈ, ਇਸ ਕਰਕੇ ਹੁਣ ਤੂੰ ਕਿਉਂ ਨਹੀਂ ਇਸ ਪਦਾਰਥਾਂ ਦੇ ਨੀਚ = ਖੋਟੇ ਹਠ ਕੋ = ਦਾ ਸੰਗ = ਸਾਥ ਛੱਡ ਕੇ ਆਪਣੇ ਪਤੀ ਪਰਮਾਤਮਾ ਦੇ ਮਿਲਾਪ ਦੇ ਸੁਹਾਗ = ਆਨੰਦ ਨੂੰ ਪ੍ਰਾਪਤ ਕਰਦੀ ? ਹੁਣ ਤੂੰ ਇਸ ਖੋਟੇ ਹੱਠ ਨੂੰ ਛੱਡ ਕੇ ਪਤੀ ਪਰਮਾਤਮਾ ਨਾਲ ਮਿਲਣਾ ਕਰ।

ਰਜਨੀ ਬਿਹਾਤ ਜਾਤ, ਜੋਬਨ ਸਿੰਗਾਰ ਗਾਤ; ਖੇਲਹੁ ਨ ਪ੍ਰੇਮ ਰਸ ਮੋਹ ਸੁਖ ਬੀਚ ਕੋ ॥

ਹੇ ਜਗਿਆਸੂ ਰੂਪ ਮੱਧਮ ਸਖੀਏ ! ਤੇਰੀ ਉਮਰ ਰੂਪੀ ਰਜਨੀ = ਰਾਤ ਬਿਹਾਤ = ਬਤੀਤ ਹੁੰਦੀ ਜਾਤ = ਜਾ ਰਹੀ ਹੈ, ਜੋਬਨ = ਸ਼ੌਕ ਅਵਸਥਾ ਤੇ ਦਿਖਾਵੇ ਮਾਤਰ ਸਾਧਨਾਂ ਦਾ ਸ਼ਿੰਗਾਰ ਵੀ ਗਾਤ = ਨਾਸ਼ ਹੋ ਰਿਹਾ ਹੈ, ਨਾ ਹੀ ਤੂੰ ਪਤੀ ਪਰਮਾਤਮਾ ਦੀ ਪ੍ਰੇਮਾ-ਭਗਤੀ ਦੇ ਰਸ ਦੀ ਖੇਡ ਖੇਲਹੁ = ਖੇਡਦੀ ਹੈਂ, ਇਸ ਕਰਕੇ ਪਤਾ ਨਹੀਂ ਕਿਹੜੇ ਹੰਕਾਰ ਕੋ = ਦੇ ਸੁਖ ਬੀਚ = ਵਿਚ ਤੂੰ ਮੋਹ = ਮੋਹਿਤ ਹੋਈ ਪਈ ਹੈਂ।

ਅਬ ਕੈ ਨ ਭੇਟੈ ਨਾਥ, ਬਹੁਰਿਓ ਨ ਆਵੈ ਹਾਥ; ਬਿਰਹਾ ਬਿਹਾਵੈ ਬਲਿ ਬਡੋ ਭਾਈ ਮੀਚ ਕੋ ॥੬੬੦॥

ਹੇ ਜਗਿਆਸੂ ਰੂਪ ਮੱਧਮ ਸਖੀਏ ! ਜੇਕਰ ਤੂੰ ਅਬ = ਹੁਣ ਕੈ = ਦੇ ਸਮੇਂ ਵਿਚ ਆਪਣੇ ਨਾਥ = ਮਾਲਕ ਪਤੀ ਵਾਹਿਗੁਰੂ ਨੂੰ ਨਾ ਭੇਟੈ = ਮਿਲੀ ਤਾਂ ਫੇਰ ਬਹੁਰਿਓ = ਮੁੜ ਕੇ ਉਹ ਸਮਾਂ ਤੇਰੇ ਹਾਥ = ਹੱਥ ਨਹੀਂ ਆਉਣਾ, ਭਾਵ ਪਤੀ ਪਰਮਾਤਮਾ ਨਾਲ ਮਿਲਾਪ ਨਹੀਂ ਹੋਣਾ। ਫਿਰ ਤਾਂ ਤੇਰੀ ਉਮਰ ਪਤੀ ਪਰਮਾਤਮਾ ਦੇ ਬਿਰਹਾ = ਵਿਛੋੜੇ ਵਿਚ ਹੀ ਬਿਹਾਵੈ = ਬੀਤ ਜਾਵੇਗੀ ਤੇ ਜੋ ਬਲਿ = ਮਹਾਂਬਲੀ ਮੀਚ = ਮੌਤ ਕੋ = ਦਾ ਬਡੋ = ਵੱਡਾ ਭਾਈ = ਭਰਾ ਵਿਛੋੜਾ ਹੈ, ਜੋ ਮੌਤ ਤੋਂ ਵਧੇਰੇ ਦੁਖਦਾਈ ਹੈ, ਉਸ ਦੇ ਅਧੀਨ ਰਹਿ ਕੇ ਹੀ ਜ਼ਿੰਦਗੀ ਬਤੀਤ ਹੋ ਜਾਵੇਗੀ ਅਤੇ ਦੁੱਖ ਵਿਚ ਝੂਰਦੀ ਰਹੇਂਗੀ, ਤੈਨੂੰ ਪਤੀ ਪਰਮਾਤਮਾ ਦਾ ਮਿਲਾਪ ਨਹੀਂ ਹੋਵੇਗਾ ॥੬੬੦॥

ਜਉ ਲਉ ਦੀਪ ਜੋਤਿ ਹੋਤਿ ਨਾਹਿਨ ਮਲੀਨ ਆਲੀ;
ਜਉ ਲਉ ਨਹਿ ਸਿਹਜਾ ਕੁਸਮ ਕੁਮਲਾਤ ਹੈ ॥

ਹੇ ਆਲੀ = ਮੱਧਮ ਸਖੀ ! ਜਉ ਲਉ = ਜਦੋਂ ਤਕ ਦੀਪ = ਦੀਵੇ ਦੀ ਜੋਤ ਮਲੀਨ = ਮੈਲੀ ਭਾਵ ਮੱਧਮ ਨਾਹਿਨ = ਨਹੀਂ ਹੋਤਿ = ਹੋ ਜਾਂਦੀ ਹੈ, ਜਉ ਲਉ = ਜਦੋਂ ਤਕ ਸਿਹਜਾ ਦੇ ਕੁਸਮ = ਫੁੱਲ ਕੁਮਲਾਤ = ਕੁਮਲਾ ਨਹਿ = ਨਹੀਂ ਜਾਂਦੇ।

ਜਉ ਲਉ ਨ ਕਮਲਨ ਪ੍ਰਫੁਲਤ ਉਡਤ ਅਲਿ;
ਬਿਰਖ ਬਿਹੰਗਮ ਨ ਜਉ ਲਉ ਚੁਹਚੁਹਾਤ ਹੈ ॥

ਜਉ ਲਉ = ਜਦੋਂ ਤਕ ਕਮਲਨ = ਕਮਲ ਫੁੱਲ ਨ = ਨਹੀਂ ਪ੍ਰਫੁਲਤ = ਖਿੜਦੇ ਤੇ ਉਨ੍ਹਾਂ ਫੁੱਲਾਂ ਉੱਤੋਂ

ਅਲਿ = ਭੌਰੇ ਨਹੀਂ ਉਡਤ = ਉੱਡ ਜਾਂਦੇ ਅਤੇ ਜਉ ਲਉ = ਜਦੋਂ ਤਕ ਬਿਰਖ = ਬ੍ਰਿਛਾਂ ਉੱਤੇ ਬਿਹੰਗਮ = ਪੰਛੀ ਚੁਹਚੁਹਾਤ = ਚੁਹ-ਚੁਹ ਭਾਵ ਬੋਲਦੇ ਨ = ਨਹੀਂ।

ਜਉ ਲਉ ਭਾਸਕਰ ਕੋ ਪ੍ਰਕਾਸ ਨ ਅਕਾਸ ਬਿਖੈ;
ਤਮਚੁਰ ਸੰਖ ਨਾਦ ਸਬਦ ਨ ਪ੍ਰਾਤ ਹੈ॥

ਹੇ ਮੱਧਮ ਸਖੀ! ਜਉ ਲਉ = ਜਦੋਂ ਤਕ ਭਾਸਕਰ = ਸੂਰਜ ਕੋ = ਦਾ ਅਕਾਸ਼ ਬਿਖੈ = ਵਿਚ ਪ੍ਰਕਾਸ਼ ਨ = ਨਹੀਂ ਹੁੰਦਾ, ਭਾਵ ਸਵੇਰਾ ਨਹੀਂ ਹੁੰਦਾ, ਜਦੋਂ ਤਕ ਤਮਚੁਰ = ਕੁੱਕੜ ਪ੍ਰਾਤ = ਸਵੇਰ ਹੋ ਜਾਣ ਦੀ ਬਾਂਗ ਤੇ ਸੰਖ[1] ਦੀ ਨਾਦ = ਧੁਨਿ ਦੀ ਸਬਦ = ਆਵਾਜ਼ ਨਹੀਂ ਆਉਂਦੀ।

ਤਉ ਲਉ ਕਾਮ ਕੇਲ ਕਾਮਨਾ ਸਕਲ ਪੂਰਨ ਕੈ;
ਹੋਇ ਨਿਹਕਾਮ ਪ੍ਰਿਯ ਪ੍ਰੇਮ ਨੇਮ ਘਾਤ ਹੈ॥੬੬੧॥

ਹੇ ਮੱਧਮ ਸਖੀ! ਤੂੰ ਤਉ ਲਉ = ਤਦੋਂ ਤਕ ਕਾਮ ਕੇਲ = ਕਾਮ ਕ੍ਰੀੜਾ ਭਾਵ ਭੋਗ ਵਿਲਾਸ ਦੀ ਕਾਮਨਾ (ਇੱਛਾ) ਵਿਚ ਸਕਲ = ਸਾਰਿਆਂ ਕਿਨਾਰਿਆਂ ਤਕ ਪੂਰਨ ਹੋ ਕੈ = ਕੇ ਹੋਰ ਕਾਮਨਾਵਾਂ ਤੋਂ ਨਿਹਕਾਮ = ਕਾਮਨਾ ਰਹਿਤ, ਭਾਵ ਨਿਸ਼ਕਾਮ ਹੋਇ = ਹੋ ਕੇ ਆਪਣੇ ਪ੍ਰਿਯ = ਪਿਆਰੇ ਪਤੀ ਦੇ ਨੇਮ ਵਿਚ ਹੀ ਲੱਗੇ ਰਹਿਣ ਦਾ ਘਾਤ = ਦਾਉ ਕਰਨਾ ਕਰ, ਭਾਵ ਤੂੰ ਆਪਣੇ ਪਿਆਰੇ ਪਤੀ ਨੂੰ ਪ੍ਰੇਮ ਵੱਸ ਕਰ ਲੈ, ਇਹੀ ਤੇਰੇ ਕੋਲ ਸਮਾਂ ਹੈ॥੬੬੧॥

ਅਰਥ ਨੰ: ੨ (ਅੰਤਰੀਵ ਭਾਵ)

ਜਉ ਲਉ ਦੀਪ ਜੋਤਿ ਹੋਤਿ ਨਾਹਿਨ ਮਲੀਨ ਆਲੀ;
ਜਉ ਲਉ ਨਹਿ ਸਿਹਜਾ ਕੁਸਮ ਕੁਮਲਾਤ ਹੈ॥

ਹੇ ਜਗਿਆਸੂ ਰੂਪ ਮੱਧਮ ਆਲੀ = ਸਖੀਏ! ਜਉ ਲਉ = ਜਦੋਂ ਤਕ ਤੇਰੀ ਪ੍ਰਾਲਬਧ ਰੂਪੀ ਦੀਪ = ਦੀਵੇ ਦੀ ਜੋਤ ਮੱਧਮ ਹੋਣ ਰੂਪ ਮਲੀਨ = ਮੈਲੀ ਨਹੀਂ ਹੋਤਿ = ਹੋ ਜਾਂਦੀ ਤੇ ਜਉ ਲਉ = ਜਦੋਂ ਤਕ ਸ਼ੌਕ ਅਵਸਥਾ ਰੂਪੀ ਸੇਜਾ ਦਾ ਉਤਸ਼ਾਹ ਰੂਪੀ ਕੁਸਮ = ਫੁੱਲ ਨਹੀਂ ਕੁਮਲਾਤ = ਕੁਮਲਾ ਜਾਂਦਾ।

ਜਉ ਲਉ ਨ ਕਮਲਨ ਪ੍ਰਫੁਲਤ ਉਡਤ ਅਲਿ;
ਬਿਰਖ ਬਿਹੰਗਮ ਨ ਜਉ ਲਉ ਚੁਹਚੁਹਾਤ ਹੈ॥

ਹੇ ਜਗਿਆਸੂ ਰੂਪ ਮੱਧਮ ਸਖੀਏ! ਜਉ ਲਉ = ਜਦੋਂ ਤਕ ਕਮਲਨ = ਕਮਲ ਫੁੱਲ ਰੂਪੀ ਸਰੀਰ ਦੇ ਉੱਤੋਂ ਪ੍ਰਫੁਲਤ = ਖਿੜੀ ਹੋਈ ਜਵਾਨੀ ਦੇ ਕਾਲੇ ਵਾਲ ਰੂਪ ਅਲਿ = ਭੌਰੇ ਨਹੀਂ ਉਡਤ = ਉੱਡ ਜਾਂਦੇ ਹਨ, ਭਾਵ ਜਦ ਤਕ ਕਾਲਿਆਂ ਤੋਂ ਚਿੱਟੇ ਹੋ ਕੇ ਬੁਢਾਪਾ ਨਹੀਂ ਆ ਜਾਂਦਾ ਹੈ, ਜਉ ਲਉ = ਜਦੋਂ ਤਕ ਸਰੀਰ

---

੧. ਸੰਖ ਇਕ ਜੀਵ ਹੁੰਦਾ ਹੈ, ਜੋ ਸਮੁੰਦਰਾਂ, ਦਰਿਆਵਾਂ ਆਦਿ ਵਿਚ ਹੁੰਦਾ ਹੈ। ਵਿਗਿਆਨ ਅਨੁਸਾਰ ਇਹ ਇਕ ਘੋਗੇ ਨਾਮਕ ਜੀਵ ਹੁੰਦਾ ਹੈ, ਜੋ ਆਪਣੀ ਸੁਰੱਖਿਆ ਦੇ ਲਈ ਇਸ ਨੂੰ ਬਣਾਉਂਦਾ ਹੈ। ਸਨਾਤਨ ਧਰਮ ਵਿਚ ਸਮੁੰਦਰ ਦੇ ਚੌਦਾਂ ਰਤਨਾਂ ਵਿੱਚੋਂ ਛੇਵੇਂ ਰਤਨ ਵਿਚ ਸੰਖ ਦੀ ਉਤਪਤੀ ਮੰਨੀ ਜਾਂਦੀ ਹੈ। ਸੰਖ ਵਿੱਚੋਂ ਮਰੇ ਹੋਏ ਜੀਵ ਨੂੰ ਵਰਮੇ ਦੀ ਸਹਾਇਤਾ ਨਾਲ ਬਾਹਰ ਕੱਢ ਕੇ ਉਸ ਵਿਚ ਛੇਕ ਕਰ ਕੇ ਉਸ ਨੂੰ ਵਜਾਇਆ ਜਾਂਦਾ ਹੈ।

ਰੂਪੀ ਬਿਰਖ = ਬ੍ਰਿਛ ਦੇ ਸ਼ੁਭ ਗੁਣਾਂ ਰੂਪੀ ਬਿਹੰਗਮ = ਪੰਛੀ ਚੁਹਚੁਹਾਤ = ਚੁਹ-ਚੁਹ ਭਾਵ ਆਪਣੇ ਆਪਣੇ ਗੁਣਾਂ ਦਾ ਪ੍ਰਭਾਵ ਪ੍ਰਗਟ ਨਹੀਂ ਕਰਦੇ।

ਜਉ ਲਉ ਭਾਸਕਰ ਕੋ ਪ੍ਰਕਾਸ ਨ ਅਕਾਸ ਬਿਖੈ;
ਤਮਚੁਰ ਸੰਖ ਨਾਦ ਸਬਦ ਨ ਪ੍ਰਾਤ ਹੈ॥

ਹੇ ਜਗਿਆਸੂ ਰੂਪ ਮੱਧਮ ਸਖੀਏ ! ਜਉ ਲਉ = ਜਦੋਂ ਤਕ ਹਿਰਦੇ ਰੂਪੀ ਅਕਾਸ਼ ਬਿਖੈ = ਵਿਚ ਗਿਆਨ ਰੂਪੀ ਭਾਸਕਰ = ਸੂਰਜ ਪ੍ਰਕਾਸ਼ ਨਹੀਂ ਹੋ ਜਾਂਦਾ ਅਤੇ ਜਦੋਂ ਤਕ ਗੁਰੂ ਸਬਦ = ਉਪਦੇਸ਼ ਰੂਪੀ ਧੁਨੀ ਦੁਆਰਾ ਵੈਰਾਗ ਰੂਪੀ ਤਮਚੁਰ = ਕੁੱਕੜ ਤੇ ਬਿਬੇਕ ਰੂਪੀ ਸੰਖ, ਪ੍ਰੋਖ ਗਿਆਨ ਰੂਪੀ ਪ੍ਰਾਤ = ਸਵੇਰਾ ਨਹੀਂ ਹੋ ਜਾਂਦਾ ਹੈ।

ਤਉ ਲਉ ਕਾਮ ਕੇਲ ਕਾਮਨਾ ਸਕਲ ਪੂਰਨ ਕੈ;
ਹੋਇ ਨਿਹਕਾਮ ਪ੍ਰਿਯ ਪ੍ਰੇਮ ਨੇਮ ਘਾਤ ਹੈ॥੬੬੧॥

ਹੇ ਜਗਿਆਸੂ ਰੂਪ ਮੱਧਮ ਸਖੀਏ ! ਤਉ ਲਉ = ਤਦੋਂ ਤਕ ਪ੍ਰਭੂ-ਪ੍ਰਾਪਤੀ ਦੀ ਕਾਮਨਾ = ਇੱਛਾ ਦਾ ਕਾਮ = ਕਾਰਜ ਭਾਵ ਪ੍ਰਭੂ-ਭਗਤੀ ਦਾ ਕੇਲ = ਆਨੰਦ ਸਕਲ = ਹਰ ਪ੍ਰਕਾਰ ਪੂਰਨ = ਸੰਪੂਰਨ ਹੋਇ = ਹੋ ਕੇ ਪ੍ਰਿਯ = ਪਿਆਰੇ ਪਤੀ ਪਰਮਾਤਮਾ ਦੇ ਪ੍ਰੇਮ ਦੇ ਨੇਮ ਵਿਚ ਹੀ ਘਾਤ = ਦਾਉ ਲਾਈ ਰੱਖ, ਭਾਵ ਜਦ ਤਕ ਪਤੀ ਪਰਮਾਤਮਾ ਦਾ ਮਿਲਾਪ ਨਹੀਂ ਹੋ ਜਾਂਦਾ, ਤਦ ਤਕ ਭਗਤੀ ਵਿਚ ਹੀ ਲੱਗੀ ਰਹਿਣਾ ਕਰ॥੬੬੧॥

ਜੋਈ ਮਿਲੈ ਆਪਾ ਖੋਇ, ਸੋਈ ਤਉ ਨਾਯਕਾ ਹੋਇ;
ਮਾਨ ਕੀਏ ਮਾਨਮਤੀ, ਪਾਈਐ ਨ ਮਾਨ ਜੀ॥

ਹੇ ਮੱਧਮ ਸਖੀ ! ਜੋਈ = ਜਿਹੜੀ ਇਸਤਰੀ ਆਪਣਾ ਆਪ ਭਾਵ ਖੋਇ = ਗੁਆ ਕੇ ਆਪਣੇ ਪਤੀ ਨੂੰ ਮਿਲੈ = ਮਿਲਦੀ ਹੈ, ਸੋਈ = ਉਹ ਤਉ = ਤਾਂ ਪਿਆਰੀ ਨਾਯਕਾ = ਇਸਤਰੀ ਹੁੰਦੀ ਹੈ। ਹੇ ਮਾਨਮਤੀ (ਮਾਨ + ਮਤੀ) ਮਾਣ ਕਰਨ ਵਾਲੀਏ ! ਤੂੰ ਮਤੀ = ਅਕਲ ਕਰ, ਮਾਣ ਕੀਏ = ਕੀਤਿਆਂ ਮਾਨ = ਸਤਿਕਾਰਯੋਗ ਪਤੀ ਨ = ਨਹੀਂ ਪਾਈਐ = ਪਾਇਆ ਜਾਂਦਾ, ਭਾਵ ਮਾਣ ਕੀਤਿਆਂ ਸਤਿਕਾਰਯੋਗ ਪਤੀ ਨਹੀਂ ਮਿਲਦਾ ਜੀ।

ਜੈਸੇ ਘਨਹਰ ਬਰਸੈ ਸਰਬਤ੍ਰ ਸਮ;
ਊਚੇ ਨ ਚੜਤ ਜਲ ਬਸਤ ਨੀਚਾਨ ਜੀ॥

ਹੇ ਮੱਧਮ ਸਖੀ ! ਜੈਸੇ = ਜਿਸ ਪ੍ਰਕਾਰ ਘਨਹਰ = ਬੱਦਲ ਸਰਬਤ੍ਰ = ਸਭ ਥਾਵਾਂ 'ਤੇ ਇਕ ਸਮ = ਬਰਾਬਰ, ਭਾਵ ਇੱਕੋ ਜਿਹਾ ਬਰਸੈ = ਵਰਸਦਾ ਹੈ, ਪਰ ਜਲ = ਪਾਣੀ ਊਚੇ = ਉੱਚੇ ਟਿੱਬਿਆਂ ਵੱਲ ਨ = ਨਹੀਂ ਚੜ੍ਹਦਾ, ਨੀਚਾਨ = ਨੀਵੇਂ ਪਾਸੇ ਵੱਲ ਹੀ ਜਾ ਕੇ ਬਸਤ = ਵੱਸਦਾ ਹੈ ਜੀ।

ਚੰਦਨ ਸਮੀਪ ਜੈਸੇ ਬੂਡਿਓ ਹੈ ਬਡਾਈ ਬਾਂਸ;
ਆਸ ਪਾਸ ਬਿਰਖ ਸੁਬਾਸ ਪਰਵਾਨ ਜੀ॥

ਜੈਸੇ = ਜਿਸ ਪ੍ਰਕਾਰ ਚੰਦਨ ਦੇ ਸਮੀਪ = ਨੇੜੇ ਰਹਿੰਦਿਆਂ ਬਾਂਸ ਆਪਣੀ ਬਡਾਈ = ਵਡਿਆਈ ਵਿਚ ਬੂਡਿਓ = ਡੁੱਬਿਆ ਹੋਇਆ ਹੈ ਕਿ ਮੈਂ ਚੰਦਨ ਤੋਂ ਭੀ ਉੱਚਾ ਹਾਂ, ਪਰ ਆਸ ਪਾਸ ਦੇ ਹੋਰ ਸਾਰੇ ਨੀਵੇਂ ਬਿਰਖ = ਬ੍ਰਿਛਾਂ ਨੂੰ ਸੁਬਾਸ = ਸ੍ਰੇਸ਼ਟ (ਸੁੰਦਰ) ਵਾਸ਼ਨਾ ਪ੍ਰਵਾਨ (ਅੰਗੀਕਾਰ) ਹੋ ਜਾਂਦੀ ਹੈ ਭਾਵ ਬਾਂਸ ਨੂੰ ਹੰਕਾਰ

ਕਰਕੇ ਚੰਦਨ ਦੀ ਸੁੰਦਰ ਸੁਗੰਧੀ ਪ੍ਰਾਪਤ ਨਹੀਂ ਹੁੰਦੀ ਤੇ ਹੋਰ ਬਾਕੀ ਬ੍ਰਿਛਾਂ ਨੂੰ ਇਹ ਸੁਗੰਧੀ ਪ੍ਰਾਪਤ ਹੋ ਜਾਂਦੀ ਹੈ ਤੇ ਉਹ ਵੀ ਚੰਦਨ ਵਾਂਗ ਸੁਗੰਧੀ ਵਾਲੇ ਹੋ ਜਾਂਦੇ ਹਨ ਜੀ।

ਕ੍ਰਿਪਾ ਸਿੰਧ ਪ੍ਰਿਯ ਤੀਯ ਹੋਇ ਮਰਜੀਵਾ ਗਤਿ;
ਪਾਵਤ ਪਰਮ ਗਤਿ ਸਰਬ ਨਿਧਾਨ ਜੀ ॥੬੬੨॥

ਹੇ ਮੱਧਮ ਸਖੀ! ਇਸੇ ਤਰ੍ਹਾਂ ਤੂੰ ਕਿਰਪਾ ਦੇ ਸਿੰਧ = ਸਮੁੰਦਰ ਪ੍ਰਿਯ = ਪਿਆਰੇ ਪਤੀ ਦੀ ਮਰਜੀਵਾ ਗਤਿ = ਮਰਜੀਵੜੇ ਵਾਂਗ ਆਪਾ ਭਾਵ ਗੁਆ ਕੇ ਤੀਯ = ਇਸਤਰੀ ਹੋਇ = ਹੋ ਕੇ ਪਰਮ ਗਤਿ = ਉੱਤਮ ਪਦਵੀ ਤੇ ਸਰਬ = ਸਾਰੇ ਸੁਖਾਂ ਰੂਪ ਨਿਧਾਨ = ਖ਼ਜ਼ਾਨੇ ਪਾਵਤ = ਪਾ ਲੈਣਾ ਕਰ ਜੀ ॥੬੬੨॥

ਅਰਥ ਨੰ: ੨ (ਅੰਤਰੀਵ ਭਾਵ)

ਜੋਈ ਮਿਲੈ ਆਪਾ ਖੋਇ, ਸੋਈ ਤਉ ਨਾਯਕਾ ਹੋਇ;
ਮਾਨ ਕੀਏ ਮਾਨਮਤੀ, ਪਾਈਐ ਨ ਮਾਨ ਜੀ ॥

ਹੇ ਜਗਿਆਸੂ ਰੂਪ ਮੱਧਮ ਸਖੀ! ਜੋਈ = ਜਿਹੜੀ ਜਗਿਆਸੂ ਰੂਪ ਇਸਤਰੀ ਆਪਾ-ਭਾਵ ਹੰਕਾਰ ਖੋਇ = ਗੁਆ ਕੇ ਆਪਣੇ ਪਤੀ ਪਰਮਾਤਮਾ ਨੂੰ ਮਿਲੈ = ਮਿਲਦੀ ਹੈ, ਸੋਈ = ਉਹੋ ਤਉ = ਤਾਂ ਪਤੀ ਪਰਮਾਤਮਾ ਦੀ ਪਿਆਰੀ ਜਗਿਆਸੂ ਰੂਪ ਨਾਯਕਾ = ਇਸਤਰੀ ਹੋਇ = ਹੁੰਦੀ ਹੈ, ਇਸ ਕਰਕੇ ਹੇ ਮਾਨਮਤੀ (ਮਾਨ + ਮਤੀ) ਗੁਣਾਂ ਦਾ ਮਾਨ = ਹੰਕਾਰ ਕਰਨ ਵਾਲੀਏ! ਤੂੰ ਮਤੀ = ਗੁਰਾਂ ਦੀ ਸਿੱਖਿਆ ਧਾਰਨ ਕਰ, ਕਿਉਂਕਿ ਮਾਨ = ਹੰਕਾਰ ਕੀਏ = ਕੀਤਿਆਂ ਮਾਨ = ਸਤਿਕਾਰਯੋਗ ਪਤੀ ਪਰਮਾਤਮਾ ਨ = ਨਹੀਂ ਪਾਈਐ = ਪਾਇਆ ਜਾਂਦਾ, ਭਾਵ ਹੰਕਾਰ ਕਰਨ ਨਾਲ ਸਤਿਕਾਰਯੋਗ ਪਤੀ ਪਰਮਾਤਮਾ ਨਹੀਂ ਪਾਇਆ ਜਾਂਦਾ ਜੀ।

ਜੈਸੇ ਘਨਹਰ ਬਰਸੈ ਸਰਬਤ੍ਰ ਸਮ; ਊਚੇ ਨ ਚੜਤ ਜਲ ਬਸਤ ਨੀਚਾਨ ਜੀ ॥

ਹੇ ਜਗਿਆਸੂ ਰੂਪ ਮੱਧਮ ਸਖੀ! ਜੈਸੇ = ਜਿਸ ਪ੍ਰਕਾਰ ਘਨਹਰ = ਬੱਦਲ ਸਰਬਤ੍ਰ = ਸਭ ਥਾਵਾਂ 'ਤੇ ਸਮ = ਇਕ ਸਮਾਨ ਬਰਸੈ = ਬਰਸਦਾ ਹੈ, ਇਸੇ ਤਰ੍ਹਾਂ ਗੁਰੂ ਰੂਪ ਘਨਹਰ = ਬੱਦਲ ਦਾ ਉਪਦੇਸ਼ ਰੂਪ ਮੀਂਹ ਸਰਬਤਰ = ਸਭ ਥਾਵਾਂ 'ਤੇ ਸਮ = ਇਕ ਸਮਾਨ ਬਰਸੈ = ਬਰਸਦਾ ਹੈ, ਪਰ ਜੋ ਊਚੇ = ਹੰਕਾਰ ਵਿਚ ਰੱਤੀਆਂ ਜਗਿਆਸੂ ਰੂਪ ਮੱਧਮ ਇਸਤਰੀਆਂ ਹਨ, ਉਨ੍ਹਾਂ ਦੇ ਹਿਰਦੇ ਰੂਪੀ ਟਿੱਬਿਆਂ ਉੱਤੇ ਗੁਰੂ ਉਪਦੇਸ਼ ਰੂਪੀ ਜਲ = ਪਾਣੀ ਨ = ਨਹੀਂ ਚੜਤ = ਚੜ੍ਹਦਾ, ਭਾਵ ਹੰਕਾਰ ਵਿਚ ਹੋਣ ਕਰਕੇ ਉਨ੍ਹਾਂ ਦੇ ਹਿਰਦੇ ਵਿਚ ਗੁਰਾਂ ਦਾ ਉਪਦੇਸ਼ ਵੱਸਦਾ ਨਹੀਂ ਹੈ ਤੇ ਜੋ ਨੀਚਾਨ = ਨਿਮਰਤਾ ਵਾਲੀਆਂ ਜਗਿਆਸੂ ਰੂਪ ਇਸਤਰੀਆਂ ਹਨ, ਉਨ੍ਹਾਂ ਦੇ ਹਿਰਦੇ ਅੰਦਰ ਗੁਰ-ਉਪਦੇਸ਼ ਬਸਤ = ਵੱਸਦਾ ਹੈ ਜੀ **ਵਾ:** ਜਿਵੇਂ ਨੀਵੇਂ ਪਾਸੇ ਵੱਲ ਪਾਣੀ ਵਗਦਾ ਹੈ, ਇਸੇ ਤਰ੍ਹਾਂ ਉਨ੍ਹਾਂ ਦੇ ਹਿਰਦੇ ਨੀਵੇਂ ਪਾਸੇ ਵਾਂਗ ਨਿਮਰਤਾ ਭਰਪੂਰ ਹਨ, ਇਸ ਕਰਕੇ ਗੁਰੂ ਉਪਦੇਸ਼ ਰੂਪ ਜਲ ਉਨ੍ਹਾਂ ਦੇ ਹਿਰਦੇ ਅੰਦਰ ਵੱਸ ਜਾਂਦਾ ਹੈ ਜੀ।

ਚੰਦਨ ਸਮੀਪ ਜੈਸੇ ਬੂਡਿਓ ਹੈ ਬਡਾਈ ਬਾਂਸ; ਆਸ ਪਾਸ ਬਿਰਖ ਸੁਬਾਸ ਪਰਵਾਨ ਜੀ ॥

ਹੇ ਜਗਿਆਸੂ ਰੂਪ ਮੱਧਮ ਸਖੀ! ਜੈਸੇ = ਜਿਸ ਪ੍ਰਕਾਰ ਚੰਦਨ ਦੇ ਸਮੀਪ = ਨੇੜੇ ਰਹਿੰਦਿਆਂ ਬਾਂਸ ਆਪਣੀ ਬਡਾਈ = ਵਡਿਆਈ ਵਿਚ ਬੂਡਿਓ = ਡੁੱਬਿਆ ਰਹਿੰਦਾ ਹੈ ਕਿ ਮੈਂ ਚੰਦਨ ਤੋਂ ਭੀ ਉੱਚਾ ਹਾਂ, ਇਸੇ ਤਰ੍ਹਾਂ ਗੁਰੂ ਰੂਪ ਚੰਦਨ ਦੇ ਸਮੀਪ = ਨੇੜੇ ਰਹਿੰਦਿਆਂ ਬਾਂਸ ਦੀ ਨਿਆਈਂ ਹੰਕਾਰੀ ਜਗਿਆਸੂ ਰੂਪ ਮੱਧਮ ਇਸਤਰੀਆਂ

ਆਪਣੀ ਬਡਾਈ = ਵਡਿਆਈ ਵਿਚ ਬੂਡਿਓ = ਡੁੱਬੀਆਂ ਰਹਿੰਦੀਆਂ ਹਨ ਕਿ ਅਸੀਂ ਗੁਰੂ ਰੂਪ ਚੰਦਨ ਤੋਂ ਉੱਚੀਆਂ ਹਾਂ ਤੇ ਹੰਕਾਰ ਕਾਰਨ ਕਹਿੰਦੀਆਂ ਹਨ ਕਿ ਅਖੇ ਗੁਰੂ ਸਾਡੇ ਕਰਕੇ ਹੀ ਹੈ (ਜਿਵੇਂ ਸੱਤਾ ਤੇ ਬਲਵੰਡਾ **ਵਾ:** ਮਸੰਦ ਕਹਿੰਦੇ ਸਨ ਕਿ ਗੁਰੂ ਸਾਡਾ ਹੀ ਬਣਾਇਆ ਹੋਇਆ ਹੈ) ਨਹੀਂ ਇਨ੍ਹਾਂ ਨੂੰ ਗੁਰੂ ਕਿਸ ਨੇ ਕਹਿਣਾ ਹੈ, ਪਰ ਨਹੀਂ, ਉਹ ਅਗਿਆਨ ਕਾਰਨ ਹੰਕਾਰ ਵਿਚ ਮਸਤ ਹਨ, ਬਾਂਸ ਵਾਂਗ ਆਪਣੀ ਵਡਿਆਈ ਵਿਚ ਡੁੱਬੀਆਂ ਹੋਈਆਂ ਹਨ, ਭਾਵ ਅਗਿਆਨ ਦੇ ਕਾਰਨ ਗ਼ਾਫ਼ਲਤਾਈ ਵਿਚ ਹਨ। ਇਸ ਤੋਂ ਉਲਟ ਜੋ ਆਸ-ਪਾਸ ਭਾਵ ਨੀਵੇਂ ਬਿਰਖ = ਬ੍ਰਿਛਾਂ ਵਾਂਗ ਨਿਮਰਤਾ ਵਾਲੀਆਂ ਜਗਿਆਸੂ ਰੂਪ ਇਸਤਰੀਆਂ ਨੂੰ ਗੁਰਾਂ ਦੀ ਉਪਦੇਸ਼ ਰੂਪੀ ਸੁਬਾਸ = ਸ੍ਰੇਸ਼ਟ ਵਾਸ਼ਨਾ ਪਰਵਾਨ = ਅੰਗੀਕਾਰ ਭਾਵ ਪ੍ਰਾਪਤ ਹੋ ਜਾਂਦੀ ਹੈ ਜੀ, ਭਾਵ ਹੰਕਾਰ ਵਾਲੀਆਂ ਨੂੰ ਉਪਦੇਸ਼ ਰੂਪੀ ਸੁਗੰਧੀ ਪ੍ਰਾਪਤ ਨਹੀਂ ਹੁੰਦੀ ਤੇ ਹੋਰ ਜੋ ਨਿਮਰਤਾ ਵਾਲੀਆਂ ਜਗਿਆਸੂ ਰੂਪ ਇਸਤਰੀਆਂ ਹਨ, ਉਨ੍ਹਾਂ ਨੂੰ ਗੁਰਾਂ ਦੀ ਉਪਦੇਸ਼ **ਵਾ:** ਭਗਤੀ ਰੂਪੀ ਸੁਗੰਧੀ ਪ੍ਰਾਪਤ ਹੋ ਜਾਂਦੀ ਹੈ।

ਕ੍ਰਿਪਾ ਸਿੰਧ ਪ੍ਰਿਯ ਤੀਯ ਹੋਇ ਮਰਜੀਵਾ ਗਤਿ; ਪਾਵਤ ਪਰਮ ਗਤਿ ਸਰਬ ਨਿਧਾਨ ਜੀ ॥੬੬੨॥

ਹੇ ਜਗਿਆਸੂ ਮੱਧਮ ਸਖੀ! ਇਸੇ ਤਰ੍ਹਾਂ ਤੂੰ ਕ੍ਰਿਪਾ = ਕਿਰਪਾ ਦੇ ਸਿੰਧ = ਸਮੁੰਦਰ ਪ੍ਰਿਯ = ਪਿਆਰੇ ਪਤੀ ਵਾਹਿਗੁਰੂ ਦੀ ਜਗਿਆਸੂ ਰੂਪ ਤੀਯ = ਇਸਤਰੀ ਹੋਇ = ਹੋਣ ਲਈ ਮਰਜੀਵਾ ਗਤਿ = ਮਰਜੀਵੜੇ ਵਾਂਗ ਭਾਵ ਆਪਾ ਗਵਾਉਣਾ **ਵਾ:** ਮੇਟਣਾ ਕਰ, ਤਦੋਂ ਹੀ ਤੂੰ ਸਰਬ = ਸਾਰੇ ਨਿਧਾਨ = ਖ਼ਜ਼ਾਨਿਆਂ ਦਾ ਮਾਲਕ ਪਤੀ ਪਰਮਾਤਮਾ **ਵਾ:** ਪਰਮਾਤਮਾ ਦਾ ਨਾਮ ਪ੍ਰਾਪਤ ਕਰ ਕੇ ਪਰਮ ਗਤਿ = ਵੱਡੀ ਪਦਵੀ ਭਾਵ ਕੈਵਲ ਮੋਖ ਨੂੰ ਪਾਵਤ = ਪਾਵੇਂਗੀ ਜੀ ॥੬੬੨॥

ਹੁਣ ਮੱਧਮ ਸਖੀ ਉੱਤਮ ਸਖੀ ਨੂੰ ਕਹਿੰਦੀ ਹੈ ਕਿ :

ਸਿਹਜਾ ਸਮੈ ਅਗਿਆਨ ਮਾਨ ਕੈ ਰਸਾਏ ਨਾਹਿ;
ਤਨਕ ਹੀ ਮੈ ਰਿਸਾਇ ਉਤ ਕੋ ਸਿਧਾਰੇ ਹੈਂ ॥

ਹੇ ਉੱਤਮ ਸਖੀ! ਮੈਂ ਅਗਿਆਨ ਤੇ ਮਾਨ = ਹੰਕਾਰ ਕਰ ਕੈ = ਕੇ ਸਿਹਜਾ ਉੱਤੇ ਸੰਜੋਗ ਸਮੈ = ਵੇਲੇ ਪਿਆਰੇ ਪਤੀ ਜੀ ਰਸਾਏ = ਪ੍ਰਸੰਨ ਨਾਹਿ = ਨਾ ਕੀਤੇ ਤੇ ਜੋ ਤਨਕ = ਥੋੜ੍ਹੇ ਮਾਤਰ ਸਮੇਂ ਮੈ = ਵਿਚ ਹੀ ਉਹ ਰਿਸਾਇ = ਰੁੱਸੇ ਹੋ ਕੇ ਉਤ = ਉਧਰ ਕੋ = ਨੂੰ ਸਿਧਾਰੇ = ਚਲੇ ਗਏ ਹੈ = ਹਨ।

ਪਾਛੈ ਪਛੁਤਾਇ ਹਾਇ ਹਾਇ ਕਰਿ ਕਰ ਮੀਜਿ;
ਮੂੰਡ ਧੁਨਿ ਧੁਨਿ ਕੋਟਿ ਜਨਮ ਧਿਕਾਰੇ ਹੈਂ ॥

ਤੇ ਹੁਣ ਪਾਛੈ = ਪਿੱਛੋਂ ਪਛੁਤਾਇ = ਪਸ਼ਚਾਤਾਪ ਕਰ ਕੇ ਹਾਇ ਹਾਇ = ਹਾਹਾਕਾਰ ਕਰਦੀ ਹੋਈ ਕਰ = ਹੱਥ ਮੀਜਿ = ਮਲ ਰਹੀ ਹਾਂ ਤੇ ਮੂੰਡ = ਸਿਰ ਨੂੰ ਧੁਨ ਧੁਨ ਕੇ ਆਪਣੇ ਕੋਟਿ = ਕਰੋੜਾਂ ਜਨਮਾਂ ਨੂੰ ਧਿਕਾਰੇ = ਧ੍ਰਿਕਾਰ ਰਹੀ ਹਾਂ (ਸੌ ਵਾਰੀ 'ਫਿਟਕਾਰ' ਸ਼ਬਦ ਕਹੀਏ ਤਾਂ ਇਕ 'ਲਾਹਨਤ' ਬਣਦੀ ਹੈ ਅਤੇ ਸੌ ਵਾਰੀ 'ਲਾਹਨਤ' ਸ਼ਬਦ ਕਹਿਣ ਤੋਂ ਇਕ 'ਧ੍ਰਿਗ' ਬਣਦਾ ਹੈ)। ਅਤੇ :

ਅਉਸਰ ਨ ਪਾਵੋਂ, ਬਿਲਲਾਉ ਦੀਨ ਦੁਖਤ ਹੁਇ;
ਬਿਰਹ ਬਿਯੋਗ ਸੋਗ ਆਤਮ ਸੰਘਾਰੇ ਹੈਂ ॥

ਹੇ ਉੱਤਮ ਸਖੀ! ਹੁਣ ਉਹ ਅਉਸਰ = ਸਮਾਂ ਮੇਰੇ ਕੋਲੋਂ ਪਾਵੋਂ = ਪਾਇਆ ਨ = ਨਹੀਂ ਜਾਂਦਾ, ਭਾਵ

ਪਤੀ ਨੂੰ ਮਿਲਣ ਦਾ ਸਮਾਂ ਮੇਰੇ ਹੱਥ ਨਹੀਂ ਆਉਂਦਾ ਤੇ ਦੀਨ ਦੁਖਤ = ਦੁਖੀ ਹੋਇ = ਹੋ ਕੇ ਬਿਲਲਾਉ = ਵਿਰਲਾਪ ਕਰਦੀ ਹਾਂ ਅਤੇ ਪਤੀ ਦੇ ਬਿਰਹ ਤੇ ਬਿਯੋਗ = ਵਿਛੋੜੇ ਦੇ ਸੋਗ = ਗ਼ਮ ਵਿਚ ਮੇਰਾ ਆਤਮ = ਆਪਣਾ ਆਪ ਆਪਣੇ ਆਪ ਨੂੰ ਸੰਘਾਰੇ = ਮਾਰ ਰਿਹਾ ਹੈ।

ਪਰਉਪਕਾਰ ਕੀਜੈ, ਲਾਲਨ ਮਨਾਇ ਦੀਜੈ;
ਤੋ ਪਰ ਅਨੰਤ ਸਰਬੰਸ ਬਲਿਹਾਰੇ ਹੈਂ ॥੬੬੩॥

ਹੇ ਉੱਤਮ ਸਖੀ ! ਤੂੰ ਮੇਰੇ 'ਤੇ ਪਰਉਪਕਾਰ ਕੀਜੈ = ਕਰ, ਮੈਨੂੰ ਮੇਰਾ ਪਿਆਰਾ ਪਤੀ ਮਨਾਇ = ਮਨਾ ਕੇ ਦੀਜੈ = ਦੇਣਾ ਕਰ, ਭਾਵ ਤੂੰ ਮੇਰੇ ਪਤੀ ਨਾਲ ਮੇਰਾ ਮਿਲਾਪ ਕਰਾ ਦੇਣਾ ਕਰ, ਫਿਰ ਮੈਂ ਤੋ = ਤੇਰੇ ਪਰ = ਉੱਤੋਂ ਅਨੰਤ = ਅਣਗਿਣਤ ਸਰਬੰਸ ਭਾਵ ਸਾਰਾ ਧਨ ਪਦਾਰਥ, ਸਾਰੀ ਵਿਭੂਤੀ ਬਲਿਹਾਰੇ = ਕੁਰਬਾਨ ਕਰ ਦੇਂਦੀ ਹਾਂ ॥੬੬੩॥

ਅਰਥ ਨੰ: ੨ (ਅੰਤਰੀਵ ਭਾਵ)

ਹੁਣ ਜਗਿਆਸੂ ਰੂਪ ਮੱਧਮ ਸਖੀ ਸੰਤ ਰੂਪ ਉੱਤਮ ਸਖੀ ਨੂੰ ਆਖਦੀ ਹੈ ਕਿ :

ਸਿਹਜਾ ਸਮੈ ਅਗਿਆਨ ਮਾਨ ਕੈ ਰਸਾਏ ਨਾਹਿ; ਤਨਕ ਹੀ ਮੈ ਰਿਸਾਇ ਉਤ ਕੋ ਸਿਧਾਰੇ ਹੈਂ ॥

ਹੇ ਸੰਤ ਰੂਪ ਉੱਤਮ ਸਖੀ ! ਮੈਂ ਅਗਿਆਨ ਦੇ ਕਾਰਨ ਮਾਨ = ਹੰਕਾਰ ਕੈ = ਕਰਕੇ ਅੰਤਸ਼ਕਰਣ ਦੀ ਸੇਜਾ 'ਤੇ ਪਤੀ ਚੇਤਨ ਦੇ ਮਿਲਾਪ ਸਮੈ = ਸਮੇਂ ਗਿਆਨ ਦੁਆਰਾ ਰਸਾਏ = ਰਸ ਨਾਹਿ = ਨਹੀਂ ਲਿਆ ਭਾਵ ਪਤੀ ਪਰਮਾਤਮਾ ਨੂੰ ਪ੍ਰਸੰਨ ਨਹੀਂ ਕੀਤਾ, ਤਨਕ = ਥੋੜ੍ਹੇ ਮਾਤਰ ਮੈ = ਵਿਚ ਹੀ ਸਾਧਿਯਾਤਤਾ ਦੀ ਝਲਕ ਦਿਖਾ ਕੇ ਅਲੋਪ ਹੋਣ ਰੂਪ ਰਿਸਾਏ = ਰੁੱਸ ਕੇ ਉਤ ਕੋ, ਭਾਵ ਗਿਆਨਵਾਨਾਂ ਦੇ ਹਿਰਦਿਆਂ ਵਿਚ ਸਾਖਸ਼ਾਤ ਹੋਣ ਰੂਪ ਸਿਧਾਰੇ = ਸਿਧਾਰ ਭਾਵ ਚਲੇ ਗਏ ਹੈਂ = ਹਨ।

ਪਾਛੈ ਪਛੁਤਾਇ ਹਾਇ ਹਾਇ ਕਰਿ ਕਰ ਮੀਜਿ; ਮੂੰਡ ਧੁਨਿ ਧੁਨਿ ਕੋਟਿ ਜਨਮ ਧਿਕਾਰੇ ਹੈਂ ॥

ਹੇ ਸੰਤ ਰੂਪ ਉੱਤਮ ਸਖੀ ! ਹੁਣ ਮੈਂ ਪਾਛੈ = ਪਿੱਛੋਂ ਪਛੁਤਾਇ = ਪਸ਼ਚਾਤਾਪ ਕਰ ਕੇ ਹਾਇ ਹਾਇ = ਹਾਹਾਕਾਰ ਕਰਦੀ ਹੋਈ ਵਿਛੋੜਾ ਹੋਣ ਰੂਪ ਕਰ = ਹੱਥ ਮੀਜਿ = ਮਲ ਰਹੀ ਹਾਂ ਅਤੇ ਮਨ ਰੂਪੀ ਮੂੰਡ = ਸਿਰ ਨੂੰ ਧੁਨਿ ਧੁਨਿ ਭਾਵ ਪਛਤਾ ਪਛਤਾ ਕੇ ਆਪਣੇ ਕੋਟਿ = ਕਰੋੜਾਂ ਜਨਮਾਂ ਨੂੰ ਧਿਕਾਰੇ = ਧ੍ਰਿਕਾਰ ਰਹੀ ਹੈਂ = ਹਾਂ।

ਅਉਸਰ ਨ ਪਾਵੋਂ, ਬਿਲਲਾਉ ਦੀਨ ਦੁਖਤ ਹੁਇ; ਬਿਰਹ ਬਿਯੋਗ ਸੋਗ ਆਤਮ ਸੰਘਾਰੇ ਹੈਂ ॥

ਹੇ ਸੰਤ ਰੂਪ ਉੱਤਮ ਸਖੀ ! ਹੁਣ ਮੈਂ ਮੁੜ ਕੇ ਪ੍ਰਭੂ ਪ੍ਰਾਪਤੀ ਲਈ ਮਨੁੱਖਾ ਸਰੀਰ ਰੂਪੀ ਅਉਸਰ = ਸਮਾਂ ਨ = ਨਹੀਂ ਪਾਵੋਂ = ਪਾਵਾਂਗੀ, ਦੀਨ = ਯਤੀਮ ਹੋ ਕੇ ਦੁਖਤ = ਦੁਖੀ ਹੁੰਦੀ ਹੁਇ = ਹੋਈ ਬਿਲਲਾਉ = ਵਿਰਲਾਪ ਕਰ ਰਹੀ ਹਾਂ ਤੇ ਪਤੀ ਪਰਮਾਤਮਾ ਦੇ ਬਿਰਹ ਤੇ ਬਿਯੋਗ = ਵਿਛੋੜੇ ਦੇ ਸੋਗ = ਗ਼ਮ ਵਿਚ ਮੈਨੂੰ ਆਤਮ = ਆਪਣਾ ਆਪ ਸੰਘਾਰੇ = ਮਾਰ ਰਿਹਾ ਹੈ।

ਪਰਉਪਕਾਰ ਕੀਜੈ, ਲਾਲਨ ਮਨਾਇ ਦੀਜੈ; ਤੋ ਪਰ ਅਨੰਤ ਸਰਬੰਸ ਬਲਿਹਾਰੇ ਹੈਂ ॥੬੬੩॥

ਹੇ ਸੰਤ ਰੂਪ ਉੱਤਮ ਸਖੀ ! ਹੁਣ ਤੂੰ ਮੇਰੇ ਉੱਪਰ ਪਰਉਪਕਾਰ ਕੀਜੈ = ਕਰਨਾ ਕਰ, ਭਾਵ ਮੇਰਾ ਭਲਾ ਕਰ ਕਿ ਮੈਨੂੰ ਮੇਰਾ ਲਾਲਨ = ਪਿਆਰਾ ਪਤੀ ਪਰਮਾਤਮਾ ਸਾਖਸ਼ਾਤ ਹੋਣ ਰੂਪ ਮਨਾਇ = ਮਨਾ ਕੇ

ਦੀਜੈ = ਦੇਣਾ ਕਰ, ਫਿਰ ਮੈਂ ਪ੍ਰਭੂ ਪ੍ਰਾਪਤੀ ਦੇ ਬਦਲੇ ਤੇਰੇ ਪਰ = ਉੱਪਰੋਂ ਅਨੰਤ = ਹਰ ਪ੍ਰਕਾਰ ਕਰਕੇ ਸਰਬੰਸ = ਸਾਰਾ ਕੁਝ ਭਾਵ ਤਨ, ਮਨ, ਧਨ ਬਲਿਹਾਰੇ = ਕੁਰਬਾਨ ਕਰ ਦੇਂਦੀ ਹੈਂ = ਹਾਂ ॥੬੬੩॥

ਪ੍ਰੇਮ ਰਸੁ ਅਉਸਰ ਅਗਿਆਨ ਮੈ ਨ ਆਗਿਆ ਮਾਨੀ;
ਮਾਨ ਕੈ ਮਾਨਨ ਅਪਨੋ ਈ ਮਾਨ ਖੋਇਓ ਹੈ ॥

ਹੇ ਉੱਤਮ ਸਖੀ ! ਪਿਆਰੇ ਪਤੀ ਦੇ ਨਾਲ ਪ੍ਰੇਮ ਰਸ ਕਰਨ ਦੇ ਅਉਸਰ = ਸਮੇਂ ਮੈਂ ਅਗਿਆਨ ਵੱਸ ਹੋਈ ਨੇ ਤੇਰੀ ਆਗਿਆ ਨ = ਨਹੀਂ ਮਾਨੀ = ਮੰਨੀ, ਮੈਂ ਮਾਨਨ = ਹੰਕਾਰ ਵਾਲੀ ਨੇ ਮਾਣ ਕੈ = ਕਰਕੇ ਅਪਨੋ = ਆਪਣਾ ਈ = ਹੀ ਮਾਨ ਖੋਇਓ = ਗੁਆ ਲਿਆ ਹੈ, ਭਾਵ ਮੈਂ ਹੰਕਾਰ ਵਿਚ ਆਪਣਾ ਪਿਆਰਾ ਪਤੀ ਗੁਆ ਲਿਆ ਹੈ।

ਤਾਂ ਤੇ ਰਿਸ ਮਾਨ ਪ੍ਰਾਨ-ਨਾਥ ਹੂੰ ਜੁ ਮਾਨੀ ਭਏ;
ਮਾਨਤ ਨ ਮੇਰੇ ਮਾਨ, ਆਨਿ ਦੁਖ ਰੋਇਓ ਹੈ ॥

ਹੇ ਉੱਤਮ ਸਖੀ ! ਜੁ = ਜੋ ਮੈਂ ਪਿਆਰੇ ਪਤੀ ਨਾਲ ਪ੍ਰੇਮ ਰਸ ਕਰਨ ਵਾਲੀ ਤੇਰੀ ਗੱਲ ਨਹੀਂ ਸੀ ਮੰਨੀ ਤਾਂ ਤੇ = ਉਸ ਗੱਲ ਤੋਂ ਪ੍ਰਾਣਾਂ ਦੇ ਨਾਥ = ਮਾਲਕ ਪਤੀ ਜੀ ਮਾਨ ਵਿਚ ਰਿਸ = ਗ਼ੁੱਸੇ ਹੂੰ = ਹੋ ਕੇ ਮਾਨੀ = ਮਾਨ ਧਾਰੀ ਭਏ = ਹੋ ਗਏ ਹਨ, ਹੁਣ ਉਹ ਮੇਰੇ ਮਾਨਤ = ਮਨਾਇਆਂ ਮਾਨ = ਮੰਨਦੇ ਨ = ਨਹੀਂ, ਇਸ ਕਰਕੇ ਤਦ ਹੀ ਮੈਂ ਤੇਰੇ ਕੋਲ ਆਨਿ = ਆ ਕੇ ਆਪਣਾ ਦੁੱਖ ਰੋਇਓ = ਰੋਇਆ ਹੈ ਕਿ ਉਹ ਮੇਰੇ ਮਨਾਇਆਂ ਮੰਨਦੇ ਨਹੀਂ, ਹੁਣ ਤੂੰ ਹੀ ਮੇਰਾ ਮਿਲਾਪ ਕਰਾ।

ਲੋਕ ਬੇਦ ਗਿਆਨ ਦਤ ਭੁਗਤ ਪ੍ਰਧਾਨ;
ਤਾਂ ਤੇ ਲੁਨਤ ਸਹਸ ਗੁਨੋ ਜੈਸੇ ਬੀਜ ਬੋਇਓ ਹੈ ॥

ਲੋਕ ਗਿਆਨ ਤੇ ਵੇਦਾਂ ਦਾ ਗਿਆਨ ਇਹ ਹੀ ਕਹਿੰਦਾ ਹੈ ਕਿ ਦਤ = ਦਿੱਤਾ ਹੋਇਆ ਦਾਨ ਬਹੁਤਾ ਜ਼ਿਆਦਾ ਕਰਕੇ ਭੁਗਤ = ਭੋਗੀਦਾ ਹੈ, ਹੇ ਪ੍ਰਧਾਨ = ਉੱਤਮ ਸਖੀ ! ਤਾਂ ਤੇ = ਇਸ ਕਰਕੇ ਮੈਂ ਜੈਸੇ = ਜਿਹੋ ਜਿਹਾ ਬੀਜ ਬੋਇਓ = ਬੀਜਿਆ ਸੀ, ਉਸ ਤੋਂ ਸਹਸ = ਹਜ਼ਾਰ ਗੁਨੋ = ਗੁਣਾਂ ਵੱਧ ਲੁਨਤ = ਵੱਢ ਰਹੀ ਹਾਂ, ਭਾਵ ਜੋ ਮੈਂ ਪਿਆਰੇ ਪਤੀ ਨੂੰ ਮਿਲਣ ਦੀ ਤੇਰੀ ਗੱਲ ਨਹੀਂ ਸੀ ਮੰਨੀ, ਉਹ ਹੁਣ ਮੈਂ ਦੁੱਖ ਰੂਪ ਵਿਚ ਵੱਢ ਰਹੀ ਹਾਂ।

ਦਾਸਨ ਦਾਸਾਨ ਗਤਿ ਬੇਨਤੀ ਕੈ ਪਾਇ ਲਾਗਉ;
ਹੈ ਕੋਊ ਮਨਾਇ ਦੈ ਸਗਲ ਜਗ ਜੋਇਓ ਹੈ ॥੬੬੪॥

ਹੇ ਉੱਤਮ ਸਖੀ ! ਉਨ੍ਹਾਂ ਦੇ ਦਾਸਨ = ਦਾਸਾਂ ਦੇ ਦਾਸਾਨ = ਦਾਸਾਂ ਪਾਸ ਗਤਿ = ਗਮਨ ਭਾਵ ਜਾ ਕੇ ਬੇਨਤੀ = ਅਰਜ਼ੋਈ ਕਰ ਕੈ = ਕੇ ਪਾਇ = ਪੈਰੀਂ ਲਾਗਉ = ਲੱਗ ਭਾਵ ਪੈ ਰਹੀ ਹਾਂ। ਹੈ ਕੋਊ = ਕੋਈ ਐਸਾ ਜੋ ਮੇਰੇ ਪਿਆਰੇ ਪਤੀ ਨੂੰ ਮਨਾਇ = ਮਨਾ ਦੈ = ਦੇਵੇ ? ਮੈਂ ਤਾਂ ਸਗਲ = ਸਾਰਾ ਜਗ = ਸੰਸਾਰ ਜੋਇਓ = ਢੂੰਡ ਕੇ ਥੱਕ ਗਈ ਹਾਂ ਭਾਵ ਉਸ ਵੇਲੇ ਮੈਂ ਤੇਰੀ ਗੱਲ ਨਹੀਂ ਮੰਨੀ, ਹੁਣ ਮੈਂ ਪਿਆਰੇ ਪਤੀ ਨੂੰ ਮਿਲਣ ਵਾਸਤੇ ਥਾਂ ਥਾਂ 'ਤੇ ਜਾ ਕੇ ਬੇਨਤੀਆਂ ਕਰਦੀ ਹਾਂ ਕਿ ਕੋਈ ਮੇਰੇ ਪਤੀ ਨੂੰ ਮਨਾ ਦੇਵੋ, ਇਸ ਤਰ੍ਹਾਂ ਮੈਂ ਧੱਕੇ ਖਾਂਦੀ ਥੱਕ ਗਈ ਹਾਂ ॥੬੬੪॥

ਅਰਥ ਨੰ: ੨ (ਅੰਤਰੀਵ ਭਾਵ)

ਪ੍ਰੇਮ ਰਸ ਅਉਸਰ ਅਗਿਆਨ ਮੈ ਨ ਆਗਿਆ ਮਾਨੀ;
ਮਾਨ ਕੈ ਮਾਨਨ ਅਪਨੋ ਈ ਮਾਨ ਖੋਇਓ ਹੈ॥

ਹੇ ਸੰਤ ਰੂਪ ਉੱਤਮ ਸਖੀ! ਮੈਂ ਪਿਆਰੇ ਪਤੀ ਪਰਮਾਤਮਾ ਦੇ ਨਾਲ ਪ੍ਰੇਮ ਰਸ ਕਰਨ ਦੇ ਅਉਸਰ = ਸਮੇਂ ਅਗਿਆਨ ਵੱਸ ਹੋਈ ਨੇ ਤੇਰੀ ਆਗਿਆ ਨਹੀਂ ਮਾਨੀ = ਮੰਨੀ, ਮੈਂ ਗੁਣਾਂ ਦੇ ਮਾਨਨ = ਹੰਕਾਰ ਵਾਲੀ ਨੇ ਮਾਨ = ਹੰਕਾਰ ਕੈ = ਕਰਕੇ ਅਪਨੋ = ਆਪਣਾ ਈ = ਹੀ ਮਾਨ ਭਾਵ ਪਤੀ ਪਰਮਾਤਮਾ ਖੋਇਓ = ਗੁਆ ਲਿਆ ਹੈ, ਭਾਵ ਪਤੀ ਪਰਮਾਤਮਾ ਨਾਲ ਵਿਛੋੜਾ ਪਾ ਲਿਆ ਹੈ।

ਤਾਂ ਤੇ ਰਿਸ ਮਾਨ ਪ੍ਰਾਨ-ਨਾਥ ਹੂੰ ਜੁ ਮਾਨੀ ਭਏ;
ਮਾਨਤ ਨ ਮੇਰੇ ਮਾਨ, ਆਨਿ ਦੁਖ ਰੋਇਓ ਹੈ॥

ਹੇ ਸੰਤ ਰੂਪ ਉੱਤਮ ਸਖੀ! ਜੁ = ਜੋ ਮੈਂ ਮਾਨ = ਹੰਕਾਰ ਵਿਚ ਪਿਆਰੇ ਪਤੀ ਪਰਮਾਤਮਾ ਨਾਲ ਪ੍ਰੇਮ ਕਰਨ ਵਾਲੀ ਤੇਰੀ ਗੱਲ ਨਹੀਂ ਸੀ ਮੰਨੀ, ਤਾਂ ਤੇ = ਇਸ ਲਈ ਪ੍ਰਾਣਾਂ ਦੇ ਨਾਥ = ਸੁਆਮੀ ਪਤੀ ਪਰਮਾਤਮਾ ਮੈਨੂੰ ਅਗਿਆਨ ਵੱਸ ਹੋਣ ਦੇ ਅਪਰਾਧ ਵਿਚ ਰਿਸ = ਰੁੱਸੇ ਹੂੰ = ਹੋ ਕੇ ਛੱਡ ਗਏ ਹਨ ਤੇ ਹੋਰਨਾਂ ਬ੍ਰਹਮ ਗਿਆਨੀਆਂ ਦੇ ਮਾਨੀ = ਮੰਨਣਯੋਗ ਭਏ = ਹੋ ਗਏ, ਮੇਰੇ ਮਾਨਤ = ਮਨਾਇਆਂ ਹੁਣ ਮਾਨ = ਮੰਨਦੇ ਨਹੀਂ ਹਨ, ਇਸ ਕਰਕੇ ਮੈਂ ਇਹ ਤੇਰੇ ਕੋਲ ਆਨਿ = ਆ ਕਰਕੇ ਦੁੱਖ ਰੋਇਓ = ਰੋਇਆ ਹੈ, ਇਸ ਕਰਕੇ ਹੁਣ ਤੂੰ ਹੀ ਪਤੀ ਪਰਮਾਤਮਾ ਨਾਲ ਮੇਰਾ ਮਿਲਾਪ ਕਰਾਉਣਾ ਕਰ।

ਲੋਕ ਬੇਦ ਗਿਆਨ ਦਤ ਭੁਗਤ ਪ੍ਰਧਾਨ;
ਤਾਂ ਤੇ ਲੁਨਤ ਸਹਸ ਗੁਨੋ ਜੈਸੇ ਬੀਜ ਬੋਇਓ ਹੈ॥

ਲੋਕ = ਲੌਕਿਕ, ਬੇਦ = ਵੈਦਿਕ, ਗਿਆਨਵਾਨਾਂ ਲੋਕਾਂ ਵਿਚ ਇਹ ਗੱਲ ਪ੍ਰਸਿੱਧ ਹੈ ਕਿ ਆਪਣੇ ਕੀਤੇ ਹੋਏ ਮਾੜੇ ਕਰਮਾਂ ਦਾ ਭੁਗਤ = ਭੋਗਣ ਰੂਪ ਬਦਲਾ ਦਤ = ਦੇਣਾ ਹੀ ਪੈਂਦਾ ਹੈ। ਹੇ ਸੰਤ ਰੂਪ ਪ੍ਰਧਾਨ = ਉੱਤਮ ਸਖੀ! ਤਾਂ ਤੇ = ਇਸ ਕਰਕੇ ਮੈਂ ਜੈਸੇ = ਜਿਹੋ ਜਿਹਾ ਪ੍ਰਭੂ ਵਿਛੋੜੇ ਵਾਲਾ ਬੀਜ ਬੋਇਓ = ਬੀਜਣਾ ਕੀਤਾ ਸੀ, ਉਸ ਤੋਂ ਸਹਸ = ਹਜ਼ਾਰਾਂ ਗੁਨੋ = ਗੁਣਾਂ ਦੁੱਖ ਰੂਪ ਵਿਚ ਭੋਗਣ ਰੂਪ ਲੁਨਤ = ਵੱਢ ਰਹੀ ਹੈ = ਹਾਂ।

ਦਾਸਨ ਦਾਸਾਨ ਗਤਿ ਬੇਨਤੀ ਕੈ ਪਾਇ ਲਾਗਉ;
ਹੈ ਕੋਊ ਮਨਾਇ ਦੈ ਸਗਲ ਜਗ ਜੋਇਓ ਹੈ॥੬੬੪॥

ਹੇ ਸੰਤ ਰੂਪ ਉੱਤਮ ਸਖੀ! ਹੁਣ ਤਾਂ ਮੈਂ ਪਤੀ ਪਰਮਾਤਮਾ ਦੇ ਦਾਸਨ ਦਾਸਾਨ = ਦਾਸਾਂ ਦੇ ਦਾਸਾਂ ਪਾਸ ਗਤਿ = ਗਮਨ ਭਾਵ ਜਾ ਕੇ ਬੇਨਤੀ = ਅਰਜ਼ੋਈ ਕੈ = ਕਰ ਕੇ ਪਾਇ = ਚਰਨੀਂ ਲਾਗਉ = ਲੱਗ ਰਹੀ ਹਾਂ ਕਿ ਹੈ ਕੋਊ = ਕੋਈ ਐਸਾ ਜੋ ਮੇਰੇ ਪਿਆਰੇ ਪਤੀ ਪਰਮਾਤਮਾ ਨੂੰ ਸਾਖਸ਼ਾਤ ਹੋਣ ਰੂਪ ਮਨਾਇ = ਮਨਾ ਦੈ = ਦੇਣਾ ਕਰੇ ? ਕਿਉਂਕਿ ਮੈਂ ਸਗਲ = ਸਾਰਾ ਜਗ = ਸੰਸਾਰ ਜੋਇਓ = ਢੂੰਡ ਕੇ ਥੱਕ ਗਈ ਹੈ = ਹਾਂ ਭਾਵ ਉਸ ਵੇਲੇ ਮੈਂ ਤੇਰੀ ਗੱਲ ਨਹੀਂ ਮੰਨੀ, ਹੁਣ ਮੈਂ ਪਤੀ ਪਰਮਾਤਮਾ ਦੇ ਮਿਲਾਪ ਵਾਸਤੇ ਥਾਂ-ਥਾਂ 'ਤੇ ਜਾ ਕੇ ਬੇਨਤੀਆਂ ਕਰ ਰਹੀ ਹਾਂ ਕਿ ਕੋਈ ਮੇਰੇ ਪਤੀ ਪਰਮਾਤਮਾ ਨੂੰ ਸਾਖਸ਼ਾਤ ਹੋਣ ਰੂਪ ਮਨਾ ਦੇਵੋ, ਇਸ ਤਰ੍ਹਾਂ ਮੈਂ ਭਟਕਦੀ ਥੱਕ ਗਈ ਹਾਂ, ਇਸ ਲਈ ਤੂੰ ਮੇਰੀ ਹੁਣ ਮਿਲਾਪ ਵਿਚ ਸਹਾਇਤਾ ਕਰ॥੬੬੪॥

ਫਰਕਤ ਲੋਚਨ ਅਧਰ ਭੁਜਾ, ਤਾਪੈ ਤਨ;
ਮਨ ਮੈ ਅਉਸੇਰ ਕਬ ਲਾਲ ਗ੍ਰਿਹ ਆਵਹੀ ॥

ਹੇ ਉੱਤਮ ਸਖੀ ! ਮੇਰੀਆਂ ਲੋਚਨ = ਅੱਖਾਂ, ਅਧਰ = ਬੁੱਲ੍ਹ ਤੇ ਭੁਜਾ = ਬਾਹਵਾਂ ਫਰਕਤ = ਫਰਕ ਰਹੀਆਂ ਹਨ, ਮੇਰਾ ਤਨ = ਸਰੀਰ ਤਾਪੈ = ਤਪ ਰਿਹਾ ਹੈ ਅਤੇ ਮੇਰੇ ਮਨ = ਹਿਰਦੇ ਮੈ = ਵਿਚ ਇਹ ਅਉਸੇਰ = ਚਿੰਤਾ (ਬੇਚੈਨੀ) ਲੱਗੀ ਹੋਈ ਹੈ ਕਿ ਮੇਰਾ ਪਿਆਰਾ ਪਤੀ ਕਬ = ਕਦੋਂ ਗ੍ਰਿਹ = ਘਰ ਆਵਹੀ = ਆਵੇਗਾ। ਅਤੇ :

ਨੈਨਨ ਸੇ ਨੈਨ ਅਰੁ ਬੈਨਨ ਸੇ ਬੈਨ ਮਿਲੈ;
ਰੈਨ ਸਮੈ ਚੈਨ ਕੋ ਸਿਹਜਾਸਨ ਬੁਲਾਵਹੀ ॥

ਪਿਆਰੇ ਪਤੀ ਨਾਲ ਮੇਰੇ ਨੈਨਨ = ਨੇਤਰ ਸੇ = ਨਾਲ ਨੈਨ = ਨੇਤਰ ਕਦੋਂ ਮਿਲਣਗੇ ਅਰੁ = ਅਤੇ ਬੈਨਨ = ਬਚਨਾਂ ਸੇ = ਨਾਲ ਬੈਨ = ਬਚਨ ਕਦੋਂ ਮਿਲੈ = ਮਿਲਣਗੇ, ਭਾਵ ਸਾਡੀ ਗੱਲ-ਬਾਤ ਹੋਵੇਗੀ ਅਤੇ ਰੈਨ = ਰਾਤ ਦੇ ਸਮੈ = ਸਮੇਂ ਮੇਰਾ ਪਿਆਰਾ ਪਤੀ ਮੈਨੂੰ ਚੈਨ = ਸੁੱਖ ਆਨੰਦ ਕੋ = ਨਾਲ ਸਿਹਜਾਸਨ = ਸਿਹਜਾ ਦੇ ਆਸਣ 'ਤੇ ਕਦੋਂ ਬੁਲਾਵਹੀ = ਬੁਲਾਵੇਗਾ। ਅਤੇ :

ਕਰ ਗਹਿ ਕਰ ਉਰ ਉਰ ਸੇ ਲਗਾਇ ਪੁਨ;
ਅੰਕ ਅੰਕਮਾਲ ਕਰਿ ਸਹਜਿ ਸਮਾਵਹੀ ॥

ਮੇਰਾ ਪਿਆਰਾ ਪਤੀ ਕਰ = ਹੱਥਾਂ ਵਿਚ ਕਰ = ਹੱਥ ਗਹਿ = ਫੜ ਕੇ ਉਰ = ਛਾਤੀ ਸੇ = ਨਾਲ ਉਰ = ਛਾਤੀ ਕਦੋਂ ਲਗਾਇ = ਲਾ ਕੇ ਪੁਨ = ਫਿਰ ਆਪਣੀ ਅੰਕ ਅੰਕਮਾਲ = ਜੱਫੀ ਵਿਚ ਲੈ ਕਰਿ = ਕਰਕੇ ਮੈਨੂੰ ਆਪਣੇ ਪ੍ਰੇਮ ਰਸ ਵਿਚ ਸਹਿਜੇ ਹੀ ਸਮਾਵਹੀ = ਸਮਾ ਲਵੇਗਾ।

ਪ੍ਰੇਮ ਰਸ ਅੰਮ੍ਰਿਤ ਪੀਆਇ ਤ੍ਰਿਪਤਾਇ ਆਲੀ;
ਦਇਆ ਕੇ ਦਇਆਲ ਦੇਵ ਕਾਮਨਾ ਪੁਜਾਵਹੀ ॥੬੬੫॥

ਹੇ ਉੱਤਮ ਆਲੀ = ਸਖੀ ! ਪ੍ਰੇਮ ਰਸ ਦਾ ਅੰਮ੍ਰਿਤ ਪੀਆਇ = ਪਿਆ ਕੇ, ਤ੍ਰਿਪਤਾਇ = ਰਜਾ ਕੇ ਕਦੋਂ ਉਹ ਦਇਆਲ = ਦਿਆਲੂ ਪਤੀ ਦੇਵ ਅੱਜ ਮੇਰੇ ਉੱਪਰ ਦਇਆ = ਤਰਸ ਕਰਕੇ ਕਾਮਨਾ ਪੁਜਾਵਹੀ = ਪੁਜਾਵੇਗਾ ਭਾਵ ਮੇਰੀ ਕਾਮਨਾ ਪੂਰੀ ਕਰੇਗਾ ॥੬੬੫॥

ਅਰਥ ਨੰ: ੨ (ਅੰਤਰੀਵ ਭਾਵ)

ਫਰਕਤ ਲੋਚਨ ਅਧਰ ਭੁਜਾ, ਤਾਪੈ ਤਨ; ਮਨ ਮੈ ਅਉਸੇਰ ਕਬ ਲਾਲ ਗ੍ਰਿਹ ਆਵਹੀ ॥

ਹੇ ਸੰਤ ਰੂਪ ਉੱਤਮ ਸਖੀ ! ਮੇਰੇ ਵੈਰਾਗ ਤੇ ਬਿਬੇਕ ਰੂਪ ਲੋਚਨ = ਨੇਤਰ, ਪ੍ਰੇਮ ਰੂਪੀ ਅਧਰ = ਬੁੱਲ੍ਹ, ਸਾਧਨਾ ਰੂਪ ਭੁਜਾ = ਬਾਹਵਾਂ ਫਰਕਤ ਵਾਂਗ ਹਰਕਤ ਵਿਚ ਭਾਵ ਮਿਲਣ ਦੀ ਤਾਂਘ ਵਿਚ ਹਨ। ਮੇਰਾ ਤਨ = ਸਰੀਰ ਤਪੱਸਿਆ ਵਿਚ ਤਾਪੈ = ਤਪ ਰਿਹਾ ਹੈ ਅਤੇ ਮੇਰੇ ਮਨ ਮੈ = ਵਿਚ ਅਉਸੇਰ = ਚਿੰਤਾ (ਬੇਚੈਨੀ)

ਲੱਗੀ ਹੋਈ ਹੈ ਕਿ ਮੇਰਾ ਲਾਲ = ਪਿਆਰਾ ਪਤੀ ਪਰਮਾਤਮਾ ਕਬ = ਕਦੋਂ ਹਿਰਦੇ ਰੂਪੀ ਗ੍ਰਿਹ = ਘਰ ਵਿਚ ਆਵਹੀ = ਆਵੇਗਾ।

ਨੈਨਨ ਸੇ ਨੈਨ ਅਰੁ ਬੈਨਨ ਸੇ ਬੈਨ ਮਿਲੈ; ਰੈਨ ਸਮੈ ਚੈਨ ਕੋ ਸਿਹਜਾਸਨ ਬੁਲਾਵਹੀ॥

ਹੇ ਸੰਤ ਰੂਪ ਉੱਤਮ ਸਖੀ! ਮੇਰੇ ਵਿਚਾਰ ਰੂਪ ਨੈਨਨ = ਨੇਤਰਾਂ ਸੇ = ਨਾਲ ਗੁਰੂ ਦੇ ਨੈਨ = ਨੇਤਰ ਰੂਪ ਗਿਆਨ ਅੰਜਨ ਕਦੋਂ ਮਿਲਣਗੇ ਅਰੁ = ਅਤੇ ਗੁਰੂ ਦੇ ਗੁਰਬਾਣੀ ਰੂਪ ਬੈਨਨ = ਬਚਨਾਂ ਸੇ = ਨਾਲ ਮੇਰੀ ਜੀਭਾ ਦੇ ਬੈਨ = ਬੋਲ ਕਦੋਂ ਮਿਲੈ = ਮਿਲਣਗੇ, ਸਮਾਧੀ ਰੂਪੀ ਰੈਨ = ਰਾਤ ਸਮੈ = ਸਮੇਂ ਅਭੇਦਤਾ ਰੂਪੀ ਸਿਹਜਾਸਨ = ਸੇਜਾ ਕੋ = ਦਾ ਚੈਨ = ਆਨੰਦ ਦੇਣ ਵਾਸਤੇ ਕਦੋਂ ਪਤੀ ਪਰਮਤਾਮਾ ਬੁਲਾਵਹੀ = ਬੁਲਾਵੇਗਾ।

ਕਰ ਗਹਿ ਕਰ ਉਰ ਉਰ ਸੇ ਲਗਾਇ ਪੁਨਿ; ਅੰਕ ਅੰਕਮਾਲ ਕਰਿ ਸਹਜਿ ਸਮਾਵਹੀ॥

ਹੇ ਸੰਤ ਰੂਪ ਉੱਤਮ ਸਖੀ! ਮੇਰੇ ਮਨ ਰੂਪੀ ਕਰ = ਹੱਥ ਨੂੰ ਆਪਣੀ ਕਿਰਪਾ ਰੂਪ ਕਰ = ਹੱਥ ਨਾਲ ਕਦੋਂ ਗਹਿ = ਫੜਨਗੇ, ਪੁਨਿ = ਫੇਰ ਉਰ = ਹਿਰਦੇ ਦੇ ਨਾਲ ਆਪਣਾ ਅਭੇਦਤਾ ਰੂਪ ਉਰ = ਹਿਰਦਾ ਕਦੋਂ ਮਿਲਾਉਣਗੇ ਅਤੇ ਆਪਣੇ ਅਦ੍ਵੈਤ ਆਨੰਦ ਅੰਕ = ਸਰੂਪ ਵਿਚ ਮੇਰੇ ਪਰਤਕ ਜੋਤ ਅੰਕਮਾਲ = ਸਰੂਪ ਨੂੰ ਕਦੋਂ ਸਹਜਿ = ਸੁਤੇ-ਸਿਧ ਮਿਲਾ ਕਰਕੇ ਸਮਾਵਹੀ = ਸਮਾਉਣਗੇ।

ਪ੍ਰੇਮ ਰਸ ਅੰਮ੍ਰਿਤ ਪੀਆਇ ਤ੍ਰਿਪਤਾਇ ਆਲੀ;
ਦਇਆ ਕੇ ਦਇਆਲ ਦੇਵ ਕਾਮਨਾ ਪੁਜਾਵਹੀ॥੬੬੫॥

ਹੇ ਸੰਤ ਰੂਪ ਉੱਤਮ ਆਲੀ = ਸਖੀ! ਕਦੋਂ ਪਿਆਰਾ ਪਤੀ ਪਰਮਾਤਮਾ ਮੈਨੂੰ ਮਿਲਾਪ ਦਾ ਪ੍ਰੇਮ ਰੂਪੀ ਅੰਮ੍ਰਿਤ ਰਸ ਪੀਆਇ = ਪਿਆ ਕੇ ਤ੍ਰਿਪਤਾਇ = ਤ੍ਰਿਪਤ ਕਰੇਗਾ, ਦਇਆਲ = ਦਿਆਲੂ ਦੇਵ = ਪੂਜਨੀਕ ਪਤੀ ਪਰਮਾਤਮਾ ਕਦੋਂ ਮੇਰੇ 'ਤੇ ਦਇਆ = ਤਰਸ ਕਰ ਕੇ ਕੈਵਲ ਮੋਖਸ਼ ਰੂਪ ਕਾਮਨਾ = ਇੱਛਾ ਪੁਜਾਵਹੀ = ਪੂਰੀ ਕਰਨਗੇ॥੬੬੫॥

ਪਤੀ ਦੇ ਮਿਲਾਪ ਹੋਣੇ ਤੋਂ ਮੱਧਮ ਸਖੀ ਉੱਤਮ ਸਖੀ ਨੂੰ ਆਖਦੀ ਹੈ ਕਿ:

ਲੋਚਨ ਅਨੂਪ ਰੂਪ ਦੇਖਿ ਮੁਰਛਾਤ ਭਏ;
ਸੇਈ ਮੁਖ ਬਹਿਰਿਓ ਬਿਲੋਕ ਧਿਆਨ ਧਾਰਿ ਹੈ॥

ਹੇ ਉੱਤਮ ਸਖੀ! ਉਸ ਅਨੂਪ = ਉਪਮਾ ਤੋਂ ਰਹਿਤ ਪਿਆਰੇ ਪਤੀ ਦਾ ਰੂਪ ਦੇਖ ਕੇ ਮੇਰੇ ਲੋਚਨ = ਨੇਤਰ ਮੁਰਛਾਤ = ਮੂਰਛਿਤ (ਬੇਸੁਰਤ) ਭਏ = ਹੋ ਗਏ ਸਨ, ਪਰ ਹੁਣ ਜਦੋਂ ਸੇਈ = ਉਹੋ ਹੀ ਮੁਖ = ਮੁਖੜਾ ਮੈਂ ਬਹਿਰਿਓ = ਬਾਹਰੋਂ ਬਿਲੋਕ = ਦੇਖਿਆ ਸੀ ਤਾਂ ਮੇਰੇ ਨੇਤਰ ਉਸ ਪਿਆਰੇ ਪਤੀ ਦੇ ਰੂਪ ਵਿਚ ਧਿਆਨ ਧਾਰ ਕੇ ਦਰਸ਼ਨ ਕਰਨ ਲੱਗ ਪਏ ਹਨ।

ਅੰਮ੍ਰਿਤ ਬਚਨ ਸੁਨਿ ਸ੍ਰਵਨ ਬਿਮੋਹੇ ਆਲੀ;
ਤਾਹੀ ਮੁਖ ਬੈਨ ਸੁਨਿ ਸੁਰਤਿ ਸਮਾਰਿ ਹੈ॥

ਹੇ ਉੱਤਮ ਆਲੀ = ਸਖੀ! ਪਿਆਰੇ ਪਤੀ ਦੇ ਅੰਮ੍ਰਿਤ ਰੂਪ ਬਚਨ ਸੁਣ ਕੇ ਮੇਰੇ ਸ੍ਰਵਨ = ਕੰਨ ਬਿਮੋਹੇ (ਬਿ + ਮੋਹੇ) ਬਿ = ਵਿਸ਼ੇਸ਼ ਕਰਕੇ ਮੋਹੇ = ਮੋਹਿਤ ਹੋ ਗਏ ਸਨ, ਪਰ ਹੁਣ ਤਾਹੀ = ਉਸ ਪਿਆਰੇ ਦੇ ਮੁੱਖੋਂ ਬੈਨ = ਬਚਨ ਸੁਣ ਕੇ ਇਹ ਕੰਨ ਸੁਰਤ (ਸੋਝੀ) ਸਮਾਰਿ = ਸੰਭਾਲਣ ਲੱਗ ਪਏ ਹਨ।

ਜਾ ਪੈ ਬੇਨਤੀ ਬਖਾਨਿ ਜਿਹਬਾ ਥਕਤ ਭਈ;
ਤਾਹੀ ਕੇ ਬੁਲਾਏ ਪੁਨਿ ਬੇਨਤੀ ਉਚਾਰਿ ਹੈ॥

ਹੇ ਉੱਤਮ ਸਖੀ! ਜਾ ਪੈ = ਜਿਸ ਪਿਆਰੇ ਪਤੀ ਦੇ ਅੱਗੇ ਮੇਰੀ ਜਿਹਬਾ = ਜੀਭ ਬੇਨਤੀਆਂ ਬਖਾਨਿ = ਕਥਨ ਕਰ ਕਰ ਕੇ ਥਕਤ ਭਈ = ਥੱਕ ਗਈ ਸੀ, ਹੁਣ ਤਾਹੀ = ਉਸੇ ਪਿਆਰੇ ਪਤੀ ਕੇ = ਦੇ ਬੁਲਾਏ = ਬੁਲਾਇਆਂ ਫਿਰ ਇਹ ਜੀਭ ਬੇਨਤੀਆਂ ਉਚਾਰਿ = ਕਥਨ ਕਰਨ ਲੱਗ ਪਈ ਹੈ ਭਾਵ ਹੁਣ ਦੁਬਾਰਾ ਬੇਨਤੀਆਂ ਕਰਨ ਲੱਗ ਪਈ ਹੈ।

ਜੈਸੇ ਮਦ ਪੀਏ ਗਿਆਨ ਧਿਆਨ ਬਿਸਰਨ ਹੋਇ;
ਤਾਹੀ ਮਦ ਅਚਵਤ ਚੇਤਨ ਪ੍ਰਕਾਰ ਹੈ॥੬੬੬॥

ਜੈਸੇ = ਜਿਸ ਪ੍ਰਕਾਰ ਮਦ = ਸ਼ਰਾਬ ਪੀਏ = ਪੀਣ ਦੇ ਨਾਲ ਗਿਆਨ ਧਿਆਨ ਸਭ ਕੁਝ ਬਿਸਰਨ = ਵਿੱਸਰ ਜਾਂਦਾ ਹੈ, ਭਾਵ ਬੇਹੋਸ਼ੀ ਹੋਇ = ਹੁੰਦੀ ਹੈ, ਇਸੇ ਤਰ੍ਹਾਂ ਕਿਸੇ ਵਿਅਕਤੀ ਦੇ ਚੋਟ ਲੱਗਣ ਤੋਂ ਆਈ ਬੇਹੋਸ਼ੀ ਨੂੰ ਤਾਹੀ = ਉਸੇ ਮਦ = ਸ਼ਰਾਬ ਨੂੰ ਦਵਾਈ ਦੀ ਪ੍ਰਕਾਰ = ਤਰ੍ਹਾਂ **ਵਾ:** ਕੁਝ ਹੋਰ ਦਵਾਈਆਂ ਮਿਲਾ ਕੇ ਮਰੀਜ਼ ਨੂੰ ਅਚਵਤ = ਪਿਆ ਕੇ ਚੇਤਨ = ਹੋਸ਼ ਵਿਚ ਲੈ ਆਉਂਦੇ ਹਨ॥੬੬੬॥

ਨੋਟ : ਬਹੁਤ ਸਾਰੀਆਂ ਦਵਾਈਆਂ ਐਸੀਆਂ ਹਨ, ਜਿਨ੍ਹਾਂ ਵਿਚ ਸ਼ਰਾਬ ਦੀ ਮਿਲਾਵਟ ਕਰ ਕੇ ਦਵਾਈ ਤਿਆਰ ਕੀਤੀ ਜਾਂਦੀ ਹੈ, ਉਹ ਸ਼ਰਾਬ ਮਰੀਜ਼ ਲਈ ਹੋਸ਼ ਵਿਚ ਲਿਆਉਣ ਦੇ ਕਾਰਨ ਔਖਧੀ ਰੂਪ ਬਣ ਗਈ।

ਅਰਥ ਨੰ: ੨ (ਅੰਤਰੀਵ ਭਾਵ)

ਸਰੂਪ ਦੇ ਦਰਸ਼ਨਾਂ ਦੀ ਝਲਕ :

ਲੋਚਨ ਅਨੂਪ ਰੂਪ ਦੇਖਿ ਮੁਰਛਾਤ ਭਏ; ਸੇਈ ਮੁਖ ਬਹਿਰਿਓ ਬਿਲੋਕ ਧਿਆਨ ਧਾਰਿ ਹੈ॥

ਹੇ ਸੰਤ ਰੂਪ ਉੱਤਮ ਸਖੀ! ਮੈਨੂੰ ਗਿਆਨ ਲੋਚਨ = ਨੇਤਰਾਂ ਦੁਆਰਾ ਅਨੂਪ = ਉਪਮਾ ਤੋਂ ਰਹਿਤ ਰੂਪ = ਸਰੂਪ ਦੀ ਭਾਵ ਸਰਗੁਣ ਬ੍ਰਹਮ ਸਰੂਪ ਦੀ ਝਲਕ ਦੇਖਿ = ਦੇਖਣ ਵਿਚ ਮਿਲੀ ਤਾਂ ਮੇਰੀ ਸੁੰਨ ਅਵਸਥਾ ਰੂਪ ਮੁਰਛਾਤ = ਮੂਰਛਤ ਭਏ = ਹੋ ਗਈ, ਸੇਈ = ਉਹੀ ਬਹਿਰਿਓ = ਬਾਹਰ ਮੁਖ ਵਾਲਾ ਸਰੂਪ ਬਿਲੋਕ = ਦੇਖ ਕੇ ਮੈਂ ਆਪਣੇ ਹਿਰਦੇ ਵਿਚ ਉਸ ਨੂੰ ਧਿਆਨ ਰੂਪ ਵਿਚ ਧਾਰਿ = ਧਾਰਨਾ ਕੀਤਾ ਹੋਇਆ ਹੈ।

ਅੰਮ੍ਰਿਤ ਬਚਨ ਸੁਨਿ ਸ੍ਰਵਨ ਬਿਮੋਹੇ ਆਲੀ; ਤਾਹੀ ਮੁਖ ਬੈਨ ਸੁਨਿ ਸੁਰਤਿ ਸਮਾਰਿ ਹੈ॥

ਹੇ ਸੰਤ ਰੂਪ ਉੱਤਮ ਆਲੀ = ਸਖੀ! ਉਸ ਸਰਗੁਣ ਸਰੂਪ ਦੇ ਅੰਮ੍ਰਿਤ ਰੂਪ ਬਚਨ = ਵਾਕ ਸੁਣ ਕਰਕੇ ਮੇਰੇ ਸ੍ਰਵਨ = ਕੰਨ ਬਿਮੋਹੇ (ਬਿ + ਮੋਹੇ) ਬਿ = ਵਿਸ਼ੇਸ਼ ਕਰਕੇ ਮੋਹੇ = ਮੋਹਿਤ ਹੋ ਗਏ, ਕਿਉਂਕਿ ਉਨ੍ਹਾਂ ਦੇ ਬਚਨ ਅੰਮ੍ਰਿਤ ਤੋਂ ਵੀ ਮਿੱਠੇ ਹਨ, ਤਾਹੀ = ਉਸ ਪਤੀ ਪਰਮੇਸ਼ਰ ਦੇ ਮੁਖ ਦੁਆਰਾ ਬੈਨ = ਬਚਨ ਸੁਨਿ = ਸ੍ਰਵਨ ਕਰ ਕੇ ਸੁਰਤਿ = ਚਿੱਤ ਉਨ੍ਹਾਂ ਨੂੰ ਸਮਾਰਿ = ਸੰਭਾਲ ਰਿਹਾ ਹੈ।

ਜਾ ਪੈ ਬੇਨਤੀ ਬਖਾਨਿ ਜਿਹਬਾ ਥਕਤ ਭਈ; ਤਾਹੀ ਕੇ ਬੁਲਾਏ ਪੁਨਿ ਬੇਨਤੀ ਉਚਾਰਿ ਹੈ॥

ਹੇ ਸੰਤ ਰੂਪੀ ਉੱਤਮ ਸਖੀ! ਜਾ ਪੈ = ਜਿਸ ਪਤੀ ਪਰਮਾਤਮਾ ਦੇ ਅੱਗੇ ਮਿਲਣ ਲਈ ਬੇਨਤੀਆਂ ਬਖਾਨਿ = ਕਥਨ ਕਰਦੀ ਮੇਰੀ ਜਿਹਬਾ = ਜੀਭ ਥਕਤ ਭਈ = ਥੱਕ ਗਈ ਸੀ, ਹੁਣ ਤਾਹੀ = ਉਸੇ ਪਤੀ

ਪਰਮਾਤਮਾ ਕੇ = ਦੇ ਦਰਸ਼ਨ ਕਰਨ ਰੂਪ ਬੁਲਾਏ = ਬੁਲਾਉਣ ਤੋਂ ਪੁਨਿ = ਫੇਰ ਮੇਰੀ ਜੀਭ ਬੇਨਤੀਆਂ ਉਚਾਰਿ = ਉਚਾਰਨ ਕਰਨ ਲੱਗ ਪਈ ਹੈ।

ਜੈਸੇ ਮਦ ਪੀਏ ਗਿਆਨ ਧਿਆਨ ਬਿਸਰਨ ਹੋਇ; ਤਾਹੀ ਮਦ ਅਚਵਤ ਚੇਤਨ ਪ੍ਰਕਾਰ ਹੈ ॥੬੬੬॥

ਜੈਸੇ = ਜਿਸ ਪ੍ਰਕਾਰ ਅਸ਼ੁੱਧ ਭਾਵ ਮਲਨ ਮਦ = ਹੰਕਾਰ ਨੂੰ ਪੀਏ = ਪੀਣ ਭਾਵ ਕਰਨ ਨਾਲ ਪਰਮਾਤਮਾ ਦਾ ਗਿਆਨ ਧਿਆਨ ਬਿਸਰਨ = ਭੁੱਲ ਜਾਂਦਾ ਹੈ, ਭਾਵ ਅਗਿਆਨ ਰੂਪ ਬੇਹੋਸ਼ੀ ਹੋਇ = ਹੋ ਜਾਂਦੀ ਹੈ, ਤਾਹੀ = ਉਸੇ ਸ਼ੁੱਧ ਹੰਕਾਰ ਦੇ ਅਚਵਤ = ਪੀਣ, ਭਾਵ ਕਰਨ ਦੇ ਨਾਲ ਗਿਆਨ ਰੂਪ ਚੇਤਨ = ਹੋਸ਼ ਆ ਜਾਂਦੀ ਹੈ ॥੬੬੬॥

ਨੋਟ : ੧. ਮਲਨ ਹੰਕਾਰ ਉਸ ਨੂੰ ਕਹਿੰਦੇ ਹਨ ਜੋ ਦੇਹ, ਇੰਦਰਿਆਂ ਨੂੰ ਆਪਣਾ ਸਰੂਪ ਨਿਸ਼ਚੇ ਕਰਨਾ।

੨. ਸ਼ੁੱਧ ਹੰਕਾਰ ਉਸ ਨੂੰ ਕਹਿੰਦੇ ਹਨ ਜੋ ਆਪਣੀ ਆਤਮਾ ਨੂੰ ਬ੍ਰਹਮ ਰੂਪ ਨਿਸ਼ਚੇ ਕਰਨਾ ਕਿ ਮੇਰੀ ਆਤਮਾ ਬ੍ਰਹਮ ਸਰੂਪ ਹੈ।

ਸੁਨਿ ਪ੍ਰਿਯ ਗਵਨ ਸ੍ਰਵਨ ਬਹਰੇ ਨ ਭਏ;
ਕਾਹੇ ਕੀ ਪਤਿਬ੍ਰਤਾ ਪਤਿਬ੍ਰਤ ਪਾਯੋ ਹੈ ॥

ਹੇ ਉੱਤਮ ਸਖੀ ! ਪ੍ਰਿਯ = ਪਿਆਰੇ ਪਤੀ ਦਾ ਗਵਨ = ਜਾਣਾ ਸੁਣ ਕੇ ਮੇਰੇ ਸ੍ਰਵਨ = ਕੰਨ ਬਹਰੇ = ਬੋਲ਼ੇ ਨਾ ਭਏ = ਹੋਏ ਤਾਂ ਮੈਂ ਕਾਹੇ ਕੀ = ਕਾਹਦੀ ਪਤਿਬ੍ਰਤਾ (ਪਤੀ ਵਿਚ ਪੂਰੀ ਸ਼ਰਧਾ ਰੱਖਣ ਵਾਲੀ ਇਸਤਰੀ, ਜਿਸ ਨੇ ਇਹ ਬ੍ਰਤ = ਨਿਯਮ ਧਾਰਨ ਕੀਤਾ ਹੋਵੇ ਕਿ ਬਿਨਾਂ ਆਪਣੇ ਪਤੀ ਤੋਂ ਕਿਸੇ ਹੋਰ ਨਾਲ ਪ੍ਰੇਮ ਨਹੀਂ ਕਰਨਾ) ਹੋਈ ਅਤੇ ਮੈਂ ਕੀ ਪਤਿਬ੍ਰਤ ਨਿਯਮ (ਪਤੀ ਦੀ ਉਪਾਸਨਾ ਤੇ ਸੇਵਾ ਦਾ ਨਿਯਮ) ਪਾਯੋ = ਪ੍ਰਾਪਤ ਕੀਤਾ ਹੈ।

ਦ੍ਰਿਸਟ ਪ੍ਰਿਯ ਅਗੋਚਰ ਹੁਇ ਅੰਧਰੇ ਨ ਭਏ ਨੈਨ;
ਕਾਹੇ ਕੀ ਪ੍ਰੇਮਨੀ ਪ੍ਰੇਮ ਹੂੰ ਲਜਾਯੋ ਹੈ ॥

ਹੇ ਉੱਤਮ ਸਖੀ ! ਪ੍ਰਿਯ = ਪਿਆਰੇ ਪਤੀ ਦਾ ਮੇਰੀਆਂ ਦ੍ਰਿਸਟ = ਨਜ਼ਰਾਂ ਤੋਂ ਅਗੋਚਰ = ਗੁਪਤ ਭਾਵ ਉਹਲੇ ਹੁਇ = ਹੋਇਆਂ ਇਹ ਨੈਨ = ਨੇਤਰ ਅੰਧਰੇ = ਅੰਨ੍ਹੇ ਨਾ ਭਏ = ਹੋਏ ਤਾਂ ਮੈਂ ਕਾਹੇ ਕੀ = ਕਾਹਦੀ ਪ੍ਰੇਮਨੀ = ਪ੍ਰੇਮਿਕਾ ਹੋਈ ? ਮੈਂ ਤਾਂ ਇਹ ਪ੍ਰੇਮ ਹੂੰ = ਨੂੰ ਹੀ ਲਜਾਯੋ = ਲਾਜ ਲਾਈ ਹੈ।

ਅਵਧਿ ਬਿਹਾਇ, ਧਾਇ ਧਾਇ ਬਿਰਹਾ ਬਿਆਪੈ;
ਕਾਹੇ ਕੀ ਬਿਰਹਨੀ, ਬਿਰਹ ਬਿਲਖਾਯੋ ਹੈ ॥

ਮੇਰੀ ਅਵਧਿ = ਉਮਰ ਬਿਹਾਇ = ਬੀਤਦੀ ਜਾ ਰਹੀ ਹੈ, ਪਤੀ ਦਾ ਬਿਰਹਾ = ਵਿਛੋੜਾ ਧਾਇ ਧਾਇ = ਦੌੜ ਦੌੜ ਕੇ ਬਿਆਪੈ = ਵਿਆਪ ਰਿਹਾ ਹੈ ਤਾਂ ਮੈਂ ਕਾਹੇ ਕੀ = ਕਾਹਦੀ ਪਤੀ ਦੇ ਬਿਰਹਨੀ = ਵਿਛੋੜੇ ਵਾਲੀ ਹੋਈ ? ਮੈਂ ਤਾਂ ਬਿਰਹ = ਵਿਛੋੜੇ ਨੂੰ ਹੀ ਬਿਲਖਾਯੋ = ਵਿਰਲਾਪ ਭਾਵ ਦੁਖੀ ਕੀਤਾ ਹੈ।

ਸੁਨਤ ਬਿਦੇਸ ਕੇ ਸੰਦੇਸ ਨਾਹਿ ਫੂਟਿਓ ਰਿਦਾ;
ਕਉਨ ਕਉਨ ਗਨਉ ਚੂਕ ਉਤਰ ਨ ਆਯੋ ਹੈ ॥੬੬੭॥

ਹੇ ਉੱਤਮ ਸਖੀ ! ਪਿਆਰੇ ਪਤੀ ਦਾ ਬਿਦੇਸ਼ਾਂ ਕੇ = ਦੇ ਵਿਚ ਜਾਣ ਦੇ ਸੰਦੇਸ = ਸੁਨੇਹੇ

ਸੁਨਤ = ਸੁਣਦਿਆਂ ਮੇਰਾ ਰਿਦਾ = ਹਿਰਦਾ ਕਿਉਂ ਨਾਹਿ = ਨਾ ਫੂਟਿਓ = ਫਟਿਆ ? ਇਸ ਕਰਕੇ ਮੈਂ ਆਪਣੀ ਕਉਨ ਕਉਨ = ਕਿਹੜੀ ਕਿਹੜੀ ਚੂਕ = ਭੁੱਲ ਗਨਉ = ਗਿਣਾਂ, ਇਸ ਦਾ ਮੈਨੂੰ ਕੋਈ ਵੀ ਉੱਤਰ ਨ = ਨਹੀਂ ਆਯੋ = ਆਉਂਦਾ ॥੬੬੭॥

ਅਰਥ ਨੰ: ੨ (ਅੰਤਰੀਵ ਭਾਵ)

ਸੁਨਿ ਪ੍ਰਿਯ ਗਵਨ ਸ੍ਰਵਨ ਬਹਰੇ ਨ ਭਏ;
ਕਾਹੇ ਕੀ ਪਤਿਬ੍ਰਤਾ ਪਤਿਬ੍ਰਤ ਪਾਯੋ ਹੈ॥

ਹੇ ਸੰਤ ਰੂਪ ਉੱਤਮ ਸਖੀ ! ਪ੍ਰਿਯ = ਪਿਆਰੇ ਪਤੀ ਪਰਮਾਤਮਾ ਦੀ ਪ੍ਰਾਪਤੀ ਦੇ ਬਚਨ ਸੁਣਨ ਵੱਲੋਂ ਹਟ ਕੇ ਵਿਸ਼ੇ ਰਸ ਦੇ ਬੋਲ ਸੁਣਨ ਵਿਚ ਗਵਨ ਕਰ ਗਏ, ਗਵਨ ਕਰਨ ਤੋਂ ਪਹਿਲਾਂ ਮੇਰੇ ਕੰਨ ਬਹਰੇ = ਬੋਲ਼ੇ ਨਾ ਭਏ = ਹੋਏ ਤਾਂ ਮੈਂ ਪਤੀਬ੍ਰਤਾ ਇਸਤਰੀ ਨਿਆਈਂ ਇਕ ਪਰਮਾਤਮਾ ਨੂੰ ਮੰਨਣ ਵਾਲੀ ਕਾਹੇ ਕੀ = ਕਾਹਦੀ ਜਗਿਆਸੂ ਰੂਪ ਇਸਤਰੀ ਹੋਈ ਤੇ ਮੈਂ ਕੀ ਪਤਿਬ੍ਰਤ ਭਾਵ ਪਤੀ ਪਰਮਾਤਮਾ ਦੇ ਨਾਮ ਦਾ ਤੇ ਸੇਵਾ ਦਾ ਨਿਯਮ ਪਾਯੋ = ਪ੍ਰਾਪਤ ਕੀਤਾ ਹੈ।

ਦ੍ਰਿਸਟ ਪ੍ਰਿਯ ਅਗੋਚਰ ਹੁਇ ਅੰਧਰੇ ਨ ਭਏ ਨੈਨ;
ਕਾਹੇ ਕੀ ਪ੍ਰੇਮਨੀ ਪ੍ਰੇਮ ਹੂੰ ਲਜਾਯੋ ਹੈ॥

ਹੇ ਸੰਤ ਰੂਪ ਉੱਤਮ ਸਖੀ ! ਪ੍ਰਿਯ = ਪਿਆਰੇ ਪਤੀ ਪਰਮਾਤਮਾ ਦੇ ਦਰਸ਼ਨਾਂ ਤੋਂ ਮੇਰੇ ਦ੍ਰਿਸਟ = ਨੇਤਰ ਅਗੋਚਰ = ਗੁਪਤ ਹੋ ਕੇ ਭਾਵ ਦਰਸ਼ਨਾਂ ਨੂੰ ਛੱਡ ਕੇ ਹੋਰ ਦੇਵੀ ਦੇਵਤਿਆਂ **ਵਾ:** ਪਦਾਰਥਾਂ ਦੇ ਦੇਖਣ ਵੱਲ ਲੱਗ ਗਏ, ਇਹ ਦੇਖਣ ਤੋਂ ਪਹਿਲਾਂ ਮੇਰੇ ਨੈਨ = ਨੇਤਰ ਅੰਧਰੇ = ਅੰਨ੍ਹੇ ਨਾ ਭਏ = ਹੋਏ ਤਾਂ ਮੈਂ ਕਾਹੇ ਕੀ = ਕਾਹਦੀ ਪਤੀ ਪਰਮਾਤਮਾ ਦੇ ਪ੍ਰੇਮ ਦੀ ਪ੍ਰੇਮਨੀ ਹੋਈ। ਮੈਂ ਤਾਂ ਪਰਮਾਤਮਾ ਦੇ ਸੱਚੇ ਪ੍ਰੇਮ ਹੂੰ = ਨੂੰ ਲਜਾਯੋ = ਲਾਜ ਹੀ ਲਾ ਦਿੱਤੀ ਹੈ।

ਅਵਧਿ ਬਿਹਾਇ, ਧਾਇ ਧਾਇ ਬਿਰਹਾ ਬਿਆਪੈ;
ਕਾਹੇ ਕੀ ਬਿਰਹਨੀ, ਬਿਰਹ ਬਿਲਖਾਯੋ ਹੈ॥

ਹੇ ਸੰਤ ਰੂਪ ਉੱਤਮ ਸਖੀ ! ਮੇਰੀ ਧਾਇ = ਦੌੜ ਭਾਵ ਨਾਸ਼ ਹੋ ਜਾਣ ਵਾਲੇ ਪਦਾਰਥਾਂ ਵਿਚ ਧਾਇ = ਦੌੜਦੀ ਹੋਈ ਦੀ ਅਵਧਿ = ਉਮਰ ਬਿਹਾਇ = ਬਤੀਤ ਹੋ ਗਈ, ਇਸ ਕਰਕੇ ਜਿਹੜੇ ਪਦਾਰਥਾਂ ਵੱਲ ਦੌੜਦੀ ਸੀ, ਉਸ ਦਾ ਬਿਰਹਾ = ਵਿਛੋੜਾ ਬਿਆਪੈ = ਵਿਆਪਦਾ ਰਿਹਾ, ਤਾਂ ਮੈਂ ਕਾਹੇ ਕੀ = ਕਾਹਦੀ ਪਤੀ ਪਰਮਾਤਮਾ ਦੇ ਵਿਛੋੜੇ ਵਿਚ ਬਿਰਹਨੀ = ਵਿਛੋੜਨ ਹੋਈ ? ਮੈਂ ਤਾਂ ਪਤੀ ਪਰਮਾਤਮਾ ਦੇ ਬਿਰਹ = ਵਿਛੋੜੇ ਨੂੰ ਹੀ ਬਿਲਖਾਯੋ = ਵਿਰਲਾਪ ਭਾਵ ਦੁਖੀ ਕੀਤਾ ਹੈ।

ਸੁਨਤ ਬਿਦੇਸ ਕੇ ਸੰਦੇਸ ਨਾਹਿ ਫੂਟਿਓ ਰਿਦਾ;
ਕਉਨ ਕਉਨ ਗਨਉ ਚੂਕ ਉਤਰ ਨ ਆਯੋ ਹੈ॥੬੬੭॥

ਹੇ ਸੰਤ ਰੂਪ ਉੱਤਮ ਸਖੀ ! ਪਤੀ ਪਰਮਾਤਮਾ ਕੇ = ਦੇ ਅਸਖਿਅਤਤਾ ਰੂਪ ਵਿਦੇਸ਼ ਜਾਣ ਦਾ ਗੁਰੂ ਵੱਲੋਂ ਸੰਦੇਸ = ਉਪਦੇਸ਼ ਸੁਨਤ = ਸੁਣ ਕੇ ਮੇਰਾ ਰਿਦਾ = ਹਿਰਦਾ ਕਿਉਂ ਨਾਹਿ = ਨਾ ਫੂਟਿਓ = ਫਟ ਗਿਆ ? ਕਿ ਮਨੁੱਖਾ ਸਰੀਰ ਤਾਂ ਪਰਮਾਤਮਾ ਦੀ ਪ੍ਰਾਪਤੀ ਵਾਸਤੇ ਮਿਲਿਆ ਸੀ, ਹੁਣ ਮੈਂ ਕਉਨ ਕਉਨ = ਕਿਹੜੀ

ਕਿਹੜੀ ਆਪਣੀ ਚੂਕ = ਭੁੱਲ ਭਾਵ ਗੁਨਾਹ ਗਨਉ = ਗਿਣਾਂ, ਮੈਨੂੰ ਅਗਿਆਨਣ ਨੂੰ ਕੋਈ ਉੱਤਰ ਨਹੀਂ ਆਯੋ = ਆ ਰਿਹਾ ਹੈ॥੬੬੭॥

ਬਿਰਹ ਦਾਵਾਨਲ ਪ੍ਰਗਟੀ ਨ ਤਨ ਬਨ ਬਿਖੈ;
ਅਸਨ ਬਸਨ ਤਾ ਮੈ ਘ੍ਰਿਤ ਪਰਜਾਰਿ ਹੈ॥

ਹੇ ਉੱਤਮ ਸਖੀ! ਮੇਰੇ ਤਨ = ਸਰੀਰ ਰੂਪੀ ਬਨ ਦੇ ਬਿਖੈ = ਵਿਚ ਪਤੀ ਦੇ ਬਿਰਹ = ਵਿਛੋੜੇ ਰੂਪੀ ਦਾਵਾਨਲ = ਜੰਗਲ ਦੀ ਅੱਗ ਹੀ ਨ = ਨਹੀਂ ਪ੍ਰਗਟੀ ਹੈ, ਇਥੇ ਤਾਂ ਅਸਨ = ਭੋਜਨ ਤੇ ਬਸਨ = ਬਸਤਰ ਸੁਖ ਦੇਣ ਦੀ ਥਾਂ ਉਸ ਦੇ ਵਿਛੋੜੇ ਦੀ ਅੱਗ ਦੇ ਮੈ = ਵਿਚ ਪਰਜਾਰਿ (ਪਰ + ਜਾਰਿ) ਪਰ = ਵਿਸ਼ੇਸ਼ ਕਰਕੇ ਜਾਰਿ = ਜਲਾਉਣ **ਵਾ:** ਭਾਂਬੜ ਮਚਾਉਣ ਦੇ ਲਈ ਪੀੜਾ ਵਧਾਉਣ ਰੂਪ ਘ੍ਰਿਤ = ਘਿਉ ਬਣ ਕੇ ਪੈ ਰਹੇ ਹਨ।

ਪ੍ਰਥਮ ਪ੍ਰਕਾਸੇ ਧੂਮ ਅਤਿ ਹੀ ਦੁਸਹਾ ਦੁਖ;
ਤਾਹੀ ਤੇ ਗਗਨ ਘਨ ਘਟਾ ਅੰਧਕਾਰ ਹੈ॥

ਪ੍ਰਥਮ = ਪਹਿਲਾਂ ਤਾਂ ਇਸ ਦਾ ਧੂਮ = ਧੂੰਆਂ ਉੱਠਣ 'ਤੇ ਹੀ ਅਤਿ ਹੀ = ਅਤਿਅੰਤ ਹੀ ਦੁਸਹਾ ਦੁਖ = ਨਾ ਸਹਾਰੇ ਜਾਣ ਵਾਲਾ ਦੁੱਖ ਸੀ ਤੇ ਹੁਣ ਤਾਹੀ ਤੇ = ਉਸੇ ਤੋਂ ਹੀ ਗਗਨ = ਅਕਾਸ਼ ਵਿਚ ਘਨ = ਬੱਦਲਾਂ ਦੀਆਂ ਘਟਾਂ ਬਣ ਕੇ ਅੰਧਕਾਰ = ਹਨੇਰਾ ਛਾ ਗਿਆ ਹੈ।

ਭਭਕ ਭਭੂਕੋ ਹੁਇ ਪ੍ਰਕਾਸਿਓ ਹੈ ਅਕਾਸ ਸਸਿ;
ਤਾਰਕਾ ਮੰਡਲ ਚਿਨਗਾਰੀ ਚਮਕਾਰ ਹੈ॥

ਅਤੇ ਉੱਤੋਂ ਦੀ ਉਹ ਅਕਾਸ਼ ਵਿਚ ਭਭੂਕੋ = ਅੱਗ ਦੀ ਲਾਟ ਦਾ ਬਲਦਾ ਭਭਕ = ਭੰਬਾਕਾ ਹੁਇ = ਹੋ ਕੇ ਸਸਿ = ਚੰਦਰਮਾ ਪ੍ਰਕਾਸਿਓ = ਪ੍ਰਕਾਸ਼ ਪਿਆ ਹੈ ਅਤੇ ਨਾਲ ਹੀ ਤਾਰਕਾ = ਤਾਰਿਆਂ ਦਾ ਮੰਡਲ ਭੀ ਚਿਨਗਾਰੀ = ਚਿਨਗ ਭਾਵ ਚੰਗਿਆੜੀਆਂ ਬਣ ਕੇ ਚਮਕਾਰੇ ਮਾਰਦਾ ਹੈ।

ਕਾ ਸਿਉ ਕਹਉ ਕੈਸੇ ਅੰਤਕਾਲ ਬ੍ਰਿਥਾਵੰਤ ਗਤਿ;
ਮੋਹਿ ਦੁਖ, ਸੋਈ ਸੁਖਦਾਈ ਸੰਸਾਰ ਹੈ॥੬੬੮॥

ਹੇ ਉੱਤਮ ਸਖੀ! ਮੈਂ ਕਾ ਸਿਉ = ਕਿਸ ਨੂੰ ਤੇ ਕੈਸੇ = ਕਿਸ ਤਰ੍ਹਾਂ ਕਹਉ = ਕਥਨ ਕਰਾਂ, ਭਾਵ ਕਿਵੇਂ ਆਖਾਂ ? ਕਿਉਂਕਿ ਮੇਰੀ ਗਤਿ = ਹਾਲਤ, ਦਸ਼ਾ ਤਾਂ ਬ੍ਰਿਥਾਵੰਤ = ਰੋਗੀ ਦੇ ਅੰਤਕਾਲ = ਅੰਤ ਸਮੇਂ ਵਰਗੀ ਹੋਈ ਪਈ ਹੈ, ਤੇ ਮੋਹਿ = ਮੈਨੂੰ ਸੋਈ = ਉਸੇ ਤਰ੍ਹਾਂ ਦਾ ਦੁਖ = ਕਸ਼ਟ ਪਤੀ ਦੇ ਵਿਛੋੜੇ ਵਿਚ ਹੋ ਰਿਹਾ ਹੈ, ਪਰ ਵਿਭਚਾਰਣੀਆਂ ਇਸਤਰੀਆਂ ਨੂੰ ਸੋਈ = ਉਹੀ ਵਿਛੋੜਾ ਸੁਖਦਾਈ = ਸੁਖ ਦੇਣ ਵਾਲਾ ਦਿੱਸਦਾ ਹੈ॥੬੬੮॥

ਅਰਥ ਨੰ: ੨ (ਅੰਤਰੀਵ ਭਾਵ)

ਬਿਰਹ ਦਾਵਾਨਲ ਪ੍ਰਗਟੀ ਨ ਤਨ ਬਨ ਬਿਖੈ; ਅਸਨ ਬਸਨ ਤਾ ਮੈ ਘ੍ਰਿਤ ਪਰਜਾਰਿ ਹੈ॥

ਹੇ ਸੰਤ ਰੂਪ ਉੱਤਮ ਸਖੀ! ਮੇਰੇ ਮਨ = ਅੰਤਹਕਰਨ ਰੂਪ ਬਨ = ਜੰਗਲ ਦੇ ਬਿਖੈ = ਵਿਚ ਪਤੀ ਪਰਮਾਤਮਾ ਦੇ ਬਿਰਹ = ਵਿਛੋੜੇ ਰੂਪੀ ਦਾਵਾਨਲ = ਅੱਗ ਹੀ ਨਹੀਂ ਪ੍ਰਗਟੀ ਹੈ, ਬਲਕਿ ਇਥੇ ਤਾਂ ਵਡਿਆਈ

ਰੂਪੀ ਅਸਨ = ਭੋਜਨ ਤੇ ਪਦਾਰਥ ਵਧਾਉਣ ਰੂਪ ਬਸਨ = ਬਸਤਰ ਤਾ ਮੈ = ਉਨ੍ਹਾਂ ਦੇ ਵਿਚ ਲੱਗ ਕੇ ਪਰ = ਵਿਸ਼ੇਸ਼ ਕਰਕੇ ਜਾਰਿ = ਸਾੜਨ ਦੇ ਲਈ ਮੋਹ ਰੂਪੀ ਘ੍ਰਿਤ = ਘਿਉ ਪੈ ਰਿਹਾ ਹੈ।

ਪ੍ਰਥਮ ਪ੍ਰਕਾਸੇ ਧੂਮ ਅਤਿ ਹੀ ਦੁਸਹਾ ਦੁਖ; ਤਾਹੀ ਤੇ ਗਗਨ ਘਨ ਘਟਾ ਅੰਧਕਾਰ ਹੈ॥

ਹੇ ਸੰਤ ਰੂਪ ਉੱਤਮ ਸਖੀ! ਅਗਿਆਨਤਾ ਦਾ ਧੂਮ = ਧੂੰਆਂ ਪ੍ਰਥਮ = ਪਹਿਲਾਂ ਤੋਂ ਹੀ ਅਤਿ ਹੀ = ਅਤਿਅੰਤ ਦੁਸਹਾ = ਕਠਿਨ ਦੁੱਖ ਦੇ ਰਿਹਾ ਹੈ, ਤਾਹੀ = ਉਸ ਅਗਿਆਨ ਤੇ = ਤੋਂ ਹਿਰਦੇ ਰੂਪੀ ਗਗਨ = ਅਕਾਸ਼ ਵਿਚ ਘਟਾ = ਕਾਲੇ ਘਨ = ਬੱਦਲਾਂ ਦੀ ਨਿਆਈਂ ਅਵਿੱਦਿਆ ਦਾ ਅੰਧਕਾਰ = ਹਨੇਰਾ ਛਾ ਰਿਹਾ ਹੈ।

ਭਭਕ ਭਭੂਕੋ ਹੁਇ ਪ੍ਰਕਾਸਿਓ ਹੈ ਅਕਾਸ ਸਸਿ; ਤਾਰਕਾ ਮੰਡਲ ਚਿਨਗਾਰੀ ਚਮਕਾਰ ਹੈ॥

ਹੇ ਸੰਤ ਰੂਪ ਉੱਤਮ ਸਖੀ! ਹਿਰਦੇ ਰੂਪੀ ਅਕਾਸ਼ ਵਿਚ ਤ੍ਰਿਸ਼ਨਾ ਰੂਪੀ ਭਭੂਕੋ = ਅੱਗ ਦੀ ਲਾਟ ਦੇ ਭਰਮ ਰੂਪੀ ਭਭਕ = ਭੰਬਾਕੇ ਪੈਦਾ ਹੁਇ = ਹੋ ਕੇ ਮੋਹ ਰੂਪੀ ਸਸਿ = ਚੰਦਰਮਾ ਪ੍ਰਕਾਸਿਓ = ਪ੍ਰਕਾਸ਼ ਰਿਹਾ ਹੈ, ਤਾਰਕਾ ਮੰਡਲ = ਤਾਰਿਆਂ ਦੇ ਸਮੂਹ ਦੀ ਨਿਆਈਂ ਰਿਧੀਆਂ ਸਿਧੀਆਂ ਦੀਆਂ ਚਿਨਗਾਰੀਆਂ ਮਾਇਆ ਰੂਪੀ ਅੱਗ ਕਰਕੇ ਚਮਕਾਰ = ਚਮਕ ਰਹੀਆਂ ਹਨ।

ਕਾ ਸਿਉ ਕਹਉ ਕੈਸੇ ਅੰਤਕਾਲ ਬ੍ਰਿਥਾਵੰਤ ਗਤਿ; ਮੋਹਿ ਦੁਖ, ਸੋਈ ਸੁਖਦਾਈ ਸੰਸਾਰ ਹੈ॥੬੬੮॥

ਹੇ ਸੰਤ ਰੂਪ ਉੱਤਮ ਸਖੀ! ਹੁਣ ਮੈਂ ਬ੍ਰਿਥਾਵੰਤ = ਰੋਗੀ ਦੇ ਅੰਤਕਾਲ = ਅੰਤ ਵੇਲੇ ਵਾਂਗੂੰ ਹਉਮੈ ਰੂਪੀ ਰੋਗ ਦੇ ਕਾਰਨ ਜੀਵਨ ਦੇ ਅੰਤ ਵੇਲੇ ਦੀ ਗਤਿ = ਦਸ਼ਾ ਕਾ ਸਿਉ = ਕਿਸ ਨੂੰ ਤੇ ਕੈਸੇ = ਕਿਸ ਤਰ੍ਹਾਂ ਕਹਉ = ਦੱਸਣਾ ਕਰਾਂ ? ਮੋਹਿ = ਮੈਨੂੰ ਪਰਮਾਤਮਾ ਦੇ ਵਿਛੋੜੇ ਦਾ ਦੁੱਖ ਹੈ, ਸੰਸਾਰ ਨੂੰ ਸੋਈ = ਉਹੀ ਪਰਮਾਤਮਾ ਦਾ ਵਿਛੋੜਾ ਸੁਖਦਾਈ = ਸੁਖ ਦੇਣ ਵਾਲਾ ਦਿੱਸਦਾ ਹੈ। ਇਸ ਕਰਕੇ ਹੇ ਸੰਤ ਰੂਪੀ ਸਖੀ! ਮੈਂ ਅੰਦਰ ਦਾ ਭਾਵ ਪਰਮਾਤਮਾ ਦੇ ਵਿਛੋੜੇ ਦਾ ਦੁੱਖ ਤੇਰੇ ਤੋਂ ਬਗ਼ੈਰ ਕਿਸ ਨਾਲ ਸਾਂਝਾ ਕਰਾਂ, ਬੱਸ ਇਕ ਤੇਰੇ ਨਾਲ ਹੀ ਕਰ ਰਹੀ ਹਾਂ॥੬੬੮॥

ਇਥੇ ਭਾਈ ਸਾਹਿਬ ਜੀ ਉਪਰੋਕਤ ਵਿਚਾਰ ਵਿਚ ਪ੍ਰਭੂ-ਭਗਤੀ ਵਾਲੇ ਜਗਿਆਸੂ ਦਾ ਪਰਮਾਤਮਾ ਦੇ ਨਾਲ ਵਿਛੋੜੇ ਦਾ ਦੁੱਖ ਵਰਣਨ ਕਰ ਕੇ ਅੰਤ ਪ੍ਰਭੂ-ਪ੍ਰਾਪਤੀ ਦੇ ਸਹਾਇਕ ਸੰਤ ਰੂਪ ਸੁਹਾਗਣ ਸਖੀ ਨੂੰ ਮਿਲਣ ਦੇ ਲਈ ਤਰਲਾ ਜ਼ਾਹਰ ਕੀਤਾ ਹੈ।

ਏਈ ਅਖੀਆਂ ਜੁ ਪੇਖਿ ਪ੍ਰਥਮ ਅਨੂਪ ਰੂਪ;
ਕਾਮਨਾ ਪੂਰਨ ਕਰਿ ਸਹਜ ਸਮਾਨੀ ਹੈਂ॥

ਹੇ ਉੱਤਮ ਸਖੀ! ਏਈ = ਇਹੀ ਉਹ ਅੱਖੀਆਂ ਹਨ, ਜੁ = ਜਿਹੜੀਆਂ ਪ੍ਰਥਮ = ਪਹਿਲਾਂ ਅਨੂਪ = ਉਪਮਾ ਤੋਂ ਰਹਿਤ ਪਿਆਰੇ ਪਤੀ ਦੇ ਰੂਪ ਨੂੰ ਪੇਖਿ = ਦੇਖ ਕੇ ਦਰਸ਼ਨ ਦੀ ਕਾਮਨਾ ਪੂਰਨ = ਪੂਰੀ ਕਰਿ = ਕਰ ਕੇ ਸੁਖ ਵਿਚ ਸਮਾਨੀ = ਸਮਾਉਂਦੀਆਂ ਹੈਂ ਸੀ।

ਏਈ ਅਖੀਆਂ ਜੁ ਲੀਲਾ ਲਾਲਨ ਕੀ ਇਕ-ਟਕ;
ਅਤਿ ਅਸਚਰਜ ਹੁਇ ਹੇਰਤ ਹਿਰਾਨੀ ਹੈਂ॥

ਏਈ = ਇਹੀ ਉਹ ਅੱਖੀਆਂ ਹਨ, ਜੁ = ਜਿਹੜੀਆਂ ਲਾਲਨ = ਪਿਆਰੇ ਪਤੀ ਕੀ = ਦੀ ਲੀਲ੍ਹਾ ਨੂੰ ਇਕ-ਟਕ = ਗੱਡੀ ਹੋਈ ਨਜ਼ਰ ਨਾਲ ਭਾਵ ਲਗਾਤਾਰ ਹੇਰਤ = ਦੇਖਦੀਆਂ ਸੀ ਤੇ ਅਤਿ = ਅਤਿਅੰਤ ਅਸਚਰਜ ਹੁਇ = ਹੋ ਕੇ ਹਿਰਾਨੀ = ਵਿਸਮਾਦ ਹੋ ਜਾਂਦੀਆਂ ਹੈਂ ਸੀ।

ਏਈ ਅਖੀਆਂ ਜੁ ਬਿਛੁਰਤ ਪ੍ਰਿਅ ਪ੍ਰਾਨਪਤਿ;
ਬਿਰਹ ਬਿਯੋਗ ਰੋਗ ਪੀਰਾ ਕੈ ਪਿਰਾਨੀ ਹੈਂ ॥

ਏਈ = ਇਹੀ ਉਹ ਅੱਖੀਆਂ ਹਨ ਜੁ = ਜਿਹੜੀਆਂ ਪ੍ਰਾਨਪਤਿ = ਪ੍ਰਾਣਾਂ ਦੇ ਮਾਲਕ ਪ੍ਰਿਅ = ਪਿਆਰੇ ਪਤੀ ਦੇ ਬਿਛੁਰਤ = ਵਿੱਛੜਨ ਵੇਲੇ ਪਤੀ ਦੇ ਬਿਰਹ ਬਿਯੋਗ = ਵਿਛੋੜੇ ਕੈ = ਦੇ ਰੋਗ ਦੀ ਪੀਰਾ = ਪੀੜਾ ਨਾਲ ਪਿਰਾਨੀ = ਪੀੜਤ ਹੁੰਦੀਆਂ ਹੈਂ ਸੀ।

ਨਾਸਕਾ ਸ੍ਵਨ ਰਸਨਾ ਮੈ ਅਗ੍ਰਭਾਗ ਹੁਤੀ;
ਏਈ ਅਖੀਆਂ ਸਗਲ ਅੰਗ ਮੈਂ ਬਿਰਾਨੀ ਹੈਂ ॥੬੬੯॥

ਹੇ ਉੱਤਮ ਸਖੀ ! ਪਿਆਰੇ ਪਤੀ ਦੇ ਪ੍ਰੇਮ ਵਿਚ ਨਾਸਕਾ = ਨੱਕ, ਸ੍ਵਨ = ਕੰਨ, ਰਸਨਾ = ਜਿਹਬਾ ਇਨ੍ਹਾਂ ਸਾਰੇ ਅੰਗਾਂ ਮੈ = ਵਿੱਚੋਂ ਅੱਖੀਆਂ ਹੀ ਅਗ੍ਰਭਾਗ = ਅਗਲੇ ਹਿੱਸੇ ਵਿਚ ਭਾਵ ਆਗੂ ਹੁਤੀ = ਹੁੰਦੀਆਂ ਸਨ, ਹੁਣ ਏਈ = ਇਹੀ ਉਹ ਅੱਖੀਆਂ ਹਨ, ਜਿਹੜੀਆਂ ਸਗਲ = ਸਾਰਿਆਂ ਅੰਗਾਂ ਮੈ = ਵਿਚ ਪਤੀ ਵਿਛੋੜੇ ਦੇ ਕਾਰਨ ਬਿਰਾਨੀ = ਬਿਗਾਨੀਆਂ ਹੋ ਗਈਆਂ ਹਨ, ਭਾਵ ਪਤੀ ਕਿਸੇ ਹੋਰ ਵੱਸ ਹੋ ਗਿਆ ਹੈ ਮੈਨੂੰ ਇਹ ਦੁੱਖ ਹੈ ਕਿ ਮੁੜ ਮੇਰਾ ਆਪਣਾ ਕਿਵੇਂ ਹੋਵੇ ॥੬੬੯॥

ਅਰਥ ਨੰ: ੨ (ਅੰਤਰੀਵ ਭਾਵ)

ਏਈ ਅਖੀਆਂ ਜੁ ਪੇਖਿ ਪ੍ਰਥਮ ਅਨੂਪ ਰੂਪ; ਕਾਮਨਾ ਪੂਰਨ ਕਰਿ ਸਹਜ ਸਮਾਨੀ ਹੈਂ ॥

ਹੇ ਸੰਤ ਰੂਪੀ ਉੱਤਮ ਸਖੀ ! ਏਈ = ਇਹੀ ਉਹ ਵੈਰਾਗ ਬਿਬੇਕ ਰੂਪ ਅੱਖੀਆਂ ਹਨ, ਜੁ = ਜਿਹੜੀਆਂ ਪ੍ਰਥਮ = ਪਹਿਲਾਂ ਅਨੂਪ = ਉਪਮਾ ਤੋਂ ਰਹਿਤ ਨਿਰਗੁਣ ਜਾਂ ਸਰਗੁਣ ਬ੍ਰਹਮ ਦੇ ਰੂਪ ਨੂੰ ਪੇਖਿ = ਦੇਖਦੀਆਂ ਸੀ, ਸੰਸਾਰਕ ਕਾਮਨਾਵਾਂ ਪੂਰਨ = ਪੂਰ ਭਾਵ ਬੰਦ ਕਰ ਕੇ ਸਹਜ = ਸ਼ਾਂਤੀ ਵਿਚ ਸਮਾਨੀ = ਸਮਾਉਂਦੀਆਂ ਹੈਂ ਸੀ।

ਏਈ ਅਖੀਆਂ ਜੁ ਲੀਲਾ ਲਾਲਨ ਕੀ ਇਕ-ਟਕ; ਅਤਿ ਅਸਚਰਜ ਹੁਇ ਹੇਰਤ ਹਿਰਾਨੀ ਹੈਂ ॥

ਹੇ ਸੰਤ ਰੂਪ ਉੱਤਮ ਸਖੀ ! ਏਈ = ਇਹੀ ਉਹ ਵੈਰਾਗ ਬਿਬੇਕ ਰੂਪ ਅੱਖੀਆਂ ਹਨ, ਜੁ = ਜਿਹੜੀਆਂ ਲਾਲਨ = ਪਿਆਰੇ ਪਤੀ ਪਰਮਾਤਮਾ ਦੇ ਨਿਰਗੁਣ ਜਾਂ ਸਰਗੁਣ ਸਰੂਪ ਕੀ = ਦੀ ਸੰਸਾਰ ਰੂਪੀ ਲੀਲ੍ਹਾ ਨੂੰ ਇਕ-ਟਕ = ਇਕ-ਰਸ ਦੇਖਦੀਆਂ ਸੀ, ਅਤਿ = ਅਤਿਅੰਤ ਹੀ ਉਸ ਦੀ ਮਾਇਆ ਦੀ ਅਸਚਰਜਤਾ ਨੂੰ ਹੇਰਤ = ਦੇਖ ਕੇ ਹਿਰਾਨੀ = ਹੈਰਾਨ ਹੁਇ = ਹੋ ਰਹੀਆਂ ਹੈਂ ਸੀ।

ਏਈ ਅਖੀਆਂ ਜੁ ਬਿਛੁਰਤ ਪ੍ਰਿਅ ਪ੍ਰਾਨਪਤਿ; ਬਿਰਹ ਬਿਯੋਗ ਰੋਗ ਪੀਰਾ ਕੈ ਪਿਰਾਨੀ ਹੈਂ ॥

ਹੇ ਸੰਤ ਰੂਪ ਉੱਤਮ ਸਖੀ ! ਏਈ = ਇਹੀ ਉਹ ਵੈਰਾਗ ਬਿਬੇਕ ਰੂਪੀ ਅੱਖੀਆਂ ਹਨ, ਜੁ = ਜਿਹੜੀਆਂ ਪ੍ਰਾਨਪਤਿ = ਪ੍ਰਾਣਾਂ ਦੇ ਪਤੀ ਪ੍ਰਿਅ = ਪਿਆਰੇ ਪਰਮੇਸ਼ਰ ਦੇ ਬਿਛੁਰਤ = ਵਿੱਛੜਨ ਨਾਲ ਬਿਰਹ ਬਿਯੋਗ = ਵਿਛੋੜੇ ਦੇ ਰੋਗ ਦੀ ਪੀਰਾ = ਪੀੜਾ ਕੈ = ਕਰਕੇ ਪਿਰਾਨੀ = ਪੀੜਤ ਹੁੰਦੀਆਂ ਹੈਂ ਸੀ।

ਨਾਸਕਾ ਸ੍ਵਨ ਰਸਨਾ ਮੈ ਅਗ੍ਰਭਾਗ ਹੁਤੀ; ਏਈ ਅਖੀਆਂ ਸਗਲ ਅੰਗ ਮੈਂ ਬਿਰਾਨੀ ਹੈਂ ॥੬੬੯॥

ਹੇ ਸੰਤ ਰੂਪ ਉੱਤਮ ਸਖੀ ! ਸੁਆਸ ਚੜ੍ਹਾਉਣ ਰੂਪੀ ਨਾਸਕਾਂ, ਸ੍ਵਨ ਸਾਧਨ ਰੂਪ ਸ੍ਵਨ = ਕੰਨ, ਪ੍ਰੀਤ

ਰੂਪ ਰਸਨਾ = ਜੀਭ ਇਨ੍ਹਾਂ ਸਾਰਿਆਂ ਮੈ = ਵਿੱਚੋਂ ਵੈਰਾਗ ਬਿਬੇਕ ਰੂਪ ਨੇਤਰ ਅਗ੍ਰਭਾਗ = ਅਗਲੇ ਹਿੱਸੇ ਭਾਵ ਆਗੂ ਹੁਤੀ = ਹੁੰਦੇ ਸੀ, ਏਈ = ਇਹੀ ਉਹ ਵੈਰਾਗ ਬਿਬੇਕ ਰੂਪੀ ਅੱਖੀਆਂ ਹਨ, ਜਿਹੜੀਆਂ ਹੁਣ ਪ੍ਰਭੂ ਪ੍ਰਾਪਤੀ ਦੇ ਸਗਲ = ਸਾਰਿਆਂ ਅੰਗਾਂ ਮੈ = ਵਿੱਚੋਂ ਬਿਰਾਨੀ = ਬਿਗਾਨੀਆਂ ਹੋ ਗਈਆਂ ਹੈਂ = ਹਨ ਭਾਵ ਇਹ ਸਾਧਨ ਹੁਣ ਕਿਸੇ ਹੋਰ ਕੋਲ ਚਲੇ ਗਏ ॥੬੬੯॥

ਇਕ-ਟਕ ਧਿਆਨ ਹੁਤੇ ਚੰਦ੍ਰਮੇ ਚਕੋਰ ਗਤਿ;
ਪਲ ਨ ਲਗਤ, ਸੁਪਨੈ ਹੂੰ ਨ ਦਿਖਾਈਐ ॥

ਹੇ ਉੱਤਮ ਸਖੀ ! ਚਕੋਰ ਦੀ ਚੰਦਰਮਾ ਵਿਚ ਧਿਆਨ ਟਿਕਾ ਕੇ ਦੇਖਣ ਦੀ ਗਤਿ = ਹਾਲਤ ਵਾਂਗ ਕਦੇ ਮੈਨੂੰ ਭੀ ਪਿਆਰੇ ਪਤੀ ਦੇ ਇਕ-ਟਕ = ਇਕ-ਰਸ ਭਾਵ ਲਗਾਤਾਰ ਦਰਸ਼ਨ ਹੁਤੇ = ਹੁੰਦੇ ਸਨ, ਇਕ ਪਲ = ਪਲਕ ਵੀ ਨ = ਨਹੀਂ ਸੀ ਲਗਤ = ਲੱਗਦੀ, ਪਰ ਹੁਣ ਸੁਪਨੈ = ਸੁਪਨੇ ਵਿਚ ਵੀ ਪਿਆਰੇ ਪਤੀ ਜੀ ਦਰਸ਼ਨ ਨ = ਨਹੀਂ ਦਿਖਾਈਐ = ਦਿਖਾਉਂਦੇ।

ਅੰਮ੍ਰਿਤ ਬਚਨ ਧੁਨਿ ਸੁਨਤ ਹੀ ਬਿਦ੍ਯਮਾਨ;
ਤਾ ਮੁਖ ਸੰਦੇਸੋ ਪਥਕਨ ਪੈ ਨ ਪਾਈਐ ॥

ਹੇ ਉੱਤਮ ਸਖੀ ! ਉਦੋਂ ਪਿਆਰੇ ਪਤੀ ਦੇ ਮੁੱਖੋਂ ਅੰਮ੍ਰਿਤ ਬਚਨਾਂ ਦੀ ਧੁਨਿ = ਧੁਨੀ ਭਾਵ ਅਵਾਜ਼ ਬਿਦ੍ਯਮਾਨ = ਪ੍ਰਤੱਖ ਹੀ ਸੁਨਤ = ਸੁਣੀਦੀ ਸੀ, ਪਰ ਹੁਣ ਤਾਂ ਉਸ ਪਿਆਰੇ ਪਤੀ ਦੇ ਮੁੱਖ ਦੇ ਸੰਦੇਸੋ = ਸੁਨੇਹੇ ਪਥਕਨ ਪੈ = ਰਾਹੀਆਂ ਤੋਂ ਭੀ ਨ = ਨਹੀਂ ਪਾਈਐ = ਪਾਈਦੇ।

ਸਿਹਜਾ ਸਮੈ ਨ ਉਰ ਅੰਤਰਿ ਸਮਾਤੋ ਹਾਰ;
ਅਨਿਕ ਪਹਾਰ ਓਟ ਭਏ, ਕੈਸੇ ਜਾਈਐ ॥

ਹੇ ਉੱਤਮ ਸਖੀ ! ਪਿਆਰੇ ਪਤੀ ਦੇ ਨਾਲ ਸਿਹਜਾ ਤੇ ਮਿਲਾਪ ਸਮੈ = ਵੇਲੇ ਉਦੋਂ ਗਲੇ ਅੰਤਰ = ਵਿਚ ਹਾਰ ਭੀ ਉਰ = ਛਾਤੀ ਨਾਲ ਨ = ਨਹੀਂ ਸੀ ਸਮਾਤੋ = ਸਮਾਉਂਦੇ, ਪਰ ਹੁਣ ਅਨਿਕ = ਅਨੇਕਾਂ ਪਹਾਰ = ਪਹਾੜ ਸਾਡੇ ਵਿਚਾਲੇ ਓਟ = ਓਹਲਾ ਬਣੇ ਭਏ = ਹੋਏ ਹਨ, ਪਤੀ ਕੋਲ ਕੈਸੇ = ਕਿਵੇਂ ਜਾਈਐ = ਜਾਣਾ ਕਰਾਂ ?

ਸਹਜ ਸੰਜੋਗ ਭੋਗ ਰਸ ਪਰਤਾਪ ਹੁਤੇ;
ਬਿਰਹ ਬਿਯੋਗ ਸੋਗ ਰੋਗ ਬਿਲਲਾਈਐ ॥੬੭੦॥

ਹੇ ਉੱਤਮ ਸਖੀ ! ਉਦੋਂ ਮੈਨੂੰ ਸਹਜ = ਸੁਤੇ-ਸਿਧ ਹੀ ਪਿਆਰੇ ਪਤੀ ਦੇ ਸੰਜੋਗ = ਮਿਲਾਪ ਰੂਪੀ ਭੋਗ ਦੇ ਰਸ = ਆਨੰਦ ਦਾ ਪ੍ਰਤਾਪ ਪ੍ਰਾਪਤ ਹੁਤੇ = ਹੁੰਦਾ ਸੀ, ਪਰ ਹੁਣ ਬਿਰਹ ਬਿਯੋਗ = ਵਿਛੋੜੇ ਦੇ ਦੁੱਖ ਰੂਪੀ ਰੋਗ ਦੇ ਸੋਗ = ਗ਼ਮ ਵਿਚ ਬਿਲਲਾਈਐ = ਵਿਰਲਾਪ ਕਰ ਰਹੀ ਹਾਂ ॥੬੭੦॥

ਪਿਛਲੇ ਪ੍ਰਕਰਣ ਅਨੁਸਾਰ ਬਿਰਹਨੀ ਇਸਤਰੀ ਦਾ ਪ੍ਰਮਾਣ ਦੇ ਕੇ ਹੁਣ ਅੰਤਰੀਵ ਭਾਵ ਵਿਚ ਜਗਿਆਸੂ ਦੀ ਬਿਰਹੁ ਅਵਸਥਾ ਦਾ ਕਥਨ ਕਰਦੇ ਹਨ :

ਅਰਥ ਨੰ: ੨ (ਅੰਤਰੀਵ ਭਾਵ)

ਇਕ-ਟਕ ਧਿਆਨ ਹੁਤੇ ਚੰਦ੍ਰਮੇ ਚਕੋਰ ਗਤਿ;
ਪਲ ਨ ਲਗਤ, ਸੁਪਨੈ ਹੂੰ ਨ ਦਿਖਾਈਐ ॥

ਹੇ ਸੰਤ ਰੂਪ ਉੱਤਮ ਸਖੀ! ਚਕੋਰ ਦੀ ਗਤਿ = ਰੀਤ ਅਨੁਸਾਰ ਮੇਰਾ ਮਨ ਰੂਪੀ ਚਕੋਰ ਚੰਦਰਮਾ ਦੀ ਨਿਆਈਂ ਕਦੇ ਪਤੀ ਪਰਮਾਤਮਾ ਦੇ ਧਿਆਨ ਵਿਚ ਇਕ-ਟਕ = ਇਕ-ਰਸ ਰਹਿੰਦਾ ਹੁਤੇ = ਹੁੰਦਾ ਸੀ, ਭਾਵ ਇਕ-ਰਸ ਸਮਾਧੀ ਵਿਚ ਰਹਿੰਦਾ ਸੀ, ਹੁਣ ਧਿਆਨ ਵਿਚ ਇਤਨੀ ਸਿਥਲਤਾ ਆ ਗਈ ਕਿ ਪਲ ਭਰ ਵੀ ਧਿਆਨ ਲਗਤ = ਲੱਗਦਾ ਨਹੀਂ ਹੈ। ਹੁਣ ਤਾਂ ਸੁਪਨੇ ਰੂਪ ਸਮਾਧੀ ਵਿਚ ਹੂੰ = ਵੀ ਪਤੀ ਪਰਮਾਤਮਾ ਜੀ ਸਖਿਅਤਤਾ ਰੂਪ ਦਰਸ਼ਨ ਨਹੀਂ ਦਿਖਾਈਐ = ਦਿਖਾਉਂਦੇ।

ਅੰਮ੍ਰਿਤ ਬਚਨ ਧੁਨਿ ਸੁਨਤ ਹੀ ਬਿਦਮਾਨ;
ਤਾ ਮੁਖ ਸੰਦੇਸੋ ਪਥਕਨ ਪੈ ਨ ਪਾਈਐ ॥

ਹੇ ਸੰਤ ਰੂਪ ਉੱਤਮ ਸਖੀ! ਉਦੋਂ ਅੰਮ੍ਰਿਤ ਨਾਮ ਰੂਪੀ ਬਚਨ ਦੀ ਧੁਨੀ ਬਿਦਮਾਨ = ਪ੍ਰਤੱਖ ਹੀ ਸੁਨਤ = ਸੁਣੀਂਦੀ ਸੀ, ਹੁਣ ਤਾਂ ਮੁਖ ਦੁਆਰਾ ਵੀ ਨਾਮ ਦਾ ਸੰਦੇਸੋ = ਸੁਨੇਹਾ ਕਿਸੇ ਗਿਆਨਵਾਨ ਰੂਪੀ ਪਥਕਨ = ਰਾਹੀ ਪੈ = ਕੋਲੋਂ ਵੀ ਪਾਈਐ = ਪ੍ਰਾਪਤ ਨ = ਨਹੀਂ ਹੁੰਦਾ।

ਸਿਹਜਾ ਸਮੈ ਨ ਉਰ ਅੰਤਰਿ ਸਮਾਤੋ ਹਾਰ;
ਅਨਿਕ ਪਹਾਰ ਓਟ ਭਏ, ਕੈਸੇ ਜਾਈਐ ॥

ਹੇ ਸੰਤ ਰੂਪ ਉੱਤਮ ਸਖੀ! ਪਹਿਲਾਂ ਅੰਤਸ਼ਕਰਣ ਦੀ ਸਿਹਜਾ = ਸੇਜਾ ਉੱਤੇ ਇਕਾਗਰਤਾ ਰੂਪ ਸੰਜੋਗ ਸਮੇਂ ਥੋੜ੍ਹਾ ਜਿਹਾ ਵੀ ਹਾਰ ਰੂਪ ਅੰਤਰਾ ਉਰ = ਹਿਰਦੇ ਵਿਚ ਸਮਾਤੋ = ਸਮਾਉਂਦਾ ਨਹੀਂ ਸੀ ਭਾਵ ਇਤਨੀ ਸਖਿਅਤਤਾ ਪ੍ਰਾਪਤ ਸੀ, ਹੁਣ ਬਿਰਤੀ ਦੀ ਸਿਥਲਤਾ ਦਾ ਕਾਰਨ ਅਨਿਕ = ਅਨੇਕਾਂ ਭਾਵ ਪੰਜੇ ਕੋਸ਼ਾਂ ਰੂਪੀ ਪਹਾਰ = ਪਹਾੜਾਂ ਕਰਕੇ ਮੈਂ ਪਰਮਾਤਮਾ ਦੀ ਸਾਖਿਆਤਤਾ ਤੋਂ ਓਟ = ਓਹਲਾ ਭਏ = ਹੋ ਗਿਆ ਹਾਂ, ਹੁਣ ਕੈਸੇ = ਕਿਸ ਪ੍ਰਕਾਰ ਬਿਰਤੀ ਅੰਤਰਮੁਖ ਹੋਣ ਰੂਪ ਜਾਈਐ = ਜਾਵੇ ?

ਸਹਜ ਸੰਜੋਗ ਭੋਗ ਰਸ ਪਰਤਾਪ ਹੁਤੇ;
ਬਿਰਹ ਬਿਯੋਗ ਸੋਗ ਰੋਗ ਬਿਲਲਾਈਐ ॥੬੭੦॥

ਹੇ ਸੰਤ ਰੂਪ ਉੱਤਮ ਸਖੀ! ਉਦੋਂ ਮੈਨੂੰ ਸਹਜ = ਸੁਤੇ-ਸਿਧ ਹੀ ਪਿਆਰੇ ਪਤੀ ਪਰਮਾਤਮਾ ਦੇ ਸੰਜੋਗ = ਮਿਲਾਪ, ਭਾਵ ਸਖਿਅਤਤਾ ਰੂਪੀ ਭੋਗ ਦੇ ਰਸ = ਆਨੰਦ ਦਾ ਪਰਤਾਪ = ਪ੍ਰਭਾਵ ਪ੍ਰਾਪਤ ਹੁਤੇ = ਹੁੰਦਾ ਸੀ, ਹੁਣ ਬਿਰਹ ਬਿਯੋਗ = ਵਿਛੋੜੇ ਦੇ ਦੁੱਖ ਰੂਪੀ ਰੋਗ ਦੇ ਸੋਗ = ਗ਼ਮ ਵਿਚ ਬਿਲਲਾਈਐ = ਵਿਰਲਾਪ ਕਰ ਰਹੀ ਹਾਂ, ਭਾਵ ਇਉਂ ਮੇਰੀ ਜ਼ਿੰਦਗੀ ਰਾਤ ਦਿਨ ਵਿਛੋੜੇ ਦੀ ਅੱਗ ਵਿਚ ਵਿਰਲਾਪ ਕਰ ਰਹੀ ਹੈ, ਤੂੰ ਮੈਨੂੰ ਪਤੀ ਪਰਮਾਤਮਾ ਨਾਲ ਮਿਲਾਉਣ ਦਾ ਕੋਈ ਜਤਨ ਕਰ ॥੬੭੦॥

ਜਾ ਕੈ ਏਕ ਫਨ ਪੈ ਧਰਨਿ ਹੈ ਸੋ ਧਰਨੀਧਰ;
ਤਾਹਿ ਗਿਰਧਰ ਕਹੈ ਕੌਨ ਬਡਿਆਈ ਹੈ ॥

ਜਾ = ਜਿਸ ਕਰਤਾਰ ਨੇ ਏਕ = ਇਕ ਸ਼ੇਸ਼ਨਾਗ ਕੈ = ਦੇ ਫਨ ਪੈ = ਉੱਤੇ ਧਰਨਿ = ਧਰਤੀ ਰੱਖੀ ਹੋਈ

ਹੈ, ਧਰਨੀਧਰ = ਧਰਤੀ ਦੇ ਧਾਰਨ ਵਾਲਾ ਸ਼ੇਸ਼ਨਾਗ ਭਾਵ ਧਰਨੀਧਰ ਤਾਂ ਸੋ = ਉਹ ਸ਼ੇਸ਼ਨਾਗ ਹੋਇਆ, ਜੋ ਆਪ ਸਾਰੇ ਸੰਸਾਰ ਦਾ ਸਿਰਜਣਹਾਰਾ ਵਾਹਿਗੁਰੂ ਹੈ, ਸੋ ਤਾਹਿ = ਉਸ ਨੂੰ ਗਿਰਧਰ = ਬ੍ਰਿੰਦਾਬਨ ਦਾ ਪਹਾੜ ਚੁੱਕਣ ਵਾਲਾ ਕ੍ਰਿਸ਼ਨ ਕਹੈ = ਆਖੀਏ ਤਾਂ ਉਸ ਦੀ ਕੌਣ = ਕਿਹੜੀ ਵਡਿਆਈ ਹੈ ?

ਜਾ ਕੋ ਏਕ ਬਾਵਰੋ ਕਹਾਵਤ ਹੈ ਬਿਸ੍ਵਨਾਥ;
ਤਾਹਿ ਬ੍ਰਿਜਨਾਥ ਕਹੈ ਕੌਨ ਅਧਿਕਾਈ ਹੈ ॥

ਜਾ ਕੋ = ਜਿਸ ਦਾ ਏਕ = ਇਕ ਬਾਵਰੋ = ਬਾਵਲਾ (ਮਸਤਾਨਾ) ਜਿਹਾ ਰਚਿਆ ਹੋਇਆ ਦੇਵਤਾ ਸ਼ਿਵਜੀ ਹੈ, ਜੋ ਬਿਸ੍ਵਨਾਥ = ਸੰਸਾਰ ਦਾ ਮਾਲਕ ਕਹਾਵਤ = ਕਹਾਉਂਦਾ ਹੈ, ਤਾਹਿ = ਉਸ ਨੂੰ ਬ੍ਰਿਜਨਾਥ = ਵਜ੍ ਭੂਮੀ ਦਾ ਸੁਆਮੀ ਕ੍ਰਿਸ਼ਨ ਕਹੈ = ਆਖੀਏ ਤਾਂ ਉਸ ਦੀ ਕੌਨ = ਕਿਹੜੀ ਅਧਿਕਾਈ = ਵਡਿਆਈ ਹੈ ?

ਸਗਲ ਅਕਾਰ ਓਂਕਾਰ ਕੇ ਬਿਥਾਰੇ ਜਿਨ;
ਤਾਹਿ ਨੰਦ ਨੰਦ ਕਹੈ ਕਉਨ ਠਕੁਰਾਈ ਹੈ ॥

ਜਿਨ = ਜਿਸ ਨੇ ਸਗਲ = ਸਾਰੇ ਅਕਾਰ **ਵਾ:** ਰੂਪ ਦਾ ਪਸਾਰਾ ਇਕ ਆਪਣੇ ਓਅੰਕਾਰ ਕੇ = ਦੇ ਅੱਖਰ ਤੋਂ ਬਿਥਾਰੇ = ਫੈਲਾਇਆ ਹੈ, ਤਾਹਿ = ਉਸ ਨੂੰ ਨੰਦ ਨੰਦ = ਨੰਦ ਦਾ ਪੁੱਤਰ ਕ੍ਰਿਸ਼ਨ ਕਹੈ = ਆਖੀਏ ਤਾਂ ਉਸ ਦੀ ਕਉਨ = ਕਿਹੜੀ ਠਕੁਰਾਈ = ਪ੍ਰਧਾਨਤਾ ਭਾਵ ਵਡਿਆਈ ਹੈ। ਜੈਸਾ ਕਿ :

ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ ॥
ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ ॥੧॥ਰਹਾਉ॥
ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ ॥
ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ ॥੨॥੧੯॥੭੦॥

(ਅੰਗ ੩੩੯)

ਉਸਤਤਿ ਜਾਨਿ ਨਿੰਦਾ ਕਰਤ ਅਗਿਆਨਿ ਅੰਧ;
ਐਸੇ ਹੀ ਅਰਾਧਨ ਤੇ ਮੋਨ ਸੁਖਦਾਈ ਹੈ ॥੬੭੧॥

ਇਸੇ ਤਰ੍ਹਾਂ ਅਗਿਆਨ ਵਿਚ ਅੰਧ = ਅੰਨ੍ਹੇ ਹੋਏ ਲੋਕ ਪਰਮਾਤਮਾ ਦੀ ਉਸਤਤਿ = ਵਡਿਆਈ, ਸ਼ਲਾਘਾ ਜਾਣ ਕੇ **ਵਾ:** ਸਮਝ ਕੇ ਨਿੰਦਾ = ਨਿੰਦਿਆ ਕਰਤ = ਕਰੀ ਜਾਂਦੇ ਹਨ। ਭਾਈ ਸਾਹਿਬ ਜੀ ਕਥਨ ਕਰਦੇ ਹਨ ਕਿ ਐਸੇ = ਇਹੋ ਜਿਹੇ ਅਰਾਧਨ = ਸਿਮਰਨ ਨਾਲੋਂ ਸਾਡੇ ਭਾਣੇ ਤਾਂ ਮੋਨ = ਚੁੱਪ ਹੀ ਸੁਖਦਾਈ = ਸੁਖ ਦੇਣ ਵਾਲੀ ਹੈ ਭਾਵ ਚੁੱਪ ਹੀ ਭਲੀ ਹੈ ॥੬੭੧॥ ਜੈਸਾ ਕਿ :

ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥ *(ਅੰਗ ੭੯੫)*

ਨਖ ਸਿਖ ਲਉ ਸਗਲ ਅੰਗ ਰੋਮ ਰੋਮ ਕਰਿ;
ਕਾਟਿ ਕਾਟਿ ਸਿਖਨ ਕੇ ਚਰਨ ਪਰ ਵਾਰੀਐ ॥

ਨਖ = ਨਹੁੰ ਤੋਂ ਲੈ ਕੇ ਸਿਰ ਦੀ ਸਿਖ = ਚੋਟੀ ਲਉ = ਤਕ ਆਪਣੇ ਸਗਲ = ਸਾਰੇ ਅੰਗਾਂ ਨੂੰ ਕਾਟਿ

ਕਾਟਿ = ਕੱਟ ਕੱਟ ਕੇ ਰੋਮ ਰੋਮ = ਵਾਲ ਵਾਲ ਜਿਤਨੇ ਕਰਿ = ਕਰ ਕੇ ਸਿਖਨ = ਗੁਰਸਿੱਖਾਂ ਕੇ = ਦੇ ਚਰਨਾਂ ਪਰ = ਉੱਪਰ ਵਾਰੀਐ = ਵਾਰ ਦੇਣਾ ਕਰੀਏ। ਅਤੇ :

ਅਗਨਿ ਜਲਾਇ, ਫੁਨਿ ਪੀਸਨ ਪਸਾਇ ਤਾਂਹਿ;
ਲੈ ਉਡੈ ਪਵਨ ਹੁਇ ਅਨਿਕ ਪ੍ਰਕਾਰੀਐ ॥

ਅੰਗਾਂ ਦੇ ਉਨ੍ਹਾਂ ਟੋਟਿਆਂ ਨੂੰ ਅਗਨਿ = ਅੱਗ ਨਾਲ ਜਲਾਇ = ਸਾੜ ਕੇ ਫੁਨਿ = ਫੇਰ ਤਾਂਹਿ = ਉਸੇ ਸੜੇ ਹੋਏ ਟੋਟਿਆਂ ਨੂੰ ਪੀਸਨ ਪਸਾਇ = ਚੱਕੀ ਵਿਚ ਪੀਹ ਦੇਈਏ, ਜੋ ਪਵਨ = ਵਾਯੂ (ਹਵਾ) ਉਨ੍ਹਾਂ ਨੂੰ ਲੈ ਕੇ ਉਡੈ = ਉੱਡੇ ਤੇ ਉਹ ਅਨਿਕ = ਅਨੇਕ ਪ੍ਰਕਾਰੀਐ = ਪ੍ਰਕਾਰ ਦੇ ਹੁਇ = ਹੋ ਕੇ ਫੈਲ ਜਾਵੇ।

ਜਤ ਕਤ ਸਿਖ ਪਗ ਧਰੈ ਗੁਰ ਪੰਥ ਪ੍ਰਾਤ;
ਤਾਹੂ ਤਾਹੂ ਮਾਰਗ ਮੈ ਭਸਮ ਕੋ ਡਾਰੀਐ ॥

ਜਤ ਕਤ = ਜਿਥੇ ਕਿਤੇ ਗੁਰਸਿੱਖ ਪ੍ਰਾਤ = ਸਵੇਰ ਵੇਲੇ ਉੱਠ ਕੇ ਗੁਰ = ਗੁਰੂ ਵੱਲ ਨੂੰ ਜਾਂਦੇ ਹੋਏ ਪੰਥ = ਰਸਤੇ ਵਿਚ ਪਗ = ਪੈਰ ਧਰਦੇ ਹਨ, ਤਾਹੂ ਤਾਹੂ = ਉਸ ਉਸ ਮਾਰਗ = ਰਸਤੇ ਮੈ = ਵਿਚ ਉਸ ਅੰਗਾਂ ਦੀ ਭਸਮ = ਸੁਆਹ ਕੋ = ਨੂੰ ਡਾਰੀਐ = ਸੁੱਟ ਦਿਉ।

ਤਿਹ ਪਦ ਪਾਦਕ ਚਰਨ ਲਿਵ ਲਾਗੀ ਰਹੈ;
ਦਇਆ ਕੈ ਦਇਆਲ ਮੋਹਿ ਪਤਿਤ ਉਧਾਰੀਐ ॥੬੭੨॥

ਤਾਂ ਜੋ ਗੁਰੂ ਦੇ ਮਾਰਗ 'ਤੇ ਪਾਦਕ = ਚੱਲਣ ਵਾਲੇ ਤਿਹ = ਉਨ੍ਹਾਂ ਗੁਰਸਿੱਖਾਂ ਦੇ ਪਦ = ਪੈਰਾਂ ਨਾਲ ਮੇਰੀ ਲਿਵ = ਪ੍ਰੀਤ ਲਾਗੀ = ਲੱਗੀ ਰਹੇ ਤੇ ਮੈਂ ਬੇਨਤੀ ਕਰਦਾ ਰਹਾਂ ਕਿ ਹੇ ਦਇਆ ਕੈ = ਦੇ ਘਰ ਦਇਆਲ = ਦਿਆਲੂ ਗੁਰਸਿੱਖੋ! ਮੋਹਿ = ਮੈਨੂੰ ਪਤਿਤ = ਪਾਪੀ ਨੂੰ ਭੀ ਇਸ ਸੰਸਾਰ-ਸਮੁੰਦਰ ਤੋਂ ਉਧਾਰੀਐ = ਉਧਾਰਣਾ ਕਰੋ ਭਾਵ ਮੇਰੇ ਪਾਪੀ ਦਾ ਵੀ ਪਾਰ ਉਤਾਰਾ ਕਰੋ ॥੬੭੨॥

ਪੰਜ ਬਾਰ ਗੰਗ ਜਾਇ, ਬਾਰ ਪੰਚ ਪ੍ਰਾਗ ਨ੍ਹਾਇ;
ਤੈਸਾ ਪੁੰਨ ਏਕ ਗੁਰਸਿਖ ਕਉ ਨ੍ਹਵਾਏ ਕਾ ॥

ਜਿਤਨਾ ਪੁੰਨ ਪੰਚ = ਪੰਜ ਵਾਰੀ ਗੰਗਾ 'ਤੇ ਜਾਇ = ਜਾ ਕੇ ਇਸ਼ਨਾਨ ਕਰਨ ਤੋਂ ਤੇ ਪੰਜ ਵਾਰੀ ਪ੍ਰਾਗ = ਪ੍ਰਯਾਗ[1] ਤੀਰਥ 'ਤੇ ਨ੍ਹਾਇ = ਇਸ਼ਨਾਨ ਕਰੇ ਤੋਂ ਹੁੰਦਾ ਹੈ, ਤੈਸਾ = ਤਿਹੋ ਜਿਹਾ ਭਾਵ ਉਤਨਾ

---

੧. ਯੂ.ਪੀ. ਵਿਚ ਗੰਗਾ ਜਮੁਨਾ ਦੇ ਸੰਗਮ ਦਾ ਇਕ ਪ੍ਰਸਿੱਧ ਤੀਰਥ, ਜਿਥੇ ਸਰਸ੍ਵਤੀ ਨਦੀ ਦਾ ਗੁਪਤ ਸੰਗਮ ਮੰਨਿਆ ਜਾਂਦਾ ਹੈ। ਪੁਰਾਣਾਂ ਅਨੁਸਾਰ ਜਦ ਸੰਖਾਸੁਰ ਪਾਸੋਂ ਵਿਸ਼ਨੂੰ ਜੀ ਨੇ ਵੇਦ ਵਾਪਸ ਲਿਆ ਕੇ ਬ੍ਰਹਮਾ ਨੂੰ ਦਿੱਤੇ, ਤਦ ਉਸ ਨੇ ਅਸ਼੍ਵਮੇਧ ਯੱਗ ਇਥੇ ਕੀਤਾ, ਜਿਸ ਤੋਂ ਨਾਮ 'ਪ੍ਰਯਾਗ' ਹੋ ਗਿਆ ਅਤੇ ਪ੍ਰਯਾਗ ਤੀਰਥ ਤੋਂ ਸ਼ਹਿਰ ਦਾ ਨਾਮ ਭੀ ਪ੍ਰਯਾਗ ਹੋਇਆ ਹੈ, ਜੋ ਹੁਣ 'ਅਲਾਹਾਬਾਦ' ਕਰਕੇ ਪ੍ਰਸਿੱਧ ਹੈ। ਪ੍ਰਯਾਗ ਇਕ ਅਕਸ਼ਵਟ ਸੀ, ਜਿਸ ਤੋਂ ਡਿੱਗ ਕੇ ਮਰਨਾ ਹਿੰਦੂ ਮੁਕਤੀ ਦਾ ਸਾਧਨ ਜਾਣਦੇ ਸਨ। ਬਾਦਸ਼ਾਹ ਜਹਾਂਗੀਰ ਨੇ ਇਹ ਬੋਹੜ ਕਟਵਾ ਦਿੱਤਾ ਸੀ। ਇਸ ਨਗਰ ਦੇ ਮੁਹੱਲਾ 'ਅਹਿਯਾਪੁਰ' ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਗੁਰਦੁਆਰਾ 'ਪੱਕੀ ਸੰਗਤ' ਨਾਮ ਤੋਂ ਪ੍ਰਸਿੱਧ ਹੈ, ਜਿਸ ਦਾ ਪ੍ਰਬੰਧ ਹੁਣ ਨਿਰਮਲ ਸੰਪ੍ਰਦਾ ਕੋਲ ਹੈ।

ਪੁੰਨ = ਫਲ (ਪਵਿੱਤਰ ਫਲ ਦੇਣ ਵਾਲਾ ਕਰਮ) ਏਕ = ਇਕ ਗੁਰਸਿੱਖ ਕਉ = ਨੂੰ ਨ੍ਹਵਾਏ = ਇਸ਼ਨਾਨ ਕਰਾਉਣ ਕਾ = ਦਾ ਹੁੰਦਾ ਹੈ।

ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ;
ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ ॥

ਗੁਰਸਿੱਖ ਕਉ = ਨੂੰ ਭਾਉ = ਪ੍ਰੇਮ ਕਰਕੇ ਭਾਵ ਪ੍ਰੇਮ ਨਾਲ ਪਾਨੀ = ਜਲ ਪਿਲਾਇ = ਪਿਲਾਉਣ ਦਾ ਪੁੰਨ ਫਲ ਕੁਰਖੇਤ = ਕੁਰਖੇਤਰ ਯਾਤਰਾ ਦੇ ਬਰਾਬਰ ਤੇ ਗੁਰਸਿੱਖ ਕਉ = ਨੂੰ ਜਿਵਾਏ ਕਾ = ਭੋਜਨ ਛਕਾਉਣ ਦਾ ਪੁੰਨ ਫਲ ਅਸ੍ਵਮੇਧ ਯੱਗ ਜਿਤਨਾ ਹੁੰਦਾ ਹੈ।

ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ;
ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ ॥

ਜੈਸੇ = ਜਿਸ ਪ੍ਰਕਾਰ ਜਿਤਨਾ ਪੁੰਨ ਫਲ ਸਤ = ਸੌ ਮੰਦਰ ਕੰਚਨ = ਸੋਨੇ ਕੇ = ਦੇ ਉਸਾਰ = ਬਣਾ ਕੇ ਦੀਨੇ = ਦਾਨ ਕਰ ਦਿੱਤੇ ਜਾਣ ਦਾ ਹੁੰਦਾ ਹੈ, ਤੈਸਾ = ਤਿਹੋ ਜਿਹਾ ਭਾਵ ਉਤਨਾ ਪੁੰਨ ਫਲ ਗੁਰੂ ਦੇ ਸਿੱਖ ਕਉ = ਨੂੰ ਇਕ ਸ਼ਬਦ ਸਿਖਾਏ = ਸਿਖਾਉਣ ਕਾ = ਦਾ ਹੁੰਦਾ ਹੈ।

ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ;
ਤੈਸਾ ਫਲ ਸਿਖ ਕਉ ਚਾਪਿ ਪਗ ਸੁਆਏ ਕਾ ॥੬੭੩॥

ਜੈਸੇ = ਜਿਸ ਪ੍ਰਕਾਰ ਜਿਤਨਾ ਫਲ ਕਾਹੂ = ਕਿਸੇ ਸਾਧ = ਮਹਾਤਮਾ ਦਾ ਬੀਸ = ਵੀਹ ਵਾਰ ਦਰਸ਼ਨ ਕੀਆ = ਕਰੇ ਤੋਂ ਹੁੰਦਾ ਹੈ, ਤੈਸਾ = ਤਿਹੋ ਜਿਹਾ ਭਾਵ ਉਤਨਾ ਫਲ ਗੁਰਸਿੱਖ ਦੇ ਪਗ = ਚਰਨਾਂ ਕਉ = ਨੂੰ ਚਾਪਿ = ਮੁੱਠੀ ਚਾਪੀ ਕਰ ਕੇ **ਵਾ:** ਚਾਪਿ = ਦਬਾ ਕੇ ਸੁਆਏ = ਸੁਆਉਣ ਕਾ = ਦਾ ਹੁੰਦਾ ਹੈ ॥੬੭੩॥

ਜੈਸੇ ਤਉ ਅਨੇਕ ਰੋਗੀ ਆਵਤ ਹੈਂ ਬੈਦ ਗ੍ਰਿਹਿ;
ਜੈਸੋ ਜੈਸੋ ਰੋਗ ਤੈਸੋ ਅਉਖਧੁ ਖਵਾਵਈ ॥

ਜੈਸੇ = ਜਿਸ ਪ੍ਰਕਾਰ ਵੈਦ ਦੇ ਗ੍ਰਿਹਿ = ਘਰ ਅਨੇਕਾਂ ਤਰ੍ਹਾਂ ਦੇ ਰੋਗੀ ਆਵਤ = ਆਉਂਦੇ ਹਨ ਤਉ = ਤਾਂ ਵੈਦ ਉਨ੍ਹਾਂ ਰੋਗੀਆਂ ਦੇ ਰੋਗ ਦੀ ਪਛਾਣ ਕਰ ਕੇ ਜੈਸੋ ਜੈਸੋ = ਜਿਹੋ ਜਿਹੋ ਜਿਹਾ ਕਿਸੇ ਦਾ ਰੋਗ ਹੁੰਦਾ ਹੈ, ਤੈਸੋ = ਉਹੋ ਉਹੋ ਜਿਹੀ ਅਉਖਧੁ = ਦਵਾਈ ਵੈਦ, ਰੋਗੀ ਨੂੰ ਖਵਾਵਈ = ਖੁਵਾਉਂਦਾ ਹੈ।

ਜੈਸੇ ਰਾਜ ਦ੍ਵਾਰ ਲੋਗ ਆਵਤ ਸੇਵਾ ਨਮਿਤ;
ਜੋਈ ਜਾਹੀਂ ਜੋਗ ਤੈਸੀ ਟਹਿਲ ਬਤਾਵਈ ॥

ਜੈਸੇ = ਜਿਸ ਪ੍ਰਕਾਰ ਰਾਜ ਦੁਆਰ ਦੇ ਅੰਦਰ ਸੇਵਾ = ਟਹਿਲ, ਭਾਵ ਨੌਕਰੀ ਨਮਿਤ = ਵਾਸਤੇ ਅਨੇਕਾਂ ਲੋਗ = ਲੋਕ ਆਵਤ = ਆਉਂਦੇ ਹਨ, ਪਰ ਜੋਈ = ਜਿਹੜਾ ਜਾਹੀਂ = ਜਿਸ ਸੇਵਾ ਦੇ ਯੋਗ ਹੁੰਦਾ ਹੈ, ਉਸ

ਨੂੰ ਤੈਸੀ = ਉਸੇ ਤਰ੍ਹਾਂ ਦੀ ਟਹਿਲ = ਸੇਵਾ ਬਤਾਵਈ = ਦੱਸੀ ਜਾਂਦੀ ਹੈ, ਭਾਵ ਜਿਹੋ ਜਿਹੀ ਨੌਕਰੀ ਦੇ ਕੋਈ ਲਾਇਕ ਹੋਵੇ, ਉਸ ਨੂੰ ਉਹੋ ਜਿਹੀ ਨੌਕਰੀ 'ਤੇ ਲਾ ਲਿਆ ਜਾਂਦਾ ਹੈ।

ਜੈਸੇ ਦਾਤਾ ਪਾਸ ਜਨ ਅਰਥੀ ਅਨੇਕ ਆਵੈਂ;
ਜੋਈ ਜੋਈ ਜਾਚੈ ਦੇ ਦੇ ਦੁਖਨ ਮਿਟਾਵਈ ॥

ਜੈਸੇ = ਜਿਸ ਪ੍ਰਕਾਰ ਦਾਤਾ = ਦਾਨ ਦੇਣ ਵਾਲੇ ਪੁਰਸ਼ ਪਾਸ = ਕੋਲ ਅਨੇਕਾਂ ਅਰਥੀ = ਲੋੜਵੰਦ ਜਨ = ਪੁਰਸ਼ ਆਵੈ = ਆਉਂਦੇ ਹਨ ਤੇ ਜੋਈ ਜੋਈ = ਜੋ ਜੋ ਉਹ ਜਾਚੈ = ਮੰਗਦੇ ਹਨ, ਲੋੜ ਅਨੁਸਾਰ ਦਾਨ ਦੇਣ ਵਾਲਾ ਪੁਰਸ਼ ਦਾਨ ਦੇ ਦੇ ਕੇ ਉਨ੍ਹਾਂ ਦੇ ਦੁਖਨ = ਦੁੱਖਾਂ ਨੂੰ ਮਿਟਾਵਈ = ਮਿਟਾ ਦਿੰਦਾ ਹੈ।

ਤੈਸੇ ਗੁਰ ਸਰਨ ਆਵਤ ਹੈਂ ਅਨੇਕ ਸਿਖ;
ਜੈਸੋ ਜੈਸੋ ਭਾਉ ਤੈਸੀ ਕਾਮਨਾ ਪੁਜਾਵਈ ॥੬੭੪॥

ਤੈਸੇ = ਉਸੇ ਤਰ੍ਹਾਂ ਗੁਰ = ਸਤਿਗੁਰੂ ਜੀ ਦੀ ਚਰਨ ਸ਼ਰਨ ਵਿਚ ਅਨੇਕਾਂ ਸਿੱਖ ਆਵਤ = ਆਉਂਦੇ ਹਨ, ਪਰ ਜੈਸੋ ਜੈਸੋ = ਜਿਹੋ ਜਿਹੋ ਜਿਹੀ ਉਨ੍ਹਾਂ ਦੀ ਭਾਉ = ਸ਼ਰਧਾ (ਵਿਸ਼ਵਾਸ) ਹੁੰਦੀ ਹੈ, ਤੈਸੀ = ਉਹੋ ਉਹੋ ਜਿਹੀਆਂ ਗੁਰੂ ਜੀ ਉਨ੍ਹਾਂ ਦੀਆਂ ਕਾਮਨਾ = ਇੱਛਾਵਾਂ ਪੁਜਾਵਈ = ਪੂਰਨ ਕਰ ਦਿੰਦੇ ਹਨ ॥੬੭੪॥ ਜੈਸਾ ਕਿ :

ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ ॥ *(ਗਉੜੀ ਵਾਰ, ਮਃ ੪, ਅੰਗ ੩੦੨)*

ਰਾਗ ਜਾਤ ਰਾਗੀ ਜਾਨੈ, ਬੈਰਾਗੈ ਬੈਰਾਗੀ ਜਾਨੈ;
ਤਿਆਗਹਿ ਤਿਆਗੀ ਜਾਨੈ, ਦੀਨ ਦਇਆ ਦਾਨ ਹੈ ॥

ਜਿਸ ਪ੍ਰਕਾਰ ਰਾਗਾਂ ਦੀਆਂ ਜਾਤਾਂ ਬਾਬਤ ਰਾਗੀ ਜਾਨੈ = ਜਾਣਦਾ ਹੈ ਕਿ ਕਿਹੜਾ ਰਾਗ ਕਦੋਂ ਤੇ ਕਿਸ ਵੇਲੇ ਗਾਇਆ ਜਾਂਦਾ ਹੈ, ਬੈਰਾਗੈ = ਵੈਰਾਗ ਸੰਬੰਧੀ ਵੇਰਵਾ ਵੈਰਾਗੀ ਜਾਣਦਾ ਹੈ ਕਿ ਵੈਰਾਗ ਕਿੰਨੇ ਕਿਸਮ ਦਾ ਹੈ ਅਤੇ ਤਿਆਗਹਿ = ਤਿਆਗ ਬਾਬਤ ਤਿਆਗੀ ਜਾਣਦਾ ਹੈ ਤੇ ਦੀਨ = ਗ਼ਰੀਬਾਂ 'ਤੇ ਦਇਆ ਕਿਵੇਂ ਕਰਨੀ ਹੈ, ਇਹ ਦਾਨੀ ਜਾਣਦਾ ਹੈ।

ਜੋਗ ਜੁਗਤਿ ਜੋਗੀ ਜਾਨੈ, ਭੋਗ ਰਸ ਭੋਗੀ ਜਾਨੈ;
ਰੋਗ ਦੋਖ ਰੋਗੀ ਜਾਨੈ ਪ੍ਰਗਟ ਬਖਾਨ ਹੈ ॥

ਜਿਸ ਪ੍ਰਕਾਰ ਜੋਗ ਦੀਆਂ ਜੁਗਤਿ = ਜੁਗਤੀਆਂ ਬਾਰੇ ਜੋਗੀ ਜਾਨੈ = ਜਾਣਦਾ ਹੈ ਕਿ ਕਿਵੇਂ ਦਸਮ ਦੁਆਰ ਵਿਚ ਪ੍ਰਾਣ ਚੜ੍ਹਾਉਣੇ ਹਨ, ਭੋਗਾਂ ਦੇ ਰਸਾਂ ਨੂੰ ਭੋਗੀ ਜਾਨੈ = ਜਾਣਦਾ ਹੈ, ਜਿਸ ਦੋਖ = ਪਾਪ ਕਰਕੇ ਰੋਗ ਪੈਦਾ ਹੋਇਆ ਹੈ, ਉਸ ਰੋਗ ਦੀ ਪੀੜਾ ਰੋਗੀ ਹੀ ਜਾਨੈ = ਜਾਣਦਾ ਹੈ, ਇਹ ਗੱਲ ਪ੍ਰਗਟ ਹੀ ਬਖਾਨ = ਕਥਨ ਕਰੀ ਜਾਂਦੀ ਹੈ।

ਫੂਲ ਰਾਖ ਮਾਲੀ ਜਾਨੈ, ਪਾਨਹਿ ਤੰਬੋਲੀ ਜਾਨੈ;
ਸਕਲ ਸੁਗੰਧਿ ਗਤਿ ਗਾਂਧੀ ਜਾਨਉ ਜਾਨ ਹੈ ॥

ਜਿਸ ਪ੍ਰਕਾਰ ਫੂਲ = ਫੁੱਲਾਂ ਦੀ ਰਾਖੀ ਕਰਨੀ ਮਾਲੀ ਜਾਨੈ = ਜਾਣਦਾ ਹੈ ਕਿ ਕਦੋਂ ਇਨ੍ਹਾਂ ਨੂੰ ਪਾਣੀ

ਦੇਣਾ ਹੈ, ਕਦੋਂ ਇਨ੍ਹਾਂ ਦੀ ਕੱਟ-ਵੱਢ ਕਰਨੀ ਹੈ ਤੇ ਕਦੋਂ ਇਨ੍ਹਾਂ ਨੂੰ ਤੋੜਨਾ ਹੈ। ਪਾਨਾਂ ਦੀ ਸਾਂਭ ਸੰਭਾਲ ਕਰਨੀ ਤੰਬੋਲੀ ਜਾਨੈ = ਜਾਣਦਾ ਹੈ ਅਤੇ ਸਕਲ = ਸਾਰੇ ਸੁਗੰਧਿ = ਸੁਗੰਧੀ ਵਾਲੇ ਅਤਰ ਆਦਿ ਪਦਾਰਥਾਂ ਦਾ ਗਤਿ = ਹਾਲ ਭਾਵ ਇਹ ਕਿਵੇਂ ਬਣਦਾ ਹੈ ਤੇ ਕਿਹੜਾ ਜ਼ਿਆਦਾ ਸੁਗੰਧਿਤ ਹੈ, ਇਨ੍ਹਾਂ ਬਾਰੇ ਗਾਂਧੀ = ਗਾਂਧਿਕ **ਵਾ:** ਅਤਾਰ (ਸੁਗੰਧਿਤ ਪਦਾਰਥ ਬਣਾਉਣ ਤੇ ਵੇਚਣ ਵਾਲਾ) ਜਾਨਉ = ਜਾਣਦਾ ਹੈ ਤੇ ਇਨ੍ਹਾਂ ਸੁਗੰਧਿਤ ਅਤਰ ਆਦਿ ਪਦਾਰਥਾਂ ਬਾਰੇ ਉਸ ਅਤਾਰ ਕੋਲੋਂ ਜਾਨ = ਜਾਣਨਾ ਕਰੋ।

ਰਤਨੈ ਜਉਹਰੀ ਜਾਨੈ, ਬਿਹਾਰੈ ਬਿਉਹਾਰੀ ਜਾਨੈ;
ਆਤਮ-ਪ੍ਰੀਖਿਆ ਕੋਊ ਬਿਬੇਕੀ ਪਹਿਚਾਨ ਹੈ ॥੬੭੫॥

ਜਿਸ ਪ੍ਰਕਾਰ ਰਤਨੈ = ਰਤਨਾਂ ਦੀ ਪਰਖ ਕਰਨੀ ਜਉਹਰੀ = ਜੌਹਰੀ ਜਾਨੈ = ਜਾਣਦਾ ਹੈ ਤੇ ਬਿਹਾਰੈ = ਕੰਮਾਂ-ਕਾਰਜਾਂ ਦੇ ਸੰਬੰਧ ਵਿਚ ਵਾਕਫ਼ੀਅਤ ਕਰਨੀ ਬਿਉਹਾਰੀ = ਵਪਾਰੀ ਜਾਨੈ = ਜਾਣਦਾ ਹੈ, ਇਸੇ ਤਰ੍ਹਾਂ ਆਪਣੇ ਆਤਮ ਸਰੂਪ ਦੀ ਪ੍ਰੀਖਿਆ = ਪਰਖਣਾ ਕਰਨੀ ਕੋਊ = ਕੋਈ ਬਿਬੇਕੀ = ਵਿਵੇਕਵਾਨ, ਵਿਚਾਰਵਾਨ ਹੀ ਪਹਿਚਾਨ = ਜਾਣਦਾ ਹੈ **ਵਾ:** ਆਪਣੇ ਆਤਮ ਸਰੂਪ ਨੂੰ ਪ੍ਰੀਖਿਆ = ਪਰਖਣ ਦੀ ਪਹਿਚਾਨ = ਪਛਾਣ ਕੋਈ ਵਿਵੇਕਵਾਨ ਹੀ ਰੱਖਦਾ ਹੈ **ਅਥਵਾ** ਆਤਮਾ ਅਨਾਤਮਾ ਦੀ ਵਿਚਾਰ ਨੂੰ **ਵਾ:** (ਬਿਬ + ਏਕੀ) ਬਿਬ = ਦੋ ਭਾਵ ਜੀਵ ਈਸ਼ ਦੀ ਏਕੀ = ਏਕਤਾ ਨੂੰ ਕੋਈ ਤਤਵੇਤਾ ਬਿਬੇਕੀ ਪੁਰਖ ਹੀ ਜਾਣਦਾ ਹੈ ॥੬੭੫॥

ਸੰਪੂਰਨਤਾ ਦਾ ਮੰਗਲ

ਗੁਰੂ ਨਾਨਕ ਗੋਬਿੰਦ ਸਿੰਘ, ਕੀਨੀ ਕ੍ਰਿਪਾ ਅਪਾਰ।
ਟੀਕਾ ਭਯੋ ਸੰਪੂਰਨੰ, ਕਬਿੱਤ ਸਵੱਯੇ ਚਾਰੁ॥੧॥
ਸੰਮਤ ਬੀਸ ਛਿਹੱਤਰੇ, ਸ਼ੁਭ ਦਿਨ ਆਦਿਤਵਾਰ।
ਟੀਕਾ ਕੀਓ ਅਰੰਭ ਜਬ, ਸਾਵਣ ਬੀਸ ਵੀਚਾਰ॥੨॥
ਸੰਮਤ ਬੀਸ ਸੌ ਅੱਸੀ ਜੁ, ਸੁਠ ਦਿਨ ਮੰਗਲਵਾਰ।
ਪੰਚਮਿ ਵਦੀ ਵੈਸਾਖ ਕੀ, ਭਈ ਸੰਪੂਰਣ ਕਾਰ॥੩॥
ਸੰਨ ਬੀਸ ਸੌ ਤੇਈ ਜੁ, ਅਪ੍ਰੈਲ ਗਿਆਰਾਂ ਜਾਨ।
ਨਵਮ ਗੁਰੂ ਪ੍ਰਕਾਸ਼ ਪੁਰਬ, ਟੀਕਾ ਹੁਆ ਮਹਾਨ॥੪॥
ਸ੍ਰੀ ਗੁਰੂ ਗ੍ਰੰਥ ਸਾਹਿਬ ਕਾ, ਕੋਟਿ ਕੋਟਿ ਧੰਨਵਾਦ।
ਟੀਕਾ ਆਪ ਕਰਾ ਲਿਆ, ਬਿਰਦ ਕੀ ਰਾਖੀ ਲਾਜ॥੫॥

ਧੰਨਵਾਦ

ਸ੍ਰੀ ਅਕਾਲ ਪੁਰਖ ਵਾਹਿਗੁਰੂ ਪਰਮੇਸ਼ਰ, ਜਿਸ ਨੇ ਗੁਰੂ ਸਾਹਿਬਾਨ ਦਾ ਸਰਗੁਣ ਸਰੂਪ ਧਾਰਨ ਕਰ ਕੇ ਸੰਸਾਰ ਨੂੰ ਸ਼ਾਂਤੀ ਬਖ਼ਸ਼ੀ। ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਦਸ ਸਰੂਪ ਧਾਰਨ ਕੀਤੇ। ਕੁਝ ਸਰੂਪਾਂ ਵਿਚ ਗੁਰਬਾਣੀ ਉਚਾਰਨ ਕੀਤੀ, ਕੁਝ ਸਰੂਪਾਂ ਵਿਚ ਗੁਰਬਾਣੀ ਦੁਆਰਾ ਉਪਦੇਸ਼ ਬਖ਼ਸ਼ਿਆ। ਐਸੇ ਗੁਰੂ ਸਾਹਿਬਾਨ ਦਾ ਰੋਮ ਰੋਮ ਕਰਕੇ ਧੰਨਵਾਦ ਹੈ ਅਤੇ ਜਿਨ੍ਹਾਂ ਨੇ ਭਾਈ ਗੁਰਦਾਸ ਜੀ ਵਰਗੇ ਵਿਦਵਾਨ ਸਿੱਖ ਪੈਦਾ ਕੀਤੇ, ਜਿਨ੍ਹਾਂ ਨੂੰ ਕਲਿਜੁਗ ਦੇ ਵੇਦ ਵਿਆਸ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਉਨ੍ਹਾਂ ਦੀ ਮਹਾਨ ਰਚਨਾ ਵਾਰਾਂ ਅਤੇ ਕਬਿੱਤ ਸਵੱਈਆਂ ਦੇ ਰੂਪ ਵਿਚ ਹੈ। ਇਸ ਬਾਣੀ ਦੇ ਰਚਨਹਾਰ ਭਾਈ ਗੁਰਦਾਸ ਜੀ ਨੂੰ ਨਮਸਕਾਰ ਹੈ ਅਤੇ ਧੰਨਵਾਦ ਹੈ ਅਤੇ ਵਿੱਦਿਆ ਦਾਤੇ ਮਹਾਂਪੁਰਸ਼ਾਂ ਦਾ ਧੰਨਵਾਦ ਹੈ, ਜਿਨ੍ਹਾਂ ਕੋਲੋਂ ਵਿੱਦਿਆ ਦੀ ਦਾਤ ਪ੍ਰਾਪਤ ਹੋਈ।

ਪਰਮ ਪੂਜਨੀਕ ਮਾਤਾ ਗੁਜਰ ਕੌਰ ਜੀ, ਅਮਰ ਸ਼ਹੀਦ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤਹਿ ਸਿੰਘ ਜੀ ਦਾ ਧੰਨਵਾਦ ਹੈ, ਜਿਨ੍ਹਾਂ ਦੀ ਸ਼ਕਤੀ ਦਾ ਸਹਾਰਾ ਲੈ ਕੇ ਲਿਖਣਾ ਆਰੰਭ ਕੀਤਾ ਸੀ ਅਤੇ ਇਸ ਕਾਰਜ ਦੀ ਸੰਪੂਰਨਤਾ ਹੋਈ ਹੈ।

ਜਥੇ ਦੇ ਵਿੱਦਿਆਰਥੀ ਭਾਈ ਸੁਖਵਿੰਦਰ ਸਿੰਘ ਅਤੇ ਭਾਈ ਗੁਰਸ਼ਰਨ ਸਿੰਘ ਦਾ ਧੰਨਵਾਦ ਹੈ, ਜਿਨ੍ਹਾਂ ਨੇ ਸਟੀਕ ਤਿਆਰ ਕਰਾਉਣ ਵਿਚ ਸਹਾਇਕ ਦੇ ਤੌਰ 'ਤੇ ਸੇਵਾ ਨਿਭਾਈ ਹੈ।

ਗਿਆਨੀ ਗੁਰਨਾਮ ਸਿੰਘ ਜੀ ਅੰਬਾਲਵੀ ਦਾ ਵੀ ਧੰਨਵਾਦ ਹੈ, ਜਿਨ੍ਹਾਂ ਨੇ ਸਮੇਂ ਸਮੇਂ ਅਨੁਸਾਰ ਸ਼ੁਭ ਸੁਝਾਅ ਤੇ ਲੋੜ ਪੈਣ 'ਤੇ ਕਾਵਿ-ਰਚਨਾ ਦੀ ਸੇਵਾ ਵੀ ਨਿਭਾਈ ਹੈ।

ਅੰਤ ਵਿਚ ਗੁਰੂ-ਘਰ ਦੇ ਗਿਆਨੀ ਸਿੰਘਾਂ, ਪ੍ਰਚਾਰਕਾਂ, ਵਿਦਵਾਨਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਥੇ ਕੋਈ ਸਟੀਕ ਵਿਚ ਗ਼ਲਤੀ ਨਜ਼ਰ ਆਵੇ, ਉਹ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਕਿ ਅਗਲੀ ਐਡੀਸ਼ਨ ਵਿਚ ਸੋਧ ਹੋ ਸਕੇ।

ਅੱਜ ਮਿੱਤੀ ਵੈਸਾਖ ਵਦੀ ਪੰਚਮੀ, ਸੰਮਤ ੨੦੮੦, ਦਿਨ ਮੰਗਲਵਾਰ ਤੇ ੧੧ ਅਪ੍ਰੈਲ ੨੦੨੩ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਗੁਰਪੁਰਬ ਵਾਲੇ ਦਿਨ ਸਵੇਰੇ ੯.੧੫ ਮਿੰਟ 'ਤੇ ਇਸ ਸਟੀਕ ਦੀ ਸੰਪੂਰਨਤਾ ਹੋਈ ਤੇ ਅਰਦਾਸ ਤੋਂ ਉਪਰੰਤ ਸਤਿਗੁਰਾਂ ਨੇ ਮੁਖਵਾਕ ਬਖ਼ਸ਼ਿਸ਼ ਕੀਤਾ।

ਜੈਤਸਰੀ ਮਹਲਾ ੫ ॥
ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥
ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥੧॥ਰਹਾਉ॥
ਮਨ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ ॥
ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ ॥੧॥
ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮ੍ਰੀ ਓਰਿ ॥
ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ ॥੨॥੫॥੯॥

(ਜੈਤਸਰੀ ਮ: ੫, ਅੰਗ ੭੦੨)

ਦਾਸਨਿ ਦਾਸ :
ਹਰੀ ਸਿੰਘ
ਗੁਰਮਤਿ ਵਿਦਿਆਲਾ, ਜਥਾ ਰੰਧਾਵਾ
ਸੰਪ੍ਰਦਾ ਦਮਦਮੀ ਟਕਸਾਲ